੧ੴ ਸਤਿਗੁਰ ਪ੍ਰਸਾਦਿ ।।

# ਸੰਥਯਾ

# ਸ੍ਰੀ ਗੁਰੂ ਗ੍ਰੰਥ ਸਾਹਿਬ

## (ਪੋਥੀ ਚੌਥੀ)

*ਜਿਸ ਵਿਚ*

*ਗਉੜੀ ਰਾਗੁ ਦੇ ਛੰਤ, ਬਾਵਨ ਅਖਰੀ, ਸੁਖਮਨੀ, ਥਿਤੀ, ਦੋਵੇਂ ਵਾਰਾਂ*

*ਤੇ ਭਗਤ ਬਾਣੀ ਵਿਚੋਂ ਕਬੀਰ ਜੀ ਦੇ ਪਹਿਲੇ ੪੮ ਪਦੇ*

*(ਪੰਨਾ ਸ੍ਰੀ ਗੁਰੂ ਗ੍ਰੰਥ ਸਾਹਿਬ ੨੪੨ ਤੋਂ ੩੩੩ ਤੱਕ)*

*ਦਾ ਅਰਥ ਵਿਆਖਿਆ ਤੇ ਨਿਰੁਕਤ ਸ਼ਾਮਲ ਹੈ।*


–ਸੰਥਯਾ ਦੀ ਸੇਵਾ–

**ਪਦਮ ਭੂਸ਼ਨ ਭਾਈ ਸਾਹਿਬ ਡਾ: ਵੀਰ ਸਿੰਘ ਜੀ**

ਦੇ ਲੇਖਣੀ ਦਵਾਰਾ ਸਤਿਗੁਰ ਨੇ ਕਰਾਈ।

ਸੰਪਾਦਕ

**ਡਾ: ਬਲਬੀਰ ਸਿੰਘ ਪੀ.ਐਚ.ਡੀ (ਲੰਡਨ)**



**ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ**

***Santhya Sri Guru Granth Sahib Ji Vol-IV***
***Bhai Vir Singh***

© ਭਾਈ ਵੀਰ ਸਿੰਘ ਸਾਹਿਤ ਸਦਨ
ਨਵੀਂ ਐਡੀਸ਼ਨ, 2000

*ਪ੍ਰਕਾਸ਼ਕ ਤੇ ਪ੍ਰਿੰਟਰ:*
ਭਾਈ ਵੀਰ ਸਿੰਘ ਸਾਹਿਤ ਸਦਨ,
ਭਾਈ ਵੀਰ ਸਿੰਘ ਮਾਰਗ,
ਨਵੀਂ ਦਿੱਲੀ

*ਭੇਟਾ:* ਸਾਧਾਰਨ 200 ਰੁਪਏ
ਡੀਲਕਸ 300 ਰੁਪਏ

# ਤਤਕਰਾ ਸੰਬਯਾ ਪੋਥੀ ਚੌਥੀ

## ਰਾਗੁ ਗਉੜੀ–ਜਾਰੀ

ਛੰਤ [ਗਉੜੀ ਪੂਰਬੀ ਛੰਤ ਮ: ੧] ਪੰਨਾ


੧. ਮੁੰਧ ਰੈਣਿ ਦੁਹੇਲੜੀਆ ਜੀਉ ੧੫੫੧
੨. ਸੁਣਿ ਨਾਹ ਪ੍ਰਭੂ ਜੀਉ ਏਕਲੜੀ ੧੫੬੦


[ਗਉੜੀ ਪੂਰਬੀ ਛੰਤ ਮ: ੩]


੩. ਸਾਧਨ ਬਿਨਉ ਕਰੇ ਜੀਉ ੧੫੬੪
੪. ਪਿਰ ਬਿਨੁ ਖਰੀ ਨਿਮਾਣੀ ਜੀਉ ੧੫੬੬
੫. ਕਾਮਣਿ ਹਰਿ ਰਸਿ ਬੇਧੀ ਜੀਉ ੧੫੬੯
੬. ਮਾਇਆ ਸਰੁ ਸਬਲੁ ਵਰਤੈ ਜੀਉ ੧੫੭੩
੭. ਗੁਰ ਕੀ ਸੇਵਾ ਕਰਿ ਪਿਰਾ ਜੀਉ ੧੫੭੬


[ਗਉੜੀ ਮਹਲਾ ੫]


੮. ਮੇਰੈ ਮਨਿ ਬੈਰਾਗੁ ਭਇਆ ਜੀਉ ੧੫੭੯
੯. ਮੋਹਨ ਤੇਰੇ ਊਚੇ ਮੰਦਰ ਮਹਲ ੧੫੮੩
੧੦. ਪਤਿਤ ਅਸੰਖ ਪੁਨੀਤ ਕਰਿ ਪੁਨਹ ੧੫੮੯
੧੧. ਸੁਣਿ ਸਖੀਏ ਮਿਲਿ ਉਦਮੁ ਕਰੇਹਾ ੧੫੯੨


----


ਗਉੜੀ ਬਾਵਨ ਅਖਰੀ ਮਹਲਾ ੫ ੧੫੯੬
ਗਉੜੀ ਸੁਖਮਨੀ ਮਹਲਾ ੫ ੧੬੫੩
ਥਿਤੀ ਗਉੜੀ ਮਹਲਾ ੫ ੧੭੭੯
ਗਉੜੀ ਕੀ ਵਾਰ ਮਹਲਾ ੪ ੧੭੯੪
ਗਉੜੀ ਕੀ ਵਾਰ ਮਹਲਾ ੫ ੧੮੮੭


—ਭਗਤ ਬਾਣੀ—

ਪਦੇ [ਗਉੜੀ ਗੁਆਰੇਰੀ ਕਬੀਰ ਜੀ] ਪੰਨਾ


੧. ਅਬ ਮੋਹਿ ਜਲਤ ਰਾਮ ਜਲੁ ੧੯੨੦
੨. ਮਾਧਉ ਜਲ ਕੀ ਪਿਆਸ ਨ ਜਾਇ ੧੯੨੨
੩. ਜਬ ਹਮ ਏਕੋ ਏਕੁ ਕਰਿ ਜਾਨਿਆ ੧੯੨੪
੪. ਨਗਨ ਫਿਰਤ ਜੌ ਪਾਈਐ ਜੋਗੁ ੧੯੨੬
੫. ਸੰਧਿਆ ਪ੍ਰਾਤ ਇਸ੍ਨਾਨੁ ਕਰਾਹੀ ੧੯੨੭
੬. ਕਿਆ ਜਪੁ ਕਿਆ ਤਪੁ ਕਿਆ ਬ੍ਰਤ ੧੯੨੯
੭. ਗਰਭ ਵਾਸ ਮਹਿ ਕੁਲੁ ਨਹੀ ਜਾਤੀ ੧੯੩੧
੮. ਅੰਧਕਾਰ ਸੁਖਿ ਕਬਹਿ ਨ ਸੋਈ ਹੈ ੧੯੩੩
੯. ਜੋਤਿ ਕੀ ਜਾਤਿ ਜਾਤਿ ਕੀ ਜੋਤੀ ੧੯੩੫
੧੦. ਜੋ ਜਨ ਪਰ ਮਿਤਿ ਪਰਮਨੁ ਜਾਨਾ ੧੯੩੮
੧੧. ਉਪਜੈ ਨਿਪਜੈ ਨਿਪਜਿ ਸਮਾਈ ੧੯੪੧
੧੨. ਅਵਰ ਮੂਏ ਕਿਆ ਸੋਗੁ ਕਰੀਜੈ ੧੯੪੩
੧੩. ਅਸਥਾਵਰ ਜੰਗਮ ਕੀਟ ਪਤੰਗਾ ੧੯੪੫
੧੪. ਐਸੋ ਅਚਰਜੁ ਦੇਖਿਓ ਕਬੀਰ ੧੯੪੬
੧੫. ਜਿਉ ਜਲ ਛੋਡਿ ਬਾਹਰਿ ਭਇਓ ੧੯੫੧
੧੬. ਚੋਆ ਚੰਦਨ ਮਰਦਨ ਅੰਗਾ ੧੯੫੫
੧੭. ਜਮ ਤੇ ਉਲਟਿ ਭਏ ਹੈ ਰਾਮ ੧੯੫੭
੧੮. ਪਿੰਡਿ ਮੂਐ ਜੀਉ ਕਿਹ ਘਰਿ ਜਾਤਾ ੧੯੬੦
੧੯. ਕੰਚਨ ਸਿਉ ਪਾਈਐ ਨਹੀ ਤੋਲਿ ੧੯੭੨
੨੦. ਜਿਹ ਮਰਨੈ ਸਭੁ ਜਗਤੁ ਤਰਾਸਿਆ ੧੯੭੪
੨੧. ਕਤ ਨਹੀ ਠਉਰ ਮੂਲੁ ਕਤ ਲਾਵਉ ੧੯੭੫
੨੨. ਜਾ ਕੈ ਹਰਿ ਸਾ ਠਾਕੁਰੁ ਭਾਈ ੧੯੭੭
੨੩. ਬਿਨੁ ਸਤ ਸਤੀ ਹੋਇ ਕੈਸੇ ਨਾਰਿ ੧੯੭੯
੨੪. ਬਿਖਿਆ ਬਿਆਪਿਆ ਸਗਲ ਸੰਸਾਰੁ ੧੯੮੧
੨੫. ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ ੧੯੮੩
੨੬. ਜੋ ਜਨ ਲੇਹਿ ਖਸਮ ਕਾ ਨਾਉ ੧੯੮੫
੨੭. ਗਗਨਿ ਰਸਾਲ ਚੁਐ ਮੇਰੀ ਭਾਠੀ ੧੯੮੬
੨੮. ਮਨ ਕਾ ਸੁਭਾਉ ਮਨਹਿ ਬਿਆਪੀ ੧੯੮੮
੨੯. ਓਇ ਜੁ ਦੀਸਹਿ ਅੰਬਰਿ ਤਾਰੇ ੧੯੯੨
੩੦. ਬੇਦ ਕੀ ਪੁਤ੍ਰੀ ਸਿੰਮ੍ਰਿਤਿ ਭਾਈ ੧੯੯੪
੩੧. ਦੇਇ ਮੁਹਾਰ ਲਗਾਮੁ ਪਹਿਰਾਵਉ ੧੯੯੫
੩੨. ਜਿਹ ਮੁਖਿ ਪਾਂਚਉ ਅੰਮ੍ਰਿਤ ਖਾਏ ੧੯੯੮
੩੩. ਆਪੇ ਪਾਵਕੁ ਆਪੇ ਪਵਨਾ ੧੯੯੯
੩੪. ਨਾਮੈ ਜੋਗ ਧਿਆਨ ਚਿਤੁ ਲਾਇਆ ੨੦੦੧
੩੫. ਜਿਹ ਸਿਰਿ ਰਚਿ ਰਚਿ ਬਾਧਤ ਪਾਗ ੨੦੦੨
੩੬. ਸੁਖੁ ਮਾਂਗਤ ਦੁਖੁ ਆਗੈ ਆਵ (ਅਸ:) ੨੦੦੩

| ਪਦੇ | ਪੰਨਾ |
|---|---|
| ੩੭. ਅਹਿਨਿਸਿ ਏਕ ਨਾਮ ਜੋ ਜਾਗੇ | ੨੦੦੯ |
| ੩੮. ਰੇ ਜੀਅ ਨਿਲਜ ਲਾਜ ਤੁੋਹਿ ਨਾਹੀ | ੨੦੧੦ |
| ੩੯. ਕਉਨੁ ਕੋ ਪੂਤੁ ਪਿਤਾ ਕੋ ਕਾਕੋ | ੨੦੧੨ |
| ੪੦. ਅਬ ਮੋਕਉ ਭਏ ਰਾਜਾਰਾਮ ਸਹਾਈ | ੨੦੧੩ |
| ੪੧. ਜਲਿ ਹੈ ਸੂਤਕੁ ਥਲ ਹੈ ਸੂਤਕੁ | ੨੦੧੬ |
| ੪੨. ਝਗਰਾ ਏਕੁ ਨਿਬੇਰਹੁ ਰਾਮ | ੨੦੧੯ |
| ੪੩. ਦੇਖੌ ਭਾਈ ਗ੍ਯਾਨ ਕੀ ਆਈ ਆਂਧੀ | ੨੦੨੨ |
| [ਗਉੜੀ ਚੇਤੀ ਕਬੀਰ ਜੀ] | |
| ੪੪. ਹਰਿ ਜਸੁ ਸੁਨਹਿ ਨ ਹਰਿ ਗੁਨ | ੨੦੨੯ |
| [ਗਉੜੀ ਬੈਰਾਗਣਿ ਕਬੀਰ ਜੀ] | |
| ੪੫. ਜੀਵਤ ਪਿਤਰ ਨ ਮਾਨੈ ਕੋਊ | ੨੦੩੩ |
| ੪੬. ਜੀਵਤ ਮਰੈ ਮਰੈ ਫੁਨਿ ਜੀਵੈ | ੨੦੩੬ |
| ੪੭. ਉਲਟਤ ਪਵਨ ਚਕ੍ਰ ਖਟੁ ਭੇਦੇ | ੨੦੪੩ |
| ੪੮. ਤਹ ਪਾਵਸ ਸਿੰਧੁ ਧੂਪ ਨਹੀ ਛਹੀਆ | ੨੦੪੮ |


[ਭਗਤ ਬਾਣੀ ਜਾਰੀ ਹੈ।

ਗਉੜੀ ਰਾਗ ਦੇ ਛੰਤ ਸ਼ੁਰੂ

[ਗਉੜੀ ਪੂਰਬੀ ਮਹਲਾ ੧, ਛੰਤ—੧]

# ੧ ਓ ਸਤਿਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ ॥

ਅਰਥ ਜਪੁਜੀ ਦੇ ਮੁੱਢ ਵਿਚ ਆ ਚੁਕੇ ਹਨ।

## ਰਾਗੁ ਗਉੜੀ ਪੂਰਬੀ ਛੰਤ ਮਹਲਾ ੧ ॥

ਮੂਲ

ਮੁੰਧ ਰੈਣਿ ਦੁਹੇਲੜੀਆ ਜੀਉ ਨੀਦ ਨ ਆਵੈ ॥

ਸਾਧਨ ਦੁਬਲੀਆ ਜੀਉ ਪਿਰ ਕੈ ਹਾਵੈ ॥ ਧਨ ਥੀਈ ਦੁਬਲਿ ਕੰਤ ਹਾਵੈ ਕੇਵ ਨੈਣੀ ਦੇਖਏ ॥ ਸੀਗਾਰ ਮਿਠ ਰਸ ਭੋਗ ਭੋਜਨ ਸਭੁ ਝੂਠੁ ਕਿਤੈ ਨ ਲੇਖਏ ॥

ਮੈ ਮਤ ਜੋਬਨਿ ਗਰਬਿ ਗਾਲੀ ਦੁਧਾ ਥਣੀ ਨ ਆਵਏ ॥

ਨਾਨਕ ਸਾਧਨ ਮਿਲੈ ਮਿਲਾਈ ਬਿਨੁ ਪਿਰ ਨੀਦ ਨ ਆਵਏ ॥ ੧ ॥

ਅਰਥ

(ਸੁਣੋ) ਜੀਓ ਜੀ ! (ਪਤੀ ਤੋਂ ਵਿਛੁੜੀ ਹੋਈ ਇਸਤ੍ਰੀ ਵਾਂਙੂ ਵਾਹਿਗੁਰੂ ਰੂਪ ਪਤੀ ਤੋਂ ਵਿਛੁੜੀ ਹੋਈ ਪ੍ਰੇਮੀ ਰੂਪ) ਇਸਤ੍ਰੀ ਦੀ ਰਾਤ ਦੁਖਾਂ ਵਾਲੀ (ਬੀਤਦੀ ਹੈ ਤੇ ਦੁਖੀ ਹੋਣ ਕਰਕੇ ਉਸ ਨੂੰ) ਨੀਂਦ ਨਹੀਂ ਪੈਂਦੀ (ਤੇ) ਪਤੀ ਦੇ ਹਾਵੇ (ਕਰਦਿਆਂ ਹੀ ਬੀਤਦੀ ਹੈ, ਇਸ ਕਰਕੇ) ਇਸਤ੍ਰੀ ਲਿੱਸੀ ਪੈ ਗਈ ਹੈ ਜੀ। (ਹਾਂ ਪ੍ਰੇਮੀ ਰੂਪੀ) ਇਸਤ੍ਰੀ (ਅਪਣੇ) ਪਤੀ (ਪਰਮੇਸ਼ੁਰ ਦੇ ਬਿਰਹੋ ਵਿਚ) ਹਾਵੇ (ਲੈ ਲੈ ਕੇ) ਲਿੱਸੀ ਪੈ ਗਈ ਹੈ. (ਤੇ ਤਰਸਦੀ ਹੈ ਕਿ) ਕਿਵੇਂ ਉਸ (ਪਤੀ) ਦੇ ਦਰਸ਼ਨ ਹੋਣ। (ਉਸ ਪ੍ਰੇਮੀ ਰੂਪੀ ਇਸਤ੍ਰੀ ਨੂੰ ਬਿਰਹਨੀ ਵਾਂਙੂ) ਸ਼ਿੰਗਾਰ ਕਰਨੇ (ਭਾਵ ਪਹਿਰਨ ਪਚਰਨ ਤੇ) ਮਿੱਠੇ ਭੋਗ ਅਰ ਰਸ-ਦਾਇਕ ਭੋਜਨ ਸਾਰੇ ਬਿਰਥੇ ਲਗਦੇ ਹਨ (ਪਤੀ ਬਿਨਾਂ ਓਹ ਸਾਰੇ) ਕਿਸ ਕੰਮ ਹਨ। (ਜਿਵੇਂ ਜੋਬਨ ਦੇ ਮਦ ਮੱਤੀ ਇਸਤ੍ਰੀ ਮਾਨ ਕਰਕੇ ਪਤੀ ਪ੍ਰੇਮ ਨੂੰ ਗੁਆ ਲੈਂਦੀ ਹੈ ਤੇ ਮਗਰੋਂ ਪਛੋਤਾਉਂਦੀ ਹੈ ਤਿਵੇਂ ਜਗਯਾਸੂ ਰੂਪ ਇਸਤ੍ਰੀ) ਜਵਾਨੀ (ਆਦਿ ਦੇ) ਹੰਕਾਰ ਵਿਚ ਮਦ ਮੱਤੀ ਹੋਕੇ (ਪਤੀ ਪ੍ਰੇਮ ਨੂੰ) ਗੁਆ ਲੈਂਦੀ ਹੈ (ਤੇ ਫੇਰ ਪਛੋਤਾਉਂਦੀ ਹੈ ਕਿ ਹੁਣ ਜਿਵੇਂ ਥਣਾਂ ਵਿਚੋਂ) ਚੋਇਆ ਦੁਧ (ਮੁੜ) ਥਣਾਂ ਵਿਚ ਨਹੀਂ ਆਉਂਦਾ. (ਤਿਵੇਂ ਹਥਾਂ ਵਿਚੋਂ ਤਿਲਕਦਾ ਗਿਆ ਸਮਾਂ, ਜੋ ਲੰਘ ਗਿਆ ਹੈ, ਮੁੜ ਹੱਥ ਨਹੀਂ ਆਉਂਦਾ)। (ਇਸ ਨਿਰਾਸਤਾ ਵਿਚ ਜਗਯਾਸੂ ਨੂੰ ਧੀਰਜ ਦੇਂਦੇ ਹਨ ਗੁਰੂ) ਨਾਨਕ (ਦੇਵ ਜੀ ਕਿ ਜਗਯਾਸੂ ਰੂਪੀ)ਇਸਤ੍ਰੀ (ਅਜੇ ਬੀ ਪਤੀ ਪਰਮੇਸ਼ੁਰ ਨੂੰ) ਮਿਲ ਸਕਦੀ ਹੈ (ਪਰ ਕਿਸੇ ਦੀ) ਮਿਲਾਈ ਹੋਈ (ਕਿਉਂਕਿ ਉਸ ਨੂੰ) ਪਤੀ ਵਿਯੋਗ ਵਿਚ ਨੀਂਦ ਨਹੀਂ ਪੈਂਦੀ (ਤੇ ਵ੍ਯਾਕੁਲ ਹੁੰਦੀ ਹੈ, ਇਹ ਵੇਖਕੇ ਗੁਰੂ ਨੂੰ ਮੇਹਰ ਆ ਜਾਂਦੀ ਹੈ ਤੇ ਓਹ ਮਿਲਾ ਦੇਂਦਾ ਹੈ) ॥ ੧ ॥

ਮੁੰਧ ਨਿਮਾਨੜੀਆ ਜੀਉ ਬਿਨੁ ਧਨੀ ਪਿਆਰੇ ॥ ਕਿਉ ਸੁਖੁ ਪਾਵੈਗੀ ਬਿਨੁ ਉਰ ਧਾਰੇ॥

ਨਾਹ ਬਿਨੁ ਘਰ ਵਾਸੁ ਨਾਹੀ ਪੁਛਹੁ ਸਖੀ ਸਹੇਲੀਆ ॥

ਬਿਨੁ ਨਾਮ ਪ੍ਰੀਤਿ ਪਿਆਰੁ ਨਾਹੀ ਵਸਹਿ ਸਾਚਿ ਸੁਹੇਲੀਆ ॥

ਸਚੁ ਮਨਿ ਸਜਨ ਸੰਤੋਖਿ ਮੇਲਾ ਗੁਰਮਤੀ ਸਹੁ ਜਾਣਿਆ ॥

ਨਾਨਕ ਨਾਮੁ ਨ ਛੋਡੈ ਸਾਧਨ ਨਾਮਿ ਸਹਜਿ ਸਮਾਣੀਆ ॥੨॥

ਮਿਲੁ ਸਖੀ ਸਹੇਲੜੀਹੋ ਹਮ ਪਿਰੁ ਰਾਵੇਹਾ ॥ ਗੁਰ ਪੁਛਿ ਲਿਖਉਗੀ ਜੀਉ ਸਬਦਿ ਸਨੇਹਾ॥ ਸਬਦੁ ਸਾਚਾ ਗੁਰਿ ਦਿਖਾਇਆ ਮਨਮੁਖੀ ਪਛੁਤਾਣੀਆ ॥

ਨਿਕਸਿ ਜਾਤਉ ਰਹੈ ਅਸਥਿਰੁ ਜਾਮਿ ਸਚੁ ਪਛਾਣਿਆ ॥

ਸਾਚ ਕੀ ਮਤਿ ਸਦਾ ਨਉਤਨ

ਸਬਦਿ ਨੇਹੁ ਨਵੇਲਓ ॥

[ਹੁਣ ਅੱਗੇ ਦੱਸਦੇ ਹਨ ਕਿ ਜਗਯਾਸੂ ਦਾ ਮੇਲ ਕੀਕੂੰ ਹੋ ਸਕਦਾ ਹੈ] ਹੇ ਜੀਓ ਜੀ! (ਇਹ ਠੀਕ ਹੈ ਕਿ ਜਗਯਾਸੂ ਰੂਪੀ) ਇਸਤ੍ਰੀ (ਅਪਣੇ) ਪਿਆਰੇ ਪਤੀ (ਦੇ ਮਿਲੇ) ਬਿਨਾਂ ਨਿਮਾਣੀ (ਹੋ ਰਹੀ) ਹੈ; (ਪਰ ਸੋਚ ਕਰੋ ਉਹ ਮੇਲ ਦਾ) ਸੁਖ ਕੀਕੂੰ ਪਾ ਸਕੇਗੀ (ਉਸ ਨੂੰ) ਹਿਰਦੇ ਵਿਚ ਧਾਰਨ ਕੀਤੇ ਬਿਨਾਂ। (ਅਤੇ) ਪਤੀ (ਨੂੰ ਅੰਦਰ ਧਾਰੇ) ਬਿਨਾਂ ਘਰ ਦਾ ਵਾਸਾ (ਸਰੂਪ ਵਿਚ ਨਿਵਾਸ) ਪ੍ਰਾਪਤ ਨਹੀਂ ਹੁੰਦਾ, (ਤੁਸੀਂ ਸੰਤ ਰੂਪੀ) ਸਖੀਆਂ ਸਹੇਲੀਆਂ ਨੂੰ (ਬੇਸ਼ਕ) ਪੁੱਛ (ਦੇਖੋ)! (ਓਹ ਦੱਸਣਗੀਆਂ ਕਿ ਪਤੀ ਪਰਮੇਸ਼ੁਰ ਦੇ) ਨਾਮ (ਨੂੰ ਧਾਰੇ) ਬਿਨਾਂ (ਹਰੀ ਕੰਤ ਨਾਲ) ਪ੍ਰੀਤ ਪਿਆਰ ਨਹੀਂ (ਪੈਂਦਾ, ਹਾਂ ਓਹੀ ਪਯਾਰ ਦੁਆਰਾ) ਸੱਚ ਵਿਚ (ਟਿਕਕੇ) ਸੁਖੀ ਹੋਕੇ ਵੱਸਦੀਆਂ ਹਨ। (ਹਾਂ ਓਹ ਸੰਤ ਰੂਪ ਸਖੀਆਂ ਦੱਸਦੀਆਂ ਹਨ ਕਿ) ਸਜਨ ਦਾ ਮੇਲਾ ਮਨ ਵਿਚ ਸੱਚ (ਨੂੰ ਧਾਰਿਆਂ) ਤੇ ਸੰਤੋਖ ਦੁਆਰਾ ਹੁੰਦਾ ਹੈ (ਤੇ ਜਿਸ ਨੇ ਉਸ ਸ਼ਹੁ ਨੂੰ ਜਾਣਿਆ ਹੈ) ਗੁਰੂ ਦੀ ਮਤਿ ਦੁਆਰਾ ਜਾਣਿਆ ਹੈ। (ਸੋ ਪ੍ਰੇਮੀ ਰੂਪੀ) ਇਸਤ੍ਰੀ (ਜੋ ਪਰਮੇਸ਼ੁਰ ਨੂੰ ਮਿਲਣਾ ਚਾਹੁੰਦੀ ਹੈ ਉਹ) ਨਾਮ ਨੂੰ (ਕਦੇ) ਨਾ ਛੱਡੇ, (ਨਾਮ ਦੁਆਰਾ) ਸਹਜੇ ਹੀ ਨਾਮੀ ਵਿਚ ਸਮਾਈ ਹੋ ਜਾਂਦੀ ਹੈ, ਹੇ ਨਾਨਕ! ॥ ੨ ॥

[ਹੁਣ ਦੱਸੀ ਜਾਚ ਦਾ ਅਮਲ, ਤੇ ਫਲ ਦੱਸਦੇ ਹਨ] ਹੇ ਸਖੀਓ! ਸਹੇਲੀਓ! ਆਓ ਮਿਲੋ, ਅਸੀਂ (ਮਿਲਕੇ) ਪਤੀ (ਪਰਮੇਸ਼ੁਰ) ਦਾ ਮੇਲ-ਸੁਖ ਮਾਣੀਏ। ਜੀਓ ਜੀ! (ਮੈਂ ਪਹਿਲੋਂ) ਗੁਰੂ ਨੂੰ ਪੁੱਛਕੇ (ਉਸ ਦੇ ਦੱਸੇ) ਸ਼ਬਦ ਦੁਆਰਾ (ਪਤੀ ਦਾ) ਸੁਨੇਹਾ ਲਿਖ ਲਵਾਂਗੀ। ਗੁਰੂ ਨੇ (ਮੈਨੂੰ ਸਾਈਂ ਦਾ ਸੁਨੇਹਾ, ਜੋ) ਸੱਚਾ ਸ਼ਬਦ ਸੀ, ਦਿਖਾ ਦਿੱਤਾ ਹੈ, (ਪਰ ਜੋ ਗੁਰੂ ਸ਼ਰਣ ਨਾ ਆਈਆਂ) ਮਨਮੁਖੀ (ਰਹੀਆਂ ਓਹ ਸੱਚੇ ਸ਼ਬਦ ਤੋਂ ਵਿਹੂਣੀਆਂ ਰਹਿ ਜਾਣ ਕਰਕੇ ਅੰਤ ਨੂੰ) ਪੱਛੋਤਾਈਆਂ। (ਪਰ ਦੇਖੋ, ਮੈਂ) ਜਦ (ਸ਼ਬਦ ਦੁਆਰਾ) ਸੱਚ ਨੂੰ ਪਛਾਣ ਲਿਆ (ਤਾਂ ਮੇਰਾ ਮਨ, ਜੋ ਬਾਹਰ ਸੰਕਲਪਾਂ ਵਿਕਲਪਾਂ ਵਿਚ) ਨਿਕਲ ਜਾਂਦਾ ਸੀ, (ਉਹ ਹੁਣ ਅੰਦਰੇ) ਟਿਕਿਆ ਰਹਿੰਦਾ ਹੈ। (ਇਹ ਨਿਸਚੇ ਜਾਣ ਲਓ ਕਿ ਗੁਰੂ ਜੋ) ਸੱਚ ਦੀ ਮਤਿ (ਦੇਂਦਾ ਹੈ, ਉਹ) ਸਦਾ ਹੀ ਨਵੀਂ ਰਹਿੰਦੀ ਹੈ, (ਭਾਵ ਉਸ ਨਾਲ ਮਨ ਤਰੋ ਤਾਜ਼ਾ ਰਹਿੰਦਾ ਹੈ ਤੇ ਉਸ ਦੇ) ਸ਼ਬਦ ਦੁਆਰਾ (ਪਰਮੇਸ਼ੁਰ ਨਾਲ ਜੋ) ਪ੍ਰੇਮ (ਪੈਂਦਾ ਹੈ) ਓਹ (ਬੀ ਸਦਾ) ਨਵਾਂ ਹੀ ਨਵਾਂ ਰਹਿੰਦਾ ਹੈ (ਭਾਵ ਸਾਈਂ ਨਾਲ ਪ੍ਰੇਮ ਜੋ ਗੁਰ ਸ਼ਬਦ ਕਰਕੇ ਲੱਗ ਜਾਂਦਾ ਹੈ ਜੁਆਨ ਰਹਿੰਦਾ ਹੈ ਕਦੇ ਬੁੱਢਾ ਯਾ ਪੁਰਾਣਾ ਨਹੀਂ ਹੁੰਦਾ। ਇਸ ਲਈ

ਨਾਨਕ ਨਦਰੀ ਸਹਜਿ ਸਾਚਾ ਮਿਲਹੁ ਸਖੀ ਸਹੇਲੀਹੋ ॥ ੩ ॥

ਕਹਿੰਦੇ ਹਨ ਗੁਰੂ) ਨਾਨਕ (ਦੇਵ ਜੀ ਕਿ) ਹੇ ਸਖੀ ਸਹੇਲੀਓ! (ਸਾਚਾ=) ਸਤਸ ਸਰੂਪ ਹੈ (ਉਸ ਨੂੰ) ਮਿਲ ਪਵੋ, (ਉਹ) ਮੇਹਰਾਂ ਕਰਨ ਵਾਲਾ (ਇਸ ਮੇਰੇ ਦੱਸੇ) ਸਹਜ ਮਾਰਗ ਨਾਲ (ਸੌਖਾ ਪ੍ਰਾਪਤ ਹੋ ਜਾਂਦਾ ਹੈ) ॥ ੩ ॥

[ਹੁਣ ਪਰਮੇਸ਼ੁਰ ਪਤੀ ਦੀ ਪ੍ਰਾਪਤੀ ਹੋ ਜਾਣ ਨਾਲ ਜੋ ਆਨੰਦ ਸਰੂਪਤਾ ਹੋ ਜਾਂਦੀ ਹੈ, ਉਸ ਦਾ ਵਰਣਨ ਕਰਦੇ ਹਨ।]

ਮੇਰੀ ਇਛ ਪੁਨੀ ਜੀਉ ਹਮ ਘਰਿ ਸਾਜਨੁ ਆਇਆ ॥ ਮਿਲਿ ਵਰੁ ਨਾਰੀ ਮੰਗਲੁ ਗਾਇਆ ॥

ਹੇ ਜੀਓ ਜੀ! ਮੇਰੀ ਇੱਛਾ (ਪਤੀ ਪ੍ਰਾਪਤੀ ਦੀ) ਪੁੱਗ ਪਈ (ਕਿਉਂਕਿ) ਸਾਡੇ ਘਰ (ਪਰਮੇਸ਼ੁਰ ਪਤੀ ਆ ਗਿਆ। (ਹੁਣ) ਸੁਹਾਗਣਾਂ ਇਸਤ੍ਰੀਆਂ ਨੇ ਮਿਲਕੇ ਖੁਸ਼ੀ ਦਾ ਗੀਤ ਗਾਵਿਆਂ। (ਭਾਵ ਸੰਤ ਸੱਜਣ ਖੁਸ਼ੀ ਦੇ ਸ਼ਬਦ ਗਾ ਰਹੇ ਹਨ, ਹਾਂ ਉਸਦੇ)

ਗੁਣ ਗਾਇ ਮੰਗਲੁ ਪ੍ਰੇਮਿ ਰਹਸੀ ਮੁੰਧ ਮਨਿ ਓਮਾਹਓ ॥ ਸਾਜਨ ਰਹੰਸੇ ਦੁਸਟ ਵਿਆਪੇ ਸਾਚੁ ਜਪਿ ਸਚੁ ਲਾਹਓ ॥

ਗੁਣਾਂ ਦਾ ਖੁਸ਼ੀ ਭਰਿਆ ਗੀਤ ਗਾ ਗਾ ਕੇ (ਉਡੀਕਦੀ) ਇਸਤ੍ਰੀ ਪ੍ਰੇਮ ਵਿਚ ਆਨੰਦ ਹੋਈ (ਤੇ ਇਸਦੇ) ਮਨ ਵਿਚ ਉਮਾਹ (ਹੀ ਉਮਾਹ ਭਰ ਗਿਆ)। (ਉਧਰ ਸਾਰੇ) ਸੱਜਣ (ਦੈਵੀ ਗੁਣ) ਖੁਸ਼ ਹੋ ਰਹੇ ਹਨ ਤੇ ਦੁਸ਼ਟ (ਆਸੁਰੀ ਗੁਣ) ਨਸ਼ਟ ਹੋ ਗਏ ਹਨ*; (ਇਹ ਸਭ ਕੁਛ ਐਉਂ ਹੋਇਆ ਹੈ ਕਿ) ਸੱਚੇ (ਨਾਮ) ਨੂੰ ਜਪ ਜਪ ਕੇ ਸਤਸ ਸਰੂਪ 'ਪਤੀ ਦੇ ਮਿਲਾਪ' ਦਾ ਲਾਹਾ ਮਿਲਿਆ ਹੈ (ਭਾਵ ਸਤਸ ਸਰੂਪ ਵਾਹਿਗੁਰੂ ਨੂੰ ਪ੍ਰਾਪਤ ਕੀਤਾ ਹੈ)। (ਹੁਣ ਦੁਇ) ਹੱਥ ਜੋੜਕੇ

ਕਰ ਜੋੜਿ ਸਾਧਨ ਕਰੈ ਬਿਨਤੀ ਰੈਣਿ ਦਿਨੁ ਰਸਿ ਭਿੰਨੀਆ ॥ ਨਾਨਕ ਪਿਰੁ ਧਨ ਕਰਹਿ ਰਲੀਆ ਇਛ ਮੇਰੀ ਪੁੰਨੀਆ ॥੪॥੧॥

(ਪਤੀ ਪ੍ਰਾਪਤ) ਇਸਤ੍ਰੀ ਬੇਨਤੀ ਕਰਦੀ ਹੈ (ਕਿ ਮੇਰੇ) ਰਾਤ ਦਿਨ ਹੁਣ ਰਸ ਭਿੰਨੇ ਬੀਤ ਰਹੇ ਹਨ। (ਆਖਦੇ ਹਨ ਗੁਰੂ) ਨਾਨਕ ਦੇਵ ਜੀ ਕਿ ਮੇਰੀ (ਸਭ) ਇੱਛਾ ਪੁੱਗ ਗਈ ਹੈ, ਹੁਣ (ਪਰਮੇਸੁਰ) ਪਤੀ (ਤੇ ਮੈਂ) ਇਸਤ੍ਰੀ (ਮਿਲਾਪ ਦੀਆਂ) ਖੁਸ਼ੀਆਂ ਮਾਣ ਰਹੇ ਹਾਂ ॥ ੪ ॥ ੧ ॥

**ਵਜਾਖਜਾ**—ਇਸ ਛੰਤ ਦੇ ੪ ਅੰਕ ਹਨ। ਪਹਿਲੇ ਵਿਚ ਪਤੀ ਤੋਂ ਇਸਤ੍ਰੀ ਦੇ ਵਿਛੋੜੇ ਦਾ ਵਰਣਨ ਕੀਤਾ ਹੈ। ਦੂਸਰੇ ਵਿਚ ਮਿਲਾਪ ਦਾ ਉਪਾਉ ਵਰਣਨ ਹੈ। ਤੀਸਰੇ ਵਿਚ ਉਪਾਉ ਦੀ ਵਰਤਣ ਤੇ ਪ੍ਰਾਪਤੀ ਵਰਣਨ ਹੈ। ਚੌਥੇ ਵਿਚ ਪ੍ਰਾਪਤ ਹੋ ਗਈ ਮੇਲ ਅਵਸਥਾ ਦਾ ਰੂਪ ਕਥਨ ਹੈ।

ਪਹਿਲੇ ਅੰਕ ਵਿਚ ਉਸ ਇਸਤ੍ਰੀ ਦਾ ਵਰਣਨ ਹੈ ਜੋ ਪਤੀ ਤੋਂ ਵਿਛੁੜੀ ਹੋਈ ਹੈ, ਜਿਸ ਨੂੰ ਵਿਛੁੜਨ ਦਾ ਦੁੱਖ ਹੋ ਰਿਹਾ ਹੈ। ਵਿਛੋੜੇ ਕਾਰਨ ਲਿੱਸੀ ਹੋ ਰਹੀ ਹੈ, ਰਾਤ ਨੀਂਦ ਨਹੀਂ ਪੈਂਦੀ, ਤੇ ਖਾਣ ਪੀਣ ਕੁਛ ਨਹੀਂ ਭਾਉਂਦਾ। ਇਸਤੋਂ ਪਤਾ ਲਗਾ ਕਿ ਇਹ ਆਮ (ਸਾਧਾਰਣ) ਇਸਤ੍ਰੀ ਨਹੀਂ, ਇਹ ਗ਼ਾਫ਼ਲ ਇਸਤ੍ਰੀ ਬੀ ਨਹੀਂ; ਇਸਨੂੰ ਪਤੀ ਨਾਲ ਖਿੱਚ ਹੈ, ਮਿਲਣ ਦੀ ਇੱਛਾ ਹੈ, ਨਾ ਮਿਲਣ ਕਰਕੇ ਉਤਕੰਠਾ ਹੈ ਮੈਂ ਇਹ ਪ੍ਰੇਮਣ ਹੈ ਜੋ ਵਿਛੋੜੇ ਵਿਚ ਹੈ। ਫਿਰ ਇਹ ਕਹਿ ਰਹੀ ਹੈ ਕਿ ਜੋਬਨ ਵਿਚ ਹੰਕਾਰ ਕਰਨ ਕਰਕੇ ਮੇਰੀ ਇਹ ਹਾਲਤ ਹੋਈ ਹੈ। ਇਸ ਤਰਾਂ ਇਹ ਕਾਵਜ ਦੀ 'ਕਲਹਾਂਤਰਿਤਾ' ਨਾਯਕਾ ਦੇ ਲਗ ਪਗ ਜਾ ਢੁੱਕਦੀ ਹੈ। ਪਰ ਜਦ ਅੰਕ ੨ ਵਾਚੀਏ ਤਾਂ ਜਾਪਦਾ ਹੈ ਕਿ ਇਹ ਇਸਤ੍ਰੀ

*ਨਸਿ ਵੰਞਹੁ ਕਿਲਵਿਖਹੁ ਕਰਤਾ ਘਰਿ ਆਇਆ ॥ ਦੂਤਹ ਦਹਨੁ ਭਇਆ ਗੋਵਿੰਦੁ ਪ੍ਰਗਟਾਇਆ ॥
[ਆਸਾ ਮਹਲਾ ੫, ਛੰਤ-੧੨

ਕਾਵਜ਼ ਦੀ 'ਪ੍ਰੋਖਿਤ ਪਤਿਕਾ' ਨਾਲ ਜਾ ਢੁੱਕਦੀ ਹੈ ਜਿਸ ਦਾ ਪਤੀ ਪ੍ਰਦੇਸ ਗਿਆ ਹੈ ਤੇ ਚੌਥੇ ਅੰਕ ਵਿਚ ਇਹੋ 'ਆਗਤ ਪਤਿਕਾ' ਹੋ ਜਾਂਦੀ ਹੈ ਕਿ ਜਿਸ ਦਾ ਪਰਦੇਸ ਗਿਆ ਪਤੀ ਘਰ ਆ ਜਾਂਦਾ ਹੈ ਤੇ ਓਹ ਪ੍ਰਸੰਨ ਹੁੰਦੀ ਹੈ।

ਅੰਕ ਪਹਿਲੇ ਵਿਚ ਤਾਂ ਸਾਂਗੋ ਪਾਂਗ ਸਾਰਾ ਰੂਪ ਪਤੀ ਤੋਂ ਵਿਛੁੜੀ ਬਿਰਹਨੀ ਇਸਤ੍ਰੀ ਦਾ ਬਣਦਾ ਹੈ, ਪਰ ਇਸੇ ਅੰਕ ਦੀ ਅਖੀਰਲੀ ਤੁਕ ਵਿਚ ਇਸ਼ਾਰਾ ਮਾਤ੍ਰ ਹੈ ਜਿਸ ਤੋਂ ਪਤਾ ਲਗਦਾ ਹੈ ਕਿ ਇਹ ਕਿਸੇ ਕਾਵਜ਼ ਦੀ 'ਨਾਯਕਾ' ਦਾ ਵਰਣਨ ਨਹੀਂ ਹੋ ਰਿਹਾ, ਇਹ ਤਾਂ ਨਾਯਕਾ ਦੇ ਰੂਪਕ ਵਿਚ ਉਸ ਪਰਮੇਸ਼ੁਰ-ਪ੍ਰੇਮੀ ਦਾ ਜ਼ਿਕਰ ਹੋ ਰਿਹਾ ਹੈ, ਜਿਸ ਨੂੰ ਪਰਮੇਸ਼ਰ ਤੋਂ ਵਿਛੁੜੇ ਹੋਣ ਦੀ ਸੋਝੀ ਆ ਗਈ ਹੈ ਤੇ ਨਾ ਮੇਲ ਹੋਣ ਦਾ ਹਾਵਾ ਤੇ ਨਿਰਾਸਤਾ ਹੈ। ਇਹ ਇਸ਼ਾਰਾ ਪਦ 'ਮਿਲਾਈ' ਵਿਚ ਹੈ ਕਿ ਇਹ ਆਪੂੰ ਤਾਂ ਨਹੀਂ ਪਰ ਮਿਲਾਈ ਹੋਈ ਪਤੀ ਨੂੰ ਮਿਲ ਸਕਦੀ ਹੈ। ਜੋ ਇਸ਼ਾਰਾ ਕਿ 'ਗੁਰੂ' ਵੱਲ ਹੈ। ਤੇ ਮਿਲਾਈ ਦਾ ਸਾਰਾ ਪ੍ਰਕਾਰ ਅਗਲੇ ਅੰਕ ਵਿਚ ਖੁੱਲ੍ਹ ਪੈਂਦਾ ਹੈ।

ਅੰਕ ੨—ਇਸ ਅੰਕ ਵਿਚ ਕੋਈ ਸ਼ੁਬਹ ਨਹੀਂ ਰਹਿ ਜਾਂਦਾ ਕਿ ਇਹ ਕਿਸੇ ਬਿਰਹਨੀ ਨਾਯਕਾ ਦਾ ਵਰਣਨ ਨਹੀਂ, ਇਹ ਪਰਮੇਸ਼ੁਰ ਤੋਂ ਵਿਛੁੜੇ ਪ੍ਰੇਮੀ ਯਾ ਭਗਤ ਦਾ ਵਰਣਨ ਹੈ। ਕਿਉਂਕਿ ਇਸ ਵਿਚ 'ਗੁਰੂ' ਤੇ 'ਨਾਮ' ਦਾ ਜ਼ਿਕਰ ਸਪਸ਼ਟ ਹੈ ਤੇ ਨਾਮ ਦਾ ਉਰਧਾਰਨਾ ਤੇ ਸੰਤੋਖ ਵਿਚ ਹੋਣਾ, ਸੱਚ ਵਿਚ ਜਾਣਾ, ਸਾਰੇ ਪਦ ਭਗਤੀ ਭਾਵਨਾਂ ਵਾਲੇ ਦੇ ਹਨ, ਕਿਸੇ ਨਾਯਕਾ ਦੇ ਨਹੀਂ, ਨਾ ਹੀ ਜੀਵ ਰੂਪੀ ਇਸਤ੍ਰੀ ਦੇ ਹਨ। ਕਿਉਂਕਿ ਹਰ ਜੀਵ ਪਰਮੇਸ਼ੁਰ ਤੋਂ ਵਿਛੁੜੇ ਹੋਣ ਦੇ ਅਹਿਸਾਸ ਵਿਚ ਦੁਖੀ ਨਹੀਂ ਹੈ, ਨਾਂ ਹੀ ਬਿਰਹੇ ਨੂੰ ਪ੍ਰਤੀਤ ਕਰਕੇ ਲਿੱਸਾ ਹੋ ਰਿਹਾ ਤੇ ਨਾ ਹੀ ਖਾਣ ਪੀਣ ਤੋਂ ਉਪਰਾਮ ਹੈ। ਜੇ ਕਹੋ ਏਹ ਲੱਛਣ ਜਗਜਾਸੂ ਦੇ ਹਨ ਤਾਂ ਥੋੜੀ ਵੀਚਾਰ ਦੀ ਲੋੜ ਹੈ। 'ਜਗਜਾਸੂ' ਨਾਮ 'ਜਾਣਨੇ ਦੀ ਇੱਛਾ ਵਾਲੇ' ਦਾ ਹੈ। ਇਹ ਤਾਂ ਜਾਣਦੀ ਹੈ ਕਿ ਪਤੀ ਹੈ, ਮੇਰਾ ਪਤੀ ਹੈ, ਮੈਨੂੰ ਪਯਾਰਾ ਹੈ, ਮੈਂ ਉਸ ਤੋਂ ਵਿਛੁੰਨੀ ਹਾਂ, ਉਸ ਨੂੰ ਮਿਲਨਾ ਹੀ ਮੇਰੇ ਸੁਖ ਦਾ ਰੂਪ ਹੈ। ਇਹ ਨਿਰੀ ਜਾਣਨ ਦੀ ਚਾਹਵਾਨ ਨਹੀਂ, ਇਹ ਪ੍ਰੇਮ ਭਾਵਨਾ ਵਿਚ ਹੈ ਤੇ 'ਮਿਲਾਪ' ਦੀ ਉਤਕੰਠਾ ਵਿਚ ਹੈ, ਸੋ ਇਹ 'ਪ੍ਰੇਮੀ' ਹੈ, 'ਭਗਤ' ਹੈ ਯਾ 'ਭਗਤ ਜਗਜਾਸੂ' ਕਹਿ ਲਓ। ਕਿਉਂਕਿ ਫੁਰਮਾ ਰਹੇ ਹਨ ਕਿ 'ਨਾਹ ਬਿਨੁ' ਇਸ ਨੂੰ ਸੁਖ ਨਹੀਂ। ਪਤੀ ਦੀ ਸਚਮੁਚ ਪ੍ਰਾਪਤੀ ਇਸ ਦਾ ਦਾਰੂ ਹੈ।

ਇਸ ਅੰਕ ਵਿਚ ਦੱਸ ਰਹੇ ਹਨ ਕਿ ਉਹ ਕੀਕੂੰ ਹੋਵੇ ? ਉੱਤਰ: ਪਤੀ ਨੂੰ ਉਰ ਵਿਚ ਧਾਰਨ ਕਰੇ, ਅਰਥਾਤ ਉਸ ਨੂੰ ਹਿਰਦੇ ਵਿਚ ਬਿਠਾ ਲਵੇ, ਕਦੇ ਵਿਸਾਰੇ ਨਾ। ਇਹ ਹੈ 'ਨਾਮ ਸਿਮਰਣ'। ਨਾਮ ਦੇ ਅੰਦਰ ਨਿਰੰਤਰ ਵਾਸ ਹੋਏ ਬਿਨਾ ਸਮਝਣਾ ਕਿ ਮੇਰੀ 'ਭਾਵਨਾ ਮਾਤ੍ਰ' (ਜੋ ਸਦੈਵੀ ਨਾ ਹੋ ਗਈ ਹੋਵੇ) ਮਿਲਾਪ ਕਰਾਏਗੀ,ਠੀਕ ਨਹੀਂ, ਨਾਮ ਤੋਂ ਬਿਨਾ 'ਭਾਵਨਾ', 'ਪ੍ਰੀਤ', 'ਪਯਾਰ' ਸਦੈਵੀ ਤੇ ਪ੍ਰਪੱਕ ਨਹੀਂ ਹੁੰਦਾ। ਇਹ 'ਨਾਮ' ਕੀਕੂੰ ਮਿਲੇ ? ਤਾਂ ਫੁਰਮਾਇਆ ਕਿ ਗੁਰ ਦੀ ਮਤਿ ਲਓ। ਗੁਰੂ ਨਾਮ ਵਿਚ ਵਾਸਾ ਕਰਾ ਦੇਵੇਗਾ। ਨਾਮ ਨਾਲ ਪ੍ਰੀਤ ਪਿਆਰ ਸਦੈਵੀ ਤੇ ਸਾਈਂ ਤਕ ਅਪੜਾਨ ਵਾਲਾ ਹੋ ਜਾਏਗਾ। ਗੁਰੂ 'ਉਪਦੇਸ਼' ਵੀ ਦੇਵੇਗਾ। ਉਹ ਸੰਤੋਖ਼ ਤੇ ਸੱਚ ਆਦਿ ਦੈਵੀ ਗੁਣ ਬੀ ਬਖ਼ਸ਼ੇਗਾ, ਜਿਨ੍ਹਾਂ ਕਰਕੇ ਨਾਮ ਵਿਚ ਵਿਘਨ ਨਾ ਪੈਣਗੇ। ਸੋ ਜੋ ਪ੍ਰਭੂ ਮਿਲਾਪ ਦੀ ਉਤਕੰਠਾ ਵਾਲਾ ਨਾਮ ਨਾ ਛੱਡੇਗਾ ਉਹ ਵਾਹਿਗੁਰੂ ਵਿਚ ਸਹਜੇ ਤੇ ਸੌਖਾ ਹੀ ਜਾ ਸਮਾਏਗਾ।

ਅੰਕ ੩—ਅੰਕ ੨ ਵਿਚ ਜੋ ਉਪਾਉ ਦੱਸਿਆ ਸੀ, ਹੁਣ ਉਸ ਦੇ ਅਮਲ ਦਾ ਜ਼ਿਕਰ ਹੈ। ਪਹਿਲਾਂ ਸਤਿਸੰਗੀਆਂ ਨੂੰ ਸੱਦਿਆ ਹੈ: ਆਓ, ਪ੍ਰਭੂ ਦੇ ਮਿਲਾਪ ਦਾ ਇਸ ਉਪਾਉ ਨਾਲ ਰੰਗ ਮਾਣੀਏ ! ਗੁਰੂ ਪਾਸ ਵਾਹਿਗੁਰੂ ਦੇ ਦਿੱਤੇ ਸੁਨੇਹੇ ਦਾ ਉਤਕੰਠਾ ਵਾਲੇ ਪ੍ਰੇਮੀਆਂ ਲਈ ਸੰਦੇਸਾ ਹੈ। ਉਸ ਦੀ ਮੈਂ ਸਮਝ ਲੈ ਲਈ ਹੈ, ਉਸ ਗੁਰੂ ਨੇ ਮੈਨੂੰ ਨਾ ਕੇਵਲ ਦੱਸਿਆ ਪਰ ਦਿਖਾ ਦਿਤਾ ਹੈ। ਉਹ ਹੈ, 'ਸਚਾ ਸ਼ਬਦ' ਪਰ ਪਰਮੇਸ਼ੁਰ ਦਾ ਨਾਮ, ਅਛਲ ਨਾਮ, ਸਤਯ ਸਰੂਪ ਨਾਮ। ਹੁਣ ਮਾਨੋ ਪ੍ਰਸ਼ਨ ਹੁੰਦਾ ਹੈ, ਜੋ

ਸਭ ਕੋਈ ਕਰਦਾ ਹੈ, ਕਿ ਮਨ ਨਹੀਂ ਟਿਕਦਾ, ਨਿਕਲ ਨਿਕਲ ਜਾਂਦਾ ਹੈ; ਤਾਂ ਦੱਸਦੇ ਹਨ ਕਿ ਸ਼ਬਦ (ਨਾਮ) ਨਾਲ ਉਹ ਬੀ ਟਿਕ ਜਾਂਦਾ ਹੈ।

ਹੁਣ ਪ੍ਰਸ਼ਨ ਹੁੰਦਾ ਹੈ ਕਿ ਸਾਧਨ ਕਰਦਿਆਂ ਤਾਂ ਸਾਧਨਾਂਨਾਲ ਤਬੀਅਤ ਮਿਲ ਜਾਂਦੀ ਹੈ,ਓਹ ਪੁਰਾਣੇ ਪੈ ਜਾਂਦੇ ਹਨ, ਸੁਰਤ ਢਿੱਲੀ ਹੋ ਜਾਂਦੀ ਹੈ ? ਤਾਂ ਫੁਰਮਾਉਂਦੇ ਹਨ: ਸੱਚ ਦੀ ਜੋ ਮਤਿ ਗੁਰੂ ਤੋਂ ਮਿਲਦੀ ਹੈ ਓਹ ਪੁਰਾਣੀ ਨਹੀਂ ਪੈਂਦੀ। ਸਤਯ ਸਰੂਪ ਵਾਹਿਗੁਰੂ ਨੂੰ ਅਪਣਾ ਨਿਸ਼ਾਨਾ ਬਨਾਈ ਰਖੋ ਇਹ ਕਦੇ ਪੁਰਾਣੀ ਨਹੀਂ ਪੈਂਦੀ। ਭਾਵ ਹੈ ਕਿ ਤੁਹਾਡੀ ਮਤਿ ਪਰਮੇਸ਼ੁਰ ਦੀ ਪ੍ਰੇਮ ਭਾਵਨਾ ਕਰਕੇ ਸਦਾ ਜੁਆਨ, ਨਵੀਂ ਤੋਂ ਨਵੀਂ ਰਹੇਗੀ। ਤੇ ਜੋ ਨਾਮ ਦੁਆਰਾ ਉਸ ਨਾਲ ਤੁਸਾਡਾ ਨੇਹੁ ਲਗਾ ਹੈ ਓਹ ਕਦੇ ਬੁੱਢਾ ਨਹੀਂ, ਓਹ ਸਦਾ ਨਵਾਂ ਨਵਾਂ ਤੇ ਜੁਆਨ ਰਹੇਗਾ, ਕਿਉਂਕਿ ਉਹ ਪ੍ਰਭੂ ਆਪ ਸਦਾ ਹੈ:–

"ਨਵਲ ਨਵਤਨ ਨਾਹੁ ਬਾਲਾ...... ॥"  [ਬਿਲਾਵਲ ਮਹਲਾ ੫, ਛੰਤ–੩

ਪੁਨਾ:–"ਸਾਹਿਬੁ ਮੇਰਾ ਨੀਤ ਨਵਾ.......॥"  [ਧਨਾਸਰੀ ਮਹਲਾ ੧–।

ਫਿਰ ਪੁੱਛ ਹੁੰਦੀ ਹੈ ਕਿ ਤੁਸਾਂ ਤਾਂ ਮਿਲਾਪ ਬੜਾ ਸੌਖਾ ਦੱਸਿਆ ਹੈ, ਪਰ ਸੁਣਦੇ ਹਾਂ ਔਖਾ ਹੈ ਤਾਂ ਤਸੱਲੀ ਬਨਾਉਂਦੇ ਹਨ ਅਖੀਰਲੀ ਤੁਕ ਵਿਚ ਕਿ ਓਹ ਨਦਰੀ ਹੈ, ਮਿਹਰ ਦਾ ਰੂਪ ਹੈ ਆਪ ਤ੍ਰੁੱਠੇਗਾ। ਕੀਕੂੰ ? ਤੁਸੀਂ ਨਾਮ ਦੁਆਰਾ ਉਸ ਦੇ ਹੋ ਜਾਓ। ਹਾਂ ਨਾਮ ਦਾ ਅਸਰ ਇਹੋ ਹੈ ਕਿ 'ਨਾਮ ਪ੍ਰੇਮੀ' ਪ੍ਰਭੂ ਦਾ ਹੀ ਸਾਰਾ ਹੋ ਜਾਂਦਾ ਹੈ। ਉਸ ਦੀ ਹਜ਼ੂਰੀ ਵਿਚ ਵੱਸਦਾ ਹੈ, ਉਸ ਦੀ ਯਾਦ ਨਹੀਂ ਭੁਲਾਉਂਦਾ, ਉਸੇ ਦੇ ਆਸਰੇ ਪਰਨੇ ਜੀਉਂਦਾ ਹੈ, ਤਦ ਪ੍ਰਭੂ ਨੂੰ ਉਸ ਤੇ ਦਇਆ ਆਉਂਦੀ ਹੈ, ਉਹ ਨਦਰ ਕਰਦਾ ਹੈ, ਫਿਰ ਉਸ ਸਤਯ ਸਰੂਪ ਦਾ ਸਹਜੇ ਹੀ ਮਿਲਾਪ ਹੋ ਜਾਂਦਾ ਹੈ, ਭਾਵ ਇਹ ਕਿ ਉਸ ਦੇ ਨਦਰੀ ਹੋਣ ਕਰਕੇ ਭਗਤੀ ਭਾਵਨਾ ਵਾਲੇ ਦਾ ਮਿਲਾਪ ਸੁਖੱਲਾ ਹੋ ਜਾਂਦਾ ਹੈ।

ਅੰਕ ੪–ਹੁਣ ਪਤੀ ਦੇ ਮਿਲਾਪ ਦਾ ਦਰਸ਼ਨ ਚਲਦਾ ਹੈ। ਪਹਿਲਾਂ ਫੁਰਮਾਉਂਦੇ ਹਨ ਕਿ ਸੱਜਣ ਪਤੀ ਘਰ ਆ ਗਿਆ ਹੈ। ਜਿਸ ਇਸਤ੍ਰੀ ਦਾ ਪਤੀ ਪਰਦੇਸੋਂ ਘਰ ਆ ਰਿਹਾ ਹੋਵੇ, ਉਸ ਨੂੰ ਕਾਵਯ ਵਾਲੇ 'ਆਗਤ ਪਤਿਕਾ' ਆਖਦੇ ਹਨ। ਪਰ ਏਥੇ ਪ੍ਰਭੂ ਦਾ ਪ੍ਰੇਮੀ ਹੈ, ਚਾਹੋ ਸਾਰੇ ਅੰਕ ਵਿਚ ਲੱਛਣ 'ਆਗਤ ਪਤਿਕਾ' ਦੇ ਹਨ, ਪਰ ਵਿੱਚ ਦੋ ਤ੍ਰੈ ਪਦ-ਸਚੁ, ਸਾਚੁ, ਜਪਿ ਆਦਿ ਸਪਸ਼ਟ ਕਰ ਰਹੇ ਹਨ ਕਿ ਆਪ ਜੀ ਉਸ 'ਭਗਤ ਪ੍ਰੇਮੀ' ਦਾ ਰੂਪਕ ਬੰਨ੍ਹ ਰਹੇ ਹਨ ਜਿਸਨੂੰ ਵਾਹਿਗੁਰੂ ਪ੍ਰਾਪਤ ਹੋਗਿਆ ਹੈ। ਉਸ ਪ੍ਰੇਮੀ ਗੁਰਮੁਖ ਦੇ ਲਛਣ ਇਸ ਅੰਕ ਵਿਚ ਏਹ ਦੱਸੇ ਹਨ:–

ਉਸ ਦੇ ਮਨ ਵਿਚ ਪ੍ਰੇਮ ਹੋਵੇਗਾ, ਉਸ ਦੀ ਚਿਤ ਬ੍ਰਿਤੀ ਉਮਾਹ ਵਿਚ ਹੋਵੇਗੀ। ਹੋਰ ਪਰਮੇਸ਼ੁਰ ਦੇ ਪਜਾਰੇ ਭਗਵੰਤ ਦੇ ਗੁਣ ਗਾਯਣ ਵਾਲੇ ਉਸ ਨੂੰ ਚੰਗੇ ਲੱਗਣਗੇ ਤੇ ਉਸ ਦੇ ਦੁਆਲੇ ਕੀਰਤਨ ਕਰਦੇ 'ਭੰਵਰ' ਗੁਜਾਰਾਂ ਕਰਦੇ ਹੋਣਗੇ। ਫੇਰ ਦੈਵੀ ਗੁਣਾਂ ਦਾ ਓਥੇ ਵਾਸ ਹੋਵੇਗਾ, ਆਸੁਰੀ ਗੁਣਾਂ ਦਾ ਓਥੇ ਨਾਸ਼ ਹੋਵੇਗਾ। ਓਥੇ ਸੱਚੇ ਵਾਹਿਗੁਰੂ ਦੀ ਸਿਫਤ ਸਲਾਹ ਤੇ ਉਸ ਦਾ ਜਪ ਸਿਮਰਨ ਹੋਵੇਗਾ।

ਹਾਂ ਜੀਓ ! ਓਥੇ 'ਗੁਰਮੁਖ ਤੇ ਪ੍ਰਭੂ' 'ਇਸਤ੍ਰੀ ਤੇ ਪਤੀ' ਦੇ ਪਿਆਰ ਵਾਕੂ–ਅਤਯੰਤ ਪ੍ਰੇਮ ਭਾਵ ਵਿਚ ਤਦਰੂਪ ਹੋਏ ਵਰਤ ਰਹੇ ਹੋਣਗੇ।

**ਵਿਸ਼ੇਸ਼ ਵੀਚਾਰ–**ਕਰਮ, ਤਪ, ਯੋਗ, ਗਿਆਨ ਆਦਿ ਦੇ ਜੋ ਜੋ ਤ੍ਰੀਕੇ ਪਰਮਾਤਮ ਪ੍ਰਾਪਤੀ ਦੇ ਵਰਣਨ ਹੁੰਦੇ ਹਨ, ਓਹ ਖੁਸ਼ਕ ਤੇ ਹਿਸਾਬੀ, ਗਲ-ਘੋਟੂ ਬੇਰ ਵਾਕੂ ਮਿੱਠੇ ਪਰ ਬੱਝ ਜਿਹੀ ਪਾ ਦੇਣ ਵਾਲੇ ਹੁੰਦੇ ਹਨ; ਪਾਠਕ ਮਨ ਪੜ੍ਹ ਸੁਣਕੇ ਯਾ ਪਰਮਾਰਥ ਤੋਂ ਉਪਰਾਮ ਹੋ ਜਾਂਦੇ ਹਨ ਯਾ ਦਿਲਗੀਰੀ ਜੇਹੀ ਲੈਕ ਖੁਸ਼ਕ ਸਾਧਨਾਂ ਨੂੰ ਲਗ ਪੈਂਦੇ ਹਨ। ਮਨ ਦਾ ਮਨੋਭਾਵ (mood) ਕਿਸੇ ਉਤਸ਼ਾਹ ਵਾਲਾ ਨਹੀਂ ਬਣਦਾ।

ਗੁਰੂ ਜੀ ਅਪਣਾ ਮਾਰਗ ਸਾਂਈਂ ਪ੍ਰਾਪਤੀ ਦਾ ਵਿਸਮਾਦ ਦੇ ਰਸਤੇ ਦੱਸਦੇ ਹਨ। ਇਸ ਨਾਲ 'ਮਨੋ ਭਾਵ' ਸ਼ੁਰੂ ਤੋਂ ਹੀ ਰਸ ਵਲ ਰੁਖ਼ ਰਖਦਾ ਹੈ। ਇਸੇ ਕਰਕੇ ਗੁਰੂ ਜੀ ਦਾ ਸਿਮਰਨ ਦਾ ਵਾਕ–

ਵਾਹਿਗੁਰੂ–ਪਦ ਹੈ, ਜਿਸ ਦਾ ਅਰਥ ਹੈ 'ਧੰਨਤਾ ਯੋਗ ਹੈ ਗੁਰੂ': ਅਰਥਾਤ 'ਗੁਰੂ ਦਾ ਗੁਰੂ, ਆਦਿ ਗੁਰੂ, ਅਕਾਲ ਪੁਰਖ ਧੰਨ ਹੈਂ'। ਇਸ ਅਰਥ ਵਾਲੇ ਦਾ ਨਾਮ ਜਪਦਿਆਂ ਮਨ ਤੇ ਅਸਰ ਸਿਫਤ ਸਲਾਹ ਦਾ ਉਤਸ਼ਾਹ ਜਨਕ ਪੈਂਦਾ ਹੈ। ਜਿਸ ਤਰ੍ਹਾਂ ਇਹ ਮੁੱਢ ਸਿਫਤ ਸਲਾਹ ਵਾਲਾ ਅਰਥਾਤ ਵਿਸਮਾਦ ਜਨਕ ਬੱਧਾ ਹੈ, ਇਸੀ ਤਰ੍ਹਾਂ ਇਸ ਛੰਤ ਵਿਚ ਜੋ ਮਾਰਗ ਵਾਹਿਗੁਰੂ ਜੀ ਦੇ ਵਿਛੋੜੇ ਨੂੰ ਪ੍ਰਤੀਤ ਕਰਕੇ ਉਤ-ਕੰਠਿਤ ਹੋ ਰਹੇ ਤੇ ਵੈਰਾਗ ਕਰਨ ਵਾਲੇ ਪ੍ਰੇਮੀ ਨੂੰ ਦੱਸਿਆ, ਕਿਸੇ ਖ਼ੁਸ਼ਕ, ਵਰਣਨ ਮਾਤ੍ਰ ਢੰਗ ਵਿਚ ਦੱਸਕੇ, ਰਸਹੀਣ ਅਸਰ ਪੈਦਾ ਕਰਨ ਵਾਲਾ ਨਹੀਂ ਦੱਸਿਆ ਸਗੋਂ ਕਾਵਯ ਦੇ ਸੰਗੀਤਕ ਰੂਪ ਵਿਚ ਸਾਰਾ ਵਰਣਨ ਕੀਤਾ ਹੈ, ਕਿ ਪਾਠਕ 'ਵਾਹਿਗੁਰੂ ਜੀ ਦੀ ਪ੍ਰਿਯ ਸਰੂਪਤਾ' ਦੇ ਪ੍ਰਭਾਵ ਤੋਂ ਪ੍ਰਭਾਵਿਤ ਹੋਕੇ ਪਰਮਾਰਥ ਦੇ ਕਰਨੇ ਯੋਗ ਉਪਾਉ, ਪਿਆਰ ਤੇ ਰਸ ਵਿਚ, ਸਮਝ ਲਵੇ। ਅਰਥਾਤ ਕਾਜ਼ੀਆਂ ਪੰਡਿਤਾਂ ਦੀਆਂ ਭੈ-ਦਾਯਕ ਤੇ ਖ਼ੁਸ਼ਕ ਗੱਲਾਂ ਨਾਲ ਨਹੀਂ ਡਰਾਇਆ, ਪਰ ਬਿਰਹਨੀ ਇਸਤ੍ਰੀ ਦੇ ਰੂਪ ਵਿਚ ਪਿਆਰੇ ਨੂੰ ਮਿਲਣ ਦੀ ਉਤਕੰਠਾ ਦੇ ਰੂਪ ਵਿਚ ਰੱਬ ਦੇ ਮੁਤਲਾਸ਼ੀ ਨੂੰ ਵੈਰਾਗ ਕਰਦਿਆਂ, ਜਾਗੇ ਕਟਦਿਆਂ, ਹਾਵੇ ਕਰਦਿਆਂ, ਲਿੱਮੇ ਪੈਂਦਿਆਂ ਦਰਸਾਇਆ ਹੈ। ਇਹ ਸਾਰੇ ਭਾਵ ਪ੍ਰੇਮ ਦੇ ਬਿਰਹੇ ਵਿਚ ਹੁੰਦੇ ਹਨ। ਜਦ ਪ੍ਰੇਮੀ ਦੀ ਦਸ਼ਾ ਨਿਰਾਸਤਾ ਦੀ ਵੇਖੀ ਤਾਂ ਝੱਟ ਅਪਣੀ ਆਸ ਬੰਨ੍ਹਵੀਂ ਅਵਾਜ਼ ਦੇ ਦਿੱਤੀ ਕਿ ਨਿਰਾਸ ਨਾ ਹੋ, ਤੂੰ ਬੀ ਮਿਲ ਸਕਦਾ ਹੈਂ, ਲੋੜ ਗੁਰੂ ਦੀ ਹੈ ਜੋ ਮੇਲਣ ਨੂੰ ਸਮਰੱਥ ਹੈ। ਇਹ ਆਸ ਬਨ੍ਹਾਕੇ ਗੁਰੂ ਜੀ ਫੇਰ ਅਪਣੀ ਗੁਰਮਤਿ ਦਾਨ ਕਰਦੇ ਹਨ ਕਿ ਗੁਰੂ ਨੂੰ ਮਿਲਕੇ ਨਾਮ ਲੈ। ਨਾਮ ਸਾਧਨ ਮਾਤ੍ਰ ਨਹੀਂ, ਜਿਵੇਂ ਕਈ ਲੋਕ ਇਕ ਡੋਰੂ ਵਿਚ ਨਾਮ ਲਿਖਕੇ ਪਾਂਦੇ ਤੇ ਭੁਆਉਂਦੇ ਹੋਏ ਨਾਮ ਜਪ ਹੋ ਰਿਹਾ ਸਮਝਦੇ ਹਨ। ਆਪ ਦੱਸਦੇ ਹਨ ਕਿ ਨਾਮ ਪ੍ਰਭੂ ਪਤੀ ਦੇ ਮਿਲਾਪ ਦੀ ਚਾਹਨਾ ਵਾਲੀ ਭਾਵ ਸੰਯੁਕਤ (feeling ਵਾਲੀ) ਯਾਦ ਹੋਵੇ। ਇਹ ਨਾਮ ਸਿਮਰਨ ਸੁਧਾ ਪ੍ਰੇਮ ਬਣ ਜਾਏਗਾ। ਇਸ ਪਿਆਰ ਨਾਲ ਮੇਲਾ ਹੋਏਗਾ। ਪ੍ਰਤੱਖ ਹੈ ਕਿ ਪਤੀ ਪਰਮੇਸ਼ੁਰ 'ਪ੍ਰਿਯ' ਸਰੂਪ ਹੈ, ਪ੍ਰਿਯ ਸਰੂਪ ਨੂੰ ਪ੍ਰੇਮ ਭਾਵਨਾਂ ਨਾਲ ਹੀ ਮਿਲ ਸਕੀਦਾ ਹੈ। ਜਦ ਪ੍ਰੇਮ ਨਾਲ ਮਿਲ ਪਈਦਾ ਹੈ ਤਾਂ ਸੁਖੀ ਵੱਸੀਦਾ ਹੈ। ਇਸ ਸਾਧਨ ਦੱਸਣ ਵਿਚ ਪ੍ਰੇਮ ਤੇ ਸੁਖ, ਉਮਾਹ, ਰਲੀਆ, ਸਾਰਾ ਕੁਛ ਰਸਮਈ ਅੱਖਰਾਂ ਵਿਚ–ਵਿਸਮਾਦੀ ਬੋਲੀ ਵਿਚ–ਦੱਸਿਆ ਹੈ। ਜੇ ਨਾਮ ਨੂੰ ਸਦਗਤੀ ਦਾਤਾ ਦੱਸਿਆ ਤਦ ਬੀ ਪਿਆਰੇ ਦੇ ਮਿਲਾਪ ਕਰਾ ਦੇਣ ਵਾਲਾ ਦੱਸਿਆ। ਨਾਮ ਪ੍ਰੇਮ ਹੈ ਤੇ ਪ੍ਰਿਯ ਸਰੂਪਤਾ ਦਾ ਮੇਲਣਹਾਰ ਹੈ ਉਸੇ ਭਾਵ ਭਰੀ ਬੋਲੀ ਵਿਚ ਦੱਸਿਆ। ਅਗਲੇ ਦੋਹਾਂ ਅੰਕਾਂ ਵਿਚ ਰਾਵੇਹਾ, (ਪਤੀ ਦਾ) ਸਨੇਹਾ, ਨਉਤਨ, ਨਵੇਲਓ, ਨਦਰੀ, ਇਛ ਪੁਨੀ, ਮਿਲਹੁ, ਸਖੀ, ਸਹੇਲੀਹੋ, ਸਾਜਨੁ ਆਇਆ, ਮੰਗਲੁ, ਗਾਇ, ਪ੍ਰੇਮ, ਰਹਸੀ, ਓਮਾਹਓ, ਰਹੰਸੇ, ਰਸਿ ਭਿੰਨੀਆ, ਰਲੀਆ ਆਦਿ ਸਾਰੇ ਪਦ ਪਿਆਰ ਵਾਲੇ, ਉਤਸਾਹ ਵਾਲੇ, ਸਿਫਤ ਸਲਾਹ ਵਾਲੇ, ਖੁਸ਼ੀ ਰਸ ਤੇ ਸੁਖ ਦੇ ਭਾਵ ਪੈਦਾ ਕਰਨ ਵਾਲੇ, ਮਨ ਦੇ ਮਨੋ ਭਾਵ (mood) ਨੂੰ ਸੁਆਦ ਰਸ ਵਿਚ ਰੱਖਣ ਵਾਲੇ–ਵਿਸਮਾਦੀ ਮਾਰਗ–ਦੇ ਕੱਠੇ ਕੀਤੇ ਤੇ ਗੁੰਦੇ ਹਨ। ਆਪ ਜੀ ਸਾਧਨਾਂ ਦੀ ਕਠਨਤਾ, ਭਯਾਨਕਤਾ, ਖ਼ੁਸ਼ਕੀ ਤੇ ਪਹੁੰਚ ਕੇ ਬੀ ਨਾਸਤਕਤਾ ਤੁੱਲ ਆਸਤਕਤਾ ਦਾ ਬੱਝ ਵਾਲਾ ਮਾਰਗ ਪਾਠਕ ਦੇ ਸੰਘੋਂ ਹੇਠ ਨਹੀਂ ਉਤਾਰ ਰਹੇ।

ਆਪ ਜੀ 'ਅਪਣੇ ਮਾਰਗ ਦੇ ਸਾਧਨ' ਨੂੰ ਬੀ ਇਕ ਰਸਮਈ ਵਸਤੂ ਦੱਸਕੇ ਉਸ ਨੂੰ ਵਰਣਨ ਕਰ ਰਹੇ ਹਨ, ਕਾਵਯ ਰਸਾਂ ਦੇ ਖੰਭਾਂ ਨਾਲ ਉਡਾਰ ਬਣਾਕੇ, ਜੋ ਕਰਨ ਵਾਲੇ ਨੂੰ ਉਡਾਕੇ ਪ੍ਰੀਤਮ ਦੇ ਦੇਸ਼ ਲੈ ਜਾਣ ਨੂੰ ਸਮਰੱਥ ਹਨ। ਇਹ ਗੱਲ ਇਕ ਗਲ-ਘੋਟੂ ਬੇਰ ਨੂੰ ਇਕ ਮਿੱਠੇ ਸੇਬ ਵਿਚ ਪਲਟ ਦੇਣਾ ਆਪ ਦੇ ਕਾਵਯ ਰਸੀ ਵਰਣਨ ਦਾ ਕਮਾਲ ਹੈ। ਸਾਧਨ ਸਾਧਨ ਨਾ ਜਾਪੇ, ਪਰ ਲੁਭਾਇਮਾਨ ਕਰ ਲੈਣ ਵਾਲਾ ਰਸਦਾਇਕ ਪ੍ਰਵੇਸ਼ ਹੋਵੇ, ਜੋ ਕਿਸੇ ਰਸ ਦੇਸ਼ ਦੇ ਵਿਚ ਦੀ ਲੈ ਜਾਂਦਾ, ਵਿਸਮਾਦੀ ਰੰਗ ਚਾੜ੍ਹਦਾ ਪਿਆਰੇ ਪਾਸ ਪਹੁੰਚਾ ਦੇਵੇ, ਜੋ ਪਿਆਰਾ ਕਿ ਆਪ 'ਪ੍ਰਿਯ' ਸਰੂਪ ਹੈ। ਹਾਂ ਜਿਸ ਨੂੰ ਦਾਨੇ ਤੋਂ ਦਾਨੇ, ਜਾਣਨ ਦੀ ਵਿਦਯਾ ਦੇ ਜਾਣੂ 'ਅਸਤੀ ਭਾਂਤੀ ਪ੍ਰਿਯ' ਆਖਦੇ ਹਨ। ਪ੍ਰਿਯ ਸਰੂਪ ਨੂੰ

ਪ੍ਰਾਪਤ ਹੋਕੇ ਫੇਰ ਜੋ ਅਵਸਥਾ ਪ੍ਰਾਪਤ ਹੁੰਦੀ ਹੈ ਉਹ ਹੈ ਰਲੀਆ-ਆਨੰਦ-।

ਇਹ ਕੁਛ ਵਾਕਯ ਰਚਨਾ ਮਾਤ੍ਰ ਨਹੀਂ। ਇਹ ਅਸਲੀ ਅਸੂਲ ਹੈ ਕਿ ਵਾਹਿਗੁਰੂ ਪ੍ਰੇਮ ਹੈ, ਪ੍ਰੇਮ ਨਾਲ ਸਿਮਰੋ। ਰਸਤਾ ਵਿਸਮਾਦ ਹੈ ਜੋ ਸਿਫਤ ਸਲਾਹ ਨਾਲ ਮਿਲਦਾ ਹੈ। ਜਦ ਮੇਲਾ ਹੁੰਦਾ ਹੈ 'ਪ੍ਰਿਯ' ਸਰੂਪ ਨਾਲ ਤਾਂ ਫਲ ਆਨੰਦ ਹੁੰਦਾ ਹੈ। ਇਹ ਆਪ ਦੇ ਵਰਣਨ ਦੀ ਕਰਾਮਾਤ ਹੈ ਤੇ ਆਪ ਦੇ ਦੱਸੇ 'ਮਾਰਗ' ਦੀ ਅਕਸੀਰਤਾ ਯਾ ਪਾਰਸ ਛੁਹ ਹੈ।

ਸਾਨੂੰ ਹੁਣ ਵ੍ਯਾਖ੍ਯਾ ਕਰਨ ਵਿਚ ਕਠਨਤਾ ਲੱਗਦੀ ਹੈ ਤੇ ਅਸੀਂ ਫੇਰ ਉਸ ਦੀ ਵ੍ਯਾਖ੍ਯਾ ਉਨ੍ਹਾਂ ਪੁਰਾਣੇ ਗਲ-ਘੋਟੂ ਬੇਰਾਂ ਵਾਲੀ ਬੋਲੀ ਵਿਚ ਅਨੁਵਾਦ ਕਰ ਕਰਕੇ ਸਮਝਣ ਤੇ ਸਮਝਾਉਣ ਦਾ ਜਤਨ ਕਰਦੇ ਹਾਂ ਤੇ ਉਹ ਜੋ ਉਮਾਹੂ ਜਿੰਦ ਗੁਰੂ ਜੀ ਨੇ ਇਨ੍ਹਾਂ ਅੱਖਰਾਂ ਵਿਚ ਭਰੀ ਹੈ, ਗੁਆ ਬੈਠਦੇ ਹਾਂ। ਮੁਸ਼ਕਲ ਕੇਵਲ ਇਹ ਹੈ ਕਿ ਬੜੇ ਸੂਖਮ, ਉਡੰਤ, ਤਰਲਤਾ ਵਾਲੇ, ਉੱਚੇ, ਸੁੱਚੇ, ਰਸਭਰੇ ਖ਼ਯਾਲ ਕਾਵ੍ਯ ਦੇ ਰੰਗ ਰੰਗੇ ਪੰਜਾਬੀ ਬੋਲੀ ਵਿਚ ਵਰਣਨ ਹੋਏ ਹਨ। ਇਹ ਬੋਲੀ ਅਜੇ ਮੰਝੀ ਨਹੀਂ ਸੀ, ਪਰ ਆਪ ਨੇ ਬੋਲੀ ਨੂੰ ਬੀ ਰਸਮਈ ਕਰ ਲਿਆ ਹੈ। ਫੇਰ ਜੋ ਢੰਗ ਆਪ ਦੇ ਵਰਣਨ ਦਾ ਹੈ ਤੇ ਜਿਸ ਤਰਜ਼ ਵਿਚ ਪਦ ਜੁੜਦੇ ਹਨ ਉਹ ਬੀ ਪੰਜ ਸੌ ਬਰਸ ਲੰਘਾ ਚੁਕਾ ਹੈ। ਇਸ ਕਰਕੇ ਕੇਵਲ ਅੰਤ੍ਰੀਵਾਰਥ ਦੀ ਭਾਵਨਾ ਲੈ ਕੇ, ਕਿਸੇ ਖੁਸ਼ਕ ਵੇਦਾਂਤ ਕਿ ਕਿਸੇ ਨਿਰਜਿੰਦ ਯੋਗ, ਕਿ ਕਿਸੇ ਭਾਵ ਵਿਹੂਣ ਕਰਮ ਮਾਰਗਾਂ ਦੇ ਪਦ ਪਦਾਰਥ ਲੈਕੇ ਉਨ੍ਹਾਂ ਵਿਚ ਮੁੜ 'ਖੰਭਾਂ ਵਾਲੇ ਮਿੱਠੇ ਭਾਵਾਂ' ਨੂੰ ਨਹੀਂ ਸੱਟਣਾ ਚਾਹੀਦਾ। ਗੁਰੂ ਜੀ ਦੇ ਸਿਫਤ ਸਲਾਹੀ, ਵਿਸਮਾਦੀ, ਰਸ ਰੰਗ ਭਰੇ ਪ੍ਰਭੂ ਵਸਲ ਦੀ ਪ੍ਰਾਪਤੀ ਦੇ ਰਸਮਈ ਭਾਵਾਂ ਵਿਚ ਮਨ ਨੂੰ ਰੰਗਕੇ ਨਾਮ ਅਰਾਧਣ ਵਿਚ ਲਗਕੇ 'ਪ੍ਰਿਯ' ਸਰੂਪ ਨੂੰ ਪ੍ਰਾਪਤ ਕਰ ਲੈਣਾ ਚਾਹੀਦਾ ਹੈ।

**ਨਿਰੁਕ੍ਤ**-ਛੰਤ-[ਸੰਸ:, ਛੰਦਸ੍ ਯਾ ਛੰਦ: ਹਰ ਪ੍ਰਕਾਰ ਦਾ ਕਾਵ੍ਯ ਦਾ ਵਜ਼ਨ, ਇਸ ਦਾ ਧਾਤੂ ਹੈ ਛਦਿ=ਪ੍ਰਸੰਨ ਕਰਨਾ। ਵੇਦ ਵਿਚ ਵਰਤੇ ਗਏ ਮੰਤ੍ਰਾਂ ਦਾ ਨਾਮ ਛੰਦ ਹੈ। ਖ਼ੁਦ ਵੇਦ ਨੂੰ ਬੀ ਛੰਦ ਆਖਦੇ ਹਨ। ਪੰਜਾਬੀ ਵਿਚ ਛੰਦ ਤੇ ਛੰਤ ਦੁਇ ਉਚਾਰਣ ਹਨ] ਨਜ਼ਮ, ਗੀਤ। ਕਵਿਤਾ ਦਾ ਕੋਈ ਪ੍ਰਕਾਰ ਜੋ ਵਜ਼ਨ ਵਿਚ ਹੋਵੇ। ਖੁਸ਼ੀ ਦੇ ਗੀਤਾਂ ਨੂੰ ਤੇ ਪਤੀ ਪ੍ਰੇਮ ਦੇ ਗੀਤਾਂ ਨੂੰ ਬੀ ਛੰਤ ਆਖਦੇ ਹਨ*। ਗੁਰਬਾਣੀ ਵਿਚ ਛੰਤ ਕਈ ਵਜ਼ਨਾਂ ਦੇ ਹਨ। ਹੋਰ ਵਿਸਤਾਰ ਲਈ ਦੇਖੋ ਪੰਨਾ ੬੯੭।

ਮੁੰਧ-[ਸੰਸ:, ਮੁਗਧ। ਪ੍ਰਾ:, ਮੁਦ੍ਧ। ਪੁ: ਪੰ:, ਮੁੰਦ। ਸਿੰਧੀ, ਮੁੰਧ। ਸੰਸਕ੍ਰਿਤ ਵਿਚ ਇਹ ਪਦ 'ਮੁਹ੍' ਧਾਤੂ ਤੋਂ ਬਣਦਾ ਹੈ, ਅਰਥ ਹੈ-ਮੂਰਛਿਤ ਹੋਣਾ। ਮੂਰਖ ਬਣਨਾ, ਅਨਜਾਣ ਹੋਣਾ-ਮੁਗਧ= ੧. ਮੋਹ ਯਾ ਭਰਮ ਵਿਚ ਪਿਆ ਹੋਇਆ। ੨ ਮੂਰਖ, ਅਗਯਾਨੀ। ੩. ਸਿੱਧਾ ਸਾਦਾ। ੪. ਭੋਲਾ। ੫. ਭੋਲੇਪਨ ਕਰਕੇ ਮੋਹ ਲੈਣ ਵਾਲਾ। ਮੁਗਧਾ, ਇਸਤ੍ਰੀ ਲਿੰਗ ਹੈ ਮੁਗਧ ਦਾ। ਮੁੰਧ ਪਦ ਏਥੇ ਸੰਸਕ੍ਰਿਤ ਪਦ 'ਮੁਗਧਾ' ਦਾ ਵਾਚਕ ਹੈ]। (੧) ਅਨਜਾਣ ਇਸਤ੍ਰੀ, ਭੋਲੀ ਇਸਤ੍ਰੀ। (੨) ਭੋਲੇਪਨ ਕਰਕੇ ਦਿਲ ਨੂੰ ਮੋਹ ਲੈਣ ਵਾਲੀ ਨਵਯੋਬਨਾ। (੩) ਕਾਵ੍ਯ ਵਿਚ ਉਹ ਇਸਤ੍ਰੀ ਜਿਸ ਨੂੰ ਕਾਮ-ਭਾਵਾਂ ਦਾ ਪਤਾ ਨਹੀਂ, ਪਰ ਜੁਆਨ ਹੋ ਚੁਕੀ ਹੈ, ਮਨੋਹਰ ਲਗਦੀ ਹੈ ਤੇ ਉਮਾਹ ਵਿਚ ਹੁੰਦੀ ਹੈ। (੪) ਇਸਤ੍ਰੀ। ਕੋਈ ਇਸਤ੍ਰੀ। ਭੋਲੀ ਭਾਲੀ ਇਸਤ੍ਰੀ। ਇਸ ਸ਼ਬਦ ਵਿਚ ਮੁੰਧ ਉਸ ਇਸਤ੍ਰੀ ਨੂੰ ਕਿਹਾ ਹੈ ਜੋ ਪਤੀ ਨੂੰ ਕਿਸੇ ਗਲੇ ਉਦਾਸ ਕਰ ਬੈਠੀ ਹੈ ਤੇ ਹੁਣ ਪਛੋਤਾਉਂਦੀ, ਰੋਂਦੀ, ਲਿੱਸੀ ਪੈਂਦੀ, ਨਿਰਾਸ ਹੋ ਹੋ ਜਾਂਦੀ ਹੈ ਤੇ ਮਾਨੋ ਕਹਿੰਦੀ ਹੈ-ਰੈਣੀਆਂ ਵਖਤ ਵਿਹਾਣੇ ਨੂੰ। ਕਾਵ੍ਯ ਦੀ ਬੋਲੀ ਵਿਚ ਇਸ ਇਸਤ੍ਰੀ ਨੂੰ 'ਕਲਹਾਂਤਰਿਤਾ' ਕਹਿੰਦੇ ਹਨ। ਜੋ ਪਤੀ ਨੂੰ ਉਦਾਸੀਨ ਕਰਕੇ ਮਗਰੋਂ ਪਛਤਾਵੇ ਸੋ

*ਵਿਆਹ ਸਮੇਂ ਜੋ ਸਹੁਰੇ ਘਰ ਦੀਆਂ ਬੀਬੀਆਂ ਲਾੜੇ ਤੋਂ ਨਜ਼ਮਾਂ ਸੁਣਦੀਆਂ ਹਨ, ਉਸ ਨੂੰ ਬੀ ਛੰਦ ਆਖਦੇ ਹਨ।

'ਕਲਹਾਂਤਰਿਤਾ' ਕਹੀਦੀ ਹੈ। ਪਰ ਅਖੀਰਲੇ ਅੰਕ ਵਿਚ ਜਾਕੇ ਇਹ 'ਆਗਤ ਪਤਿਕਾ' ਹੋ ਜਾਂਦੀ ਹੈ। ਜਿਸ ਦਾ ਪਤੀ ਪਰਦੇਸੋਂ ਆਵੇ ਯਾ ਆ ਰਿਹਾ ਹੋਵੇ ਉਹ 'ਆਗਤ ਪਤਿਕਾ' ਹੁੰਦੀ ਹੈ। ਜਦ ਅਖੀਰਲੇ ਅੰਕ ਵਿਚ ਇਹ 'ਆਗਤ ਪਤਿਕਾ' ਹੈ ਤਾਂ ਪਹਿਲੇ ਅੰਕਾਂ ਵਿਚ ਇਹ 'ਕਲਹਾਂਤਰਿਤਾ' ਨਹੀਂ, ਪਰ 'ਪ੍ਰੋਖਿਤ ਪਤਿਕਾ' ਹੈ। ਜਿਸ ਦਾ ਪਤੀ ਪਰਦੇਸ ਹੋਵੇ ਤੇ ਓਹ ਵਿਯੋਗ ਕਰੇ ਉਹ 'ਪ੍ਰੋਖਿਤ ਪਤਿਕਾ' ਕਹੀਦੀ ਹੈ।

ਇਥੋਂ ਹੀ ਘੁੰਡੀ ਖੁੱਲ੍ਹਦੀ ਹੈ ਕਿ ਇਥੇ ਜੋ ਪ੍ਰੇਮੀ ਵਾਹਿਗੁਰੂ ਜੀ ਦੇ ਬਿਰਹੇ ਵਿਚ ਵਰਣਨ ਹੋਇਆ ਹੈ, ਉਹ ਐਸਾ ਪੁਰਖ ਨਹੀਂ ਜੋ ਪਰਮੇਸ਼ੁਰ ਨੂੰ ਪਾਕੇ ਉਸ ਨੂੰ ਨਾਰਾਜ਼ ਕਰਕੇ ਪਸਚਾਤਾਪ ਵਿਚ ਹੈ। ਭਾਵ ਉਹ ਬੇਮੁਖ ਹੋਇਆ ਹੋਇਆ ਨਹੀਂ ਹੈ। ਸੋ ਪਤਾ ਲਗਾ ਕਿ ਮੁੰਧ ਤੋਂ ਭਾਵ ਨਾ ਸਾਧਾਰਣ ਜੀਵ ਹੈ ਨਾ ਬੇਮੁਖ ਜਰਗਾਸੂ ਹੈ, ਪਰ ਉਹ ਕਿ ਜਿਸ ਨੂੰ ਜੁਆਨੀ ਗੁਆਕੇ ਸਮਝ ਪਈ ਹੈ ਕਿ ਮੈਂ ਈਸ਼੍ਵਰ ਰੂਪੀ ਪਤੀ ਦੀ ਪ੍ਰਾਪਤੀ ਦਾ ਸੁਨਹਿਰੀ ਸਮਾ ਗੁਆ ਲਿਆ ਹੈ। ਹੁਣ ਪ੍ਰਤੀਤ ਐਉਂ ਕਰਦਾ ਹੈ ਕਿ ਜਿਵੇਂ ਪ੍ਰੋਖਿਤ ਪਤਿਕਾ ਨਾਯਕਾ ਪਤੀ ਦੀ ਦੂਰੀ ਮਹਸੂਸ ਕਰਦੀ ਹੈ। ਉਸ ਨੂੰ ਮਿਲਣ ਦੀ ਉਤਕੰਠਾ ਹੋ ਆਈ ਹੈ ਜੋ ਤੀਬ੍ਰ ਹੈ ਤੇ ਰਾਤ ਨੂੰ ਸੌਣ ਨਹੀਂ ਦੇਂਦੀ। ਨਿਰਾਸਤਾ ਹੋ ਰਹੀ ਹੈ ਕਿ ਜੁਆਨੀ ਨੇ ਮੁੜ ਨਹੀਂ ਆਉਣਾ ਤੇ ਵੇਲਾ ਖੁੰਝ ਚੁਕਾ ਹੈ; ਲਿੱਸੀ ਪੈ ਰਹੀ ਹੈ ਤੇ ਕੁਛ ਨਹੀਂ ਭਾਉਂਦਾ। ਜਿਸ ਤਰਾਂ ਵਾਕ ਹੈ:- ਫਰੀਦਾ ਨੰਢੀ ਕੰਤੁ ਨ ਰਾਵਿਓ......। [ਸਲੋਕ ਫਰੀਦ ਜੀ-੫੪

ਪੁਨਾ:-ਫਰੀਦਾ ਕਾਲੀਂ ਜਿਨੀ ਨ ਰਾਵਿਆ ਧਉਲੀ ਰਾਵੈ ਕੋਇ॥ [ਸਲੋਕ ਫਰੀਦ ਜੀ-੧੨

ਸੋ ਇਹ ਤ੍ਰਗਤੀ ਭਾਵ ਉਦੇ ਵਾਲਾ ਪ੍ਰੇਮੀ ਹੈ। ਜਿਸ ਦੀ ਆਸ ਪੂਰੀ ਹੋ ਸਕਦੀ ਹੈ। ਜੈਸਾ ਕਿ ਫੁਰਮਾਨ ਹੈ:- ਫਰੀਦਾ ਕਾਲੀ ਧਉਲੀ ਸਾਹਿਬੁ ਸਦਾ ਹੈ ਜੇ ਕੋ ਚਿਤਿ ਕਰੇ॥

[ਮਹਲਾ ੩, ਸਲੋਕ ਫਰੀਦ ਜੀ ੧੩

ਸੋ ਇਹ ਵਾਹਿਗੁਰੂ ਜੀ ਦੇ ਮਿਲਣ ਦੀ ਪ੍ਰਬਲ ਇਛਾ ਵਾਲਾ ਹੈ ਤੇ ਨਿਰਾਸ ਹੋ ਜਾਂਦਾ ਹੈ। ਇਸ ਸ਼ਬਦ ਵਿਚ ਇਸੇ 'ਮੁੰਧ' ਪਦ ਨਾਲ ਜਣਾਏ ਗਏ ਪ੍ਰੇਮੀ ਲਈ ਫੇਰ ਹੋਰ ਹੋਰ ਪਦ ਬੀ ਵਰਤੇ ਹਨ, ਜਿਨ੍ਹਾਂ ਦਾ ਅਰਥ ਇਸਤ੍ਰੀ ਹੈ ਤੇ ਓਹ ਪਦ ਏਹ ਹਨ: ਸਾਧਨ, ਧਨ।

ਦੁਹੇਲੜੀਆ-ਦੁਹੇਲੀ। ਦੁਖੀ।

ਸਾਧਨ-[ਸੰਸ:, ਸਾਧ੍ਵੀ ਜੋ 'ਸਾਧੁ:' ਪਦ ਦਾ ਇਸਤ੍ਰੀ ਲਿੰਗ ਹੈ ਤੇ ਅਰਥ ਹੈ ਭਲੀ ਇਸਤ੍ਰੀ। ਅਥਵਾ: ਧੰਨਯ =ਸੁਭਾਗ) ਇਸਤ੍ਰੀ। ਇਸ ਦਾ ਪ੍ਰਾਕ੍ਰਿਤ ਰੂਪ ਹੈ 'ਧਨ੍ਨ'। ਪੁ: ਪੰਜਾਬੀ ਰੂਪ ਹੈ: ਧੰਨਿ, ਧਨਿ। 'ਧਨਿ' ਦੇ ਪਹਿਲੇ 'ਸਾ' ਲਾਕੇ ਬਣਿਆ 'ਸਾਧਨਿ', ਫੇਰ ਅਰਥ ਲਿਆ-ਭਲੀ ਇਸਤ੍ਰੀ। ਫੇਰ ਅਰਥ ਹੋ ਗਿਆ 'ਇਸਤ੍ਰੀ'] ਇਸਤ੍ਰੀ।

ਧਨ-[ਦੇਖੋ ਉਪਰਲਾ ਪਦ 'ਸਾਧਨ'] ਇਸਤ੍ਰੀ।

ਦੂਬਲਿ-[ਸੰਸ:, ਦੁਰ੍ਬਲਾ। ਹਿੰਦੀ, ਦੁਬਲੀ] ਪਤਲੀ, ਲਿੱਸੀ।

ਹਾਵੈ-[ਪਛੋਤਾਵੇ ਵਿਚ ਹਾ ਹਾ ਕਰਨਾ। ਗ਼ਮ, ਚਿੰਤਾ] ਹਾਵੇ ਨਾਲ।

ਮੈ ਮਤ-[ਸੰਸ:, ਮਦ ਮਤ੍ਤ:। ਨਸ਼ੇ ਵਿਚ ਮਸਤ। ਪ੍ਰਾ:, ਮਅਮਤ੍ਤ। ਸੁਸਤ। ਫ਼ਾਰਸੀ, ਮਯ+ਮਸਤ=ਸ਼ਰਾਬ ਵਿਚ ਮਸਤ*] ਨਸ਼ੇ ਵਿਚ ਚੂਰ। ਨਸ਼ੇ ਵਿਚ, ਮਸਤੀ ਵਿਚ, ਹੰਕਾਰ ਵਿਚ।

ਦੁਧਾ ਥਣੀ [ਪੁ: ਪੰਜਾ:, ਦੁਧਾ=ਚੋਇਆ ਹੋਇਆ+ਥਣੀ=ਥਣਾਂ ਵਿਚ] ਇਸ ਪਦ ਦੇ ਅਰਥ ਇਸ ਦੇ ਮੂਲ ਪਦ ਤੋਂ ਵਿਦਿਤ ਹੁੰਦੇ ਹਨ। ਸੰਸਕ੍ਰਿਤ ਵਿਚ 'ਦੁਗੁਧ' ਪਦ ਦਾ ਧਾਤੂ ਹੈ

*ਫ਼ਾਰਸੀ, ਮੈ=ਸ਼ਰਾਬ (+ਮਸਤ)।

'ਦੁਹੁ'=ਚੋਣਾ। ਇਸ ਤੋਂ ਬਣਦਾ ਹੈ ਦੁਧਾ। ਇਸ ਦਾ ਅਰਥ ਹੈ ਚੋਇਆ ਹੋਇਆ, ਸੋ ਆਪਣੇ ਪਹਿਲੇ ਰੂਪ ਵਿਚ ਇਹ ਪਦ ਸੰਗਯਾ ਵਾਚੀ ਨਹੀਂ। ਅਰਥਾਤ ਇਸ ਦਾ ਪਹਿਲਾ ਅਰਥ 'ਚੋਇਆ ਪਦਾਰਥ ਦੁੱਧ' ਨਹੀਂ। ਪਹਿਲਾ ਅਰਥ ਹੈ 'ਚੋਇਆ ਹੋਇਆ', ਇਸੇ ਤਰ੍ਹਾਂ ਸੰਸਕ੍ਰਿਤ ਵਿਚ ਇਕ ਧਾਤੂ ਹੈ 'ਦਹੁ', ਇਸ ਦੇ ਅਰਥ ਹਨ ਸੜਨਾ, ਇਸ ਤੋਂ 'ਦਗੁਧ' ਬਣਿਆ (=ਸੜਿਆ)। ਇਸ 'ਦਗੁਧ' ਪਦ ਤੋਂ ਪੰਜਾਬੀ ਦਾ ਪਦ ਬਣਿਆ 'ਦੱਧਾ'=ਸੜਿਆ ਹੋਇਆ; ਜੈਸੇ ਬਾਣੀ ਵਿਚ ਇਹ ਪਦ ਇਨ੍ਹਾਂ ਅਰਥਾਂ ਵਿਚ ਵਰਤਿਆ ਹੈ:-ਜਿਉ ਡਵਿ ਦਧਾ ਕਾਨੁ ॥ [ਸਿਰੀ ਰਾਗੁ ਮਹਲਾ ੧ ਅਸਟ -੧੬

ਅਰਥਾਤ ਜਿਵੇਂ ਦਾਵਾਨਲ ਦਾ ਸੜਿਆ ਹੋਇਆ ਕਾਨਾ ਹੁੰਦਾ ਹੈ। ਸੋ ਜਿਵੇਂ 'ਦਧਾ' ਦਾ ਅਰਥ ਹੈ 'ਸੜਿਆ ਹੋਇਆ' ਤਿਵੇਂ 'ਦੁਧਾ' ਦਾ ਅਰਥ 'ਚੋਇਆ ਹੋਇਆ (ਦੁੱਧ)' ਹੈ। ਇਸੇ ਤਰ੍ਹਾਂ ਸਿੰਧੀ ਲੋਕ ਪੰਜਾਬੀ ਦੇ ਕੰਨੇ ਨੂੰ ਅਕਸਰ 'ਹੋੜਾ' ਕਰਕੇ ਬੋਲਦੇ ਹਨ, ਓਹ 'ਦੁਧਾ' ਪਦ ਨੂੰ 'ਦੁਧੋ' ਉਚਾਰਣ ਕਰਕੇ ਅਰਥ 'ਚੋਇਆ ਹੋਇਆ' ਲੈਂਦੇ ਹਨ।ਸੰਸਕ੍ਰਿਤ ਵਿਚ ਦੁਗੁਧ ਤੋਂ ਪਦ ਦੁਗੁਧਮ੍ ਬਣਦਾ ਹੈ ਜੋ ਸੰਗਯਾ ਵਾਚੀ ਹੈ ਤੇ ਜਿਸ ਦੇ ਅਰਥ 'ਦੁਧ' ਹਨ।

ਸੁਹੇਲੀਆ-ਸੁਖ ਵਾਲੀਆਂ, ਸੁਖ ਵਿਚ ਰਹਿਣ ਵਾਲੀਆਂ। ਸੁਖੀ।

ਸਚੁ ਮਨਿ ਸਜਨ ਸੰਤਖਿ ਮੇਲਾ-ਸਚ ਨੂੰ ਮਨ ਵਿਚ (ਧਾਰਿਆ ਤੇ) ਸੰਤੋਖ ਦੁਆਰਾ।

(੨) ਐਉਂ ਬੀ ਯਤਨ ਅਰਥ ਲਾਉਣ ਦਾ ਹੁੰਦਾ ਹੈ:-ਸਚ ਸਰੂਪ ਸਜਣ ਦਾ ਮੇਲਾ ਸੰਤੋਖ ਨਾਲ ਹੁੰਦਾ ਹੈ। ਨਾਮੁ-ਵਾਹਿਗੁਰੂ ਜੀ ਦਾ ਨਾਮ।

ਨਾਮਿ- ਨਾਮੀ ਵਿਚ। ਜਿਸ ਦਾ ਨਾਮ ਸਿਮਰਦੇ ਹਾਂ ਉਸ ਵਿਚ।

ਨਾਮਿ ਸਹਜਿ-ਸਹਜੇ ਹੀ ਨਾਮੀ ਵਿਚ ਸਮਾ ਜਾਂਦੀਆਂ ਹਨ।

(ਅ) ਕਈ ਇਉਂ ਲੈਂਦੇ ਹਨ ਕਿ ਨਾਮ ਦੁਆਰਾ ਸਹਿਜੇ ਹੀ (ਪਤੀ ਵਿਚ) ਸਮਾ ਜਾਂਦੀਆਂ ਹਨ। ਐਸਾ ਕਰਨੇ ਵਿਚ 'ਪਤੀ ਵਿਚ' ਦਾ ਅਧਯਾਹਾਰ ਕਰਨਾ ਪੈਂਦਾ ਹੈ,ਜਿਸ ਦੀ ਏਥੇ ਲੋੜ ਨਹੀਂ ਹੈ। ਨਾਮਿ ਪਦ ਦਾ ਅਰਥ 'ਨਾਮੀ ਵਿਚ ਹੋਰਥੇ ਬੀ ਆਇਆ ਹੈ, ਯਥਾ:-

ਜੋ ਇਸੁ ਮਾਰੇ ਸੁ ਨਾਮਿ ਸਮਾਹਿ ॥ [ਗਉੜੀ ਮਹਲਾ ੫, ਅਸਟ-੫

(ੲ) ਨਾਮ ਵਿਚ। ਭਾਵ ਜੋ ਜਗਯਾਸੂ ਰੂਪ ਇਸਤ੍ਰੀ ਨਾਮ ਨੂੰ ਨਹੀਂ ਛਡਦੀ ਓਹ ਵ੍ਯਾਪਕ ਨਾਮ ਵਿਚ ਸਹਿਜੇ ਸਮਾ ਜਾਂਦੀ ਹੈ।

ਰਾਵੇਹਾ-ਰਾਵੀਏ। [ਸੰਸ:, ਰਮਣੰ=ਭੋਗਣਾ] ਮਾਣੀਏ। ਪਰਮੇਸ਼ੁਰ ਜੀ ਦੇ ਮਿਲਾਪ ਦਾ ਸੁਖ ਮਾਣੀਏ। ਸਨੇਹਾ-[ਸੰਸ:, ਸੰਦੇਸ਼:] ਸੁਨੇਹਾ।

ਨਿਕਸਿ ਜਾਤਉ-ਜੋ ਨਿਕਲ ਨਿਕਲ ਜਾਂਦਾ ਹੈ, ਉਹ ਕੌਣ ਹੈ ? ਜੀਵ ਦਾ ਮਨ।

ਜਾਮ-ਜਦੋਂ। ਨਉਤਨ-ਨਵਾਂ (ਪਿੱਛੇ ਆ ਚੁਕਾ ਹੈ, ਦੇਖੋ ਪੰਨਾ ੫੨੫)।

ਨਵੇਲਓ-[ਸੰਸ:, ਨਵਲ] ਜੋਬਨ ਵਿਚ ਰਹਿੰਦਾ ਹੈ। ਨਵਾਂ ਹੈ, ਨਵਾਂ ਰਹਿੰਦਾ ਹੈ।

ਰਹਸੀ-ਖੁਸ਼ੀ ਹੋਈ। ਆਨੰਦ ਹੋਈ। (ਦੇਖੋ ਪੰਨਾ ੧੧੩੬ 'ਰਹਸੁ')।

ਓਮਾਹਓ-ਖੁਸ਼ੀ ਵਿਚ ਆਇਆ। ਆਨੰਦ ਵਿਚ ਉਛਲ ਆਇਆ।

ਰਹੰਸੇ-[ਦੇਖੋ ਰਹਸੀ] ਰਹੱਸ ਵਿਚ ਆਏ। ਖੁਸ਼ ਹੋਏ।

ਵਿਆਪੇ-[ਸੰਸ:, ਵ੍ਯਾਪਨ੍=ਮਰ ਗਿਆ] ਨਸ਼ਟ ਹੋ ਗਏ, ਨਾਸ਼ ਹੋ ਗਏ।

(ਅ) ਦਬ ਗਏ। [ਸੰਪੂਦਾ

ਲਾਹਓ-ਲਾਹਾ ਲਿਆ। ਰਲੀਆ-ਖੁਸ਼ੀਆਂ। ਮੌਜਾਂ।

## [ਗਉੜੀ ਮਹਲਾ ੧, ਛੰਤ–੨]

### ਮੂਲ

ਗਉੜੀ ਛੰਤ ਮਹਲਾ ੧ ॥

ਸੁਣਿ ਨਾਹ ਪ੍ਰਭੂ ਜੀਉ ਏਕਲੜੀ ਬਨ ਮਾਹੇ ॥ ਕਿਉ ਧੀਰੈਗੀ ਨਾਹ ਬਿਨਾ ਪ੍ਰਭ ਵੇਪਰਵਾਹੇ ॥

ਧਨ ਨਾਹ ਬਾਝਹੁ ਰਹਿ ਨ ਸਾਕੈ ਬਿਖਮ ਰੈਣਿ ਘਣੇਰੀਆ ॥

ਨਹ ਨੀਦ ਆਵੈ ਪ੍ਰੇਮੁ ਭਾਵੈ ਸੁਣਿ ਬੇਨੰਤੀ ਮੇਰੀਆ ॥ ਬਾਝਹੁ ਪਿਆਰੇ ਕੋਇ ਨ ਸਾਰੇ ਏਕਲੜੀ ਕੁਰਲਾਏ ॥

ਨਾਨਕ ਸਾਧਨ ਮਿਲੈ ਮਿਲਾਈ ਬਿਨੁ ਪ੍ਰੀਤਮ ਦੁਖੁ ਪਾਏ ॥੧॥

ਪਿਰਿ ਛੋਡਿਅੜੀ ਜੀਉ ਕਵਣੁ ਮਿਲਾਵੈ ॥ ਰਸਿ ਪ੍ਰੇਮਿ ਮਿਲੀ ਜੀਉ ਸਬਦਿ ਸੁਹਾਵੈ ॥ ਸਬਦੇ ਸੁਹਾਵੈ ਤਾ ਪਤਿ ਪਾਵੈ ਦੀਪਕ ਦੇਹ ਉਜਾਰੈ ॥

ਸੁਣਿ ਸਖੀ ਸਹੇਲੀ ਸਾਚਿ ਸੁਹੇਲੀ ਸਾਚੇ ਕੇ ਗੁਣ ਸਾਰੈ ॥ ਸਤਿਗੁਰਿ ਮੇਲੀ ਤਾ ਪਿਰਿ ਰਾਵੀ ਬਿਗਸੀ ਅੰਮ੍ਰਿਤ ਬਾਣੀ ॥ ਨਾਨਕ ਸਾਧਨ ਤਾ ਪਿਰੁ ਰਾਵੇ ਜਾ ਤਿਸਕੈ ਮਨਿ ਭਾਣੀ ॥ ੨ ॥

### ਅਰਥ

ਹੇ ਪ੍ਰਭੂ ਪਤੀ ਜੀਓ (ਮੇਰੀ ਬੇਨਤੀ) ਸੁਣੋ ! (ਮੈਂ ਸੰਸਾਰ ਵਿਚ) ਇਕੱਲੀ (ਡਾਵਾਂ ਡੋਲ ਹਾਂ ਜਿਵੇਂ) ਬਨ ਵਿਚ (ਪਤੀ ਬਿਨਾਂ ਕੋਈ ਇਸਤ੍ਰੀ ਹੁੰਦੀ ਹੈ)। ਹੇ ਵੇਪਰਵਾਹ ਪ੍ਰਭੂ ਜੀਓ ! ਆਪ ਦੇ (ਆ ਮਿਲੇ ਤੋਂ) ਬਿਨਾਂ (ਇਹ ਆਪ ਦੀ ਪ੍ਰੇਮਣ) ਕਿਵੇਂ ਧੀਰਜ ਪਕੜੇਗੀ ? (ਭਾਵ ਨਹੀਂ ਧੀਰਜ ਪਕੜੇਗੀ)। (ਇਕੱਲਿਆਂ) ਲੰਮੀ ਰਾਤ ਕੱਟਣੀ ਔਖੀ ਹੋ ਜਾਂਦੀ ਹੈ, ਸੋ ਇਸਤ੍ਰੀ (ਅਪਣੇ) ਪਤੀ ਬਿਨਾਂ ਰਹਿ ਨਹੀਂ ਸਕਦੀ (ਤਿਵੇਂ ਮੈਨੂੰ ਆਪ ਦੇ ਆ ਮਿਲੇ ਬਿਨਾਂ ਉਮਰਾ ਰੂਪੀ ਰਾਤ ਕੱਟਣੀ ਔਖੀ ਹੋ ਰਹੀ ਹੈ)। (ਹੇ ਪ੍ਰਭੂ !) ਮੇਰੀ ਬੇਨਤੀ ਸੁਣੋ ! (ਜਿਵੇਂ ਅਣਮਿਲੇ ਪਤੀ ਦੀ ਇਸਤ੍ਰੀ ਨੂੰ) ਨੀਂਦ ਨਹੀਂ ਪੈਂਦੀ (ਮੈਨੂੰ ਤੁਸਾਂ ਬਿਨ ਸ਼ਾਂਤੀ ਨਹੀਂ ਆਉਂਦੀ, ਇਕੋ ਆਪ ਜੋ) ਪ੍ਰੇਮ (ਸਰੂਪ ਹੋ) ਪਜਾਰੇ ਲਗਦੇ ਹੋ। (ਹਾਂ ਜੀਓ ! ਜਿਵੇਂ) ਇਕੱਲੀ (ਬਨ ਵਿਚ ਡਾਵਾਂ ਡੋਲ ਇਸਤ੍ਰੀ ਕੁਰਲਾਉਂਦੀ ਹੈ (ਉਸ ਦੀ) ਸਾਰ ਪਜਾਰੇ (ਪਤੀ) ਬਿਨ ਕੋਈ ਨਹੀਂ ਲੈਂਦਾ (ਤਿਵੇਂ ਆਪ ਮੈਂ ਇਕੱਲੀ ਦੀ, ਪਜਾਰੇ ਜੀਓ, ਸਾਰ ਲਵੋ) ! (ਜਿਵੇਂ ਉਹ) ਇਸਤ੍ਰੀ (ਆਪੇ ਨਹੀਂ ਮਿਲ ਸਕਦੀ, ਪਰ ਕਿਸੇ ਬਨ ਬੇਲੇ ਤੇ ਪਤੀ ਦੇ ਟਿਕਾਣੇ ਦੇ ਜਾਣੂ ਦੀ) ਮਿਲਾਈ ਮਿਲ ਸਕਦੀ ਹੈ (ਨਹੀਂ ਤਾਂ, ਪ੍ਰੀਤਮ ਬਿਨਾਂ ਦੁਖ ਹੀ ਪਾਉਂਦੀ ਹੈ (ਤਿਵੇਂ) ਹੇ ਨਾਨਕ ! (ਪ੍ਰੇਮੀ ਮਿਲਾਇਆਂ ਹੀ ਮਿਲ ਸਕਦਾ ਹੈ) ॥੧॥

(ਜਿਸ ਨੂੰ) ਪਤੀ (ਨੇ ਛੱਡ ਦਿਤਾ ਹੋਵੇ ਉਸ) ਛੱਡੀ ਹੋਈ ਨੂੰ ਕੌਣ (ਫੇਰ) ਮਿਲਾਵੇ (ਤਿਵੇਂ ਮੈਂ ਸਾਈਂ ਤੋਂ ਵਿਸਾਰੀ ਹੋਈ ਨੂੰ ਕੌਣ ਮਿਲਾਵੇ ? ਉੱਤਰ:) ਸੁਹਾਉਣੇ ਸ਼ਬਦ ਦੁਆਰਾ ਪ੍ਰੇਮ-ਰਸ ਵਾਲੀ ਮਿਲੀ ਹੋਈ (ਹੋ ਜਾਵੇ)। (ਹਾਂ, ਜਦ) ਸ਼ਬਦ ਨਾਲ ਸੋਹਣੀ ਹੋ ਜਾਏਗੀ ਤਦ (ਗਜਾਨ ਰੂਪੀ ਦੀਵੇ ਦਾ ਚਾਨਣਾ ਦੇਹ (=ਅੰਤਹਕਰਣ) ਨੂੰ (ਪ੍ਰਕਾਸ਼ ਦੇਵੇਗਾ) ਤਾਂ ਪਤੀ ਨੂੰ ਪਾ ਲਵੇਗੀ। ਹੇ ਸਖੀ, ਹੇ ਸਹੇਲੀ ਸੁਣ ! (ਜਦੋਂ ਵਾਹਿਗੁਰੂ ਪ੍ਰੇਮੀ ਰੂਪੀ ਇਸਤ੍ਰੀ) ਸੱਚੇ (ਵਾਹਿਗੁਰੂ) ਦੇ ਗੁਣਾਂ ਨੂੰ ਸੰਭਾਲਦੀ ਰਹਿੰਦੀ ਹੈ ਤਾਂ (ਉਸ) ਸੱਚ (ਸਤਜ ਸਰੂਪ) ਦੁਆਰਾ ਸੁਖੀ ਹੋ ਜਾਂਦੀ ਹੈ। (ਪਰ ਫੁਰਮਾਉਂਦੇ ਹਨ ਗੁਰੂ) ਨਾਨਕ (ਦੇਵ ਜੀ) ਸਤਿਗੁਰ ਨੇ (ਜੋ ਵਾਹਿਗੁਰੂ ਨਾਲ) ਮੇਲੀ ਹੈ ਤੇ ਜਦ ਉਸ ਦੇ ਮਨ ਨੂੰ ਭਾ ਗਈ ਹੈ ਤਦ ਉਸੇ ਨੂੰ ਪਤੀ ਨੇ (ਅਪਣਾ) ਰਸ ਰੰਗ ਦਿਤਾ ਹੈ; (ਐਸੀ ਮਿਲੀ ਹੋਈ ਵਾਹਿਗੁਰੂ ਦੀ) ਅੰਮ੍ਰਿਤ ਬਾਣੀ ਨਾਲ ਖਿੜੀ ਰਹਿੰਦੀ ਹੈ ॥੨॥

ਮਾਇਆ ਮੋਹਣੀ ਨੀਘਰੀਆ ਜੀਉ
ਕੂੜਿ ਮੁਠੀ ਕੂੜਿਆਰੇ ॥

ਕਿਉ ਖੂਲੈ ਗਲ ਜੇਵੜੀਆ ਜੀਉ
ਬਿਨੁ ਗੁਰ ਅਤਿ ਪਿਆਰੇ ॥
ਹਰਿ ਪ੍ਰੀਤਿ ਪਿਆਰੇ ਸਬਦਿ
ਵੀਚਾਰੇ ਤਿਸਹੀ ਕਾ ਸੋ ਹੋਵੈ ॥

ਪੁੰਨ ਦਾਨ ਅਨੇਕ ਨਾਵਣ ਕਿਉ
ਅੰਤਰਿ ਮਲੁ ਧੋਵੈ ॥
ਨਾਮ ਬਿਨਾ ਗਤਿ ਕੋਇ ਨ ਪਾਵੈ
ਹਠਿ ਨਿਗ੍ਰਹਿ ਬੇਬਾਣੈ ॥ ਨਾਨਕ
ਸਚ ਘਰੁ ਸਬਦਿ ਸਿਞਾਪੈ ਦੁਬਿਧਾ
ਮਹਲੁ ਕਿ ਜਾਣੈ ॥ ੩ ॥

ਤੇਰਾ ਨਾਮੁ ਸਚਾ ਜੀਉ ਸਬਦੁ
ਸਚਾ ਵੀਚਾਰੋ ॥ ਤੇਰਾ ਮਹਲੁ ਸਚਾ
ਜੀਉ ਨਾਮੁ ਸਚਾ ਵਾਪਾਰੋ ॥
ਨਾਮ ਕਾ ਵਾਪਾਰੁ ਮੀਠਾ ਭਗਤਿ
ਲਾਹਾ ਅਨਦਿਨੋ ॥

ਤਿਸੁ ਬਾਝੁ ਵਖਰੁ ਕੋਇ ਨ ਸੂਝੈ
ਨਾਮੁ ਲੇਵਹੁ ਖਿਨੁ ਖਿਨ ॥

ਪਰਖਿ ਲੇਖਾ ਨਦਰਿ ਸਾਚੀ
ਕਰਮਿ ਪੂਰੈ ਪਾਇਆ ॥

[ਗੁਰੂ ਦੀ ਲੋੜ ਕਿਉਂ ਹੈ ?] ਮਾਇਆ ਮੋਹ ਲੈਣ ਵਾਲੀ (ਠਗਣੀ) ਹੈ, ਇਸ ਨੇ ਕੂੜ ਵਿਚ (ਪਾਕੇ) ਜੀਵ ਨੂੰ ਠਗ ਲਿਆ ਹੈ (ਤੇ ਇਸ ਨੂੰ ਸਚਿਆਰ ਬਣਨ ਦੀ ਥਾਵੇਂ) ਕੂੜਿਆਰ (ਬਣਾ ਦਿੱਤਾ) ਹੈ; (ਇਸ ਤਰਾਂ ਇਹ) ਨਿਘਰਾ ਹੋ ਗਿਆ ਹੈ। (ਭਾਵ ਇਹੋ ਬਨ ਹੈ ਜਿਸ ਵਿਚ ਇਕੱਲਾ ਡਾਵਾਂ ਡੋਲ ਹੈ)। (ਮਾਇਆ ਠੱਗਣੀ ਨੇ ਇਸ ਦੇ ਗਲ ਵਾਸ਼ਨਾਂ ਦੀ ਰੱਸੀ ਪਾ ਲਈ ਹੈ, ਉਹ) ਗਲ ਦੀ ਜੇਉੜੀ ਅਤਿ ਪਿਆਰੇ ਗੁਰੂ (ਦੇ ਖੋਲ੍ਹੇ) ਬਿਨਾਂ ਕੀਕੂੰ ਖੁੱਲ੍ਹੇ? (ਭਾਵ ਨਹੀਂ ਖੁੱਲ੍ਹਦੀ)। (ਸੋ ਜੋ ਕੋਈ ਗੁਰੂ ਦੇ) ਸ਼ਬਦ ਦੁਆਰਾ ਵੀਚਾਰ ਕਰੇਗਾ (ਤੇ ਉਸ ਅਨੁਸਾਰ) ਹਰੀ ਨੂੰ ਪ੍ਰੀਤ ਨਾਲ ਪਿਆਰ ਕਰੇਗਾ ਉਹ (ਹਰੀ) ਉਸੇ ਦਾ ਹੀ ਹੋ ਜਾਏਗਾ*। ਪੁੰਨ ਦਾਨ, ਅਨੇਕ (ਤਰ੍ਹਾਂ ਦੇ ਤੀਰਥ) ਇਸ਼ਨਾਨ (ਆਦਿ) ਅੰਦਰ ਦੀ ਮੈਲ ਨੂੰ ਕੀਕੂੰ ਧੋ ਸਕਦੇ ਹਨ? (ਭਾਵ ਨਹੀਂ ਧੋ ਸਕਦੇ)। ਜੰਗਲ ਵਿਖੇ ਹੱਠ ਸਾਧਨ ਨਾਲ (ਇੰਦ੍ਰੀਆਂ ਵੱਸ ਕੀਤੇ ਹੋਏ)ਕਿਸੇ ਨੂੰ ਮੁਕਤੀ ਨਾਮ ਬਿਨਾ ਪ੍ਰਾਪਤ ਨਹੀਂ ਹੁੰਦੀ†। ਹੇ ਨਾਨਕ ! ਸੱਚਾ ਘਰ (ਵਾਹਿਗੁਰੂ ਦਾ ਸਰੂਪ) ਸ਼ਬਦ ਦੁਆਰਾ ਪਛਾਣ ਹੁੰਦਾ ਹੈ, ਦੁਬਿਧਾ (ਵਾਲਾ ਪੁਰਖ ਸਾਈਂ ਦੇ ਮਹਲ=) ਸਰੂਪ ਨੂੰ ਕਿਵੇਂ ਪਛਾਣ ਸਕਦਾ ਹੈ? (ਭਾਵ ਨਹੀਂ ਪਛਾਣ ਸਕਦਾ) ॥ ੩ ॥

[ਹੁਣ ਨਾਹ ਦੇ ਮਿਲਾਪ ਦਾ ਉਪਾਉ ਤਾਕੀਦ ਨਾਲ ਦੱਸਦੇ ਹਨ:] (ਹੇ ਵਾਹਿਗੁਰੂ) ਜੀਓ ! ਤੇਰਾ ਨਾਮ ਸੱਚਾ ਹੈ, ਤੇਰਾ ਸ਼ਬਦ (ਤੇ ਉਸਦਾ) ਵੀਚਾਰ ਸੱਚਾ ਹੈ, ਤੇਰਾ ਮਹਲ (ਸਰੂਪ) ਸੱਚਾ ਹੈ ਜੀਓ ! (ਤੇਰਾ) ਨਾਮ ਹੀ ਸੱਚਾ ਵਪਾਰ ਹੈ। ਨਾਮ ਦਾ ਵਪਾਰ (ਕੇਵਲ ਸੱਚਾ ਹੀ ਨਹੀਂ ਇਹ ਮਿੱਠਾ (ਬੀ) ਹੈ (ਭਾਵ ਰਸ ਦਾਇਕ ਹੈ। ਇਸ ਵਪਾਰ ਦਾ ਨਫਾ ਹੈ ਭਗਤੀ, (ਉਹ ਭਗਤੀ ਫੇਰ ਅਲਪ ਕਾਲਕ ਨਹੀਂ ਉਹ) ਹਰ ਰੋਜ਼ੀ (ਅਰਥਾਤ ਸਦੈਵੀ ਹੋ ਜਾਂਦੀ ਹੈ। ਹਾਂ ਸੱਚ ਇਹ ਹੈ ਕਿ) ਉਸ (ਨਾਮ ਦੇ ਵਪਾਰ ਤੋਂ) ਬਿਨਾ ਕੋਈ (ਹੋਰ ਉਸ ਤੁੱਲ) ਸੌਦਾ ਦਿੱਸਦਾ ਹੀ ਨਹੀਂ (ਇਸ ਲਈ) ਹਰ ਖਿਨ ਨਾਮ ਲੈਂਦੇ ਰਹੋ। (ਅਸੀਂ ਸੁਣੀ ਸੁਣਾਈ ਗੱਲ ਨਹੀਂ ਆਖ ਰਹੇ, ਹੋਰ ਵਪਾਰਾਂ ਤੋਂ ਇਸ ਨਾਮ ਵੱਖਰ ਦਾ) ਲੇਖਾ (ਅਸਾਂ) ਪਰਖ ਲੀਤਾ ਹੈ (ਪਰ ਇਹ ਪਰਖਣਾ ਤਾਂ ਹੋ ਸਕੀ ਜੋ ਪਹਿਲੋਂ) ਪੂਰੇ ਭਾਗਾਂ ਦੁਆਰਾ (ਗੁਰੂ) ਪਾਇਆ (ਤੇ ਉਸਨੇ) ਸੱਚੀ ਨਜਰ

*ਐਉਂ ਬੀ ਅਰਥ ਕਰਦੇ ਹਨ-ਹਰੀ ਨੂੰ ਪ੍ਰੀਤ ਕਰਨ ਵਾਲੇ (ਗੁਰੂ) ਦੇ ਸ਼ਬਦ ਦੁਆਰਾ ਜੋ ਵੀਚਾਰ ਕਰੇਗਾ, ਹਰੀ ਉਸੇ ਦਾ ਹੋ ਜਾਏਗਾ।

†ਯਥਾ–ਬਨਹਿ ਬਸੇ ਕਿਉ ਪਾਈਐ ਜਉ ਲਉ ਮਨਹੁ ਨ ਤਜਹਿ ਬਿਕਾਰ ॥ [ਮਾਰੂ ਕਬੀਰ ਜੀਉ-੧

| | |
|---|---|
| ਨਾਨਕ ਨਾਮੁ ਮਹਾ ਰਸੁ ਮੀਠਾ ਗੁਰਿ ਪੂਰੈ ਸਚੁ ਪਾਇਆ ॥ ੪॥ ੨ ॥ | (ਬਖ਼ਸ਼ੀ, ਜਿਸ ਨਾਲ ਪਰਖਣਾ ਹੋ ਗਈ) । ਹੇ ਨਾਨਕ ! (ਇਹ) ਮਿੱਠਾ ਤੇ ਮਹਾਂ ਰਸ ਰੂਪੀ ਨਾਮ (ਜਿਸ ਕਿਸੇ ਨੇ ਪਾਇਆ ਹੈ) ਨਿਸਚੇ (ਜਾਣੋ) ਪੂਰੇ ਗੁਰੂ ਤੋਂ ਹੀ ਪਾਇਆ ਹੈ* ।੪॥੨॥ |

**ਵਯਾਖਯਾ**—ਇਸ ਛੰਤ ਵਿਚ ਬੀ ਪਤੀ ਤੋਂ ਵਿਛੁੜੀ ਤੇ ਉਸ ਦੇ ਮੇਲ ਦੀ ਤੀਬਰ ਚਾਹ ਵਾਲੀ ਇਸਤ੍ਰੀ ਦਾ ਰੂਪਕ ਲੈ ਕੇ ਪਰਮਾਰਥ ਦਾ ਉਪਦੇਸ਼ ਕਾਵਯ ਦੀ ਪਰਾਂ ਵਾਲੀ ਉਡਾਵਣ ਹਾਰ ਬੋਲੀ ਵਿਚ ਵਰਣਨ ਹੋਇਆ ਹੈ। ਇਸਤ੍ਰੀ ਬਨ† ਵਿਚ ਡਾਵਾਂ ਡੋਲ ਹੈ। ਬਨ ਵਿਚ ਗਈ ਹੈ, ਇਸ ਖ਼ਯਾਲ ਯਾ ਨਿਸਚੇ ਵਿਚ ਕਿ ਓਥੇ ਮਿਲੇਗਾ, ਪਰ ਉਹ ਨਹੀਂ ਮਿਲਿਆ ਤੇ ਇਸਤ੍ਰੀ ਕੁਰਲਾ ਰਹੀ ਹੈ। ਕਾਵਯ ਵਿਚ ਸੰਕੇਤ ਸਥਲ ਤੇ ਪ੍ਰਿਯ ਨੂੰ ਨਾ ਪਾ ਕੇ ਜੋ ਅਕੁਲਾਵੇ, ਦੁਖ ਕਰੇ ਉਹ 'ਵਿਪ੍ਰਲਬਧਾ' ਕਹੀਦੀ ਹੈ। ਦੁਖੀ ਹੋਣ ਦੇ ਲੱਛਣ ਤਾਂ ਮਿਲਦੇ ਹਨ ਪਰ ਪਤੀ ਨਾਲ ਕਦੇ ਸੰਕੇਤ ਹੋਇਆ ਸੀ ਕਿ ਬਨ ਵਿਚ ਮਿਲਾਂਗਾ, ਐਸਾ ਲੱਛਣ ਨਹੀਂ ਮਿਲਦਾ। ਹਾਂ ਇਹ ਹੋ ਸਕਦਾ ਹੈ ਕਿ ਕਿਸੇ ਉਪਦੇਸ਼ ਦੁਆਰਾ ਯਾ ਕਿਸੇ ਪੁਸਤਕ ਵਿਚ ਪੜ੍ਹਕੇ ਵਾਹਿਗੁਰੂ ਦੇ ਢੂੰਡਾਊ ਨੂੰ ਨਿਸਚੇ ਹੋਗਿਆ ਹੈ ਕਿ ਉਹ ਬਨ ਵਿਚ ਹੀ ਮਿਲਦਾ ਹੈ। ਤਦ ਉਹ ਬਨ ਨੂੰ ਗਿਆ ਤੇ ਓਥੇ ਬੀ ਮੇਲ ਨਾ ਹੋਣ ਤੇ ਘਬਰਾ ਵਿਚ ਹੈ। ਇਉਂ ਇਹ ਸੰਭਾਵਨਾ ਬੀ ਹੋ ਸਕਦੀ ਹੈ ਕਿ ਪਹਿਲੇ ਛੰਤ ਵਿਚ ਤਾਂ ਗੁਰੂ ਜੀ ਨੇ ਉਸ 'ਵਾਹਿਗੁਰੂ ਵਿਯੋਗੀ' ਦਾ ਹਾਲ ਕਿਹਾ ਜੋ ਘਰ ਵਿਚ ਹੀ ਪ੍ਰੇਮੀ ਹੋ ਰਿਹਾ ਹੈ ਤੇ ਇਸ ਛੰਤ ਵਿਚ ਉਸ ਵਿਯੋਗੀ ਦਾ ਹਾਲ ਹੈ ਜੋ ਬਨ ਵਿਚ ਜਾਕੇ ਮਿਲਣ ਦੇ ਸਾਧਨ ਕਰ ਰਿਹਾ ਹੈ ਤੇ ਨਾ ਪ੍ਰਾਪਤੀ ਤੇ ਅਕੁਲਾਕੇ ਅਰਦਾਸਾਂ ਕਰ ਰਿਹਾ ਪੁਕਾਰਦਾ ਪਿਆ ਹੈ।

ਇਸ ਛੰਤ ਦੇ ਪਹਿਲੇ ਅੰਕ ਵਿਚ ਹੀ ਪਤਾ ਪੈ ਜਾਂਦਾ ਹੈ ਕਿ ਇਸ ਵਿਚ ਬਿਰਹਨੀ ਇਸਤ੍ਰੀ ਦ੍ਰਿਸ਼ਟਾਂਤ ਮਾਤ੍ਰ ਹੈ ਤੇ ਭਾਵ 'ਵਾਹਿਗੁਰੂ ਵਿਯੋਗੀ' ਤੋਂ ਹੈ। ਜੈਸਾ ਕਿ ਪਦ ਪ੍ਰਭੂ, ਵੇਪਰਵਾਹ, ਮਿਲੈ ਮਿਲਾਈ ਆਦਿ ਸੈਨਤਾਂ ਸੱਟ ਦੇਂਦੇ ਹਨ।

ਅੰਕ ੨–ਪਹਿਲੇ ਅੰਕ ਵਿਚ 'ਵਾਹਿਗੁਰੂ ਵਿਯੋਗੀ' ਦਾ ਅਪਣੇ ਆਪ ਨੂੰ ਇਕੱਲਿਆਂ ਪ੍ਰਤੀਤ ਕਰਕੇ ਘਬਰਾਉਣ ਦਾ ਨਕਸ਼ਾ ਅਤਿ ਉੱਤਮ ਬੰਨ੍ਹਿਆ ਹੈ ਤੇ ਅੰਤਲੀ ਤੁਕ ਵਿਚ ਮਿਲਣ ਦੀ ਆਸ ਬਨ੍ਹਾ ਦਿੱਤੀ ਹੈ। 'ਮਿਲੈ ਮਿਲਾਈ' ਕਹਿਕੇ, ਸੈਨਤ ਗੁਰੂ ਵੱਲ ਕਰ ਦਿੱਤੀ ਹੈ। ਤੇ ਇਸ ਅੰਕ ੨ ਦੀ ਪਹਿਲੀ ਸਤਰ ਵਿਚ ਆਪ ਹੀ ਪੁੱਛ ਕਰ ਦਿੱਤੀ ਹੈ ਕਿ ਕੌਣ ਮਿਲਾਵੇ ? ਤੇ ਉੱਤਰ ਵਿਚ ਪਹਿਲੋਂ ਉਪਰਾਲਾ ਤੇ ਫੇਰ ਉਪਰਾਲੇ ਦੱਸਣ ਵਾਲੇ ਸਤਿਗੁਰੂ ਦਾ ਪਤਾ ਦਿੱਤਾ ਹੈ। ਐਉਂ ਲੜੀ ਬੱਧੀ ਕਿ ਪ੍ਰੇਮ ਭਾਵਨਾ ਨਾਲ ਰਸ-ਮਈ ਹੋ ਜਾਏ ਤਾਂ ਮੇਲ ਹੁੰਦਾ ਹੈ। ਪ੍ਰੇਮ ਭਾਵੀ ਰਸਮਯਤਾ ਸ਼ਬਦ ਦੁਆਰਾ ਹੁੰਦੀ ਹੈ, ਸ਼ਬਦ ਨਾ ਕੇਵਲ ਰਸਮਯਤਾ ਦੇਵੇਗਾ, ਗਯਾਨ ਪ੍ਰਦਾਨ ਬੀ ਕਰੇਗਾ। ਸ਼ਬਦ ਪਾਕੇ ਸੱਚੇ ਦੇ ਗੁਣ ਗਾਯਨ ਕਰੇ, ਭਾਵ ਨਾਮ ਤੇ ਸਿਫਤ ਸਲਾਹ ਵਿਚ ਲੱਗੇ।ਇਹ ਸਾਰਾ ਕੁਛ ਸਤਿਗੁਰੂ ਤੋਂ ਮਿਲਨਾ ਹੈ। ਗੁਰਮਤਿ ਲੈ ਕੇ ਉਪ੍ਰਾਲੇ ਕਰਕੇ ਫਿਰ ਬੀ ਮਿਲਨਾ ਉਸਦੀ ਮਿਹਰ ਹੈ। ਪਹਿਲਾਂ ਸਭ ਕੁਛ ਬੀ ਮੇਹਰ ਸੀ, ਅੰਤਮ ਮੇਲ ਬੀ ਮੇਹਰ ਹੁੰਦੀ ਹੈ।

---

*ਅਥਵਾ ਪੂਰੇ ਗੁਰੂ ਤੋਂ ਮਿੱਠਾ ਤੇ ਮਹਾਂ ਰਸ (ਰੂਪੀ) ਨਾਮ ਅਤੇ (ਨਾਮ ਦਾ ਨਾਮੀ) ਸਤਯ ਸਰੂਪ (ਵਾਹਿਗੁਰੂ) ਪ੍ਰਾਪਤ ਕੀਤਾ ਹੈ।

†ਸੰਸਾਰ ਨੂੰ ਬੀ ਬਨ ਕਿਹਾ ਹੈ: ਬਨਿ ਭੀਹਾਵਲੈ ਹਿਕੁ ਸਾਥੀ ਲਧਮੁ ਦੁਖ ਹਰਤਾ ਹਰਿਨਾਮਾ ॥
[ਵਾਰ ਗੂਜਰੀ ਮਹਲਾ ੫–੭

ਪੁਨਾ:–ਉਦਿਆਨ ਬਸਨੰ ਸੰਸਾਰੰ ਸਨਬੰਧੀ ਸ੍ਵਾਨ ਸਿਆਲ ਖਰਹ ॥ [ਸਲੋਕ ਸਹਸਕ੍ਰਿਤੀ ਮ: ੫–੫੮

ਅੰਕ ੭–ਅੰਕ ੧ ਵਿਚ ਜੋ ਵਿਪ੍ਰਲਬਧਾ ਵਾਂਙੂ ਵਾਹਿਗੁਰੂ ਵਿਯੋਗੀ ਦਾ ਰੂਪ ਬੱਧਾ ਸੀ, ਅੰਕ ੩ ਵਿਚ ਜਾਪਦਾ ਹੈ ਕਿ ਵਾਹਿਗੁਰੂ ਜੀ ਦੇ ਨਾ ਮਿਲਣ ਦਾ ਕਾਰਣ ਦੱਸਦੇ ਹਨ। ਮਾਨੋ ਪ੍ਰਭੂ ਦਾ ਸੰਕੇਤ ਜੀਵ ਨੂੰ ਮਿਲਣੇ ਦਾ ਹੈ; ਨਾ ਮਿਲਣੇ ਦਾ ਕਾਰਣ ਪ੍ਰਭੂ ਨਹੀਂ, ਜੀਵ ਆਪ ਹੈ, ਜੋ ਮਾਇਆ ਠੱਗਣੀ ਦੇ ਵੱਸ ਪੈ ਕੇ ਕੂੜ ਵਿਚ ਘਿਰ ਜਾਂਦਾ ਹੈ। ਇਹ ਹਨੇਰਾ ਨਹੀਂ ਮਿਲਣ ਦੇਂਦਾ। ਮਾਇਆ ਨੇ ਵਾਸ਼ਨਾ ਦੀ ਮਾਨੋ ਜੇਉੜੀ ਪਾ ਕੇ ਅਪਣੇ ਵੱਲ ਧੂਹ ਰਖਿਆ ਹੈ। ਇਹ ਜੇਉੜੀ ਤੇ ਹਨੇਰਾ ਹਾਜ਼ਰਾ ਹਜ਼ੂਰ ਪਤੀ ਪਰਮੇਸੁਰ ਨੂੰ ਦਿਖਣ ਨਹੀਂ ਦੇਂਦਾ। ਇਹ ਦੱਸ ਕੇ ਫੇਰ ਕਾਰਣ ਦੱਸਦੇ ਹਨ ਕਿ ਅਸਾਂ 'ਗੁਰੂ' ਦਾ ਮੇਲਾਵਣ ਹਾਰ ਜ਼ਿਕਰ ਕਿਉਂ ਕੀਤਾ ਹੈ; ਕਿ ਗੁਰੂ ਹੈ, ਜੋ ਮਾਇਆ ਤੋਂ ਉੱਪਰ ਹੈ, ਜੋ ਵਾਹਿਗੁਰੂ ਸੰਜੋਗੀ ਹੈ, ਉਹ ਮਾਇਆ ਦੀ ਜੇਵੜੀ ਕੱਪਦਾ ਹੈ–ਅਤਿ ਪਯਾਰ ਵਾਲਾ ਗੁਰੂ।

ਇਸ ਅੰਕ ਵਿਚ ਦੱਸਿਆ ਹੈ ਕਿ ਹੋਰ ਕਰਮ ਪੁੰਨ ਦਾਨ ਇਸ਼ਨਾਨ ਆਦਿ ਜੇਵੜੀ ਨਹੀਂ ਕੱਪ ਸਕਦੇ, ਕੇਵਲ ਨਾਮ ਹੀ ਇਹ ਕੰਮ ਕਰ ਸਕਦਾ ਹੈ*। ਸੋ ਜੋ ਦ੍ਵੈਤ ਭਾਵਨਾ ਛੋੜਕੇ ਦੁਬਿਧਾ ਵਿਚੋਂ ਨਿਕਲ ਕੇ ਨਾਮ ਦੁਆਰਾ ਸੱਚ ਨੂੰ ਪ੍ਰਾਪਤ ਕਰ ਲੈਂਦੇ ਹਨ, ਓਹ ਵਾਹਿਗੁਰੂ ਦੇ ਸਰੂਪ ਨੂੰ ਪਛਾਣ ਕੇ ਉਸ ਨੂੰ ਪ੍ਰਾਪਤ ਹੋ ਜਾਂਦੇ ਹਨ।

ਅੰਕ ੪–ਇਸ ਅੰਕ ਵਿਚ ਨਾਮ ਦੀ ਮਹਿਮਾ ਹੈ ਤੇ ਨਾਲ ਦੱਸਦੇ ਹਨ ਕਿ ਨਾਮ ਦੀ 'ਮੁਕਤੀ ਦਾਤਾ' ਹੋਣ ਵਾਲੀ ਤਾਸੀਰ ਅਸੀਂ ਸੁਣੀ ਸੁਣਾਈ ਨਹੀਂ ਕਹਿ ਰਹੇ ਅਪਣੇ ਤਜਰਬੇ ਦੀ ਕਹਿ ਰਹੇ ਹਾਂ। ਫੇਰ ਦੱਸਦੇ ਹਨ ਕਿ ਨਾਮ ਦਾ ਵਪਾਰ ਮਿੱਠਾ ਹੈ ਸਗੋਂ ਇਹ ਮਹਾਂ ਰਸ ਹੈ। ਵਪਾਰ ਤੋਂ ਭਾਵ ਹੈ ਸਦਾ ਲੱਗੇ ਰਹਿਣਾ, ਨਾਮੀਆਂ ਦੀ ਸੰਗਤ ਕਰਨੀ, ਨਾਮ ਭਿੱਖੁਆਂ ਨੂੰ ਨਾਮ ਦੇਣਾ, ਅਲੂਣਾਂ ਨੂੰ ਨਾਮ ਦਾ ਪਤਾ ਦੇਣਾ, ਆਦਿ। ਇਸ ਨਾਮ ਜਪਣ ਦੀ ਵਾਰੋਵਾਰ ਤਾਕੀਦ ਇਸ ਅੰਕ ਵਿਚ ਕੀਤੀ ਹੈ ਅਤੇ ਅੰਤ ਵਿਚ ਗੁਰੂ, ਨਾਮ, ਕਰਮ, ਪਰਖ, ਨਦਰ, ਸਾਰੀਆਂ ਗੱਲਾਂ ਦਾ ਦੁਹਰਾਉਣਾ ਕਰ ਜਾਂਦੇ ਹਨ।

**ਨਿਰੁਕ੍ਤ–**ਨਾਹ–ਪਤੀ (ਦੇਖੋ ਪਿਛਲਾ ਸ਼ਬਦ ਜਿਸ ਵਿਚ ਪਿਰ, ਕੰਤ, ਧਨੀ, ਨਾਹ ਪਦ ਆ ਚੁਕੇ ਹਨ। ਸਭ ਦਾ ਅਰਥ ਭਾਵ ਇਕੋ ਹੈ)।

ਧੀਰੈਗੀ–ਧੀਰਜ ਪਕੜੇਗੀ। ਧੀਰਜ ਕਰੇਗੀ। ਘਬਰਾ ਵਿਚੋਂ ਨਿਕਲੇਗੀ।

ਸਾਰੇ–ਸਾਰ ਲੈਂਦਾ। ਸੰਭਾਲ ਕਰਦਾ।

• ਦੇਹ–ਸਰੀਰ। ਪਰ ਏਥੇ ਦੇਹ ਤੋਂ ਮੁਰਾਦ ਦੇਹ ਦੇ ਅੰਦਰਲੇ ਅੰਤਹਕਰਣ ਦੀ ਹੈ। ਉਵ ਜੋ ਸੋ ਦੇਹ ਸਾਰੀ ਨੂੰ ਰੌਸ਼ਨ ਕਰੇਗੀ, ਉਹ ਮਨ ਅੰਤਹਕਰਣ ਨੂੰ ਆਪੇ ਰੌਸ਼ਨ ਕਰੇਗੀ।

ਮੋਹਣੀ–ਮੋਹ ਲੈਣ ਵਾਲੀ। ਠੱਗ ਲੈਣ ਵਾਲੀ।

ਨਿਘਰੀਆ–ਨਿ+ਘਰ+ਆ=ਨਾ ਘਰ ਵਾਲਾ। ਜਿਸਦਾ ਕੋਈ ਘਰ ਘਾਟ ਨਾ ਹੋਵੇ। ਉਹ ਪੁਰਖ ਜੋ ਅਪਣੀ ਆਤਮ ਲੱਖਤਾ ਤੋਂ ਘੁੱਸ, ਵਾਸ਼ਨਾ ਤ੍ਰਿਸ਼ਨਾ ਵਿਚ ਵਿਦੇਸ਼ੀ ਹੋਇਆ ਫਿਰਦਾ ਹੈ। ਜੇਵੜੀਆ–ਰੱਸੀ, ਮੁਰਾਦ ਵਾਸ਼ਨਾ ਰੂਪ ਰੱਸੀ ਤੋਂ ਹੈ। ਗਤਿ–[ਸੰਸ:] ਮੁਕਤੀ

ਨਿਗ੍ਰਹਿ–[ਸੰਸ: ਨਿਗ੍ਰਹ=ਰੋਕ] ਇੰਦ੍ਰੀਆਂ ਨੂੰ ਰੋਕਣ ਨਾਲ।

ਬੇਬਾਨੈ–[ਫਾ:, ਬਯਾਬਾਨ] ਉਜਾੜ। ਉਜਾੜਾਂ ਵਿਚ। ਉਜਾੜ ਵਿਖੇ। ਉਜਾੜ ਤੋਂ।

ਸਚ ਘਰੁ–ਸਤਯ ਸਰੂਪ ਦਾ ਘਰ (=ਸਰੂਪ)।

ਮਹਲੁ–ਸਰੂਪ। ਵਾਹਿਗੁਰੂ ਜੀ ਦਾ ਸਰੂਪ। ਲਾਹਾ–ਨਫਾ। ਖੱਟੀ।

---

*ਨਾਨਕ ਨਾਮੁ ਸਮਾਲਿ ਤੂੰ ਬਧਾ ਛੁਟਹਿ ਜਿਤੁ ॥　　[ਸੂਹੀ ਮਹਲਾ ੧-੩

[ਗਉੜੀ ਪੂਰਬੀ ਮਹਲਾ ੩, ਛੰਤ–੩]

# ਰਾਗੁ ਗਉੜੀ ਪੂਰਬੀ ਛੰਤ ਮਹਲਾ ੩

## ੧ ਓ ਸਤਿਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ ॥

ਮੂਲ

ਸਾਧਨ ਬਿਨਉ ਕਰੇ ਜੀਉ ਹਰਿ ਕੇ ਗੁਣ ਸਾਰੇ ॥ ਖਿਨੁ ਪਲੁ ਰਹਿ ਨ ਸਕੈ ਜੀਉ ਬਿਨੁ ਹਰਿ ਪਿਆਰੇ ॥ ਬਿਨੁ ਹਰਿ ਪਿਆਰੇ ਰਹਿ ਨ ਸਾਕੈ ਗੁਰ ਬਿਨੁ ਮਹਲੁ ਨ ਪਾਈਐ ॥ ਜੋ ਗੁਰੁ ਕਹੈ ਸੋਈ ਪਰੁ ਕੀਜੈ ਤਿਸਨਾ ਅਗਨਿ ਬੁਝਾਈਐ ॥ ਹਰਿ ਸਾਚਾ ਸੋਈ ਤਿਸੁ ਬਿਨੁ ਅਵਰੁ ਨ ਕੋਈ ਬਿਨੁ ਸੇਵਿਐ ਸੁਖੁ ਨ ਪਾਏ ॥ ਨਾਨਕ ਸਾਧਨ ਮਿਲੈ ਮਿਲਾਈ ਜਿਸਨੋ ਆਪਿ ਮਿਲਾਏ ॥੧॥

ਧਨ ਰੈਣਿ ਸੁਹੇਲੜੀਏ ਜੀਉ ਹਰਿ ਸਿਉ ਚਿਤੁ ਲਾਏ ॥ ਸਤਿਗੁਰੁ ਸੇਵੇ ਭਾਉ ਕਰੇ ਜੀਉ ਵਿਚਹੁ ਆਪੁ ਗਵਾਏ ॥ ਵਿਚਹੁ ਆਪੁ ਗਵਾਏ ਹਰਿ ਗੁਣ ਗਾਏ ਅਨਦਿਨੁ ਲਾਗਾ ਭਾਓ ॥ ਸੁਣਿ ਸਖੀ ਸਹੇਲੀ ਜੀਅ ਕੀ ਮੇਲੀ ਗੁਰ ਕੈ ਸਬਦਿ ਸਮਾਓ ॥ ਹਰਿ ਗੁਣ ਸਾਰੀ ਤਾ ਕੰਤ ਪਿਆਰੀ ਨਾਮੇ ਧਰੀ ਪਿਆਰੋ ॥ ਨਾਨਕ ਕਾਮਣਿ ਨਾਹ ਪਿਆਰੀ ਰਾਮ ਨਾਮੁ ਗਲਿ ਹਾਰੋ ॥੨॥

ਧਨ ਏਕਲੜੀ ਜੀਉ ਬਿਨੁ ਨਾਹ ਪਿਆਰੇ ॥ ਦੂਜੈ ਭਾਇ ਮੁਠੀ ਜੀਉ ਬਿਨੁ ਗੁਰ ਸਬਦ ਕਰਾਰੇ ॥ ਬਿਨੁ

ਅਰਥ

ਹੇ ਜੀਓ ਜੀ ! ਇਸਤ੍ਰੀ (ਰੂਪੀ ਵਾਹਿਗੁਰੂ ਵਿਯੋਗੀ) ਹਰੀ ਦੇ ਗੁਣਾਂ ਨੂੰ ਯਾਦ ਕਰਕੇ ਬੇਨਤੀ ਕਰਦਾ ਹੈ। (ਉਹ) ਪਿਆਰੇ ਹਰੀ ਤੋਂ ਬਿਨਾਂ, ਹੇ ਜੀਓ! ਖਿਨ ਪਲ ਬੀ ਨਹੀਂ ਰਹਿ ਸਕਦਾ। (ਹਾਂ) ਪਿਆਰੇ ਹਰੀ ਤੋਂ ਬਿਨਾਂ ਰਹਿ ਨਹੀਂ ਸਕਦਾ, ਪਰ (ਹਰੀ ਦਾ) ਮਹਲ ਗੁਰੂ ਤੋਂ ਬਿਨਾਂ ਨਹੀਂ ਪਾ ਸਕੀਦਾ। ਗੁਰੂ ਜੋ ਆਖੇ ਸੋ ਚੰਗੀ ਤਰ੍ਹਾਂ ਕਮਾਉਣਾ ਚਾਹੀਦਾ ਹੈ,(ਇਉਂ) ਤ੍ਰਿਸ਼ਨਾ (ਰੂਪੀ) ਅੱਗ ਬੁਝਾ ਲਈਦੀ ਹੈ। (ਸੋ ਇਹ ਗੱਲ ਸਮਝ ਲਓ ਕਿ) ਉਹੀ ਹਰੀ ਹੀ (ਇਕ) ਸਤ੍ਯ (ਸਰੂਪਤਾ ਵਾਲਾ) ਹੈ ਉਸ ਬਿਨਾਂ ਹੋਰ ਕੋਈ (ਸਤ੍ਯ ਸਰੂਪ) ਨਹੀਂ ਹੈ (ਤੇ ਉਸ ਸਤ੍ਯ ਸਰੂਪ ਨੂੰ) ਸੇਵੇ ਬਿਨਾਂ (ਕੋਈ ਸਦੀਵੀ) ਸੁਖ ਨਹੀਂ ਪਾ ਸਕਦਾ। ਹੇ ਨਾਨਕ! (ਉਹ) ਇਸਤ੍ਰੀ (ਰੂਪ 'ਵਾਹਿਗੁਰੂ ਵਿਯੋਗੀ' ਜਿਸਨੂੰ(ਪ੍ਰਭੂ)ਆਪ ਗੁਰੂ(ਨਾਲ)ਮਿਲਾਵੇ (ਉਸੇ ਨੂੰ ਗੁਰੂ ਦੁਆਰਾ (ਪ੍ਰਭੂ ਦਾ)ਮੇਲ ਪ੍ਰਾਪਤ ਹੁੰਦਾ ਹੈ ॥੧॥

ਇਸਤ੍ਰੀ (ਰੂਪੀ ਵਾਹਿਗੁਰੂ ਵਿਯੋਗੀ ਦੀ) ਰਾਤ ਸੁਖਾਂ ਵਿਚ ਤਾਂ ਬੀਤਦੀ ਹੈ ਜੇ ਵਾਹਿਗੁਰੂ ਨਾਲ ਚਿਤ ਲਾਵੇ। (ਵਾਹਿਗੁਰੂ ਨਾਲ ਚਿਤ ਗੁਰੂ ਦੁਆਰੇ ਲਗਦਾ ਹੈ ਸੋ) ਸਤਿਗੁਰੂ ਦੀ ਸੇਵਾ ਕਰੇ ਪ੍ਰੇਮ ਨਾਲ ਤੇ ਆਪਾ ਭਾਵ (ਮਨ) ਵਿਚੋਂ ਗੁਆਕੇ। (ਹਾਂ ਮਨ) ਵਿਚੋਂ ਹੰਕਾਰ ਦੂਰ ਕਰੇ (ਤੇ) ਹਰੀ ਦੇ ਗੁਣ ਗਾਵੇ ਤਦ ਸਦੀਵੀ ਪ੍ਰੇਮ ਲੱਗ ਜਾਵੇਗਾ। ਹੇ (ਮੇਰੇ) ਜੀਅ ਦੀ ਮੇਲੀ (ਸੰਤ ਰੂਪ) ਸਖੀ ਸਹੇਲੀਓ! ਸੁਣੋ: ਗੁਰੂ ਦੇ ਸ਼ਬਦ ਵਿਚ ਸਮਾਈ ਕਰੋ। (ਗੁਰੂ ਦੇ ਸ਼ਬਦ ਅਨੁਸਾਰ) ਹਰੀ ਦੇ ਗੁਣ ਸਿਮਰੋ,(ਵਾਹਿਗੁਰੂ ਰੂਪੀ) ਕੰਤ ਦੇ ਪਿਆਰੇ ਬਣ ਜਾਓ, (ਪਰ) ਤਾਂ (ਜੇ) ਨਾਮ ਨਾਲ ਪਿਆਰ ਪਾਓਗੇ। ਹੇ ਨਾਨਕ! (ਉਹ) ਇਸਤ੍ਰੀ (ਰੂਪ ਪ੍ਰੇਮੀ) ਪਤੀ (ਪਰਮੇਸ਼ੁਰ) ਨੂੰ ਪਿਆਰੀ ਹੁੰਦੀ ਹੈ ਜੋ (ਅਪਣੇ) ਗਲ ਵਿਚ ਰਾਮ ਨਾਮ ਨੂੰ ਹਾਰ (ਵਾਂਙੂ ਸਦੀਵ ਧਾਰਨ ਕਰੀ ਰਖਦੀ ਹੈ) ॥ ੨ ॥

ਹੇ ਜੀਓ ਜੀ! (ਜਿਵੇਂ) ਇਸਤ੍ਰੀ ਇਕੱਲੀ ਹੈ ਪਿਆਰੇ ਪਤੀ ਤੋਂ ਬਿਨਾਂ (ਤਿਵੇਂ ਵਿਯੋਗੀ ਇਕੱਲਾ ਹੈ ਪਰਮੇਸ਼ੁਰ ਬਿਨਾਂ। ਕਿਉਂਕਿ ਉਹ) ਗੁਰੂ ਦੇ ਤਕੜੇ ਸ਼ਬਦ ਬਿਨਾਂ ਦੂਜੇ ਭਾਵ ਵਿਚ ਠਗਿਆ ਹੈ। (ਹਾਂ) ਪਿਆਰੇ ਸ਼ਬਦ ਤੋਂ ਬਿਨਾ ਔਖਾ ਤਰਿਆ

ਸਬਦ ਪਿਆਰੇ ਕਉਣੁ ਦੁਤਰੁ ਤਾਰੇ ਮਾਇਆ ਮੋਹਿ ਖੁਆਈ ॥ ਕੂੜਿ ਵਿਗੁਤੀ ਤਾ ਪਿਰਿ ਮੁਤੀ ਸਾਧਨ ਮਹਲੁ ਨ ਪਾਈ ॥

ਗੁਰ ਸਬਦੇ ਰਾਤੀ ਸਹਜੇ ਮਾਤੀ ਅਨਦਿਨੁ ਰਹੈ ਸਮਾਏ ॥ ਨਾਨਕ ਕਾਮਣਿ ਸਦਾ ਰੰਗਿ ਰਾਤੀ ਹਰਿ ਜੀਉ ਆਪਿ ਮਿਲਾਏ ॥ ੩ ॥

ਜਾਣ ਵਾਲੇ (ਸੰਸਾਰ ਸਮੁੰਦਰ) ਤੋਂ ਕੌਣ (ਉਸ ਨੂੰ) ਤਾਰੇਗਾ ? (ਕਿਉਂਕਿ ਉਹ) ਮਾਇਆ ਦੇ ਮੋਹ ਵਿਚ (ਆਕੇ ਆਪੇ ਤੋਂ) ਖੁੰਝਿਆ ਫਿਰਦਾ ਹੈ। (ਇਉਂ ਜਦ) ਝੂਠ ਵਿਚ (ਆਕੇ) ਵਿਗਾੜ ਵਿਚ ਹੋ ਗਿਆ ਤਾਂ ਹੀ ਪਤੀ (ਰੂਪੀ ਪਰਮੇਸ਼ੁਰ) ਨੇ ਉਸ ਨੂੰ ਛਡ ਦਿਤਾ, (ਹੁਣ) ਇਸਤ੍ਰੀ (ਰੂਪ ਵਿਯੋਗੀ) ਨੂੰ ਸਰੂਪ ਪ੍ਰਾਪਤੀ ਨਹੀਂ ਹੁੰਦੀ। (ਪਰ ਜੇ ਹੁਣ ਬੀ) ਗੁਰੂ ਦੇ ਸ਼ਬਦ ਵਿਚ ਲੱਗ ਪਵੇ, ਤੇ ਸਹਜ ਵਿਚ ਮਸਤ ਰਹੇ, ਤੇ ਦਿਨ ਰਾਤ (ਨਾਮ ਵਿਚ) ਸਮਾਈ ਰਖੇ (ਤਾਂ ਉਹ) ਇਸਤ੍ਰੀ (ਰੂਪੀ ਵਿਯੋਗੀ ਜੇ) ਸਦਾ ਪ੍ਰੇਮ ਵਿਚ ਰੱਤਾ ਰਹੇ ਤਾਂ ਹਰਿ ਜੀਉ (ਉਸ ਨੂੰ) ਆਪ (ਅਪਣੇ ਨਾਲ) ਮਿਲਾਏਗਾ, ਹੇ ਨਾਨਕ ! ॥ ੩ ॥

ਤਾ ਮਿਲੀਐ ਹਰਿ ਮੇਲੇ ਜੀਉ ਹਰਿ ਬਿਨੁ ਕਵਣੁ ਮਿਲਾਏ ॥ ਬਿਨੁ ਗੁਰ ਪ੍ਰੀਤਮ ਆਪਣੇ ਜੀਉ ਕਉਣੁ ਭਰਮੁ ਚੁਕਾਏ ॥ ਗੁਰੁ ਭਰਮੁ ਚੁਕਾਏ ਇਉ ਮਿਲੀਐ ਮਾਏ ਤਾ ਸਾਧਨ ਸੁਖੁ ਪਾਏ ॥ ਗੁਰ ਸੇਵਾ ਬਿਨੁ ਘੋਰ ਅੰਧਾਰੁ ਬਿਨੁ ਗੁਰ ਮਗੁ ਨ ਪਾਏ ॥ ਕਾਮਣਿ ਰੰਗਿ ਰਾਤੀ ਸਹਜੇ ਮਾਤੀ ਗੁਰ ਕੈ ਸਬਦਿ ਵੀਚਾਰੇ ॥ ਨਾਨਕ ਕਾਮਣਿ ਹਰਿ ਵਰੁ ਪਾਇਆ ਗੁਰ ਕੈ ਭਾਇ ਪਿਆਰੇ ॥੪॥੧॥

(ਹਾਂ) ਜੀਓ ! ਤਾਂ ਹੀ (ਹਰੀ ਨੂੰ) ਮਿਲ ਸਕੀਦਾ ਹੈ (ਜੇ) ਹਰੀ (ਆਪ ਅਪਣੇ ਨਾਲ) ਮੇਲ ਲਵੇ, ਹਰੀ ਤੋਂ ਬਿਨਾਂ (ਹੋਰ) ਕੌਣ ਮਿਲਾ ਸਕਦਾ ਹੈ ! (ਉਸ ਦੇ ਮਿਲਣ ਵਿਚ ਜੋ) ਭਰਮ (ਦਾ ਪਰਦਾ ਹੈ ਉਸ ਨੂੰ) ਅਪਣੇ ਪ੍ਰੀਤਮ ਗੁਰੂ ਤੋਂ ਬਿਨਾਂ ਕੌਣ ਦੂਰ ਕਰ ਸਕਦਾ ਹੈ। ਹੇ ਮਾਂ ! ਐਉਂ ਹੀ ਮਿਲ ਸਕੀਦਾ ਹੈ (ਜੇ) ਗੁਰੂ ਭਰਮ ਦੂਰ ਕਰ ਦੇਵੇ ਤਾਂ, (ਤਦ ਹੀ) ਇਸਤ੍ਰੀ (ਰੂਪ ਵਿਯੋਗੀ) ਨੂੰ ਸੁਖ ਪ੍ਰਾਪਤ ਹੁੰਦਾ ਹੈ। ਗੁਰੂ ਦੀ ਸੇਵਾ (ਕੀਤੇ) ਬਿਨਾਂ ਬੜਾ ਹਨੇਰਾ ਰਹਿੰਦਾ ਹੈ, ਗੁਰੂ ਦੇ (ਚਾਨਣੇ ਦਿਤੇ) ਬਿਨਾਂ ਰਸਤਾ ਨਹੀਂ ਲੱਭਦਾ। (ਪਰੰਤੂ ਜੋ ਵਿਯੋਗੀ ਰੂਪੀ) ਇਸਤ੍ਰੀ ਗੁਰੂ ਦੇ ਸ਼ਬਦ ਨੂੰ ਵੀਚਾਰਦੀ ਹੈ, (ਉਹ ਵਾਹਿਗੁਰੂ ਦੇ) ਪ੍ਰੇਮ ਵਿਚ ਰੰਗੀ ਜਾਂਦੀ ਹੈ ਤੇ ਸਹਜ (=ਗਿਆਨ) ਵਿਚ ਮਗਨ ਹੋ ਜਾਂਦੀ ਹੈ। ਹੇ ਨਾਨਕ ! (ਸਮਝ ਲਓ ਕਿ ਉਸ ਵਿਯੋਗੀ ਰੂਪ) ਇਸਤ੍ਰੀ ਨੇ ਪਿਆਰੇ ਗੁਰੂ ਦੇ ਪ੍ਰੇਮ ਦੁਆਰਾ ਹਰੀ (ਰੂਪੀ) ਵਰ ਨੂੰ ਪ੍ਰਾਪਤ ਕਰ ਲਿਆ ਹੈ ॥ ੪ ॥ ੧ ॥

**ਵ੍ਯਾਖ੍ਯਾ**--ਆਦਿ ਗੁਰੂ ਜੀ ਦੇ ਪਹਿਲੇ ਦੋ ਛੰਤਾਂ ਦਾ ਮਾਨੋ ਸੁਖੱਲਾ ਕਰ ਦੇਣ ਵਾਲਾ ਇਸ ਛੰਤ ਵਿਚ ਇਕ ਤਰ੍ਹਾਂ ਦਾ ਅਨੁਵਾਦ ਹੈ। ਇਸ ਵਿਚ ਬੀ ਸ੍ਰੀ ਗੁਰੂ ਜੀ ਨੇ ਪਦ ਸਾਧਨ, ਮਿਲੈ ਮਿਲਾਈ, ਸਖੀ ਸਹੇਲੀ, ਕੰਤ, ਕਾਮਣਿ, ਨਾਹ, ਏਕਲੜੀ, ਆਦਿ ਵਰਤੇ ਹਨ ਜੋ ਪਹਿਲੇ ਦੋ ਛੰਤਾਂ ਵਿਚ ਸਨ। ਖਿਆਲ ਦੀ ਧਾਰਾ ਬੀ ਉਸੇ ਪ੍ਰਕਾਰ ਦੀ ਹੈ।

'ਵਾਹਿਗੁਰੂ ਵਿਯੋਗੀ ਪੁਰਖ' ਨੂੰ ਬਿਰਹਨੀ ਇਸਤ੍ਰੀ ਦੇ ਰੂਪ ਵਿਚ ਲਿਆ ਹੈ। ਪਤੀ ਤੋਂ ਵਿਛੁੜੀ ਨੂੰ ਏਕਲੜੀ ਦੱਸਿਆ ਹੈ ! ਕਾਰਣ; ਦੂਜਾ ਭਾਉ=ਮਾਇਆ ਦਾ ਮੋਹ, ਤ੍ਰਿਸ਼ਨਾ, ਕੂੜ ਵਿਚ ਲੱਗਕੇ ਕੂੜਾ ਹੋ ਜਾਣਾ, ਆਦਿ ਦੱਸੇ ਹਨ। ਦਾਰੂ ਦੱਸਿਆ ਹੈ: ਗੁਰੂ, ਗੁਰੂ ਦੀ ਸੇਵਾ, ਗੁਰੂ ਦਾ ਸ਼ਬਦ (=ਉਪਦੇਸ਼), ਨਾਮ, ਗੁਣ ਗਾਇਨ ਆਦਿ।

ਅੰਕ ੧, ੨ ਵਿਚ ਪਹਿਲੀ ਗਲ ਦੱਸੀ ਹੈ ਕਿ ਜੋ ਵਾਹਿਗੁਰੂ ਜੀ ਤੋਂ ਵਿਯੋਗ ਵਿਚ ਅਪਣੇ ਹੋਣ ਦੀ ਪ੍ਰਤੀਤੀ ਵਿਚ ਆ ਗਿਆ ਹੈ, ਓਹ ਅਰਦਾਸ ਕਰੇ ਤੇ ਹਰੀ ਦੇ ਗੁਣ ਗਾਵੇ ਕਿ ਮੈਨੂੰ ਮੇਲ ਲਓ। ਫੇਰ ਸਮਝ ਲਵੇ ਕਿ ਗੁਰੂ ਤੋਂ ਬਿਨਾਂ ਵਾਹਿਗੁਰੂ ਦੇ ਮਹਲ ਵਿਚ ਥਾਂ ਨਹੀਂ ਲੱਭਦੀ। ਇਸ ਲਈ ਗੁਰੂ ਦੀ ਸੇਵਾ ਕਰੇ ਤਨੋਂ ਮਨੋਂ ਹੋਕੇ। ਗੁਰੂ ਸ਼ਬਦ ਨੂੰ ਫੇਰ ਕਮਾਵੇ। ਉਸ ਦੇ ਉਪਦੇਸ਼ ਤੇ ਤੁਰੇ। ਐਸਾ ਕਿ

ਮਾਨੋਂ ਕਮਾਈ ਵਿਚ ਉਸ ਦੇ ਉਪਦੇਸ਼ ਦਾ ਰੂਪ ਹੋ ਗਿਆ ਹੈ। ਗੁਰੂ ਦੇ ਉਪਦੇਸ਼ ਵਿਚ ਮੁੱਖ ਵਸਤੂ ਸਿਫਤ ਸਲਾਹ ਤੇ ਨਾਮ ਹੈ। ਨਾਮ ਨਾਲ ਪਿਆਰ ਕਰੋ ਅਤਿ ਦਾ,ਤਦ ਪ੍ਰਭੂ ਨੂੰ ਪਿਆਰਾ ਹੋ ਜਾਏਗਾ।

ਅੰਕ ੩. ਵਿਚ ਵਾਹਿਗੁਰੂ ਤੋਂ ਵਿਯੋਗ ਦੇ ਕਾਰਣ ਦੱਸੇ ਹਨ ਕਿ ਵਾਹਿਗੁਰੂ ਨੇ ਆਪ ਨਹੀਂ ਵਿਛੋੜਿਆ, ਜੀਵ ਦੇ ਅਵਗੁਣਾਂ ਨੇ ਵਿੱਥ ਪਾ ਦਿੱਤੀ ਹੈ। ਵਿਚਾਲੇ ਪਰਦਾ ਤਾਣ ਦਿਤਾ ਹੈ। ਹੁਣ ਜੇ ਜੀਵ ਨੂੰ ਅਹਿਸਾਸ ਅਪਣੇ ਵਿਛੋੜੇ ਦਾ ਹੋ ਆਇਆ ਹੈ ਤਾਂ ਉਹ ਵਿਯੋਗੀ ਹੈ। ਉਸ ਦਾ ਦਾਰੂ ਦੱਸਿਆ ਹੈ, ਗਰੂ ਦੇ ਉਪਦੇਸ਼ ਦੀ ਕਮਾਈ, ਜਿਸ ਨਾਲ ਸ਼ੁਭ ਗੁਣ ਆ ਜਾਣਗੇ ਕਿ ਪ੍ਰੇਮ ਤੇ ਪ੍ਰੇਮ ਤੋਂ ਸਹਜ ਅਵਸਥਾ ਬਣ ਜਾਏਗੀ, ਜਿਸ ਦੇ ਬਣਿਆਂ ਵਾਹਿਗੁਰੂ ਆਪ ਪ੍ਰੇਮ ਕਰਨ ਲਗ ਜਾਏਗਾ।

ਅੰਕ ੪ ਵਿਚ ਇਹੋ ਵਿਸ਼ਯ ਜਾਰੀ ਹੈ। ਅਸਲ ਮੇਲਣਹਾਰ ਵਾਹਿਗੁਰੂ ਹੈ, ਉਹ ਮੇਹਰ ਕਰੇ ਜਿਸ ਲਈ ਅੰਕ ੧ ਵਿਚ ਬੇਨਤੀ ਕੀਤੀ ਹੈ ਤਾਂ ਗੁਰੂ ਮਿਲਦਾ ਹੈ। ਗੁਰੂ ਭਰਮ ਕੱਟਦਾ ਹੈ, ਨਾਮ ਦੁਆਰਾ ਪ੍ਰੇਮ ਲਾ ਦੇਂਦਾ ਹੈ, ਸਹਜ ਵਿਚ ਪੁਚਾ ਦੇਂਦਾ ਹੈ, ਜਿਸ ਨਾਲ ਮਿਲ ਪਈਦਾ ਹੈ ਵਾਹਿਗੁਰੂ ਜੀ ਨੂੰ। ਮਿਲਕੇ ਸਦੈਵੀ ਸੁਖ ਹੋ ਜਾਂਦਾ ਹੈ।

**ਨਿਰੁਕ੍ਤ**--ਸਾਰੇ ਪਦ ਲਗ ਪਗ ਪਿਛਲੇ ਛੰਤਾਂ ਵਿਚ ਆ ਢੁਕੇ ਹਨ।

ਪਰੁ–ਭਲੀ ਪ੍ਰਕਾਰ। ਚੰਗੀ ਤਰ੍ਹਾਂ। ਪੂਰੀ ਤਰ੍ਹਾਂ।　　ਤ੍ਰਿਸਨਾ–ਤ੍ਰਿਸ਼ਨਾ।

ਸਾਰੀ–ਯਾਦ ਕਰੇ, ਸੰਭਾਲੇ।　　ਕਰਾਰੇ–ਤਕੜੇ, ਤ੍ਰਿੱਖੇ, ਮਜ਼ਬੂਤ। ਉਹ ਉਪਦੇਸ਼ ਜੋ ਗੁਰੂ ਤਾਣ ਨਾਲ ਦੇਂਦਾ ਹੈ ਤੇ ਜੋ ਪੁੜ ਜਾਂਦਾ ਹੈ* ਤੇ ਸਿਖ ਮੋੜ ਨਹੀਂ ਸਕਦਾ।

ਦੁਤਰੁ–[ਸੰਸ:, । ਦੁਸ੍ਤਰ] ਜਿਸ ਦਾ ਤਰਨਾ ਕਠਨ ਹੈ।

ਮਗੁ–[ਸੰਸ:, ਮਾਰ੍ਗ] ਰਸਤਾ।

## [ਗਉੜੀ ਮਹਲਾ ੩, ਛੰਤ–੪]

### ਮੂਲ

ਗਉੜੀ ਮਹਲਾ ੩ ॥
ਪਿਰ ਬਿਨੁ ਖਰੀ ਨਿਮਾਣੀ ਜੀਉ ਬਿਨੁ ਪਿਰ ਕਿਉ ਜੀਵਾ ਮੇਰੀ ਮਾਈ ॥ ਪਿਰ ਬਿਨੁ ਨੀਦ ਨ ਆਵੈ ਜੀਉ ਕਾਪੜੁ ਤਨਿ ਨ ਸੁਹਾਈ ॥ ਕਾਪਰੁ ਤਨਿ ਸੁਹਾਵੈ ਜਾ ਪਿਰ ਭਾਵੈ ਗੁਰਮਤੀ ਚਿਤੁ ਲਾਈਐ ॥ ਸਦਾ ਸੁਹਾਗਣਿ ਜਾ ਸਤਿਗੁਰੁ ਸੇਵੇ ਗੁਰ ਕੈ ਅੰਕਿ

### ਅਰਥ

ਹੇ ਜੀਓ ਜੀ! (ਮੈਂ ਅਪਣੇ) ਪਤੀ (ਵਾਹਿਗੁਰੂ) ਦੇ ਬਿਨਾ ਮੂਲੋਂ ਨਿਮਾਣੀ (ਹੋ ਰਹੀ) ਹਾਂ, ਹੇ ਮੇਰੀ ਮਾਈ! (ਮੈਂ ਅਪਣੇ) ਪਤੀ ਬਿਨਾ ਕਿਵੇਂ ਜੀਵਾਂ? ਹੇ ਜੀਓ ਜੀ ! ਪਤੀ ਬਿਨਾ ਨੀਂਦ ਨਹੀਂ ਪੈਂਦੀ, ਨਾ ਤਨ ਨੂੰ ਕੱਪੜਾ ਸੁਹਾਵਾ ਲਗਦਾ ਹੈ। (ਹਾਂ) ਕੱਪੜਾ ਸਰੀਰ ਨੂੰ ਸ਼ੋਭਾ ਤਾਂ ਦੇਂਦਾ ਹੈ ਜਦੋਂ (ਇਸਤ੍ਰੀ) ਪਤੀ ਨੂੰ ਭਾ ਜਾਂਦੀ ਹੈ; (ਪਤੀ ਨੂੰ ਭਾ ਜਾਣ ਲਈ) ਗੁਰੂ ਦੀ ਮਤਿ ਵਿਚ ਚਿਤ ਲਾਉਣਾ ਚਾਹੀਦਾ ਹੈ। (ਹਾਂ), ਜਦ ਗੁਰੂ ਦੀ ਸੇਵਾ ਕਰਦਿਆਂ ਗੁਰੂ ਦੇ ਸਰੂਪ ਵਿਚ ਸਮਾ ਜਾਈਦਾ ਹੈ† ਤਾਂ ਸਦਾ ਸੁਹਾਗਣ (ਵਾਙੂ ਵਾਹਿਗੁਰੂ ਨੂੰ ਸਦਾ ਪ੍ਰਾਪਤ) ਹੋ ਜਾਈਦਾ ਹੈ। (ਤਦ ਫੇਰ) ਗੁਰੂ ਦੇ ਸ਼ਬਦ

---

*ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ ॥
ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ ॥　　[ਸਲੋਕ ਕਬੀਰ ਜੀ–੧੯੪

ਤਥਾ-ਪਿਰਮ ਪੈਕਾਮੁ ਨ ਨਿਕਲੈ ਲਾਇਆ ਤਿਨਿ ਸੁਜਾਣਿ ॥　　[ਸਲੋਕ ਵਾਰਾਂ ਤੇ ਵਧੀਕ ਮਹਲਾ ੧–੧੩

†ਮੁਰਦਾ ਹੋਇ ਮੁਰੀਦ ਸੋ ਗੁਰ ਗੋਰਿ ਸਮਾਵੈ॥　　[ਭਾਈ ਗੁਰਦਾਸ, ਵਾਰ ੯ ੨੨

ਸਮਾਈਐ ॥ ਗੁਰ ਸਬਦੇ ਮੇਲਾ ਤਾ ਪਿਰੁ ਰਾਵੀ ਲਾਹਾ ਨਾਮੁ ਸੰਸਾਰੇ ॥

ਨਾਨਕ ਕਾਮਣਿ ਨਾਹ ਪਿਆਰੀ ਜਾ ਹਰਿ ਕੇ ਗੁਣ ਸਾਰੇ ॥੧॥

ਸਾਧਨ ਰੰਗੁ ਮਾਣੇ ਜੀਉ ਆਪਣੇ ਨਾਲਿ ਪਿਆਰੇ ॥ ਅਹਿਨਿਸਿ ਰੰਗਿ ਰਾਤੀ ਜੀਉ ਗੁਰ ਸਬਦੁ ਵੀਚਾਰੇ ॥ ਗੁਰ ਸਬਦੁ ਵੀਚਾਰੇ ਹਉਮੈ ਮਾਰੇ ਇਨ ਬਿਧਿ ਮਿਲਹੁ ਪਿਆਰੇ ॥ ਸਾਧਨ ਸੋਹਾਗਣਿ ਸਦਾ ਰੰਗਿ ਰਾਤੀ ਸਾਚੈ ਨਾਮਿ ਪਿਆਰੇ ॥ ਅਪੁਨੇ ਗੁਰ ਮਿਲਿ ਰਹੀਐ ਅੰਮ੍ਰਿਤੁ ਗਹੀਐ ਦੁਬਿਧਾ ਮਾਰਿ ਨਿਵਾਰੇ ॥ ਨਾਨਕ ਕਾਮਣਿ ਹਰਿ ਵਰੁ ਪਾਇਆ ਸਗਲੇ ਦੂਖ ਵਿਸਾਰੇ ॥ ੨ ॥

ਕਾਮਣਿ ਪਿਰਹੁ ਭੁਲੀ ਜੀਉ ਮਾਇਆ ਮੋਹਿ ਪਿਆਰੇ ॥ ਝੂਠੀ ਝੂਠਿ ਲਗੀ ਜੀਉ ਕੂੜਿ ਮੁਠੀ ਕੂੜਿਆਰੇ ॥

ਕੂੜੁ ਨਿਵਾਰੇ ਗੁਰਮਤਿ ਸਾਰੇ ਜੂਐ ਜਨਮੁ ਨ ਹਾਰੇ ॥ ਗੁਰ ਸਬਦੁ ਸੇਵੇ ਸਚਿ ਸਮਾਵੈ ਵਿਚਹੁ ਹਉਮੈ ਮਾਰੇ ॥

ਹਰਿ ਕਾ ਨਾਮੁ ਰਿਦੈ ਵਸਾਏ ਐਸਾ ਕਰੇ ਸੀਗਾਰੋ ॥ ਨਾਨਕ ਕਾਮਣਿ ਸਹਜਿ ਸਮਾਣੀ ਜਿਸੁ ਸਾਚਾ ਨਾਮੁ ਅਧਾਰੋ ॥ ੩ ॥

ਦੁਆਰਾ (ਸਾਈਂ ਵਾਹਿਗੁਰੂ ਨਾਲ) ਮੇਲਾ ਹੋ ਜਾਂਦਾ ਹੈ, ਤਦ (ਫੇਰ ਉਹ ਇਸਤ੍ਰੀ ਰੂਪ ਪ੍ਰੇਮੀ) ਪਤੀ (ਪਰਮੇਸਰ) ਨੂੰ ਮਾਣਦੀ ਹੈ; ਹਾਂ, ਇਸ) ਸੰਸਾਰ ਵਿਚ (ਸੱਚਾ) ਲਾਭ (ਪਰਮੇਸਰ ਦਾ) ਨਾਮ ਹੈ। ਹੇ ਨਾਨਕ ! ਪਤੀ (ਪਰਮੇਸਰ ਨੂੰ (ਉਹ ਪ੍ਰੇਮੀ ਰੂਪ) ਇਸਤ੍ਰੀ ਪਿਆਰੀ ਲਗਦੀ ਹੈ ਜੋ ਪਰਮੇਸਰ ਦੇ ਗੁਣ (ਸਦਾ) ਸੰਭਾਲਦੀ ਹੈ ॥ ੧ ॥

(ਉਹ ਪ੍ਰੇਮੀ ਰੂਪ) ਇਸਤ੍ਰੀ ਅਪਣੇ ਪਿਆਰੇ (ਪਰਮੇਸਰ) ਨਾਲ ਰੰਗ (ਆਨੰਦ) ਮਾਣਦੀ ਹੈ। (ਜੋ) ਦਿਨੇ ਰਾਤ ਪ੍ਰੇਮ ਵਿਚ ਰੰਗੀ ਹੋਈ ਗੁਰੂ ਦੇ ਸ਼ਬਦ ਦਾ ਵੀਚਾਰ ਕਰਦੀ ਹੈ। (ਹਾਂ ਜੋ) ਗੁਰੂ ਸ਼ਬਦ ਦਾ ਵੀਚਾਰ ਕਰਦੀ ਹੈ (ਤੇ) ਹਉਮੈ ਨੂੰ ਮਾਰਦੀ ਹੈ, (ਤੇ ਸਮਝਦੀ ਹੈ ਕਿ) ਇਸ ਤ੍ਰੀਕੇ ਨਾਲ (ਮੈਂ ਅਪਣੇ) ਪਿਆਰੇ ਨੂੰ (ਮਿਲਹੁ=) ਮਿਲਾਂਗੀ। (ਹਾਂ ਜੀ, ਉਹੀ ਇਸਤ੍ਰੀ ਸੁਹਾਗਵੰਤੀ ਹੈ ਜੋ (ਅਪਣੇ) ਪਿਆਰੇ ਦੇ ਸੱਚੇ ਨਾਮ ਵਿਚ ਸਦਾ ਰੰਗ ਰੱਤੀ ਰਹਿੰਦੀ ਹੈ। (ਇਸ ਪ੍ਰਾਪਤੀ ਲਈ) ਅਪਣੇ ਗੁਰੂ ਨਾਲ ਮਿਲੇ ਰਹੀਏ, (ਉਸ ਤੋਂ) ਅੰਮ੍ਰਿਤ (ਨਾਮ) ਗ੍ਰਹਣ ਕਰਦੇ ਰਹੀਏ ਤੇ ਦੁਬਿਧਾ ਨੂੰ ਮਾਰਕੇ ਦੂਰ ਕਰ ਦੇਈਏ। ਹੇ ਨਾਨਕ ! (ਉਸ) ਇਸਤ੍ਰੀ ਨੇ ਹਰੀ(ਰੂਪ) ਵਰ ਪਾ ਲਿਆ ਹੈ (ਤੇ ਉਸਨੇ) ਸਾਰੇ ਦੁਖ ਵਿਸਾਰ ਲਏ ਹਨ (ਭਾਵ ਪਹਿਲੇ) ਸਾਰੇ ਦੁਖਾਂ ਨੂੰ ਭੁੱਲ ਗਈ ਹੈ) ॥ ੨ ॥

ਇਸਤ੍ਰੀ (ਅਪਣੇ) ਪਿਆਰੇ ਪਤੀ ਤੋਂ ਮਾਇਆ ਦੇ ਮੋਹ ਵਿਚ ਪੈਣ ਕਰਕੇ ਭੁੱਲ ਗਈ ਹੈ, ਹੇ ਜੀਓ ਜੀ ! (ਮਾਇਆ ਦਾ ਮੋਹ ਝੂਠੀ ਸ਼ੈ ਹੈ ਸੋ ਇਹ ਇਸਤ੍ਰੀ ਉਸ) ਝੂਠ ਵਿਚ ਲੱਗੀ ਹੋਈ ਝੂਠੀ ਹੋ ਰਹੀ ਹੈ, (ਹਾਂ) ਝੂਠ ਦੀ ਠੱਗੀ ਹੋਈ (ਸਚਿਆਰ ਬਣਨ ਦੀ ਥਾਵੇਂ) ਕੂੜਿਆਰ ਬਣ ਰਹੀ ਹੈ। (ਇਸ ਨੂੰ ਚਾਹੀਦਾ ਹੈ ਕਿ) ਗੁਰਮਤਿ ਨੂੰ ਧਾਰਨ ਕਰੇ, ਝੂਠ ਨੂੰ (ਉਸ ਨਾਲ) ਦੂਰ ਕਰੇ (ਅਕਲ ਕਰੇ ਤੇ ਮਨੁੱਖਾ) ਜਨਮ ਜੂਏ ਵਿਚ ਨਾ ਹਾਰ ਜਾਏ, [ਕੀਕੂੰ ? ਉੱਤਰ:] ਗੁਰੂ ਦੇ ਸ਼ਬਦ ਦੀ ਕਮਾਈ ਕਰੇ (ਤੇ ਉਸ ਦੁਆਰਾ ਮਨ) ਵਿਚੋਂ ਹਉਮੈ ਨੂੰ ਮਾਰੇ (ਤਾਂ) ਸਤ੍ਯ ਸਰੂਪ ਵਿਚ ਸਮਾਈ ਕਰ ਲਵੇਗੀ । (ਗੁਰ ਸ਼ਬਦ ਦੁਆਰਾ ਮਿਲੇ) ਹਰੀ ਨਾਮ ਨੂੰ ਹਿਰਦੇ ਵਿਚ ਵਸਾ ਲਵੇ, (ਇਹ) ਅਸਾ (ਅੰਦਰ ਵਸਾਵੇ ਕਿ ਹਰੀ ਨਾਮ ਆਤਮਾ ਦਾ) ਸ਼ਿੰਗਾਰ ਬਨ ਜਾਵੇ । (ਕਹਿੰਦੇ ਹਨ ਗੁਰੂ) ਨਾਨਕ (ਦੇਵ ਜੀ ਕਿ) ਜੋ ਇਸਤ੍ਰੀ ਸੱਚੇ ਨਾਮ ਦੇ ਆਸਰੇ ਰਹਿੰਦੀ ਹੈ ਉਹ (ਤ੍ਰਿਗੁਣਾਤੀਤ ਅਵਸਥਾ, ਜੋ) ਸਹਜ (ਕਹੀਦੀ ਹੈ, ਉਸ) ਵਿਚ ਸਮਾਈ ਰਹਿੰਦੀ ਹੈ। (ਅਥਵਾ ਸਹਜ ਸਰੂਪ ਪਤੀ ਵਿਚ ਸਮਾਈ ਰਹਿੰਦੀ ਹੈ)॥ ੩ ॥

ਮਿਲੁ ਮੇਰੇ ਪ੍ਰੀਤਮਾ ਜੀਉ ਤੁਧੁ ਬਿਨੁ ਖਰੀ ਨਿਮਾਣੀ ॥ ਮੈ ਨੈਣੀ ਨੀਦ ਨ ਆਵੈ ਜੀਉ ਭਾਵੈ ਅੰਨੁ ਨ ਪਾਣੀ ॥ ਪਾਣੀ ਅੰਨੁ ਨ ਭਾਵੈ ਮਰੀਐ ਹਾਵੈ ਬਿਨੁ ਪਿਰ ਕਿਉ ਸੁਖੁ ਪਾਈਐ ॥ ਗੁਰ ਆਗੈ ਕਰਉ ਬਿਨੰਤੀ ਜੇ ਗੁਰ ਭਾਵੈ ਜਿਉ ਮਿਲੈ ਤਿਵੈ ਮਿਲਾਈਐ ॥ ਆਪੇ ਮੇਲਿ ਲਏ ਸੁਖ ਦਾਤਾ ਆਪਿ ਮਿਲਿਆ ਘਰਿ ਆਏ ॥ ਨਾਨਕ ਕਾਮਣਿ ਸਦਾ ਸੁਹਾਗਣਿ ਨਾ ਪਿਰੁ ਮਰੈ ਨ ਜਾਏ ॥ ੪ ॥ ੨ ॥

[ਹੁਣ ਅਰਦਾਸ ਕਰਦੇ ਹਨ:] ਹੇ ਮੇਰੇ ਪ੍ਰੀਤਮ ਜੀਓ ! (ਮੈਨੂੰ) ਮਿਲ ਪਓ, (ਮੈਂ) ਤੁਸਾਂ ਤੋਂ ਬਿਨਾਂ ਮੂਲੋਂ ਨਿਮਾਣੀ ਹਾਂ। ਮੈਨੂੰ ਅੱਖੀਆਂ ਵਿਚ ਨੀਂਦ ਨਹੀਂ ਆਉਂਦੀ, ਜੀਓ ਜੀ ! ਅੰਨ ਪਾਣੀ (ਮੈਨੂੰ ਕੁਝ) ਨਹੀਂ ਭਾਉਂਦਾ। (ਹਾਂ) ਅੰਨ ਪਾਣੀ ਨਹੀਂ ਭਾਉਂਦਾ, (ਸਗੋਂ) ਆਪ ਦੇ (ਵਿਛੋੜੇ ਦੇ) ਹਾਵਿਆਂ ਵਿਚ ਹੀ ਮਰ ਰਹੀਦਾ ਹੈ:(ਹਾਂ, ਆਪ) ਪਤੀ (ਜੀ) ਨੂੰ ਮਿਲੇ ਬਿਨਾ (ਜੀਵਨ ਦਾ) ਸੁਖ ਕਿਵੇਂ ਪਾਈਏ ? (ਮੈਂ) ਗੁਰੂ ਅੱਗੇ ਬੇਨਤੀ ਕਰਦੀ ਹਾਂ ਕਿ ਹੇ ਗੁਰੋ ! ਜੇ (ਤੁਹਾਨੂੰ ਬੇਨਤੀ) ਭਾ ਜਾਵੇ ਤਾਂ ਜਿਵੇਂ ਹੋ ਸਕੇ ਨੇ (ਮੈਨੂੰ) ਤਿਵੇਂ (ਪਤੀ ਪਰਮੇਸਰ) ਮਿਲਾ ਦਿਓ। (ਐਉਂ ਉਹ) ਸੁਖਾਂ ਦਾ ਦਾਤਾ (ਪ੍ਰਭੂ) ਆਪੇ ਮੇਲ ਲੈਂਦਾ ਹੈ,(ਅਪਣੇ ਪਿਆਰਿਆਂ ਨੂੰ) ਆਪ ਘਰ ਆਕੇ ਮਿਲ ਪੈਂਦਾ ਹੈ। ਹੇ ਨਾਨਕ ! (ਐਸੀ) ਇਸਤ੍ਰੀ ਸਦਾ ਸੁਹਾਗਣ ਹੁੰਦੀ ਹੈ (ਕਿਉਂਕਿ ਪਰਮੇਸਰ ਰੂਪੀ) ਪਤੀ ਨਾ ਤਾਂ (ਕਦੇ) ਮਰਦਾ ਹੈ ਨਾ (ਮਿਲਿਆ ਹੋਇਆ ਫੇਰ ਛੱਡਕੇ) ਜਾਂਦਾ ਹੈ* ॥ ੪ ॥ ੨ ॥

**ਵਯਾਖਯਾ**—ਪਿਛਲੇ ਤ੍ਰੈ ਛੰਤਾਂ ਵਿਚ ਜੋ ਵਯਾਖਯਾ ਆ ਚੁਕੀ ਹੈ ਉਹਨਾਂ ਨੂੰ ਵਿਚਾਰ ਲਿਆਂ ਇਸ ਛੰਤ ਦੀ ਵਯਾਖਯਾ ਔਖੀ ਨਹੀਂ ਰਹਿੰਦੀ। ਉਹੀ ਪਦ ਵਰਤੇ ਹਨ, ਉਹੀ ਬਿਰਹ ਦੀ ਅਵਸਥਾ ਵਰਣਨ ਹੋਈ ਹੈ, ਉਹੋ ਪਤੀ ਦੇ ਮਾਨੋਂ ਤਿਆਗ ਦੇ ਕਾਰਣ ਦੱਸੇ ਹਨ, ਓਹੋ ਗੁਰੂ, ਉਪਦੇਸ਼, ਨਾਮ, ਹਰੀ ਕੀਰਤਨ ਉਪਰਾਲੇ ਦੱਸੇ ਹਨ, ਇਨ੍ਹਾਂ ਦੁਆਰੇ ਸਹਜ ਵਿਚ ਟਿਕਣਾ ਤੇ ਵਾਹਿਗੁਰੂ ਨਾਲ ਮੇਲ ਦੱਸਿਆ ਹੈ ਤੇ ਅੰਤ ਵਿਚ ਉਸ ਦੀ ਸਦਾ ਸਤਯਤਾ ਤੇ ਬਿਰਦ ਦੱਸਿਆ ਹੈ ਕਿ ਮਿਲਿਆ ਕਦੇ ਫੇਰ ਛੱਡ ਨਹੀਂ ਜਾਂਦਾ। ਫੇਰ ਕਮਾਲ ਹੈ ਕਿ ਸਾਰਾ ਸ਼ਬਦ ਨਵਾਂ ਲਗਦਾ ਹੈ ਤੇ ਅਪਣੇ ਵਰਣਨ ਵਿਚ ਉਸੀ ਰਸਮਯਤਾ ਨਾਲ ਭਰਪੂਰ ਹੈ ਜੋ ਪਹਿਲੇ ਛੰਤਾਂ ਵਿਚ ਹੈ।

ਪਹਿਲੇ ਤ੍ਰੈ ਅੰਕਾਂ ਵਿਚ ਅੰਨਯ ਪੁਰਖ ਦੀ ਤਰ੍ਹਾਂ ਵਾਹਿਗੁਰੂ ਵਿਯੋਗੀ ਪੁਰਖ ਦਾ ਜ਼ਿਕਰ ਹੈ, ਅੰਤਲੇ ਅੰਕ ਵਿਚ ਉੱਤਮ ਪੁਰਖ ਦੇ ਰੂਪ ਵਿਚ ਅਰਦਾਸ ਕੀਤੀ ਹੈ। ਓਹ ਅਰਦਾਸ ਅਪਣੇ ਲਈ ਨਹੀਂ ਸਗੋਂ ਪਹਿਲ ਤ੍ਰੈ ਅੰਕਾਂ ਵਿਚ ਵਰਣਨ ਹੋਈ ਬਿਰਹਨੀ ਵਾਸਤੇ ਹੈ। ਸੋ ਅਪਣੇ ਦੁਆਰਾ 'ਜਗਤ ਦਾ' ਭਲਾ ਮੰਗ ਰਹੇ ਤੇ ਕਰ ਰਹੇ ਹਨ।

**ਨਿਰੁਕ੍ਤ**—ਨਿਮਾਣੀ—ਮਾਣ ਰਹਿਤ, ਢੱਠੇ ਦਿਲ ਵਾਲੀ, ਆਜਿਜ਼।

ਕਾਪੜੁ ਕਾਪਰੁ—ਕਪੜਾ,ਰੂਪ ਦੋ ਹਨ ਅਰਥ ਇਕੋ ਹੈ।

ਅੰਕਿ—ਸਰੂਪ ਵਿਚ।　　ਲਾਹਾ—ਨਫ਼ਾ, ਖੱਟੀ, ਲਾਭ।

ਅਹਿਨਿਸਿ—ਦਿਨੇ ਰਾਤ।　　ਗਹੀਐ—ਪਕੜੀਏ, ਲਈਏ।

ਨਿਵਾਰੇ—ਦੂਰ ਕਰੇ।　　ਸਾਰੇ—ਸੰਮ੍ਹਾਲੇ।

ਬਿਨੰਤੀ—ਬੇਨਤੀ। ਅਰਦਾਸ।

*ਸਖੀ ਵਸਿ ਆਇਆ ਫਿਰਿ ਛੋਡਿ ਨ ਜਾਈ ਇਹ ਰੀਤਿ ਭਲੀ ਭਗਵੰਤੈ ॥

[ਗਉੜੀ ਮਹਲਾ ੫, ਛੰਤ-੪

[ਗਉੜੀ ਮਹਲਾ ੩, ਛੰਤ–੫]

**ਪ੍ਰਾਕ੍ਰਥਨ–** ਹੁਣ 'ਪਤੀ ਨੂੰ ਪ੍ਰਾਪਤ' ਇਸਤ੍ਰੀ ਦੇ ਰੂਪਕ ਵਿਚ ਵਾਹਿਗੁਰੂ ਪ੍ਰੇਮੀ ਦਾ ਵਰਣਨ ਚਲਦਾ ਹੈ ।

| ਮੂਲ | ਅਰਥ |
|---|---|
| ਗਉੜੀ ਮਹਲਾ ੩ ॥<br>ਕਾਮਣਿ ਹਰਿ ਰਸਿ ਬੇਧੀ ਜੀਉ ਹਰਿ ਕੈ ਸਹਜਿ ਸੁਭਾਏ ॥ ਮਨੁ ਮੋਹਨਿ ਮੋਹਿ ਲੀਆ ਜੀਉ ਦੁਬਿਧਾ ਸਹਜਿ ਸਮਾਏ ॥<br>ਦੁਬਿਧਾ ਸਹਜਿ ਸਮਾਏ ਕਾਮਣਿ ਵਰੁ ਪਾਏ ਗੁਰਮਤੀ ਰੰਗੁ ਲਾਏ ॥ | ਹੇ ਜੀਓ ਜੀ ! (ਜੋ ਵਾਹਿਗੁਰੂ ਮਿਲਾਪ ਦੀ ਕਾਮਨਾ ਵਾਲਾ, ਪਤੀ ਪ੍ਰੇਮ ਵਾਲੀ) ਇਸਤ੍ਰੀ (ਵਾਙੂ) ਹਰੀ (ਦੇ ਨਾਮ) ਰਸ ਨਾਲ ਵਿੰਨ੍ਹਿਆ ਹੋਇਆ ਹੋਵੇਗਾ (ਉਹ) ਹਰੀ ਦੇ (ਮਨ ਨੂੰ) ਸਹਜੇ ਹੀ (ਸੁਤੇ ਹੀ) ਚੰਗਾ ਲੱਗੇਗਾ । ਹੇ ਜੀਓ ਜੀ ! (ਜਦ ਉਸਦੇ) ਮਨ ਨੂੰ ਮੋਹਨਹਾਰ (ਹਰੀ ਨੇ) ਮੋਹ ਲਿਆ (ਤਾਂ ਉਸਦੀ) ਦੁ ਬਧਾ ਸਹਜ ਵਿਚ ਸਮਾ ਜਾਏਗੀ (ਭਾਵ ਉਹ ਇਕ ਦੇ ਗਜਾਨ ਨਿਸਚੇ ਵਿਚ ਟਿਕ ਜਾਏਗੀ) । ਦੁਬਿਧਾ ਸਹਜ ਵਿਚ ਸਮਾ ਜਾਏਗੀ (ਪ੍ਰੇਮੀ ਪੁਰਖ) ਇਸਤ੍ਰੀ ਦੇ (ਪਤੀ ਪ੍ਰਾਪਤ ਕਰ ਲੈਣ ਵਾਙੂ) ਪਤੀ (ਪਰਮੇਸਰ ਨੂੰ) ਪਾ ਲਏ, (ਏਹ ਗੱਲਾਂ ਕੀਕੂੰ ਪ੍ਰਾਪਤ ਹੁੰਦੀਆਂ ਹਨ ? ਉੱਤਰ: -ਜਦ ਪ੍ਰੇਮੀ) ਗੁਰੂ ਦੀ ਮਤਿ ਦੁਆਰਾ (ਪਰਮੇਸਰ) ਨਾਲ ਪ੍ਰੇਮ ਪਾਵੇ ਤਾਂ । |
| ਇਹੁ ਸਰੀਰੁ ਕੂੜਿ ਕੁਸਤਿ ਭਰਿਆ ਗਲ ਤਾਈ ਪਾਪ ਕਮਾਏ ॥ ਗੁਰਮੁਖਿ ਭਗਤਿ ਜਿਤੁ ਸਹਜ ਧੁਨਿ ਉਪਜੈ ਬਿਨੁ ਭਗਤੀ ਮੈਲੁ ਨ ਜਾਏ ॥ ਨਾਨਕ ਕਾਮਣਿ ਪਿਰਹਿ ਪਿਆਰੀ ਵਿਚਹੁ ਆਪੁ ਗਵਾਏ ॥ ੧ ॥ | [ਪ੍ਰਸ਼ਨ:] ਇਹ (ਮਾਨੁਖਾ) ਦੇਹੀ ਤਾਂ ਗਲ ਗਲ ਕੂੜ ਕੁਸਤਿ ਨਾਲ ਭਰੀ ਹੋਈ ਪਾਪ ਕਮਾਉਂਦੀ ਹੈ (ਇਹ ਕੀਕੂੰ ਅਣਦਿਸਦੇ ਨਾਲ ਪਜਾਰ ਪਾਵੇ ?) [ਉੱਤਰ:] ਗੁਰੂ ਦੁਆਰਾ (ਵਾਹਿਗੁਰੂ–) ਭਗਤੀ (ਉਪਜਦੀ ਹੈ,) ਜਿਸ (ਭਗਤੀ) ਦੁਆਰਾ ਸਹਜ ਧੁਨਿ ਉਪਜਦੀ ਹੈ; ਸਹਜ ਧੁਨਿ ਨਾਲ ਅੰਤ੍ਰੀਵ ਮੈਲ ਦੂਰ ਹੁੰਦੀ ਹੈ ਸੋ ਸਮਝ ਲਓ ਕਿ ਭਗਤੀ ਤੋਂ ਬਿਨਾ (ਕੂੜ ਕੁਸੱਤ ਪਾਪਾਂ ਦੀ) ਮੈਲ ਦੂਰ ਨਹੀਂ ਹੁੰਦੀ । (ਸੋ ਇਸਤਰਾਂ ਜੋ) ਇਸਤ੍ਰੀ (ਰੂਪ ਪ੍ਰੇਮੀ ਮਨ) ਵਿਚੋਂ ਆਪਾ ਭਾਵ (ਹੰਕਾਰ ਦੀ ਮੈਲ) ਗੁਆ ਲੈਂਦਾ ਹੈ (ਉਹ) ਪਤੀ ਪਰਮੇਸੁਰ) ਨੂੰ ਪਜਾਰਾ ਹੋ ਜਾਂਦਾ ਹੈ, ਹੇ ਨਾਨਕ ! ॥੧॥ |
| ਕਾਮਣਿ ਪਿਰੁ ਪਾਇਆ ਜੀਉ ਗੁਰ ਕੈ ਭਾਇ ਪਿਆਰੇ ॥<br>ਰੈਣਿ ਸੁਖਿ ਸੁਤੀ ਜੀਉ ਅੰਤਰਿ ਉਰਿ ਧਾਰੇ ॥<br>ਅੰਤਰਿ ਉਰਿ ਧਾਰੇ ਮਿਲੀਐ ਪਿਆਰੇ ਅਨਦਿਨੁ ਦੁਖੁ ਨਿਵਾਰੇ ॥ ਅੰਤਰਿ ਮਹਲੁ ਪਿਰੁ ਰਾਵੇ ਕਾਮਣਿ ਗੁਰਮਤੀ ਵੀਚਾਰੇ ॥ | (ਸੋ) ਹੇ ਜੀਓ ਜੀ ! (ਐਉਂ ਜਿਸ) ਇਸਤ੍ਰੀ (ਰੂਪੀ ਭਗਤ) ਨੇ ਪਿਆਰੇ ਗੁਰੂ ਦੇ ਪ੍ਰੇਮ ਦੁਆਰਾ ਪਤੀ (=ਪਰਮੇਸਰ) ਨੂੰ ਪਾ ਲਿਆ ਹੈ (ਤੇ ਉਸਨੂੰ ਸਦਾ) ਹਿਰਦੇ ਵਿਚ ਧਾਰਨ ਕਰੀ ਰਖਿਆ ਹੈ (ਉਸਦੀ) ਰਾਤ (=ਉਮਰਾ) ਸੁਖ ਵਿਚ ਸੁੱਤਿਆਂ (ਬੀਤਦੀ) ਹੈ । (ਭਾਵ ਉਸਦੇ ਜ਼ਿੰਦਗੀ ਦੇ ਦਿਨ ਟਿਕਾਉ ਤੇ ਸ਼ਾਂਤੀ ਵਿਚ ਸੁਖੀ ਬੀਤਦੇ ਹਨ) । (ਹਾਂ, ਧੁਰ-ਅੰਦਰਲੇ ਹਿਰਦੇ ਵਿਚ (ਉਸਨੂੰ) ਧਾਰਨ ਕੀਤੇ ਹੋਏ ਪਿਆਰੇ ਨੂੰ ਮਿਲੇ ਹੋਏ, ਹਰ ਦਿਨ ਦੁਖ ਦੂਰ ਹੁੰਦੇ ਹੋਏ, (ਪਰਮੇਸਰ ਪਤੀ ਦੇ) ਮਹਲ ਨੂੰ (ਅਪਣੇ) ਅੰਦਰ (ਪ੍ਰਾਪਤ ਹੋਏ ਹੋਏ), ਗੁਰੂ ਦੀ ਮਤਿ ਦਾ (ਸਦਾ) ਵੀਚਾਰ ਕਰਦੇ ਹੋਏ ਇਸਤ੍ਰੀ (ਰੂਪੀ ਭਗਤ) ਪਿਰ ਨੂੰ |

ਰਾਵੇਗਾ (ਭਾਵ ਵਾਹਿਗੁਰੂ ਮਿਲਾਪ ਦਾ ਆਨੰਦ ਮਾਣੇਗਾ)।

ਅੰਮ੍ਰਿਤੁ ਨਾਮੁ ਪੀਆ ਦਿਨ ਰਾਤੀ ਦੁਬਿਧਾ ਮਾਰਿ ਨਿਵਾਰੇ ॥ ਨਾਨਕ ਸਚਿ ਮਿਲੀ ਸੋਹਾਗਣਿ ਗੁਰ ਕੈ ਹੇਤਿ ਅਪਾਰੇ ॥ ੨ ॥

(ਹਾਂ ਉਸਨੇ) ਦਿਨ ਰਾਤ ਨਾਮ ਅੰਮ੍ਰਿਤ ਜੁ ਪੀਤਾ ਹੈ (ਉਹ ਨਾਮ ਦੁਬਿਧਾ ਨੂੰ ਮਾਰ ਕੇ ਦੂਰ ਕਰ ਦੇਂਦਾ ਹੈ। ਹੇ ਨਾਨਕ! (ਓਹੀ) ਸੁਹਾਗਣ (ਸੱਚਾ ਭਗਤ) ਹੈ ਜੋ ਗੁਰੂ ਦੇ ਅਪਾਰ (=ਬਹੁਤੇ) ਹਿਤ ਦੁਆਰਾ ਸਤਯ ਸਰੂਪ (ਹਰੀ) ਵਿਚ ਜਾ ਮਿਲਿਆ ਹੈ ॥ ੨ ॥

ਆਵਹੁ ਦਇਆ ਕਰੇ ਜੀਉ ਪ੍ਰੀਤਮ ਅਤਿ ਪਿਆਰੇ ॥ ਕਾਮਣਿ ਬਿਨਉ ਕਰੇ ਜੀਉ ਸਚਿ ਸਬਦਿ ਸੀਗਾਰੇ ॥ ਸਚਿ ਸਬਦਿ ਸੀਗਾਰੇ ਹਉਮੈ ਮਾਰੇ ਗੁਰਮੁਖਿ ਕਾਰਜ ਸਵਾਰੇ ॥ ਜੁਗਿ ਜੁਗਿ ਏਕੋ ਸਚਾ ਸੋਈ ਬੂਝੈ ਗੁਰ ਬੀਚਾਰੇ ॥ ਮਨਮੁਖਿ ਕਾਮਿਵਿਆਪੀ ਮੋਹਿ ਸੰਤਾਪੀ ਕਿਸੁ ਆਗੈ ਜਾਇ ਪੁਕਾਰੇ ॥

[ਅਰਦਾਸ:] ਹੇ ਅਤਿ ਪਿਆਰੇ ਪ੍ਰੀਤਮ ਜੀਓ! ਦਇਆ ਕਰਕੇ (ਮੇਰੇ ਘਰ) ਆਓ। (ਪ੍ਰੇਮੀ ਰੂਪ) ਇਸਤ੍ਰੀ ਬੇਨਤੀ ਕਰਦੀ ਹੈ ਜੀ! (ਹੁਣ ਉਹ ਗੁਰ ਦੇ) ਸ਼ਬਦ ਦੁਆਰਾ ਸੱਚ (ਅਪਣੇ ਮਨ ਦਾ) ਸ਼ਿੰਗਾਰ ਕਰਦੀ ਹੈ। (ਹਾਂ, ਉਹ ਗੁਰੂ ਕੇ) ਸ਼ਬਦ ਦੁਆਰਾ ਸੱਚ ਵਿਚ ਸ਼ਿੰਗਾਰ ਕਰਦੀ ਹੈ, (ਤੇ ਅਪਣੀ) ਹਉਮੈ ਨੂੰ ਮਾਰਦੀ ਹੈ (ਅਤੇ ਅਪਣੇ ਸਾਰੇ) ਕੰਮ ਗੁਰੂ ਦੁਆਰਾ ਸੁਆਰਦੀ ਹੈ। (ਹਾਂ, ਓਹ) ਗੁਰੂ ਦੀ ਵੀਚਾਰ ਦੁਆਰਾ (ਹੁਣ ਇਹ ਗੱਲ) ਸਮਝਦੀ ਹੈ ਕਿ ਜੁਗ ਜੁਗ ਵਿਚ ਸੱਚਾ ਇੱਕੋ ਓਹੋ (ਪ੍ਰਭੂ ਹੀ) ਹੈ। [ਬੇਨਤੀ ਮੁੱਕ ਗਈ] (ਪਰ) ਮਨਮੁਖੀ (ਰੂਪੀ ਇਸਤ੍ਰੀ ਜੋ) ਕਾਮਨਾ ਵਿਚ ਫਸੀ ਹੋਈ ਹੈ ਤੇ ਮੋਹ ਕਰਕੇ ਦੁਖੀ ਹੈ (ਉਹ) ਕਿਸ ਅੱਗੇ ਜਾਕੇ ਪੁਕਾਰ ਕਰੇ? (ਪੁਕਾਰ ਦੀ ਥਾਂ ਗੁਰੂ ਸੀ, ਉਸ ਵਲ ਉਸਦੇ ਮਨ ਦੀ ਪਿੱਠ ਹੈ)।

ਨਾਨਕ ਮਨਮੁਖਿ ਥਾਉ ਨ ਪਾਏ ਬਿਨੁ ਗੁਰ ਅਤਿ ਪਿਆਰੇ ॥੩॥

ਹੇ ਨਾਨਕ! ਮਨਮੁਖ (ਰੂਪੀ) ਇਸਤ੍ਰੀ ਅਤਿ ਪਿਆਰੇ ਗੁਰੂ ਦੇ (ਪਿਆਰ) ਬਿਨਾਂ (ਕੋਈ ਵਿਸ਼੍ਰਾਮ ਦਾ) ਟਿਕਾਣਾ ਨਹੀਂ ਪ੍ਰਾਪਤ ਕਰ ਸਕਦੀ ॥ ੩ ॥

ਮੁੰਧ ਇਆਣੀ ਭੋਲੀ ਨਿਰਗੁਣੀਆ ਜੀਉ ਪਿਰੁ ਅਗਮ ਅਪਾਰਾ ॥

ਆਪੇ ਮੇਲਿ ਮਿਲੀਐ ਜੀਉ ਆਪੇ ਬਖਸਣਹਾਰਾ ॥

ਹੇ ਜੀਓ ਜੀ! (ਵਾਹਿਗੁਰੂ ਰੂਪੀ) ਪਤੀ (ਮਨ ਬਾਣੀ ਇੰਦ੍ਰਿਆਂ ਦੀ) ਪਹੁੰਚ ਤੋਂ ਪਰੇ ਤੇ ਪਾਰ ਤੋਂ ਰਹਿਤ ਹੈ, ਤੇ (ਪ੍ਰੇਮੀ ਰੂਪੀ) ਇਸਤ੍ਰੀ ਅਞਾਣੀ ਹੈ, ਭੋਲੀ ਹੈ ਤੇ ਗੁਣਾਂ ਤੋਂ ਰਹਿਤ ਹੈ। ਹੇ ਵਾਹਿਗੁਰੂ) ਜੀਓ! (ਤੁਸੀਂ) ਆਪ ਹੀ (ਉਸਨੂੰ ਗੁਰੂ ਦੇ ਯਾ ਅਪਣੇ) ਮੇਲ ਵਿਚ ਮੇਲ ਲਓ, (ਕਿਉਂਕਿ) ਬਖਸ਼ਿੰਦ ਬੀ ਤੂੰ ਆਪ ਹੀ ਹੈਂ। (ਹਾਂ ਜੀਓ)!

ਅਵਗਣ ਬਖਸਣਹਾਰਾ ਕਾਮਣਿ ਕੰਤੁ ਪਿਆਰਾ ਘਟਿ ਘਟਿ ਰਹਿਆ ਸਮਾਈ ॥ ਪ੍ਰੇਮ ਪ੍ਰੀਤਿ ਭਾਇ ਭਗਤੀ ਪਾਈਐ ਸਤਿਗੁਰਿ ਬੂਝ ਬੁਝਾਈ ॥ ਸਦਾ ਅਨੰਦਿ ਰਹੈ ਦਿਨ ਰਾਤੀ ਅਨਦਿਨੁ ਰਹੈ ਲਿਵ ਲਾਈ ॥ ਨਾਨਕ ਸਹਜੇ ਹਰਿ ਵਰੁ ਪਾਇਆ ਸਾਧਨ ਨਉਨਿਧਿ ਪਾਈ ॥੪॥੩॥

ਇਸਤ੍ਰੀ ਨੂੰ ਪਿਆਰਾ ਪਤੀ ਅਵਗੁਣਾਂ ਨੂੰ ਬਖਸ਼ਣੇ ਵਾਲਾ ਹੈ, (ਤੇ ਉਹ ਇਕ ਦੇਸ਼ੀ ਨਹੀਂ ਉਹ) ਹਿਰਦੇ ਹਿਰਦੇ ਵਿਚ ਸਮਾ ਰਿਹਾ ਹੈ। (ਸਾਨੂੰ) ਸਤਿਗੁਰੂ ਨੇ ਇਹ ਸਮਝ ਬੁਝਾ ਦਿੱਤੀ ਹੈ (ਕਿ ਉਸਨੂੰ) ਪ੍ਰੇਮ, ਪ੍ਰੀਤ, ਸ੍ਰਧਾ ਤੇ ਭਗਤੀ ਨਾਲ ਪਾਈਦਾ ਹੈ। (ਸੋ ਜੋ ਕੋਈ ਉਸ ਵਿਚ) ਦਿਨੇ ਰਾਤ (ਇਸ ਪ੍ਰੇਮ ਭਾਵਨਾ ਨਾਲ) ਲਿਵ ਲਾਈ ਰਖੂ, ਉਹ ਸਦਾ, ਦਿਨੇ ਰਾਤ, ਆਨੰਦ ਰਹੂ। ਹੇ ਨਾਨਕ! (ਜਿਸਨੇ) ਸਹਿਜ ਦੁਆਰਾ ਹਰੀ ਰੂਪ ਵਰ ਪਾ ਲਿਆ ਹੈ ਉਸ (ਪ੍ਰੇਮੀ ਰੂਪ) ਇਸਤ੍ਰੀ (ਨੇ ਜਾਣੋਂ) ਨੌ ਨਿਧੀਆਂ ਪਾ ਲਈਆਂ ਹਨ ॥ ੪ ॥ ੩ ॥

**ਵ੍ਯਾਖ੍ਯਾ**--ਇਸ ਛੰਤ ਵਿਚ ਬਿਰਹ ਵਿਚ ਅਕੁਲਾ ਰਹੀ ਇਸਤ੍ਰੀ ਦੇ ਰੂਪਕ ਵਿਚ ਵਾਹਿਗੁਰੂ ਦੇ ਵਿਯੋਗ ਵਿਚ ਅਕੁਲਾ ਰਹੇ ਪ੍ਰੇਮੀ ਦਾ ਜ਼ਿਕਰ ਨਹੀਂ ਪਰ ਹਰੀ ਰਸ ਨਾਲ ਵਿੰਨ੍ਹੀ, ਹਰੀ ਨੂੰ ਚੰਗੀ ਲਗ ਰਹੀ ਇਸਤ੍ਰੀ ਦੇ ਰੂਪਕ ਵਿਚ ਪ੍ਰੇਮਾ ਭਗਤੀ ਵਾਲੇ ਭਗਤ ਦਾ ਵਰਣਨ ਹੈ। ਉਸ ਦੀ ਕਰਣੀ, ਉਸ ਦੇ ਲੱਛਣ, ਉਸ ਦੇ ਸੁਭਾਵ ਭੂਤ ਹੋ ਗਏ ਗਣ, ਉਸ ਦੀ ਪ੍ਰਾਪਤੀ ਤੇ ਉਸ ਤੇ ਮੇਹਰ ਸਾਰਾ ਕੁਛ ਵਰਣਨ ਕੀਤਾ ਹੈ। ਪਹਿਲੇ ਢਾਈ ਅੰਕਾਂ ਵਿਚ ਉਸੇ ਦਾ ਹਾਲ ਹੈ ਤੇ ਧੁਨੀ ਵਿਚ ਪ੍ਰੇਰਨਾ ਹੈ ਸਾਨੂੰ ਉਸ ਆਦਰਸ਼ ਤੇ ਅੱਪੜਨ ਦੀ। ਅੰਕ ਦੋ ਦੀਆਂ ਅਖੀਰਲੀਆਂ ਦੋ ਤੁਕਾਂ ਵਿਚ ਲਗਦੇ ਹੱਥ ਫਰਕ ਦਿਖਾਲਣ ਲਈ ਮਨਮੁਖ ਦਾ ਜ਼ਿਕਰ ਹੈ। ਅਤੇ ਅੰਕ ਇਕ ਵਿਚ ਇਸ ਸਰੀਰ ਦਾ ਆਮ ਹਾਲਤਾਂ ਵਿਚ ਪਾਪ ਖਚਿਤ ਹਣ ਦਾ ਜ਼ਿਕਰ ਹੈ।

ਅੰਕ ੩ ਤੇ ਚਾਰ ਵਿਚ ਫੇਰ ਉਸੇ ਸੁਭਾਗ ਪੁਰਖ ਗੁਰਮੁਖ ਦਾ ਹੀ ਵਰਣਨ ਹੈ, ਜਿਸ ਨੂੰ ਵਾਹਿਗੁਰੂ ਜੀ ਪ੍ਰਾਪਤ ਹੋ ਗਏ ਹੋਏ ਹਨ।

ਅੰਕ ੧ ਵਿਚ ਦੱਸਿਆ ਹੈ ਕਿ ਜੋ ਪ੍ਰੇਮੀ ਹਰੀ ਰਸ ਨਾਲ ਵਿੰਨ੍ਹਿਆ ਗਿਆ ਹੈ, ਅਰ ਦਾਸ ਜਿਸ ਦੇ ਅੰਦਰ ਬਾਹਰ ਹਰੀ ਰਸ ਡੁਲ੍ਹ ਡੁਲ੍ਹ ਪੈ ਰਿਹਾ ਹੈ ਉਸ ਉਪਰ ਪਤੀ ਪਰਮੇਸ਼ੁਰ ਦੀ ਪ੍ਰਸੰਨਤਾ ਹੋ ਰਹੀ ਹੈ। ਉਸ ਦੇ ਮਨ ਨੂੰ ਵਾਹਿਗੁਰੂ ਨੇ ਮੋਹ ਕੇ ਅਪਣਾ ਲਿਆ ਹੈ ਤੇ ਤਦੇ ਹਰੀ ਰਸ ਡੁਲ੍ਹ ਡੁੱਲ੍ਹ ਪੈ ਰਿਹਾ ਹੈ। ਉਹ ਮਨ ਹਰੀ ਰਸ ਨੂੰ ਛੱਡ ਕੇ ਹੋਰ ਪਾਸੇ ਨਹੀਂ ਜਾਂਦਾ। ਉਸ ਦੇ ਲੱਛਣ ਦੱਸਦੇ ਹਨ। ਉਸ ਦੀ ਦੁਬਿਧਾ ਦੂਰ ਹੋ ਜਾਂਦੀ ਹੈ, ਦੁਚਿਤਾਈ ਨਹੀਂ ਰਹਿੰਦੀ। ਕਿਸੇ ਹੋਰਸ ਵਿਚ ਖਿੱਚ ਨਹੀਂ ਰਹਿੰਦੀ। ਚਿਤ ਵਿਚ ਹੋਰ ਭਾਵ ਤੇ ਦੁਚਿਤਾਈ ਦੀ ਥਾਂ ਸਹਜ ਸਿੰਜਰ ਜਾਂਦਾ ਹੈ। ਸਹਜ ਹੈ ਜੋ ਗੁਣਾਂ ਤੋਂ ਉਪਰ ਸੁਤੇ ਟਿਕਾਉ ਵਿਚ ਲੈ ਜਾਂਦਾ ਹੈ। ਇਹ ਸੁਣਕੇ ਪ੍ਰਸੰਨ ਹੋ ਪੈਂਦਾ ਹੈ ਕਿ ਸਾਡਾ ਆਮ ਜੀਵਾਂ ਦਾ ਮਨ ਤਾਂ ਕੂੜ ਤੇ ਕੁਸੱਤ ਨਾਲ ਗਲ ਤੀਕ ਭਰਿਆ ਰਹਿੰਦਾ ਹੈ, ਜਿਸਦੇ ਅਸਰ ਹੇਠ ਅਸੀਂ ਪਾਪ ਕਰਦੇ ਰਹਿੰਦੇ ਹਾਂ, ਇਹ ਕਿਵੇਂ ਮੁਮਕਿਨ ਸੰਭਵ ਹੋ ਜਾਂਦਾ ਹੈ ਕਿ ਜੀਵ ਐਨਾ ਹਰੀ ਰਸ ਵਿਚ ਮਗਨ ਹੋ ਜਾਂਦਾ ਹੈ ਕਿ ਹਰੀ ਉਸ ਨੂੰ ਪਿਆਰ ਕਰਨ ਲਗ ਪੈਂਦਾ ਹੈ? ਇਸ ਦਾ ਉੱਤਰ ਦੇਂਦ ਹਨ ਕਿ ਇਹ ਹਾਲਤ ਗੁਰੂ ਦੀ ਮੇਹਰ ਨਾਲ ਹੁੰਦੀ ਹੈ, ਉਹ ਸਾਨੂੰ ਭਗਤੀ ਸਿਖਾਲਦਾ ਹੈ. ਭਗਤੀ ਨਾਲ ਹਉਂ ਦੀ ਮੈਲ ਦੂਰ ਹੁੰਦੀ ਹੈ, ਮੈਲ ਦੂਰ ਹੋਣ ਨਾਲ ਸਹਜ ਦੀ ਅਵਸਥਾ ਪੈਦਾ ਹੁੰਦੀ ਹੈ। ਉਹ ਅਵਸਥਾ 'ਹੁਣ ਹੈ ਤੇ ਹੁਣ ਨਹੀਂ' ਐਉਂ ਦੀ ਨਹੀਂ ਹੁੰਦੀ, ਉਹ ਅੰਤਰ ਇਕ ਧੁਨਿ ਦੀ ਤਰ੍ਹਾਂ ਲਗਾਤਾਰੀ ਵਸਤੂ ਹੋ ਜਾਂਦੀ ਹੈ। ਉਹ ਸਹਜ ਦੀ ਮਾਨੋਂ ਧੁਨਿ ਹੁੰਦੀ ਹੈ, ਸੰਗੀਤਕ ਰੂਪ ਵਿਚ ਰਸ ਭਰੀ ਹੁੰਦੀ ਹੈ ਤੇ ਲਗਾਤਾਰੀ ਹੁੰਦੀ ਹੈ।

ਇਥੇ ਫੁਰਮਾਉਂਦੇ ਹਨ ਕਿ ਹੋਰ ਤਰ੍ਹਾਂ ਹਉਂ ਦੂਰ ਨਹੀਂ ਹੁੰਦੀ ਕਿਉਂਕਿ ਹੋਰ ਜੋ ਕੁਛ ਕਰੀਦਾ ਹੈ ਹਉਮੈ ਦੇ ਆਸਰੇ ਨਾਲ ਕਰੀਦਾ ਹੈ, ਪ੍ਰੇਮ ਭਗਤੀ ਹਉ ਆਸ਼੍ਰਿਤ ਨਹੀਂ। ਪ੍ਰੇਮ ਤੇ ਭਗਤੀ ਤਾਂ ਦੇਣ ਦਾ ਨਾਮ ਹੈ। ਜੋ ਪਿਆਰ ਕਰਦਾ ਹੈ ਪਿਆਰੇ ਦੀ ਪ੍ਰਸੰਨਤਾ ਲਈ ਸਭ ਕੁਛ ਸਦਕੇ ਕਰਦਾ ਹੈ, ਸੋ ਪ੍ਰੇਮ ਕਰਨਾ ਜਾਪਦਾ ਐਉਂ ਹੈ ਕਿ ਜਿਵੇਂ 'ਗ੍ਰਹਣ' ਹੈ ਪਰ ਹੁੰਦਾ 'ਤਯਾਗ' ਹੈ। ਜਿਵੇਂ ਮਾਂ ਦੇ ਬੱਚੇ ਨਾਲ ਪਿਆਰ ਵਿਚ ਵੇਖ ਲਵੋ ਕਿ ਉਹ ਬੱਚੇ ਨੂੰ ਪਿਆਰਦੀ ਖੁਸ਼ੀ ਹੁੰਦੀ ਹੈ, ਜਿਵੇਂ ਕਿ 'ਗ੍ਰਹਣ' ਵਿਚ ਸਾਧਾਰਨ ਜੀਵ ਲੈ ਲੈਕੇ ਪ੍ਰਸੰਨ ਹੁੰਦੇ ਹਨ, ਪਰ ਅਸਲ ਵਿਚ ਮਾਤਾ ਬੱਚੇ ਦੇ ਸੁਖ ਲਈ ਅਪਣਾ ਸਭ ਕੁਛ ਖਰਚ ਕਰਦੀ, ਦੇਂਦੀ ਹੀ ਦੇਂਦੀ ਹੈ। ਉਸ ਦੇਣ ਵਿਚ ਸੁਖ ਮਨਾਉਂਦੀ ਹੈ। ਇਸੀ ਤਰਾਂ ਪ੍ਰੇਮੀ ਵਾਹਿਗੁਰੂ ਨੂੰ ਪਿਆਰ ਕਰਨ ਵਿਚ ਹਉਮੈਂ ਛੱਡੀ ਜਾਂਦਾ ਹੈ ਤੇ ਉਸ ਦੇ ਪਿਆਰ ਵਿਚ ਅਨਕੂਲ ਹੁੰਦਾ ਹੁੰਦਾ ਹਉਮੈਂ ਰਹਿਤ ਹੋ ਜਾਂਦਾ ਹੈ, ਇਉਂ ਪ੍ਰੇਮਾ ਭਗਤੀ ਹਉਮੈਂ ਦੀ ਮੈਲ ਕੱਟਦੀ ਹੈ।

ਅੰਕ ੨ ਵਿਚ ਮੁੱਖ ਗਲ ਫੁਰਮਾਉਂਦੇ ਹਨ ਕਿ ਗੁਰੂ ਦੇ ਅਪਾਰ ਪਿਆਰ ਨਾਲ ਸਿਖ ਇਸ ਕਾਰਜ ਵਿਚ ਲਗਦਾ ਹੈ। ਪਹਿਲੀ ਤੇ ਅੰਤਲੀ ਤੁਕ ਵਿਚ ਗੁਰੂ ਦਾ ਸਿਖ ਨੂੰ ਸਿਮਰਨ ਵਿਚ ਲਾਕੇ,

ਪ੍ਰੇਮ ਵਿਚ ਪਾਕੇ ਉੱਨਤ ਕਰ ਦੇਣਾ ਦੱਸਿਆ ਹੈ। ਬਾਕੀ ਸਤਰਾਂ ਵਿਚ ਮਿਲੇ ਹੋਏ ਭਗਤ ਪ੍ਰੇਮੀ ਦੇ ਲੱਛਣ ਕਹੇ ਹਨ। ਉਸ ਦੇ ਧੁਰ ਅੰਦਰਲੇ ਮਨ ਵਿਚ ਸਾਈਂ ਦਾ ਨਾਮ ਤੇ ਸਰੂਪ ਬੈਠ ਰਿਹਾ ਹੈ। ਦੁਖ ਉਸ ਦੇ ਇਸ ਪ੍ਰਾਪਤੀ ਕਰਕੇ ਦੂਰ ਹੋਏ ਰਹਿੰਦੇ ਹਨ, ਕਿਉਂਕਿ ਅੰਤਰ ਸਾਈਂ ਬੈਠੇ ਵਾਲੇ ਨੂੰ ਰਜ਼ਾ ਪ੍ਰਾਪਤ ਹੋ ਜਾਂਦੀ ਹੈ। ਫੇਰ ਉਸ ਨੂੰ ਦੁਚਿਤਾਈ ਕਿ ਦੂਤੀਆ ਭਾਵ ਨਹੀਂ ਰਹਿੰਦਾ, ਕਿਉਂਕਿ ਨਾਮ ਅੰਮ੍ਰਿਤ ਉਸ ਨੂੰ ਇਕ ਦੀ ਲਗਨ ਵਿਚ ਰੱਖ ਰੱਖ ਕੇ ਲਿਵਧਾਰੀ ਬਣਾ ਦੇਂਦਾ ਹੈ। ਲਿਵ ਵਿਚ ਲੀਨ ਓਹ ਅੰਦਰੇਂ ਹੀ ਸਾਈਂ ਦੇ ਸਰੂਪ ਨੂੰ ਪ੍ਰਾਪਤ, ਉਸ ਦੇ ਮੇਲ ਰਸ ਵਿਚ ਮਗਨ, ਤਦਰੂਪ ਹੋਇਆ ਰਹਿੰਦਾ ਹੈ। ਇਸ ਨੂੰ ਆਪ ਜੀ ਅੰਤਲੀ ਤੁਕ ਵਿਚ ਸੋਹਾਗਣ ਗੁਰਮੁਖ ਆਖਦੇ ਹਨ।

ਅੰਕ ੩ ਬੇਨਤੀ ਤੋਂ ਆਰੰਭ ਹੁੰਦਾ ਹੈ। ਮਾਨੋਂ ਉਪਰਲੀ ਗਲ ਬਾਤ ਸੁਣਕੇ ਕੋਈ ਹੋਰ ਪ੍ਰੇਮੀ ਇਸ ਅਵਸਥਾ ਦੀ ਪ੍ਰਾਪਤੀ ਲਈ ਅਰਦਾਸ ਕਰਦਾ ਹੈ ਕਿ ਜਿਵੇਂ ਆਪ ਹਰ ਰਸ ਬੇਧੀ ਦੇ ਅੰਦਰ ਆਇ ਵੱਸ ਰਹੇ ਤੇ ਉਸ ਨੂੰ ਪਿਆਰ ਕਰ ਰਹੇ ਹੋ ਮੈਨੂੰ ਵੀ ਆਓ। ਇਸ ਦੀਆਂ ਬਾਕੀ ਸਤਰਾਂ ਵਿਚ ਗੁਰਮੁਖ ਦੀ ਅਵਸਥਾ ਦੱਸੀ ਹੈ। ਸਤਰ ਤੀਸਰੀ ਵਿਚ ਸਾਫ ਪਦ–ਗੁਰਮੁਖ–ਵਰਤਿਆ ਹੈ, ਜੋ ਦੱਸ ਰਿਹਾ ਹੈ ਕਿ ਸੁਹਾਗਣ ਦਾ ਇਹੋ ਭਾਵ ਹੈ ਤੇ ਇਸੇ ਦੇ ਲੱਛਣ ਤੇ ਅਵਸਥਾ ਵਰਣਨ ਹੈ। ਸਤਰ ਪੰਜਵੀਂ ਵਿਚ ਲਗਦੇ ਹੱਥ ਗੁਰਮੁਖ ਦੇ ਟਾਕਰੇ ਤੇ ਮਨਮੁਖ ਦਾ ਜ਼ਿਕਰ ਹੈ ਤੇ ਉਸ ਦੀ ਤਰਸ ਯੋਗ ਨਿਰਾਸ ਅਵਸਥਾ ਦੱਸੀ ਹੈ, ਪਰ ਅਗਲੀ ਸਤਰ ਵਿਚ ਵਯੰਗ ਨਾਲ ਉਸ ਦੀ ਆਸ ਬਨ੍ਹਾਈ ਹੈ ਕਿ ਜੇ ਉਹ ਗੁਰੂ ਨੂੰ ਮਿਲ ਪਵੇ ਤਾਂ ਉਸ ਦੇ ਪਿਆਰ ਨਾਲ ਉਸ ਨੂੰ ਥੀ ਟਿਕਾਣਾ ਪ੍ਰਾਪਤ ਹੋ ਜਾਏਗਾ।

ਅੰਕ ੪–ਇਸ ਵਿਚ ਇਕ ਸੁਮਤਿ, ਇਕ ਸੋਝੀ ਵਰਣਨ ਕਰਦੇ ਹਨ ਜੋ ਭਗਤ ਪੁਰਖ ਨੂੰ ਗੁਰੂ ਤੋਂ ਪ੍ਰਾਪਤ ਹੁੰਦੀ ਅੰਗ ਸੰਗ ਰਹਿੰਦੀ ਹੈ, ਜੋ ਸਤਰ ੪ ਵਿਚ ਹੈ: ਸਦਾ ਪ੍ਰੇਮ ਵਿਚ, ਪ੍ਰੀਤ ਵਿਚ, ਸ਼ਰਧਾ ਵਾਲੀ ਪ੍ਰੇਮਾ ਭਗਤੀ ਵਿਚ ਰਹੋ। ਗਯਾਨ ਧਯਾਨ ਕੋਈ ਖ਼ੁਸ਼ਕ ਪ੍ਰਾਪਤੀ ਹਿਸਾਬੀ ਲੇਖਾ ਪੜ੍ਹੀ ਨਹੀਂ ਹੈ। ਇਹ ਪ੍ਰੀਤ ਹੈ, ਪ੍ਰੇਮਾ ਭਗਤੀ ਹੈ। ਇਹ ਜਵਾਬ ਹੈ ਪਹਿਲੀ ਸਤਰ ਵਿਚ ਵਾਹਿਗੁਰੂ ਪ੍ਰਾਪਤੀ ਦੇ ਚਾਹਵਾਨ ਤੇ ਭੋਲੇ ਤੇ ਨਿਰਗੁਣ ਹੋਣ ਦੇ ਦਾਰੂ ਦਾ ਕਿ ਪ੍ਰੇਮਾ ਭਗਤੀ ਉਸ ਦਾ ਸਭ ਕੁਛ ਸਾਰ ਦੇਂਦੀ ਹੈ। ਦੂਜੀ ਬੂਝ ਸਤਿਗੁਰ ਨੇ ਜੋ ਬੁਝਾਈ ਇਹ ਦੱਸੀ ਹੈ ਕਿ ਵਾਹਿਗੁਰੂ ਨੂੰ ਬਖਸ਼ਿੰਦ ਸਮਝੋ; ਅਪਣੇ ਅਵਗੁਣਾਂ ਦੀ ਸ਼ਰਮ ਕਰਕੇ ਉਸ ਦੀ ਸ਼ਰਣ ਪੈਣੋਂ ਨਾ ਰੁਕੋ। ਉਹ ਬਖ਼ਸ਼ਣ ਹਾਰਾ ਹੈ। ਤੀਸਰੀ ਸੰਥਾ ਇਹ ਦੇਂਦੇ ਹਨ ਕਿ ਸ਼ੁਰੂ ਤੋਂ ਅੰਤ ਤਕ ਕਿਤੇ ਇਹ ਨਾ ਸਮਝੋ ਕਿ ਤੁਹਾਡੇ ਕੋਈ ਉਪਰਾਲੇ ਕਾਮਯਾਬੀ ਲਿਆ ਰਹੇ ਹਨ, ਇਹ ਸਮਝਣਾ ਮੋਈ ਹਉਂ ਨੂੰ ਫੇਰ ਜਿਵਾਲਣਾ ਹੋਵੇਗਾ। ਸਦਾ ਇਹ ਸਮਝੋ ਕਿ ਤੁਸੀਂ ਜੇ ਮਿਲ ਪਏ ਹੋ ਇਹ ਉਸੇ ਦੀ ਅਨੁਗ੍ਰਹਿ ਹੈ, ਉਸੇ ਨੇ ਮੇਲ ਲਿਆ ਹੈ। ਇਹ ਸਮਝਣ ਮਾਤ੍ਰ ਨਹੀਂ, ਵਾਕਿਆ ਵਿਚ ਇਹੋ ਗਲ ਹੈ ਕਿ ਜਦ ਸਤਿਗੁਰੂ ਮਿਲਿਆ, ਤਾਂ ਉਸ ਨੇ ਮੇਲਿਆ, ਸਾਡੇ ਪਾਪਾਂ ਦੇ ਪਹਾੜ ਪਰੇ ਕੀਤੇ ਤਾਂ ਸਤਿਗੁਰ ਮਿਲਿਆ। ਫਿਰ ਜੇ ਸਤਿਗੁਰੂ ਨੇ ਨਾਮ ਤੇ ਪ੍ਰੇਮ ਭਗਤੀ ਵਿਚ ਪਾਕੇ ਲਿਵ ਲੁਆਈ ਤਾਂ ਗੁਰੂ ਵਿਚ ਉਹੋ ਬਖ਼ਸ਼ਿੰਦ ਮੇਹਰਬਾਨ ਹੋਕੇ ਵਰਤ ਰਿਹਾ ਸੀ। ਸੋ ਪ੍ਰੇਮੀ ਭਗਤ ਨੇ ਜਦ ਹਰੀ ਪਾ ਲਿਆ ਹੈ ਤਾਂ ਉਸੇ ਹਰੀ ਦੀ ਮੇਹਰ ਹੈ ਜਿਸ ਦੇ ਪਿਆਰ ਨੇ ਹਉਂ ਕੱਟਕੇ ਸਤਜ ਵਿਚ ਵਰਤੇ ਨੂੰ ਸਚਿਆਰ ਕਰਕੇ ਨਾਲ ਮੇਲ ਲਿਆ ਹੈ।

**ਨਿਰੁਕ੍ਤ**–ਬੇਧੀ–ਵਿੰਨ੍ਹੀ ਹੋਈ, ਜਿਸ ਦੇ ਮਨ ਦੇ ਅਵੈਵਾਂ ਵਿਚ ਹਰੀ ਰਸ ਭਰ ਰਿਹਾ ਹੈ।

ਸਹਜਿ ਸੁਭਾਇ–ਸਹਜ+ਸੁ+ਭਾਇ=ਸਹਜੇ ਹੀ ਭਾਏਗਾ, ਚੰਗਾ ਲਗੇਗਾ।

ਮੋਹਨਿ–ਮੋਹ ਲੈਣ ਵਾਲੇ ਨੇ। ਵਾਹਿਗੁਰੂ ਨੇ।

ਦੁਬਿਧਾ–ਦੁਚਿਤਾਈ। ਦੁਤੀਆ ਭਾਵ [ਦੇਖੋ ਪਿੱਛੇ ਪੰਨਾ ੨੯੮]।

[illegible] ਮੁਹਾਵਰਾ ਹੈ ਕੱਠੇ ਬੋਲਣ ਦਾ।

ਸਹਜ ਧੁਨਿ–ਸੁਤੇ ਹੀ ਆਤਮਾ ਨੂੰ ਅਪਣੇ ਆਤਮ ਰੰਗ ਵਿਚ ਰੱਖਣ ਵਾਲੀ ਲਗਾਤਾਰੀ ਅਵਸਥਾ ਜੋ ਧੁਨਿ ਵਾਂਙੂ ਸੰਗੀਤਕ ਤੇ ਲਗਾਤਾਰੀ ਅਵਿਰਲ ਤੁਰਦੀ ਹੈ।

ਅੰਤਰਿ ਉਰਿਧਾਰੇ–ਅੰਦਰਲੇ ਵਿਚ (ਜੋ) ਉਰ ਹੈ ਉਸ ਵਿਚ ਧਾਰੇ। ਧੁਰ ਅੰਦਰਲੇ ਮਨ ਵਿਚ ਧਾਰਨ ਕਰੇ। ਕਾਮਿ–ਕਾਮਨਾ ਵਿਚ। ਕਾਮ ਵਿਚ।

ਮੋਹਿ ਸੰਤਾਪੀ–ਮੋਹ ਕਰਕੇ ਤੱਪਸ਼ ਵਿਚ ਮੋਹ ਵਿਚ ਦੁਖੀ।

ਨਿਗੁਣੀਆ–ਨਿਰਗੁਣੀ। ਗੁਣਾਂ ਤੋਂ ਰਹਿਤ।

## [ਗਉੜੀ ਮਹਲਾ ੩, ਛੰਤ–੬]

**ਪ੍ਰਾਕ੍ਥਨ–**ਜਿਸ ਰੰਗ ਵਿਚ ਪਹਿਲੇ ਦੋ ਛੰਤ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਚਾਰੇ ਹਨ, ਉਹਨਾਂ ਨੂੰ ਲੈਕੇ ਉਸੇ ਢੰਗ ਵਿਚ ਤ੍ਰੈ ਛੰਤ ਜੋ ਪਿੱਛੇ ਆ ਚੁਕੇ ਹਨ ਤੀਸਰੀ ਪਾਤਸ਼ਾਹੀ ਨੇ ਉਚਾਰੇ ਹਨ। ਏਹ ਤ੍ਰੈ ਮਾਨੋਂ ਉਹਨਾਂ ਦੋਹਾਂ ਦਾ ਅਨੁਵਾਦ ਹੈ, ਜਿਨ੍ਹਾਂ ਨੂੰ ਵਾਚਕੇ ਪਹਿਲੇ ਦੋਹਾਂ ਦੇ ਭਾਵ ਖੁੱਲ੍ਹ ਜਾਂਦੇ ਹਨ

ਹੁਣ ਸ੍ਰੀ ਗੁਰੂ ਜੀ ਬਿਰਹਨੀ ਦੇ ਰੂਪਕ ਵਿਚ ਵਰਣਨ ਕਰਦੇ ਹੋਏ ਅਗਲੇ ਛੰਤ ਵਿਚ ਉਪਦੇਸ਼ ਰੂਪ ਵਿਚ ਮਾਇਆ ਰੂਪੀ ਸਰ ਦੀ ਸਬਲਤਾ ਤੇ ਉਸ ਤੋਂ ਤਰਨੇ ਦਾ ਉਪਾਉ ਵਰਣਨ ਕਰਦੇ ਹਨ।

| ਮੂਲ | ਅਰਥ |
|---|---|
| ਗਉੜੀ ਮਹਲਾ ੩ ॥ | |
| ਮਾਇਆ ਸਰੁ ਸਬਲੁ ਵਰਤੈ ਜੀਉ ਕਿਉ ਕਰਿ ਦੁਤਰੁ ਤਰਿਆ ਜਾਇ॥ ਰਾਮ ਨਾਮੁ ਕਰਿ ਬੋਹਿਥਾ ਜੀਉ ਸਬਦੁ ਖੇਵਟੁ ਵਿਚਿ ਪਾਇ॥ਸਬਦੁ ਖੇਵਟੁ ਵਿਚਿ ਪਾਏ ਹਰਿ ਆਪਿ ਲਘਾਏ ਇਨ ਬਿਧਿ ਦੁਤਰੁ ਤਰੀਐ ॥ ਗੁਰਮੁਖਿ ਭਗਤਿ ਪਰਾਪਤਿ ਹੋਵੈ ਜੀਵਤਿਆ ਇਉ ਮਰੀਐ॥ ਖਿਨ ਮਹਿ ਰਾਮ ਨਾਮਿ ਕਿਲਵਿਖ ਕਾਟੇ ਭਏ ਪਵਿਤੁ ਸਰੀਰਾ ॥ ਨਾਨਕ ਰਾਮ ਨਾਮਿ ਨਿਸਤਾਰਾ ਕੰਚਨ ਭਏ ਮਨੂਰਾ॥੧॥ | [ਪ੍ਰਸ਼ਨ:] ਹੇ ਜੀਓ ਜੀ! ਮਾਇਆ (ਤਾਂ ਇਕ) ਬਹੁਤ ਬਲ ਵਾਲਾ ਸਮੁੰਦਰ ਵਰਤ ਰਿਹਾ ਹੈ,(ਇਸ) ਔਖ ਨਾਲ ਤਰੇ ਜਾਣ ਵਾਲੇ ਨੂੰ ਕੀਕੂੰ ਤਰਿਆ ਜਾਵੇ ? [ਉੱਤਰ:] ਰਾਮ ਦੇ ਨਾਮ ਨੂੰ ਜਹਾਜ਼ ਬਣਾ ਲੈ ਤੇ ਵਿੱਚ (ਗੁਰੂ ਦੇ) ਸ਼ਬਦ ਨੂੰ ਮਲਾਹ (ਬਣਾ ਕੇ) ਚੜ੍ਹਾ ਲੈ। ਜਦ ਸ਼ਬਦ (ਰੂਪੀ) ਮਲਾਹ ਵਿਚ ਪਾ ਲਿਆ ਜਾਏ (ਤਦ, ਹਰੀ ਆਪੇ ਪਾਰ ਲੰਘਾਉਂਦਾ ਹੈ, ਇਸਤਰ੍ਹਾਂ ਦੁਤਰ ਨੂੰ ਤਰੀ ਦਾ ਹੈ, (ਅਰਥਾਤ) ਗੁਰੂ ਦੁਆਰਾ ਭਗਤੀ ਪ੍ਰਾਪਤ ਹੁੰਦੀ ਹੈ, ਐਉਂ ਜੀਉਂਦਿਆਂ ਮਰ ਜਾਈਦਾ ਹੈ। ਭਾਵ ਮਾਇਆ ਤੋਂ ਬਚ ਜਾਈਦਾ ਹੈ)। (ਇਕ) ਛਿਨ ਵਿਚ ਰਾਮ ਦਾ ਨਾਮ (ਸਾਰੇ) ਪਾਪ ਕੱਟ ਦੇਂਦਾ ਹੈ ਤੇ ਸਰੀਰ ਪਵਿਤ੍ਰ ਹੋ ਜਾਂਦੇ ਹਨ। ਹੇ ਨਾਨਕ ! ਰਾਮ ਦੇ ਨਾਮ ਨਾਲ ਨਿਸਤਾਰਾ (ਹੋ ਜਾਂਦਾ) ਹੈ, (ਜਿਵੇਂ ਕਿ ਪਾਰਸ ਛੁਹ ਨਾਲ) ਮਨੂਰ ਸੋਨਾ ਹੋ ਜਾਂਦੇ ਹਨ ॥ ੧ ॥ |
| ਇਸਤਰੀ ਪੁਰਖ ਕਾਮਿ ਵਿਆਪੇ ਜੀਉ ਰਾਮ ਨਾਮ ਕੀ ਬਿਧਿ ਨਹੀ ਜਾਣੀ॥ ਮਾਤ ਪਿਤਾ ਸੁਤ ਭਾਈ ਖਰੇ ਪਿਆਰੇ ਜੀਉ ਡੂਬਿ ਮੁਏ ਬਿਨੁ ਪਾਣੀ॥ ਡੂਬਿ ਮੁਏ ਬਿਨੁ | (ਕੀ) ਇਸਤ੍ਰੀ (ਕੀ) ਪੁਰਖ ਕਾਮ ਵਿਚ ਫਸੇ (=ਲੱਗੇ) ਹੋਏ ਹਨ, (ਇਸ ਕਰਕੇ) ਰਾਮ ਦੇ ਨਾਮ ਦੀ ਵਿਧੀ (ਕਿਸੇ ਨੇ) ਨਹੀਂ ਜਾਣੀ। (ਹਾਂ) ਜੀਓ ਜੀ ! (ਸਭ ਕਿਸੇ ਨੂੰ) ਮਾਤਾ, ਪਿਤਾ, ਪੁਤ੍ਰ, ਭਰਾ ਬਹੁਤ ਪਿਆਰੇ ਹਨ (ਪਰ ਸਾਰੇ ਮਾਇਆ ਦੇ) ਬਿਨ ਪਾਣੀ (ਸਮੁੰਦਰ ਵਿਚ, ਭਾਵ ਮ੍ਰਿਗ ਤ੍ਰਿਸ਼ਨਾ ਦੇ ਥਲ ਵਿਚ) ਡੁਬ ਡੁਬ ਮੋਏ ਹਨ। ਹਾਂ, ਬਿਨ ਪਾਣੀਏ |

ਪਾਣੀ ਗਤਿ ਨਹੀ ਜਾਣੀ ਹਉਮੈ ਧਾਤੁ ਸੰਸਾਰੇ ॥

ਜੋ ਆਇਆ ਸੋ ਸਭੁ ਕੋ ਜਾਸੀ ਉਬਰੇ ਗੁਰ ਵੀਚਾਰੇ ॥ ਗੁਰਮੁਖਿ ਹੋਵੈ ਰਾਮ ਨਾਮੁ ਵਖਾਣੈ ਆਪਿ ਤਰੈ ਕੁਲ ਤਾਰੇ ॥ ਨਾਨਕ ਨਾਮੁ ਵਸੈ ਘਟ ਅੰਤਰਿ ਗੁਰਮਤਿ ਮਿਲੇ ਪਿਆਰੇ ॥ ੨ ॥

ਰਾਮਨਾਮਬਿਨੁਕੋ ਥਿਰੁਨਾਹੀ ਜੀਉ ਬਾਜੀ ਹੈ ਸੰਸਾਰਾ ॥ ਦ੍ਰਿੜੁ ਭਗਤਿ ਸਚੀ ਜੀਉ ਰਾਮ ਨਾਮੁ ਵਾਪਾਰਾ ॥ ਰਾਮ ਨਾਮੁ ਵਾਪਾਰਾ ਅਗਮ ਅਪਾਰਾ ਗੁਰਮਤੀ ਧਨੁ ਪਾਈਐ ॥ ਸੇਵਾ ਸੁਰਤਿ ਭਗਤਿ ਇਹ ਸਾਚੀ ਵਿਚਹੁ ਆਪੁ ਗਵਾਈਐ ॥ ਹਮ ਮਤਿ ਹੀਣ ਮੂਰਖ ਮੁਗਧ ਅੰਧੇ ਸਤਿਗੁਰਿ ਮਾਰਗਿ ਪਾਏ ॥ ਨਾਨਕ ਗੁਰਮੁਖਿ ਸਬਦਿ ਸੁਹਾਵੇ ਅਨਦਿਨੁ ਹਰਿ ਗੁਣ ਗਾਏ ॥ ੩ ॥

ਆਪਿ ਕਰਾਏ ਕਰੇ ਆਪਿ ਜੀਉ ਆਪੇ ਸਬਦਿ ਸਵਾਰੇ ॥ ਆਪੇ ਸਤਿਗੁਰੁ ਆਪਿ ਸਬਦੁ ਜੀਉ ਜੁਗੁ ਜੁਗੁ ਭਗਤ ਪਿਆਰੇ ॥ ਜੁਗੁ ਜੁਗੁ ਭਗਤ ਪਿਆਰੇ ਹਰਿ ਆਪਿ ਸਵਾਰੇ ਆਪੇ ਭਗਤੀਲਾਏ॥ ਆਪੇ ਦਾਨਾ ਆਪੇ ਬੀਨਾ ਆਪੇ ਸੇਵ ਕਰਾਏ ॥ ਆਪੇ ਗੁਣ ਦਾਤਾ ਅਵਗੁਣ ਕਾਟੇ ਹਿਰਦੈ ਨਾਮੁ ਵਸਾਏ ॥ ਨਾਨਕ ਸਦ ਬਲਿਹਾਰੀ ਸਚੇ ਵਿਟਹੁ ਆਪੇ ਕਰੇ ਕਰਾਏ ॥ ੪ ॥ ੪ ॥

ਸਾਗਰ) ਵਿਚ ਡੁਬ ਡੁਬ ਮੋਏ (ਪਰ ਉਬਰਨ ਦੀ ਗਤੀ (ਕਿਸੇ ਨੇ) ਨਾ ਜਾਣੀ; ਸੰਸਾਰ ਵਿਚ ਤਾਂ ਹਉਮੈਂ (ਦੇ ਘਬਰਾ ਵਿਚ ਮ੍ਰਿਗ ਤ੍ਰਿਸ਼ਨਾ ਦੇ ਹਰਨ ਵਾਙੂ) ਦੌੜ ਹੋ ਰਹੀ ਹੈ। ਜੋ (ਕੋਈ) ਏਥੇ ਆਇਆ ਹੈ, ਸਭ ਕੋਈ (ਇਸੀ ਤਰ੍ਹਾਂ ਧਾਂਵਦਾ) ਚਲਾ ਜਾਏਗਾ (ਏਥੇ ਤਾਂ ਉਹੋ ਉਬਰੇਗਾ (ਜੋ) ਗੁਰੂ (ਦੇ ਉਪਦੇਸ਼ ਨੂੰ) ਵੀਚਾਰੇਗਾ। (ਹਾਂ, ਜੋ ਗੁਰੂ ਤੋਂ ਨਾਮ ਲੈ ਕੇ) ਗੁਰਮੁਖ ਹੋ ਜਾਏਗਾ ਤੇ ਰਾਮ ਨਾਮ ਦਾ ਉਚਾਰਣ ਕਰੇਗਾ (ਉਹ) ਆਪ ਤਰੇਗਾ, ਕੁਲ ਨੂੰ ਤਾਰ ਲਏਗਾ। ਹੇ ਨਾਨਕ! (ਜਿਸਦੇ) ਹ੍ਰਿਦੇ ਵਿਚ ਗੁਰੂ ਦੀ ਮਤ ਦੁਆਰਾ ਨਾਮ ਵੱਸੇਗਾ (ਓਹੋ) ਪਿਆਰੇ (ਹਰੀ ਨੂੰ ਮਿਲੇਗਾ ॥ ੨ ॥

ਹੇ ਜੀਓ ਜੀ! ਰਾਮ ਦੇ ਨਾਮ ਤੋਂ ਬਿਨਾਂ ਕੋਈ (ਏਥੇ) ਥਿਰ ਨਹੀਂ ਹੈ (ਭਾਵ ਸਦਾ ਨਹੀਂ ਰਹੇਗਾ, ਇਹ) ਸੰਸਾਰ ਤਾਂ ਇਕ ਖੇਡ ਹੈ। ਹੇ ਜੀਓ ਜੀ! ਸੱਚੀ (ਸਦਾ ਰਹਿਣੇ ਵਾਲੀ ਸ਼ੈ, ਇਕ) ਭਗਤੀ ਹੈ (ਜੋ) ਰਾਮ ਨਾਮ (ਰੂਪੀ) ਵਪਾਰ ਹੈ, (ਇਸੇ ਨੂੰ) ਦ੍ਰਿੜ ਕਰ; (ਭਾਵ ਪੱਕੀ ਤਰ੍ਹਾਂ ਧਾਰਨ ਕਰ)। ਰਾਮ ਨਾਮ ਰੂਪੀ ਵਾਪਾਰ ਅਗੰਮ ਤੇ ਅਪਾਰ ਹੈ (ਇਹ ਨਾਮ) ਧਨ ਗੁਰੂ ਦੀ ਮਤਿ ਦੁਆਰਾ ਪਾਈਦਾ ਹੈ। ਸੱਚੀ ਭਗਤੀ ਇਹ ਹੈ ਕਿ ਸੁਰਤਿ (ਸੇਵਾ ਵਿਚ ਹੋਵੇ ਤੇ ਮਨ) ਵਿਚੋਂ ਆਪਾ ਭਾਵ ਗੁਵਾ ਦੇਈਏ। ਅਸੀਂ ਤਾਂ ਮਤਿ ਦੇ ਹੀਣੇ, ਮੂਰਖ, ਅਨਜਾਣ ਤੇ ਅਗਯਾਨੀ ਸਾਂ, (ਅਸੀਂ) ਸਤਿਗੁਰ ਨੇ (ਠੀਕ) ਰਸਤੇ ਪਾਏ ਹਾਂ। ਹੇ ਨਾਨਕ! ਅਸੀਂ ਗੁਰੂ ਦੁਆਰਾ ਸ਼ਬਦ ਵਿਚ ਸੁਹਾਵੇ ਹੋਕੇ ਹਰ ਦਿਨ ਹਰੀ ਦੇ ਗੁਣ ਗਾਏ ਹਨ ॥ ੩ ॥

(ਕੁਰਬਾਨ ਹਾਂ ਉਸ ਹਰੀ ਤੋਂ ਜੋ) ਆਪੇ (ਭਗਤੀ) ਕਰਾਉਂਦਾ ਹੈ (ਸਗੋਂ) ਆਪ ਹੀ (ਵਿਚ ਹੋਣ ਕਰਕੇ ਕਰਦਾ ਹੈ, ਆਪ ਹੀ ਸ਼ਬਦ ਦੁਆਰਾ ਸੁਆਰਦਾ ਹੈ ਜੀ। ਆਪ ਹੀ ਸਤਿਗੁਰੂ ਹੈ, ਆਪ ਹੀ ਸ਼ਬਦ ਹੈ, ਹੇ ਜੀਓ ਜੀ! ਜੁਗੋ ਜੁਗ ਭਗਤ (ਉਸ ਨੂੰ) ਪਿਆਰੇ (ਰਹੇ ਹਨ)। ਜੁਗੋ ਜੁਗ ਭਗਤ ਪਿਆਰੇ ਹਨ, ਹਰੀ ਆਪ ਹੀ (ਉਨ੍ਹਾਂ ਨੂੰ) ਸੁਆਰਦਾ ਹੈ ਤੇ ਆਪ ਹੀ (ਉਨਾਂ ਨੂੰ) ਭਗਤੀ ਵਿਚ ਲਾਉਂਦਾ ਹੈ। (ਉਹ) ਆਪ ਹੀ (ਅਪਣਿਆਂ ਦੇ ਦਿਲ ਦੀ) ਜਾਣਨਹਾਰ ਹੈ, ਆਪੇ ਵੇਖਣਹਾਰ ਹੈ ਤੇ ਆਪੇ (ਉਨ੍ਹਾਂ ਤੋਂ) ਸੇਵਾ ਕਰਵਾਉਂਦਾ ਹੈ। ਆਪੇ (ਉਹ) ਗੁਣਾਂ ਦਾ ਦਾਤਾ ਹੈ ਤੇ ਅਵਗੁਣਾਂ ਨੂੰ ਕੱਟਣ ਵਾਲਾ ਹੈ (ਤੇ ਆਪੇ) ਹਿਰਦੇ ਵਿਚ ਨਾਮ ਨੂੰ ਵਸਾਉਣ ਵਾਲਾ ਹੈ। ਨਾਨਕ ਸਦਾ ਸਦਕੇ ਹੈ ਸੱਚੇ (ਹਰੀ) ਤੋਂ ਜੋ ਆਪ ਹੀ (ਸਭ ਕੁਛ) ਕਰਦਾ (ਤੇ ਆਪ ਹੀ) ਕਰਵਾਉਂਦਾ ਹੈ ॥ ੪ ॥ ੪ ॥

**ਵਯਾਖਯਾ**—ਅੰਕ ੧ ਇਸ ਛੰਤ ਵਿਚ ਮਾਇਆ ਤੇ ਫਤੇ ਪਾਉਣ ਦੀ ਵਿਧੀ, ਆਪ ਹੀ ਪ੍ਰਸ਼ਨ ਕਰਕੇ ਪੁੱਛੀ ਹੈ ਤੇ ਫੇਰ ਆਪ ਹੀ ਉੱਤਰ ਦੇ ਕੇ ਦੱਸੀ ਹੈ। ਮਾਇਆ ਨੂੰ ਸਬਲ ਸਰੋਵਰ ਯਾ ਸਮੁੰਦਰ ਨਾਲ ਤਸ਼ਬੀਹ ਦਿੱਤੀ ਹੈ। ਫੇਰ ਉਸ ਤੋਂ ਤਰਨ ਦੀ ਬਿਧਿ ਰਾਮ ਨਾਮ ਦੱਸੀ ਹੈ, ਜਿਸਦੀ ਸਮਤਾ ਜਹਾਜ਼ ਨਾਲ ਤੇ ਉਸ ਵਿਚ ਮਲਾਹ ਗੁਰੂ ਕੇ ਸ਼ਬਦ (ਉਪਦੇਸ਼) ਨੂੰ ਬਨਾਇਆ ਹੈ। ਐਸਾ ਕਰਨ ਨਾਲ ਵਾਹਿਗੁਰੂ ਆਪ ਸਹਾਈ ਹੋ ਜਾਂਦਾ ਹੈ, ਉਹ ਵਿਘਨ ਨਹੀਂ ਪੈਣ ਦੇਂਦਾ ਤੇ ਸੁਖਾਂ ਨਾਲ ਪਾਰ ਲੰਘਾਂ ਦੇਂਦਾ ਹੈ, ਕਿਉਂਕਿ ਸਿਮਰਨ ਕਰਨਹਾਰ ਵਾਹਿਗੁਰੂ ਦੇ ਆਸਰੇ ਪਰਨੇ ਹੋ ਜਾਂਦਾ ਹੈ ਤੇ ਅਪਣੇ ਆਸ਼੍ਰਿਤ ਆਏ ਤੇ ਅਨੁਗ੍ਰਹ ਕਰਨੀ ਓਸਦਾ ਬਿਰਦ ਹੈ। ਅੰਕ ੨ ਦੀਆਂ ਪਿਛਲੀਆਂ ਤ੍ਰੈ ਸਤਰਾਂ ਵਿਚ ਜੀਂਵਤਿਆਂ ਮਰਨ ਦੀ ਜਾਚ ਦੱਸੀ ਹੈ; ਅਰਥਾਤ ਹਉਮੈ ਤੇ ਫਤੇ ਪਾ ਕੇ ਜੋ ਜੀਵਨ ਹੈ ਦੱਸਿਆ ਹੈ ਕਿ ਕਿੰਵ ਦਾ ਹੈ: ਗੁਰੂ ਦੁਆਰਾ ਭਗਤੀ ਪ੍ਰਾਪਤ ਹੋ ਜਾਂਦੀ ਹੈ, ਇਉਂ ਹਉਂ ਦੂਰ ਹੋਕੇ ਵਾਹਿਗੁਰੂ ਪ੍ਰੇਮ ਉਸਦੀ ਥਾਂ ਮਲ ਲੈਂਦਾ ਹੈ। ਰਾਮ ਨਾਮ ਸਾਰੇ ਪਾਪ ਕੱਟ ਦੇਂਦਾ ਹੈ ਖਿਨ ਵਿਚ ਤੇ ਸਰੀਰ ਆਦਿ ਸਭ ਪਵਿਤ੍ਰ ਹੋ ਜਾਂਦੇ ਹਨ। ਖਿਨ ਵਿਚ ਐਉਂ ਕਿ ਜਿਸ ਵੇਲੇ ਮਾਇਆ ਦੀਆਂ ਉਲਝਣਾਂ ਵਿਚੋਂ ਚਿਤ ਬ੍ਰਿਤੀ ਉੱਚੀ ਹੋਕੇ ਸਿਮਰਣ ਨਾਲ ਸਾਂਈਂ ਵਿਚ ਲੱਗਦੀ ਹੈ, ਓਹ ਮਾਯਕ ਮੰਡਲ ਤੋਂ ਉੱਚੀ ਹੋ ਜਾਂਦੀ ਤੇ ਅਨੁਗ੍ਰਹਿ ਹੇਠ ਆ ਜਾਂਦੀ ਹੈ। ਹੁਣ ਮਿਸਾਲ ਦੇਂਦੇ ਹਨ ਮਨੂਰ ਦੇ ਸੋਨਾ ਹੋਣ ਦੀ। 'ਮਨੂਰ' ਮੋਇਆ ਹੋਇਆ ਲੋਹਾ ਹੈ, ਉਹ ਪਾਰਸ ਛੁਹ ਨਾਲ ਸੋਨਾ ਹੋ ਜਾਂਦਾ ਹ। ਮੋਇਆ ਮਨ ਭਗਤ ਹੋਕੇ ਪ੍ਰੇਮ ਜੀਵਨ ਵਿਚ ਆ ਜਾਂਦਾ ਹੈ। ਪਹਿਲੇ ਕਿਹਾ ਸੀ: ਜੀਉਂਦਿਆਂ ਮਰੀਏ, ਮਰਕੇ ਫੇਰ ਕੀਕੂੰ ਜੀਵੀਏ ? ਇਸ ਪ੍ਰਸ਼ਨ ਦਾ ਉੱਤਰ ਦ੍ਰਿਸ਼ਟਾਂਤ ਵਿਚ ਹੀ ਦੇ ਦਿੱਤਾ ਹੈ ਕਿ ਜਿਵੇਂ ਮਨੂਰਸੋਨਾ ਹੁੰਦਾ ਹੈ।ਇਹ ਨਹੀਂ ਕਿਹਾ ਕਿ ਫਰ ਮਰਕੇ ਐਉਂ ਜੀਉ ਪਈਦਾਹੈ ਜਿਵੇਂ ਮਨੂਰ,ਪਰ ਜਿਵੇਂ 'ਮਨੂਰ ਸੋਨਾ ਹੁੰਦਾ ਹੈ' ਕਹਿਕੇ ਜਣਾ ਦਿੱਤਾ ਹ ਕਿ ਤਿਵੇਂ ਮੋਇਆ ਮਨ ਸੋਨੇ ਵਾਙੂ ਆਤਮ ਜੀਵਨ ਵਿਚ ਜੀਉ ਪੈਂਦਾ ਹੈ। ਇਥੇ ਪਾਰਸ ਕਿਹੜਾ ਹੈ ?-ਰਾਮ ਨਾਮੁ-, ਜਿਸ ਨਾਲ ਨਿਸਤਾਰਾ ਹੁੰਦਾ ਹੈ, ਮਾਇਆ ਸਾਗਰ ਤੋਂ ਤਰਕੇ ਆਤਮ ਜੀਵਨ ਵਿਚ ਜੀ ਉਠੀਦਾ ਹੈ।

ਅੰਕ ੨ ਵਿਚ ਮਾਨੋ ਇਕ ਪ੍ਰਸ਼ਨ ਦਾ ਉੱਤਰ ਦਿਤਾ ਹੈ ਕਿ ਸੰਸਾਰ ਦੇ ਲੋਕੀਂ ਕਿਉਂ ਨਹੀਂ ਇਸ ਪਾਸੇ ਲੱਗਦੇ ? ਕਾਰਣ ਦੱਸਦੇ ਹਨ ਕਿ ਉਹਨਾਂ ਦੀ ਤਵੱਜੋ, ਚਾਹੇ ਮਰਦ ਹੈ ਚਾਹੇ ਇਸਤ੍ਰੀ, ਕਾਮਨਾ ਵਿਚ ਹੈ। ਮਾਤਾ ਪਿਤਾ ਸਭ ਕੋਈ ਮਾਇਆ ਵਿਚ ਜੁੜ ਰਿਹਾ ਹੈ। ਇਹ ਤਵੱਜੋ ਮਾਇਆ ਵਿਚ ਦੀ ਮਾਇਆ ਵਿਚ ਹੀ ਡੋਬੀ ਰਖਦੀ ਹੈ ਤੇ ਆਤਮ ਜੀਵਨ ਅਪ੍ਰਾਪਤ ਰਹਿਦਾ ਹੈ। ਮਿਸਾਲ ਦੇਂਦੇ ਹਨ ਮ੍ਰਿਗ ਤ੍ਰਿਸ਼ਨਾ ਦੇ ਜਲ ਦੀ। ਪਹਿਲੇ ਵਿਚ ਸਬਲ ਸਾਗਰ ਦੀ ਮਿਸਾਲ ਸੀ, ਹੁਣ ਬਿਨ ਪਾਣੀਏ ਸਰੋਵਰ ਦੀ ਮਿਸਾਲ ਹੈ। ਮ੍ਰਿਗ ਦੀ ਉਸ ਮਾਰੂ ਥਲ ਵਿਚ ਦਿੱਸਦੇ ਪਰ ਅਣਹੁੰਦੇ ਪਾਣੀ ਦੇ ਮਗਰ ਭੱਜ ਭੱਜ ਮਰਨ ਦੀ ਮਿਸਾਲ ਸੰਸਾਰੀ ਲੋਕਾਂ (ਹਉਮੈਂ ਵਿਚ ਭੱਜ ਭੱਜ ਮਰਨ ਵਾਲਿਆਂ) ਨਾਲ ਦਿਤੀ ਤੇ ਇਕ ਪਦ 'ਧਾਤੁ' ਨਾਲ ਕੰਮ ਸਾਰ ਲਿਆ। ਫੇਰ 'ਬਿਧਿ ਨਹੀ ਜਾਣੀ' ਤਿੰਨ ਪਦ ਆਖਕੇ ਨਤੀਜਾ ਦੱਸ ਦਿਤਾ ਕਿ ਇਸ ਧਾਵਨਾ ਕਰਕੇ ਉਹਨਾਂ ਦੀ ਤਵੱਜੋ ਉਧਰੇ ਮਾਇਆ ਵੱਲ ਹੀ ਰਹੀ, ਓਹ ਉਹ ਬਿਧੀ ਨਾ ਸਿੱਖ ਸਕ ਜੋ ਕਿ ਇਸ ਬਿਨ ਪਾਣੀਏ ਸਰੋਵਰ ਤੋਂ ਤਰਨ ਦੀ ਸੀ। ਉਹ ਫੇਰ ਆਪ ਦੱਸਦੇ ਹਨ ਪਿਛਲੀਆਂ ਤ੍ਰੈ ਸਤਰਾਂ ਵਿਚ ਕਿ ਗੁਰੂ ਤੋਂ ਵੀਚਾਰ ਲਵੇ, ਗੁਰੂ ਤੋਂ ਨਾਮ ਲੈਕੇ ਗੁਰਮੁਖ ਬਣੇ, ਨਾਮ ਉਚਾਰੇ,ਤਦ ਪਿਆਰਾ ਮਿਲੇਗਾ। ਫਿਰ ਨਾ ਕੇਵਲ ਆਪ ਤਰੇਗਾ ਕੁਲ ਨੂੰ ਤਾਰ ਲੈਣ ਨੂੰ ਸਮਰੱਥ ਹੋ ਜਾਏਗਾ।

**ਅੰਕ ੩ ਵਿਚ ਫਿਰ ਨਾਮ ਦੀ ਹੀ ਵਯਾਖਯਾ ਹੈ। ਸੰਸਾਰ ਥਿਰ ਨਹੀਂ। ਰਾਮ ਨਾਮ ਤੋਂ ਸੱਖਣੇ ਇਸ ਅਸਥਿਰਤਾ ਵਿਚ ਮਰਦੇ ਜੰਮਦੇ ਹਨ, ਪਰ ਰਾਮ ਨਾਮ ਵਾਲੇ ਅਨਸਥਿਰਤਾ ਵਿਚੋਂ ਨਿਕਲੇ 'ਥਿਰੁ ਪਾਰਬ੍ਰਹਮੁ ਪਰਮੇਸਰੋ' ਵਿਚ ਥਿਰ ਹੋ ਜਾਂਦੇ ਹਨ। ਸੋ ਹਉਮੈ ਨੂੰ ਗੁਆਓ, ਰਾਮ ਨਾਮ ਦਾ ਵਾਪਾਰ**

ਕਰੋ, ਹਰੀ ਧਨ ਕੱਠਾ ਕਰੋ, ਇਸ ਨਾਲ ਭਗਤ ਹੋ ਜਾਓਗੇ। ਅਗਲੀਆਂ ਦੋ ਤੁਕਾਂ ਵਿਚ ਤਸੱਲੀ ਲਈ ਅਪਣਾ ਤਜਰਬਾ ਦੱਸਦੇ ਹਨ ਕਿ ਅਸੀਂ ਗੁਰੂ ਦੀ ਸ਼ਰਣ ਪੈ ਗਏ, ਉਸ ਨੇ ਰਾਹੇ ਪਾ ਦਿੱਤਾ, ਕਿਸ ਰਾਹੇ ? ਜੋ ਪਿੱਛੇ ਵਰਣਨ ਕੀਤਾ ਨੇ। ਉਸ ਅਨੁਸਾਰ ਅਸੀਂ ਸੰਵਾਰੇ ਗਏ, ਦਿਨ ਰਾਤ ਗੁਰੂ ਤੇ ਵਾਹਿਗੁਰੂ ਦੇ ਗੁਣ ਗਾ ਗਾਕੇ ਤੇ ਹੁਣ ਬੀ ਗਾ ਰਹੇ ਹਾਂ।

ਅੰਕ ੪ ਇਕ ਖਾਸ ਗਹੁ ਕਰਨ ਵਾਲਾ ਹੈ। ਅੰਕ ੩ ਦੇ ਅਖ਼ੀਰ ਅਪਣਾ ਤਜਰਬਾ ਦੱਸਿਆ ਸੀ, ਉਹ ਸੀ ਸ਼ਬਦ ਸਵਾਰ ਨਾਲ ਸੁਹਣੇ ਹੋ ਗਏ। ਉਸ ਸੁਹਾਉ ਦਾ ਰੂਪ ਦੱਸਦੇ ਹਨ ਯਾ ਟੀਕਾ ਕਰਦੇ ਹਨ ਕਿ ਸਾਡੀ ਦ੍ਰਿਸ਼ਟੀ ਹੁਣ ਇਹ ਹੋ ਗਈ ਹੈ ਕਿ ਅਸੀਂ ਸਮਝਦੇ ਹਾਂ ਕਿ ਸਵਾਰੇ ਤਾਂ ਸ਼ਬਦ ਨਾਲ ਗਏ ਹਾਂ ਪਰ ਅਨੁਭਵ ਕੀਹ ਕਰਦੇ ਹਾਂ ਕਿ ਕਰਨ ਕਰਾਵਨ ਉਹ ਆਪ ਹੈ। ਆਪ ਹੀ ਸਤਿਗੁਰ ਹੋਕੇ ਮਤਿ ਦਿਤੀ ਸੂ, ਪਿਆਰ ਕੀਤਾ ਸੂ, ਆਪ ਹੀ ਸ਼ਬਦ ਰੂਪ ਹੈ ਉਸ ਦਾ ਉਪਦੇਸ਼ ਬੀ ਆਪ ਹੈ, ਆਪੇ ਭਗਤੀ ਵਿਚ ਲਾਉਂਦਾ ਹੈ, ਲਗਣ ਵਾਲਾ ਮੂਰਖ ਮੁਗਧ, ਅੰਧ, ਮਤਿ ਹੀਣ ਹੁੰਦਾ ਹੈ, ਉਹ ਰਾਹੇ ਉਸ ਦੀ ਦਾਨਾ ਬੀਨਾ ਸ਼ਕਤੀ ਨਾਲ ਪੈ ਜਾਂਦਾ ਹੈ। ਤੇ ਉਸ ਦੀ ਸੇਵਾ ਵਿਚ ਰੁਚੀ ਤੇ ਨਿਬਾਹ ਓਹ ਆਪ ਹੀ ਕਰਦਾ ਕਰਾਉਂਦਾ ਹੈ। ਨਾਮ ਦੇ ਪ੍ਰਤਿਬੰਧਕ ਅਵਗੁਣ ਆਪੇ ਕੱਟਦਾ ਹੈ, ਨਾਮ ਦੀ ਰੁਚੀ ਸ਼ਰਧਾ ਆਦਿ ਗੁਣ ਬੀ ਆਪ ਹੀ ਭਰ ਦੇਂਦਾ ਹੈ ਤੇ ਅੰਦਰ ਨਾਮ ਬੀ ਆਪ ਹੀ ਵਸਾ ਦੇਂਦਾ ਹੈ, ਇਸ ਕਰਕੇ ਅਸੀਂ ਉਸ ਤੋਂ ਬਲਿਹਾਰ ਬਲਿਹਾਰ ਹਾਂ। ਇਸ ਅੰਕ ਵਿਚ ਹਉਮੈ ਅਤੀਤਤਾ ਦੱਸੀ, ਸ਼ੁਕਰ ਦੱਸਿਆ ਤੇ ਵਾਹਿਗੁਰੂ ਜੀ ਦਾ ਸਰਵ ਰੂਪਾਂ ਵਿਚ ਦਰਸ਼ਨ ਤੇ ਸਰਬ ਕ੍ਰਿਯਾ ਵਿਚ ਉਸ ਦੀ ਸ਼ਕਤੀ ਤੇ ਅਨੁਗ੍ਰਹ ਦਾ ਦਰਸ਼ਨ ਕਰਾਇਆ ਤੇ ਸਾਨੂੰ ਕਰਨ ਦੀ ਪ੍ਰੇਰਨਾ ਕੀਤੀ।

**ਨਿਰੁਕ੍ਤ**—ਸਰੁ—ਸਰ, ਤਲਾ। ਸਰੋਵਰ। ਸਾਗਰ।

ਸਬਲੁ—ਸਹਤ ਬਲ ਦੇ, ਬਲ ਵਾਲਾ।  ਦੁਤਰੁ—ਜੋ ਤਰਣਾ ਕਠਨ ਹੋਵੇ।

ਬੋਹਿਥਾ—ਜਹਾਜ।  ਖੇਵਟੁ—[ਸੰਸ:, ਕੈਵਰੁਤ:, ਪ੍ਰਾ:,ਕੇਵਟ੍ਟੋ] ਮਲਾਹ।

ਕਿਲਵਿਖ— ਪਾਪ।  ਮਨੂਰ—ਮੋਇਆ ਲੋਹਾ। ਖਿੰਗਰਾਲਾ ਲੋਹਾ ਜੋ ਪਾਣੀ ਹਵਾ ਆਦਿ ਨਾਲ ਮੁੜ ਮਿੱਟੀ ਰੂਪ ਹੋ ਜਾਂਦਾ ਹੈ।

ਧਾਤੁ—ਧਾਵਤੁ, ਧਾਵਨ। ਦੌੜ। ਦੌੜ ਭੱਜ।  ਉਬਰੈ—ਤਰਦਾ ਹੈ, ਬਚਦਾ ਹੈ।

ਬਾਜੀ—ਖੇਲ।  ਅਗਮ—ਪਹੁੰਚ ਤੋਂ ਪਰੇ। ਸਮਝ ਤੋਂ ਪਰੇ।

ਮੁਗਧ—[ਸੰਸ:, ਮੁਗ੍ਧ:] ਅਨਜਾਣ, ਭੁੱਲੇ ਹੋਏ।

ਅੰਧੇ—ਅੰਨ੍ਹੇ, ਅਗਜਾਨੀ।

## [ਗਉੜੀ ਮਹਲਾ ੩, ਛੰਤ—੭]

**ਪ੍ਰਾਕ੍ਕਥਨ**—ਬੁੱਧੀ, ਜੋ ਭਲੇ ਬੁਰੇ ਨੂੰ ਪਛਾਣਦੀ ਤੇ ਹਰੀ ਮਿਲਣੇ ਦੀ ਚਾਹ ਵਿਚ ਹੈ, ਮਾਇਆ ਮਗਰ ਧਾਵਨ ਵਾਲੇ ਮਨ ਨੂੰ ਸਮਝਾਉਂਦੀ ਹੈ। ਇਹ ਅਲੰਕਾਰ ਬੰਨ੍ਹਕੇ ਉਪਦੇਸ਼ ਦ੍ਰਿੜਾਇਆ ਹੈ।

| ਮੂਲ | ਅਰਥ |
|---|---|
| ਗਉੜੀ ਮਹਲਾ ੩ ॥<br>ਗੁਰ ਕੀ ਸੇਵਾ ਕਰਿ ਪਿਰਾ ਜੀਉ ਹਰਿ ਨਾਮੁ ਧਿਆਏ ॥ | [ਆਤਮਾ ਨੂੰ ਵਿਸ਼ੇ ਕਰ ਲੈਣ ਵਾਲੀ ਤੇ ਪਰਮੇਸ਼ੁਰ ਨੂੰ ਪ੍ਰਾਪਤ ਕਰਨ ਦੇ ਉਤਸਾਹ ਵਾਲੀ ਬੁੱਧੀ ਧਾਵਤ ਜਾਣ ਵਾਲੇ ਮਨ ਨੂੰ ਕਹਿੰਦੀ ਹੈ:] ਹੇ (ਪਿਆਰੇ) ਪਤੀ ਜੀਓ ! ਗੁਰੂ ਦੀ ਸੇਵਾ |

ਮੰਞਹੁ ਦੂਰਿ ਨ ਜਾਹਿ ਪਿਰਾ ਜੀਉ ਘਰਿ ਬੈਠਿਆ ਹਰਿ ਪਾਏ ॥ ਘਰਿ ਬੈਠਿਆ ਹਰਿ ਪਾਏ ਸਦਾ ਚਿਤੁ ਲਾਏ ਸਹਜੇ ਸਤਿ ਸੁਭਾਏ ॥ ਗੁਰ ਕੀ ਸੇਵਾ ਖਰੀ ਸੁਖਾਲੀ ਜਿਸ ਨੋ ਆਪਿ ਕਰਾਏ ॥ ਨਾਮੋ ਬੀਜੇ ਨਾਮੋ ਜੰਮੈ ਨਾਮੋ ਮੰਨਿ ਵਸਾਏ ॥ ਨਾਨਕ ਸਚਿ ਨਾਮਿ ਵਡਿਆਈ ਪੂਰਬਿ ਲਿਖਿਆ ਪਾਏ ॥੧॥

ਕਰ (ਜੋ ਤੂੰ) ਹਰੀ ਦਾ ਨਾਮ ਧਿਆਵੇਂ। ਹੇ (ਪਿਆਰੇ) ਪਤੀ ਜੀਓ! ਮੈਥੋਂ ਦੂਰ ਨਾ ਜਾਓ ਤੇ ਘਰ ਬੈਠਿਆਂ ਹੀ ਹਰੀ ਨੂੰ ਪਾ ਲਓ। (ਤੂੰ) ਘਰ ਵਿਚ ਬੈਠਿਆਂ ਹੀ ਹਰੀ ਪਾ ਲਏਂ (ਜੇਕਰ ਤੂੰ) ਸਹਜੇ ਹੀ ਸੱਚੀ ਤੇ ਸ਼ੁਭ ਭਾਵਨਾ ਲਾਕੇ ਸਦਾ ਚਿਤ ਨੂੰ (ਹਰੀ ਵਿਚ) ਲਾਏਂ (ਭਾਵ ਲਾਈ ਰਖੇਂ)। ਗੁਰੂ ਦੀ ਸੇਵਾ ਸਚਮੁਚ ਸੁਖੱਲੀ ਹੈ, ਪਰ ਜਿਸ ਨੂੰ ਆਪ (ਸੁਖੱਲੀ) ਕਰਾਉਂਦਾ ਹੈ। [ਉਹ ਕੀਕੂੰ ? ਉੱਤਰ:] (ਗੁਰੂ ਉਸ ਦੇ ਮਨ ਵਿਚ) ਨਾਮ ਹੀ ਬੀਜਦਾ ਹੈ, (ਉਸ ਤੋਂ) ਨਾਮ ਹੀ ਉਗਦਾ ਹੈ, ਨਾਮ ਹੀ (ਗੁਰੂ ਉਸ ਦੇ) ਮਨ ਵਿਚ ਵਸਾ ਦੇਂਦਾ ਹੈ*। ਹੇ ਨਾਨਕ! (ਸਭ) ਵਡਿਆਈ ਨਾਮ ਵਿਚ ਹੈ (ਤੇ ਨਾਮ ਦੁਆਰਾ ਪਹੁੰਚ ਪਏ) ਸਤਜ ਸਰੂਪ ਵਿਚ ਹੈ, (ਪਰ ਇਹ ਜੀਵ) ਪੂਰਬ ਲਿਖੇ (ਅਨੁਸਾਰ) ਪਾਉਂਦਾ ਹੈ ॥ ੧ ॥

ਹਰਿ ਕਾ ਨਾਮੁ ਮੀਠਾ ਪਿਰਾ ਜੀਉ ਜਾ ਚਾਖਹਿ ਚਿਤੁ ਲਾਇ ॥ ਰਸਨਾ ਹਰਿ ਰਸੁ ਚਾਖੁ ਮੁਏ ਜੀਉ ਅਨਰਸ ਸਾਦ ਗਵਾਇ ॥ ਸਦਾ ਹਰਿ ਰਸੁ ਪਾਏ ਜਾ ਹਰਿ ਭਾਏ ਰਸਨਾ ਸਬਦਿ ਸੁਹਾਏ ॥ ਨਾਮੁ ਧਿਆਏ ਸਦਾ ਸੁਖੁ ਪਾਏ ਨਾਮਿ ਰਹੈ ਲਿਵ ਲਾਏ ॥ ਨਾਮੇ ਉਪਜੈ ਨਾਮੇ ਬਿਨਸੈ ਨਾਮੇ ਸਚਿ ਸਮਾਏ ॥ ਨਾਨਕ ਨਾਮੁ ਗੁਰਮਤੀ ਪਾਈਐ ਆਪੇ ਲਏ ਲਵਾਏ ॥ ੨ ॥

ਹੇ ਪਤੀ ਜੀਓ! ਤੂੰ ਧਾਵਨਾ ਹੈਂ, ਨਾਸ਼ਵੰਤ ਰਸਾਂ ਵਲ ਪਰ ਅਸਲ ਵਿਚ) ਮਿੱਠਾ ਹਰੀ ਦਾ ਨਾਮ ਹੈ, (ਪਰ) ਜੇ ਤੂੰ ਚਿਤ ਲਾਕੇ ਚੱਖੇਂ ਤਾਂ। ਹੇ ਮਰ ਜਾਣੀਏ ਰਸਨਾ! ਹਰੀ ਰਸ ਨੂੰ ਚੱਖ, ਜੀਓ ਜੀ! (ਇਹ ਰਸ ਤੇਰੇ) ਹੋਰ ਰਸਾਂ ਦੇ ਸੁਆਦਾਂ ਨੂੰ ਗੁਆ ਦੇਵੇਗਾ। ਹੇ ਰਸਨਾ! ਜਦ (ਤੈਨੂੰ) ਹਰੀ ਭਾ ਜਾਏਗਾ (ਤਾਂ ਇਹ ਚੱਖਿਆ) ਹਰੀ ਰਸ ਸਦੈਵੀ ਹੋਕੇ ਪ੍ਰਾਪਤ ਹੋ ਜਾਏਗਾ (ਤੇ ਤੂੰ) ਸ਼ਬਦ ਦੁਆਰਾ (ਸਦਾ) ਸੁਹਾਉਣੀ ਰਹੇਂਗੀ। (ਗੱਲ ਕੀਹ, ਜਦ ਤੂੰ) ਨਾਮ ਨੂੰ ਧਿਆਵੇਂਗੀ, ਨਾਮ ਵਿਚ ਲਿਵ ਲਾਈ ਰਖੇਂਗੀ, (ਤਦ) ਸਦੈਵੀ ਸੁਖ ਪਾਏਂਗੀ। (ਹਾਂ) ਨਾਮ ਨਾਲ ਹੀ (ਭਗਤੀ) ਉਪਜਦੀ ਹੈ, ਨਾਮ ਨਾਲ ਹੀ (ਹਉਮੈ) ਬਿਨਸਦੀ ਹੈ, ਨਾਮ ਨਾਲ ਹੀ (ਜੀਵ) ਸਤਜ ਸਰੂਪ ਵਿਚ ਸਮਾਈ ਪਾਉਂਦਾ ਹੈ। ਹੇ ਨਾਨਕ! ਗੁਰੂ ਦੀ ਮਤਿ ਦੁਆਰਾ ਨਾਮ ਪਾਈਦਾ ਹੈ, (ਪਰ ਨਾਮ ਵਿਚ ਉਹ ਪ੍ਰਭੂ) ਆਪੇ ਲਵਾ ਲੈਂਦਾ ਹੈ ॥ ੨ ॥

ਏਹ ਵਿਡਾਣੀ ਚਾਕਰੀ ਪਿਰਾ ਜੀਉ ਧਨ ਛੋਡਿ ਪਰਦੇਸਿ ਸਿਧਾਏ ॥ ਦੂਜੈ ਕਿਨੈ ਸੁਖੁ ਨ ਪਾਇਓ ਪਿਰਾ ਜੀਉ ਬਿਖਿਆ ਲੋਭਿ ਲੁਭਾਏ ॥ ਬਿਖਿਆ ਲੋਭਿ ਲੁਭਾਏ ਭਰਮਿ ਭੁਲਾਏ ਓਹੁ ਕਿਉ ਕਰਿ ਸੁਖੁ ਪਾਏ ॥

ਹੇ (ਪਿਆਰੇ) ਪਤੀ ਜੀਓ! ਇਹ ਪਰਾਈ ਨੌਕਰੀ (ਚੰਗੀ ਨਹੀਂ, ਜੋ ਤੂੰ ਅਪਣੀ) ਇਸਤ੍ਰੀ ਨੂੰ ਛੱਡ ਕੇ ਪਰਦੇਸੀਂ ਚਲਾ ਜਾਂਦਾ ਹੈ, (ਬਾਹਰ ਮੁਖ ਹੋਕੇ ਹੋਰ ਕੰਮਾਂ ਤੇ ਕਰਮਾਂ ਵਿਚ ਲੱਗ ਜਾਂਦਾ ਹੈਂ। ਹਾਂ,) ਪਤੀ ਜੀਓ! ਮਾਇਆ ਦੇ ਲੋਭ ਵਿਚ ਲੁਭਾਇਮਾਨ ਹੋਕੇ(ਜੋ)ਦੂਜੇ(ਭਾਵਾਂਵਿਚ ਲਗਣਾਹੈ ਇਸਵਿਚ) ਕਿਸੇ ਨੇ (ਕਦੇ) ਸੁਖ ਨਹੀਂ ਪਾਇਆ। (ਸਗੋਂ ਜੋ) ਮਾਇਆ ਦੇ ਲੋਭ ਵਿਚ ਲੁਭਾਇਮਾਨ ਹੋਇਆ (ਉਹ) ਭਰਮ ਨੇ ਭੁਲਾ ਲਿਆ, ਉਹ (ਭੁੱਲਾ ਹੋਇਆ ਫੇਰ) ਸੁਖ ਕੀਕੂੰ ਪਾਵੇ ? (ਇਹ)

*ਐਉਂ ਬੀ ਅਰਥ ਕਰਦੇ ਹਨ:–ਨਾਮ ਨੂੰ ਬੀਜੇ ਤਾਂ ਨਾਮ ਹੀ ਉੱਗੇਗਾ ਤੇ ਨਾਮ ਹੀ ਐਉਂ ਮਨ ਵਿਚ ਵਸਾਏ।

ਚਾਕਰੀ ਵਿਡਾਣੀ ਖਰੀ ਦੁਖਾਲੀ ਆਪੁ ਵੇਚਿ ਧਰਮੁ ਗਵਾਏ ॥ ਮਾਇਆ ਬੰਧਨ ਟਿਕੈ ਨਾਹੀ ਖਿਨੁ ਖਿਨੁ ਦੁਖੁ ਸੰਤਾਏ ॥ ਨਾਨਕ ਮਾਇਆ ਕਾ ਦੁਖੁ ਤਦੇ ਚੂਕੈ ਜਾ ਗੁਰ ਸਬਦੀ ਚਿਤੁ ਲਾਏ ॥੩॥

ਪਰਾਈ ਚਾਕਰੀ ਬੜੀ ਦੁਖਦਾਈ ਹੈ (ਜਿਸ ਵਿਚ) ਆਪਾ ਵੇਚ ਕੇ ਧਰਮ ਗੁਆ ਲਈਦਾ ਹੈ। ਮਾਇਆ ਦੇ ਬਾਨ੍ਹਣੂ ਜੋ ਬੰਨ੍ਹੀ ਦੇ ਹਨ (ਓਹ) ਟਿਕਦੇ ਨਹੀਂ, ਖਿਨ ਖਿਨ ਬਦਲਦੇ ਹਨ, ਇਸ ਕਰਕੇ ਪਲੇ ਪਲੇ ਦੁਖ ਸਤਾਉਂਦਾ ਹੈ। ਹੇ ਨਾਨਕ ! ਮਾਇਆ ਦਾ ਦੁੱਖ ਤਦੇ ਮੁਕਦਾ ਹੈ ਜੇ ਗੁਰੂ ਦੇ ਸ਼ਬਦ ਵਿਚ ਚਿਤ ਲਾਈ ਰਖੀਏ ॥ ੩ ॥

ਮਨਮੁਖ ਮੁਗਧ ਗਾਵਾਰੁ ਪਿਰਾ ਜੀਉ ਸਬਦੁ ਮਨਿ ਨ ਵਸਾਏ ॥ ਮਾਇਆ ਕਾ ਭ੍ਰਮੁ ਅੰਧੁ ਪਿਰਾ ਜੀਉ ਹਰਿ ਮਾਰਗੁ ਕਿਉ ਪਾਏ ॥ ਕਿਉ ਮਾਰਗੁ ਪਾਏ ਬਿਨੁ ਸਤਿਗੁਰ ਭਾਏ ਮਨਮੁਖਿ ਆਪੁ ਗਣਾਏ ॥ ਹਰਿ ਕੇ ਚਾਕਰ ਸਦਾ ਸੁਹੇਲੇ ਗੁਰ ਚਰਣੀ ਚਿਤੁ ਲਾਏ ॥ ਜਿਸਨੋ ਹਰਿ ਜੀਉ ਕਰੇ ਕਿਰਪਾ ਸਦਾ ਹਰਿ ਕੇ ਗੁਣ ਗਾਏ ॥ ਨਾਨਕ ਨਾਮੁ ਰਤਨੁ ਜਗਿ ਲਾਹਾ ਗੁਰਮੁਖਿ ਆਪਿ ਬੁਝਾਏ ॥ ੪ ॥ ੫ ॥੭॥

ਹੇ (ਪਿਆਰੇ) ਪਤੀ ਜੀਓ ! (ਜੋ) ਮਨ ਵਿਚ ਸ਼ਬਦ ਨਹੀਂ ਵਸਾਉਂਦਾ, ਉਹ ਮੂਰਖ ਹੈ, ਅਨਜਾਣ (ਭੁੱਲਾ ਹੋਇਆ) ਹੈ, ਉਹ ਗੁਆਰ ਹੈ। ਹੇ ਪਤੀ ਜੀਓ ! ਮਾਇਆ ਦਾ ਭਰਮ (ਇਕ) ਹਨੇਰਾ ਹੈ (ਇਸ ਹਨੇਰੇ ਦਾ ਵੜਿਆ) ਹਰੀ ਦਾ ਰਸਤਾ ਕੀਕੁਰ ਪਾ ਲਵੇ ? ਸਤਿਗੁਰੂ ਨੂੰ ਭਾਏ ਬਿਨਾ (ਉਹ ਹਨੇਰੇ ਵਿਚ ਦਾ) ਰਸਤਾ ਮਨਮੁਖ ਕਿਵੇਂ ਪ੍ਰਾਪਤ ਕਰੇ, (ਮਨਮੁਖ ਤਾਂ) ਆਪੇ ਈ ਵਡਿਆਈ ਕਰਦਾ ਹੈ, (ਗੁਰਮਤਿ ਅੱਗੇ ਨਹੀਂ ਝੁਕਦਾ ਪਰ) ਹਰੀ ਦੇ ਦਾਸ ਸਦਾ ਸੁਖੀ (ਰਹਿੰਦੇ) ਹਨ (ਕਿਉਂਕਿ ਓਹ) ਗੁਰੂ ਦੇ ਚਰਣਾਂ ਵਿਚ ਚਿਤ ਲਾਏ ਰਹਿੰਦੇ ਹਨ। (ਹਾਂ) ਜਿਸ ਨੂੰ ਹਰ ਜੀਉ ਕਿਰਪਾ ਕਰੇਗਾ (ਉਹ) ਸਦਾ ਹਰੀ ਦੇ ਗੁਣ ਗਾਏਗਾ। ਹੇ ਨਾਨਕ ! ਜਗਤਿ ਵਿਚ ਲਾਹਾ ਹਰੀ ਨਾਮ (ਰੂਪ) ਰਤਨ ਹੈ, (ਇਹ) ਸੋਝੀ ਗੁਰਮੁਖ ਨੂੰ (ਹਰੀ) ਆਪ ਸੁਝਾ ਦੇਂਦਾ ਹੈ ॥ ੪ ॥ ੫ ॥ ੭ ॥

**ਵ੍ਯਾਖ੍ਯਾ**—ਇਸ ਛੰਤ ਵਿਚ ਇਕ ਅਲੰਕਾਰ ਬੱਧਾ ਹੈ। ਮਨ ਨੂੰ ਮਾਇਆ ਮਗਰ ਭੱਜਦਾ ਦੱਸਿਆ ਹੈ। ਉੱਚੀ ਬੁਧੀ, ਜੋ ਮਾਇਆ ਦੁਖ ਰੂਪ ਨੂੰ ਸਮਝ ਗਈ ਹੈ, ਉਦਾਸ ਹੁੰਦੀ ਤੇ ਮਨ ਨੂੰ ਪਿਆਰਾ ਤੇ ਪਤੀ ਕਹਿ ਕਹਿ ਕੇ ਆਪੇ ਵਿਚ ਟਿਕੇ ਰਹਿਣੇ ਦਾ ਉਪਦੇਸ਼ ਕਰਦੀ ਹੈ। ਇਹ ਉਸ ਨੂੰ ਮਾਇਕ ਜੀਵਨ ਇਕ ਪਰਾਈ ਚਾਕਰੀ ਦੱਸਕੇ ਉਸ ਦੇ ਅਵਗੁਣ ਦਿਖਾਲਦੀ ਹੈ। ਘਰ ਰਹਿਣੇ ਦੀ ਜਾਚ ਨਾਮ ਸਿਮਰਣ ਹੈ, ਜਿਸ ਨਾਲ ਹਰੀ ਮਿਲ ਜਾਂਦਾ ਹੈ। ਹਰੀ ਨਾਮ ਦੀ ਦਾਤ ਗੁਰੂ ਤੋਂ ਲੈਣੀ ਦੱਸੀ ਹੈ।

ਅੰਕ ੨ ਵਿਚ ਬੀ ਨਾਮ ਸਿਮਰਣ ਦੀ ਤਾਕੀਦ ਹੈ। ਇਸ ਵਿਚ ਰਸਨਾ ਨੂੰ ਸੰਬੋਧਨ ਕੀਤਾ ਹੈ ਕਿ ਹਰੀ ਰਸ ਦਾ ਸੁਆਦ ਨਿਰਾ ਮਨ ਲਈ ਹੀ ਨਹੀਂ, ਤੇਰੇ ਲਈ ਬੀ ਹੈ*। ਤੂੰ ਨਾਮ ਰਸ ਮਾਣਦੀ ਸੁਹਾਉਣੀ ਹੋ ਜਾਏਂਗੀ, ਭਾਵ ਬੋਲੇਂਗੀ ਬੀ ਮਿੱਠਾ। ਫੇਰ ਨਾਮ ਦੀ ਤਾਕੀਦ ਕਰਦੇ ਹਨ।

ਅੰਕ ੩ ਵਿਚ ਮਨ ਦੇ ਧਾਵਨ ਨੂੰ, ਮਾਯਕ ਕੰਮਾਂ ਵਿਚ ਖਚਿਤ ਹੋਣ ਨੂੰ,ਪਰਾਈ ਚਾਕਰੀ ਦੱਸਦੇ ਹਨ ਤੇ ਉੱਤਮ ਬੁਧੀ ਪਿਆਰ ਦਾ ਵਾਸਤਾ ਪਾਕੇ ਕਹਿੰਦੀ ਹੈ ਕਿ ਆਪਣੀ ਇਸਤ੍ਰੀ ਨੂੰ ਛੱਡ ਕੇ ਪਰਦੇਸ

*ਏ ਰਸਨਾ ਤੂ ਅਨ ਰਸਿ ਰਾਚਿ ਰਹੀ ਤੇਰੀ ਪਿਆਸ ਨ ਜਾਇ ॥ ਪਿਆਸ ਨ ਜਾਇ ਹੋਰਤੁ ਕਿਤੈ ਜਿਚਰੁ ਹਰਿ ਰਸੁ ਪਲੈ ਨ ਪਾਇ ॥ ਹਰਿ ਰਸੁ ਪਾਇ ਪਲੈ ਪੀਐ ਹਰਿ ਰਸੁ ਬਹੁੜਿ ਨ ਤ੍ਰਿਸਨਾ ਲਾਗੈ ਆਇ ॥ ਏਹੁ ਹਰਿ ਰਸੁ ਕਰਮੀ ਪਾਈਐ ਸਤਿਗੁਰੁ ਮਿਲੈ ਜਿਸੁ ਆਇ ॥ ਕਹੈ ਨਾਨਕੁ ਹੋਰਿ ਅਨਰਸ ਸਭਿ ਵੀਸਰੇ ਜਾ ਹਰਿ ਵਸੈ ਮਨਿ ਆਇ ॥ ੩੨ ॥ [ਰਾਮਕਲੀ ਮਹਲਾ ੩, ਅਨੰਦ–੩੨

ਜਾਣ ਵਾਕੂ ਹੈ 'ਮਾਇਆ ਦੀ ਧਾਵਨ' ਤੇ ਪਰਾਈ ਚਾਕਰੀ ਕਰਨ ਵਾਕੂ 'ਬਿਰਥਾ ਕੰਮ ਕਰਨਾ' ਹੈ ਕਿਉਂਕਿ ਇਸ ਵਿਚ ਆਪਾ ਵਿਕ ਜਾਂਦਾ ਤੇ ਧਰਮ ਗੁਆਚ ਜਾਂਦਾ ਹੈ ਤੇ ਫਲ ਦੁਖ ਹੁੰਦਾ ਹੈ।

ਅੰਕ ੪ ਵਿਚ ਮਨਮੁਖ ਨੂੰ ਲੈਂਦੇ ਹਨ ਤੇ ਉਹੋ ਬੁਧੀ ਧਾਵਨ ਵਾਲੇ ਮਨ ਨੂੰ ਸਮਝਾਂਦੀ ਹੈ ਕਿ ਮਨਮੁਖਾਂ ਦੀ ਰੀਸ ਨਾ ਕਰ, ਏਹ ਅੰਨੇ ਮੂਰਖ ਗੁਆਚੇ ਫਿਰਦੇ ਹਨ; ਏਹ ਆਪੇ ਨੂੰ ਵਡਿਆਉਂਦੇ ਹੰਕਾਰ ਵਿਚ ਹਰੀ ਮਾਰਗ ਨਹੀਂ ਲੱਭ ਸਕਦੇ। ਅੰਤ ਦੱਸਦ ਹਨ ਕਿ ਜਗਤ ਵਿਚ ਅਸਲੀ ਲਾਭ ਹਰੀ ਨਾਮ ਦਾ ਧਾਰਨ ਕਰਨਾ ਹੈ, ਜਿਸ ਨਾਲ ਹਰੀ ਮਿਲਦਾ ਹੈ। ਇਸ ਗਲ ਦੀ ਸੋਝੀ ਹਰੀ ਗੁਰਮੁਖਾਂ ਨੂੰ (ਯਾ ਗੁਰੂ ਦੁਆਰਾ) ਪਾ ਦੇਂਦਾ ਹੈ।

**ਨਿਰੁਕ**– ਮੰਞਹੁ–ਮੈਥੋਂ। ਮੁਯੇ–ਹੇ ਮਰ ਜਾਣੀਏ! ਲਾਡ ਨਾਲ ਕਿਹਾ ਹੈ।

ਅਨ ਰਸ–ਹੋਰ ਰਸ। ਨਾਮ ਰਸ ਤੋਂ ਬਿਨਾਂ ਜੋ ਰਸ ਹਨ ਸਭ ਅਨ ਰਸ ਹਨ।

ਵਿਡਾਣੀ–ਪਰਾਈ। ਬਿਖਿਆ–ਮਾਇਆ।

ਦੁਖਾਲੀ–ਦੁਖਦਾਈ। ਔਖੀ।

ਗਾਵਾਰੁ–ਪੇਂਡੂ, ਭਾਵ ਹੈ ਮੂਰਖ ਤੋਂ। ਅੰਧੁ–ਹਨੇਰਾ, ਭਾਵ ਅਗਿਆਨ।

ਆਪੁ ਗਣਾਏ–ਆਪ ਨੂੰ ਜਣਾਉਂਦਾ ਹੈ, ਆਪ ਨੂੰ ਵਡਾ ਕਰ ਕਰ ਦੱਸਦਾ ਹੈ। ਗੁਰੂ ਦੀ ਲੋੜ ਨਹੀਂ ਰਖਾਉਂਦਾ।

## [ਗਉੜੀ ਮਹਲਾ ੫, ਛੰਤ–੮]

| ਮੂਲ | ਅਰਥ |
|---|---|
| ਰਾਗੁ ਗਉੜੀ ਛੰਤ ਮਹਲਾ ੫ | |
| ੧ ਓ ਸਤਿਗੁਰ ਪ੍ਰਸਾਦਿ ॥ | |
| ॥ਮੇਰੈ ਮਨਿ ਬੈਰਾਗੁ ਭਇਆ ਜੀਉ ਕਿਉ ਦੇਖਾ ਪ੍ਰਭ ਦਾਤੇ ॥ ਮੇਰੇ ਮੀਤ ਸਖਾ ਹਰਿ ਜੀਉ ਗੁਰ ਪੁਰਖ ਬਿਧਾਤੇ ॥ ਪੁਰਖੋ ਬਿਧਾਤਾ ਏਕੁ ਸ੍ਰੀਧਰੁ ਕਿਉ ਮਿਲਹ ਤੁਝੈ ਉਡੀਣੀਆ ॥ ਕਰ ਕਰਹਿ ਸੇਵਾ ਸੀਸੁ ਚਰਣੀ ਮਨਿ ਆਸ ਦਰਸ ਨਿਮਾਣੀਆ ॥ ਸਾਸਿ ਸਾਸਿ ਨ ਘੜੀ ਵਿਸਰੈ ਪਲੁ ਮੂਰਤੁ ਦਿਨੁ ਰਾਤੇ ॥ ਨਾਨਕ ਸਾਰਿੰਗ ਜਿਉ ਪਿਆਸੇ ਕਿਉ ਮਿਲੀਐ ਪ੍ਰਭ ਦਾਤੇ ॥੧॥ | ਹੇ ਜੀਓ ਜੀ! ਮੇਰੇ ਮਨ ਵਿਚ ਵੈਰਾਗ ਉਪਜਿਆ ਹੈ ਕਿ ਮੈਂ ਤੁਸਾਨੂੰ ਆਪਣੇ) ਦਾਤੇ ਪ੍ਰਭੂ ਨੂੰ ਕਿਵੇਂ ਦੇਖਾਂ। ਹੇ ਮੇਰੇ ਮਿਤ੍ਰ ਤੇ ਸਖਾ ਹਰ ਜੀਓ! ਹੇ (ਮੇਰੇ) ਗੁਰੂ, (ਹੇ ਮੇਰੇ) ਵਿਧਾਤਾ ਪੁਰਖ ਜੀਓ! (ਹਾਂ, ਹੇ ਮੇਰੇ) ਵਿਧਾਤਾ ਪੁਰਖ ਜੀਓ (ਤੇ ਮਾਇਆ ਦੇ ਮਾਲਕ ਜੀਓ! (ਤੁਸੀਂ ਜੋ) ਇੱਕੋ ਹੋ, (ਮੈਂ, ਉਦਾਸ ਹੋ ਰਹੀ ਹਾਂ ਕਿ ਆਪ ਨੂੰ ਕਿਵੇਂ ਮਿਲਾਂ। (ਮੈਂ) ਨਿਮਾਣੀ ਹੋ ਰਹੀ ਦੇ ਮਨ ਵਿਚ ਆਸਾ ਲਗ ਰਹੀ ਹੈ ਕਿ ਕਦੋਂ ਦਰਸ਼ਨ ਹੋਣ, (ਤੇ ਆਪਣਾ, ਸਿਰ (ਆਪ ਦੇ, ਚਰਨਾਂ ਤੇ (ਧਰੀਏ ਤੇ) ਹਥਾਂ ਨਾਲ ਸੇਵਾ ਕਰੀਏ। (ਤੁਸੀਂ ਮੈਨੂੰ) ਪਲ, ਘੜੀ, ਮਹੂਰਤ, ਰਾਤ, ਦਿਨ (ਗੱਲ ਕੀ) ਸੁਆਸ ਸੁਆਸ ਵਿਚ ਨਹੀਂ ਭੁੱਲਦੇ ਹੋ। ਹੇ ਨਾਨਕ! ਪਿਆਸੇ ਸਾਰੰਗ ਵਾਂਙੂ (ਪ੍ਰਿਉ ਪ੍ਰਿਉ ਕਰ ਰਹੀ ਹਾਂ), ਹੇ ਪ੍ਰਭੂ ਦਾਤੇ! (ਤੁਸਾਨੂੰ) ਕਿਵੇਂ ਮਿਲ ਪਵਾਂ ॥ ੧ ॥ |
| ਇਕ ਬਿਨਉ ਕਰਉ ਜੀਉ ਸੁਣਿ ਕੰਤਿ ਪਿਆਰੇ ॥ ਮੇਰਾ ਮਨੁ ਤਨੁ | ਹੇ ਪਿਆਰੇ ਕੰਤ ਜੀਓ ਜੀ! (ਮੈਂ) ਇਕ ਬੇਨਤੀ ਕਰਦੀ ਹਾਂ (ਉਹ) ਸੁਣੋ! ਮੇਰਾ ਮਨੁ ਤਨੁ ਤੁਹਾਡੇ ਕੋਤਕ ਦੇਖ ਦੇਖ ਕੇ |

ਮੋਹਿ ਲੀਆ ਜੀਉ ਦੇਖਿ ਚਲਤ ਤੁਮਾਰੇ॥ ਚਲਤਾ ਤੁਮਾਰੇ ਦੇਖਿ ਮੋਹੀ ਉਦਾਸ ਧਨ ਕਿਉ ਧੀਰਏ॥ ਗੁਣਵੰਤ ਨਾਹ ਦਇਆਲੁ ਬਾਲਾ ਸਰਬ ਗੁਣ ਭਰਪੂਰਏ॥ ਪਿਰ ਦੋਸੁ ਨਾਹੀ ਸੁਖਹ ਦਾਤੇ ਹਉ ਵਿਛੁੜੀ ਬੁਰਿਆਰੇ॥ ਬਿਨਵੰਤਿ ਨਾਨਕ ਦਇਆ ਧਾਰਹੁ ਘਰਿ ਆਵਹੁ ਨਾਹ ਪਿਆਰੇ ॥੨॥

(ਤੁਸਾਂ) ਮੋਹ ਲਿਆ ਹੈ ਜੀਓ ! (ਹਾਂ, ਮੈਂ) ਤੁਹਾਡੇ ਕੌਤਕਾਂ ਨੂੰ ਦੇਖ ਕੇ ਮੋਹੀ ਗਈ ਹਾਂ (ਮੈਂ) ਬੰਦੀ (ਨਾ ਮਿਲਨੇ ਕਰਕੇ) ਉਦਾਸ ਹਾਂ, ਧੀਰਜ ਕਿਵੇਂ ਆਵੇ ? (ਤੂੰ) ਸਰਬ ਗੁਣਾਂ ਨਾਲ ਭਰਪੂਰ ਗੁਣਵੰਤ ਹੈਂ ਸਦਾ ਜੁਆਨ ਪਤੀ ਹੈਂ, ਤੇ ਦਿਆਲੂ ਹੈਂ। ਹੇ ਸੁਖਦਾਤੇ ਪਤੀ ! (ਤੇਰਾ) ਦੋਸ਼ ਕੁਛ ਨਹੀਂ ਮੈਂ ਮਾੜੀ ਹੋਣ ਕਰਕੇ (ਤੈਥੋਂ ਆਪ) ਵਿਛੁੜੀ ਹਾਂ । ਹੇ ਨਾਨਕ ! (ਮੈਂ ਹੁਣ) ਬੇਨਤੀਆਂ ਕਰਦੀ ਹਾਂ, ਹੇ ਪਿਆਰੇ ਪਤੀ ਜੀਓ ! ਕਿਰਪਾ ਕਰੋ ਤੇ (ਮੇਰੇ) ਘਰ ਆ ਜਾਓ ॥ ੨ ॥

ਹਉ ਮਨੁ ਅਰਪੀ ਸਭੁ ਤਨੁ ਅਰਪੀ ਅਰਪੀ ਸਭਿ ਦੇਸਾ ॥ ਹਉ ਸਿਰੁ ਅਰਪੀ ਤਿਸੁ ਮੀਤ ਪਿਆਰੇ ਜੋ ਪ੍ਰਭ ਦੇਇ ਸਦੇਸਾ ॥ ਅਰਪਿਆ ਤ ਸੀਸੁ ਸੁਥਾਨਿ ਗੁਰ ਪਹਿ ਸੰਗਿ ਪ੍ਰਭੂ ਦਿਖਾਇਆ ॥ ਖਿਨ ਮਾਹਿ ਸਗਲਾ ਦੂਖੁ ਮਿਟਿਆ ਮਨਹੁ ਚਿੰਦਿਆ ਪਾਇਆ ॥ ਦਿਨੁ ਰੈਣਿ ਰਲੀਆ ਕਰੈ ਕਾਮਣਿ ਮਿਟੇ ਸਗਲ ਅੰਦੇਸਾ ॥ ਬਿਨਵੰਤਿ ਨਾਨਕੁ ਕੰਤੁ ਮਿਲਿਆ ਲੋੜਤੇ ਹਮ ਜੈਸਾ ॥ ੩ ॥

(ਮੈਂ ਚਾਹੁੰਦੀ ਸਾਂ ਕਿ) ਜੋ (ਮੈਨੂੰ ਮੇਰੇ) ਮਾਲਕ ਦਾ ਸੁਨੇਹਾ ਲਿਆ ਦੇਵੇ ਮੈਂ ਉਸ ਮਿੱਤ੍ਰ ਪਿਆਰੇ ਨੂੰ (ਅਪਣਾ) ਮਨ ਭੇਟਾ ਦੇ ਦਿਆਂ, ਸਾਰਾ ਸਰੀਰ ਦੇ ਦਿਆਂ, ਸਭ ਦੇਸ ਦੇ ਦਿਆਂ (ਹਾਂ) ਮੈਂ ਸਿਰ ਬੀ ਦੇ ਦਿਆਂ। ਅੰਤ ਮੈਂ ਇਕ) ਸੁਹਣੇ ਥਾਉਂ (=ਸਤਿਸੰਗ ਵਿਚ ਜਾਕੇ) ਗੁਰੂ ਅੱਗੇ (ਅਪਣਾ) ਸੀਸ ਭੇਟਾ ਕਰ ਦਿੱਤਾ, (ਉਸ ਗੁਰੂ ਨੇ ਮੇਰਾ) ਮਾਲਕ (ਮੇਰੇ) ਨਾਲ (ਮੈਨੂੰ) ਦਿਖਾ ਦਿੱਤਾ। (ਇਉਂ ਮੈਂ ਅਪਣੇ) ਮਨ (ਵਿਚ ਜੋ ਕੁਛ) ਇਛਿਆ ਸੀ ਸੋ ਪਾ ਲਿਆ, (ਓਸੇ ਖਿਨ ਵਿਚ (ਮੇਰਾ) ਸਾਰਾ ਦੁਖ ਦੂਰ ਹੋ ਗਿਆ। (ਹੁਣ) ਸਾਰੇ ਫਿਕਰ ਚੁੱਕ ਗਏ (ਹੁਣ ਮੈਂ) ਬੰਦੀ ਰਾਤ ਦਿਨ (ਅਪਣੇ ਮਾਲਕ ਨਾਲ) ਮੌਜਾਂ ਮਾਣ ਰਹੀ ਹਾਂ। (ਗੁਰੂ) ਨਾਨਕ ਜੀ ਬੇਨਤੀ ਕਰਦੇ ਹਨ (ਕਿ ਸਾਨੂੰ) ਕੰਤ ਮਿਲ ਪਿਆ ਹੈ (ਉਸ ਤਰ੍ਹਾਂ ਕਿ) ਜਿਸ ਤਰ੍ਹਾਂ ਅਸੀਂ ਚਾਹੁੰਦੇ ਸਾਂ* (ਕਿ ਸਾਨੂੰ ਮਿਲੇ । ਭਾਵ ਛੇਤੀ ਤੇ ਸੁਖੱਲੇ ਰਸਤੇ ਮਿਲ ਪਵੇ ਇਹ ਸੀ ਚਾਹਨਾ, ਉਸੀ ਤਰ੍ਹਾਂ ਗੁਰੂ ਨੇ ਖਿਨ ਵਿਚ ਤੇ ਨਾਲ ਹੀ ਬੈਠਾ ਦਿਖਾ ਦਿੱਤਾ)।

ਮੇਰੈ ਮਨਿ ਅਨਦੁ ਭਇਆ ਜੀਉ ਵਜੀ ਵਾਧਾਈ ॥ ਘਰਿ ਲਾਲੁ ਆਇਆ ਪਿਆਰਾ ਸਭ ਤਿਖਾ ਬੁਝਾਈ ॥ ਮਿਲਿਆ ਤ ਲਾਲੁ ਗੁਪਾਲੁ ਠਾਕੁਰੁ ਸਖੀ ਮੰਗਲੁ ਗਾਇਆ॥ ਸਭ ਮੀਤ ਬੰਧਪ ਹਰਖੁ ਉਪਜਿਆ ਦੂਤ ਥਾਉ ਗਵਾਇਆ॥ ਅਨਹਤ ਵਾਜੇ ਵਜਹਿ ਘਰ ਮਹਿ ਪਿਰ ਸੰਗਿ ਸੇਜ ਵਿਛਾਈ ॥

ਹੇ ਜੀਓ ਜੀ ! (ਪਤੀ ਦੇ ਮਿਲ ਜਾਣ ਨਾਲ) ਮੇਰੇ ਮਨ ਵਿਚ ਆਨੰਦ ਹੋ ਗਿਆ ਹੈ ਤੇ ਵਧਾਈ ਵੱਜ ਰਹੀ ਹੈ। ਪਿਆਰਾ ਲਾਲ (=ਪਤੀ) ਘਰ ਆ ਗਿਆ ਹੈ (ਹੋਰ) ਸਭ ਤ੍ਰਿਸ਼ਨਾ ਮਿਟ ਗਈ ਹੈ (ਭਾਵ ਤ੍ਰਿਪਤੀ ਹੋ ਗਈ ਹੈ)। (ਹੁਣੇ ਮੈਨੂੰ ਜਦ) ਲਾਲ ਗੁਪਾਲ ਮਾਲਕ ਮਿਲ ਪਿਆ ਹੈ, ਤਾਂ ਸਖੀਆਂ ਨੇ ਵਧਾਵੇ ਦਾ ਗੀਤ ਗਾਇਆ। ਸਾਰੇ ਮਿੱਤ੍ਰਾਂ ਤੇ ਸਾਕਾਂ ਨੂੰ ਖੁਸ਼ੀ ਹੋਈ, ਅਤੇ ਦੂਤਾਂ (ਵੈਰੀਆਂ) ਨੇ ਆਪਣਾ ਥਾਉਂ ਗੁਆ ਲਿਆ। (ਮੇਰੇ) ਘਰ ਵਿਚ ਅਨਾਹਤ ਵਾਜੇ ਵੱਜ ਰਹੇ ਹਨ, (ਅਤੇ) ਪਤੀ ਦੇ ਨਾਲ ਮੇਰੀ ਛੇਜ ਵਿਛਾਈ (ਗਈ, ਹੈ। (ਗੁਰੂ) ਨਾਨਕ (ਜੀ) ਬਿਨੈ ਕਰਦੇ ਹਨ (ਕਿ ਹੁਣ) ਸੁਖਦਾਈ ਹਰੀ ਕੰਤ (ਸਾਡੇ ਨਾਲ) ਸਹਜ ਸੁਭਾਵ ਹੀ ਮਿਲਿਆ

*ਲੋੜਤੇ = ਢੂੰਡਦੇ ਸਾਂ । ਚਾਹੁੰਦੇ ਸਾਂ ।

ਖਿਨਵੇਂਤਿਨਾਨਕੁ ਸਹਜਿ ਰਹੈਹਰਿ | ਰਹਿੰਦਾ ਹੈ ॥ ੪ ॥ ੧ ॥
ਮਿਲਿਆ ਕੰਤੁ ਸੁਖਦਾਈ॥੪॥੧॥ |

**ਵਯਾਖਯਾ**—ਇਸ ਛੰਤ ਵਿਚ ਉਹੋ ਦੁਖ ਹੈ ਜੋ ਪਿਛੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦੋ ਛੰਤਾਂ ਵਿਚ ਸੀ। ਪਤੀ ਨੂੰ ਮਿਲਣ ਦੇ ਵੈਰਾਗ ਵਿਚ ਇਕ ਇਸਤ੍ਰੀ ਦੇ ਰੂਪਕ ਵਿਚ ਪਰਮੇਸਰ ਦੇ ਮੇਲ ਦੇ ਅਕਾਂਖੀ ਨੂੰ ਵਰਣਨ ਕੀਤਾ ਹੈ। ਪ੍ਰਭੂ, ਗੁਰ, ਪੁਰਖ ਬਿਧਾਤਾ ਆਦਿ ਪਦ ਕਹਿਕੇ ਮੁੱਢ ਵਿਚ ਹੀ ਦੱਸ ਦਿੱਤਾ ਹੈ ਕਿ ਵਰਣਨ ਕਿਸੇ ਇਸਤ੍ਰੀ ਦਾ ਨਹੀਂ ਪਰ ਉਸਦੇ 'ਪਤੀ-ਪ੍ਰੇਮ' ਦੀ ਸਦਰਸ਼ਤਾ ਲੈ ਕੇ ਇਕ ਰੱਬ ਨੂੰ ਮਿਲਣ ਦੇ ਪ੍ਰੇਮੀ ਦਾ ਵਰਣਨ ਹੈ। ਉਸਦੇ ਮਨ ਦੀ ਅਕਾਂਖਯਾ ਯਾ ਮਿਲਣ ਦੀ ਤ੍ਰਿਖੀ ਪਿਆਸ ਐਉਂ ਦੱਸੀ ਹੈ:--

੧. ਮਿਲਣ ਲਈ ਹੋਰ ਪਦਾਰਥਾਂ ਤੇ ਪਯਾਰਾਂ ਤੋਂ ਉਦਾਸੀ।

੨. ਇਕੋ ਪ੍ਰਭੂ ਮਿਲਣ ਦੀ ਉਤਕੰਠਾ।

੩. ਦਰਸ਼ਨ ਦੀ, ਨਮਸਕਾਰ ਦੀ, ਹੱਥੀਂ ਸੇਵਾ ਕਰਨ ਦੀ ਪ੍ਰਬਲ ਸੱਧਰ।

੪. ਹਰ ਛਿਨ ਮਿਲਣ ਦੀ ਲੋਚਾ, ਪਯਾਸੇ ਸਾਰੰਗ ਵਾਙੂ ਸਾਸ ਸਾਸ ਪ੍ਰਿਉ ਪ੍ਰਿਉ ਦੀ ਯਾਦ-ਸਿਮਰਨ।

ਅੰਕ ੨ ਵਿਚ ਅਰਦਾਸ ਦੇ ਰੂਪ ਵਿਚ ਅਪਣੇ ਪ੍ਰਭੂ ਨੂੰ ਹਾਜ਼ਰ ਨਾਜ਼ਰ ਜਾਣ ਕੇ ਅਪਣੇ ਅਵਗੁਣਾਂ ਦਾ ਇਕਰਾਰ ਕੀਤਾ ਹੈ ਕਿ ਸਾਰੇ ਦੋਸ਼ ਮੇਰੇ ਵਿਚ ਹਨ ਜੋ ਮੇਰੇ ਵਿਯੋਗ ਦਾ ਕਾਰਨ ਹਨ, ਇਸ ਵਿਯੋਗ ਦਾ ਕੋਈ ਜ਼ਿਮਾ, ਕੋਈ ਬਰਾ. ਮੇਰੇ ਪਤੀ ਪ੍ਰਭੂ ਦਾ ਨਹੀਂ। ਚਾਹੇ ਮੈਂ ਨਿਜ ਅਵਗੁਣਾਂ ਕਰਕੇ ਵਿਛੁੜੀ ਹਾਂ ਪਰ ਮੈਂ ਮਾਲਕ ਪ੍ਰਭੂ ਦੇ ਕੌਤਕ ਦੇਖ ਦੇਖ ਕੇ ਉਸਦੇ ਪਯਾਰ ਵਿਚ ਮੋਹਿਤ ਹਾਂ, ਮੋਹਿਤ ਹੋਣ ਕਰਕੇ ਮਿਲਣ ਲਈ ਉਦਾਸ ਹਾਂ। ਉਦਾਸੀ ਇਤਨੀ ਹੈ ਕਿ ਧੀਰਜ ਨਹੀਂ ਆਉਂਦਾ ਇਸ ਕਰਕੇ ਅਰਦਾਸ ਹੈ ਕਿ ਹੇ ਪਿਆਰੇ ਪ੍ਰਭੂ ਮੇਰੇ ਮਨ ਵਿਚ ਆ ਵੱਸੇ।

ਅੰਕ ੩ ਵਿਚ ਮਿਲਣ ਦੀ ਪ੍ਰਬਲ ਚਾਹਨਾ ਕਰਕੇ ਹੁਣ ਗੁਰੂ ਦੀ ਲੋੜ ਭਾਸੀ ਹੈ ਜੋ ਪ੍ਰਭੂ ਦਾ ਮਿਲਣ ਸੰਦੇਸਾ ਹੀ ਲਿਆ ਦੇਵੇ, ਯਾ ਜੋ ਇਸਦਾ ਪ੍ਰੇਮ ਸ਼ੰਦੇਸਾ ਪੁਚਾ ਦੇਵੇ। ਐਸੇ ਪਿਆਰੇ ਮਿੱਤ੍ਰ ਨੂੰ ਸਰਬੰਸ ਅਰਪਨ ਦੀ ਕੁਰਬਾਨੀ ਪਸ਼ ਕੀਤੀ ਹੈ।

ਹੁਣ ਚੌਥੀ ਤੁਕ ਤੋਂ ਪਾਸਾ ਬਦਲਦਾ ਹੈ, ਮਿਲਾਪ ਦੀ ਹਵਾ ਵੱਗ ਪੈਂਦੀ ਹੈ। ਇਕ 'ਸੁਹਣਾ ਥਾਂ' ਲੱਭ ਪਿਆ ਦੱਸਿਆ ਹੈ, ਮੁਰਾਦ ਹੈ ਸਤਿਸੰਗ ਤੋਂ। ਓਥੋਂ ਗੁਰੂ ਲੱਭ ਪਿਆ, ਉਸ ਅੱਗੇ ਸਿਰ (=ਹੰਕਾਰ) ਵਿਛਾ ਦਿੱਤਾ। ਉਸ ਗੁਰੂ ਨੇ ਮੈਨੂੰ ਸਾਖਯਾਤ ਦਿਖਾ ਦਿੱਤਾ ਕਿ ਤੇਰਾ ਪ੍ਰਭੂ ਤੇਰੇ ਨਾਲ ਹੈ। ਉਸ ਨੂੰ ਨਾਲ ਦੇਖਦੇ ਸਾਰ ਸਾਰਾ ਬਿਰਹ-ਦੁਖ ਦੂਰ ਹੋ ਗਿਆ, ਠੰਢ ਪੈ ਗਈ, ਸ਼ਾਂਤਿ ਵਰਤ ਗਈ। ਮੇਲ ਦਾ ਰਸ ਰੰਗ ਮਾਣਨ ਵਿਚ ਆ ਗਿਆ। ਪਤੀ ਨਾਲ ਪਯਾਰ ਦਾ ਸੁਖ ਮਿਲ ਗਿਆ। ਫਿਕਰ ਦੂਰ ਹੋ ਗਏ। ਕਿਉਂਕਿ ਪਤੀ ਮਿਲ ਗਿਆ ਜਿਵੇਂ ਚਾਹੁੰਦੇ ਸਾਂ ਕਿ ਮਿਲੇ। ਇਹ ਭਾਵ ਨਹੀਂ ਕਿ 'ਕੋਈ' ਕੰਤ ਲੱਭਦੇ ਸਾਂ, 'ਜਿਸ ਪ੍ਰਕਾਰ' ਦ ਲੋੜਦੇ ਸਾਂ ਮਿਲ ਗਿਆ ਹੈ। ਇਸ ਤਰ੍ਹਾਂ ਤਾਂ ਕਈ ਕੰਤ ਹੋ ਗਏ। ਪਰ ਇਸ ਛੰਤ ਵਿਚ ਅਪਣੇ ਕੰਤ ਦੇ ਲੱਛਣ ਫੁਰਮਾ ਆਏ ਹਨ, ਉਸ ਨੂੰ 'ਏਕੁ' ਕਹਿ ਆਏ ਹਨ, ਉਸ ਨਾਲ ਵਿਛੋੜੇ ਹੋਣ ਦੀ ਸੂਚਨਾ ਤੇ ਕਾਰਣ ਦੱਸ ਆਏ ਹਨ। ਇਸ ਲਈ ਕੰਤ ਕੈਸਾ ਹੈ? ਇਸ ਗੱਲ ਦਾ ਪਤਾ ਹੈ, ਸੋ ਪਦ 'ਜੈਸਾ' 'ਕੰਤ' ਦਾ 'ਵਿਸ਼ੇਸ਼ਨ' ਨਹੀਂ ਹੋ ਸਕਦਾ, ਪਰ ਕ੍ਰਿਯਾ ਵਿਸ਼ੇਸ਼ਣ ਹੈ 'ਲੋੜਤੇ' ਦਾ। ਕਿ ਲੋੜਦੇ ਸਾਂ ਕਿ ਸਹਜੇ ਮਿਲ ਪਵੇ। ਛਿਨ ਵਿਚ ਮਿਲ ਪਵੇ, ਪਰਦਾ ਕੋਈ ਨਾ ਰਹੇ, ਇਕ ਸੇਜ ਤੇ ਰੰਗ ਰਲੀਆਂ ਮਿਲਨ; ਸੋ ਉਸੇ ਪ੍ਰਕਾਰ ਮਿਲ ਪਿਆ ਹੈ।

ਅੰਕ ੪ ਵਿਚ ਮੇਲ ਦਾ, ਅਰਥਾਤ ਵਸਲ ਦਾ, ਰੂਪ ਬੱਧਾ ਹੈ। ਅੰਤਹਕਰਣ ਵਿਚ ਵਾਹਿਗੁਰੂ

ਵੱਸ ਪਿਆ, ਦਿੱਸ ਪਿਆ, ਸਭ ਭੁਖਾਂ ਤ੍ਰੇਹਾਂ ਬਿਲਾ ਗਈਆਂ, ਭਾਵ ਤ੍ਰਿਪਤੀ ਹੋ ਗਈ। ਸ਼ੁਭ ਗੁਣ
ਸੁਤੇ ਸਿਧ ਮੰਗਲ਼ ਮਯ ਰੰਗ ਵਿਚ ਪ੍ਰਗਟ ਹੋ ਪਏ ਅਵਗੁਣ ਦੂਰ ਹੋ ਗਏ। ਪ੍ਰਭੂ ਨਾਲ ਇਕ ਰੰਗੀ
ਮੇਲ ਦੀ ਇਕੋ ਸਰਪ ਵਿਚ ਤਦਰੂਪ ਹੋਣ ਰੂਪੀ ਸੇਜਾ ਮਿਲ ਗਈ ਤੇ ਸਹਜ ਅਵਸਥਾ ਪ੍ਰਾਪਤ ਹੋ
ਗਈ, ਜੋ ਤ੍ਰੈਹਾਂ ਗੁਣਾਂ ਤੋਂ ਉਪਰ ਆਤਮਾ ਦੀ ਸ਼ੁੱਧ ਤੇ ਨਿਜ ਸਰੂਪ ਦੀ ਪਰਮਾਤਮ ਮੇਲ ਵਿਚ
ਤਦਰੂਪਤਾ ਹੁੰਦੀ ਹੈ।

**ਵਿਸ਼ੇਸ਼ ਵੀਚਾਰ**—ਜੋ ਕੁਛ ਗੁਰੂ ਨਾਨਕ ਦੇਵ ਜੀ ਦੇ ਦੋ ਛੰਤਾਂ ਵਿਚ ਹੈ ਸੋਈਓ ਕੁਛ
ਇਸ ਛੰਤ ਵਿਚ ਹੈ, ਦੋਹਾਂ ਵਿਚ ਦਿਲ ਕੰਬਣੀ, ਸੱਧਰ, ਸਿੱਕ, ਪਿਆਰ, ਬਿਰਹ, ਵਿਯੋਗ ਭਰੇ ਪਏ
ਹਨ, ਪਰ ਢੰਗ ਵਰਣਨ ਦਾ ਵੱਖਰਾ ਹੈ। ਸਾਈਂ ਤੋਂ ਵਿਛੜੇ ਦਾ ਕਾਰਣ ਬੀ ਇਕੋ ਦੱਸਿਆ ਹੈ ਪਰ
ਵਰਣਨ ਨਿਰਾਲਾ ਹੈ ਤੇ ਤਾਸੀਰ ਫਿਰ ਨਵਲ ਹੈ। ਦੋਹਾਂ ਵਿਚ ਉਪਰਾਲੇ ਦੇ ਭਾਵ ਇਕੋ ਹਨ, ਪਰ
ਤ੍ਰੀਕਾ ਦੱਸਣ ਦਾ ਅਲੱਗ ਅਲੱਗ ਹੈ। ਫੇਰ ਉਪਰਾਲੇ ਦੀ ਸਿਖਯਾ ਦਾਨ ਕਰਨ ਦਾ ਸੱਜਰਾ ਪਨ ਦੋਹਾਂ
ਵਿਚ ਅਪਣਾ ਹੈ। ਵਸਲ ਦਾ ਹਾਵ ਭਾਵ ਇਕੋ ਅਰਥਾਂ ਵਾਲਾ ਹੈ, ਪਰ ਵਯਾਖਯਾ ਵੱਖੋ ਵੱਖਰੀ ਹੈ,
ਤੇ ਦੋਹਾਂ ਵਿਚ ਚਾਉ ਉਤਸਾਹ ਤੇ ਰਸਮਾਣਤਾ ਅਪਣੇ ਜੋਬਨਾਂ ਵਿਚ ਹੈ। ਇਸ ਦਾ ਕਾਰਣ ਇਹ ਹੈ
ਕਿ ਦੁਇ ਲਿਖਣਹਾਰ ਕਵਿਤਾ ਨਹੀਂ ਰਚ ਰਹੇ, ਨਾਂ ਤਾਂ ਨਕਲ ਹੋ ਰਹੀ ਹੈ ਨਾ ਸਮਸਯਾ ਪੂਰਤੀ ਹੈ;
ਚਾਹੇ ਗੁਰੂ ਅਰਜਨ ਦੇਵ ਜੀ ਕੋਲ ਗੁਰੂ ਨਾਨਕ ਦੇਵ ਜੀ ਦੇ ਛੰਤ ਮੌਜੂਦ ਸਨ। ਦੋਵੇਂ ਦਿਲ ਇਕ
ਭਾਵਨਾ, ਇਕ ਪ੍ਰੇਮ ਵਾਲੇ ਹਨ। ਪ੍ਰੇਮ ਉਮਗਦਾ ਹੈ ਉਹ ਉਮਗੇ ਅੰਦਰਲੇ ਭਾਵ ਤੇ ਅਹਿਸਾਸ ਬਾਣੀ
ਦਾ ਰੂਪ ਲੈਕੇ ਅੰਕਿਤ ਹੋ ਜਾਂਦੇ ਹਨ। ਅੱਖਰਾਂ ਪਦਾਂ ਵਿਚ ਕੁਛ ਕੁਛ ਫਰਕ ਪੈਂਦਾ ਹੈ ਪਰ ਭਾਵ ਉਹੋ
ਰਹਿੰਦੇ ਹਨ ਤੇ ਕੁਦਰਤੀ ਉਮਾਹੁ ਅਸਲੀ ਭਾਵ ਹੋਣ ਕਰਕੇ ਭਾਵਾਂ ਵਿਚ ਤਰੋ ਤਾਜ਼ਗੀ ਤੇ ਸੱਜਰਾਪਨ
ਅਪਣਾ ਅਪਣਾ ਰਹਿੰਦਾ ਹੈ, ਕਿਸੇ ਨਕਲ ਯਾ ਉਤਾਰਾ, ਯਾ ਤੁਕ ਬੰਦੀ ਦੀ ਝਲਕ ਨਹੀਂ ਹੁੰਦੀ। ਛੰਤ
ਉਹੋ ਹਨ, ਰੂਪਕ ਲਗ ਪਗ ਮਿਲਦੇ ਹਨ, ਭਾਵ ਇੱਕੋ ਹਨ ਕਿਉਂਕਿ ਹਿਰਦੇ ਇਕੋ ਹਨ, ਜੋਤ ਇਕੋ
ਹੈ, ਇਕ ਗੁਰੂ ਅਪਣੇ ਜਾਨਸ਼ੀਨ ਗੁਰੂ ਨੂੰ ਗੱਦੀ ਹੀ ਨਹੀਂ ਦੇਂਦਾ ਗੁਰੂ ਜਯੋਤ ਦਾ ਹਲੂਲ ਉਸ ਵਿਚ
ਕਰ ਦੇਂਦਾ ਹੈ,ਤਦ ਵਾਹਿਗੁਰੂ ਪ੍ਰੇਮ ਦਾ ਚਿਮਨ ਉਸੇ ਤਰ੍ਹਾਂ ਦਾ ਖਿੜਦਾ ਤੇ ਲਪਟਾਂ ਦੇਂਦਾ ਹੈ।

ਇਕ ਹੋਰ ਵੀਚਾਰ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਛੰਤਾਂ ਦੇ ਭਾਵ ਜੋ ਗੁਰੂ ਅਮਰ ਦਾਸ ਤੇ
ਗੁਰੂ ਅਰਜਨ ਦੇਵ ਜੀ ਨੇ ਸਮਝੇ ਓਹ ਅਸੀਂ ਨਹੀਂ ਪੂਰੀ ਤਰ੍ਹਾਂ ਅਨੁਭਵ ਕਰ ਸਕਦੇ; ਇਸ ਲਈ
ਪਿਛਲੇ ਦੋਹਾਂ ਗੁਰੂ ਸਾਹਿਬਾਂ ਨੇ ਅਪਣੇ ਛੰਤਾਂ ਵਿਚ ਗੁਰੂ ਨਾਨਕ ਦੇਵ ਜੀ ਦੇ ਭਾਵਾਂ ਦੇ ਅਰਥ ਭਾਵ
ਬੰਨ੍ਹ ਦਿਤੇ ਹਨ ਤੇ ਸੁਖੱਲੇ ਕਰ ਦਿੱਤੇ ਹਨ ਪਰ ਟੀਕਾਕਾਰ ਵਾਙੂ ਨਹੀਂ। ਇਕੋ ਪ੍ਰੇਮ ਵਿਯੋਗ ਮਿਲਾਪ
ਦੀਆਂ ਅਵਸਥਾ ਵਿਚ ਹੋਕੇ ਉਹਨਾਂ ਭਾਵਾਂ ਨੂੰ ਸੁਲਝਾਇਆ ਹੈ, ਜੋ ਬਿਨਾਂ ਇਨ੍ਹਾਂ ਦੇ ਹੋ ਸਕਦਾ ਸੀ
ਕਿ ਅਸੀਂ ਹੋਰਵੇਂ ਕੁਛ ਸਮਝਣ ਲਗ ਜਾਂਦੇ। ਪਰ ਐਸਾ ਕਰਨੇ ਵਿਚ ਆਪ ਦੇ ਛੰਤਾਂ ਵਿਚ ਅਪਣੀ
ਅਸਲੀਅਤ (Originality), ਅਪਣੀ ਤਾਜ਼ਗੀ ਪੂਰੇ ਰੰਗ ਵਿਚ ਹੈ, ਘਟੀ ਨਹੀਂ। ਸਾਡਾ ਭਾਵ ਇਹ
ਹੈ ਕਿ ਏਹ ਛੰਤ 'ਵਾਕ ਰਚਨਾ' ਮਾਤ੍ਰ ਨਹੀਂ ਹਨ, ਇਹ ਅੰਦਰਲੇ ਦੀਆਂ ਅਸਲੀ ਪ੍ਰਤੀਤੀਆਂ
ਮੂਰਤੀਮਾਨ ਹੋਈਆਂ ਹਨ।

**ਨਿਰੁਕ**—ਬੈਰਾਗੁ-[ਸੰਸ:,ਵੈਰਾਗਯੰ=ਰਾਗ ਦੀ ਅਣਹੋਂਦ]ਉਪਰਾਮਤਾ। ੨. ਸਭ ਪਾਸਿਆਂ
ਤੋਂ ਉਪਰਾਮ ਹੋਕੇ ਕਿਸੇ ਇਕ ਲਗਨ ਵਿਚ ਲਗੇ ਰਹਿਣਾ। ਇਕ ਪਾਸੀ ਪ੍ਰੇਮ ਦੀ ਲਗਨ।

ਪੁਰਖ ਬਿਧਾਤੇ—**ਕਰਮਾਨੁਸਾਰ ਫਲ ਪ੍ਰਦਾਤਾ।**

(ਅ) [ਬਿਧ+ਆਤਾ=] ਬ੍ਰਹਮਾ ਜਿਸ ਤੋਂ ਪ੍ਰਗਟਿਆ।

ਸ੍ਰੀ ਧਰੁ—[ਸੰਸ:, ਸ਼੍ਰੀਧਰ:=ਲਛਮੀ ਨੂੰ ਯਾ ਸ਼ੋਭਾ ਨੂੰ ਧਾਰਨ ਕਰਨ ਵਾਲਾ] ਵਾਹਿਗੁਰੂ।

ਉਡੀਣੀਆ-[ਪੰਜਾ:] ਉਦਾਸ ਹੋ ਰਹੀ ਹਾਂ।

(ਅ) ਉਡੀਣੀ ਦਾ ਬਹੁ ਬਚਨ ਬੀ ਉਡੀਣੀਆਂ ਹੁੰਦਾ ਹੈ। 'ਮਿਲਹ' ਕ੍ਰਿਯਾ ਤੋਂ ਬੀ ਬਹੁ ਬਚਨ ਜਾਪਦਾ ਹੈ, ਪਰ ਸਾਰੇ ਸ਼ਬਦ ਦੀ ਚਾਲ ਇਕ ਬਚਨ ਦੀ ਹੋਣ ਕਰਕੇ ਉਡੀਣੀਆਂ ਦਾ ਅਰਥ ਇਕ ਬਚਨ ਵਿਚ 'ਉਦਾਸ ਹੋਈ ਹਾਂ' ਲੈਣਾ ਚੰਗਾ ਜਾਪਦਾ ਹੈ।

ਨਿਮਾਣੀਆ-ਨਿਮਾਣੀ ਹੋ ਰਹੀ। ਇਹ ਬੀ 'ਕਰਹਿ' ਕਰਕੇ ਬਹੁ ਬਚਨ ਲਗਦਾ ਹੈ ਪਰ ਉਪਰ ਦੱਸੇ ਕਾਰਣ ਕਰਕੇ 'ਨਿਮਾਣੀ ਹੋ ਰਹੀ' ਚੰਗਾ ਜਚਦਾ ਹੈ।

ਮੂਰਤੁ-[ਸੰਸ: ਮੁਹੂਰਤੰ] ਦੋ ਘੜੀ ਦਾ ਇਕ ਮਹੂਰਤ ਹੁੰਦਾ ਹੈ।

ਸਾਰਿੰਗ-[ਸੰਸ:, ਸਾਰੰਗ:] ਪਪੀਹਾ। ਚਾਤ੍ਰਿਕ।

ਚਲਤ-[ਸੰਸ:, ਚਰਿਤ੍ਰਮ੍] ਕੌਤਕ।

ਬੁਰਿਆਰੇ-ਬੁਰੇ ਕੰਮ ਕਰਨ ਵਾਲੀ (ਮਾਨੀ ਹੋਣ ਦੇ ਕਾਰਣ)।

ਸਦੇਸਾ-[ਸੰਸ:, ਸੰਦੇਸ਼:]ਸੁਨੇਹਾ।          ਅਰਪਣਾ-ਦੇਣਾ, ਭੇਟ ਕਰਨਾ।

ਅੰਦੇਸਾ-[ਫਾ:, ਅੰਦੇਸ਼ਾ] ਫ਼ਿਕਰ, ਖ਼ਤਰਾ।

ਸਥਾਨਿ-ਸ੍ਰੇਸ਼ਟ ਥਾਂ ਵਿਚ,ਭਾਵ ਸਤਿਸੰਗ ਵਿਚ।

ਜੈਸਾ-ਜਿਹਾ (ਚਾਹੁੰਦੇ ਸਾਂ)। ਇਹ ਪਦ ਲੋੜਤੇ ਦਾ ਕ੍ਰਿਯਾ ਵਿਸ਼ੇਸ਼ਣ ਹੈ, ਕੰਤ ਦਾ ਵਿਸ਼ੇਸ਼ਣ ਨਹੀਂ। ਕੰਤ ਦਾ ਵੇਰਵਾ 'ਇਕ' ਆਦਿ ਉਪਰ ਦੇ ਆਏ ਹਾਂ।

ਲਾਲ-ਪਿਆਰਾ।          ਤ੍ਰਿਖਾ-ਤ੍ਰੇਹ। ਪਿਆਸ। ਤ੍ਰਿਸ਼ਨਾ। ਲੋੜ।

ਮੰਗਲੁ-ਖੁਸ਼ੀ ਦਾ ਗੀਤ, ਵਧਾਵਾ।

ਬੰਧਪੁ-ਸਾਕ। ਭਾਵ ਸ਼ੁਭ ਗੁਣ।          ਹਰਖ-ਖ਼ੁਸ਼ੀ।

ਦੂਤ-ਵੈਰੀ। ਭਾਵ ਅਵਗੁਣ।

ਅਨਹਤ ਵਾਜੇ-ਅਨਾਹਤ ਵਾਜੇ। [ਦੇਖੋ ਅਨਹਤ ਸ਼ਬਦ, ਪੰਨਾ ੨੯੯]।

## [ਗਉੜੀ ਮਹਲਾ ੫, ਛੰਤ-੯]

**ਪ੍ਰਾਕ੍ਥਨ**-ਇਸ ਛੰਤ ਵਿਚ ਸਿਫਤ ਸਲਾਹ ਤੇ ਅਰਦਾਸ ਦੇ ਰਲਵੇਂ ਭਾਵ ਬੜੇ ਲਾਡ ਮਈ ਲਫਜ਼ਾਂ ਵਿਚ ਅਪ੍ਰੋਖ ਬੇਨਤੀ ਵਿਚ ਉਚਾਰਣ ਹੋਏ ਹਨ।

| ਮੂਲ | ਅਰਥ |
| --- | --- |
| ਗਉੜੀ ਮਹਲਾ ੫ ॥<br>ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ ॥ ਮੋਹਨ ਤੇਰੇ ਸੋਹਨਿ ਦੁਆਰ ਜੀਉ ਸੰਤ ਧਰਮਸਾਲਾ ॥ ਧਰਮਸਾਲ ਅਪਾਰ ਦੈਆਰ ਠਾਕੁਰ ਸਦਾ ਕੀਰਤਨੁ ਗਾਵਹੇ॥ਜਹ ਸਾਧ ਸੰਤ ਇਕਤ੍ਰ ਹੋਵਹਿ ਤਹਾ ਤੁਝਹਿ | ਹੇ ਜੀਵਾਂ ਨੂੰ ਮੋਹ ਲੈਣ ਵਾਲੇ (ਸੋਹਣੇ ਵਾਹਿਗੁਰੂ !) ਤੇਰੇ ਮੰਦਰ ਉੱਚੇ ਹਨ (ਤੇ ਤੇਰੇ) ਮਹਲ ਬੇਅੰਤ ਹਨ। ਹੇ ਮੋਹ ਲੈਣ ਵਾਲੇ ਜੀਓ! ਤੇਰੇ (ਮਹਲਾਂ ਦੇ) ਦਰਵਾਜ਼ੇ ਤੇ ਸੰਤਾਂ (ਲਈ ਬਣੀਆਂ) ਧਰਮਸਾਲਾਂ ਸੁੰਦਰ ਹਨ। ਹੇ ਦਿਆਲੂ ਸੁਆਮੀ! (ਤੇਰੀਆਂ) ਧਰਮਸਾਲਾਂ ਅਨੰਤ ਹਨ (ਜਿੱਥੇ) ਸਦਾ (ਤੇਰਾ) ਕੀਰਤਨ (ਸੰਤ) ਗਾਂਵਦੇ ਹਨ। (ਹਾਂ,) ਜਿੱਥੇ ਸਾਧੂ ਤੇ ਸੰਤ ਇਕੱਠੇ ਹੁੰਦੇ ਹਨ ਓਥੇ ਤੈਨੂੰ ਆਰਾਧਦੇ ਹਨ। |

ਧਿਆਵਹੇ॥ਕਰਿ ਦਇਆ ਮਇਆ ਦਇਆਲ ਸੁਆਮੀ ਹੋਹੁ ਦੀਨ ਕ੍ਰਿਪਾਰਾ॥ਬਿਨਵੰਤਿ ਨਾਨਕ ਦਰਸ ਪਿਆਸੇ ਮਿਲਿ ਦਰਸਨ ਸੁਖੁ ਸਾਰਾ ॥ ੧ ॥

ਹੇ ਦਿਆਲੂ ਮਾਲਕ ! ਦਇਆ ਕਰ, ਮੇਹਰ ਕਰ ਤੇ ਗ੍ਰੀਬਾਂ ਉੱਤੇ ਕ੍ਰਿਪਾਲੂ ਹੋਹੁ । (ਗੁਰੂ) ਨਾਨਕ (ਦੇਵ ਜੀ ਕਹਿੰਦੇ ਹਨ ਕਿ) ਦਰਸ਼ਨ ਦੇ ਪਿਆਸੇ ਬੇਨਤੀ ਕਰਦੇ ਹਨ (ਸਾਨੂੰ) ਮਿਲ ਪਓ, (ਤੇਰਾ) ਦਰਸ਼ਨ (ਹੀ) ਸ੍ਰੇਸ਼ਟ ਸੁਖ ਹੈ ॥ ੧ ॥

ਮੋਹਨ ਤੇਰੇ ਬਚਨ ਅਨੂਪ ਚਾਲ ਨਿਰਾਲੀ ॥ ਮੋਹਨ ਤੂੰ ਮਾਨਹਿ ਏਕੁ ਜੀ ਅਵਰ ਸਭ ਰਾਲੀ ॥ ਮਾਨਹਿ ਤ ਏਕੁ ਅਲੇਖੁ ਠਾਕੁਰੁ ਜਿਨਹਿ ਸਭ ਕਲ ਧਾਰੀਆ ॥ ਤੁਧੁ ਬਚਨਿ ਗੁਰ ਕੈ ਵਸਿ ਕੀਆ ਆਦਿ ਪੁਰਖੁ ਬਨਵਾਰੀਆ॥ ਤੂੰ ਆਪਿ ਚਲਿਆ ਆਪਿ ਰਹਿਆ ਆਪਿ ਸਭ ਕਲ ਧਾਰੀਆ ॥ ਬਿਨਵੰਤਿ ਨਾਨਕ ਪੈਜ ਰਾਖਹੁ ਸਭ ਸੇਵਕ ਸਰਨਿ ਤੁਮਾਰੀਆ ॥ ੨ ॥

ਹੇ ਮੋਹ ਲੈਣ ਵਾਲੇ ! ਤੇਰੇ ਵਾਕ ਉਪਮਾ ਤੋਂ ਪਰੇ ਹਨ (ਉਨ੍ਹਾਂ ਦੀ ਸੰਦਰਸ਼ਤਾ ਨਹੀਂ ਹੋ ਸਕਦੀ, ਅਤੇ ਤੇਰੀ) ਚਾਲ (=ਰਹੁਰੀਤਿ ਬੀ) ਨਿਰਾਲੀ ਹੈ। ਹੇ ਮੋਹ ਲੈਣ ਵਾਲੇ! ਤੂੰ ਇਕ ਹੈਂ (ਜਿਸ ਨੂੰ) ਜੀਵ ਮੰਨਦੇ ਹਨ, ਹੋਰ ਸਾਰੇ (ਤੇਰੇ ਟਾਕਰੇ ਤੇ) ਰਵਾਲ ਹਨ। (ਹਾਂ, ਜਿਸ ਨੂੰ ਸਾਰੇ) ਮੰਨਦੇ ਹਨ– ਇਕ, ਲੱਖਤਾ ਤੋਂ ਪਰੇ ਤੇ ਮਾਲਕ, ਜਿਸ ਨੇ ਕਿ ਸਾਰੀ (ਜਗਤ ਦੀ ਚਲ ਰਹੀ) ਕਲਾ ਨੂੰ ਧਾਰਨ ਕੀਤਾ ਹੋਇਆ ਹੈ। ਹੇ ਬਨਵਾਰੀ ! ਜੋ ਆਦਿ ਪੁਰਖ ਹੈਂ, ਤੂੰ ਗੁਰੂ ਦੇ ਬਚਨ ਵਿਚ (ਜੀਵਾਂ ਦਾ ਮੋਖ) ਵੱਸ ਕੀਤਾ ਹੈ। ਤੂੰ ਆਪ (ਜੰਗਮ ਜਗਤ ਹੋਕੇ) ਚਲ ਰਿਹਾ ਹੈਂ, (ਤੂੰ) ਆਪ ਹੀ (ਸਥਾਵਰ ਹੋਕੇ) ਟਿਕ ਰਿਹਾ ਹੈਂ ਤੇ ਆਪ ਹੀ (ਤੂੰ) ਸਭ ਕਲਾਂ ਧਾਰਨ ਕੀਤੀਆਂ ਹੋਈਆਂ ਹਨ। (ਗੁਰੂ) ਨਾਨਕ ਦੇਵ ਜੀ (ਆਖਦੇ ਹਨ): ਬੇਨਤੀ ਹੈ ਕਿ (ਸਾਡੀ) ਪੈਜ ਰਖੋ, (ਮੈਂ ਤੇ) ਸਾਰੇ ਸੇਵਕ ਆਪ ਦੀ ਸ਼ਰਣਾਗਤ ਹਾਂ ॥ ੨ ॥

ਮੋਹਨ ਤੁਧੁ ਸਤ ਸੰਗਤਿ ਧਿਆਵੈ ਦਰਸ ਧਿਆਨਾ ॥ ਮੋਹਨ ਜਮੁ ਨੇੜਿ ਨ ਆਵੈ ਤੁਧੁ ਜਪਹਿ ਨਿਦਾਨਾ ॥ ਜਮਕਾਲੁ ਤਿਨ ਕਉ ਲਗੈ ਨਾਹੀ ਜੋ ਇਕ ਮਨਿ ਧਿਆਵਹੇ ॥ ਮਨਿ ਬਚਨਿ ਕਰਮਿ ਜਿ ਤੁਧੁ ਅਰਾਧਹਿ ਸੇ ਸਭੇ ਫਲ ਪਾਵਹੇ॥ ਮਲ ਮੂਤ ਮੂੜ ਜਿ ਮੁਗਧ ਹੋਤੇ ਸਿ ਦੇਖਿ ਦਰਸੁ ਸੁਗਿਆਨਾ ॥ ਬਿਨਵੰਤਿ ਨਾਨਕ ਰਾਜੁ ਨਿਹਚਲੁ ਪੂਰਨ ਪੁਰਖ ਭਗਵਾਨਾ ॥ ੩ ॥

ਹੇ ਮੋਹ ਲੈਣ ਵਾਲੇ(ਵਾਹਿਗੁਰੂ)! ਤੈਨੂੰ ਸਤਿਸੰਗਤ ਧਿਆਉਂਦੀ ਹੈ (ਤੇਰੇ) ਦਰਸ਼ਨ ਦੇ ਧਜਾਨ ਵਿਚ ਲਗੀ ਹੋਈ। ਹੇ ਮੋਹ ਲੈਣ ਵਾਲੇ (ਭਗਵਾਨ) ! ਜੋ ਤੈਨੂੰ ਜਪਦੇ ਹਨ (ਉਨ੍ਹਾਂ ਦੇ) ਨੇੜੇ ਅੰਤ (ਸਮੇਂ) ਜਮ ਨਹੀਂ ਆਉਂਦਾ। (ਹਾਂ) ਜਮਕਾਲ ਉਨ੍ਹਾਂ ਦੇ (ਲਵੇ) ਨਹੀਂ ਲਗਦਾ ਜੋ ਇਕ ਮਨ ਹੋਕੇ (ਤੈਨੂੰ) ਧਿਆਉਂਦੇ ਹਨ। (ਹਾਂ, ਜੀਓ ਜੀ ! ਜੋ) ਮਨ ਕਰਕੇ, ਬਚਨ ਕਰਕੇ, ਕਰਮ ਕਰਕੇ ਤੇਰੀ ਅਰਾਧਨਾ ਕਰਦੇ ਹਨ, ਓਹ ਸਾਰੇ ਫਲ ਪਾਉਂਦੇ ਹਨ। (ਜੋ) ਮਲ ਮੂਤ੍ਰ (ਦੀ ਤਰ੍ਹਾਂ ਗੰਦੇ ਜਨ ਤੇ ਬੜੇ) ਮੂੜ੍ਹ ਤੇ ਮੂਰਖ ਸਨ ਓਹ (ਆਪ ਦਾ) ਦਰਸ਼ਨ ਦੇਖਕੇ ਸੁਹਣੇ ਗਿਆਨੀ ਹੋ ਗਏ। ਹੇ ਪੂਰਨ ਪੁਰਖ ! ਹੇ ਭਗਵਾਨ ! ਬੇਨਤੀ ਕਰਦੇ ਹਨ (ਗੁਰੂ) ਨਾਨਕ : (ਤੇਰਾ ਰਾਜ) ਅਟੱਲ ਰਾਜ ਹੈ ॥ ੩ ॥

ਮੋਹਨ ਤੂੰ ਸੁਫਲੁ ਫਲਿਆ ਸਣੁ ਪਰਵਾਰੇ ॥ ਮੋਹਨ ਪੁਤ੍ਰ ਮੀਤ ਭਾਈ ਕੁਟੰਬ ਸਭਿ ਤਾਰੇ ॥

ਹੇ ਮੋਹ ਲੈਣ ਵਾਲੇ (ਸੁਹਣੇ ਵਾਹਿਗੁਰੂ !) ਤੂੰ ਸੁਹਣੇ ਫੁਲਾਂ ਨਾਲ ਪ੍ਰਫੁੱਲਤ ਹੋ ਰਿਹਾ ਹੈਂ ਸਣੇ ਪਰਵਾਰ ਦੇ। [ਅਗਲੀਆਂ ਦੋਹਾਂ ਤੁਕਾਂ ਦਾ ਅਰਥ ਕੱਠਾ ਲਗੇਗਾ:] ਹੇ ਮੋਹਨ ! ਜਿਨ੍ਹਾਂ ਨੇ (ਤੇਰਾ) ਦਰਸ਼ਨ ਪਾਇਆ ਹੈ (ਓਹ ਇਕ) ਜਹਾਨ (ਤੂੰ)

ਤਾਰਿਆ ਜਹਾਨੁ ਲਹਿਆ ਅਭਿਮਾਨੁ ਜਿਨੀ ਦਰਸਨੁ ਪਾਇਆ ॥ ਜਿਨੀ ਤੁਧਨੋ ਧੰਨੁ ਕਹਿਆ ਤਿਨ ਜਮੁ ਨੇੜਿ ਨ ਆਇਆ ॥ ਬੇਅੰਤ ਗੁਣ ਤੇਰੇ ਕਥੇ ਨ ਜਾਹੀ ਸਤਿਗੁਰ ਪੁਰਖ ਮੁਰਾਰੇ ॥ ਬਿਨਵੰਤਿ ਨਾਨਕ ਟੇਕ ਰਾਖੀ ਜਿਤੁ ਲਗਿ ਤਰਿਆ ਸੰਸਾਰੇ ॥ ੪ ॥ ੨ ॥

ਤਰਾ ਲਿਆ ਹੈ, ਉਨ੍ਹਾਂ ਦੇ ਪੁਤ੍ਰ ਮਿਤ੍ਰ ਭਰਾ ਪਰਿਵਾਰ (ਤੂੰ) ਸਭ ਤਾਰੇ ਹਨ, (ਉਨ੍ਹਾਂ ਦਾ) ਅਭਿਮਾਨ (ਹੰਕਾਰ) ਦੂਰ ਕਰਕੇ। (ਹਾਂ) ਜਿਨ੍ਹਾਂ ਨੇ ਤੈਨੂੰ ਧੰਨ ਆਖਿਆ (=ਸਿਫ਼ਤ ਸਲਾਹ ਕੀਤੀ) ਉਨ੍ਹਾਂ ਦੇ ਜਮ ਨੇੜੇ ਨਹੀਂ ਢੁਕਿਆ। ਹੇ ਸਤਿਗੁਰੂ ! ਹੇ ਮੁਰਾਰੀ ਪੁਰਖ ! ਤੇਰੇ ਗੁਣ ਬੇਅੰਤ ਹਨ (ਜੋ) ਕਹੇ ਨਹੀਂ ਜਾ ਸਕਦੇ। ਨਾਨਕ ਦੀ ਬੇਨਤੀ ਹੈ (ਕਿ ਅਸਾਂ ਤੇਰੀ ਉਹੋ) ਟੇਕ ਧਾਰੀ ਹੋਈ ਹੈ, ਜਿਸ ਨੂੰ ਲਗਕ (ਇਕ) ਸੰਸਾਰ ਤਰ ਗਿਆ ਹੈ ॥ ੪ ॥ ੨ ॥

**ਵਯਾਖਯਾ**—ਇਸ ਸ਼ਬਦ ਵਿਚ ਵਾਹਿਗੁਰੂ ਜੀ ਦੀ ਸਿਫਤ ਸਲਾਹ ਤੇ ਅਰਦਾਸ ਮਿਲਵੀਂ ਚਲਦੀ ਹੈ। ਹਰ ਪਦ ਦੀਆਂ ਪਹਿਲੀਆਂ ਤੁਕਾਂ ਵਿਚ ਸਿਫਤ ਸਲਾਹ ਹੈ ਅਤੇ ਅੰਤਲੀ ਤੁਕ ਵਿਚ ਅਰਦਾਸ ਹੈ ਤੇ ਇਸ ਅੰਤਲੀ ਹਰ ਤੁਕ ਵਿਚ ਪਦ 'ਬਿਨਵੰਤਿ' ਪਿਆ ਹੈ। ਪਹਿਲੇ ਪਦੇ ਦੇ ਅੰਤ ਵਿਚ ਦਰਸ਼ਨ ਦੀ ਦਾਤ ਮੰਗੀ ਹੈ। ਦੂਜੇ ਦੇ ਅੰਤ ਵਿਚ ਪੈਜ ਰੱਖੀ ਜਾਣ ਦੀ ਦਾਤ ਮੰਗੀ ਹੈ। ਜਿਕੂਰ ਗੁਰੂ ਸਾਹਿਬਾਂ ਨੇ ਤੇ ਭਗਤਾਂ ਨੇ ਬਾਣੀ ਵਿਚ ਬਹੁਤੀ ਥਾਂਈਂ ਪੈਜ ਰੱਖੀ ਜਾਣ ਦੀ ਦਾਤ ਮੰਗੀ ਹੈ, ਯਥਾ:–

ਰਾਖੁ ਪੈਜ ਨਾਮ ਅਪੁਨੇ ਕੀ ॥ [ਸੋਰਠਿ ਮ: ੫–੯੩

ਤਥਾ–ਪੈਜ ਰਾਖਹੁ ਰਾਜਾ ਰਾਮ ਮੇਰੀ ॥ [ਧਨਾਸਰੀ ਰਵਿਦਾਸ ਜੀ–੨

ਤੀਜੇ ਛੰਤ ਪਦੇ ਦੇ ਅਖੀਰ ਨਿਹਚਲ ਰਾਜ ਲਈ ਬੇਨਤੀ ਹੈ। ਭਾਵ ਇਹ ਹੈ ਕਿ ਜੋ ਸਤਿਸੰਗਤ ਸਿੱਖੀ ਮੰਡਲ ਦਾ ਪ੍ਰਬੰਧ ਹੈ, ਇਹ ਅਟੱਲ ਰਹੇ। ਜਿਸਨੂੰ ਕਿਹਾ ਹੈ:–

ਮੈ ਬਧੀ ਸਚੁ ਧਰਮਸਾਲ ਹੈ ॥ [ਸਿਰੀ ਰਾਗ ਮਹਲਾ ੫–੧੦

ਪੁਨਾ: -ਰਾਜੁ ਤੇਰਾ ਕਬਹੁ ਨ ਜਾਵੈ ॥ ਰਾਜੋ ਤ ਤੇਰਾ ਸਦਾ ਨਿਹਚਲੁ ਏਹੁ ਕਬਹੁ ਨ ਜਾਵਏ ॥ [ਵਡਹੰਸ ਮਹਲਾ ੧, ਛੰਤ ੨

ਨਿਹਚਲ ਥਾਨੁ ਸਾਧ ਸੰਗਿ ਤਰੈ ॥ [ਗਉੜੀ ਮਹਲਾ ੫, ਅਸਟ:-੪

ਉਹ ਇਸ ਦਾ ਅਰਥ ਬੇਨਤੀ ਵਿਚ ਬੀ ਸਿਫਤ ਸਲਾਹ ਦਾ ਲੈ ਲੈਂਦੇ ਹਨ ਕਿ ਤੇਰਾ ਦੈਵੀ ਰਾਜ ਜੋ ਬ੍ਰਹਮੰਡ ਪਰ ਹੈ ਸੋ ਨਿਹਚਲ ਹੈ।

ਚੌਥੇ ਪਦੇ ਦੇ ਅਖ਼ੀਰ ਦੀ ਬੇਨਤੀ ਵਾਲੀ ਸਤਰ ਵਿਚ ਭਵਜਲ ਤੋਂ ਤਰਨੇ ਲਈ ਅਰਦਾਸ ਹੈ।

ਕਿਸੇ ਕਿਸੇ ਪਦ ਵਿਚ ਕੋਈ ਕੋਈ ਸਤਰ ਔਖੀ ਲਗਦੀ ਹੈ, ਪਰ ਉਹ ਪੂਰਬ ਅਪਰ ਮੇਲਣ ਨਾਲ ਸਾਫ ਅਰਥ ਦੇ ਦੇਂਦੀ ਹੈ।

**ਵਿਸ਼ੇਸ਼ ਵਿਚਾਰ**—ਏਸ ਸ਼ਬਦ ਦੀ ਉਥਾਨਕਾ ਦੱਸੀ ਜਾਂਦੀ ਹੈ ਤੇ ਲਿਖੀ ਹੋਈ ਬੀ ਮਿਲਦੀ ਹੈ ਕਿ ਏਹ ਛੰਤ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੋਇੰਦਵਾਲ ਜਾਕੇ ਗਲੀ ਵਿਚ ਬੈਠਕੇ ਜੋ ਕੀਰਤਨ ਕੀਤਾ ਸੀ ਉਸ ਵਿਚ ਗਾਂਵਿਆਂ ਸੀ ਯਾ ਇਸੇ ਦਾ ਕੀਰਤਨ ਕੀਤਾ ਸੀ। ਗਲੀ ਉਹ ਸੀ ਜਿਸ ਵਿਚ ਪ੍ਰਸਿਧ ਚੁਬਾਰਾ ਸੀ, ਜਿਸ ਵਿਚ ਤਦੋਂ ਸ੍ਰੀ ਗੁਰੂ ਅਮਰ ਦਾਸ ਜੀ ਦੇ ਵੱਡੇ ਪੁੱਤ੍ਰ ਬਾਬਾ ਮੋਹਨ ਜੀ ਯੋਗਿਕ ਸਮਾਧੀ ਲਾ ਕੇ ਬੈਠਿਆ ਕਰਦੇ ਸਨ। ਓਹ ਕੀਰਤਨ ਸੁਣ ਕੇ ਹੇਠਾਂ ਆ ਗਏ ਤੇ ਗੁਰਬਾਣੀ ਦੀਆਂ ਪੋਥੀਆਂ, ਜਿਸ ਵਿਚ ਪਹਿਲੇ ਸਤਿਗੁਰਾਂ ਦੀਆਂ ਬਾਣੀਆਂ ਸਨ, ਗੁਰੂ ਜੀ ਨੂੰ ਮੱਥਾ ਟੇਕ ਕੇ ਦੇ ਦਿੱਤੀਆਂ। ਜੋ ਗੁਰੂ ਸਾਹਿਬ ਧੰਨਯਵਾਦ ਸਹਿਤ ਲੈ ਕੇ, ਪੀਨਸ ਵਿਚ ਰੱਖ ਕੇ,ਅਦਬ ਨਾਲ ਸ੍ਰੀ ਅੰਮ੍ਰਿਤਸਰ ਲੈ ਆਏ। ਜਦ ਇਨ੍ਹਾਂ ਪੋਥੀਆਂ ਦੀ ਮਦਦ ਤੇ ਅਪਣੇ ਕੱਠੇ ਕੀਤੇ ਤੇ ਰਚੇ ਦੈਵੀ

ਸਾਮਾਨ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਸੰਕਲਤ ਹੋ ਗਈ ਤਦ ਏਹ ਪੋਥੀਆਂ ਉਸੇ ਪੀਨਸ
ਵਿਚ ਬਾਬਾ ਮੋਹਨ ਜੀ ਨੂੰ ਭੇਜ ਦਿੱਤੀਆਂ ਗਈਆਂ, ਜੋ ਗੋਇੰਦਵਾਲ ਸਾਹਿਬ ਸਾਡੇ ਦੇਖਦੇ ਸਮੇਂ
ਤਕ ਟਿਕੀਆਂ ਰਹੀਆਂ। ਪਰ ਫੇਰ ਇਕ ਪੋਥੀ ਅਹੀਆ ਪੁਰ ਜ਼ਿਲਾ ਹੁਸ਼ਿਆਰ ਪੁਰ ਵਿਚ ਚਲੀ ਗਈ
ਤੇ ਦੂਜੀ ਸੰਨ ੧੯੪੩ ਦੇ ਲਗ ਪਗ ਬਿਨਾਂ ਪੁਛੇ, ਬਿਨਾ ਆਗਿਆ ਲਏ ਦੇ, ਚੁਪਾਤੇ ਹੀ ਕੋਈ
ਖਿਸਕਾ ਕੇ ਕਿਤੇ ਲੈ ਗਿਆ ਤੇ ਕਿਤਨਾ ਕਾਲ ਇਸ ਗੱਲ ਦਾ ਥਹੁ ਹੀ ਕਿਸੇ ਨੂੰ ਨਾ ਰਿਹਾ ਕਿ
ਪੋਥੀ ਸਾਹਿਬ ਕਿਥੇ ਲਿਜਾਈ ਗਈ ਹੈ। ਇਕ ਦਿਨ ਇਕ ਭੱਲੇ ਸਾਹਿਬਜ਼ਾਦੇ ਨੇ ਸਾਨੂੰ ਦੱਸਿਆ
ਕਿ ਇਸਤਰ੍ਹਾਂ ਪੋਥੀ ਸਾਹਬ ਸਾਡਾ ਹੀ ਇਕ ਭਰਾ ਭਾਈ ਲੈ ਗਿਆ ਹੈ ਤੇ ਓਹ ਪੋਥੀ ਸਾਹਬ ਮਰਦਾਨ
ਹੈ। ਤਦ ਅਸਾਂ ਬਾਵਾ ਪ੍ਰੇਮ ਸਿੰਘ ਜੀ ਨੂੰ ਸਾਰਾ ਹਾਲ, ਜੋ ਸਾਨੂੰ ਦੱਸਿਆ ਗਿਆ ਸੀ, ਲਿਖਿਆ।
ਬਾਵਾ ਜੀ ਨੇ ਪ੍ਰਯਤਨ ਕੀਤਾ, ਜਿਸਦਾ ਵੇਰਵਾ ਪਤਾ ਨਹੀਂ, ਪਰ ਹੁਣ ਸੁਣ ਰਹੇ ਹਾਂ ਕਿ ਪੋਥੀ ਸਾਹਿਬ
੧੯੪੭ ਦੇ ਅੰਦੋਲਨ ਵਿਚ ਮਰਦਾਨ ਨਹੀਂ ਰਹੀ ਨਾ ਅੰਤਰ ਧਯਾਨ ਹੋਈ ਹੈ, ਉਹ ਪਟਿਆਲੇ ਵਿਚ
ਕਿਤੇ ਸੁਰਖਯਤ ਆ ਪਹੁੰਚੀ ਹੈ।

ਹੁਣ ਜੋ ਜ਼ੁਬਾਨੀ ਤੇ ਲਿਖੀ ਹੋਈ ਵਾਰਤਾ ਗੁਰੂ ਪੰਚਮ ਪਾਤਸ਼ਾਹ ਜੀ ਦੀ ਉੱਪਰ ਦਿੱਤੀ ਹੈ
ਇਸ ਸ਼ਬਦ ਦੇ ਸੰਬੰਧ ਵਿਚ ਉਸ ਤੋਂ ਇਸ ਛੰਤ ਦੇ ਸਾਰੇ ਅਰਥ ਬਾਬਾ ਮੋਹਨ ਜੀ ਤੇ ਲਾਏ ਜਾਂਦੇ
ਹਨ ਤੇ ਸ਼ਲੇਖਾਲੰਕਾਰ ਕਹਿਕੇ ਵਾਹਿਗੁਰੂ ਜੀ ਤੇ ਘਟਾਏ ਜਾਂਦੇ ਹਨ। ਪਰੰਤੂ ਇਸ ਦੇ ਅਪਣੇ ਪਦ
ਪਦਾਰਥ ਦੱਸਦੇ ਹਨ ਕਿ ਏਹ ਸ਼ਬਦ ਵਾਹਿਗੁਰੂ ਜੀ ਪ੍ਰਤੀ ਬੇਨਤੀ ਦਾ ਹੈ। ਯਥਾ-

ਜਿਥੇ ਸਾਧ ਸੰਗਤ ਕੱਠੀ ਹੁੰਦੀ ਹੈ "ਤੈਨੂੰ" ਧਿਆਉਂਦੇ ਹਨ, ਇਹ ਅਮਰ ਵਾਕਿਆ ਹੋਕੇ
ਵਾਹਿਗੁਰੂ ਜੀ ਤੇ ਘਟਦਾ ਹੈ ਕਿਸੇ ਹੋਰ ਤੇ ਨਹੀਂ ਘਟਦਾ, ਜਿਸਨੂੰ ਕਿ ਗੁਰੂ ਪਿਤਾ ਨੇ ਗੱਦੀ ਬੀ ਨਾ
ਦਿੱਤੀ ਹੋਵੇ। 'ਆਦਿ ਪੁਰਖੁ', 'ਪੂਰਨ ਪੁਰਖ' ਤੇ 'ਭਗਵਾਨ' ਏਹ ਵਾਹਿਗੁਰੂ ਦੇ ਨਾਮ ਤੇ ਗੁਣ ਹਨ।
'ਮੁਰਾਰੇ', ਪਦ ਗੁਰਬਾਣੀ ਵਿਚ ਵਾਹਿਗੁਰੂ ਲਈ ਆਇਆ ਹੈ। ਇਸ ਛੰਤ ਤੋਂ ਅਗਲੇ ਛੰਤ ਦੇ ਪਦੇ ੩
ਦੀ ਮਤਰ ੪ ਵਿਚ ਪਦ 'ਮੋਹਨੁ' ਵਾਹਿਗੁਰੂ ਦੇ ਅਰਥਾਂ ਵਿਚ ਆਪ ਸ੍ਰੀ ਗੁਰੂ ਅਰਜਨ ਦੇਵ ਜੀ ਨੇ
ਵਰਤਿਆ ਹੈ।

'ਸਤਿਗੁਰ ਪੁਰਖ' ਏਹ ਪਦ ਗੁਰੂ ਅਰਜਨ ਦੇਵ ਜੀ ਦੀ ਇਸ਼ਟ ਭਾਵਨਾ ਕਦੇ ਉਨ੍ਹਾਂ ਨੂੰ
ਈਸ਼੍ਵਰ ਅਤੇ ਪਹਿਲੇ ੪ ਗੁਰੂ ਸਾਹਿਬਾਂ ਤੋਂ ਬਿਨਾ ਕਿਸੇ ਹੋਰ ਲਈ ਵਰਤਣ ਦੀ ਆਗਯਾ ਨਹੀਂ
ਦੇ ਸਕਦੀ, ਆਦਿ।

ਸਾਡਾ ਇਹ ਭਾਵ ਨਹੀਂ ਕਿ ਇਸ ਸ਼ਬਦ ਦਾ ਕੀਰਤਨ ਗੁਰੂ ਜੀ ਨੇ ਇਸ ਮੌਕੇ ਤੇ ਨਹੀਂ
ਕੀਤਾ। ਸਾਡੀ ਬਿਨੈ ਇਹ ਹੈ ਕਿ ਇਹ ਛੰਤ ਉਚਾਰ ਵਾਹਿਗੁਰੂ ਜੀ ਪ੍ਰਤੀ ਹੋਇਆ ਹੈ। ਉਸ ਵੇਲੇ ਦੇ
ਕੀਰਤਨ ਵਿਚ ਇਹ ਗਾਂਵਿਆਂ ਗਿਆ ਯਾ ਇਕੱਲਾ ਇਹੋ ਹੀ ਗਾਂਵਿਆਂ ਗਿਆ ਕੋਈ
ਅਚਰਜ ਨਹੀਂ।

ਇਹ ਸਮਝਣਾ ਅਨਯਾਯ ਹੈ ਕਿ ਇਸ ਸ਼ਬਦ ਵਿਚ ਬਾਬਾ ਮੋਹਨ ਜੀ ਦੀ ਖ਼ੁਸ਼ਾਮਦ ਗੁਰੂ
ਅਰਜਨ ਦੇਵ ਜੀ ਨੇ ਕੀਤੀ ਹੈ ਜੋ ਆਪ ਸਤਿਗੁਰੂ ਸੇ ਤੇ ਸੱਚ ਦੀ ਖ਼ਾਤਰ ਪਯਾਰੀ ਜਾਨ ਵਾਰ ਗਏ।
ਇਹ ਬਾਬਾ ਮੋਹਨ ਜੀ ਨਾਲ ਬੀ ਅਨਯਾਯ ਹੈ ਕਿ ਇਕ ਛੰਤ ਅਪਣੀ ਮਹਿਮਾ ਦਾ ਸੁਣਕੇ, ਜਿਸ
ਵਿਚ ਉਨ੍ਹਾਂ ਦੀ ਵਡਿਆਈ ਈਸ਼੍ਵਰ ਤੁੱਲ ਤੇ ਉਨ੍ਹਾਂ ਦੇ ਅਪਣੇ ਪਿਤਾ ਜੀ ਦੇਵੀ ਗੁਰ ਦੇ ਤੁੱਲ ਕੀਤੀ
ਗਈ ਹੋਵੇ, ਪਸੀਜ ਪਏ। ਓਹ ਕੀਹ ਇਤਨੀ ਸਮਝ ਨਹੀਂ ਸੇ ਰਖਦੇ ਕਿ "ਮੇਰਾ ਭਣੇਵਾ ਮੈਥੋਂ
ਪੋਥੀਆਂ ਲੈਣ ਵਾਸਤੇ ਇਹ ਮੇਰੀ ਖ਼ੁਸ਼ਾਮਦ ਕਰ ਰਿਹਾ ਹੈ"। ਆਮ ਆਦਮੀ ਇੰਨੀ ਸਮਝ ਰਖਦਾ ਹੈ
ਕਿ ਖ਼ੁਸ਼ਾਮਦ ਨੂੰ ਖ਼ੁਸ਼ਾਮਦ ਸਮਝ ਜਾਏ ਤੇ ਏਥੇ ਤਾਂ ਪ੍ਰਯੋਜਨ ਹੀ ਸਾਫ ਸੀ। ਨਾ ਗੁਰੂ ਜੀ ਨੇ ਖ਼ੁਸ਼ਾਮਦ
ਦੇ ਵਾਕ ਉਸ ਲਈ ਰਚੇ ਤੇ ਨਾਂ ਖ਼ੁਸ਼ਾਮਦ ਵਿਚ ਆ ਕੇ ਬਾਬਾ ਮੋਹਨ ਜੀਨੇ ਪੋਥੀਆਂ ਦਿੱਤੀਆਂ। ਦੁਇ

ਸੰਭਾਵਨਾ ਅਨੁਚਿਤ ਹਨ।

ਇਕ ਪਾਸੇ ਹਨ 'ਗੁਰੂ'-'ਦੈਵੀ ਗੁਰੂ ਗੁਰੂ ਨਾਨਕਦੀ ਜੋਤ';ਦੂਜੇ ਪਾਸੇ ਹਨ ਆਪ ਯੋਗਾਭਿਆਸੀ, ਤਕੜੇ ਯੋਗੀ ਤੇ ਦੈਵੀ ਗੁਰੂ ਅਮਰ ਦਾਸ ਜੀ ਦੇ ਆਤਮਜ। ਦੁਹਾਂ ਵਿਚ ਜੋ ਭਾਵ ਵਰਤੇ ਸੇ ਕਿਸੇ ਉਚੇ ਸੁਚੇ ਮੰਡਲ ਦੇ ਭਾਵ ਹਨ, ਜਿਨ੍ਹਾਂ ਦੀ ਸੰਭਾਵਨਾ ਇਸ ਪ੍ਰਕਾਰ ਦੀ ਹੋ ਸਕਦੀ ਹੈ ਕਿ ਜੇ ਪੋਥੀ ਸਾਹਿਬਾਂ ਇਸੇ ਰਵਾਇਤ ਮੂਜਬ ਆਈਆਂ ਜੋ ਉੱਪਰ ਕਥਨ ਹੋਈ ਹੈ ਤਾਂ ਇਉਂ ਆਈਆਂ -

ਗੁਰੂ ਅਰਜਨ ਦੇਵ ਜੀ ਨੇ ਕੀਰਤਨ ਕੀਤਾ,ਇਸੇ ਸ਼ਬਦ ਦਾ ਕੀਤਾ, ਯਾ ਹੋਰ ਸ਼ਬਦ ਬੀ ਨਾਲ ਸਨ, ਕੁਛ ਫਰਕ ਨਹੀਂ ਪੈਂਦਾ। ਆਪ ਜੀ ਦਾ ਕੀਰਤਨ ਇਲਾਹੀ ਕੀਰਤਨ ਸੀ। ਗੁਰੂ ਜੀ ਰਾਗ ਵਿਦਯਾ ਵਿਚ ਕਮਾਲ ਦੇ ਪ੍ਰਬੀਨ ਸਨ, ਗਲਾ ਅਤਿ ਸੁਰੀਲਾ ਸੀ ਤੇ ਗਾਇਨ ਦੀ ਤਾਸੀਰ, ਜੋ ਗਾਇਨ ਦੀ ਰੂਹ ਹੈ, ਓਹ ਈਸ਼੍ਵਰੀਯ ਤਾਸੀਰ ਵਾਲੀ ਪੂਰਨ ਵਿਸਮਾਦ ਲਿਆਕੇ ਸਮਾਧੀ ਵਿਚ ਰਸ ਰੰਗ ਭਰ ਦੇਣ ਵਾਲੀ ਸੀ। ਜਦ ਆਪ ਨੇ ਕੀਰਤਨ ਕੀਤਾ, ਬਾਬਾ ਜੀ ਯੋਗ ਸਮਾਧੀ ਵਿਚ ਬੈਠੇ ਸਨ। ਬ੍ਰਿਤੀਆਂ ਦੀ ਸ਼ੂਨਤਾ ਵਿਚ ਟਿਕਣਾ ਇਹ ਹੁੰਦਾ ਹੈ ਪ੍ਰਯਤਨ ਇਕ ਯੋਗ ਅਭਯਾਸੀ ਦਾ। ਪਰ ਆਪ ਜੀ ਪਿਤਾ ਜੀ ਦੇ ਸਮੇਂ ਕੀਰਤਨ, ਹਰੀ ਕੀਰਤਨ, ਸੁਣਦੇ ਤੇ ਉਸ ਦੇ ਸੁਆਦ ਦੇ ਰਸ ਨੂੰ ਬੀ ਜਾਣਦੇ ਸੇ। ਜਦ ਗੁਰੂ ਜੀ ਦਾ ਕੀਰਤਨ ਹੋਇਆ, ਤਾਂ ਸਮਾਧੀ ਦੀ ਸ਼ੂਨਤਾ ਵਿਚ ਜਾ ਦੇਵੀ ਸੁਰਾਂ ਨੇ ਵਿਸਮਾਦੀ ਰੰਗ ਬੱਧਾ। ਇਹ ਰੰਗ ਕਿਸੇ ਪਕੜ ਦਾ, ਕਿਸੇ ਗ੍ਰਹਣ ਦਾ, ਕਿਸੇ ਬ੍ਰਿਤੀਆਂ ਨੂੰ ਉਥਾਨ ਕਰਨੇ ਦੀ ਤਾਸੀਰ ਵਾਲਾ ਨਹੀਂ ਸੀ, ਸਗੋਂ ਨਿਰੁੱਧਤਾ ਦੇ ਯਤਨ ਵਿਚ ਲਗੀਆਂ ਬ੍ਰਿਤੀਆਂ ਰਸਮਈ ਹੋ ਗਈਆਂ। ਬ੍ਰਿਤੀਆਂ ਸ਼ੂਨਤਾ ਵਿਚ ਟਿਕਣ ਦੀ ਥਾਵੇਂ ਵਾਹਿਗੁਰੂ ਦੀ ਸਿਫਤ ਸਲਾਹ ਵਿਚ ਭੋਲੇ ਭਾ ਰੰਗੀਆਂ ਜਾਕੇ ਵਿਸਮਾਦੀ ਝੂਮ ਤੇ ਸਰੂਰ ਲੈਂਦੀਆਂ ਸ਼ੂਨ ਦੀ ਥਾਂ ਏਕੇ ਵਿਚ ਨਿਰੁੱਧ ਹੋ ਗਈਆਂ। ਬ੍ਰਿਤੀਆਂ ਸ਼ੂਨ ਨਾ ਹੋਈਆਂ 'ਏਕੇ ਵਿਚ' ਤਦਰੂਪਤਾ ਦਾ ਰੰਗ ਲੈ ਆਈਆਂ। ਇਹ ਸੁਆਦ, ਇਹ ਰਸ ਜੋ ਕਮਾਲ ਦਾ ਸੀ ਅਨੁਭਵ ਕਰਕੇ ਗੁਰੂ ਸਾਹਬ ਦੇ ਆਤਮਜ ਕੀਰਤਨ ਸਮਾਪਤ ਹੋਣ ਤੇ ਝੂਮਦੇ ਝਾਮਦੇ ਹੇਠਾਂ ਉਤਰੇ ਤੇ ਉਹ ਮੱਥਾ, ਜੋ ਪਿਤਾ ਜੀ ਦੇ ਕਹਿਣੇ ਤੇ ਬੀ ਗੁਰੂ ਰਾਮਦਾਸ ਜੀ ਅੱਗੇ ਨਾ ਸੀ ਝੁਕਿਆ, ਅਜ ਝੁਕ ਗਿਆ ਅਪਣੇ ਪੁੱਤ੍ਰਾਂ ਬਣੀਕ ਭਣੇਵੇਂ ਅੱਗੇ, ਪਰ ਉਸ ਭਣੇਵੇਂ ਅਗੇ ਜੋ ਉਹਨਾਂ ਦੇ ਪਿਤਾ ਗੁਰੂ ਦੀ ਗੱਦੀ ਉਤੇ ਸੀ। ਅਜ ਆਪ ਨੇ ਪਰਖ ਲਿਆ ਕਿ ਇਹ ਭਣੇਵਾਂ ਨਹੀਂ ਇਹ ਗੁਰੂ ਹੈ, ਤੇ ਪੋਥੀਆਂ ਦੇ ਦਿੱਤੀਆਂ, ਰਵਾਯਤ ਹੈ, ਇਹ ਵਾਕ ਆਖਕੇ ਕਿ ਇਹ ਗੁਰੂ ਦੀ ਵਸਤੂ ਹੈ ਤੇ ਗੁਰੂ ਦੇ ਸਪੁਰਦ ਕਰਦਾ ਹਾਂ। ਦੋਹਾਂ ਮਹਾਨ ਵਯਕਤੀਆਂ ਦੇ ਵਿਚ ਜੋ ਸਾਂਟ ਹੋਈ ਉਹ ਕਿਸੇ ਐਸੇ ਉਚ ਕਿਸਮ ਦੇ ਭਾਵਾਂ ਦੀ ਸੀ, ਨਾ ਕਿ ਅਗਯਾਨੀ ਪੁਰਖਾਂ ਦੇ ਕਰਨ ਤੇ ਅਗਯਾਨੀਆਂ ਦੇ ਮੁਅੱਸਰ ਹੋਣ ਦੀ ਖ਼ੁਸ਼ਾਮਦ ਕਹੀ ਜਾਣ ਵਾਲੀ ਸਾਂਟ।

ਇਸ ਤੋਂ ਇਹ ਗਲ ਸਭ ਤੇ ਵਧੀਕ ਸੱਚੀ ਜਾਪਦੀ ਹੈ ਕਿ ਸ਼ਬਦ ਦਾ ਉਚਾਰ ਯਾ ਰਚਨਾਂ ਵਾਹਿਗੁਰੂ ਪ੍ਰੀਤੀ ਗੁਰੂ ਜੀ ਦੇ ਕਿਸੇ ਅਪਣੇ ਆਵੇਸ਼ਕ ਸਮੇਂ ਦਾ ਹੈ, ਅਪਣੇ ਮੋਹਨਹਾਰ, ਵਾਹਿਗੁਰੂ ਦੇ ਅੱਗੇ। ਉਸ ਦਾ ਕੀਰਤਨ ਇਕ ਯੋਗੀਰਾਜ ਦੇ ਅੱਗੇ ਹੋਇਆ, ਜਿਸ ਨੇ ਯੋਗੀ ਰਾਜ ਨੂੰ ਪ੍ਰੇਮਾ ਭਗਤੀ ਦੇ ਸੁਆਦ ਮਈ, ਰਸ ਮਈ, ਸਰੂਰ ਦਆਰਾ ਸਮਾਧੀ ਦਾ ਸੁਆਦ ਦਿਤਾ, ਜਿਸ ਨੇ ਗਾਵਨਹਾਰ ਦੀ ਗੁਰੱਤ੍ਵ ਤੇ ਦੈਵੀ ਵਡਿਤ ਦਾ ਨਿਸ਼ਚਾ ਕਰਾ ਦਿਤਾ ਤੇ ਜਿਸ ਦੇ ਹੁੰਦੇ ਸਾਰ ਪਰਖਣਹਾਰ ਤੇ ਸੱਚ ਦੇ ਪਯਾਰੇ ਬਾਬਾ ਜੀ ਝੁਕ ਗਏ, ਗੁਰੂ ਮੰਨਿਆਂ ਤੇ ਆਗਿਆ ਪਾਲਨ ਕੀਤੀ।

**ਨਿਰੁਕ੍ਤ**-ਮੰਦਰ ਮਹਲੁ-ਵਾਹਿਗੁਰੂ ਜੀ ਦੇ ਰਚੇ ਪੰਜ ਭੌਤਕ ਖੰਡ ਮੰਡਲ ਵਰਭੰਡ। ਵਾਹਿਗੁਰੂ ਜੀ ਦੇ ਦੈਵੀ ਖੰਡ,ਧਰਮ ਖੰਡ,ਗਿਆਨ ਖੰਡ,ਸਰਮ ਖੰਡ,ਕਰਮ ਖੰਡ,ਸਚਖੰਡ ਵਲ ਸੈਨਤ ਹੈ

ਧਰਮਸਾਲ-ਸਤਿਸੰਗ, ਗੁਰੂ ਕੇ ਦੀਵਾਨ, ਆਦਿ। ਯਥਾ:-ਮੈ ਬਧੀ ਸਚੁ ਧਰਮਸਾਲ ਹੈ।
[ਸਿਰੀ ਰਾਗੁ ਮਹਲਾ ੫-੧੦

ਧਰਮਸਾਲ ਅਪਾਰ–ਅਨੰਤ ਧਰਮਸਾਲਾ ਹਨ ਵਾਹਿਗੁਰੂ ਦੀਆਂ।ਇਨਸਾਨ ਦੀਆਂ ਅਪਾਰ ਨਹੀਂ ਹੋ ਸਕਦੀਆਂ। ਕ੍ਰਿਪਾਰਾ–ਕ੍ਰਿਪਾਲਾ। ਕ੍ਰਿਪਾਲੂ।

ਬਚਨ ਅਨੂਪ–[ਸੰਸ:, ਵਚਨ, ਅਨੁਪਮ। ਵੇਖੋ ਪੰਨਾ ੧੫੪੨]। ਵਾਹਿਗੁਰੂ ਜੀ ਦੀ ਬਾਣੀ ਜੋ ਮਹਾਂ ਪੁਰਖਾਂ ਤੇ ਉਤਰਦੀ ਹੈ।

ਜੈਸੀ ਮੈ ਆਵੈ ਖਸਮ ਕੀ ਬਾਣੀ...... ॥ [ਤਿਲੰਗ ਮਹਲਾ ੧–੫

ਚਾਲ ਨਿਰਾਲੀ–(ਤੇਰੀ) ਰਹੁ ਰੀਤਿ। ਤਰੀਕਾ ਜਗਤ ਤਾਰਨ ਦਾ। ਯਥਾ:–

ਤੇਰੀ ਚਾਲ ਸੁਹਾਵੀ ਮਧੁਰਾੜੀ ਬਾਣੀ ॥ [ਵਡਹੰਸੁ ਮਹਲਾ ੧, ਛੰਤ–੨

ਅਲੇਖ–[ਸੰਸ:, ਅਲਕਸ਼ਯ] ਅਲਖ, ਜੋ ਇੰਦ੍ਰਿਆਂ ਤੇ ਮਨ ਕਰਕੇ ਨਾ ਸਮਝ ਗੋਚਰ ਹੋਵੇ।

ਕਲ–ਕਲਾ, ਸ਼ਕਤੀ। ਸ੍ਰਿਸ਼ਟੀ ਦੀ ਸਾਰੀ ਮਸ਼ੀਨ ਸਮਾਨ ਬਣਤਰ।

ਬਨਵਾਰੀਆ–[ਬਨਵਾਰੀ ਦਾ ਸੰਬੋਧਨ]. ਬਨਵਾਰੀ=ਪਰਮਾਤਮਾ, [ਦੇਖੋ ਪੰਨਾ ੧੧੦੬]।

ਆਪਿ ਚਲਿਆ–ਜੋ ਆਪ ਸੰਚਾਲਨ ਵਿਚ ਹੈ, ਜੋ ਜੰਗਮ ਹੈ, ਸਹਜ ਪਦਾਂ ਨਾਲ ਚਲਦਾ ਹੈ। ਯਥਾ–'ਸਹਜ ਪਦ ਬਿਮਲ'। [ਧਨਾਸਰੀ ਮ: ੧ ੨

ਆਪੇ ਰਹਿਆ–ਜੋ ਸਥਾਵਰ ਹੈ, ਚਲਾਇਮਾਨ ਨਹੀਂ ਹੁੰਦਾ।

ਯਥਾ–ਸਦਾ ਸਚੁ ਨਿਹਚਲੁ ਆਵੈ ਨ ਜਾਇ ॥ [ਮਾਝ ਮਹਲਾ ੩, ਅਸਟ: ੧੯

ਨਿਦਾਨਾ–[ਸੰਸ:, ਨਿਦਾਨ] ਅੰਤ ਨੂੰ। ਅੰਤ ਸਮੇਂ।

ਮਲਮੂਤ–ਮਲਮੂਤ ਵਰਗੇ ਗੰਦੇ। ਮੈਲੇ। ਮਾੜੇ ਆਚਰਣ ਵਾਲੇ।

ਸੁਗਿਆਨਾ–ਸ੍ਰੇਸ਼ਟ ਗਯਾਨ ਵਾਲੇ। ਸ੍ਰੇਸ਼ਟ ਗਯਾਨੀ।

ਰਾਜੁ–ਵਾਹਿਗੁਰੂ ਦਾ ਜਗਤ ਪਰ ਹੁਕਮ ਵਾਲਾ ਸਾਰਾ ਪ੍ਰਬੰਧ।

(ਅ) ਗੁਰੂ ਸਾਹਿਬ ਦਾ ਧਰਮ ਸਰੂਪੀ ਰਾਜ ਪ੍ਰਬੰਧ।

ਯਥਾ–ਨਿਹਚਲੁ ਰਾਜੁ ਸਦਾ ਹਰਿ ਕੇਰਾ''' ॥ [ਸੂਹੀ ਮਹਲਾ ੩ ਛੰਤ ੪

ਪੁਨਾ–ਤਿਸਕਾ ਸਰੀਕੁ ਕੋ ਨਹੀ ਨਾ ਕੋ ਕੰਟਕੁ ਵੈਰਾਈ॥

ਨਿਹਚਲੁ ਰਾਜੁ ਹੈ ਸਦਾ ਤਿਸੁ ਕੇਰਾ ਨਾ ਆਵੈ ਨਾ ਜਾਈ ॥ [ਵਾਰ ਵਡਹੰਸ ਮ: ੩–੧੫

ਸਫਲ ਫਲਿਆ ਸਣ ਪਰਵਾਰੇ–ਸ੍ਰਿਸ਼ਟੀ ਵਿਚੋਂ ਜੋ ਮਹਾਂ ਪੁਰਖ ਹੋਕੇ ਹਰੀ ਦੇ ਅਪਣੇ ਹੋਕੇ ਅਚੁਤ ਗੋਤ੍ਰੀ ਹੋ ਗਏ ਉਸਦਾ ਪਰਵਾਰ ਹਨ ਤੇ ਇਹ ਉਸਦੇ ਸਫਲ ਫਲ ਹਨ।

ਸਤਿਗੁਰ ਪੁਰਖ–ਵਯਾਪਕ ਸਤਿਗੁਰੂ–ਗੁਰੂਆਂ ਦਾ ਗੁਰੂ। ਜੋ ਸਾਰੇ ਪਰੀ ਪੂਰਣ ਹੈ, ਸੋ ਵਾਹਿਗੁਰੂ। ਮੁਰਾਰੇ–ਮੁਰਾਰੀ, ਵਾਹਿਗੁਰੂ [ਦੇਖੋ ਪੰਨਾ ੨੭੧]।

ਟੇਕ ਰਾਖੀ–ਆਸਰਾ ਰਖਿਆ ਹੈ। ਭਾਵ ਹੈ ਅਸਾਂ ਆਸਰਾ ਰਖਿਆ ਹੈ, ਜਿਸ ਟੇਕ ਕਰਕੇ ਜਗਤ ਤਰਿਆ ਹੈ।

## [ਗਉੜੀ ਮਹਲਾ ੫, ਛੰਤ–੧੦]

**ਪ੍ਰਾਕ੍ਰਥਨ**–ਇਸ ਛੰਤ ਵਿਚ ਵਾਹਿਗੁਰੂ ਜੀ ਦੇ ਕਈ ਨਾਮ ਗਿਣਕੇ ਪਹਿਲੇ ਤਿੰਨ ਅੰਕਾਂ ਵਿਚ ਉਸਦਾ ਨਾਮ ਜਪਣ ਦਾ ਤੇ ਅੰਤਲੇ ਅੰਕ ੪ ਵਿਚ ਉਸਦੇ ਗੁਣ ਗਾਯਨ ਦਾ ਉਪਦੇਸ਼ ਦਿੱਤਾ ਹੈ।

| ਮੂਲ | ਅਰਥ |
|---|---|
| ਗਉੜੀ ਮਹਲਾ ੫ ॥ ਸਲੋਕੁ ॥ ਪਤਿਤ ਅਸੰਖ ਪੁਨੀਤ ਕਰਿ ਪੁਨਹ ਪੁਨਹ ਬਲਿਹਾਰ ॥ ਨਾਨਕ ਰਾਮ ਨਾਮੁ ਜਪਿ ਪਾਵਕੋ ਤਿਨ ਕਿਲਬਿਖ ਦਾਹਨਹਾਰ ॥੧॥ | (ਜਿਸ ਵਾਹਿਗੁਰੂ ਨੇ) ਅਣਗਿਣਤ ਧਰਮਾਂ ਤੋਂ ਗਿਰੇ ਹੋਏ (ਪਾਪੀਆਂ) ਨੂੰ ਪਵਿਤ੍ਰ ਕਰ ਲਿਆ ਹੈ (ਮੈਂ ਉਸ ਤੋਂ) ਬਾਰੰਬਾਰ ਕੁਰਬਾਨ ਹਾਂ। ਹੇ ਨਾਨਕ ! (ਉਸ) ਵਾਹਿਗੁਰੂ ਦਾ ਨਾਮ ਹੀ (ਇੱਕੋ) ਅਗਨੀ ਹੈ, (ਉਸ ਨੂੰ) ਜਪ, (ਉਹ ਨਾਮ ਅਗਨੀ) ਪਾਪਾਂ ਰੂਪੀ ਤ੍ਰਿਣਾਂ ਨੂੰ ਸਾੜ ਦੇਣ ਵਾਲੀ ਹੈ ॥੧॥ |
| ਛੰਤ ॥ ਜਪਿ ਮਨਾ ਤੂੰ ਰਾਮ ਨਰਾਇਣੁ ਗੋਵਿੰਦਾ ਹਰਿ ਮਾਧੋ ॥ ਧਿਆਇ ਮਨਾ ਮੁਰਾਰਿ ਮੁਕੰਦੇ ਕਟੀਐ ਕਾਲ ਦੁਖ ਫਾਧੋ ॥ ਦੁਖਹਰਣ ਦੀਨ ਸਰਣ ਸ੍ਰੀਧਰ ਚਰਨ ਕਮਲ ਅਰਾਧੀਐ ॥ ਜਮ ਪੰਥੁ ਬਿਖੜਾ ਅਗਨਿ ਸਾਗਰੁ ਨਿਮਖ ਸਿਮਰਤ ਸਾਧੀਐ ॥ ਕਲਿਮਲਹ ਦਹਤਾ ਸੁਧੁ ਕਰਤਾ ਦਿਨਸੁ ਰੈਣਿ ਅਰਾਧੋ ॥ ਬਿਨਵੰਤਿ ਨਾਨਕ ਕਰਹੁ ਕਿਰਪਾ ਗੋਪਾਲ ਗੋਬਿੰਦ ਮਾਧੋ ॥੧॥ | ਛੰਤ–ਹੇ ਮਨ ! ਤੂੰ ਰਾਮ, ਨਰਾਇਣ, ਗੋਵਿੰਦ, ਹਰਿ, ਮਾਧੋ ਨੂੰ ਜਪ। ਹੇ ਮਨ ! ਮੁਰਾਰੀ, ਮੁਕੰਦ ਦੀ ਅਰਾਧਨਾ ਕਰ ਜੋ (ਤੇਰੇ) 'ਕਾਲ ਦੁਖ' ਦੀ ਫਾਹੀ ਕੱਟੀ ਜਾਵੇ। (ਜੋ) ਦੁਖ ਹਰਤਾ ਹੈ, ਸ਼ਰਣ (ਟੇਕ ਹੈ) ਆਜਿਜ਼ਾਂ ਦੀ, ਮਾਯਾ ਦਾ ਮਾਲਕ ਹੈ, (ਉਸ ਦੇ) ਚਰਨਾਂ ਕਮਲਾਂ ਨੂੰ ਧਿਆਉਣਾ ਕਰੀਏ। ਜਮ ਮਾਰਗ (ਬੜਾ) ਔਖਾ ਹੈ, (ਤੇ ਸੰਸਾਰ ਇਕ) ਅਗਨੀ ਦਾ ਸਾਗਰ ਹੈ (ਦੁਇ) ਪਲ ਭਰ ਸਿਮਰਣ ਕਰਕੇ ਸਾਧ ਲਈਦੇ ਹੈਨ। (ਸੋ ਉਹ ਨਾਮ ਜੋ) ਪਾਪਾਂ ਨੂੰ ਸਾੜਨ ਵਾਲਾ ਹੈ ਤੇ ਪਵਿਤ੍ਰ ਕਰ ਲੈਣ ਵਾਲਾ ਹੈ, ਦਿਨ ਰਾਤ (ਉਸ ਦੀ) ਅਰਾਧਨਾ ਕਰੋ। ਨਾਨਕ ਦੀ ਬੇਨੰਤੀ ਹੈ ਕਿ ਹੇ ਗੋਪਾਲ, ਹੇ ਗੋਬਿੰਦ, ਹੇ ਮਾਧੋ ! (ਸਾਡੇ ਤੇ) ਕਿਰਪਾ ਕਰੋ ॥ ੧ ॥ |
| ਸਿਮਰਿ ਮਨਾ ਦਾਮੋਦਰੁ ਦੁਖ ਹਰੁ ਭੈ ਭੰਜਨ ਹਰਿ ਰਾਇਆ ॥ ਸ੍ਰੀਰੰਗੋ ਦਇਆਲ ਮਨੋਹਰੁ ਭਗਤਿ ਵਛਲੁ ਬਿਰਦਾਇਆ ॥ ਭਗਤਿ ਵਛਲ ਪੁਰਖ ਪੂਰਨ ਮਨਹਿ ਚਿੰਦਿਆ ਪਾਈਐ ॥ ਤਮ ਅੰਧ ਕੂਪ ਤੇ ਉਧਾਰੈ ਨਾਮੁ ਮੰਨਿ ਵਸਾਈਐ ॥ ਸੁਰ ਸਿਧ ਗਣ ਗੰਧਰਬ ਮੁਨਿ ਜਨ ਗੁਣ ਅਨਿਕ ਭਗਤੀ ਗਾਇਆ ॥ ਬਿਨਵੰਤਿ ਨਾਨਕ ਕਰਹੁ ਕਿਰਪਾ ਪਾਰਬ੍ਰਹਮ ਹਰਿ ਰਾਇਆ ॥ ੨ ॥ | ਹੇ ਮਨ ! ਸਿਮਰ ਦਾਮੋਦਰ ਨੂੰ, ਦੁਖ ਹਰਨਹਾਰੇ ਨੂੰ, ਭੈ ਭੰਜ ਦੇਣ ਵਾਲੇ ਨੂੰ ਤੇ ਹਰੀ ਰਾਏ ਨੂੰ। (ਹਾਂ, ਸਿਮਰ ਮਨਾਂ !) ਸ੍ਰੀ ਰੰਗ ਨੂੰ, ਦਿਆਲੂ ਤੇ ਮਨ ਹਰ ਲੈਣ ਵਾਲੇ ਨੂੰ, ਭਗਤਿ ਵਛਲ (ਜਿਸ ਦਾ) ਬਿਰਦ ਹੈ। (ਕਿਉਂਕਿ ਜੋ) ਸਾਰੇ ਵਯਾਪਕ ਤੇ ਪਰੀ ਪੂਰਨ ਹੈ ਤੇ ਫੇਰ ਭਗਤ ਵੱਛਲ ਹੈ (ਉਸ ਤੋਂ) ਮਨ ਦੀ ਮੰਗੀ (ਮੁਰਾਦ) ਪ੍ਰਾਪਤ ਹੋ ਜਾਂਦੀ ਹੈ। (ਉਸ ਦੇ) ਨਾਮ ਨੂੰ (ਜੇ) ਮਨ ਵਿਚ ਵਸਾ ਲਈਏ ਤਾਂ (ਉਹ) ਅੰਨ੍ਹੇ ਖੂਹ (ਸੰਸਾਰ ਦੇ ਹਨੇਰੇ) ਤੋਂ ਛੁਡਾ ਲੈਂਦਾ ਹੈ। ਦੇਵਤਿਆਂ, ਸਿੱਧਾਂ, ਗਣਾਂ, ਗੰਧਰਬਾਂ, ਮੁਨੀ ਜਨਾਂ ਨੇ ਤੇ ਹੋਰ ਕਈ ਭਗਤੀ ਵਾਲਿਆਂ ਨੇ (ਉਸੇ ਪ੍ਰਭੂ ਦੇ) ਗੁਣ ਗਾਂਵੇਂ ਹਨ। (ਗੁਰੂ) ਨਾਨਕ (ਦੇਵ ਜੀ) ਬੇਨਤੀ ਕਰਦੇ ਹੈਨ, ਹੇ ਪਾਰਬ੍ਰਹਮ ! ਹੇ ਹਰੀ ਰਾਏ ! (ਮੇਰੇ ਤੇ ਬੀ) ਕਿਰਪਾ ਕਰੋ (ਆਪ ਦਾ ਨਾਮ ਸਿਮਰਾਂ) ॥ ੨ ॥ |
| ਚੇਤਿ ਮਨਾ ਪਾਰਬ੍ਰਹਮੁ ਪਰਮੇਸਰੁ ਸਰਬ ਕਲਾ ਜਿਨਿ ਧਾਰੀ ॥ ਕਰੁਣਾ ਮੈ ਸਮਰਥੁ ਸੁਆਮੀ ਘਟ ਘਟ ਪ੍ਰਾਣ ਅਧਾਰੀ ॥ ਪ੍ਰਾਣ ਮਨ | ਹੇ ਮਨ ! ਯਾਦ ਕਰਦਾ ਰਹੁ ਪਾਰਬ੍ਰਹਮ ਪਰਮੇਸ਼ੁਰ ਨੂੰ, ਜਿਸ ਨੇ ਸਰਬ ਕਲਾ ਧਾਰਨ ਕੀਤੀ ਹੋਈ ਹੈ। ਜੋ ਦਇਆਲ ਸਰੂਪ ਹੈ, ਸਮਰਥ ਮਾਲਕ ਹੈ, ਜੋ ਹਰ ਸਰੀਰ ਦੇ ਪ੍ਰਾਣਾਂ ਦਾ ਆਸਰਾ ਹੈ। (ਜੋ ਜੀਵਾਂ ਨੂੰ) ਪ੍ਰਾਣ, ਮਨ, ਤਨ ਤੇ |

ਤਨ ਜੀਅ ਦਾਤਾ ਬੇਅੰਤ ਅਗਮ ਅਪਾਰੋ ॥ ਸਰਣਿ ਜੋਗੁ ਸਮਰਥੁ ਮੋਹਨੁ ਸਰਬ ਦੋਖ ਬਿਦਾਰੋ ॥ ਰੋਗ ਸੋਗ ਸਭਿ ਦੋਖ ਬਿਨਸਹਿ ਜਪਤ ਨਾਮੁ ਮੁਰਾਰੀ ॥ ਬਿਨਵੰਤਿ ਨਾਨਕ ਕਰਹੁ ਕਿਰਪਾ ਸਮਰਥ ਸਭ ਕਲ ਧਾਰੀ ॥ ੩ ॥

ਜੀਵਨ ਦਾ ਦਾਤਾ ਹੈ, ਫੇਰ ਬੇਅੰਤ ਹੈ, ਗੰਮਤਾ ਤੋਂ ਪਰੇ ਹੈ ਤੇ ਪਾਰ ਤੋਂ ਰਹਿਤ ਹੈ। ਜੋ ਸ਼ਰਣ ਲੈਣ ਦੇ ਯੋਗ ਹੈ, (ਜੋ ਸ਼ਰਣ ਲਏ ਨੂੰ ਰਖਿਆ ਕਰਨ ਲਈ) ਸਮਰਥ ਹੈ, ਜੋ ਮੋਹ ਲੈਣ ਵਾਲਾ ਹੈ ਤੇ ਸਾਰੇ ਦੁਖ ਦੂਰ ਕਰਨੇ ਵਾਲਾ ਹੈ। (ਹਾਂ, ਉਸ) ਮੁਰਾਰੀ ਦਾ ਨਾਮ ਜਪਦਿਆਂ ਰੋਗ ਸੋਗ ਤੇ ਸਾਰੇ (ਦੂਸ਼ਣ=) ਪਾਪ ਨਾਸ਼ ਹੋ ਜਾਂਦੇ ਹਨ। (ਗੁਰੂ) ਨਾਨਕ (ਦੇਵ ਜੀ) ਬੇਨਤੀ ਕਰਦੇ ਹਨ ਹੇ ਸਾਰੀਆਂ ਕਲਾਂ ਨੂੰ ਧਾਰਨ ਕਰਨ ਵਾਲੇ ਸਮਰੱਥ ਜੀਓ (ਮੇਰੇ ਤੇ ਵੀ) ਕਿਰਪਾ ਕਰੋ ॥ ੩ ॥

ਗੁਣ ਗਾਉ ਮਨਾ ਅਚੁਤ ਅਬਿਨਾਸੀ ਸਭ ਤੇ ਊਚ ਦਇਆਲਾ ॥ ਬਿਸੰਭਰੁ ਦੇਵਨ ਕਉ ਏਕੈ ਸਰਬ ਕਰੈ ਪ੍ਰਤਿਪਾਲਾ ॥ ਪ੍ਰਤਿਪਾਲ ਮਹਾ ਦਇਆਲ ਦਾਨਾ ਦਇਆ ਧਾਰੇ ਸਭ ਕਿਸੈ ॥ ਕਾਲੁ ਕੰਟਕੁ ਲੋਭੁ ਮੋਹੁ ਨਾਸੈ ਜੀਅ ਜਾ ਕੈ ਪ੍ਰਭੁ ਬਸੈ ॥ ਸੁਪ੍ਰਸੰਨ ਦੇਵਾ ਸਫਲ ਸੇਵਾ ਭਈ ਪੂਰਨ ਘਾਲਾ ॥ ਬਿਨਵੰਤ ਨਾਨਕ ਇਛ ਪੁਨੀ ਜਪਤ ਦੀਨ ਦੈਆਲਾ ॥ ੪ ॥ ੩ ॥

ਹੇ ਮੇਰੇ ਮਨ ਗੁਣ ਗਾ (ਸਿਫਤ ਸਲਾਹਾਂ ਕਰ ਉਸ ਪ੍ਰਭੂ ਦੀਆਂ ਜੋ) ਸਦਾ ਥਿਰ ਹੈ, ਨਾਸ਼ ਰਹਿਤ ਹੈ, ਸਭ ਤੋਂ ਉੱਚਾ ਤੇ ਦਿਆਲੂ ਹੈ। (ਜੋ) ਵਿਸ਼ਵ ਨੂੰ ਪਾਲਣ ਵਾਲਾ ਹੈ, ਤੇ ਦੇਣ ਵਾਲਾ (ਸਾਰਿਆਂ ਨੂੰ) ਇਕੋ ਹੈ, ਤੇ ਸਭ ਦੀ ਪ੍ਰਤਿਪਾਲਾ ਕਰਦਾ ਹੈ। ਪ੍ਰਤਿਪਾਲਾ ਕਰਦਾ ਹੈ, ਮਹਾਂ ਦਿਆਲੂ ਹੈ, ਦਾਨਾ (ਸਭ ਕੁਛ ਜਾਣਨਹਾਰ ਹੈ) ਐਸਾ ਕਿ ਸਭ ਕਿਸੇ ਤੇ ਦਇਆ ਕਰਦਾ ਹੈ। (ਐਸਾ) ਪ੍ਰਭੂ ਜਿਸ ਦੇ ਮਨ ਵਿਚ ਵੱਸ ਜਾਵੇ (ਉਸ ਦੇ ਮਨ ਵਿਚੋਂ) ਲੋਭ ਤੇ ਮੋਹ ਦੂਰ ਹੋ ਜਾਂਦੇ ਹਨ ਤੇ ਦੁਖਦਾਈ ਕਾਲ (ਉਸ ਤੋਂ) ਦੂਰ ਭੱਜ ਜਾਂਦਾ ਹੈ। (ਗੁਰੂ) ਨਾਨਕ (ਦੇਵ ਜੀ) ਬੇਨਤੀ ਕਰਦੇ ਹਨ (ਕਿ ਜਦ ਓਹ) ਦੇਵ (=ਪ੍ਰਭੂ) ਮੇਰੇ ਤੇ ਪ੍ਰਸੰਨ ਹੋ ਗਏ (ਤਾਂ ਸਭ) ਸੇਵਾ ਸਫਲ (ਹੋ ਗਈ ਤੇ) ਘਾਲ ਸਿਰੇ ਚੜ੍ਹ ਗਈ। (ਹਾਂ, ਉਸ) ਦੀਨ ਦਿਆਲ ਨੂੰ ਸਿਮਰਦਿਆਂ (ਮਨ ਦੀ ਹਰੇਕ) ਇੱਛਾ ਪੂਰੀ ਹੋ ਗਈ ॥ ੪ ॥ ੩ ॥

**ਵ੍ਯਾਖ੍ਯਾ**--ਇਸ ਛੰਤ ਵਿਚ ਪਹਿਲੋਂ ਇਕ ਸਲੋਕ ਦੋਹੇ ਦੇ ਵਜ਼ਨ ਦਾ ਦਿਤਾ ਹੈ। ਉਸ ਸ਼ਲੋਕ ਵਿਚ ਜੋ ਕੁਛ ਉਚਾਰਿਆ ਹੈ ਅਗਲਾ ਛੰਤ ਉਸ ਦੀ ਮਾਨੋ ਸਵਿਸਥਾਰ ਟੀਕਾ ਹੈ। ਛੰਤ ਵਿਚ ਮਨ ਨੂੰ ਸੰਬੋਧਨ ਕਰਕੇ ਨਾਮ ਜਪਣੇ ਦਾ ਉਪਦੇਸ਼ ਹੈ। ਨਾਮ ਵਾਹਿਗੁਰੂ ਜੀ ਦਾ ਦੱਸਦਿਆਂ ਉਸ ਵਾਹਿਗੁਰੂ ਜੀ ਦੇ ਨਵੇਂ ਨਵੇਂ ਨਾਮ ਤੇ ਗੁਣ ਦੱਸੇ ਹਨ, ਸਾਰੇ ਨਾਮ ਲਗ ਪਗ ਗੁਣਾਂ ਵਾਚਕ ਹਨ। ਕੋਈ ਪਦ ਹੀ ਗੁਣ ਵਾਚੀ ਨਾਮ ਹੈ, ਕੋਈ ਦੋ ਤ੍ਰੈ ਪਦਾਂ ਦਾ ਯਾ ਵਾਕ ਦਾ ਜੁੜਵਾਂ ਨਾਮ ਹੈ। ਲਗ ਪਗ ੪੦ ਐਸੇ ਨਾਮ ਗਿਣੇ ਹਨ। ਅੱਡ ਅਡ ਤਰ੍ਹਾਂ ਤੇ ਗੁਣ ਗਾਇਨਤਾ ਵਾਲੇ ਨਾਮ ਗਿਣਦਿਆਂ ਮਨੋ ਬ੍ਰਿਤੀ ਜੋ ਅਨੇਕ ਚਿੰਤਨ ਦੀ ਆਦਤਗੀਰ ਹੁੰਦੀ ਹੈ, ਜ਼ਾਹਰਾ ਅਨੇਕ ਚਿੰਤਨ ਕਰਦੀ ਹੈ, ਅਪਣੇ ਸੁਭਾਵ ਵਿਚ ਵਿਚਰਦੀ ਹੈ, ਪਰ ਅਸਲ ਵਿਚ ਓਹ ਇਕੋ, ਪਰ ਅਨੇਕਤਾ ਨਾਲ ਸਲਾਹੀ ਗਈ ਹਸਤੀ ਦੇ ਧਿਆਨ ਵਿਚ ਰਹਿੰਦੀ ਹੈ, ਇਉਂ ਅਨਜਾਣੇ ਉਸ ਨੂੰ 'ਏਕ' ਦੇ ਖਿਆਲ ਵਿਚ ਪਰਵੇਸ਼ਿਤ ਰਹਿਣ ਦਾ ਸੁਭਾਵ ਪੈਂਦਿਆਂ ਕਦੇ ਏਕੇ ਤੇ ਟਿਕ ਜਾਂਦੀ ਹੈ। ਅਰਦਾਸ ਇਕੋ ਸਿਖ੍ਯਾ ਸਿਫਤ ਸਲਾਹ ਵਾਸਤੇ ਹੀ ਹੋ ਰਹੀ ਹੈ; ਤ੍ਰੈ ਅੰਕਾਂ ਵਿਚ ਨਾਮ ਵਾਸਤੇ ਤੇ ਚੌਥੇ ਵਿਚ ਗੁਣ ਗਾਉਣ ਵਾਸਤੇ। 'ਨਾਮ' ਤੇ 'ਸਿਫ਼ਤ ਸਲਾਹ' ਦੇ ਮੂਲ ਉਪਦੇਸ਼ ਸ੍ਰੀ ਗੁਰੂ ਬਾਣੀ ਜੀ ਦੇ ਹਨ। ਚੌਥੇ ਅੰਕ ਦੇ ਅਖੀਰ ਜਾਕੇ ਅਪਣਾ ਤਜਰਬਾ ਦਿੱਤਾ ਹੈ ਕਿ ਜੋ ਕੁਛ ਮੈਂ ਉਪਰ ਕਿਹਾ ਹੈ ਓਹ ਪ੍ਰਭੂ ਦਾ ਨਾਮ ਜਪਣੇ ਕਰਕੇ ਮੈਨੂੰ

ਪ੍ਰਾਪਤ ਹੋਇਆ ਹੈ। ਇਸ ਦੱਸਣ ਵਿਚ ਸੁਣਨੇ ਵਾਲੇ ਨੂੰ ਵਧੇਰੇ ਤਸੱਲੀ ਮਿਲੀ ਤੇ ਆਪ ਦੀ ਸ਼ੁਕਰ-ਗੁਜ਼ਾਰੀ ਸਾਂਈਂ ਦੁਆਰੇ ਹੋਰ ਠੰਢਾਂ ਪਾਉਣ ਵਾਲਾ ਅਸਰ ਕਰ ਗਈ।

**ਨਿਰੁਕਤ**—ਪਤਿਤ—[ਸੰਸ: ] ਗਿਰੇ ਹੋਏ। ਧਰਮ ਤੋਂ ਗਿਰੇ ਹੋਏ। ਪਾਪੀ।

ਅਸੰਖ—[ਸੰਸ:, ਅਸੰਖਯ=ਸੰਖਯਾ ਰਹਤ। ਸੰਸ:, ਸ਼ੰਖ=ਸੌ ਪਦਮ, ਅਸੰਖ ਉਹ ਗਿਣਤੀ ਹੈ ਜੋ ਸ਼ੰਖ ਤੋਂ ਪਰੇ ਹੈ। ਸ਼ੰਖ ਲੇਖੇ ਦੇ ਹਿਸਾਬ ਵਿਚ ਅਖੀਰਲੀ ਗਿਣਤੀ ਹੈ, ਜੋ ਇਸ ਤੋਂ ਵਧੀਕ ਹੋਵੇ ਗਿਣਤੀ ਨਾ ਹੋ ਸਕੇ ਜਿਨ੍ਹਾਂ ਦੀ। ਬਹੁਤੇ। (ਦੇਖੋ ਪੰਨਾ ੯੪)।

ਪੁਨੀਤ—[ਸੰਸ:,] ਪਵਿੱਤ੍ਰ। ਪਵਿੱਤ੍ਰਤਾ ਵਾਲੇ।

ਪੁਨਹ ਪੁਨਹ—ਬਾਰ ਬਾਰ। ਫੇਰ ਫੇਰ।

ਪਾਵਕੋ—[ਸੰਸ:, ਪਾਵਕ:] ਅੱਗ। ਪਾਵਕੋ, ਕੇਵਲ ਰਾਮ ਨਾਮ ਰੂਪੀ ਅੱਗ।

ਤ੍ਰਿਣ—[ਬਹੁ ਵਚਨ] ਕਖ, ਤੀਲੇ, ਪਾਪਾਂ ਰੂਪੀ ਤਿਨਕੇ।

ਕਿਲਬਿਖ—ਪਾਪ। ਉੱਗ੍ਰ ਪਾਪ।

ਦਾਹਨ ਹਾਰ—[ਸੰਸ:, ਦਹਨ=ਸਾੜਨਾ] ਸਾੜਨ ਵਾਲੀ (ਹੈ)।

ਨਰਾਇਣੁ—ਵਾਹਿਗੁਰੂ। [ਦੇਖੋ ਪੰਨਾ ੧੫੪੫ ਸੰਥਯਾ ਪੋਥੀ ਤੀਜੀ]।

ਗੋਵਿੰਦਾ—[ਸੰਸ:, ਗੋਵਿੰਦ] ਗੋ=ਬਾਣੀ ਕਰਕੇ ਜੋ ਜਾਣਿਆ ਜਾਵੇ। ਗਊ ਪਾਲਨ ਵਾਲਾ=ਕ੍ਰਿਸ਼ਨ, ਭਾਵ ਵਾਹਿਗੁਰੂ। ਪ੍ਰਿਥਵੀ ਪਾਲਨ ਵਾਲਾ ਵਾਹਿਗੁਰੂ।

ਮਾਧੋ—[ਸੰਸ:, ਮਾਧਵ] ਮਾਇਆ ਦਾ ਪਤੀ। ਮਾਇਆ ਦਾ ਮਾਲਕ।

ਮੁਰਾਰਿ—[ਸੰਸ:, ਮੁਰਾਰਿ:=ਮੁਰ ਰਾਖਸ਼ ਦਾ ਵੈਰੀ] ਕ੍ਰਿਸ਼ਨ, ਭਾਵ ਵਾਹਿਗੁਰੂ] (ਦੇ: ਪੰ: ੨੭੧)

ਮੁਕੰਦੇ—[ਸੰਸ:, ਮੁਕੁੰਦ:] ਮੁਕਤੀ ਦਾਤਾ ਨੂੰ, ਮੁਕੰਦ ਨੂੰ।

ਫਾਧੇ—ਫਾਹੀ। ਦੁਖ ਹਰਣ=ਦੁਖ ਹਰ ਲੈਣ ਵਾਲਾ। ਦੁਖ ਖੋਹ ਲੈਣ ਵਾਲਾ।

ਦੀਨ ਸਰਣ—ਗ਼ਰੀਬਾਂ ਨੂੰ ਸ਼ਰਣ ਦੇਣ ਵਾਲਾ।

ਸ੍ਰੀ ਧਰ—[ਸੰਸ:, ਸ਼੍ਰੀ ਧਰ:] ਲਛਮੀ ਯਾ ਸ਼ੋਭਾ ਦੇ ਧਾਰਨ ਵਾਲਾ ਵਾਹਿਗੁਰੂ।

ਕਲਿ ਮਲਹ ਦਹਿਤਾ—ਕਲਿਜੁਗ ਦੇ ਪਾਪਾਂ ਨੂੰ ਸਾੜਨ ਵਾਲਾ।

ਗੋਪਾਲ—[ਸੰਸ:, ਗੋਪਾਲ:, ਗਊਆਂ ਪਾਲਨ ਵਾਲਾ] ਪ੍ਰਿਥਵੀ ਪਾਲਨ ਵਾਲਾ,=ਵਾਹਿਗੁਰੂ।

ਦਾਮੋਦਰੁ—[ਸੰਸ:, ਦਾਮੋਦਰ: ਦਾਮ+ਉਦਰ।] ਜਿਸ ਦੇ ਪੇਟ ਨਾਲ ਮਾਂ ਨੇ ਰੱਸੀ ਬੱਧੀ ਸੀ, ਸੋ ਕ੍ਰਿਸ਼ਨ। (੨) ਭਾਵ ਵਾਹਿਗੁਰੂ, ਜਿਸ ਦੇ ਪੇਟ ਵਿਚ ਸਾਰਾ ਬ੍ਰਹਮਾਂਡ ਹੈ। ਵਾਹਿਗੁਰੂ।

ਦੁਖਹਰੁ—ਦੁਖ ਖੋਹ ਲੈਣ ਵਾਲਾ। ਦੁਖ ਦੂਰ ਕਰਨ ਵਾਲਾ।

ਸ੍ਰੀ ਰੰਗੋ—[ਸੰਸ:, ਸ਼੍ਰੀ=ਲੱਛਮੀ, ਮਾਇਆ। ਰੰਗ:=ਕੌਤਕ] ਮਾਇਆ ਤੋਂ ਸੰਸਾਰ ਰਚਨਾ ਆਦਿਕ ਕਉਤਕ ਕਰਾਉਣ ਵਾਲਾ। (ਦੇਖੋ ਪੰਨਾ ੬੯੪)।

ਭਗਤਿ ਵਛਲੁ—[ਸੰਸ:, ਭਕ੍ਤ ਵਤਸਲ=ਭਗਤਾਂ ਨੂੰ ਪਿਆਰ ਕਰਨ ਵਾਲਾ] ਜਿਨ੍ਹਾਂ ਵਿਚ ਭਗਤੀ ਹੋਵੇ ਉਹਨਾਂ ਨੂੰ ਪਿਆਰ ਕਰਨੇ ਵਾਲਾ।

ਮਨੋਹਰੁ—ਮਨ ਨੂੰ ਹਰ ਲੈਣ ਵਾਲਾ। ਮਨ ਨੂੰ ਖਿੱਚ ਲੈਣ ਵਾਲਾ। ਸੁੰਦਰ।

ਬਿਰਦਾਇਆ—ਬਿਰਦ ਹੈ ਜਿਸਦਾ(ਧਰਮ ਹੈ ਜਿਸਦਾ ਭਗਤੀ ਵਾਲਿਆਂ ਨੂੰ ਪਯਾਰ ਕਰਨਾ)।

ਪੁਰਖ ਪੂਰਨ—ਜੋ ਵਯਾਪਕ ਹੈ, ਜੋ ਪਰੀਪੂਰਣ ਹੈ।

ਚਿੰਦਿਆ-ਇਛਿਆ, ਚਾਹਿਆ। ਮਨ ਮੰਗਿਆ।
ਤਮ ਅੰਧ ਕੂਪ-ਅੰਨ੍ਹੇ ਖੂਹ ਦਾ ਹਨੇਰਾ।
ਉਧਾਰੈ-ਬਚਾ ਲੈਂਦਾ ਹੈ। ਕੱਢ ਲੈਂਦਾ ਹੈ।
ਸੁਰ-[ਸੰਸ:, ਸੁਰ:] ਦੇਵਤੇ। ਸਿਧ-[ਸੰਸ:, ਸਿਦ੍ਧ:] ਜੈਨੀਆਂ ਯਾ ਜੋਗੀਆਂ ਦੇ ਵਡਕੇ।
ਗਣ-[ਸੰਸ:, ਗਣ:] ਇਕ ਪ੍ਰਕਾਰ ਦੇ ਦੇਵਤੇ ਜੋ ਦੇਵਤਿਆਂ ਦੇ ਅਨੁਗਾਮੀ ਹੁੰਦੇ ਹਨ।
ਗੰਧਰਬ-[ਸੰਸ:, ਗਂਧਰ੍ਵ:] ਦੇਵ ਲੋਕਾਂ ਦੇ ਗਵੱਯੇ।
ਮੁਨਿ ਜਨ-[ਸੰਸ:, ਮੁਨਿ:] ਸਾਧੂ। ਸੰਤ ਲੋਕ।
ਪਾਰਬ੍ਰਹਮ-[ਸੰਸ:, ਪਰ ਬ੍ਰਹਮਨ੍] ਜਗਤ ਤੋਂ ਪਰੇ,ਉਪਾਧੀ ਰਹਿਤ ਨਿਰਗੁਣ ਪਰਮਾਤਮਾ।
ਹਰਿ ਰਾਇਆ-[ਸੰਸ:, ਹਰਿ:+ਰਾਜਾ] ਰਾਜਾ ਰੂਪ ਵਾਹਿਗੁਰੂ। ਜਗਤ ਦਾ ਸ਼ਹਨਸ਼ਾਹ।
ਕਲਾ-[ਸੰਸ:,] ਸ਼ਕਤੀ। ੨. ਕਲਾਂ।
ਸਰਬ ਕਲਾ ਧਾਰੀ-ਸਾਰੀਆਂਸ਼ਕਤੀਆਂ ਦਾ ਧਾਰਨਵਾਲਾ,ਸਰਬ ਰਚਨਾ ਨੂੰ ਅਪਣੀ ਸ਼ਕਤੀ ਨਾਲ ਸੰਭਾਲਣ ਵਾਲਾ। ਸੰਸਾਰ ਦੀ ਸਾਰੀ ਕਲਾਂ (ਮਸ਼ੀਨ ਵਰਗੀ ਬਣਤਰ) ਨੂੰ ਸੰਭਾਲਣ ਵਾਲਾ।
ਕਰੁਣਾ ਮੈ-[ਸੰਸ:, ਕਰੁਣਾਮਯ] ਦਇਆ ਦਾ ਸਰੂਪ, ਪਰਮ ਦਿਆਲੂ।
ਘਟ ਘਟ ਪ੍ਰਾਣ ਅਧਾਰੀ-ਜੋ ਹਰ ਸਰੀਰ ਵਿਚ ਪ੍ਰਾਣਾਂ ਨੂੰ ਆਸਰਾ ਦੇ ਰਿਹਾ ਹੈ।
ਅਗਮ-ਗੰਮਤਾ ਤੋਂ ਪਰੇ। ਮਨ ਆਦਿ ਦੀ ਪਹੁੰਚ ਤੋਂ ਪਰੇ (ਦੇ: ਪੰ: ੧੯੬)।
ਅਪਾਰੋ-[ਸੰਸ:, ਅਪਾਰ] ਅਪਾਰ। ਪਾਰ ਤੋਂ ਰਹਿਤ। ਬੇ ਹੱਦ।
ਸਰਣਿ ਜੋਗ-ਸ਼ਰਣ ਦੇਣ ਦੇ ਯੋਗ। ਜੋ ਆਸਰਾ ਓਟ ਦੇ ਸਕੇ।
(ਅ) ਜਿਸਦੀ ਸ਼ਰਣ ਲੈਣ ਦੇ ਯੋਗ ਹੈ।
ਮੋਹਨੁ-ਮੋਹ ਲੈਣ ਵਾਲਾ, ਵਾਹਿਗੁਰੂ। ਭਾਵ ਬਹੁਤ ਹੀ ਸੁੰਦਰ।
ਬਿਦਾਰੋ-ਦੂਰ ਕਰਨੇ ਵਾਲਾ।
ਅਚੁਤ-[ਸੰਸ:, ਅਚੁਯਤ] ਜੋ ਡਿੱਗੇ ਨਾ। ਸਦਾ ਅਟੱਲ। ਸਦਾ ਥਿਰ।
ਅਬਿਨਾਸੀ-ਨਾਸ ਰਹਿਤ। ਬਿਸਭਰੁ-[ਸੰਸ:, ਵਿਸ਼੍ਵੰਭਰ:] ਵਿਸ਼੍ਵ ਨੂੰ ਪਾਲਣ ਵਾਲਾ।
ਕੰਟਕੁ-[ਸੰਸ:, ਕਂਟਕਮ੍] ਕੰਡੇ ਵਾਙੂ ਚੁਭ ਕੇ ਦੁਖ ਦੇਣ ਵਾਲਾ। ਵੈਰੀ।
ਸੁਪ੍ਰਸੰਨ ਦੇਵਾ-ਚੰਗੀ ਤਰ੍ਹਾਂ ਪ੍ਰਸੰਨ ਹੈ ਦੇਵ ਜਿਸਤੇ।

[ਗਉੜੀ ਮਹਲਾ ੫, ਛੰਤ-੧੨]

| ਮੂਲ | ਅਰਥ |
|---|---|
| ਗਉੜੀ ਮਹਲਾ ੫ ॥ ਸੁਣਿ ਸਖੀਏ ਮਿਲਿ ਉਦਮੁ ਕਰੇਹਾ ਮਨਾਇ ਲੈਹਿ ਹਰਿ ਕੰਤੈ ॥ ਮਾਨੁ ਤਿਆਗਿ ਕਰਿ ਭਗਤਿ ਠਗਉਰੀ ਮੋਹਹ ਸਾਧੂ ਮੰਤੈ ॥ | (ਹੇ ਮੇਰੇ ਪਰਮਾਰਥ ਦੇ ਮਿਤ੍ਰ ਰੂਪੀ) ਸਖੀ ਸੁਣ ! (ਆ) ਰਲਕੇ ਉੱਦਮ ਕਰੀਏ ਤੇ ਹਰੀ ਰੂਪੀ (ਅਪਣੇ) ਪਤੀ ਨੂੰ ਮਨਾ ਲਵੀਏ। (ਐਉਂ ਕਰੀਏ ਕਿ) ਮਾਨ ਤਾਂ ਦੇਈਏ ਛੱਡ ਤੇ ਕਰੀਏ (ਉਸ ਦੀ) ਭਗਤੀ, (ਇਹ ਤਾਂ ਬਣਾਈਏ) ਠਗ ਲੈਣ ਵਾਲੀ ਬੂਟੀ (ਤੇ ਗੁਰੂ ਦਾ ਮੰਤ੍ਰ ਬਣਾਈਏ ਮੋਹਿਣੀ ਮੰਤ੍ਰ ਉਸ) ਗੁਰੂ ਮੰਤ੍ਰ ਨਾਲ (ਉਸ ਨੂੰ) ਮੋਹ ਲਵੀਏ। (ਕਿਵੇਂ ਨਾ ਕਿਵੇਂ ਇਕ ਵੇਰੀ ਉਸ ਨੂੰ ਵੱਸ ਕਰ ਲਵੀਏ, ਕਿਉਂਕਿ) |

ਸਖੀ ਵਸਿ ਆਇਆ ਫਿਰਿ ਛੋਡਿ ਨ ਜਾਈ ਇਹ ਰੀਤਿ ਭਲੀ ਭਗਵੰਤੈ ॥ ਨਾਨਕ ਜਰਾ ਮਰਣ ਭੈ ਨਰਕ ਨਿਵਾਰੈ ਪੁਨੀਤ ਕਰੈ ਤਿਸੁ ਜੰਤੈ ॥ ੧ ॥

ਹੇ ਸਖੀ ! ਵੱਸ ਆਇਆ ਹੋਇਆ ਫਿਰ (ਕਦੇ) ਛੱਡਕੇ ਨਹੀਂ ਜਾਂਦਾ, ਇਹ (ਉਸ) ਭਗਵੰਤ ਦੀ ਉੱਤਮ ਰੀਤੀ ਹੈ। (ਹੋਰ ਗੱਲ ਇਹ ਹੈ ਕਿ ਇਕੇਰਾਂ ਵੱਸ ਆਇਆ ਹੋਇਆ) ਉਸ ਜੀਵ ਨੂੰ (ਜਿਸ ਦੇ ਵੱਸ ਆ ਜਾਂਦਾ ਹੈ) ਪਵਿਤ੍ਰ ਕਰ ਦੇਂਦਾ ਹੈ (ਤੇ ਉਸ ਦਾ) ਬੁਢੇਪੇ, ਮੌਤ ਤੇ ਨਰਕ ਦਾ ਡਰ ਦੂਰ ਕਰ ਦੇਂਦਾ ਹੈ ॥ ੧ ॥

ਸੁਣਿ ਸਖੀਏ ਇਹ ਭਲੀ ਬਿਨੰਤੀ ਏਹੁ ਮਤਾਂਤੁ ਪਕਾਈਐ ॥ ਸਹਜਿ ਸੁਭਾਇ ਉਪਾਧਿ ਰਹਤ ਹੋਇ ਗੀਤ ਗੋਵਿੰਦਹਿ ਗਾਈਐ ॥ ਕਲਿ ਕਲੇਸ ਮਿਟਹਿ ਭ੍ਰਮ ਨਾਸਹਿ ਮਨਿ ਚਿੰਦਿਆ ਫਲੁ ਪਾਈਐ ॥ ਪਾਰਬ੍ਰਹਮ ਪੂਰਨ ਪਰਮੇਸਰ ਨਾਨਕ ਨਾਮੁ ਧਿਆਈਐ ॥੨॥

ਸੁਣ ਹੇ ਮੇਰੀ (ਪਰਮਾਰਥ ਦੇ ਮਿਤ੍ਰ ਰੂਪੀ) ਸਖੀ ! (ਮੇਰੀ) ਇਹ ਨੇਕ ਬੇਨਤੀ ਸੁਣ (ਕਿ ਅਸੀਂ) ਇਹ ਸਲਾਹ ਪੱਕੀ ਕਰੀਏ ਕਿ (ਸਭ) ਛਲ (ਆਦਿ) ਤੋਂ ਰਹਿਤ ਹੋਕੇ ਤੇ ਸਰਲ ਸੁਭਾਵ ਵਿਚ (ਆਕੇ ਉਸ ਪਤੀ) ਪਰਮੇਸ਼ੁਰ ਦੇ (ਗੁਣਾਂ ਦੇ) ਗੀਤ ਗਾਵੀਏ (ਇਸ ਤਰ੍ਹਾਂ ਕਰਨ ਨਾਲ) ਕਲਪਣਾ ਤੇ ਕਸ਼ਟ ਮਿਟ ਜਾਣਗੇ, ਭਰਮ ਦੂਰ ਹੋ ਜਾਣਗੇ ਤੇ ਜੋ ਮਨ ਚਾਹੁੰਦਾ ਹੈ ਉਹ ਫਲ ਮਿਲ ਜਾਵੇਗਾ। (ਸਾਡਾ ਵਾਂਛਤ ਪਤੀ) ਪਾਰਬ੍ਰਹਮ ਪੂਰਨ ਪਰਮੇਸ਼ੁਰ ਹੈ, (ਹੇ ਸਖੀ ! ਉਸ ਦਾ ਨਾਲ) ਨਾਮ (ਬੀ) ਧਿਆਵਣਾ ਕਰੀਏ, (ਕਹਿੰਦ ਹਨ ਗੁਰੂ) ਨਾਨਕ ॥ ੨ ॥

ਸਖੀ ਇਛ ਕਰੀ ਨਿਤ ਸੁਖਮਨਾਈ ਪ੍ਰਭ ਮੇਰੀ ਆਸ ਪੁਜਾਏ ॥ ਚਰਨ ਪਿਆਸੀ ਦਰਸ ਬੈਰਾਗਨਿ ਪੇਖਉ ਥਾਨ ਸਬਾਏ ॥ ਖੋਜਿ ਲਹਉ ਹਰਿ ਸੰਤ ਜਨਾ ਸੰਗੁ ਸੰਮ੍ਰਿਥ ਪੁਰਖ ਮਿਲਾਏ ॥ ਨਾਨਕ ਤਿਨ ਮਿਲਿਆ ਸੁਰਿ ਜਨੁ ਸੁਖਦਾਤਾ ਸੇ ਵਡਭਾਗੀ ਮਾਏ ॥ ੩ ॥

ਹੇ ਸਖੀ !(ਮੈਂ) ਸਦਾ (ਈਹੋ) ਇੱਛਾ ਕਰਦੀ ਹਾਂ ਤੇ ਸੁਖ ਮਨਾਉਂਦੀ ਹਾਂ (ਕਿ ਕਿਵੇਂ) ਪ੍ਰਭੂ (ਆਪ) ਮੇਰੀ ਆਸ ਪੁਗਾ ਦੇਵੇ। (ਉਸ ਦੇ) ਚਰਨਾਂ ਦੀ ਪਿਆਸੀ ਹੋਕੇ (ਅਤੇ ਉਸ ਦੇ) ਦਰਸ਼ਨ ਲਈ ਵੈਰਾਗਵਾਨ ਹੋਕੇ (ਉਸ ਨੂੰ) ਸਾਰੇ ਥਾਂਈਂ ਭਾਲਦੀ ਫਿਰਦੀ ਹਾਂ (ਕਿ ਕਿਵੇਂ ਕਿਤੋਂ) ਹਰੀ ਦੇ ਸੰਤ ਜਨਾਂ ਦਾ ਖੋਜ (ਪਤਾ) ਲੱਭ ਲਵਾਂ (ਜਿਨ੍ਹਾਂ ਦਾ) ਸੰਗ ਮੈਨੂੰ (ਮੇਰਾ) ਸਮਰੱਥ ਪਤੀ ਮਿਲਾ ਦੇਵੇ। (ਗੁਰੂ) ਨਾਨਕ (ਦੇਵ ਜੀ ਆਖਦੇ ਹਨ) ਉਨ੍ਹਾਂ (ਸੰਤ ਜਨਾਂ) ਨੂੰ (ਮੇਰਾ) ਸੁਖ ਦਾਤਾ ਉੱਤਮ ਪੁਰਖ (ਵਾਹਿਗੁਰੂ) ਮਿਲ ਪਿਆ (ਹੋਇਆ ਹੈ), ਹੇ ਮਾਂ ! ਓਹ ਵਡੇ ਭਾਗਾਂ ਵਾਲੇ ਹਨ ॥ ੩ ॥

ਸਖੀ ਨਾਲਿ ਵਸਾ ਅਪੁਨੇ ਨਾਹ ਪਿਆਰੇ ਮੇਰਾ ਮਨੁ ਤਨੁ ਹਰਿ ਸੰਗਿ ਹਿਲਿਆ ॥ ਸੁਣਿ ਸਖੀਏ ਮੇਰੀ ਨੀਦ ਭਲੀ ਮੈ ਆਪਨੜਾ ਪਿਰੁ ਮਿਲਿਆ ॥ ਭ੍ਰਮੁ ਖੋਇਓ ਸਾਂਤਿ ਸਹਜਿ ਸੁਆਮੀ ਪਰਗਾਸੁ ਭਇਆ ਕਉਲੁ ਖਿਲਿਆ ॥ ਵਰੁ ਪਾਇਆ ਪ੍ਰਭੁ ਅੰਤਰਜਾਮੀ ਨਾਨਕ ਸੋਹਾਗੁ ਨ ਟਲਿਆ ॥ ੪ ॥ ੪ ॥ ੨ ॥ ੫ ॥ ੧੧ ॥

ਹੇ ਸਖੀ ! (ਹੁਣ ਮੈਂ) ਆਪਣੇ ਪਿਆਰੇ ਪਤੀ ਨਾਲ ਵੱਸਦੀ ਹਾਂ, ਮੇਰਾ ਮਨ ਤੇ ਤਨ ਵਾਹਿਗੁਰੂ (ਪਤੀ) ਨਾਲ ਹਿਲ ਮਿਲ ਗਿਆ ਹੈ। ਸੁਣ ਹੇ ਸਖੀ ! (ਹੁਣ) ਮੇਰੀ ਨੀਂਦ ਚੰਗੀ (ਸੁਹਣੀ) ਹੈ, ਮੈਨੂੰ ਆਪਣਾ ਪਤੀ (ਪਰਮੇਸ਼ੁਰ) ਮਿਲ ਪਿਆ ਹੈ। (ਜਿਸ) ਮਾਲਕ ਦੇ (ਮਿਲ ਪੈਣ ਨਾਲ) ਭਰਮ ਦੂਰ ਹੋ ਗਿਆ ਹੈ, ਸਹਜੇ ਸ਼ਾਂਤੀ (ਪ੍ਰਾਪਤ ਹੋ ਗਈ ਹੈ), ਪ੍ਰਕਾਸ਼ ਹੋ ਗਿਆ ਹੈ ਤੇ (ਹਿਰਦਾ) ਕਮਲ ਖਿੜ ਪਿਆ ਹੈ। (ਹਾਂ, ਮੈਂ ਐਸਾ) ਵਰ (ਪਤੀ) ਪਾਇਆ ਹੈ (ਜੋ ਜਗਤ ਦਾ) ਪ੍ਰਭੂ ਹੈ, (ਪਰ ਫੇਰ ਮੇਰੇ) ਅੰਦਰ ਬੈਠਾ ਹੈ; (ਹਾਂ, ਇਹ ਮੇਰਾ ਸੁਹਾਗ) ਟਲਿਆ ਸੁਹਾਗ ਨਹੀਂ, (ਭਾਵ ਅਟੱਲ ਸੁਹਾਗ ਹੈ, ਕਹਿੰਦੇ ਹਨ ਗੁਰੂ) ਨਾਨਕ ॥ ੪ ॥ ੪ ॥ ੨ ॥ ੫ ॥ ੧੧ ॥

**ਵ੍ਯਾਖ੍ਯਾ**—ਇਸ ਛੰਤ ਵਿਚ ਪਹਿਲੇ ਸ਼ਲੋਕ ਨਹੀਂ ਦਿੱਤਾ। ਇਸ ਦੇ ਚਾਰ ਪਦੇ ਹਨ।

ਅੰਕ ੧-ਇਸ ਵਿਚ ਜੋ ਪਤੀ ਦੱਸਿਆ ਹੈ, ਉਹ ਕਾਵ੍ਯ ਮੂਜਬ 'ਮਾਨੀ ਪਤੀ' ਹੈ, ਜਿਸਨੂੰ ਪ੍ਰਿਯਾ ਮਨਾਉਣਾ ਚਾਹੁੰਦੀ ਹੈ। ਇਥੇ ਭਾਵ ਇਹ ਹੈ ਕਿ ਵਾਹਿਗੁਰੂ ਨਾ ਦਿੱਸਣ ਕਰਕੇ ਨਾ ਮਿਲ ਪੈਣ ਕਰਕੇ ਯਤਨ ਕਰਦੇ ਪ੍ਰੇਮੀ ਨੇ ਅਪਣੇ ਪ੍ਰਯਤਨਾਂ ਨੂੰ ਜਾਰੀ ਰੱਖਣ ਵਾਸਤੇ ਪਤੀ ਨੂੰ ਮਾਨੀ ਪਤੀ ਸੰਭਾਵਿਤ ਕੀਤਾ ਹੈ। ਹੁਣ ਅਪਣਾ ਪ੍ਰਯਤਨ ਹ੍ਰਿਦੇ ਦੇ ਪ੍ਰੇਮ ਕਰਕੇ ਜਾਰੀ ਰਹੇਗਾ ਤੇ ਉਹ ਉਪਰਾਲਾ ਆਪ ਹੀ ਦੱਸਿਆ ਹੈ; ਕਿਸਨੂੰ ? ਇਕ ਸਖੀ ਵਾਕ ਕਰਦੀ ਹੈ ਦੂਜੀ ਸਖੀ ਪ੍ਰਤੀ। ਵਾਹਿਗੁਰੂ ਪ੍ਰੇਮੀ ਹੋਰ ਵਾਹਿਗੁਰੂ ਢੂੰਡਾਰੀ ਨਾਲ ਗੱਲ ਕਰਦਾ ਹੈ ਕਿ ਅਸੀਂ ਮਾਨ ਛੱਡਕੇ, ਭਾਵ ਹੰਕਾਰ ਦੂਰ ਕਰਕੇ, ਭਗਤੀ ਕਰੀਏ ਤੇ ਗਰ ਮੰਤ੍ਰ ਦਾ ਸਿਮਰਨ ਕਰੀਏ। ਦੋਹਾਂ ਗੱਲਾਂ ਨੂੰ ਉਸ ਪਿਆਰ ਤੇ ਲਾਡ ਦੇ ਖੁਲ੍ਹ ਵਾਲੇ ਪਦਾਂ ਵਿਚ ਵਰਣਨ ਕੀਤਾ ਹੈ, ਜੋ ਪਤੀ ਨੂੰ ਵੱਸ ਕਰਨ ਵਾਲੀਆਂ ਬੀਬੀਆਂ ਵਿਚ ਹੁੰਦਾ ਹੈ। ਓਹ ਵਸ਼ੀ ਕਰਨ ਆਦਿ ਮੰਤ੍ਰ ਕਰਦੀਆਂ ਹਨ। ਏਥੇ ਉਸ ਥਾਵੇਂ ਗੁਰ ਮੰਤ੍ਰ ਲਿਆ ਹੈ। ਹੋਰ ਕਈ ਬੂਟੀਆਂ ਆਦਿ ਘੋਲ ਪਿਲਾਉਂਦੀਆਂ ਹਨ ਜਿਵੇਂ ਠੱਗ ਲੋਕ ਅਪਣੇ ਸ਼ਿਕਾਰਾਂ ਨੂੰ ਵੱਸ ਕਰਨ ਵਾਸਤੇ ਬੂਟੀ ਪਿਲਾਉਂਦੇ ਹਨ। ਉਸਦੀ ਥਾਂਵੇ ਲਿਆ ਹੈ ਭਗਤੀ ਨੂੰ, ਉਹ ਭਗਤੀ ਜੋ ਹੰਕਾਰ ਰਹਿਤ ਹੋਵੇ। ਮਤਲਬ ਇਹ ਹੈ ਕਿ ਨਿਰ-ਅਭਿਮਾਨ ਹੋਕੇ ਨਾਮ ਜਪੋ ਤੇ ਭਗਤੀ ਕਰੋ। ਇਥੇ ਇਕ ਵਾਹਿਗੁਰੂ ਜੀ ਦੇ ਬਿਰਦ ਦਾ ਜ਼ਿਕਰ ਹੋ ਗਿਆ ਹੈ ਕਿ ਉਹ ਜਦ ਕਿਸੇ ਪ੍ਰੇਮੀ ਨੂੰ ਅਪਣਾ ਲੈਂਦਾ ਹੈ ਤਦ ਉਸਨੂੰ ਛੋਡਦਾ ਨਹੀਂ। ਜੇ ਤਾਂ ਉਹ ਪ੍ਰੇਮ ਵਿਚ ਸਿੱਧੇ ਰਾਹੇ ਮਿਲਿਆ ਟੁਰ ਰਿਹਾ ਹੈ ਤਾਂ ਠੀਕ ਹੈ, ਜੇ ਉਹ ਭੁੱਲ ਚੁੱਕ ਕਰ ਬੈਠੇ ਤਾਂ ਤ੍ਰਾਹ ਨਹੀਂ ਦੇਂਦਾ, ਉਹ ਮਿੱਠੀ ਪਜਾਰ ਦੀ ਕੋਈ ਝਿੜਕ, ਖੇਚਲ ਦੇ ਕੇ, ਹੋਸ਼ ਦਿਵਾ ਕੇ ਅਪਣੇ ਕੀਤੇ ਨੂੰ ਫੇਰ ਅਪਣੇ ਪਿਆਰ ਵਿਚ ਸਾਂਝੀਵਾਲ ਕਰ ਲੈਂਦਾ ਹੈ। ਭਗਤਾਂ ਲਈ ਇਹ ਸਤਰ ਵਾਹਿਗੁਰੂ ਦੀ ਮੇਹਰ ਦਾ ਬਖ਼ਸ਼ਿਸ਼ ਪਤ੍ਰ ਹੈ। ਇਕੇਰਾਂ ਅਪਣਾ ਬਨਾ ਲਵੇ ਤਾਂ ਅਪਣੇ ਦੇ ਸਾਰੇ ਭੈ ਦੂਰ ਕਰ ਦੇਂਦਾ ਹੈ, ਤੇ ਉਸਨੂੰ ਪਵਿਤ੍ਰ ਕਰ ਲੈਂਦਾ ਹੈ।

ਅੰਕ ੨ ਵਿਚ ਉਹੋ ਗੱਲ ਜਾਰੀ ਹੈ। ਇਸ ਵਿਚ ਇਕ ਤਾਂ ਉਪਦੇਸ਼ ਹੈ ਗੋਬਿੰਦ ਦੇ ਗੁਣ ਗਾਇਨ ਕਰਨ ਦਾ, ਦੂਸਰੇ ਉਸਦੇ ਨਾਮ ਸਿਮਰਨ ਦਾ, ਤੀਸਰੇ ਸਭ ਛਲ ਫ੍ਰੇਬ ਉਪੱਦ੍ਰਵਾਂ ਦਾ ਤਯਾਗ ਤੇ ਸਰਲ ਸੁਭਾਵ ਵਿਚ ਆ ਜਾਣਾ। ਇਸਦਾ ਫਲ ਦੱਸਿਆ ਹੈ: ਭਰਮ, ਕਲੇਸ਼, ਕਲਹਾ ਦਾ ਨਿਪਟ ਜਾਣਾ, ਮਨੋ ਵਾਂਛਿਤ ਦਾ ਪ੍ਰਾਪਤ ਹੋ ਜਾਣਾ।

ਅੰਕ ੩ ਵਿਚ ਸਤਿਸੰਗ ਦੀ ਲੋੜ ਸਿਖਲਾਈ ਹੈ ਕਿ ਮੈਂ ਇਕ ਇੱਛਾ ਕਰਦੀ ਹਾਂ ਤੇ ਅਰਦਾਸ ਕਰਦੀ ਹਾਂ ਕਿ ਪ੍ਰਭੂ ਪੂਰੀ ਕਰੇ ਤੇ ਦੂਜੇ ਪਾਸੇ ਸਾਰੇ ਟੋਲ ਭਾਲ ਕਰਦੀ ਪਈ ਹਾਂ, ਸੰਤ ਲੱਭ ਰਹੀ ਹਾਂ ਜੋ ਮੈਨੂੰ ਪ੍ਰਭੂ ਮਿਲਾ ਦੇਵੇ। ਕਿਉਂ ? ਅੰਤਲੀ ਤੁਕ ਵਿਚ ਦੱਸਦੇ ਹਨ ਕਿ ਉਹਨਾਂ ਨੂੰ ਪ੍ਰਭੂ ਪਤੀ ਪ੍ਰਾਪਤ ਹੈ, ਓਹ ਆਪ ਮਿਲੀਆਂ ਹੋਈਆਂ ਮਿਲਨ ਦੀ ਜਾਚ ਜਾਣਦੀਆਂ ਹਨ। ਓਹ ਮੈਨੂੰ ਮਿਲਾ ਦੇਣ ਦੀ ਜਾਚ ਤੇ ਮੇਹਰ ਰਖਦੀਆਂ ਹਨ, ਮਿਲਾ ਦੇਣਗੀਆਂ। ਇਸ ਕਹਿਣ ਵਿਚ ਇਕ ਹੋਰ ਪਰਮਾਰਥ ਦਾ ਅਸੂਲ ਵਰਣਨ ਹੋ ਗਿਆ ਹੈ। ਉਹ ਇਹ ਹੈ ਕਿ ਜੋ ਵਾਹਿਗੁਰੂ ਜੀ ਨੂੰ ਮਿਲਿਆ 'ਸੰਤ ਜਨ' ਹੈ, ਉਸਦਾ ਪ੍ਰੇਮ 'ਮੇਲੂ ਪ੍ਰੇਮ' ਹੈ 'ਧਕੇਲੂ ਪ੍ਰੇਮ' ਨਹੀਂ। ਜੋ ਅਪਣੇ ਪ੍ਰੀਤਮ ਨਾਲ ਹੋਰਨਾਂ ਨੂੰ ਮਿਲਾ ਕੇ ਖੁਸ਼ ਹੋਵੇ ਉਹ 'ਮੇਲੂ ਪ੍ਰੇਮ' ਹੈ, ਜੋ ਅਪਣੇ ਪ੍ਰੀਤਮ ਨਾਲ ਹੋਰ ਦੇ ਪ੍ਰੇਮ ਨੂੰ ਨਾ ਪੈਣ ਦੇਵੇ ਤੇ ਆਪ ਨੂੰ ਲੋਚੇ ਉਸਦਾ ਪ੍ਰੇਮ 'ਧਕੇਲੂ ਪ੍ਰੇਮ' ਹੈ। ਇਥੇ ਦੱਸਿਆ ਕਿ ਸੰਤ ਜਨਾਂ ਦਾ ਪ੍ਰੇਮ ਮੇਲੂ ਪ੍ਰੇਮ ਹੈ।

ਅੰਕ ੪ ਵਿਚ ਹੁਣ ਮੇਲ ਅਵਸਥਾ ਵਰਣਨ ਹੋਈ ਹੈ। ਮੈਂ ਹੁਣ ਅਪਣੇ ਪਰਮੇਸ਼ੁਰ ਪਤੀ ਨਾਲ ਸਦੈਵੀ ਵਾਸ ਵਿਚ ਹਾਂ ਅਰ ਉਹ ਵਾਸ ਤੇ ਪ੍ਰੇਮ ਹੁਣ ਭੈ ਸੰਕੋਚ ਰਹਿਤਵਾਂ ਹੈ। ਉਹ ਪੂਰੀ ਖੁੱਲ੍ਹ ਦਾ ਲਾਡ ਮਈ ਪ੍ਰੇਮ ਹੈ। ਉਸਦਾ ਅਸਰ ਕੀ ਹੈ ਕਿ ਅੱਗੇ ਜਿਵੇਂ ਨੀਂਦ ਨਹੀਂ ਸੀ ਪੈਂਦੀ, ਹੁਣ ਨੀਂਦ ਭਲੀ ਪੈਂਦੀ ਹੈ, 'ਸਹਜੇ ਸੁਖ ਸੁਤੀ' ਵਾਲੀ ਨੀਂਦ ਹੈ। ਭਾਵ ਹੁਣ ਸ਼ਾਂਤੀ ਵਾਲਾ ਸਹਜ ਸੁਖ ਹੈ।

ਧੁਨੀ ਇਹ ਬੀ ਹੈ ਕਿ ਨੀਂਦ ਹੁਣ ਗ਼ਾਫ਼ਲੀ ਵਾਲੀ ਨਹੀਂ, ਭਲੀ ਹੈ, ਜਿਸ ਵਿਚ ਸਾਈਂ ਮਿਲਾਪ ਸੁਪਨੰਤਰ ਹੋਕੇ ਫ਼ਰਕ ਨਹੀਂ ਕਰਦਾ। ਮੇਲ, ਸਦੈਵੀ ਮੇਲ, ਜਾਗ੍ਰਤ ਸ੍ਵਪਨ ਸੁਖੋਪਤ ਹਰ ਹਾਲ ਵਿਚ ਮੇਲ ਹੈ। ਫੇਰ ਪਿਰ ਮਿਲਣੇ ਦਾ ਅਸਰ ਹੋਰ ਕੀ ਹੈ ? ਭ੍ਰਮ ਸਾਰਾ ਬਿਲਾਗਿਆ, ਨਿਸ਼ਭ੍ਰਮ ਅਵਸਥਾ ਹੋ ਗਈ. ਗਯਾਨ ਅਵਸਥਾ, ਸ਼ਾਂਤੀ ਤੇ ਸਹਜ ਹੋ ਗਿਆ, ਪ੍ਰਕਾਸ਼ ਹੋ ਗਿਆ, ਕਿਸੇ ਪ੍ਰਕਾਰ ਦਾ ਅੰਧਕਾਰ ਨਾ ਰਿਹਾ, ਪੂਰਨ ਗਯਾਨ ਹੋ ਗਿਆ। ਤੇ ਅਮਲੀ ਸੂਰਤ ਵਿਚ ਕੀ ਹੋਇਆ ? ਕਿ ਹਰ ਵੇਲੇ ਹ੍ਰਿਦੇ ਰੂਪੀ ਕਮਲ ਦੇ ਖਿੜੇ ਰਹਿਣ ਦੀ ਅਵਸਥਾ ਪ੍ਰਾਪਤ ਹੋ ਗਈ, ਭਾਵ, ਵਾਹਿਗੁਰੂ ਪ੍ਰਾਪਤ ਗਯਾਨ ਵਾਨ ਦਾ ਹ੍ਰਿਦਾ ਬ੍ਰਿਤੀਆਂ, ਇੰਦ੍ਰੈ, ਇਕ ਖੇੜੇ ਵਿਚ ਉੱਚ-ਸੁਰਤੇ ਰਹਿੰਦੇ ਹਨ। ਅੰਤ ਵਿਚ ਫੁਰਮਾਉਂਦੇ ਹਨ ਕਿ ਇਹ ਵਾਹਿਗੁਰੂ ਦਾ ਮੇਲ ਜੋ ਹੋਇਆ ਹੈ ਕਿਸੇ ਬਾਹਰ ਮੈਥੋਂ ਦੂਰ ਬੈਠੇ ਪਿਰ ਨਾਲ ਨਹੀਂ ਹੋਇਆ। ਉਹ ਅੰਤਰਜਾਮੀ ਹੈ, ਮੇਰੇ ਅੰਦਰ ਬੈਠਾ ਹੈ, ਅਰ ਅੰਦਰ ਬੈਠਾ ਹੁਣ ਮੇਰਾ ਨਯੰਤਾ, ਪ੍ਰੇਰਕ ਉਹੋ ਹੈ। ਹਾਂ ਉਹ ਨਾ-ਟਲਿਆ ਸੁਹਾਗ ਹੈ, ਕਿ ਓਹ ਮੇਰਾ ਅਟੱਲ ਪ੍ਰੀਤਮ ਹੈ, ਉਸ ਨੇ ਕਦੇ ਵਿਛੁੜਨਾ ਨਹੀਂ,ਉਸਦੀਪ੍ਰਾਪਤੀ ਤੋਂ ਹੋਏਸਾਰੇ ਸੁਖ,ਜੋ ਪ੍ਰਾਪਤ ਹੋਏ ਦੱਸੇ ਹਨ,ਅਟੱਲਪ੍ਰਾਪਤੀ ਦੇਹੋਗਏ।

**ਵਿਸ਼ੇਸ਼ ਵੀਚਾਰ**—ਇਨ੍ਹਾਂ ਛੰਤਾਂ ਵਿਚ ਵਰਣਨ ਲਗ ਪਗ ਇਸ ਪ੍ਰਕਾਰ ਦੇ ਹਨ ਕਿ ਪਹਿਲੋਂ ਇਕ ਦੋ ਅੰਕਾਂ ਵਿਚ ਬਿਰਹੋਂ ਅਵਸਥਾ ਆਉਂਦੀ ਹੈ. ਫੇਰ ਉਪਰਾਲਾ ਤੇ ਅੰਤਲੇ ਵਿਚ ਮਿਲਾਪ ਅਵਸਥਾ ਆ ਜਾਂਦੀ ਹੈ। ਇਸਦਾ ਇਹ ਭਾਵ ਨਹੀਂ ਕਿ ਉਪਦੇਸ਼ ਕਰਦੇ ਕਰਦੇ ਯਾ ਪ੍ਰੇਮ ਲਗਦੇ ਲਗਦੇ ਸਾਰਾ ਕੁਛ ਹੋ ਗਿਆ। ਇਨ੍ਹਾਂ ਵਿਚ ਪਾਦ ਵਰਣਨ ਹੋਏ ਸਮਝੋ ਕਿ ਪਰਮੇਸਰ ਦੀ ਚਾਹਨਾ ਵਾਲੇ ਦੇ ਅੰਦਰੋਂ ਪਹਿਲੋਂ ਪ੍ਰਭੂ ਦੇ ਵਿਯੋਗ ਦੀ ਲੱਖਤਾ ਯਾ ਅਹਿਸਾਸ ਪ੍ਰਤੀਤ ਦੇਵੇ, ਫੇਰ ਉਹ ਬਿਰਹੋਂ ਦੀ ਪੀੜਾ ਹੋਕੇ ਵਧੇ। ਫੇਰ ਉਹ ਢੂੰਡ ਵਿਚ ਪਵੇ, ਫੇਰ ਉਸਨੂੰ ਉਪਰਾਲੇ ਦੇ ਸਾਮਾਨਾਂ ਦਾ ਪਤਾ ਲੱਗੇ, ਜੋ ਹਨ ਸਤਿਸੰਗ, ਗੁਰਬਾਣੀ (ਸਿਫਤ ਸਲਾਹ), ਹਰੀ ਨਾਮ, ਉੱਚਾ ਸੁੱਚਾ ਆਚਰਣ ਆਦਿ। ਫਿਰ ਹੋਵੇ ਇਨ੍ਹਾਂ ਦੀ ਸਰਲ ਚਿਤ ਹੋ ਪਿਆਰ ਭਰੀ ਘਾਲ, ਫਿਰ ਪ੍ਰਾਪਤ ਹੋਵੇਗੀ ਮੇਲ ਦੀ ਅਵਸਥਾ। ਇਹ ਭਾਵ ਹੈ ਤੇ ਕ੍ਰਮ ਹੈ ਜੋ ਅਭਯਾਸੀ ਲਈ ਵਰਣਨ ਹੋਏ ਹਨ ਤੇ ਅਸਲ ਵਿਚ ਅਪਣੇ ਦੁਆਰਾ ਸਾਡੇ ਲਈ ਉਪਦੇਸ਼ ਰੂਪ ਹਨ ਕਿ ਭਾਈ ਐਸ ਤਰ੍ਹਾਂ ਕਰੋ ਤਾਂ ਕਲਯਾਣ ਹੋਵੇਗੀ।

**ਨਿਰੁਕ੍ਤ**—ਹਰਿ ਕੰਤ—[ਸੰਸ:, ਹਰਿ: + ਕਾਂਤ:] ਹਰੀ ਰੂਪ ਕੰਤ ਨੂੰ।

ਠਗਉਰੀ—ਠਗਮੂਰੀ। ਉਹ ਬੂਟੀ ਜੋ ਠੱਗ ਦੇਕੇ ਬੇਹੋਸ਼ ਕਰਕੇ ਠੱਗ ਲੈਂਦੇ ਹਨ। ਏਥੇ ਇਹ ਲਾਡ ਨਾਲ ਅਲੰਕਾਰ ਰੂਪ ਵਿਚ ਵਰਣਨ ਹੋਇਆ ਹੈ ਕਿ ਮਾਨ ਰਹਿਤ ਭਗਤੀ ਤੇ ਪ੍ਰਭੂ ਰੀਝਦਾ ਹੈ। (ਦੇਖੋ: ਠਗਉਲੀ ਪੰਨਾ ੮੭੯)।

ਸਾਧੂ ਮੰਤ੍ਰੈ—ਸਾਧੂ ਦੇ ਮੰਤ੍ਰ ਨਾਲ। ਗੁਰ ਮੰਤ੍ਰ ਨਾਲ। ਜਰਾ—[ਸੰਸ:,] ਬੁਢੇਪੇ (ਦਾ)।

ਮਤਾਂਤ—ਮਤ ਦਾ ਸਿੱਟਾ। ਸੋਚ ਸਮਝ ਕੇ ਬਨਾਇਆ ਸਲਾਹ ਮਸ਼ਵਰਾ।

ਉਪਾਧਿ—[ਸੰਸ ਉਪਾਧਿ:] ਛਲ, ਫ੍ਰੇਬ। ਉਪੱਦ੍ਰ। ਨਾਲ ਲੱਗੀ ਵਾਧੂ ਸ਼ੈ। ਜੋ ਕਿਸੇ ਸ਼ੈ ਦਾ ਗਯਾਨ ਕਰਾਵੇ ਪਰ ਉਸ ਤੋਂ ਵੱਖ ਹੋਵੇ।

ਸੁਖਮਨਾਈ—ਸੁੱਖਾਂ ਮਨਾਉਂਦੀ ਸਾਂ। ਸੁੱਖਾਂ ਸੁੱਖਦੀ ਸਾਂ। ਸੁੱਖਾਂ ਸੁੱਖਦੀ ਸਾਂ ਕਿ ਮਨੋਰਥ ਸਿਰੇ ਚੜ੍ਹੇ। ਲਾਉ—ਲਵਾਂ। ਸਿਮ੍ਰਿਥ—[ਸੰਸ:, ਸਮਰ੍ਥ=ਬਲਵਾਨ] ਸਮਰਥ। ਤਾਕਤਾਂ ਵਾਲਾ।

ਸੁਰਿਜਨ—ਭਲਾ ਜਨ, ਸੱਜਣ। ਹਿਲਿਆ—ਰਚ ਮਿਚ ਗਿਆ।

ਕਉਲ ਖਿਲਿਆ—ਹਿਰਦੇ ਦਾ ਕਮਲ ਖਿੜਿਆ। ਸੁਰਤ, ਮਨ, ਤਨ ਖੇੜੇ ਵਿਚ ਹੋਗਿਆ।

ਸੋਹਾਗੁ ਨ ਟਲਿਆ—ਸੋਹਾਗ ਦੂਰ ਨਾ ਹੋਇਆ,ਨਾ ਟਲਿਆ ਸੋਹਾਗ,ਅਰਥਾਤ ਸਦਾਥਿਰਸੁਹਾਗ।

# ਬਾਵਨ ਅਖਰੀ

## ੧ ਓ ਸਤਿਗੁਰ ਪ੍ਰਸਾਦਿ ॥

## ਗਉੜੀ ਬਾਵਨ ਅਖਰੀ ਮਹਲਾ ੫ ॥

ਅਰਥ–ਗਉੜੀ (ਨਾਮ ਹੈ ਰਾਗ ਦਾ, ਜਿਸ ਵਿਚ) ਪੰਜਵੇਂ ਪਾਤਸ਼ਾਹ ਜੀ ਨੇ ਬਾਵਨ ਅਖਰੀ (ਬਾਣੀ ਰਚੀ)।

## ੧. ਉਥਾਨਕਾ

ਇਹ ਰਵਾਯਤ ਚਲੀ ਆਉਂਦੀ ਹੈ ਕਿ ਇਹ ਬਾਣੀ ਉਚਰਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਅਪਣੀ ਪਰਮ ਪਾਵਨ ਸੁਪਤਨੀ, ਸ੍ਰੀ ਗੰਗਾ ਜੀ ਨੂੰ ਬਤੌਰ ਆਤਮ ਭੂਖਣ ਦੇ ਦਿੱਤੀ ਸੀ, ਜਦ ਉਹਨਾਂ ਨੇ ਆਪ ਤੋਂ ਸ੍ਵਰਨ ਦੇ ਗਹਿਣਿਆਂ ਦੀ ਮੰਗ ਕੀਤੀ ਸੀ।

ਇਸ ਬਾਣੀ ਦੀ ਅੰਦਰਲੀ ਉਗਾਹੀ, ਇਸ ਦਾ ਨਾਮ ਤੇ ਅੱਖਰ ਅੱਖਰ ਨੂੰ ਲੈਕੇ ਸ਼ਲੋਕ ਤੇ ਪਉੜੀਆਂ ਕਹਿਣੇ ਤੋਂ ਪ੍ਰਤੀਤ ਹੁੰਦਾ ਹੈ ਕਿ ਇਸ ਬਾਣੀ ਦੀ ਰਚਨਾਂ ਦੇ ਸੰਬੰਧ ਵਿਚ ਕਿਸੇ ਪਾਂਧੇ ਦਾ ਕੋਈ ਲਗਾਉ ਹੈ। ਕਿਸੇ ਪਾਂਧੇ ਨੂੰ ਉਸ ਦੀ ਬਣਾਈ 'ਅੱਖਰ ਅੱਖਰ ਨਾਲ ਮੁਹਾਰਨੀ' ਦੀ ਥਾਵੇਂ ਇਹ ਪਰਮ ਪਰਮਾਰਥ ਨਾਲ ਸਨਿਗਧ ਬਾਣੀ ਰਚ ਕੇ ਦਿੱਤੀ ਹੈ; ਯਾ ਉਸ ਨਾਲ ਜੋ ਵੀਚਾਰ ਹੋਈ ਹੈ ਤੇ ਉਸ ਨੂੰ ਉਪਦੇਸ਼ ਦਿੱਤਾ ਹੈ ਉਹ ਅੱਖਰ ਕ੍ਰਮ ਵਿਚ ਉਚਾਰਨ ਕੀਤਾ ਹੈ। ਜਿਸ ਬਾਣੀ ਦੇ ਅਰੰਭ ਵਿਚ ਹੀ ਪਾਂਧਿਆਂ ਦੇ ਰਿਵਾਜ ਮੂਜਬ 'ਓਅੰ ਸਿਧੰਙਾਯ' ਨੂੰ ਲੈਣਾਂ ਤੇ 'ਰੀਰੀ, ਲਲੀ' ਅਤੇ 'ਅਯੋ ਅੰਙੈ' ਨੂੰ ਵਰਤਣਾ ਪੱਕੀ ਸੰਭਾਵਨਾ ਪੈਦਾ ਕਰਦਾ ਹੈ ਕਿ ਕਿਸੇ ਪਾਂਧੇ ਨਾਲ ਕੋਈ ਲਗਾਉ ਇਸ ਬਾਣੀ ਦਾ ਜ਼ਰੂਰ ਹੈ; ਚਾਹੋ ਉਸ ਪ੍ਰਤੀ ਉਪਦੇਸ਼ ਹੋਇਆ, ਚਾਹੋ ਉਸ ਦੀ ਮਨਮਤੀ ਮੁਹਾਰਨੀ ਦੀ ਥਾਂ ਗੁਰਮਤਿ ਦੀ ਮੁਹਾਰਨੀ ਬਣਾ ਕੇ ਦਿੱਤੀ, ਚਾਹੋ ਉਸ ਨਾਲ ਉਤਰ ਪ੍ਰਸ਼ਨ ਹੋਏ ਹਨ ਤੇ ਮਗਰੋਂ ਸਰਬ ਲਈ ਸਰਬ ਕਾਲੀ ਉਪਦੇਸ਼ ਰੂਪ ਹੋਣ ਲਈ ਇਸ ਰੂਪ ਵਿਚ ਰਚੀ, ਤੇ ਫਿਰ ਪਾਵਨ ਬੀੜ ਵਿਚ ਸ਼ਾਮਲ ਕੀਤੀ ਗਈ। ਪ੍ਰਸ਼ਨ ਉਤਰ ਦੀ ਸੰਭਾਵਨਾ ਅੰਕ ੭ ਵਿਚੋਂ ਹੁੰਦੀ ਹੈ। ਜਿੱਥੇ ਸਪਸ਼ਟ ਪ੍ਰਸ਼ਨ ਹੈ:– "ਏ ਸਾਜਨ ਕਛੁ ਕਹਹੁ ਉਪਾਇਆ ॥ ਜਾਤੇ ਤਰਉ ਬਿਖਮ ਇਹ ਮਾਇਆ ॥" ਤੇ ਨਾਲ ਹੀ ਉੱਤਰ ਦਿੱਤਾ ਹੈ: "ਕਰਿ ਕਿਰਪਾ ਸਤਸੰਗਿ ਮਿਲਾਏ ॥ ਨਾਨਕ ਤਾਕੈ ਨਿਕਟਿ ਨ ਮਾਏ ॥ ੭ ॥" ਫਿਰ ਇਸ ਬਾਣੀ ਵਿਚ ਉਪਦੇਸ਼ 'ਅੰਨਜ' ਪੁਰਖ ਪ੍ਰਤੀ ਕਰਦੇ ਕਰਦੇ ਇਕ ਅੱਧੀ ਵੇਰ ਮਨ ਨੂੰ ਸੰਬੋਧਨ ਕਰਦੇ ਬਹੁਤੀ ਵੇਰ 'ਮੱਧਮ ਪੁਰਖ' ਵਿਚ ਸਫ਼ਾ ਆ ਜਾਂਦੇ ਹਨ, ਜਿਵੇਂ ਕਿ ਕਿਸੇ ਸਾਹਮਣੇ ਬੈਠੇ ਨੂੰ ਸਮਝਾ ਰਹੇ ਹਨ। ਯਥਾ:–

ਉਆ ਮਹਲੀ ਪਾਵਹਿ ਤੂ ਬਾਸਾ ॥ [ਅੰਕ ੧੦
ਅਨਦਿਨੁ ਸਿਮਰਹੁ ਤਾਸੁ ਕਉ ਜੋ ਅੰਤਿ ਸਹਾਈ ਹੋਇ ॥ [ਅੰਕ ੧੫
ਐਸੀ ਸੰਚਿ ਜੁ ਬਿਨਸਤ ਨਾਹੀ ॥ ਪਤਿ ਸੇਤੀ ਅਪੁਨੈ ਘਰਿ ਜਾਹੀ ॥ [ਅੰਕ ੧੫
ਗਨਿ ਮਿਨਿ ਦੇਖਹੁ ਮਨੈ ਮਾਹਿ ਸਰਪਰ ਚਲਨੋ ਲੋਗ ॥ [ਅੰਕ ੧੯

ਤੇ ਫੇਰ ਇਸੇ ਅੰਕ ਵਿਚ ਪਦ 'ਮੀਤ !', 'ਪੇਖਿ !' ਅੰਕ ੨੫ ਵਿਚ "ਉਠਿ, ਜਪਿ, ਆਰਾਧਿ, ਤੁਝੈ, ਤੁਮਾਰੋ" ਆਦਿ ਤੇ ਇਸੇ ਤਰਾਂ ਹੋਰ ਅਨੇਕ ਥਾਈਂ ਸੰਬੋਧਨ ਹੈ ਮੱਧਮ ਪੁਰਖ ਨੂੰ। ਫੇਰ ਕਿਤੇ ਕਿਤੇ ਸੰਬੋਧਨ, ਨਿਰਾ ਪਾਂਧਾ ਨਹੀਂ ਸਮੁੱਚਾ ਹੈ, ਜੈਸਾ ਕਿ 'ਯਾਰ ਮੀਤ ਸੁਨਿ ਸਾਜਨਹੁ ! [ਅੰਕ ੪੩] ਭਾਵੇਂ ਨਿਸਚਿਤ ਨਹੀਂ, ਪਰ ਸੰਭਾਵਨਾ ਇਹੀ ਹੁੰਦੀ ਹੈ ਕਿ ਕਿਸੇ ਨਾਲ ਕੋਈ ਵਿਚਾਰ ਹੋਈ ਹੈ, ਉਸ ਨੂੰ ਸਿੱਧੇ ਰਸਤੇ ਪਾਇਆ ਹੈ। ਅਚਰਜ ਨਹੀਂ ਕਿ ਉਹ ਪਾਂਧਾ ਹੈ, ਉਸ ਨੂੰ ਮੁਹਾਰਨੀ ਦੇ ਢੰਗ ਤੇ ਸਮੋਧ ਕੀਤਾ ਹੈ ਕਿ ਉਹ ਅਪਣੀ ਪੜ੍ਹਾਈ ਵਿਚ ਗੁਰਮਤਿ ਸਿਖਾਵੇ ਤੇ ਬਾਣੀ ਅਪਣੇ ਸਮੇਂ ਤੇ ਮਗਰਲੇ ਸਮੇਂ ਲਈ ਸਭ ਨੂੰ ਸੁਖ ਦੇਣ ਵਾਲੇ ਰੂਪ ਵਿਚ ਉਚਾਰੀ ਹੈ। ਹੁਣ ਉਪਰਲੀ ਰਵਾਯਤ ਬੀ ਠੀਕ ਹੋ ਸਕਦੀ ਹੈ ਕਿ ਜੇ ਇਉਂ ਮੰਨ ਲਈਏ ਕਿ ਜਦ ਉਪਦੇਸ਼ ਹੋ ਚੁਕਾ ਤੇ ਉਹ ਉਪਦੇਸ਼ ਸਤਿਗੁਰ ਜੀ ਨੇ ਬਾਣੀ ਦੇ ਰੂਪ ਵਿਚ ਰਚ ਲਿਆ ਤਾਂ ਮਾਤਾ ਗੰਗਾ ਜੀ ਜੋਗ ਇਹ ਰੂਪ ਬਾਣੀ ਦਾ ਬਤੌਰ 'ਆਤਮ ਭੂਖਣ' ਦੇ ਸੁਗਾਤ ਵਾਂਙੂ ਦਿੱਤਾ ਕਿ ਇਸ ਵਿਚ ਆਤਮਾ ਦੀ ਕਲਯਾਣ ਦਾ ਸਾਰਾ ਤੱਤ ਸਾਰ ਆ ਗਿਆ ਹੈ, ਓਹ ਪਾਠ ਕਰਨ ਤੇ ਸੁਖੀ ਹੋਣ। ਜਾਪਦਾ ਹੈ ਕਿ ਮਾਤਾ ਜੀ ਇਸ ਦਾ ਨਿਤ ਪਾਠ ਕਰਦੇ ਰਹੇ ਹਨ; ਜਿਸ ਕਰਕੇ ਇਸ ਨੂੰ ਉਹਨਾਂ ਦੇ ਆਤਮਕ ਗਹਿਣੇ ਦੀ ਸਦਰਸ਼ਤਾ ਦਿੱਤੀ ਗਈ ਹੈ। ਸ੍ਰੀ ਮਾਤਾ ਗੰਗਾ ਜੀ ਬਹੁਤ ਉੱਚੇ ਪਾਏ ਦੇ ਨਾਮ ਪ੍ਰੇਮੀ ਸਨ, "ਉਹਨਾਂ ਨੂੰ ਗਹਿਣਿਆਂ ਦੀ ਭੁੱਖ ਸੀ, ਤੇ ਗਹਿਣੇ ਮੰਗਣ ਤੇ ਗਹਿਣਿਆਂ ਦੀ ਥਾਂ ਇਹ ਬਾਣੀ ਦਿਤੀ ਹੈ" ਇਹ ਸੰਭਾਵਨਾ ਕਰਨੀ ਠੀਕ ਨਹੀਂ; ਪਰ ਗੁਰੂ ਜੀ ਦਾ ਅਪਣੇ ਆਪ ਐਸੀ ਪਯਾਰੀ ਉੱਤਮ, ਸੌਖੀ ਤੇ ਥੂਣੀ ਖੰਡਣ ਨਯਾਯ ਵਾਂਙੂ ਬਾਰ ਬਾਰ ਨਵੇਂ ਨਵੇਂ ਸੁਹਣੇ ਸੁਹਣੇ ਰੰਗਾਂ ਵਿਚ ਆਤਮਿਕ ਉਪਦੇਸ਼ ਨੂੰ ਦ੍ਰਿੜ੍ਹ ਕਰਾਉਣ ਵਾਲੀ ਬਾਣੀ ਦਾ ਪਹਿਲਾ ਲਿਖਿਆ ਨੁਸਖਾ ਆਤਮ ਤੁਹਫ਼ੇ ਦੀ ਸ਼ਕਲ ਵਿਚ ਸ੍ਰੀ ਮਾਤਾ ਜੀ ਨੂੰ ਦੇਣਾ, ਉਨ੍ਹਾਂ ਸਤਿਗੁਰਾਂ ਦੀ ਸ਼ਾਨ ਨੂੰ ਸੋਭਦਾ ਹੈ, ਜੋ ਸਰਬ ਵਿਚ ਆਤਮਾਂ ਨੂੰ ਦੇਖਦੇ ਤੇ ਪਿਆਰਦੇ ਸਨ। ਤੇ ਮਾਤਾ ਜੀ ਦਾ ਇਸ ਨੂੰ ਅਪਣੇ ਨਿਤ ਪਾਠ ਵਿਚ ਧਾਰਨ ਕਰ ਲੈਣਾ ਉਨ੍ਹਾਂ ਦੀ ਸ੍ਰੇਸ਼ਟਤਾ ਤੇ ਸ਼ਰਧਾ ਭਗਤੀ ਹੈ। ਸੂਰਜ ਪ੍ਰਕਾਸ਼ ਵਿਚ ਇਹ ਮਾਤਾ ਜੀ ਦੀ ਮੰਗ ਸੂਰਨ ਆਦਿ ਗਹਿਣਿਆਂ ਦੀ ਨਹੀਂ ਹੈ, ਉਥੇ ਐਉਂ ਦਾ ਪ੍ਰਸੰਗ ਹੈ:–

ਇਕ ਦਿਨ ਭਾਨੁ ਆਇ ਮਧਯਾਨਾ। ਸ੍ਰੀ ਗੁਰੁ ਗਏ ਸੁਧਾਸਰ ਥਾਨਾ।
ਦੇ ਦਰਸ਼ਨ ਬਹੁਰੋ ਮੁਰਿ ਆਏ। ਜਾਮ ਦਿਵਸ ਬੈਠੇ ਹਰਖਾਏ ॥੨੯॥
ਬਾਵਨ ਅਖਰੀ ਕਰੀ ਬਨਾਵਨਿ। ਉਚਰਤ ਮੁਖ ਤੇ ਹੇਤ ਲਿਖਾਵਨਿ।
ਆਦਿ ਅੰਤ ਧਰਿ ਏਕ ਸਲੋਕ। ਮਹਿਮਾ ਸਤਿਗੁਰ ਕੀ ਸੁਖ ਓਕ ॥੩੦॥
ਲਿਖਿ ਪਠਿਕੈ ਪ੍ਰਸੰਨ ਭਾ ਭਾਈ। ਕਹਿਨਿ ਲਗਯੋ: 'ਬਹੁ ਰੁਚਿਰ ਬਨਾਈ।
ਸੁੰਦਰ ਪਾਠ ਅਰਥ ਜਹਿਂ ਰਾਖਾ'। ਸੁਨਿ ਸ੍ਰੀ ਅਰਜਨ ਪੁਨ ਬਚ ਭਾਖਾ ॥੩੧॥
'ਸ੍ਰੀ ਪਰਮੇਸ਼ੁਰ ਕੀਰਤਿ ਠਾਨੀ। ਰੁਚਿਰ ਬਿਭੂਖਨ ਤਿਸੁ ਗੁਰ ਬਾਨੀ।
ਜੋ ਇਹੁ ਬਾਵਨ ਬਰਨੀ ਬਨੀ। ਸ਼ੁਭਤਿ ਜਰਾਊ ਹੀਰਨਿ ਮਨੀ ॥੩੨॥
ਜਬ ਜਵਾਹਰ ਜਰਯੋ ਜਰਾਊ। ਤਿਹ ਜੇਵਰ ਕੇ ਸਮ ਛਬਿ ਪਾਊ।
ਪਾਠਕ ਭੁਗਤਿ ਮੁਕਤਿ ਕੀ ਦਾਤਾ। ਹਲਤਿ ਪਲਤਿ ਸੁਖ ਜਿਨ ਰਸ ਜਾਤਾ ॥੩੩॥
ਕਹਤਿ ਸੁਨਤਿ ਬਚ ਇਸੀ ਪ੍ਰਕਾਰੇ। ਭਈ ਜਾਮਨੀ ਤਮ ਘਨ ਸਾਰੇ।
ਭਾਈ ਗਯੋ ਆਪਨੇ ਡੇਰੇ। ਗੁਰੂ ਬਿਚਾਰਨਿ ਕੀਨਿ ਬਡੇਰੇ ॥੩੪॥

[ਸੂਰਜ ਪ੍ਰਕਾਸ਼, ਰਾਸ ੩, ਅੰਸੂ ੪੨

## ੨. ਇਸ ਬਾਣੀ ਦੀ ਅੱਖਰ ਵਿਵੇਚਨਾ।

'ਬਾਵਨ ਅੱਖਰ' ਦਾ ਅਰਥ ਹੈ 'ਬਵੰਜਾ ਅੱਖਰ'। ਸੰਸਕ੍ਰਿਤ ਵਾਲੇ ਅਪਣੀ ਵਰਣ ਮਾਲਾ ਦੇ

੫੨ ਅੱਖਰ ਗਿਣਦੇ ਹਨ। ਇਸ ਕਰ ਕੇ 'ਬਾਵਨ ਅਖਰੀ' ਦੇ ਅਰਥ ਹਨ ਬਵੰਜਾ ਅੱਖਰਾਂ ਵਾਲੀ। ਮੁਰਾਦ ਹੈ 'ਵਰਣ ਮਾਲਾ' ਤੋਂ। ਜਿਵੇਂ ਫਾਰਸੀ ਦੇ ੩੦ ਅੱਖਰ ਹੋਣ ਕਰਕੇ ਉਸਦੀ ਵਰਣ ਮਾਲਾ ਨੂੰ 'ਸੀਹਰਫ਼ੀ' (੩੦ ਅੱਖਰਾਂ ਵਾਲੀ) ਆਖਦੇ ਹਨ। ਗੁਰਮੁਖੀ ਵਰਣ ਮਾਲਾ ਦੇ ੩੫ ਅੱਖਰ ਹੋਣ ਕਰਕੇ ਗੁਰਮੁਖੀ ਵਰਣ ਮਾਲਾ ਨੂੰ 'ਪੈਂਤੀ' ਆਖ ਲੈਂਦੇ ਹਨ। 'ਬਾਵਨ ਅਖਰੀ' ਨਾਮ ਵਰਣ ਮਾਲਾ ਦਾ ਹੈ, ਜਿਸ ਵਿਚ ੫੨ ਅੱਖਰ ਜ਼ਰੂਰੀ ਨਹੀਂ। ਗਉੜੀ ਵਿਚ ਕਬੀਰ ਜੀ ਦੀ ਬਾਵਨ ਅਖਰੀ ਵਿਚ ਸਾਰੇ ੩੪ ਅੱਖਰ ਹਨ, ਓਅੰ ਪਾਕੇ ੩੫ ਸਮਝ ਲਓ, ਪਰ ਨਾਮ ਬਾਵਨ ਅਖਰੀ ਹੀ ਹੈ। ਹੁਣ ਜੋ ਬਵੰਜਾ ਅੱਖਰਾਂ ਦੀ ਵਿਵੇਚਨਾਂ ਇਸ ਬਾਵਨ ਅਖਰੀ ਵਿਚ ਪੜਤਾਲਣੀ ਹੋਵੇ ਤਾਂ ਵੀਚਾਰ ਇਸ ਪ੍ਰਕਾਰ ਹੈ:–

ਸੰਸਕ੍ਰਿਤ ਵਾਲੇ ਵਰਣ ਮਾਲਾ ਵਿਚ, ਜਿਸ ਨੂੰ ਦੇਵ ਨਾਗਰੀ ਬੀ ਆਖ ਲੈਂਦੇ ਹਨ, ਐਉਂ ਬਵੰਜਾ ਅੱਖਰ ਬਣਾਉਂਦੇ ਹਨ:–

| | |
|---|---|
| अ, आ, इ, ई, उ, ऊ, ऋ, ॠ, ऌ, ॡ, ए, ऐ, ओ, औ, अं, अः | = ੧੬ |
| क ख ग घ ङ = ੫। च छ ज झ ञ = ੫ | = ੧੦ |
| ट ठ ड ढ ण = ੫। त थ द ध न = ੫ | = ੧੦ |
| प फ ब भ म = ੫। य र ल व = ੪ | = ੯ |
| श ष स ह क्ष त्र ज्ञ | = ੭ |
| | ਜੋੜ ੫੨ |

ਇਸ ਵਰਣ ਮਾਲਾ ਵਿਚ 'ਅ, ੲ, ੳ' ਕੇਵਲ ਤ੍ਰੈ ਅਖਰਾਂ ਦੇ ੧੬ ਬਣੇ ਹਨ ਸੋ ੧੬–੩=੧੩
क्ष, त्र, ज्ञ ਏਹ ਤ੍ਰੈ ਦੁਤ ਅਖਰ ਹਨ = ੩
੧੬

ਇਹ ਸੋਲਾਂ ਘਟਾ ਦਿਓ ਤਾਂ ਬਵੰਜਾ ਅੱਖਰਾਂ ਵਿਚੋਂ ਮੂਲ ਅੱਖਰ ਬਾਕੀ ਰਹਿ ਜਾਂਦੇ ਹਨ–੩੬।

ਗੁਰਮੁਖੀ ਵਰਣ ਮਾਲਾ ਦੇ ਅੱਖਰ ਜੋ ਹਨ ਸੋ ੩੫ ਹਨ। ਸ਼ ਕ੍ਸ਼ ਗੁਰਮੁਖੀ ਵਿਚ ਨਹੀਂ ਹਨ, ਜੇ ਏਹ ਦੋ ਪਾ ਲਈਏ ਤਾਂ ੩੫+੨=੩੭ ਹੋ ਜਾਂਦੇ ਹਨ। 'ੜ' ਅੱਖਰ ਸੰਸਕ੍ਰਿਤ ਵਿਚ ਨਹੀਂ ਹੈ, ਗੁਰਮੁਖੀ ਵਿਚ ਇਹ ਵੱਧ ਹੈ। ਗਉੜੀ ਕਬੀਰ ਜੀ ਦੀ ਬਾਵਨ ਅੱਖਰੀ ਵਿਚ ਅਸੀਂ ਦੱਸ ਆਏ ਹਾਂ ਕਿ ੩੪ ਅੱਖਰ ਹਨ, ਕ ਤੋਂ ਵ ਤਕ ੨੯। ਸ਼, ਕ੍ਸ਼, ਸ, ਹ=੪। ਕੁੱਲ (੨੯+੪) ੩੩। 'ਓਅੰ' ਪਾਓ ਤਾਂ ੩੩+੧=੩੪ ਜੋੜ।

ਇਸ 'ਬਾਵਨ ਅਖਰੀ' ਵਿਚ ਅੱਖਰ ਕਿਵ ਪੂਰੇ ਹੁੰਦੇ ਹਨ? ਓਪਰੀ ਓਪਰੀ ਨਜ਼ਰ ਨਾਲ ਤਾਂ ਪਤਾ ਨਹੀਂ ਲਗਦਾ ਤੇ ਸੰਭਾਵਨਾ ਹੁੰਦੀ ਹੈ ਕਿ 'ਕ' ਤੋਂ 'ਵ' ਤਕ ਤਾਂ ਠੀਕ ਹਨ ਤੇ ਪਹਿਲੋਂ ਪਿਛੋਂ ਗੱਲ ਬਾਤ ਖੁੱਲ੍ਹੀ ਹੈ; ਕੋਈ ਪਤਾ ਨਹੀਂ ਲਗਦਾ, ਪਰ ਡੂੰਘੀ ਵਿਚਾਰ ਐਉਂ ਰਾਹ ਦੇਂਦੀ ਹੈ:–

'ਓਅੰ ਸਿਧੰਙਾਯ'* ਏਹ ਅੱਖਰ ਪਾਂਧੇ ਪੱਟੀ ਦੇ ਪਹਿਲੇ 'ਮੰਗਲ ਰੂਪ' ਲਿਖਦੇ ਹੁੰਦੇ ਸਨ,

*ਕਈ ਪਾਂਧੇ 'ਓਨਮਃ ਸਿਧੰ' ਏਤਨਾ ਹੀ ਲਿਖਦੇ ਸਨ। ਕਈ 'ਓਅੰ ਸਿਧੰਙਾਯ' ਲਿਖਦੇ ਸਨ। ਪਰ ਉਨ੍ਹਾਂ ਨੂੰ ਇਸ ਦਾ ਅਰਥ ਭਾਵ ਦੇ ਸ਼ੁੱਧਤਾ ਦੀ ਘੱਟ ਪਰਵਾਹ ਹੁੰਦੀ ਸੀ, ਇਸ ਨੂੰ ਮੰਗਲ ਰੂਪ ਤੇ ਸ਼ੁਭ ਸ਼ਗਨ ਸਮਝਕੇ ਲਿਖਦੇ ਹੁੰਦੇ ਸਨ। ਇਹ ਗੱਲ, ਜਿੱਥੇ ਤਕ ਸਾਨੂੰ ਯਾਦ ਪੈਂਦਾ ਹੈ, ਅਕਾਲਗੜ੍ਹ ਦੇ ਰਹਿਣ ਵਾਲੇ ਭਾਈ ਲੱਧਾ ਸਿੰਘ ਨੇ ਪਹਿਲੋਂ ਖੋਜਕੇ ਲੱਭੀ ਸੀ। ਓਹ ਗਯਾਨੀ ਨਹੀਂ, ਪਰ ਸ੍ਰੋਤਾ ਕਹਾਉਂਦੇ ਸਨ, ਪਰ ਗੁਰਬਾਣੀ ਦੇ ਅਰਥਾਂ ਵਿਚ ਗੰਮਤਾ ਕਮਾਲ ਦੀ ਰੱਖਦੇ ਸਨ। ਬੜੇ ਲੰਮੇ ਪਤਲੇ ਸੁਫੈਦ-ਰੀਸ਼ ਸੁਹਣੇ ਗੁਰਸਿਖ ਸਨ। ਮਹਾਰਾਜਾ ਬਿਕ੍ਰਮ ਸਿੰਘ ਨੇ ਟੀਕੇ ਦੀ ਸਮਾਪਤੀ ਪਰ ਆਪ ਨੂੰ ਸਦਵਾਇਆ ਸੀ। ਆਪ ਦਾ ਕੀਤਾ ਟੀਕਾ ਉਸ ਸਮੇਂ ਦਾ, ਸਿਧ ਗੋਸਟ ਤੇ ਦੱਖਣੀ ਓਅੰਕਾਰ ਦਾ, ਅਜੇ ਤਕ ਮੌਜੂਦ ਹੈ।

ਤੇ ਅੱਗੋਂ ਅੱਖਰ ਪਾਉਂਦੇ ਸਨ। ਸੋ ਗੁਰੂ ਜੀ ਨੇ ਬਾਵਨ ਅੱਖਰੀ ਦੇ ਉਚਾਰਨ ਵਿਚ ਪਹਿਲੋਂ ਇਹੋ ਅੱਖਰ ਲਏ ਹਨ। ਯਥਾ:–

ਓਅੰ–'ਓਅੰ ਸਾਧ ਸਤਿਗੁਰ ਨਮਸਕਾਰੰ ॥'...'ਓਅੰ ਗੁਰਮੁਖਿ...' ॥ [ਅਕ ੧-੨

ਸਿ–'ਸੋਈ ਸਾਹੁ......' ॥ 'ਸਸਾ ਸਤਿ ਸਤਿ...' ॥ [ਅੰਕ ੩, ਸਲੋਕ ਤੇ ਪਉੜੀ

ਧ–'ਧਨੁ ਧਨੁ ਕਹਾ...'॥'ਧਧਾ ਧੂਰਿ ਪੁਨੀਤ...' ॥ [ਅੰਕ ੪, ਸਲੋਕ ਤੇ ਪਉੜੀ

ਙਾ–'ਅਨਿਕ ਭੇਖ ਅਰੁ ਙਿਆਨ...'॥'ਙੰਙਾ ਙਿਆਨੁ ਨਹੀ ਮੁਖ...'॥ [ਅੰਕ ੫, ਸਲੋਕ ਤੇ ਪਉੜੀ

ਯ–'ਯਾ ਜੁਗ ਮਹਿ...'॥ [ਅੰਕ ੬, ਪਉੜੀ

ਹੁਣ ਸ੍ਵਰ ਅੱਖਰ ਟੁਰੇ:–

ਆ–'ਆਵਤ ਹੁਕਮਿ ਬਿਨਾਸ ਹੁਕਮਿ...' ॥ [ਅੰਕ ੭, ਸਲੋਕ

ਏ–'ਏਊ ਜੀਅ ਬਹੁਤ...' ॥ [ਅੰਕ ੭, ਪਉੜੀ

'ਏਕਹਿ ਆਪਿ ਕਰਾਵਨਹਾਰਾ ॥' [ਅੰਕ ੮, ਪਉੜੀ

ਰਿ–(ਰ ਦੇ ਰੂਪ ਵਿਚ*) 'ਰਾਚਿ ਰਹੇ ਬਨਿਤਾ...'॥'ਰੇ ਮਨ ਬਿਨੁ...' ॥[ਅੰਕ ੯,ਸਲੋਕ ਤੇ ਪਉੜੀ

ਰੀ–(ਰ ਦੇ ਰੂਪ ਵਿਚ*) 'ਜੋ ਰਾਤੇ ਰੰਗ ਏਕ ਕੈ...'॥ 'ਰਾਰਾ ਰੰਗਹੁ ਇਆ ਮਨੁ...' ॥ [ਅੰਕ ੧੦, ਸਲੋਕ ਤੇ ਪਉੜੀ

ਲਿ–(ਲ ਦੇ ਰੂਪ ਵਿਚ*) 'ਲਾਲਚ ਝੂਠ...'॥ 'ਲਲਾ ਲਪਟਿ ਬਿਖੈ...' ॥ [ਅੰਕ ੧੧, ਸਲੋਕ ਤੇ ਪਉੜੀ

ਲੀ–(ਲ ਦੇ ਰੂਪ ਵਿਚ*) 'ਲਾਲ ਗੁਪਾਲ ਗੋਬਿੰਦ...' ॥'ਲਲਾ ਤਾਕੈ ਲਵੈ...' ॥ [ਅੰਕ ੧੨, ਸਲੋਕ ਤੇ ਪਉੜੀ

ਹੁਣ ਬਾਕੀ ਦੇ ਸ੍ਵਰ ਇਕ ਇਕ ਕਰਕੇ ਨਹੀਂ ਲਏ।ਪ੍ਰੰਤੂ ਜਿਵੇਂ ਪਾਂਧੇ ਉਚਾਰਣ ਕਰਾਉਂਦੇ ਸਨ, ਓਅੰ ਸਿਧੰ ਰੀ ਰੀ ਲੀ ਲੀ ਅਯੋ ਅੰਙੈ,ਉਵੇਂ ਹੀ ਇਕ ਸੰਧੀ ਰੂਪ ਵਿਚ ਐਉਂ ਲੀਤੇ ਹਨ:–

ਅ, ਐ, ਇ, ਈ, ਓ ਔ, = ਅਯੋ ! ਤੇ 'ਅਯੋ ਅੰਙੈ' ਵਿਚ ਆ ਗਏ : ਅ, ਐ, ਇ, ਈ, ਓ, ਔ, ਅੰ, ਆਂ ।

ਬਾਵਨ ਅਖਰੀ ਵਿਚ ਇਹ ਰੂਪ ਗੁਰੂ ਜੀ ਨੇ ਐਉਂ ਲਏ ਹਨ:–ਅ, ਯ, ਅ, ਙ।

ਅ–'ਆਤਮ ਰਸੁ '॥ 'ਆਇਆ ਸਫਲ ' [ਅੰਕ ੧੩, ਸਲੋਕ ਤੇ ਪਉੜੀ

ਯ–'ਯਾਸੁ ਜਪਤ ਮਨਿ...'॥ 'ਯਯਾ ਜਾਰਉ ਦੁਰਮਤਿ...' ॥ [ਅੰਕ ੧੪, ਸਲੋਕ ਤੇ ਪਉੜੀ

ਅੰ–'ਅੰਤਰਿ ਮਨ ਤਨ...'॥ 'ਅਨਦਿਨੁ ਸਿਮਰਹ '॥ [ਅੰਕ ੧੫, ਸਲੋਕ ਤੇ ਪਉੜੀ

ਙ–' ਮੁਖਿ ਙਿਆਨੀ...'॥ 'ਙੰਙਾ ਖਟੁ ਸਾਸਤ੍ਰ...' ॥ [ਅੰਕ ੧੬, ਸਲੋਕ ਤੇ ਪਉੜੀ

ਹੁਣ ਸ੍ਵਰ ਸਮਾਪਤ ਕਰਕੇ ਅਗੋਂ ਕ੍ਰਮਵਾਰ ਵਯੰਜਨ ਸ਼ੁਰੂ ਹੁੰਦੇ ਹਨ, ਜੋ ਅੰਕ ੧੭ ਤੋਂ 'ਕ' ਤੋਂ ਲੈ ਕੇ ਅੰਕ ੪੬ ਦੇ ਅੰਤ ਤਕ 'ਵ' ਤੱਕ ਮੁੱਕਦੇ ਹਨ। ਅੰਕ ੪੭ ਵਿਚ 'ੜ' ਅੱਖਰ ਆਇਆ ਹੈ, ਜੋ ਗੁਰਮੁਖੀ ਪੈਂਤੀ ਵਿਚ ਨਵਾਂ ਪਾਇਆ ਸੀ; ਇਹ ਅੱਖਰ ਸੰਸਕ੍ਰਿਤ ਵਰਣ ਮਾਲਾ ਵਿਚ ਨਹੀਂ ਸੀ। ਅਗੋਂ ਹੁਣ ਸੰਸਕ੍ਰਿਤ ਦੇ ਸ਼, ਖ਼, ਸ, ਹ ਚਾਰ ਅੱਖਰ ਲਏ ਹਨ:–

ਅੰਕ ੪੮ ਵਿਚ ਸ਼ (– श) 'ਸ' ਦੇ ਰੂਪ ਵਿਚ† ।

ਅੰਕ ੪੯ ਵਿਚ ਖ਼ (– ष) 'ਖ' ਦੇ ਰੂਪ ਵਿਚ† ।

ਅੰਕ ੫੦ ਵਿਚ ਸ (– स) ਅੰਕ ੫੧ ਵਿਚ ਹ (– ह)।

---

*ਰਿ, ਰੀ, ਲਿ, ਲੀ ਨੂੰ 'ਰ' ਤੇ 'ਲ' ਦੇ ਰੂਪ ਵਿਚ ਤਾਂ ਹੀ ਲਿਆ ਹੈ ਕਿ ਪੰਜਾਬੀ ਵਿਚ ਇਨ੍ਹਾਂ ਦਾ ਮੂਲ ਰੂਪ ਉਚਾਰਨ ਨਹੀਂ ਹੈ, ਸੋ 'ਰ' ਤੇ 'ਲ' ਵਿਚ ਹੀ ਪ੍ਰਗਟ ਕੀਤਾ ਹੈ।

†ਕਿਉਂਕਿ ਪੰਜਾਬੀ ਵਿਚ 'ਸ਼' 'ਖ਼' ਦਾ ਉਚਾਰਨ ਨਹੀਂ ਸੀ, ਸੋ 'ਸ' 'ਖ' ਦੇ ਰੂਪ ਵਿਚ ਲੈ ਲਿਆ।

ਅੰਕ ੫੬–੫੪ ਵਿਚ ਸੰਸਕ੍ਰਿਤ ਦਾ ਦੁੱਤ ਅੱਖਰ 'ਕਸ਼' क्ष ਲਿਆ ਹੈ 'ਖ' ਦੇ ਰੂਪ ਵਿਚ*, ਇਸ ਤਰ੍ਹਾਂ ੫੧ ਅੱਖਰ ਹੋ ਗਏ।

ਅੰਕ ੩੨ ਵਿਚ ਤਤੇ ਦੇ ਅੰਤਰਗਤਿ ਦੁਤ ਅੱਖਰ 'ਤ੍ਰ' ਲੈ ਲੀਤਾ ਹੈ, ਯਥਾ: 'ਤ੍ਰਾਸ ਮਿਟੈ ਜਮ ਪੰਥ ਕੀ'; ਐਉਂ ਬਵੰਜਾ ਅੱਖਰ ਪੂਰੇ ਹੋ ਗਏ। ਅੱਖਰ ਸਮਾਪਤ ਕਰਕੇ ਅੰਕ ੫੫, ਸ਼ਲੋਕ ਤੇ ਪਉੜੀ ਵਿਚ ਵਾਹਿਗੁਰੂ ਜੀ ਦਾ ਗੁਣ ਕਥਨ ਤੇ ਅਰਦਾਸ ਹੈ, ਜੋ ਸਮਾਪਤੀ ਦਾ ਮੰਗਲ ਹੈ। ਇਸ ਤੋਂ ਮਗਰੋਂ ਆਦਿ ਮੰਗਲ ਨੂੰ ਦੁਹਰਾਇਆ ਹੈ ਤੇ ਆਗਯਾ ਕੀਤੀ ਹੈ ਕਿ ਇਸ ਸ਼ਲੋਕ ਨੂੰ ਆਦਿ ਅੰਤ ਦੁਇ ਵੇਲੇ ਹੀ ਪੜ੍ਹਨਾ ਹੈ।

## ੩. ਇਸ ਦੇ ਗਾਯਨ ਦਾ ਪਹਿਲੂ।

ਇਸ ਬਾਣੀ ਦੇ ਸੰਗਤਾਂ ਵਿਚ ਗਾਯਨ ਦਾ ਰਿਵਾਜ ਨਹੀਂ ਹੈ; ਪਰ ਇਸ ਦੇ ਗਾਉਣ ਦੀ ਮਨਾਹੀ ਬੀ ਨਹੀਂ, ਸਗੋਂ ਗੁਰੂ ਜੀ ਦੀ ਸਪਸ਼ਟ ਇਜਾਜ਼ਤ ਸੰਭਾਵਿਤ ਹੁੰਦੀ ਹੈ ਕਿਉਂਕਿ ਇਸ ਦੇ ਉੱਤੇ ਗੁਰੂ ਜੀ ਨੇ ਗਉੜੀ ਰਾਗ ਲਿਖਿਆ ਹੈ ਤੇ ਇਸ ਦੇ ਅੰਕ ੧ ਦੇ ਅਖੀਰ ਤੇ ਅੰਕ ੨ ਦੇ ਆਰੰਭ ਵਿਚਕਾਰ 'ਰਹਾਉ' ਦਿਤਾ ਹੈ:–"ਕਰਿ ਕਿਰਪਾ ਪ੍ਰਭ ਦੀਨ ਦਇਆਲਾ ॥ ਤੇਰੇ ਸੰਤਨ ਕੀ ਮਨੁ ਹੋਇ ਰਵਾਲਾ ॥ ਰਹਾਉ ॥" ਸਾਰੀ ਬਾਣੀ ਵਿਚ ਇਕੋ ਇਹੁ ਰਹਾਉ ਹੈ, ਜਿਵੇਂ ਸੁਖਮਨੀ ਵਿਚ ਇਕੋ ਹੈ। ਜਿਸ ਦਾ ਭਾਵ ਇਹ ਹੈ ਕਿ ਇਸ ਦੀ ਹਰ ਪਉੜੀ ਦੇ ਮਗਰੋਂ, ਗਾਇਨ ਵਿਚ, ਇਹੋ ਰਹਾਉ ਗਾਂਵਿਆਂ ਜਾਵੇ। ਬਾਕੀ ਇਕ ਇਕ ਸ਼ਲੋਕ ਤੇ ਇਕ ਇਕ ਪਉੜੀ ਦਾ ਜੁੱਟ ਆਪ ਹੀ ਰਚਕੇ ਰਖਿਆ ਹੈ ਤੇ ਮਾਨੋ ਸੂਚਤ ਹੈ ਕਿ ਹਰੇਕ ਜੁੱਟ ਦੇ ਮਗਰੋਂ ਰਹਾਉ ਇਕੋ ਵਰਤਿਆ ਜਾਵੇ।

## ੪. ਬਾਣੀ ਦਾ ਸਮੁੱਚਾ ਭਾਵ।

ਰਹਾਉ ਦੀ ਤੁਕ ਅਰਦਾਸ ਰੂਪ ਵਿਚ ਹੈ। ਉਸ ਵਿਚ ਮੁੱਖ ਪੰਜ ਗੱਲਾਂ ਹਨ। ਪ੍ਰਭੂ, ਪ੍ਰਭੂ ਦੀ ਅਨੁਗ੍ਰਹੁ, ਸੰਤ, ਸੰਤ ਦੀ ਸ਼ਰਣ, ਜਗਯਾਸੂ ਮਨ, ਜਿਸ ਵਿਚ ਅਕਾਂਖਯਾ ਹੈ। ਜਿਸ ਦੀ ਅਕਾਂਖਯਾ ਹੈ ਉਹ ਪ੍ਰਭੂ ਹੈ, ਉਸ ਤੋਂ ਉਸ ਦੀ ਦਿਆਲਤਾ ਯਾ ਅਨੁਗ੍ਰਹੁ ਦੀ ਲੋੜ ਹੈ, ਉਸ ਅਨੁਗ੍ਰਹੁ ਨੇ ਸੰਤ ਮਿਲਾਉਣਾ ਹੈ, ਸੰਤ ਦੀ ਸ਼ਰਣ ਮਨ ਨੇ ਲੈਣੀ ਹੈ। ਸੰਤ ਨੇ ਪ੍ਰਭੂ ਮਿਲਾਉਣਾ ਹੈ। ਸਾਰੀ ਬਾਣੀ ਵਿਚ ਪ੍ਰਭੂ ਦਾ ਸਰੂਪ ਦੱਸਿਆ ਹੈ। ਉਹ ਕਰਤਾਰ ਕਰਨਹਾਰ ਹੈ। ਜੀਵ ਉਸ ਦੀ ਰਚਨਾਂ ਹਨ। ਜੀਵਾਂ ਨੂੰ ਮਾਯਾ ਗ੍ਰਸ ਕੇ ਅਪਣੇ ਵਿਚ ਰੱਖ ਲੈਂਦੀ ਹੈ ਤੇ ਉਹ ਭਟਕਣਾ ਦੇ ਦੁੱਖ ਵਿਚ ਹਨ। ਦੁੱਖ ਤੇ ਭਟਕਣਾਂ ਦੀ ਨਵਿਰਤੀ ਰਹਾਉ ਵਿਚ ਸੰਖੇਪ ਮਾਤ੍ਰ ਦੱਸ ਦਿੱਤੀ ਹੈ ਤੇ ਅੱਗੇ ਬਾਣੀ ਵਿਚ ਖੋਹਲ ਖੋਹਲ ਕੇ ਦੱਸੀ ਹੈ ਕਿ ਹੇ ਜੀਵੋ ! ਮਾਇਆ ਦੇ ਮੋਹ ਦੀ ਥਾਵੇਂ ਕਰਤਾ ਪੁਰਖ ਦਾ ਮੋਹ ਅੰਦਰ ਵਸਾਓ, ਇਸ ਬੰਧਨ ਵਿਚ ਪਾਉਣ ਵਾਲੀ ਦੇ ਬੰਧਨਾਂ ਤੋਂ ਮੋਖ ਹੋਕੇ ਉਸ ਦੇ ਮੋਹ [=ਪ੍ਰੇਮ] ਵਿਚ ਲਗੋ, ਜਿਸ ਨੇ ਤੁਸਾਨੂੰ ਰਚਿਆ ਹੈ ਤੇ ਜੋ ਹੁਣ ਬੀ ਤੁਹਾਡੇ ਜੀਵਨ ਦਾ ਆਧਾਰ ਤੇ ਆਸਰਾ ਹੈ; ਉਸ ਨਾਲ ਪ੍ਰੇਮ ਕਰਨਾ ਤੁਹਾਨੂੰ ਮਾਯਾ ਦੇ ਬੰਧਨਾਂ ਰੂਪ ਮੋਹਾਂ ਤੋਂ ਛੁਟਕਾਰਾ ਦੇਵੇਗਾ ਤੇ ਉਸ ਸਦਾ ਸੁਖ ਰੂਪ ਨਾਲ ਮੇਲ ਦੇਵੇਗਾ। ਫੇਰ ਤੁਸੀਂ ਨਿਰਬੰਧ, ਸੁਤੰਤ੍ਰ ਤੇ ਕਰਤਾ ਪੁਰਖ ਨਾਲ ਇਕ ਮਿਕ ਹੋਏ ਵਰਤੋਗੇ। ਫਿਰ ਤੁਸਾਨੂੰ ਕੋਈ ਮੋਹ ਤੇ ਮੋਹ ਤੋਂ ਉਪਜੇ ਕਰਮ ਬੰਧਾਇਮਾਨ ਨਹੀਂ ਕਰਨਗੇ। ਤੁਹਾਡੇ ਅਮਲ ਕਰਤਾ ਪੁਰਖ ਦੀ ਅਗੁਵਾਨੀ ਵਿਚ 'ਪਕੜਾਂ ਤੋਂ ਰਹਿਤ', 'ਵਾਸ਼ਨਾ ਤ੍ਰਿਸ਼ਨਾਂ ਤੋਂ ਸਾਫ਼', 'ਨਿਰਮਲ ਕਰਮ' ਹੋ ਜਾਣਗੇ ਜੋ ਕਿਸੇ ਭਟਕਣਾਂ ਵਿਚ ਕਿ ਬੰਧਨ ਵਿਚ ਨਹੀਂ ਪਾ ਸਕਣਗੇ। ਹਉਮੈਂ ਨੂੰ ਬੁੱਝ ਲਓਗੇ, ਦਰ ਸੁੱਝ ਪਏਗਾ, ਤਦ ਤੁਸੀਂ ਕਰਤਾ ਪੁਰਖ ਨੂੰ ਸਭ ਕੁਛ ਦਾ ਕਰਨਹਾਰ ਵੇਖੋਗੇ। ਤੁਹਾਡੀ ਦ੍ਰਿਸ਼ਟੀ ਬ੍ਰਹਮ

*ਕਿਉਂਕਿ 'ਕਸ਼' ਦਾ ਉਚਾਰਨ ਪੰਜਾਬੀ ਵਿਚ ਨਹੀਂ ਸੀ, ਤਾਂਤੇ 'ਖ' ਦੇ ਰੂਪ ਵਿਚ ਹੀ ਲਿਆ। ਜੈਸੇ 'ਕਸ਼ੀਰ' ਨੂੰ 'ਖੀਰ' ਤੇ 'ਰਾਕਸ਼' ਨੂੰ 'ਰਾਖਸ਼' ਬੋਲਦੇ ਹਨ।

ਦ੍ਰਿਸ਼ਟੀ ਹੋ ਜਾਏਗੀ। ਕਰਤਾ ਪੁਰਖ ਨਾਲ, ਜੋ ਪ੍ਰਿਯ ਸਰੂਪ ਹੈ, ਤੁਸੀਂ ਅਨਿੰਨ ਪ੍ਰੇਮ ਨਾਲ ਤਦਰੂਪ ਹੋ ਜਾਓਗੇ, ਗਯਾਨ ਰੂਪ ਹੋ ਜਾਓਗੇ, ਉਸੇ ਵਾਕੂ ਅਲੇਪ ਹੋ ਜਾਓਗੇ।

ਬਾਣੀ ਵਿਚੋਂ ਸ਼ੰਕਾ ਉਪਜ ਪੈਂਦੀਆਂ ਹਨ ਕਿ ਸਭ ਕੁਛ ਜੇ ਉਹੋ ਕਰਦਾ ਹੈ ਤਾਂ ਸਾਡੀ ਜ਼ਿੰਮੇਵਾਰੀ ਕੀਹ ਹੋਈ ? ਗੁਰੂ ਜੀ ਏਥੇ ਬ੍ਰਹਮ ਨਾਲ ਯੁਕਤ ਪੁਰਖ ਤੇ ਮਾਯਾ ਨਾਲ ਯੁਕਤ ਪੁਰਖ ਦੀ ਦ੍ਰਿਸ਼ਟੀ ਦਾ ਫ਼ਰਕ ਦਿਖਾ ਰਹੇ ਹਨ। ਪਾਪ ਪੁੰਨ ਦੀ ਜ਼ਿੰਮੇਵਾਰੀ ਵੰਡਕੇ ਜੀਵ ਨੂੰ ਨਿਰਦੋਖ ਤੇ ਪਰਮਾਤਮਾ ਨੂੰ ਦੋਖੀ ਨਹੀਂ ਦੱਸ ਰਹੇ; ਪਰਮਾਤਮ ਦੇਵ ਨੂੰ ਓਹ ਨਿਰਲੇਪ, ਬੇਪਰਵਾਹ ਦੱਸ ਰਹੇ ਹਨ। ਜਿਵੇਂ ਕੋਈ ਖ਼ੂਨ ਕਰਦਾ ਹੈ ਤਾਂ ਚਾਨਣੇ ਦੇ ਆਸਰੇ ਕਰਦਾ ਹੈ, ਹਨੇਰਾ ਹੋਵੇ ਤਾਂ ਉਸ ਨੂੰ ਅਪਣਾ ਸ਼ਿਕਾਰ ਦਿੱਸੇ ਹੀ ਨਾ। ਪਰ ਚਾਨਣਾਂ ਤਾਂ ਖ਼ੂਨ ਦਾ ਜ਼ਿੰਮੇਵਾਰ ਨਹੀਂ। ਫੇਰ ਜਿਵੇਂ ਆਕਾਸ਼ ਸਦਾ ਅਸੰਗ ਹੈ, ਤਿਵੇਂ ਕਰਤਾਰ ਸਦਾ ਅਸੰਗ ਤੇ ਨਿਰਲੇਪ ਹੈ, ਜੀਵ ਜ਼ਿੰਮੇਵਾਰ ਹੈ। ਇਹ ਗਲ ਜਗਾ ਜਗਾ ਇਸ ਬਾਣੀ ਵਿਚ ਦੱਸੀ ਹੈ ਕਿ ਮਾਯਾ ਦੇ ਪ੍ਰੇਮ ਵਿਚ ਇਹ ਪਾਪ ਕਰਕੇ ਬੰਧਨ ਵਿਚ ਪਿਆ ਹੈ ਤੇ ਫਲ ਦੁੱਖ ਪਾ ਰਿਹਾ ਹੈ ਜੈਸਾ ਕਿ ਅੰਕ ੩੯ ਵਿਚ ਸਾਫ਼ ਦੱਸਿਆ ਹੈ:—'ਬਾਧਿਓ ਆਪਨ ਹਉ ਹਉ ਬੰਧਾ ॥ ਦੋਸ ਦੇਤ ਆਗਹ ਕਉ ਅੰਧਾ ॥" ਇਸ ਤੁਕ ਵਿਚ ਦੱਸਿਆ ਹੈ ਕਿ ਦੋਸ਼ ਦੂਜਿਆਂ ਨੂੰ ਦੇਂਦਾ ਹੈ ਤੇ ਬੱਝਾ ਆਪ ਪਿਆ ਹੈ। ਫੇਰ ਅੰਕ ੧੭ ਵਿਚ ਦੱਸਿਆ ਹੈ ਕਿ ਕੀਤੇ ਕਰਮਾਂ ਦੀਆਂ ਰੇਖਾਂ ਅਨੁਸਾਰ ਜੀਵ ਭਟਕਦੇ ਹਨ। ਸੁਖ, ਦੁਖ, ਜੂਨਾਂ, ਮੁਕਤੀ ਦੇ ਲੇਖ ਇਸੇ ਅਨੁਸਾਰ ਪੈਂਦੇ ਹਨ। ਜੇ ਹਉਂ ਤੇ ਮਾਇਆ ਵਿਚ ਫਸੇ ਜੀਵ ਅਪਣੇ ਕਰਮਾਂ ਦੇ ਜ਼ਿੰਮੇਵਾਰ ਨਹੀਂ ਤੇ ਛੁਟਕਾਰੇ ਲਈ ਕੋਈ ਲੋੜ ਨਹੀਂ ਤਾਂ ਫੇਰ ਬਾਣੀ ਵਿਚ ਸਤਿਸੰਗ, ਨਾਮੁ ਪ੍ਰੇਮ ਤੇ ਪਵਿੱਤ੍ਰਤਾ ਦਾ ਉਪਦੇਸ਼ ਕਿਉਂ ਹੈ ਤੇ ਮਾੜੇ ਕਰਮਾਂ, ਹਉਂ ਵਿਚ ਕੀਤੇ ਅਮਲਾਂ ਨਾਲ ਬੰਧਨ ਪੈਂਦੇ ਕਿਉਂ ਦੱਸੇ ਹਨ ਤੇ ਉਨ੍ਹਾਂ ਤੋਂ ਬਚਣੇ ਦਾ ਉਪਦੇਸ਼ ਕਿਉਂ ਦਿੱਤਾ ਹੈ ? ਦੇਖੋ ਇਸੇ ਬਾਣੀ ਵਿਚ ਸਾਫ ਮਾੜੇ ਕਰਮਾਂ ਤੇ ਬਦੀਆਂ ਤੋਂ ਮਨ੍ਹਾ ਕਰ ਰਹੇ ਹਨ:— ਬੀਰਾ ਆਪਨ ਬੁਰਾ ਮਿਟਾਵੈ ॥ [ਅੰਕ ੩੯

## ੫. ਇਸ ਬਾਣੀ ਦਾ ਵਰਤਾਉ।

ਇਹ ਗੱਲ ਸੀਨੇ ਬਸੀਨੇ ਆਈ ਹੈ ਤੇ ਸਿੱਖ ਘਰਾਂ ਵਿਚ ਹੁਣ ਤਕ ਮ੍ਰਿਯਾਦਾ ਚਲੀ ਆ ਰਹੀ ਹੈ ਕਿ ਪ੍ਰਾਣੀ ਦੇ ਮਰਨ ਮਗਰੋਂ ਜੋ ਦਿਨ ਗ਼ਮੀਣੇਂ (ਸ਼ੋਕ) ਦੇ ਹੁੰਦੇ ਹਨ, ਗੁਰਬਾਣੀ ਦਾ ਪਾਠ ਕੀਤਾ ਜਾਂਦਾ ਹੈ ਤੇ ਕਥਾ ਹੁੰਦੀ ਹੈ। ਇਸ ਪ੍ਰਯੋਜਨ ਲਈ ਜੈਤਸਿਰੀ ਦੀ ਵਾਰ ਤੇ ਬਾਵਨ ਅਖਰੀ ਦੇ ਪਾਠ ਦੀ ਮ੍ਰਿਯਾਦਾ ਰਹੀ ਹੈ। ਜਿਸ ਦੇ ਅਸਰ ਨਾਲ ਮਾਇਆ ਤੋਂ ਉਪ੍ਰਾਮਤਾ ਤੇ ਵਾਹਿਗੁਰੂ ਜੀ ਨਾਲ ਪਿਆਰ ਦਾ ਉਪਦੇਸ਼ ਮਿਲਕੇ ਸ਼ੋਕ ਨਵਿਰਤ ਹੁੰਦਾ, ਠੰਢ ਪੈਂਦੀ ਤੇ ਸਾਈਂ ਵਲ ਲੱਗਣ ਦੀ ਰੁਚੀ ਉਪਜਦੀ ਹੈ।

## ੬. ਆਦਿ ਅੰਤ ਦਾ ਸ਼ਲੋਕ।

ਬਾਵਨ ਅੱਖਰੀ ਦੇ ਅਖੀਰ ਦੇ ਸਲੋਕ ਦੇ ਅੰਤ ਹਿਦਾਯਤ ਹੈ ਕਿ ਇਹੁ ਸਲੋਕੁ ਆਦਿ ਅੰਤਿ ਪੜਨਾ। ਇਹ ਮੰਗਲ ਦਾ ਸ਼ਲੋਕ ਹੈ। ਆਦਿ ਅੰਤ ਦੋ ਮੰਗਲ ਕਰੀਦੇ ਹਨ, ਸਤਿਗੁਰ ਨੇ ਇਕੋ ਮੰਗਲ ਆਦਿ ਅੰਤ ਦੋਹਾਂ ਥਾਈਂ ਪੜ੍ਹਨੇ ਲਈ ਰਖਿਆ ਹੈ। ਪ੍ਰਯੋਜਨ ਇਹ ਸੀ ਕਿ 'ਗੁਰਦੇਵ' ਨਾਲ ਪ੍ਰੇਮ ਦੀ ਗੱਲ ਵਧੇਰੇ ਸਿਮਰਣ ਰਹੇ, ਕਿਉਂਕਿ ਵਾਹਿਗੁਰੂ ਜੀ ਦੀ ਹੋਂਦ, ਪ੍ਰੇਮ, ਮਿਲਾਪ ਤੇ ਹਜ਼ੂਰੀ ਵਾਸ ਏਹ ਸੰਦੇਸੇ ਗੁਰਦੇਵ ਦੇਂਦਾ ਹੈ। ਮਨੁੱਖ ਆਪਣੇ ਹੱਦਬੰਦੀ ਵਾਲੇ ਗਯਾਨ ਨਾਲ ਸੂਖਮ ਅਗੰਮ ਪਰਮਾਤਮ ਦੇਵ ਦੀ ਸੋਝੀ ਨਹੀਂ ਪਾਉਂਦਾ, ਇਸ ਲਈ ਸਮਝ ਰਹੇ ਕਿ ਇਸ ਬਾਣੀ ਵਿਚ ਆਈ ਪ੍ਰਾਪਤੀ ਲਈ ਗੁਰਦੇਵ ਦਾ ਹਿੱਸਾ ਵਧੀਕ ਹੈ। ਪਰ ਕਈ ਥਾਈਂ ਇਹ ਖਿਆਲ ਬੀ ਹੋ ਗਿਆ ਹੈ ਕਿ 'ਆਦਿ ਅੰਤਿ' ਤੋਂ ਮੁਰਾਦ ਹੈ ਜੀਵ ਦੇ ਆਦਿ ਅੰਤਿ ਦੀ। ਅਕਸਰ ਖ਼ਾਨਦਾਨਾਂ ਵਿਚ ਬੱਚੇ ਦੇ ਜੰਮਣ

ਵੇਲੇ ਤੇ ਪ੍ਰਾਣੀ ਦੇ ਅੰਤ ਵੇਲੇ ਏਹ ਸ਼ਲੋਕ ਜ਼ਰੂਰ ਪੜ੍ਹੇ ਜਾਣੇ ਦਾ ਪ੍ਰਬੰਧ ਰਖਦੇ ਹਨ।

ਪ੍ਰਾਣੀ ਦੇ ਅੰਤ ਸਮੇਂ ਜੇ ਪ੍ਰਾਣ ਛਤੀ ਅੰਤ ਨਾ ਹੋਣ ਤਾਂ ਸਾਰੀ ਬਾਵਨ ਅਖਰੀ ਦਾ ਪਾਠ ਪਾਸ ਬੈਠਕੇ ਕਰਦੇ ਹਨ ਕਿ ਪ੍ਰਾਣੀ ਦੇ ਅੰਦਰਲੇ ਮਨ ਤੇ ਪ੍ਰਭਾਵ ਪਵੇ ਤੇ ਉੱਚੇ ਪਾਸੇ ਵਲ ਬ੍ਰਿਤੀ ਦਾ ਰੁਖ਼ ਹੋ ਜਾਏ ਜੋ ਸੁਆਸ ਸੁਖਾਲੇ ਆਉਣ ਤੇ ਸਾਈਂ ਰੁਖ਼ੀਆ ਹੋਕੇ ਸੁਖਾਲੇ ਸੁਆਸੀਂ ਨਾਮ ਜਪਦਾ ਪਰਲੋਕ ਨੂੰ ਜਾਵੇ।

ਮੂਲ

ਸਲੋਕੁ ॥ ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ ॥ ਗੁਰਦੇਵ ਸਖਾ ਅਗਿਆਨ ਭੰਜਨੁ ਗੁਰਦੇਵ ਬੰਧਿਪ ਸਹੋਦਰਾ ॥ ਗੁਰਦੇਵ ਦਾਤਾ ਹਰਿ ਨਾਮੁ ਉਪਦੇਸੈ ਗੁਰਦੇਵ ਮੰਤੁ ਨਿਰੋਧਰਾ ॥ ਗੁਰਦੇਵ ਸਾਂਤਿ ਸਤਿ ਬੁਧਿ ਮੂਰਤਿ ਗੁਰਦੇਵ ਪਾਰਸ ਪਰਸ ਪਰਾ ॥ ਗੁਰਦੇਵ ਤੀਰਥੁ ਅੰਮ੍ਰਿਤ ਸਰੋਵਰੁ ਗੁਰ ਗਿਆਨ ਮਜਨੁ ਅਪਰੰਪਰਾ ॥ ਗੁਰਦੇਵ ਕਰਤਾ ਸਭਿ ਪਾਪ ਹਰਤਾ ਗੁਰਦੇਵ ਪਤਿਤ ਪਵਿਤ ਕਰਾ ॥ ਗੁਰਦੇਵ ਆਦਿ ਜੁਗਾਦਿ ਜੁਗੁ ਜੁਗੁ ਗੁਰਦੇਵ ਮੰਤੁ ਹਰਿ ਜਪਿ ਉਧਰਾ ॥ ਗੁਰਦੇਵ ਸੰਗਤਿ ਪ੍ਰਭ ਮੇਲਿ ਕਰਿ ਕਿਰਪਾ ਹਮ ਮੂੜ ਪਾਪੀ ਜਿਤੁ ਲਗਿ ਤਰਾ ॥ ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ ਗੁਰਦੇਵ ਨਾਨਕ ਹਰਿ ਨਮਸਕਰਾ ॥੧॥

ਅਰਥ

[ਗੁਰਦੇਵ ਦਾ ਮੰਗਲ] ਗੁਰਦੇਵ* (ਹੀ ਸਾਡੀ) ਮਾਤਾ ਹੈ, ਗੁਰਦੇਵ (ਹੀ ਸਾਡਾ) ਪਿਤਾ ਹੈ, ਗੁਰਦੇਵ (ਹੀ ਸਾਡਾ) ਮਾਲਕ ਪਰਮੇਸ਼ੁਰ ਹੈ। ਗੁਰਦੇਵ (ਹੀ ਸਾਡਾ) ਅਗਿਆਨ ਦੇ ਦੂਰ ਕਰਨੇ ਵਾਲਾ ਮਿਤ੍ਰ ਹੈ, ਗੁਰਦੇਵ (ਹੀ ਸਾਡਾ) ਸੱਕਾ ਸਾਕੇਦਾਰ ਹੈ। ਗੁਰਦੇਵ (ਹੀ ਸਾਡਾ) ਦਾਤਾ ਹੈ, (ਜੋ) ਹਰਿ ਨਾਮ ਦਾ ਉਪਦੇਸ਼ ਦਿੰਦਾ ਹੈ: (ਫਿਰ) ਗੁਰਦੇਵ (ਐਸਾ ਬਲਵਾਨ ਮੰਤ੍ਰ ਦਾਤਾ ਹੈ ਕਿ ਉਸ ਦੇ (ਨਾਮ) ਮੰਤ੍ਰ ਦਾ ਉਧਾਰ ਨਹੀਂ ਹੋ ਸਕਦਾ। ਗੁਰਦੇਵ (ਹੀ) ਸ਼ਾਂਤੀ, ਸੱਚ ਤੇ ਬੁੱਧੀ ਸਰੂਪ ਹੈ†, ਗੁਰਦੇਵ ਦਾ ਸਪਰਸ਼ (ਛੁਹ) ਪਾਰਸ ਦੇ ਸਪਰਸ਼ ਨਾਲੋਂ ਬੀ ਸ੍ਰੇਸ਼ਟ ਹੈ‡। ਗੁਰਦੇਵ ਤੀਰਥ ਹੈ ਅਰ ਅੰਮ੍ਰਿਤ ਦਾ ਸਰੋਵਰ ਹੈ, ਗੁਰੂ ਦੇ ਗਿਆਨ (ਅੰਮ੍ਰਿਤ) ਦਾ ਇਸ਼ਨਾਨ ਅਪਰੰਪਰ (ਦੀ ਪ੍ਰਾਪਤੀ) ਹੈ✡। ਗੁਰਦੇਵ ਕਰਤਾ ਹੈ (ਅਰ) ਸਾਰੇ ਪਾਪਾਂ ਦਾ ਦੂਰ ਕਰਨੇ ਵਾਲਾ ਹੈ, ਗੁਰਦੇਵ ਪਤਿਤਾਂ ਨੂੰ ਪਵਿਤ੍ਰ ਕਰਨੇ ਵਾਲਾ ਹੈ। ਗੁਰਦੇਵ ਆਦਿ ਤੋਂ ਹੈ, ਅਰ ਜੁਗਾਂ ਦੇ ਆਦਿ ਤੋਂ ਹੈ, (ਗੁਰਦੇਵ) ਜੁਗੋ ਜੁਗ (ਹੈ ਤੇ ਹੋਸੀ), ਗੁਰਦੇਵ ਦੇ ਹਰੀ (ਨਾਮ) ਮੰਤ੍ਰ ਨੂੰ ਜਪਕੇ ਉਧਰੀਦਾ ਹੈ। ਹੇ ਪ੍ਰਭੂ! ਕਿਰਪਾ ਕਰਕੇ ਗੁਰਦੇਵ ਦਾ ਸੰਗ (ਸਾਨੂੰ) ਮੇਲੋ, ਜਿਸ (ਦੀ ਸੰਗਤਿ) ਨੂੰ ਪ੍ਰਾਪਤ ਹੋਕੇ ਅਸੀਂ ਮੂਰਖ ਪਾਪੀ (ਬੀ) ਤਰ ਜਾਈਏ। ਗੁਰਦੇਵ ਸਤਿਗੁਰੂ (ਹੈ), ਪਾਰਬ੍ਰਹਮ (ਹੈ), ਪਰਮੇਸ਼ੁਰ (ਹੈ)। (ਕਹਿੰਦੇ ਹਨ ਗੁਰੂ ਜੀ) ਹੇ ਨਾਨਕ! ਹਰੀ (ਰੂਪ) ਗੁਰਦੇਵ ਨੂੰ (ਸਾਡੀ) ਨਮਸਕਾਰ ਹੈ ॥ ੧ ॥

*ਉਹ ਗੁਰੂ ਜੋ ਪਰਮੇਸ਼ਰ ਦੀ ਜ਼ਾਤ ਵਿਚੋਂ ਆਯਾ ਹੈ, ਅਵਤਾਰ ਗੁਰੂ। ਦਸੇਂ ਪਾਤਸ਼ਾਹੀਆਂ ਦੇਵ ਗੁਰੂ ਯਾ ਗੁਰਦੇਵ ਹਨ। ਇਹ ਪਦ ਗੁਰੂ ਅਰਜਨ ਦੇਵ ਜੀ ਨੇ 'ਨਿਜ ਗੁਰ' ਰਾਮਦਾਸ ਜੀ ਵਾਸਤੇ ਵਰਤਿਆ ਹੈ। ਯਥਾ- ਰਾਮ ਰਾਜ ਰਾਮਦਾਸਪੁਰਿ ਕੀਨ੍ਹੇ ਗੁਰਦੇਵ ॥ [ਬਿਲਾਵਲ ਮ ੫-੬੧

†ਭਾਵ ਸ਼ਾਂਤੀ, ਸਚਾਈ ਤੇ ਬੁਧੀ ਉਸ ਵਿਚ ਪੂਰਨ ਰੂਪ ਵਿਚ ਹਨ ਤੇ ਉਸ ਤੋਂ ਪ੍ਰਾਪਤ ਹੁੰਦੀਆਂ ਹਨ।

‡ਪਾਰਸ ਲੋਹੇ ਤ੍ਰਾਮੇ ਨੂੰ ਸੋਨਾ ਕਰਦਾ ਹੈ, ਪਰ ਸਤਿਗੁਰ ਪਾਰਸ ਆਪਣੇ ਜੇਹਾ ਕਰਦਾ ਹੈ, ਯਥਾ—ਪਾਰਸੁ ਭੇਟਿ ਭਏ ਸੇ ਪਾਰਸ ਨਾਨਕ ਹਰਿ ਗੁਰ ਸੰਗਿ ਥੀਏ' ॥ [ਬਸੰਤ ਮ: ੧-੧੨]। ਅਥਵਾ ਗੁਰਦੇਵ ਪਾਰਸ ਹੈ (ਜਿਸ ਨੂੰ) ਪਰਸਨੇ ਕਰ ਸ੍ਰੇਸ਼ਟ (ਹੋਈਦਾ ਹੈ)।

✡ਭਾਵ ਗੁਰ ਦੇ ਗਯਾਨ ਵਿਚ ਮੱਜਨ ਕਰਨ ਨਾਲ ਪਰਮਾਤਮਾ ਨੂੰ ਪ੍ਰਾਪਤ ਹੋ ਜਾਈਦਾ ਹੈ। ਗੁਰਬਾਣੀ ਵਿਚ ਅਪਰੰਪਰ 'ਵਾਹਿਗੁਰੂ' ਅਰਥਾਂ ਵਿਚ ਆਯਾ ਹੈ, ਯਥਾ ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਜੀ। [ਆਸਾ ਮ: ੪-ਸੋ ਪੁਰਖੁ]। ਅਪਰੰਪਰ ਪਾਰਬ੍ਰਹਮੁ ਪਰਮੇਸਰੁ। [ਸੋਰਠ ਮ: ੧ ੧੧]। ਸੁੰਨ ਸਬਦ ਅਪਰੰਪਰਿ ਧਾਰੈ ॥ [ਰਾਮਕਲੀ ਸਿਧ ਗੋਸਟਿ-੫੫]। (ਅ) ਗੁਰੂ ਦੇ ਗਯਾਨ ਦਾ ਮਜਨ ਸ੍ਰੇਸ਼ਟ ਤੋਂ ਸ੍ਰੇਸ਼ਟ ਹੈ।

**ਨਿਰੁਕ**—ਬੰਧਿਪ ਸਹੋਦਰਾ—[ਸੰਸ:, ਬਾਂਧਵ:], [ਸੰਸ:, ਸਹੋਦਰ:] ਸਹੋਦਰ=ਇਕੋ ਪੇਟ ਤੋਂ ਜੰਮਿਆਂ ਹੋਇਆ, ਭਾਵ ਹੈ ਸੱਕਾ। ਸਹੋਦਰਾ ਦਾ ਕੰਨਾ ਏਥੇ ਵਿਸਰਗਾਂ ਦੀ ਥਾਂ ਹੈ। ਇਸ ਕਰਕੇ ਇਹ ਪਦ ਇਸਤ੍ਰੀ ਲਿੰਗ ਨਹੀਂ। ਪੰਜਾਬੀ ਵਿਚ ਵਿਸਰਗਾਂ ਤੇ ਕੰਨਾਂ ਵਾਲੇ ਪਦਾਂ ਨੂੰ ਅਕਸਰ ਕੰਨੇ ਨਾਲ ਹੀ ਲਿਖਦੇ ਹਨ, ਇਥੋਂ ਤਾਈਂ ਕਿ ਫਾਰਸੀ ਦੀ ਹਾਏ ਮੁਖ਼ੱਤੀ ਨੂੰ ਬੀ ਕੰਨੇ ਨਾਲ ਲਿਖਦੇ ਹਨ, ਜੈਸੇ ਕਿ ਪਰਦਹ=ਪਰਦਾ। ਬੰਧਿਪ ਸਹੋਦਰਾ=ਸੱਕਾ ਸਾਕ।

ਮੰਤ੍ਰ ਨਿਰੋਧਰਾ—[ਸੰਸ:, ਨਿਰ੍+ਉਦ੍ਧਾਰ:] ਜੋ ਮੰਤ੍ਰ, ਕਿਸੇ ਹੋਰ ਮੰਤ੍ਰ ਦੇ ਅਸਰ ਨਾਲ ਬੇਅਸਰ ਨਾ ਹੋ ਸਕੇ ਉਸ ਨੂੰ ਤੰਤ੍ਰ ਵਿਦਯਾ ਵਾਲੇ 'ਨਿਰੁੱਧਾਰ ਮੰਤ੍ਰ' ਕਹਿੰਦੇ ਹਨ। ਨਿਰ+ਉਧਾਰ= ਅਸਰ ਦੂਰ ਕਰਨਾ ਨਹੀਂ ਹੋ ਸਕਦਾ ਜਿਸ ਦਾ।

ਤੀਰਥੁ—[ਸੰਸ:, ਤੀਰ੍ਥੰ] ਪਵਿੱਤ੍ਰ ਕਰਨਹਾਰੇ। ਅੰਮ੍ਰਿਤ ਸਰੋਵਰੁ—ਗਿਆਨ ਨਾਲ ਪੂਰਨ।

ਆਦਿ—[ਸੰਸ:, ਆਦਿ:] ਉਹ ਜਦੋਂ ਕਾਲ ਬੀ ਨਹੀਂ ਸੀ।

ਜੁਗਾਦਿ—[ਸੰਸ:, ਯੁਗ+ਆਦਿ] ਜਦ ਤੋਂ ਕਾਲ ਟੁਰਿਆ।

ਜੁਗੁ ਜੁਗੁ—ਪਿਛੇ, ਹੁਣ ਤੇ ਅੱਗੇ ਨੂੰ; ਭਾਵ, ਸਮੇਂ ਤੋਂ ਪਹਿਲਾਂ ਬੀ, ਸਮੇਂ ਵਿਚ ਬੀ, ਸਦਾ ਤੋਂ ਸਦਾ ਤੀਕ।

| ਮੂਲ | ਅਰਥ |
| --- | --- |
| ਸਲੋਕੁ ॥ ਆਪਹਿ ਕੀਆ ਕਰਾਇਆ ਆਪਹਿ ਕਰਨੈ ਜੋਗੁ ॥ ਨਾਨਕ ਏਕੋ ਰਵਿ ਰਹਿਆ ਦੂਸਰ ਹੋਆ ਨ ਹੋਗੁ ॥ ੧ ॥ | [ਵਾਹਿਗੁਰੂ ਜੀ ਦਾ ਮੰਗਲ] (ਇਕ ਪਰਮੇਸ਼ੁਰ ਨੇ) ਆਪ ਹੀ (ਜਗਤ ਨੂੰ) ਕੀਤਾ ਕਰਾਇਆ ਹੈ, (ਤੇ) ਆਪ ਹੀ ਕਰਨੇ ਨੂੰ ਜੋਗ (ਸਮਰਥ) ਹੈ*। ਹੇ ਨਾਨਕ! ਇਕੋ (ਪਰਮੇਸ਼ੁਰ ਸਾਹਿ) ਵ੍ਯਾਪਕ ਹੋ ਰਿਹਾ ਹੈ, ਦੂਸਰਾ ਨਾ ਕੋਈ ਹੋਇਆ ਹੈ ਨਾ ਹੋਵੇਗਾ ॥੧॥ |

ਪੱਟੀ ਪਰ ਮੁੱਢ ਵਿਚ ਲਿਖੇ ਜਾਣ ਵਾਲੇ 'ੳਅੰ' ਤੋਂ ਆਰੰਭ ਕਰਦੇ ਹਨ ਕਿ—

| ਮੂਲ | ਅਰਥ |
| --- | --- |
| ਪਉੜੀ ॥ ਓਅੰ ਸਾਧ ਸਤਿਗੁਰ ਨਮਸਕਾਰੰ ॥ ਆਦਿ ਮਧਿ ਅੰਤਿ ਨਿਰੰਕਾਰੰ॥ ਆਪਹਿ ਸੁੰਨ ਆਪਹਿ ਸੁਖ ਆਸਨ ॥ ਆਪਹਿ ਸੁਨਤ ਆਪ ਹੀ ਜਾਸਨ॥ ਆਪਨਿ ਆਪੁ ਆਪਹਿ ਉਪਾਇਓ ॥ ਆਪਹਿ ਬਾਪ ਆਪ ਹੀ ਮਾਇਓ॥ ਆਪਹਿ ਸੂਖਮ ਆਪਹਿ ਅਸਥੂਲਾ ॥ ਲਖੀ ਨ ਜਾਈ ਨਾਨਕ ਲੀਲ੍ਹਾ ॥ ੧ ॥ | [ਨਿਰੰਕਾਰ, ਸਤਿਗੁਰੂ ਤੇ ਸਾਧੂ ਤ੍ਰੈਹਾਂ ਦਾ ਰਲਵਾਂ ਮੰਗਲ] (ਓਅੰ=) ਅਕਾਲ ਪੁਰਖ ਅਰ ਸ੍ਰੇਸ਼ਟ ਸਤਿਗੁਰੂ ਨੂੰ (ਸਾਡੀ) ਨਮਸਕਾਰ ਹੈ। ਆਦਿ ਮੱਧ ਤੇ ਅੰਤ (ਤਿੰਨਾਂ ਕਾਲਾਂ) ਵਿਖੇ ਨਿਰੰਕਾਰ (ਸੱਤ ਸਰੂਪ ਹੈ)। ਆਪ ਹੀ (ਓਹ ਨਿਰੰਕਾਰ) ਸੁੰਨ (ਸਰੂਪ) ਹੈ, ਆਪ ਹੀ (ਓਹ) ਸੁਖ ਆਸਨ ਹੈ। ਆਪ ਹੀ ਜਸ ਵਾਲਾ ਹੈ, ਆਪ ਹੀ (ਜਸ ਨੂੰ) ਸੁਣਦਾ ਹੈ। (ਉਸ ਨੇ) ਆਪਣੇ ਆਪ ਨੂੰ ਆਪ ਹੀ ਪੈਦਾ ਕੀਤਾ ਹੈ†, ਆਪ ਹੀ ਪਿਤਾ ਹੈ, ਆਪ ਹੀ ਮਾਤਾ ਹੈ। ਆਪ ਹੀ ਸੂਖਮ, ਆਪ ਹੀ ਅਸਥੂਲ ਹੈ। ਹੇ ਨਾਨਕ! ਉਸ ਦੀ ਲੀਲ੍ਹਾ ਲਖੀ ਨਹੀਂ ਜਾਂਦੀ ॥੧॥ |

*ਪਿਛੇ ਆਪ ਹੀ ਰਚਿਆ ਹੈ, ਹੁਣ ਤੇ ਅਗੇ ਨੂੰ ਬੀ ਰਚਨੇ ਨੂੰ ਸਮਰਥ ਹੈ। ਸੰਪ੍ਰਦਾਈ ਦਾਨੇ ਭਾਵ ਇਉਂ ਬੀ ਲੈਂਦੇ ਹਨ:-ਆਪ ਰਚਿਆ ਬ੍ਰਹਮਾਦਿਕਾਂ ਨੂੰ ਤੇ ਇਨ੍ਹਾਂ ਤੋਂ ਰਚਵਾਇਆ ਜਗਤ।

†ਭਾਵ-ਨਿਰਗੁਣ ਤੋਂ ਸਰਗੁਣ ਹੋਣਾ।

| | |
|---|---|
| ਕਰਿ ਕਿਰਪਾ ਪ੍ਰਭ ਦੀਨ ਦਇਆਲਾ ॥ ਤੇਰੇ ਸੰਤਨ ਕੀ ਮਨੁ ਹੋਇ ਰਵਾਲਾ ॥ ਰਹਾਉ ॥ | [ਅਰਦਾਸ ਰੂਪੀ ਮੰਗਲ] ਹੇ ਦੀਨ ਦਿਆਲ ਪ੍ਰਭੂ! ਕ੍ਰਿਪਾ ਕਰ (ਜੋ ਮੇਰਾ) ਮਨ ਤੇਰੇ ਸੰਤਾਂ ਦੀ (ਚਰਨ) ਧੂੜ ਬਣੇ ॥ ਰਹਾਉ ॥ |

**ਨਿਰੁਕ੍ਤ**—ਓਅੰ—ਅਕਾਲ ਪੁਰਖ। ਕਰਤਾਰ। ਯਥਾ:—ਓਅੰਕਾਰਿ ਸਭ ਸ੍ਰਿਸਟਿ ਉਪਾਈ ॥
[ਮਾਰੂ ਮਹਲਾ ੩ ਸੋਲਹਾ—੧੮

ਓਅੰਕਾਰ ਨੇ ਸਾਰੀ ਸ੍ਰਿਸ਼ਟੀ ਪੈਦਾ ਕੀਤੀ। (ਵਿਸ਼ੇਸ਼ ਲਈ ਦੇਖੋ ਪੰਨਾ ੮)।

ਸਾਧ—[ਸੰਸ:, ਸਾਧੁ:] ਸ੍ਰੇਸ਼ਟ।

ਸੁੰਨ—[ਸੰਸ:, ਸ਼ੂਨਯ] ਪਰਮਾਤਮਾ, ਜਦੋਂ ਕਿ ਉਹ ਨਿਰਗੁਣ ਸਰੂਪ ਵਿਚ ਹੈ।

ਸੁਖਆਸਨ—[ਸੰਸ:, ਸੁਖੰ+ਆਸਨਮ੍] ਸੁਖ ਵਿਚ ਇਸਥਿਤ ਹੈ। ਆਨੰਦ ਦੇ ਆਸਨ ਤੇ ਬੈਠਦਾ ਹੈ।

ਜਾਸਨ—[ਸੰਸ:, ਯਸ਼ਸ੍ਵਿਨ੍] ਯਸ਼ ਵਲਾ, ਸ਼ੋਭਾ ਵਾਲਾ।

(ਅ) ਆਪ ਹੀ ਸੁਣਦਾ ਹੈ ਆਪ ਹੀ ਜਸ ਨੂੰ ਕਰਨੇ ਵਾਲਾ ਹੈ।

ਸੂਖਮ—[ਸੰਸ:, ਸੂਕ੍ਸ਼ਮ] ਅਤਿ ਬਰੀਕ, ਨਾ ਦਿੱਸਣ ਵਾਲਾ ਸਰੂਪ।

ਅਸਥੂਲਾ—[ਸੰਸ:, ਸ੍ਥੂਲ] ਮੋਟਾ, ਵੱਡਾ, ਵਿਸਤ੍ਰਿਤ।

| ਮੂਲ | ਅਰਥ |
|---|---|
| ਸਲੋਕੁ ॥ ਨਿਰੰਕਾਰ ਆਕਾਰ ਆਪਿ ਨਿਰਗੁਨ ਸਰਗੁਨ ਏਕ ॥ ਏਕਹਿ ਏਕ ਬਖਾਨਨੋ ਨਾਨਕ ਏਕ ਅਨੇਕ ॥ ੧ ॥ | [ਰਚਨਾ ਦਾ ਆਰੰਭ। ਨਿਰੰਕਾਰ। ਨਿਰੰਕਾਰ ਦਾ ਸਰੂਪ] ਇਕ (ਜੋ ਹੈ ਅਕਾਲ ਪੁਰਖ ਸੋ) ਆਪ ਹੀ ਨਿਰਾਕਾਰ ਹੈ (ਤੇ ਆਪ ਹੀ) ਅਕਾਰ ਵਾਲਾ ਹੈ, (ਉਹ ਆਪ ਹੀ) ਨਿਰਗੁਣ ਹੈ (ਤੇ ਆਪ ਹੀ) ਸਰਗੁਣ ਹੈ। (ਉਸ) ਇਕ ਨੂੰ ਇਕ ਹੀ ਕਰਕੇ ਵਰਣਨ ਕਰੀਦਾ ਹੈ, ਹੇ ਨਾਨਕ! ਉਹ **ਇਕ** ਹੀ ਅਨੇਕ ਹੋ ਰਿਹਾ ਹੈ* ॥ ੧ ॥ |
| ਪਉੜੀ ॥ ਓਅੰ ਗੁਰਮੁਖਿ ਕੀਓ ਅਕਾਰਾ ॥ ਏਕਹਿ ਸੂਤਿ ਪਰੋਵਨਹਾਰਾ ॥ ਭਿੰਨ ਭਿੰਨ ਤ੍ਰੈਗੁਣ ਬਿਸਥਾਰੰ ॥ ਨਿਰਗੁਨ ਤੇ ਸਰਗੁਨ ਦ੍ਰਿਸਟਾਰੰ ॥ ਸਗਲ ਭਾਤਿ ਕਰਿ ਕਰਹਿ ਉਪਾਇਓ ॥ | ਓਅੰ (ਦੁਆਰਾ ਕਥਨ ਕਰਦੇ ਹਨ ਕਿ ਓਅੰ ਨੇ† ਜੋ) ਪੂਜ੍ਯ ਤੇ ਸ੍ਰੇਸ਼ਟ ਹੈ, ਆਕਾਰ ਰਚਿਆ, (ਉਹੀ ਸਾਰੇ ਜਗਤ ਨੂੰ) ਇਕ ਤਾਰ ਵਿਚ ਪਰੋਵਨ ਵਾਲਾ (ਹੋਇਆ, ਭਾਵ, ਜਗਤ ਨੂੰ ਪ੍ਰਬੰਧ ਵਿਚ ਬੰਨ੍ਹ ਦਿੱਤਾ)। ੩. ੪. ਨਿਰਗੁਣ ਤੋਂ ਸਰਗੁਣ (ਐਉਂ) ਦਿਖਲਾਇਆ (ਕਿ ਮਾਯਾ ਰਚਕੇ ਉਸ ਦੇ) ਤ੍ਰੈਗੁਣਾਂ ਦਾ ਵਿਸਥਾਰ ਕਰ ਦਿੱਤਾ, (ਤੇ ਐਉਂ ਰਚੀ ਹੋਈ ਵਿਚ) ਭਿੰਨਤਾ ਪੈਦਾ ਕਰ ਦਿੱਤੀ। (ਇਸ ਰਚਨਾ ਨੂੰ ਉਸ ਨੇ) ਸਾਰੀਆਂ ਭਾਤਾਂ ਵਿਚ ਕਰ ਕਰ ਕੇ (ਭਾਵ ਵੰਡ ਵੰਡ ਕੇ) ਹੀ |

*ਐਉਂ ਬੀ ਅਰਥ ਕਰਦੇ ਹਨ:—ਨਿਰਗੁਣ (ਰੂਪ ਕਰ) ਆਪ ਹੀ ਨਿਰੰਕਾਰ (ਹੈ, ਤੇ) ਸਰਗੁਣ (ਰਪ ਹੋਣ ਕਰਕੇ ਆਪ ਹੀ) ਆਕਾਰ ਵਾਲਾ ਹੈ, 'ਏਕ' (=ਵਾਹਿਗੁਰੂ ਅਤੇ) (ਉਸ ਵਾਹਿਗੁਰੂ ਦੇ) 'ਇਕੋ ਇਕ' (ਬਚਨ) ਕਹਿਣ ਤੋਂ ਇਕ ਤੋਂ ਅਨੇਕ (ਦੀ ਰਚਨਾ ਹੋ ਗਈ)। ਭਾਵ ਇਹ ਕਿ ਨਿਰਗੁਣ ਅਵਸਥਾ ਵਿਚ ਇਕ ਤੇ 'ਅਨੇਕ' ਦੋਹਾਂ ਦੀ ਕੋਈ ਸੰਭਾਵਨਾ ਨਹੀਂ, ਚਾਹੇ ਹੈ ਇਕ, ਜਦ ਇਕ ਦੀ ਸੰਭਾਵਨਾ ਹੋਈ ਤਾਂ ਅਨੇਕ ਦੀ ਨਾਲ ਹੋ ਗਈ। 'ਇਕ' ਹੋਣ ਦਾ ਖਿਆਲ ਆਪਣੇ ਨਾਲ 'ਅਨੇਕਤਾ' ਦੀ ਸੰਭਾਵਨਾ ਰਖਦਾ ਹੈ।

†(ਅ) ਉਸ ਨਿਰੰਕਾਰ ਨੇ ਜੋ ਇਕ ਹੈ ਓਅੰ ਦੁਆਰਾ ਰੂਪਵਾਨ ਜਗਤ ਨੂੰ ਰਚਿਆ, ਗੁਰਮੁਖਾਂ ਨੇ ਐਸਾ ਜਾਣਿਆਂ ਹੈ।

ਜਨਮ ਮਰਨ ਮਨ ਮੋਹੁ ਬਢਾਇਓ॥ ਦੂਹੂ ਭਾਤਿ ਤੇ ਆਪਿ ਨਿਰਾਰਾ ॥ ਨਾਨਕ ਅੰਤੁ ਨ ਪਾਰਾਵਾਰਾ ॥੨॥

ਰਚਿਆ* । (ਰਚਨਾ ਵਿਚ ਮਨ ਵਾਲੇ ਜੀਵ ਬੀ ਪੈਦਾ ਕੀਤੇ, ਇਨ੍ਹਾਂ ਵਿਚ) ਮਨ ਦਾ ਮੋਹ ਪਸਾਰ ਦਿਤਾ (ਸੋ ਮੋਹ ਦੀ ਫਾਸ ਕਰਕੇ) ਜਨਮ ਮਰਨ (ਹੋ ਗਿਆ)†; (ਪਰ) ਦੂਹਾਂ ਭਾਤਾਂ ਤੋਂ ਆਪ ਨਿਆਰਾ ਹੈ‡, ਹੇ ਨਾਨਕ ! (ਉਸ ਦੇ) ਪਾਰ ਉਰਾਰ ਦਾ ਕੋਈ ਅੰਤ ਨਹੀਂ ॥ ੨ ॥

**ਨਿਰੁਕ੍ਤ**—ਗੁਰਮੁਖਿ–[ਸੰਸ:, ਗੁਰੁ=ਮਹਾਨ ਪੂਜਯ+ਮੁਖ:=ਨੇਤਾ, ਰਾਹਨੁਮਾ] ਪ੍ਰਗ ਪਿਆ ਸਿਖ । ਸੰਤ । ਉਹ ਸਿਖ ਜੋ ਆਦਰਸ਼ ਦੇ ਨੇੜੇ ਪੁੱਜਾ ਹੈ।

(ਅ) ਕਦੇ ਅਰਥ 'ਗੁਰ ਦੀਖ੍ਯਾ ਪ੍ਰਾਪਤ ਪੁਰਖ' ਬੀ ਹੁੰਦੇ ਹਨ।

ਅਕਾਰਾ—ਆਕਾਰ–[ਸੰਸ:, ਆਕਾਰ:=ਸ਼ਕਲ,ਸੂਰਤ, ਸਰੂਪ] ਸੂਰਤ ਸ਼ਕਲ ਵਾਲਾ ਜਗਤ ।

| ਮੂਲ | ਅਰਥ |
|---|---|
| ਸਲੋਕੁ ॥ ਸੇਈ ਸਾਹ ਭਗਵੰਤ ਸੇ ਸਚੁ ਸੰਪੈ ਹਰਿ ਰਾਸਿ ॥ ਨਾਨਕ ਸਚੁ ਸੁਚਿ ਪਾਈਐ ਤਿਹ ਸੰਤਨ ਕੈ ਪਾਸਿ ॥ ੧ ॥ | [ਉਸ ਨਿਰੰਕਾਰ ਨੂੰ ਪ੍ਰਾਪਤ ਕਰਨ ਦਾ ਉਪਾਉ:–ਸੰਤ, ਉਨ੍ਹਾਂ ਦੀ ਸ਼ਰਣ ਤੇ ਨਾਮ] ਉਹੋ ਸ਼ਾਹ ਹਨ, ਉਹੋ ਭਾਗਾਂ ਵਾਲੇ ਹਨ, (ਜਿਨ੍ਹਾਂ ਪਾਸ ਕਿ ਦੁਹਾਂ ਭਾਤਾਂ ਤੋਂ ਨਿਆਰੇ) ਹਰੀ ਦਾ (ਨਾਮ ਰੂਪੀ) ਰਾਸ ਹੈ, (ਜੋ) ਸੱਚ (ਰੂਪੀ) ਦੌਲਤ ਹੈ। ਇਨ੍ਹਾਂ (ਭਾਗਾਂ ਵਾਲੇ) ਸੰਤਾਂ ਦੇ ਪਾਸੋਂ ਸੱਚ ਤੇ ਸੁਚ (ਪਵਿਤ੍ਰਤਾ ਦੀ ਦੌਲਤ) ਪ੍ਰਾਪਤ ਕਰੀਦੀ ਹੈ, ਹੇ ਨਾਨਕ ! ॥ ੧ ॥ |
| ਪਵੜੀ ॥ ਸਸਾ ਸਤਿ ਸਤਿ ਸਤਿ ਸੋਊ ॥ ਸਤਿ ਪੁਰਖ ਤੇ ਭਿੰਨ ਨ ਕੋਊ॥ਸੋਊ ਸਰਨਿ ਪਰੈ ਜਿਹ ਪਾਯੰ ॥ ਸਿਮਰਿ ਸਿਮਰਿ ਗੁਨ ਗਾਇ ਸੁਨਾਯੰ॥ ਸੰਸੈ ਭਰਮੁ ਨਹੀ ਕਛੁ ਬਿਆਪਤ ॥ ਪ੍ਰਗਟ ਪ੍ਰਤਾਪੁ ਤਾਹੂ ਕੋ ਜਾਪਤ॥ ਸੋ ਸਾਧੂ ਇਹ ਪਹੁਚਨ ਹਾਰਾ ॥ ਨਾਨਕ ਤਾਕੈ ਸਦ ਬਲਿਹਾਰਾ ॥ ੩ ॥ | ਸਸੇ (ਦੁਆਰਾ ਉਪਦੇਸ਼ ਹੈ), ਓਹ (ਪ੍ਰਭੂ) ਸਤਿ ਹੈ, ਸਤਿ ਹੈ, ਸਤਿ ਹੈ। ਉਸ ਸਤਿ (ਸਰੂਪ) ਅਕਾਲ ਪੁਰਖ ਤੋਂ ਨਿਆਰਾ (ਤਾਂ) ਕੋਈ ਨਹੀਂ। (ਪਰ ਉਸ ਦੀ) ਸ਼ਰਨੀ ਓਹੋ ਪੈਂਦਾ ਹੈ ਜਿਸ ਨੂੰ (ਕਿ ਉਹ ਆਪ) ਪਾਉਂਦਾ ਹੈ। (ਫਿਰ ਓਹ ਮਨ ਨਾਲ) ਸਿਮਰ ਸਿਮਰਕੇ (ਤੇ ਰਸਨਾਂ ਨਾਲ) (ਸਤਿ ਪੁਰਖ ਦੇ) ਗੁਣ ਗਾਉਂਕੇ ਸੁਣਾਉਂਦਾ ਹੈ। (ਹੁਣ ਓਸ ਨੂੰ) ਸੰਸਾ ਤੇ ਭਰਮ ਕੁਛ ਨਹੀਂ ਬਿਆਪਦਾ (ਕਿਉਂਕਿ) ਉਸ (ਸਤਿ ਪੁਰਖ) ਦਾ ਪ੍ਰਤਾਪ (ਉਸਨੂੰ) ਪ੍ਰਤੱਖ ਪਿਆ ਜਾਪਦਾ ਹੈ✠। ਓਹੋ ਸਾਧੂ (ਹੈ ਓਹੋ) ਇਸ(ਸਤਿ ਸਰੂਪ) ਨੂੰ ਪਹੁੰਚਣਹਾਰ ਹੋਇਆ ਹੈ❦। ਨਾਨਕ ਉਸ ਤੋਂ ਸਦੀਵ ਬਲਿਹਾਰ ਹੈ ॥ ੩ ॥ |

**ਨਿਰੁਕ੍ਤ**—ਸਤਿ, ਸਤਿ, ਸਤਿ–[ਸੰਸ:, ਸਤ੍ਯ:] ਸੱਤ ਸੀ, ਸੱਤ ਹੈ, ਸੱਤ ਹੋਊ।

---

*ਕਿਸਮਾਂ, ਜਿਨਸਾਂ ਆਦਿ ਵਿਚ ।

(ਅ) ਐਉਂ ਬੀ ਲਾਉਂਦੇ ਹਨ: 'ਕਰਹਿ ਉਪਾਇਓ'=ਪਰਸਪਰ ਵਿਰੋਧ ਪੈਦਾ ਕਰ ਦਿਤਾ ।

†ਮੋਹ ਨਾਲ ਵਾਸ਼ਨਾ ਉਪਜਦੀ ਹੈ, ਅਤੇ 'ਵਾਸ਼ਨਾ ਬਧਾ ਆਵੈ ਜਾਵੈ' ਭਾਈ ਗੁਰਦਾਸ ਜੀ ਦਾ ਵਾਕ ਹੈ।

‡ਭਾਵ, ਜਨਮ ਮਰਣ ਤੋਂ ।

✠ਭਾਵੇਂ ਕਿ ਵਾਹਿਗੁਰ ਦਾ ਜਲਾਲ ਉਸ ਨੂੰ ਪ੍ਰਤੱਖ ਪਿਆ ਦਿੱਸਦਾ ਹੈ ।

❦ਅਥਵਾ ਇਸ ਅਵਸਥਾ ਨੂੰ ਪਹੁੰਚਿਆ ਹੈ।

ਸਲੋਕੁ ॥ ਧਨੁ ਧਨੁ ਕਹਾ ਪੁਕਾਰਤੇ ਮਾਇਆ ਮੋਹ ਸਭ ਕੂਰ ॥ ਨਾਮ ਬਿਹੂਨੇ ਨਾਨਕਾ ਹੋਤ ਜਾਤ ਸਭੁ ਧੂਰ ॥ ੧ ॥

(ਐਸੇ ਸੰਤ) ਧਨ (ਪ੍ਰਾਪਤ ਹੋਵੇ), ਧਨ (ਪ੍ਰਾਪਤ ਹੋਵੇ) ਕਿੱਥੇ ਕੂਕਦੇ ਹਨ*, (ਓਹ ਤਾਂ ਜਾਣਦੇ ਹਨ ਕਿ) ਮਾਇਆ ਤੇ ਮੋਹ ਸਭ ਕੂੜੇ ਹਨ (ਤੇ) ਨਾਮ ਤੋਂ ਵਿਰਵੇ (ਲੋਕ) ਸਭ ਮਿੱਟੀ ਹੁੰਦੇ ਜਾਂਦੇ ਹਨ, ਹੇ ਨਾਨਕ ! ॥੧॥

ਪਵੜੀ ॥ ਧਧਾ ਧੂਰਿ ਪੁਨੀਤ ਤੇਰੇ ਜਨੂਆ ॥ ਧਨਿ ਤੇਊ ਜਿਹ ਰੁਚ ਇਆ ਮਨੂਆ॥ਧਨੁ ਨਹੀ ਬਾਛਹਿ ਸੁਰਗ ਨ ਆਛਹਿ ॥ ਅਤਿ ਪ੍ਰਿਅ ਪ੍ਰੀਤਿ ਸਾਧ ਰਜ ਰਾਚਹਿ ॥ ਧੰਧੇ ਕਹਾ ਬਿਆਪਹਿ ਤਾਹੂ ॥ ਜੋ ਏਕ ਛਾਡਿ ਅਨ ਕਤਹਿ ਨ ਜਾਹੂ ॥ ਜਾਕੈ ਹੀਐ ਦੀਓ ਪ੍ਰਭ ਨਾਮ ॥ ਨਾਨਕ ਸਾਧ ਪੂਰਨ ਭਗਵਾਨ॥੪॥

ਧਧੇ (ਦੁਆਰਾ ਉਪਦੇਸ਼ ਹੈ ਕਿ ਹੇ ਪ੍ਰਭੂ) ਤੇਰੇ ਜਨਾਂ ਦੀ ਧੂੜੀ ਪਵਿਤ੍ਰ ਹੈ। ਅਤੇ) ਧੰਨ ਹਨ ਓਹ ਜਿਨ੍ਹਾਂ ਦਾ ਮਨ ਇਸ (ਧੂੜੀ) ਵਿਚ ਰੁਚੀ ਕਰ ਰਿਹਾ ਹੈ। (ਹਾਂ ਧੰਨ ਹਨ ਓਹ ਜੋ) ਧਨ ਨਹੀਂ ਮੰਗਦੇ, ਸੁਰਗ ਨਹੀਂ ਲੋੜਦੇ (ਸਗੋਂ) ਪਯਾਰੇ (ਪਰਮੇਸ਼ੁਰ) ਦੀ ਅਤਿ ਦੀ ਪ੍ਰੀਤ (ਪ੍ਰਾਪਤੀ) ਵਾਸਤੇ ਸਾਧੂ ਧੂੜੀ ਵਿਚ ਰਚੇ ਰਹਿੰਦੇ ਹਨ (ਭਾਵ ਸ਼ਰਣ ਵਿਚ ਰਹਿੰਦੇ ਹਨ)। (ਹਾਂ ਉਨ੍ਹਾਂ ਨੂੰ) ਧੰਦੇ ਕਿਉਂ ਚੰਬੜਦੇ ਹਨ ਜੋ 'ਇਕ' ਨੂੰ ਛੱਡਕੇ ਹੋਰ ਕਿਤੇ ਨਹੀਂ ਜਾਂਦੇ। ਜਿਨ੍ਹਾਂ ਦੇ ਹਿਰਦੇ ਵਿਚ ਪਰਮੇਸ਼ੁਰ ਨੇ ਨਾਮ ਦਿਤਾ ਹੈ, ਓਹੀ ਪੂਰਨ ਭਗਵਾਨ ਦੇ ਸਾਧੂ ਹਨ† ਹੇ ਨਾਨਕ ! ॥ ੬ ॥

ਸਲੋਕ॥ਅਨਿਕ ਭੇਖ ਅਰੁ ਙਿਆਨ ਧਿਆਨ ਮਨ ਹਠਿ ਮਿਲਿਅਉ ਨ ਕੋਇ॥ ਕਹੁ ਨਾਨਕ ਕਿਰਪਾ ਭਈ ਭਗਤੁ ਙਿਆਨੀ ਸੋਇ ॥੧॥

[ਮਨ ਦੀਆਂ ਉਕਤਾਂ ਤੇ ਮੂੰਹ ਦੀਆਂ ਗਲਾਂ ਨਾਲ ਗੁਰੂ ਵੇਮੁਖ ਰਿਹਾਂ ਗਤੀ ਨਹੀਂ ਹੁੰਦੀ। ਗਤੀ ਸਚੇ ਗਯਾਨੀ ਤੋਂ ਮਿਲਦੀ ਹੈ-ਉਸ ਦੇ ਲੱਛਣ] ਅਨੇਕਾਂ ਭੇਖਾਂ, ਗਿਆਨਾਂ, ਧਿਆਨਾਂ ਤੇ ਮਨ ਦੇ ਹਠਾਂ ਕਰਕੇ ਕੋਈ (ਪ੍ਰਭੂ ਨੂੰ) ਨਹੀਂ ਮਿਲਿਆ, ਕਹਿੰਦੇ ਹਨ (ਗੁਰੂ) ਨਾਨਕ (ਦੇਵ ਜੀ, ਜਿਸ ਪੁਰ ਉਸ ਦੀ) ਕ੍ਰਿਪਾ ਹੋਈ ਹੈ, ਉਹੀ ਭਗਤ ਹੋਇਆ ਹੈ (ਉਹੀ) ਗਿਆਨੀ ਹੋਇਆ ਹੈ ॥ ੧ ॥

ਪਉੜੀ॥ ਙੰਙਾ ਙਿਆਨੁ ਨਹੀ ਮੁਖ ਬਾਤਉ ॥ ਅਨਿਕ ਜੁਗਤਿ ਸਾਸਤ੍ਰ ਕਰਿ ਭਾਤਉ॥ਙਿਆਨੀ ਸੋਇ ਜਾਕੈ ਦ੍ਰਿੜ ਸੋਊ ॥ ਕਹਤ ਸੁਨਤ ਕਛੁ ਜੋਗੁ ਨ ਹੋਊ ॥ ਙਿਆਨੀ ਰਹਤ ਆਗਿਆ ਦ੍ਰਿੜੁ ਜਾਕੈ ॥ ਉਸਨ ਸੀਤ ਸਮਸਰਿ ਸਭ ਤਾਕੈ॥ਙਿਆਨੀ ਤਤੁ ਗੁਰਮੁਖਿ ਬੀਚਾਰੀ ॥ ਨਾਨਕ ਜਾਕਉ ਕਿਰਪਾ ਧਾਰੀ ॥ ੫ ॥

ਙਙੇ (ਦੁਆਰਾ ਉਪਦੇਸ਼ ਹੈ) ਮੂੰਹ ਦੀਆਂ ਗਲਾਂ ਨਾਲ ਗਿਆਨ ਨਹੀਂ (ਆ ਜਾਂਦਾ), (ਨਾਂ ਹੀ) ਅਨੇਕਾਂ ਸ਼ਾਸਤ੍ਰਾਂ ਦੀਆਂ (ਅਨੇਕ) ਭਾਂਤਾਂ ਦੀਆਂ ਜੁਗਤੀਆਂ (ਵਰਣਨ) ਕਰ ਸਕਣ ਨਾਲ (ਗਯਾਨ ਹੋ ਜਾਂਦਾ ਹੈ)। ਗਯਾਨੀ (ਤਾਂ) ਉਹ ਹੈ ਜਿਸ ਦੇ (ਹਿਰਦੇ ਵਿਚ) ਉਹ (ਪਰਮੇਸ਼ੁਰ) ਇਸਥਿਤ ਹੈ। (ਨਿਰੇ ਮੂੰਹ ਨਾਲ) ਕਹਿੰਦਿਆਂ (ਤੇ ਕੰਨਾਂ ਨਾਲ) ਸੁਣਦਿਆਂ (ਪਰਮੇਸ਼ੁਰ ਨਾਲ) ਕੁਛ ਜੁੜਨਾ ਨਹੀਂ ਹੋ ਜਾਂਦਾ‡। ਗਿਆਨੀ (ਉਹੋ ਹੈ) ਜਿਸ ਦੇ (ਮਨ ਵਿਚ ਸਾਈਂ ਦੀ) ਆਗਿਆ ਦ੍ਰਿੜ੍ਹ ਰਹਿੰਦੀ ਹੈ, ਉਸੇ ਨੂੰ ਗਰਮੀ ਤੇ ਸਰਦੀ ਸਭ ਇਕ ਤੁੱਲ ਹੋ ਜਾਂਦੀ ਹੈ। (ਹਾਂ) ਜਿਸ ਤੇ ਹੇ ਨਾਨਕ ! (ਪਰਮੇਸ਼ੁਰ ਨੇ)

---

*ਐਉਂ ਬੀ ਕਰਦੇ ਹਨ ਕਿ 'ਧਨ ਧਨ' ਕਿਉਂ ਪੁਕਾਰਦੇ ਹੋ, ਪਰੰਤੁ ਪਿਛਲੀ ਪਉੜੀ ਵਿਚ ਤੇ ਇਸ ਸ਼ਲੋਕ ਤੋਂ ਬਾਦ ਦੀ ਪਉੜੀ ਵਿਚ ਵਿਖਯ ਸੰਤਾਂ ਦਾ ਹੀ ਚੱਲ ਰਿਹਾ ਹੈ। ਵੇਖੋ ਪਉੜੀ ਦੀ ਤੀਸਰੀ ਤੁਕ ਵਿਚ ਇਹੋ ਅਰਥ ਕੀਤੇ ਹਨ ਜੋ ਅਸਾਂ ਉਪਰ ਲਾਏ ਹਨ ਕਿ 'ਓਹ ਸਾਧੂ ਧਨ ਨਹੀਂ ਵਾਂਛਦੇ'।

†ਐਉਂ ਬੀ ਲਾ ਲੈਂਦੇ ਹਨ-ਉਹ ਪੂਰਾ ਸਾਧੂ ਹੈ ਤੇ ਭਗਵਾਨ ਦਾ ਰੂਪ ਹੈ।

‡ਪਹਿਲੀ ਤੁਕ ਦੇ 'ਦ੍ਰਿੜ ਸੋਊ' ਵਲ ਇਸ 'ਜੋਗ' ਪਦ ਦਾ ਇਸ਼ਾਰਾ ਹੈ। ਜੋਗ ਦਾ ਅਰਥ ਏਥੇ 'ਯੋਗ' ਬੀ ਕਰ ਲੈਂਦੇ ਹਨ।

ਕਿਰਪਾ ਕੀਤੀ ਹੈ (ਉਹੀ) ਤੱਤ ਦਾ ਵੀਚਾਰ ਕਰਨੇ ਵਾਲਾ ਗਯਾਨੀ ਹੈ, (ਉਹੀ) ਗੁਰਮੁਖ ਹੈ ॥ ੫ ॥

**ਨਿਰੁਕ੍ਤ**—ਉਸਨ ਸੀਤ–[ਸੰਸ:, ਉਸ਼੍ਣਮ੍=ਗਰਮੀ, ਸ਼ੀਤੰ=ਸਰਦੀ] ਗਰਮੀ ਸਰਦੀ, ਭਾਵ ਦੁਖ ਸੁਖ ।

ਸਲੋਕੁ ॥ ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ ॥ ਨਾਨਕ ਗੁਰਮੁਖਿ ਸੋ ਬੁਝੈ ਜਾਕੈ ਭਾਗ ਮਥੋਰ ॥ ੧ ॥

[ਨਿਰੰਕਾਰ, ਸੰਤ, ਗਯਾਨੀ, ਸ਼ਰਣ, ਨਾਮ, ਦੱਸਕੇ ਮਨਮੁਖ ਗਯਾਨੀ ਤੋਂ ਵਰਜਕੇ ਹੁਣ ਜੀਵਾਂ ਦੀ ਦਸ਼ਾ ਦੱਸਦੇ ਹਨ ਜੋ ਆਏ ਤਾਂ ਗਯਾਨ ਪ੍ਰਾਪਤੀ ਲਈ ਸਨ ਤੇ ਹੁਣ ਅਗਯਾਨ ਵਿਚ ਦੁਖ ਭਰ ਰਹੇ ਹਨ] (ਮਨੁਖ) ਆਵਣ (ਮਾਤ੍ਰ) ਸ੍ਰਿਸ਼ਟੀ ਵਿਚ ਆਏ ਹਨ*, (ਕਿਉਂਕਿ) ਬਿਨਾਂ ਸਮਝ ਦੇ (ਓਹ) ਢੋਰ ਪਸ਼ੂ ਵਤ ਹਨ, ਹੇ ਨਾਨਕ ! ਉਹ ਗੁਰਮੁਖ (ਆਵਣ ਦੇ ਮਨੋਰਥ ਨੂੰ) ਬੁਝਦਾ ਹੈ, ਜਿਸ ਦੇ ਮੱਥੇ ਪੁਰ ਭਾਗ ਹਨ ॥੧॥

ਪਉੜੀ ॥ ਯਾ ਜੁਗ ਮਹਿ ਏਕਹਿ ਕਉ ਆਇਆ ॥ ਜਨਮਤ ਮੋਹਿਓ ਮੋਹਨੀ ਮਾਇਆ ॥ ਗਰਭ ਕੁੰਟ ਮਹਿ ਉਰਧ ਤਪ ਕਰਤੇ ॥ ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ ॥ ਉਰਝਿ ਪਰੇ ਜੋ ਛੋਡਿ ਛਡਾਨਾ ॥ ਦੇਵਨਹਾਰੁ ਮਨਹਿ ਬਿਸਰਾਨਾ ॥ ਧਾਰਹੁ ਕਿਰਪਾ ਜਿਸਹਿ ਗੁਸਾਈ ॥ ਇਤ ਉਤ ਨਾਨਕ ਤਿਸੁ ਬਿਸਰਹੁ ਨਾਹੀ ॥ ੬ ॥

(ਜੀਵ) ਇਸ ਜੁਗ ਵਿਚ (ਕੇਵਲ) ਇਕ ਨੂੰ (ਪ੍ਰਾਪਤ ਕਰਨੇ ਨਮਿੱਤ) ਆਇਆ (ਸੀ, ਪਰ) ਜੰਮਦਾ ਹੀ ਮੋਹ ਲੈਣ ਵਾਲੀ ਮਾਇਆ ਵਿਖੇ ਮੋਹਿਆ ਗਿਆ । (ਜੀਵ ਮਾਤਾ ਦੇ) ਗਰਭ ਕੁੰਡ ਵਿਚ ਪੁੱਠੇ ਤਪ ਕਰਦੇ ਸਨ ! (ਉਥੇ) ਸਾਸ ਸਾਸ ਪ੍ਰਭੂ ਨੂੰ ਸਿਮਰਦੇ ਰਹਿੰਦੇ ਸਨ, (ਪਰ ਜੰਮਕੇ ਉਸ ਵਿਚ) ਫਸ ਜਾਂਦੇ ਹਨ ਜਿਸ ਨੂੰ ਕਿ ਛੋਡ ਛਡਾਂ† ਜਾਣਾ ਹੈ (ਅਰ) ਦੇਣਹਾਰ ਨੂੰ ਮਨੋ ਭੁਲਾ ਦਿੱਤਾ ਹੈ । (ਪਰ) ਹੇ ਗੁਸਾਈਂ (ਵਾਹਿਗੁਰੂ) ! ਜਿਸ ਪੁਰ (ਆਪ) ਕ੍ਰਿਪਾ ਕਰਦੇ ਹੋ, ਲੋਕ ਪ੍ਰਲੋਕ ਵਿਖੇ ਉਸ ਨੂੰ ਭੁੱਲਦੇ ਨਹੀਂ ਹੋ, ਹੇ ਨਾਨਕ ! ॥ ੬ ॥

**ਨਿਰੁਕ੍ਤ**—ਪਸੁ ਢੋਰ–[ਸੰਸ:, ਪਸ਼ੁ:], ਢੋਰ–[ਸੰਸ:, ਧੁਰਯ:=ਭਾਰ ਢੋਣ ਵਾਲਾ] ਭਾਰ ਢੋਣ ਵਾਲਾ ਪਸ਼ੂ ।

ਜੁਗ–[ਸੰਸ:, ਯੁਗੰ] ਜੁਗ ਪਦ ਦਾ ਅਰਥ ਸਮਾਂ ਬੀ ਹੈ ਤੇ ਜਨਮ ਅਰ ਜੀਵਨ ਬੀ ਹੈ । ਦਾਨੇ ਇਉਂ ਬੀ ਲਾਉਂਦੇ ਹਨ:–ਸਮੇਂ ਵਿਚ । ਇਨ੍ਹਾਂ ਚਹੁੰ ਜੁਗਾਂ ਵਿਚ ।

ਸਲੋਕੁ ॥ ਆਵਤ ਹੁਕਮਿ ਬਿਨਾਸ ਹੁਕਮਿ ਆਗਿਆ ਭਿੰਨ ਨ ਕੋਇ॥ ਆਵਨ ਜਾਨਾ ਤਿਹ ਮਿਟੈ ਨਾਨਕ ਜਿਹ ਮਨਿ ਸੋਇ ॥ ੧ ॥

ਆਉਂਦੇ ਹਨ ਹੁਕਮ ਅਨੁਸਾਰ, ਬਿਨਸਦੇ ਹਨ ਹੁਕਮ ਅਨੁਸਾਰ, (ਉਸ ਪ੍ਰਭੂ ਦੀ) ਆਗਯਾ ਤੋਂ ਬਾਹਰ ਕੋਈ ਨਹੀਂ, (ਪਰ ਇਹ) ਆਉਣਾ ਜਾਣਾ (ਜੰਮਣਾ ਮਰਨਾ) ਉਸ ਦਾ ਮਿਟਦਾ ਹੈ ਜਿਸ ਦੇ ਮਨ ਵਿਚ ਓਹ(ਪ੍ਰਭੂ)ਹੈ,ਹੇ ਨਾਨਕ!॥੧॥

*(ਅ) ਆਵ–ਨ-ਆਏ = ਜੇਹੇ ਆਏ ਜੇਹੇ ਨਾ ਆਏ ।

†ਐਉਂ ਬੀ ਅਰਥ ਲਗਦਾ ਹੈ–ਛੋਡਿ = ਜਿਸ ਨੂੰ ਅਸਾਂ ਛੋੜ ਜਾਣਾ ਹੈ, ਛਡਾਨਾ, ਜਿਸ ਤੋਂ (ਮੌਤ ਨੇ) ਸਾਨੂੰ ਛੁਡਾ ਦੇਣਾ ਹੈ । (ਅ) ਛੋਡਿ = ਪਿਛੇਂ ਛਡ ਆਏ । ਛਡਾਨਾ = ਅਗੇ ਨੂੰ ਛਡ ਜਾਣਾ ਹੈ ।

ਪਉੜੀ ॥ ਏਊ ਜੀਅ ਬਹੁਤੁ ਗ੍ਰਭ ਵਾਸੇ ॥ ਮੋਹ ਮਗਨ ਮੀਠ ਜੋਨਿ ਫਾਸੇ ॥ ਇਨਿ ਮਾਇਆ ਤ੍ਰੈ ਗੁਣ ਬਸਿ ਕੀਨੇ ॥ ਆਪਨ ਮੋਹ ਘਟੇ ਘਟਿ ਦੀਨੇ ॥ ਏ ਸਾਜਨ ਕਛੁ ਕਹਹੁ ਉਪਾਇਆ ॥ ਜਾਤੇ ਤਰਉ ਬਿਖਮ ਇਹ ਮਾਇਆ ॥ ਕਰਿ ਕਿਰਪਾ ਸਤਸੰਗਿ ਮਿਲਾਇ॥ਨਾਨਕ ਤਾਕੈ ਨਿਕਟਿ ਨ ਮਾਇ ॥੭॥

ਏਹ ਜੀਵ ਬਹੁਤੇ ਗਰਭਾਂ ਵਿਚ ਵਸਦੇ (ਆਏ) ਹਨ। ਮਿੱਠੇ (ਲਗਣ ਵਾਲੇ) ਮੋਹ (ਆਦਿਕਾਂ) ਵਿਚ ਮਗਨ (ਹੋ ਹੋ ਕੇ) ਜੂਨਾਂ ਵਿਚ ਫਸਦੇ (ਰਹੇ) ਹਨ। ਇਸ ਮਾਇਆ ਨੇ (ਸਾਰੇ ਜੀਵ) ਤਿੰਨਾਂ ਗੁਣਾਂ ਵਿਚ (ਫਸਾਕੇ) ਵੱਸ ਕਰ ਲਏ ਹਨ (ਤੇ ਅਨੇਕ ਪ੍ਰਕਾਰ ਦੇ) ਆਪਣੇ ਮੋਹ ਹਰ ਜੀਵ ਦੇ ਹਿਰਦੇ ਵਿਚ ਪਾ ਦਿਤੇ ਹਨ। [ਜੀਵ ਦੇ ਅਗਜਾਨ ਦੀ ਦਸ਼ਾ ਤੇ ਉਸ ਦਾ ਕਾਰਣ ਮਾਇਆ ਸੁਣਕੇ ਕਲਜਾਣ ਇੱਛਾ ਵਾਲਾ ਬੇਨਤੀ ਕਰਦਾ ਹੈ:] ਹੇ ਸੱਜਣ ! ਕੁਛ ਉਪਾਉ (ਇਸ ਦੀ ਨਿਵਿਰਤੀ) ਦਾ ਕਹੋ, ਜਿਸ ਕਰਕੇ (ਮੈਂ) ਇਸ ਕਠਨ ਮਾਇਆ ਨੂੰ ਤਰ ਜਾਵਾਂ ? [ਗੁਰੂ ਜੀ ਉੱਤਰ ਦੇਂਦੇ ਹਨ:—ਸਤਿਗੁਰੂ ਨੂੰ ਮਿਲੇ ਮਾਇਆ ਦੂਰ ਹੋ ਜਾਏਗੀ:] ਹੇ ਨਾਨਕ, ਉਸ ਦੇ ਨੇੜੇ ਮਾਇਆ ਨਹੀਂ (ਰਹਿੰਦੀ, ਜਿਸ ਨੂੰ ਕਿ) ਕ੍ਰਿਪਾ ਕਰਕੇ (ਪ੍ਰਭੂ) ਸਤਿਸੰਗ ਵਿਚ ਮਿਲਾ ਦੇਂਦਾ ਹੈ* ॥ ੭ ॥

ਸਲੋਕੁ ॥ ਕਿਰਤ ਕਮਾਵਨ ਸੁਭ ਅਸੁਭ ਕੀਨੇ ਤਿਨਿ ਪ੍ਰਭਿ ਆਪਿ ॥ ਪਸੁ ਆਪਨ ਹਉਹਉ ਕਰੈ ਨਾਨਕ ਬਿਨੁ ਹਰਿ ਕਹਾ ਕਮਾਤਿ ॥੧॥

[ਸਤਿਸੰਗ ਕੀਕੂੰ ਮਾਇਆ ਨੂੰ ਦੂਰ ਕਰਦਾ ਹੈ ? ਉੱਤਰ:] ਹੇ ਜਗਜਾਸੂ ! ਕਿਰਤ ਕਮਾਵਣੀ, ਸ਼ੁਭ ਤੇ ਅਸ਼ੁਭ (ਸਭ) ਉਸ ਪ੍ਰਭੂ ਨੇ ਆਪ ਕੀਤੇ ਹਨ, (ਏਹ) ਪਸ਼ੂ (ਜੀਵ) ਆਪਣੀ (ਹੀ) ਮੈਂ ਮੈਂ ਕਰਦਾ ਹੈ, (ਪੁੱਛਦੇ ਹਨ ਤੈਥੋਂ ਗੁਰੂ ਨਾਨਕ, ਪ੍ਰਭੂ ਤੋਂ ਬਿਨਾਂ (ਇਹ ਜੀਵ) ਕੀਹ ਕਰ ਸਕਦਾ ਹੈ† ॥੧॥

ਪਉੜੀ ॥ ਏਕਹਿ ਆਪਿ ਕਰਾਵਨਹਾਰਾ ॥ ਆਪਹਿ ਪਾਪ ਪੁੰਨ ਬਿਸਥਾਰਾ ॥ ਇਆ ਜੁਗ ਜਿਤੁ ਜਿਤੁ ਆਪਹਿ ਲਇਓ ॥ ਸੋ ਸੋ ਪਾਇਓ ਜੁ ਆਪਿ ਦਿਵਾਇਓ ॥ ਉਆ ਕਾ ਅੰਤੁ ਨ ਜਾਨੈ ਕੋਊ ॥ ਜੋ ਜੋ ਕਰੈ ਸੋਊ ਫੁਨਿ ਹੋਊ॥ਏਕਹਿ ਤੇ ਸਗਲਾ ਬਿਸਥਾਰਾ ॥ ਨਾਨਕ ਆਪਿ ਸਵਾਰਨਹਾਰਾ ॥ ੮ ॥

ਇਕੋ ਹੀ ਆਪ ਕਰਾਵਨੇ ਵਾਲਾ ਹੈ। ਆਪ ਹੀ ਪਾਪ ਪੁੰਨ ਨੂੰ (ਉਸ ਨੇ) ਵਿਸਥਾਰਿਆ ਹੈ। ਇਸ ਜੁਗ‡ ਵਿਚ ਜਿਸ ਜਿਸ (ਪਾਸੇ ਪ੍ਰਭੂ ਨੇ ਕਿਸੇ ਨੂੰ) ਆਪ ਲਾਇਆ ਹੈ (ਲਗਾ ਹੈ), (ਉਸ ਨੇ) ਉਹ ਉਹ (ਕੁਝ) ਪਾਇਆ ਹੈ ਜੋ (ਪ੍ਰਭੂ ਨੇ) ਆਪ ਦਿਵਾਇਆ ਹੈ। ਉਸ ਦਾ ਅੰਤ ਕੋਈ ਨਹੀਂ ਜਾਣਦਾ। ਜੋ ਜੋ ਉਹ ਕਰਦਾ ਹੈ ਫੇਰ ਉਹੋ ਹੀ ਹੁੰਦਾ ਹੈ। ਇਕ ਹੀ ਤੋਂ ਸਾਰਾ ਪਸਾਰਾ (ਹੋਇਆ ਹੈ), ਹੇ ਨਾਨਕ ! (ਓਹ ਇਕ) ਆਪ ਹੀ ਸੁਵਾਰਨੇ ਵਾਲਾ ਹੈ ॥ ੮ ॥

ਸਲੋਕੁ॥ਰਾਚਿ ਰਹੇ ਬਨਿਤਾਬਿਨੋਦ ਕੁਸਮ ਰੰਗ ਬਿਖ ਸੋਰ ॥ ਨਾਨਕ ਤਿਹ ਸਰਨੀ ਪਰਉ ਬਿਨਸਿ ਜਾਇ

[ਜਗਜਾਸੂ-ਹੇ ਗੁਰੂ ਜੀ—ਜਦ ਸਭ ਕੁਛ ਉਹੋ ਕਰਦਾ ਹੈ ਤਾਂ ਜੀਵ ਕਿਉਂ ਵਿਗੜਦਾ ਹੈ ? ਤੇ ਸੰਵਰਦ ਕੀਕੂੰ ਹੈ ? ਉੱਤਰ:] (ਜੀਵ) ਰਚ ਰਹੇ ਹਨ ਇਸਤ੍ਰੀ (ਆਦਿ ਦੇ) ਸੁਖਾਂ ਵਿਚ, (ਜੋ ਸੁਖ ਕਿ) ਕਸੁੰਭੇ ਦੇ ਰੰਗ (ਵਰਗੇ ਕੱਚੇ=ਥੋੜਾ ਚਿਰ ਰਹਿਣ ਵਾਲੇ ਤੇ ਅੰਤ ਨੂੰ) ਜ਼ਹਿਰ ਵਾਂਙ ਕੌੜੇ✖ (ਹਨ, ਕਹਿੰਦੇ ਹਨ

---

*ਭਾਵ, ਸਤਿਸੰਗ ਉਪਾਓ ਹੈ।

†ਇਸ ਸਲੋਕ ਦਾ ਭਾਵ 'ਕਰਮ ਕਰਨੇ ਦੀ ਜ਼ਿੰਮੇਵਾਰੀ' ਦੂਰ ਕਰਨੇ ਦਾ ਨਹੀਂ, ਪਰ ਪੂਰਨ 'ਹਉਂ ਨਿਵਿਰਤੀ' ਦਾ ਹੈ। ਅਗਲੀ ਪਉੜੀ ਵਿਚ ਖੋਹਲਕੇ ਹਉਂ ਨਿਵਿਰਤੀ ਦਾ ਰਸਤਾ ਦੱਸਦੇ ਹਨ।

‡ਦੇਖੋ ਪਿਛੇ ਪਉੜੀ ੬, 'ਯਾ ਜੁਗ ਮਹਿ'।

✖ਐਉਂ ਬੀ ਕਰਦੇ ਹਨ:- ਜੀਵ ਰਚ ਰਹੇ ਹਨ ਇਸਤ੍ਰੀ ਆਦਿ ਦੇ ਸੁਖਾਂ ਵਿਚ ਤੇ ਵਿਸ਼ਿਆਂ ਦੇ ਸ਼ੋਰ ਸ਼ਰਾਬਿਆਂ ਵਿਚ ਜੋ ਕਸੁੰਭੇ ਦੇ ਰੰਗ ਵਾਂਙੂ ਕੱਚੇ ਹਨ।

ਮੈ ਮੋਰ ॥ ੧ ॥

ਗੁਰੂ) ਨਾਨਕ, (ਹੇ ਜਗਜਾਸੂ !) ਉਸ (ਪਰਮੇਸ਼ੁਰ) ਦੀ ਸ਼ਰਣ ਪਵੇ, ਤਾਂ ਜੋ (ਇਹ ਬਿਖ ਸ਼ੋਰ ਆਦਿਕਾਂ ਵਿਚ ਰਚਾਉਣ ਵਾਲੀ) 'ਮੈਂ' 'ਮੇਰੀ' ਨਾਸ਼ ਹੋ ਜਾਵੇ* ॥ ੧ ॥

ਪਉੜੀ ॥ ਰੇ ਮਨ ਬਿਨੁ ਹਰਿ ਜਹ ਰਚਹੁ ਤਹ ਤਹ ਬੰਧਨ ਪਾਹਿ॥ ਜਿਹ ਬਿਧਿ ਕਤਹੂ ਨ ਛੂਟੀਐ ਸਾਕਤ ਤੇਊ ਕਮਾਹਿ ॥ ਹਉ ਹਉ ਕਰਤੇ ਕਰਮ ਰਤ ਤਾਕੋ ਭਾਰੁ ਅਫਾਰ ॥ ਪ੍ਰੀਤਿ ਨਹੀ ਜਉ ਨਾਮ ਸਿਉ ਤਉ ਏਊ ਕਰਮ ਬਿਕਾਰ ॥ ਬਾਧੇ ਜਮ ਕੀ ਜੇਵਰੀ ਮੀਠੀ ਮਾਇਆ ਰੰਗ ॥ ਭ੍ਰਮ ਕੇ ਮੋਹੇ ਨਹ ਬੂਝਹਿ ਸੋ ਪ੍ਰਭੁ ਸਦਹੂ ਸੰਗ ॥ ਲੇਖੈ ਗਣਤ ਨ ਛੂਟੀਐ ਕਾਚੀ ਭੀਤਿ ਨ ਸੁਧਿ॥ ਜਿਸਹਿ ਬੁਝਾਏ ਨਾਨਕਾ ਤਿਹ ਗੁਰਮੁਖਿ ਨਿਰਮਲ ਬੁਧਿ ॥ ੯ ॥

ਹੇ ਮਨ ! ਬਿਨਾਂ ਪ੍ਰਭੂ ਤੋਂ ਜਿਸ (ਜਿਸ ਗਲ) ਵਿਖੇ (ਤੂੰ) ਖਚਿਤ ਹੁੰਦਾ ਹੈਂ ਉਸ ਉਸ (ਵਿਚੋਂ ਤੈਨੂੰ) ਬੰਧਨ ਪੈਂਦੇ ਹਨ। (ਸ਼ੋਕ ਹੈ ਕਿ) ਜਿਸ ਬਿਧਿ ਕਰਕੇ ਕਦੀ ਛੁੱਟ ਨਾ (ਸਕੀਏ) ਸਾਕਤ ਉਹੋ (ਕੁਝ) ਕਮਾਉਂਦੇ ਹਨ। ਕਰਮਾਂ ਦੇ ਪ੍ਰੇਮੀ ਹਉਂ ਹਉਂ ਕਰਕੇ (ਕਰਮ) ਕਰਦੇ ਹਨ ਉਨ੍ਹਾਂ ਦੇ (ਸਿਰ ਤੇ ਸਗੋਂ) ਬਹੁਤ ਭਾਰ (ਧਰਿਆ ਜਾਂਦਾ) ਹੈ। ਜੇ ਨਾਮ ਨਾਲ ਪ੍ਰੀਤ ਨਹੀਂ ਤਾਂ ਇਹੋ (ਕਰਮ ਕਾਂਡ ਵਾਲੇ) ਕਰਮ ਹੀ ਵਿਕਾਰ (ਰੂਪ) ਹਨ। (ਐਸੇ ਪੁਰਖ) ਬੰਨ੍ਹੇ ਜਾਂਦੇ ਹਨ ਜਮ ਦੀ ਜੇਉੜੀ ਨਾਲ, ਮਿੱਠੀ ਮਾਇਆ ਦੇ ਸੁਆਦਾਂ ਕਰਕੇ। (ਇਸ ਤਰ੍ਹਾਂ) ਭਰਮ ਦੇ ਠੱਗੇ ਹੋਏ (ਓਹ) ਨਹੀਂ ਸਮਝਦੇ ਕਿ ਉਹ ਪ੍ਰਭੂ (ਤਾਂ) ਸਦੀਵ ਨਾਲ ਹੈ। (ਕਰਮ ਕਾਂਡੀ ਕਰਮਾਂ ਦੇ ਲੇਖੇ ਵਿਚ ਹੁੰਦਾ ਹੈ, ਪਰ) ਲੇਖੇ ਗਿਣਦਿਆਂ (ਕਦੇ) ਨਹੀਂ ਛੁੱਟ ਸਕੀਦਾ (ਜਿਵੇਂ) ਕੱਚੀ ਕੰਧ (ਧੋਂਦਿਆਂ ਕਦੀ) ਸੁਧ ਨਹੀਂ ਹੁੰਦੀ† (ਤਿਵੇਂ ਹਉਂ ਦੇ ਕਰਮਾਂ ਨਾਲ ਬੁੱਧੀ ਸ਼ੁੱਧ ਨਹੀਂ ਹੁੰਦੀ, ਪਰ ਹੇ ਨਾਨਕ, ਜਿਸ ਨੂੰ (ਪ੍ਰਭੂ ਆਪ) ਬੁਝਾਵੇ (=ਗਜਾਨ ਦੇਵੇ) ਉਸ ਗੁਰਮੁਖ ਦੀ ਬੁੱਧੀ ਨਿਰਮਲ (ਹੋ ਜਾਂਦੀ) ਹੈ ॥ ੯ ॥

**ਨਿਰੁਕ੍ਤ**—ਮੋਰ—[ਸੰਸ:, ਕ੍ਸ਼ਾਰ=ਖ਼ਾਰ, ਤੇਜ਼, ਕੱਟਣ ਵਾਲਾ। ਫਾ:, ਸ਼ੋਰ=ਖਾਰਾ; ਰੌਲਾ ਰੱਪਾ, ਸ਼ੋਰ ਸ਼ਰਾਬਾ।] ਖਾਰਾ, ਕੌੜਾ।

ਸਾਕਤ—[ਸੰਸ:, ਸ਼ਾਕ੍ਤ: ਜਾਂ ਸ਼ਾਕ੍ਤਿਕ: (ਵੇਖੋ ਪੰਨਾ ੨੧੪, ੧੨੨੮)।] ਸ਼ਾਕ੍ਤਿਕ ਤੋਂ ਸ਼ਾਕਤ। ਵੈਸ਼ਨਵ ਸ਼ਾਕ੍ਤਿਕਾਂ ਨੂੰ ਮਾੜਾ ਕਹਿੰਦੇ ਸਨ। ਸਹਿਜੇ ਸਹਿਜੇ ਇਹ ਪਦ ਪਰਮੇਸ਼੍ਵਰ ਤੋਂ ਭੁੱਲਿਆਂ, ਮਾਇਆ ਧਾਰੀਆਂ ਤੇ ਵਿਕਾਰੀਆਂ ਆਦਿਕਾਂ ਦੇ ਅਰਥ ਦੇਣ ਲਗ ਪਿਆ। ਅਰਬੀ ਵਿਚ ਸਾਕ਼ਤ਼ 'ਟੁੱਟੇ ਹੋਏ' ਨੂੰ ਕਹਿੰਦੇ ਹਨ।

ਅਫਾਰ—[ਵੇਖੋ ਪੰਨਾ ੬੩੩]=ਅ+ਫ਼ਾਰ=ਜੋ ਫਾੜਿਆ ਨਾ ਜਾ ਸਕੇ, ਭਾਵ ਮੋੜਿਆ ਨਾ ਜਾ ਸਕੇ। (ਅ) ਅਫਾਰ [ਅ਼ਰਬੀ, ਇਫ਼੍ਰਾਤ਼]=ਬਹੁਤਾ।

---

*ਭਾਵ-ਜੀਵ ਇਸ ਕਰਕੇ ਵਿਗੜਦਾ ਹੈ ਕਿ ਕਰਤਾਰ ਕਰਤਾ ਪੁਰਖ ਨੂੰ ਕਰਤਾ ਵੇਖਦਾ ਤੇ ਉਸ ਵਿਚ ਲਗਾ ਨਹੀਂ ਰਹਿੰਦਾ। ਇਹ ਉਸ ਨੂੰ ਛਡਕੇ ਮਾਇਕ ਸੁਆਦਾਂ ਵਿਚ ਖਚਿਤ ਹੈ, ਤੇ ਪਉੜੀ ਵਿਚ ਦੱਸਣਗੇ ਕਿ ਮਾਇਕ ਸੁਆਦ ਬੰਧਨ ਹਨ ਜੀਵ ਦੇ।

†ਕੋਈ ਕਹੇ ਕੱਚੀ ਕੰਧ ਨੂੰ ਐਨੀ ਵਾਰ ਧੋਵੇ ਤਾਂ ਸਾਫ਼ ਚਿੱਟੀ ਹੋ ਜਾਏਗੀ ਤਾਂ ਗ਼ਲਤ ਹੈ। ਤਿਵੇਂ ਕਰਮ ਕਾਂਡ ਦੇ ਐਨੇ ਕਰਮ ਕਰਕੇ 'ਹਉਂ ਦੀ ਕੰਧ' ਸੁੱਧ ਹੋ ਜਾਏਗੀ ਕਹਿਣਾ ਗ਼ਲਤ ਹੈ, ਕਿਉਂਕਿ ਇਹ ਕਰਮ ਤਾਂ ਕਰੀਦੇ ਹੀ ਹਉਂ ਨਾਲ ਹਨ। ਹਉਂ ਦੇ ਕਰਮ ਹਉਂ ਦੀ ਸਫਾਈ ਨਹੀਂ ਕਰ ਸਕਦੇ। ਕੰਧ ਹਉਂ ਦੀ ਹੈ, ਯਥਾ—'ਵਿਚਿ ਹਉਮੈ ਭੀਤਿ ਕਰਾਰੀ ॥' ਅਗਲੀ ਤੁਕ ਵਿਚ ਦੱਸਦੇ ਹਨ ਕਿ ਇਹ ਸਫਾਇ ਗਜਾਨ ਨਾਲ ਹੁੰਦੀ ਹੈ। ਗੁਰਬਾਣੀ ਵਿਚ ਕੱਚੀ ਕੰਧ ਦੇਹ ਪਰਥਾਇ ਬੀ ਆਉਂਦਾ ਹੈ—ਜਲਿ ਧੋਵੈ ਬਹੁ ਦੇਹ ਅਨੀਤਿ॥ ਸੁਧ ਕਹਾ ਹੋਇ ਕਾਚੀ ਭੀਤਿ ॥ [ਸੁਖਮਨੀ, ੩-੩] ਦਾਰਸ਼ਨਿਕ ਪਹਿਲੂ ਤੋਂ ਦੇਹ ਬੀ ਹਉਮੈਂ ਦਾ ਵਿਕਾਰ ਹੈ।

ਸਲੋਕੁ ॥ ਟੂਟੇ ਬੰਧਨ ਜਾਸੁ ਕੇ ਹੋਆ ਸਾਧੂ ਸੰਗੁ ॥ ਜੋ ਰਾਤੇ ਰੰਗ ਏਕ ਕੈ ਨਾਨਕ ਗੂੜਾ ਰੰਗੁ ॥੧॥

[ਪ੍ਰਸ਼ਨ: ਪ੍ਰਭੂ ਆਪ ਕਿੰਵ ਬੰਧਨਾਂ ਵਿਚ ਪਏ ਜੀਵ ਦੀ ਬੁੱਧੀ ਨੂੰ ਸ਼ੁਧ ਕਰਕੇ ਉਸ ਨੂੰ ਨਿਰਬੰਧ ਕਰਦੇ ਹਨ ? ਉੱਤਰ:] ਜਿਸ ਦੇ ਤਾਈਂ ਸਾਧੂ ਦਾ ਸੰਗ (ਪ੍ਰਾਪਤ) ਹੋਇਆ (ਉਸ ਦੇ) ਬੰਧਨ* ਟੁਟ ਗਏ† (ਐਉਂ) ਜਿਹੜੇ (ਨਿਰਬੰਧ ਹੋਕੇ) ਇਕ (ਪਰਮੇਸ਼ੁਰ) ਦੇ ਪ੍ਰੇਮ ਵਿਚ ਰੰਗੇ ਗਏ (ਉਨ੍ਹਾਂ ਨੂੰ) ਗੂੜ੍ਹਾ ਰੰਗ ਚੜ੍ਹ ਗਿਆ (ਭਾਵ ਪੂਰਨ ਆਨੰਦ ਪ੍ਰਾਪਤ ਹੋ ਗਿਆ ਤੇ ਪਿਛਲੇ ਕੁਸਮ ਰੰਗ ਬਿਖ ਸੋਰ ਦੂਰ ਹੋ ਗਏ) ਹੇ ਨਾਨਕ ॥੧॥

ਪਉੜੀ॥ ਰਾਰਾ ਰੰਗਹੁ ਇਆ ਮਨੁ ਅਪਨਾ ॥ ਹਰਿ ਹਰਿ ਨਾਮੁ ਜਪਹੁ ਜਪੁ ਰਸਨਾ ॥ ਰੇ ਰੇ ਦਰਗਹ ਕਹੈ ਨ ਕੋਊ ॥ ਆਉ ਬੈਠੁ ਆਦਰੁ ਸੁਭ ਦੇਊ ॥ ਉਆ ਮਹਲੀ ਪਾਵਹਿ ਤੂ ਬਾਸਾ ॥ ਜਨਮ ਮਰਨ ਨਹ ਹੋਇ ਬਿਨਾਸਾ ॥ ਮਸਤਕਿ ਕਰਮੁ ਲਿਖਿਓ ਧੁਰਿ ਜਾਕੈ ॥ ਹਰਿ ਸੰਪੈ ਨਾਨਕ ਘਰਿ ਤਾਕੈ ॥੧੦॥

[ਜਗਜਾਸੂ–ਇਕ ਦੇ ਰੰਗ ਵਿਚ, ਹੇ ਗੁਰੂ ਜੀ ! ਕੀਕੂੰ ਰਚੀ ਦਾ ਹੈ ? ਗੁਰੂ ਜੀ ਦਾ ਉੱਤਰ:] ਰਾਰੇ (ਦੁਆਰਾ ਉਪਦੇਸ਼ ਹੈ) ਇਸ ਅਪਣੇ ਮਨ ਨੂੰ (ਹਰੀ ਦੇ ਪ੍ਰੇਮ ਨਾਲ) ਰੰਗੋ । (ਜਗਜਾਸੂ ਦਾ ਪ੍ਰਸ਼ਨ–ਮਨ ਨੂੰ ਪ੍ਰੇਮ ਨਾਲ ਕਿਸ ਪ੍ਰਕਾਰ ਰੰਗੀਏ ? ਉੱਤਰ:) ਪਰਮੇਸ਼ੁਰ ਦਾ ਨਾਮ ਜਪੋ, (ਹਾਂ) ਰਸਨਾ ਦੁਆਰੇ ਜਪੋ‡ (ਤਦ ਤੈਨੂੰ) ਦਰਗਾਹ ਵਿਚ 'ਓਇ ਓਇ' ਕੋਈ ਨਹੀਂ ਕਹੇਗਾ, (ਸਗੋਂ ਇਹ ਕਹਿਣਗੇ) ਆਓ ਬੈਠੋ (ਤੇ) ਸ੍ਰੇਸ਼ਟ ਆਦਰ ਦੇਣਗੇ। ਉਨ੍ਹਾਂ ਮਹਿਲਾਂ ਵਿਚ ਤੂੰ ਵਾਸਾ ਪਾਵੇਂਗਾ (ਜਿੱਥੇ) ਜੰਮਣੇ ਮਰਨੇ ਨਹੀਂ ਹੁੰਦੇ ਤੇ ਬਿਨਾਸ ਨਹੀਂ ਹੁੰਦਾ। ਪਰ ਜਿਸਦੇ ਮੱਥੇ ਪੁਰ ਧੁਰੋਂ (ਪ੍ਰਭੂ ਨੇ ਐਸਾ) ਕਰਮ ਲਿਖਿਆ ਹੈ, ਹਰੀ (ਰੂਪੀ)✖ ਦੌਲਤ ਉਸ ਦੇ ਘਰ (=ਹ੍ਰਿਦੇ ਵਿਚ ਪ੍ਰਾਪਤ ਹੁੰਦੀ) ਹੈ, ਹੇ ਨਾਨਕ ! ॥ ੧੦ ॥

**ਨਿਰੁਕ੍ਤ**–ਕਰਮ–[ਸੰਸ:, ਕਰ੍ਮਨ੍=ਪ੍ਰਾਰਬਧ ।] ਭਾਗ, ਕਿਸਮਤ, 'ਪੁੰਨ ਕਰਮ' । ਚੰਗੇ ਭਾਗ ਜੋ ਬਣਦੇ ਹਨ ਸੋ ਪੁੰਨ ਰੂਪੀ ਕਰਮਾਂ ਨਾਲ ਬਣਦੇ ਹਨ (ਦੇਖੋ ਪੰਨਾ ੪੦੧) ।

ਸਲੋਕੁ ॥ ਲਾਲਚ ਝੂਠ ਬਿਕਾਰ ਮੋਹ ਬਿਆਪਤ ਮੂੜੇ ਅੰਧ॥ ਲਾਗਿ ਪਰੇ ਦੁਰਗੰਧ ਸਿਉ ਨਾਨਕ ਮਾਇਆ ਬੰਧ ॥ ੧ ॥

[ਪ੍ਰਸ਼ਨ, ਜੀਵ ਕਿਉਂ ਬੰਧ ਵਿਚ ਪੈਂਦੇ ਹਨ ? ਉੱਤਰ:–] ਮੂਰਖਾਂ (ਤੇ) ਅੰਨ੍ਹਿਆਂ ਨੂੰ ਲਾਲਚ ਝੂਠ ਤੇ ਮੋਹ ਦੇ ਵਿਕਾਰ ਗ੍ਰਸ ਲੈਂਦੇ ਹਨ, ਓਹ (ਐਉਂ) ਮਾਇਆ ਦੇ ਬੰਧਨਾਂ (ਵਿਚ ਫਸੇ ਹੋਏ) ਦੁਰਗੰਧ ਵਿਚ ਲਗ ਪੈਂਦੇ ਹਨ, ਹੇ ਨਾਨਕ ! ॥੧॥

ਪਉੜੀ ॥ ਲਲਾ ਲਪਟਿ ਬਿਖੈ ਰਸ ਰਾਤੇ ॥ ਅਹੰਬੁਧਿ ਮਾਇਆ ਮਦ ਮਾਤੇ॥ਇਆ ਮਾਇਆ ਮਹਿ ਜਨਮਹਿ ਮਰਨਾ॥ ਜਿਉ ਜਿਉ ਹੁਕਮੁ ਤਿਵੈ ਤਿਉ ਕਰਨਾ ॥ ਕੋਊ ਊਨ

[ਹੁਣ ਫਲ ਦੱਸਦੇ ਹਨ ਦੁਰਗੰਧੀ ਦਾ] ਲਲੇ (ਦੁਆਰਾ ਉਪਦੇਸ਼ ਦਿੰਦੇ ਹਨ ਕਿ ਜੋ) ਵਿਸ਼ੇ ਰਸਾਂ ਦੀ ਲਪੇਟ ਵਿਚ ਰਚ ਰਹੇ ਹਨ ਅਤੇ ਹਉਮੈਂ ਵਾਲੀ ਬੁੱਧੀ (ਤੇ) ਮਾਇਆ ਦੇ ਨਸ਼ਈ ਹੋ ਰਹੇ ਹਨ, (ਉਨ੍ਹਾਂ ਨੇ) ਇਸੇ ਮਾਇਆ ਦੇ ਗੇੜ) ਵਿਚ ਹੀ ਜੰਮਣਾ ਤੇ ਮਰਨਾ ਹੈ। ਜਿਉਂ ਜਿਉਂ ਹੁਕਮ (ਹੈ) ਤਿਵੇਂ ਤਿਵੇਂ ਕਰਨਾ ਹੈ, ਕੋਈ ਊਣਾ ਨਹੀਂ ਕੋਈ ਪੂਰਾ ਨਹੀਂ । ਨਾ

*ਓਹ ਬੰਧਨ ਜੋ ਪਿਛਲੀ ਪਉੜੀ ਵਿਚ ਕਹੇ ਹਨ 'ਤਹ ਤਹ ਬੰਧਨ ਪਾਹਿ' ਆਦਿ ।

†ਐਉਂ ਬੀ ਲਾਉਣ ਦਾ ਜਤਨ ਹੋਇਆ ਹੈ–ਜਿਸ ਦੇ ਬੰਧਨ ਟੁਟ ਗਏ (ਜਾਣੋ ਕਿ ਉਸ ਨੂੰ) ਸਤਿਸੰਗ (ਪ੍ਰਾਪਤ) ਹੋਇਆ ਹੈ ।

‡(ਅ) ਪਰਮੇਸ਼ੁਰ ਦਾ 'ਨਾਮ ਜਪ' ਰਸਨਾ ਨਾਲ ਜਪੋ ।

✖ਭਾਵ ਹਰਿਨਾਮ ਰੂਪੀ।

ਨ ਕੋਊ ਪੂਰਾ ॥ ਕੋਊ ਸੁਘਰੁ ਨ ਕੋਊ ਮੂਰਾ ॥ ਜਿਤੁ ਜਿਤੁ ਲਾਵਹੁ ਤਿਤੁ ਤਿਤੁ ਲਗਨਾ ॥ ਨਾਨਕ ਠਾਕੁਰ ਸਦਾ ਅਲਿਪਨਾ ॥੧੧॥

ਕੋਈ ਸੁਘੜ (ਸਿਆਣਾ) ਹੈ ਨਾ ਕੋਈ ਮੂਰਖ ਹੈ। ਜਿਧਰ ਜਿਧਰ ਲਾਵੇ ਉਧਰ ਉਧਰ ਲਗਣਾ ਹੈ (ਜੀਵਾਂ ਨੇ; ਆਪ) ਠਾਕੁਰ ਸਦਾ ਨਿਰਲੇਪ ਹੈ, ਹੇ ਨਾਨਕ* ! ॥ ੧੧ ॥

**ਨਿਰੁਕਤ**–ਮੂੜੇ–[ਵੇਖੋ ਪੰਨਾ ੩੨੯, ਕਾਹੇ ਗਰਬਸਿ ਮੂੜੇ ਮਾਇਆ॥[ਸਿਰੀਰਾਗ ਮ: ੧-੨੬]। ਏਥੇ ਮੂੜੇ ਸੰਬੋਧਨ ਕਾਰਕ ਵਿਚ ਹੈ। ਮੂੜੇ=ਹੇ ਮੂੜ !] ਮਨ ਜਿਨ੍ਹਾਂ ਦਾ ਮੋਹ ਵਿਚ ਗ੍ਰਸਤ ਹੈ, ਐਸੇ ਮੂਰਖਾਂ ਨੂੰ।

ਅੰਧ-[ਸੰਸ:,] ਨੇਤ੍ਰਹੀਣ, ਅੰਨ੍ਹੇ। ਏਥੇ ਭਾਵ ਹੈ ਗਿਆਨ ਹੀਣ। ਬੁੱਧੀ ਜਿਨ੍ਹਾਂ ਦੀ ਵਿਵੇਕ ਵਿਚ ਨਹੀਂ। ਦੁਰਗੰਧ–[ਸੰਸ:, ਦੁਰ੍ਗੰਧ] ਬੁਰੀ ਗੰਦੀ ਬੋ, ਭੈੜੀ ਵਾਸ਼ਨਾ। ਭਾਵ ਅਹੰਬੁਧਿ ਤੇ ਬਿਖਿਆਂ ਦੇ ਰਸ, ਵਿਸ਼ੇ ਭੋਗ।

ਸਲੋਕੁ ॥ ਲਾਲ ਗੁਪਾਲ ਗੋਬਿੰਦ ਪ੍ਰਭ ਗਹਿਰ ਗੰਭੀਰ ਅਥਾਹ ॥ ਦੂਸਰ ਨਾਹੀ ਅਵਰੁ ਕੋ ਨਾਨਕ ਬੇਪਰਵਾਹ ॥੧॥

[ਜਿਸ ਪ੍ਰਭੂ ਨੂੰ ਪ੍ਰੇਮ ਕਰਨਾ ਹੈ ਉਸਦਾ ਸਰੂਪ:] ਪਿਆਰਾ ਪ੍ਰਭੂ ਪ੍ਰਿਥਵੀ ਦਾ ਪਾਲਣਹਾਰ (ਤੇ) ਸ੍ਰਿਸ਼ਟੀ ਨੂੰ ਜਾਣਨੇ ਹਾਰ ਹੈ, ਅਤਿਅੰਤ ਡੂੰਘਾ ਹੈ, ਤੇ ਬੇਅੰਤ ਹੈ। ਫਿਰ (ਓਹ) ਬੇਪਰਵਾਹ ਹੈ, (ਉਸ ਜੈਸਾ) ਦੂਸਰਾ ਹੋਰ ਕੋਈ ਨਹੀਂ ਹੈ (ਫੁਰਮਾਉਂਦੇ ਹਨ ਗੁਰੂ) ਨਾਨਕ ॥ ੧ ॥

ਪਉੜੀ॥ਲਲਾ ਤਾਕੈ ਲਵੈ ਨ ਕੋਊ॥ ਏਕਹਿ ਆਪਿ ਅਵਰ ਨਹ ਹੋਊ ॥ ਹੋਵਨਹਾਰੁ ਹੋਤ ਸਦ ਆਇਆ ॥ ਉਆ ਕਾ ਅੰਤੁ ਨ ਕਾਹੂ ਪਾਇਆ॥ ਕੀਟ ਹਸਤਿ ਮਹਿ ਪੂਰ ਸਮਾਨੇ ॥ ਪ੍ਰਗਟ ਪੁਰਖ ਸਭ ਠਾਊ ਜਾਨੇ ॥ ਜਾ ਕਉ ਦੀਨੋ ਹਰਿ ਰਸੁ ਅਪਨਾ॥ ਨਾਨਕ ਗੁਰਮੁਖਿ ਹਰਿ ਹਰਿ ਤਿਹ ਜਪਨਾ ॥ ੧੨ ॥

ਲਲੈ (ਦੁਆਰਾ ਕਹਿੰਦੇ ਹਨ) ਉਸ (ਪ੍ਰਭੂ ਦੇ) ਬਰੱਬਰ ਦਾ ਕੋਈ ਨਹੀਂ। (ਅਪਣੇ ਵਰਗਾ) ਇਕੋ ਹੀ ਆਪ (ਉਹ ਹੈ) ਹੋਰ ਕੋਈ ਨਹੀਂ ਹੈ। (ਓਹ ਪਿੱਛੇ) ਸਦਾ ਤੋਂ (ਹੁਣ ਤਾਈਂ) ਹੁੰਦਾ ਆਇਆ ਹੈ, (ਤੇ ਅੱਗੋਂ) ਸਦਾ ਹੀ ਹੁੰਦਾ ਰਹੇਗਾ†। ਉਸਦਾ ਅੰਤ ਕਿਸੇ ਨੇ ਨਹੀਂ ਪਾਇਆ। ਉਹ ਕੀੜੀ ਤੇ ਹਾਥੀ (ਸਭ) ਵਿਚ ਇਕੋ ਜੇਹਾ ਪੂਰਨ ਹੋਕੇ ਸਮਾ (=ਵਿਆਪ) ਰਿਹਾ ਹੈ। ਓਹ ਪਰਮੇਸ਼ੁਰ ਪ੍ਰਗਟ ਹੈ ਤੇ ਸਭ ਥਾਵੀਂ ਪ੍ਰਸਿੱਧ ਹੈ। (ਉਸ ਨੇ) ਆਪਣਾ ਹਰਿ ਰਸ ਜਿਸਨੂੰ ਦਿੱਤਾ ਹੈ, ਉਸ ਗੁਰਮੁਖ ਨੇ ਹਰਿ ਹਰਿ ਜਪਣਾ ਹੈ, ਹੇ ਨਾਨਕ ! ॥ ੧੨ ॥

---

*ਭਾਵ, ਮਾਇਆ ਵਿਚ ਲਿਪਟੇ ਹੋਏ ਜੀਵ ਤੈਨੂੰ ਭੁੱਲ ਤਾਂ ਜਾਂਦੇ ਹਨ ਪਰ ਤੇਰੇ ਹੁਕਮ ਦੀ ਜ਼ਦ ਤੋਂ ਬਾਹਰ ਨਹੀਂ ਹੋ ਸਕਦੇ। ਉਸ ਹੁਕਮ ਅਨੁਸਾਰ ਉਹਨਾਂ ਦਾ ਜੰਮਣ ਮਰਨ ਹੁੰਦਾ ਰਹਿੰਦਾ ਹੈ। ਓਹਨਾਂ ਦੀ ਅਪਣੀ ਚਲਾਕੀ ਏਸ ਗਲ ਵਿਚ ਉਹਨਾਂ ਦੀ ਮਦਦ ਨਹੀਂ ਕਰ ਸਕਦੀ। ਤੇਰਾ ਹੁਕਮ ਸੁਘੜ ਤੇ ਮੂਰਖ ਉਪਰ ਇਕੋ ਜੇਹਾ ਹਾਵੀ ਹੈ।

ਫਿਰ ਇਹ ਭਾਵ ਬੀ ਹੈ ਕਿ ਜੀਵਾਂ ਦੇ ਬਿਖੇ ਰਸਾਂ ਵਿਚ ਫਸਣ ਵਿਚ ਈਸ਼ੁਰ ਜ਼ਿੰਮੇਵਾਰ ਨਹੀਂ ਓਹ ਅਲੇਖ ਹੈ, ਜਿਵੇਂ ਅਕਾਸ਼ ਯਾ ਚਾਨਣ ਨਿਰਲੇਪ ਹਨ, ਹਾਂ ਈਸ਼ੁਰ ਕਰਮ ਫਲ ਪ੍ਰਦਾਤਾ ਹੈ ਜੈਸਾ ਕਿ ਫੁਰਮਾਨ ਹੈ:—

ਹੁਕਮਿ ਚਲਾਏ ਆਪਣੈ ਕਰਮੀ ਵਹੈ ਕਲਾਮ ॥ [ਸਾਰੰ: ਵਾ: ਮਹਲਾ ੧–੯

ਇਹੋ ਗਲ ਇਸੇ ਬਾਵਨ ਅਖਰੀ ਦੀ ੧੭ਵੀਂ ਪਉੜੀ ਦੇ ਸਲੋਕ ਵਿਚ ਗੁਰੂ ਜੀ ਨੇ ਦੱਸੀ ਹੈ:–'ਕਰਮ ਕਿਰਤਿ ਕੀ ਰੇਖ' ਕੀਤੇ ਕਰਮਾਂ ਦੀ ਰੇਖਾ ਅਨੁਸਾਰ।

†ਭਾਵ, ਭੂਤ ਭਵਿੱਖਤ ਵਿਚ ਉਹ ਸਦਾ ਸੱਤ ਸਰੂਪ ਹੈ, ਜੋ ਭੂਤ ਭਵਿੱਖਤ ਵਿਚ ਸੱਤ ਹੈ ਉਹ ਵਰਤਮਾਨ ਵਿਚ ਬੀ ਸੱਤ ਹੈ।

**ਨਿਰੁਕ੍ਤ**–ਗਹਿਰ ਗੰਭੀਰ–[ਹਿੰਦੀ, ਗਹਿਰ=ਡੂੰਘਾ। ਸੰਸ:, ਗੰਭੀਰ=ਡੂੰਘਾ] ਅਤਯੰਤ ਡੂੰਘਾ। ਭਾਵ ਜਿਸ ਦੇ ਭੇਤ ਨੂੰ ਨਹੀਂ ਜਾਣ ਸਕੀਦਾ।

ਅਥਾਹ–ਇੰਨਾ ਡੂੰਘਾ ਕਿ ਥਾਹ ਨਾ ਲੱਭੇ, ਭਾਵ ਜਿਸ ਦਾ ਅੰਤ ਨ ਪਾਇਆ ਜਾ ਸਕੇ।

ਸਲੋਕੁ ॥ ਆਤਮ ਰਸੁ ਜਿਹ ਜਾਨਿਆ ਹਰਿ ਰੰਗ ਸਹਜੇ ਮਾਣੁ॥ ਨਾਨਕ ਧਨਿ ਧਨਿ ਧੰਨਿ ਜਨ ਆਏ ਤੇ ਪਰਵਾਣੁ ॥ ੧ ॥

[ਪ੍ਰਸ਼ਨ:- ਹਰੀ ਰਸ ਆਤਮ ਰਸ ਤੇ ਨਾਮ ਰਸ ਭਿੰਨ ਭਿੰਨ ਹਨ ? ਉੱਤਰ :] ਜਿਨ੍ਹਾਂ ਨੇ ਆਤਮ ਰਸ ਨੂੰ ਜਾਣ ਲਿਆ ਹੈ (ਓਹ ਫਿਰ ਹਰਿ (ਰਸ ਦਾ) ਅਨੰਦ ਸਹਜੇ ਹੀ ਮਾਣਦੇ ਹਨ*। (ਓਹ) ਪੁਰਖ ਧੰਨ ਹਨ, ਧੰਨ ਹਨ, ਧੰਨ ਹਨ, ਓਹੀ (ਸੰਸਾਰ ਵਿਚ) ਆਏ ਪ੍ਰਮਾਣੀਕ ਹਨ, ਹੇ ਨਾਨਕ ! ॥ ੧ ॥

ਪਉੜੀ ॥ ਆਇਆ ਸਫਲ ਤਾਹੂ ਕੋ ਗਨੀਐ॥ਜਾਸੁ ਰਸਨ ਹਰਿ ਹਰਿ ਜਸੁ ਭਨੀਐ॥ਆਇ ਬਸਹਿ ਸਾਧੂ ਕੈ ਸੰਗੇ ॥ ਅਨਦਿਨੁ ਨਾਮੁ ਧਿਆਵਹਿ ਰੰਗੇ॥ਆਵਤ ਸੋ ਜਨੁ ਨਾਮਹਿ ਰਾਤਾ ॥ ਜਾਕਉ ਦਇਆ ਮਇਆ ਬਿਧਾਤਾ ॥ ਏਕਹਿ ਆਵਨ ਫਿਰਿ ਜੋਨਿ ਨ ਆਇਆ ॥ ਨਾਨਕ ਹਰਿ ਕੈ ਦਰਸਿ ਸਮਾਇਆ ॥੧੩॥

[ਨਾਮ ਰਸ ਦਾ ਵੇਰਵਾ ਇਹ ਹੈ] (ਸੰਸਾਰ ਵਿਚ) ਆਯਾ ਉਸ ਦਾ ਸਫਲ ਗਿਣੀਦਾ ਹੈ, ਜਿਸਦੀ ਰਸਨਾ ਪਰਮੇਸ਼ੁਰ ਦਾ ਜਸ ਕਥਨ ਕਰਦੀ ਹੈ। (ਇਹ ਇਸ ਤਰ੍ਹਾਂ ਹੁੰਦਾ ਹੈ ਕਿ ਪਹਿਲਾਂ ਉਹ) ਸਾਧੂ ਦੇ ਸੰਗ ਵਿਚ ਆ ਵਸਦਾ ਹੈ (ਉਹ ਫਿਰ) ਦਿਨ ਰਾਤ ਪ੍ਰੇਮ ਨਾਲ ਨਾਮ ਨੂੰ ਧਿਆਉਂਦਾ ਹੈ। (ਸੋ ਇਸ ਜਗਤ ਵਿਚ) ਉਹੋ ਜਨ (ਹੀ ਸਫਲ) ਆਉਂਦਾ ਹੈ (ਜੋ ਆਕੇ) ਨਾਮ ਵਿਚ ਰਚ ਜਾਂਦਾ ਹੈ, ਜਿਸ ਉਪਰ ਪਰਮੇਸ਼ੁਰ ਦੀ ਦਇਆ ਤੇ ਮੇਹਰ (ਪ੍ਰਸੰਨਤਾ) ਹੁੰਦੀ ਹੈ। (ਉਸਦਾ ਇਹ ਆਉਣਾ) ਇਕੋ (ਵਾਰੀ ਦਾ) ਆਉਣਾ ਹੁੰਦਾ ਹੈ (ਉਹ) ਫੇਰ ਜਨਮ ਵਿਚ ਨਹੀਂ ਆਉਂਦਾ। ਉਹ ਪਰਮੇਸ਼ੁਰ ਦੇ ਦਰਸ਼ਨ ਵਿਚ ਸਮਾ ਜਾਂਦਾ ਹੈ, ਹੇ ਨਾਨਕ† !

**ਨਿਰੁਕ੍ਤ**–ਆਤਮ ਰਸੁ–[ਸੰਸ:, ਆਤ੍ਮਨ੍+ਰਸ:] ਅਪਣੇ ਵਿਚ ਟਿਕਿਆਂ ਜੋ ਆਪੇ ਦਾ ਰਸ ਆਵੇ।

ਹਰਿ ਰੰਗ–[ਸੰਸ: ਹਰਿ:+ਰੰਗ:] ਪਰਮੇਸ਼ੁਰ ਪ੍ਰਾਪਤੀ ਤੇ ਜੋ ਆਨੰਦ ਆਵੇ।

ਸਲੋਕੁ ॥ ਯਾਸੁ ਜਪਤ ਮਨਿ ਹੋਇ ਅਨੰਦੁ ਬਿਨਸੈ ਦੂਜਾ ਭਾਉ ॥ ਦੂਖ ਦਰਦ ਤ੍ਰਿਸਨਾ ਬੁਝੈ ਨਾਨਕ ਨਾਮਿ ਸਮਾਉ ॥ ੧ ॥

[ਪ੍ਰਸ਼ਨ:- ਨਾਮ ਜਪਣਨਾਲ ਕੀਕੂੰ ਸਮਾਈ ਹੁੰਦੀ ਹੈ?ਉਤਰ:–] ਜਿਸ (ਪਰਮੇਸ਼ੁਰ) ਦੇ (ਨਾਮ ਨੂੰ) ਜਪਦਿਆਂ ਮਨ ਵਿਚ ਅਨੰਦ ਹੋਵੇ (ਤੇ) ਦੂਜਾ ਭਾਉ ਨਾਸ਼ ਹੋ ਜਾਵੇ, ਦੁਖ ਪੀੜਾ ਤੇ (ਇਨ੍ਹਾਂ ਦਾ ਕਾਰਨ) ਤ੍ਰਿਸ਼ਨਾ ਮਿਟ ਜਾਵੇ, ਹੇ ਨਾਨਕ (ਉਸੇ ਨਾਮ ਦੇ) ਨਾਮੀ ਵਿਚ (ਅੰਤ ਨੂੰ) ਸਮਾਈ ਹੋ ਜਾਂਦੀ ਹੈ ॥੧॥

---

*ਭਾਵ ਹੈ (ਨਾਮ ਨਾਲ) ਮਨ ਏਕਾਗਰ ਹੋਣੇ ਮਗਰੋਂ ਸਾਈਂ ਦਾ ਰਸ ਫਿਰ ਬਹੁਤ ਯਤਨ ਨਹੀਂ ਮੰਗਦਾ, ਉਸ ਵਲ ਜੋ ਸੇਧ ਬੱਝ ਰਹੀ ਹੈ ਉਹ ਸੁਤੇ ਹੀ ਉਸ ਵਿਚ ਲੈ ਜਾਂਦੀ ਹੈ। ਪਉੜੀ ਵਿਚ ਇਹੋ ਗਲ ਖੋਹਲੀ ਹੈ।

†ਭਾਵ ਇਹ ਹੈ ਕਿ ਰਸਨਾ ਨਾਲ ਨਾਮ ਜਪਣ ਨਾਲ ਨਾਮ ਦੇ ਰਸ ਵਿਚ ਰੱਤਿਆ ਜਾਂਦਾ ਹੈ। ਨਾਮ ਵਿਚ ਸਾਧੂ ਦੇ ਸੰਗ ਨਾਲ ਲਗਦਾ ਹੈ। ਇਸ 'ਨਾਮ ਰਤਿ' ਹੋਣ ਨਾਲ ਆਤਮ ਰਸ ਤੇ ਆਤਮ ਰਸ ਨਾਲ ਹਰੀ ਰਸ ਪ੍ਰਾਪਤ ਹੁੰਦਾ ਹੈ।

ਪਉੜੀ ॥ ਯਯਾ ਜਾਰਉ ਦੁਰਮਤਿ ਦੋਊ ॥ ਤਿਸਹਿ ਤਿਆਗਿ ਸੁਖ ਸਹਜੇ ਸੋਊ ॥ ਯਯਾ ਜਾਇ ਪਰਹੁ ਸੰਤ ਸਰਨਾ॥ ਜਿਹ ਆਸਰ ਇਆ ਭਵਜਲੁ ਤਰਨਾ ॥ ਯਯਾ ਜਨਮਿ ਨ ਆਵੈ ਸੋਊ ॥ ਏਕ ਨਾਮ ਲੇ ਮਨਹਿ ਪਰੋਊ ॥ ਯਯਾ ਜਨਮੁ ਨ ਹਾਰੀਐ ਗੁਰ ਪੂਰੇ ਕੀ ਟੇਕ ॥ ਨਾਨਕ ਤਿਹ ਸੁਖੁ ਪਾਇਆ ਜਾਕੈ ਹੀਅਰੈ ਏਕ ॥ ੧੪ ॥

ਯੱਯੇ (ਦੁਆਰਾ ਉਪਦੇਸ਼ ਹੈ ਕਿ ਹੇ ਜਗਜਾਸੂ! ਜੋ ਬੁੱਧੀ) ਦ੍ਵੈਤ ਭਾਵਨਾ ਵਿਚ ਲਾਵੇ ਉਹ) ਖੋਟੀ ਬੁਧੀ [ਹੈ, ਉਸਨੂੰ] ਸਾੜ ਦਿਓ। ਉਸਨੂੰ ਤਜਾਗ ਕੇ ਤਿਆਗਣ ਵਾਲਾ) ਸਹਜ ਵਾਲੇ ਸੁਖ ਵਿਚ ਸੌਂ (ਜਾਏਗਾ)* । (ਜਗਜਾਸੂ:-ਕਿਸ ਪ੍ਰਕਾਰ ਦੁਰਮਤ ਸੜੇ ?) ਯੱਯੇ (ਦ੍ਵਾਰਾ ਉੱਤਰ ਕਹਿੰਦ ਹਨ-) ਸੰਤਾਂ ਦੀ ਸ਼ਰਨੀ ਜਾ ਪਉ। ਜਿਨ੍ਹਾਂਦੇ ਆਸਰੇ ਇਸ (ਸੰਸਾਰ) ਭੌਜਲ ਨੂੰ ਤਰ ਜਾਣਾ (ਪ੍ਰਾਪਤ ਹੁੰਦਾ) ਹੈ। (ਫਿਰ) ਯਯੇ (ਦ੍ਵਾਰਾ ਹੀ ਉਪਦਸ਼ ਹੈ) ਓਹ ਜਨਮ ਵਿਚ (ਫੇਰ) ਨਹੀਂ ਆਵੇਗਾ, (ਕਿ ਜੋ) ਇਕ ਨਾਮ ਨੂੰ ਲੈਕੇ ਮਨ ਵਿਚ ਪੁਰੋ ਲਵੇਗਾ। ਯਯੇ (ਦੁਆਰਾ ਉਪਦੇਸ਼ ਹੈ) ਪੂਰੇ ਗੁਰੂ ਦੀ ਟੇਕ ਲਈਏ (ਤਾਂ) ਜਨਮ ਨਹੀਂ ਹਾਰੀਦਾ। (ਕਿਉਂਕਿ) ਸੁਖ ਉਸਨੇ ਪਾਇਆ ਹੈ, ਜਿਸਦੇ ਹਿਰਦੇ ਵਿਚ ਇਕੋ (ਉਹੀ ਵਾਹਿਗੁਰੂ ਵਸਦਾ) ਹੈ (ਸ੍ਰੀ) ਨਾਨਕ (ਗੁਰੂ ਜੀ ਦਾ ਵਾਕ ਹੈ ॥ ੧੪ ॥

ਸਲੋਕੁ ॥ ਅੰਤਰਿ ਮਨ ਤਨ ਬਸਿ ਰਹੇ ਈਤ ਊਤ ਕੇ ਮੀਤ ॥ ਗੁਰਿ-ਪੂਰੈ ਉਪਦੇਸਿਆ ਨਾਨਕ ਜਪੀਐ ਨੀਤ ॥ ੧ ॥

[ਹੁਣ ਅਪਣੇ ਦੁਆਰਾ ਉਪਦੇਸ਼ ਕਰਦੇ ਹਨ:-] ੨. ਪੂਰੇ ਗੁਰੂ ਨੇ (ਸਾਨੂੰ) ਉਪਦੇਸ਼ ਦਿੱਤਾ ਸੀ (ਕਿ ਪਰਮ ਮਿਤ੍ਰ ਪ੍ਰਭੂ ਨੂੰ) ਦਿਨ ਰਾਤ ਜਪਣਾ ਚਾਹੀਏ. (ਸੋ ਉਸ ਜਪ ਦਾ ਇਹ ਫਲ ਹੋਇਆ ਹੈ ਕਿ ੧. ਮੇਰੇ) ਤਨ ਮਨ ਦੇ ਅੰਦਰ ਵੱਸ ਰਹੇ ਹਨ (ਪ੍ਰਭੂ ਜੀ, ਜੋ) ਲੋਕ ਪ੍ਰਲੋਕ ਦੇ ਮਿਤ੍ਰ (ਹਨ), ਹੇ ਨਾਨਕ! ॥੧॥

ਪਉੜੀ ॥ ਅਨਦਿਨੁ ਸਿਮਰਹੁ ਤਾਸੁ ਕਉ ਜੋ ਅੰਤਿ ਸਹਾਈ ਹੋਇ ॥ਇਹ ਬਿਖਿਆ ਦਿਨ ਚਾਰਿ ਛਿਅ ਛਾਡਿ ਚਲਿਓ ਸਭੁ ਕੋਇ ॥ ਕਾਕੋ ਮਾਤ ਪਿਤਾ ਸੁਤ ਧੀਆ ॥ ਗ੍ਰਿਹ ਬਨਿਤਾ ਕਛੁ ਸੰਗਿ ਨ ਲੀਆ ॥ ਐਸੀ ਸੰਚਿ ਜੁ ਬਿਨਸਤ ਨਾਹੀ ॥ ਪਤਿ ਸੇਤੀ ਅਪੁਨੈ ਘਰਿ ਜਾਹੀ ॥ ਸਾਧ ਸੰਗਿ ਕਲਿ ਕੀਰਤਨੁ ਗਾਇਆ ॥ ਨਾਨਕ ਤੇ ਤੇ ਬਹੁਰਿ ਨ ਆਇਆ ॥ ੧੫ ॥

ਦਿਨ ਰਾਤ ਉਸਨੂੰ ਸਿਮਰੋ ਜੋ ਅੰਤ ਨੂੰ ਸਹਾਈ ਹੋਵੇਗਾ। ਇਹ ਬਿਖਿਆ ਥੋੜੇ ਦਿਨਾਂ ਲਈ ਹੈ, (ਜਿਸਨੂੰ) ਸਭ ਕੋਈ ਛੱਡ ਕੇ ਚਲਾ ਜਾਂਦਾ ਹੈ। (ਜੇ ਕਹੋ ਸਨਬੰਧੀਆਂ ਦਾ ਮੋਹ, ਤਾਂ) ਕਿਸ ਦੇ (ਨਾਲ) ਮਾਤਾ ਪਿਤਾ ਪੁਤ੍ਰ ਤੇ ਧੀਆਂ (ਗਏ ਹਨ ?) ਘਰ, ਵਹੁਟੀ, ਕੁਛ (ਕਦੀ ਕਿਸੇ ਨੇ ਕੋਈ) ਨਾਲ ਨਹੀਂ ਲੀਤਾ, (ਤਾਂ ਤੇ) ਐਸੀ (ਸੰਪਦਾ) ਕੱਠੀ ਕਰ ਜੋ ਨਾਸ਼ ਨਹੀਂ ਹੁੰਦੀ (ਤਾਂ ਜੋ) ਪਤ ਨਾਲ ਆਪਣੇ ਘਰ ਜਾਵੇਂ । (ਯਾਦ ਰਖ) ਕਲਯੁਗ ਵਿਚ ਸਾਧਾਂ ਦੇ ਸੰਗ ਵਿਖੇ (ਜਿਨ੍ਹਾਂ ਜਿਨ੍ਹਾਂ ਨੇ) ਪ੍ਰਭੂ ਦਾ ਜਸ ਗਾਂਵਿਆਂ ਹੈ, (ਕਹਿੰਦੇ ਹਨ ਗੁਰੂ) ਨਾਨਕ, ਓਹ ਓਹ (ਪੁਰਖ ਸੰਸਾਰ ਵਿਚ) ਫੇਰ ਨਹੀਂ ਆਏ ॥ ੧੫ ॥

**ਨਿਰੁਕ੍ਤ**—ਈਤ ਊਤ—ਈਤ=ਇਸ (ਲੋਕ)ਦੇ। ਊਤ=ਉਸ (ਲੋਕ)ਦੇ, ਭਾਵ ਲੋਕ ਪ੍ਰਲੋਕਦੇ

ਬਿਖਿਆ—[ਦੇਖੋ ਪੰਨਾ ੩੯੮] ਵਿਸ਼ੇ ਭੋਗਾਂ ਦਾ ਰਸ।

(ਅ) (ਇਹ ਵਿਹੁਲੇ ਅਸਰ ਵਾਲੀ) ਮਾਇਆ।

ਦਿਨ ਚਾਰਿ ਛਿਅ—੬+੪=੧੦। ਫਾਰਸੀ ਮੁਹਾਵਰਾ ਹੈ ਹਫਤਹ ਅਸ਼ਰਹ=ਸਤਵਾਰਾ,

*ਭਾਵ ਸਹਜ ਅਵਸਥਾ ਵਿਚ ਟਿਕ ਜਾਏਗਾ। (ਅ) 'ਸੋਊ' ਦਾ ਅਰਥ 'ਸੌਂ ਜਾਓ' ਬੀ ਕਰ ਲੈਂਦੇ ਹਨ।

ਦਸਵਾਰਾ। ਜਿਵੇਂ ਅਸੀਂ ਕਹਿੰਦੇ ਹਾਂ ਅਠ ਦਸ ਦਿਨ। ਇਥੋਂ ਮੁਹਾਵਰਾ ਪਿਆ ਹੈ ਦਸ ਦਿਨ ਦਾ, ਮੁਰਾਦ ਹੈ ਅਲਪ ਕਾਲ, ਥੋੜਾ ਚਿਰ, ਯਥਾ:–

ਕਬੀਰ ਨਉਬਤਿ ਆਪਨੀ ਦਿਨ ਦਸ ਲੇਹੁ ਬਜਾਇ ॥ [ਸਲੋਕ ਕਬੀਰ ਜੀ–੮੦

ਤੇਤੇ– ਓਹ ਓਹ (ਬਹੁ ਵਚਨ ਹੈ) ਯਥਾ:–

ਤੇ ਸਾਧੂ ਹਰਿ ਮੇਲਹੁ ਸੁਆਮੀ ॥ [ਭੈਰਉ ਮਹਲਾ ੪ ੬

ਸਲੋਕੁ ॥ ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥ ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥ ੧ ॥

[ਪ੍ਰੇਮ ਵਿਹੂਣੇ ਗਜਾਨ ਨੂੰ ਮ੍ਰਿਤਕ ਤੁੱਲ ਦੱਸਦੇ ਹਨ:–] ਡਾਢਾ ਸੋਹਣਾ (ਹੋਵੇ), ਉਚੀ ਕੁਲ ਦਾ (ਹੋਵੇ), ਦਾਨਾ ਹੋਵੇ, ਮੁਖੀ ਗਿਆਨੀ ਹੋਵੇ (ਤੇ) ਧਨ ਵਾਲਾ (ਹੋਵੇ, ਪਰ) ਜਿਸ ਨੂੰ ਵਾਹਿਗੁਰੂ ਨਾਲ ਪ੍ਰੇਮ ਨਾ ਹੋਵੇ (ਉਸ ਨੂੰ) ਮੁਰਦਾ ਕਹੀਦਾ ਹੈ ਹੇ ਨਾਨਕ ! ॥ ੧ ॥

ਪਉੜੀ ॥ ਙਙਾ ਖਟੁ ਸਾਸਤ੍ਰ ਹੋਇ ਙਿਆਤਾ ॥ ਪੂਰਕੁ ਕੁੰਭਕ ਰੇਚਕ ਕਰਮਾਤਾ ॥ ਙਿਆਨ ਧਿਆਨ ਤੀਰਥ ਇਸਨਾਨੀ ॥ ਸੋਮਪਾਕ ਅਪਰਸ ਉਦਿਆਨੀ॥ ਰਾਮ ਨਾਮ ਸੰਗਿ ਮਨਿ ਨਹੀ ਹੇਤਾ ॥ ਜੋ ਕਛੁ ਕੀਨੋ ਸੋਊ ਅਨੇਤਾ ॥ ਉਆ ਤੇ ਊਤਮ ਗਨਉ ਚੰਡਾਲਾ ॥ ਨਾਨਕ ਜਿਹ ਮਨਿ ਬਸਹਿ ਗੁਪਾਲਾ॥੧੬॥

(ਹੋਰ ਸੁਣ ਹੇ ਜਗਜਾਸੂ) ਙਙੇ (ਦੁਆਰਾ ਉਪਦੇਸ਼ ਹੈ ਭਾਵੇਂ ਕੋਈ) ਛੇ ਸ਼ਾਸਤ੍ਰਾਂ ਦਾ ਜਾਣਨਹਾਰ ਹੋਵੇ, (ਭਾਵੇਂ ਕੋਈ) ਪੂਰਕ, ਕੁੰਭਕ, ਰੇਚਕ (ਪ੍ਰਾਣਾਯਾਮ ਦੇ ਇਸ ਤ੍ਰਿਧਾ) ਕਰਮ ਵਿਚ ਲੱਗਾ ਹੋਯਾ ਹੋਵੇ। (ਭਾਵੇਂ ਕੋਈ) ਗਿਆਨਵਾਨ ਹੋਵੇ, ਧਿਆਨਵਾਨ ਹੋਵੇ, ਤੀਰਥਾਂ ਦੇ ਨ੍ਹਾਉਣ ਵਾਲਾ ਹੋਵੇ। (ਭਾਵੇਂ ਕੋਈ) ਅਪਣੇ ਹੱਥੀਂ ਪਕਾਕੇ (ਖਾਣ ਵਾਲਾ ਹੋਵੇ) ਕਿਸੇ ਨਾਲ ਨਾ ਛੁਹਣ ਵਾਲਾ ਹੋਵੇ, ਬਨਬਾਸੀ ਹੋਵੇ, (ਜੇ) ਪਰਮੇਸ਼ੁਰ ਦੇ ਨਾਮ ਨਾਲ (ਉਸਨੂੰ ਅਪਣੇ) ਮਨ ਵਿਚ ਪਯਾਰ ਨਹੀਂ (ਤਾਂ) ਜੋ ਕੁਛ (ਬੀ ਉਸਨੇ) ਕੀਤਾ ਹੈ ਸੋ ਅਨਿਤ ਹੈ। ਉਸ ਨਾਲੋਂ (ਉਹ) ਚੰਡਾਲ ਉੱਤਮ ਜਾਣੋ ਕਿ ਜਿਸ ਦੇ ਮਨ ਵਿਚ ਵਾਹਿਗੁਰੂ ਵਸਦਾ ਹੈ, ਹੇ ਨਾਨਕ ! ॥ ੧੬ ॥

**ਨਿਰੁਕ**–ਮੁਖਿ ਙਿਆਨੀ–ਮੁਖੀ ਗਿਆਨੀ। ਇਸ ਦਾ 'ਵਾਚਕ ਗਜਾਨੀ' ਅਰਥ ਬੀ ਲੈਂਦੇ ਹਨ, ਪਰ ਉਹ ਅਰਥ ਅਪ੍ਰਸੰਗਕ ਹੈ ਕਿਉਂਕਿ ਜ਼ਿਕਰ ਗੁਣਾਂ ਦਾ ਚਲ ਰਿਹਾ ਹੈ ਅਵਗੁਣਾਂ ਦਾ ਨਹੀਂ।

ਕਹੀਅਹਿ–ਕਹੀਦਾ ਹੈ, ਜੇ ਪਾਠ 'ਕਹੀਅਹਿਂ' ਸਮਝਿਆ ਜਾਵੇ ਤਾਂ 'ਕਹੀਦੇ ਹਨ' ਅਰਥ ਬਣੇਗਾ, ਪਰ ਪਉੜੀ ਵਿਚ ਇਕ ਵਚਨ ਚਲਦਾ ਹੈ।

ਙਿਆਤਾ–[ਸੰਸ:, ਗਜਾਤਾ] ਜਾਣਨਹਾਰ।

ਪੂਰਕੁ–[ਸੰਸ:, ਪੂਰਕ:] ਸੁਆਸਾਂ ਨੂੰ ਅੰਦਰ ਖਿੱਚਣਾ।

ਕੁੰਭਕ–[ਸੰਸ:, ਕੁੰਭਕ:] ਅੰਦਰ ਗਏ ਸ੍ਵਾਸ ਨੂੰ ਅੰਦਰ ਥੰਮ੍ਹਣਾ।

ਰੇਚਕ–[ਸੰਸ:, ਰੇਚਕ:] ਅੰਦਰ ਥੰਮ੍ਹੇ ਸ੍ਵਾਸ ਨੂੰ ਬਾਹਰ ਕੱਢਣਾ।

ਕਰਮਾਤਾ–[ਸੰਸ:, ਕਰ੍ਮਿਨ੍=ਕੰਮ ਕਰਨ ਵਾਲਾ।] ਕਰਮ+ਮਾਤਾ=ਕਰਮ ਵਿਚ ਲਗਾ ਹੋਇਆ।

ਸੋਮਪਾਕ–[ਸੰਸ:, ਸ੍ਵਯੰ=ਆਪ, ਪਾਕੁਕ:=ਰਸੋਈਆ। ਹਿੰਦੀ, ਸ੍ਵਯੰਪਾਕੀ=ਆਪਣੇ ਹੱਥੀਂ ਆਪ ਆਪਣਾ ਭੋਜਨ ਬਨਾਉਣ ਵਾਲਾ] ਜੋ ਆਪਣੇ ਹਥਾਂ ਨਾਲ ਪਕਾਕੇ ਖਾਵੇ, ਦੂਸਰੇ ਦਾ ਪੱਕਾ ਨਾ ਖਾਵੇ।

ਅਪਰਸ–[ਸੰਸ:, ਅਸ੍ਪਰ੍ਸ਼=ਇਸ਼ਨਾਨ ਦੇ ਬਾਦ ਇਕ ਹਿੰਦੂ ਦੀ ਉਹ ਹਾਲਤ ਜਦੋਂ ਉਹ

ਪੂਜਾ ਕਰਨ ਯਾ ਭੋਜਨ ਛਕਣ ਦੀ ਤਿਆਰੀ ਵਿਚ ਹੋਵੇ, ਜਿਸ ਦੇ ਦੌਰਾਨ ਕਿਸੇ ਨੂੰ ਛੁਹਣਾ ਉਸ ਵਾਸਤੇ ਮਨ੍ਹਾ ਹੁੰਦਾ ਹੈ।] ਜੋ ਕਿਸੇ ਨਾਲ ਨਾ ਛੋਹੇ। ਜੋ ਸਮਝਦਾ ਹੈ ਕਿ ਕਿਸੇ ਦਾ ਮੇਰੇ ਨਾਲ ਲਗਣਾ ਅਪਵਿੱਤ੍ਰ ਬਣਾ ਦਏਗਾ, ਅਤੇ ਧਰਮ ਨਸ਼ਟ ਹੋ ਜਾਏਗਾ, ਇਸ ਖਿਆਲ ਨੂੰ ਮੁੱਖ ਰਖਕੇ ਜੋ ਕਿਸੇ ਨਾਲ ਨਾ ਛੋਹੇ। ਅਨੇਤਾ–[ਸੰਸ:, ਅਨਿਤ੍ਯ] ਜੋ ਸਦਾ ਨਾ ਰਹੇ। ਨਾਸ਼ਵੰਤ, ਮਿਥਯਾ।

(ਅ) ਅਨੇਤਾ–[ਸੰਸ:, ਅਨਿਯਤ] ਬੇਥਵਾ ਫਜ਼ੂਲ।

ਸਲੋਕੁ ॥ ਕੁੰਟ ਚਾਰਿ ਦਹ ਦਿਸਿ ਭ੍ਰਮੇ ਕਰਮ ਕਿਰਤਿ ਕੀ ਰੇਖ॥ ਸੂਖ ਦੂਖ ਮੁਕਤਿ ਜੋਨਿ ਨਾਨਕ ਲਿਖਿਓ ਲੇਖ ॥ ੧ ॥

[ਪ੍ਰਸ਼ਨ: ਸਾਈਂ ਦੇ ਦਰੋਂ ਲੇਖ ਕੀਕੂੰ ਲਿਖੇ ਜਾਂਦੇ ਹਨ? ਉੱਤਰ:] ਚਾਰ ਕੁੰਟਾਂ, ਦਸੇ ਦਿਸ਼ਾਂ ਵਿਚ (ਜੋ ਜੀਵ) ਭਟਕਦੇ ਹਨ (ਓਹ) ਕੀਤੇ ਕਰਮਾਂ ਦੀਆਂ ਰੇਖਾਂ ਅਨੁਸਾਰ (ਭਟਕਦੇ ਹਨ)। ਸੁਖ, ਦੁਖ, ਮੁਕਤੀ ਤੇ ਜੂਨਾਂ (ਵਿਚ ਭ੍ਰਮਣ ਦੇ, ਉਸ ਕੀਤੇ ਹੋਏ ਦੇ ਅਨੁਸਾਰ) ਲੇਖ ਲਿਖੇ ਗਏ ਹਨ, ਹੇ ਨਾਨਕ! ॥ ੧ ॥

ਪਵੜੀ ॥ ਕਕਾ ਕਾਰਨ ਕਰਤਾ ਸੋਊ ॥ ਲਿਖਿਓ ਲੇਖੁ ਨ ਮੇਟਤ ਕੋਊ॥ਨਹੀ ਹੋਤ ਕਛੁ ਦੋਊ ਬਾਰਾ॥ ਕਰਨੈ ਹਾਰੁ ਨ ਭੂਲਨਹਾਰਾ ॥ ਕਾਹੂ ਪੰਥੁ ਦਿਖਾਰੈ ਆਪੈ ॥ ਕਾਹੂ ਉਦਿਆਨ ਭ੍ਰਮਤ ਪਛੁਤਾਪੈ ॥ ਆਪਨ ਖੇਲੁ ਆਪ ਹੀ ਕੀਨੋ ॥ ਜੋ ਜੋ ਦੀਨੋ ਸੁ ਨਾਨਕ ਲੀਨੋ ॥੧੭॥

ਕਕੇ (ਦੁਆਰਾ ਉਪਦੇਸ਼ ਹੈ) ਉਹੀ (ਪਰਮੇਸ਼ੁਰ ਕਾਰਣ ਦਾ (ਬੀ) ਕਰਤਾ ਹੈ (ਭਾਵ ਕਾਰਣਾਂ ਦਾ ਕਾਰਣ ਮੂਲ ਕਾਰਣ ਉਹ ਆਪ ਹੈ)। (ਉਸ ਦਾ) ਲਿਖਿਆ ਲੇਖ ਕੋਈ ਨਹੀਂ ਮੇਟ ਸਕਦਾ। (ਉਸਦੇ ਕੀਤੇ ਦਾ ਫਿਰ) ਦੂਜੀ ਵਾਰ ਕੁਛ ਨਹੀਂ ਹੋ ਸਕਦਾ (ਕਿਉਂਕਿ ਉਹ) ਕਰਨੇ ਵਾਲਾ ਭੁੱਲ ਕਰਨੇ ਵਾਲਾ ਨਹੀਂ। ਕਿਸੇ ਨੂੰ ਆਪੇ (ਠੀਕ) ਰਸਤਾ ਦਿਖਾਲਦਾ ਹੈ, ਕਿਸੇ ਨੂੰ ਉਜਾੜਾਂ ਵਿਚ ਭਟਕਦਿਆਂ ਪਛੋਤਾਵਾ ਦੇਂਦਾ ਹੈ। ਆਪਣਾ ਖੇਲ (ਉਸਨੇ, ਆਪ ਹੀ ਕੀਤਾ ਹੈ, ਜੋ ਜੋ (ਕੁਛ ਉਸਨੇ ਜਿਸ ਜਿਸ ਨੂੰ) ਦਿੱਤਾ ਹੈ, ਹੇ ਨਾਨਕ, (ਉਸ ਉਸ ਨੇ) ਉਹੋ (ਕੁਛ) ਲੀਤਾ ਹੈ॥ ੧੭ ॥

**ਨਿਰੁਕ੍ਤ**—ਕੁੰਟ ਚਾਰਿ ਦਹ ਦਿਸਿ–ਕੁੰਟ–[ਸੰਸ:, ਕੁਟ:=ਕੋਨਾ, ਨੁਕਰ] ਕੁੰਟ ਚਾਰਿ,= ਚਾਰੇ ਨੁੱਕਰਾਂ। ਦਿਸਿ–[ਸੰਸ:, ਦਿਸ਼ਾ=ਨੁੱਕਰਾਂ, ਸਿੱਮਤ] ਦਸ ਦਿਸ਼ਾ, ਦਸ ਲਾਂਭਾਂ। ਉੱਤਰ, ਦੱਖਣ, ਪੂਰਬ, ਪੱਛਮ, ਚਾਰ ਕੁੰਟਾਂ ਹਨ। ਚਾਰੇ ਇਹ ਤੇ ਇਹਨਾਂ ਦੇ ਵਿਚਲੀਆਂ ਚਾਰ ਨੁਕਰਾਂ–ਨੈਰ੍ਰਿਤ੍ਯ, ਵਾਯਵ੍ਯ, ਈਸ਼ਾਨ, ਅਗ੍ਨਿ ਅਤੇ ਦੋ ਹੇਠਾਂ ਤੇ ਉਪਰ, ਏਹ ਦਸ ਦਿਸ਼ਾਂ ਹਨ।

ਕਿਰਤਿ–[ਸੰਸ:, ਕ੍ਰਿਤ] ਕੀਤਾ ਹੋਇਆ, ਕੀਤਾ ਗਿਆ। ਕੀਤੇ ਕਰਮਾਂ ਨੇ ਜੋ ਬਾਰ ਬਾਰ ਹੋ ਹੋ ਕੇ ਮਨ ਵਿਚ ਘਾਸੀਆਂ ਪਾ ਦਿਤੀਆਂ ਹਨ, ਉਧਰ ਹੀ ਮਨ ਦਾ ਇਹ ਝੁਕਾਉ ਲਈ ਫਿਰਦਾ ਹੈ। ਆਮ ਤੌਰ ਤੇ ਹੱਥਾਂ, ਪੈਰਾਂ, ਮੱਥੇ ਆਦਿਕ ਦੀਆਂ ਲੀਕਾਂ ਨੂੰ ਕੀਤੇ ਕਰਮਾਂ ਦੀਆਂ ਰੇਖਾਂ ਬੀ ਕਿਹਾ ਕਰਦੇ ਹਨ। ਇਸ ਸਲੋਕ ਤੋਂ ਸਪਸ਼ਟ ਜਾਪਦਾ ਹੈ ਕਿ ਕਰਮਾਂ ਅਨੁਸਾਰ ਲੇਖ ਲਿਖੇ ਜਾਂਦੇਹਨ।

ਸਲੋਕੁ ॥ ਖਾਤ ਖਰਚਤ ਬਿਲਛਤ ਰਹੇ ਟੂਟਿ ਨ ਜਾਹਿ ਭੰਡਾਰ ॥ ਹਰਿ ਹਰਿ ਜਪਤ ਅਨੇਕ ਜਨ

[ਪ੍ਰਸ਼ਨ: ਜੋ ਨਾਮ ਜਪਦੇ ਹਨ ਜੋ ਹੋਰ ਨੂੰ ਜਪਾਉਣਗੇ ਤਾਂ ਕੀ ਆਪ ਖਾਲੀ ਹੋ ਜਾਣਗੇ? ਉੱਤਰ:] . ਪਰਮੇਸ਼ਰ ਦਾ ਨਾਮ ਅਨੇਕਾਂ ਪੁਰਸ਼ ਜਪਦੇ ਹਨ (ਜਿਨ੍ਹਾਂ ਦੀ) ਗੇਣਤੀ ਨਹੀਂ ਹੋ ਸਕਦੀ*, ਹੇ ਨਾਨਕ! ੧. (ਨਾਮ ਦੇ) ਭੰਡਾਰੇ (ਅਟੁੱਟ ਹਨ ਓਹ ਕਦੇ) ਟੁੱਟ ਨਹੀਂ ਜਾਂਦੇ, (ਭਾਵੇਂ ਜਪਣ ਵਾਲੇ ਆਪ)

*ਅਥਵਾ, ਉਸ ਪਰਮੇਸ਼ੁਰ ਦਾ ਸ਼ੁਮਾਰ ਨਹੀਂ।

ਨਾਨਕ ਨਾਹਿ ਸੁਮਾਰ ॥ ੧ ॥

ਵਰਤਦੇ ਰਹਿਣ, (ਅਧਿਕਾਰੀਆਂ ਉਪਰ) ਖਰਚ ਕਰਦੇ ਰਹਿਣ (ਤੇ ਆਮ ਲੋਕਾਂ ਵਿਚ) ਵੰਡਦੇ ਰਹਿਣ* ॥ ੧ ॥

ਪਉੜੀ ॥ ਖਖਾ ਖੂਨਾ ਕਛੁ ਨਹੀ ਤਿਸੁ ਸਮ੍ਰਥ ਕੈ ਪਾਹਿ ॥ ਜੋ ਦੇਨਾ ਸੋ ਦੇ ਰਹਿਓ ਭਾਵੈ ਤਹ ਤਹ ਜਾਹਿ ॥ਖਰਚੁ ਖਜਾਨਾ ਨਾਮ ਧਨੁ ਇਆ ਭਗਤਨ ਕੀ ਰਾਸਿ॥ਖਿਮਾ ਗਰੀਬੀ ਅਨਦ ਸਹਜ ਜਪਤ ਰਹਹਿ ਗੁਣ-ਤਾਸ ॥ ਖੇਲਹਿ ਬਿਗਸਹਿ ਅਨਦ ਸਿਉ ਜਾਕਉ ਹੋਤ ਕ੍ਰਿਪਾਲ ॥ ਸਦੀਵ ਗਨੀਵ ਸੁਹਾਵਨੇ ਰਾਮ ਨਾਮ ਗ੍ਰਿਹਿ ਮਾਲ ॥ ਖੇਦੁ ਨ ਦੂਖੁ ਨ ਡਾਨੁ ਤਿਹ ਜਾਕਉ ਨਦਰਿ ਕਰੀ ॥ ਨਾਨਕ ਜੋ ਪ੍ਰਭ ਭਾਣਿਆ ਪੂਰੀ ਤਿਨਾ ਪਰੀ ॥ ੧੮ ॥

ਖਖੇ (ਦੁਆਰੇ ਉਪਦੇਸ਼ ਹੈ), ਉਸ ਸਮਰਥ (ਪ੍ਰਭੂ) ਦੇ ਪਾਸ ਕਮੀ ਕੋਈ ਨਹੀਂ, (ਪਰ ਜੀਵ ਨੂੰ ਜਿਨਾ ਤੇ) ਜੋ ਉਸਨੇ ਦੇਣਾ ਹੈ ਉਹ ਦੇ ਰਿਹਾ ਹੈ, ਭਾਵੇਂ (ਜੀਵ ਜਿਥੇ ਜਿਥੇ ਇੱਛਾ ਹੈ) ਓਥੇ ਓਥੇ ਪਏ ਜਤਨ ਕਰਦੇ) ਫਿਰਨ । (ਪਰ) ਨਾਮ ਧਨ (ਭਗਤਾਂ ਦਾ) ਖ਼ਜ਼ਾਨਾ (ਹੈ ਇਸੇ ਵਿਚੋਂ ਉਨ੍ਹਾਂ ਦਾ) ਖਰਚ ਟੁਰਦਾ ਹੈ, ਭਾਵ ਨਾਮ ਦਾਨ ਦੇਂਦੇ ਹਨ ਤੇ) ਇਹੋ ਭਗਤਾਂ ਦੀ ਪੂੰਜੀ ਹੈ (ਜੋ ਨਾਲ ਜਾਏਗੀ†) । (ਉਸ) ਗੁਣਾਂ ਦੇ ਸਾਗਰ ਨੂੰ ਜਪਦੇ ਰਹਿੰਦੇ ਹਨ (ਉਨ੍ਹਾਂ ਵਿਚ ਦੈਵੀ ਗੁਣ) ਖਿਮਾ, ਨਿੰਮ੍ਰਤਾ (ਅਤੇ ਨਾਮ ਦੇ ਫਲ) ਅਨੰਦ ਤੇ ਗਯਾਨ (ਬੀ ਆ ਜਾਂਦੇ ਹਨ)। (ਇਹ ਅਨੰਦ ਉਨ੍ਹਾਂ ਨੂੰ ਮਿਲਦਾ ਹੈ) ਜਿਨ੍ਹਾਂ ਤੇ (ਉਹ ਸਮਰਥ) ਕ੍ਰਿਪਾਲੂ ਹੁੰਦਾ ਹੈ, (ਓਹ ਇਸ) ਅਨੰਦ ਨਾਲ ਖੇਲਦ ਤੇ ਖਿੜੇ ਰਹਿੰਦੇ ਹਨ। (ਉਨ੍ਹਾਂ ਦੇ) ਘਰ ਵਿਚ ਪਰਮੇਸ਼ੁਰ ਦਾ ਨਾਮ (ਰੂਪੀ) ਮਾਲ ਹੈ (ਇਸ ਕਰਕੇ ਓਹ ਅੰਦਰੋਂ) ਸਦਾ ਤ੍ਰਿਪਤ (ਹੁੰਦੇ ਹਨ ਤੇ ਚਿਹਰਿਓਂ) ਸੁਹਣੇ ਹੁੰਦੇ ਹਨ। ਜਿਨ੍ਹਾਂ ਤੇ (ਪ੍ਰਭੂ ਨੇ) ਨਦਰ ਕੀਤੀ ਹੈ ਉਨ੍ਹਾਂ ਨੂੰ ਨਾ ਦੁੱਖ ਹੈ ਨਾ ਖੇਦ ਹੈ ਨਾ ਡੰਨ ਹੈ। ਹੇ ਨਾਨਕ ! ਜੋ ਪਰਮੇਸ਼ਰ ਨੂੰ ਭਾ ਗਏ ਹਨ, ਉਨ੍ਹਾਂ ਦੀ (ਹੀ) ਪੂਰੀ ਪਈ ਹੈ (ਭਾਵ ਓਹ ਸਿਰੇ ਚੜ੍ਹੇ ਹਨ) ॥ ੧੮ ॥

**ਨਿਰੁਕ**—ਸਹਜ–ਅਸਲੀ ਸੁਖ ਰੂਪ ਅਵਸਥਾ । ਗਯਾਨ [ਦੇਖੋ ਪੰਨਾ ੨੬੯] । ਗਨੀਵ—[ਅਰਬੀ, ਗ਼ਨੀ=ਧਨ ਪਾਤ੍ਰ, ਧਨ ਨਾਲ ਰੱਜਿਆ ਹੋਇਆ । ਤ੍ਰਿਪਤ] ਧਨ ਨਾਲ ਰਜੇ ਹੋਏ, ਤ੍ਰਿਪਤ ।

ਸਲੋਕੁ ॥ ਗਨਿ ਮਿਨਿ ਦੇਖਹੁ ਮਨੈ ਮਾਹਿ ਸਰਪਰ ਚਲਨੋ ਲੋਗ ॥ ਆਸ ਅਨਿਤ ਗੁਰਮੁਖਿ ਮਿਟੈ ਨਾਨਕ ਨਾਮ ਅਰੋਗ ॥ ੧ ॥

(ਅਪਣੇ) ਮਨ ਵਿਚ ਗਿਣ ਮਿਣ ਕੇ (ਚੰਗੀ ਤਰ੍ਹਾਂ ਵਿਚਾਰਕੇ ਦੇਖੋ (ਕਿ ਇਨ੍ਹਾਂ ਦਿੱਸ ਰਹੇ ਸਾਰੇ) ਲੋਕਾਂ ਨੇ (ਏਥੋਂ) ਜ਼ਰੂਰ ਚਲੇ ਜਾਣਾ ਹੈ। (ਪਰ ਇਨ੍ਹਾਂ ਵਿਚੋਂ ਅਨਿਤ (ਪਦਾਰਥਾਂ ਵਲ ਲਗ ਰਹੀ) ਆਸਾ (ਕੇਵਲ) ਗੁਰਮੁਖਾਂ ਦੀ ਮਿਟਦੀ ਹੈ, (ਓਹ) ਨਾਮ ਦੇ (ਦਾਰੂ ਨਾਲ ਹਉਮੈ ਦੇ ਰੋਗ ਤੋਂ) ਅਰੋਗ (ਹੋ ਗਏ ਹਨ), ਹੇ ਨਾਨਕ ! ॥ ੧ ॥

---

*ਖਾਤ = ਆਪ ਜਪਦੇ ਰਹਿਣ । ਖਰਚਤ = ਅਧਿਕਾਰੀਆਂ ਤੋਂ ਜਪਵਾਉਂਦੇ ਰਹਿਣ । ਬਿਲਛਤ = ਆਮ ਬਖਸ਼ਿਸ਼ ਕਰਦੇ ਰਹਿਣ । ਲਹਿੰਦੇ ਵਲ ਬਿਲਛਨਾ ਪਦ 'ਵੰਡਣਾ' ਅਰਥਾਂ ਵਿਚ ਹੁਣ ਤਕ ਵਰਤਦੇ ਹਨ। ਸੰਸਕ੍ਰਿਤ ਪਦ 'ਵਿਲਸਤਿ' ਇਸ ਦਾ ਮੂਲ ਕਰਕੇ ਇਸ ਦਾ ਅਨੰਦ ਅਰਥ ਬੀ ਲਾ ਲੈਂਦੇ ਹਨ। ਫੇਰ ਤੁਕ ਦੇ ਅਰਥ ਇੰਵ ਲਗਦੇ ਹਨ: 'ਖਾਂਦੇ ਖਰਚਦੇ ਤੇ ਖੁਸ਼ ਰਹਿੰਦੇ ਹਨ ਕਿਉਂਕਿ (ਨਾਮ ਦੇ ਭੰਡਾਰੇ) ਅਟੁੱਟ ਹਨ' ।

†ਭਾਵ ਇਹ ਹੈ ਕਿ ਭਗਤਾਂ ਨੂੰ ਮਿਲਿਆ ਨਾਮ ਖ਼ਜ਼ਾਨਾ ਅਖੁਟ ਹੈ। (ਅ) ਯਾ ਜਿਸ ਨਾਲ ਵਪਾਰ ਕਰਦੇ ਹਨ।

ਪਉੜੀ ॥ ਗਗਾ ਗੋਬਿਦ ਗੁਣ ਰਵਹੁ ਸਾਸਿ ਸਾਸਿ ਜਪਿ ਨੀਤ ॥ ਕਹਾ ਬਿਸਾਸਾ ਦੇਹ ਕਾ ਬਿਲਮ ਨ ਕਰਿਹੋ ਮੀਤ॥ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ ॥ ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ॥ਗਿਆਨੀ ਧਿਆਨੀ ਚਤੁਰ ਪੇਖਿ ਰਹਨੁ ਨਹੀ ਇਹ ਠਾਇ॥ਛਾਡਿ ਛਾਡਿ ਸਗਲੀ ਗਈ ਮੂੜ ਤਹਾ ਲਪਟਾਹਿ॥ਗੁਰਪ੍ਰਸਾਦਿ ਸਿਮਰਤ ਰਹੈ ਜਾਹੂ ਮਸਤਕਿ ਭਾਗ ॥ ਨਾਨਕ ਆਏ ਸਫਲ ਤੇ ਜਾਕਉ ਪ੍ਰਿਅਹਿ ਸੁਹਾਗ ॥ ੧੯ ॥

( ਸੋ ਹੇ ਜਗਯਾਸੂ ! ) ਗਗੇ (ਦੁਆਰਾ ਉਪਦੇਸ਼ ਹੈ) ਗੋਬਿੰਦ ਦੇ ਗੁਣ ਉਚਾਰਨ ਕਰੋ, ਸ੍ਵਾਸ ਸ੍ਵਾਸ ਵਿਚ ਨਿੱਤ (ਨਾਮ ਨੂੰ) ਜਪੋ। (ਇਸ) ਦੇਹ ਦਾ ਕੀ ਭਰੋਸਾ ਹੈ ? ਹੇ ਮਿਤ੍ਰ ! ਢਿੱਲ ਨਾ ਲਾਉਣੀ। ਨਾਂ ਬਾਲਕ (ਅਵਸਥਾ) ਦਾ, ਨਾ ਜੁਆਨੀ ਦਾ, ਨਾਂ ਹੀ ਬੁਢਾਪੇ ਦਾ ਕੋਈ ਨੇਮ ਹੈ । ਉਸ ਵੇਲੇ ਦਾ ਪਤਾ ਨਹੀਂ ਲਗਦਾ ਕਿ) ਜਦੋਂ ਜਮ ਦੀ ਫਾਹੀ ਆ ਪੈਂਦੀ ਹੈ। ਦੇਖ ਕੇ ਗਿਆਨੀ, ਧਿਆਨੀ ਤੇ ਚਤੁਰ (ਜੋ ਜੋ ਹੈਨ) ਇਸ ਥਾਂ (ਜਗਤ ਵਿਚ ਉਨ੍ਹਾਂ ਦਾ ਸਦਾ) ਰਹਣ ਨਹੀਂ ਹੁੰਦਾ। ਸਾਰੀ (ਸ੍ਰਿਸ਼ਟੀ) ਛੱਡ ਛੱਡ ਕੇ (ਜਗਤ ਨੂੰ) ਤਰ ਗਈ ਹੈ (ਪਰ) ਮੂਰਖ ਇਸੇ ਨੂੰ (ਫੇਰ ਫੇਰ) ਚੰਬੜਦੇ ਹਨ । ਜਿਨ੍ਹਾਂ ਦੇ ਮੱਥੇ ਉਤੇ ਭਾਗ ਹਨ ਓਹ ਗੁਰੂ ਦੀ ਕ੍ਰਿਪਾ ਦੁਆਰਾ (ਨਾਮ) ਜਪਦੇ ਰਹਿੰਦੇ ਹਨ। ਓਹੀ (ਜਪਣ ਵਾਲੇ ਸੰਸਾਰ ਤੇ) ਆਏ ਸਫਲ ਹਨ ਜਿਨ੍ਹਾਂ ਨੂੰ ਪਿਆਰੇ (ਪਤੀ ਦੀ ਹੋਣ) ਦਾ ਸੁਹਾਗ (ਪ੍ਰਾਪਤ ਹੋਯਾ ਹੈ) ਹੇ ਨਾਨਕ ! ॥ ੧੯ ॥

**ਨਿਰੁਕ੍ਤ**—ਬਿਸਾਸਾ–[ਸੰਸ:, ਵਿਸ਼੍ਵਾਸ:] ਵਿਸ਼੍ਵਾਸ਼, ਵਿਸਾਹ, ਭਰੋਸਾ।

ਬੰਧੁ- [ਸੰਸ:, ਬੰਧ:] ਰੋਕ, ਨਿਯਮ। ਸੁਹਾਗ–[ਸੰਸ:, ਸੌਭਾਗਯੰ, ਪ੍ਰਾ: ਸੁਹੱਗੰ] ਪਤੀ, ਪਤੀ ਵਾਲੀ ਹੋਣ ਦਾ ਸੁਭਾਗ। (ਅ) ਅਨੰਦ।

ਸਲੋਕੁ ॥ ਘੋਖੇ ਸਾਸਤ੍ਰ ਬੇਦ ਸਭ ਆਨ ਨ ਕਥਤਉ ਕੋਇ ॥ ਆਦਿ ਜੁਗਾਦੀ ਹੁਣਿ ਹੋਵਤ ਨਾਨਕ ਏਕੈ ਸੋਇ ॥ ੧ ॥

[ਵਾਹਿਗੁਰੂ ਬਿਨਾ ਹੋਰ ਕੋਈ ਨਹੀਂ, ਇਹ ਗੱਲ ਸ਼ਾਸਤ੍ਰਾਂ ਵਿਚੋਂ ਬੀ ਦੱਸਦੇ ਹਨ] ਚੰਗੀ ਤਰ੍ਹਾਂ ਵਿਚਾਰੇ ਹਨ ਸਾਰੇ ਸ਼ਾਸਤ੍ਰ ਤੇ ਵੇਦ (ਬੀ), ਕੋਈ ਨਹੀਂ ਕਹਿੰਦਾ ਕਿ (ਇਕ ਵਾਹਿਗੁਰੂ ਤੋਂ ਬਿਨਾ ਹੋਰ (ਕੋਈ ਵਾਹਿਗੁਰੂ ਬੀ ਹੈ)। ਆਦਿ ਵਿਖੇ, ਜੁਗਾਦ ਵਿਖੇ, ਹੁਣ (ਤੇ) ਹੋਣ ਵਾਲੇ (ਸਮੇਂ ਵਿਚ)* ਹੇ ਨਾਨਕ, ਓਹੋ ਇਕ ਹੀ ਹੈ॥ ੧ ॥

ਪਉੜੀ॥ ਘਘਾ ਘਾਲਹੁ ਮਨਹਿ ਏਹ ਬਿਨੁ ਹਰਿ ਦੂਸਰਨਾਹਿ॥ਨਹ ਹੋਆ ਨਹ ਹੋਵਨਾ ਜਤ ਕਤ ਓਹੀ ਸਮਾਹਿ॥ ਘੂਲਹਿ ਤਉ ਮਨ ਜਉ ਆਵਹਿ ਸਰਨਾ॥ ਨਾਮ ਤਤੁ ਕਲ ਮਹਿ ਪੁਨਹਚਰਨਾ ॥ ਘਾਲਿ ਘਾਲਿ ਅਨਿਕ ਪਛੁਤਾਵਹਿ॥ਬਿਨੁ ਹਰਿ ਭਗਤਿ ਕਹਾ ਥਿਤਿ ਪਾਵਹਿ ॥ ਘੋਲਿ ਮਹਾਰਸੁ ਅੰਮ੍ਰਿਤੁ ਤਿਹ

ਘਘੇ (ਦੁਆਰਾ ਉਪਦੇਸ਼ ਹੈ ਕਿ ਹੇ ਜਗਯਾਸੂ) ਇਸ (ਗਲ ਨੂੰ) ਮਨ ਵਿਚ (ਘਾਲਹੁ=) ਥਾਂ ਦਿਓ (ਕਿ ਇਕ) ਹਰੀ ਤੋਂ ਬਿਨਾ ਦੂਸਰਾ ਕੋਈ ਨਹੀਂ। ਨਹੀਂ ਹੋਇਆ ਹੈ ਨਾ ਹੋਵੇਗਾ, (ਤ) ਜਿਥੇ ਕਿਥੇ ਉਹੋ (ਇਕੋ) ਸਮਾ ਰਿਹਾ ਹੈ। ਹੇ ਨਾਨਕ ! (ਉਸ ਵਿਚ ਤੂੰ) ਮਿਲੇਂਗਾ ਤਦ ਜੇ (ਓਸੇ ਦੀ) ਸ਼ਰਨ ਆਵੇਂਗਾ ਤਾਂ, (ਨਾਮ ਵਿਚ ਲਗਣਾ ਸ਼ਰਨ ਆਉਣਾ ਹੈ ਜਾਣ ਲੈ ਕਿ) ਕਲਿਜੁਗ ਵਿਚ ਨਾਮ ਤੱਤ ਹੀ (ਅਸਲ) ਪ੍ਰਾਸਚਿਤ (ਪਾਪਾਂ) ਦਾ ਹੈ। (ਹੋਰ ਹੋਰ ਘਾਲਾਂ) ਘਾਲ ਘਾਲਕੇ ਅਨੇਕ (ਲੋਕ) ਪਛੁਤਾਉਂਦੇ ਹਨ, ਬਿਨਾ ਪਰਮੇਸ਼ੁਰ ਦੀ ਭਗਤੀ ਦੇ ਟਿਕਾਂ† ਕਿਥੇ ਪਾਉਣ ? (ਨਾਮ ਨੂੰ) ਘੋਲ ਕੇ (=ਅਭਯਾਸ ਕਰਕੇ

*ਪਉੜੀ ਦੀ ਦੂਸਰੀ ਤੁਕ ਵਿਚ ਦਾ ਪਦ 'ਹੋਵਨਾ' ਇਸ 'ਹੋਵਤ' ਦੇ ਅਰਥ ਨੂੰ ਸਪਸ਼ਟ ਕਰ ਦੇਂਦਾ ਹੈ।
†ਭਾਵ ਆਵਾ ਗਉਣ ਤੋਂ ਛੁਟਕਾਰਾ ਪਾਕੇ ਨਿਹਚਲ ਪਦ ਦਾ ਟਿਕਾਣਾ।

ਪੀਆ ॥ ਨਾਨਕ ਹਰਿ ਗੁਰਿ ਜਾਕਉ ਦੀਆ ॥ ੨੦ ॥

ਇਸਤੋਂ ਉਪਜੇ) ਅੰਮ੍ਰਿਤ ਨੂੰ ਉਸ ਨੇ ਪੀਤਾ (ਤੇ) ਮਹਾਂ ਰਸ (ਮਾਣਿਆ ਹੈ ਕਿ) ਜਿਸ ਨੂੰ ਹਰੀ ਨੇ (ਤੇ) ਗੁਰੂ ਨੇ ਦਿੱਤਾ ਹੈ. ਹੇ ਨਾਨਕ ! (ਤਾਂ ਤੇ ਤੂੰ ਬੀ ਗੁਰੂ ਦੀ ਸ਼ਰਣ ਪੈਕੇ ਹਰੀ ਦੀ ਭਗਤੀ ਕਰ ਦੇਖ) ॥ ੨੦ ॥

**ਨਿਰੁਕ੍ਤ**–ਘੋਖੇ–ਚੰਗੀ ਤਰ੍ਹਾਂ ਵਿਚਾਰੇ ।

ਆਦਿ ਜੁਗਾਦੀ–ਦੇਖੋ ਬਾਵਨ ਅਖਰੀ ਦੀ ਪਉੜੀ ਪਹਿਲੀ ।

ਘਾਲਹੁ–ਥਾਂ ਦਿਓ (ਮਨ ਵਿਚ) । ਭਾਵ ਇਸ ਤੇ ਦ੍ਰਿੜ੍ਹ ਨਿਸਚਾ ਕਰੋ ।

ਘੂਲਹਿ–ਮਿਲੇਂਗਾ । 'ਛੁਟੇਂਗਾ' ਅਰਥ ਬੀ ਲਾ ਲੈਂਦੇ ਹਨ ।

ਪੁਨਹਚਰਨਾ–[ਸੰਸ:, ਪੁਨ:+ਆਚਰਣ] ਓਹ ਕਰਮ ਜੋ ਪਾਪਾਂ ਦੀ ਨਵਿਰਤੀ ਲਈ ਕੀਤੇ ਜਾਣ । ੨. [ਸੰਸ:, ਪੁਰਸ਼ੁਚਰਣੰ] ਪ੍ਰਾਸਚਿਤ ਕਰਮ (ਦੇਖੋ ਪੰਨਾ ੧੫੮੩) । ੩. ਆਰੰਭਕ ਸੰਸਕਾਰ ।

ਸਲੋਕੁ ॥ ਛਨਿ ਘਾਲੇ ਸਭ ਦਿਵਸ ਸਾਸ ਨਹ ਬਢਨ ਘਟਨ ਤਿਲੁ ਸਾਰ ॥ ਜੀਵਨ ਲੋਰਹਿ ਭਰਮ ਮੋਹ ਨਾਨਕ ਤੇਊ ਗਵਾਰ ॥੧॥

ਗਿਣਕੇ ਪਾਏ ਹਨ (ਦੇਹੀ ਵਿਚ) ਸਾਰੇ ਸੁਆਸ (ਤੇ ਗਿਣਕੇ ਪਾਏ ਹਨ ਜੀਵ ਦੇ ਭਾਗਾਂ ਵਿਚ) ਸਾਰੇ ਦਿਨ, (ਓਹ) ਤਿਲ ਮਾਤ੍ਰ ਨਾ ਵਧ ਸਕਦੇ ਹਨ ਨਾ ਘਟ ਸਕਦ ਹਨ,(ਇਨ੍ਹਾਂ ਤੋਂ ਵੱਧ ਜੋ ਜੀਵ) ਜੀਉਣਾ ਲੋਚਦੇ ਹਨ ਓਹ ਗਵਾਰ ਹਨ (ਐਸਾ ਲੋਚਣਾ ਉਨ੍ਹਾਂ ਦਾ) ਮੋਹ ਤੇ ਭਰਮਾਂ (ਦੇ ਵੱਸ ਵਿਚ ਪੈਕੇ ਹੈ), ਹੇ ਨਾਨਕ ! ॥ ੧ ॥

ਪਉੜੀ ॥ ਛਛਾ ਛਾਸੈ ਕਾਲੁ ਤਿਹ ਜੋ ਸਾਕਤ ਪ੍ਰਭਿ ਕੀਨ ॥ ਅਨਿਕ ਜੋਨਿ ਜਨਮਹਿ ਮਰਹਿ ਆਤਮ ਰਾਮੁ ਨ ਚੀਨ॥ ਗਿਆਨ ਧਿਆਨ ਤਾਹੂ ਕਉ ਆਏ ॥ ਕਰਿ ਕਿਰਪਾ ਜਿਹ ਆਪਿ ਦਿਵਾਏ ॥ ਛਣਤੀ ਛਣੀ ਨਹੀ ਕੋਊ ਛੂਟੈ ॥ ਕਾਚੀ ਗਾਗਰਿ ਸਰਪਰ ਫੂਟੈ ॥ ਸੋ ਜੀਵਤ ਜਿਹ ਜੀਵਤ ਜਪਿਆ ॥ ਪ੍ਰਗਟ ਭਏ ਨਾਨਕ ਨਹ ਛਪਿਆ ॥੨੧॥

(ਇਸ ਲਈ ਤੈਨੂੰ) ਛਛੇ (ਦੁਆਰਾ ਉਪਦੇਸ਼ ਹੈ ਕਿ) ਜਿਨ੍ਹਾਂ ਨੂੰ ਪ੍ਰਭੂ ਨੇ ਸਾਕਤ ਕੀਤਾ ਹੈ*, ਉਨ੍ਹਾਂ ਨੂੰ ਕਾਲ ਗ੍ਰਸਦਾ ਹੈ। (ਓਹ) ਅਨਕ ਜੂਨੀਆਂ (ਪਾਉਂਦੇ) ਜੰਮਦੇ ਮਰਦੇ ਹਨ (ਕਿਉਂਕਿ ਉਨ੍ਹਾਂ ਨੇ) ਪਰਮੇਸ਼ੁਰ ਨੂੰ ਨਹੀਂ ਪਛਾਣਿਆਂ। ਗਿਆਨ ਧਿਆਨ ਉਨ੍ਹਾਂ ਨੂੰ ਹੀ ਪ੍ਰਾਪਤ ਹੋਏ, ਜਿਨ੍ਹਾਂ ਨੂੰ ਕ੍ਰਿਪਾ ਕਰਕੇ (ਪ੍ਰਭੂ) ਆਪ ਦਿਵਾਉਂਦਾ ਹੈ (ਭਾਵ ਇਹ ਕਿ ਪ੍ਰਭੂ ਦੀ ਭਗਤੀ ਕਰ ਜੋ ਤੇਰੇ ਤੇ ਕਿਰਪਾ ਹੋਵੇ ਤੇ ਗਯਾਨ ਮਿਲੇ)। ਨਾਂ ਹੀ (ਕਰਮ ਕਾਂਡ ਦੇ ਕੀਤੇ ਕਰਮਾਂ ਦੀ) ਗਿਣਤੀ ਗਿਣਨੇ ਕਰਕੇ ਕੋਈ ਛੁੱਟਦਾ ਹੈ । ਕੱਚੀ ਗਾਗਰ (ਭਾਵ ਸ਼ਰੀਰ) ਨਿਸ਼ਚੇ ਫੁੱਟ ਜਾਏਗੀ। (ਸੋ ਇਸਦੇ ਫੁੱਟਣ ਤੋਂ ਪਹਿਲਾਂ) ਜਿਨ੍ਹਾਂ ਨੇ ਜੀਉਂਦੇ (ਪਰਮੇਸ਼ੁਰ ਨੂੰ) ਜਪਿਆ ਹੈ ਓਹੀ ਜੀਉਂਦੇ ਹਨ। (ਓਹ ਸੰਸਾਰ ਵਿਚ) ਪ੍ਰਗਟ ਹੋ ਗਏ ਛਿਪੇ ਨਹੀਂ ਰਹੇ, (ਫੁਰਮਾ ਰਹੇ ਹਨ ਗੁਰੂ) ਨਾਨਕ (ਦੇਵ ਜੀ) ॥ ੨੧ ॥

**ਨਿਰੁਕ੍ਤ**–ਘਾਲਿ–ਪਾਏ ਹਨ । ਯਥਾ–ਹਮਰੀ ਭੂਮਿ ਕਉਣੁ ਘਾਲੇ ਪੈਰੁ ॥ [ਗਉ: ਮ: ੫–੭੮

ਆਤਮਰਾਮੁ–[ਸੰਸ:, ਆਤ੍ਮਨ੍+ਰਾਮ:] ਪਰਮਾਤਮਾ, ਬ੍ਰਹਮ, ਪਰਮੇਸ਼ੁਰ । ਜੋ ਸਭ ਦੀ ਆਤਮਾ ਵਿਚ ਰਮਿਆ ਹੋਇਆ ਹੈ, ਭਾਵ ਵਾਹਿਗੁਰੂ ।

*ਸਾਕਤ ਕਿਨਾਂ ਨੂੰ ਕੀਤਾ ਹੈ ? ਜਿਨ੍ਹਾਂ ਨੇ ਪ੍ਰਭੂ ਨੂੰ ਛਡਕੇ ਮਾਇਆ ਨਾਲ ਪ੍ਰੀਤ ਪਾਈ ਹੈ ।

ਸਲੋਕੁ ॥ ਚਿਤਿ ਚਿਤਵਉ ਚਰਣਾਰਬਿੰਦ ਊਧ ਕਵਲ ਬਿਗਸਾਂਤ॥ ਪ੍ਰਗਟ ਭਏ ਆਪਹਿ ਗੋੁਬਿੰਦ ਨਾਨਕ ਸੰਤ ਮਤਾਂਤ ॥ ੧ ॥

ਚਿਤ ਵਿਚ ਸਿਮਰਦਾ ਹਾਂ (ਗੁਰੂ ਦੇ) ਚਰਨ ਕਮਲ (ਜਿਸ ਕਰਕੇ) ਪੁੱਠਾ ਹੋਇਆ (ਹਿਰਦੇ ਰੂਪੀ) ਕਮਲ ਖਿੜ ਪਿਆ ਹੈ। ਹੇ ਨਾਨਕ! (ਐਉਂ) ਪ੍ਰਗਟ ਹੋ ਗਏ ਪਰਮੇਸ਼ੁਰ ਜੀ (ਮੇਰੇ ਹਿਰਦੇ ਵਿਚ) ਆਪ ਹੀ, (ਪਰ ਫੁਰਮਾਉਂਦੇ ਹਨ ਗੁਰੂ) ਨਾਨਕ (ਕਿ ਇਹ ਪ੍ਰਾਪਤੀ ਹੋਈ) ਸੰਤਾਂ ਦੀ ਨਿਰਣੈ ਕੀਤੀ ਹੋਈ ਸਲਾਹ (ਪਰ ਟੁਰਨੇ ਕਰ)! ॥ ੧ ॥

ਪਉੜੀ॥ ਚਚਾ ਚਰਨ ਕਮਲ ਗੁਰ ਲਾਗਾ ॥ ਧਨਿ ਧਨਿ ਉਆ ਦਿਨ ਸੰਜੋਗ ਸਭਾਗਾ ॥ ਚਾਰਿ ਕੁੰਟ ਦਹ ਦਿਸਿ ਭ੍ਰਮਿ ਆਇਓ॥ ਭਈ ਕ੍ਰਿਪਾ ਤਬ ਦਰਸਨੁ ਪਾਇਓ ॥ ਚਾਰ ਬਿਚਾਰ ਬਿਨਸਿਓ ਸਭ ਦੂਆ ॥ ਸਾਧ ਸੰਗਿ ਮਨੁ ਨਿਰਮਲ ਹੂਆ॥ ਚਿੰਤ ਬਿਸਾਰੀ ਏਕ ਦ੍ਰਿਸਟੇਤਾ ॥ ਨਾਨਕ ਗਿਆਨ ਅੰਜਨੁ ਜਿਹ ਨੇਤ੍ਰਾ ॥ ੨੨ ॥

ਚਚੇ (ਦੁਆਰਾ ਉਪਦੇਸ਼ ਹੈ ਕਿ ਜਿਸ ਦਿਨ) ਗੁਰੂ ਦੇ ਚਰਨਾਂ ਕਮਲਾਂ ਵਿਚ (ਜੀ) ਲਗਾ, ਓਹ ਦਿਨ ਧੰਨ ਧੰਨ ਹੈ (ਤੇ ਓਹ) ਸੰਜੋਗ ਭਾਗਾਂ ਵਾਲਾ ਹੈ। (ਮੈਂ) ਚਾਰ ਕੁੰਟਾਂ, ਦਸੇ ਦਿਸ਼ਾਂ* ਵਿਚ ਭਟਕ (ਕੇ ਖਾਲੀ) ਆਇਆ ਸਾਂ, (ਜਦ) ਕ੍ਰਿਪਾ ਹੋਈ ਤਦ ਦਰਸ਼ਨ ਮਿਲ ਗਿਆ। ਕਰਮ ਕਾਂਡ ਦੀਆਂ ਵਿਚਾਰਾਂ (ਤੇ ਹੋਰ) ਸਾਰੀ ਦ੍ਵੈਤ ਬਿਨਸ ਗਈ। ਸਾਧ ਦੇ ਸੰਗ ਕਰਕੇ ਮਨ ਨਿਰਮਲ ਹੋ ਗਿਆ। (ਭਾਵ ਸਾਧੂ ਨੇ ਨਾਮ ਦਿੱਤਾ, ਭਗਤੀ ਦ੍ਰਿੜਾਈ, ਇਸ ਨੇ ਨਿਰਮਲ ਕੀਤਾ, ਐਉਂ) ਹੇ ਨਾਨਕ! ਜਿਸਦੇ (ਬੁੱਧੀ ਦੇ) ਨੇਤ੍ਰਾਂ ਵਿਚ ਗਿਆਨ ਦਾ ਸੁਰਮਾ (ਪੈ ਗਿਆ, ਉਸਨੂੰ) ਇਕ (ਵਾਹਿਗੁਰੂ) ਦਿੱਸਦਾ ਹੈ, (ਅਤੇ ਉਸਨੇ ਆਪਣੀ ਸਾਰੀ) ਚਿੰਤਾ ਦੂਰ ਕਰ ਲਈ ਹੈ ॥ ੨੨ ॥

**ਨਿਰੁਕਤ**—ਚਰਣਾਰਬਿੰਦ—[ਸੰਸ:, ਚਰਣਾਰਵਿਨ੍ਦੰ] 'ਚਰਣ ਅਰਵਿੰਦੁ'—ਕਮਲ ਰੂਪੀ ਚਰਨ। ਮਤਾਂਤ—ਮਤ+ਅੰਤ—[ਸੰਸ:, ਮਤ=ਸੋਚਿਆ ਹੋਇਆ, ਵਿਚਾਰਿਆ ਹੋਇਆ] ਮਤਾਂਤ ਦੇ ਦੋ ਤ੍ਰੈ ਅਰਥ ਗੁਰਬਾਣੀ ਵਿਚ ਲਗਦੇ ਹਨ:—

੧. ਸਲਾਹ। ਮਸ਼ਵਰੇ ਕਰਕੇ ਅੰਤ ਨੂੰ ਨਿਰਣੈ ਕੀਤੀ ਸਲਾਹ। ਯਥਾ:—

ਏਹੁ ਮਤਾਂਤੁ ਪਕਾਈਐ ॥ [ਗਉੜੀ ਮਹਲਾ ੫, ਛੰਤ-੪

੨. ਸਿਧਾਂਤ। ਯਥਾ:—ਸਗਲ ਮਤਾਂਤ ਕੇਵਲ ਹਰਿ ਨਾਮ ॥ [ਗਉ: ਮ:੫, ਸੁਖਮਨੀ ੨੪-੭

੩. ਫੈਸਲਾ। ਯਥਾ—ਆਪਨ ਹਾਥਿ ਮਤਾਤ ॥ [ਗੂਜਰੀ ਮਹਲਾ ੫-੫

ਸੰਜੋਗ—[ਸੰਸ:. ਸੰਯੋਗ.] ਮੇਲ ਦਾ ਸਮਾਂ। (੨) ਜਯੋਤਸ਼ ਵਿਚ ਸ਼ੁਭ ਸਮਾਂ ਜੋ ਗ੍ਰਿਹ ਰਾਸਾਂ ਤੇ ਯੋਗ ਦੇ ਚੰਗੇ ਟਿਕਾਣੇ ਹੋਣ ਤੇ ਮਿਥਿਆ ਜਾਂਦਾ ਹੈ।

ਚਾਰ—[ਸੰਸ:, ਅ ਚਾਰ=ਚਾਲ ਚਲਨ। ੨. ਰਸਮੋ ਰਿਵਾਜ। ਹਿੰਦੀ, ਚਾਰ=ਰੀਤੀ, ਚਾਲ ਚਲਨ।] ਕਰਮ ਕਾਂਡ ਦੇ ਦੱਸੇ ਕਰਮ।

ਬਿਚਾਰ—ਵਿਚਾਰ। ਕਰਮ ਕਾਂਡ ਦੇ ਦੱਸੇ ਵਿਚਾਰ।

ਦ੍ਰਿਸਟੇਤਾ—[ਸੰਸ:, ਦ੍ਰਿਸ਼੍ਟਾ=ਦੇਖਣੇ ਵਾਲਾ।] ਦੇਖਦਾ ਹੈ, ਯਥਾ—

ਜਬ ਅਕਾਰੁ ਇਹੁ ਕਛੁ ਨ ਦ੍ਰਿਸਟੇਤਾ ॥ [ਗਉ: ਮ: ੫, ਸੁਖਮਨੀ ੨੧-੧

*ਭਾਵ ਹੈ ਸਭ ਪਾਸੇ। ਚਾਰ ਕੁੰਟ ਦਸ ਦਿਸ਼ਾ ਦੇ ਵੇਰਵੇ ਲਈ ਦੇਖੋ ਇਸੇ ਬਾਣੀ ਦੇ ਸਲੋਕ ੧੭ ਦੀ ਨਿਰੁਕਤ (ਪੰਨਾ ੧੬੧੫)।

ਸਲੋਕੁ ॥ ਛਾਤੀ ਸੀਤਲ ਮਨੁ ਸੁਖੀ ਛੰਤ ਗੋਬਿਦ ਗੁਨ ਗਾਇ ॥ ਐਸੀ ਕਿਰਪਾ ਕਰਹੁ ਪ੍ਰਭ ਨਾਨਕ ਦਾਸ ਦਸਾਇ ॥ ੧ ॥

[ਹੁਣ ਗੁਰੂ ਜੀ ਅੱਗੇ ਅਰਦਾਸ ਕਰਦੇ ਹਨ]* ਗੋਬਿੰਦ (ਜੀ ਦੇ) ਗੁਣਾਂ ਦੇ ਛੰਤ ਗਾਉਣੇ ਤੇ ਛਾਤੀ ਠੰਢੀ ਤੇ ਮਨ ਸੁਖੀ (ਹੁੰਦਾ ਹੈ)। ਹੇ ਪ੍ਰਭੋ ! ਐਸੀ ਕ੍ਰਿਪਾ ਕਰੋ (ਕਿ ਤੇਰੇ ਗੁਣਾਂ ਦੇ ਗਾਉਣ ਵਾਲੇ) ਦਾਸਾਂ ਦੇ ਦਾਸ (ਅਸੀਂ ਹੋ ਜਾਵੀਏ, ਕਹਿੰਦੇ ਹਨ ਗੁਰੂ) ਨਾਨਕ (ਜੀ) ॥ ੧ ॥

ਪਉੜੀ॥ ਛਛਾ ਛੋਹਰੇ ਦਾਸ ਤੁਮਾਰੇ ॥ ਦਾਸ ਦਾਸਨ ਕੇ ਪਾਨੀ ਹਾਰੇ ॥ ਛਛਾ ਛਾਰੁ ਹੋਤ ਤੇਰੇ ਸੰਤਾ ॥ ਅਪਨੀ ਕ੍ਰਿਪਾ ਕਰਹੁ ਭਗਵੰਤਾ ॥ ਛਾਡਿ ਸਿਆਨਪ ਬਹੁ ਚਤੁਰਾਈ॥ ਸੰਤਨ ਕੀ ਮਨ ਟੇਕ ਟਿਕਾਈ ॥ ਛਾਰੁ ਕੀ ਪੁਤਰੀ ਪਰਮਗਤਿ ਪਾਈ ॥ ਨਾਨਕ ਜਾਕਉ ਸੰਤ ਸਹਾਈ ॥ ੨੩ ॥

ਛਛੇ (ਦੁਆਰਾ ਉਪਦੇਸ਼ ਹੈ, ਹੇ ਪ੍ਰਭੋ ! ਅਸੀਂ) ਤੁਹਾਡੇ ਨਿਕੇ (ਜੇਹੇ) ਦਾਸ ਹਾਂ। (ਆਪ ਦੇ) ਦਾਸਾਂ ਦੇ ਦਾਸਾਂ ਦਾ ਪਾਣੀ ਢੋਣੇ ਵਾਲੇ ਹਾਂ । ਛਛੇ (ਦੁਆਰਾ ਅਸੀਂ) ਤੇਰੇ ਸੰਤਾਂ ਦੀ (ਚਰਨ) ਧੂੜ ਬਣਦੇ ਹਾਂ। ਹੇ ਪ੍ਰਭੋ ! (ਸਾਡੇ ਤੇ) ਆਪਣੀ ਕ੍ਰਿਪਾ ਕਰੋ। ਬਹੁਤ ਸਿਆਣਪਾਂ ਤੇ ਚਤੁਰਾਈਆਂ ਛੱਡ ਦੇਹ, ਹੇ ਮਨ ! (ਕਿਉਂਕਿ ਜਿਨ੍ਹਾਂ ਨੇ ਏਹ ਛੱਡਣੇ) ਸੰਤਾਂ ਦੀ ਟੇਕ ਟਿਕਾਈ ਹੈ; (ਉਨ੍ਹਾਂ ਦੀ) ਸੁਆਹ ਦੀ ਪੁਤਲੀ (=ਦੇਹੀ) ਨੇ ਪਰਮਗਤੀ ਪ੍ਰਾਪਤ ਕੀਤੀ ਹੈ। (ਪਰ ਹੇ) ਨਾਨਕ ! ਜਿਨ੍ਹਾਂ ਨੂੰ ਸੰਤ ਸਹਾਈ ਹੋਏ ਹਨ ॥ ੨੩ ॥

**ਨਿਰੁਕਤੁ**—ਛੋਹਰੇ ਦਾਸ–[ਹਿੰਦੀ, ਛੋਕਰਾ=ਲੜਕਾ, ਛੋਟੀ ਉਮਰ ਦਾ, +ਸੰਸ:, ਦਾਸ: ਨੌਕਰ, ਸੇਵਕ, ਦਾਸ।] ਬੱਚੇ ਨੌਕਰ। ਨਿੱਕੇ ਜਿਹੇ ਨੌਕਰ। ਭਾਵ ਹੈ ਨੌਕਰ ਹਾਂ ਤੇ ਉਹ ਬੀ ਅਞਾਣੇ, ਭੁੱਲਾਂ ਕਰਨ ਵਾਲੇ।

ਸਲੋਕੁ ॥ ਜੋਰ ਜੁਲਮ ਫੂਲਹਿ ਘਨੋ ਕਾਚੀ ਦੇਹ ਬਿਕਾਰ ॥ ਅਹੰਬੁਧਿ ਬੰਧਨ ਪਰੇ ਨਾਨਕ ਨਾਮ ਛੁਟਾਰ ॥ ੧ ॥

[ਅਗਲੇ ਅੰਕ ਵਿਚ ਜ਼ੋਰ ਜ਼ੁਲਮ ਕਰਨ ਤੋਂ ਵਰਜਦੇ ਹਨ ਤੇ ਪਉੜੀ ਵਿਚ ਜ਼ੋਰ ਜ਼ੁਲਮ ਦੇ ਕਾਰਣ ਹਉਮੈ ਤੋਂ ਮਨ੍ਹਾ ਕਰਦੇ ਹਨ। ਉਸ ਹਉਮੈ ਤੋਂ ਬੀ ਜੋ ਗੁਣੀ ਤੇ ਭਲੇ ਜਨ ਬੀ ਧਾਰ ਬੈਠਦੇ ਹਨ] (ਜੀਵ) ਜ਼ੋਰ ਤੇ ਜ਼ੁਲਮ (ਕਮਾਉਂਦਾ ਹੈ ਤੇ ਫੇਰ) ਬੜਾ ਫੁੱਲ ਫੁੱਲ ਬੈਠਦਾ† ਹੈ(ਪਰ ਨਹੀਂ ਸਮਝਦਾ ਕਿ ਇਹ) ਦੇਹੀ (ਜਿਸਦੇ ਮਾਣ ਵਿਚ ਜ਼ੋਰ ਜ਼ੁਲਮ ਕਰਦਾ ਹਾਂ) ਕੱਚੀ ਹੈ (=ਮਰਨਹਾਰ ਹੈ ਤੇ) ਵਿਕਾਰੀ ਹੈ (=ਇਕ ਰਸ ਨਹੀਂ ਰਹਿੰਦੀ‡)। (ਇਹ ਭੁੱਲ ਇਸ ਕਰਕੇ ਹੁੰਦੀ ਹੈ ਕਿ ਇਸ ਨੂੰ) ਅਹੰਕਾਰ ਵਾਲੀ ਬੁੱਧੀ ਦੇ ਬੰਨ੍ਹਣ ਪਏ ਹੋਏ ਹਨ (ਜਿਨ੍ਹਾਂ ਤੋਂ) ਛੁਟਕਾਰਾ ਨਾਮ (ਨਾਲ ਪ੍ਰਾਪਤ ਹੁੰਦਾ ਹੈ) ਹੇ ਨਾਨਕ ! ॥ ੧ ॥

*ਗੁਰਬਾਣੀ ਵਿਚ ਇਹ ਗਲ ਅਕਸਰ ਦੇਖਣ ਵਿਚ ਆਉਂਦੀ ਹੈ ਕਿ ਜਗਿਆਸ ਨੂੰ ਜਦ ਭੁੱਲਾਂ ਤੇ ਅਵਗੁਣ ਦੱਸਦੇ, ਨਾਮ ਦੀ ਹਿਦਾਯਤ ਦੇਂਦੇ,ਅਪਣੀ ਬਾਬਤ ਪ੍ਰਾਪਤੀ ਦਾ ਜ਼ਿਕਰ ਕਰਦੇ ਹਨ ਤਦ ਉਨ੍ਹਾਂ ਨੂੰ ਹਉਮੈ ਅਤੀਤਤਾ ਅਰਦਾਸ ਵਿਚ ਲੈ ਜਾਂਦੀ ਹੈ।

†ਜੇ ਪਾਠ 'ਫੂਲਹਿ' ਹੋਵੇ ਤਾਂ ਬਹੁ ਬਚਨ ਹੈ ਪਰ ਅਗਲੀ ਪਉੜੀ ਵਿਚ ਇਕ ਬਚਨ ਚਲਦਾ ਹੈ।

‡ਭਾਵ ਹੈ: ਮੌਤ ਤੇ ਰੋਗਾਂ ਦੇ ਅਧੀਨ ਹੋ ਜਾਂਦੀ ਹੈ।

| | |
|---|---|
| ਪਉੜੀ ॥ ਜਜਾ ਜਾਨੈ ਹਉ ਕਛੁ ਹੂਆ ॥ ਬਾਧਿਓ ਜਿਉ ਨਲਿਨੀ ਭ੍ਰਮਿ ਸੂਆ ॥ ਜਉ ਜਾਨੈ ਹਉ ਭਗਤੁ ਗਿਆਨੀ ॥ ਆਗੈ ਠਾਕੁਰਿ ਤਿਲੁ ਨਹੀ ਮਾਨੀ ॥ ਜਉ ਜਾਨੈ ਮੈ ਕਥਨੀ ਕਰਤਾ ॥ ਬਿਆਪਾਰੀ ਬਸੁਧਾ ਜਿਉ ਫਿਰਤਾ॥ ਸਾਧ ਸੰਗਿ ਜਿਹ ਹਉਮੈ ਮਾਰੀ ॥ ਨਾਨਕ ਤਾਕਉ ਮਿਲੇ ਮੁਰਾਰੀ ॥੨੪॥ | ਜਜੇ (ਦੁਆਰਾ ਉਪਦੇਸ਼ ਹੈ ਕਿ ਜਦ ਜੀਵ) ਜਾਣੇ ਕਿ ਮੈਂ ਕੁਛ ਹੋ ਗਿਆ ਹਾਂ, (ਤਦ) ਬੱਝ ਜਾਂਦਾ ਹੈ ਜਿੱਕੁਰ ਭਰਮ ਕਰਕੇ ਨਲਿਨੀ ਨਾਲ ਤੋਤਾ। ਜਦੋਂ (ਇਹ) ਜਾਣੇ ਕਿ ਮੈਂ ਭਗਤ (ਹਾਂ ਕਿ) ਗਿਆਨੀ ਹਾਂ (ਤਦ) ਅਗੇ (ਪਰਲੋਕ ਵਿਚ) ਠਾਕੁਰ ਨੇ (ਉਸਦੇ ਗਿਆਨ ਕਿ ਭਗਤੀ ਨੂੰ)ਤਿਲ ਜਿੰਨਾ(ਬੀ) ਨਹੀਂ ਮੰਨਣਾ। ਜੇ ਜਾਣੇ ਕਿ ਮੈਂ ਕਥਨੀ ਕਰਨੇ ਵਾਲਾ ਹਾਂ* (ਤਾਂ ਜਾਣੋ) ਧਰਤੀ ਪੁਰ ਵਪਾਰੀ ਵਾਂਙ (ਮਾਰਿਆ ਮਾਰਿਆ) ਫਿਰਦਾ ਹੈ। ਸਾਧ ਸੰਗ ਵਿਚ ਜਿਸ ਨੇ ਹਉਮੈ ਮਾਰ ਲਈ ਹੈ, ਉਸਨੂੰ ਪਰਮੇਸ਼ੁਰ ਮਿਲਦਾ ਹੈ, ਹੇ ਨਾਨਕ ! ॥ ੨੪ ॥ |

**ਨਿਰੁਕ੍ਤ**—ਛੁਟਾਰ–[ਸੰਸ:, ਧਾ:, ਛੁਟ੍=ਤੋੜਨਾ, ਕੱਟਣਾ] 'ਛੁਟਕਾਰ' ਦਾ ਸੰਖੇਪ 'ਛੁਟਾਰ' ਤੇ ਛੁਟਾਰਾ ਗੁਰਬਾਣੀ ਵਿਚ ਆਇਆ ਹੈ। ਯਥਾ:–

ਅਨਿਕ ਜਤਨ ਨਹੀ ਹੋਤ ਛੁਟਾਰਾ ॥ [ਗਉ: ਮ: ੫–੭੯

ਨਲਿਨੀ–[ਸੰਸ:, ਨਲ =ਪੋਲਾ ਨੜਾ।] ਨੜੇ ਦੀ ਇਕ ਨਲੀ ਵਿਚ ਸੀਖ ਪਾ ਕੇ ਇਸ ਨੂੰ ਪਾਣੀ ਦੇ ਭਰੇ ਹੋਏ ਦੌਰੇ ਦੇ ਉਪਰ ਵਾਰ ਰਖ ਦੇਂਦੇ ਹਨ, ਤੋਤਾ ਪਾਣੀ ਪੀਣ ਆਯਾ ਇਸ ਤੇ ਬੈਠਦਾ ਹੈ ਤਾਂ ਨਲੀ ਭਉਂ ਜਾਂਦੀ ਹੈ, ਉਲਟਾ ਹੋ ਗਿਆ ਤੋਤਾ ਪਾਣੀ ਨੂੰ ਤੇ ਆਪਣੇ ਪਰਛਾਵੇਂ ਨੂੰ ਦੇਖਕੇ ਡਰਦਾ ਹੈ ਤੇ ਉਸ ਨੂੰ ਛਡਦਾ ਨਹੀਂ, ਇਉਂ ਫੰਧਕ ਤੋਤੇ ਨੂੰ ਫੜ ਲੈਂਦਾ ਹੈ। 'ਮੈਂ ਕੁਛ ਹੋ ਗਿਆ ਹਾਂ' ਦਾ ਭਰਮ ਏਸੇ ਤਰ੍ਹਾਂ ਬੰਧਨ ਦਾ ਕਾਰਣ ਹੁੰਦਾ ਹੈ।

ਸੂਆ–[ਸੰਸ:, ਸ਼ੁਕ:। ਪ੍ਰਾ: ਸੁਓ। ਹਿੰਦੀ ਸੂਆ] ਇਕ ਮਸ਼ਹੂਰ ਪੰਛੀ, ਤੋਤਾ।

ਤਿਲੁ ਨਹੀ ਮਾਨੀ–[ਸੰਸ:, ਤਿਲ:=ਇਕ ਪੋਦਾ, ਤਿਲ ਬੀਜ। ਥੋੜਾ ਜਿੰਨਾ] ਥੋੜਾ ਜਿੰਨਾ ਵੀ ਪ੍ਰਵਾਨ ਨਹੀਂ ਕਰੇਗਾ। (ਅ) ਤਿਲ ਜਿੰਨਾ ਮਾਨ ਨਹੀਂ ਦੇਵੇਗਾ।

ਬਸੁਧਾ–[ਸੰਸ:, ਵਸੁਧਾ] ਧਰਤੀ, ਜ਼ਮੀਨ, ਭੋਂ।

ਬਿਆਪਾਰੀ ਜਿਉ ਫਿਰਤਾ–[ਸੰਸ:, ਵ੍ਯਾਪਾਰਿਨ੍=ਬਿਉਪਾਰੀ] ਭਾਵ ਫਿਰਕੇ ਸੌਦਾ ਵੇਚਣ ਵਾਲੇ ਬਿਉਪਾਰੀ ਵਾਂਗੂ ਫਿਰਦਾ ਹੈ। ਜੋ ਗਲਾਂ ਬਹੁਤ ਕਰਦਾ ਹੈ ਪਰ ਉਨ੍ਹਾਂ ਦਾ ਪਰਮਾਰਥਿਕ ਲਾਭ ਕੁਛ ਨਹੀਂ।

| | |
|---|---|
| ਸਲੋਕੁ ॥ ਝਾਲਾਘੇ ਉਠਿ ਨਾਮੁ ਜਪਿ ਨਿਸਿ ਬਾਸੁਰ ਆਰਾਧਿ ॥ ਕਾਰ੍ਹਾ ਤੁਝੈ ਨ ਬਿਆਪਈ ਨਾਨਕ ਮਿਟੈ ਉਪਾਧਿ ॥ ੧ ॥ | [ਸਭ ਉਪਾਧੀਆਂ ਤੇ ਝੋਰਿਆਂ ਦੁਖਾਂ ਦਾ ਦਾਰੂ ਨਾਮ ਹੈ, ਉਸਦੇ ਜਪਣੇ ਦਾ ਉਪਦੇਸ਼ ਅਗਲੇ ਅੰਕ ਵਿਚ ਹੈ] ਸਵੇਰੇ ਉਠਕੇ ਨਾਮ ਜਪ (ਤੇ) ਦਿਨ ਰਾਤ ਆਰਾਧਨਾ ਕਰ, (ਫੇਰ) ਤੈਨੂੰ ਕਾੜ੍ਹਾ ਨਹੀਂ ਲਗੇਗਾ ਤੇ ਉਪਾਧਿ (ਬੀ ਮਿਟ ਜਾਏਗੀ, (ਕਹਿੰਦੇ ਹਨ ਗੁਰੂ) ਨਾਨਕ (ਦੇਵ ਜੀ) ॥ ੧ ॥ |
| ਪਉੜੀ ॥ ਝਝਾ ਝੂਰਨੁ ਮਿਟੈ ਤੁਮਾਰੋ ॥ ਰਾਮ ਨਾਮ ਸਿਉ ਕਰਿ ਬਿਉ- | ੧. ੨. ਝਝੇ (ਦੁਆਰਾ ਉਪਦੇਸ਼ ਹੈ) ਤੁਹਾਡਾ ਝੂਰਨਾ ਮਿਟ ਜਾਵੇ (ਜੇ) ਰਾਮ ਨਾਮ ਨਾਲ ਵਿਹਾਰ ਕਰੋ ਤਾਂ। |

*ਭਾਵ ਚੰਗੀ ਵਕੱਤ੍ਰਤਾ ਕਰਨ ਵਾਲਾ ਹਾਂ।

ਹਾਰੋ॥ ਝੂਰਤ ਝੂਰਤ ਸਾਕਤ ਮੂਆ॥ ਜਾਕੈ ਰਿਦੈ ਹੋਤ ਭਾਉ ਬੀਆ॥ ਝਰਹਿ ਕਸੰਮਲ ਪਾਪ ਤੇਰੇ ਮਨੂਆ॥ ਅੰਮ੍ਰਿਤ ਕਥਾ ਸੰਤ ਸੰਗਿ ਸੁਨੂਆ॥ ਝਰਹਿ ਕਾਮ ਕ੍ਰੋਧ ਦ੍ਰੁਸਟਾਈ॥ ਨਾਨਕ ਜਾਕਉ ਕ੍ਰਿਪਾ ਗੁਸਾਈ॥ ੨੫॥

੩. ੪. ਸਾਕਤ* ਝੂਰਦਾ ਝੂਰਦਾ ਹੀ ਮਰ ਜਾਂਦਾ ਹੈ, ਜਿਸਦੇ ਕਿ ਹਿਰਦੇ ਵਿਚ ਦੁਤੀਆ ਭਾਵ ਹੋਂਦਾ ਹੈ। ੬. (ਜੇ ਤੂੰ ਸੰਤਾਂ ਦੇ ਸੰਗ ਵਿਖੇ ਅੰਮ੍ਰਿਤ ਕਥਾ ਸੁਣੇਂ। ੫. ਤਾਂ ਝੜ ਜਾਣ ਤੇਰੇ ਮਨ ਤੋਂ ਪਾਪਾਂ ਦੇ ਕਸਮਲ। ੮. ਹੇ ਨਾਨਕ! ਜਿਨ੍ਹਾਂ ਪਰ ਪਰਮੇਸ਼ੁਰ ਦੀ ਕ੍ਰਿਪਾ ਹੁੰਦੀ ਹੈ, ੭. (ਉਨ੍ਹਾਂ ਦੇ) ਕਾਮ ਕ੍ਰੋਧ (ਅਤੇ ਹੋਰ) ਅਤਿ ਦੀਆਂ ਬੁਰਾਈਆਂ (ਸਭ) ਦੂਰ ਹੋ ਜਾਂਦੀਆਂ ਹਨ॥ ੨੫॥

**ਨਿਰੁਕ੍ਤ**–ਕਾਰਾ–[ਸੰਸ:, ਕਾਰਾ=ਜੇਲਖਾਨਾ। (੨) ਪੀੜ, ਕਸ਼ਟ; ਤਕਲੀਫ਼, ਕਲੇਸ਼] ਕੁੜਨ ਸੜਨ। ਦਿਲ ਦੇ ਘਬਰਾ ਤੇ ਫ਼ਿਕਰ। ਅੱਗੇ ਪਉੜੀ ਵਿਚ ਕਾਰਾ ਦਾ ਅਰਥ ਝੂਰਨਾ ਦੱਸਿਆ ਹੈ ਫਿਰ ਇਹ ਝੂਰਨਾ ਫਲ ਹੈ ਉਪਾਧਿ ਦਾ। ਉਪਾਧੀ ਉਹ ਸ਼ੈ ਹੈ ਜੋ ਦੁਖ ਕਲੇਸ਼ ਝੋਰੇ ਪੈਦਾ ਕਰਦੀ ਹੈ। ਉਪਾਧੀਆਂ ਬੀ ਪਉੜੀ ਵਿਚ ਗਿਣੀਆਂ ਹਨ:–ਦੁਐਤ ਦਾ ਭਾਵ, ਮਨ ਦੇ ਪਾਪ, ਫੇਰ ਸਰੀਰ ਦੇ ਪਾਪ=ਕਾਮ ਕ੍ਰੋਧ ਆਦਿਕ।

ਕਸੰਮਲ–[ਸੰਸ: ਕਸ਼ੁਮਲੰ=(ਨਪੁੰ: ਲਿੰਗ) ਮਨ ਦੀ ਉਦਾਸੀ, ਮੋਹ, ਪਾਪ, ਮੂਰਛਾ। ਕਸ਼ੁਮਲ=(ਵਿਸ਼ੇਸ਼ਣ) ਗੰਦਾ, ਮੈਲਾ, ਸ਼ਰਮਨਾਕ।] ਕਸਮਲ ਦਾ ਅਰਥ ਹੈ–ਮੈਲਾ, ਪਾਪ ਤੇ ਮਨ ਦੀ ਨਿੰਮੋਝਾਣ ਦਸ਼ਾ ਯਾ ਮੂਰਛਾ। ਪਿਛੇ ਸ਼ਲੋਕ ਵਿਚ ਕਿਹਾ ਹੈ 'ਕਾਰਾ' ਤੇ 'ਝੂਰਨ'; ਇਥੇ ਬੀ ਉਹੋ ਭਾਵ ਹੈ, ਮਨ ਦੀ ਉਹ ਢੱਠੀ ਨਿਮੋਝਾਣ ਦਸ਼ਾ ਜੋ ਪਾਪ ਕਰਨ ਤੋਂ ਹੋ ਜਾਂਦੀ ਹੈ। ਅਰਜਨ ਨੂੰ ਜਦ ਜੁੱਧ ਕਰਨ ਵਿਚ ਆਪਣਿਆਂ ਨੂੰ ਮਾਰਨ ਦੇ ਪਾਪ ਕਰਮ ਤੋਂ ਦਿਲ ਵਿਚ ਝੋਰਾ ਆਉਂਦਾ ਤੇ ਨਿੰਮੋਝਾਣੀ ਛਾਉਂਦੀ ਹੈ ਤਾਂ ਸ੍ਰੀ ਕ੍ਰਿਸ਼ਨ ਇਹੋ ਪਦ ਕਸ਼ਮਲ ਵਰਤਦੇ ਹਨ–'ਕੁਤਸ੍ਤ੍ਵਾ ਕਸ਼ੁਮਲਮਿਦੰ' ਤੈਨੂੰ ਇਹ ਕਸ਼ਮਲ ਕਿਉਂ ਹੋਇਆ ਹੈ? [ਗੀਤਾ ੨. ੨.

ਦ੍ਰੁਸਟਾਈ–[ਸੰਸ:, ਦੁਰਿਸ਼੍ਟੰ=ਬਹੁਤ ਬੁਰਾਈ, ਪਾਪ, ਦੁਸ਼ਟਤਾ] ਬਹੁਤੀ ਬੁਰਿਆਈ, ਭਾਰੀ ਪਾਪ, ਅਤਯੰਤ ਬੁਰਿਆਈ।

ਸਲੋਕੁ॥ ਜਤਨ ਕਰਹੁ ਤੁਮ ਅਨਿਕ ਬਿਧਿ ਰਹਨੁ ਨ ਪਾਵਹੁ ਮੀਤ॥ ਜੀਵਤ ਰਹਹੁ ਹਰਿ ਹਰਿ ਭਜਹੁ ਨਾਨਕ ਨਾਮ ਪਰੀਤਿ॥ ੧॥

[ਅਮਰਜੀਵਨਪ੍ਰਾਪਤੀਦੀ ਵਿਧਿ ਹੈ ਹਰਿ ਭਜਨ]ਹੇਮਿਤ੍ਰ!(ਸਦਾ ਰਹਿਣੇ ਲਈ) ਤੁਸੀਂ ਅਨੇਕ ਤਰ੍ਹਾਂ ਦੇ ਜਤਨ ਕਰਕੇ (ਦੇਖ ਲਵੋ ਪਰ ਸਦਾ ਲਈ) ਰਹਿਣਾ ਨਹੀਂ ਪਾਓਗੇ, (ਹਾਂ, ਪਰ ਤੁਸੀਂ ਸਦਾ ਲਈ) ਜੀਉਂਦੇ ਰਹੋਗੇ† ਜੇ ਹਰੀ ਨਾਮ ਦੀ ਪ੍ਰੀਤ ਵਿਚ (ਆਕੇ) ਹਰੀ ਦਾ ਭਜਨ ਕਰੋਗੇ ਤਾਂ, (ਭਾਵ ਅਮਰ ਜੀਵਨ ਪਾ ਲਓਗੇ) ਹੇ ਨਾਨਕ! ॥ ੧॥

ਪਵੜੀ॥ ਞੰਞਾ ਞਾਣਹੁ ਦ੍ਰਿੜੁ ਸਹੀ ਬਿਨਸਿ ਜਾਤ ਏਹ ਹੇਤ॥ ਗਣਤੀ ਗਣਉ ਨ ਗਣਿ ਸਕਉ ਊਠਿ ਸਿਧਾਰੇ ਕੇਤ॥ ਞੋ ਪੇਖਉ ਸੋ ਬਿਨਸਤਉ ਕਾ ਸਿਉ ਕਰੀਐ ਸੰਗੁ

ਞੰਞੇ (ਦੁਆਰਾ ਉਪਦੇਸ਼ ਹੈ ਕਿ ਇਹ) ਗਲ ਪੱਕੀ ਠੀਕ ਜਾਣ ਲਓ ਕਿ ਏਹ ਪਿਆਰ (ਸਭ) ਬਿਨਸ ਜਾਣਗੇ। (ਜੇ) ਗਿਣਤੀ ਗਿਣੀਏ ਤਾਂ ਗਿਣੀ ਨਹੀਂ ਜਾ ਸਕਦੀ ਕਿ ਕਿੰਨੇ ਕੁ (ਪਿਆਰੇ ਇਥੋਂ) ਉੱਠਕੇ ਤੁਰ ਗਏ ਹਨ। ਜੋ ਦੇਖੀਦਾ ਹੈ ਸੋ (ਸਭ) ਬਿਨਸ ਜਾਂਦਾ ਹੈ, ਕਿਸ ਨਾਲ ਸੰਗ (=ਮੇਲ ਯਾ ਪਿਆਰ) ਕਰੀਏ। (ਤਾਂਤੇ) ਇਸ ਪ੍ਰਕਾਰ ਚਿਤ ਵਿਚ ਨਿਸਚੇ

*ਦੇਖੋ ਪਿੱਛੇ ਪੰਨਾ ੧੬੦੬ ਦੀ ਨਿਰੁਕਤ।

†'ਜਦ ਤਕ ਜੀਉਂਦੇ ਰਹੋ ਭਜਨ ਕਰੋ' ਇਉਂ ਬੀ ਭਾਵ ਕੱਢ ਲੈਂਦੇ ਹਨ।

॥ ਵਾਣਹੁ ਇਆ ਬਿਧਿ ਸਹੀ ਚਿਤ ਝੂਠਉ ਮਾਇਆ ਰੰਗੁ ॥ ਵਾਣਤ ਸੋਈ ਸੰਤੁ ਸੁਇ ਭ੍ਰਮਤੇ ਕੀਚਤ ਭਿੰਨ ॥ ਅੰਧ ਕੂਪ ਤੇ ਤਿਹ ਕਢਹੁ ਜਿਹ ਹੋਵਹੁ ਸੁ ਪ੍ਰਸੰਨ॥ਵਾਕੈ ਹਾਥਿ ਸਮਰਥ ਤੇ ਕਾਰਨ ਕਰਨੈ ਜੋਗ ॥ ਨਾਨਕ ਤਿਹ ਉਸਤਤਿ ਕਰਉ ਵਾਹੂ ਕੀਓ ਸੰਜੋਗ ॥ ੨੬ ॥

ਜਾਣ ਲਓ* ਕਿ ਮਾਇਆ ਦਾ ਰੰਗ ਕੂੜਾ ਹੈ। (ਪਰ ਇਹ ਗਲ) ਉਹੀ ਜਾਣਦਾ ਹੈ (ਜਿਸਨੇ ਅਪਣੇ ਮਨ ਨੂੰ) ਭਰਮ ਤੋਂ ਅਲੱਗ ਕਰ ਲਿਆ ਹੈ। ਭਾਵ ਉਹੋ ਗਯਾਤ-ਰੋਯ ਹੈ ਤੇ) ਉਹੋ ਸੰਤ ਹੈ। (ਪਰ ਇਸ ਭ੍ਰਮ ਦੇ) ਅਨ੍ਹੇਰੇ ਖੂਹ ਵਿਚੋਂ (ਹੇ ਪ੍ਰਭੂ! ਤੁਸੀਂ) ਉਸ ਨੂੰ ਕੱਢ ਲੈਂਦੇ ਹੋ ਜਿਸਤੇ ਬਹੁਤ ਪ੍ਰਸੰਨ ਹੁੰਦੇ ਹੋ। (ਤਾਂ ਤੇ ਹੇ ਭਾਈ) ਜਿਸਦੇ ਹੱਥ ਵਿਚ ਸਮਰਥਾ ਹੈ (ਅਤੇ ਜੋ) ਕਾਰਨਾਂ ਦੇ (ਬੀ) ਕਰਨੇ ਦੇ ਜੋਗ ਹੈ ਤੇ ਜਿਸ ਨੇ ਹੀ (ਇਹ) ਸੰਜੋਗ† ਕੀਤਾ ਹੈ, ਉਸਦੀ ਉਸਤਤਿ ਕਰੋ, ਹੇ ਨਾਨਕ ॥੨੬॥

**ਨਿਰੁਕ੍ਤ—**ਹੇਤ–[ਸੰਸ:, ਹਿਤੰ=ਪਯਾਰ, ਮਿੱਤ੍ਰ, ਲਾਭਦਾਇਕ ਗਲ] ਪਯਾਰ।

(ਅ) ਹੇਤ ਦਾ ਭਾਵ ਕਾਰਣ ਬੀ ਲਾਉਂਦੇ ਹਨ ਕਿ ਕਾਰਣ ਦਾ ਪਸਾਰਾ–ਇਹ ਜਗਤ, ਪਰੰਤੂ ਅਗੇ ਪ੍ਰਸੰਗ ਹਿਤੂਆਂ ਦਾ ਚਲਦਾ ਹੈ।

[ਸਾਧੂ ਦੀ ਸੇਵਾ ਜਨਮ ਮਰਣ ਕੱਟਦੀ ਹੈ ਕਿਉਂਕਿ ਉਸ ਨਾਲ ਨਾਮ ਨਹੀਂ ਵਿਸਰਦਾ। ਇਹ ਨਾਮ ਨਾ ਵਿਸਰਨਾ ਵਾਹਿਗੁਰੂ ਦੀ ਟਹਲ ਹੈ, ਜਿਸਤੋਂ ਸਭ ਪ੍ਰਾਪਤੀਆਂ ਹੁੰਦੀਆਂ ਹਨ]

ਸਲੋਕੁ॥ ਟੂਟੇ ਬੰਧਨ ਜਨਮ ਮਰਨ ਸਾਧ ਸੇਵ ਸੁਖੁ ਪਾਇ ॥ ਨਾਨਕ ਮਨਹੁ ਨ ਬੀਸਰੈ ਗੁਣ ਨਿਧਿ ਗੋਬਿਦ ਰਾਇ ॥ ੧ ॥

ਸਾਧੂ ਦੀ ਸੇਵਾ ਕਰਕੇ (ਅਸਾਂ ਨਾਮ ਦਾ) ਸੁਖ ਪਾਇਆ ਹੈ (ਜਿਸ ਨਾਲ ਕਿ) ਜਨਮ ਮਰਨ ਦੇ ਬੰਧਨ ਟੁੱਟ ਗਏ ਹਨ। ਹੇ ਨਾਨਕ! (ਹੁਣ) ਅਕਾਲ ਪੁਰਖ, ਜੋ ਗੁਣਾਂ ਦਾ ਭੰਡਾਰ ਹੈ, ਮਨੋਂ (ਕਦੇ) ਨਾ ਵਿਸਰੇ! ॥ ੧ ॥

ਪਉੜੀ ॥ ਟਹਲ ਕਰਹੁ ਤਉ ਏਕ ਕੀ ਜਾ ਤੇ ਬ੍ਰਿਥਾ ਨ ਕੋਇ ॥ ਮਨਿ ਤਨਿ ਮੁਖਿ ਹੀਐ ਬਸੈ ਜੋ ਚਾਹਹੁ ਸੋ ਹੋਇ ॥ ਟਹਲ ਮਹਲ ਤਾਕਉ ਮਿਲੈ ਜਾਕਉ ਸਾਧ ਕ੍ਰਿਪਾਲ ॥ ਸਾਧੂ ਸੰਗਤਿ ਤਉ ਬਸੈ ਜਉ ਆਪਨ ਹੋਹਿ ਦਇਆਲ ॥ ਟੋਹੇ ਟਾਹੇ ਬਹੁ ਭਵਨ ਬਿਨੁ ਨਾਵੈ ਸੁਖੁ ਨਾਹਿ ॥ ਟਲਹਿ ਜਾਮ ਕੇ ਦੂਤ

(ਟੋਂਕੇ ਦੁਆਰਾ ਉਪਦੇਸ਼ ਹੈ) ਸੇਵਾ ਕਰੋ‡ ਤਾਂ ਇਕ ਦੀ ਕਰੋ ਜਿਸ ਪਾਸੋਂ ਸੱਖਣਾ ਕੋਈ ਨਹੀਂ (ਜਾਂਦਾ)। ਮਨ ਵਿਚ, ਤਨ ਵਿਚ, ਮੂੰਹ ਵਿਚ, ਹਿਰਦੇ ਵਿਚ (ਜੇ ਉਹੋ) ਵੱਸ ਜਾਵੇ ਤਾਂ ਜੋ (ਤੁਸੀਂ) ਚਾਹੋਗੇ ਸੋ ਪਿਆ ਹੋਵੇਗਾ। (ਪਰ ਇਹ) ਮਹਲ ਦੀ ਟਹਲ❦ ਉਸਨੂੰ ਮਿਲਦੀ ਹੈ ਜਿਸ ਉਤੇ ਸਾਧੂ ਕ੍ਰਿਪਾਲੂ ਹੋਵੇ (ਅਤੇ) ਸਾਧੂ ਦੀ ਸੰਗਤ ਵਿਚ (ਕੋਈ) ਤਾਂ ਵਸਦਾ ਹੈ ਜੇ ਆਪ (ਪ੍ਰਭੂ) ਦਿਆਲ ਹੋਵੇ✖। (ਇਸ ਇਕ ਟਿਕਾਣੇ ਤੋਂ ਛੁਟ ਹੋਰ) ਬਹੁਤ ਟਿਕਾਣੇ ਦੇਖ ਭਾਲ ਛੱਡੇ ਹਨ, ਨਾਮ ਤੋਂ ਬਿਨਾ ਸੁਖ ਨਹੀਂ (ਪ੍ਰਾਪਤ ਹੁੰਦਾ। ਤਾਂਤੇ) ਜੋ ਸਾਧੂ✱ ਦੇ ਸੰਗ ਵਿਚ ਆ ਮਿਲਦੇ ਹਨ ਉਸਦੇ (ਸਿਰੋਂ)

---

*ਸਲੋਕ ਵਿਚ 'ਤੁਮ' ਕਰਕੇ ਕਿਸੇ ਨੂੰ ਕਿਹਾ ਹੈ, ਉਹੋ ਬ੍ਰਿਤੀ ਮੱਧਮ ਪੁਰਖ ਵਲ ਚੱਲ ਰਹੀ ਹੈ।

†ਦੇਹ ਆਦਿ ਪਦਾਰਥਾਂ ਦਾ। ਪਿਛੇ ਪਉੜੀ ੨੪ ਦੇ ਸਲੋਕ ਵਿਚ 'ਕਾਚੀ ਦੇਹ ਬਿਕਾਰ' ਕਹਿ ਆਏ ਹਨ।

‡ਭਗਤੀ, ਉਪਾਸਨਾ, ਨਾਮ ਸਿਮਰਣ, ਏਹ ਭਗਵੰਤ ਦੀ ਟਹਲ ਯਾ ਸੇਵਾ ਹੈ।

❦ਪਹਿਲੇ ਕਿਹਾ ਹੈ 'ਇਕ ਦੀ ਟਹਿਲ' ਕਰੋ, ਉਸੇ ਵਲ ਇਸ਼ਾਰਾ ਹੈ 'ਇਕ ਦੀ ਟਹਿਲ' ਤੇ 'ਉਸਦੇ ਮਹਿਲ (=ਦਰਬਾਰ ਯਾ ਸਰੂਪ) ਦੀ ਟਹਲ' ਦਾ ਭਾਵ ਇਕੋ ਹੈ।

✖ਭਾਵ, ਸਾਧੂ ਕ੍ਰਿਪਾ ਨਾਲ ਸਾਈਂ ਦੀ ਪ੍ਰਾਪਤੀ ਤੇ ਸਾਈਂ ਕ੍ਰਿਪਾ ਨਾਲ ਸਾਧੂ ਦੀ ਪ੍ਰਾਪਤੀ।

✱ਸਾਧੂ ਤੋਂ ਭਾਵ ਨਾਮ ਦੇ ਉਪਾਸਕ ਸਾਧੂ ਤੋਂ ਹੈ।

ਤਿਹ ਜੁ ਸਾਧੂ ਸੰਗਿ ਸਮਾਹਿ ॥ ਬਾਰਿ ਬਾਰਿ ਜਾਉ ਸੰਤ ਸਦਕੇ ॥ ਨਾਨਕ ਪਾਪ ਬਿਨਾਸੇ ਕਦਿਕੇ ॥ ੨੭ ॥

ਜਮ ਦੇ ਦੂਤ ਟਲ ਜਾਂਦੇ ਹਨ । (ਇਸ ਲਈ ਮੈਂ) ਵਾਰ ਵਾਰ ਸੰਤਾਂ ਦੇ ਸਦਕੇ ਜਾਂਦਾ ਹਾਂ (ਕਿਉਂਕਿ) ਚਿਰ ਕਾਲ ਦੇ ਪਾਪ ਉਨ੍ਹਾਂ ਦੀ ਸੰਗਤ ਕਰਕੇ)ਦੂਰ ਹੋਗਏ ਹਨ,ਹੇ ਨਾਨਕ !॥੨੭॥

**ਨਿਰੁਕ੍ਤ**–ਟਹਲ ਮਹਲ–[ਪੰਜਾਬੀ] ਮਹਲ ਦੀ ਟਹਲ । ਮਹਲ ਦਾ 'ਲ' ਮੁਕਤਾ ਹੈ ਮਹਲ ਦੀ ਟਹਲ ਕਿਉਂਕਿ ਟਹਲ ਪਦ ਇਸਤ੍ਰੀ ਲਿੰਗ ਹੈ ਸੋ ਠੀਕ ਅਰਥ ਮਹਲ ਦੀ ਟਹਲ ਹੈ ।

(ਅ) ਟਹਲ, ਮਹਲ ਦਾ ਅਰਥ ਟਹਿਲ ਦਾ ਮਰਾਤਬਾ ਵੀ ਲਾਉਂਦੇ ਹਨ । ਪਰ ਇਹ ਅਰਥ ਲਾਉਣ ਲਈ ਮਹਲ ਦੇ 'ਲਲੇ' ਨੂੰ ਔਂਕੜ ਚਾਹੀਦਾ ਹੈ ।

(ੲ) ਪਹਿਲੋਂ ਕਹੀ ਟਹਿਲ ('ਮਨਿ ਤਨਿ ਮੁਖਿ ਹੀਐ ਬਸੈ' ਤੇ ਇਸ ਤੋਂ ਮਿਲਣ ਵਾਲੀ ਪਦਵੀ=) ਸਰੂਪ ਪ੍ਰਾਪਤੀ ਦੁਇ ਚੀਜ਼ਾਂ । ਟਹਿਲੋਂ ਮਹਿਲ ਇਕ ਪੰਜਾਬੀ ਮੁਹਾਵਰਾ ਹੈ ਜੋ ਇਸ ਤੁਕ ਤੋਂ ਚਲਿਆ ਜਾਪਦਾ ਹੈ ।

ਭਵਨ–[ਸੰਸ:, ਭਵਨੰ=ਘਰ, ਮਕਾਨ, ਡੇਰਾ, ਅਸਥਾਨ ।] ਭਵਨ ਤੋਂ ਭਾਵ ਲੈਂਦੇ ਹਨ: 'ਸ਼ਾਸਤ੍ਰਾਂ' ਤੋਂ, 'ਸ਼ਾਸਤ੍ਰ ਵੇਤਿਆਂ ਦੇ ਆਸ਼੍ਰਮਾਂ' ਤੋਂ, 'ਦੇਵੀ ਦੇਉਤੇ ਦੇ ਮੰਦਰਾਂ' ਤੋਂ । ਮੁਰਾਦ ਜਾਪਦੀ ਹੈ 'ਨਾਮ ਤੋਂ ਛੁਟ ਹੋਰ ਸਾਰੇ ਸਾਧਨ ਤੇ ਸਾਧਨਾਂ ਦੇ ਪ੍ਰਤਿਪਾਦਕਾਂ' ਤੋਂ ।

ਜਾਮ ਕੇ ਦੂਤ–[ਸੰਸ:, ਯਮਦੂਤ:=ਜਮਦੂਤ] ਯਮ ਰਾਜ ਦੀ ਆਗਯਾ ਵਿਚ ਰਹਿਣ ਵਾਲੇ ਦੂਤ, ਮੌਤ ।

ਸਲੋਕੁ ॥ ਠਾਕਿ ਨ ਹੋਤੀ ਤਿਨਹੁ ਦਰਿ ਜਿਹ ਹੋਵਹੁ ਸੁ ਪ੍ਰਸੰਨ ॥ ਜੋ ਜਨ ਪ੍ਰਭਿ ਅਪੁਨੇ ਕਰੇ ਨਾਨਕ ਤੇ ਧਨਿ ਧੰਨਿ ॥ ੧॥

[ਪ੍ਰਭੂ ਦੇ ਅਪਨਾਏ ਭਗਤਾਂ ਨੂੰ ਰੋਕ ਨਹੀਂ ਤੇ ਉਹ ਸੀਤਲ ਰਹਿੰਦੇ ਹਨ] (ਹੇ ਪ੍ਰਭੋ!) ਜਿਨ੍ਹਾਂ ਪੁਰ (ਆਪ) ਪ੍ਰਸੰਨ ਹੋ ਜਾਂਦੇ ਹੋ, ਉਨ੍ਹਾਂ ਨੂੰ (ਆਪ ਦੀ) ਦਰਗਾਹ ਵਿਚ ਰੋਕ ਨਹੀਂ ਪੈਂਦੀ । ਜੋ ਜਨ ਪ੍ਰਭੂ ਨੇ ਅਪਣੇ ਕਰ ਲੀਤੇ ਹਨ; ਓਹ ਧੰਨ ਹਨ, ਓਹ ਧੰਨ ਹਨ, ਹੇ ਨਾਨਕ ! ॥ ੧ ॥

ਪਉੜੀ ॥ ਠਠਾ ਮਨੂਆ ਠਾਹਹਿ ਨਾਹੀ ॥ ਜੋ ਸਗਲ ਤਿਆਗਿ ਏਕਹਿ ਲਪਟਾਹੀ॥ ਠਹਕਿ ਠਹਕਿ ਮਾਇਆ ਸੰਗਿ ਮੂਏ ॥ ਉਆ ਕੈ ਕੁਸਲ ਨ ਕਤਹੂ ਹੂਏ ॥ ਠਾਂਢਿ ਪਰੀ ਸੰਤਹ ਸੰਗਿਬਸਿਆ॥ਅੰਮ੍ਰਿਤ ਨਾਮੁ ਤਹਾ ਜੀਅ ਰਸਿਆ॥ਠਾਕੁਰ ਅਪੁਨੇ ਜੋ ਜਨੁ ਭਾਇਆ॥ ਨਾਨਕ ਉਆਕਾਮਨੁ ਸੀਤਲਾਇਆ॥੨੮॥

ਠਠੇ (ਦੁਆਰਾ ਉਪਦੇਸ਼ ਹੈ ੧. ਕਿ) ਜੋ (ਪੁਰਖ) ਸਭਨਾਂ ਨੂੰ ਛੱਡਕੇ ਇਕ ਹੀ (ਪਰਮੇਸ਼ੁਰ) ਨਾਲ ਪਯਾਰ ਕਰਦੇ ਹਨ ਓਹ ਕਿਸੇ ਦਾ ਮਨ ਨਹੀਂ ਠਾਹੁੰਦੇ, ਪਰ ਜੋ ਮਾਇਆ ਨਾਲ ਲਗ ਲਗਕੇ ਮੋਏ ਹਨ, ਉਨ੍ਹਾਂ ਦੇ (ਘਰ) ਕੁਸ਼ਲ ਕਦੇ ਨਹੀਂ ਹੋਈ । (ਹਾਂ ਜੋ) ਸੰਤਾਂ ਦੇ ਸੰਗ ਵਿਚ ਜਾ ਵੱਸਿਆ ਹੈ (ਉਸਨੂੰ) ਠੰਢ ਪਈ ਹੈ । (ਕਿਉਂਕਿ) ਉਥੇ (ਸਤਿਸੰਗ ਵਿਚ) ਅੰਮ੍ਰਿਤ ਨਾਮ (ਉਸਦੇ) ਜੀਉੜੇ ਨੇ ਅਸ੍ਵਾਦਨ ਕੀਤਾ । ਜੋ ਪੁਰਖ ਅਪਣੇ ਮਾਲਕ (ਪਰਮੇਸ਼ਰ) ਨੂੰ ਭਾ ਗਿਆ ਹੈ, ਹੇ ਨਾਨਕ ! ਉਸਦਾ ਮਨ ਠੰਢਾ ਹੋਇਆ ਹੈ ॥ ੨੮ ॥

**ਨਿਰੁਕ੍ਤ**–ਠਾਹਹਿ ਨਾਹੀ–ਠਾਹੁੰਦੇ ਨਹੀਂ । ਠਾਹੁਣਾ=ਠੁਹਕਰ ਦੇਣੀ । ਭੰਨਣਾ ।

(ਅ) ਠਾਹੁਣ ਦਾ ਅਰਥ ਏਥੇ 'ਵਰਜਣਾ' ਬੀ ਲੈਂਦੇ ਹਨ ਤੇ ਐਉਂ ਘਟਾਉਂਦੇ ਹਨ: ਜਦ ਤੇਰਾ ਮਨ ਸਗਲ ਤਯਾਗ ਕੇ ਇਕ ਵਾਹਿਗੁਰੂ ਵਿਚ ਲਪਟੇ ਤਾਂ ਲਪਟਣ ਦੇਣਾ, ਵਰਜਣਾ ਨਹੀਂ, ਯਥਾ:–

ਮਤ ਕੋਈ ਮਨ ਮਿਲਤਾ ਬਿਲਮਾਵੈ ॥ ਮਗਨ ਭਇਆ ਤੇ ਸੋ ਸਚੁ ਪਾਵੈ ॥
[ਗਉ: ਕਬੀਰ ਜੀ, ਬਾ: ਅ -੩੧

ਠਹਕਿ ਠਹਕਿ—ਲਗ ਲੱਗ ਕੇ। ਠਹਕਣਾ=ਟਕਰਾਉਣਾ, ਵੱਜਣਾ। ਲੱਗਣਾ। ਭਾਵ ਹੈ ਜੋ ਮਾਇਆ ਵਿਚ ਖਚਿਤ ਹੋ ਹੋਕੇ ਉਸੇ ਦਾ ਰੂਪ ਹੋਕੇ ਉਚ ਜੀਵਨ ਵਲੋਂ ਮੁਰਦੇ ਤੁੱਲ ਹੋ ਗਏ ਹਨ।

ਰਮਿਆ—ਰਸਣਾ ਤੋਂ ਰਸਿਆ। ਰਸਣਾ=ਰਸ ਜਾਣਾ, ਸੁਆਦ ਦੇਣਾ। ਸਿੰਜਰ ਜਾਣਾ, ਰਚ ਜਾਣਾ। ਸੰਪ੍ਰਦਾਈ ਅਰਥ ਇਹ ਬੀ ਹੈ: ਜੀਅ ਰਸਿਆ=ਜੀਉੜੇ ਨੇ ਪੀਤਾ।

ਸਲੋਕੁ ॥ ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ ॥ ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥ ੧ ॥

[ਅਰਦਾਸ] ਹੇ ਸਰਬ ਸ਼ਕਤੀਆਂ ਕਰਕੇ ਸਮਰੱਥ (ਪ੍ਰਭੂ!) ਆਪ ਨੂੰ ਅਨੇਕ ਬਾਰ (ਸਾਡੀ) ਡੰਡੌਤ ਬੰਦਨਾ ਹੋਵੇ। ਹੇ ਪ੍ਰਭੂ! (ਆਪਣਾ) ਹੱਥ ਦੇਕੇ ਨਾਨਕ ਨੂੰ ਡੋਲਣ ਤੋਂ ਬਚਾਓ* ॥ ੧ ॥

ਪਉੜੀ ॥ ਡਡਾ ਡੇਰਾ ਇਹੁ ਨਹੀ ਜਹ ਡੇਰਾ ਤਹ ਜਾਨੁ ॥ ਉਆ ਡੇਰਾ ਕਾ ਸੰਜਮੋ ਗੁਰ ਕੈ ਸਬਦਿ ਪਛਾਨੁ ॥ ਇਆ ਡੇਰਾ ਕਉ ਸ੍ਰਮੁ ਕਰਿ ਘਾਲੈ ॥ ਜਾ ਕਾ ਤਸੂ ਨਹੀ ਸੰਗਿ ਚਾਲੈ ॥ ਉਆ ਡੇਰਾ ਕੀ ਸੋ ਮਿਤਿ ਜਾਨੈ ॥ ਜਾ ਕਉ ਦ੍ਰਿਸਟਿ ਪੂਰਨ ਭਗਵਾਨੈ ॥ ਡੇਰਾ ਨਿਹਚਲੁ ਸਚੁ ਸਾਧ ਸੰਗਿ ਪਾਇਆ ॥ ਨਾਨਕ ਤੇ ਜਨ ਨਹ ਡੋਲਾਇਆ ॥ ੨੯ ॥

[ਸਦਾ ਥਿਰ ਡੇਰਾ ਕਿੱਥੇ ਹੈ?] ਡੱਡੇ (ਦਵਾਰਾ ਉਪਦੇਸ਼ ਹੈ, ਹੇ ਜੀਵ!) ਇਹ ਸੰਸਾਰ) ਟਿਕਕੇ ਰਹਿਣੇ ਵਾਲਾ ਥਾਉਂ ਨਹੀਂ ਹੈ, ਜਿਥੇ ਟਿਕ ਕੇ ਰਹਿਣੇ ਦਾ ਥਾਉਂ ਹੈ ਉਸ ਨੂੰ ਸਮਝ (ਅਤੇ) ਉਸ ਡੇਰੇ (ਦੀ ਪ੍ਰਾਪਤੀ) ਦਾ (ਜੋ) ਸੰਜਮ (ਉਪਾਉ) ਹੈ ਗੁਰੂ ਦੇ ਸ਼ਬਦ ਦ੍ਵਾਰਾ (ਉਸ ਨੂੰ) ਪਛਾਣ। (ਤੂੰ) ਇਸ ਡੇਰੇ ਲਈ ਮਿਹਨਤ ਕਰਕੇ ਘਾਲਦਾ ਹੈਂ, ਜਿਸਦਾ (ਇਕ) ਤਸੂ (ਭਰ ਬੀ) ਨਾਲ ਨਹੀਂ ਜਾਂਦਾ। (ਪਰ) ਉਸ (ਸਦਾ ਥਿਰ) ਡੇਰੇ ਦੀ ਮਿਰਜਾਦਾ ਉਹੋ ਜਾਣਦਾ ਹੈ, ਜਿਸ ਪੁਰ ਪੂਰਨ ਅਕਾਲ ਪੁਰਖ ਦੀ ਕ੍ਰਿਪਾ ਦ੍ਰਿਸ਼ਟੀ ਹੈ। (ਜਿਨ੍ਹਾਂ ਨੇ) ਸਾਧ ਸੰਗਤ ਦੁਆਰੇ ਸੱਚ ਰੂਪੀ ਨਿਹਚਲ ਡੇਰਾ ਪਾ ਲਿਆ ਹੈ, (ਕਹਿੰਦੇ ਹਨ ਗੁਰੂ) ਨਾਨਕ, ਓਹ ਪੁਰਖ (ਫੇਰ) ਨਹੀਂ ਡੋਲੇ ॥ ੨੯ ॥

**ਨਿਰੁਕ੍ਤ**—ਡੰਡਉਤਿ—[ਸੰਸ:, ਦੰਡਵਤ੍] ਲੰਮੇ ਪੈਕੇ ਨਮਸਕਾਰ।

ਬੰਦਨ—[ਸੰਸ:, ਵੰਦਨੰ। ਧਾ:, ਵੰਦ੍=ਪ੍ਰਣਾਮ ਕਰਨਾ] ਮੱਥਾ ਟੇਕਣਾ। ਪੈਰੀਂ ਹੱਥ ਲਾਕੇ ਸਿਜਦੇ ਕਰਨ ਨੂੰ ਭੀ ਕਹਿੰਦੇ ਹਨ।

ਡੇਰਾ—[ਹਿੰਦੀ, ਡੇਰਾ। ਪੰ:, ਡੇਰਾ] ਤੰਬੂ, ਟਿਕ ਜਾਣ ਦਾ ਟਿਕਾਣਾ।

(ਅ) ਨਿਵਾਸ ਅਸਥਾਨ, ਟਿਕ ਕੇ ਰਹਿਣ ਦਾ ਥਾਉਂ।

ਸੰਜਮ—ਇੰਦ੍ਰਿਆਂ ਨੂੰ ਵਿਕਾਰਾਂ ਵਲੋਂ ਰੋਕ। (ਦੇਖੋ ਪੰਨਾ ੩੬੬)।

(ਅ) ਨਿਯਮ, ਜੁਗਤ, ਜਤਨ, ਸਾਧਨ, ਜਾਚ, ਉਪਾਉ।

ਸ੍ਰਮੁ ਕਰਿ ਘਾਲੈ—ਭਾਵ ਕਰੜੀ ਮੁਸ਼ੱਕਤ ਕਰਦਾ ਹੈ। ਸੰਪ੍ਰਦਾ ਦੇ ਦਾਨੇ 'ਇਸ ਡੇਰੇ ਨੂੰ ਤੂੰ ਮਿਹਨਤ ਨਾਲ ਪਾਉਂਦਾ ਹੈਂ' ਬੀ ਅਰਥ ਕਰਦੇ ਹਨ।

ਤਸੂ—[ਹਿੰਦੀ, ਤਸੂ। ਪੰ:, ਤਸੂ] ੨੪ ਤਸੂਆਂ ਦਾ ਇਮਾਰਤੀ ਗਜ਼ ਹੁੰਦਾ ਹੈ ਜੋ ੩੨ ਇੰਚ ਦੇ ਬਰਾਬਰ ਹੁੰਦਾ ਹੈ, ਭਾਵ ਹੈ ਥੋੜਾ ਬੀ।

*ਇਹ ਸ਼ਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਨ ਵੇਲੇ ਪੜ੍ਹਦੇ ਹਨ। ਕੀਰਤਨ ਆਰੰਭ ਕਰਨ ਵੇਲੇ ਰਾਗੀ ਰਬਾਬੀ ਵੀ ਪੜ੍ਹਦੇ ਹਨ।

ਮਿਤਿ–[ਸੰਸ:, ਮਿਤਿ:] ਮੇਣਤੀ, ਮਿਰਯਾਦਾ, ਸੋਝੀ, ਕਿ ਕਿਵੇਂ ਪਾਈਦਾ ਹੈ ਤੇ ਉਹ ਕੀਕੂੰ ਦਾ ਹੈ।

ਡੇਰਾ ਨਿਹਚਲੁ–ਨਿਹਚਲ ਡੇਰਾ, ਸੱਚਾ ਤੇ ਨਿਹਚਲ ਡੇਰਾ-ਪਰਮ ਪਦ, ਵਾਹਿਗੁਰੂ।

ਸਲੋਕੁ ॥ ਢਾਹਨ ਲਾਗੇ ਧਰਮ ਰਾਇ ਕਿਨਹਿ ਨ ਘਾਲਿਓ ਬੰਧ॥ ਨਾਨਕ ਉਬਰੇ ਜਪਿ ਹਰੀ ਸਾਧ ਸੰਗਿ ਸਨਬੰਧ॥ ੧ ॥

[ਸਾਧ ਸੰਗ ਦਾ ਫਲ] (ਜਦ) ਧਰਮ ਰਾਜ (ਦੇ ਦੂਤ*) ਢਾਹੁਣ ਲਗੇ ਤਦ ਕਿਸੇ(ਸੰਬੰਧੀ)ਨੇ (ਬੀ) ਬੰਨ੍ਹ ਨਾ ਪਾਇਆ। (ਪਰ) ਹੇ ਨਾਨਕ! ਸਾਧ ਸੰਗਤ ਨਾਲ ਸੰਬੰਧ ਵਾਲੇ ਹਰੀ ਨੂੰ ਜਪਕੇ ਬਚ ਗਏ॥ ੧॥

ਪਉੜੀ॥ ਢਢਾ ਢੂਢਤ ਕਹ ਫਿਰਹੁ ਢੂਢਨੁ ਇਆ ਮਨ ਮਾਹਿ॥ ਸੰਗਿ ਤੁਹਾਰੈ ਪ੍ਰਭੁ ਬਸੈ ਬਨੁ ਬਨੁ ਕਹਾ ਫਿਰਾਹਿ॥ਢੇਰੀ ਢਾਹਹੁ ਸਾਧ ਸੰਗਿ ਅਹੰਬੁਧਿ ਬਿਕਰਾਲ॥ ਸੁਖੁ ਪਾਵਹੁ ਸਹਜੇਬਸਹੁ ਦਰਸਨੁ ਦੇਖਿ ਨਿਹਾਲ ॥ਢੇਰੀ ਜਾਮੈ ਜਮਿ ਮਰੈ ਗਰਭਜੋਨਿ ਦੁਖ ਪਾਇ॥ ਮੋਹ ਮਗਨ ਲਪਟਤ ਰਹੈ ਹਉ ਹਉ ਆਵੈ ਜਾਇ॥ਢਹਤ ਢਹਤ ਅਬ ਢਹਿ ਪਰੇ ਸਾਧ ਜਨਾ ਸਰਨਾਇ॥ ਦੁਖਕੇ ਫਾਹੇ ਕਾਟਿਆ ਨਾਨਕ ਲੀਏ ਸਮਾਇ ॥੩੦।

ਢਢੇ (ਦੁਆਰਾ ਉਪਦੇਸ਼ ਹੈ, ਬਾਹਰ) ਕਿਥੇ ਢੂੰਡਦੇ ਫਿਰਦੇ ਹੋ, ਢੂੰਡਣਾਂ ਤਾਂ ਇਸ ਮਨ ਵਿਚ (ਲੋੜੀਦਾ) ਹੈ। ਪਰਮੇਸ਼ੁਰ ਤਾਂ ਤੁਹਾਡੇ ਨਾਲ ਪਿਆ ਵੱਸਦਾ ਹੈ, ਬਨ ਬਨ ਕਿਉਂ ਪਏ ਫਿਰਦੇ ਹੋ? ਸਾਧੂ ਦੇ ਸੰਗ ਦੁਆਰਾ ਹੰਕਾਰ ਬੁੱਧੀ ਦੀ ਭਿਆਨਕ ਢੇਰੀ ਢਾਹ ਦਿਓ, (ਤਦ) ਸੁਖ ਪਾਵੇਂ, ਸਹਜ ਵਿਚ ਵਾਸਾ ਹੋਵਾ† (ਤੇ ਪ੍ਰਭੂ ਦਾ) ਦਰਸ਼ਨ ਦੇਖਕੇ ਨਿਹਾਲ ਹੋਵੇ। (ਇਸ ਅਹੰਬੁਧੀ ਦੀ) ਢੇਰੀ ਦੇ ਕਾਰਨ (ਜੀਵ ਮੁੜ) ਜੰਮਦਾ‡ ਹੈ, ਜੰਮਕੇ (ਫੇਰ) ਮਰਦਾ ਹੈ (ਤੇ ਐਉਂ) ਗਰਭ ਜੋਨਿ ਦੇ ਦੁਖ ਭੋਗਦਾ ਹੈ। (ਹਾਂ ਜਦ ਤਕ) ਮੋਹ ਵਿਚ ਮਸਤ ਹੈ (ਤੇ ਵਿਸ਼ਿਆਂ ਨੂੰ) ਲਪਟ ਰਿਹਾ ਹੈ (ਤੇ) ਮੈਂ ਮੈਂ (ਕਰ ਰਿਹਾ ਹੈ ਤਦ ਤਕ) ਆਉਂਦਾ ਜਾਂਦਾ ਰਹੇਗਾ, (ਇਸ ਲਈ ਅਸੀਂ) ਢਹਿੰਦੇ ਢਹਿੰਦੇ ਹੁਣ ਸਾਧ ਜਨਾਂ ਦੀ ਸ਼ਰਨ ਆ ਢੱਠੇ ਹਾਂ। ਜਿਨ੍ਹਾਂ ਨੇ ਦੁਖਾਂ ਦੇ ਫਾਹੇ ਕੱਟ ਦਿਤੇ ਹਨ (ਅਰ ਸਾਨੂੰ ਅਪਣੇ ਨਾਲ) ਮਿਲਾ ਲਿਆ ਹੈ, ਹੇ ਨਾਨਕ! ॥ ੩੦ ॥

**ਨਿਰੁਕਤ**–ਕਿਨਹਿ ਨ ਘਾਲਿਓ ਬੰਧ–ਕਿਸੇ ਸੰਬੰਧੀ ਨੇ ਬੰਨ੍ਹ ਨਾ ਪਾਇਆ। ਭਾਵ, ਜਦ ਦੂਤ (ਸਰੀਰ ਰੂਪੀ ਢੇਰੀ ਢਾਹਕੇ ਡੇਰਾ ਭੰਨਕੇ ਜੀ ਨੂੰ)ਲੈ ਚੱਲੇ ਤਾਂ ਕਿਸੇ ਸੰਬੰਧੀ ਤੋਂ ਰੋਕ ਨਾ ਪੈ ਸਕੀ।

ਉਬਰੇ–[ਸੰਸ, ਉਦ੍ਵਾਰਣੰ=ਕੱਢਣਾ, ਉਪਰ ਚੁੱਕਣਾ, ਬਚਾਉਣਾ] ਬਚ ਗਏ।

ਅਹੰਬੁਧਿ–[ਸੰਸ:, ਅਹਮ੍+ ਬੁਧਿ:] ਹੰਕਾਰ ਭਰੀ ਬੁੱਧੀ, ਪਰਮਾਦ।

ਸਲੋਕੁ॥ ਜਹ ਸਾਧੂ ਗੋਬਿਦ ਭਜਨੁ ਕੀਰਤਨੁ ਨਾਨਕ ਨੀਤ ॥ ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ

[ਜਮਦੂਤ ਨੂੰ ਧਰਮਰਾਜ ਦੀ ਵਰਜਣਾ] (ਧਰਮ ਰਾਜ ਆਖਦਾ ਹੈ:–) ਜਿਥੇ ਸਾਧੂ (ਜਨ ਹੋਵੇ), ਪਰਮੇਸ਼ੁਰ ਦਾ ਭਜਨ (ਹੁੰਦਾ ਹੋਵੇ ਅਰ ਪਰਮੇਸ਼ੁਰ ਦਾ) ਕੀਰਤਨ ਨਿਤ ਹੁੰਦਾ ਹੋਵੇ, ਹੇ ਦੂਤ! (ਉੱਥੇ) ਨੇੜੇ ਨਾ ਜਾਈਂ✿ (ਜੇ ਗਿਓਂ) ਤਾਂ ਨਾ

*ਜਾਂ ਧਰਮ ਰਾਜ ਹਰੀ। †ਭਾਵ, ਸਹਜ ਅਵਸਥਾ ਵਿਚ। (ਅ) ਸੁਭਾਵਕ ਹੀ ਪਰਮੇਸ਼ਰ ਵਿਚ ਵਸੋਗੇ।

‡ਐਉਂ ਬੀ ਕਰਦੇ ਹਨ:–(ਅ) ਢੇਰੀ ਜਾਮੈ–ਜਿਸ ਵਿਚ ਢੇਰੀ ਹੈ। (ੲ) ਜਿਸ ਵਿਚ ਇਹ ਢੇਰੀ-ਜਮ ਰਹੀ-ਦ੍ਰਿੜ੍ਹ ਹੋ ਰਹੀ ਹੈ।

✿ਭਾਵ ਪਰਮੇਸ਼ਰ ਦੇ ਭਜਨ ਕੀਰਤਨ ਵਾਲੇ ਜਦ ਪ੍ਰਾਣ ਤਜ ਗਏ ਹਨ ਤਾਂ ਓਹ ਜਮ ਦੇ ਵੱਸ ਨਹੀਂ ਪੈਂਦੇ, ਓਹ ਸਿੱਧੇ ਵਾਹਿਗੁਰੂ ਜੀ ਦੇ ਦੇਸ਼ ਪ੍ਰਾਪਤ ਹੁੰਦੇ ਹਨ। ਯਥਾ:—

ਜਿਹ ਪੈਡੈ ਲੂਟੀ ਪਨਿਹਾਰੀ॥ ਸੋ ਮਾਰਗੁ ਸੰਤਨ ਦੂਰਾਰੀ॥ [ਆਸਾ ਮਹਲਾ ੫ ੯੦

ਨ ਜਾਈਅਹੁ ਦੂਤ ॥ ੧ ॥
ਪਉੜੀ ॥ ਣਾਣਾ ਰਣ ਤੇ ਸੀਝੀਐ ਆਤਮ ਜੀਤੈ ਕੋਇ ॥ ਹਉਮੈ ਅਨ ਸਿਉ ਲਰਿ ਮਰੈ ਸੋ ਸੋਭਾ ਦੂ ਹੋਇ॥ ਮਣੀ ਮਿਟਾਇ ਜੀਵਤ ਮਰੈ ਗੁਰ ਪੂਰੇ ਉਪਦੇਸ ॥ ਮਨੂਆ ਜੀਤੈ ਹਰਿ ਮਿਲੈ ਤਿਹ ਸੂਰਤਣ ਵੇਸ ॥ ਣਾਕੋ ਜਾਣੈ ਆਪਣੋ ਏਕਹਿ ਟੇਕ ਅਧਾਰ ॥ ਰੈਣਿ ਦਿਨਸੁ ਸਿਮਰਤ ਰਹੈ ਸੋ ਪ੍ਰਭੁ ਪੁਰਖੁ ਅਪਾਰ ॥ ਰੇਣ ਸਗਲ ਇਆ ਮਨੁ ਕਰੈ ਏਊ ਕਰਮ ਕਮਾਇ ॥ ਹੁਕਮੈ ਬੂਝੈ ਸਦਾ ਸੁਖੁ ਨਾਨਕ ਲਿਖਿਆ ਪਾਇ ॥੩੧॥

ਮੈਂ ਨਾ ਤੂੰ ਕਦਾਚਿਤ ਨਹੀਂ ਛੁਟ ਸਕਾਂਗੇ* ! ॥ ੧ ॥
[ਆਤਮ ਜਿੱਤਣ ਵਾਲਾ ਸੂਰਮਾ] ਣਾਣੇ (ਅਖਰ ਦੁਆਰਾ ਉਪਦੇਸ਼ ਹੈ ਕਿ ਸੰਸਾਰ ਰੂਪੀ) ਜੁੱਧ ਭੂਮੀ ਤੇ ਫਤੇ ਪਾ ਜਾਈਦੀ ਹੈ (ਪਰ ਤਾਂ ਜੇ) ਕੋਈ ਅਪਣੇ ਆਪ ਤੇ ਫਤੇ ਪਾ ਲਵੇ। (ਹਾਂ) ਜੋ (ਕੋਈ) ਹਉਮੈ ਤੇ ਦ੍ਵੈਤ ਨਾਲ ਲੜ ਮਰੇ ਓਸਦੀ ਸ਼ੋਭਾ ਬੀ ਦੂਣੀ ਹੁੰਦੀ ਹੈ। (ਜੇ ਕੋਈ) ਪੂਰੇ ਗੁਰੂ ਦਾ ਉਪਦੇਸ਼ ਲਵੇ, ਖ਼ੁਦੀ ਨੂੰ ਮਿਟਾਵੇ, ਜੀਵਤ (ਭਾਵ ਵਲੋਂ) ਮਰ ਜਾਵੇ,ਮਨ ਨੂੰ ਜਿੱਤ ਲਵੇ ਤਾਂ ਹਰੀ ਨੂੰ ਮਿਲ ਪਵੇਗਾ, ਉਸਦਾ ਵੇਸ ਸੂਰਮਤਾਈ ਵਾਲਾ ਹੋਵੇਗਾ†। ਕਿਸੇ ਨੂੰ ਆਪਣਾ ਨਾ ਸਮਝੇ, ਇਕ (ਪਰਮੇਸ਼ੁਰ) ਦੀ ਹੀ ਟੇਕ ਦੇ ਆਸਰੇ ਰਹੇ, ਦਿਨੇ ਰਾਤ ਉਸ ਪ੍ਰਭੂ ਨੂੰ ਸਿਮਰਦਾ ਰਹੇ ਜੋ ਪਰੀ ਪੂਰਣ ਹੈ ਤੇ ਅਨੰਤ ਹੈ। (ਜਗਤ ਵਰਤੋਂ ਵਿਚ) ਇਸ ਮਨ ਨੂੰ ਸਭ ਦੀ ਰੇਣੂ ਕਰ, ਇਹੋ ਕਰਮ (ਜੋ ਉਪਰ ਕਹੇ ਹਨ) ਕਮਾਉਂਦਾ ਰਹੇ। ਹੁਕਮ ਨੂੰ ਬੁੱਝ ਲਵੇ ਤਾਂ ਸਦਾ ਸੁਖ (ਪਾਵੇਗਾ ਪਰ ਹੁਕਮ ਦੀ ਸੋਝੀ) ਲਿਖੇ ਅਨੁਸਾਰ ਪਾਈਦੀ ਹੈ‡ ਹੇ ਨਾਨਕ ! ॥ ੩੧ ॥

**ਨਿਰੁਕ੍ਤ**—ਹਉਮੈ ਅਨ–[ਸੰਸ:, ਅਹਮ੍, ਅਨ੍ਯ] ਹਉਮੈ ਤੇ ਦ੍ਵੈਤ। 'ਅਨ' ਦਾ ਅਰਥ 'ਸੈਨਾ' ਕਰਨ ਦਾ ਬੀ ਜਤਨ ਹੁੰਦਾ ਹੈ। 'ਅਨੀਕ ਤੇ ਅਨੀ ਤੇ ਅਨਿ' ਫੌਜ ਦੇ ਵਾਚਕ ਹੈਨ, ਏਥੇ 'ਨ' ਨੂੰ ਸਿਆਰੀ ਨਹੀਂ ਹੈ, ਇਸ ਕਰਕੇ ਦਾਰਸ਼ਨਿਕ ਪਹਿਲੂ ਦੇ ਅਰਥ 'ਹਉਮੈ ਤੇ ਦ੍ਵੈਤ' ਵਧੇਰੇ ਢੁਕਦੇ ਹਨ।

ਸੋ ਸੋਭ ਦੂ—ਓਸ ਦੀ ਸ਼ੋਭਾ ਦੂਣੀ। ਯਥਾ:–

ਦੂਣ ਚਉਣੀ ਦੇ ਵਡਿਆਈ ਸੋਭਾ ਨੀਤਾ ਨੀਤ ॥ [ਸੋਰਠਿ ਮਹਲਾ ੫–੩੭

(ਅ) ਸੰਪ੍ਰਦਾਈ ਅਰਥ ਇਹ ਬੀ ਕਰਦੇ ਹਨ:–ਸੋ ਸੋਭਾ ਦੂ=ਓਸ ਦੀ ਸ਼ੋਭਾ ਦੋ (ਲੋਕਾਂ) ਵਿਚ ਹੁੰਦੀ ਹੈ। (ੲ) ਭਾਦੂ ਪਦ 'ਬਹਾਦਰ' ਤੋਂ ਬਣਿਆ ਬੀ ਕਈ ਮੰਨ ਲੈਂਦੇ ਹਨ। (ਸ) ਸੰਸ:, ਸੁਭਦ੍ਰ ਤੋਂ ਸੋਭਾਦੂ ਸਮਝਕੇ 'ਕਲਯਾਨ ਨੂੰ ਪਾਉਂਦਾ' ਯਾ 'ਕਲਯਾਨ ਵਾਲਾ' ਬੀ ਅਰਥ ਕਰਦੇ ਹਨ।

ਮਣੀ—[ਫਾ:, ਮਨ+ਈ=ਮਨੀ=]ਮੈ ਪੁਣਾ, ਖ਼ੁਦੀ।

ਸਲੋਕੁ ॥ ਤਨੁ ਮਨੁ ਧਨੁ ਅਰਪਉ ਤਿਸੈ ਪ੍ਰਭੂ ਮਿਲਾਵੈ ਮੋਹਿ ॥ ਨਾਨਕ ਭ੍ਰਮ ਭਉ ਕਾਟੀਐ ਚੂਕੈ ਜਮ ਕੀ ਜੋਹ ॥ ੧ ॥

[ਪ੍ਰਭੂ ਮਿਲਾਵਣ ਵਾਲ ਦੀ ਸੇਵਾ] (ਜੋ) ਮੈਨੂੰ ਪ੍ਰਭੂ ਮਿਲਾ ਦੇਵੇ ਉਸਨੂੰ (ਮੈਂ ਅਪਣਾ) ਤਨ ਮਨ ਤੇ ਧਨ ਅਰਪ ਦਿਆਂ। (ਕਿਉਂਕਿ ਐਉਂ) ਭਰਮ ਤੇ ਭਉ ਦੂਰ ਹੁੰਦਾ ਹੈ ਤੇ ਜਮਾਂ ਦੀ ਜੋਹ (ਤੱਕ ਤੇ ਧੁਖਧੁਖੀ) ਮਿਟ ਜਾਂਦੀ ਹੈ, ਹੇ ਨਾਨਕ ! ॥ ੧ ॥

---

*ਭਾਵ ਇਹ ਅਪਰਾਧ ਹਵੇਗਾ ਜਿਸ ਕਰਕੇ ਅਸੀਂ ਦੰਡੇ ਜਾਵਾਂਗੇ।

†ਭਾਵ ਸੁਰਮਤਾ ਉਸ ਦੀ ਸਫਲ ਹੈ। (ਅ) ਉਸ ਨੂੰ ਸੂਰਮੇ ਹੋਣ ਦਾ ਸਿਰੋਪਾਉ ਮਿਲੇਗਾ,ਵੀ ਭਾਵ ਲੈਂਦੇ ਹਨ।

‡(ਅ) ਹੁਕਮ ਨੂੰ ਬੁਝ ਲਵੇ ਕਿ ਲਿਖਿਆ ਪਾਈਦਾ ਹੈ।

ਪਉੜੀ॥ਤਤਾ ਤਾ ਸਿਉ ਪ੍ਰੀਤਿ ਕਰਿ ਗੁਣਨਿਧਿ ਗੋਬਿਦ ਰਾਇ ॥ ਫਲ ਪਾਵਹਿ ਮਨਬਾਛਤੇ ਤਪਤਿ ਤੁਹਾਰੀ ਜਾਇ ॥ ਤ੍ਰਾਸ ਮਿਟੈ ਜਮ ਪੰਥ ਕੀ ਜਾਸੁ ਬਸੈ ਮਨਿ ਨਾਉ ॥ ਗਤਿ ਪਾਵਹਿ ਮਤਿ ਹੋਇ ਪ੍ਰਗਾਸੁ ਮਹਲੀ ਪਾਵਹਿ ਠਾਉ॥ਤਾਹੂ ਸੰਗਿ ਨ ਧਨੁ ਚਲੈ ਗ੍ਰਿਹ ਜੋਬਨ ਨਹ ਰਾਜ॥ਸੰਤ ਸੰਗਿ ਸਿਮਰਤ ਰਹਹੁ ਇਹੈ ਤੁਹਾਰੈ ਕਾਜ ॥ ਤਾਤਾ ਕਛੂ ਨ ਹੋਈ ਹੈ ਜਉ ਤਾਪ ਨਿਵਾਰੈ ਆਪ ॥ ਪ੍ਰਤਿਪਾਲੈ ਨਾਨਕ ਹਮਹਿ ਆਪਹਿ ਮਾਈ ਬਾਪੁ ॥ ੩੨ ॥

[ਪ੍ਰਭੂ ਮਿਲਾਪ ਦੇ ਉੱਤਮ ਫਲ] ਤੱਤੇ (ਦੁਆਰਾ ਉਪਦੇਸ਼ ਕਰਦੇ ਹਨ) ਉਸ ਨਾਲ ਪ੍ਰੀਤ ਕਰ, ਜੋ ਗੁਣਾਂ ਦੀ ਨਿਧੀ ਹੈ ਤੇ ਗੋਬਿੰਦ ਰਾਇ (ਕਹੀਦਾ ਹੈ। ਤਾਂ ਜੋ) ਮਨ ਇੱਛੇ ਫਲ ਪਾਵੇਂ ਤੇ ਤਪਤ ਤੇਰੀ ਦੂਰ ਹੋ ਜਾਵੇ। ਜਿਸਦੇ ਮਨ ਵਿਚ ਨਾਮ ਵਸਦਾ ਹੈ (ਉਸਦੇ ਮਨੋਂ) ਜਮ ਪੰਥ ਦਾ ਭੈ ਦੂਰ ਹੋ ਜਾਂਦਾ ਹੈ। (ਉਹ ਪਰਮ) ਗਤੀ ਨੂੰ ਪਾ ਲੈਂਦਾ ਹੈ, ਬੁੱਧੀ ਉਸਦੀ ਗਜ਼ਾਨਮਈ ਹੋ ਜਾਂਦੀ ਹੈ*, (ਪਰਮੇਸ਼ੁਰ ਦੇ) ਮਹਲ (ਸਰੂਪ ਵਿਚ ਉਹ) ਟਿਕਾਣਾ ਪ੍ਰਾਪਤ ਕਰ ਲੈਂਦਾ ਹੈ। ਉਸ (ਥਾਂ ਪ੍ਰਲੋਕ ਵਿਖੇ) ਨਾ ਧਨ, ਨਾ ਘਰ, ਨਾ ਜੋਬਨ ਤੇ ਨਾ ਰਾਜ ਨਾਲ ਜਾਵੇਗਾ। (ਤਾਂਤੇ) ਸੰਤਾਂ ਦੇ ਸੰਗ ਵਿਚ ਸਿਮਰਦਾ ਰਹੁ (ਨਾਮ), ਇਹੋ ਤੇਰਾ (ਮੁੱਖ) ਕੰਮ ਹੈ। ਜੇ ਕੋਈ ਆਪਾ ਭਾਵ ਦਾ ਤਾਪ (ਭਾਵ ਹਉਮੈਂ) ਦੂਰ ਕਰ ਲਵੇਂ† (ਤਦ ਉਸ ਲਈ) ਕੋਈ ਤੱਤਾ ਨਹੀਂ ਰਹਿ ਜਾਂਦਾ, (ਕਿਉਂਕਿ ਉਹ ਪਰਮੇਸ਼ੁਰ) ਆਪ ਹੀ ਮਾਤਾ ਪਿਤਾ (ਵਾਂਗੂੰ) ਸਾਨੂੰ ਪਾਲਦਾ ਹੈ, ਹੇ ਨਾਨਕ ! ॥ ੩੨ ॥

**ਨਿਰੁਕ੍ਤ**—ਜੋਹ—ਤਲਾਸ਼, ਤੱਕ, ਇਹ ਜਮ ਦਾ ਕੰਮ ਹੈ। ਜੀਵ ਦੇ ਅੰਦਰ ਜਮ ਦੇ ਆਉਣ ਦੀ ਧੁਖਧੁਖੀ ਰਹਿੰਦੀ ਹੈ, ਸੋ ਪ੍ਰਭੂ ਮਿਲਿਆਂ ਜਮ ਦੀ 'ਤਾੜ ਤੇ ਆਪਣੀ ਧੁਖਧੁਖੀ' ਦੂਰ ਹੋ ਜਾਂਦੀ ਹੈ। (ਦੇਖੋ ਪੰਨਾ ੩੪੩)।

ਗੁਣ ਨਿਧਿ—[ਸੰਸ:, ਗੁਣ:+ਨਿਧਿ:]ਗੁਣਾਂ ਦਾ ਖਜ਼ਾਨਾ,ਗੁਣਾਂ ਦਾ ਭੰਡਾਰ, ਭਾਵ ਵਾਹਿਗੁਰੂ।

ਗੋਬਿਦ ਰਾਇ—ਅਕਾਲ ਪੁਰਖ, ਵਾਹਿਗੁਰੂ।

ਬਾਛਤੇ—[ਸੰਸ, ਵਾਂਛਿਤ=ਚਾਹਿਆ ਹੋਇਆ, ਜਿਸ ਦੀ ਇਛਿਆ ਕੀਤੀ ਗਈ ਹੋਵੇ] ਮਨ ਮੰਗੇ। ਜਿਨ੍ਹਾਂ ਦੀ ਇੱਛਾ (ਮਨ ਵਿਚ) ਹੋਵੇ।

ਤਾਤਾ—[ਸੰਸ:, ਤਾਪ:=ਗਰਮੀ, (੨) ਪੀੜ, ਕਸ਼ਟ। ਹਿੰਦੀ: ਤਾਤ=ਤਪ੍ਰ, ਸਾੜਾ] ਤੱਤਾ, ਗਰਮ। ਮੁਰਾਦ ਹੈ ਸਾੜਾ, ਦਿਲ ਦੀ ਸੜਨ।

ਸਲੋਕੁ ॥ ਥਾਕੇ ਬਹੁ ਬਿਧਿ ਘਾਲਤੇ ਤ੍ਰਿਪਤਿ ਨ ਤ੍ਰਿਸਨਾ ਲਾਥ ॥ ਸੰਚਿ ਸੰਚਿ ਸਾਕਤ ਮੂਏ ਨਾਨਕ ਮਾਇਆ ਨ ਸਾਥ ॥ ੧ ॥

ਹੇ ਨਾਨਕ ! (ਸਾਕਤ=ਮਾਇਆ ਪ੍ਰੇਮੀ, ਮਾਇਆ ਇਕੱਤ੍ਰ ਕਰਨੇ ਵਿਚ,ਬਹੁਤਤਰ੍ਹਾਂ ਨਾਲ ਮਿਹਨਤ ਕਰ ਕਰਕੇ ਥੱਕਗਏ, ਨਾ ਉਹ ਰੱਜੇ, ਨਾ ਤ੍ਰਿਸ਼ਨਾ (ਉਨ੍ਹਾਂ ਦੇ ਮਗਰੋਂ) ਲੱਥੀ। ਸਾਕਤ ਇਕੱਠੀ ਕਰਦੇ ਕਰਦੇ ਹੀ ਮਰ ਗਏ ਮਾਇਆ (ਉਨ੍ਹਾਂ ਦੇ) ਨਾਲ ਨਾ (ਹੀ ਗਈ) ॥ ੧ ॥

ਪਉੜੀ ॥ ਥਥਾ ਥਿਰੁ ਕੋਊ ਨਹੀ ਕਾਇ ਪਸਾਰਹੁ ਪਾਵ ॥ ਅਨਿਕ ਬੰਚ ਬਲ ਛਲ ਕਰਹੁ ਮਾਇਆ

ਥਥੇ (ਦੁਆਰਾ ਉਪਦੇਸ਼ ਹੈ ਕਿ ਹੇ ਸਾਕਤੋ !) ਕੋਈ (ਏਥੇ) ਸਦਾ ਨਹੀਂ ਰਹੇਗਾ, (ਐਤਨੇ) ਪੈਰ ਕਿਉਂ ਪਸਾਰਦੇ ਹੋ, ਇਕ ਮਾਇਆ (ਦੇ ਇਕੱਤ੍ਰ ਕਰਨ ਦੇ) ਉਪਾਵਾਂ ਵਿਚ ਅਨੇਕਾਂ

*ਭਾਵ, (ਮਤਿ = ਬੁੱਧੀ) ਆਤਮਾ ਨੂੰ ਵਿਸ਼ੇ ਕਰਨ ਵਾਲੀ ਹੋ ਜਾਂਦੀ ਹੈ।

†ਜੇ ਪਰਮੇਸ਼ੁਰ ਆਪ ਸਾਡਾ ਤਾਪ ਦੂਰ ਕਰ ਦੇਵੇ ਤਾਂ ਐਉਂ ਬੀ ਲਾਉਂਦੇ ਹਨ।

ਏਕ ਉਪਾਵ ॥ ਥੈਲੀ ਸੰਚਹੁ ਸ੍ਰਮੁ ਕਰਹੁ ਥਾਕਿ ਪਰਹੁ ਗਾਵਾਰ ॥ ਮਨ ਕੈ ਕਾਮਿ ਨ ਆਵਈ ਅੰਤੇ ਅਉਸਰ ਬਾਰ ॥

ਠਗੀਆਂ, ਵਲ ਛਲ ਕਰਦੇ ਹੋ। ਹੇ ਮੂਰਖੋ ! (ਜੇ) ਥੈਲੀ ਭਰ ਵੀ ਲਓ ਤਾਂ (ਇਉਂ) ਮਿਹਨਤ ਕਰਦੇ (ਛੇਕੜ) ਥੱਕ ਪਵੋਗੇ, (ਤੇ) ਅੰਤਲੇ ਦਿਨ ਦੇ (ਉਸ) ਮੌਕੇ ਸਿਰ (ਜਿਸ ਵੇਲੇ ਕਿ ਮਨ ਨੂੰ ਆਤਮ ਸਹਾਰੇ ਦੀ ਲੋੜ ਹੋਵੇਗੀ ਇਹ ਕੱਠੀ ਕੀਤੀ ਹੋਈ) ਮਨ ਦੇ ਕਿਸੇ) ਕੰਮ ਨਹੀਂ ਆਵੇਗੀ। [ਪ੍ਰਸ਼ਨ ਹੁੰਦਾ ਹੈ ਕਿ ਉਸ ਵੇਲੇ ਕਿਹੜੀ ਦੌਲਤ ਕੰਮ ਆਵੇਗੀ ? ਜੋ ਸਦਾ ਇਸਥਿਤੀ ਵਾਲੀ ਯਾ ਥਿਰ ਰਹੇਗੀ ? ਉੱਤਰ ਦੇਂਦੇ ਹਨ ਕਿ–]

ਥਿਤਿ ਪਾਵਹੁ ਗੋਬਿਦ ਭਜਹੁ ਸੰਤਹ ਕੀ ਸਿਖ ਲੇਹੁ ॥ ਪ੍ਰੀਤਿ ਕਰਹੁ ਸਦ ਏਕ ਸਿਉ ਇਆ ਸਾਚਾ ਅਸਨੇਹੁ॥ਕਾਰਨ ਕਰਨ ਕਰਾਵਨੋ ਸਭ ਬਿਧਿ ਏਕੈ ਹਾਥ ॥ ਜਿਤੁ ਜਿਤੁ ਲਾਵਹੁ ਤਿਤੁ ਤਿਤੁ ਲਗਹਿ ਨਾਨਕ ਜੰਤ ਅਨਾਥ ॥ ੩੩ ॥

ਸੰਤਾਂ ਦੀ ਸਿੱਖਿਆ ਲਵੋ, ਪਰਮੇਸ਼ੁਰ ਦਾ ਭਜਨ ਕਰੋ, (ਤਾਂ ਤੁਸੀਂ) ਥਿਰਤਾ ਪਾਓਗੇ। (ਸੋ) ਸਦਾ ਇਕ (ਪਰਮੇਸ਼ੁਰ) ਨਾਲ ਪ੍ਰੀਤ ਕਰੋ (ਕਿਉਂਕਿ) ਇਹੀ ਪ੍ਰੇਮ* ਸੱਚਾ (=ਸਦਾ ਥਿਰ) ਹੈ। (ਅਰਦਾਸ:–ਹੇ ਨਾਥ ! ਏਹ) ਜੀਵ (ਆਪ ਤੋਂ ਭੁੱਲੇ ਹੋਏ) ਅਨਾਥ ਹਨ, ਕਰਨ ਵਾਲੇ, ਕਰਾਵਨ ਵਾਲੇ ਤੇ ਕਾਰਨ ਰੂਪ (ਤੁਸੀਂ ਆਪ ਹੀ) ਹੋ, ਸਭ ਬਿਧੀਆਂ ਬੀ, (ਹੇ) ਇਕੋ ਜੀ ! (ਆਪ ਦੇ) ਹੱਥ ਵਿਚ ਹੈਨ, ਜਿਧਰ ਜਿਧਰ(ਤੁਸੀਂ)ਲਾਓ ਉਧਰ ਉਧਰ (ਏਹ ਜੀਵ) ਲਗਣਗੇ, (ਭਾਵੇਂ ਕਿ ਅਪਣੇ ਚਰਨਾਂ ਵਲ ਲਾ ਲਓ)† ॥ ੩੩ ॥

**ਨਿਰੁਕ੍ਤ—**ਘਾਲਤੇ–[ਸੰਸ:, ਧਾ:, ਘਟ੍=ਕੋਸ਼ਿਸ਼ ਕਰਨਾ, ਮਿਹਨਤ ਕਰਨਾ । ਹਿੰਦੀ, ਘਾਲਨਾ=ਕਰਨਾ, ਰਖਨਾ, ਮਾਰਨਾ ਆਦਿ। ਪੰਜਾਬੀ ਘਾਲਨਾ (ਤੋਂ)=ਮਿਹਨਤ ਕਰਨੀ, ਕਮਾਈ ਕਰਨੀ] ਕਮਾਈ ਕਰਦੇ ਕਰਦੇ। (ਮਾਇਆ) ਜਮ੍ਹਾ ਕਰਦੇ ਕਰਦੇ।

ਬੰਚ–[ਸੰਸ:, ਵੰਚਨੰ, ਵੰਚਨਮ੍। ਪੁ: ਪੰਜਾਬੀ ਬੰਚ, ਵੰਚ] ਠੱਗੀ, ਧੋਖਾ, ਫਰੇਬ।

ਸਲੋਕੁ ॥ ਦਾਸਹ ਏਕੁ ਨਿਹਾਰਿਆ ਸਭੁ ਕਛੁ ਦੇਵਨਹਾਰ॥ਸਾਸਿ ਸਾਸਿ ਸਿਮਰਤ ਰਹਹਿ ਨਾਨਕ ਦਰਸ ਅਧਾਰ ॥ ੧ ॥

[ਦਾਤਾ ਇਕੋ ਪ੍ਰਭੂ ਹੈ। ਉਸ ਨੂੰ ਨਾ ਵਿਸਾਰੋ] ਦਾਸਾਂ ਨੇ ਇਕ (ਪਰਮੇਸ਼ੁਰ) ਨੂੰ (ਹੀ) ਸਭ ਕੁਛ ਦੇਣੇ ਵਾਲਾ ਦੇਖਿਆ ਹੈ, (ਉਸ ਨੂੰ ਓਹ) ਹਰ ਸਵਾਸ ਵਿਚ ਯਾਦ ਕਰਦੇ ਰਹਿੰਦੇ ਹਨ (ਜਿਨ੍ਹਾਂ ਨੂੰ ਕਿ) ਆਧਾਰ ਹੈ ਦਰਸ਼ਨਾਂ ਦਾ, ਹੇ ਨਾਨਕ ! (ਭਾਵ ਜੋ ਪਰਤੱਖ ਦਿੱਸ ਪੈਂਦਾ ਹੈ)‡ ॥ ੧॥

ਪਉੜੀ ॥ ਦਦਾ ਦਾਤਾ ਏਕੁ ਹੈ ਸਭ ਕਉ ਦੇਵਨਹਾਰ ॥ ਦੇਂਦੇ ਤੋਟਿ ਨ ਆਵਈ ਅਗਨਤ ਭਰੇ ਭੰਡਾਰ ॥ ਦੈਨਹਾਰੁ ਸਦ ਜੀਵਨਹਾਰ॥ ਮਨ ਮੂਰਖ ਕਿਉ ਤਾਹਿ ਬਿਸਾਰ॥ ਦੋਸੁ

ਦਦੇ (ਦੁਆਰਾ ਉਪਦੇਸ਼ ਹੈ ਕਿ) ਸਭ ਨੂੰ ਦੇਣ ਹਾਰ ਦਾਤਾ ਇਕੋ (ਪਰਮੇਸ਼ੁਰ) ਹੈ, (ਉਸ ਦੇ) ਭੰਡਾਰੇ ਅਣਗਿਣਤ (ਹਨ ਤੇ) ਭਰੇ (ਰਹਿੰਦੇ ਹਨ ਸੋ) ਦੇਂਦਿਆਂ ਉਸ ਨੂੰ ਟੋਟ ਨਹੀਂ ਆਉਂਦੀ। (ਫੇਰ ਉਹ) ਦੇਣੇ ਵਾਲਾ ਸਦਾ ਜੀਉਣ ਵਾਲਾ ਹੈ। ਹੇ ਮੂਰਖ ਮਨ, ਉਸ ਨੂੰ (ਤੂੰ) ਕਿਉਂ ਵਿਸਾਰ ਦਿੱਤਾ ਹੈ,

*ਸ੍ਰੀ ਗੁਰੂ ਗ੍ਰੰਥ ਕੋਸ਼ ਵਿਚ ਦੱਸ ਆਏ ਹਾਂ ਕਿ ਆਦਿ ਸੰਯੁਕਤ ਅੱਖਰ ਦੇ ਪਹਿਲੇ ਪੰਜਾਬੀ ਉਚਾਰਣ 'ਅ' ਲਾ ਲੈਂਦਾ ਹੈ। ਸੋ ਇਉਂ 'ਸਨੇਹ' ਤੋਂ 'ਅਸਨੇਹ' ਬਣਿਆਂ ਹੈ। ਅੰਨਯ ਭਾਸ਼ਾ ਦੇ ਪਦਾਂ ਨਾਲ ਵੀ ਇਹੋ ਵਰਤਾਉ ਹੁੰਦਾ ਹੈ ਜਿਵੇਂ ਸਟੇਸ਼ਨ ਤੋਂ ਅਸਟੇਸ਼ਨ।

†ਜੀਵਾਂ ਦੀ ਤੁੱਛਤਾ ਤੇ ਬੇਬਸੀ ਦੱਸਕੇ ਅਰਦਾਸ ਕੀਤੀ ਹੈ ਸ੍ਰੀ ਗੁਰੂ ਜੀ ਨੇ ਇਨ੍ਹਾਂ ਦੀ ਰਖ੍ਯਾ ਵਾਸਤੇ।

‡ਐਉਂ ਬੀ ਲਾਉਂਦੇ ਹਨ: (ਤੇ ਉਸ ਦੇ) ਦਰਸ਼ਨਾਂ ਦਾ (ਉਹਨਾਂ ਦਾਸਾਂ ਨੂੰ) ਆਧਾਰ (ਰਹਿੰਦਾ ਹੈ), ਹੇ ਨਾਨਕ !

ਨਹੀ ਕਾਹੂ ਕਉ ਮੀਤਾ ॥ ਮਾਇਆ ਮੋਹ ਬੰਧੁ ਪ੍ਰਭਿ ਕੀਤਾ ॥ ਦਰਦ ਨਿਵਾਰਹਿ ਜਾਕੇ ਆਪੇ ॥ ਨਾਨਕ ਤੇ ਤੇ ਗੁਰਮੁਖਿ ਧ੍ਰਾਪੇ ॥ ੩੪ ॥

(ਪਰ) ਹੇ ਮਿੱਤ੍ਰ! ਕਿਸੇ ਨੂੰ ਦੋਸ਼ ਨਹੀਂ (ਦੇਣਾ ਚਾਹੀਏ, ਕਿਉਂਕਿ) ਮਾਇਆ ਦੇ ਮੋਹ ਦਾ ਬੰਧਨ (ਜਿਸ ਵਿਚ ਬੱਝੇ ਜੀਵ ਸਾਈਂ ਨੂੰ ਵਿਸਾਰਦੇ ਹਨ) ਪ੍ਰਭੂ ਨੇ (ਆਪ) ਰਚਿਆ ਹੈ। (ਸੋ ਜਿਸ) ਜਿਸ ਦੀ ਪੀੜਾ ਆਪ ਦੂਰ ਕਰ ਦੇਂਦਾ ਹੈ, ਹੇ ਨਾਨਕ ! ਓਹ ਗੁਰਮੁਖ (ਹਨ) ਓਹੀ ਤ੍ਰਿਪਤ ਹੁੰਦੇ ਹਨ !! ੩੪ ॥

ਸਲੋਕੁ ॥ ਧਰਿ ਜੀਅਰੇ ਇਕ ਟੇਕ ਤੂ ਲਾਹਿ ਬਿਡਾਨੀ ਆਸ ॥ ਨਾਨਕ ਨਾਮੁ ਧਿਆਈਐ ਕਾਰਜੁ ਆਵੈ ਰਾਸਿ ॥ ੧ ॥

[ਆਸ ਕਰਤਾਰ ਤੇ ਧਾਰੇ। ਨਾਮ ਜਪੇ। ਸਤਿਸੰਗ ਕਰੇ। ਮੇਹਰ ਤੇ ਟੇਕ ਧਾਰੇ] ਹ ਮਨ ! ਤੂੰ ਇਕ (ਪ੍ਰਭੂ ਦੀ) ਟੇਕ ਰੱਖ ਤੇ ਬਿਗਾਨੀ ਆਸ ਦੂਰ ਕਰ; (ਐਉਂ ਦੇ ਹੋਠੋ) ਹੇ ਨਾਨਕ ! ਨਾਮ ਨੂੰ ਧਿਆਈਏ ਜੋ ਕੰਮ ਰਾਸ ਆਵੇ ॥ ੧ ॥

ਪਉੜੀ ॥ ਧਧਾ ਧਾਵਤ ਤਉ ਮਿਟੈ ਸੰਤ ਸੰਗਿ ਹੋਇ ਬਾਸੁ ॥ ਧੁਰ ਤੇ ਕਿਰਪਾ ਕਰਹੁ ਆਪਿ ਤਉ ਹੋਇ ਮਨਹਿ ਪਰਗਾਸੁ॥ਧਨੁ ਸਾਚਾ ਤੇਊ ਸਚ ਸਾਹਾ॥ ਹਰਿ ਹਰਿ ਪੂੰਜੀ ਨਾਮ ਬਿਸਾਹਾ ॥ ਧੀਰਜੁ ਜਸੁ ਸੋਭਾ ਤਿਹ ਬਨਿਆ॥ਹਰਿ ਹਰਿ ਨਾਮੁ ਸ੍ਰਵਨ ਜਿਹ ਸੁਨਿਆ॥ਗੁਰਮੁਖਿਜਿਹਘਟਿ ਰਹੇ ਸਮਾਈ॥ ਨਾਨਕ ਤਿਹ ਜਨ ਮਿਲੀ ਵਡਾਈ ॥ ੩੫ ॥

ਧਧੇ (ਦੁਆਰਾ ਉਪਦੇਸ਼ ਹੈ ਕਿ ਮਨ ਦਾ) ਦੌੜਨਾ ਤਦ ਮਿਟਦਾ ਹੈ, ਜੇ ਸੰਤ ਸੰਗ ਵਿਚ ਵਾਸਾ ਹੋਵੇ। (ਸੰਤ ਸੰਗ ਪ੍ਰਭੂ ਕ੍ਰਿਪਾ ਤੇ ਹੁੰਦਾ ਹੈ, ਤਾਂ ਹੇ ਪ੍ਰਭੂ) ਆਪ ਹੀ ਧੁਰੋਂ ਕ੍ਰਿਪਾ ਕਰੋ ਤਾਂ ਮਨ ਵਿਚ ਪ੍ਰਕਾਸ਼ ਹੋਵੇ। (ਉਸ ਦੇ ਪਾਸ ਹੀ) ਸਚਾ ਧਨ ਹੈ (ਤੇ) ਉਹੋ ਸੱਚਾ ਸ਼ਾਹ ਹੈ (ਜਿਸ ਦੀ) ਪੂੰਜੀ (ਰਾਸ) ਵਾਹਿ-ਗੁਰੂ (ਦਾ) ਨਾਮ (ਹੈ) ਤੇ ਨਾਮ ਦਾ ਜੋ ਵਪਾਰ ਕਰਦਾ ਹੈ। ਧੀਰਜ ਜਸ ਤੇ ਸ਼ੋਭਾ ਉਸ ਨੂੰ ਸੁਭਾਇਮਾਨ ਹੋਏ ਹਨ ਜਿਸ ਨੇ ਹਰਿ ਹਰਿ ਨਾਮ ਕੰਨਾਂ ਨਾਲ ਸੁਣਿਆ ਹੈ। ਜਿਸ ਦੇ ਹਿਰਦੇ ਵਿਚ ਗੁਰੂ ਦੁਆਰਾ (ਪ੍ਰਭੂ) ਸਮਾਇਆ ਰਹੇ, ਹੇ ਨਾਨਕ ! ਉਸ ਪੁਰਖ ਨੂੰ ਵਡਿਆਈ ਮਿਲੀ ਹੈ* ॥੩੫॥

**ਨਿਰੁਕ੍ਤ**—ਬਿਸਾਹਾ–[ਸੰਸ:, ਵ੍ਯਵਸਾਯ:] ਵਪਾਰ, ਵਪਾਰ ਕਰਨਾ, ਯਥਾ:–
ਜਿਨ ਹਰਿ ਹਰਿ ਨਾਮੁ ਬਿਸਾਹਾ ॥ (ਅ) ਵਿਸਾਹ, ਇਤਬਾਰ। ਰਹੇ ਸਮਾਈ- ਸਮਾਇਆ ਰਹੇ।

ਸਲੋਕੁ ॥ ਨਾਨਕ ਨਾਮੁ ਨਾਮੁ ਜਪੁ ਜਪਿਆ ਅੰਤਰਿ ਬਾਹਰਿ ਰੰਗਿ ॥ ਗੁਰਿ ਪੂਰੈ ਉਪਦੇਸਿਆ ਨਰਕੁ ਨਾਹਿ ਸਾਧ ਸੰਗਿ ॥੧॥

[ਸਾਧ ਸੰਗ ਵਿਚ 'ਨਾਮ–ਜਪ' ਦੇ ਫਲਏਹ ਹੁੰਦੇ ਹਨ:-ਨਰਕ ਨਹੀਂ ਮਿਲਦਾ, ਮਾਇਆ ਦਾ ਅਸਰ ਨਹੀਂ ਹੁੰਦਾ, ਕਿਤੇ ਰੋਕ ਨਹੀਂ ਪੈਂਦੀ, ਨਾਂਹ ਨਹੀਂ ਹੁੰਦੀ, ਅਨਹਤ ਵਾਜੇ ਵਜਦੇ ਹਨ, ਅੰਮ੍ਰਿਤ ਮਿਲਦਾ ਹੈ।] ਪੂਰੇ ਗੁਰੂ ਨੇ ਉਪਦੇਸ਼ ਦਿਤਾ ਹੈ ਕਿ ਹੇ ਨਾਨਕ! ਨਾਮ ਹੀ ਨਾਮ(ਦਾ)ਜਪ (ਜਿਨ੍ਹਾਂ ਨੇ) ਸਾਧ ਦੇ ਸੰਗ ਵਿਚ ਅੰਦਰੋਂ ਬਾਹਰੋਂ† ਪ੍ਰੇਮ ਨਾਲ ਜਪਿਆ ਹੈ (ਉਹਨਾਂ ਲਈ) ਨਰਕ ਨਹੀਂ ਹੈ।

*ਐਉਂ ਬੀ ਲਾਉਂਦੇ ਹਨ–ਜਿਸ ਗੁਰਮੁਖ ਦੇ ਹਿਰਦੇ ਵਿਚ ਸਮਾਇਆ ਰਹੇ ਉਸ ਜਨ ਨੂੰ ਵਡਿਆਈ ਮਿਲਦੀ ਹੈ।

†ਮਨ ਨਾਲ ਤੇ (ਤਨ ਭਾਵ) ਰਸਨਾ ਨਾਲ। ਪਉੜੀ ਦੀ ਦੂਸਰੀ ਤੁਕ ਵਿਚ ਆਪ ਦੱਸਿਆ ਹੈ ਕਿ ਅੰਤਰ ਬਾਹਰ ਦਾ ਭਾਵ ਮਨ ਤਨ ਹੈ।

ਪਉੜੀ ॥ ਨੰਨਾ ਨਰਕਿ ਪਰਹਿ ਤੇ ਨਾਹੀ ॥ ਜਾ ਕੈ ਮਨਿ ਤਨਿ ਨਾਮੁ ਬਸਾਹੀ॥ ਨਾਮੁ ਨਿਧਾਨੁ ਗੁਰਮੁਖਿ ਜੋ ਜਪਤੇ ॥ ਬਿਖੁ ਮਾਇਆ ਮਹਿ ਨਾ ਓਇ ਖਪਤੇ ॥ ਨੰਨਾਕਾਰੁ ਨ ਹੋਤਾ ਤਾ ਕਹੁ ॥ ਨਾਮ ਮੰਤ੍ਰੁ ਗੁਰਿ ਦੀਨੋ ਜਾ ਕਹੁ ॥ ਨਿਧਿ ਨਿਧਾਨ ਹਰਿ ਅੰਮ੍ਰਿਤ ਪੂਰੇ ॥ ਤਹ ਬਾਜੇ ਨਾਨਕ ਅਨਹਦ ਤੂਰੇ ॥੩੬॥

'ਨਨੇ' (ਦੁਆਰਾ ਉਪਦੇਸ਼ ਹੈ) ਓਹ ਨਰਕ ਵਿਚ ਨਹੀਂ ਪੈਂਦੇ, ਜਿਨ੍ਹਾਂ ਦੇ ਮਨ ਤੇ ਤਨ ਵਿਚ ਨਾਮ ਵਸਦਾ ਹੈ। ਜੋ ਗੁਰਮੁਖ ਅਮੋਲਕ ਨਾਮ ਨੂੰ ਜਪਦੇ ਹਨ, ਓਹ ਵਿਹੁ ਰੂਪੀ ਮਾਇਆ ਵਿਚ ਨਹੀਂ ਖਪਦੇ। ਉਨ੍ਹਾਂ ਨੂੰ (ਕਿਤੇ ਤੇ ਕਿਸੇ ਗੱਲੇ) ਨਾਂਹ ਨਹੀਂ ਹੁੰਦੀ*, ਜਿਨ੍ਹਾਂ ਨੂੰ ਕਿ ਗੁਰੂ ਨੇ ਨਾਮ ਮੰਤ੍ਰ ਦਿਤਾ ਹੈ। (ਜਿਨ੍ਹਾਂ ਦੇ ਅੰਦਰ) ਹਰਿ (ਨਾਮ ਰੂਪੀ) ਅੰਮ੍ਰਿਤ ਨਿਧੀ ਦੇ ਖਜ਼ਾਨੇ ਭਰੇ ਪਏ ਹਨ ਉਨ੍ਹਾਂ ਲਈ (ਅਥਵਾ ਓਥੇ) ਅਨਹਦ ਵਾਜੇ ਵਜਦੇ ਹਨ, ਹੇ ਨਾਨਕ! ॥੩੬॥

**ਨਿਰੁਕ੍ਤ**—ਨਾਮੁ ਨਾਮੁ—'ਨਾਮੋ ਨਾਮ'=ਨਾਮ ਹੀ ਨਾਮ।

ਨਿਧਾਨੁ—[ਸੰਸ:, ਨਿਧਾਨੰ] ਅਮੁੱਲਜ ਸਥਾਨ, ਖ਼ਜ਼ਾਨਾ, ਨਿਧੀ। ਭਾਵ ਹੈ ਅਮੋਲਕ।

ਨੰਨਾਕਾਰੁ—ਨੰਨਾ=ਨਾਹ, ਨਹੀਂ + ਕਾਰ=ਕੇਵਲ। ਨਿਰੀ ਨਾਂਹ, ਇਨਕਾਰ।

(ਅ) ਨੇਸਤੀ, ਸ਼ੂਨਜ।

ਨਿਧਿ ਨਿਧਾਨ—ਸਾਰੀਆਂ ਨਿਧੀਆਂ ਦਾ ਭੰਡਾਰ, ਭਾਵ ਨਾਮ ਅੰਮ੍ਰਿਤ।

ਸਲੋਕੁ ॥ ਪਤਿ ਰਾਖੀ ਗੁਰਿ ਪਾਰ-ਬ੍ਰਹਮ ਤਜਿ ਪਰਪੰਚ ਮੋਹ ਬਿਕਾਰ ॥ ਨਾਨਕ ਸੋਊ ਅਰਾਧੀਐ ਅੰਤੁ ਨ ਪਾਰਾਵਾਰੁ ॥ ੧ ॥

[ਗੁਰੂ ਤੇ ਪਰਮੇਸੁਰ ਪਤ ਰਖਦੇ ਹਨ ਤਾਂਤੇ ਪਾਰਬ੍ਰਹਮ ਦੀ ਅਰਾਧਨਾ ਕਰੋ]। ਛਲ ਵਲ ਤੇ ਮੋਹ ਆਦਿ ਵਿਕਾਰ† ਛਡਣੇ ਤੇ ਪਾਰਬ੍ਰਹਮ (ਅਰ) ਗੁਰੂ ਨੇ‡ ਪਤ ਰੱਖ ਲਈ, ਹੇ ਨਾਨਕ! ਉਸੇ (ਪਤ ਰਖਣਹਾਰ) ਦੀ ਅਰਾਧਨਾ (ਸਦਾ) ਕਰੀਏ (ਜਿਸਦਾ ਕਿ) ਨਾ ਅੰਤ ਹੈ, ਨਾ ਪਾਰ ਉਰਾਰ ਹੈ। (ਭਾਵ ਬੇਅੰਤ ਤੇ ਬੇਹਦ ਹੈ⌘)॥੧॥

ਪਉੜੀ ॥ ਪਪਾ ਪਰਮਿਤਿ ਪਾਰੁ ਨ ਪਾਇਆ ॥ ਪਤਿਤ ਪਾਵਨ ਅਗਮ ਹਰਿ ਰਾਇਆ ॥ ਹੋਤ ਪੁਨੀਤ ਕੋਟ ਅਪਰਾਧੂ ॥ ਅੰਮ੍ਰਿਤ ਨਾਮੁ ਜਪਹਿ ਮਿਲਿ ਸਾਧੂ ॥ ਪਰਪੰਚ ਧ੍ਰੋਹ ਮੋਹ ਮਿਟਨਾਈ ॥ ਜਾ ਕਉ ਰਾਖਹੁ ਆਪਿ ਗੁਸਾਈ ॥ ਪਾਤਿਸਾਹੁ ਛਤ੍ਰ ਸਿਰ ਸੋਊ ॥ ਨਾਨਕ ਦੂਸਰ ਅਵਰੁ ਨ ਕੋਊ ॥੩੭॥

ਪਪੇ (ਦੁਆਰਾ ਉਪਦੇਸ਼ ਹੈ ਕਿ ਉਹ ਪਾਰਬ੍ਰਹਮ) ਮਿਤ ਤੋਂ ਪਰੇ ਹੈ (ਤੇ ਉਸਦਾ) ਅੰਤ (ਕਿਸੇ ਨੇ) ਨਹੀਂ ਪਾਇਆ। ਉਹ ਗਮਤਾ ਤੋਂ ਪਰੇ ਹੈ, ਫਿਰ ਉਹੀ ਹਰੀ ਰਾਜਾ ਹੈ❋, ਪਾਪ ਹਰਨੇ ਵਾਲਾ ਤੇ ਪਤਿਤਾਂ ਨੂੰ ਪਵਿਤ੍ਰ ਕਰਨੇ ਵਾਲਾ ਹੈ। (ਕਿਉਂਕਿ) ਕ੍ਰੋੜਾਂ ਪਾਪੀ (ਜੋ) ਸਾਧੂ ਨੂੰ ਮਿਲਕੇ ਉਸਦਾ) ਅੰਮ੍ਰਿਤ ਨਾਮ ਜਪਦੇ ਹਨ, ਪਵਿਤ੍ਰ ਹੋ ਜਾਂਦੇ ਹਨ! (ਗੁਰੂ ਜੀ ਅਰਦਾਸ ਕਰਦੇ ਹਨ:–ਹੇ) ਗੁਸਾਈਂ (ਮਾਲਕ ਜੀਓ!) ਜਿਸਦੀ ਰਖਜਾ ਆਪ ਕਰ ਦੇਂਦੇ ਹੋ, ਉਸਦੇ ਪਖੰਡ, ਵਿਸਾਹਘਾਤ ਤੇ ਮੋਹ (ਸਾਰੇ ਅਵਗੁਣ) ਮਿਟ ਜਾਂਦੇ ਹਨ। ਸਿਰ ਤੇ ਛਤਰ (ਧਾਰਨੇ ਵਾਲਾ) ਪਾਤਸਾਹ ਉਹੋ (ਪਾਰਬ੍ਰਹਮ) ਹੈ, ਹੇ ਨਾਨਕ!

*ਅਥਵਾ ਓਹਨਾਂ ਦੀ ਸੁਰਤ ਨੇਸਤੀ ਵਿਚ ਕਦੇ ਨਹੀਂ ਵਹਿੰਦੀ।

†ਇਥੇ ਪਰਪੰਚ ਮੋਹ ਵਿਕਾਰ ਦਾ ਤਜਨਾ ਹੈ, ਪੌੜੀ ਵਿਚ ਪਰਪੰਚ ਧ੍ਰੋਹ ਮੋਹ ਦਾ ਮਿਟ ਜਾਣਾ ਹੈ।

‡(ਅ) ਗੁਰਿ ਪਾਰਬ੍ਰਹਮ = ਪਾਰਬ੍ਰਹਮ ਰੂਪੀ ਗੁਰੂ ਨੇ।

⌘ਖਾਲਸਾ ਜੀ ਦਸਤਾਰ ਸਜਾਉਣ ਵੇਲੇ ਇਹ ਸ਼ਲੋਕ ਪੜ੍ਹਿਆ ਕਰਦੇ ਸਨ ਤੇ ਹਨ।

❋ਹਰੀ ਰਾਜਾ ਇਥੇ ਕਹਿਕੇ ਸੱਤਵੀਂ ਤੁਕ ਵਿਚ 'ਪਾਤਿਸਾਹੁ ਛਤ੍ਰ ਸਿਰ ਸੋਊ' ਆਖਿਆ ਹੈ।

(ਉਸ ਤੋਂ ਛੁੱਟ) ਦੂਜਾ ਹੋਰ ਕੋਈ ਨਹੀਂ ਹੈ (ਤਾਂਤੇ ਉਸਨੂੰ ਅਰਾਧ) ॥ ੩੭ ॥

**ਨਿਰੁਕ**—ਪਰਪੰਚ–[ਸੰਸ:, ਪ੍ਰਪੰਚ:] ਭ੍ਰਮ, ਧੋਖਾ, ਠੱਗੀ, ਦੁਨੀਆਂ ਦਾ ਜੰਜਾਲ।

ਪਰਮਿਤਿ–[ਸੰਸ:, ਪਰ=ਪਰੇ, ਦੂਰ, ਅਲੱਗ+ਮਿਤਿ:=ਪ੍ਰਮਾਣ, ਅੰਦਾਜ਼ਾ, ਨਾਪ] ਮਿਤਿ ਤੋਂ ਪਰੇ। ਅੰਦਾਜ਼ਾ ਨਾ ਲਾਇਆ ਜਾ ਸਕੇ ਜਿਸ ਦਾ। ਤੋਲ ਤੇ ਮਿਣਤੀ ਨਾ ਹੋ ਸਕੇ ਜਿਸ ਦੀ।

(ਅ) [ਸੰਸ:, ਪ੍ਰਮਿਤਿ:] ਉਹ ਗਜ਼ਾਨ ਜੋ ਕਿਸੇ ਪ੍ਰਮਾਣ ਦੁਆਰਾ ਲੱਭ ਸਕੇ। ਭਾਵ ਈਸ਼੍ਵਰ 'ਪ੍ਰਮਾਣ ਵਾਲੇ ਗਜ਼ਾਨ' ਤੋਂ ਪਰੇ ਹੈ।

[ਮਨ ਦਾ ਵਿਕਾਰਾਂ ਮਗਰ ਧਾਵਣਾ, ਦੇਹ ਦਾ ਜਨਮਾਂ ਵਿਚ ਭਟਕਣਾ ਇਕ ਦੀ ਅਰਾਧਨਾ ਨਾਲ ਮਿਟ ਜਾਂਦ ਹਨ]।

ਸਲੋਕੁ ॥ ਫਾਹੇ ਕਾਟੇ ਮਿਟੇ ਗਵਨ ਫਤਿਹ ਭਈ ਮਨਿ ਜੀਤ॥ ਨਾਨਕ ਗੁਰ ਤੇ ਥਿਤ ਪਾਈ ਫਿਰਨ ਮਿਟੇ ਨਿਤ ਨੀਤ ॥ ੧ ॥

ਹੇ ਨਾਨਕ ! (ਵਿਸ਼ਿਆਂ ਦੇ) ਬੰਧਨ ਕੱਟੇ ਗਏ ਹਨ, (ਇੰਦ੍ਰਿਆਂ ਦਾ ਵਿਸ਼ਿਆਂ ਦੇ ਮਗਰ) ਭੱਜਣਾ ਮਿਟ ਗਿਆ ਹੈ, (ਕਿਉਂਕਿ) ਮਨ ਜਿੱਤਿਆ ਗਿਆ ਹੈ, (ਇਹ ਅਸਲ) ਜਿੱਤ ਪ੍ਰਾਪਤ ਹੋਈ ਹੈ। (ਮਨ ਦਾ ਜਿਤਣਾ ਮਨ ਦਾ ਟਿਕਾਉ ਹੈ ਜੋ) ਟਿਕਾਉ ਗੁਰੂ ਤੋਂ ਪ੍ਰਾਪਤ ਹੋਇਆ ਹੈ, (ਇਸ ਟਿਕਾਉ ਨਾਲ) ਸਦਾ ਦੀ ਭਟਕਨਾ ਮਿਟ ਗਈ ਹੈ* ।

ਪਉੜੀ ॥ ਫਫਾ ਫਿਰਤ ਫਿਰਤ ਤੂ ਆਇਆ ॥ ਦ੍ਰੁਲਭ ਦੇਹ ਕਲਿਜੁਗ ਮਹਿ ਪਾਇਆ ॥ ਫਿਰ ਇਆ ਅਉਸਰੁ ਚਰੈ ਨ ਹਾਥਾ ॥ ਨਾਮੁ ਜਪਹੁ ਤਉ ਕਟੀਅਹਿ ਫਾਸਾ ॥ ਫਿਰਿ ਫਿਰਿ ਆਵਨ ਜਾਨੁ ਨ ਹੋਈ ॥ ਏਕਹਿ ਏਕ ਜਪਹੁ ਜਪੁ ਸੋਈ ॥ ਕਰਹੁ ਕ੍ਰਿਪਾ ਪ੍ਰਭ ਕਰਨੈ ਹਾਰੇ ॥ ਮੇਲਿ ਲੇਹੁ ਨਾਨਕ ਬੇਚਾਰੇ॥੩੮॥

'ਫਫੇ" (ਦੁਆਰਾ ਆਖਦੇ ਹਨ–ਹੇ ਜੀਵ!) ਤੂੰ (ਜਨਮ ਜਨਮਾਂਤ੍ਰਾਂ ਵਿਚ) ਫਿਰਦਾ ਫਿਰਦਾ (ਇਸ ਲੋਕ ਵਿਚ) ਆਇਆ ਹੈਂ, ਕਠਨਤਾ ਨਾਲ ਲੱਭਣ ਵਾਲੇ (ਮਾਨੁਖ) ਸਰੀਰ ਨੂੰ (ਇਸ) ਕਲਜੁਗ ਵਿਚ (ਫੇਰ ਤੋਂ) ਪ੍ਰਾਪਤ ਕੀਤਾ, ਇਹੋ (ਜੇਹਾ) ਮੌਕਿਆ ਫਿਰ ਹੱਥ (ਚੜ੍ਹੇ ਕਿ) ਨਾ ਚੜ੍ਹੇ (ਪਤਾ ਨਹੀਂ, ਪਰ ਜੇ ਹੁਣ ਤੂੰ) ਨਾਮ ਜਪੇਂ ਤਾਂ (ਤੇਰੀ) ਫ ਹੀ ਕੱਟੀ ਜਾਏਗੀ (ਤੇਰਾ) ਫਿਰ ਮੁੜਕੇ (ਇੱਥੇ ਆਉਣਾ ਜਾਣਾ ਨਹੀਂ ਹੋਵੇਗਾ, (ਇਸ ਕਰਕੇ) ਉਸ ਇਕੋ ਹੀ ਇਕ ਦਾ ਜਾਪ ਜਪੋ। (ਜੀਵਾਂ ਲਈ ਅਰਦਾਸ ਕਰਦੇ ਹਨ ਗੁਰੂ) ਨਾਨਕ (ਜੀ:–) ਹੇ ਕਰਨੇ ਹਾਰ ਪ੍ਰਭੂ! ਕਿਰਪਾ ਕਰੋ, (ਇਨ੍ਹਾਂ) ਵਿਚਾਰੇ (ਜੀਵਾਂ) ਨੂੰ ਮੇਲ ਲਓ (ਅਪਣੇ ਨਾਲ†) ॥ ੩੮ ॥

ਸਲੋਕੁ ॥ ਬਿਨਉ ਸੁਨਹੁ ਤੁਮ ਪਾਰਬ੍ਰਹਮ ਦੀਨ ਦਇਆਲ ਗੁਪਾਲ ॥ ਸੁਖ ਸੰਪੈ ਬਹੁ ਭੋਗ ਰਸ ਨਾਨਕ ਸਾਧ ਰਵਾਲ ॥ ੧ ॥

[ਬੇਨਤੀ] ਹੇ ਪਾਰਬ੍ਰਹਮ ! ਦੀਨਾਂ ਦੇ ਦਿਆਲ ! ਪ੍ਰਿਥਵੀ ਦੇ ਪਾਲਿਕ ! ਤੁਸੀਂ ਨਾਨਕ ਦੀ (ਇਕ) ਬੇਨਤੀ ਸੁਣੋ, (ਉਹ ਇਹ ਹੈ ਕਿ ਮੈਨੂੰ) ਸਾਧ ਦੀ ਚਰਨ ਧੂੜ (ਬਖਸ਼ੋ ਕਿਉਂਕਿ) ਸੁਖ, ਦੌਲਤ ਤੇ ਬਹੁਤੇ ਭੋਗਾਂ ਦੇ ਰਸ (ਮੇਰੇ ਲਈ ਇਹੋ ਧੂੜੀ ਹੈ)। ੧ ।

---

*ਇਸ ਦਾ ਅਰਥ ਐਉਂ ਬੀ ਲਗਦਾ ਹੈ:–(ਜਦ ਦਾ) ਗੁਰੂ ਤੋਂ (ਨਾਮ ਵਿਚ) ਟਿਕਾਉ ਪ੍ਰਾਪਤ ਹੋਇਆ ਹੈ, ਨਿਤ ਨਿਤ ਦਾ (ਸਾਧਾਂ ਤੇ ਸ਼ਾਸਤ੍ਰਾਂ ਦੇ ਮਗਰ) ਭਟਕਣਾ ਮਿਟ ਗਿਆ ਹੈ, (ਜਮ ਦੇ) ਫਾਹੇ ਕੱਟੇ ਗਏ ਹਨ, (ਆਵਾ) ਗਵਨ ਮੁੱਕ ਗਿਆ ਹੈ, (ਕਾਮਾਦਿਕਾਂ ਤੇ) ਫਤੇ ਹੋ ਗਈ ਹੈ (ਤੇ) ਮਨ ਵਿਚ (ਵਸਦੇ ਵਿਕਾਰਾਂ ਤੇ) ਜਿੱਤ (ਪ੍ਰਾਪਤ ਹੋ ਗਈ ਹੈ)।

†ਐਉਂ ਬੀ ਲੈਂਦੇ ਹਨ-ਮੇਲ ਲਓ ਵਿਚਾਰੇ ਨਾਨਕ ਨੂੰ।

ਪਉੜੀ ॥ ਬਬਾ ਬ੍ਰਹਮੁ ਜਾਨਤ ਤੇ ਬ੍ਰਹਮਾ ॥ ਬੈਸਨੋ ਤੇ ਗੁਰਮੁਖਿ ਸੁਚ ਧਰਮਾ ॥ ਬੀਰਾ ਆਪਨ ਬੁਰਾ ਮਿਟਾਵੈ ॥ ਤਾਹੂ ਬੁਰਾ ਨਿਕਟਿ ਨਹੀ ਆਵੈ ॥ ਬਾਧਿਓ ਆਪਨ ਹਉ ਹਉ ਬੰਧਾ ॥ ਦੋਸੁ ਦੇਤ ਆਗਹ ਕਉ ਅੰਧਾ ॥ ਬਾਤ ਚੀਤ ਸਭ ਰਹੀ ਸਿਆਨਪ ॥ ਜਿਸਹਿ ਜਨਾਵਹੁ ਸੋ ਜਾਨੈ ਨਾਨਕ॥੩੯॥

[ਬ੍ਰਹਮਨ, ਬੈਸਨੋ, ਬੀਰ] ਬਬਾ, ਓਹ ਬ੍ਰਹਮਨ ਹਨ ਜੋ ਬ੍ਰਹਮ ਨੂੰ ਜਾਣਦੇ ਹਨ। ਵੈਸ਼ਨੋ ਓਹ (ਹਨ ਜੋ) ਗੁਰੂ ਦੁਆਰਾ ਸੁੱਚੇ (=ਪਵਿਤ੍ਰਤਾ ਦੇ ਧਰਮ ਵਾਲੇ ਹਨ । ਬਹਾਦਰ (ਅਰਥਾਤ ਛੱਤ੍ਰੀ ਉਹ ਹੈ ਜੋ ਮਨੋਂ) ਆਪਣਾ ਬੁਰਾ (ਸੁਭਾਵ ਯਾ ਦੂਸਰਿਆਂ ਲਈ ਬੁਰੀ ਭਾਵਨਾ) ਮਿਟਾ ਦੇਵੇ। (ਫਿਰ) ਉਸਦੇ ਨੇੜੇ ਬੁਰਾ ਨਹੀਂ ਆਵੇਗਾ ਭਾਵ ਉਸਦਾ ਬੁਰਾ ਨਹੀਂ ਹੋਵੇਗਾ) ।ਬੱਝਾਪਿਆ ਹੈ(ਜੀਵ)ਆਪਣੀ ਹਉਮੈਦੇ ਬੰਧਨ ਵਿਚ(ਤੇ)ਅੰਧਾ ਦੋਸ਼ ਅਗਲਿਆਂਨੂੰ* ਦੇਂਦਾ ਹੈ। (ਪਰ ਹੇ ਪਾਰਬ੍ਰਹਮ ! ਚਲਾਕੀ ਵਾਲੀ) ਗਲ ਬਾਤ (ਤੇ ਮਨ ਦੀ) ਸਾਰੀ ਚਤੁਰਾਈ ਰਹਿ ਜਾਂਦੀ† ਹੈ, ਜਿਸ ਨੂੰ ਆਪ ਜਣਾਵੇ ਉਹੋ (ਆਪ ਨੂੰ) ਜਾਣ ਸਕਦਾ ਹੈ, (ਬਿਨੈ ਕਰਦੇ ਹਨ ਗੁਰੂ) ਨਾਨਕ (ਜੀ) ॥ ੩੯ ॥

[ਭੈ ਭਰਮ ਮੇਟੇ, ਮਾਇਆ ਮਿਟੇਗੀ, ਸੁਖ ਮਿਲੇਗਾ, ਸੰਤ ਸੰਗ। ਮਨ ਵਿਚ ਭੈ ਭਰਮ ਭੰਜਨ ਹਾਰ ਦੀ ਅਰਾਧਨਾ ਮਿਲਦੀ ਹੈ]

ਸਲੋਕੁ ॥ ਭੈ ਭੰਜਨ ਅਘ ਦੂਖ ਨਾਸ ਮਨਹਿ ਅਰਾਧਿ ਹਰੇ ॥ ਸੰਤ ਸੰਗ ਜਿਹ ਰਿਦ ਬਸਿਓ ਨਾਨਕ ਤੇ ਨ ਭ੍ਰਮੇ ॥ ੧ ॥

(ਹੇ ਸਿਖ !) ਭੈ ਦੇ ਭੰਨਣ ਵਾਲੇ, ਪਾਪਾਂ ਤੇ ਦੁੱਖਾਂ ਦੇ ਨਾਸ਼ ਕਰਨੇ ਵਾਲੇ ਹਰੀ ਨੂੰ ਮਨ ਵਿਚ ਅਰਾਧ, (ਕਿਉਂਕਿ) ਸੰਤਾਂ ਦੇ ਸੰਗ ਕਰਕੇ ਜਿਨ੍ਹਾਂ ਦੇ ਰਿਦੇ ਵਿਚ (ਉਹ) ਵੱਸਿਆ ਹੈ ਓਹ (ਫੇਰ) ਨਹੀਂ ਭਟਕੇ, (ਗੁਰੂ) ਨਾਨਕ (ਜੀ ਵਾਕ ਕਰਦੇ ਹਨ) ॥ ੧ ॥

ਪਉੜੀ ॥ ਭਭਾ ਭਰਮੁ ਮਿਟਾਵਹੁ ਅਪਨਾ ॥ ਇਆ ਸੰਸਾਰੁ ਸਗਲ ਹੈ ਸੁਪਨਾ ॥ ਭਰਮੇ ਸੁਰਿ ਨਰ ਦੇਵੀ ਦੇਵਾ ॥ ਭਰਮੇ ਸਿਧ ਸਾਧਿਕ ਬ੍ਰਹਮੇਵਾ ॥ ਭਰਮਿ ਭਰਮਿ ਮਾਨੁਖ ਡਹਕਾਏ ॥ ਦੁਤਰ ਮਹਾ ਬਿਖਮ ਇਹ ਮਾਏ ॥ ਗੁਰਮੁਖਿ ਭ੍ਰਮ ਭੈ ਮੋਹ ਮਿਟਾਇਆ ॥ ਨਾਨਕ ਤੇਹ ਪਰਮ ਸੁਖ ਪਾਇਆ ॥ ੪੦ ॥

"ਭ" । ਆਪਣਾ ਭਰਮ ਦੂਰ ਕਰੋ, (ਕਿਉਂਕਿ) ਏਹ ਸੰਸਾਰ ਸਾਰਾ ਹੀ ਸੁਪਨਾ ਹੈ । (ਜਿਵੇਂ ਸੁਪਨੇ ਵਿਚ ਭਰਮ ਵਸ ਹੋਈਦਾ ਹੈ, ਉਸੀ ਤਰ੍ਹਾਂ) ਸੁਰਿ ਨਰ ਦੇਵੀ ਤੇ ਦੇਉਤੇ (ਸਭ) ਭਰਮ (ਵਿਚ) ਗ੍ਰਸੇ ਗਏ । ਸਿੱਧ ਤੇ ਸਾਧਨਾ ਕਰਨ ਵਾਲੇ (ਗਲ ਕੀਹ) ਬ੍ਰਹਮਾ ਵਰਗੇ ਵੀ ਭਰਮੇ ਸਨ । ੭. ੬. ਇਹ ਮਾਯਾ ਬੜੀ ਕਠਨ ਹੈ (ਇਹ) ਤਰਨੀ ਬਹੁਤ ਔਖੀ ਹੈ, (ਇਸ ਨੇ) ਭਰਮਾ ਭਰਮਾ ਕੇ‡ ਇਨਸਾਨ ਛਲੇ ਹਨ । (ਪਰ) ਗੁਰਮੁਖ ਨੇ ਭਰਮ, ਭੈ ਤੇ ਮੋਹ (ਅਪਣਾ) ਦੂਰ ਕਰ ਲਿਆ ਹੈ, ਹੇ ਨਾਨਕ ! ਉਨ੍ਹਾਂ ਨੇ ਹੀ ਪੂਰਾ ਸੁਖ ਪਾਇਆ ਹੈ❦ ॥ ੪੦ ।

---

*ਭਾਵ ਦੂਸਰਿਆਂ ਨੂੰ ।

†ਭਾਵ–ਪਰ ਤੈਨੂੰ ਜਾਣਨੇ ਲਈ ਹੇ ਪਾਰਬ੍ਰਹਮ ਮਨ ਦੀ ਚਲਾਕੀ ਤੇ ਵਾਕ ਰਚਨਾ ਦੀ ਚਤੁਰਾਈ ਜੋ ਜਗਤ ਵਿਚ ਲੋਕਾਂ ਨੂੰ ਧੋਖਾ ਦੇ ਜਾਂਦੀ ਹੈ, ਕੁਛ ਨਹੀਂ ਸਾਰਦੀ ।

‡ਭਰਮੇ ਜਾਣ ਦਾ ਭਾਵ ਹੈ ਮਾਯਾ ਦੇ ਮੋਹ ਲੈਣਵਾਲੇ ਸਾਮਾਨਾਂ ਨਾਲ ਉਨ੍ਹਾਂ ਨੂੰ ਸੱਤਿ ਤੇ ਸੁਖਦਾਇਕ ਸਮਝਕੇ ਉਹਨਾਂ ਦੇ ਭੋਗਣ ਵਿਚ ਲਗ ਜਾਣਾ ।

❦ਭਰਮ ਦੇ ਦੂਰ ਕਰਨ ਦੀ ਜੁਗਤ ਸਲੋਕ ਵਿਚ ਦੱਸ ਆਏ ਹਨ -ਮਨ ਵਿਚ ਹਰੀ ਨੂੰ ਆਰਾਧਣਾ, ਸਤਿਸੰਗ ਕਰਦੇ ਰਹਿਣਾ, ਕੀਤੇ ਪਾਪਾਂ ਤੇ ਉਹਨਾਂ ਤੋਂ ਉਪਜੇ ਦੁਖਾਂ ਦੇ ਹਰਨੇ ਵਾਲੇ ਤੇ ਭੈ ਭੰਜਨ ਵਾਹਿਗੁਰੂ ਨੂੰ ਹਿਰਦੇ ਵਿਚ ਵਸਾ ਲੈਣਾ ।

**ਨਿਰੁਕ੍ਤ**—ਅਘ—[ਸੰਸ:, ਅਘੰ] ਪਾਪ, ਅਪਰਾਧ, ਜੁਰਮ।
ਬ੍ਰਹਮੇਵ—ਬ੍ਰਹਮ ਇਵ=ਬ੍ਰਹਮਾ ਵਾਂਙੂ। ਬ੍ਰਹਮਾ ਵਰਗੇ।
ਡਹਕਾਇ—[ਹਿੰਦੀ, ਡਹਕਾਨਾ=ਔਕੜ ਪਾਉਣੀ,ਛਲਣਾ] ਛਲੇ ਹਨ,ਧੋਖੇ ਵਿਚ ਪਾਏ ਹਨ।

ਸਲੋਕੁ ॥ ਮਾਇਆ ਡੋਲੈ ਬਹੁ ਬਿਧੀ ਮਨੁ ਲਪਟਿਓ ਤਿਹ ਸੰਗ ॥ ਮਾਗਨ ਤੇ ਜਿਹ ਤੁਮ ਰਖਹੁ ਸੁ ਨਾਨਕ ਨਾਮਹਿ ਰੰਗ॥੧॥

[ਮਾਇਆ ਡੋਲਦੀ ਤੇ ਡੁਲਾਉਂਦੀ ਹੈ। ਡੋਲਣ ਤੋਂ ਮੰਗ ਪੈਦਾ ਹੁੰਦੀ ਹੈ ਸੋ ਮੰਗ ਤਯਾਗੋ, ਕੇਵਲ ਨਾਮ ਮੰਗੋ]। ਮਾਇਆ ਕਈ ਤ੍ਰੀਕਿਆਂ ਨਾਲ ਡੋਲਦੀ ਹੈ (ਕਿਉਂਕਿ ਇਹ ਸੁਭਾਵਕ ਚੰਚਲ ਹੈ) ਤੇ ਮਨ ਉਸ (ਮਾਯਾ ਦੇ ਨਾਲ ਚੰਬੜ ਰਿਹਾ ਹੈ (ਇਸ ਕਰਕੇ ਮਨ ਡੋਲਦਾ ਰਹਿੰਦਾ ਹੈ ਤੇ ਮਨ ਦਾ ਮਾਇਆ ਨਾਲ ਲਪਟਾਉ ਇਸਦੀ ਮੰਗਣਹਾਰ ਬ੍ਰਿਤੀ ਕਰਕੇ ਹੈ; ਪਰ ਹੇ ਪ੍ਰਭੂ! ਇਸ ਮਾਇਆ ਦੇ) ਮੰਗਣ ਤੋਂ ਜਿਸਨੂੰ ਤੁਸੀਂ ਬਚਾ ਲਵੋ ਉਹ ਨਾਮ ਵਿਚ ਪ੍ਰੇਮ ਵਾਲਾ (ਹੋ ਜਾਂਦਾ ਹੈ*; ਕਹਿੰਦੇ ਹਨ ਗੁਰੂ) ਨਾਨਕ!॥ ੧ ॥

ਪਉੜੀ ॥ ਮੰਮਾ ਮਾਗਨਹਾਰ ਇਆਨਾ ॥ ਦੇਨਹਾਰ ਦੇ ਰਹਿਓ ਸੁਜਾਨਾ ॥ ਜੋ ਦੀਨੋ ਸੋ ਏਕਹਿ ਬਾਰ ॥ ਮਨ ਮੂਰਖ ਕਹ ਕਰਹਿ ਪੁਕਾਰ ॥ ਜਉ ਮਾਗਹਿ ਤਉ ਮਾਗਹਿ ਬੀਆ ॥ ਜਾ ਤੇ ਕੁਸਲ ਨ ਕਾਹੂ ਥੀਆ ॥ ਮਾਗਨਿ ਮਾਗ ਤ ਏਕਹਿ ਮਾਗ ॥ ਨਾਨਕ ਜਾ ਤੇ ਪਰਹਿ ਪਰਾਗ ॥ ੪੧ ॥

'ਮ' (ਦੁਆਰਾ ਉਪਦੇਸ਼ ਹੈ, ਮਾਯਾ) ਮੰਗਣੇ ਵਾਲਾ ਮੂਰਖ ਹੈ (ਕਿਉਂਕਿ) ਦੇਣੇ ਵਾਲਾ ਸੁਜਾਨ (ਹੈ ਉਹ ਆਪੇ) ਦੇ ਰਿਹਾ ਹੈ। ਜੋ (ਉਸਨੇ) ਦੇਣਾ ਸੀ ਇਕੋ ਵਾਰ (ਦੇ ਛਡਿਆ) ਹੈ। ਹੇ ਮਨ ਮੂਰਖ! ਕਿਸ ਵਾਸਤੇ ਪੁਕਾਰ ਕਰਦਾ ਹੈਂ? (ਫਿਰ ਹੋਰ ਭੁੱਲ ਤੂੰ ਇਹ ਕਰਦਾ ਹੈਂ ਕਿ:-)ਜਦ ਤੂੰ(ਕੁਝ) ਮੰਗਦਾ ਹੈਂ ਤਾਂ (ਨਾਮ ਤੋਂ ਛੁੱਟ) ਹੋਰ ਹੀ (ਕੁਝ) ਮੰਗਦਾ ਹੈਂ, ਜਿਸ (ਮੰਗਣੇ) ਤੋਂ ਕਿਸੇ ਨੂੰ ਸੁਖ ਨਹੀਂ ਹੋਇਆ। (ਭਲਾ ਜੇ ਕੋਈ) ਮੰਗ ਮੰਗਣੀ ਬੀ ਹਈ ਤਾਂ ਇਕੋ (ਨਾਮ ਦੀ ਮੰਗ) ਮੰਗ, ਹੇ ਨਾਨਕ! ਜਿਸ ਤੇ ਤੂੰ (ਸੰਸਾਰ ਸਾਗਰ ਤੋਂ) ਪਾਰ ਜਾ ਪਵੇਂ† ॥ ੪੧ ॥

**ਨਿਰੁਕ੍ਤ**—ਪਰਾਗ—ਪਾਰ ਦਾ ਹੀ ਇਕ ਰੂਪ 'ਪਰਾਗ' ਹੈ।
(ਅ) ਪਰਾ=ਪਰੇ, ਗ=ਜਾ। ਪਰਹਿ=ਪਵੇਂ। ਪਰੇ ਜਾ ਪਵੇਂ।

ਸਲੋਕੁ ॥ ਮਤਿ ਪੂਰੀ ਪਰਧਾਨ ਤੇ ਗੁਰ ਪੂਰੇ ਮਨ ਮੰਤ ॥ ਜਿਹ ਜਾਨਿਓ ਪ੍ਰਭੁ ਆਪੁਨਾ ਨਾਨਕ ਤੇ ਭਗਵੰਤ ॥ ੧ ॥

[ਅਸਲੀ ਭਾਗਵੰਤ, ਪਰਧਾਨ ਤੇ ਮਤਿਵੰਤ ਕੌਣ ਹੈ? ਉੱਤਰ:] ਪੂਰੇ ਗੁਰੂ ਦਾ ਮੰਤ੍ਰ (ਜਿਨ੍ਹਾਂ ਨੇ) ਮਨ ਵਿਚ (ਧਾਰਿਆ ਹੈ, ਉਨ੍ਹਾਂ ਦੀ) ਬੁੱਧੀ ਪੂਰਨ ਹੈ, ਉਹੋ ਪਰਧਾਨ (ਸ੍ਰੇਸ਼ਟ) ਹਨ, (ਹਾਂ) ਜਿਨ੍ਹਾਂ ਨੇ ਆਪਣਾ ਪਰਮੇਸ਼ੁਰ ਜਾਣ ਲਿਆ ਹੈ, ਹੇ ਨਾਨਕ! ਓਹ ਭਾਗਾਂ ਵਾਲੇ ਹਨ ॥ ੧ ॥

---

*ਭਾਵ ਉਹ ਫੇਰ ਮਾਇਆ ਨੂੰ ਨਹੀਂ ਲਪਟਦਾ, ਮੰਗ ਬ੍ਰਿਤੀ ਦੀ ਨਿਵਿਰਤੀ ਨਾਲ ਮਾਇਆ ਤੋਂ ਨਿਰਲੇਪ ਹੋ ਜਾਂਦਾ ਹੈ ਤੇ ਨਾਮ ਵਿਚ ਲੱਗ ਜਾਂਦਾ ਹੈ।

†ਭਾਵ-ਮਾਇਆ ਸਥਿਰ ਵਸਤੂ ਨਹੀਂ, ਡੋਲਦੀ ਹੈ, ਜੋ ਡੋਲਣੀ ਨੂੰ ਲਪਟੇਗਾ ਡੋਲੇਗਾ। ਸੋ ਮਾਇਆ ਨਾ ਮੰਗੋ ਕਿਉਂਕਿ ਮੰਗ ਹੀ ਮਾਇਆ ਨੂੰ ਲਪਟਣਾ ਹੈ। ਜੋ ਲੋੜ ਹੈ ਦਾਤਾ ਆਪੇ ਦੇ ਰਿਹਾ ਹੈ। ਮੰਗ ਮੰਗੋ ਤਾਂ ਇਕੋ ਨਾਮ ਦੀ ਮੰਗੋ।

ਪਉੜੀ ॥ ਮਮਾ ਜਾਹੂ ਮਰਮੁ ਪਛਾਨਾ ॥ ਭੇਟਤ ਸਾਧ ਸੰਗ ਪਤੀਆਨਾ ॥ ਦੁਖ ਸੁਖ ਉਆ ਕੈ ਸਮਤ ਬੀਚਾਰਾ ॥ ਨਰਕ ਸੁਰਗ ਰਹਤ ਅਉਤਾਰਾ ॥ ਤਾਹੂ ਸੰਗ ਤਾਹੂ ਨਿਰਲੇਪਾ ॥ ਪੂਰਨ ਘਟ ਘਟ ਪੁਰਖ ਬਿਸੇਖਾ ॥ ਉਆ ਰਸ ਮਹਿ ਉਆਹੂ ਸੁਖੁ ਪਾਇਆ ॥ ਨਾਨਕ ਲਿਪਤ ਨਹੀ ਤਿਹ ਮਾਇਆ ॥ ੪੨ ॥

੧. ੨. 'ਮ' ਜਿਸਨੇ ਭੇਤ ਪਛਾਣ ਲਿਆ ਹੈ (ਅਤੇ ਜੋ) ਸਾਧ ਦਾ ਸੰਗ ਭੇਟਕੇ ਪਤੀਜਿਆ ਹੈ, ੩. ੪. ਦੁਖ (ਤੇ) ਸੁਖ ਉਸ ਦੇ (ਰਿਦੇ ਵਿਚ) ਇਕ ਸਮਾਨ ਵੀਚਾਰਿਆ ਗਿਆ ਹੈ* । (ਉਹ) ਨਰਕ ਸੁਰਗ ਵਿਚ (ਅਉਤਾਰ ਹੋਣ ਭਾਵ) ਉਤਰਨ ਤੋਂ ਰਹਿਤ ਹੋ ਗਿਆ ਹੈ । ੬. ੫. (ਉਸ ਨੇ) ਘਟ ਘਟ ਵਿਚ ਪੂਰਨ ਪੁਰਖ ਨੂੰ ਪਛਾਣ ਲਿਆ ਹੈ; (ਹਾਂ) ਉਸਨੂੰ ਜੋ (ਘਟ ਘਟ ਵਿਚ ਹੋਣ ਕਰਕੇ) ਸੰਗ ਹੈ ਤੇ (ਨਿਰਗੁਣ ਹੋਣ ਕਰਕੇ) ਅਸੰਗ ਹੈ । ੭. ੮ ਉਸ (ਦੇ ਮਿਲਾਪ ਦੇ) ਰਸ ਵਿਚ ਉਸੇ ਨੇ ਹੀ ਸੁਖ ਪਾਇਆ ਹੈ । ਹੇ ਨਾਨਕ ! (ਹੁਣ ਮੁੜਕੇ) ਉਸ ਨੂੰ ਮਾਇਆ ਨਹੀਂ ਲਿਪਾਇਮਾਨ ਕਰ ਸਕਦੀ । ॥ ੪੨ ॥

**ਨਿਰੁਕ੍ਤ**—ਰਹਤ ਅਉਤਾਰਾ–[ਸੰਸ:, ਰਹਿਤ=ਬਿਨਾ, ਬਗ਼ੈਰ । ਤਜਾਗਿਆ ਹੋਇਆ, ਛਡਿਆ ਹੋਇਆ । ਸੰਸ:, ਅਵਤਰਣਮੁ=ਜਨਮ ਲੈਣਾ, ਅਵਤਾਰ ਧਾਰਨਾ, ਪੈਦਾ ਹੋਣਾ] ਜਨਮ ਤੋਂ ਬਗ਼ੈਰ, ਭਾਵ ਨਰਕ, ਸੁਰਗ ਤੇ ਅਵਤਰਣ (ਜਨਮ ਮਰਣ) ਤੋਂ ਰਹਿਤ ਹੈ ।

ਬਿਸੇਖਾ- [ਸੰਸ:, ਵਿਸ਼ੇਖ:=ਪਹਿਚਾਨ, ਨਿਖੇੜਵੀਂ ਸਮਝ (ਸੰ: ਸ਼: ਕੋਸ੍ਤੁਭ)] ਇਸ ਤੁਕ ਵਿਚ 'ਬਿਸੇਖਾ' ਪਦ ਕ੍ਰਿਆ ਹੈ । ਵਿਸੇਖਾ=ਪਛਾਣਿਆ ਹੈ । ਹੋਰਨਾਂ ਤੋਂ ਫਰਕ ਕਰਕੇ ਸਮਝ ਲਿਆ ਹੈ ।

(ਅ) ਐਉਂ ਬੀ ਲਾਉਂਦੇ ਹਨ । ਉਸ (ਮਾਯਾ) ਦੇ (ਉਹ) ਨਾਲ ਬੀ ਹੈ, ਉਸ ਤੋਂ ਨਿਰਲੇਪ ਬੀ ਹੈ, (ਉਸ ਨੇ) ਘਟ ਘਟ ਵਿਚ ਪੂਰਨ ਪੁਰਖ ਨੂੰ ਵਿਸ਼ੇਸ਼ ਕਰਕੇ ਲਖ ਲਿਆ ਹੈ ।

ਸਲੋਕੁ ॥ ਯਾਰ ਮੀਤ ਸੁਨਿ ਸਾਜਨਹੁ ਬਿਨੁ ਹਰਿ ਛੂਟਨੁ ਨਾਹਿ ॥ ਨਾਨਕ ਤਿਹ ਬੰਧਨ ਕਟੇ ਗੁਰ ਕੀ ਚਰਨੀ ਪਾਹਿ ॥ ੧ ॥

[ਉਪਦੇਸ਼:–ਗੁਰੂ, ਸਾਧ ਦਾ ਸੰਗ, ਨਾਮ ਦੁਆਰਾ ਈਸ਼ੂਰ ਅਰਾਧਨਾ, ਬੇਨਤੀ]। ਹੇ ਯਾਰੋ, ਮਿਤ੍ਰੋ ਤੇ ਸੱਜਣੋਂ ! ਸੁਣੋਂ, ਬਿਨਾ ਪਰਮੇਸ਼ੁਰ ਦੇ ਛੁਟਕਾਰਾ ਨਹੀਂ (ਮਿਲਦਾ), (ਕਵਲ) ਉਸਦੇ ਬੰਧਨ ਕੱਟੇ ਜਾਂਦੇ ਹਨ (ਜੋ ਆਪ ਨੂੰ) ਗੁਰੂ ਦੀ ਚਰਨੀਂ ਪਾਉਂਦਾ ਹੈ (ਐਉਂ ਉਚਾਰਦੇ ਹਨ ਗੁਰੂ) ਨਾਨਕ (ਦੇਵ ਜੀ) ॥ ੧ ॥

ਪਉੜੀ ॥ ਯਯਾ ਜਤਨ ਕਰਤ ਬਹੁ ਬਿਧੀਆ ॥ ਏਕ ਨਾਮ ਬਿਨੁ ਕਹ ਲਉ ਸਿਧੀਆ ॥ ਯਾਹੂ ਜਤਨ ਕਰਿ ਹੋਤ ਛੁਟਾਰਾ ॥ ਉਆਹੂ ਜਤਨ ਸਾਧ ਸੰਗਾਰਾ ॥ ਯਾ ਉਬਰਨ ਧਾਰੈ ਸਭੁ ਕੋਊ ॥ ਉਆਹਿ

'ਯਯਾ' । (ਤੁਸੀਂ) ਬਹੁਤ ਪ੍ਰਕਾਰ ਦੇ ਜਤਨ ਕਰਦੇ ਹੋ (ਪਰ ਦੱਸੋ) ਇਕ ਨਾਮ ਤੋਂ ਬਿਨਾ ਸਿੱਧੀ† ਕਿਥੋਂ (ਯਾ ਕਿਵੇਂ) ਪ੍ਰਾਪਤ ਕਰੋਗੇ ? ਜਿਸ ਜਤਨ ਕਰਕੇ ਛੁਟਕਾਰਾ ਹੁੰਦਾ ਹੈ, ਉਹ ਜਤਨ ਸਾਧ ਸੰਗ ਵਿਚੋਂ ਹੀ (ਪ੍ਰਾਪਤ ਹੁੰਦਾ) ਹੈ । ਇਸ ਉਬਰਨ (ਉਧਰਨ) ਦੀ ਇੱਛਾ‡ ਸਭ ਕੋਈ ਧਾਰਦਾ ਹੈ । (ਪਰ) ਉਸ (ਪਰਮੇਸ਼ੁਰ) ਨੂੰ ਜਪੇ ਬਿਨਾ ਉਬਰਨਾ ਨਹੀਂ ਹੋਵੇਗਾ । (ਹੇ ਪ੍ਰਭੋ !) ਇਸ (ਸੰਸਾਰ) ਤੋਂ ਤਾਰਨ ਨੂੰ (ਕੇਵਲ

*ਭਾਵ ਦੁਖ ਸੁਖ ਨੂੰ ਇਕੋ ਜਿਹਾ ਜਾਣਦਾ ਹੈ ।

†ਸਿਧੀਆਂ ਤੋਂ ਭਾਵ ਪੂਰਨਤਾ ਦਾ ਹੈ । ਸਿਰੇ ਚੜ੍ਹਨ ਦੀ ਗੱਲ । ਮੋਖ ਰੂਪੀ ਸਿਧੀ ਭਾਵ ਲੈਂਦੇ ਹਨ ।

‡ਸੰਸਾਰ ਸਾਗਰ ਤੋਂ ਤਰ ਜਾਣੇ ਦੀ ਇੱਛਾ ।

ਜਪੈ ਬਿਨੁ ਉਬਰ ਨ ਹੋਉ ॥ ਜਾਹੂ ਤਰਨ ਤਾਰਨ ਸਮਰਾਥਾ ॥ ਰਾਖਿ ਲੇਹੁ ਨਿਰਗੁਨ ਨਰਨਾਥਾ ॥ ਮਨ ਬਚ ਕ੍ਰਮ ਜਿਹ ਆਪਿ ਜਨਾਈ ॥ ਨਾਨਕ ਤਿਹ ਮਤਿ ਪ੍ਰਗਟੀ ਆਈ ॥ ੪੩ ॥

ਆਪ) ਜਹਾਜ਼ (ਵਾਂਗੂ) ਸਮਰਥ ਹੈ । ਹੇ ਮਹਾਰਾਜ ! ਗੁਣ ਹੀਨਾਂ ਨੂੰ ਰੱਖ ਲਵੋ । (ਹੇ ਨਾਥ) ਜਿਸ ਨੂੰ ਆਪ ਮਨ, ਬਚਨ ਤੇ ਕਰਮ ਕਰਕੇ ਜਣਾਉਂਦੇ ਹੋ (ਸੁਮਤਿ ਦਿੰਦੇ ਹੋ), ਉਸਦੀ ਬੁੱਧੀ ਪ੍ਰਕਾਸ਼ਮਾਨ ਹੋ ਜਾਂਦੀ ਹੈ*, ਹੇ ਨਾਨਕ ! ॥ ੪੩ ॥

**ਨਿਰੁਕ੍ਤ**— ਉਬਰ-[ਸੰਸ:, ਉਦ੍ਧਾਰਣੰ=ਕੱਢਣਾ; ਉੱਪਰ ਚੁੱਕਣਾ, ਬਚਾਉਣਾ] ਉਬਰਨਾ, ਬਚਣਾ । ਤਰਨ-[ਸੰਸ:, ਤਰਣ:] ਜਹਾਜ਼ ।

ਤਾਰਨ-[ਸੰਸ:, ਤਾਰਣੰ] ਪਾਰ ਹੋਣਾ, ਬਚਾਉਣਾ, ਛੁਡਾਉਣਾ ।

ਨਰਨਾਥਾ-[ਸੰਸ:, ਨਰਨਾਥ:=ਰਾਜਾ ।] ਨਰਾਂ ਦਾ ਸੁਆਮੀ, ਰਾਜਾ ਮਹਾਰਾਜਾ ।

ਸਲੋਕੁ ॥ ਰੋਸੁ ਨ ਕਾਹੂ ਸੰਗ ਕਰਹੁ ਆਪਨ ਆਪੁ ਬੀਚਾਰਿ ॥ ਹੋਇ ਨਿਮਾਨਾ ਜਗਿ ਰਹਹੁ ਨਾਨਕ ਨਦਰੀ ਪਾਰਿ ॥ ੧ ॥

ਪਉੜੀ ॥ ਰਾਰਾ ਰੇਨ ਹੋਤ ਸਭ ਜਾਕੀ ॥ ਤਜਿ ਅਭਿਮਾਨੁ ਛੁਟੈ ਤੇਰੀ ਬਾਕੀ ॥ ਰਣਿ ਦਰਗਹ ਤਉ ਸੀਝਹਿ ਭਾਈ ॥ ਜਉ ਗੁਰਮੁਖਿ ਰਾਮ ਨਾਮ ਲਿਵਲਾਈ ॥ ਰਹਤ ਰਹਤ ਰਹਿ ਜਾਹਿ ਬਿਕਾਰਾ ॥ ਗੁਰ ਪੂਰੇ ਕੈ ਸਬਦਿ ਅਪਾਰਾ ॥ ਰਾਤੇ ਰੰਗ ਨਾਮ ਰਸ ਮਾਤੇ ॥ ਨਾਨਕ ਹਰਿ ਗੁਰਿ ਕੀਨੀ ਦਾਤੇ ॥ ੪੪ ॥

[ਗੁੱਸਾ ਤਜਾਗੋ, ਅਭਿਮਾਨ ਤਜਾਗੋ, ਨਿੰਮ੍ਰਤਾ ਵਿਚ ਰਹੋ, ਨਾਮ ਰਸ ਵਿਚ ਮਗਨ ਹੋ ਜਾਓ, ਨਾਮ ਨਾਲ ਵਿਕਾਰ ਦੂਰ ਹੋ ਜਾਣਗੇ । ਨਾਮ ਦਾ ਰਸ ਆ ਜਾਏਗਾ] । ਕਿਸੇ ਨਾਲ ਗੁੱਸਾ ਨਾ ਕਰ, (ਸਗੋਂ) ਆਪਣੇ ਆਪ ਨੂੰ ਵਿਚਾਰ† । ਨਿਮਾਣਾ ਹੋਕੇ ਜਗਤ ਵਿਚ ਰਹੁ (ਕਿਉਂਕਿ) ਪਾਰ ਤਾਂ (ਪਰਮੇਸ਼ਰ ਦੀ) ਕ੍ਰਿਪਾ ਦ੍ਰਿਸ਼ਟੀ ਨਾਲ ਹੋਣਾ ਹੈ, ਹੇ ਨਾਨਕ ! ॥ ੧ ॥

੨. ੧. ਰਾਰੇ (ਦੁਆਰਾ ਉਪਦੇਸ਼ ਹੈ ਕਿ) ਅਭਿਮਾਨ ਛੱਡ ਦੇਹ (ਤੇ ਧੂੜੀ ਹੋ ਜਾ ਉਸ ਪ੍ਰਭੂ ਦੀ ਕਿ) ਜਿਸ ਦੀ ਧੂੜੀ ਸਾਰੇ (ਪਏ) ਹੁੰਦੇ ਹਨ (ਤਾਂ ਜੋ) ਤੇਰੀ ਬਾਕੀ ਛੁਟ ਜਾਵੇ । ੩. ੪. ਦਰਗਾਹ (ਰੂਪੀ) ਰਣ ਵਿਚ ਹੇ ਭਾਈ ! ਤਦ ਜਿੱਤ ਪਾਵੇਂਗਾ ਜੇ ਗੁਰੂ ਦੁਆਰਾ ਰਾਮ ਨਾਮ ਵਿਚ ਲਿਵ ਲਾਵੇਂਗਾ । ੫. ੬. (ਵਿਕਾਰਾਂ ਤੋਂ ਨਿਰਾਸ ਨਾ ਹੋ) ਪੂਰੇ ਗੁਰੂ ਦੇ ਅਪਾਰ‡ ਸ਼ਬਦ (ਦੇ ਪ੍ਰਤਾਪ) ਕਰਕੇ ਦੂਰ ਹੁੰਦੇ ਹੁੰਦੇ ਵਿਕਾਰ (ਮੂਲੋਂ) ਦੂਰ ਹੋ ਜਾਣਗੇ❋ । ੮. ੭. ਹੇ ਨਾਨਕ ! ਹਰੀ ਤੇ ਗੁਰੂ ਨੇ (ਜਿਨ੍ਹਾਂ ਉਤੇ) ਦਾਤ ਕੀਤੀ ਹੈ (ਓਹ) ਨਾਮ ਦੇ ਪ੍ਰੇਮ ਵਿਚ ਰਚੇ ਹਨ (ਤੇ ਇਸੇ ਦੇ) ਰਸ ਵਿਚ ਮਸਤ ਹੋਏ ਹਨ ॥ ੪੪ ॥

---

*ਭਾਵ ਪਰਮਾਤਮਾ ਨੂੰ ਅਨਭਵ ਕਰਨ ਵਾਲੀ ਬੁੱਧੀ ।

†ਭਾਵ ਜੇ ਤੁਸਾਨੂੰ ਕੋਈ ਦੋਸ਼ ਲਾਵੇ ਤਾਂ ਉਸ ਨਾਲ ਰੁਸੇਵਾਂ ਕਰਨ ਦੀ ਥਾਂ 'ਆਪਾ ਚੀਨਣ' ਦਾ ਸੁਭਾ ਬਣਾ, ਜੋ ਆਪਣੇ ਦੂਸ਼ਨ ਘਟਣ, ਅਹੰਕਾਰ ਦੂਰ ਹੋਵੇ । ਇਹ ਭਾਵ ਬੀ ਨਿਕਲਦਾ ਹੈ ਕਿ ਦੂਸਰੇ ਨੂੰ ਆਪਣੇ ਵਰਗਾ ਜਾਣੇ ਤਾਂ ਕਿਸੇ ਉਤੇ ਗੁੱਸਾ ਨਾ ਆਵੇ, ਜਿਵੇਂ ਆਪਣੇ ਆਪ ਤੇ ਗੁੱਸਾ ਨਹੀਂ ਆਉਂਦਾ ।

‡'ਅਪਾਰ ਨੂੰ (ਜਾਣ ਲਈਦਾ ਹੈ)' ਬੀ ਅਰਥ ਕਰਦੇ ਹਨ ।

❋ਸੰਪ੍ਰਦਾ ਵਿਚ ਇਸ ਦੇ ਏਹ ਅਰਥ ਬੀ ਲਾਉਂਦੇ ਹਨ-ਪੂਰੇ ਗੁਰੂ ਦੇ ਸ਼ਬਦ ਨਾਲ ਤੇ (ਉਸ ਦੀ ਦੱਸੀ) ਰਹਿਤ ਰਹਿਣ ਨਾਲ (ਭਾਵ ਧਾਰਨ ਨਾਲ) ਵਿਕਾਰ ਹਟ ਜਾਣਗੇ।

**ਨਿਰੁਕ੍ਤ–** ਬਾਕੀ–[ਅ਼ਰਬੀ, ਬਾਕ਼ੀ] ਬਚਿਆ ਹੋਇਆ, ਕਰਮਾਂ ਦੀ ਬਾਕੀ, ਜਿਨ੍ਹਾਂ ਕਰਮਾਂ ਨੇ ਅਜੇ ਫਲ ਦੇਣੇ ਹਨ।

ਸਲੋਕੁ ॥ ਲਾਲਚ ਝੂਠ ਬਿਖੈ ਬਿਆਧਿ ਇਆ ਦੇਹੀ ਮਹਿਬਾਸ॥ ਹਰਿ ਹਰਿ ਅੰਮ੍ਰਿਤੁ ਗੁਰਮੁਖਿ ਪੀਆ ਨਾਨਕ ਸੁਖਿ ਨਿਵਾਸ॥੧॥ ਪਉੜੀ॥ ਲਲਾ ਲਾਵਉ ਅਉਖਧ ਜਾਹੂ॥ ਦੂਖ ਦਰਦ ਤਿਹ ਮਿਟਹਿ ਖਿਨਾਹੂ॥ ਨਾਮ ਅਉਖਧੁ ਜਿਹ ਰਿਦੈ ਹਿਤਾਵੈ॥ ਤਾਹਿ ਰੋਗੁ ਸੁਪਨੈ ਨਹੀ ਆਵੈ॥ ਹਰਿ ਅਉਖਧੁ ਸਭ ਘਟ ਹੈ ਭਾਈ ॥ ਗੁਰ ਪੂਰੇ ਬਿਨੁ ਬਿਧਿ ਨ ਬਨਾਈ ॥ ਗੁਰਿ ਪੂਰੈ ਸੰਜਮੁ ਕਰਿ ਦੀਆ॥ ਨਾਨਕ ਤਉ ਫਿਰਿ ਦੂਖ ਨ ਥੀਆ॥ ੪੫॥

[ਲਾਲਚ ਝੂਠ ਆਦਿ ਰੋਗ ਹਨ, ਨਾਮ ਇਨ੍ਹਾਂ ਦਾ ਦਾਰੂ ਹੈ]। ਇਸ ਦੇਹੀ ਵਿਚ ਲਾਲਚ, ਝੂਠ, ਵਿਸ਼ਿਆਂ (ਤੇ ਇਨ੍ਹਾਂ ਦੇ ਕਾਰਨ ਤੋਂ ਉਪਜੇ ਦੁੱਖਾਂ ਤੇ) ਰੋਗਾਂ ਦਾ ਵਾਸਾ ਹੈ* (ਪਰ) ਗੁਰਮੁਖਾਂ ਨੇ ਹਰੀ ਹਰਿ (ਨਾਮ ਰੂਪੀ) ਅੰਮ੍ਰਿਤ ਪੀਤਾ ਹੈ, ਉਨ੍ਹਾਂ ਦੇ ਅੰਦਰ)ਸੁਖ ਨੇ ਨਿਵਾਸ ਕੀਤਾ ਹੈ,ਹੇ ਨਾਨਕ !॥੧॥ "ਲਲਾ"। ਜਿਸ ਨੂੰ (ਨਾਮ ਰੂਪੀ) ਦਵਾ ਲਾਉਂਦੇ ਹੋ, ਉਸ ਦੇ ਦੁਖ ਤੇ ਪੀੜਾਂ ਪਲ ਵਿਚ ਮਿਟ ਜਾਂਦੇ ਹਨ। ਨਾਮ (ਰੂਪੀ) ਦਵਾਈ ਜਿਸ ਦੇ ਰਿਦੇ ਵਿਚ ਪਿਆਰੀ ਲਗ ਜਾਵੇ, ਉਸ ਨੂੰ ਸੁਪਨੇ ਵਿਚ ਵੀ ਰੋਗ ਨਹੀਂ ਆਉਂਦਾ। ਹੇ ਭਾਈ! (ਇਹ) ਹਰੀ (ਰੂਪੀ) ਦਵਾਈ ਸਭ ਸਰੀਰਾਂ ਵਿਖੇ ਹੈ† ।(ਪਰ)ਪੂਰੇ ਗੁਰੂ ਤੋਂ ਬਿਨਾਂ (ਇਸ ਦੇ ਵਰਤਣ ਦੀ) ਜੁਗਤਿ ਨਹੀਂ ਬਣਦੀ। ਜਦ ਪੂਰੇ ਗੁਰੂ ਨੇ ਪੱਥ ਕਰ ਦਿਤਾ‡, (ਕਹਿੰਦੇ ਹਨ ਗੁਰੂ) ਨਾਨਕ, ਤਦ ਫੇਰ (ਕੋਈ) ਦੁਖ ਨਾ ਹੋਇਆ॥ ੪੫॥

ਸਲੋਕੁ ॥ ਵਾਸੁਦੇਵ ਸਰਬਤ੍ਰ ਮੈ ਊਨ ਨ ਕਤਹੂ ਠਾਇ ॥ ਅੰਤਰਿ ਬਾਹਰਿ ਸੰਗਿ ਹੈ ਨਾਨਕ ਕਾਇ ਦੁਰਾਇ॥ ੧॥ ਪਉੜੀ॥ ਵਵਾ ਵੈਰੁ ਨ ਕਰੀਐ ਕਾਹੂ॥ ਘਟ ਘਟ ਅੰਤਰਿ ਬ੍ਰਹਮ ਸਮਾਹੂ॥ ਵਾਸੁਦੇਵ ਜਲਥਲ ਮਹਿ ਰਵਿਆ ॥ ਗੁਰਪ੍ਰਸਾਦਿ ਵਿਰਲੈ ਹੀ ਗਵਿਆ॥ ਵੈਰਵਿਰੋਧ ਮਿਟੇ ਤਿਹ ਮਨ ਤੇ ॥ ਹਰਿ ਕੀਰਤਨੁ ਗੁਰਮੁਖਿ ਜੋ ਸੁਨਤੇ॥ ਵਰਨ ਚਿਹਨ ਸਗਲਹ ਤੇ ਰਹਤਾ ॥

[ਵਾਹਿਗੁਰੂ ਵਿੱਚੇ ਹੈ। ਅੰਦਰ ਬਾਹਰ ਸਾਰੇ ਹੈ। ਸੋ ਵੈਰ ਕਿਸੇ ਨਾਲ ਨਾ ਕਰੇ। ਵੈਰ ਮਿਟਣ ਦਾ ਦਾਰੂ ਹਰੀ ਕੀਰਤਨ ਤੇ ਨਾਮ ਹੈ]। ਅਕਾਲ ਪੁਰਖ ਸਭ ਵਿਖੇ (ਪੂਰਨ ਹੈ) ਕਿਸੇ ਥਾਂ ਊਣਾ ਨਹੀਂ✖,ਅੰਦਰ ਬਾਹਰ (ਸਭ ਦੇ) ਨਾਲ ਹੈ, (ਉਸ ਤੋਂ) ਹੇ ਨਾਨਕ! ਕੀ ਲੁਕਾਉ ਹੈ ?॥ ੧॥ "ਵਵੇ" (ਦੁਆਰਾ ਉਪਦੇਸ਼ ਹੈ) ਕਿਸੇ ਨਾਲ ਵੈਰ ਨਾ ਕਰੀਏ, (ਕਿਉਂਕਿ ਘਟ ਘਟ (ਹਰ ਦਿਲ) ਵਿਚ ਬ੍ਰਹਮ ਸਮਾ ਰਿਹਾ ਹੈ। ਵਾਸੁਦੇਵ ਜਲ ਥਲ ਵਿਖੇ ਵਿਆਪ ਰਿਹਾ ਹੈ, (ਪਰ) ਗੁਰੂ ਦੀ ਕ੍ਰਿਪਾ ਨਾਲ (ਕਿਸੇ)ਵਿਰਲੇ ਨੇ ਹੀ(ਉਸ ਨੂੰ)ਜਾਣਿਆਂ ਹੈ! ਜੋ ਗੁਰਮੁਖ (ਹਰੀ ਦਾ) ਕੀਰਤਨ ਸੁਣਦੇ ਹਨ, ਉਨ੍ਹਾਂ ਦੇ ਮਨ ਤੋਂ ਵੈਰ ਵਿਰੋਧ ਮਿਟ ਜਾਂਦੇ ਹਨ। (ਉਹ) ਗੁਰਮੁਖ ਵਰਨ ਚਿਹਨ ਸਭ ਤੋਂ ਰਹਿਤ ਹੈ♣ ਜੋ ਹਰੀ ਹਰੀ (ਸ਼ਬਦ) ਕਹਿੰਦਾ ਹੈ, ਹੇ ਨਾਨਕ !॥ ੪੬॥

---

*(ਅ) ਲਾਲਚ ਤੇ ਝੂਠ ਇਹ ਬਿਖ ਤੇ ਬਿਆਧੀਆਂ ਹਨ, ਜਿਨ੍ਹਾਂ ਕਰਕੇ (ਜੀਵ ਦਾ ਬਾਰ ਬਾਰ) ਇਸ ਦੇਹੀ ਵਿਚ ਵਾਸਾ ਹੁੰਦਾ ਹੈ।

†ਜਾਂ ਸਭ ਹਿਰਦਿਆਂ ਵਿਚ ਹੈ।

‡ਭਾਵ ਪੂਰੇ ਗੁਰੂ ਨੇ ਨਾਮ ਰੂਪੀ ਦਵਾਈ ਵਿਧਿ ਨਾਲ ਦੇ ਕੇ ਵਰਤਣ ਦੀ ਮਿਰਯਾਦਾ ਤੇ ਪੱਥ ਕੁਪੱਥ ਸਮਝਾ ਦਿਤੇ ਤਦ ਦੁਖ ਦੂਰ ਹੋ ਗਏ।

✖ਕੋਈ ਥਾਂ ਐਸਾ ਨਹੀਂ ਜਿਥੇ ਉਹ ਘੱਟ ਹੈ ਯਾ ਨਹੀਂ ਹੈ।

♣ਭਾਵ, ਉਸ ਨੂੰ ਜਾਤ, ਰੰਗ, ਯਾ ਤਿਲਕ, ਛਾਪ ਆਦਿ ਸੰਪ੍ਰਦਾਇਕ ਚਿੰਨ੍ਹਾਂ ਦੀ ਪਕੜ ਨਹੀਂ ਹੁੰਦੀ। ਭਗਤੀ ਮਾਰਗ ਵਿਚ ਜਾਤ ਆਦਿ ਦੀ ਨਿਵਿਰਤੀ ਹੈ।

ਨਾਨਕ ਹਰਿ ਹਰਿ ਗੁਰਮੁਖਿ ਜੋ ਕਹਤਾ ॥ ੪੬ ॥

**ਨਿਰੁਕ**–ਵਾਸੁਦੇਵ–[ਵਸੁ=ਨਿਵਾਸ, ਦਿਵ੍ਯ=ਪ੍ਰਕਾਸ਼ਨ ਵਾਲਾ] ਸਭ ਵਿਚ ਨਿਵਾਸ ਕਰਕੇ ਸਭ ਨੂੰ ਪ੍ਰਕਾਸ਼ਣ ਵਾਲਾ, ਵਾਹਿਗੁਰੂ।

੨. ਵਸੁਦੇਵ ਦਾ ਪੁੱਤ੍ਰ-ਕ੍ਰਿਸ਼ਨ, ਭਾਵ ਵਾਹਿਗੁਰੂ ਤੋਂ ਹੈ ਜੋ ਸਾਰੇ ਵਯਾਪਕ ਹੈ।

ਗਵਿਆ–[ਸੰਸ:, ਧਾਤੂ–(ਜ੍ਞਯਾ=ਗਯਾ)- ਜਾਨਣਾ, ਸਮਝਣਾ] ਜਾਣਿਆ, ਬੁੱਝਿਆ।

ਸਲੋਕੁ ॥ ਹਉ ਹਉ ਕਰਤ ਬਿਹਾਨੀਆ ਸਾਕਤ ਮੁਗਧ ਅਜਾਨ ॥ ੜੜਕਿ ਮੁਏ ਜਿਉ ਤ੍ਰਿਖਾਵੰਤ ਨਾਨਕ ਕਿਰਤਿ ਕਮਾਨ ॥ ੧ ॥

[ਹਉ ਵਿਚ ਫਸੇ, ਅਹੰਬੁਧੀ ਵਾਲੇ ਰੜਕ ਰੜਕ ਮਰਦੇ ਹਨ। ਓਹ ਸਾਕਤ ਤੇ ਗਵਾਰ ਹਨ, ਇਹ ਰੜਕ ਨਾਮ ਨਾਲ ਮਿਟਦੀ ਹੈ]। ਮੂਰਖ ਤੇ ਅਜਾਣ ਸਾਕਤਾਂ* ਦੀ (ਉਮਰਾ) ਮੈਂ ਮੈਂ ਕਰਦੇ ਹੀ ਬੀਤਦੀ ਹੈ। (ਉਹ ਅਪਣੀ) ਕੀਤੀ ਕਮਾਈ ਅਨੁਸਾਰ ਰੜਕ ਕੇ ਮਰ ਜਾਂਦੇ ਹਨ, ਜਿਕੁਰ (ਬਨ ਵਿਚ) ਤ੍ਰਿਹਾਇਆ (ਤੜਫ ਕੇ ਮਰਦਾ ਹੈ) ਹੇ ਨਾਨਕ! ॥ ੧॥

ਪਉੜੀ॥ ੜਾੜਾ ੜਾੜਿ ਮਿਟੈ ਸੰਗਿ ਸਾਧੂ ॥ ਕਰਮ ਧਰਮ ਤਤੁ ਨਾਮ ਅਰਾਧੂ ॥ ਰੂੜੋ ਜਿਹ ਬਸਿਓ ਰਿਦ ਮਾਹੀ ॥ ਉਆ ਕੀ ੜਾੜਿ ਮਿਟਤ ਬਿਨਸਾਹੀ॥ ੜਾੜਿ ਕਰਤ ਸਾਕਤ ਗਾਵਾਰਾ ॥ ਜੇਹ ਹੀਐ ਅਹੰਬੁਧਿ ਬਿਕਾਰਾ ॥ ੜਾੜਾ ਗੁਰਮੁਖਿ ੜਾੜਿ ਮਿਟਾਈ ॥ ਨਿਮਖ ਮਾਹਿ ਨਾਨਕ ਸਮਝਾਈ ॥ ੪੭ ॥

"ੜ"। ਸਾਧੂ ਦੇ ਸੰਗ ਵਿਚ (ਸਭ ਤਰ੍ਹਾਂ ਦਾ) ਝਗੜਾ ਮਿਟ ਜਾਂਦਾ ਹੈ। (ਕਿਉਂਕਿ ਉਨ੍ਹਾਂ ਦੇ ਸੰਗ ਕਰਕੇ) ਕਰਮਾਂ ਧਰਮਾਂ ਦਾ ਤੱਤ (ਜੋ ਪਰਮੇਸ਼੍ਵਰ ਦਾ) ਨਾਮ (ਹੈ ਸੋ) ਅਰਾਧੀਦਾ ਹੈ, (ਇਹ) ਸੁੰਦਰ (ਵਾਹਿਗੁਰੂ ਨਾਮ) ਜਿਸ ਦੇ ਹਿਰਦੇ ਵਿਚ ਵਸ ਜਾਂਦਾ ਹੈ, ਉਸਦੀ ੜਾੜ (ਲੜਾਈ) ਮਿਟ ਜਾਂਦੀ ਹੈ ਤੇ ਨਾਸ਼ ਹੋ ਜਾਂਦੀ ਹੈ। ਮੂਰਖ ਸਾਕਤ ਝਗੜਾ ਕਰਦਾ ਹੈ ਜਿਸ ਦੇ ਮਨ ਵਿਚ ਅਹੰਬੁਧਿ ਦਾ ਵਿਕਾਰ ਹੈ। ੜਾੜੇ (ਦੁਆਰਾ ਕਹਿੰਦੇ ਹਨ ਕਿ ਜਿਸ) ਗੁਰਮੁਖ ਨੇ (ਅੰਦਰਲਾ) ਝਗੜਾ ਮਿਟਾ ਲਿਆ ਹੈ, (ਉਸਨੂੰ) ਪਲ ਵਿਖੇ ਸਮਝ ਆ ਗਈ ਹੈ (ਤੱਤ ਸਰੂਪ ਦੀ), ਹੇ ਨਾਨਕ! ॥ ੪੭ ॥

**ਨਿਰੁਕ੍**–ੜਾੜਿ–[ਸੰਸ:, ਧਾ:, ਰਟ੍=ਬਕਵਾਸ ਕਰਨਾ, ਬ੍ਰਿਥਾ ਬੋਲਣਾ । ਹਿੰ:, ਰਾਰ=] ਝਗੜਾ, ਲੜਾਈ।

ਮਿਟਤ–ਮਿਟ ਜਾਂਦੇ ਹਨ। ਭਾਵ ਇਹ ਹੈ ਕਿ ਉਨ੍ਹਾਂ ਦੇ ਅੰਦਰਲੇ ਝਗੜੇ ਸ਼ਾਂਤੀ ਹੋ ਜਾਣ ਕਰਕੇ ਮਿਟ ਜਾਂਦੇ ਹਨ ਅਤੇ ਅੰਦਰਲੇ ਮਿਟ ਜਾਣ ਕਰਕੇ ਬਾਹਰਲੇ ਆਪੇ ਨਾਸ਼ ਹੋ ਜਾਂਦੇ ਹਨ।

ਅਹੰਬੁਧਿ–ਅਭਿਮਾਨ ਵਾਲੀ ਬੁਧਿ (ਦੇਖੋ ਪਉੜੀ ੩੦ ਦੀ ਨਿਰੁਕ੍)।

ਸਲੋਕੁ ॥ ਸਾਧੂ ਕੀ ਮਨ ਓਟ ਗਹੁ ਉਕਤਿ ਸਿਆਨਪ ਤਿਆਗੁ॥ ਗੁਰ ਦੀਖਿਆ ਜਿਹ ਮਨਿ ਬਸੈ ਨਾਨਕ

[ਗੁਰ ਦੀਖ੍ਯਾ, ਹਰੀ ਭਜਨ, ਅਰਦਾਸ]। ਹੇ ਮਨ! ਸਾਧੂ ਦੀ ਓਟ ਲੈ, ਉਕਤਾਂ ਤੇ ਸਿਆਣਪਾਂ ਛੱਡ, (ਤੇ ਦੀਖ੍ਯਾ ਦੀ ਕਮਾਈ ਕਰ, ਕਿਉਂਕਿ) ਗੁਰ ਦੀਖ੍ਯਾ ਜਿਸਦੇ ਮਨ ਵਿਚ

*ਵਾਹਿਗੁਰ ਤੋਂ ਵਿਮੁਖਾਂ ਦੀ। ਸਾਕਤ ਪਦ ਬਹੁ ਬਚਨ ਹੈ। ਅਗਲੀ ਸਤਰ ਵਿਚ 'ਮੁਏ' ਬਹੁ ਬਚਨ ਕ੍ਰਿਯਾ ਪਈ ਹੈ। [ਸਾਕਤ ਪਦ ਲਈ ਦੇਖੋ ਪੰਨਾ ੧੨੨੮]।

ਮਸਤਕਿ ਭਾਗੁ ॥ ੧ ॥

ਵਸਦੀ ਹੈ (ਉਸ ਦੇ) ਮੱਥੇ ਉਤੇ (ਜਾਣੋ) ਭਾਗ ਹੁੰਦੇ ਹਨ*, ਨਾਨਕ (ਗੁਰੂ ਜੀ ਕਹਿੰਦੇ ਹਨ) ॥ ੧ ॥

ਪਉੜੀ ॥ ਸਸਾ ਸਰਨਿ ਪਰੇ ਅਬ ਹਾਰੇ ॥ ਸਾਸਤ੍ ਸਿਮ੍ਰਿਤਿ ਬੇਦ ਪੂਕਾਰੇ ॥ ਸੋਧਤ ਸੋਧਤ ਸੋਧਿ ਬੀਚਾਰਾ ॥ ਬਿਨੁ ਹਰਿ ਭਜਨ ਨਹੀ ਛੁਟਕਾਰਾ ॥ ਸਾਸਿ ਸਾਸਿ ਹਮ ਭੂਲਨਹਾਰੇ ॥ ਤੁਮ ਸਮਰਥ ਅਗਨਤ ਅਪਾਰੇ ॥ ਸਰਨਿ ਪਰੇ ਕੀ ਰਾਖੁ ਦਇਆਲਾ ॥ ਨਾਨਕ ਤੁਮਰੇ ਬਾਲ ਗੁਪਾਲਾ ॥ ੪੮ ॥

"ਸਸੇ" (ਦੁਆਰਾ ਉਪਦੇਸ਼ ਹੈ ਕਿ) ਹੁਣ ਹਾਰ ਗਏ ਹਾਂ (ਤੇ ਹੇ ਪ੍ਰਭੂ ! ਆਪ ਦੀ) ਸ਼ਰਨ ਪਏ ਹਾਂ । ਸ਼ਾਸਤ੍ ਸਿਮ੍ਰਤੀਆਂ ਤੇ ਵੇਦ (ਭੀ) ਪੁਕਾਰਦੇ ਹਨ, (ਅਸਾਂ ਬੀ) ਸੋਧਦਿਆਂ ਸੋਧਦਿਆਂ (ਅੰਤ) ਸੋਧਕੇ† (ਇਹੋ) ਵਿਚਾਰਿਆ ਹੈ (ਕਿ) ਹਰੀ ਦੇ ਭਜਨ ਬਿਨਾਂ ਛੁਟਕਾਰਾ ਨਹੀਂ ਹੈ। (ਹੇ ਪ੍ਰਭੂ !) ਅਸੀਂ ਸੁਆਸ ਸੁਆਸ ਭੁੱਲਣਹਾਰ ਹਾਂ, ਤੁਸੀਂ ਸਮੱਰਥ ਹੋ, ਗਿਣਤੀਆਂ ਅਤੇ ਪਾਰ ਤੋਂ ਰਹਿਤ ਹੋ। ਹੇ ਦਿਆਲ ! ਸ਼ਰਨ ਪਏ ਦੀ (ਲਾਜ) ਰੱਖ। ਹੇ ਨਾਨਕ ! (ਅਸੀਂ) ਤੁਹਾਡੇ ਬਾਲ ਗੁਪਾਲ ਹਾਂ ॥੪੮॥

**ਨਿਰੁਕ੍ਤ**–ਉਕਤਿ–[ਸੰਸ:, ਉਕ੍ਤਿ:] ਕਹਿਣੀ, ਚਮਤਕਾਰੀ ਗੱਲਾਂ, ਸਿਆਣਪ=ਚਲਾਕੀਆਂ ਦੀਆਂ ਸੋਚਾਂ।

ਗੁਰ ਦੀਖਿਆ–[ਸੰਸ:, ਗੁਰੁ:+ਦੀਕ੍ਸ਼ਾ] ਗੁਰ ਮੰਤ੍ਰ। ਗੁਰੂ ਦਾ ਦਿਤਾ ਨਾਮ (ਜਿਸ ਦੇ ਮਨ ਵਿਚ ਵਸਦਾ ਹੈ)। ਸਿੰਘਾਂ ਵਿਚ ਹੁਣ 'ਗੁਰ ਦੀਖਯਾ ਸੰਸਕਾਰ' 'ਅੰਮ੍ਰਿਤ ਸੰਸਕਾਰ' ਦੁਆਰਾ ਹੁੰਦਾ ਹੈ।

ਬਾਲ ਗੁਪਾਲਾ–[ਸੰਸ:, ਬਾਲ =ਬੱਚਾ। ਗੋਪਾਲ:=ਕ੍ਰਿਸ਼ਨ। ੨. ਬਾਲ ਕ੍ਰਿਸ਼ਨ=ਬਾਲ ਉਮਰਾ ਵਿਚ ਕ੍ਰਿਸ਼ਨ ।] 'ਬਾਲ ਗੁਪਾਲਾ' ਪੰਜਾਬੀ ਮੁਹਾਵਰੇ ਦਾ ਫਿਕਰਾ ਹੈ, ਜੋ ਲਾਡ ਨਾਲ ਅੰਞਾਣੇ ਬੱਚਿਆਂ ਲਈ ਵਰਤਦੇ ਹਨ। ਖਾਸ ਕਰਕੇ ਜਦੋਂ ਕੋਈ ਬੱਚੇ ਦੀ ਭੁੱਲ ਤੇ ਗੁੱਸੇ ਹੋਣ ਲੱਗੇ ਤਾਂ ਕਹਿੰਦੇ ਹਨ, ਜਾਣ ਦਿਓ ਇਹ ਤਾਂ ਬਾਲ ਗੁਪਾਲ ਏ।ਕ੍ਰਿਸ਼ਨ ਜੀ ਦੇ ਸਾਥੀ ਬਾਲਕਾਂ ਦੀਆਂ ਕੀਤੀਆਂ ਲਾਡ ਮਈ ਉਕਾਈਆਂ ਮਾਫੀ ਵਿਚ ਹੁੰਦੀਆਂ ਸਨ। ਇਥੇ ਬੀ ਪਰਮੇਸ਼ੁਰ ਤੋਂ 'ਖਿਮਾ ਦੀ ਯਾਚਨਾ' ਮੁਰਾਦ ਹੈ, ਉਸ ਨੂੰ ਪਿਤਾ ਕਿਹਾ ਤੇ ਆਪ ਨੂੰ ਬਾਲ ਗੁਪਾਲ ਕਿਹਾ ਹੈ। ਭਾਵ,ਮਾਸੂਮ ਬੱਚੇ ਯਾ ਮਾਫੀ ਦੇ ਕਾਬਲ ਬੱਚੇ। 'ਗੁਪਾਲ' ਦਾ ਅਰਥ 'ਹੇ ਗਪਾਲ' (ਸੰਬੋਧਨ) ਕਰਨ ਦੀ ਲੋੜ ਬੀ ਨਹੀਂ, ਕਿਉਂਕਿ ਸੰਬੋਧਨ ਪਹਿਲੀ ਸਤਰ ਵਿਚ 'ਦਇਆਲਾ' ਆ ਚੁਕਾ ਹੈ।

ਸੰਪ੍ਰਦਾਈ ਅਰਥ ਕਰਦੇ ਹਨ:- 'ਹੇ ਗੁਪਾਲ ਅਸੀਂ ਤੇਰੇ ਬਾਲ ਹਾਂ'।

ਸਲੋਕੁ ॥ ਖੁਦੀ ਮਿਟੀ ਤਬ ਸੁਖ ਭਏ ਮਨ ਤਨ ਭਏ ਅਰੋਗ ॥ ਨਾਨਕ ਦ੍ਰਿਸਟੀ ਆਇਆ ਉਸਤਤਿ ਕਰਨੈ ਜੋਗੁ ॥ ੧ ॥

[ਖੁਦੀ ਅਰਥਾਤ ਹਉਮੈ ਦੇ ਮਿਟਣ ਨਾਲ ਮਨ ਤੇ ਤਨ ਦੀ ਅਰੋਗਤਾ ਹੁੰਦੀ ਹੈ ਅਤੇ ਪਰਮਾਤਮ ਮੇਲ ਹੁੰਦਾ ਹੈ]। ਖ਼ੁਦੀ ਦੂਰ ਹੋਈ ਤਾਂ ਮਨ ਤੇ ਤਨ (ਦੋਵੇਂ) ਨਰੋਏ ਤੇ ਸੁਖੀ ਹੋ ਗਏ ਤੇ ਉਸਤਤਿ ਕਰਨੇ ਜੋਗ (ਵਾਹਿਗੁਰੂ) ਦਿੱਸ ਪਿਆ; ਹੇ ਨਾਨਕ ! ॥ ੧ ॥

---

*ਜਿਸ ਦੇ ਮਸਤਕ ਤੇ ਭਾਗ ਹੁੰਦੇ ਹਨ, ਗੁਰਦੀਖਯਾ ਉਸ ਦੇ ਮਨ ਵਿਚ ਵੱਸਦੀ ਹੈ। ਭਾਵ ਓਹ ਵਡੇ ਭਾਗਾਂ ਵਾਲੇ ਹਨ, ਜਿਨ੍ਹਾਂ ਦੇ ਮਨ ਵਿਚ ਵੱਸ ਜਾਵੇ। ਨਾਮ ਮਨ ਵਿਚ ਵਸੇ, ਇਸ ਲਈ ਜ਼ਰੂਰੀ ਹੈ ਕਿ ਮਨ ਹੁੱਜਤਾਂ ਤੇ ਫੋਕੀਆਂ ਦਲੀਲ ਬਾਜ਼ੀਆਂ ਛਡ ਦੇਵੇ।

†ਪਹਿਲੀ ਤੁਕ ਵਿਚ ਸ਼ਾਸਤ੍ਰ ਸਿਮ੍ਰਿਤਿ ਤੋਂ 'ਅਪਣੇ ਤੋਂ ਪਹਿਲੇ ਲਿਖੇ ਹੋਏ ਦੂਸਰਿਆਂ ਦੇ ਤਜਰਬੇ' ਦਾ ਮਤਲਬ ਹੈ, ਤ੍ਰੈ ਵੇਰੀ ਸੋਧਣਾ ਤੇ ਫੇਰ 'ਬੀਚਾਰਾ' ਕਹਿਣ ਤੋਂ ਅਪਣੀ ਵੀਚਾਰ ਤੇ ਨਿਜ ਤਜਰਬੇ ਵਲ ਇਸ਼ਾਰਾ ਹੈ। 'ਅਪਣਾ ਤਜਰਬਾ' ਕਹਿਣ ਤੋਂ ਸਤਿਗੁਰੂ ਦੀ ਅੰਤਰਯਾਮਤਾ ਵਿਚ ਕਸਰ ਨਹੀਂ ਪੈਂਦੀ। ਜਿਸ ਗਲ ਨੂੰ ਜਾਣੀਦਾ ਹੈ, ਦੂਸਰੇ ਨੂੰ ਨਿਸਚਾ ਕਰਾਉਣ ਲਈ ਤਜਰਬਾ ਕਰਕੇ ਬੀ ਦੱਸ ਦੇਈਦਾ ਹੈ।

ਪਉੜੀ ॥ ਖਖਾ ਖਰਾ ਸਰਾਹਉ ਤਾਹੂ ॥ ਜੋ ਖਿਨ ਮਹਿ ਊਨੇ ਸੁਭਰ ਭਰਾਹੂ ॥ ਖਰਾ ਨਿਮਾਨਾ ਹੋਤ ਪਰਾਨੀ ॥ ਅਨਦਿਨੁ ਜਾਪੈ ਪ੍ਰਭ ਨਿਰਬਾਨੀ ॥ ਭਾਵੈ ਖਸਮ ਤ ਉਆ ਸੁਖੁ ਦੇਤਾ ॥ ਪਾਰਬ੍ਰਹਮੁ ਐਸੋ ਆਗਨਤਾ ॥ ਅਸੰਖ ਖਤੇ ਖਿਨ ਬਖਸਨਹਾਰਾ ॥ ਨਾਨਕ ਸਾਹਿਬ ਸਦਾ ਦਇਆਰਾ ॥ ੪੯ ॥

"ਖ" । ਚੰਗੀ ਤਰ੍ਹਾਂ ਸਿਫਤ ਸਲਾਹ ਕਰਾਂ ਉਸ (ਭਗਵੰਤ) ਦੀ, ਜੋ ਪਲ ਵਿਚ ਸੱਖਣੇ (ਥਾਂ) ਲਬਾ ਲਬ ਭਰ ਦੇਂਦਾ ਹੈ। (ਜਦੋਂ) ਜੀਵ ਠੀਕ ਤਰ੍ਹਾਂ (ਝੂਠੇ ਮਾਣ ਵਲੋਂ) ਨਿਰਮਾਣ ਹੋ ਜਾਂਦਾ ਹੈ (ਤੇ) ਦਿਨ ਰਾਤ ਅਸੰਗ ਪ੍ਰਭੂ ਨੂੰ ਜਾਪਦਾ ਹੈ। (ਜੇ ਪ੍ਰਭੂ ਨੂੰ ਉਹ ਨਿਰਮਾਣਾ ਤੇ ਜਪਣ ਵਾਲਾ ਪੁਰਖ) ਭਾ ਜਾਵੇ ਤਾਂ (ਉਹ) ਮਾਲਕ ਉਸਨੂੰ ਸੁਖ ਦੇਂਦਾ ਹੈ। ਪਰਮੇਸ਼ੁਰ ਐਸਾ ਬਖਸ਼ਿੰਦ ਹੈ ਕਿ ਬੇਗਿਣਤ ਭੁੱਲਾਂ ਪਲ ਵਿਚ ਬਖਸ਼ਣਹਾਰ ਹੈ। ਹੇ ਨਾਨਕ! (ਉਹ) ਮਾਲਕ ਸਦਾ ਦਿਆਲੂ ਹੈ* ॥ ੪੯ ॥

**ਨਿਰੁਕ੍ਤ–** ਆਗਨਤਾ–[ਸੰਸ:, ਗਣਿਤੰ=ਹਿਸਾਬ. ਗਣਿਤਿਨੁ=ਹਿਸਾਬ ਕਰਨ ਵਾਲਾ, ਗਿਣਤੀ ਕਰਨ ਵਾਲਾ। ਆਗਣਤਾ=ਨਾ ਹਿਸਾਬ ਕਰਨੇ ਵਾਲਾ] ਜੋ ਸਾਡੇ ਕੀਤੇ ਪਾਪਾਂ ਦੀ ਗਿਣਤੀ ਨਾ ਕਰੇ, ਉਹ ਹੁੰਦਾ ਹੈ ਬਖਸ਼ਿੰਦ। ਆਗਨਤਾ ਦਾ ਏਥੇ 'ਬੇਸ਼ੁਮਾਰ' ਅਰਥ ਕਰਨਾ ਅਪ੍ਰਸੰਗਕ ਹੈ। 'ਐਸੋ' ਪਦ ਕਹਿਕੇ 'ਆਗਨਤਾ' ਦੀ ਟੀਕਾ ਅਗਲੀ ਤੁਕ ਵਿਚ ਆਪ ਕੀਤੀ ਹੋਈ ਹੈ–'ਅਸੰਖ ਖਤੇ ਖਿਨ ਬਖਸਨਹਾਰਾ'।

ਸਲੋਕੁ ॥ ਸਤਿ ਕਹਉ ਸੁਨਿ ਮਨ ਮੇਰੇ ਸਰਨਿ ਪਰਹੁ ਹਰਿ ਰਾਇ ॥ ਉਕਤਿ ਸਿਆਨਪ ਸਗਲ ਤਿਆਗਿ ਨਾਨਕ ਲਏ ਸਮਾਇ ॥ ੧ ॥

[ਸ਼ਰਣ ਪੇ ਜਾਓ] ਮੈਂ ਸਚ ਕਹਿ ਰਿਹਾ ਹਾਂ, ਹੇ ਮੇਰੇ ਮਨ! ਸੁਣ: ਵਾਹਿਗੁਰੂ ਦੀ ਸ਼ਰਨ ਪੈ ਜਾ। ਉਕਤ ਤੇ ਸਿਆਣਪਾਂ ਸਭ ਛੱਡ ਦੇਹ, (ਉਹ ਬਖ-ਸ਼ਿੰਦ ਤੈਨੂੰ ਅਪਣੇ ਨਾਲ) ਮੇਲ ਲਏਗਾ, ਨਾਨਕ (ਗੁਰੂ ਜੀ ਕਹਿੰਦੇ ਹਨ) ॥ ੧ ॥

ਪਉੜੀ ॥ ਸਸਾ ਸਿਆਨਪ ਛਾਡੁ ਇਆਨਾ ॥ ਹਿਕਮਤਿ ਹੁਕਮਿ ਨ ਪ੍ਰਭੁ ਪਤੀਆਨਾ ॥ ਸਹਸ ਭਾਤਿ ਕਰਹਿ ਚਤੁਰਾਈ ॥ ਸੰਗਿ ਤੁਹਾਰੈ ਏਕ ਨ ਜਾਈ ॥ ਸੋਊ ਸੋਊ ਜਪਿ ਦਿਨ ਰਾਤੀ ॥ ਰੇ ਜੀਅ ਚਲੈ ਤੁਹਾਰੈ ਸਾਥੀ ॥ ਸਾਧ ਸੇਵਾ ਲਾਵੈ

"ਸ" । ਹੇ ਮੂਰਖ! ਚਤੁਰਾਈਆਂ ਨੂੰ ਛੱਡ ਦੇਹ, ਹਿਕਮਤ ਨਾਲ ਤੇ ਹੁਕਮ ਨਾਲ† ਪ੍ਰਭੂ (ਕਦੇ) ਨਹੀਂ ਪਤੀਜਦਾ। (ਭਾਵੇਂ ਤੂੰ) ਹਜ਼ਾਰ ਤਰ੍ਹਾਂ ਦੀ ਚਤੁਰਾਈ ਕਰ ਲੈ, ਨਾਲ ਤੇਰੇ ਇਕ ਨਹੀਂ ਜਾਣੀ। ਦਿਨ ਰਾਤ ਉਸੇ ਨੂੰ (ਹਾਂ) ਉਸੇ ਨੂੰ ਜਪ। ਹੇ ਮਨ! (ਉਹ, ਹਾਂ, ਉਹੀ) ਤੇਰੇ ਨਾਲ ਜਾਏਗਾ। ਹੇ ਨਾਨਕ, (ਉਸੇ ਉਤੇ ਟੇਕ ਧਾਰ, ਉਹ) ਜਿਸ ਨੂੰ ਸਾਧ ਸੇਵਾ ਵਿਚ ਆਪ ਲਾਉਂਦਾ ਹੈ, ਉਸਨੂੰ (ਫੇਰ) ਦੁਖ ਨਹੀਂ ਵਾਪਰਦਾ‡ ॥ ੫੦ ॥

---

*ਭਾਵ-ਇਥੇ ਇਕ ਭੇਤ ਦੱਸਿਆ ਹੈ ਕਿ ਆਪ ਨੂੰ ਪਾਪੀ ਸਮਝਕੇ ਮਨ ਸਾਈਂ ਦੀ ਸ਼ਰਣ ਜਾਣੋਂ ਸ਼ਰਮ ਕਰਦਾ ਹੈ, ਉਹ ਸ਼ਰਮ ਪ੍ਰਤਿਬੰਧਕ ਹੋ ਖੜ੍ਹੋਂਦੀ ਹੈ। ਉਸ ਨੂੰ ਬਖਸ਼ਿੰਦ ਸਮਝ ਲਿਆਂ ਪ੍ਰਤਿਬੰਧਕ ਦੂਰ ਹੋ ਜਾਂਦਾ ਹੈ ਤੇ ਸ਼ਰਣ ਲੈਣ ਦਾ ਹੌਂਸਲਾ ਹੋ ਆਉਂਦਾ ਹੈ। ਅਗਲੇ ਅੰਕ ਵਿਚ ਇਸੇ ਕਰਕੇ ਸ਼ਰਣ ਪੈਣ ਦਾ ਉਪਦੇਸ਼ ਕੀਤਾਹੈ।

†ਜਿਵੇਂ ਸੰਸਾਰਕ ਡਾਢੇ ਜੀਵਾਂ ਨੂੰ ਹਿਕਮਤਾਂ ਨਾਲ ਤੇ ਲਿੱਸਿਆਂ ਨੂੰ ਹੁਕਮ ਨਾਲ ਵੱਸ ਕਰ ਲਈਦਾ ਹੈ, ਸਾਈਂ ਨਾਲ ਇਨ੍ਹਾਂ ਦੁਹਾਂ ਗੱਲਾਂ ਦੀ ਪੇਸ਼ ਨਹੀਂ ਜਾਂਦੀ, ਕਿਉਂਕਿ ਉਹ ਪੂਰਨ ਦਾਨਾ ਤੇ ਸਰਬ ਸਮਰੱਥ ਹੈ। ਸਫਲਤਾ, ਸਚਜਾਈ ਤੇ ਰਜ਼ਾ ਵਿਚ ਅਪਣੀ ਮਰਜ਼ੀ ਨੂੰ ਮੇਲਣਾ ਉਸ ਦੀ ਪ੍ਰਾਪਤੀ ਦਾ ਰਾਹ ਹੈ।

‡ਪਿਛਲੇ ਅੰਕ ਵਿਚ ਪਾਪੀ ਸਮਝ ਤੋਂ ਪੈਣ ਵਾਲੀ ਸ਼ੰਕਾ ਤੋਂ ਵਰਜਕੇ ਬਖਸ਼ੰਦ ਬਿਰਦ ਵਲ ਧਿਆਨ ਦੁਆਕੇ ਸ਼ਰਣ ਲੈਣੀ ਦੱਸੀ ਹੈ। ਹੁਣ ਹੋਰ ਪ੍ਰਤਿਬੰਧਕ ਤੋਂ ਵਰਜਦੇ ਹਨ ਕਿ ਸਿਆਣਪਾਂ ਨਾਲ ਤੇ ਚਲਾਕੀ ਦੀਆਂ ਗੱਲਾਂ ਨਾਲ ਬੀ ਮਨ ਸ਼ਰਣ ਲੈਣੋਂ ਰੁਕਦਾ ਹੈ। ਮਨ ਵਿਚ ਇਕ ਝੂਠੀ ਵਡਿੱਤ ਪੈਦਾ ਹੋ ਜਾਂਦੀ ਹੈ। ਇਸ ਦਾ ਦਾਰੂ ਬੀ ਸਿਮਰਨ ਹੈ।

ਜਿਹ ਆਪੈ ॥ ਨਾਨਕ ਤਾਕਉ ਦੂਖੁ ਨ ਬਿਆਪੈ ॥ ੫੦ ॥

[ਮੂੰਹੋਂ ਨਾਮ ਉਚਾਰਣ, ਦਿਲ ਵਿਚ ਨਾਮ ਦਾ ਵਾਸਾ ਤੇ ਸਭ ਵਿਚ ਉਸ ਨੂੰ ਵਯਾਪਕ ਵੇਖਣਾ ਅਨੰਦ ਪ੍ਰਾਪਤੀ ਦਾ ਮਾਰਗ ਹੈ। ਇਹ ਸਤਿਸੰਗ ਤੋਂ ਪ੍ਰਾਪਤ ਹੁੰਦਾ ਹੈ।]

ਸਲੋਕੁ ॥ ਹਰਿ ਹਰਿ ਮੁਖ ਤੇ ਬੋਲਨਾ ਮਨਿ ਵੂਠੈ ਸੁਖੁ ਹੋਇ ॥ ਨਾਨਕ ਸਭ ਮਹਿ ਰਵਿ ਰਹਿਆ ਥਾਨ ਥਨੰਤਰਿ ਸੋਇ ॥ ੧ ॥

ਹਰਿ ਹਰਿ ਮੂੰਹ ਤੋਂ ਉਚਾਰਨਾ ਚਾਹੀਦਾ ਹੈ; (ਇਸ ਦੇ) ਮਨ ਵਿਚ ਵੱਸ ਜਾਣ ਨਾਲ ਸੁਖ ਹੁੰਦਾ ਹੈ। ਹੇ ਨਾਨਕ ! ਸਭਨਾ ਵਿਖੇ (ਉਹੋ ਹਰਿ) ਰਵਿ ਰਿਹਾ ਹੈ, ਥਾਵਾਂ (ਤੇ ਹਾਂ) ਸਾਰਿਆਂ ਥਾਵਾਂ ਵਿਚ ਓਹੋ (ਹੀ ਵਯਾਪਕ ਹੋ ਰਿਹਾ ਹੈ) ॥ ੧ ॥

ਪਉੜੀ॥ ਹੇਰਉ ਘਟਿ ਘਟਿ ਸਗਲ ਕੈ ਪੂਰਿ ਰਹੇ ਭਗਵਾਨ ॥ ਹੋਵਤ ਆਏ ਸਦ ਸਦੀਵ ਦੁਖ ਭੰਜਨ ਗੁਰ ਗਿਆਨ ॥ ਹਉ ਛੁਟਕੈ ਹੋਇ ਅਨੰਦੁ ਤਿਹ ਹਉ ਨਾਹੀ ਤਹ ਆਪਿ॥ ਹਤੇ ਦੂਖ ਜਨਮਹ ਮਰਨ ਸੰਤ ਸੰਗ ਪਰਤਾਪ ॥ ਹਿਤ ਕਰਿ ਨਾਮ ਦ੍ਰਿੜੈ ਦਇਆਲਾ ॥ ਸੰਤਹਿ ਸੰਗਿ ਹੋਤ ਕਿਰਪਾਲਾ ॥ ਓਰੈ ਕਛੂ ਨ ਕਿਨਹੂ ਕੀਆ ॥ ਨਾਨਕ ਸਭੁ ਕਛੁ ਪ੍ਰਭ ਤੇ ਹੂਆ ॥ ੫੧ ॥

ਸਭ ਦੇ ਘਟ ਘਟ ਵਿਖੇ ਭਗਵਾਨ ਜੀ ਪੂਰਨ ਹੋ ਰਹੇ ਦੇਖ ਰਿਹਾ ਹਾਂ, (ਹੁਣ ਹੀ ਨਹੀਂ ਉਹ ਤਾਂ) ਸਦਾ ਤੋਂ, (ਹਾਂ) ਸਦੀਵ ਹੀ ਤੋਂ ਹੁੰਦੇ ਆਏ ਹਨ, (ਭਾਵ ਸਦਾ ਤੋਂ ਥਿਰ ਤੇ ਪੂਰਨ ਹਨ ਤੇ ਓਹੀ) ਦੁਖ ਨਾਸ਼ ਕਰਨੇ ਵਾਲੇ ਹਨ (ਪਰ) ਗੁਰੂ ਦੇ ਗਿਆਨ (ਨਾਲ ਪ੍ਰਾਪਤ ਹੋਣ ਵਾਲੇ) ਹਨ*। (ਗਯਾਨ ਹੋ ਜਾਣ ਨਾਲ) ਹਉਮੈ ਛੁਟ ਜਾਂਦੀ ਹੈ, (ਜਿਸਦੀ ਐਉਂ ਹਉਮੈ ਛੁਟ ਜਾਂਦੀ ਹੈ) ਉਸਨੂੰ ਅਨੰਦ (ਪ੍ਰਾਪਤ) ਹੋ ਜਾਂਦਾ ਹੈ, (ਹਾਂ) ਜਿਥੇ ਹਉਮੈ ਨਹੀਂ ਹੈ ਓਥੇ (ਭਗਵਾਨ) ਆਪ ਹੁੰਦਾ ਹੈ। (ਐਉਂ ਐਸੇ ਪੁਰਖ ਦੇ) ਜਨਮ ਮਰਨ ਦ ਦੁਖ ਸੰਤਾਂ ਦੇ ਸੰਗ ਦੇ ਪ੍ਰਤਾਪ ਕਰਕੇ ਨਸ਼ਟ ਹੋ ਜਾਂਦੇ ਹਨ। ਸੰਤਾਂ ਦੇ ਸੰਗ ਵਿਚ (ਜੋ) ਪ੍ਰੇਮ ਕਰਕੇ ਦਿਆਲ (ਪਰਮੇਸ਼ੁਰ) ਦਾ ਨਾਮ ਦ੍ਰਿੜ ਕਰ ਲਵੇ, (ਉਸ ਪਰ ਪ੍ਰਭੂ) ਕ੍ਰਿਪਾਲ ਹੁੰਦਾ ਹੈ। (ਪਰਮੇਸ਼ੁਰ ਤੋਂ) ਉਰੇ ਕਿਸੇ ਨੇ ਕੁਝ ਨਹੀਂ ਕੀਤਾ, (ਕਹਿੰਦੇ ਹਨ ਗੁਰੂ) ਨਾਨਕ, ਸਭ ਕੁਝ ਪ੍ਰਭੂ ਤੋਂ ਹੁੰਦਾ ਹੈ ॥ ੫੧ ॥

**ਨਿਰੁਕ–**ਥਾਨ ਥਨੰਤਰਿ–[ਸੰਸ:, ਸ੍ਥਾਨੰ=ਜਗ੍ਹਾ, ਥਾਂ, ਰਹਣ ਦੀ ਥਾਂ। ਅੰਤਰਮੁ=ਅੰਦਰ, ਵਿਚ, ਅੰਦਰਲਾ ਥਾਂ] ਥਾਉਂ ਤੇ ਹੋਰ ਥਾਉਂ। ਜੋ ਥਾਵਾਂ ਅਸੀਂ ਜਾਣ ਸਕਦੇ ਹਾਂ, ਉਸ ਤੋਂ ਵੀ ਪਰੇ ਯਾ ਅਤ੍ਰਿਕਤ ਜੋ ਹੋਰ ਥਾਂਵਾਂ ਹਨ, ਭਾਵ ਸਾਰੇ ਦੇਸ਼ (=Space) ਵਿਚ।

੨. ਥਨੰਤਰਿ=ਥਾਨ+ਅੰਤਰਿ=ਥਾਵਾਂ ਤੇ ਥਾਂਵਾਂ ਦੇ ਅੰਦਰ, ਭਾਵ Immanent God ਤੋਂ ਹੈ ਜੋ ਸਰਬਤ੍ਰ ਵਿਚ ਅੰਤਰਭੂਤ ਹੋਕੇ ਵਸ ਰਿਹਾ ਹੈ।

ਹੇਰਉ–[ਹਿੰਦੀ, ਨਿਹਾਰਨਾ=ਦੇਖਣਾ। ਪ੍ਰਾ:, ਣਿਹਾਲਣ=ਦੇਖਣਾ। ਸੰਸ:, ਨਿਭਾਲਨਮੁ=ਦੇਖਨਾ, ਪਹਿਚਾਨਨਾ। ਹਿੰ:, ਹੇਰਨਾ=ਦੇਖਨਾ, ਤੱਕਣਾ] ਮੈਂ ਦੇਖਦਾ ਹਾਂ। ਮੈਨੂੰ ਦਿੱਸ ਰਿਹਾ ਹੈ।

ਸਦ ਸਦੀਵ–[ਸੰਸ:, ਸਦਾ=ਨਿੱਤ, ਹਮੇਸ਼ਾ, ਹਰ ਵਕਤ] ਸਦਾ ਤੋਂ। ਸਦੀਵ=(ਸਦੈਵ) ਸਦਾ ਹੀ ਤੋਂ।

*ਭਗਵਾਨ ਲਈ ਕ੍ਰਿਯਾ ਪਦ 'ਪੂਰਿ ਰਹੇ' ਬਹੁ ਵਚਨ ਵਰਤਿਆ ਹੈ, ਅਗਲੀ ਤੁਕ ਵਿਚ ਵੀ 'ਹੋਵਤ ਆਏ' ਬਹੁ ਵਚਨ ਕ੍ਰਿਯਾ ਭਗਵਾਨ ਲਈ ਵਰਤਿਆ ਹੈ। ਅਦਬ ਤੇ ਪਯਾਰ ਨਾਲ ਐਸਾ ਕੀਤਾ ਹੈ। ਕਈਆਂ ਨੂੰ 'ਹੋਵਤ ਆਏ' ਤੋਂ ਭੁਲੇਖਾ ਲਗ ਜਾਂਦਾ ਹੈ ਤੇ ਅਰਥ ਕਰਦੇ ਹਨ:–ਜੀਵ ਸਦਾ ਤੋਂ ਜੰਮਦੇ ਰਹਿੰਦੇ ਹਨ ਤੇ ਗੁਰੂ ਗਯਾਨ ਨਾਲ ਉਨ੍ਹਾਂ ਦੇ ਦੁਖ ਭੰਜਦੇ ਹਨ।

ਸਲੋਕੁ ॥ ਲੇਖੈ ਕਤਹਿ ਨ ਛੂਟੀਐ ਖਿਨੁ ਖਿਨੁ ਭੂਲਨਹਾਰ ॥ ਬਖਸਨਹਾਰ ਬਖਸਿ ਲੈ ਨਾਨਕ ਪਾਰਿ ਉਤਾਰ ॥ ੧ ॥

[ਸ੍ਰੀ ਗੁਰੂ ਜੀ ਜੀਵਾਂ ਦੀ ਬਖ਼ਸ਼ਿਸ਼ ਲਈ ਅਰਦਾਸ ਕਰਦੇ ਹਨ] (ਕਰਮਾਂ ਦੇ) ਲੇਖੇ (ਕਰਨੇ ਨਾਲ) ਕਦੇ ਵੀ ਨਹੀਂ ਛੁਟ ਸਕੀਦਾ*, (ਕਿਉਂਕਿ) ਅਸੀਂ ਪਲ ਪਲ ਵਿਚ ਭੁੱਲਣਹਾਰ ਹਾਂ। (ਹੇ) ਬਖਸ਼ਿੰਦ (ਵਾਹਿਗੁਰੂ) ਬਖਸ਼ ਲੈਂ† ਤੇ ਪਾਰ ਉਤਾਰ ਲੈ, (ਬੇਨਤੀ ਕਰਦੇ ਹਨ ਗੁਰੂ) ਨਾਨਕ ! ॥ ੧ ॥

ਪਉੜੀ ॥ ਲੂਣ ਹਰਾਮੀ ਗੁਨਹਗਾਰ ਬੇਗਾਨਾ ਅਲਪ ਮਤਿ॥ਜੀਉ ਪਿੰਡੁ ਜਿਨਿ ਸੁਖ ਦੀਏ ਤਾਹਿ ਨ ਜਾਨਤ ਤਤ ॥ ਲਾਹਾ ਮਾਇਆ ਕਾਰਨੇ ਦਹਦਿਸਿ ਢੂਢਨ ਜਾਇ ॥ ਦੇਵਨਹਾਰ ਦਾਤਾਰ ਪ੍ਰਭੁ ਨਿਮਖ ਨ ਮਨਹਿ ਬਸਾਇ॥ ਲਾਲਚ ਝੂਠ ਬਿਕਾਰ ਮੋਹ ਇਆ ਸੰਪੈ ਮਨ ਮਾਹਿ ॥ ਲੰਪਟ ਚੋਰ ਨਿੰਦਕ ਮਹਾ ਤਿਨਹੂ ਸੰਗਿ ਬਿਹਾਇ॥ ਤੁਧੁ ਭਾਵੈ ਤਾ ਬਖਸਿ ਲੈਹਿ ਖੋਟੇ ਸੰਗਿ ਖਰੇ ॥ ਨਾਨਕ ਭਾਵੈ ਪਾਰਬ੍ਰਹਮ ਪਾਹਨ ਨੀਰਿ ਤਰੇ ॥ **੫੨** ॥

(ਇਹ ਜੀਵ) ਲੂਣ ਹਰਾਮੀ ਹੈ, ਪਾਪੀ ਹੈ, (ਵਾਹਿਗੁਰੂ ਜੀ ਨਾਲ) ਓਪਰਾ ਹੋ ਰਿਹਾ ਹੈ ਤੇ ਤੁੱਛ ਬੁੱਧੀ ਵਾਲਾ ਹੈ। ਜਿਸ ਨੇ (ਇਸ ਨੂੰ) ਜਿੰਦ, ਦੇਹ ਤੇ (ਨਾਲ) ਸੁਖ ਦਿੱਤੇ ਹਨ, ਉਸ ਨੂੰ ਨਹੀਂ ਜਾਣਦਾ (ਕਿ ਓਹੀ ਤਾਂ) ਤਤ ਸਰੂਪ (ਅਸਲੀ) ਸੱਤ ਵਸਤੂ) ਹੈ। ਮਾਇਆ ਦੇ ਨਫੇ ਵਾਸਤੇ ਦਸੇ ਦਿਸ਼ਾ ਢੂੰਡਣ ਜਾਂਦਾ ਹੈ। (ਪਰ) ਦੇਣ ਵਾਲੇ ਦਾਤੇ ਪ੍ਰਭੂ ਨੂੰ ਇਕ ਪਲ ਮਨ ਵਿਚ ਨਹੀਂ ਵਸਾਉਂਦਾ ! (ਇਸ ਨੇ ਤਾਂ) ਲੋਭ, ਝੂਠ, ਵਿਕਾਰ, ਮੋਹ, ਇਹ (ਆਸੁਰੀ) ਸੰਪਦਾ‡ ਮਨ ਵਿਚ (ਕੱਠੀ ਕਰ ਰੱਖੀ ਹੈ)। ਜੋ ਲੰਪਟ ਚੋਰ ਤੇ ਭਾਰੇ ਨਿੰਦਕ (ਹੈਨ) ਉਨ੍ਹਾਂ ਦੇ ਸੰਗ ਵਿਚ (ਇਸਦੀ ਉਮਰ) ਬੀਤ ਰਹੀ ਹੈ। ਹੇ ਪਾਰਬ੍ਰਹਮ ! ਜੇ ਤੈਨੂੰ ਭਾਵੇ ਤਦ ਪੱਥਰ ਬੀ ਪਾਣੀ ਪੁਰ ਤਰ ਸਕਦੇ ਹਨ✠ (ਤਿਵੇਂ ਹੇ ਪ੍ਰਭੂ!) ਜੇ ਤੈਨੂੰ ਭਾਵੇ ਤਾਂ ਖਰਿਆਂ ਦੇ ਨਾਲ ਖੋਟਿਆਂ ਨੂੰ ਬੀ ਬਖਸ਼ ਲੈ (ਅਰਦਾਸ ਕਰਦੇ ਹਨ ਗੁਰੂ) ਨਾਨਕ ॥ ੫੨ ॥

**ਨਿਰੁਕ੍ਤ**–ਬੇਗਾਨਾ–[ਫਾ:, ਬੇਗਾਨਹ=ਓਪਰਾ] ਜੋ ਆਪਣੇ ਆਪ ਤੋਂ ਵੱਖਰਾ ਕੋਈ ਹੋਰ ਹੋਵੇ, ਓਪਰਾ। (ਅ) 'ਅਗਯਾਨੀ' ਅਰਥ ਬੀ ਲਾ ਲੈਂਦੇ ਹਨ।

ਲੰਪਟ ਚੋਰ–[ਸੰਸ:, ਲੰਪਟ=ਲਾਲਚੀ, ਅੱਯਾਸ਼ + ਚੋਰ–(ਸੰਸ:, ਚੋਰ:)] ਲਾਲਚੀ ਚੋਰ, ਬਦਮਾਸ਼ ਚੋਰ।

ਪਾਹਨ–[ਸੰਸ:, ਪਾਸ਼ਾਣ:] ਪੱਥਰ।

ਸਲੋਕੁ ॥ ਖਾਤ ਪੀਤ ਖੇਲਤ ਹਸਤ ਭਰਮੇ ਜਨਮ ਅਨੇਕ ॥ ਭਵਜਲ ਤੇ ਕਾਢਹੁ ਪ੍ਰਭੂ ਨਾਨਕ ਤੇਰੀ ਟੇਕ ॥ ੧ ॥

[ਅਰਦਾਸ ਹੀ ਚਲ ਰਹੀ ਹੈ] ਖਾਂਦਿਆਂ, ਪੀਂਦਿਆਂ, ਖੇਡਦਿਆਂ, ਹਸਦਿਆਂ ਅਨੇਕਾਂ ਜਨਮ ਭਟਕਦੇ ਰਹੇ ਹਾਂ। ਹੇ ਪ੍ਰਭੂ ! (ਤੂਣ) ਭੌਜਲ ਤੋਂ ਕੱਢ ਲਵੇਂ, (ਸਾਨੂੰ ਕੇਵਲ) ਤੇਰਾ ਹੀ ਆਸਰਾ ਹੈ, (ਗੁਰੂ) ਨਾਨਕ (ਜੀ ਦੀ ਇਹ ਅਰਦਾਸ ਹੈ) ॥ ੧ ॥

---

*ਜਿੰਨੇ ਮੰਦੇ ਕਰਮ ਹਨ ਓਨੇ ਸੁਭ ਕਰਮ ਕਰਕੇ ਯਾ ਅਸੁਭ ਮੂਲੋਂ ਛੱਡਕੇ ਨਿਰੇ ਸੁਭ ਕਰਕੇ (ਆਦਿ, ਜੋ ਲੇਖਿਆਂ ਨਾਲ ਛੁਟਕਾਰਾ ਮੰਗਣਾ ਹੈ ਉਹ ਹੋ ਨਹੀਂ ਸਕਦਾ, ਕਿਉਂਕਿ ਭੁਲਾਂ ਸਾਥੋਂ ਖਿਨ ਖਿਨ ਵਿਚ ਹੋ ਰਹੀਆਂ ਹਨ। ਇਸ ਲਈ ਨਾਮ ਜਪੋ ਤੇ ਅਰਦਾਸ ਕਰੋ ਕਿ ਵਾਹਿਗੁਰੂ ਬਖਸ਼ ਲਵੇ।

†(ਅ) ਬਖਸ਼ ਲਵੇ, ਪਰ ਪਉੜੀ ਦੇ ਅਖੀਰ ਬੀ ਅਰਦਾਸ ਹੈ ਤੇ ਇਹ ਵੀ ਅਰਦਾਸ ਹੈ।

‡ਸੁਭ ਗੁਣਾਂ ਨੂੰ 'ਦੈਵੀ ਸੰਪਦਾ' ਤੇ ਅਵਗੁਣਾਂ ਨੂੰ 'ਆਸੁਰੀ ਸੰਪਦਾ' ਆਖਦੇ ਹਨ।

✠ਭਾਵ-ਮੁਸ਼ਕਲ ਤੋਂ ਮੁਸ਼ਕਲ ਗਲ ਆਸਾਨ ਹੋ ਸਕਦੀ ਹੈ। ਭਾਰੇ ਪਾਪੀ ਬੀ ਬਖਸ਼ੇ ਜਾ ਸਕਦੇ ਹਨ।

[ਦੁਖ ਪਾਉਂਦਿਆਂ ਸਾਧੂ ਨੂੰ ਮਿਲੇ, ਨਾਮ ਮਿਲਿਆ, ਉਸਨੇ ਆਨੰਦ ਵਿਚ ਵਿਸ੍ਰਾਮ ਦਿੱਤਾ। ਅਪਨੇ ਦੁਆਰਾ ਗੁਰਮੁਖ ਦੀ ਸੁਖ ਅਵਸਥਾ ਵਰਣਨ ਕੀਤੀ ਹੈ]

ਪਉੜੀ ॥ ਖੇਲਤ ਖੇਲਤ ਆਇਓ ਅਨਿਕ ਜੋਨਿ ਦੁਖ ਪਾਇ ॥ ਖੇਦ ਮਿਟੇ ਸਾਧੂ ਮਿਲਤ ਸਤਿਗੁਰਬਚਨ ਸਮਾਇ॥ ਖਿਮਾ ਗਹੀ ਸਚੁ ਸੰਚਿਓ ਖਾਇਓ ਅੰਮ੍ਰਿਤੁਨਾਮ॥ਖਰੀਕ੍ਰਿਪਾ ਠਾਕੁਰ ਭਈ ਅਨਦਸੂਖ ਬਿਸ੍ਰਾਮ॥ ਖੇਪ ਨਿਬਾਹੀ ਬਹੁਤੁ ਲਾਭ ਘਰਿ ਆਏ ਪਤਿਵੰਤ ॥ ਖਰਾ ਦਿਲਾਸਾ ਗੁਰਿ ਦੀਆ ਆਇ ਮਿਲੇ ਭਗਵੰਤ ॥ ਆਪਨ ਕੀਆ ਕਰਹਿ ਆਪਿ ਆਗੈ ਪਾਛੈ ਆਪਿ॥ ਨਾਨਕ ਸੋਊ ਸਰਾਹੀਐ ਜਿ ਘਟਿ ਘਟਿ ਰਹਿਆ ਬਿਆਪਿ ॥ ੫੩ ॥

ਅਨੇਕਾਂ ਜੂਨਾਂ ਵਿਚ ਦੁਖ ਪਾਕੇ (ਉਨ੍ਹਾਂ ਜਨਮਾਂ ਨੂੰ ਖੇਡਾਂ ਵਾਂਙ) ਖੇਡਦਾ ਖੇਡਦਾ* (ਫਿਰ ਇਸ ਮਨੁੱਖਾ ਜਨਮ ਵਿਚ) ਆਯਾ ਹਾਂ, (ਪਰ ਹੁਣ) ਸਾਧੂ ਨੂੰ ਮਿਲ ਪਿਆ ਹਾਂ, (ਜਿਸ ਸਾਧੂ) ਸਤਿਗੁਰ ਦੇ ਬਚਨ (ਹਿਦੇ ਵਿਚ) ਸਮਾ ਗਏ ਹਨ, (ਜਿਸ ਕਰਕੇ ਕਿ) ਦੁਖ ਮਿਟ ਗਏ ਹਨ। (ਉਨ੍ਹਾਂ ਬਚਨਾਂ ਦੇ ਪ੍ਰਤਾਪ ਕਰਕੇ ਜਗਤ ਨਾਲ) ਖਿਮਾ ਧਾਰਨ ਕੀਤੀ ਹੈ†, (ਅੰਦਰ) ਸੱਚ ਕੱਠਾ ਕਰ ਲਿਆ ਹੈ, (ਤੇ ਦਿਨ ਰਾਤ) ਨਾਮ ਅੰਮ੍ਰਿਤ ਖਾਧਾ ਹੈ‡ । (ਹੁਣ) ਠਾਕਰ ਦੀ ਪੂਰੀ ਪੂਰੀ ਕਿਰਪਾ ਹੋਈ ਹੈ (ਜੋ) ਅਨੰਦ ਸੁਖ ਤੇ ਟਿਕਾਉ (ਮਿਲ ਗਿਆ ਹੈ। ਐਉਂ ਸਤਿਗੁਰ ਸਾਧੂ ਨੇ) ਖੇਪ ਨਿਬਾਹ ਦਿਤੀ ਹੈ, ਬਹੁਤਾ ਨਫਾ ਪਾਇਆ ਹੈ, (ਤੇ ਅਪਣੇ) ਘਰ ਨੂੰ ਪਤਵੰਤੇ ਹੋਕੇ ਆਏ ਹਾਂ । ਗੁਰੂ ਨੇ ਬਹੁਤ ਪਜਾਰ ਕੀਤਾ ਹੈ (ਤੇ ਉਸਦੇ ਸਦਕੇ) ਵਾਹਿਗੁਰੂ ਜੀ ਆ ਮਿਲੇ ਹਨ। (ਪਰ ਇਹ ਸਭ ਕੁਛ) ਆਪ ਪ੍ਰਭੂ ਨੇ ਕੀਤਾ ਹੈ, ਆਪ ਹੀ ਕਰਦਾ ਹੈ, ਅੱਗੇ ਪਿਛੇ ਆਪ ਹੀ ਆਪ ਹੈ। ਉਸਤਤਿ ਉਸੇ ਦੀ ਕਰੀਏ, ਜੋ ਘਟ ਘਟ ਵਿਖੇ ਵਿਆਪ ਰਿਹਾ ਹੈ ਹੇ ਨਾਨਕ ! ॥ ੫੩ ॥

**ਨਿਰੁਕ੍ਤ**—ਭਵਜਲ-[ਸੰਸ:,ਭਵ:=ਸੰਸਾਰ,ਦੁਨੀਆ+ਜਲਮੁ=ਪਾਣੀ]ਸੰਸਾਰ ਰੂਪੀ ਸਾਗਰ। ਖੇਪ ਨਿਬਾਹੀ-ਖੇਪ ਨਿਬਾਹ ਦਿਤੀ ਹੈ। ਖੇਪ ਦਾ ਨਿਭ ਜਾਣਾ: ਸੌਦਾ ਖਰੀਦਣਾ, ਲੱਦਣਾ, ਲਿਜਾਣਾ, ਵੇਚਣਾ ਤੇ ਨਫਾ ਪਾਉਣਾ। ਭਾਵ, ਸੱਚ ਸੰਚਨ ਦੀ ਘਾਲ ਸਫਲ ਹੋਣੀ।

ਸਲੋਕੁ ॥ ਆਇ ਪ੍ਰਭ ਸਰਨਾਗਤੀ ਕਿਰਪਾ ਨਿਧਿ ਦਇਆਲ ॥ ਏਕ ਅਖਰੁ ਹਰਿ ਮਨਿ ਬਸਤ ਨਾਨਕ ਹੋਤ ਨਿਹਾਲ ॥ ੧ ॥

ਹੇ ਪ੍ਰਭੂ (ਅਸੀਂ ਆਪ ਪਾਸ) ਸ਼ਰਨਾਗਤੀ ਹੋਕੇ ਆਏ ਹਾਂ, ਹੇ ਦਿਆਲ, ਹੇ ਕ੍ਰਿਪਾ ਦੇ ਭੰਡਾਰ (ਅਸੀਂ ਇਸ ਲਈ ਸ਼ਰਨ ਆਏ ਹਾਂ ਕਿ ਆਪਦਾ ਬਿਰਦ ਹੈ ਕਿ ਜਿਸਦੇ) ਮਨ ਵਿਚ ਇਕ ਅਵਿਨਾਸ਼ੀ ਹਰੀ ਵਸ ਜਾਂਦਾ ਹੈ ਓਹ ਨਿਹਾਲ (ਪੂਰਨ ਅਨੰਦ) ਹੋ ਜਾਂਦਾ ਹੈ❦ ॥ ੧ ॥

*ਵਿਸ਼ੇ ਵਿਕਾਰ ਦੇ ਖੇਡ ਤਮਾਸ਼ਿਆਂ ਵਿਚ ਖਚਿਤ ਹੋਇਆ ਹੋਇਆ।

†ਅਰਥਾਤ, ਵਿਰੋਧ ਭਾਵ ਮਿਟ ਗਿਆ ਹੈ ਜੋ ਹਿਰਦੇ ਨੂੰ ਦੁਖੀ ਕਰਦਾ ਸੀ।

‡ਭਾਵ, ਅਮਰ ਕਰਨੇ ਵਾਲਾ ਨਾਮ ਸਿਮਰਿਆ ਹੈ।

❦ਭਾਵ-ਪ੍ਰਭ ਆਪ ਅ+ਖਰ= 'ਅਕਰ਼ਰ=ਅਵਿਨਾਸ਼' ਹੈ,ਪਰ ਮੈਂ ਉਸ ਦੀ ਉਸਤੁਤੀ ਇਸ ਬਾਣੀ ਵਿਚ ਇਕ ਇਕ ਅਖਰ ਲੈਕੇ ਅਖਰਾਂ ਦੁਆਰੇ ਕੀਤੀ ਹੈ। ਪਯੋਜਨ ਇਹ ਹੈ ਕਿ ਅਖਰ ਦੁਆਰੇ ਕੀਤੀ ਉਸਤਤਿ ਨਾਲ ਹੀ ਅਕਰ਼ਰ=ਅਵਿਨਾਸ਼ ਮਨ ਵਿਚ ਵਸਦਾ ਹੈ, ਪਰ ਅਖਰਾਂ ਦੀ ਹੱਦਬੰਦੀ ਵਿਚ ਨਹੀਂ ਆਉਂਦਾ, ਕਿੰਤੂ ਦਿਸ਼ਟਮਾਨ ਸਾਰਾ ਅੱਖਰਾਂ ਵਿਚ ਹੈ ਤੇ ਉਹ ਸਾਰਾ ਕਰ਼ਰ ਨਾਸ਼ ਹੋ) ਜਾਣ ਵਾਲਾ ਹੈ 'ਦ੍ਰਿਸਟਿਮਾਨ ਹੈ ਸਗਲ ਮਿਟਨਾ' ਪਰ ਪਾਰਬ੍ਰਹਮ ਨਿਰਲੇਪ ਹੈ। ਇਹ ਸ਼ਲੋਕ ਹਰ ਰੋਜ਼ ਕਥਾ ਦੇ ਭੋਗ ਮਗਰੋਂ ਸਿਖ ਸੰਗਤਾਂ ਵਿਚ ਪੜ੍ਹਦੇ ਹਨ ਤੇ ਨਾਲ ਪਪਵੀਂ ਪਉੜੀ ਇਸੇ ਬਾਣੀ ਦੀ ਬੀ ਪੜ੍ਹਦੇ ਹਨ।

ਪਉੜੀ ॥ ਅਖਰ ਮਹਿ ਤ੍ਰਿਭਵਨ ਪ੍ਰਭਿ ਧਾਰੇ ॥ ਅਖਰ ਕਰਿ ਕਰਿ ਬੇਦ ਬੀਚਾਰੇ ॥ ਅਖਰ ਸਾਸਤ੍ਰ ਸਿਮ੍ਰਿਤਿ ਪੁਰਾਨਾ ॥ ਅਖਰ ਨਾਦ ਕਥਨ ਵਖ੍ਯ੍ਯਾਨਾ ॥ ਅਖਰ ਮੁਕਤਿ ਜੁਗਤਿ ਭੈ ਭਰਮਾ ॥ ਅਖਰ ਕਰਮ ਕਿਰਤਿ ਸੁਚ ਧਰਮਾ ॥ ਦ੍ਰਿਸਟਿਮਾਨ ਅਖਰ ਹੈ ਜੇਤਾ ॥ ਨਾਨਕ ਪਾਰਬ੍ਰਹਮ ਨਿਰਲੇਪਾ ॥ ੫੪ ॥

[ਸਲੋਕ ਵਿਚ ਅਖਰ(ਅ+ਕਜ਼ਰ)=ਪ੍ਰਮਾਤਮਾ ਦਾ ਵਰਣਨ ਹੈ ਤੇ ਅਗੇ ਪਉੜੀ ਵਿਚ (ਅਖਰ= ਹਰਫ ਦਾ ਵੇਰਵਾ ਹੈ]।(ਤਿੰਨਾਂ ਭਵਨਾਂ=) ਸਾਰੇ ਸੰਸਾਰ ਨੂੰ ਪ੍ਰਭੂ ਨੇ ਅਖਰਾਂ* ਵਿਚ ਸਾਜਿਆ ਹੈ† ! ਅਖਰ ਬਣਾਕੇ ਵੇਦ (ਲਿਖੇ ਗਏ ਤੇ ਅਖਰਾਂ) ਕਰਕੇ ਹੀ (ਉਨ੍ਹਾਂ ਦਾ) ਵੀਚਾਰ ਹੁੰਦਾ ਹੈ । ਸ਼ਾਸਤ੍ਰ ਸਿਮ੍ਰਤੀਆਂ ਤੇ ਪੁਰਾਣ ਅਖਰਾਂ (ਵਿਚ ਹੀ ਲਿਖੇ ਹਨ) । ਨਾਦ (=ਗਾਇਨ ਤੇ ਸਾਰਾ) ਕਥਨ (ਤੇ) ਵਯਾਖਯਾ ਅਖਰਾਂ (ਦ੍ਵਾਰੇ ਹੀ ਹੁੰਦੀ ਹੈ, ਜੀਵ ਨੂੰ ਬੰਨ੍ਹ ਲੈਣ ਵਾਲੇ) ਭੈ ਤੇ ਭਰਮ (ਉਨ੍ਹਾਂ ਤੋਂ ਛੁੱਟਣ ਦੀ) ਜੁਗਤਿ ਤੇ ਮੁਕਤੀ (ਮਾਰਗ ਦਾ ਵਰਣਨ) ਅੱਖਰਾਂ (ਵਿਚ ਹੀ ਪ੍ਰਤਿਪਾਦਨ ਹੁੰਦਾ ਹੈ) । ਧਰਮ (ਤੇ ਇਸ ਦੀਆਂ) ਸੁਚਤਾਈਆਂ, ਕਰਮ (ਅਤੇ ਕਰਮ) ਦੀਆਂ ਕਿਰਤਾਂ (ਸਭ) ਅਖਰਾਂ (ਵਿਚ ਹੀ ਲਿਖੇ ਪੜ੍ਹੇ ਤੇ ਸੁਣੇ ਸੁਣਾਏ ਜਾਂਦੇ ਹਨ) । ਜਿੰਨਾ (ਕੁਛ ਪਸਾਰਾ) ਦ੍ਰਿਸ਼ਟਮਾਨ ਹੈ (ਸਭ) ਅਖਰਾਂ ਵਿਚ ਹੈ । (ਅਖਰਾਂ ਤੋਂ) ਨਿਰਲੇਪ ਪਾਰਬ੍ਰਹਮ (ਪਰਮੇਸ਼ੁਰ ਹੈ)‡, ਹੇ ਨਾਨਕ ! ॥ ੫੪ ॥

**ਨਿਰੁਕ੍ਤ**—ਸਰਨਾਗਤੀ–[ਸੰਸ:, ਸ਼ਰਣਾਗਤ:–ਜੋ ਸ਼ਰਣ ਆਯਾ ਹੋਵੇ] ਜੋ ਕਿਸੇ ਦੀ ਸ਼ਰਣ ਵਿਚ ਆਇਆ ਹੋਵੇ । 'ਸ਼ਰਣ ਆਏ ਹਾਂ' ਬੀ ਕਰ ਲੈਂਦੇ ਹਨ ।

ਅਖਰੁ–[ ਸੰਸ , ਅਕੁ਼ਖਰ ]=ਜੋ ਕਦੇ ਨਾ ਖਰੇ, ਅਵਿਨਾਸ਼ੀ ਪ੍ਰਭੂ=(ਅਕੁ਼ਖਰ:) ।

(ਅ) ਇਕ ਅੱਖਰ ਤੋਂ ਭਾਵ '੧ ਓ' ਬੀ ਲੈਂਦੇ ਹਨ ਤੇ 'ਨਾਮ ਦਾ ਇਕ ਅੱਖਰ' ਬੀ ਲੈਂਦੇ ਹਨ, ਅਖਰ=(ਸੰਸ:, ਅਕੁ਼ਸ਼ਰੰ) ਹਰਫ਼, ਅੱਖਰ । ਇਹ ਬੀ ਭਾਵ ਲੈਂਦੇ ਹਨ ਕਿ 'ਜੋ ਬਾਵਨ ਅੱਖਰਾਂ ਵਿਚ ਇਹ ਬਾਣੀ ਰਚੀ ਹੈ ਇਸ ਦੇ ਇਕ ਅੱਖਰ ਵਿਚ ਆਏ ਉਪਦੇਸ਼ ਨੂੰ ਜੋ ਮਨ ਵਿਚ ਵਸਾਵੇਗਾ ਮੁਕਤ ਹੋ ਜਾਏਗਾ ।'

ਦ੍ਰਿਸਟਿਮਾਨ–[ਸੰਸ;, ਦ੍ਰਿਸ਼੍ਵਾਨ੍] ਇਹ ਜਗਤ ਤੇ ਇਸ ਦੀਆਂ ਸਮੂਹ ਦਿੱਸਣ ਵਾਲੀਆਂ ਚੀਜ਼ਾਂ । ਜੋ ਕੁਝ ਦਿੱਸ ਰਿਹਾ ਹੈ ।

---

*ਅਖਰ ਤੋਂ ਮੁਰਾਦ ਬੋਲੇ, ਲਿਖੇ ਤੇ ਸੁਣੇ ਜਾਣ ਵਾਲੇ ਸਾਰੇ ਤੋਂ ਹੈ ।

†ਸਾਰਾ ਜਗਤ ਤੇ ਇਸ ਵਿਚ ਦੇ ਪਦਾਰਥ ਸਭ ਨਾਮ ਸੰਗਯਾ ਨਾਲ ਹੀ ਬੋਲੇ ਜਾਂਦੇ ਹਨ ।

‡ਭਾਵ ਵਾਹਿਗੁਰੂ ਹੈ ਦ੍ਰਿਸ਼ਟਾ, ਜਗਤ ਹੈ ਦ੍ਰਿਸ਼ਟਮਾਨ । ਦ੍ਰਿਸ਼ਟਾ ਤਾਂ ਦ੍ਰਿਸ਼ਟਮਾਨ ਨੂੰ ਦੇਖਦਾ ਹੈ, ਪਰ ਦ੍ਰਿਸ਼ਟਮਾਨ ਦ੍ਰਿਸ਼ਟਾ ਨੂੰ ਨਹੀਂ ਦੇਖ ਸਕਦਾ । ਸੋ ਦ੍ਰਿਸ਼ਟਮਾਨ ਦ੍ਰਿਸ਼ਟਾ ਨੂੰ ਅੱਖਰਾਂ ਦੀ ਹਦ ਵਿਚ ਨਹੀਂ ਬੰਨ੍ਹ ਸਕਦਾ । ਉਸ ਦਾ ਵਰਣਨ ਕਰੋ, ਉਸ ਦਾ ਜਸ ਗਾਵੇਂ, ਉਸ ਦਾ ਨਾਮ ਜਪੋ, ਪਰ ਕਿਸੇ ਗਲ ਨਾਲ ਉਹ ਦ੍ਰਿਸ਼ਟਮਾਨ ਨਹੀਂ ਬਣਦਾ । ਹਾਂ,ਜੀਵ ਨੇ ਸੁਣ, ਪੜ੍ਹ, ਸਮਝ, ਗਾਉਂ, ਧਿਆਇ, ਜਪ ਸਿਮਰਨ ਕਰਕੇ ਉਸ ਦੇ ਦ੍ਰਿਸ਼ਟਾ ਸਰੂਪ ਵਿਚ ਮੇਲ ਪ੍ਰਾਪਤ ਕਰਨਾ ਹੈ, ਇਸੇ ਲਈ ਸ਼ਲੋਕ ਵਿਚ ਉਸ ਅਕੁ਼ਸ਼ਰ ਦੀ ਪ੍ਰਾਪਤੀ ਲਈ ਯਾਚਨਾ ਕੀਤੀ ਹੈ । ਦ੍ਰਿਸ਼ਟਮਾਨ ਸਾਰਾ ਵਰਣਨ ਹੋ ਸਕਦਾ ਹੈ, ਪਰ ਦ੍ਰਿਸ਼ਟਾ ਸਾਰਾ ਵਰਣਨ ਨਹੀਂ ਹੋ ਸਕਦਾ, ਉਹ ਬੇਅੰਤ ਹੈ, ਬੇਹੱਦ ਹੈ ਤੇ ਅਵਿਨਾਸ਼ ਹੈ । ਯਥਾ–ਅਖਰੀ ਨਾਮੁ ਅਖਰੀ ਸਾਲਾਹ ॥ ਅਖਰੀ ਗਿਆਨੁ ਗੀਤ ਗੁਣ ਗਾਹ ॥ ਅਖਰੀ ਲਿਖਣੁ ਬੋਲਣੁ ਬਾਣਿ ॥ ਅਖਰਾ ਸਿਰਿ ਸੰਜੋਗੁ ਵਖਾਣਿ ॥ ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ ॥ ਜਿਵ ਫੁਰਮਾਏ ਤਿਵ ਤਿਵ ਪਾਹਿ ॥ ਜੇਤਾ ਕੀਤਾ ਤੇਤਾ ਨਾਉ ॥ ਵਿਣੁ ਨਾਵੈ ਨਾਹੀ ਕੋ ਥਾਉ ॥ ਕੁਦਰਤਿ ਕਵਣ ਕਹਾ ਵੀਚਾਰੁ ॥ ਵਾਰਿਆ ਨ ਜਾਵਾ ਏਕ ਵਾਰ ॥ ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥ ੧੯ ॥

ਪੁਨਾ:–ਬਾਵਨ ਅਛਰ ਲੋਕ ਤ੍ਰੈ ਸਭੁ ਕਛੁ ਇਨ ਹੀ ਮਾਹਿ ॥ ਏ ਅਖਰ ਖਿਰਿ ਜਾਹਿਗੇ ਓਇ ਅਖਰ ਇਨ ਮਹਿ ਨਾਹਿ ॥ ੧ ॥ [ਬਾਵਨ ਅਖਰੀ ਗਉ: ਕਬੀਰ ਜੀ ।

ਸਲੋਕੁ॥ ਹਥਿ ਕਲੰਮ ਅਗੰਮ ਮਸਤਕਿ ਲਿਖਾਵਤੀ॥ ਉਰਝਿ ਰਹਿਓ ਸਭ ਸੰਗਿ ਅਨੂਪ ਰੂਪਾਵਤੀ ॥ ਉਸਤਤਿ ਕਹਨੁ ਨ ਜਾਇ ਮੁਖਹੁ ਤੁਹਾਰੀਆ॥ ਮੋਹੀ ਦੇਖਿ ਦਰਸੁ ਨਾਨਕ ਬਲਿਹਾਰੀਆ ॥ ੧ ॥

ਪਉੜੀ॥ ਹੇ ਅਚੁਤ ਹੇ ਪਾਰਬ੍ਰਹਮ ਅਬਿਨਾਸੀ ਅਘਨਾਸ॥ਹੇ ਪੂਰਨ ਹੇ ਸਰਬ ਮੈ ਦੁਖ ਭੰਜਨ ਗੁਣ ਤਾਸ॥ ਹੇ ਸੰਗੀ ਹੇ ਨਿਰੰਕਾਰ ਹੇ ਨਿਰਗੁਣ ਸਭ ਟੇਕ ॥ ਹੇ ਗੋਬਿਦ ਹੇ ਗੁਣ ਨਿਧਾਨ ਜਾ ਕੈ ਸਦਾ ਬਿਬੇਕ ॥ ਹੇ ਅਪਰੰਪਰ ਹਰਿ ਹਰੇ ਹਹਿ ਭੀ ਹੋਵਨਹਾਰ ॥ ਹੇ ਸੰਤਹ ਕੈ ਸਦਾ ਸੰਗਿ ਨਿਧਾਰਾ ਆਧਾਰ॥ ਹੇ ਠਾਕੁਰ ਹਉ ਦਾਸਰੋ ਮੈ ਨਿਰਗੁਨ ਗੁਨੁ ਨਹੀ ਕੋਇ॥ ਨਾਨਕ ਦੀਜੈ ਨਾਮੁ ਦਾਨੁ ਰਾਖਉ ਹੀਐ ਪਰੋਇ ॥੫੫॥

[ਅੰਤਮ ਅਰਦਾਸ ਹੈ, ਅਰਦਾਸ ਰੂਪ ਮੰਗਲ ਹੈ]। ਹੇ ਅਗੰਮ (ਪ੍ਰਭੂ ! ਤੇਰੇ) ਹੱਥ ਵਿਚ (ਹੁਕਮ ਰੂਪੀ) ਕਲਮ ਹੈ (ਜੋ ਜੀਵਾਂ ਦੇ) ਮਸਤਕ ਪਰ (ਲੇਖ, ਲਿਖ ਰਹੀ ਹੈ । (ਫਿਰ ਤੂੰ ਜੀਵਾਂ ਤੋਂ ਵੱਖ ਹੋਕੇ ਨਹੀਂ ਬੈਠਾ ਲੇਖ ਲਿਖ ਰਿਹਾ, ਤੂੰ) ਸਾਰਿਆਂ ਦੇ ਨਾਲ ਮਿਲ ਰਿਹਾ ਹੈਂ,(ਤੂੰ ਜੋ) ਅਨੂਪਮ ਸੁੰਦਰਤਾ ਵਾਲਾ ਹੈਂ। ਹੇ ਨਾਨਕ ! ਤੇਰੀਆਂ ਉਸਤਤਾਂ ਮੂੰਹ ਤੋਂ ਨਹੀਂ ਕਹੀਆਂ ਜਾ ਸਕਦੀਆਂ। (ਮੈਂ ਹੁਣ ਤੇਰਾ) ਦਰਸ਼ਨ ਦੇਖਕੇ ਮੋਹੀ ਗਈ ਹਾਂ ਅਰ ਬਲਿਹਾਰ ਹੋ ਰਹੀ ਹਾਂ* ॥ ੧ ॥

†ਹੇ ਸਦਾ ਅਟੱਲ ! ਹੇ ਪਾਰਬ੍ਰਹਮ ! ਹੇ ਨਾਸ਼ ਰਹਿਤ ! ਹੇ ਪਾਪਾਂ ਦੇ ਨਾਸ਼ ਕਰਤਾ ! ਹੇ ਪੂਰਨ ! ਹੇ ਸਭ ਵਿਖੇ (ਵਿਆਪਕ) ! ਦੁਖ ਨਾਸ਼ ਕਰਨੇ ਵਾਲੇ ਤੇ ਗੁਣਾਂ ਦੇ ਸਮੁੰਦਰ। ਹੇ (ਸਭ ਦੇ) ਸੰਗੀ ! ਹੇ ਅਕਾਰ ਰਹਿਤ ! ਹੇ (ਤਿੰਨਾਂ) ਗੁਣਾਂ ਤੋਂ ਅਤੀਤ ! ਹੇ ਸਭ (ਕਿਸੇ) ਦਾ ਆਸਰਾ ! ਹੇ ਪ੍ਰਿਥਵੀ ਦੇ ਜਾਣਨਹਾਰੇ ! ਹੇ ਗੁਣਾਂ ਦੇ ਭੰਡਾਰ। ਹੇ ਜਿਸਦੇ (ਵਿਚ) ਨਿੱਤ-ਵਿਵੇਕ ਹੈ ! ਹੇ ਪਰੇ ਤੋਂ ਪਰੇ ! ਹੇ ਪਾਪ ਹਰਨੇ ਵਾਲੇ ! ਜੋ ਹੈਂ ਬੀ ਤੇ ਹੋਵੇਂਗਾ ਬੀ ! ਹੇ ਸੰਤਾਂ ਦੇ ਸਦੀਵ ਸੰਗੀ ! ਹੇ ਨਿਆਸਰਿਆਂ ਦੇ ਆਸਰਾ ! ਹੇ ਠਾਕੁਰ ! ਮੈਂ ਦਾਸ ਹਾਂ, ਮੈਂ ਨਿਰਗੁਣ ਹਾਂ, (ਮੇਰੇ ਵਿਚ) ਕੋਈ ਗੁਣ ਨਹੀਂ, ਮੈਨੂੰ ਨਾਮ ਦਾਨ ਬਖਸ਼ੀਏ (ਜੋ ਮੈਂ ਉਸਨੂੰ) ਹਿਰਦੇ ਵਿਚ ਪਰੋਕੇ ਰੱਖਾਂ (ਇਹ ਗੁਰੂ) ਨਾਨਕ (ਦੀ ਅਰਦਾਸ ਹੈ) ॥ ੫੫ ॥

**ਨਿਰੁਕਤ**—ਅਨੂਪ—ਜਿਸ ਦੀ ਉਪਮਾ ਨਾ ਹੋ ਸਕੇ (ਦੇਖੋ ਪੰਨਾ ੧੨੯੮)।

ਰੂਪਾਵਤੀ—[ਸੰਸ:, ਰੂਪਵਾਨ੍] ਸੁੰਦਰਤਾ ਵਾਲਾ।

(ਅ) ਰੂਪਾਵਤੀ [ਸੰਸ:, ਰੂਪਵਤੀ] ਨੂੰ ਇਸਤ੍ਰੀ ਲਿੰਗ ਖਿਆਲ ਕਰਕੇ 'ਤੇਰੀ ਕਲਮ ਯਾ ਸੱਤਾ ਅਨੂਪ ਰੂਪ ਵਾਲੀ ਹੈ' ਬੀ ਅਰਥ ਕਰਦੇ ਹਨ।

ਅਚੁਤ—[ਸੰਸ: ਅਚ੍ਯੁਤ=ਜੋ ਕਦੀ ਨਾ ਡਿੱਗੇ] ਅਵਿਨਾਸ਼, ਸਦ ਅਚਲ।

ਗੁਣਤਾਸ—[ਸੰਸ:,ਗੁਣ:+ਤਾਸ਼ (ਫਾਰਸੀ)=ਮਾਲਕ] ਗੁਣਾਂ ਦਾ ਮਾਲਿਕ,ਗੁਣਵਾਨ ਪੁਰਸ਼।

ਗੋਬਿਦ—[ਸੰਸ:, ਗੋ=ਪ੍ਰਿਥਵੀ] ਪ੍ਰਿਥਵੀ ਦਾ ਮਾਲਕ। [ਸੰਸ:, ਗੋਵਿੰਦ:] ਕ੍ਰਿਸ਼ਨ, ਭਾਵ ਵਾਹਿਗੁਰੂ। ਗੋਬਿੰਦ ਨਾਮ ਕ੍ਰਿਸ਼ਨ ਦਾ ਭੀ ਹੈ, ਪਰ ਜੋ ਸਿਫਤਾਂ ਇਸ ਪਉੜੀ ਵਿਚ ਚਲ ਰਹੀਆਂ ਹਨ ਸੋ ਅਕਾਲ ਪੁਰਖ ਵਾਹਿਗੁਰੂ ਜੀ ਦੀਆਂ ਹਨ।

---

*ਇਹ ਸ਼ਲੋਕ ਫੁਨਿਹਾਂ ਵਿਚ ਬੀ ਆਯਾ ਹੈ। ਓਥੇ ਇਸ ਦਾ ਅੰਕ ੧ ਹੈ ਤੇ ਕੁਛ ਮਾਤ੍ਰਿਕ ਭੇਦ ਹਨ।

†ਇਹ ਪਉੜੀ ਕਥਾ ਵਾਰਤਾ ਦੇ ਭੋਗ ਸਮੇਂ ਅਰਦਾਸ ਰੂਪ ਵਿਚ ਸਿਖ ਸੰਗਤਾਂ ਸੁੰਦਰ ਰਹਾ ਨਾਲ ਪੜ੍ਹਿਆ ਕਰਦੀਆਂ ਹਨ।

ਸਲੋਕੁ ॥ ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ ॥ ਗੁਰਦੇਵ ਸਖਾ ਅਗਿਆਨ ਭੰਜਨੁ ਗੁਰਦੇਵ ਬੰਧਿਪ ਸਹੋਦਰਾ ॥ ਗੁਰਦੇਵ ਦਾਤਾ ਹਰਿ ਨਾਮੁ ਉਪਦੇਸੈ ਗੁਰਦੇਵ ਮੰਤੁ ਨਿਰੋਧਰਾ ॥ ਗੁਰਦੇਵ ਸਾਂਤਿ ਸਤਿਬੁਧਿ ਮੂਰਤਿ ਗੁਰਦੇਵ ਪਾਰਸ ਪਰਸ ਪਰਾ ॥ ਗੁਰਦੇਵ ਤੀਰਥੁ ਅੰਮ੍ਰਿਤ ਸਰੋਵਰੁ ਗੁਰ ਗਿਆਨ ਮਜਨੁ ਅਪਰੰਪਰਾ ॥ ਗੁਰਦੇਵ ਕਰਤਾ ਸਭਿ ਪਾਪ ਹਰਤਾ ਗੁਰਦੇਵ ਪਤਿਤ ਪਵਿਤ ਕਰਾ ॥ ਗੁਰਦੇਵ ਆਦਿ ਜੁਗਾਦਿ ਜੁਗੁ ਜੁਗੁ ਗੁਰਦੇਵ ਮੰਤੁ ਹਰਿ ਜਪਿ ਉਧਰਾ ॥ ਗੁਰਦੇਵ ਸੰਗਤਿ ਪ੍ਰਭ ਮੇਲਿ ਕਰਿ ਕਿਰਪਾ ਹਮ ਮੂੜ ਪਾਪੀ ਜਿਤੁ ਲਗਿ ਤਰਾ ॥ ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ ਗੁਰਦੇਵ ਨਾਨਕ ਹਰਿ ਨਮਸਕਰਾ ॥ ੧ ॥
ਏਹੁ ਸਲੋਕੁ ਆਦਿ ਅੰਤਿ ਪੜਣਾ ॥

ਇਹ ਸਲੋਕ ਤੇ ਆਦਿ ਦਾ ਸਲੋਕ ਇਕੋ ਹਨ, ਸੋ ਇਸ ਸਲੋਕ ਦੀ ਟੀਕਾ ਬਾਵਨ ਅੱਖਰੀ ਦੇ ਆਦਿ ਵਿਚ ਆ ਗਈ ਹੈ, ਓਥੇ (ਪੰਨਾ ੧੬੦੨ ਪਰ) ਦੇਖੋ।

# ਸੁਖਮਨੀ

## ੧. ਉਥਾਨਕਾ।

ਜਿਕੂੰ ਬਾਵਨ ਅੱਖਰੀ ਦੀ ਉਥਾਨਕਾ ਗ੍ਯਾਨੀ ਸਜਣਾਂ ਦੇ ਮੂੰਹ ਚੜ੍ਹੀ ਹੈ, ਉਸ ਤਰ੍ਹਾਂ ਸੁਖਮਨੀ ਦੀ ਨਹੀਂ। ਪਰ ਕਈ ਗ੍ਯਾਨੀ ਸਜਣਾਂ ਵਿਚ ਇਉਂ ਦੀ ਇਕ ਉਥਾਨਕਾ ਦੱਸੀ ਬੀ ਜਾਂਦੀ ਹੈ, ਕਿ ਇਕ ਦਿਨ ਭਾਈ ਬੁੱਢਾ ਆਦਿ ਮੁਖੀ ਸਿੱਖਾਂ ਨੇ ਪੰਜਵੇਂ ਪਾਤਸ਼ਾਹ ਜੀ ਪਾਸ ਬਿਨੈ ਕੀਤੀ ਕਿ ਕੋਈ ਐਸੀ ਬਾਣੀ ਵਾਹਿਗੁਰੂ ਜੀ ਦੇ ਦਰੋਂ ਲੈ ਦਿਓ ਜੋ ਨਾਮ ਵਿਚ ਦ੍ਰਿੜਤਾ ਕਰਾਵੇ ਤੇ ਜੇ ਅਠ ਪਹਿਰ ਨਾਮ ਜਪਣ ਵਿਚ ਕਸਰ ਰਹ ਤਾਂ ਉਸ ਬਾਣੀ ਦੇ ਪਾਠ ਨਾਲ ਪੂਰੀ ਹੋ ਜਾਵੇ। ਕਿਉਂਕਿ ਕਈ ਵਿਹਾਰਾਂ ਕਾਰਾਂ ਵਾਲੇ ਸਜਣ ਨਾਮ ਜਪਦੇ ਖਿਆਲ ਕਰਦੇ ਹਨ ਕਿ ਲਗਾਤਾਰਤਾ ਨਹੀਂ ਪੂਰੀ ਨਿਭਦੀ। ਸ੍ਰੀ ਗੁਰੂ ਜੀ ਉਨ੍ਹੀਂ ਦਿਨੀ ਕਿਸੇ ਰੰਗ ਰੱਤੜੇ ਰੰਗ ਵਿਚ ਸਨ। ਉਞ ਤਾਂ 'ਹਰਿ ਰੰਗੁ ਕਦੇ ਨ ਉਤਰੈ*' ਰਹਿੰਦਾ ਸੀ ਪਰ 'ਸਦਾ ਭਰੇ ਸਮੁੰਦਰਾਂ' ਵਿਚ ਬੀ, ਜੋ ਕਦੇ ਊਣੇ ਨਹੀਂ ਹੁੰਦੇ, ਕਈ ਵੇਰ ਉਛਾਲੇ ਤੇ ਉਛਾਲੇ ਆਉਂਦੇ ਹਨ। ਉਸ ਤਰ੍ਹਾਂ ਹਰੀ ਰਸ ਤੇ ਹਰੀ ਰੰਗ ਨਾਲ ਡੁਲ੍ਹ ਡੁਲ੍ਹ ਪੈਂਦਿਆਂ, ਸਰਸ਼ਾਰ ਚਸ਼ਮੇ ਵਾਙੂ, ਯਾ ਫ਼ੈਜ਼ ਦੇ ਚਸ਼ਮੇ ਵਾਙੂ, ਆਪ ਨੇ ਮਿਹਰ ਭਰੇ ਰਸਾਂ ਵਿਚ ਡੁਲ੍ਹ ਡੁਲ੍ਹ ਕੇ ਇਹ ਬਾਣੀ ਉਚਾਰਨ ਕੀਤੀ। ਜਿਸ ਵਿਚ ਹਰੀ ਰੰਗ ਤੇ ਹਰੀ ਰਸ ਸਦਾ ਲਈ ਉਛਾਲੇ ਲੈ ਰਿਹਾ ਹੈ।

ਸੂਰਜ ਪ੍ਰਕਾਸ਼ ਵਿਚ ਇਕ ਉਥਾਨਕਾ ਸੁਖਮਨੀ ਸਾਹਿਬ ਦੇ ਉਚਾਰਨ ਦੀ ਇਹ ਮਿਲਦੀ ਹੈ: ਕਿ ਇਕ ਦਿਨ ਸ੍ਰੀ ਗੁਰੂ ਅਰਜਨ ਦੇਵ ਜੀ ਸੁਧਾ ਸਰੋਵਰ ਤੋਂ ਰਾਮ ਸਰ ਆਏ। ਇਹ ਉਹਨਾਂ ਦਿਨਾਂ ਦੀ ਗੱਲ ਹੈ ਜਦੋਂ ਰਾਮ ਸਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੰਕਲਤ ਹੋ ਰਹੇ ਸਨ। ਲੌਢਾ ਕੁ ਪਹਿਰ ਸੀ। ਕਿਸੇ ਰੰਗ ਰੱਤੜੇ ਰੰਗ ਵਿਚ ਆਏ ਤੇ ਬੈਠ ਗਏ ਏਕਾਂਤ, ਤਦ ਬਾਵਨ ਅਖਰੀ ਉਚਾਰ ਹੋਈ। ਰਾਤ

*ਗਉੜੀ ਮਹਲਾ ੪, ਕਰਹਲੇ-੨।

ਓਥੇ ਹੀ ਅਰਾਮ ਕੀਤਾ। ਅਗਲੇ ਦਿਨ ਸਵੇਰੇ ਆਪ ਇਸ਼ਨਾਨ ਆਦਿ ਤੋਂ ਵਿਹਲੇ ਹੋਕੇ ਏਕਾਂਤ ਬੈਠ ਗਏ ਇਕ ਸੰਘਣੀ ਬੇਰ ਹੇਠ, ਜੈਸਾ ਕਿ ਸੂਰਜ ਪ੍ਰਕਾਸ਼ ਵਿਚ ਲਿਖਿਆ ਹੈ:–

ਰਾਮ ਤਾਲ ਕੀ ਕੋਨ ਇਸ਼ਾਨ*। ਇਕ ਬਦਰੀ† ਸੁਭ ਖਰੀ ਸਥਾਨ।
ਕ੍ਰਿਪਾ ਸਿੰਧੁ ਅਵਿਲੋਕਨਿ ਕੀਨੇ। ਤਿਸ ਤਰੁ ਕੇ ਤਰ ਤਬਿ ਆਸੀਨੇ‡ ॥੪੦॥
ਸਨਮੁਖਿ ਬੈਠਿ ਗਯੋ ਗੁਰਦਾਸ। ਸ੍ਰੀ ਗੁਰ ਕੀਨਸਿ ਬਾਕ ਪ੍ਰਕਾਸ਼:–
'ਸਮਾਂ ਘੋਰ ਕਲਿਜੁਗ ਕੋ ਆਯੋ। ਕਟਕ ਬਿਕਾਰਨਿ ਕੋ ਜਗ ਛਾਯੋ ॥੪੧॥
ਤਿਨ ਕੋ ਪਾਇ, ਪਾਪ ਨਰ ਕਰਿਈਂ। ਅੰਤ ਕਾਲ ਬਿਚ ਨਰਕ ਸੁ ਪਰਿਈਂ।
... ... ... ... ... ... ...

ਇਮ ਜਨਮੈ ਤਨ ਪਾਇ ਬਹੋਰੀ। ਮਰਹਿਂ ਫੇਰਿ ਕਰਿ ਕਰਿ ਅਘ ਘੋਰੀ।
ਤਨਕ ਮਾਤ੍ਰ ਸੰਕਟ ਇਹ ਕਹੇ। ਗਿਨੇ ਨ ਜਾਇਂ ਜਿਤਕ ਇਹ ਲਹੇ ॥੪੮॥
ਯਾਂਤੇ ਰਚਹਿਂ ਏਕ ਅਸ ਬਾਨੀ। ਨਿਤ ਜਿਸ ਪਠਤਿ ਹੋਹਿਂ ਅਘ ਹਾਨੀ।
ਰਿਦੇ ਬਸਾਇ ਕਮਾਵੈ ਜੋਈ। ਬਹੁਰ ਨ ਜਨਮ ਮਰਨ ਤਿਸ ਹੋਈ' ॥ ੪੯ ॥
ਇਤਯਾਦਿਕ ਬਹੁ ਬਾਕ ਬਿਲਾਸੇ। ਉਪਕਾਰੀ ਗੁਰ ਕੀਨਿ ਪ੍ਰਕਾਸ਼ੇ।
ਇਤਨੇ ਮਹਿਂ ਪ੍ਰਭਾਤਿ ਹੁਇ ਆਈ। ਭਯੋ ਪ੍ਰਕਾਸ਼ ਚਿਰੀ ਚੁਹਕਾਈ ॥੫੦॥

ਦੋਹਰਾ–ਰਾਮ ਤਾਲ ਈਸਾਨ ਦਿਸ਼ ਬੈਠੇ ਗੁਰੂ ਕ੍ਰਿਪਾਲ ॥
ਰਚਨਿ ਲਗੇ ਤਬ ਸੁਖਮਨੀ ਦੇ ਸੁਖ ਕਰਤਿ ਨਿਹਾਲ ॥ ੧ ॥

ਚੌਪਈ–ਪ੍ਰਥਮ ਸ਼ਲੋਕ ਗੁਰੂ ਪਗ ਬੰਦੇ। ਕੀਨ ਮੰਗਲਾ ਚਰਨ ਮਿਲੰਦੇ।
ਪ੍ਰਭੁ ਸਿਮਰਨ ਕੀ ਮਹਿਮਾ ਫੇਰ। ਅਸਟਪਦੀ ਮਹਿ ਰਚੀ ਬਡੇਰ ॥ ੨ ॥
ਨਾਮ ਮਹਾਤਮ ਮਹਦ ਮਹਾਨਾ। ਬਹੁ ਬਿਧਿ ਸੋਂ ਸਤਿਗੁਰੂ ਬਖਾਨਾ।
ਬ੍ਰਹਮ ਗਯਾਨੀ ਉਰ ਭਗਤ ਵਿਰਾਗੀ। ਸਾਧ ਸੰਗਤਿ ਜਿਨ ਕੀ ਲਿਵ ਲਾਗੀ ॥ ੩ ॥
ਕਹਯੋ ਮਹਾਤਮ ਅਤਿ ਤਿਨ ਕੇਰਾ। ਸੰਤਨ ਰਿਪੁ ਕੋ ਕਸ਼ਟ ਬਡੇਰਾ।
ਨਿਰਗੁਨੁ ਆਪਿ ਸਰਗੁਨੁ ਭੀ ਓਹੀ। ਕਲਾਧਾਰਿ ਜਿਨਿ ਸਗਲੀ ਮੋਹੀ ॥ ੪ ॥
[ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸ ੩ ਅੰਸੂ ੪੨-੪੩

ਇਸ ਪ੍ਰਕਾਰ ਸਾਰੀ ਸੁਖਮਨੀ ਏਸ ਟਿਕਾਣੇ ਬੈਠਕੇ ਉਚਾਰੀ ਤੇ ਲਿਖੀ ਗਈ।

## ੨. ਉਚਾਰੇ ਜਾਣ ਦਾ ਟਿਕਾਣਾ।

ਇਹ ਬਾਣੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਅੰਮ੍ਰਿਤਸਰ ਜੀ ਵਿਚ ਬੈਠਕੇ ਰਚੀ ਸੀ। ਉਹ ਅਸਥਾਨ ਤੇ ਬੇਰ ਦਾ ਬ੍ਰਿੱਛ, ਜਿਸ ਹੇਠ ਬੈਠਕੇ ਇਹ ਰਚੀ ਗਈ, 'ਰਾਮਸਰ' ਦੇ ਕਿਨਾਰੇ ਹੁਣ ਤਕ ਮੌਜੂਦ ਹੈ। ਤਦੋਂ ਇਹ ਟਿਕਾਣਾ ਸ਼ਹਿਰੋਂ ਦੂਰ, ਬੇਰੀਆਂ ਤੇ ਪਿੱਪਲਾਂ ਛਿੱਛਰਿਆਂ ਆਦਿ ਦਾ ਇਕ ਬਨ ਵਾਂਗੂ ਪਰਮ ਏਕਾਂਤ ਤੇ ਛਾਉਂ ਦਾਰ ਥਾਉਂ ਸੀ। ਇਸੇ ਸਰੋਵਰ ਦੇ ਲਾਗ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੰਕਲਤ ਕੀਤੇ ਗਏ ਸਨ। ਇਨ੍ਹਾਂ ਸੁਹਣੀਆਂ ਗੱਲਾਂ ਦੀ ਯਾਦ ਵਿਚ ਉਥੇ ਸਰੋਵਰ ਅਤੇ ਮੰਦਿਰ ਹੁਣ ਵਿਦਮਾਨ ਹੈ। ਸਰੋਵਰ ਦਾ ਨਾਮ ਰਾਮਸਰ ਹੈ। ਮੰਦਰ ਸਰੋਵਰ ਦੇ ਪੱਛਮੀ ਪਾਸੇ ਹੈ ਤੇ ਸੁਖਮਨੀ ਸਾਹਿਬ ਰਚਣ ਵਾਲਾ ਨਿਸ਼ਾਨ ਸਰੋਵਰ ਦੇ ਲਗ ਪਗ ਪੂਰਬਲੇ ਪਾਸੇ।

*ਪੂਰਬ ਤੇ ਉੱਤਰ ਦੀ ਵਿਚਕਾਰਲੀ ਦਿਸ਼ਾ। †ਬੇਰੀ। ‡ਬੈਠ ਗਏ।

# ੩. ਸੁਖਮਨੀ ਸਾਹਿਬ ਉਚਾਰਨ ਦਾ ਸਮਾ।

ਖਾਸ ਨਿਯਤ ਸੰਮਤ ਬਾਣੀ ਦੇ ਅਖੀਰ ਤੇ ਲਿਖਿਆ ਯਾ ਗੁਰੂ ਜੀ ਦਾ ਕਿਤੇ ਆਪ ਲਿਖਿਆ ਨਹੀਂ ਮਿਲਦਾ। ਪਰ ਸੂਰਜ ਪ੍ਰਕਾਸ਼ ਤੋਂ ਸਮੇਂ ਦਾ ਇਕ 'ਅਨੁਮਾਨ' ਲਗਦਾ ਹੈ ਕਿ ਜਦੋਂ ਸ੍ਰੀ ਗੁਰੂ ਅਰਜਨ ਦੇਵ ਜੀ ਚਾਟੀਵਿੰਡ ਦਰਵਾਜ਼ੇ ਦੇ ਅੰਦਰ ਵਾਰ, ਉੱਪਰ ਦੇ ਰੁਖ਼ ਨੂੰ, ਅੰਮ੍ਰਿਤ ਸਰੋਵਰ ਤੋਂ ਦੂਰ ਕੁਛ ਪੂਰਬ ਦੇ ਰੁਖ਼ ਨੂੰ ਇਕ ਬੇਰੀਆਂ ਤੇ ਪਿੱਪਲਾਂ ਦੇ ਘਣੇ ਸੁਹਾਵਣੇ ਛਾਯਾਦਾਰ ਟਿਕਾਣੇ 'ਰਾਮਸਰ' ਦਾ ਛੋਟਾ ਜਿਹਾ ਸਰੋਵਰ ਕੱਚਾ ਯਾ ਪੱਕਾ ਬਣਵਾਕੇ ਇਸ ਦੇ ਕਿਨਾਰੇ ਤੰਬੂ ਕਨਾਤਾਂ ਲਗਵਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੰਕਲਤ ਕਰਨ ਤੇ ਰਚਨਾ ਰਚਣ ਲਗ ਪਏ ਸੇ ਤਾਂ ਉਨ੍ਹਾਂ ਦਿਨਾਂ ਦੀ ਰਚਨਾ ਇਹ ਬਾਣੀ ਹੈ। ਹੋ ਸਕਦਾ ਹੈ ਕਿ ਜਦੋਂ ਜਪੁਜੀ ਤੋਂ ਲੈ ਗਉੜੀ ਰਾਗ ਵਿਚ ਛੰਤਾਂ ਦੀ ਬਾਣੀ ਦਰਜ ਹੋ ਚੁਕੀ ਹੋਵੇ ਤਦੋਂ ਹੀ ਰਚੀ ਗਈ ਹੋਵੇ। ਦੱਸਿਆ ਹੈ ਕਿ ਇਕ ਦਿਨ ਦੁਪਹਿਰੋਂ ਬਾਦ ਲੌਢੇ ਪਹਿਰ ਅੰਮ੍ਰਿਤ ਸਰੋਵਰ ਤੋਂ ਆਏ ਤਾਂ ਰਾਮਸਰ ਦੇ ਕਿਨਾਰੇ ਬੈਠਕੇ 'ਬਾਵਨ ਅਖਰੀ' ਰਚੀ*, ਰਾਤ ਬਿਸ੍ਰਾਮ ਕੀਤਾ। ਅਗਲੇ ਦਿਨ ਅੰਮ੍ਰਿਤ ਵੇਲੇ ਇਸ਼ਨਾਨ ਪਾਣੀ ਕਰਕੇ ਭਾਈ ਗੁਰਦਾਸ ਨਾਲ ਸਮੇਂ ਦੀ ਪਾਪ ਮਈ ਦਸ਼ਾ ਵਰਣਨ ਕਰਕੇ ਫੁਰਮਾਇਆ ਕਿ ਇਕ ਐਸੀ ਸਰਲ ਬਾਣੀ ਰਚੀਏ ਜੋ ਆਪਣੀ ਮਧੁਰਤਾ ਕਰਕੇ ਸਭ ਕਿਸੇ ਨੂੰ ਪ੍ਰਿਯ ਲਗੇ ਤੇ ਲੋਕੀ ਪੜ੍ਹਨ, ਯਾਦ ਕਰਨ, ਰਸ ਮਾਣਨ, ਅਮਲ ਕਰਨ ਤੇ ਭਵ ਬਾਧਾ ਹਰੀ ਜਾਵੇ, ਤਦ ਸੁਖਮਨੀ ਉਚਾਰ ਹੋਈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਦੀ ਸੰਕਲਨਾ ਸੰਮਤ ੧੬੬੧ ਸੰਮਤ ਦੇ ਭਾਦੋਂ ਵਦੀ ਏਕਮ ਨੂੰ ਸਮਾਪਤ ਹੋਈ ਤੇ ਮਗਰੋਂ ਇਹ ਪਾਵਨ ਆਦਿ ਬੀੜ ਸ੍ਰੀ ਦਰਬਾਰ ਸਾਹਿਬ ਸਥਾਪਨ ਹੋਈ।

ਸੋ ਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਿਆਰੀ ਦਾ ਕੰਮ, ਜੋ ਬੜਾ ਭਾਰੀ ਕੰਮ ਸੀ, ਦੋ ਸਾਲ ਪਹਿਲੋਂ ਸ਼ੁਰੂ ਹੋਇਆ ਮੰਨੀਏ ਤਾਂ ਸੁਖਮਨੀ ਸਾਹਿਬ ਦਾ ਵਕਤ ੧੬੬੧ ਦੇ ਭਾਦੋਂ ਤੋਂ ਪਹਿਲੋਂ ਤੇ ੧੬੫੯ ਦੇ ਭਾਦੋਂ ਦੇ ਮਗਰੋਂ ਪਏਗਾ। ਸੁਖਮਨੀ ਗਉੜੀ ਰਾਗ ਵਿਚ ਹੈ ਤੇ ਗਉੜੀ ਤਕ ਲਗ ਪਗ ਚਉਥਾ ਹਿੱਸਾ ਹੈ ਸਮਗ੍ਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ; ਹੁਣ ਜੇ ੨ ਸਾਲ ਦਾ ਚੌਥਾ ਹਿੱਸਾ ਅਨੁਮਾਨ ਕਰ ਲਈਏ ਕਿ ਗਉੜੀ ਰਾਗ ਤਕ ਲੱਗਾ ਤਾਂ ਬਾਵਨ ਅੱਖਰੀ ਤੇ ਸੁਖਮਨੀ ਦੇ ਰਚਣ ਦਾ ਸਮਾਂ ੧੬੫੯ ਦੇ ਫਗਣ ਦੇ ਲਗ ਪਗ ਜਾ ਪਏਗਾ। ਜੇ ਫਰਜ਼ ਕਰ ਲਈਏ ਕਿ ਇਕ ਸਾਲ ਵਿਚ ਸੇਵਾ ਹੋ ਗਈ (ਜੋ ਸਰਵੱਗ ਲਈ ਤਾਂ ਕਠਨ ਨਹੀਂ, ਪਰ ਮਾਨੁੱਖੀ ਤ੍ਰੀਕੇ ਨਾਲ ਮੁਸ਼ਕਲ ਹੈ) ਤਦ ਸੁਖਮਨੀ ਸਾਹਿਬ ਦੇ ਉਚਾਰੇ ਜਾਣ ਦਾ ਵਕਤ ੧੬੬੦ ਦੇ ਮੱਘਰ ਦੇ ਨੇੜੇ ਤੇੜੇ ਮੰਨਣੇ ਯੋਗ ਹੋ ਜਾਸੀ। ਹਰ ਹਾਲ ਪਾਵਨ ਬੀੜ ਦੇ ਸੰਕਲਿਤ ਕੀਤੇ ਜਾ ਰਹੇ ਸੰਮਤਾਂ ਤੋਂ ਬਾਹਰ ਇਹ ਸਮਾਂ ਨਹੀਂ ਨਿਯਤ ਕੀਤਾ ਜਾ ਸਕਦਾ, ਚਾਹੋ ੧੬੫੮ ਚਾਹੋ ੧੬੫੯ ਤੇ ਚਾਹੋ ੧੬੬੦।

ਤਵਾਰੀਖ ਖਾਲਸਾ ਵਿਚ ਸੁਖਮਨੀ ਉਚਾਰਨ ਦਾ ਸੰਮਤ ੧੬੫੭ ਲਿਖਿਆ ਹੈ ਤੇ ਦੱਸਿਆ ਹੈ ਕਿ ਜਦੋਂ ੧੬੫੭ ਵਿਚ ਸ੍ਰੀ ਚੰਦ ਜੀ ਅੰਮ੍ਰਿਤਸਰ ਹੋਕੇ ਚਲੇ ਗਏ ਤਾਂ ਸ੍ਰੀ ਗੁਰੂ ਅਰਜਨ ਦੇਵ ਜੀ ਫਿਰਦੇ ਫਿਰਦੇ ਡੇਹਰੇ ਬਾਬੇ ਨਾਨਕ ਹੋਂਦੇ ਬਾਰਨ ਪਿੰਡ ਗਏ, ਤਦ ਉਥੇ ਸ੍ਰੀ ਚੰਦ ਜੀ ਨੂੰ ੧੬ ਅਸਟ-ਪਦੀਆਂ ਸੁਖਮਨੀ ਦੀਆਂ ਸੁਣਾਈਆਂ ਜੋ ਗੁਰੂ ਜੀ ਰਚ ਚੁਕੇ ਹੋਏ ਸੇ। ਤਦ ਬਾਬਾ ਜੀ ਨੇ ਕਿਹਾ ਅੱਠ ਹੋਰ ਰਚਕੇ ਚਉਵੀ ਪੂਰੀਆਂ ਕਰੋ ਜੋ ੨੪੦੦੦ ਸੁਆਸ ਇਸ ਦੇ ਪਾਠ ਨਾਲ ਸਫਲ ਹੋਣ। ਗੁਰੂ ਜੀ ਨੇ ਕਿਹਾ: ਅੱਠ ਹੁਣ ਤੁਸੀਂ ਰਚ ਦਿਓ। ਤਦ ਸ੍ਰੀ ਚੰਦ ਜੀ ਨੇ ਗੁਰੂ ਨਾਨਕ ਦੇਵ ਜੀ ਦਾ ਸਲੋਕ 'ਆਦਿ ਸਚੁ ਜੁਗਾਦਿ ਸਚੁ' ਉਚਾਰਕੇ ਕਿਹਾ: ਸੁਹਣੇ ਸੁਹਣੇ ਗੁਰੂ ਜੀਓ! ਲਓ ਹੁਣ ਬਾਕੀ ਆਪ ਹੀ ਉਚਾਰੋ,ਆਪਗੁਰੂ ਹੋ,ਆਪਹੀ ਸੰਪੂਰਨਕਰੋ।ਫਰ ਓਥੇਹੀ ਗੁਰੂ ਅਰਜਨਦੇਵ ਜੀਨੇ ਅੱਠਹੋਰ ਅਸਟਪਦੀਆਂ

*ਇਹ ਗਲ ਪਿੱਛੇ ਬਾਵਨ ਅਖਰੀ ਦੇ ਮੁਖ ਬੰਧ ਵਿਚ ਦੱਸ ਆਏ ਹਾਂ।

ਉਚਾਰੀਆਂ। ਤਾਂ ਸ੍ਰੀ ਚੰਦ ਜੀ ਨੇ ਅਸ਼ੀਰਵਾਦ ਦਿਤੀ ਕਿ 'ਤੁਸਾਡੀ ਬਾਣੀ ਕਲਜਾਣਦਾਇਕ ਹੋਵੇਗੀ ਤੇ ਜਗਤ ਵਿਚ ਬਹੁਤ ਮਾਨ ਪਾਵੇਗੀ।' ਪਰ ਫੇਰ (ਸਫਾ ੭੩੬-੩੭, ਤੇ ਫੇਰ ਸਫਾ ੭੪੨ ਤੇ) ਆਪ ਹੀ ਲਿਖਦੇ ਹਨ ਕਿ ਰਾਮਸਰ ਤੋਂ, ਜਿਥੇ ਬੈਠਕੇ ਸੁਖਮਨੀ ਰਚੀ ਸੀ, ਓਥੇ ਬੈਠਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਆਰੰਭ ਕੀਤੇ। ਫੇਰ ਲਿਖਿਆ ਹੈ ਕਿ ੧੬੫੭ ਬਿ: ਵਿਚ ਵਜ਼ੀਰ ਖਾਂ ਵਜ਼ੀਰ ਬੀਮਾਰ ਲਾਚਾਰ ਹੋਕੇ ਗੁਰੂ ਜੀ ਦੀ ਸ਼ਰਨ ਆਇਆ*, ਓਸ ਸਮੇਂ ਗੁਰੂ ਸਾਹਿਬ ਦੁਖ ਭੰਜਨੀ ਬੇਰ ਦੇ ਪਾਸ ਥੜ੍ਹੇ ਸਾਹਿਬ ਉਪਰ ਬੈਠਕੇ ਅੰਮ੍ਰਿਤਸਰ ਦੀ ਗਾਰ ਕਢਵਾ ਰਹੇ ਸੇ। ਵਜ਼ੀਰ ਖਾਂ ਨੇੜੇ ਹੀ ਮੱਥਾ ਟੇਕ ਕੇ ਲੇਟ ਗਿਆ। ਬਾਬਾ ਬੁੱਢਾ ਹੋਰ ਸਿਖਾਂ ਵਾਂਙ ਸਰੋਵਰ ਦੀ ਗਾਰ ਕੱਢ ਰਿਹਾ ਸੀ। ਗੁਰੂ ਜੀ ਨੇ ਕਿਹਾ: ਬਾਬਾ! ਇਸ ਤੇ ਕ੍ਰਿਪਾ ਕਰ। ਤਾਂ ਬਾਬੇ ਨੇ ਗਾਰ ਦੀ ਟੋਕਰੀ ਪੇਟ ਤੇ ਮਾਰੀ ਤੇ ਵਜ਼ੀਰ ਖਾਂ ਦਾ ਜਲੋਧਰ ਰੋਗ ਵੱਲ ਹੋ ਗਿਆ। ਤਦ ਗੁਰੂ ਜੀ ਨੇ ਇਕ ਸੁਖਮਨੀ ਦਾ ਪਾਠੀ ਵਜ਼ੀਰ ਖਾਂ ਨੂੰ ਨਾਲ ਦਿੱਤਾ ਤੇ ਕਿਹਾ ਕਿ ਰੋਜ਼ ਪਾਠ ਸੁਣਿਆ ਕਰ ਤਾਂ ਵੱਲ ਰਹੇਂਗਾ। ਸੋ ਐਸਾ ਹੀ ਹੋਇਆ। ਤਵਾਰੀਖ ਖਾਲਸਾ ਅਨੁਸਾਰ ੧੬੫੭ ਵਿਚ ਰਚੀ ਜਾਕੇ ਸੁਖਮਨੀ ੧੬੫੭ ਵਿਚ ਹੀ ਬਹੁਤ ਪਰਵਿਰਤ ਹੋ ਚੁਕੀ ਸੀ; ਪ੍ਰੰਤੂ ਪੰਨਾ ੭੦੫ ਉਤੇ ਖਾ: ਤ੍ਵਾ: ਦੇ ਕਰਤਾ ਲਿਖਦੇ ਹਨ ਕਿ ਸੰਮਤ ੧੬੪੫ ਬਿ: ਵਿਚ ਹਰੀਮੰਦਰ ਦੀ ਨੀਂਹ ਰਖੀ ਇਸ ਤੋਂ ਸੰਸਾ ਹੋ ਜਾਂਦਾ ਹੈ ਕਿ ਜਦ ਮੰਦਰ ਬਣ ਚੁਕਾ ਸੀ ਤਾਂ ਕੀਹ ੧੨ ਵਰ੍ਹੇ ਅਜੇ ਗਾਰ ਹੀ ਨਿਕਲ ਰਹੀ ਸੀ ਕਿ ਜਦ ਵਜ਼ੀਰ ਖਾਂ ਆਇਆ ਤੇ ਬਾਬਾ ਬੁੱਢਾ ਹੋਰਨਾਂ ਸਿਖਾਂ ਵਾਂਙੂ ਗਾਰ ਕੱਢ ਰਿਹਾ ਸੀ ਤੇ ਵਜ਼ੀਰ ਖਾਂ ਦੇ ਪੇਟ ਤੇ ਗਾਰ ਦੀ ਟੋਕਰੀ ਮਾਰੀ ਗਈ ਤੇ ਉਹ ਰਾਜ਼ੀ ਹੋ ਗਿਆ ਤੇ ਸੁਖਮਨੀ ਓਸ ਨੂੰ ਬਖਸ਼ੀ ਗਈ? ਸਰੋਵਰ ਤਾਂ ਸਾਰਾ ਗੁਰੂ ਰਾਮਦਾਸ ਜੀ ਪੁਟਵਾ ਗਏ ਸਨ, ਜੈਸਾ ਕਿ ਭਾਈ ਗੁਰਦਾਸ ਜੀ ਲਿਖਦੇ ਹਨ–'ਪੂਰਨ ਤਾਲ ਖਟਾਇਆ'। ਤੇ ਹੋਰ ਸੇਵਾ ਜੋ ਗੁਰੂ ਅਰਜਨ ਦੇਵ ਜੀ ਨੇ ਕਰਵਾਈ, ਉਹ ਕਰ ਚੁਕਣ ਮਗਰੋਂ ਮੰਦਰ ੧੬੪੫ ਵਿਚ ਸ਼ੁਰੂ ਕੀਤਾ ਸੀ। ਫੇਰ ੧੨ ਬਰਸ ਗਾਰ ਕੀਕੂੰ ਨਿਕਲਦੀ ਰਹੀ? ਯਾ ਤਾਂ ਸੰਮਤਾਂ ਦੇ ਹਿਸਾਬ ਵਿਚ ਗ਼ਲਤੀ ਪਈ ਹੈ, ਯਾ ਸੰਮਤ ਗ਼ਲਤ ਛਪੇ ਹਨ। ਸੋ ਇਨ੍ਹਾਂ ਦਾ ਸੰਮਤ ੧੬੫੭ ਨਿਸਚਿਤ ਸੂਰਤ ਨਹੀਂ ਲੈਂਦਾ।

ਮਹਿਮਾਂ ਪ੍ਰਕਾਸ਼ ਵਾਰਤਿਕ ਵਿਚ ਸੰਮਤ ਤਾਂ ਨਹੀਂ ਦਿਤੇ, ਪਰ ਤਰਤੀਬ ਵਿਚ ਸੁਖਮਨੀ ਦਾ ਉਚਾਰ ਰਾਮਸਰ ਵਾਲੇ ਟਿਕਾਣੇ ਪਹਿਲੋਂ ਹੋਇਆ ਲਿਖਿਆ ਹੈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਓਸੇ ਟਿਕਾਣੇ ਸ਼ੁਰੂ ਹੋਈ ਲਿਖੀ ਹੈ। ਸੋ ਸਾਰੇ ਜਣੇ ਸੁਖਮਨੀ ਜੀ ਦਾ ਉਚਾਰ ਰਾਮਸਰ ਹੋਣ ਤੇ ਸਹਿਮਤ ਹਨ। ਪਰ ਕ਼ਰੀਨੇ ਕ਼ਿਆਸ ਇਹ ਗੱਲ ਵਧੇਰੇ ਹੈ ਕਿ ਸੁਖਮਨੀ ਸਾਹਿਬ ਜੋ ਰਾਮਸਰ ਉਚਾਰੀ ਗਈ ਹੈ ਤਦੋਂ ਹੀ ਉਚਾਰੀ ਗਈ ਜਦੋਂ ਰਾਮਸਰ ਬੈਠਣ ਉੱਠਣ ਦਾ ਥਾਉਂ ਟਿਕਾਣਾ ਬਣ ਗਿਆ ਸੀ। ਚਾਹੇ ਉਸ ਨੂੰ ਬਾਗ਼ ਕਿ ਉਪਬਨ ਦੀ ਸ਼ਕਲ ਦੇ ਦਿਤੀ ਗਈ ਤੇ ਤੰਬੂ ਕਨਾਤਾਂ ਲਾਇਕ ਥਾਂ ਤਿਆਰ ਹੋ ਚੁਕਾ ਸੀ ਤੇ ਸਰ ਚਾਹੇ ਕੱਚਾ ਚਾਹੇ ਪੱਕਾ ਬਣ ਚੁਕਾ ਸੀ। ਹਰ ਹਾਲ ਥਾਂ ਸੁਧਾਰਿਆ ਗਿਆ ਸੀ, ਛੋਟਾ ਜਿਹਾ ਟੋਭਾ ਯਾ ਛੰਭ ਯਾ ਸਰ, ਕੱਚੀ ਯਾ ਪੱਕੀ ਸੂਰਤ ਵਿਚ ਸੁਧਾਰਿਆ ਗਿਆ ਸੀ। ਕਿਉਂਕਿ ਪਹਿਲੋਂ ਤਾਂ ਇਹ ਜੰਗਲ ਸੀ ਤੇ ਜਦੋਂ ਥਾਂ ਸੁਧਾਰਿਆ ਗਿਆ ਜਿਥੇ ਸ਼ਾਮਿਯਾਨੇ ਤੇ ਕਨਾਤਾਂ ਲਗੀਆਂ ਤਾਂ ਮਨੋਰਥ ਗੁਰੂ ਗ੍ਰੰਥ ਸਾਹਿਬ ਰਚਨਾ ਵਾਸਤੇ ਏਕਾਂਤ, ਵਸੋਂ ਤੋਂ ਦੂਰ, ਬਨ ਵਾਲਾ ਛਾਂ ਦਾਰ ਥਾਂ ਲੱਭਿਆ ਤੇ ਸਵਾਰਿਆ ਗਿਆ ਸੀ, ਤਦੋਂ ਹੀ ਸੁਖਮਨੀ ਸਾਹਿਬ ਓਥੇ ਜਾ ਕੇ ਉਚਾਰੀ ਜਾ ਸਕਦੀ ਸੀ; ਜੋ ਥਾਂ ਕਿ ਹੁਣ ਤਕ ਅੰਕਿਤ ਹੈ ਤੇ ਸੁਰਖਯਤ ਹੈ ਤੇ ਬੇਰ ਮੌਜੂਦ ਹੈ। ਸੋ ਵਧੇਰੇ ਸੰਭਾਵਨਾ, ਜੋ ਠੀਕਤਾ ਦੇ ਨੇੜੇ ਹੈ, ਇਹੀ ਹੈ ਕਿ ਜਦੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਕਲਨਾ ਵਾਸਤੇ ਏਥੇ ਤਿਆਰੀ ਹੋਈ ਓਦੋਂ ਹੀ

*ਵਜ਼ੀਰ ਖਾਂ ਲਾਹੌਰ ਤੇ ਆਗਰੇ ਦਾ ਸੂਬੇਦਾਰ ਰਿਹਾ ਹੈ। ਲਾਹੌਰ ਦਿੱਲੀ ਦਰਵਾਜ਼ੇ ਇਸ ਦੀ ਬਣਾਈ ਵੱਡੀ ਮਸਜਿਦ ਹੈ। ਇਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਰਧਾਲੂ ਸੇਵਕ ਸੀ। ਇਸ ਦਾ ਚਲਾਣਾ ਆਗਰੇ ਵਿਚ ਹੋਇਆ, ਤਦੋਂ ਸੰਮਤ (੧੬੩੮ ਈ:+੫੭=) ੧੬੯੫ ਬਿ: ਸੀ।

ਸੁਖਮਨੀ ਰਚੀ ਗਈ। ਹਾਂ ਜਦੋਂ ਰਾਮਸਰ ਸਾਹਿਬ ਐਸਾ ਆਰਾਮ ਬਣ ਗਿਆ ਕਿ ਤੰਬੂ ਕਨਾਤਾਂ ਲਗ ਗਏ ਤੇ ਗੁਰੂ ਜੀ ਰਾਤ ਓਥੇ ਸੌਂ ਸਕੇ ਤਦੋਂ ਹੀ ਸਵੇਰੇ ਉਠਕੇ ਸੁਖਮਨੀ ਉਚਾਰੀ ਗਈ। ਉਜਾੜ ਵਿਚ ਰਾਤ ਸੌਣਾ ਤੇ ਸਵੇਰੇ ਕੰਮ ਲਗਣਾ ਸੰਭਵ ਨਹੀਂ ਸੀ। ਸੋ ਸੁਖਮਨੀ ਉਚਾਰੀ ਗਈ ਓਦੋਂ ਜਦੋਂ ਥਾਂ ਰਹਿਣ ਲਾਇਕ ਹੋ ਗਈ ਸੀ, ਚਾਹੇ ਥਾਂ ਸੁਧਰਦੇ ਸਾਰ ਚਾਹੇ ਕੁਛ ਮਗਰੋਂ ਤੇ ਚਾਹੇ ਉਸ ਵੇਲੇ ਜਦੋਂ ਗਉੜੀ ਰਾਗ ਸੰਕਲਤ ਹੋ ਰਿਹਾ ਤੇ ਬਾਣੀ ਏਸ ਰਾਗ ਵਿਚ ਆਪ ਉਚਾਰ ਤੇ ਲਿਖਵਾ ਰਹੇ ਸੇ ਤੇ ਛੰਤ ਖਤਮ ਕਰ ਚੁਕੇ ਸੇ, ਜੈਸਾ ਕਿ ਸੂਰਜ ਪ੍ਰਕਾਸ਼ ਵਿਚ ਲਿਖਿਆ ਹੈ।

## ੪. ਸੁਖਮਨੀ ਪਦ ਦੇ ਅਰਥ।

ਇਸ ਸੁਖਦਾਈ ਸ਼ਬਦ ਦੇ ਅਰਥ ਹਨ:—ਸੁਖ+ਮਨ। ਈ=ਮਨ ਨੂੰ ਸੁਖ ਦੇਣ ਹਾਰ। ਦੇਖੋ ਪਹਿਲੀ ਅਸਟਪਦੀ ਦੀ ਪਹਿਲੀ ਪਉੜੀ ਦਾ ਰਹਾਉ:—ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ॥ ਭਗਤ ਜਨਾ ਕੈ ਮਨਿ ਬਿਸ੍ਰਾਮ॥ ਇਸ ਦੇ ਸ਼ਲੇਖ ਕਰਕੇ ਦੋ ਅਰਥ ਹਨ। ਇਕ ਅਰਥ ਇਹ ਹੈ:— ਇਸ ਪੋਥੀ ਵਿਚ ਨਾਮ ਦਾ ਵਰਣਨ ਹੈ, ਜੋ ਅਮਰ ਕਰਦਾ ਤੇ ਸੁਖਾਂ ਦਾ ਦਾਤਾ ਹੈ। ਅੰਤਲੀ ਅਸਟਪਦੀ ਦੇ ਪੰਜਵੇਂ ਅੰਕ ਵਿਚ:—ਸੁਖਮਨੀ ਸਹਜ ਗੋਬਿੰਦ ਗੁਨ ਨਾਮ॥ ਜਿਸੁ ਮਨਿ ਬਸੈ ਸੁ ਹੋਤ ਨਿਧਾਨ॥ ਪੁਨਾ:-ਨਾਨਕ ਇਹ ਗੁਣਿ ਨਾਮ ਸੁਖਮਨੀ॥ ਵਾਕ ਆਏ ਹਨ। ਜਿਨ੍ਹਾਂ ਤੋਂ ਪਤਾ ਲੱਗਾ ਕਿ ਸੁਖਮਨੀ ਮਨ ਨੂੰ ਨਾਮ ਦਾ ਸੁਖ ਪ੍ਰਦਾਨ ਕਰਨੇ ਵਾਲੀ ਬਾਣੀ ਦਾ ਨਾਮ ਹੈ।

(ਅ) ਸੁਖਮਨੀ ਦੀ ਅੰਤਲੀ ਅਸਟਪਦੀ ਵਿਚ—'ਉਤਮ ਸਲੋਕ ਸਾਧ ਕੇ ਬਚਨ॥ ਅਮੁਲੀਕ ਲਾਲ ਏਹਿ ਰਤਨ'॥ ਪਾਠ ਹੋਣ ਕਰਕੇ ਸੰਪ੍ਰਦਾਈ ਗਯਾਨੀ ਉਪਰਲੇ ਅਰਥ ਦੇ ਨਾਲ 'ਸੁਖਮਨੀ' ਪਦ ਦਾ ਦੂਸਰਾ ਅਰਥ—'ਸੁਖਾਂ ਦੀ ਮਣੀ' ਬੀ ਕਰਦੇ ਹਨ। ਸੁਖ ਰੂਪੀ ਰਤਨਾਂ ਦੀ ਦਾਤੀ॥

## ੫. ਇਸ ਬਾਣੀ ਦਾ ਹਿਸਾਬ ਵਿਵੇਚਨਾ।

੨੪ ਇਸ ਵਿਚ ਸ਼ਲੋਕ ਹਨ, ੨੪ ਹੀ ਅਸਟਪਦੀਆਂ ਹਨ। ਹਰ ਅਸਟਪਦੀ ਵਿਚ ੮ ਪਦੇ ਹਨ ਯਾ ਪਉੜੀਆਂ ਹਨ, ਹਰ ਪਉੜੀ ਵਿਚ ਦੱਸ ਸਤਰਾਂ ਯਾ ਤੁਕਾਂ ਹਨ।

ਸਲੋਕ ਅਕਸਰ ਦੋਹੇ ਦੇ ਵਜ਼ਨ ਦੇ ਹਨ: ੧੩+੧੧=੨੪ ਮਾਤ੍ਰਾਂ। ਪਰ ਸਾਰੇ ਸਲੋਕ ਇਕੋ ਵਜ਼ਨ ਦੇ ਨਹੀਂ, ਜਿਵੇਂ 'ਆਦਿ ਸਚੁ ਜੁਗਾਦਿ ਸਚੁ॥ ਹੈਭਿ ਸਚੁ ਨਾਨਕ ਹੋਸੀ ਭਿ ਸਚੁ॥' ਸਲੋਕ ੧੭ਵੀਂ ਅਸਟਪਦੀ ਦਾ ਜੋ ਹੈ ਦੋਹੇ ਦੇ ਵਜ਼ਨ ਦਾ ਨਹੀਂ ਹੈ। ਅਸਟਪਦੀਆਂ ਦੀਆਂ ਪਉੜੀਆਂ ਦੀਆਂ ਤੁਕਾਂ ਦਾ ਵਜ਼ਨ ਚੌਪਈ ਦੀਆਂ ੧੫,੧੬ ਮਾਤ੍ਰਾਂ ਦਾ ਆਮ ਤੌਰ ਤੇ ਹੈ।

## ੬. ਸੁਖਮਨੀ ਦੀ ਬੋਲੀ।

ਸੁਖਮਨੀ ਦੀ ਬੋਲੀ ਵਿਚ ਇਕ ਬੜਾ ਭਾਰੀ ਸਾਹਿਤਕ ਕਮਾਲ ਹੈ। ਇਸ ਵਿਚ ਜੋ ਪਦ ਆਏ ਹਨ ਐਸੇ ਹਨ ਕਿ ਜੋ ਪੰਜਾਬੀ ਤੇ ਹਿੰਦੀ ਲੋਕ ਦੁਇ ਇਨ੍ਹਾਂ ਨੂੰ ਸਮਝਦੇ ਹਨ ਤੇ ਬਾਣੀ ਦੋਹਾਂ ਨੂੰ ਰਸ ਦੇ ਜਾਂਦੀ ਹੈ। ਸੋ ਇਸ ਦੀ ਬੋਲੀ ਪੰਜਾਬੀਆਂ ਤੇ ਹਿੰਦੁਸਤਾਨੀਆਂ ਦੋਹਾਂ ਲਈ ਸੌਖੀ ਹੈ।

## ੭. ਸੁਖਮਨੀ ਦਾ ਗਾਇਨ।

ਬਾਵਨ ਅਖਰੀ ਵਾਙੂ ਇਸਦੇ ਗਾਯਨ ਦਾ ਰਿਵਾਜ ਦੇਖਣ ਵਿਚ ਨਹੀਂ ਆਇਆ; ਪਰ ਇਸ ਦੇ ਗਾਯਨ ਦੀ ਮਨਾਹੀ ਬੀ ਨਹੀਂ, ਸਗੋਂ ਆਗਯਾ ਹੈ, ਕਿਉਂਕਿ ਇਸ ਨੂੰ ਗਉੜੀ ਰਾਗ ਵਿਚ ਲਿਖਿਆ ਹੈ ਤੇ ਗਾਇਨ ਦੀ ਹਿਦਾਯਤ ਲਈ 'ਰਹਾਉ' ਬੀ ਦਿੱਤਾ ਹੈ। ਰਹਾਉ ਇੱਕੋ ਹੈ, ਜਿਸ ਦਾ ਭਾਵ ਇਹ ਹੈ ਕਿ ਸਾਰੀ ਬਾਣੀ ਸੂਤ੍ਰਾਤਮਕ ਸਿੱਧਾਂਤ ਰਹਾਉ ਵਿਚ ਤੇ ਉਹ ਹਰ ਅਸਟਪਦੀ ਦਾ ਰਹਾਉ

ਬਣਾ ਕੇ ਗਾਂਵਿਆਂ ਜਾ ਸਕਦਾ ਹੈ।

ਗਉੜੀ ਰਾਗ ਵਿਚ ਹੋਣ ਕਰਕੇ ਇਸਦੇ ਗਾਯਨ ਦਾ ਸਮਾ ਲੌਢਾ ਪਹਿਰ ਹੈ, ਪਰ ਪਾਠ ਲਈ ਸਮੇਂ ਦਾ ਸੰਕੇਤ ਨਹੀਂ।

## ੮. ਸੁਖਮਨੀ ਦਾ ਪਾਠ।

ਇਹ ਬਾਣੀ ਇਕ ਤਰ੍ਹਾਂ ਸਿੱਖਾਂ ਦੇ ਰੋਜ਼ਾਨਾ ਪਾਠ ਦੀ ਬਾਣੀ ਹੈ। ਪਰ ਰੋਜ਼ਾਨਾ ਪਾਠਾਂ ਦੀਆਂ ਦੋ ਭਾਂਤਾਂ ਹਨ: ਇਕ 'ਨਿੱਤ ਅਵਸ਼ ਪਾਠ', ਦੂਸਰੇ 'ਨਿੱਤ ਸੁਹਿਤ ਪਾਠ'।

ਜਿਨ੍ਹਾਂ ਬਾਣੀਆਂ ਦਾ ਪੜ੍ਹਨਾ ਜ਼ਰੂਰੀ ਹੈ ਤੇ ਨਾ ਪੜ੍ਹਨਾ ਅਵਗਯਾ ਹੈ ਸੋ 'ਅਵੱਸ਼ ਨਿਤ ਪਾਠ' ਹੈ। ਤੇ ਜੋ ਕਰੋ ਤਾਂ ਲਾਹਾ ਹੀ ਲਾਹਾ ਹੈ,ਪਰ ਨਾ ਕਰੋ ਤਾਂ ਅਵੱਗਯਾ ਨਹੀਂ,ਉਹ 'ਸੁਹਿਤ ਨਿਤ ਪਾਠ' ਹੈ; ਸੋ ਸੁਖਮਨੀ ਦਾ ਪਾਠ 'ਸੁਹਿਤ ਨਿਤ ਪਾਠ' ਹੈ। ਬਹੁਤ ਪ੍ਰੇਮੀ ਇਸ ਦਾ ਪਾਠ ਰੋਜ਼ ਕਰਦੇ ਹਨ। ਕੋਈ ਸਵੇਰੇ ਕੋਈ ਦੁਪਹਿਰੇ, ਕੋਈ ਜਦ ਸਮਾ ਮਿਲ ਜਾਏ। ਇਹ ਬੀ ਦੱਸਿਆ ਜਾਂਦਾ ਹੈ ਕਿ ਛੇਵੇਂ ਸਤਿਗੁਰੂ ਜੀ ਬੀ ਇਸ ਬਾਣੀ ਦੇ ਪਾਠ ਦੇ ਨੇਮੀ ਸਨ। ਸ੍ਰੀ ਦਰਬਾਰ ਸਾਹਿਬ ਵਿਚ ਇਕ ਸਜਣ ਸੁਖਮਨੀ ਦਾ ਪਾਠ ਸਹਿਜੇ ਸਹਿਜੇ ਅੰਮ੍ਰਿਤ ਵੇਲੇ ਕਰਦਾ ਰਹਿੰਦਾ ਹੈ। ਆਸਾ ਦੀ ਵਾਰ ਵਿਚ ਇਕ ਪਉੜੀ ਤੇ ਆ ਕੇ ਰਾਗੀ ਸਿੰਘ ਕੀਰਤਨ ਬੰਦ ਕਰ ਦੇਂਦੇ ਹਨ ਤੇ ਸੁਖਮਨੀ ਦੇ ਪਾਠ ਕਰਨ ਵਾਲਾ ਸੱਜਣ ਉੱਠ ਕੇ ਸੁਖਮਨੀ ਸਾਹਿਬ ਦੇ ਭੋਗ ਦੀ ਪਉੜੀ ਦਾ ਉਚਾਰਨ ਕਰਦਾ ਹੈ; ਫੇਰ ਕੀਰਤਨ ਮੁੜ ਸ਼ੁਰੂ ਹੋ ਜਾਂਦਾ ਹੈ।

ਇਹ ਖਿਆਲ ਸਿਖਾਂ ਵਿਚ ਪ੍ਰਚਲਿਤ ਹੈ ਕਿ ਸੁਖਮਨੀ ਸਾਹਿਬ ਦੇ ਪਾਠ ਨਾਲ ਅਠ ਪਹਿਰ ਦੇ ਸਿਮਰਨ ਵਿਚ ਕੋਈ ਕਸਰ ਰਹੇ ਤਾਂ ਪੂਰੀ ਹੋ ਜਾਂਦੀ ਹੈ। ਕਈ ਸੱਜਣ ਤਾਂ ਆਖਦੇ ਸੁਣੇ ਹਨ ਕਿ ਜੀਵ ਦੇ ੨੪੦੦੦ ਸੁਆਸ ਰੋਜ਼ ਦੇ ਹਨ। ਸੁਖਮਨੀ ਸਾਹਿਬ ਦੀਆਂ ੨੪ ਅਸਟਪਦੀਆਂ ਦੇ ਪਾਠ ਵਿਚ ੨੪੦੦੦ ਸੁਆਸ ਸਫਲ ਹੋ ਜਾਂਦਾ ਹੈ।

## ੯. ਸੁਖਮਨੀ ਸਾਹਿਬ ਦਾ ਮਹਾਤਮ।

ਸੁਖਮਨੀ ਸਾਹਿਬ ਦਾ ਮਹਾਤਮ ਇਸ ਦੇ ਰਹਾਉ ਤੇ ਅਖੀਰਲੀ ਅਸਟਪਦੀ ਵਿਚ ਸ੍ਰੀ ਗੁਰੂ ਜੀ ਨੇ ਆਪ ਕਥਨ ਕੀਤਾ ਹੈ। ਛੇਵੀਂ ਪੌੜੀ ਤੋਂ ਅਖੀਰਲੀ ਦੇ ਵਿਚਾਲੇ ਕਈ ਵੇਰ ਆਇਆ ਹੈ। ਆਪ ਜੀ ਫੁਰਮਾਉਂਦੇ ਹਨ ਕਿ ਇਹ ਬਾਣੀ ਨਾਮ ਦੀ ਦ੍ਰਿੜਤਾ ਵਾਸਤੇ ਬਖਸ਼ੀ ਗਈ ਹੈ। ਇਹ ਆਪ ਹਰੀਜਸ ਰੂਪ, ਹਰੀ ਕੀਰਤਨ ਰੂਪ ਹੈ। ਬਾਰੰਬਾਰ ਤਾਕੀਦ ਨਾਮ ਜਪਣੇ ਦੀ ਕਰਦੀ ਹੈ ਤੇ ਇਹ ਨਾਮ ਨੂੰ ਹਿਰਦੇ ਤੇ ਉੱਕਰ ਦੇਂਦੀ ਹੈ, ਅਤੇ ਇਹ ਮਨ ਨੂੰ ਇਕ ਸਿਫਤ ਸਲਾਹ ਦੇ ਰਸ ਵਿਚ ਲਿਜਾਕੇ ਦ੍ਰਵੀਭੂਤ ਕਰ ਦੇਂਦੀ ਹੈ; ਜਿਸ ਵਿਚ ਨਾਮ ਦੀ ਲਾਈ ਹੋਈ ਮੁਹਰ ਅਪਣੀ ਛਾਪ ਸਾਫ ਲਗਾ ਦੇਂਦੀ ਹੈ

ਪਿੱਛੇ ਦੱਸ ਆਏ ਹਾਂ ਕਿ ਇਸ ਬਾਣੀ ਦੇ ਕਈ ਪ੍ਰੇਮੀ ਚੋਵੀ ਹਜ਼ਾਰ ਦਿਨ ਰਾਤ ਦੇ ਸੁਆਸਾਂ ਦੀ ਸਫਲਤਾ ਸਮਝਕੇ ਇਸਦਾ ਪਾਠ ਰੋਜ਼ ਕਰਦੇ ਹਨ। ਕਈ ਪ੍ਰੇਮੀ ਇਸ ਦ੍ਰਿੜ ਵਿਸ਼ਵਾਸ਼ ਵਿਚ ਪਾਠ ਕਰਦ ਹਨ ਕਿ ਇਸਦੇ ਨੇਮੀ ਨੂੰ ਅੰਤਕਾਲ ਦੀ ਪੀੜਾ ਨਹੀਂ ਵਾਪਰਦੀ।

ਗਲ ਕੀਹ, ਇਹ ਬਾਣੀ ਐਸੀ ਮ੍ਰਿਦੁਲ ਤੇ ਰਸਮਈ ਹੈ ਕਿ ਇਸ ਨਾਲ ਪ੍ਰੇਮੀਆਂ ਦਾ ਬਹੁਤ ਪ੍ਰੇਮ ਹੈ ਤੇ ਇਸਦੇ ਪਾਠ, ਨੇਮ, ਵੀਚਾਰ ਨੇ ਹਜ਼ਾਰਾਂ ਜੀਵ ਭਵਸਾਗਰ ਤੋਂ ਪਾਰ ਕੀਤੇ ਹਨ। ਅਨਪੜ ਮਾਈ ਭਾਈ ਹਜ਼ਾਰਾਂ ਹਨ ਜਿਨ੍ਹਾਂ ਨੇ ਇਕ ਇਕ ਤੁਕ ਪੜਿਆਂ ਤੋਂ ਲੈ ਲੈ ਕੇ ਕੰਠ ਕਰ ਕਰਕੇ ਯਾਦ ਕਰ ਲਈ ਤੇ ਫੇਰ ਰੋਜ਼ ਪਾਠ ਕਰਦੇ ਹਨ।

# ੧੦. ਇਸ ਬਾਣੀ ਦਾ ਵਿਸ਼ਯ !

ਇਸ ਬਾਣੀ ਵਿਚ 'ਨਾਮ' ਦਾ ਵਿਸ਼ਯ ਹੈ। ਸਮਝੋ ਕਿ 'ਨਾਮ ਯੋਗ' ਯਾ 'ਭਗਤੀ ਯੋਗ' ਦਾ ਇਹ ਦਰਸ਼ਨ ਸ਼ਾਸਤ੍ਰ ਹੈ ਯਾ 'ਨਾਮ ਗ੍ਯਾਨ' ਕਿ 'ਭਗਤੀ ਗ੍ਯਾਨ' ਦਾ ਇਹ ਪੋਥੀ ਇਕ ਦਰਪਣ ਹੈ। ਇਹ ਸਾਰਾ ਕੁਛ ਐਸੀ ਸੌਖੀ ਤੇ ਸਰਲ ਬੋਲੀ ਵਿਚ ਹੋਇਆ ਹੈ ਕਿ ਸੌਖਾ ਸਮਝ ਪੈਂਦਾ ਹੈ ਤੇ ਸਮਝਿਆ ਘਰ ਕਰਦਾ ਹੈ। ਪਦਾਂ ਦੇ ਅਰਥ ਤੇ ਅਰਥ-ਯੋਜਨਾ ਅਰ ਭਾਵ ਜਗਾ ਜਗਾ ਪਾਠਕ ਦੀ ਸੁਖੈਨਤਾ ਲਈ ਅੱਗੇ ਲਿਖ ਦਿੱਤੇ ਹਨ।

ਕਈ ਗੱਲਾਂ ਪ੍ਰਾਕਕਥਨਾਂ ਵਿਚ ਭਾਵਾਂ ਵਿਚ, ਸਿਰਲੇਖਾਂ ਵਿਚ ਤੇ ਕਈ ਗੱਲਾਂ ਹੇਠਲੀਆਂ ਟੂਕਾਂ ਵਿਚ ਖੋਹਲ ਦਿੱਤੀਆਂ ਹਨ। ਇਸ ਬਾਣੀ ਵਿਚ ਸਤਿਗੁਰੂ ਜੀ ਨੇ ਪਰਮ ਪਦ ਦੀ ਪ੍ਰਾਪਤੀ ਦੀ ਜਾਚ ਸਿਖਾਈ ਹੈ, ਉਸ ਦਾ ਰੂਪ ਬੱਧਾ ਹੈ, ਉਸ ਦੇ ਗੁਣ ਗਾਏ ਹਨ, ਪ੍ਰੇਰਨਾ ਕੀਤੀ ਹੈ ਤੇ ਉਸ ਦੇ ਰਸ ਆਸ੍ਵਾਦਨ ਦੀ ਛਹਿਬਰ ਲਾਈ ਹੈ।

ਪਰ ਕਈ ਲੋਕ ਸਹਜ ਨਾਲ ਕਹਿ ਦਿਆ ਕਰਦੇ ਹਨ ਕਿ ੨੧ਵੀਂ ਅਸਟਪਦੀ ਪੜ੍ਹਕੇ ਵੇਖੋ ਗ੍ਯਨ ਹੀ ਗ੍ਯਾਨ ਹੈ ਪਰ ਓਹ ਇਹ ਨਹੀਂ ਸਮਝਦੇ ਕਿ ਇਹ ਗ੍ਯਾਨ ਸਫਲ ਗਿਆਨ ਹੈ। ਇਹ ਜਾਣਨਾ ਮਾਤ੍ਰ ਨਹੀਂ*। ਬਾਰ ਬਾਰ ਉਹੋ ਗੱਲਾਂ ਕਈ ਜਗਾ ਦੇਖ ਕੇ ਵਿਦ੍ਵਾਨਾਂ ਨੂੰ, ਜਿਨ੍ਹਾਂ ਨੂੰ ਕੇਵਲ ਜਾਣਨ ਨਾਲ ਮਤਲਬ ਹੁੰਦਾ ਹੈ, ਸੋਚਦੇ ਹਨ ਕਿ ਕਿਉਂ ਬਾਰ ਬਾਰ ਹੈ। ਹੈਰਾਨ ਹੋਣ ਦੀ ਗੱਲ ਨਹੀਂ, ਗੁਰੂ ਜੀ ਸਰਬ ਸਾਧਾਰਨ ਨੂੰ ਭਗਤੀ ਤੇ ਗ੍ਯਾਨ ਦੇ ਰਹੇ ਹਨ। ਨਿਰਾ ਸੁਣਾ ਨਹੀਂ ਰਹੇ, ਉਨ੍ਹਾਂ ਦੇ ਜੀਵਨਾਂ ਵਿਚ ਪ੍ਰੋ ਰਹੇ ਹਨ। ਇਸ ਲਈ ਇੱਕੋ ਸੱਚ ਨੂੰ ਰੰਗਾ ਰੰਗੀ ਰੂਪਾਂ ਵਿਚ ਕਈ ਵੇਰ ਪ੍ਰਤਿਪਾਦਨ ਕਰਦੇ ਹਨ।

ਫੇਰ ਬਾਹਲਾ ਜ਼ੋਰ ਇਸ ਗੱਲ ਤੇ ਦੇਂਦੇ ਹਨ, ਕਿ ਸਾਡਾ 'ਯੋਗ', ਸਾਡਾ 'ਗ੍ਯਾਨ' 'ਪ੍ਰੇਮ' ਦਾ ਹੈ 'ਭਗਤੀ' ਦਾ ਹੈ। ਨਾਮ ਅਭ੍ਯਾਸ ਨਾਲ, ਸਾਈਂ ਨੂੰ ਹਾਜ਼ਰਾ ਹਜ਼ੂਰ ਲਖ ਕੇ ਉਸਦੇ ਗੁਣ ਗਾਯਨ ਨਾਲ, ਸਿਫਤ ਸਲਾਹ ਦੇ ਅਸਰ ਨਾਲ, ਵਿਸਮਾਦ ਵਿਚ ਜਾ ਕੇ ਉਸਦੇ ਸਰੀਹਨ ਮਿਲਾਪ ਵਿਚ ਹੋ ਕੇ ਪਰਮਪਦ ਨੂੰ ਪਹੁੰਚਣਾ ਹੈ। ਵਾਹਿਗੁਰੂ ਵਿਚ ਪ੍ਰਾਪਤੀ ਪਰਮਪਦ ਹੈ। ਫੇਰ ਪ੍ਰਾਪਤੀ ਪਾ ਕੇ ਅਫ਼ੂਰ ਨਹੀਂ ਹੋ ਜਾਣਾ। ਨਿਰੇ ਮਨੋ ਗ੍ਯਾਨ ਵਿਚ 'ਮੈਂ ਬ੍ਰਹਮ, ਮੈਂ ਬ੍ਰਹਮ' ਕੂਕਦੇ ਰਹਿਣਾ ਅਸਲੀ ਪਦ ਦੀ ਪ੍ਰਾਪਤੀ ਨਹੀਂ। ਵਿਸਮਾਦ ਦੇ ਰੰਗ ਰੰਗੀਜ ਕੇ ਮਿਲਾਪ ਦੀ ਸਮਾਧੀ ਵਿਚ ਜਾਣਾਂ ਹੈ, ਫੇਰ ਉਸ ਸਮਾਧੀ ਨੇ ਲਗਾਤਾਰੀ ਹੋਕੇ ਸਦਾ ਨਾਲ ਰਹਿਣਾ ਹੈ। ਮਨ ਇੰਦ੍ਰੈ ਸਰੀਰ ਵਿਚ ਅਕਾਲ ਪੁਰਖ ਦੀ ਅਨੁਭਵਤਾ, ਵ੍ਯਾਪਕਤਾ, ਮੇਲ ਅਤੂਟ ਰਹਿਣਾ ਹੈ। ਚਿੱਤ ਦੀਆਂ ਬ੍ਰਿਤੀਆਂ ਨੇ ਨਿਰੁੱਧ ਹੋ ਕੇ ਜ ਕਰ ਤਤਕਾਲ ਮੌਤ ਵਿਚ ਨਹੀਂ ਪਾ ਦੇਣਾ ਤੇ ਮਨ ਤੇ ਇੰਦ੍ਰੀਆਂ ਨੇ ਟੁਰੇ ਰਹਿਣਾ ਹੈ ਤਾਂ ਉਨ੍ਹਾਂ ਦਾ ਅਕਾਲ-ਪੁਰਖ ਦੀ ਅਰੂੜਤਾ ਤੋਂ, ਉਸ ਦੇ ਲਗਾਤਾਰ ਅਹਿਸਾਸ ਤੋਂ, ਉਸ ਦੇ 'ਹਜ਼ੂਰੀ-ਵਾਸ' ਤੋਂ, ਉਸ ਦੇ ਰਸ ਰੰਗ ਤੋਂ ਮਨ ਇੰਦ੍ਰਿਆਂ ਨੂੰ ਸ਼ੂਨ ਨਹੀਂ ਕਰ ਦੇਣਾ। 'ਹਰੀ ਜਨ ਤੇ 'ਮਾਯਾਵੀ ਜਨ' ਦਾ ਇਹੀ ਤਾਂ ਫਰਕ ਹੈ। ਇਸ ਪ੍ਰਕਾਰ ਦੇ ਅਮਲੀ ਆਤਮ ਜੀਵਨ ਦਾ, ਰਸ ਰੰਗ ਭਰੇ ਜੀਵਨ ਦਾ ਉਪਦੇਸ਼ ਹੋਣ ਕਰਕੇ ਬਾਣੀ ਵਿਚ ਇਸ ਗੱਲ ਤੇ ਬਹੁਤ ਜ਼ੋਰ ਹੈ ਕਿ ਕਦੇ ਵਾਹਿਗੁਰੂ ਵਿਹੂਣੇ ਨਾ ਹੋ ਜਾਓ। ਅੰਦਰ ਵਿਚ, ਬਾਹਰ ਵਿਚ, ਅੰਗ ਅੰਗ ਵਿਚ, ਮਨ ਬ੍ਰਿਤੀ ਵਿਚ, ਉਸ ਵ੍ਯਾਪਕ ਦੀ ਵ੍ਯਾਪਕਤਾ ਵੱਸੇ ਤੇ ਉਸ ਦੀ ਰਸ ਅਨੁਭਵਤਾ ਵਿਚ ਸਮਾਏ ਸਫਲ ਗ੍ਯਾਨ, ਸਫਲ ਯੋਗ ਕਿਸੇ ਛਿਨ ਬ੍ਰਿਤੀਆਂ ਵਿਚੋਂ ਬੀ ਪਰੇ ਨਾ ਹੋਵੇ।

ਗਲ ਕੀ ਇਹ ਸਾਰੀ ਬਾਣੀ 'ਪ੍ਰੇਮ' ਦਾ ਦਰਸ਼ਨ ਹੈ, 'ਨਾਮ' ਦਾ ਸ਼ਾਸਤ੍ਰ, ਇਹ ਸ਼ੁਭ ਆਚਰਣ

---

*ਬੇਦ ਕਤੇਬ ਸੰਸਾਰ ਹਭਾ ਹੂੰ ਬਾਹਰਾ॥ ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ॥ [ਆਸਾ ਮ: ੫-੧੦੫

ਸਿਖਾਲਦੀ ਹੈ। 'ਸ਼ੁਭ ਆਚਰਣ' ਨੂੰ ਨੀਂਹ ਬਣਾਕੇ 'ਸੇਵਾ' ਤੇ ਨਿਸ਼ਕਾਮ ਸੇਵਾ ਸਿਖਾਲਦੀ ਹੈ। ਇਹ ਸਤਿਸੰਗ ਤੇ ਗੁਰਮੁਖ ਦੇ ਸਤਿਸੰਗ ਦੀ ਲੋੜ ਪ੍ਰਤਿਪਾਦਨ ਕਰਦੀ ਹੈ। ਇਹ ਨਾਮ ਵਿਚ, ਅਕਾਲ ਪੁਰਖ ਦੇ 'ਸਬਦ ਸੋਹਿਲੇ' ਵਿਚ ਪ੍ਰਵਿਰਤ ਕਰਦੀ ਹੈ। ਇਹ ਵਾਹਿਗੁਰੂ ਦੀ ਸਿਫਤ ਸਲਾਹ ਤੇ ਗੁਣ ਗਾਯਨ ਵਿਚ ਮਗਨ ਕਰਦੀ ਹੈ। ਇਸ ਮਗਨਤਾ ਨਾਲ ਵਿਸਮਾਦ ਵਿਚ ਲੈ ਜਾਂਦੀ ਹੈ। ਵਿਸਮਾਦ ਵਿਚ ਤ੍ਰਿਸ਼ਨਾ ਹਤ ਹੋ ਜਾਂਦੀ ਹੈ ਤੇ ਨਿਰੋਲ ਨਾਮ ਰਸ ਆ ਪ੍ਰਤੀਤ ਦੇਂਦਾ ਹੈ, ਆਤਮ ਲੱਖਤਾ ਦਾ ਸੁਆਦ ਰਸਦਾ ਹੈ। ਇਸ ਰਸ ਨਾਲ ਪ੍ਰੇਮ ਦੀ ਖਿੱਚ ਨਾਲ ਪਰਮਾਤਮਾ ਵਿਚ ਪ੍ਰਾਪਤੀ ਹੁੰਦੀ ਹੈ' ਪ੍ਰੇਮੀ ਪਿਆਰੇ ਵਿਚ, ਪ੍ਰੀਤਮ ਪ੍ਰੇਮ ਵਿਚ ਰਸ ਮਿਲਦੇ ਹਨ। ਭਿੰਨ ਭੇਤ ਨਹੀਂ ਰਹਿੰਦਾ। ਪ੍ਰੇਮੀ ਆਪ ਅਨੰਦ ਸਰੂਪ ਹੋਕੇ ਸੁੰਨ ਨਹੀਂ ਹੋ ਜਾਂਦਾ, ਚਾਹੇ ਆਪ ਆਨੰਦ ਸਰੂਪ ਵਿਚ ਲੀਨ, ਆਨੰਦ ਹੀ ਆਨੰਦ ਹੁੰਦਾ ਹੈ, ਪਰ ਪਾਣੀ ਰੂਪ ਬਦਲ ਵਾਂਙੂ, ਹਾਂ ਆਨੰਦ ਹੀ ਆਨੰਦ ਘਨ ਹੋਕੇ ਉਸ ਤੋਂ ਹਾਂ ਉਸ ਉਪਕਾਰੀ ਆਨੰਦ ਮੇਘ ਤੋਂ ਬਰਖਾ ਹੁੰਦੀ ਹੈ। ਆਤਮ ਰਸ ਦੀ ਬਰਖਾ ਹੁੰਦੀ ਹੈ, ਜਗਤ ਵਰੋਸਾਉਂਦਾ ਹੈ।

# ਗਉੜੀ ਸੁਖਮਨੀ ਮਹਲਾ ੫

ਰਾਗ ਗਉੜੀ ਵਿਚ ਸੁਖਮਨੀ ਨਾਮ ਬਾਣੀ ਜੋ ਪੰਜਵੇਂ ਗੁਰਾਂ ਦੀ ਰਚਿਤ ਹੈ।

## ਸਲੋਕੁ

## ੧ ਓ ਸਤਿਗੁਰ ਪ੍ਰਸਾਦਿ॥

ਸਲੋਕ ('੧ ਓ ਸਤਿਗੁਰ ਪ੍ਰਸਾਦਿ' ਦਾ ਟੀਕਾ ਦੇਖੋ ਜਪੁਜੀ ਦੇ ਮੁੱਢ ਵਿਚ)।

**ਪ੍ਰਾਕ੍ਰਥਨ**—ਸਲੋਕ ਵਿਚ ਪਹਿਲੇ ਚਾਰ ਗੁਰੂ ਸਾਹਿਬਾਂ ਦਾ ਮੰਗਲ ਕੀਤਾ ਹੈ।

| | |
|---|---|
| ਆਦਿ ਗੁਰਏ ਨਮਹ ॥ ਜੁਗਾਦਿ ਗੁਰਏ ਨਮਹ ॥ ਸਤਿਗੁਰਏ ਨਮਹ॥ ਸ੍ਰੀ ਗੁਰਦੇਵਏ ਨਮਹ॥੧॥ | ਆਦਿ ਗੁਰੂ ਤਾਈਂ ਨਮਸਕਾਰ ਹੈ, ਜੁਗਾਦਿ ਗੁਰੂ ਤਾਈਂ ਨਮਸਕਾਰ ਹੈ। ਸਤਿਗੁਰੂ ਤਾਈਂ ਨਮਸਕਾਰ ਹੈ, ਸ੍ਰੀ ਗੁਰਦੇਵ* ਤਾਈਂ ਨਮਸਕਾਰ ਹੈ। |

**ਪ੍ਰਾਕ੍ਰਥਨ**—ਅਸਟਪਦੀ ਵਿਚ ਨਾਮ ਦੀ ਮਹਿਮਾ ਤੇ ਮਹਾਤਮ ਕਥਨ ਕੀਤਾ ਹੈ।

---

*ਆਦਿ ਗੁਰੂ=ਪਹਿਲੇ ਗੁਰੂ (ਗੁਰ ਨਾਨਕ ਦੇਵ)। ਜੁਗਾਦਿ ਗੁਰ=ਦੂਸਰੇ ਗੁਰੂ (ਗੁਰੂ ਅੰਗਦ ਦੇਵ) [ਜੁਗ, ਸੰਸ:, ਯੁਗਮ=ਦੋ]। ਸਤਿਗੁਰੂ=ਗੁਰੂ ਅਮਰਦਾਸ। ਸ੍ਰੀ ਗੁਰਦੇਵ=ਸ੍ਰੀ ਗੁਰ ਰਾਮਦਾਸ। ਇਸ ਅਰਥ ਭਾਵ ਦੀ ਪ੍ਰੋੜਤਾ ਇਸ ਤੁਕ ਤੋਂ ਹੁੰਦੀ ਹੈ:-ਰਾਮ ਰਾਜ ਰਾਮਦਾਸ ਪੁਰਿ ਕੀਨ੍ਹੇ ਗੁਰਦੇਵ ॥ [ਬਿਲਾਵਲ ਮਹਲਾ ੫, ੬੭] ਇਥੇ ਗੁਰ ਅਰਜਨ ਦੇਵ ਜੀ 'ਗੁਰਦੇਵ' ਪਦ ਸ੍ਰੀ ਗੁਰੂ ਰਾਮਦਾਸ ਜੀ ਲਈ ਵਰਤਦੇ ਹਨ। ਇਸ ਤੋਂ ਸੰਭਾਵਨਾ ਹੋ ਜਾਂਦੀ ਹੈ ਕਿ ਪਹਿਲੇ ਤਿੰਨ ਪਦ, ਆਦਿ ਗੁਰ, ਜੁਗਾਦਿ ਗੁਰ, ਸਤਿਗੁਰੂ ਪਹਿਲੇ ਤਿੰਨਾਂ ਗੁਰੂ ਸਾਹਿਬਾਂ ਦੇ ਲਖਾਯਕ ਹਨ। ਇਸੀਤਰ੍ਹਾਂ ਗੁਰੂ ਰਾਮਦਾਸ ਜੀ ਨੇ ਆਪਣੇ ਗੁਰੂ ਸ੍ਰੀ ਗੁਰੂਅਮਰਦਾਸ ਜੀ ਲਈ ਸਤਿਗੁਰੂ ਪਦ ਵਰਤਿਆ ਹੈ:- ਸਚੁ ਸਚਾ ਸਤਿਗੁਰੁ ਅਮਰੁ ਹੈ ਜਿਸੁ ਅੰਦਰਿ ਹਰਿ ਉਰਿ ਧਾਰਿਆ ॥ [ਵਾਰ ਗਉੜੀ ਮ: ੪-੧੭] । ਇਹ ਚੌਹਾਂ ਗੁਰੂ ਸਾਹਿਬਾਂ ਦਾ ਮੰਗਲ ਕੀਤਾ ਹੈ। ਸਨਾਤਨ ਤੋਂ ਸੰਪ੍ਰਦਾਈ ਗਿਆਨੀ, ਸਿਖ ਕੋਸ਼ਕਾਰ ਤੇ ਹੋਰ ਟੀਕਾਕਾਰ ਇਹੀ ਅਰਥ ਭਾਵ ਲੈਂਦੇ ਆਏ ਹਨ। ਬਾਵਨ ਅਖਰੀ ਵਿਚ ਬੀ ਪੰਚਮ ਗੁਰੂ ਜੀ ਨੇ ਮੰਗਲ ਗੁਰੂਦੇਵ ਦਾ ਕੀਤਾ ਹੈ। ਗੁਰੂ ਦੀ ਪੂਜਾ, ਆਰਾਧਨ ਦੀ ਆਗਯਾ, ਗੁਰਬਾਣੀ ਵਿਚ ਜਗਾ ਜਗਾ ਹੈ:-ਗੁਰੁ ਗੁਰੁ ਜਪੀ ਗੁਰੂ ਗੁਰੁ ਧਿਆਈ ॥ ਜੀਅ ਕੀ ਅਰਦਾਸਿ ਗੁਰੂ ਪਹਿ ਪਾਈ ॥ [ਆਸਾ ਮਹਲਾ ੫-੧੦੨]। ਏਥੋਂ ਤਾਈਂ ਕਿ 'ਹਰਿ ਜੀਉ ਨਾਮੁ ਪਰਿਓ ਰਾਮਦਾਸੁ' [ਸੋਰਠਿ ਮ: ੫-੧੩] ਬੀ ਪੰਚਮ ਗੁਰੂ ਜੀ ਨੇ ਹੀ ਆਖਿਆ ਹੈ।

ਅਸਟਪਦੀ ॥ ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥ ਕਲਿ ਕਲੇਸ ਤਨ ਮਾਹਿ ਮਿਟਾਵਉ ॥ ਸਿਮਰਉ ਜਾਸੁ ਬਿਸੁੰਭਰ ਏਕੈ ॥ ਨਾਮੁ ਜਪਤ ਅਗਨਤ ਅਨੇਕੈ ॥ ਬੇਦ ਪੁਰਾਨ ਸਿੰਮ੍ਰਿਤਿ ਸੁਧਾਖੵਰ ॥ ਕੀਨੇ ਰਾਮ ਨਾਮ ਇਕ ਆਖੵਰ ॥ ਕਿਨਕਾ ਏਕ ਜਿਸੁ ਜੀਅ ਬਸਾਵੈ॥ ਤਾਕੀ ਮਹਿਮਾ ਗਨੀ ਨ ਆਵੈ ॥ ਕਾਂਖੀ ਏਕੈ ਦਰਸ ਤੁਹਾਰੋ॥ ਨਾਨਕ ਉਨ ਸੰਗਿ ਮੋਹਿ ਉਧਾਰੋ ॥੧॥

ਅਸਟਪਦੀ ॥ ੜ. ਜੋ ਇਕ ਹੈ (ਅਰ) ਸ੍ਰਿਸ਼ਟੀ ਦਾ ਪਾਲਣ-ਹਾਰ ਹੈ ਮੈਂ ਉਸ ਨੂੰ ਸਿਮਰਦਾ ਹਾਂ (ਉਸ ਨੂੰ ਬਾਰੰਬਾਰ) ਸਿਮਰ ਸਿਮਰ ਕੇ ਮੈਂ (ਮਨ ਕਰਕੇ) ਸੁਖੀ ਹੋ ਰਿਹਾ ਹਾਂ (ਤੇ) ਤਨ ਵਿਚ ਬੀ ਜੋ ਕਲਿ ਕਲੇਸ਼ ਹਨ ਸੋ ਦੂਰ ਕਰ ਰਿਹਾ ਹਾਂ। (ਇਸ ਵੇਲੇ ਹੋਰ ਬੀ) ਅਨੇਕਾਂ ਹਨ ਜੋ) ਨਾਮ ਜਪ ਰਹੇ ਹਨ (ਜਿਨਾਂ ਦੀ) ਗੇਣਤੀ ਨਹੀਂ (ਹੋ ਸਕਦੀ)। (ਮੇਰੇ ਤੋਂ ਪਹਿਲੇ ਬੀ ਅਣਗਿਣਤ ਹੋਏ ਹਨ, ਪਰ ਓਹ ਸਾਰੇ ਲੇਖਕ ਜਿਨ੍ਹਾਂ ਨੇ) ਵੇਦ ਪੁਰਾਣ ਸਿੰਮ੍ਰਤੀਆਂ (ਤੇ ਹੋਰ) ਪਵਿਤ੍ਰ ਪੁਸਤਕ ਰਚੇ ਹਨ (ਉਨ੍ਹਾਂ ਸਭਨਾਂ ਨੇ) 'ਓਂ' ਤੇ 'ਰਾਮ' (ਆਦਿਕ ਪਰਮੇਸ਼ੁਰ ਦੇ) ਨਾਮ (ਹੀ) ਸਿਮਰਨ ਕੀਤੇ ਹਨ! (ਸੋ) ਜਿਸ ਦੇ ਮਨ ਵਿਚ ਇਕ ਕਿਣਕਾ* (ਨਾਮ ਦਾ) ਵਸ ਜਾਵੇ, ਉਸ ਦੀ ਮਹਿਮਾ ਕਹੀ ਨਹੀਂ ਜਾ ਸਕਦੀ। (ਹੇ ਵਾਹਿਗੁਰੂ ਐਸੇ ਸਿਮਰਨ ਵਾਲੇ ਬੰਦੇ ਜੋ) ਕੇਵਲ ਆਪ ਦੇ (ਜੋ) ਇਕੋ (ਇਕ ਹੋ) ਦਰਸ਼ਨ ਦੇ ਪ੍ਰੇਮੀ ਹਨ, ਉਨ੍ਹਾਂ ਦੇ ਸੰਗ ਵਿਚ ਮੇਰਾ ਬੀ ਉਧਾਰ ਕਰੋ, (ਕਹਿੰਦੇ ਹਨ ਗੁਰੂ) ਨਾਨਕ (ਦੇਵ ਜੀ) ॥੧॥

**ਭਾਵ**—ਤੀਸਰੀ ਤੁਕ ਵਿਚ ਗੁਰੂ ਜੀ ਨੇ ਪਰਮੇਸ਼ੁਰ ਨੂੰ 'ਏਕੇ' ਕਿਹਾ ਹੈ, ਮੁਰਾਦ ਨਿਰਗੁਣ ਤੋਂ ਹੈ। ਫਿਰ 'ਵਿਸ਼੍ਵ ਨੂੰ ਪਾਲਣੇ ਵਾਲਾ' ਕਿਹਾ ਹੈ, ਭਾਵ ਸਰਗੁਣ ਤੋਂ ਹੈ। ਉਸ ਪਰਮੇਸ਼ੁਰ ਦਾ ਜੋ ਨਿਰਗੁਨੁ ਆਪਿ ਸਰਗੁਨੁ ਭੀ ਓਹੀ ॥ ਕਲਾਧਾਰਿ ਜਿਨਿ ਸਗਲੀ ਮੋਹੀ ॥ [ਗਉੜੀ ਮ: ੫ ਸੁਖਮਨੀ,੧੮-੮] ਹੈ, ਮੈਂ ਸਿਮਰਨ ਕਰਦਾ ਹਾਂ।

ਸੁਆਲ ਹੁੰਦਾ ਹੈ ਕਿ ਸਿਮਰਨ ਕਰਕੇ ਕੀਹ ਹੋਇਆ ਹੈ?ਸੋ ਪਹਿਲਾਂ ਇਹ ਨਿਜ ਦਾ ਤਜਰਬਾ ਦੱਸਦੇ ਹਨ ਕਿ ਮੈਂ ਉਸ ਦਾ ਸਿਮਰਨ ਕਰਕੇ ਸੁਖੀ ਹੋ ਰਿਹਾ ਹਾਂ, ਮਨ ਕਰਕੇ ਬੀ ਤੇ ਤਨ ਕਰਕੇ ਬੀ। ਫਿਰ ਦੂਸਰਿਆਂ ਦੇ, ਜੋ ਉਸ ਵੇਲੇ ਮੌਜੂਦ ਸਨ, ਤਜਰਬੇ ਵਲ ਇਸ਼ਾਰਾ ਕਰਦੇ ਹਨ ਕਿ ਹੋਰ ਅਨੇਕਾਂ ਹਨ ਜੋ ਸਿਮਰਨ ਵਿਚ ਲਗੇ ਹੋਏ ਹਨ। ਹੋ ਸਕਦਾ ਹੈ 'ਅਨੇਕ' ਦਾ ਇਸ਼ਾਰਾ ਉਨ੍ਹਾਂ ਵਲ ਹੋਵੇ, ਜੋ ਆਪ ਦੇ ਸਤਿਸੰਗ ਵਿਚ ਸਿਮਰਨ ਕਰਦੇ ਸਨ ਤੇ ਅਗਨਤ ਦਾ ਇਸ਼ਾਰਾ ਇਤਰ ਮਤਾਂ ਦੇ ਜਪਣ-ਹਾਰਿਆਂ ਵਲ ਹੋਵੇ, ਜੋ ਆਪ ਨੂੰ ਮਿਲਦੇ ਸਨ। ਫਿਰ ਹੁਣ ਪਿਛਲੇ ਸਮੇਂ ਵਲ ਜਾਂਦੇ ਹਨ ਕਿ ਤਦੋਂ ਬੀ ਜੋ ਨਾਮ ਸਿਮਰਦੇ ਸਨ, ਓਹ ਬੀ ਅਣਗਿਣਤ ਹੋਏ ਹਨ। ਪਰ ਆਪ ਏਥੇ ਆਮ ਨਾਮ ਪ੍ਰੇਮੀਆਂ ਤੋਂ ਵਡੇਰੇ ਲੋਕਾਂ ਦਾ, ਜਿਨ੍ਹਾਂ ਨੇ ਵੇਦ ਸ਼ਾਸਤ੍ਰ ਰਚੇ ਸੇ, ਜ਼ਿਕਰ ਕਰਦੇ ਹਨ ਤੇ ਦੱਸਦੇ ਹਨ ਕਿ ਵੇਦ, ਪੁਰਾਣ, ਸਿੰਮ੍ਰਤੀਆਂ ਤੇ ਹੋਰ ਪਰਮਾਰਥਿਕ ਲੇਖਕਾਂ ਦਾ ਤਜਰਬਾ ਬੀ ਇਹੋ ਹੈ ਕਿ ਉਨ੍ਹਾਂ ਨੇ ਬੀ ਨਾਮ ਹੀ ਸਿਮਰਕੇ ਪਰਮ ਪਦ ਪਾਇਆ ਸੀ। 'ਕੀਨੇ' ਪਦ 'ਦੇਹੁਲੀ ਦੀਪਕ' ਹੈ ਕਿ ਜਿਨ੍ਹਾਂ ਨੇ ਕੀਤੇ ਹਨ ਸ਼ੁੱਧ ਅੱਖਰ (ਭਾਵ ਪਵਿਤ੍ਰ ਪੁਸਤਕ ਰਚੇ ਹਨ) ਤੇ ਕੀਤੇ ਹਨ (ਭਾਵ ਸਿਮਰਨ ਕੀਤੇ ਹਨ) 'ਰਾਮ' ਤੇ 'ਓਂ'। ਸੰਸਕ੍ਰਿਤ ਵਿਚ ਏਕਾਕਜ਼ਰ 'ਓਂ' ਨੂੰ ਆਖਦੇ ਹਨ।

---

*ਕਿਣਕਾ, ਇਸ ਤੋਂ ਭਾਵ 'ਥੋੜਾ ਜਿਹਾ' ਵਿਸ਼ੇਸ਼ਣ ਮਾਤ੍ਰ ਨਹੀਂ, ਭਾਵ ਹੈ 'ਏਕਾਈ' ਯਾ ਛੋਟਾ ਵਜੂਦ ਜੋ ਵੰਡੀਂਦਾ ਨਹੀਂ ਤੇ ਜੋ ਆਪਣੇ ਵਰਗੇ ਹੋਰ ਆਪਣੇ ਨਾਲ ਜੋੜਦਾ ਹੈ। ਦਹੀਂ ਵਿਚਲਾ ਇਕ ਚੇਤਨ ਕਿਣਕਾ ਜੋ ਖ਼ਸ਼ਖ਼ਾਸ਼ ਦੇ ਦਾਣੇ ਦੇ ਬੀ ਸੌਵੇਂ ਹਿੱਸੇ ਤੋਂ ਬੀ ਛੋਟਾ ਹੋਵੇ ਦੁਧ ਵਿਚ ਪੈਕੇ ਆਪਣੇ ਵਰਗੇ ਅਨੇਕਾਂ ਬਣਾਕੇ ਸਾਰੇ ਦੁਧ ਨੂੰ ਦਹੀਂ ਬਣਾ ਲੈਂਦਾ ਹੈ। ਤਿਵੇਂ ਨਾਮ ਇਕ ਜੀਉਂਦੀ ਇਕਾਈ ਹੈ ਜੋ ਵਧਦੀ ਮਨ ਵਿਚ ਧਾਰਨ ਕੀਤੀ ਹੋਈ ਮੌਲਦੀ ਤੇ ਨਾਮੀ ਨਾਲ ਤਦਰੂਪ ਕਰ ਦੇਂਦੀ ਹੈ।

ਇਕ ਭਾਵ ਇਨ੍ਹਾਂ ਤੁਕਾਂ ਦੇ ਅੰਤਰਗਤਿ ਹੋਰ ਹੈ। ਜਿਸ ਵੇਲੇ ਅਨੇਕਾਂ ਦੇ ਨਾਮ ਜਪਣ ਦਾ ਤੇ ਬੇਦ ਪੁਰਾਣ ਸਿਮ੍ਰਤੀਆਂ ਦੇ ਨਾਮ-ਜਪ ਦੱਸਣ ਦਾ ਕਥਨ ਕੀਤਾ ਹੈ ਤਾਂ ਨਾਲ ਹੀ ਦੱਸਿਆ ਹੈ ਕਿ ਨਾਮ ਦਾ ਕਿਣਕਾ ਅੰਦਰ ਵਸਾ ਲੈਣਾ ਮਹਿਮਾ ਯੋਗ ਹਾਲਤ ਹੈ,ਜਿਸ ਨਾਲ ਕਿ ਕਲਿ ਕਲੇਸ਼ ਮਿਟਦੇ ਤੇ ਸੁਖ ਪੱਲੇ ਪੈਣ ਵਾਲੀ ਅਵਸਥਾ ਪ੍ਰਾਪਤ ਹੁੰਦੀ ਹੈ। ਇਸ ਨੂੰ ਪਰਮੇਸ਼ੁਰ ਦੇ ਦਰਸ ਪਿਆਸੇ (=ਪ੍ਰੇਮੀ) ਸਿਮਰਦੇ ਹਨ। ਐਸੇ ਪ੍ਰੇਮੀਆਂ ਦੀ ਸੰਗਤ ਦੀ ਮੰਗ ਆਪ ਵਾਹਿਗੁਰੂ ਤੋਂ ਕਰਦੇ ਹਨ, ਜਿਸ ਦਾ ਭਾਵ ਇਹ ਹੈ ਕਿ ਨਾਮ ਇਕ ਪ੍ਰੇਮ ਦਾ ਰੂਪ ਹੈ, ਜੋ ਪਰਮੇਸੁਰ ਦੇ ਦਰਸ ਪ੍ਰੇਮੀਆਂ ਦੇ ਪਾਸ ਹੁੰਦਾ ਹੈ ਤੇ ਸੰਗਤ ਨਾਲ ਮਿਲਦਾ ਹੈ।

ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥ ਭਗਤ ਜਨਾ ਕੈ ਮਨਿ ਬਿਸ੍ਰਾਮ॥ ਰਹਾਉ॥ ਪ੍ਰਭ ਕੈ ਸਿਮਰਨਿ ਗਰਭਿ ਨ ਬਸੈ॥ ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ ॥ ਪ੍ਰਭ ਕੈ ਸਿਮਰਨਿ ਕਾਲੁ ਪਰਹਰੈ॥ ਪ੍ਰਭ ਕੈ ਸਿਮਰਨਿ ਦੁਸਮਨੁ ਟਰੈ ॥ ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ॥ ਪ੍ਰਭ ਕੈ ਸਿਮਰਨਿ ਅਨਦਿਨੁ ਜਾਗੈ ॥ ਪ੍ਰਭ ਕੈ ਸਿਮਰਨਿ ਭਉ ਨ ਬਿਆਪੈ॥ ਪ੍ਰਭ ਕੈ ਸਿਮਰਨਿ ਦੁਖੁ ਨ ਸੰਤਾਪੈ॥ ਪ੍ਰਭ ਕਾ ਸਿਮਰਨੁ ਸਾਧ ਕੈ ਸੰਗਿ॥ ਸਰਬ ਨਿਧਾਨ ਨਾਨਕ ਹਰਿ ਰੰਗਿ ॥ ੨ ॥

'ਮਨ ਨੂੰ ਸੁਖ ਦੇਣਹਾਰ' ਹੈ ਪਰਮੇਸ਼ਰ ਦਾ ਨਾਮ, (ਸਰੀਰਕ ਸੁਖ ਹੀ ਨਹੀਂ ਸਗੋਂ) ਅੰਮ੍ਰਿਤ ਸੁਖ ਦਾ ਦਾਤਾ ਹੈ, (ਜਿਸ ਨਾਮ ਦਾ ਕਿ) ਨਿਵਾਸ (ਪ੍ਰਭੂ ਦੇ) ਭਗਤਾਂ ਪੁਰਖਾਂ ਦੇ ਮਨ ਵਿਚ ਹੁੰਦਾ ਹੈ॥ ਰਹਾਉ॥ ਪਰਮੇਸ਼ੁਰ ਦੇ ਸਿਮਰਨ ਕਰਨ ਨਾਲ (ਜੀਵ ਮੁੜਕੇ ਮਾਤਾ ਦੇ) ਗਰਭ ਵਿਚ ਨਹੀਂ ਆ ਵਸਦਾ (ਭਾਵ ਪੁਨਰ ਜਨਮ ਮਿਟ ਜਾਂਦਾ ਹੈ)। ਪਰਮੇਸ਼ੁਰ ਦੇ ਸਿਮਰਨ ਕਰਨ ਨਾਲ ਜਮ (ਤੇ ਉਹ) ਦੁਖ (ਜੋ ਜਮ ਦੇਂਦਾ ਹੈ) ਦੂਰ ਹੋ ਜਾਂਦਾ ਹੈ*। ਪਰਮੇਸ਼ੁਰ ਦੇ ਸਿਮਰਨ ਕਰਨ ਨਾਲ ਕਾਲ ਦੂਰ ਹੋ ਜਾਂਦਾ ਹੈ। ਪਰਮੇਸ਼ੁਰ ਦੇ ਸਿਮਰਨ ਕਰਨ ਨਾਲ ਦੁਸ਼ਮਣ (ਸਿਰ ਤੋਂ) ਟਲ ਜਾਂਦਾ ਹੈ। ਪਰਮੇਸ਼ੁਰ ਨੂੰ ਸਿਮਰਨ ਕਰਦਿਆਂ (ਜੀਵ ਨੂੰ) ਕੋਈ ਵਿਘਨ ਨਹੀਂ ਪੈਂਦਾ†। ਪਰਮੇਸ਼ੁਰ ਦੇ ਸਿਮਰਨ ਕਰਨ ਨਾਲ (ਸਿਮਰਨ ਕਰਨ ਵਾਲਾ) ਦਿਨ ਰਾਤ ਜਾਗਦਾ ਹੈ‡। ਪਰਮੇਸ਼ੁਰ ਦੇ ਸਿਮਰਨ ਕਰਨ ਨਾਲ ਡਰ ਨਹੀਂ ਵਿਆਪਦਾ (ਭਾਵ ਸਿਮਰਨ ਵਾਲਾ ਨਿਰਭੈ ਹੋ ਜਾਂਦਾ ਹੈ)। ਪਰਮੇਸ਼ੁਰ ਦੇ ਸਿਮਰਨ ਕਰਨ ਨਾਲ ਦੁਖ ਸੰਤਾਪ ਨਹੀਂ ਦੇਂਦਾ (ਭਾਵ ਦੁਖ ਆਵੇ ਤਾਂ ਸਿਮਰਨ ਵਾਲਾ ਘਬਰਾਉਂਦਾ ਨਹੀਂ)। (ਪਰ) ਪਰਮੇਸ਼ੁਰ ਦਾ ਸਿਮਰਨ ਸਾਧੂ ਦੇ ਸੰਗ ਵਿਚ (ਲੱਭਦਾ ਹੈ)। ਹੇ ਨਾਨਕ ! ਹਰੀ ਦੇ ਪਿਆਰ ਵਿਚ (ਹੀ) ਸਾਰੇ ਸੁਖ ਹਨ ॥ ੨ ॥

ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ॥ ਪ੍ਰਭ ਕੈ ਸਿਮਰਨਿ ਗਿਆਨੁ ਧਿਆਨੁ ਤਤੁ ਬੁਧਿ॥

ਪਰਮੇਸ਼ੁਰ ਦੇ ਸਿਮਰਨ ਕਰਨ ਨਾਲ ਰਿਧੀਆਂ, ਸਿਧੀਆਂ ਤੇ ਨਵੇਂ ਨਿਧੀਆਂ (ਭਾਵ ਸਮ੍ਰਿਧੀਆਂ, ਅਲੌਕਿਕ ਤਾਕਤਾਂ ਤੇ ਰਤਨ ਪਦਾਰਥ ਪ੍ਰਾਪਤ ਹੁੰਦੇ ਹਨ)। ਪਰਮੇਸ਼ੁਰ ਦੇ ਸਿਮਰਨ ਕਰਨ ਨਾਲ ਗਿਆਨ ਧਿਆਨ ਤੇ ਤੱਤ (ਮਿਥਿਆ ਨੂੰ

*ਜਮ ਦਾ ਦੁਖ ਹੈ ਮੌਤ। ਦੁਹਾਂ ਤੁਕਾਂ ਦਾ ਭਾਵ ਹੈ ਜਨਮ ਮਰਨ ਮਿਟ ਜਾਂਦਾ ਹੈ।

†ਯੋਗ ਦਰਸ਼ਨ ਵਿਚ ਬੀ ਲਿਖਿਆ ਹੈ ਕਿ (ਨਾਮ ਜਪ ਨਾਲ) ਸਰੂਪ ਦੀ ਪ੍ਰਾਪਤੀ ਤੇ ਵਿਘਨਾਂ ਦਾ ਅਭਾਵ ਹੁੰਦਾ ਹੈ। [ਸਮਾਧਿ ਪਾਦ, ਸੂਤ੍ਰ ੨੯।

‡ਮਾਇਆ ਦੇ ਮਦ ਵਿਚ ਗਾਫਲ ਨਹੀਂ ਹੁੰਦਾ। ਜੈਸੇ ਵਾਕ ਹੈ-'ਮਨੁ ਸੋਇਆ ਮਾਇਆ ਬਿਸਮਾਦਿ ॥' [ਗਉੜੀ ਮ: ੫-੮੯]। ਇਸ ਨੀਂਦ ਤੋਂ ਨਾਮ ਜਗਾਉਂਦਾ ਹੈ।

ਪ੍ਰਭ ਕੈ ਸਿਮਰਨਿ ਜਪ ਤਪ ਪੂਜਾ॥

ਪ੍ਰਭ ਕੈ ਸਿਮਰਨਿ ਬਿਨਸੈ ਦੂਜਾ ॥ ਪ੍ਰਭ ਕੈ ਸਿਮਰਨਿ ਤੀਰਥ ਇਸਨਾਨੀ ॥ ਪ੍ਰਭ ਕੈ ਸਿਮਰਨਿ ਦਰਗਹ ਮਾਨੀ॥ ਪ੍ਰਭ ਕੈ ਸਿਮਰਨਿ ਹੋਇ ਸੁ ਭਲਾ ॥ ਪ੍ਰਭ ਕੈ ਸਿਮਰਨਿ ਸੁਫਲ ਫਲਾ ॥ ਸੇ ਸਿਮਰਹਿ ਜਿਨ ਆਪਿ ਸਿਮਰਾਏ ॥ ਨਾਨਕ ਤਾ ਕੈ ਲਾਗਉ ਪਾਏ ॥ ੩ ॥

ਪ੍ਰਭ ਕਾ ਸਿਮਰਨੁ ਸਭ ਤੇ ਊਚਾ ॥ ਪ੍ਰਭ ਕੈ ਸਿਮਰਨਿ ਉਧਰੇ ਮੂਚਾ ॥ ਪ੍ਰਭ ਕੈ ਸਿਮਰਨਿ ਤ੍ਰਿਸਨਾ ਬੁਝੈ ॥ ਪ੍ਰਭ ਕੈ ਸਿਮਰਨਿ ਸਭੁ ਕਿਛੁ ਸੁਝੈ ॥ ਪ੍ਰਭ ਕੈ ਸਿਮਰਨਿ ਨਾਹੀ ਜਮ ਤ੍ਰਾਸਾ ॥ ਪ੍ਰਭ ਕੈ ਸਿਮਰਨਿ ਪੂਰਨ ਆਸਾ ॥ ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ ॥ ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ ॥ ਪ੍ਰਭ ਜੀ ਬਸਹਿ ਸਾਧ ਕੀ ਰਸਨਾ॥ ਨਾਨਕ ਜਨ ਕਾ ਦਾਸਨਿ ਦਸਨਾ ॥ ੪ ॥

ਵਿਵੇਚਨ ਕਰਨ ਵਾਲੀ) ਬੁੱਧੀ (ਆਦਿ ਪ੍ਰਾਪਤ ਹੁੰਦੇ ਹਨ, ਕਿਉਂਕਿ ਬ੍ਰਿਤੀ ਵਿਚ ਪਰਮਾਤਮਾ ਆਰੂੜ ਰਹੇ ਬਿਨਾਂ ਸਾਰੇ ਗਯਾਨ ਕਥਨੀ ਮਾਤ੍ਰ ਹੁੰਦੇ ਹਨ)। ਪਰਮੇਸ਼ੁਰ ਦਾ ਸਿਮਰਨ ਕਰਨ ਨਾਲ ਜਪ ਤਪ ਪੂਜਾ ਹੋ ਜਾਂਦੀ ਹੈ । (ਭਾਵ ਜੋ ਫਲ ਇਨ੍ਹਾਂ ਕਰਮਾਂ ਦੇ ਕਰਨੇ ਵਾਲੇ ਲਈ ਦੱਸੇ ਹਨ, ਸੋ ਨਾਮ ਸਿਮਰਨ ਵਾਲੇ ਨੂੰ ਪ੍ਰਾਪਤ ਹੋ ਜਾਂਦੇ ਹਨ)। ਪਰਮੇਸ਼ੁਰ ਦੇ ਸਿਮਰਨ ਕਰਨ ਨਾਲ ਦੂਜਾ ਭਾਉ ਦੂਰ ਹੋ ਜਾਂਦਾ ਹੈ*। ਪਰਮੇਸ਼ੁਰ ਦੇ ਸਿਮਰਨ ਕਰਨ ਨਾਲ ਤੀਰਥ ਇਸ਼ਨਾਨੀ ਹੋ ਜਾਂਦਾ ਹੈ। (ਭਾਵ ਜੋ ਠੰਢ, ਨਿਰਮਲਤਾ ਤੇ ਪਾਪ ਧੋਪਣ ਤੀਰਥ ਇਸ਼ਨਾਨ ਵਿਚ ਮੰਨੀ ਹੈ, ਸੋ ਆਤਮ ਸੁੱਚਤਾ ਨਾਮ ਵਾਲੇ ਨੂੰ ਨਾਮ ਅਭਯਾਸ ਨਾਲ ਪ੍ਰਾਪਤ ਹੋ ਜਾਂਦੀ ਹੈ)। ਪਰਮੇਸ਼ੁਰ ਦਾ ਸਿਮਰਨ ਕਰਨ ਨਾਲ (ਜੀਵ) ਦਰਗਾਹ (ਵਿਚ) ਮਾਨ ਵਾਲਾ (ਹੋ ਜਾਂਦਾ) ਹੈ । ਪਰਮੇਸ਼ਰ ਦਾ ਸਿਮਰਨ ਕਰਨ ਨਾਲ (ਜੋ) ਹੁੰਦਾ ਹੈ ਸੋ ਭਲਾ (ਹੁੰਦਾ ਹੈ)† । ਪਰਮੇਸ਼ਰ ਦਾ ਸਿਮਰਨ ਕਰਨ ਨਾਲ ਸੁੰਦਰ ਫਲਾਂ ਨਾਲ ਫਲਦਾ ਹੈ, (ਭਾਵ ਹਰ ਤਰ੍ਹਾਂ ਨਾਲ ਭਾਗਸ਼ੀਲ ਹੋ ਜਾਂਦਾ ਹੈ)। (ਪਰ) ਸਿਮਰਦੇ ਹਨ ਓਹ ਜਿਨ੍ਹਾਂ ਨੂੰ ਪਰਮੇਸ਼ਰ ਆਪ ਸਿਮਰਾਉਂਦਾ ਹੈ। ਤਿਨ੍ਹਾਂ (ਸਿਮਰਨ ਕਰਨ ਵਾਲਿਆਂ) ਦੇ ਮੈਂ-ਨਾਨਕ-ਚਰਨੀਂ ਲੱਗਦਾ ਹਾਂ ॥ ੩ ॥

ਪ੍ਰਭੂ ਦਾ ਸਿਮਰਨ ਸਭ (ਕਰਮਾਂ, ਧਰਮਾਂ, ਸਾਧਨਾਂ) ਤੋਂ ਉੱਚਾ ਹੈ (ਭਾਵ ਸ੍ਰੇਸ਼ਟ ਹੈ)। ਪ੍ਰਭੂ ਦੇ ਸਿਮਰਨ ਕਰਕੇ ਉਧਰ ਗਏ ਹਨ ਬਹੁਤੇ ਲੋਕ । (ਕਿਉਂਕਿ) ਪ੍ਰਭੂ ਦੇ ਸਿਮਰਨੇ ਕਰਕੇ (ਜੀਵ ਦੀ) ਤ੍ਰਿਸ਼ਨਾ ਬੁਝ ਜਾਂਦੀ ਹੈ (ਅਤੇ) ਪ੍ਰਭੂ ਦੇ ਸਿਮਰਨੇ ਕਰਕੇ ਸਭੋ ਕੁਛ ਦਿੱਸ ਪੈਂਦਾ ਹੈ (ਭਾਵ ਆਤਮ ਅਨਾਤਮ ਦੀ ਸੋਝੀ ਹੋ ਜਾਂਦੀ ਹੈ)‡। (ਸੋ) ਪ੍ਰਭੂ ਦੇ ਸਿਮਰਨੇ ਕਰਕੇ ਜਮਾਂ ਦਾ ਡਰ ਨਹੀਂ (ਰਹਿੰਦਾ ਤੇ) ਪ੍ਰਭੂ ਦੇ ਸਿਮਰਨੇ ਕਰਕੇ (ਪ੍ਰਭੂ ਮਿਲਨੇ ਦੀ) ਆਸਾ ਪੂਰੀ (ਹੋ ਜਾਂਦੀ) ਹੈ। (ਇਹ ਸਾਰੀ ਗੱਲ ਐਉਂ ਹੁੰਦੀ ਹੈ ਕਿ) ਪ੍ਰਭੂ ਦਾ ਸਿਮਰਨ ਕਰਨ ਨਾਲ (ਪਹਿਲਾਂ) ਮਨ ਦੀ ਮੈਲ ਦੂਰ ਹੁੰਦੀ ਹੈ; (ਫੇਰ) ਨਾਮ ਅੰਮ੍ਰਿਤ (ਵਾਂਗੂ ਰਸਦਾਇਕ ਹੋਕੇ) ਰਿਦੇ ਵਿਚ ਸਮਾਉਂਦਾ ਹੈ। (ਫੇਰ ਨਾਮ ਜਪਣੇ ਵਾਲੇ) ਸਾਧੂ ਦੀ ਰਸਨਾ

*ਯਥਾ 'ਦੂਜਾ ਜਾਇ ਇਕਤੁ ਘਰਿ ਆਨੈ ॥' [ਰਾਮ: ਮ: ੧ ਸਿਧ ਗੋਸਟਿ-੫੦

†ਇਸ ਦੇ ਦੋ ਭਾਵ ਲੈਂਦੇ ਹਨ, ਪਰਮੇਸ਼ੁਰ ਦੇ ਨਾਮ ਵਾਲੇ ਤੋਂ ਸੁਧੀ ਨੇਕੀ ਹੁੰਦੀ ਹੈ । ਦੂਸਰੇ ਇਹ ਕਿ ਜੋ ਕੁਛ ਹੁੰਦਾ ਪਿਆ ਹੈ-ਸੁਖ ਯਾ ਦੁਖ ਦੇਣ ਵਾਲਾ-ਉਹ ਸਮਝਦਾ ਹੈ ਕਿ ਸਭ ਚੰਗਾ ਹੋ ਰਿਹਾ ਹੈ।

‡ਗਯਾਨ ਸ਼ਕਤੀ ਵਧਦੀ ਹੈ, ਦਿਬ ਦ੍ਰਿਸ਼ਟੀ ਵਾਲਾ ਹੋ ਜਾਂਦਾ ਹੈ, ਭੀ ਭਾਵ ਲੈਂਦੇ ਹਨ।

ਪਰ ਵਾਹਿਗੁਰੂ ਜੀ (ਆ) ਵੱਸਦੇ ਹਨ*; ਨਾਨਕ ਐਸੇ ਸਾਧੂ ਜਨਾਂ ਦੇ ਦਾਸਾਂ ਦਾ ਦਾਸ ਹੈ ॥ ੪ ॥

ਪ੍ਰਭ ਕਉ ਸਿਮਰਹਿ ਸੇ ਧਨਵੰਤ ॥ ਪ੍ਰਭ ਕਉ ਸਿਮਰਹਿ ਸੇ ਪਤਿਵੰਤੇ ॥ ਪ੍ਰਭ ਕਉ ਸਿਮਰਹਿ ਸੇ ਜਨ ਪਰਵਾਨ ॥ ਪ੍ਰਭ ਕਉ ਸਿਮਰਹਿ ਸੇ ਪੁਰਖ ਪ੍ਰਧਾਨ॥ਪ੍ਰਭ ਕਉ ਸਿਮਰਹਿ ਸਿ ਬੇਮੁਹਤਾਜੇ ॥ ਪ੍ਰਭ ਕਉ ਸਿਮਰਹਿ ਸਿ ਸਰਬਕੇ ਰਾਜੇ॥ ਪ੍ਰਭ ਕਉ ਸਿਮਰਹਿ ਸੇ ਸੁਖਵਾਸੀ ॥ ਪ੍ਰਭ ਕਉ ਸਿਮਰਹਿ ਸਦਾ ਅਬਿਨਾਸੀ॥ ਸਿਮਰਨ ਤੇ ਲਾਗੇ ਜਿਨ ਆਪਿ ਦਇਆਲਾ॥ ਨਾਨਕ ਜਨ ਕੀ ਮੰਗੈ ਰਵਾਲਾ ॥ ੫ ॥

(ਜੋ) ਪ੍ਰਭੂ ਨੂੰ ਸਿਮਰਦੇ ਹਨ ਸੋ (ਅਸਲੀ) ਧਨ ਵਾਲੇ ਹਨ। (ਜੋ) ਪ੍ਰਭੂ ਨੂੰ ਸਿਮਰਦੇ ਹਨ ਸੋ (ਅਸਲੀ) ਪਤ (ਪ੍ਰਤਿਸ਼ਠਾ) ਵਾਲੇ ਹਨ। (ਜੋ) ਪ੍ਰਭੂ ਨੂੰ ਸਿਮਰਦੇ ਹਨ ਸੋ ਜਨ (ਦਰਗਹਿ) ਪਰਵਾਨ ਹਨ†। (ਜੋ) ਪ੍ਰਭੂ ਨੂੰ ਸਿਮਰਦੇ ਹਨ ਓਹ ਪੁਰਖ ਪ੍ਰਧਾਨ (=ਸ੍ਰੇਸ਼ਟ) ਹਨ†। (ਜੋ) ਪ੍ਰਭੂ ਨੂੰ ਸਿਮਰਦੇ ਹਨ ਓਹ (ਕਿਸੇ ਦੇ) ਮੁਥਾਜ ਨਹੀਂ (ਰਹਿੰਦੇ)। (ਜੋ) ਪ੍ਰਭੂ ਨੂੰ ਸਿਮਰਦੇ ਹਨ ਓਹ ਸਭ ਦੇ ਰਾਜੇ ਹਨ, (ਭਾਵ ਸਭ ਤੋਂ ਸਤਿਕਾਰੇ ਜਾਣ ਵਾਲੇ ਹਨ)। (ਜੋ) ਪ੍ਰਭੂ ਨੂੰ ਸਿਮਰਦੇ ਹਨ ਓਹ ਸੁਖ ਨਿਵਾਸੀ ਹੋ ਜਾਂਦੇ ਹਨ ( ਭਾਵ ਸਦਾ ਸੁਖੀ ਹੋ ਜਾਂਦੇ ਹਨ । ਜੋ) ਪ੍ਰਭੂ ਨੂੰ ਸਿਮਰਦੇ ਹਨ ਓਹ ਸਦੀਵ (ਰਹਿੰਦੇ ਹਨ ਤੇ) ਨਾਸ਼ ਰਹਿਤ (ਹੋ ਜਾਂਦੇ ਹਨ)। (ਪਰ) ਸਿਮਰਨ ਵਿਚ ਓਹ ਲੱਗਦੇ ਹਨ ਜਿਨ੍ਹਾਂ ਪੁਰ (ਪ੍ਰਭੂ) ਆਪ ਦਿਆਲ ਹੁੰਦਾ ਹੈ। (ਗੁਰੂ) ਨਾਨਕ (ਐਸੇ) ਜਨਾਂ ਦੀ (ਚਰਨ) ਧੂੜ ਮੰਗਦਾ ਹੈ ॥ ੫ ॥

ਪ੍ਰਭ ਕਉ ਸਿਮਰਹਿ ਸੇ ਪਰ ਉਪਕਾਰੀ ॥ ਪ੍ਰਭ ਕਉ ਸਿਮਰਹਿ ਤਿਨ ਸਦ ਬਲਿਹਾਰੀ ॥ ਪ੍ਰਭ ਕਉ ਸਿਮਰਹਿ ਸੇ ਮੁਖ ਸੁਹਾਵੇ ॥ ਪ੍ਰਭ ਕਉ ਸਿਮਰਹਿ ਤਿਨ ਸੂਖਿ ਬਿਹਾਵੈ ॥ ਪ੍ਰਭ ਕਉ ਸਿਮਰਹਿ ਤਿਨ ਆਤਮੁ ਜੀਤਾ ॥ ਪ੍ਰਭ ਕਉ ਸਿਮਰਹਿ ਤਿਨ ਨਿਰਮਲ ਰੀਤਾ ॥ ਪ੍ਰਭ ਕਉ ਸਿਮਰਹਿ ਤਿਨ ਅਨਦ ਘਨੇਰੇ ॥ ਪ੍ਰਭ ਕਉ ਸਿਮਰਹਿ ਬਸਹਿ ਹਰਿ ਨੇਰੇ ॥ ਸੰਤ ਕ੍ਰਿਪਾ ਤੇ ਅਨਦਿਨੁ ਜਾਗਿ ॥ ਨਾਨਕ ਸਿਮਰਨੁ ਪੂਰੈ ਭਾਗਿ ॥ ੬ ॥

(ਜੋ) ਪ੍ਰਭੂ ਨੂੰ ਸਿਮਰਦੇ ਹਨ ਸੋ ਪਰਉਪਕਾਰੀ ਹੁੰਦੇ ਹਨ। (ਜੋ) ਪ੍ਰਭੂ ਨੂੰ ਸਿਮਰਦੇ ਹਨ (ਮੈਂ) ਉਨ੍ਹਾਂ ਤੋਂ ਸਦਾ ਕੁਰਬਾਨ ਹਾਂ। (ਜੋ) ਪ੍ਰਭੂ ਨੂੰ ਸਿਮਰਦੇ ਹਨ ਓਹ ਮੂੰਹ ਸੁਹਣੇ ਹਨ (ਭਾਵ ਸੁੰਦਰਤਾ ਉਨ੍ਹਾਂ ਦੇ ਚਿਹਰਿਆਂ ਤੇ ਲਸਦੀ ਹੈ)। (ਜੋ) ਪ੍ਰਭੂ ਨੂੰ ਸਿਮਰਦੇ ਹਨ ਉਨ੍ਹਾਂ ਦਾ (ਸਮਾ) ਸੁਖ ਨਾਲ ਲੰਘਦਾ ਹੈ। (ਜੋ) ਪ੍ਰਭੂ ਨੂੰ ਸਿਮਰਦੇ ਹਨ (ਉਹਨਾਂ ਨੇ) ਆਪਾ ਜਿੱਤ ਲਿਆ ਹੈ। (ਜੋ) ਪ੍ਰਭੂ ਨੂੰ ਸਿਮਰਦੇ ਹਨ ਉਨ੍ਹਾਂ ਦੀ ਰਹਿਤ ਬਹਿਤ ਨਿਰਮਲ ( ਪਵਿਤ੍ਰ ) ਹੁੰਦੀ ਹੈ। (ਜੋ) ਪ੍ਰਭੂ ਨੂੰ ਸਿਮਰਦੇ ਹਨ ਉਨ੍ਹਾਂ ਨੂੰ ਬਹੁਤੇ ਆਨੰਦ (ਪ੍ਰਾਪਤ ਹੁੰਦੇ ਹਨ, ਕਿਉਂਕਿ ਓਹ) ਪ੍ਰਭੂ ਨੂੰ ਸਿਮਰਦੇ ਹਨ (ਤੇ ਸਿਮਰਨ ਨਾਲ) ਵਾਹਿਗੁਰੂ ਦੇ ਨੇੜ ਵੱਸਦੇ ਹਨ (ਤੇ ਵਾਹਿਗੁਰੂ ਆਨੰਦ ਸਰੂਪ ਹੈ)। ਸੰਤਾਂ ਦੀ ਕ੍ਰਿਪਾ ਤੇ ਦਿਨ ਰਾਤ ਜਾਗਦਾ ਰਹੁ‡, (ਭਾਵ ਸਿਮਰਨ ਵਿਚ ਗਾਫਲ ਨਾ ਹੋ; ਕਿਉਂਕਿ) ਪੂਰੇ ਭਾਗਾਂ ਨਾਲ ਸਿਮਰਨ (ਪ੍ਰਾਪਤ ਹੁੰਦਾ ਹੈ, ਦੱਸਦੇ ਹਨ ਗੁਰੂ) ਨਾਨਕ ॥ ੬ ॥

*'ਬਸਹਿ' ਅਸਲ ਵਿਚ 'ਬਸਹਿੰ' ਹੈ ਤੇ ਬਹੁ ਵਚਨ ਹੈ, ਅਤੇ 'ਜੀ' ਪਦ ਅਦਬ ਵਾਸਤੇ ਪਿਆ ਹੈ।ਰਸਨਾਂ ਤੇ ਵਸਣ ਦਾ ਭਾਵ ਹੈ ਕਿ ਉਨ੍ਹਾਂ ਦੀ ਰਸਨਾ ਤੇ ਪਰਮੇਸ਼ਰ ਦਾ ਸਦਾ ਨਿਵਾਸ ਹੁੰਦਾ ਹੈ, ਉਨ੍ਹਾਂ ਦੇ ਵਾਕ ਵਿਚ ਸੱਤਾ ਹੋ ਜਾਂਦੀ ਹੈ ਤੇ ਉਨ੍ਹਾਂ ਦੇ ਵਾਕ ਜਗਤ ਨੂੰ ਨਾਮ ਵਿਚ ਲਾਉਂਦੇ ਹਨ।

†ਪੰਚ ਪਰਵਾਣ ਪੰਚ ਪਰਧਾਨ ॥ ਪੰਚੇ ਪਾਵਹਿ ਦਰਗਹਿ ਮਾਨੁ ॥ [ਜਪੁਜੀ-੧੬

‡(ਅ) ਸੰਤ ਕ੍ਰਿਪਾ ਨਾਲ ਓਹ ਜਾਗਦੇ ਰਹਿੰਦੇ ਹਨ, (ਕਿਉਂਕਿ ਜਾਣਦੇ ਹਨ ਕਿ) ਸਿਮਰਨ ਦੁਰਲਭ ਹੈ।

ਪ੍ਰਭ ਕੈ ਸਿਮਰਨਿ ਕਾਰਜ ਪੂਰੇ ॥ ਪ੍ਰਭ ਕੈ ਸਿਮਰਨਿ ਕਬਹੁ ਨ ਝੂਰੇ ॥ ਪ੍ਰਭ ਕੈ ਸਿਮਰਨਿ ਹਰਿ ਗੁਨ ਬਾਨੀ ॥ ਪ੍ਰਭ ਕੈ ਸਿਮਰਨਿ ਸਹਜਿ ਸਮਾਨੀ ॥ ਪ੍ਰਭ ਕੈ ਸਿਮਰਨਿ ਨਿਹਚਲ ਆਸਨੁ ॥ ਪ੍ਰਭ ਕੈ ਸਿਮਰਨਿ ਕਮਲ ਬਿਗਾਸਨੁ ॥ ਪ੍ਰਭ ਕੈ ਸਿਮਰਨਿ ਅਨਹਦ ਝੁਨਕਾਰ ॥ ਸੁਖੁ ਪ੍ਰਭ ਸਿਮਰਨ ਕਾ ਅੰਤੁ ਨ ਪਾਰ ॥ ਸਿਮਰਹਿ ਸੇ ਜਨ ਜਿਨ ਕਉ ਪ੍ਰਭ ਮਇਆ ॥ ਨਾਨਕ ਤਿਨ ਜਨ ਸਰਨੀ ਪਇਆ ॥੭॥ ਹਰਿ ਸਿਮਰਨੁ ਕਰਿ ਭਗਤ ਪ੍ਰਗਟਾਇ ॥ ਹਰਿ ਸਿਮਰਨਿ ਲਗਿ ਬੇਦ ਉਪਾਏ ॥ ਹਰਿ ਸਿਮਰਨਿ ਭਏ ਸਿਧ ਜਤੀ ਦਾਤੇ ॥ ਹਰਿ ਸਿਮਰਨਿ ਨੀਚ ਚਹੁ ਕੁੰਟ ਜਾਤੇ ॥ ਹਰਿ ਸਿਮਰਨਿ ਧਾਰੀ ਸਭ ਧਰਨਾ ॥ ਸਿਮਰਿ ਸਿਮਰਿ ਹਰਿ ਕਾਰਨ ਕਰਨਾ ॥ ਹਰਿ ਸਿਮਰਨਿ ਕੀਓ ਸਗਲ ਅਕਾਰਾ ॥ ਹਰਿ ਸਿਮਰਨ ਮਹਿ ਆਪਿ ਨਿਰੰਕਾਰਾ ॥ ਕਰਿ ਕਿਰਪਾ ਜਿਸੁ ਆਪਿ ਬੁਝਾਇਆ ॥ ਨਾਨਕ ਗੁਰਮੁਖਿ ਹਰਿ ਸਿਮਰਨੁ ਤਿਨਿ ਪਾਇਆ ॥ ੮ ॥ ੧ ॥

ਪ੍ਰਭੂ ਦੇ ਸਿਮਰਨ ਕਰਨ ਨਾਲ (ਸਿਮਰਨ ਵਾਲੇ ਦੇ) ਕੰਮ ਸਿਰੇ ਚੜ੍ਹ ਜਾਂਦੇ ਹਨ । ਪ੍ਰਭੂ ਦੇ ਸਿਮਰਨ ਕਰਨ ਨਾਲ (ਸਿਮਰਨ ਕਰਨ ਵਾਲਾ) ਕਦੀ ਨਹੀਂ ਝੂਰਦਾ । ਪ੍ਰਭੂ ਦੇ ਸਿਮਰਨੇ ਕਰਕੇ (ਸਿਮਰਨ ਵਾਲੇ ਦੀ) ਬਾਣੀ ਹਰਿਗੁਣਾਂ ਵਾਲੀ (ਹੋ ਜਾਂਦੀ ਹੈ*) । ਪ੍ਰਭੂ ਦੇ ਸਿਮਰਨੇ ਕਰਕੇ (ਬ੍ਰਿਤੀ) ਸਹਜ ਵਿਚ ਸਮਾਈ ਰਹਿੰਦੀ ਹੈ† । ਪ੍ਰਭੂ ਦੇ ਸਿਮਰਨੇ ਕਰਕੇ ਦ੍ਰਿੜ ਆਸਨ ਹੋ ਜਾਂਦਾ ਹੈ । ਪ੍ਰਭੂ ਦੇ ਸਿਮਰਨ ਕਰਕੇ ਕਮਲ ਖੇੜੇ (ਦੀ ਅਵਸਥਾ ਪ੍ਰਾਪਤ ਹੁੰਦੀ ਹੈ, ਭਾਵ ਉਲਟਾ ਮਨ ਸਿੱਧਾ ਹੋ ਕੇ ਖਿੜਿਆ ਰਹਿੰਦਾ ਹੈ) । ਪ੍ਰਭੂ ਦੇ ਸਿਮਰਨ ਕਰਕੇ ਅਨਹਦ ਦੀ ਝੁਨਕਾਰ ਹੁੰਦੀ ਹੈ‡ । ਪ੍ਰਭੂ ਦੇ ਸਿਮਰਨੇ ਦੇ ਸੁਖ ਦਾ ਨਾ ਅੰਤ ਹੈ ਨਾ ਪਾਰ । (ਪਰ) ਸਿਮਰਦੇ ਓਹ ਪੁਰਖ ਹਨ ਜਿਨ੍ਹਾਂ ਪੁਰ ਪ੍ਰਭੂ ਦੀ ਕ੍ਰਿਪਾ ਹੁੰਦੀ ਹੈ । ਨਾਨਕ ਉਨ੍ਹਾਂ ਪੁਰਖਾਂ ਦੀ ਸ਼ਰਨ ਵਿਚ ਪੈਂਦਾ ਹੈ ॥ ੭ ॥

ਹਰਿ ਦਾ ਸਿਮਰਨ ਕਰਨੇ ਕਰਕੇ (ਕਰਨ ਵਾਲੇ) ਭਗਤ (ਹੋਕੇ) ਪ੍ਰਗਟੇ❦ । ਹਰਿ ਸਿਮਰਨ ਵਿਚ ਲੱਗ ਕੇ (ਰਿਖੀ ਏਸ ਜੋਗ ਹੋਏ ਕਿ ਉਹਨਾਂ ਨੇ) ਵੇਦ ਰਚੇ✖ । ਹਰਿ ਨੂੰ ਸਿਮਰਨੇ ਕਰਕੇ (ਸਿਮਰਨ ਵਾਲੇ) ਸਿੱਧ ਜਤੀ ਤੇ ਦਾਤੇ ਹੋ ਗਏ । ਹਰਿ ਨੂੰ ਸਿਮਰਨੇ ਕਰਕੇ ਨੀਚ (ਲੋਕ ਵੀ, ਜਿਨ੍ਹਾਂ ਨੇ ਸਿਮਰਨ ਕੀਤਾ,) ਜਗਤ ਵਿਚ ਪ੍ਰਸਿੱਧ ਹੋ ਗਏ । ਹਰਿ ਸਿਮਰਨ ਵਾਸਤੇ ਰਚੀ ਗਈ ਹੈ ਸਾਰੀ ਧਰਤੀ✽ । ਸਿਮਰ ਸਿਮਰ (ਉਸ) ਪਰਮੇਸ਼ਰ ਨੂੰ ਜੋ ਕਾਰਨਾਂ ਦਾ ਭੀ ਕਰਨੇ ਵਾਲਾ ਹੈ । ਹਰਿ ਦੇ ਸਿਮਰਨਿ ਵਾਸਤੇ ਸਾਰਾ ਬ੍ਰਹਮੰਡ ਰਚਿਆ ਹੈ । ਹਰਿ ਸਿਮਰਨ ਵਿਚ ਆਪ ਨਿਰੰਕਾਰ (ਮੌਜੂਦ ਹੁੰਦਾ) ਹੈ♆ । ਜਿਸਨੂੰ ਕ੍ਰਿਪਾ ਕਰਕੇ (ਵਾਹਿਗੁਰੂ ਇਹ ਗਲ) ਆਪ ਬੁਝਾ ਦੇਂਦਾ ਹੈ, ਹੇ ਨਾਨਕ ! ਉਹ ਗੁਰਮੁਖ (ਹੋਕੇ) ਹਰਿ ਸਿਮਰਨ ਪ੍ਰਾਪਤ ਕਰਦਾ ਹੈ✿ ॥ ੮ ॥ ੧ ॥

---

*ਭਾਵ-ਵਾਹਿਗੁਰੂ ਦੇ ਗੁਣ ਗਾਇਨ ਵਾਲੀ ਹੋ ਜਾਂਦੀ ਹੈ ਉਨ੍ਹਾਂ ਦੀ ਬਾਣੀ ।

†ਅਥਵਾ ਓਹ ਸਹਿਜ ਵਿਚ ਸਮਾਏ ਰਹਿੰਦੇ ਹਨ । ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ ॥ [ਸ੍ਰੀ ਰਾਗੁ ਮ: ੩, ਅਸਟ:-੨੩

‡ਭਾਵ ਅਨਹਦ ਪ੍ਰਾਪਤੀ ਦਾ ਤ੍ਰੀਕਾ ਹਰੀ ਨਾਮ ਦਾ ਸਿਮਰਨ ਹੈ, ਹੋਰ ਨਹੀਂ ।

❦(ਅ) ਹਰਿ ਦਾ ਸਿਮਰਨ (ਲੋਕੀ) ਕਰਨ (ਇਸ ਲਈ) ਭਗਤ ਪ੍ਰਗਟ ਕੀਤੇ ਗਏ ।

✖(ਅ) ਹਰਿ ਸਿਮਰਨ ਵਿਚ (ਲੋਕੀ ਲਗ ਪੈਣ ਇਸ ਲਈ) ਵੇਦ ਰਚੇ ਗਏ ।

✽ਅਥਵਾ ਹਰੀ ਦੇ ਸਿਮਰਨ ਕਰਕੇ ਹੀ ਸਾਰੀ ਧਰਤੀ ਕਾਇਮ ਹੈ, ਸਿਮਰਨ ਧਰਤੀ ਦਾ ਆਸਰਾ ਹੈ । ਭਾਵ ਐਉਂ ਵੀ ਲੈਂਦੇ ਹਨ ਕਿ ਸ਼ੇਸ਼ਨਾਗ ਸਾਈਂ ਦਾ ਨਾਮ ਦਿਨ ਰਾਤ ਸਿਮਰਦਾ ਹੈ, ਇਸ ਕਰਕੇ ਧਰਤੀ ਨੂੰ ਧਾਰ ਰਿਹਾ ਹੈ । ਯਾ ਸਿਮਰਨ ਕਰਕੇ ਬ੍ਰਹਮਾ ਨੇ ਜਗਤ ਰਚਨਾ ਕੀਤੀ ।

♆ਸਿਮਰਨ ਸਾਧਨ ਮਾਤ੍ਰ ਨਹੀਂ, ਸਿਮਰਨ ਵਿਚ ਪਰਮੇਸ਼ਰ ਦੀ ਹਜ਼ੂਰੀ ਹੁੰਦੀ ਹੈ ।

✿ਅਥਵਾ, ਉਹ ਗੁਰੂ ਦੁਆਰੇ ਸਿਮਰਨ ਪ੍ਰਾਪਤ ਕਰਦਾ ਹੈ । ਗੁਰਮੁਖ ਹੋਣਾਂ ਤੇ ਗੁਰੂ ਦੁਆਰੇ ਨਾਮ ਪ੍ਰਾਪਤ ਕਰਨਾ ਇਕੋ ਗੱਲ ਹੈ ।

**ਨਿਰੁਕ—** ਸਲੋਕੁ-[ਸੰਸ:, ਸ਼ੁਲੋਕ:] ਸੰਸਕ੍ਰਿਤ ਵਿਚ ਸ਼ਲੋਕ ਇਕ ਛੰਦ ਦਾ ਨਾਮ ਹੈ। ਗੁਰਬਾਣੀ ਵਿਚ (ਤੇ ਸੁਖਮਨੀ ਵਿਚ ਬੀ) ਏਸ ਦੇ ਕਈ ਵਜ਼ਨ ਹਨ। ਵਿਸ਼ੇਸ਼ ਲਈ ਦੇਖੋ 'ਬਾਣੀ ਬਿਉਰਾ' ਕ੍ਰਿਤ ਸ੍ਰੀਮਾਨ ਡਾਕਟਰ ਚਰਨ ਸਿੰਘ ਜੀ।

ਗੁਰਏ-[ਸੰਸ:, ਗੁਰੁ:+ਏ=ਗੁਰਵੇ (ਚੌਥੀ ਵਿਭਕਤੀ) ਗੁਰੂ ਤਾਈਂ। ਗੁਰਬਾਣੀ ਵਿਚ ਸਮਾਸ ਕਰਨ ਵੇਲੇ, ਵਿਭਕਤੀ ਲਗਣ ਵੇਲੇ ਕਈ ਵੇਰ ਪਦ ਦਾ ਔਂਕੜ ਲੋਪ ਹੋਇਆ ਵੇਖੀਦਾ ਹੈ, ਜੈਸੇ- 'ਗੁਰ ਕਾ ਸਬਦ ਰਖਵਾਰੇ'। ਇਥੇ 'ਕਾ' ਲਾਉਣ ਵੇਲੇ 'ਗੁਰੁ' ਦੇ ਔਂਕੁੜ ਨੂੰ ਲੋਪ ਕਰ ਦਿਤਾ ਹੈ, ਤਿਵੇਂ ਗੁਰੂ ਪਦ ਨੂੰ 'ਏ' ਚੌਥੀ ਵਿਭਕਤੀ ਦਾ ਚਿੰਨ੍ਹ ਲਾਉਣ ਲਗਿਆਂ ਗੁਰੁ ਦੇ ਔਂਕੜ ਦਾ ਲੋਪ ਕਰ ਦਿਤਾ ਗਿਆ ਹੈ ਤੇ ਸੰਸਕ੍ਰਿਤ ਦਾ ਰੂਪ 'ਗੁਰਵੇ' ਜੋ '_+`' (ਔਂਕੜ ਤੇ ਲਾਂ) ਦੇ ਮੇਲ ਤੋਂ ਬਣਦਾ ਸੀ, ਨਹੀਂ ਵਰਤਿਆ, ਪਰ ਅਪਣੇ ਸੰਕੇਤ ਦਾ ਸਰੂਪ 'ਗੁਰਏ' ਵਰਤਿਆ ਹੈ।

ਅਸਟਪਦੀ-[ਸੰਸ:, ਅਸ਼ਟਪਦੀ] ਅਠਾਂ ਪਦਾਂ ਦੇ ਇਕੱਠ ਦਾ ਨਾਮ ਅਸ਼ਟਪਦੀ ਹੈ। ਅਸਟਪਦੀਆਂ ਕਈ ਰਾਗਾਂ ਵਿਚ ਹਨ ਤੇ ਵਜ਼ਨ ਇਕੋ ਨਹੀਂ ਹਨ। ਸੁਖਮਨੀ ਵਿਚ ਆਈ ਅਸਟਪਦੀ ਦੇ ਪਦਿਆਂ ਦਾ ਵਜ਼ਨ ੧੫, ੧੬ ਮਾਤ੍ਰਾਂ ਦਾ ਹੈ।

ਸਿਮਰਉ-[ਸੰਸ: ਧਾਤੂ ਸਿਮ੍ਰ=ਯਾਦ ਕਰਨਾ, ਸਿਮਰਨਾ, ਹਿਰਦੇ ਵਿਚ ਯਾਦ ਕਰਨਾ ਪੰਜਾਬੀ=ਸਿਮਰਨਾ, ਯਾਦ ਕਰਨਾ] ਸਿਮਰਦਾ ਹਾਂ, ਸਿਮਰ ਰਿਹਾ ਹਾਂ।

ਬਿਸੁੰਭਰ-[ਸੰਸ: ਵਿਸ਼੍ਵੰਭਰ:] ਸ੍ਰਿਸ਼ਟੀ ਦੀ ਪਾਲਣਾ ਕਰਨ ਵਾਲਾ।

ਕਲਿ ਕਲੇਸ-[ਸੰਸ:, ਕਲਿ:=ਕਲਿਯੁਗ, ਕਲਹ, ਪਾਪ], [ਸੰਸ:, ਕ੍ਲੇਸ਼:=ਦੁਖ, ਪੀੜਾ, ਝਗੜੇ] ਕਲਿਯੁਗ ਦੇ ਦੁਖ, ਕਲਿਯੁਗ ਦੇ ਦੁਖਦਾਈ ਪਾਪ।

ਦਾਰਸ਼ਨਿਕ ਪਹਿਲੂ (ਯੋਗ) ਵਿਚ ਕ੍ਲੇਸ਼ ਪੰਜ ਹਨ:-

ਅਵਿਦਯਾ (ਅਗਯਾਨ)। ਅਸਿਮਤਾ (=ਆਤਮਾ ਤੇ ਬੁੱਧੀ ਨੂੰ ਅਭੇਦ ਜਾਣਨਾ, ਅਥਵਾ ਦ੍ਰਿਕ ਤੇ ਦਰਸ਼ਨ ਸ਼ਕਤੀ ਨੂੰ ਇਕ ਜਾਣਨਾ)। ਰਾਗ (=ਮੋਹ)। ਦ੍ਵੇਖ (=ਵੈਰ)। ਅਭਿਨਿਵੇਸ਼ (=ਮੌਤ ਦਾ ਡਰ)। ਸਰੀਰ ਧਾਰੀ ਹੋਣ ਕਰਕੇ ਤੇ ਸਰੀਰ ਨਾਲ ਪਿਆਰ ਹੋਣ ਤੋਂ ਕਲਪਨਾ ਤੇ ਕਲੇਸ਼ ਹੁੰਦੇ ਹਨ। ਬੋਧੀਆਂ ਨੇ ਕਲੇਸ਼ ੧੦ ਮੰਨੇ ਹਨ।

ਅਗਨਤ-[ਸੰਸ:, ਗਣਿਤੰ=ਹਿਸਾਬ] ਅਗਨਤ=ਬੇ ਹਿਸਾਬ।

ਬੇਦ-[ਸੰਸ:, ਵੇਦ:] ਹਿੰਦੂ ਮਤ ਦੇ ਚਾਰ ਧਰਮ ਪੁਸਤਕ। ਪਹਿਲੇ ਲੋਕ ਜਦ 'ਵੇਦ' ਕਹਿੰਦੇ ਸਨ ਤਾਂ ਉਪਨਿਸ਼ਦ ਸਮੇਤ ਭਾਵ ਹੁੰਦਾ ਸੀ। ਵੇਦ ਉਪਨਿਸ਼ਦਾਂ ਵਿਚ ਪਰਮੇਸ਼ੁਰ ਦਾ ਮੁਖ ਨਾਮ ਓਅੰ 'ਓਂ' ਹੈ ਤੇ ਉਸ ਦੀ ਵਡਿਤ ਵਰਣਨ ਹੈ।

ਪੁਰਾਨ-[ਸੰਸ:, ਪੁਰਾਣੰ=ਹਿੰਦੂਆਂ ਦੇ ੧੮ ਧਰਮ ਪੁਸਤਕ] ਇਨ੍ਹਾਂ ਵਿਚ 'ਓਂ' ਤੋਂ ਛੁਟ 'ਰਾਮ' ਆਦਿ ਨਾਵਾਂ ਦੀ ਮਹਿਮਾ ਬੀ ਹੈ। ਵਿਸ਼ੇਸ਼ ਦੇਖੋ ਪੰਨਾ ੩੬੧।

ਸਿੰਮ੍ਰਿਤਿ-[ਸੰਸ:, ਸਿਮ੍ਰਿਤਿ:] ਹਿੰਦੂ ਸ਼ਾਸਤ੍ਰ ਜੋ ਵੇਦਾਂ ਨੂੰ ਯਾਦ ਕਰਕੇ ਰਚੇ ਗਏ। ਹਿੰਦੂ ਧਰਮ ਗ੍ਰੰਥਾਂ ਵਿਚੋਂ ਵੇਦ (ਸੰਹਿਤਾ), ਬ੍ਰਾਹਮਣ ਤੇ ਉਪਨਿਖਦ ਏਹ ਸ਼੍ਰੁਤੀ ਕਹੀਦੇ ਹਨ। [ਸ਼੍ਰੁਤਿ:=ਜੋ ਬ੍ਰਹਮਾ ਆਦਿ ਰਿਖੀਆਂ ਨੇ ਸੁਣਿਆਂ।] ਛੇ ਵੇਦਾਂਗ, ਗ੍ਰਹਯ ਆਦਿ, ਮਨੁ, ਯਾਗਵਲਕ ਆਦਿ ਸਿਮ੍ਰਿਤਿ ਕਹੀਦੇ ਹਨ। ਰਾਮਾਯਣ ਮਹਾਂ ਭਾਰਤ ਤੇ ਨੀਤਿ ਸ਼ਾਸ਼ਤ੍ਰ ਗ੍ਰੰਥ ਭੀ ਸਿੰਮਰਤੀਆਂ ਵਿਚ ਸ਼ਾਮਲ ਹਨ, ਇਨ੍ਹਾਂ ਵਿਚ 'ਓਂ' 'ਰਾਮ' ਆਦਿ ਅਨੇਕਾਂ ਨਾਮ ਹਨ।

ਸੁਧਾਖ੍ਯਰ-[ਸੰਸ:, ਸ਼ੁਦ੍ਧ+ਅਕ੍ਸ਼ਰੰ]=ਜੋ ਸ਼ੁੱਧ ਹੈ ਅਰ ਨਾ ਖਰਨੇ ਵਾਲਾ ਹੈ। ਪਵਿੱਤ੍ਰ

ਅਵਿਨਾਸ਼ੀ (ਵਾਹਿਗੁਰ) ।

੨. [ਸੰਸ:, ਸ਼ੁਦ੍ਧ+ਅਕੁਸ਼ਰੰ] ਸ਼ੁੱਧ ਅਖਰ ਯਾ ਪਵਿਤ੍ਰ ਅੱਖਰ । 'ਪਵਿੱਤ੍ਰ ਅਖਰਾਂ' ਤੋਂ ਭਾਵ ਹੈ ਪਵਿਤ੍ਰ ਅੱਖਰਾਂ ਵਾਲ਼ੇ ਲੇਖ, ਪਵਿੱਤ੍ਰ ਪੁਸਤਕ । ਏਥੇ ਇਸ ਦਾ ਰੂਪ ਹੈ 'ਸੁਧਾਖੁਰ' ਪਰ ਗੁਰਬਾਣੀ ਵਿਚ 'ਸੁਧਾਖੁਰ' ਪਦ ਏਕੇ ਦੇ ਨਾਲ ਬੀ ਆਇਆ ਹੈ, ਓਥੇ ਰੂਪ ਹੈ 'ਏਕ ਸੁਧਾਖਰੁ' । ਓਥੇ ਸੁਧਾਖਰੁ ਤੋਂ ਭਾਵ 'ੴ' ਦਾ ਹੈ । ਯਥਾ:- 'ਬੂਝੈ ਨਾਹੀ ਏਕੁ ਸੁਧਾਖਰੁ ॥' [ਗਉੜੀ ਮ: ੫-੧੬੪

ਕੀਨੇ-ਕੀਤੇ ਹਨ । ਬਹੁ ਬਚਨ ਹੈ । ਇਹ ਪਦ ਦੇਹੁਲੀ ਦੀਪਕ ਹੈ, ਅਰਥਾਤ ਦਹਿਲੀਜ਼ ਦੇ ਦੀਵੇ ਵਾਂਗ ਅੰਦਰ ਬਾਹਰ ਚਾਨਣਾ ਦੇਣ ਵਾਲਾ, ਭਾਵ ਦੁਵੱਲੀ ਅਰਥ ਦੇਣ ਵਾਲਾ । 'ਕੀਨੇ' ਪਦ ਦੁਹਾਂ ਤੁਕਾਂ ਵਿਚ ਲਗਦਾ ਹੈ । ਵੇਦ ਪੁਰਾਨ ਸਿਮਰਤ ਜਿਨ੍ਹਾਂ ਨੇ ਕੀਤੇ (ਰਚੇ) ਹਨ ਉਨ੍ਹਾਂ ਨੇ 'ਰਾਮ' ਤੇ 'ੴ' (ਇਹ ਦੋ) ਨਾਮ ਕੀਤੇ=ਸਿਮਰਨ ਕੀਤੇ ਹਨ । ਪਿਛੇ ਵਿਸ਼ਯ ਸਿਮਰਨ ਦਾ ਹੈ, ਇਸ ਕਰਕੇ 'ਕੀਤੇ' ਦਾ ਮਤਲਬ ਏਥੇ 'ਸਿਮਰਨ ਕੀਤੇ' ਲਗਦਾ ਹੈ । ਭਾਵ ਇਹ ਹੈ ਕਿ ਵੇਦ ਪੁਰਾਣ ਸਿੰਮ੍ਰਤੀਆਂ ਤੇ ਹੋਰ ਪਵਿੱਤ੍ਰ ਪੁਸਤਕਾਂ ਨੇ ਇਕ ਨਾਮ ਹੀ ਮੂਲ ਗੱਲ ਦੱਸੀ ਹੈ । ਯਥਾ:-

ਗੁਣ ਗੋਬਿੰਦ ਨਾਮ ਧੁਨਿ ਬਾਣੀ ॥ ਸਿਮ੍ਰਿਤਿ ਸਾਸਤ੍ਰ ਬੇਦ ਬਖਾਣੀ ॥
[ਗ.ਉ:ਮਹਲਾ ੫ ਸੁਖਮਨੀ, ੨੪-੭

ਇਸ ਤੁਕ ਦੇ ਸੰਪ੍ਰਦਾਈ ਅਰਥ ਐਉਂ ਬੀ ਹਨ-ਵੇਦ ਪੁਰਾਣ ਸਿੰਮ੍ਰਤੀਆਂ ਦਾ ਅੱਖਰ ਅੱਖਰ ਸੋਧਿਆ, (ਤਦ) ਰਾਮ ਦਾ ਨਾਮ ਇਕ (ਸਾਰ ਰੂਪ) ਅੱਖਰ ਹੀ ਨਿਸਚੇ ਕੀਤਾ । ਅਰਥਾਤ ਨਾਮ ਸਿਮਰਣ ਹੀ ਸਭ ਦਾ ਸਿੱਧਾਂਤ ਲੱਭਾ । 'ਆਖਰ' ਦਾ ਅਰਥ 'ਅੰਤ' ਨੂੰ ਬੀ ਲਾਉਂਦੇ ਹਨ ।

ਇਕ ਆਖ੍ਰ-[ਸੰਸ:, ਏਕਾਕ੍ਖਰੰ]=ੴ । ਸੰਸਕ੍ਰਿਤ ਸਾਹਿਤਯ ਵਿਚ ਇਹ ਪਦ 'ਏਕਾਕ੍ਸ਼ਰ' ਅਕਸਰ 'ੴ' ਅਰਥਾਂ ਵਿਚ ਹੀ ਆਇਆ ਹੈ ।

੨-ਇਕ ਜੋ ਨਾਸ਼ ਨਹੀਂ ਹੁੰਦਾ । [ਏਕ+ਅਕ੍ਖਰੰ] ।

(ੳ) ਪਰਮਾਤਮਾ । (ਅ) ਉਸ ਦਾ ਲਖਾਯਕ 'ੴ' ।

ਕਾਂਖੀ-[ਸੰਸ:, ਕਾਂਕ੍ਖਿਨ੍] ਚਾਹ ਵਾਲਾ, ਪ੍ਰੇਮੀ, ਇੱਛਕ ।

ਸੁਖ ਅੰਮ੍ਰਿਤੁ-ਉਹ ਸੁਖ ਜੋ ਸਰੀਰ ਦੇ ਮਰਨ ਨਾਲ ਨਾ ਮਰੇ, ਅਮਰ ਸੁਖ, ਸਦਾ ਦਾ ਸੁਖ । 'ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ' ਵਿਚ ਸ਼ਲੇਖ ਅਰਥ ਰੱਖਿਆ ਹੈ, ਜੋ ਇਹ ਹੈ:-

ਇਸ ਸੁਖਮਨੀ ਵਿਚ ਪਰਮੇਸ਼ੁਰ ਦੇ ਅਮਰ ਕਰਨ ਵਾਲੇ ਸੁਖਾਂ ਦੇ ਦਾਤੇ 'ਨਾਮ' ਦਾ ਵਰਣਨ ਹੈ।

ਰਹਾਉ- ਦੇਖੋ ਪਹਿਲੀ ਸੰਥਯਾ ਪੋਥੀ ਦਾ ਪੰਨਾ ੧੮੧ ।

ਕਾਲੁ ਪਰਹਰੈ-ਕਾਲ ਦੂਰ ਹੋ ਜਾਂਦਾ ਹੈ । ਭਾਵ ਕਾਲ ਦਾ ਭੈ ਦੂਰ ਹੋ ਜਾਂਦਾ ਹੈ, ਅਥਵਾ ਕਾਲ ਚੱਕ੍ਰ ਵਿਚ ਪੈਣੋਂ ਉੱਚਾ ਹੋ ਜਾਂਦਾ ਹੈ । ਅਰਥਾਤ ਅਮਰ ਹੋ ਜਾਂਦਾ ਹੈ ।

ਸਰਬ ਨਿਧਾਨ-[ਸੰਸ:, ਸਰ੍ਵ=ਸਾਰੀਆਂ, ਸਮੂਹ । ਸੰਸ:, ਨਿਧਾਨੰ=ਨਿੱਧੀਆਂ] ਸਾਰੀਆਂ ਨਿਧੀਆਂ, ਮੁਰਾਦ ਹੈ ਸਾਰੇ ਸੁਖ ।

(ਅ) [ਸੰਸ:, ਨਿਧਿ:=ਖਜ਼ਾਨਾ, ਭੰਡਾਰ] ਸਾਰੇ ਭੰਡਾਰ, ਸਾਰੇ ਖਜ਼ਾਨੇ ।

ਉਧਰੇ-[ਸੰਸ:, ਉਦ੍ਧਰਣਮੁ=ਉਧਰਨਾ=ਸੰਸਾਰ ਸਾਗਰ ਤੋਂ ਤਰ ਜਾਣਾ, ਮੁਕਤ ਹੋਣਾ, ਬਚ ਜਾਣਾ] ਤਰ ਗਏ ਹਨ ।

ਮੂਚਾ-[ਸਿੰਧੀ, ਮੁਚ=ਢੇਰ । ਪੰਜਾਬੀ, ਮੂਚਾ=ਬਹੁਤ ਉਚਾ, ਵਡਾ, ਬਹੁਤੇ] ਬਹੁਤੇ ਲੋਕ ।

ਪਰਉਪਕਾਰੀ-[ਸੰਸ:, ਪਰੋਪਕਾਰਿਨ੍] ਦੂਸਰੇ ਦਾ ਭਲਾ ਕਰਨ ਵਾਲਾ, ਨੇਕੀ ਕਰਨ ਵਾਲੇ ('ਸਿਮਰਹਿ' ਪਦ ਬਹੁ ਵਚਨ ਕ੍ਰਿਯਾ ਹੋਣ ਕਰਕੇ) ।

ਨਿਹਚਲ ਆਸਨ-[ਸੰਸ:, ਨਿਸ਼ਚਲ=ਸਥਿਰ, ਅਟਲ, ਜੋ ਕਦੀ ਨਾ ਹਿੱਲੇ+ਆਸਨਮ੍=ਬੈਠ ਜਾਣਾ, ਬੈਠਕ। ਖ਼ਾਸ ਆਸਨ] ਅਡੋਲ ਆਸਣ। ਅਹਿੱਲ ਆਸਣ। ਜੋਗੀ ਸਰੀਰ ਅਡੋਲ ਕਰਕੇ ਬੈਠਦਾ ਹੈ। ਇਸ ਤਰ੍ਹਾਂ ੮੪ ਆਸਣ ਜਿੱਤਦਾ ਹੈ, ਪਰ ਸਿਮਰਨ ਵਾਲੇ ਦੇ ਮਨ ਦਾ ਟਿਕਾਉ ਵਾਹਿਗੁਰੂ ਤੇ ਹੋ ਜਾਂਦਾ ਹੈ, ਜੋ ਕਿ ਆਸਣ ਜਿੱਤਣ ਦਾ ਅਸਲੀ ਭਾਵ ਹੈ।

ਧਰਨਾ-[ਸੰਸ:, ਧਰਣਿ:=ਧਰਤੀ] ਧਰਤੀ, ਪ੍ਰਿਥਵੀ।

ਕਾਰਨ ਕਰਨਾ-[ਸੰਸ:, ਕਾਰਣਮ੍+ਕਰਣਮ੍] ਕਾਰਨ ਨੂੰ ਕਰਨ ਵਾਲਾ, ਮੂਲ ਕਾਰਣ।

## [ਅਸਟਪਦੀ-ਦੂਜੀ]

**ਪ੍ਰਾਕ੍ਰਥਨ**-ਅਰਦਾਸ ਹੈ ਤੇ ਆਪਣੇ ਦੁਆਰਾ ਉਪਦੇਸ਼ ਹੈ ਸ਼ਰਣ ਲੈਣ ਦਾ।

ਸਲੋਕੁ ॥ ਦੀਨ ਦਰਦ ਦੁਖ ਭੰਜਨਾ ਘਟਿਘਟਿ ਨਾਥ ਅਨਾਥ॥ ਸਰਣਿ ਤੁਮ੍ਹਾਰੀ ਆਇਓ ਨਾਨਕ ਕੇ ਪ੍ਰਭ ਸਾਥ ॥ ੧ ॥

ਹੇ ਗ਼ਰੀਬਾਂ ਦੀ ਪੀੜਾ ਤੇ ਦੁਖਾਂ ਦੇ ਭੰਨਣੇ ਵਾਲੇ! ਹੇ ਘਟ ਘਟ ਵਿਚ (ਪੂਰਨ!) ਹੇ ਅਨਾਥਾਂ ਦੇ ਨਾਥ! ਹੇ ਪ੍ਰਭੂ! ਮੈਂ ਤੁਹਾਡੀ ਸ਼ਰਣ ਆਇਆ ਹਾਂ, ਨਾਨਕ ਦੇ ਨਾਲ (ਸਦਾ ਰਹੋ)* ॥ ੧ ॥

**ਪ੍ਰਾਕ੍ਰਥਨ**-ਪਹਿਲੇ ਚਾਰ ਅੰਕਾਂ ਵਿਚ ਨਾਮ ਦੀ ਤਾਸੀਰ ਦੱਸੀ ਹੈ। ਦੂਸਰੇ ਤੀਸਰੇ ਦੇ ਅੰਤ ਵਿਚ ਨਾਮ ਧਾਰਨੇ ਦਾ ਉਪਦੇਸ਼ ਹੈ। ੫, ੬, ੭ ਵਿਚ ਨਾਮ ਧਾਰਣ ਕਰਨੇ ਵਾਲਿਆਂ ਦੀ ਰਹਿਤ ਤੇ ਪ੍ਰਾਪਤੀ ਦੱਸੀ ਹੈ ਤੇ ਅੱਠਵੇਂ ਵਿਚ ਸੰਤ ਦੇ ਸੰਗ ਵਿਚ ਨਾਮ ਜਪਣੇ ਦਾ ਉਪਦੇਸ਼ ਹੈ।

ਅਸਟਪਦੀ॥ ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥ ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥ ਜਹ ਮਹਾ ਭਇਆਨ ਦੂਤ ਜਮ ਦਲੈ ॥ ਤਹ ਕੇਵਲ ਨਾਮੁ ਸੰਗਿ ਤੇਰੈ ਚਲੈ॥ਜਹ ਮੁਸਕਲ ਹੋਵੈ ਅਤਿ ਭਾਰੀ ॥ ਹਰਿ ਕੋ ਨਾਮੁ ਖਿਨ ਮਾਹਿ ਉਧਾਰੀ ॥ ਅਨਿਕ ਪੁਨਹ ਚਰਨ ਕਰਤ ਨਹੀ ਤਰੈ ॥ ਹਰਿ ਕੋ ਨਾਮੁ ਕੋਟਿ ਪਪ ਪਰਹਰੈ ॥ ਗੁਰਮੁਖਿ ਨਾਮੁ ਜਪਹੁ ਮਨ ਮੇਰੇ ॥ ਨਾਨਕ ਪਾਵਹੁ ਸੂਖ ਘਨੇਰੇ ॥ ੧ ॥

ਜਿਥੇ ਮਾਂ ਪਿਉ ਪੁਤ੍ਰ ਮਿਤ੍ਰ ਤੇ ਭਰਾ (ਤੇਰੇ ਨਾਲ) ਨਹੀਂ (ਹੋਣਗੇ), ਹੇ ਮਨ! ਓਥੇ ਨਾਮ ਤੇਰੇ ਸੰਗ (=ਨਾਲ ਹੋਵੇਗਾ ਤੇ ਤੇਰਾ) ਸਹਾਈ (ਹੋਵੇਗਾ)। ਜਿਥੇ ਮਹਾਂ ਭਿਆਨਕ ਜਮ ਦੇ ਦੂਤ ਦਲ ਰਹੇ ਹੋਣਗੇ†, ਓਥੇ ਕੇਵਲ ਨਾਮ ਤੇਰੇ ਨਾਲ ਚਲੇਗਾ। ਜਿਥੇ ਡਾਢੀ ਭਾਰੀ ਉਖਿਆਈ ਹੋਵੇਗੀ, ਹਰੀ ਦਾ ਨਾਮ ਪਲ ਵਿਚ ਉਧਾਰ ਕਰੇਗਾ (ਭਾਵ ਉਸ ਉਖਿਆਈ ਤੋਂ ਕੱਢ ਲਵੇਗਾ)। ਅਨੇਕ ਪ੍ਰਾਸ਼ਚਿਤ ਕਰਮ ਕਰਨੇ ਤੇ (ਜੀਵ) ਨਹੀਂ ਤਰ ਸਕਦਾ, (ਪਰੰਤੂ), ਹਰਿ ਦਾ ਨਾਮ ਕ੍ਰੋੜਾਂ ਪਾਪਾਂ ਨੂੰ ਦੂਰ ਕਰਦਾ ਹੈ (ਭਾਵ, ਪਾਪਾਂ ਦੀ ਨਵਿਰਤੀ ਪ੍ਰਾਸਚਿਤ ਕਰਮਾਂ ਨਾਲ ਨਹੀਂ ਹੁੰਦੀ ਪਰ ਹਰਿ ਦਾ ਨਾਮ ਕ੍ਰੋੜਾਂ ਪਾਪਾਂ ਨੂੰ ਨਾਸ਼ ਕਰ ਦੇਂਦਾ ਹੈ)। ਹੇ ਮੇਰੇ ਮਨ! ਗੁਰੂ ਦੁਆਰੇ ਨਾਮ ਨੂੰ ਜਪ (ਤਾਂ) ਬਹੁਤ ਸੁਖ ਪ੍ਰਾਪਤ ਹੋਣਗੇ, (ਆਖਦੇ ਹਨ ਗੁਰੂ) ਨਾਨਕ ॥ ੧ ॥

ਸਗਲਸ੍ਰਿਸਟਿ ਕੋ ਰਾਜਾ ਦੁਖੀਆ॥ ਹਰਿ ਕਾ ਨਾਮੁ ਜਪਤ ਹੋਇ ਸੁਖੀਆ ॥ ਲਾਖ ਕਰੋਰੀ ਬੰਧੁ ਨ

ਸਾਰੀ ਸ੍ਰਿਸ਼ਟੀ ਦਾ ਰਾਜਾ ਦੁਖੀਆ (ਰਹਿੰਦਾ ਹੈ, ਪਰ) ਵਾਹਿਗੁਰੂ ਦਾ ਨਾਮ ਜਪਦਿਆਂ (ਉਹ ਬੀ) ਸੁਖੀ ਹੋ ਜਾਂਦਾ ਹੈ। ਲਖਾਂ ਕ੍ਰੋੜਾਂ (ਮਾਯਾ ਦੇ ਖਜ਼ਾਨੇ ਇਕੱਠੇ ਕਰ ਲੈਣ) ਨਾਲ

*ਭਾਵ ਐਉਂ ਬੀ ਲੇਂਦੇ ਹਨ-ਮੈਂ (ਗੁਰੂ ਅਰਜਨ) ਗੁਰੂ (ਨਾਨਕ=) ਰਾਮਦਾਸ ਦੇ ਨਾਲ ਆਪ ਦੀ ਸ਼ਰਨ ਆਇਆ ਹਾਂ। †ਸੰਪ੍ਰਦਾਈ ਐਉਂ ਬੀ ਕਰਦੇ ਹਨ ਜਿਥੇ ਮਹਾਂ ਭਯਾਨਕ ਜਮਦੂਤਾਂ ਦਾ ਦਲ ਹੋਵੇਗਾ।

ਪਰੈ ॥ ਹਰਿ ਕਾ ਨਾਮੁ ਜਪਤ ਨਿਸਤਰੈ ॥ ਅਨਿਕ ਮਾਇਆ ਰੰਗ ਤਿਖ ਨ ਬੁਝਾਵੈ ॥ ਹਰਿ ਕਾ ਨਾਮੁ ਜਪਤ ਆਘਾਵੈ ॥ ਜਿਹ ਮਾਰਗ ਇਹੁ ਜਾਤ ਇਕੇਲਾ ॥ ਤਹ ਹਰਿ ਨਾਮੁ ਸੰਗਿ ਹੋਤ ਸੁਹੇਲਾ ॥ ਐਸਾ ਨਾਮੁ ਮਨ ਸਦਾ ਧਿਆਈਐ ॥ ਨਾਨਕ ਗੁਰਮੁਖਿ ਪਰਮਗਤਿ ਪਾਈਐ ॥ ੨ ॥

(ਬੀ ਉਸਦੀ ਤ੍ਰਿਸ਼ਨਾ ਰੂਪੀ ਨਦੀ ਨੂੰ) ਬੰਨ੍ਹ ਨਹੀਂ ਪੈਂਦਾ*, (ਪਰ) ਹਰੀ ਦਾ ਨਾਮ ਜਪਦਿਆਂ (ਉਹ ਇਸ ਨਦੀ ਨੂੰ) ਤਰ ਜਾਂਦਾ ਹੈ। (ਇਸ ਲਈ ਕਿ ਰਾਜ ਦਾ ਬਲ ਤੇ ਲੱਖਾਂ ਕ੍ਰੋੜਾਂ ਦੀ ਸਮਰਥਾ ਨਾਲ) ਮਾਯਾ ਦੇ ਅਨੇਕ ਰੰਗ (ਅਨੰਦ ਤੇ ਮੌਜਾਂ ਤਾਂ ਪ੍ਰਾਪਤ ਹੋ ਜਾਂਦੇ ਹਨ, ਪਰ ਉਹ ਮਾਯਾ ਦੀ) ਤ੍ਰੇਹ (ਤ੍ਰਿਸ਼ਨਾ) ਨੂੰ ਨਹੀਂ ਬੁਝਾਉਂਦੇ (ਸਗੋਂ ਵਧਾਉਂਦੇ ਹਨ ਪਰ) ਹਰੀ ਦਾ ਨਾਮ ਜਪਣੇ ਨਾਲ (ਤ੍ਰਿਸ਼ਨਾਲੂ) ਤ੍ਰਿਪਤ ਹੋ ਜਾਂਦਾ ਹੈ†। (ਏਥੇ ਨਾਮ ਤ੍ਰਿਪਤੀ ਦੇਂਦਾ ਹੈ ਤੇ ਅੱਗੇ) ਜਿਸ ਰਸਤੇ ਇਸ (ਜੀਵ) ਨੇ ਇਕੱਲਿਆਂ ਜਾਣਾ ਹੈ, ਓਥੇ ਹਰੀ ਦਾ ਨਾਮ ਇਸ ਦੇ) ਨਾਲ ਸਾਥੀ ਹੋਵੇਗਾ। ਹੇ ਮਨ! ਐਸਾ ਨਾਮ ਸਦਾ ਧਿਆਈਏ (ਜਿਸ ਨਾਲ ਕਿ) ਗੁਰਮੁਖ ਹੋਕੇ ਪਰਮਗਤੀ (ਮੁਕਤੀ) ਪਾ ਲਈਦੀ ਹੈ। (ਕਹਿੰਦੇ ਹਨ ਗੁਰੂ) ਨਾਨਕ (ਦੇਵ ਜੀ) ॥ ੨ ॥

ਛੂਟਤ ਨਹੀ ਕੋਟਿ ਲਖ ਬਾਹੀ ॥ ਨਾਮੁ ਜਪਤ ਤਹ ਪਾਰਿ ਪਰਾਹੀ ॥ ਅਨਿਕ ਬਿਘਨ ਜਹ ਆਇ ਸੰਘਾਰੈ ॥ ਹਰਿ ਕਾ ਨਾਮੁ ਤਤਕਾਲ ਉਧਾਰੈ ॥ ਅਨਿਕ ਜੋਨਿ ਜਨਮੈ ਮਰਿ ਜਾਮ ॥ ਨਾਮੁ ਜਪਤ ਪਾਵੈ ਬਿਸ੍ਰਾਮ ॥ ਹਉ ਮੈਲਾ ਮਲੁ ਕਬਹੁ ਨ ਧੋਵੈ ॥ ਹਰਿ ਕਾ ਨਾਮੁ ਕੋਟਿ ਪਾਪ ਖੋਵੈ ॥ ਐਸਾ ਨਾਮੁ ਜਪਹੁ ਮਨ ਰੰਗਿ ॥ ਨਾਨਕ ਪਾਈਐ ਸਾਧ ਕੈ ਸੰਗਿ ॥ ੩ ॥

(ਜਿਥੇ ਜੀਵ) ਲੱਖਾਂ ਕਰੋੜਾਂ ਸੱਜਣਾਂ ਸਨਬੰਧੀਆਂ ਦੇ ਆਸਰੇ ਹੁੰਦਿਆਂ ਬੀ ਛੁਟ ਨਹੀਂ ਸਕਦਾ ਓਥੇ ਨਾਮ ਜਪਣ ਨਾਲ ਪਾਰ ਹੋ ਜਾਂਦਾ ਹੈ। ਜਿੱਥੇ ਅਨੇਕ ਬਿਘਨ ਆ ਕੇ ਮਾਰ ਕਰਦੇ ਹਨ ਹਰੀ ਦਾ ਨਾਮ ਉਸੇ ਵੇਲੇ (ਓਥੇ) ਉਧਾਰ ਦਿੰਦਾ ਹੈ। (ਪਾਪੀ ਜੀਵ) ਅਨੇਕ ਜੂਨਾਂ ਵਿਚ (ਪਿਆ) ਜੰਮਦਾ ਮਰਦਾ (ਤੇ ਫੇਰ) ਜੰਮਦਾ ਹੈ, ਪਰ ਨਾਮ ਜਪਣੇ ਤੇ ਵਿਸ਼੍ਰਾਮ ਨੂੰ ਪਾ ਲੈਂਦਾ ਹੈ। ਹਉਮੈ (ਕਰਕੇ ਜੀਵ) ਮੈਲਾ ਹੈ, (ਇਸ) ਮੈਲ (ਨੂੰ ਇਹ ਹੋਰ ਕਿਸੇ ਤਰ੍ਹਾਂ) ਕਦੇ ਨਹੀਂ ਧੋ ਸਕਦਾ (ਪਰ) ਹਰੀ ਨਾਮ ਕਰੋੜਾਂ ਪਾਪ ਦੂਰ ਕਰਦਾ ਹੈ। ਹੇ ਮਨ! ਐਸਾ ਨਾਮ ਪ੍ਰੇਮ ਨਾਲ ਜਪ (ਜੋ ਨਾਮ ਕਿ) ਸਾਧੂ ਦੇ ਸੰਗ ਕਰਕੇ ਪਾਈਦਾ ਹੈ (ਫੁਰਮਾਉਂਦੇ ਹਨ ਗੁਰੂ) ਨਾਨਕ ॥ ੩ ॥

---

*ਪੁਰਾਤਨ ਅਰਥ ਬੀ ਇਹੋ ਹੈ: 'ਜਿਸ ਲਾਖੋਂ ਕ੍ਰੋੜੋਂ ਮਾਯਾ ਕੇ ਖਜ਼ਾਨੇ ਇਕਤ੍ਰ ਕਰਨੇ ਸੇ ਬੀ ਤਿਸ਼ਨਾ ਰੂਪੀ ਨਦੀ ਕਾ ਬੰਧ ਨਹੀਂ ਪੜਤਾ ਹੈ, ਭਾਵ ਰੁਕਤੀ ਨਹੀਂ ਹੈ।' [ਟੀ: ਫ਼: ਕੋ.]। (ਅ) ਐਉਂ ਬੀ ਅਰਥ ਲਾਉਂਦੇ ਹਨ:-'ਲਖਾਂ ਕ੍ਰੋੜਾਂ ਪਏ ਹੋਣ ਬੰਧਨ'। ਪਰ ਗੁਰਬਾਣੀ ਵਿਚ 'ਬੰਧਨ' ਪਦ ਜਦ ਬੰਨ੍ਹਣਾਂ ਦੇ ਅਰਥ ਵਿਚ ਆਉਂਦਾ ਹੈ ਤਾਂ ਅਕਸਰ 'ਧ' ਨੂੰ ਔਂਕੜ ਨਹੀਂ ਹੁੰਦਾ; ਜੈਸੇ ਕਿ ਟੂਟੇ ਬੰਧਨ ਜਾਸੁ ਕੇ ਹੋਆ ਸਾਧੂ ਸੰਗੁ ॥ [ਬਾਵਨ ਅਖਰੀ ੧੦] ਪਰ 'ਬੰਧੁ' ਪਦ ਬੰਨ੍ਹ ਦੇ ਅਰਥਾਂ ਵਿਚ ਆਯਾ ਹੈ, ਯਥਾ-'ਬੰਧੁ ਤੁਟਾ ਬੇੜੀ ਨਹੀ' [ਮਲਾਰ ਵਾਰ ਮ: ੧-੨੧]। (ੲ) ਇਸ ਤੁਕ ਦੇ ਅਰਥ ਐਉਂ ਬੀ ਹੈਨ:-ਲੱਖਾਂ ਕ੍ਰੂੜਾਂ (ਜਤਨਾਂ) ਨਾਲ ਪਾਪ ਦਾ ਬੰਨ੍ਹ ਪਰੇ ਨਹੀਂ ਹੁੰਦਾ। ਪਰ ਪਹਿਲੀ ਤੁਕ ਵਿਚ ਰਾਜ ਦਾ ਜ਼ਿਕਰ ਹੈ, ਤੀਜੀ ਵਿਚ ਮਾਇਆ ਦਾ ਸੋ ਵਿਚਕਾਰਲੀ ਵਿਚ ਬੀ ਲੱਖਾਂ ਕਰੋੜਾਂ ਤੋਂ ਮੁਰਾਦ ਧਨ ਪਦਾਰਥ ਦੀ ਹੀ ਹੋ ਸਕਦੀ ਹੈ, ਫੇਰ ਕਰੋੜ ਨੂੰ ਬਿਹਾਰੀ ਹੈ, ਜੋ 'ਨਾਲ' ਦਾ ਅਰਥ ਦੇਂਦੀ ਹੈ। ਫੇਰ ਅਰਥ ਐਉਂ ਬੀ ਲਗਦਾ ਹੈ-ਬੰਧੁ=ਬੰਧਨ। ਯਥਾ-'ਬੰਧ ਪਾਇਆ ਮੇਰੈ ਸਤਿਗੁਰਿ ਪੂਰੈ' [ਸੋਰਠਿ ਮ: ੫-੪੫]। (ਸ) ਨਪਰੈ=ਨਪੜੈ, [ਨਪੜਨਾ=ਨੱਪ ਲੈਣਾ ਤੋਂ]। ਕਿਉਂਕਿ ਅਗਲੀ ਤੁਕ ਵਿਚ ਹੈ ਪਦ ਨਿਸਤਰੈ, ਸੋ ਪਹਿਲੀ ਵਿਚ ਦੱਬੇ ਜਾਣੇ ਦਾ ਭਾਵ ਅਕਾਂਖਿਤ ਹੈ। ਇਸ ਲਈ 'ਲਾਖ ਕਰੋਰੀ ਬੰਧੁ ਨਪਰੈ' ਦਾ ਅਰਥ ਭਾਵ ਹੈ ਲੱਖਾਂ ਕਰੋੜਾਂ (ਰੁਪੱਯਾਂ) ਦੇ ਕੱਠਿਆਂ ਕਰਨ ਨਾਲ ਬੰਨ੍ਹਣ ਹੀ ਨਪੜ ਲੈਂਦਾ ਹੈ। ਐਸੇ ਨੱਪੇ ਹੋਏ ਨੂੰ ਹਰਿ ਦਾ ਨਾਮ ਤਾਰਦਾ ਹੈ। [ਨਿਸਤਾਰਨਾ=ਪਾਣੀ ਦੀ ਦੱਬ ਹੇਠੋਂ ਕੱਢਣਾ, ਤਾਰਨਾ, ਛੁਟਕਾਰਾ ਦੇਣਾ, ਮੁਕਤ ਕਰਨਾ]।

†ਤ੍ਰਿਪਤੀ ਦੇ ਭਾਵ ਲਈ ਦੇਖੋ ਇਸ ਅਸਟਪਦੀ ਦੀ ਨਿਰੁਕਤ ਵਿਚ ਪਦ 'ਤ੍ਰਿਪਤਿ ਭੁਗਤਿ'।

ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥ ਹਰਿ ਕਾ ਨਾਮੁ ਊਹਾ ਸੰਗਿ ਤੋਸਾ ॥ ਜਿਹ ਪੈਡੈ ਮਹਾ ਅੰਧ ਗੁਬਾਰਾ ॥ ਹਰਿ ਕਾ ਨਾਮੁ ਸੰਗਿ ਉਜੀਆਰਾ ॥ ਜਹਾ ਪੰਥਿ ਤੇਰਾ ਕੋ ਨ ਸਿਞਾਨੂ ॥ ਹਰਿ ਕਾ ਨਾਮੁ ਤਹ ਨਾਲਿ ਪਛਾਨੂ ॥ ਜਹ ਮਹਾ ਭਇਆਨ ਤਪਤਿ ਬਹੁ ਘਾਮ ॥ ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ ॥ ਜਹਾ ਤ੍ਰਿਖਾ ਮਨ ਤੁਝੁ ਆਕਰਖੈ ॥ ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ ॥ ੪ ॥

ਜਿਸ ਰਸਤੇ ਦੇ ਕੋਹ ਗਿਣੇ ਨਹੀਂ ਜਾਂਦੇ (ਭਾਵ ਜੋ ਪੈਂਡਾ ਬਹੁਤ ਲੰਮਾ ਹੈ), ਹਰਿ ਦਾ ਨਾਮ ਓਥੇ (ਤੇਰੇ) ਨਾਲ ਤੋਸ਼ਾ ਹੋਵੇਗਾ। ਜਿਸ ਪੈਂਡੇ (ਵਿਚ) ਬੜਾ ਹਨੇਰਾ ਤੇ ਗੁਬਾਰ ਹੈ), ਓਥੇ ਹਰੀ ਦਾ ਨਾਮ (ਤੇਰੇ) ਨਾਲ ਚਾਨਣਾ ਹੋਵੇਗਾ। ਜਿਸ ਰਸਤੇ ਵਿਚ ਤੇਰਾ ਕੋਈ ਜਾਣੂੰ ਨਹੀਂ ਹੋਵੇਗਾ) ਹਰੀ ਦਾ ਨਾਮ ਓਥੇ (ਤੇਰੇ) ਨਾਲ (ਤੇਰਾ) ਸਿਆਣੂੰ (ਹੋਵੇਗਾ)। ਜਿੱਥੇ ਮਹਾਂ ਭਯਾਨਕ (ਘਾਮ=) ਧੁੱਪ ਤੇ ਬਹੁਤੀ ਤਪਤ ਹੋਵੇਗੀ, ਓਥੇ ਹਰੀ ਦੇ ਨਾਮ ਦੀ ਤੇਰੇ ਉਤੇ ਛਾਂ (ਹੋਵੇਗੀ)। ਜਿੱਥੇ ਹੇ ਮਨ! ਤੇਹ ਤੈਨੂੰ ਸਤਾਵੇਗੀ, ਓਥੇ ਹੇ ਨਾਨਕ! ਹਰਿ ਹਰਿ (ਨਾਮ) ਦਾ (ਤੇਰੇ ਉਤੇ) ਅੰਮ੍ਰਿਤ ਵੱਸੇਗਾ* ॥ ੪ ॥

ਭਗਤ ਜਨਾ ਕੀ ਬਰਤਨਿ ਨਾਮੁ ॥ ਸੰਤ ਜਨਾ ਕੈ ਮਨਿ ਬਿਸ੍ਰਾਮੁ ॥ ਹਰਿ ਕਾ ਨਾਮੁ ਦਾਸ ਕੀ ਓਟ ॥ ਹਰਿ ਕੈ ਨਾਮਿ ਉਧਰੇ ਜਨ ਕੋਟਿ ॥ ਹਰਿ ਜਸੁ ਕਰਤ ਸੰਤ ਦਿਨੁ ਰਾਤਿ ॥ ਹਰਿ ਹਰਿ ਅਉਖਧੁ ਸਾਧ ਕਮਾਤਿ ॥ ਹਰਿ ਜਨ ਕੈ ਹਰਿ ਨਾਮੁ ਨਿਧਾਨੁ ॥ ਪਾਰਬ੍ਰਹਮਿ ਜਨ ਕੀਨੋ ਦਾਨ ॥ ਮਨ ਤਨ ਰੰਗਿ ਰਤੇ ਰੰਗ ਏਕੈ ॥ ਨਾਨਕ ਜਨ ਕੈ ਬਿਰਤਿ ਬਿਬੇਕੈ ॥ ੫ ॥

[ਨਾਮ ਧਾਰਨ ਵਾਲਿਆਂ ਦੀ ਰਹੁਰੀਤਿ ਤੇ ਪ੍ਰਾਪਤੀ]। (ਬਾਹਰ ਬੀ) ਭਗਤ ਪੁਰਖਾਂ ਦਾ (ਨਿਤ) ਬਿਵਹਾਰ ਨਾਮ ਹੀ ਹੁੰਦਾ ਹੈ (ਤੇ ਅੰਦਰ ਬੀ) ਸੰਤਾਂ ਦੇ ਮਨ ਵਿਖੇ (ਨਾਮ ਦਾ) ਨਿਵਾਸ ਹੁੰਦਾ ਹੈ। (ਹਰ ਸਮੇਂ) ਹਰੀ ਦਾ ਨਾਮ (ਹੀ) ਦਾਸ ਦਾ ਆਸਰਾ ਹੁੰਦਾ ਹੈ। (ਇਕ ਨਹੀਂ) ਹਰੀ ਦੇ ਨਾਮ ਨਾਲ ਕਰੋੜਾਂ ਜਨ ਉਧਰੇ ਹਨ। ਸੰਤ ਦਿਨ ਰਾਤ ਹਰੀ ਦਾ ਜਸ ਕਰਦੇ ਰਹਿੰਦੇ ਹਨ, (ਦੁਖਾਂ ਸੁਖਾਂ ਲਈ ਬੀ) ਸਾਧੂ ਹਰੀ ਦੇ ਨਾਮ ਦੀ ਦਵਾਈ ਵਰਤਦੇ ਹਨ। (ਪਦਾਰਥ ਲਈ ਬੀ) ਹਰਿ ਜਨਾਂ ਦੇ (ਪਾਸ) ਹਰਿ ਨਾਮ ਹੀ ਖਜ਼ਾਨਾ ਹੈ, (ਇਹ) ਦਾਨ ਪਾਰਬ੍ਰਹਮ ਨੇ (ਆਪ) ਦਾਸਾਂ ਪਰ ਕੀਤਾ ਹੈ। (ਓਹ ਭਗਤ ਤੇ ਸੰਤ, ਜਿਨ੍ਹਾਂ ਦੇ) ਮਨ ਤੇ ਤਨ ਇਕੋ ਰੰਗ ਵਿਚ ਰੰਗੇ ਗਏ ਹਨ, ਹੇ ਨਾਨਕ! (ਉਨ੍ਹਾਂ) ਜਨਾਂ ਦੀ ਬਿਰਤੀ ਵਿਵੇਕ ਵਾਲੀ ਹੋ ਗਈ ਹੈ† ॥ ੫ ॥

ਹਰਿ ਕਾ ਨਾਮੁ ਜਨ ਕਉ ਮੁਕਤਿ ਜੁਗਤਿ ॥ ਹਰਿ ਕੈ ਨਾਮਿ ਜਨ ਕਉ ਤ੍ਰਿਪਤਿ ਭੁਗਤਿ ॥ ਹਰਿ

ਹਰੀ ਦਾ ਨਾਮ ਹੀ (ਹਰੀ ਦੇ) ਦਾਸ ਲਈ (ਜਨਮ ਮਰਨ ਤੋਂ) ਮੁਕਤੀ (ਤੇ ਪਰਮਾਤਮਾ ਨਾਲ) ਜੁੜ ਜਾਣ ਦੀ ਅਵਸਥਾ ਹੈ। ਹਰੀ ਦੇ ਨਾਮ ਨਾਲ ਹੀ ਜਨ ਨੂੰ ਭੋਗ (ਦਾ ਸੁਆਦ ਤੇ) ਤ੍ਰਿਪਤੀ (ਦਾ ਆਨੰਦ) ਹੈ। ਹਰੀ ਦਾ ਨਾਮ ਹੀ ਦਾਸ ਦਾ ਰੂਪ

*ਮੌਤ ਤੋਂ ਬਾਦ ਦੀ ਪਾਪੀ ਜੀਵ ਦੀ ਦਸ਼ਾ ਤੇ ਉਸ ਦਾ ਦਾਰੂ ਵਰਣਨ ਹੋ ਰਿਹਾ ਹੈ।

†ਗੁਰੂ ਜੀ ਬਾਹਰਲੇ ਰੰਗ (ਭੇਖ) ਧਾਰਨ ਨੂੰ ਸੰਤਤਾਈ ਤੇ ਭਗਤੀ ਨਹੀਂ ਮੰਨ ਰਹੇ, ਉਪਦੇਸ਼ ਦੇ ਰਹੇ ਹਨ। ਹੇ ਭਗਤੋ ਤੇ ਸੰਤੋ! ਜੋ ਤਯਾਗ ਵੈਰਾਗ ਪਰਮੇਸ਼ੁਰ ਦੀ ਭਗਤੀ ਦਾ ਰੂਪ ਬਣਾਕੇ ਬਾਹਰ ਧਾਰਿਆ ਹੈ, ਉਹੋ ਅੰਦਰ ਮਨ ਵਿਚ ਧਾਰਨ ਕਰੋ। ਜੋ ਵਿਵੇਕ ਕਿ ਗੱਲਾਂ ਨਾਲ ਸੁਣਾਉਂਦੇ ਹੋ ਉਸ ਦਾ ਨਿਵਾਸ ਅਪਣੀ ਬ੍ਰਿਤੀ ਵਿਚ ਕਰੋ ਤਾਂ ਤੁਸੀਂ ਹਰੀ ਦੇ ਜਨ ਹੋ। ਅਗਲੀ ਪਉੜੀ ਦੀ ਤੀਸਰੀ ਸਤਰ ਵਿਚ ਫੁਰਮਾਉਂਦੇ ਹਨ–'ਹਰਿ ਕਾ ਨਾਮੁ ਜਨ ਕਾ ਰੂਪ ਰੰਗੁ ॥' ਸੰਪ੍ਰਦਾਈ ਅਰਥ ਇਉਂ ਹੈ–(ਉਨ੍ਹਾਂ ਦੇ) ਮਨ ਤੇ ਤਨ ਇਕ (ਪਰਮੇਸ਼ੁਰ) ਦੇ ਪ੍ਰੇਮ ਵਿਚ ਆਨੰਦ ਰਹਿੰਦੇ ਹਨ, ਇਸ ਕਰਕੇ ਉਨ੍ਹਾਂ ਦੀ ਬ੍ਰਿਤੀ ਵਿਵੇਕ ਵਾਲੀ ਹੋ ਜਾਂਦੀ ਹੈ।

ਕਾ ਨਾਮੁ ਜਨ ਕਾ ਰੂਪ ਰੰਗੁ ॥

ਹਰਿ ਨਾਮੁ ਜਪਤ ਕਬ ਪਰੈ ਨ ਭੰਗੁ ॥ ਹਰਿ ਕਾ ਨਾਮੁ ਜਨ ਕੀ ਵਡਿਆਈ ॥ ਹਰਿ ਕੈ ਨਾਮਿ ਜਨ ਸੋਭਾ ਪਾਈ ॥ ਹਰਿ ਕਾ ਨਾਮੁ ਜਨ ਕਉ ਭੋਗੁ ਜੋਗ॥ਹਰਿ ਨਾਮੁ ਜਪਤ ਕਛੁ ਨਾਹਿ ਬਿਓਗੁ ॥ ਜਨੁ ਰਾਤਾ ਹਰਿ ਨਾਮ ਕੀ ਸੇਵਾ ॥ ਨਾਨਕ ਪੂਜੈ ਹਰਿ ਹਰਿ ਦੇਵਾ ॥ ੬ ॥

ਤੇ ਰੰਗ ਹੋ ਜਾਂਦਾ ਹੈ। (ਭਾਵ ਨਾਮ ਹੀ ਉਸਦਾ ਭੇਖ ਹੈ, ਹੋਰ ਭੇਖ ਨਹੀਂ ਧਾਰਦਾ। ਐਉਂ ਬੀ ਭਾਵ ਲੈਂਦੇ ਹਨ-ਨਾਮ ਨਾਲ ਆਤਮ ਸੁੰਦਰਤਾ ਦਾ ਉਹ ਦਰਸ਼ਨ ਕਰਨ ਹਾਰ ਹੋ ਜਾਂਦਾ ਹੈ, ਸੋ ਉਸਦਾ ਭੋਗ ਤੇ ਤ੍ਰਿਪਤੀ ਇਹੋ ਆਤਮ ਸੁੰਦਰਤਾ ਹੋ ਜਾਂਦੀ ਹੈ। ਹੋਰ ਸਾਧਨਾਂ ਨੂੰ ਵਿਘਨ ਵੀ ਘੇਰਦੇ ਹਨ ਪਰ ਹਰੀ ਜਨ ਨੂੰ) ਹਰੀ ਦਾ ਨਾਮ ਜਪਦਿਆਂ ਕਦੀ ਭੰਗ (ਵਿਘਨ) ਨਹੀਂ ਪੈਂਦਾ*। ਹਰੀ ਦਾ ਨਾਮ ਹੀ ਜਨ ਦੀ ਵਡਿਆਈ ਹੈ,ਹਰੀਦੇ ਨਾਮ ਕਰਕੇ ਹੀ ਦਾਸ ਸੋਭਾ ਪਾਉਂਦੇ ਹਨ। ਹਰੀ ਦਾ ਨਾਮ ਜਨ ਨੂੰ ਭੋਗ (ਬੀ ਹੈ ਤੇ) ਜੋਗ (ਬੀ) ਹੈ†। ਹਰੀ ਦਾ ਨਾਮ ਜਪਦੇ ਰਹਿਣ ਨਾਲ (ਕੁਛ=) ਥੋੜਾ ਬੀ (ਸਾਈਂ ਨਾਲ) ਵਿਛੋੜਾ ਨਹੀਂ ਪੈਂਦਾ;(ਕਿਉਂਕਿ) ਜਨ ਹਰੀ ਨਾਮ ਦੀ ਸੇਵਾ ਵਿਚ (ਨਿੱਤ) ਰਚਿਆ ਰਹਿੰਦਾ ਹੈ (ਤੇ ਜੋ ਨਾਮ ਦੀ ਸੇਵਾ=ਸਿਮਰਨ ਵਿਚ ਰੱਤਾ ਰਹਿੰਦਾ ਹੈ) ਹੇ ਨਾਨਕ ! (ਓਹ ਜਾਣ ਲਓ ਕਿ ਸਾਖਯਾਤ) ਪ੍ਰਕਾਸ਼ ਸਰੂਪ ਵਾਹਿਗੁਰੂ ਨੂੰ ਪੂਜ ਰਿਹਾ ਹੈ‡ ॥ ੬ ॥

ਹਰਿ ਹਰਿ ਜਨ ਕੈ ਮਾਲੁ ਖਜੀਨਾ ॥ ਹਰਿ ਧਨੁ ਜਨ ਕਉ ਆਪਿ ਪ੍ਰਭਿ ਦੀਨਾ ॥ ਹਰਿ ਹਰਿ ਜਨ ਕੈ ਓਟ ਸਤਾਣੀ॥ ਹਰਿ ਪ੍ਰਤਾਪਿ ਜਨ ਅਵਰ ਨ ਜਾਣੀ ॥ ਓਤਿ ਪੋਤਿ ਜਨ ਹਰਿ ਰਸਿ ਰਾਤੇ ॥ ਸੁੰਨਿ ਸਮਾਧਿ ਨਾਮ ਰਸ ਮਾਤੇ ॥ ਆਠ ਪਹਰ ਜਨੁ ਹਰਿ ਹਰਿ ਜਪੈ॥ ਹਰਿ ਕਾ ਭਗਤੁ ਪ੍ਰਗਟ ਨਹੀ ਛਪੈ ॥ ਹਰਿ ਕੀ ਭਗਤਿ ਮੁਕਤਿ ਬਹੁ ਕਰੇ ॥ ਨਾਨਕ ਜਨ ਸੰਗਿ ਕੇਤੇ ਤਰੇ ॥ ੭ ॥

ਜਨਾਂ ਦੇ (ਪਾਸ) ਹਰੀ (ਦਾ ਨਾਮ) ਮਾਲ (ਹੈ ਤੇ ਇਹੋ ਉਨ੍ਹਾਂ ਦਾ) ਖਜ਼ਾਨਾ ਹੈ⌘। (ਇਹ) ਹਰਿ ਧਨ ਜਨਾਂ ਨੂੰ ਪ੍ਰਭੂ ਨੇ ਆਪ ਦਿੱਤਾ ਹੈ। (ਹਰਿ ਦੇ) ਜਨਾਂ ਦੀ ਬਲ ਵਾਲੀ ਓਟ (ਇਹੋ) ਹਰਿ ਹਰਿ (ਨਾਮ) ਹੈ। ਹਰਿ ਦੇ ਪ੍ਰਤਾਪ ਨਾਲ ਜਨਾਂ ਨੇ ਹੋਰ (ਕਿਸੇ) ਦੀ (ਓਟ ਉਸ ਨਾਲੋਂ ਸਤਾਣੀ) ਨਹੀਂ ਜਾਣੀ (ਭਾਵ ਓਟ ਤਕਾਈ ਨਹੀਂ)। ਤਾਣੇ ਪੇਟੇ (ਦੀ ਤਰ੍ਹਾਂ) ਜਨ ਹਰਿ ਰਸ ਵਿਚ ਰਚੇ (ਹੋਏ ਹਨ), (ਇਉਂ ਓਹ) ਨਾਮ ਦੇ ਰਸ ਵਿਚ ਮਸਤ ਰਹਿੰਦੇ ਹਨ, (ਇਹੋ ਉਨ੍ਹਾਂ ਦੀ) ਸੁੰਨ ਸਮਾਧੀ ਹੈ। (ਸੋ ਇੱਕੁਰ ਜੋ) ਜਨ ਅੱਠੇ ਪਹਿਰ ਹਰਿ ਹਰਿ ਜਪਦਾ ਹੈ (ਉਹ) ਹਰੀ ਦਾ ਭਗਤ ਹੈ ਤੇ ਪ੍ਰਗਟ (ਹੋ ਜਾਂਦਾ ਹੈ, ਭਾਵ ਉਹ) ਲੁਕਿਆ ਨਹੀਂ ਰਹਿੰਦਾ। ਹਰੀ ਦੀ ਭਗਤੀ ਨੇ ਬਹੁਤਿਆਂ ਦੀ ਮੁਕਤੀ ਕੀਤੀ ਹੈ। (ਹਾਂ, ਓਹ ਆਪ ਹੀ ਮੁਕਤ ਨਹੀਂ ਹੋਏ ਸਗੋਂ ਐਸੇ) ਜਨਾਂ ਦੇ ਸੰਗ ਨਾਲ ਕਿੰਨੇ (ਹੋਰ ਬੀ) ਤਰ ਗਏ ਹਨ ਹੇ ਨਾਨਕ ! । ੭ ॥

*ਅਥਵਾ ਨਾਮ ਬਰਾਬਰ ਜਾਰੀ ਰਹਿੰਦਾ ਹੈ। ਸੂਚਨਾ-ਨਾਮ ਦਾ ਮਾਰਗ ਵਿਘਨ ਰਹਿਤ ਹੈ, ਇਹ ਗੱਲ ਸ਼ਾਸਤ੍ਰਕਾਰਾਂ ਨੇ ਬੀ ਮੰਨੀ ਹੈ। ਦੇਖੋ ਯੋਗ ਦਰਸ਼ਨ ੧-੨੯:-'ਉਸ(ਨਾਮ ਜਪ ਤੋਂ) ਅਪਣੇ ਸਰੂਪ ਦਾ ਗਯਾਨ ਪ੍ਰਾਪਤ ਹੁੰਦਾ ਹੈ ਤੇ ਵਿਘਨਾਂ ਦਾ ਨਾਸ਼ ਹੁੰਦਾ ਹੈ।' ਤਤ: ਪ੍ਰਤਯਕ੍ ਚੇਤਨਾਧਿਗਮੋ ਅਪਯਨ੍ਤਰਾਯਾਭਾਵਸ਼੍ਚ ।੧।੨੯। ਏਹ ਭਾਵ ਬੀ ਲੈਂਦੇ ਹਨ ਕਿ ਹਰੀ ਨਾਮ ਵਿਘਨ ਵਿਨਾਸ਼ਕ ਹੈ।

†ਜੋਗੀ ਜੋਗ ਕਮਾਕੇ ਭੋਗਾਂ ਤੋਂ ਨਿਰਾਸ ਹ ਜਾਂਦਾ ਹੈ, ਪਰ ਹਰੀ ਨਾਮ ਵਾਲਾ ਸਰੀਰਕ ਰਸਾਂ ਤੋਂ ਨਿਰਾਸ ਹੋ ਕੇ ਵਾਹਿਗੁਰੂ ਮਿਲਾਪ ਦੇ ਰਸ ਵਿਚ ਰਚ ਜਾਂਦਾ ਹੈ, ਐਉਂ ਨਾਮ ਦਾ ਜੋਗ ਭੋਗ ਰੂਪ ਬੀ ਹੈ, ਅਰਥਾਤ ਨਾਮ ਦਾ ਮਾਰਗ 'ਰਸ ਵੈਰਾਗ' ਮਾਰਗ ਹੈ।

‡ਅਥਵਾ-(ਉਸ ਨੂੰ) ਪੂਜਦੇ ਹਨ ਦੇਵਤੇ ਵਿਸ਼ਨੂੰ ਵਰਗੇ।

⌘(ਅ) 'ਹਰਿ ਹਰਿ' (ਨਾਮ) ਜਨਾਂ ਦੇ ਪਾਸ ਮਾਲ ਖ਼ਜ਼ਾਨਾ ਹੈ।

ਪਾਰਜਾਤੁ ਇਹੁ ਹਰਿ ਕੋ ਨਾਮ ॥
ਕਾਮਧੇਨ ਹਰਿ ਹਰਿ ਗੁਣ ਗਾਮ ॥
ਸਭ ਤੇ ਊਤਮ ਹਰਿ ਕੀ ਕਥਾ ॥
ਨਾਮੁ ਸੁਨਤ ਦਰਦ ਦੁਖ ਲਥਾ ॥
ਨਾਮ ਕੀ ਮਹਿਮਾ ਸੰਤ ਰਿਦ ਵਸੈ॥
ਸੰਤ ਪ੍ਰਤਾਪਿ ਦੁਰਤੁ ਸਭੁ ਨਸੈ ॥
ਸੰਤ ਕਾ ਸੰਗੁ ਵਡਭਾਗੀ ਪਾਈਐ॥
ਸੰਤ ਕੀ ਸੇਵਾ ਨਾਮੁ ਧਿਆਈਐ ॥
ਨਾਮ ਤੁਲਿ ਕਛੁ ਅਵਰੁ ਨ ਹੋਇ॥
ਨਾਨਕ ਗੁਰਮੁਖਿ ਨਾਮੁ ਪਾਵੈ ਜਨੁ ਕੋਇ ॥ ੮ ॥ ੨ ॥

ਇਹ ਹਰੀ ਦਾ ਨਾਮ (ਹੀ ਅਸਲ) ਪਾਰਜਾਤ ਹੈ, ਹਰਿ ਹਰਿ ਦੇ ਗੁਣਾਂ ਦਾ ਗਾਉਣਾ (ਹੀ ਅਸਲ) ਕਾਮਧੇਨੁ ਹੈ, (ਪਾਰਜਾਤ ਕਾਮਧੇਨ ਆਦਿ ਦੀਆਂ ਕਥਾਂ ਨਾਲੋਂ) ਸਭਨਾਂ ਤੋਂ ਉੱਤਮ ਹਰੀ ਦੀ ਕਥਾ ਹੈ (ਜਿਸ ਦੁਆਰਾ) ਨਾਮ ਸੁਣੀਦਾ ਹੈ, (ਕਿਉਂਕਿ ਨਾਮ ਸ੍ਰਵਣ ਨਾਲ ਸਭ) ਦੁਖ ਪੀੜ ਦੂਰ ਹੋ ਜਾਂਦੀ ਹੈ। (ਇਸ ਗਲ ਦਾ ਤਜਰਬਾ ਹੈ ਸੰਤਾਂ ਨੂੰ ਜੋ ਨਾਮ ਜਪਦੇ ਹਨ, ਇਸ ਕਰਕੇ ਇਕ) ਨਾਮ ਦੀ ਮਹਿਮਾ ਸੰਤਾਂ ਦੇ ਹਿਰਦੇ ਵਿਚ ਵਸਦੀ ਹੈ। (ਐਸੇ ਸੰਤਾਂ ਨੂੰ ਮਿਲੋ, ਕਿਉਂਕਿ) ਸੰਤਾਂ ਦੇ ਪ੍ਰਤਾਪ ਕਰਕੇ (ਕੁੱਲ) ਪਾਪ ਨੱਸ ਜਾਂਦਾ ਹੈ। (ਪਰ) ਸੰਤਾਂ ਦਾ ਸੰਗ ਵਡੇ ਭਾਗਾਂ ਕਰਕੇ ਪਾਈਦਾ ਹੈ। (ਜਦੋਂ ਮਿਲੇ ਤਾਂ) ਸੰਤਾਂ ਦੀ ਸੇਵਾ ਕਰਕੇ ਨਾਮ ਧਿਆਈਦਾ ਹੈ। ਨਾਮ ਦੇ ਤੁੱਲ ਹੋਰ ਕੁਛ ਨਹੀਂ ਹੈ*। (ਪਰ) ਹੇ ਨਾਨਕ! (ਇਹ) ਨਾਮ ਗੁਰੂ ਦਆਰਾ ਕੋਈ (ਵਿਰਲਾ) ਜਨ ਪ੍ਰਾਪਤ ਕਰਦਾ ਹੈ। (ਭਾਵ ਸੰਤਾਂ ਦੀ ਸੰਗਤ ਕਰੋ ਤੇ-ਗੁਰੂ ਤੋਂ ਹਰੀ ਦਾ ਨਾਮ ਲਓ) ॥ ੮ ॥ ੨ ॥

**ਨਿਰੁਕ੍ਤ**—ਘਟਿ ਘਟਿ—[ਹਿੰਦੀ, ਘਟ=ਦੇਹ, ਸ਼ਰੀਰ, ਹਿਰਦਾ।] ਹਰ ਇਕ ਦੇ ਦਿਲ ਵਿਚ। ਸਾਰਿਆਂ (ਜੀਵਾਂ) ਦੇ ਸਰੀਰ ਵਿਚ।

ਨਾਥ ਅਨਾਥ—[ਸੰਸ: ਨਾਥ:=ਮਾਲਕ, ਰਖਜਕ, ਪ੍ਰਭੂ। ਅਨਾਥ:=ਯਤੀਮ, ਜਿਸ ਦਾ ਮਾਲਕ ਨਾ ਹੋਵੇ, ਬੇਸਹਾਰਾ] ਅਨਾਥਾਂ ਦਾ ਨਾਥ ਭਾਵ ਬੇਸਹਾਰਾ ਲੋਕਾਂ ਦਾ ਰੱਖਜਕ, ਗ਼ਰੀਬਾਂ ਦਾ ਮਾਲਕ।

ਪੁਨਹਚਰਨ—ਉਹ ਕਰਮ ਜੋ ਪਾਪਾਂ ਦੀ ਨਵਿਰਤੀ ਲਈ ਫੇਰ ਕੀਤੇ ਜਾਣ। ਦੇਖੋ 'ਪੁਨਹ-ਚਰਨਾ' ਬਾਵਨ ਅੱਖਰੀ ਪਉੜੀ ੨੦ ਦੀ ਨਿਰੁਕ੍ਤ,ਪਿੱਛੇ ਪੰਨਾ ੧੬੧੮ ਪਰ।

ਬਾਹੀ—[ਸੰਸ:, ਬਾਹੁ: ਬਾਂਹ] ਬਾਹਾਂ ਨਾਲ। ੨. ਪੰਜਾਬੀ ਮੁਹਾਵਰੇ ਵਿਚ ਬਾਹਾਂ, ਬਾਹਾਂ ਵਾਲਿਆਂ ਨੂੰ ਭੀ ਕਹਿੰਦੇ ਹਨ, ਭਾਵ ਸੱਜਣ ਸੰਬੰਧੀ ਜੋ ਮਦਦ ਦੇਂਦੇ ਹਨ ਮੁਸ਼ਕਲਾਂ ਵੇਲੇ।

ਸੰਘਾਰੈ—[ਸੰਸ:, ਸੰਹਾਰ:=ਮਾਰਨਾ] ਮਾਰਦੇ ਹਨ। ਘੇਰਨਾ ਅਰਥ ਬੀ ਲਾ ਲੈਂਦੇ ਹਨ।

ਬਿਸ੍ਰਾਮ—[ਸੰਸ:, ਵਿਸ਼੍ਰਾਮ:] ਟਿਕਾਉ। ਪਰਮ ਪਦ ਤੇ ਟਿਕ ਜਾਣਾ।

ਤੋਸਾ—[ਫਾ:, ਤੋਸ਼ਹ=]ਸਫਰ ਵਿਚ ਨਾਲ ਲਈ ਹੋਈ ਖਾਣ ਪੀਣ ਦੀ ਸ਼ੈ। ਸ਼ੱਕਰ ਪਾਕੇ ਬਣਾਈ ਯਾ ਇਸ ਵਰਗੀ ਮਠਿਆਈ ਦਾ ਨਾਮ ਹੈ ਤੋਸ਼ਹ ਜੋ ਪੁਰਾਣੇ ਸਮੇਂ ਸਫਰ ਵਿਚ ਨਾਲ ਰਖਦੇ ਹੁੰਦੇ ਸਨ। (ਅ) ਦਾਨ ਜੋ ਮਰਨ ਵਾਲੇ ਦੇ ਨਾਮ ਤੇ ਉਸ ਨੂੰ ਮਰਨ ਵਾਲੇ ਦਿਨ ਰਸਤੇ ਵਿਚ ਸਹਾਰਾ ਦੇਣ ਲਈ ਦੇਂਦੇ ਹਨ। (ੲ) ਕਿਸੇ ਫਕੀਰ ਦੀ ਕਬਰ ਤੇ ਰੱਖੀ ਖੁਰਾਕ ਬਤੌਰ ਭੇਟਾ ਦੇ।

---

*ਵਾਹਿਗੁਰੂ ਦੀ ਪ੍ਰਾਪਤੀ ਦਾ ਕੋਈ ਸਾਧਨ ਨਾਮ ਦੇ ਤੁੱਲ ਨਹੀਂ ਹੈ, ਇਹ ਸਭ ਤੋਂ ਚੰਗਾ ਸਾਧਨ ਹੈ, ਯਥਾ-ਜਪਿ ਜਨ ਸਦਾ ਸਦਾ ਦਿਨੁ ਰੈਣੀ ॥ ਸਭ ਤੇ ਊਚ ਨਿਰਮਲ ਇਹ ਕਰਣੀ ॥ ਅਗਲੀ ਅਸ਼ਟਪਦੀ ਵਿਚ ਇਸੇ ਦੀ ਪ੍ਰੋੜਤਾ ਹੈ।

ਸਿਞਾਨੂ–[ਸੰਸ:, ਸੰਗਜਾਨੰ=ਚੰਗੀ ਤਰ੍ਹਾਂ ਦੀ ਜਾਣ ਪਛਾਣ] ਚੰਗੀ ਤਰ੍ਹਾਂ ਨਾਲ ਸਾਂਝ ਸਿਞਾਣ ਵਾਲਾ, ਭਾਵ ਮਿੱਤ੍ਰ।

ਘਾਮ–[ਸੰਸ:, ਘਰ੍ਮ:। ਪ੍ਰਾਕ੍ਰਿਤ ਘਮ੍ਮ=ਧੁੱਪ] ਗਰਮੀ, ਧੁੱਪ, ਪਸੀਨਾ।

ਆਕਰਖੈ–[ਸੰਸ:, ਆਕਰ੍ਖਣਮ੍=ਖਿੱਚ ਮਾਰਨੀ] ਖਿੱਚ ਮਾਰੇ, ਸਤਾਵੇ, ਵਿਆਕੁਲ ਕਰੇ।

ਬਰਤਨਿ–[ਸੰਸ:, ਵਰ੍ਤਨੰ=ਵਰਤੋਂ ਵਿਹਾਰ] ਵਰਤੋਂ, ਵਰਤਾਰਾ, ਰੋਜ਼ ਦਾ ਵਿਹਾਰ।

ਮੁਕਤਿ ਜੁਗਤਿ- [ਸੰਸ:, ਮੁਕ੍ਤਿ:=ਛੁਟਕਾਰਾ, ਰਿਹਾਈ। ਸੰਸ:, ਯੁਕ੍ਤਿ:=ਜੁੜਨਾ, ਮਿਲਾਪ। ਢੰਗ, ਤ੍ਰੀਕਾ] ਮੁਕਤੀ ਪ੍ਰਾਪਤੀ ਦਾ ਤ੍ਰੀਕਾ, ਮੁਕਤੀ ਦੀ ਜੁਗਤੀ।

ਭੁਗਤਿ–[ਸੰਸ:, ਭੁਕ੍ਤਿ;] ਭੋਜਨ, ਭੋਗ, ਲੌਕਿਕ ਸੁਖ।

ਤ੍ਰਿਪਤਿ ਭੁਗਤਿ–[ਸੰਸ:, ਤ੍ਰਿਪ੍ਤਿ:] ਤ੍ਰਿਪਤੀ ਅਤੇ ਭੋਗ ਦਾ ਸੁਆਦ।

ਭਾਵ ਹੈ ਭੋਗਣ ਵਿਚ ਜੋ ਰੁਚੀ ਤੇ ਰਸ ਹੁੰਦਾ ਹੈ ਉਸ ਤੋਂ ਮਗਰੋਂ ਜੋ (ਰੱਜ) ਆਉਂਦੀ ਹੈ ਉਸ ਨੂੰ ਤ੍ਰਿਪਤਿ ਕਿਹਾ ਹੈ। ਮੁਰਾਦ ਹੈ ਨਾਮ ਵਿਚ ਆਪਣਾ ਰਸ ਹੁੰਦਾ ਹੈ, ਉਹ ਰਸ ਸਰੀਰਕ ਰਸਾਂ ਕਸਾਂ ਦੀ ਲੋੜ ਚੁਕਾ ਦੇਂਦਾ ਹੈ ਤੇ ਸਾਈਂ ਵਿਚ ਲਾ ਦੇਂਦਾ ਹੈ। ਇਹ ਲਗਨ ਤ੍ਰਿਪਤੀ ਰੂਪ ਹੁੰਦੀ ਹੈ। ਤ੍ਰਿਪਤੀ ਅਸਲ ਵਿਚ ਓਹ ਅਵਸਥਾ ਹੈ ਜਿਸ ਵਿਚ ਵੈਰਾਗ ਆਦਿ ਅਪਣਾ ਕੰਮ ਕਰ ਚੁਕਦੇ ਹਨ, ਆਤਮਾ ਪਰਮਾਤਮਾਂ ਨਾਲ ਮਿਲਕੇ ਇਕ ਪਰਮ ਸੁਖ ਰੂਪ ਹੋਰ ਸੁਖਾਂ ਤੋਂ ਅਚਾਹ ਤੇ ਸੰਤੁਸ਼ਟ ਹੁੰਦੀ ਹੈ।

(ਅ) ਸੰਪ੍ਰਦਾਈ ਦਾਨੇ ਐਉਂ ਬੀ ਅਰਥ ਕਰਦੇ ਹਨ:–ਹਰੀ ਦੇ ਨਾਮ ਨਾਲ ਭੋਗਾਂ ਤੋਂ ਤ੍ਰਿਪਤੀ ਆ ਜਾਂਦੀ ਹੈ।

ਸੁੰਨਿ ਸਮਾਧਿ–[ਸੰਸ:, ਸ਼ੂਨ੍ਯ=ਖਾਲੀ, ਇਕਾਂਤ, ਅਫੁਰ, ਸਮਾਧਿ:=ਧਯਾਨ, ਮਨ ਦੀ ਇਕਾਗ੍ਰਤਾ।] ਅਫੁਰ ਸਮਾਧੀ, ਇਕਾਂਤ ਸਮਾਧੀ।

ਫੁਰਨੇ ਨੂੰ ਰੋਕਕੇ ਸ਼ੂਨਵਾਦੀ (ਬੋਧੀ ਆਦਿਕ) ਸੁੰਨ ਵਿਚ ਗੁੰਮ ਹੁੰਦਾ ਹੈ। ਸਾਂਖੀ ਤੇ ਜੋਗੀ ਸ੍ਵੈ-ਸਰੂਪ ਵਿਚ ਟਿਕਦਾ ਹੈ। ਗੁਰੂ ਜੀ ਦੱਸਦੇ ਹਨ ਕਿ ਨਾਮ ਵਿਚ ਮਗਨ ਹੋ ਜਾਣਾ ਸਾਡੀ ਸੁੰਨ ਸਮਾਧਿ ਹੈ, ਕਿਉਂਕਿ ਇਸ ਵਿਚ ਫੁਰਨੇ ਰੁਕ ਜਾਂਦੇ ਹਨ ਤੇ ਮਨ ਇਕ ਪਰਮੇਸ਼ੁਰ ਵਿਚ ਮਗਨ ਹੋ ਜਾਂਦਾ ਹੈ। ਬੋਧੀ ਸ਼ੂਨ ਵਿਚ, ਸਾਂਖੀ ਤੇ ਜੋਗੀ ਸ੍ਵੈ ਵਿਚ ਤੇ ਗੁਰ ਸਿਖ ਵਾਹਿਗੁਰੂ ਵਿਚ ਮਗਨ ਹੁੰਦਾ ਹੈ।

ਪਾਰਜਾਤੁ–[ਸੰਸ:, ਪਾਰਿਜਾਤ:। ਹਿੰਦੀ, ਪਾਰਿ=ਨਦੀ, ਸਮੁੰਦਰ ਆਦਿ ਦਾ ਕਿਨਾਰਾ। ਜਾਤ=ਪੈਦਾ ਹੋਇਆ। ਸਮੁੰਦਰ ਤੋਂ ਪੈਦਾ ਹੋਇਆ] ਇਹ ਸੁਰਗ ਦੇ ਪੰਜ ਬ੍ਰਿਛਾਂ ਵਿਚੋਂ ਇਕ ਹੈ। ਇਹ (ਬ੍ਰਿਛ) ਤੇ ਕਾਮਧੇਨ (ਗਾਂ) ਦੁਇ ਸਮੁੰਦਰ ਰਿੜਕਨ ਵੇਲੇ ਨਿਕਲੇ ਸਨ। ਪਾਰਿਜਾਤ ਇੰਦਰ ਨੂੰ ਮਿਲਿਆ ਤੇ ਸੁਰਗ ਵਿਚ ਪਹੁੰਚਾ। 'ਕਾਮਧੇਨ' ਗਊ ਤੋਂ ਜੋ ਮੰਗੋ ਦੇਂਦੀ ਹੈ। ਭਾਵ ਹੈ ਕਿ ਜਿਵੇਂ ਇਨ੍ਹਾਂ ਨੂੰ ਮਨੋਕਾਮਨਾ ਪੂਰਕ ਸਮਝਿਆ ਜਾਂਦਾ ਹੈ, ਨਾਮ ਵਿਚ ਇਹ ਸਿਫਤਾਂ ਹਨ, ਪਰ ਨਾਮ ਦੀ ਕਥਾ ਇਨ੍ਹਾਂ ਦੀ ਕਥਾ ਤੇ ਹੋਰ ਕਥਾਵਾਂ ਤੋਂ ਵਿਸ਼ੇਸ਼ ਹੈ ਕਿਉਂਕਿ ਏਹ ਮਨੋ ਕਾਮਨਾ ਤੇ ਮਨੋ ਵਾਸ਼ਨਾ ਦੂਰ ਹੀ ਕਰਕੇ ਮੁਕਤੀ ਤੇ ਪੁਚਾ ਦੇਂਦੀ ਹੈ।

ਕਾਮਧੇਨ–[ਸੰਸ:, ਕਾਮਧੇਨੁ:] ਪੁਰਾਣਾਂ ਅਨੁਸਾਰ, ਸੁਰਗ ਦੀ ਇਕ ਗਊ ਦਾ ਨਾਮ ਹੈ। ਇਸ ਤੋਂ ਜੋ ਮੰਗੋ ਦੇਂਦੀ ਹੈ। ਵਿਸ਼ੇਸ਼ ਦੇਖੋ ਉਪਰ ਪਾਰਜਾਤੁ।

## [ਅਸ਼ਟਪਦੀ–ਤੀਜੀ]

**ਪ੍ਰਾਕ੍ਕਥਨ**–ਸਭ ਸਾਧਨਾਂ ਤੋਂ ਨਾਮ ਸ੍ਰੇਸ਼ਟ ਦੱਸਿਆ ਹੈ। ਹੋਰ ਸਾਧਨਾਂ ਦੀਆਂ ਕਮੀਆਂ ਦਰਸਾਕੇ ਨਾਮ ਧਾਰਨ ਦੀ ਪ੍ਰੇਰਨਾ ਕੀਤੀ ਹੈ।

ਸਲੋਕੁ ॥ ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ ॥ ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ ॥ ੧ ॥

ਬਹੁਤ ਸ਼ਾਸਤ੍ਰ ਤੇ ਬਹੁਤੀਆਂ ਸਿੰਮ੍ਰਤੀਆਂ (ਹਨ ਓਹ) ਸਾਰੇ ਹੀ ਵਿਚਾਰਕੇ ਦੇਖੇ ਹਨ. ਪਰਮੇਸ਼ੁਰ ਦੇ ਨਾਮ (ਦੀ ਅਰਾਧਨਾ ਦੀ ਬਰੱਬਰੀ) ਨੂੰ (ਓਹ) ਨਹੀਂ ਪਹੁੰਚ ਸਕਦੇ (ਕਿਉਂਕਿ ਏਹ ਸਾਰੇ ਮੁੱਲ ਵਿਚ ਹਨ, ਮੁੱਲ ਪਾਉਂਦੇ ਹਨ ਪਰ) ਨਾਮ ਅਮੁੱਲ ਹੈ (ਤੇ ਅਮੁੱਲ ਵਿਚ ਲੈ ਜਾਂਦਾ ਹੈ) ॥ ੧ ॥

ਅਸਟਪਦੀ॥ ਜਾਪ ਤਾਪ ਗਿਆਨ ਸਭਿ ਧਿਆਨ ॥ ਖਟ ਸਾਸਤ੍ਰ ਸਿਮ੍ਰਿਤਿ ਵਖਿਆਨ॥ ਜੋਗ ਅਭਿ-ਆਸ ਕਰਮ ਧ੍ਰਮ ਕਿਰਿਆ॥ ਸਗਲ ਤਿਆਗਿ ਬਨ ਮਧੇ ਫਿਰਿਆ ॥ ਅਨਿਕ ਪ੍ਰਕਾਰ ਕੀਏ ਬਹੁ ਜਤਨਾ ॥ ਪੁੰਨ ਦਾਨ ਹੋਮੇ ਬਹੁ ਰਤਨਾ ॥ ਸਰੀਰੁ ਕਟਾਇ ਹੋਮੈ ਕਰਿ ਰਾਤੀ ॥ ਵਰਤ ਨੇਮ ਕਰੈ ਬਹੁ ਭਾਤੀ ॥ ਨਹੀ ਤੁਲਿ ਰਾਮ ਨਾਮ ਬੀਚਾਰ ॥ ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ ॥ ੧ ॥

ਜੇ (ਕੋਈ) ਜਪ, ਤਪ, ਗਿਆਨ ਅਰ ਸਾਰੇ (ਪ੍ਰਕਾਰ ਦੇ) ਧਿਆਨ (ਕਰੇ), ਛੀ ਸ਼ਾਸਤ੍ਰ ਤੇ ਸਿੰਮ੍ਰਤੀਆਂ ਦੇ ਵਖਿਆਨ (ਸੁਣੇ ਜੋਗ ਦੇ ਅਭਿਆਸ, (ਕਰਮ ਕਾਂਡ ਦੇ ਦੱਸੇ) ਕਰਮ, (ਵਰਣਾਸ਼੍ਰਮ ਦੇ) ਧਰਮ, (ਪੂਜਾ ਆਦਿਕ) ਕ੍ਰਿਆ (ਦੀ ਕਮਾਈ ਕਰੇ), ਸਾਰੇ (ਟੱਬਰ ਟੋਰ ਤੇ ਪਦਾਰਥਾਂ ਨੂੰ) ਤਿਆਗ ਕੇ ਬਨਾਂ ਵਿਚ ਫਿਰਦਾ (ਰਹੇ), ਬਹੁਤੇ ਤੇ ਕਈ ਪ੍ਰਕਾਰ ਦੇ (ਹੋਰ) ਜਤਨ ਪਿਆ ਕਰੇ (ਜੈਸਾ ਕਿ) ਪੁੰਨ ਦਾਨ (ਕਰੇ ਤੇ ਘਿਉ ਆਦਿ) ਕੀਮਤੀ ਪਦਾਰਥ (ਅੱਗ ਵਿਚ ਪਾ ਕੇ) ਹੋਮ ਪਿਆ ਕਰੇ। (ਸਗੋਂ) ਸਰੀਰ ਨੂੰ ਕਟਾ ਕੇ ਰੱਤੀ ਰੱਤੀ ਕਰਕੇ ਹੋਮ ਕਰ ਦਵੇ, ਵਰਤ ਨੇਮ ਬੀ ਬਹੁਤੀਆਂ ਭਾਤਾਂ ਦੇ ਕਰੇ, ਪਰੰਤੂ ਰਾਮ ਨਾਮ ਦੇ ਵਿਚਾਰ ਦੇ ਤੁੱਲ (ਇਹ ਸਾਰਾ ਕੁਛ) ਨਹੀਂ (ਹੈ), ਹੇ ਨਾਨਕ! ਗੁਰੂ ਦੁਆਰਾ ਪ੍ਰਾਪਤ ਨਾਮ (ਜੇ) ਇਕ ਵਾਰ ਜਪੀਏ (ਤਾਂ ਪਿਛਲੇ ਕਹੇ ਸਾਰੇ ਕਰਮ ਉਸਦੇ ਤੁੱਲ ਨਹੀਂ ਹਨ)* ॥ ੧ ॥

ਨਉਖੰਡ ਪ੍ਰਿਥਮੀ ਫਿਰੈ ਚਿਰੁ ਜੀਵੈ ॥ ਮਹਾ ਉਦਾਸੁ ਤਪੀਸਰੁ ਥੀਵੈ ॥ ਅਗਨਿ ਮਾਹਿ ਹੋਮਤ ਪਰਾਨ ॥ ਕਨਿਕ ਅਸ੍ਵ ਹੈਵਰ ਭੂਮਿ ਦਾਨ ॥ ਨਿਉਲੀ ਕਰਮ ਕਰੈ ਬਹੁ ਆਸਨ॥ ਜੈਨ ਮਾਰਗ ਸੰਜਮ ਅਤਿ ਸਾਧਨ ॥ ਨਿਮਖ ਨਿਮਖ ਕਰਿ ਸਰੀਰੁ ਕਟਾਵੈ ॥ ਤਉ ਭੀ ਹਉਮੈ ਮੈਲੁ ਨ ਜਾਵੈ ॥ ਹਰਿ ਕੇ ਨਾਮ ਸਮਸਰਿ ਕਛੁ ਨਾਹਿ ॥ ਨਾਨਕ ਗੁਰਮੁਖਿ ਨਾਮੁ ਜਪਤ ਗਤਿ ਪਾਹਿ ॥੨॥

(ਕਿਉਂਕਿ ਜੇ ਕੋਈ) ਨਉ ਖੰਡਾਂ ਵਾਲੀ ਪ੍ਰਿਥਵੀ (ਸਾਰੀ) ਫਿਰੇ, (ਤੇ ਬਹੁਤ) ਚਿਰ (ਤਕ ਬੀ) ਜੀਵੇ, (ਫੇਰ) ਬੜਾ ਉਦਾਸ ਤੇ (ਵਡਾ) ਤਪੀ ਹੋ ਜਾਵੇ। ਅਗਨੀ ਵਿਚ (ਅਪਣੇ ਪ੍ਰਾਣਾਂ (ਤੱਕ ਨੂੰ ਬੀ) ਹੋਮ ਕਰੇ; ਸੋਨਾ, ਘੋੜੇ, ਕੋਤਲ ਘੋੜੇ ਤੇ ਪ੍ਰਿਥਵੀ ਦਾਨ ਕਰੇ, ਨਿਉਲੀ ਕਰਮ ਕਰੇ, ਬਹੁਤੇ ਆਸਣ (ਹਠ ਯੋਗ ਦੇ ਲਾਵੇ), ਜੈਨ ਮਤ ਦੇ (ਕਰੜੇ) ਸੰਜਮ (ਤੇ) ਅਤਿ ਦੇ (ਔਖੇ) ਸਾਧਨ ਕਰੇ†, ਰਤਾ ਰਤਾ ਕਰਕੇ ਸਰੀਰ ਕਟਾ ਦੇਵੇ, ਤਦ ਬੀ ਹਉਮੈ ਦੀ ਮੈਲ ਨਹੀਂ ਜਾਂਦੀ। (ਹਉਮੈ ਦੀ ਮੈਲ ਗੁਵਾਉਣ ਲਈ) ਹਰਿ ਦੇ ਨਾਮ ਦੇ ਤੁੱਲ ਕੁਛ ਬੀ ਨਹੀਂ ਹੈ। ਹੇ ਨਾਨਕ! 'ਗੁਰਮੁਖ ਨਾਮ' ਜਪ ਕੇ ਗਤਿ ਪ੍ਰਾਪਤ ਹੁੰਦੀ ਹੈ ॥ ੨ ॥

---

*ਇਹ ਸੰਪ੍ਰਦਾਈ ਅਰਥ ਹੈ ਤੇ ਓਹ ਹੋਰ ਅਰਥ ਬੀ ਕਰਦੇ ਹਨ-ਤਾਂਤੇ ਹੇ ਨਾਨਕ ਪਰਮੇਸ਼ੁਰ ਦਾ ਨਾਮ ਗੁਰੂ ਤੋਂ ਲੈਕੇ ਇਕ ਵਾਰ (ਲਗਾਤਾਰ) ਜਪੀਏ। (ਅ) ਇਕ ਵਾਰ=ਭਾਵ ਮਨੁੱਖਾ ਜਨਮ ਵਿਚ।

†ਜੈਨੀਆਂ ਦਾ (ਮਾਰਗ=ਪੰਥ), ਜੈਨ ਮਤ। ਜੈਨੀਆਂ ਦੇ ਸਾਧਨ ਮਹਾਨ ਕਰੜੇ ਹਨ।

ਮਨ ਕਾਮਨਾ ਤੀਰਥ ਦੇਹ ਛੁਟੈ ॥
ਗਰਬੁ ਗੁਮਾਨੁ ਨ ਮਨ ਤੇ ਹੁਟੈ ॥
ਸੋਚ ਕਰੈ ਦਿਨਸੁ ਅਰੁ ਰਾਤਿ ॥
ਮਨ ਕੀ ਮੈਲੁ ਨ ਤਨ ਤੇ ਜਾਤਿ ॥

(ਭਾਵੇਂ ਕੋਈ) ਮਨ ਦੇ ਚਾਹੇ ਹੋਏ ਤੀਰਥ (ਉਤੇ ਜਾ ਰਹੇ ਇਸ ਭਾਵਨਾ ਨਾਲ ਕਿ ਮੇਰੀ) ਦੇਹ (ਉਥੇ) ਅੰਤ ਹੋਵੇ*, (ਪਰ ਉਹ ਕੀਹ ਦੇਖੇਗਾ ਕਿ ਐਸਾ ਕਰਨੇ ਨਾਲ) ਅਹੰਕਾਰ ਤੇ ਅਭਿਮਾਨ ਮਨ ਵਿਚੋਂ ਸਿਥਲ ਨਹੀਂ ਹੁੰਦਾ, (ਕਿਉਂਕਿ ਤੀਰਥ ਤੇ ਵੱਸਕੇ ਸਰੀਰ ਦੀ ਸ਼ੁੱਧੀ) ਇਸ਼ਨਾਨ (ਆਦਿਕ ਤਾਂ ਪਿਆ) ਰਾਤ ਦਿਨ ਕਰੇਗਾ, (ਪਰ) ਮਨ ਦੀ ਮੈਲ (ਇਸ) ਤਨ ਦੀ (ਮੈਲ ਧੋਣ) ਨਾਲ ਦੂਰ ਨਹੀਂ ਹੁੰਦੀ। (ਸ਼ੁੱਧੀ ਆਦਿ ਤੋਂ ਛੁਟ ਭਾਵੇਂ ਉਥੇ) ਇਸ ਦੇਹੀ ਨਾਲ (ਕਿੰਨੀਆਂ) ਬਹੁਤੀਆਂ ਸਾਧਨਾ ਪਿਆ ਕਰੇ, ਮਨ ਤੋਂ ਵਿਸ਼ਯ ਭਾਵਨਾ ਕਦੀ ਦੂਰ ਨਹੀਂ ਹੋਵੇਗੀ। (ਭਲਾ ਜੇ ਕੋਈ) ਕੱਚੀ ਕੰਧ ਨੂੰ ਜਲ ਨਾਲ ਬਹੁਤ ਧੋਵੇ (ਤਾਂ ਉਹ ਕੋਈ) ਸ਼ੁਧ ਹੋ ਚੱਲੀ ਹੈ? (ਤਿਵੇਂ ਇਹ) ਨਾਸ਼ਮਾਨ ਸਰੀਰ, (ਜੋ ਕੱਚੀ ਕੰਧ ਵਾਂਙੂ ਮਿੱਟੀ ਦਾ ਬਣਿਆ ਹੋਇਆ ਹੈ, ਕਿਤੇ) ਸ਼ੁੱਧ ਹੋ ਚੱਲਿਆ ਹੈ? ਹੇ ਮੇਰੇ ਮਨ! (ਸੋਚ ਕਰਕੇ ਦੇਖ ਕਿ) ਹਰੀ ਦੇ ਨਾਮ ਦੀ ਮਹਿਮਾ (ਸਭ ਸਾਧਨਾਂ ਤੋਂ) ਉੱਚੀ ਹੈ, (ਜਿਸ ਨਾਲ ਮਨ ਸ਼ੁੱਧ ਹੁੰਦਾ ਹੈ, ਹਾਂ ਇਸ) ਨਾਮ ਨਾਲ ਵਡੇ ਵਡੇ ਪਾਪੀ ਮੁਕਤ ਹੋ ਗਏ ਹਨ, ਹੇ ਨਾਨਕ! ॥ ੩ ॥

ਇਸੁ ਦੇਹੀ ਕਉ ਬਹੁ ਸਾਧਨਾ ਕਰੈ ॥ਮਨ ਤੇ ਕਬਹੂ ਨ ਬਿਖਿਆ ਟਰੈ॥
ਜਲਿ ਧੋਵੈ ਬਹੁ ਦੇਹ ਅਨੀਤਿ ॥
ਸੁਧ ਕਹਾ ਹੋਇ ਕਾਚੀ ਭੀਤਿ ॥

ਮਨ ਹਰਿ ਕੇ ਨਾਮ ਕੀ ਮਹਿਮਾ ਊਚ ॥ ਨਾਨਕ ਨਾਮਿ ਉਧਰੇ ਪਤਿਤ ਬਹੁ ਮੂਚ ॥ ੩ ॥

ਬਹੁਤੁ ਸਿਆਣਪ ਜਮ ਕਾ ਭਉ ਬਿਆਪੈ॥ ਅਨਿਕ ਜਤਨ ਕਰਿ ਤ੍ਰਿਸਨ ਨਾ ਧ੍ਰਾਪੈ ॥ ਭੇਖ ਅਨੇਕ ਅਗਨਿ ਨਹੀ ਬੁਝੈ॥ ਕੋਟਿ ਉਪਾਵ ਦਰਗਹ ਨਹੀ ਸਿਝੈ ॥ ਛੂਟਸਿ ਨਾਹੀ ਊਭ ਪਇਆਲਿ॥ ਮੋਹਿ ਬਿਆਪਹਿ ਮਾਇਆ ਜਾਲਿ ॥

ਅਤਿ ਦੀ ਚਤੁਰਾਈ (ਕਰਨ ਨਾਲ ਸਗੋਂ) ਜਮ ਦਾ ਭਉ ਵਾਪਰਦਾ ਹੈ, (ਭਾਵ ਦਿਮਾਗ਼ੀ ਸਮਝ ਦੀ ਤੀਖਣਤਾ ਨਾਲ ਮੌਤ ਦਾ ਭੈ ਦੂਰ ਨਹੀਂ ਹੁੰਦਾ ਸਗੋਂ ਵਧਦਾ ਹੈ, ਕਿਉਂਕਿ ਐਸੇ) ਅਨੇਕ ਜਤਨਾਂ ਨਾਲ ਤ੍ਰਿਸ਼ਨਾਂ ਨਹੀਂ ਸ਼ਾਂਤਿ ਹੁੰਦੀ (ਜੋ ਮੂਲ ਹੈ ਮੌਤ ਦੇ ਭੈ ਦਾ। ਜਿਵੇਂ ਸਿਆਣਪ ਨਾਲ ਤਿਵੇਂ ਹੀ ਹੇ ਮਨ!) ਬਹੁਤੇ 'ਭੇਖਾਂ' ਕਰਕੇ (ਬੀ ਤ੍ਰਿਸ਼ਨਾ ਦੀ) ਅੱਗ ਨਹੀਂ ਬੁਝਦੀ। (ਹੋਰ) ਕ੍ਰੋੜਾਂ 'ਉਪਾਵਾਂ' (ਕਰਕੇ ਜੀਵ ਸਾਈਂ ਦੀ) ਦਰਗਾਹ ਵਿਚ ਪਰਵਾਨ ਨਹੀਂ ਹੁੰਦਾ। ਅਕਾਸ਼ (ਵਿਚ ਉਡ ਗਿਆਂ ਜਾਂ) ਪਤਾਲ (ਵਿਚ ਉਤਰ ਗਿਆਂ ਬੀ ਜੀਵ ਨੂੰ) ਛੁਟਕਾਰਾ ਨਹੀਂ ਮਿਲਦਾ। (ਕਿਉਂਕਿ ਇਸ ਜੀਵ ਦੇ ਮਨ ਨੂੰ) ਮੋਹ ਲਗ ਰਿਹਾ ਹੈ (ਜੋ) ਮਾਇਆ ਦੇ ਜਾਲ ਵਿਚੋਂ (ਛੁੱਟਣ ਨਹੀਂ ਦੇਂਦਾ†)। ਹੋਰ ਸਾਰੀਆਂ ਕਰਤੂਤਾਂ ਨੂੰ ਜਮ ਡੰਡ‡ ਲਾਉਂਦਾ ਹੈ, ਗੋਬਿੰਦ ਦੇ ਭਜਨ ਬਿਨਾਂ (ਇਕ) ਤਿਲ

ਅਵਰ ਕਰਤੂਤਿ ਸਗਲੀ ਜਮੁ ਡਾਨੈ ॥ ਗੋਵਿੰਦ ਭਜਨ ਬਿਨੁ

*ਮਨ ਦੀ ਕਾਮਨਾ ਹੋਵੇ ਕਿ ਅਮਕੇ ਤੀਰਥ ਤੇ ਮਰਾਂ ਤਾਂ ਮੁਕਤ ਹੋਸਾਂ, ਇਹ ਗੱਲ ਕਠਨ ਹੈ, ਪਰ ਜੇ ਪ੍ਰਾਪਤ ਹੋ ਬੀ ਜਾਵੇ ਤਾਂ ਬੀ ਗਰਬ ਦੂਰ ਨਹੀਂ ਹੁੰਦਾ। (ਅ) ਕਈ ਇਸ ਤੋਂ ਕਾਸ਼ੀ ਦਾ ਮਣਿਕਰਣਕਾ ਘਾਟ ਯਾ ਰਵਾਲਸਰ ਤੋਂ ਪਰੇ ਮਨੀ ਕਰਨ ਆਦਿ ਥਾਵਾਂ ਬੀ ਲੈ ਲੈਂਦੇ ਹਨ। ਪਰ 'ਮਨ ਕਾਮਨਾ' ਪਦ ਹਿੰਦੀ ਵਿਚ ਮਨੋਰਥ ਤੇ ਅਭਿਲਾਖਾ ਦੇ ਅਰਥਾਂ ਵਿਚ ਆਇਆ ਹੈ।

†(ਕਿਉਂਕਿ) ਜੀਵ ਦੇ ਅੰਦਰ ਮੋਹ ਹੈ ਜੋ ਮਾਯਾ ਜਾਲ ਵਿਚ ਇਸ ਨੂੰ ਫਸਾ ਰਿਹਾ ਹੈ।

‡'ਡੰਡ'। ਇਸ ਦਾ ਦੂਸਰਾ ਰੂਪ 'ਡਾਨ' ਬੀ ਗੁਰਬਾਣੀ ਵਿਚ ਆਯਾ ਹੈ-'ਜਾਕੋ ਚਾਕਰ ਕਉ ਨਹੀ ਡਾਨ ॥' [ਗਉੜੀ ਮ: ੫, ਅਸਟ:-੬]। ਕ੍ਰਿਯਾ ਰੂਪ ਬੀ, ਯਥਾ:-'ਜੇਤਾ ਮਾਨਉ ਦੂਤਾ ਡਾਨਉ ॥' [ਰਾਮਕਲੀ ਕਬੀਰ-੩]।

ਤਿਲੁ ਨਹੀ ਮਾਨੈ ॥ ਹਰਿ ਕਾ ਨਾਮੁ ਜਪਤ ਦੁਖੁ ਜਾਇ ॥ ਨਾਨਕ ਬੋਲੈ ਸਹਜਿ ਸੁਭਾਇ ॥ ੪ ॥

ਨਹੀਂ ਮੰਨਦਾ*। (ਪਰ) ਹਰੀ ਦਾ ਨਾਮ ਜਪਦਿਆਂ (ਸਭ) ਦੁਖ ਦੂਰ ਹੋ ਜਾਂਦਾ ਹੈ। (ਤਾਂ ਤੇ ਚਾਹੀਦਾ ਹੈ ਕਿ ਜੀਵ ਪਰਮਸ਼ੁਰ ਦਾ ਨਾਮ) ਸਹਜ ਸੁਭਾਵ ਲੈਂਦਾ ਰਹੇ†, ਹੇ ਨਾਨਕ ॥ ੪ ॥

ਚਾਰ ਪਦਾਰਥ ਜੇ ਕੋ ਮਾਗੈ ॥ ਸਾਧ ਜਨਾ ਕੀ ਸੇਵਾ ਲਾਗੈ ॥ ਜੇ ਕੋ ਆਪੁਨਾ ਦੂਖੁ ਮਿਟਾਵੈ ॥ ਹਰਿ ਹਰਿ ਨਾਮੁ ਰਿਦੈ ਸਦ ਗਾਵੈ ॥ ਜੇ ਕੋ ਅਪੁਨੀ ਸੋਭਾ ਲੋਰੈ ॥ ਸਾਧ ਸੰਗਿ ਇਹ ਹਉਮੈ ਛੋਰੈ ॥ ਜੇ ਕੋ ਜਨਮ ਮਰਣ ਤੇ ਡਰੈ ॥ ਸਾਧ ਜਨਾ ਕੀ ਸਰਨੀ ਪਰੈ ॥ ਜਿਸੁ ਜਨ ਕਉ ਪ੍ਰਭ ਦਰਸ ਪਿਆਸਾ ॥ ਨਾਨਕ ਤਾ ਕੈ ਬਲਿ ਬਲਿ ਜਾਸਾ ॥ ੫ ॥

ਜੇ ਕੋਈ ਚਾਰ ਹੀ ਪਦਾਰਥਾਂ ਦੀ ਮੰਗ ਕਰੇ (ਤਾਂ ਚਾਹੀਦਾ ਹੈ ਕਿ ਉਹ) ਸਾਧ ਜਨਾਂ ਦੀ ਸੇਵਾ ਵਿਚ ਲੱਗੇ। ਜੇ ਕੋਈ ਆਪਣਾ ਦੁਖ ਮਿਟਾਇਆ (ਚਾਹੁੰਦਾ ਹੈ ਤਾਂ) ਹਰਿ ਹਰਿ ਨਾਮ ਹਿਰਦੇ ਵਿਚ ਸਦਾ ਗਾਵੇ। ਜੇ ਕੋਈ ਅਪਣੀ ਸ਼ੋਭਾ ਦਾ ਲੋੜਵੰਦ ਹੈ ਤਾਂ ਸਾਧਾਂ ਦੇ ਸੰਗ ਵਿਚ (ਜਾਕੇ) ਇਸ ਹਉਮੈ ਨੂੰ ਛੱਡੇ। ਜੇ ਕੋਈ ਜਨਮ ਮਰਨ ਤੋਂ ਡਰਦਾ ਹੈ ਤਾਂ ਸਾਧੂ ਪੁਰਖਾਂ ਦੀ ਸ਼ਰਣੀ ਜਾ ਪਵੇ, (ਪਰ) ਜਿਸ ਪੁਰਖ ਨੂੰ ਪ੍ਰਭੂ ਦੇ ਦਰਸ਼ਨ ਦੀ ਪਿਆਸ (ਲੱਗ ਪਈ ਹੈ, ਗੁਰੂ) ਨਾਨਕ (ਜੀ ਫੁਰਮਾਉਂਦੇ ਹਨ ਕਿ ਮੈਂ) ਉਸਦੇ ਬਲਿਹਾਰ ਬਲਿਹਾਰ ਜਾਵਾਂਗਾ ॥ ੫ ॥

**ਭਾਵ—**ਜੇ ਕੋਈ ਸੋਭਾ, ਦੁਖ ਦੂਰਤਾ, ਚਾਰ ਪਦਾਰਥ, ਮੌਤ ਦਾ ਭੈ, ਇਨ੍ਹਾਂ ਲਈ ਨਾ, ਪਰ ਕੇਵਲ ਵਾਹਿਗੁਰੂ ਦਾ ਪ੍ਰੇਮੀ ਹੋ ਕੇ ਸਿਮਰਨ ਕਰੇ, ਉਸ ਤੋਂ ਨਾਨਕ ਸਦਕੇ ਹੈ। ਅਰਥਾਤ ਇਹ ਕਿ ਨਿਸ਼ਕਾਮ ਸਿਮਰਨ ਬਹੁਤ ਉੱਚੀ ਵਸਤੂ ਹੈ, ਕਿਉਂਕਿ ਉਸ ਨਾਲ ਸਦਗਤੀ ਪ੍ਰਾਪਤ ਹੁੰਦੀ ਹੈ ਜੋ ਸਭ ਤੋਂ ਉੱਤਮ ਪ੍ਰਾਪਤੀ ਹੈ। ਅਗਲੇ ਅੰਕ ਵਿਚ ਨਿਸ਼ਕਾਮ ਸਿਮਰਨ ਵਾਲੇ ਨੂੰ ਜੋ ਫਲ ਲਗਦੇ ਹਨ ਓਹ ਦੱਸੇ ਹਨ।

ਸਗਲ ਪੁਰਖ ਮਹਿ ਪੁਰਖੁ ਪ੍ਰਧਾਨੁ ॥ ਸਾਧ ਸੰਗਿ ਜਾ ਕਾ ਮਿਟੈ ਅਭਿਮਾਨੁ ॥ ਆਪਸ ਕਉ ਜੋ ਜਾਣੈ ਨੀਚਾ ॥ ਸੋਊ ਗਨੀਐ ਸਭ ਤੇ ਊਚਾ ॥ ਜਾ ਕਾ ਮਨੁ ਹੋਇ ਸਗਲ ਕੀ ਰੀਨਾ ॥ ਹਰਿ ਹਰਿ ਨਾਮੁ ਤਿਨਿ ਘਟਿ ਘਟਿ ਚੀਨ੍ਹਾ ॥ ਮਨ ਅਪੁਨੇ ਤੇ

ਸਾਰੇ ਪੁਰਖਾਂ ਵਿਚ (ਉਹ) ਪੁਰਖ ਪ੍ਰਧਾਨ (ਸ੍ਰੇਸ਼ਟ ਪੁਰਖ) ਹੈ ਜਿਸਦਾ ਕਿ ਸਤਿਸੰਗ ਦੁਆਰਾ ਅਭਿਮਾਨ (ਹਉਮੈ) ਦੂਰ ਹੋ ਜਾਵੇ। ਜੋ ਅਪਣੇ ਆਪ ਨੂੰ ਨੀਚ ਜਾਣਦਾ ਹੈ, ਉਸ (ਪੁਰਖ) ਨੂੰ ਸਭ ਤੋਂ ਉੱਚਾ ਗਿਣੀਦਾ ਹੈ। ਜਿਸ ਦਾ ਮਨ ਸਭ ਦੀ ਰੇਨ (ਧੂੜ) ਹੋ ਗਿਆ ਹੋਵੇ, (ਤਾਂ ਜਾਣੋ ਕਿ) ਉਸ ਨੇ ਹਰ ਹਿਰਦੇ ਵਿਚ ਹਰੀ (ਤੇ) ਹਰੀ ਦਾ ਨਾਮ (ਨਿਵਾਸ ਰਖਦਾ)‡ ਵੇਖ ਲਿਆ ਹੈ। (ਹਾਂ, ਉਸ ਨੇ) ਅਪਣੇ ਮਨ ਤੋਂ (ਪਰਾਏ ਦਾ) ਬੁਰਾ☬ ਮਿਟਾ ਦਿੱਤਾ ਹੈ, (ਤੇ ਉਹ) ਸਾਰੀ ਸ੍ਰਿਸ਼ਟੀ ਨੂੰ

*ਬੋੜਾ ਜਿੰਨਾ ਵੀ ਕਿਸੇ ਕਰਮ ਨੂੰ ਪਰਵਾਨ ਨਹੀਂ ਕਰਦਾ।

†ਹਰਿ ਕਾ ਬਿਲੋਵਨਾ ਬਿਲੋਵਹੁ ਮੇਰੇ ਭਾਈ॥ਸਹਜਿ ਬਿਲੋਵਹੁ ਜੈਸੇ ਤਤੁ ਨ ਜਾਈ॥ [ਆਸਾਕਬੀਰਜੀ-੧੦] (ਅ) ਐਉਂ ਬੀ ਗਜਾਨੀ ਲਾਉਂਦੇ ਹਨ-੧. ਇਸ ਲਈ ਨਾਨਕ ਪਰਮੇਸ਼ੁਰ ਦਾ ਨਾਮ ਸਹਿ ਸੁਭਾ ਲੈਂਦਾ ਹੈ। ੨. ਨਾਨਕ ਇਹ ਗੱਲ ਯਥਾਰਥ ਕਹਿ ਰਿਹਾ ਹੈ। ੩. ਜੋ ਨਾਮ ਏਲੇਗਾ ਉਸ ਦਾ ਸੁਭਾਵ ਸ਼ਾਂਤਿਮਯ ਹੋ ਜਾਏਗਾ।

‡ਜਿਥੇ ਸਾਈਂ ਆਪ ਹੈ ਓਥੇ ਉਸ ਦਾ ਨਾਮ ਹੈ, ਜਿਥੇ ਨਾਮ ਹੈ ਓਥੇ ਆਪ ਹੈ। ਯਥਾ-'ਨਾਵੈ ਅੰਦਰਿ ਹਉ ਵਸਾ ਨਾਉ ਵਸੈ ਮਨਿ ਆਇ ॥' [ਸਿਰੀ ਰਾਗੁ ਮ: ੧, ਅਸਟ:-੪]।

☬ਅਗਲੀ ਤੁਕ ਵਿਚ 'ਸਗਲ ਸ੍ਰਿਸਟਿ' ਪਦ ਹੋਣ ਕਰਕੇ 'ਬੁਰਾ' ਦੀ ਮੁਰਾਦ ਏਥੇ ਪਰਾਏ ਨਾਲ ਬੁਰਾ ਵਰਤਾਉ ਕਰਨ ਤੋਂ ਹੈ।

ਤੁਰਾ ਮਿਟਾਨਾ ॥ ਪੇਖੈ ਸਗਲ ਸ੍ਰਿਸਟਿ ਸਾਜਨਾ ॥ ਸੂਖ ਦੂਖ ਜਨ ਸਮ ਦ੍ਰਿਸਟੇਤਾ ॥ ਨਾਨਕ ਪਾਪ ਪੁੰਨ ਨਹੀ ਲੇਪਾ ॥ ੬ ॥

(ਅਪਣਾ) ਸੱਜਣ ਦੇਖਦਾ ਹੈ। (ਪਰਮੇਸ਼ੁਰ ਦਾ ਐਸਾ) ਦਾਸ ਸੁਖ ਦੁਖ ਨੂੰ ਇਕ ਤੁੱਲ ਕਰਕੇ (ਭਾਵ ਇਕੋ ਜਿਹਾ) ਦੇਖਦਾ ਹੈ, (ਕਹਿੰਦੇ ਹਨ ਗੁਰੂ) ਨਾਨਕ, ਉਸਨੂੰ ਪਾਪ ਪੁੰਨ ਦਾ ਲੇਪ ਨਹੀਂ ॥ ੬ ॥

ਨਿਰਧਨ ਕਉ ਧਨੁ ਤੇਰੋ ਨਾਉ ॥ ਨਿਥਾਵੇ ਕਉ ਨਾਉ ਤੇਰਾ ਥਾਉ ॥ ਨਿਮਾਨੇ ਕਉ ਪ੍ਰਭ ਤੇਰੋ ਮਾਨੁ ॥ ਸਗਲ ਘਟਾ ਕਉ ਦੇਵਹੁ ਦਾਨੁ ॥ ਕਰਨ ਕਰਾਵਨ ਹਾਰ ਸੁਆਮੀ ॥ ਸਗਲ ਘਟਾ ਕੇ ਅੰਤਰਜਾਮੀ ॥ ਅਪਨੀ ਗਤਿ ਮਿਤਿ ਜਾਨਹੁ ਆਪੇ ॥ਆਪਨ ਸੰਗਿ ਆਪਿ ਪ੍ਰਭ ਰਾਤੇ॥ ਤੁਮਰੀ ਉਸਤਤਿ ਤੁਮਤੇ ਹੋਇ ॥ ਨਾਨਕਅਵਰੁ ਨ ਜਾਨਸਿਕੋਇ।੭।

(ਅਰਦਾਸ ਕਰਦੇ ਹਨ: ਹੇ ਪ੍ਰਭੂ !) ਧਨ ਤੋਂ ਹੀਣੇ (ਪੁਰਖ) ਨੂੰ ਤੇਰਾ ਨਾਮ (ਹੀ) ਧਨ ਹੈ, ਨਿਥਾਵੇਂ ਨੂੰ ਤੇਰਾ ਨਾਮ (ਹੀ) ਥਾਉਂ ਹੈ। ਤੇਰਾ (ਨਾਮ ਹੀ) ਹੇ ਪ੍ਰਭੂ ! ਨਿਮਾਣੇ ਨੂੰ ਮਾਣ ਹੈ। (ਕੇਵਲ ਨਿਰਧਨ, ਨਿਥਾਵੇਂ, ਨਿਮਾਣ ਨੂੰ ਨਹੀਂ ਸਗੋਂ) ਸਾਰੇ ਘਟਾਂ (ਜੀਵਾਂ) ਨੂੰ (ਆਪ ਹੀ) ਦਾਨ ਦੇ ਰਹੇ ਹੋ। ਕਰਨ ਕਰਾਵਨਹਾਰ (ਆਪ ਹੀ ਹੋ) ਹੇ ਸੁਆਮੀ ! (ਤੇ) ਸਭ ਘਟ ਦੇ ਅੰਦਰ ਦੀ ਜਾਣਨ ਵਾਲੇ ਹੋ ! (ਪਰ) ਅਪਣੀ ਗਤ ਮਿਤ (ਤੁਸੀਂ) ਆਪ ਹੀ ਜਾਣਦੇ ਹੋ। ਅਪਣੇ (ਆਪ) ਨਾਲ ਹੇ ਪ੍ਰਭੂ ! (ਤੁਸੀਂ) ਆਪ ਹੀ ਰਚ ਰਹੇ (ਪ੍ਰੇਮ ਕਰ ਰਹੇ) ਹੋ। ਤੁਹਾਡੀ ਉਸਤਤਿ ਤੁਹਾਥੋਂ ਹੀ ਹੋ ਸਕਦੀ ਹੈ। (ਕਹਿੰਦੇ ਹਨ ਗੁਰੂ) ਨਾਨਕ (ਤੁਹਾਡੀ ਸੰਪੂਰਨ ਉਸਤਤਿ) ਕੋਈ ਹੋਰ ਨਹੀਂ ਜਾਣਦਾ ॥ ੭ ॥

ਸਰਬ ਧਰਮ ਮਹਿ ਸ੍ਰੇਸਟ ਧਰਮੁ॥ ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥ਸਗਲ ਕ੍ਰਿਆ ਮਹਿ ਊਤਮ ਕਿਰਿਆ ॥ ਸਾਧ ਸੰਗਿ ਦੁਰਮਤਿ ਮਲੁ ਹਿਰਿਆ ॥ ਸਗਲ ਉਦਮ ਮਹਿ ਉਦਮੁ ਭਲਾ॥ਹਰਿ ਕਾ ਨਾਮੁ ਜਪਹੁ ਜੀਅ ਸਦਾ॥ ਸਗਲ ਬਾਨੀ ਮਹਿ ਅੰਮ੍ਰਿਤ ਬਾਨੀ॥ਹਰਿਕੋ ਜਸੁ ਸੁਨਿ ਰਸਨ ਬਖਾਨੀ ॥ ਸਗਲ ਥਾਨ ਤੇ ਓਹੁ ਊਤਮ ਥਾਨੁ॥ਨਾਨਕ ਜਿਹਘਟਿ ਵਸੈ ਹਰਿਨਾਮੁ॥੮॥੩॥

(ਹੇ ਜੀਵ ! ਸਭਨਾਂ ਧਰਮਾਂ ਵਿਚੋਂ ਸ਼੍ਰੇਸ਼ਟ ਧਰਮ (ਤੇ ਸਭਨਾਂ ਸ਼ੁਭ ਕਰਮਾਂ ਵਿਚੋਂ) ਨਿਰਮਲ ਕਰਮ (ਇਹ ਹੈ ਕਿ) ਹਰਿ ਦਾ ਨਾਮ ਜਪ। ਸਭ ਕ੍ਰਿਯਾ ਵਿਚੋਂ ਉੱਤਮ ਕ੍ਰਿਯਾ (ਇਹ ਹੈ ਕਿ) ਸਾਧਾਂ ਦੇ ਸੰਗ ਨਾਲ ਦੁਰਮਤ ਦੀ ਮੈਲ ਦੂਰ ਕਰ ਲਈ ਜਾਵੇ (ਭਾਵ ਮਤ ਨੂੰ ਪਾਪਾਂ ਤੋਂ ਪਵਿਤ੍ਰ ਕਰ ਲੈ)। ਹੇ ਜੀਵ ! ਸਭ ਉੱਦਮਾਂ ਵਿਚੋਂ (ਇਹ) ਉੱਦਮ ਭਲਾ ਹੈ (ਕਿ) ਹਰਿ ਦਾ ਨਾਮ ਸਦਾ ਹਿਰਦੇ ਵਿਚ ਜਪ। ਸਭ ਬਾਣੀਆਂ ਵਿਚ ਅਮਰ ਕਰਨੇ ਵਾਲੀ ਬਾਣੀ (ਉਹ ਹੈ (ਕਿ ਜਿਸ ਨਾਲ ਜੀਵ) ਹਰੀ ਦਾ ਜਸ ਸੁਣੇ (ਤੇ ਆਪ ਬੀ) ਜੀਭ ਨਾਲ ਵਰਣਨ ਕਰੇ। ਸਭ ਅਸਥਾਨਾਂ ਵਿਚੋਂ ਉਹ (ਰਿਦੇ ਰੂਪੀ) ਥਾਉਂ ਉੱਤਮ ਹੈ*, ਜਿਸ ਰਿਦੇ (ਰੂਪੀ ਥਾਉਂ ਵਿਚ ਕਿ ਹਰੀ ਦਾ ਨਾਮ ਵੱਸਦਾ ਹੈ, (ਕਹਿੰਦੇ ਹਨ ਗੁਰੂ) ਨਾਨਕ । ੮ ॥ ੩ ॥

**ਨਿਰੁਕ੍ਤ—**ਸਾਸਤ੍ਰ-[ਸੰਸ:, ਸ਼ਾਸਤ੍ਰੰ] ਦੇਖੋ ਪੰਨਾ ੬੩੨। ਸ਼ਾਸਤ੍ਰ ਤੇ ਸਿਮ੍ਰਿਤੀਆਂ ਆਦਿ ਹਿੰਦੂ ਧਰਮ ਗ੍ਰੰਥ ਹਨ—੧. ਸ਼੍ਰੁਤੀ=ਜੋ ਇਲਹਾਮੀ ਹਨ। ੨. ਸਿਮ੍ਰਤੀ=ਜੋ ਰਿਖੀਆਂ ਨੇ ਲਿਖੇ। ੩. ਸ਼ਾਸਤ੍ਰ=ਹੋਰ ਫਲਸਫਾ ਆਦਿ ਵਿਦਯਾ ਦੇ ਗ੍ਰੰਥ, ਵਿਸ਼ੇਸ਼ ਕਰਕੇ ਛੇ ਸ਼ਾਸਤ੍ਰਾਂ ਵਲ ਇਸ਼ਾਰਾ ਹੁੰਦਾ ਹੈ।

ਖਟ ਸਾਸਤ੍ਰ—ਛੇ ਸ਼ਾਸਤ੍ਰ [ਦੇਖੋ 'ਸਾਸਤ੍ਰ' ਪੰਨਾ ੬੩੨]।

---

*ਸੰਪ੍ਰਦਾਈ ਗਿਆਨੀ ਐਉਂ ਬੀ ਭਾਵ ਲੈਂਦੇ ਹਨ—ਸਭ ਥਾਵਾਂ ਤੋਂ ਉਹ ਥਾਉਂ ਸ੍ਰੇਸ਼ਟ ਹੈ, ਜਿਸ ਥਾਵੇਂ ਜਾਕੇ ਹਰਿ ਨਾਮ ਰਿਦੇ ਵਿਚ ਆ ਵੱਸੇ, ਭਾਵ ਸਤਿਸੰਗ।

ਰਤਨਾ- [ਸੰਸ:, ਰਤ੍ਨੰ] ਅਮੋਲਕ ਪਦਾਰਥ, ਹੀਰੇ ਲਾਲ ਆਦਿ। ਸਮੁੰਦਰ ਵਿਚੋਂ ਨਿਕਲੇ ੧੪ ਪਦਾਰਤ ਰਤਨ ਕਹੀਦੇ ਹਨ। ਸ੍ਰੇਸ਼ਟ ਪਦਾਰਥਾਂ ਨੂੰ ਬੀ ਰਤਨ ਕਹਿੰਦੇ ਹਨ। ਇਥੇ ਰਤਨ ਦਾ ਭਾਵ ਹੈ ਘਿਉ ਆਦਿਕ ਕੀਮਤੀ ਪਦਾਰਥ ਜੋ ਹੋਮ ਵਿਚ ਪਾਉਂਦੇ ਹਨ। ਹੋਰ ਦੇਖੋ ਪੰਨਾ ੬੮।

ਹੈਵਰ-[ਸੰਸ:, ਹਯ:=ਘੋੜਾ+ਵਰ=ਸ੍ਰੇਸ਼ਟ, ਉੱਤਮ] ਬੜੇ ਵਧੀਆ ਘੋੜੇ, ਕੋਤਲ ਘੋੜੇ।

(ਅ) ਹੈਵਰ ਦਾ ਅਰਥ ਹਾਥੀ ਬੀ ਲਾ ਲੈਂਦੇ ਹਨ।

ਨਿਉਲੀ-[ਸੰਸ:, ਨੌਲਿ:] ਪੇਟ ਨੂੰ ਹਠ ਯੋਗ ਦੇ ਤ੍ਰੀਕੇ ਨਾਲ ਫੇਰਨਾ ਜਿਸ ਨਾਲ ਆਂਦਰਾਂ ਸਾਫ਼ ਰਹਿੰਦੀਆਂ ਹਨ। ਯਥਾ:-

अमन्दावर्त्तवेगेन तुन्दं सव्यापसव्यतः।
नतांसो भ्रमयेदेषा नौलिः सिद्धैःप्रचक्ष्यते॥ [ਹਠ ਯੋਗ ਪ੍ਰਦੀਪਕਾ

ਅਰਥਾਤ-ਮੋਢਿਆਂ ਨੂੰ ਨਿਵਾਕੇ ਅਤਜੇਤ ਵੇਗ ਨਾਲ, ਜਲਭ੍ਰਮਰ ਦੇ ਸਮਾਨ ਅਪਣੀ ਤੋਂਦ (ਪੇਟ) ਨੂੰ ਸੱਜੇ-ਖੱਬੇ ਹਿੱਸਿਆਂ ਤੋਂ ਭ੍ਰਮਾਉਣ ਨੂੰ ਸਿੱਧਾਂ ਨੇ ਨੌਲਿ-ਕਰ੍ਮ ਕਿਹਾ ਹੈ।

ਗਤਿ-[ਸੰਸ:, ਗਤਿ:] ਮੁਕਤੀ, ਸਦ ਗਤੀ।

ਗੁਰਮੁਖਿ ਨਾਮੁ-ਗੁਰੂ ਦੁਆਰਾ ਪ੍ਰਾਪਤ ਨਾਮ, ਜੋ ਪਹਿਲੀ ਪਉੜੀ ਦੇ ਅੰਤ ਆਯਾ ਸੀ।

ਅਨੀਤਿ-[ਸੰਸ:, ਅਨਿਤ੍ਯ] ਅਨਿਤ, ਜੋ ਸਦਾ ਨਾ ਰਹੇ, ਨਾਸ਼ਮਾਨ।

ਨਹੀ ਸਿਝੈ-[ਸੰਸ:, ਸਿਧ੍=ਕਾਮਯਾਬ] ਕਾਮਯਾਬ ਨਹੀਂ ਹੁੰਦਾ, ਸਿਰੇ ਨਹੀਂ ਚੜ੍ਹਦਾ। ਭਾਵ ਹੈ ਦਰਗਾਹ ਵਿਚ ਪਰਵਾਨ ਨਹੀਂ ਹੁੰਦਾ। (ਵਿਸ਼ੇਸ਼ ਦੇਖੋ ਅਸ਼ਟ-੪)।

ਡਾਨੈ-[ਸੰਸ:, ਦੰਡ੍] ਡੰਨ ਦੇਂਦਾ ਹੈ। ਸਜ਼ਾ ਦੇਂਦਾ ਹੈ। ਡੰਡ ਲਾਉਂਦਾ ਹੈ।

ਚਾਰਿ ਪਦਾਰਥ-[ਸੰਸ:, ਚਤੁਰ੍+ਪਦਾਰਥ:] ਚਾਰ ਪਦਾਰਥ ਇਹ ਗਿਣੇ ਹਨ:-

'ਧਰਮ ਅਰਥ ਅਰੁ ਕਾਮ ਮੋਖ ਮੁਕਤਿ ਪਦਾਰਥ ਨਾਥ ॥'
[ਰਾਮਕਲੀ ਮਹਲਾ ੫, ਛੰਤ ੪

ਗਤਿ-[ਸੰਸ:, ਗਤਿ:] ਹਾਲਤ, ਗਿਆਨ, ਪ੍ਰਾਪਤੀ, ਪਹੁੰਚ। ਵਾਹਿਗੁਰੂ ਨੂੰ ਸੰਬੋਧਨ ਕਰਕੇ ਕਿਹਾ ਹੈ ਤੁਸਾਂ ਦੇ ਆਪਣੇ ਵਜੂਦ ਦੀ ਹਾਲਤ ਯਾ ਗਿਆਨ। ਤੁਸੀਂ ਕਿਸ ਪ੍ਰਕਾਰ ਦੇ ਹੋ, ਅਥਵਾ ਤੁਸਾਂ ਤਕ ਪਹੁੰਚ ਕਿਵੇਂ ਹੈ।

ਮਿਤਿ-[ਸੰਸ:, ਮਿਤਿ:] ਮਿਣਤੀ, ਵਿਸਥਾਰ, ਹੱਦ। ਮਿਰਯਾਦਾ।

ਅੰਮ੍ਰਿਤ ਬਾਨੀ-[ਸੰਸ:, ਅੰਮ੍ਰਿਤ=ਅਮਰ ਕਰਨ ਵਾਲੀ] (ਪਰਮੇਸ਼ੁਰ ਦੀ ਯਸ਼ ਰੂਪੀ) ਬਾਣੀ ਅਮਰ ਹੈ ਤੇ ਅਮਰ ਕਰਦੀ ਹੈ।

## [ਅਸਟਪਦੀ-ਚੌਥੀ]

**ਪ੍ਰਾਕ੍ਥਨ**-ਅੰਕ ੫ ਤਕ ਮਾਨੁਖ ਨੂੰ ਉਪਦੇਸ਼ਿਆ ਹੈ ਕਿ ਵਾਹਿਗੁਰੂ ਦੇ ਗੁਣ ਚਿੰਤਨ ਕਰ, ਜੋ ਜੋ ਮੇਹਰਾਂ ਹਨ ਯਾਦ ਰਖ ਤੇ ਸ਼ੁਕਰ ਕਰ। ਪਹਿਲੇ ਨਾਮ ਦਾ ਉਪਦੇਸ਼ ਕਰਦੇ ਰਹੇ ਹਨ, ਹੁਣ ਗੁਣ ਕਥਨ ਦੀ ਪ੍ਰੇਰਨਾ ਕੀਤੀ ਹੈ। ਅੰਕ ੫-੬-੭ ਵਿਚ ਜੀਵਾਂ ਲਈ ਅਕਾਲ ਪੁਰਖ ਅਗੇ ਅਰਦਾਸ ਕੀਤੀ ਹੈ, ਅੰਕ ਅੱਠ ਵਿਚ ਅਰਦਾਸ ਕਰਨੇ ਲਈ ਲਿਖਕੇ ਦੇ ਦਿਤੀ ਹੈ।

ਸਲੋਕੁ ॥ ਨਿਰਗੁਨੀਆਰ ਇਆਨਿਆ ਸੋ ਪ੍ਰਭੁ ਸਦਾ ਸਮਾਲਿ ॥ ਜਿਨਿ ਕੀਆ ਤਿਸੁ ਚੀਤਿ ਰਖੁ ਨਾਨਕ ਨਿਬਹੀ ਨਾਲਿ ॥ ੧ ॥

(ਹੇ) ਗੁਣਾਂ ਤੋਂ ਸੱਖਣੇ ਤੇ (ਬਾਲਾਂ ਵਾਙੂ) ਅਵਾਣੇ (ਪ੍ਰਾਣੀ !) ਉਸ ਪਰਮੇਸ਼ੁਰ ਨੂੰ ਸਦਾ ਯਾਦ ਕਰ, (ਹਾਂ) ਜਿਸ ਨੇ (ਤੈਨੂੰ) ਰਚਿਆ ਹੈ, ਉਸਨੂੰ ਚਿਤ ਵਿਚ (ਪ੍ਰੋਕੇ) ਰੱਖ, (ਓਹ ਏਥੇ ਓਥੇ ਸਦਾ ਤੇਰੇ) ਨਾਲ ਨਿਭੇਗਾ (ਭਾਵ ਸਹਾਈ ਹੋਵੇਗਾ, ਕਹਿੰਦੇ ਹਨ ਗੁਰੂ) ਨਾਨਕ ॥ ੧ ॥

ਅਸਟਪਦੀ ॥ ਰਮਈਆ ਕੇ ਗੁਨ ਚੇਤਿ ਪਰਾਨੀ ॥ ਕਵਨ ਮੂਲ ਤੇ ਕਵਨ ਦ੍ਰਿਸਟਾਨੀ ॥ ਜਿਨਿ ਤੂੰ ਸਾਜਿ ਸਵਾਰਿ ਸੀਗਾਰਿਆ॥ਗਰਭ ਅਗਨਿ ਮਹਿ ਜਿਨਹਿ ਉਬਾਰਿਆ ॥ ਬਾਰ ਬਿਵਸਥਾ ਤੁਝਹਿ ਪਿਆਰੈ ਦੂਧ ॥ ਭਰਿ ਜੋਬਨ ਭੋਜਨ ਸੁਖ ਸੂਧ ॥ ਬਿਰਧਿ ਭਇਆ ਊਪਰਿ ਸਾਕ ਸੈਨ ॥ ਮੁਖਿ ਅਪਿਆਉ ਬੈਠ ਕਉ ਦੈਨ ॥ ਇਹੁ ਨਿਰਗੁਨੁ ਗੁਨੁ ਕਛੂ ਨ ਬੂਝੈ ॥ ਬਖਸਿ ਲੇਹੁ ਤਉ ਨਾਨਕ ਸੀਝੈ ॥ ੧ ॥

ਹੇ ਪ੍ਰਾਣੀ ! ਪਰਮੇਸ਼ੁਰ ਦੇ ਗੁਣਾਂ ਨੂੰ ਯਾਦ ਕਰ । ਕਿਸ ਮੂਲ ਤੋਂ (ਤੇਰੀ ਦੇਹ) ਕੈਸੀ (ਸੁਹਣੀ ਬਣਾ) ਦਿਖਾਈ ਹੈ* ? ਜਿਸ ਨੇ ਤੈਨੂੰ ਰਚਿਆ, ਸਵਾਰਿਆ ਤੇ ਸ਼ਿੰਗਾਰਿਆ† ਤੇ (ਮਾਤਾ ਦੇ) ਗਰਭ ਦੀ ਅੱਗ ਵਿਚ ਜਿਸਨੇ (ਤੈਨੂੰ)ਬਚਾਇਆ, ਬਾਲ ਅਵਸਥਾ ਵਿਚ ਤੈਨੂੰ ਦੁੱਧ ਪਿਲਾਉਂਦਾ ਹੈ (ਜਦ) ਜੋਬਨ ਭਰਿਆ ਤਾਂ (ਫਿਰ ਤੇਰੇ) ਭੋਜਨ (ਤੇ ਹੋਰ ਸਾਰੇ) ਸੁਖਾਂ ਦੀ ਸੁਧ (ਜਿਸਨੇ ਰੱਖੀ, ਜਦ) ਬੁੱਢਾ ਹੋਯਾ (ਤਦ) ਸਾਕ ਅੰਗ (ਤੇਰੇ) ਉਪਰ (ਖੜੇ ਕਰ ਦਿੱਤੇ ਜੋ) ਬੈਠੇ ਦੇ ਮੂੰਹ ਵਿਚ ਭੋਜਨ ਦਿੰਦੇ ਹਨ (ਐਸੇ ਰਮਈਆ ਦੇ ਗੁਣ ਚੇਤ ਹੇ ਪ੍ਰਾਣੀ ! ਪਰ ਹੇ ਅਕਾਲ ਪੁਰਖ !) ਇਹ (ਜੀਵ) ਗੁਣ ਰਹਿਤ ਹੈ (ਆਪ ਦਾ) ਗੁਣ (ਖੂਬੀ) ਕੁਛ ਨਹੀਂ ਬੁੱਝਦਾ। ਬਖਸ਼ ਲਵੇ ਤਦ ਇਹ ਸਫਲਤਾ ਨੂੰ ਪ੍ਰਾਪਤ ਹੋ ਸਕਦਾਹੈ (ਭਾਵ ਮੁਕਤ ਹੁੰਦਾ ਹੈ, ਕਹਿੰਦੇ ਹਨ ਗੁਰੂ) ਨਾਨਕ ਜੀ ! ॥ ੧ ॥

ਜਿਹ ਪ੍ਰਸਾਦਿ ਧਰ ਊਪਰਿ ਸੁਖਿ ਬਸਹਿ ॥ ਸੁਤ ਭ੍ਰਾਤ ਮੀਤ ਬਨਿਤਾ ਸੰਗਿ ਹਸਹਿ ॥ ਜਿਹ ਪ੍ਰਸਾਦਿ ਪੀਵਹਿ ਸੀਤਲ ਜਲਾ॥ ਸੁਖਦਾਈ ਪਵਨੁ ਪਾਵਕੁ ਅਮੁਲਾ ॥ ਜਿਹ ਪ੍ਰਸਾਦਿ ਭੋਗਹਿ ਸਭਿ ਰਸਾ॥ਸਗਲ ਸਮਗ੍ਰੀ ਸੰਗਿ ਸ ਥਿ ਬਸਾ॥ ਦੀਨੇ ਹਸਤ ਪਾਵ ਕਰਨ ਨੇਤ੍ਰ ਰਸਨਾ ॥ ਤਿਸਹਿ ਤਿਆਗਿ ਅਵਰ ਸੰਗਿ ਰਚਨਾ ॥ ਐਸੇ ਦੋਖ ਮੂੜ ਅੰਧ ਬਿਆਪੇ ॥ ਨਾਨਕ ਕਾਢਿ ਲੇਹੁ ਪ੍ਰਭ ਆਪੇ ॥ ੨ ॥

(ਜੀਵ ਪ੍ਰਤਿ ਉਪਦੇਸ਼ ਦੇਂਦੇ ਹਨ-ਹੇ ਜੀਵ !) ਜਿਸਦੀ ਕ੍ਰਿਪਾ ਕਰਕੇ ਧਰਤੀ ਉਤੇ (ਤੂੰ) ਸੁਖ ਨਾਲ ਵੱਸਦਾ ਹੈਂ, ਪੁੱਤ੍ਰਾਂ, ਭਰਾਵਾਂ, ਮਿੱਤ੍ਰਾਂ ਤੇ ਵਹੁਟੀ ਦੇ ਨਾਲ ਹੱਸਦਾ ਹੈਂ (ਭਾਵ ਉਨ੍ਹਾਂ ਦੇ ਮਿਲਾਪ ਵਿਚ ਪ੍ਰਸੰਨ ਰਹਿੰਦਾ ਹੈਂ), ਜਿਸ ਦੀ ਕ੍ਰਿਪਾ ਕਰਕੇ ਠੰਢਾ ਪਾਣੀ ਪੀਂਦਾ ਹੈ। (ਜਿਸਦੀ ਕ੍ਰਿਪਾ ਕਰਕੇ) ਸੁਖ ਦੇਣੇ ਵਾਲੀ ਪਉਣ ਤੇ ਅੱਗ (ਦਾ ਸੁਖ ਤੈਨੂੰ) ਅਮੱਲ (ਮਿਲ ਰਿਹਾ ਹੈ)। ਜਿਸਦੀ ਕ੍ਰਿਪਾ ਕਰਕੇ (ਤੂੰ) ਸਾਰੇ ਰਸ ਭੋਗ ਰਿਹਾ ਹੈਂ, (ਭਰਨ ਪੋਖਣ ਦੇ) ਸਾਰੇ ਸਾਮਾਨ ਸਮੇਤ (ਜਿਸ ਦੀ ਮਿਹਰ) ਨਾਲ (ਤੂੰ) ਵੱਸ ਰਿਹਾ ਹੈਂ‡, (ਜਿਸਨੇ) ਦਿੱਤੇ ਹਨ (ਤੈਨੂੰ) ਹੱਥ, ਪੈਰ, ਕੰਨ, ਅੱਖਾਂ ਤੇ ਜੀਭ, (ਹੇ ਜੀਵ !) ਉਸ (ਦਾਤੇ) ਨੂੰ ਛੱਡਕੇ ਹੋਰਨਾਂ ਨਾਲ (ਤੇਰਾ) ਰਚ ਜਾਣਾ (ਅਚਰਜ ਹੈ ! ਹਾਂ) ਐਸੇ ਦੋਖ ਮੂਰਖਾਂ ਤੇ ਅੰਨ੍ਹਿਆਂ❦ ਨੂੰ ਵਿਆਪਦੇ ਹਨ। ਹੇ ਪ੍ਰਭੂ ! (ਇਨ੍ਹਾਂ ਜੀਵਾਂ ਨੂੰ ਐਸੇ ਦੋਖਾਂ ਵਿਚੋਂ) ਆਪੇ ਕੱਢ ਲਵੇ, ਨਾਨਕ (ਦੀ ਅਰਦਾਸ ਹੈ) ॥ ੨ ॥

---

*ਭਾਵ, ਮਾਤਾ ਦੀ ਰਕਤ ਤੇ ਪਿਤਾ ਦੇ ਬੀਰਜ ਤੋਂ ਕੈਸੀ ਸੁੰਦਰ ਦੇਹ ਬਣਾਕੇ ਵਿਖਾਈ ਹੈ।

†ਸੰਪਦਾ ਵਚ ਇਹ ਭਾਵ ਲੈਂਦੇ ਹਨ-ਸਾਜਿ = ਸਰੀਰ ਦਾ ਪਿੰਡ ਸਾਜਿਆ। ਸਵਾਰਿ = ਇੰਦ੍ਰਿਆਂ ਨਾਲ ਇਸ ਨੂੰ ਸੰਵਾਰਿਆ। ਸਿੰਗਾਰਿਆ = ਗਜਾਨ ਇੰਦ੍ਰਿਆਂ ਨਾਲ ਭੂਸ਼ਿਤ ਕੀਤਾ।

‡ਸੰਪ: ਗਿ: ਐਉਂ ਬੀ ਕਰਦੇ ਹਨ-ਸਾਰੇ ਪਦਾਰਥਾਂ ਦਾ ਸਮੁਦਾਇ ਤੇਰੇ ਨਾਲ ਵੱਸਦਾ ਹੈ।

❦ਭਾਵ ਅਗਜਾਨੀਆਂ।

ਆਦਿ ਅੰਤਿ ਜੋ ਰਾਖਨਹਾਰੁ॥ ਤਿਸ ਸਿਉ ਪ੍ਰੀਤਿ ਨ ਕਰੈ ਗਵਾਰੁ ॥ ਜਾ ਕੀ ਸੇਵਾ ਨਵ ਨਿਧਿ ਪਾਵੈ ॥ ਤਾ ਸਿਉ ਮੂੜਾ ਮਨੁ ਨਹੀ ਲਾਵੈ ॥ ਜੋ ਠਾਕੁਰੁ ਸਦ ਸਦਾ ਹਜੂਰੇ ॥ ਤਾ ਕਉ ਅੰਧਾ ਜਾਨਤ ਦੂਰੇ॥ ਜਾ ਕੀ ਟਹਲ ਪਾਵੈ ਦਰਗਹ ਮਾਨੁ ॥ ਤਿਸਹਿ ਬਿਸਾਰੈ ਮੁਗਧੁ ਅਜਾਨੁ ॥ ਸਦਾ ਸਦਾ ਇਹੁ ਭੂਲਨਹਾਰੁ ॥ ਨਾਨਕ ਰਾਖਨਹਾਰੁ ਅਪਾਰੁ ॥੩॥

ਜਨਮ ਤੋਂ ਲੈ ਮੌਤ ਤਕ ਜੋ (ਠਾਕੁਰ ਇਸ ਜੀਵ ਦੀ) ਰੱਖਯਾ ਕਰਨ ਹਾਰਾ ਹੈ, ਉਸ ਨਾਲ (ਇਹ) ਮੂਰਖ ਪ੍ਰੀਤ ਨਹੀਂ ਕਰਦਾ। ਜਿਸ (ਠਾਕੁਰ) ਦੀ ਸੇਵਾ (ਕਰਨੇ ਤੇ ਇਹ) ਨੌ ਨਿਧਾਂ ਨੂੰ ਪਾ ਸਕਦਾ ਹੈ, ਉਸ ਨਾਲ (ਇਹ) ਮੂਰਖ (ਜੀਵ) ਮਨ ਨਹੀਂ ਲਾਉਂਦਾ। ਜੋ ਠਾਕੁਰ (ਮਾਲਕ) ਸਦੀਵ ਕਾਲ ਹਾਜ਼ਰਾ ਹਜ਼ੂਰ ਹੈ ਉਸ ਨੂੰ (ਇਹ) ਅੰਨ੍ਹਾ* ਦੂਰ ਜਾਣਦਾ ਹੈ। ਜਿਸ (ਠਾਕੁਰ) ਦੀ ਟਹਿਲ (ਕਰਕੇ) ਦਰਗਾਹ ਵਿਚ ਮਾਣ ਪਾ ਸਕਦਾ ਹੈ, ਉਸਨੂੰ (ਇਹ) ਮੂਰਖ ਤੇ ਅਗਯਾਨੀ (ਮਨੋਂ) ਵਿਸਾਰੀ ਰਖਦਾ ਹੈ। ਇਹ (ਜੀਵ ਤਾਂ) ਨਿਤ ਨਿਤ ਭੁੱਲਣਹਾਰਾ ਹੈ, (ਪਰ ਠਾਕੁਰ) ਬੇਅੰਤ ਹੈ ਜੋ (ਫੇਰ ਉਸਦੀ) ਰੱਖਯਾ ਕਰਨ ਵਾਲਾ ਹੈ, ਹੇ ਨਾਨਕ ! ॥ ੩ ॥

ਰਤਨੁ ਤਿਆਗਿ ਕਉਡੀ ਸੰਗਿ ਰਚੈ॥ ਸਾਚੁ ਛੋਡਿ ਝੂਠ ਸੰਗਿ ਮਚੈ॥ ਜੋ ਛਡਨਾ ਸੁ ਅਸਥਿਰੁ ਕਰਿ ਮਾਨੈ ॥ ਜੋ ਹੋਵਨੁ ਸੋ ਦੂਰਿ ਪਰਾਨੈ ॥ ਛੋਡਿ ਜਾਇ ਤਿਸ ਕਾ ਸ੍ਰਮੁ ਕਰੈ ॥ ਸੰਗਿ ਸਹਾਈ ਤਿਸੁ ਪਰਹਰੈ ॥ ਚੰਦਨ ਲੇਪੁ ਉਤਾਰੈ ਧੋਇ॥ ਗਰਧਬ ਪ੍ਰੀਤਿ ਭਸਮ ਸੰਗਿ ਹੋਇ ॥ ਅੰਧ ਕੂਪ ਮਹਿ ਪਤਿਤ ਬਿਕਰਾਲ॥ ਨਾਨਕ ਕਾਢਿ ਲੇਹੁ ਪ੍ਰਭ ਦਇਆਲ ॥ ੪ ॥

(ਇਹ ਜੀਵ) ਰਤਨਾਂ† ਨੂੰ ਛੱਡ ਕੇ ਕੌਡੀ ਨਾਲ ਰਚ ਰਿਹਾ ਹੈ। ਸੱਚ ਨੂੰ ਛੱਡਕੇ ਝੂਠ ਵਿਚ ਬਫਾਉਂਦਾ ਹੈ। ਜੋ ਛੱਡਣਾ ਹੈ‡ ਉਸਨੂੰ ਅਵਿਨਾਸ਼ੀ ਕਰਕੇ ਮੰਨਦਾ ਹੈ । ਜੋ ਹੋਣਾ ਹੈ ਉਸ ਨੂੰ ਦੂਰ (ਦੀ ਗੱਲ) ਪਛਾਣਦਾ ਹੈ✿, (ਜੋ) ਛੱਡ ਜਾਣਾ ਹੈ✖ ਉਸ (ਲਈ) ਮਿਹਨਤ ਕਰਦਾ ਹੈ। (ਜੋ ਸਦਾ) ਸੰਗ ਸਹਾਈ ਰਹਿਣ ਵਾਲਾ ਹੈ ਪਰਮੇਸ਼ੁਰ (ਉਸਨੂੰ) ਛਡ ਦੇਂਦਾ ਹੈ। (ਜਿਵੇਂ) ਖੋਤੇ ਦੀ ਪ੍ਰੀਤ ਸੁਆਹ ਨਾਲ ਹੁੰਦੀ ਹੈ, (ਜੇ ਉਸ ਪਰ) ਚੰਦਨ ਦਾ ਲੇਪ♣ (ਬੀ ਕੀਤਾ ਹੋਵੇ ਤਾਂ ਉਹ ਸੁਆਹ ਵਿਚ ਲੇਟਕ ਐਉਂ) ਲਾਹ ਸੁਟਦਾ ਹੈ (ਕਿ ਮਾਨੋ) ਧੋ ਕੇ (ਲਾਹਿਆ ਹੈ, ਤਿਵੇਂ ਜੀਵ ਕਰਦਾ ਹੈ। ਇਹ ਜੀਵ ਕਿਸ) ਭਯਾਨਕ ਅੰਨ੍ਹੇ ਖੂਹ (ਅਗਯਾਨ) ਵਿਚ ਡਿੱਗ ਪਿਆ ਹੈ। ਹੇ ਰਹਿਮਤਾਂ ਵਾਲੇ ਪ੍ਰਭੂ ! (ਇਸਨੂੰ ਆਪੇ) ਕੱਢ ਲਓ ਨਾਨਕ (ਦੀ ਇਹ ਅਰਦਾਸ ਹੈ) ॥ ੪ ॥

ਕਰਤੂਤਿ ਪਸੂ ਕੀ ਮਾਨਸ ਜਾਤਿ ॥ ਲੋਕ ਪਚਾਰਾ ਕਰੈ ਦਿਨੁ ਰਾਤਿ ॥ ਬਾਹਰਿ ਭੇਖ ਅੰਤਰਿ ਮਲੁ ਮਾਇਆ ॥ ਛਪਸਿ ਨਾਹਿ ਕਛੁ ਕਰੈ ਛਪਾਇਆ॥ ਬਾਹਰਿ ਗਿਆਨ ਧਿਆਨ ਇਸਨਾਨ ॥ ਅੰਤਰਿ

(ਇਹ) ਹੈ ਤਾਂ ਜਾਤ ਮਨੁੱਖ ਦੀ (ਪਰ ਇਸ ਦੀ) ਕਰਤੂਤ ਪਸੂ ਦੀ ਹੈ✤। (ਕਿਉਂਕਿ ਵਿਹਤ ਅਵਿਹਤ ਦੀ ਸੋਚ ਛੱਡਕੇ) ਲੋਕਾਂ ਦਾ ਦਿਖਲਾਵਾ ਦਿਨ ਰਾਤ ਕਰਦਾ ਰਹਿੰਦਾ ਹੈ। ਬਾਹਰ (ਤਾਂ ਸਾਧੂ ਦਾ) ਭੇਖ (ਬਣਾਇਆ ਹੋਇਆ ਹੈ ਪਰ) ਅੰਦਰ ਮਾਯਾ ਦੀ ਮੈਲ ਹੈ। (ਭਾਵੇਂ) ਲੁਕਾਉਣੇ ਦਾ (ਜਤਨ) ਕੁਛ ਪਿਆ ਕਰੇ (ਅੰਦਰ ਦੀ ਮੈਲ) ਲੁਕ ਨਹੀਂ ਸਕਦੀ। ਬਾਹਰੋਂ ਤਾਂ ਗਯਾਨ, ਧਯਾਨ ਤੇ ਇਸ਼ਨਾਨ (ਕਰ ਦਸਦਾ ਹੈ,

---

*ਭਾਵ, ਅਗਯਾਨੀ।

†ਭਾਵ ਐਉਂ ਲੈਂਦੇ ਹਨ-ਰਤਨ=ਨਾਮ। ਕੌਡੀ=ਮਾਯਾ। ਸਾਚ=ਵਾਹਿਗੁਰੂ। ਝੂਠ=ਜਗਤ ਤੇ ਇਸ ਦੇ ਪਦਾਰਥ। (ਅ) ਰਤਨ=ਵੈਰਾਗ। ਕੌਡੀ=ਪਦਾਰਥ। ਸਾ =ਨਾਮ। ਝੂਠ=ਵਿਸ਼ੇ।

‡ਭਾਵ, ਸਰੀਰ। ✿ਹੋਣਹਾਰ ਮੌਤ ਹੈ, ਜਿਸ ਨੇ ਹੋਕੇ ਰਹਿਣਾ ਹੈ।

✖ਛਡਣੇ ਹਨ, ਪਦਾਰਥ, ਮਿਤ੍ਰ, ਸੰਬੰਧੀ, ਜਗਤ। ♣ਸਤਿਸੰਗ ਤੋਂ ਪ੍ਰਾਪਤ ਹੋਈ ਪਰਮੇਸ਼ੁਰ ਦੀ ਸਿਫਤ ਸਲਾਹ। ✤ਭਾਵ, ਵਿਹਤ ਅਵਿਹਤ ਦੀ ਪਰਵਾਹ ਨਹੀਂ ਕਰਦਾ।

ਬਿਆਪੈ ਲੋਭੁ ਸੁਆਨੁ ॥ ਅੰਤਰਿ ਅਗਨਿ ਬਾਹਰਿ ਤਨੁ ਸੁਆਹ ॥ ਗਲਿ ਪਾਥਰ ਕੈਸੇ ਤਰੈ ਅਥਾਹ ॥ ਜਾਕੈ ਅੰਤਰਿ ਬਸੈ ਪ੍ਰਭੁ ਆਪਿ ॥ ਨਾਨਕ ਤੇ ਜਨ ਸਹਜਿ ਸਮਾਤਿ ॥ ੫ ॥

ਪਰ) ਅੰਦਰ ਲੋਭ (ਰੂਪੀ) ਕੁੱਤਾ ਵੜਿਆ ਹੋਇਆ ਹੈ। ਅੰਦਰ ਤਾਂ (ਤ੍ਰਿਸ਼ਨਾ ਰੂਪੀ) ਅੱਗ ਹੈ ਤੇ ਬਾਹਰ ਸਰੀਰ ਤੇ ਸੁਆਹ (ਮਲੀ ਹੋਈ ਹੈ, ਇਸਦੇ) ਗਲ (ਮਨ) ਵਿਚ (ਦਿਖਲਾਵਾ, ਮਾਇਆ, ਲੋਭ ਤੇ ਤ੍ਰਿਸ਼ਨਾ ਰੂਪੀ*) ਪੱਥਰ (ਪਏ ਹੋਏ) ਹਨ (ਦੱਸੋ ਇਹ ਸੰਸਾਰ ਰੂਪੀ ਸਮੁੰਦਰ ਨੂੰ, ਜੋ) ਅਥਾਹ ਹੈ ਕੀਕੂੰ ਤਰ ਸਕਦਾ ਹੈ? (ਤਰ ਓਹ ਸਕਦੇ ਹਨ ਕਿ) ਜਿਨ੍ਹਾਂ ਦੇ ਅੰਦਰ ਆਪ ਪਰਮੇਸ਼ਰ ਵੱਸਦਾ ਹੈ। (ਕਹਿੰਦੇ ਹਨ ਗੁਰੂ) ਨਾਨਕ, ਉਹੀ ਜਨ (ਹੀ) ਵਾਹਿਗੁਰੂ ਦੇ ਨਿਜ ਸਰੂਪ ਵਿਚ ਸਮਾਉਂਦੇ ਹਨ ॥ ੫ ॥

ਸੁਨਿ ਅੰਧਾ ਕੈਸੇ ਮਾਰਗੁ ਪਾਵੈ ॥ ਕਰੁ ਗਹਿ ਲੇਹੁ ਓੜਿ ਨਿਬਹਾਵੈ ॥ ਕਹਾ ਬੁਝਾਰਤਿ ਬੂਝੈ ਡੋਰਾ ॥ ਨਿਸਿ ਕਹੀਐ ਤਉ ਸਮਝੈ ਭੋਰਾ ॥ ਕਹਾ ਬਿਸਨਪਦ ਗਾਵੈ ਗੁੰਗ ॥ ਜਤਨ ਕਰੈ ਤਉ ਭੀ ਸੁਰਭੰਗ ॥ ਕਹ ਪਿੰਗੁਲ ਪਰਬਤ ਪਰ ਭਵਨ ॥ ਨਹੀ ਹੋਤ ਊਹਾ ਉਸੁ ਗਵਨ ॥ ਕਰਤਾਰ ਕਰੁਣਾ ਮੈ ਦੀਨੁ ਬੇਨਤੀ ਕਰੈ ॥ ਨਾਨਕ ਤੁਮਰੀ ਕਿਰਪਾ ਤਰੈ ॥ ੬ ॥

[ਜੀਵਾਂ ਲਈ ਸਿਫਾਰਸ਼ ਤੇ ਅਰਦਾਸ ਸ਼ੁਰੂ ਹੁੰਦੀ ਹੈ] (ਅੱਖਾਂ ਤੋਂ ਜੋ ਹੋਵੇ) ਅੰਨ੍ਹਾਂ (ਉਹ ਕੰਨਾਂ ਤੋਂ) ਸੁਣ ਲੈਣ (ਮਾਤ੍ਰ) ਨਾਲ ਕਿਸ ਤਰ੍ਹਾਂ ਰਸਤਾ ਲੱਭ ਸਕਦਾ ਹੈ? (ਉਸਦਾ) ਹੱਥ ਫੜ ਲਓ (ਤਾਂ ਉਹ) ਅੰਤ ਤਕ (ਤੁਰੇ ਰਹਿਣ ਦਾ) ਨਿਰਬਾਹ ਕਰ ਲੈਂਦਾ ਹੈ†। (ਜੋ ਕੰਨਾਂ ਤੋਂ) ਡੋਰਾ ਹੈ (ਉਹ) ਬੁਝਾਰਤ ਕੀਕੂੰ ਬੁੱਝ ਸਕਦਾ ਹੈ‡? (ਜੇ ਉਸਨੂੰ) ਆਖਾਂਗੇ ਰਾਤ ਤਾਂ ਉਹ ਸਮਝੇਗਾ ਦਿਨ। ਗੁੰਗਾ ਬਿਸ਼ਨਪਦੇ ਕਿੱਕੁਰ ਗਾਉਂ ਸਕਦਾ ਹੈ? ਜੇ ਉਹ ਗਾਉਣ ਦਾ) ਜਤਨ ਕਰੇ (ਬੀ) ਤਾਂ ਸੁਰ ਭੰਗ ਰਹੇਗਾ।ਕਿਸਤਰ੍ਹਾਂ ਪਿੰਗਲਾ ਪਰਬਤ ਪਰ ਘਰ (ਬਣਾ ਸਕਦਾ ਹੈ),ਉਸਦਾ (ਤਾਂ) ਓਥੇ ਜਾਣਾ ਬੀ ਨਹੀਂ ਹੋ ਸਕਦਾ। ਹੇ ਦਿਆਲੂ ਕਰਤਾਰ! (ਇਹ) ਗ਼ੀਬ ਬੇਨਤੀ ਕਰਦਾ ਹੈ, (ਕਿ ਇਹ ਜੀਵ ਕੇਵਲ) ਤੁਹਾਡੀ ਕ੍ਰਿਪਾ ਨਾਲ (ਹੀ) ਤਰ ਸਕਦਾ ਹੈ,(ਕਹਿੰਦੇ ਹਨ ਗੁਰੂ) ਨਾਨਕ** ॥ ੬ ॥

ਸੰਗਿ ਸਹਾਈ ਸੁ ਆਵੈ ਨ ਚੀਤਿ॥ ਜੋ ਬੈਰਾਈ ਤਾ ਸਿਉ ਪ੍ਰੀਤਿ ॥ ਬਲੂਆ ਕੇ ਗ੍ਰਿਹ ਭੀਤਰਿ ਬਸੈ ॥ ਅਨਦ ਕੇਲ ਮਾਇਆ ਰੰਗਿ ਰਸੈ ॥

(ਜੀਵ ਨੂੰ ਕਰਤਾਰ, ਜੋ ਨਿੱਤ ਉਸਦਾ) ਸੰਗੀ ਹੈ ਅਰ ਹਰ ਵੇਲੇ) ਸਹਾਈ ਹੈ ਸੋ (ਤਾਂ) ਚਿੱਤ ਵਿਚ ਨਹੀਂ ਆਉਂਦਾ; (ਪਰ ਵਿਸ਼ਯ ਬ੍ਰਿਤੀ) ਜੋ ਵੈਰੀ ਹੈ ਉਸ ਨਾਲ (ਇਸਦੀ)ਪ੍ਰੀਤਿ ਹੈ। (ਇਹ ਇਸ ਨਾਸ਼ਮਾਨ ਜਗਤ ਵਿਚ ਮਾਨੋ) ਰੇਤ ਦੇ ਘਰ ਅੰਦਰ ਵੱਸਦਾ ਹੈ‡‡,(ਫੇਰ) ਖੁਸ਼ੀਆਂ ਖੇਲਾਂ ਤੇ ਮਾਯਾ ਦੇ ਰੰਗ ਵਿਚ ਰਸ ਮਾਣਦਾ ਹੈ। (ਇਸ ਮਾਯਾ ਤੇ ਇਸਦੇ ਰਸਾਂ ਨੂੰ

---

*ਏਹ ਚਾਰੇ ਇਸੇ ਪਉੜੀ ਵਿਚ ਗਿਣੇ ਹਨ। †ਭਾਵ, ਮੰਜ਼ਲ ਤੇ ਪਹੁੰਚ ਪੈਂਦਾ ਹੈ।

‡ਉਹ ਤਾਂ ਸੁਣ ਹੀ ਨਹੀਂ ਸਕਦਾ।

**ਇਸ ਪੌੜੀ ਵਿਚ ਜੋ ਦ੍ਰਿਸ਼ਟਾਂਤ ਆਏ ਹਨ: ਅੰਨ੍ਹਾ, ਡੋਰਾ, ਪਿੰਗਲਾ ਆਦਿ, ਉਨ੍ਹਾਂ ਦੇ ਅੰਤ੍ਰੀਵ ਅਰਥ ਸੰਪ੍ਰਦਾ ਵਿਚ ਇਸ ਪ੍ਰਕਾਰ ਹਨ-(ਅੰਨ੍ਹਾ) ਅਗਯਾਨੀ ਜੀਵ, ਨਿਰੇ ਸ਼ਾਸਤ੍ਰ ਯਾ ਉਪਦੇਸ਼ ਸੁਣਕੇ ਪਰਮਾਰਥ ਦੇ ਰਸਤੇ ਨਹੀਂ ਟੁਰ ਸਕਦਾ, ਉਸ ਦੇ ਮਨ ਰੂਪੀ ਹੱਥ ਨੂੰ ਆਪ ਖਿੱਚ ਲਓ ਤਾਂ ਤੁਸਾਂ ਦੇ ਚਰਨਾਂ ਵਿਚ ਪੁੱਜ ਪਵੇਗਾ। ਸ਼ਰਧਾ ਤੇ ਵਿਚਾਰਹੀਨ ਹੋਣ ਕਰਕੇ ਡੋਰਾ ਹੈ, ਸਤਿ ਸ਼ਾਸਤ੍ਰਾਂ ਦੇ ਅਭਿਪ੍ਰਾਯ ਉਲਟ ਪੁਲਟ ਲੈ ਲੈਂਦਾ ਹੈ। ਪ੍ਰੇਮ ਤੋਂ ਬਿਨਾਂ ਬ੍ਰਿਤੀ ਵਿਚ ਲਿਵ ਨਹੀਂ ਆਉਂਦੀ, ਇਹ ਸੁਰਭੰਗ ਰਹਿੰਦਾ ਹੈ। ਭੈ ਰੂਪੀ ਚਰਨਾਂ ਤੋਂ ਬਿਨਾਂ ਹੈ ਇਹ ਪਿੰਗਲਾਪਨ ਹੈ, ਬ੍ਰਹਮ ਰੂਪੀ ਘਰ ਉੱਚਾ ਹੈ। ਗੁਰਬਾਣੀ ਵਿਚ ਆਯਾ ਹੈ-'ਭੈ ਕੇ ਚਰਣ ਕਰ ਭਾਵ ਕੇ ਲੋਇਣ ਸੁਰਤਿ ਕਰੇਇ ॥' [ਵਾਰ ਮਾਝ ਮਹਲਾ ੨-੩।

‡‡ਰੇਤ ਦਾ ਘਰ ਪੱਕਾ ਨਹੀਂ ਗਿਣੀਂਦਾ, ਅਚਾਨਕ ਢਹਿ ਪੈਂਦਾ ਹੈ।

ਦ੍ਰਿੜੁ ਕਰਿ ਮਾਨੈ ਮਨਹਿ ਪਰਤੀਤਿ ॥ ਕਾਲੁ ਨ ਆਵੈ ਮੂੜੇ ਚੀਤਿ ॥ ਬੈਰ ਬਿਰੋਧਿ ਕਾਮ ਕ੍ਰੋਧ ਮੋਹ ॥ ਝੂਠ ਬਿਕਾਰ ਮਹਾ ਲੋਭ ਧ੍ਰੋਹ ॥ ਇਆਹੂ ਜੁਗਤਿ ਬਿਹਾਨੇ ਕਈ ਜਨਮ ॥ ਨਾਨਕ ਰਾਖਿ ਲੇਹੁ ਆਪਨ ਕਰਿ ਕਰਮ ॥੭॥

ਜੀਵ) ਮਨ ਦੇ ਯਕੀਨ ਨਾਲ ਦ੍ਰਿੜ੍ਹ ਕਰਕੇ ਮੰਨ ਰਿਹਾ ਹੈ (ਭਾਵ ਇਨ੍ਹਾਂ ਨੂੰ ਸਦਾ ਰਹਿਣ ਵਾਲੇ ਜਾਣ ਰਿਹਾ ਹੈ, ਪਰ) ਮੂਰਖ ਨੂੰ ਕਾਲ ਚੇਤੇ ਨਹੀਂ ਆਉਂਦਾ (ਕਿ ਉਸਨੇ ਏਹ ਦ੍ਰਿੜ੍ਹ ਨਹੀਂ ਰਹਿਣ ਦੇਣੇ)। ਵੈਰ, ਵਿਰੋਧ, ਕਾਮ, ਕ੍ਰੋਧ, ਮੋਹ, ਝੂਠ, ਵਿਕਾਰ, ਅਤਿ ਦਾ ਲਾਲਚ, ਧ੍ਰੋਹ (ਵਿਸਾਹ ਘਾਤ) ਇਨ੍ਹਾਂ ਹੀ ਨਾਲ ਜੁੜਿਆਂ*, ਹੇ ਨਾਨਕ ! (ਇਸ ਜੀਵ ਦੇ) ਕਈ ਜਨਮ ਬੀਤ ਗਏ ਹਨ। (ਸਾਰੇ ਜੀਵਾਂ ਨੂੰ ਮਾਨੋਂ ਨਾਲ ਲੈਕੇ ਅਰਦਾਸ ਕਰਦੇ ਹਨ–ਹੇ ਕਰਤਾਰ ! ਤੁਸੀਂ ਹੀ) ਅਪਣੀ ਦਯਾ ਕਰਕੇ (ਸਭ ਨੂੰ) ਬਚਾ ਲਵੋ ॥ ੭ ॥

ਤੂ ਠਾਕੁਰੁ ਤੁਮ ਪਹਿ ਅਰਦਾਸਿ ॥ ਜੀਉ ਪਿੰਡੁ ਸਭੁ ਤੇਰੀ ਰਾਸਿ ॥ ਤੁਮ ਮਾਤ ਪਿਤਾ ਹਮ ਬਾਰਿਕ ਤੇਰੇ ॥ ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ ॥ ਕੋਇ ਨ ਜਾਨੈ ਤੁਮਰਾ ਅੰਤੁ ॥ ਊਚੇ ਤੇ ਊਚਾ ਭਗਵੰਤ ॥ ਸਗਲ ਸਮਗ੍ਰੀ ਤੁਮਰੈ ਸੂਤ੍ਰਿ ਧਾਰੀ ॥ ਤੁਮ ਤੇ ਹੋਇ ਸੁ ਆਗਿਆਕਾਰੀ ॥ ਤੁਮਰੀ ਗਤਿ ਮਿਤਿ ਤੁਮ ਹੀ ਜਾਨੀ ॥ ਨਾਨਕ ਦਾਸ ਸਦਾ ਕੁਰਬਾਨੀ ॥ ੮ ॥ ੪ ॥

(ਹੇ ਕਰਤਾਰ !) ਤੂੰ ਮਾਲਿਕ ਹੈਂ, ਤੇਰੇ ਪਾਸ (ਹੀ) ਬੇਨਤੀ ਹੈ, (ਸਾਡੀ) ਜਿੰਦ ਤੇ ਸਰੀਰ ਸਭ ਤੇਰੀ (ਬਖਸ਼ੀ ਹੋਈ) ਰਾਸ (ਪੂੰਜੀ) ਹੈ। ਤੁਸੀਂ ਮਾਤਾ ਹੋ, (ਤੁਸੀਂ) ਪਿਤਾ ਹੋ, ਅਸੀਂ ਤੁਹਾਡੇ ਬੱਚੇ ਹਾਂ, ਤੁਹਾਡੀ ਕ੍ਰਿਪਾ ਵਿਚ (ਹੀ ਸਾਨੂੰ) ਬਹੁਤ ਸੁਖ (ਮਿਲ ਰਹੇ ਹਨ)। ਹੇ ਭਗਵੰਤ ! ਤੇਰਾ ਅੰਤ ਕੋਈ ਨਹੀਂ ਜਾਣਦਾ, (ਤੁਸੀਂ) ਉੱਚਿਆਂ ਤੋਂ (ਬੀ) ਉੱਚੇ ਹੋ। (ਸੰਸਾਰ ਦੀ) ਸਾਰੀ ਸਮੱਗ੍ਰੀ ਤੁਹਾਡੇ (ਹੁਕਮ ਰੂਪੀ) ਸੂਤ੍ਰ ਨਾਲ ਧਾਰੀ ਹੋਈ (ਖੜੀ) ਹੈ। (ਇਹ ਸਮੱਗ੍ਰੀ) ਤੁਹਾਥੋਂ (ਹੋਈ ਹੈ=) ਰਚੀ ਗਈ ਹੈ, ਸੋ (ਤੁਹਾਡੀ) ਆਗਯਾਕਾਰੀ ਹੈ (=ਹੁਕਮ ਵਿਚ ਚਲ ਰਹੀ ਹੈ), (ਪਰ ਕਿਵੇਂ ਉਹ ਤੇ ਕਿਵੇਂ ਆਪ ਹੋ) ਤੁਹਾਡੀ ਗਤਿ ਮਿਤ ਨੂੰ ਤੁਸੀਂ ਹੀ ਜਾਣਦੇ ਹੋ। ਨਾਨਕ ਦਾਸ (ਤਾਂ ਆਪ ਤੋਂ) ਸਦਾ ਵਾਰਨੇ ਜਾਂਦਾ ਹੈ ॥ ੮ ॥ ੪ ॥

**ਨਿਰੁਕ੍ਤ**–ਰਮਈਆ–[ਸੰਸ:, ਰਾਮ:] ਜੋ ਸਭ ਵਿਚ ਕ੍ਰੀੜਾ ਕਰ ਰਿਹਾ ਹੈ। ਵਿਆਪਕ ਪਰਮੇਸ਼ੁਰ। 'ਰਮਈਆ' ਪਦ ਲਾਡ ਪਯਾਰ ਦੇ ਭਾਵ ਨਾਲ ਭੂਸ਼ਿਤ ਹੈ।

ਉਬਾਰਿਆ–[ਸੰਸ:, ਉਦ੍ਧਾਰਣਮ੍=ਉੱਧਾਰ ਕਰਨਾ, ਬਚਾਉਣਾ]। ਉੱਚਾ ਕੀਤਾ, ਡੁੱਬਦੇ ਨੂੰ ਖਿੱਚ ਕੇ ਕੱਢਿਆ ਤਾਰਿਆ, ਬਚਾਇਆ, ਮੁਕਤ ਕੀਤਾ। ੨. [ਸੰਸ:, ਉਦ੍ ਵ੍ਰਿਤੁ=]ਉੱਚਾਕੀਤਾ ਹੋਇਆ। ਭਾਵ ਵਧੇ ਪਲ ਕੇ ਵਿਘਨਾਂ ਤੋਂ ਬਚ ਕੇ ਜੰਮ ਪੈਂਦਾ ਹੈ।

ਸੀਝੈ–[ਸੰਸ: ਸਿਧ੍, ਪ੍ਰਾ: ਸਿਝ, ਪੰ: ਸਿੱਝਣਾ=ਪੱਕਣਾ, ਬਣਨਾ, ਸਿਰੇ ਚੜ੍ਹਨਾ, ਮੁਕਤ ਹੋਣਾ] ਸਿਰੇ ਚੜ੍ਹ (ਸਕਦਾ) ਹੈ, ਸਫਲ ਹੋ (ਸਕਦਾ) ਹੈ। ਮੁਕਤ ਹੋ (ਸਕਦਾ) ਹੈ।

ਦੋਖ [ਸੰਸ:, ਦੋਖ਼] ਔਗੁਣ, ਅਪ੍ਰਾਧ, ਗ਼ਲਤੀਆਂ।

ਮਚੈ–[ਸੰਸ:, ਮਤ੍ਤ=ਮਸਤ, ਖੁਸ਼। ਪ੍ਰਾ:, ਮਚ੍। ਸੰਸ:, ਮਦ੍=ਹੰਕਾਰ ਕਰਨਾ, ਬਫਾਉਣਾ] ਖੁਸ਼ ਹੁੰਦਾ ਹੈ, ਬਫਾਉਂਦਾ ਹੈ, ਮਗਨ ਹੁੰਦਾ ਹੈ। ਆਕੜਦਾ ਹੈ।

ਪਰਾਨੈ–[ਸੰਸ:, ਪ੍ਰਤ੍ਯਯ:=ਪ੍ਰਤੀਤ, ਵਿਸ਼੍ਵਾਸ, ਸਮਝ] ਸਮਝਦਾ ਹੈ, ਪਛਾਣਦਾ ਹੈ।

ਗਾਰਧਬ–[ਸੰਸ:, ਗਰ੍ਦਭ:] ਗਧਾ, ਖੋਤਾ। ਭਾਵ ਮਾਇਕੀ ਜੀਵ।

*(ਅ) ਇਸੇ ਜੋੜੇ ਨਾਲ।

ਭਸਮ–[ਸੰਸ:, ਭਸ੍ਮਨ੍] ਰਾਖ, ਸੁਆਹ. ਖ਼ਾਕ। ਭਾਵ ਸੁਆਹ ਵਾਂਙੂ ਨਿਕੰਮੇ ਨਾਸ਼ਮਾਨ ਸੰਸਾਰ ਦੇ ਸਮਾਨ। (ਅ) ਪਾਪ ਵਿਕਾਰ।

ਬਿਕਰਾਲ–[ਸੰਸ:, ਵਿਕਰਾਲ] ਬੜਾ ਭਯਾਨਕ। ਡਰਾਉਣਾ।

ਲੋਕ ਪਚਾਰਾ–[ਸੰਸ:, ਲੋਕੋਪਚਾਰ:] ਲੋਕਾਂ ਨੂੰ ਆਪਣੇ ਤੇ ਪਤੀਜੇ ਰੱਖਣ ਦਾ ਉਪਾਉ। ਦਿਖਲਾਵਾ।     ਸਹਜਿ–ਗਿਆਨ, ਪਰਮ ਪਦ, ਵਾਹਿਗੁਰੂ ਦਾ ਨਿੱਜ ਸਰੂਪ। (ਵਿਸ਼ੇਸ਼ ਦੇਖੋ ਪੰਨਾ ੨੬੯, ੬੨੧)।

ਬਿਸਨਪਦ–[ਸੰਸ:, ਵਿਖ਼ਮ+ਪਦਜੰ]=ਵਿਖਮ ਪਦ ਛੰਦ, ਜਿਸਦੀ ਪਹਿਲੀ ਤੁਕ ਛੋਟੀ ਤੇ ਅਗਲੀਆਂ ਦੂਣੇ ਦੇ ਲਗ ਪਗ ਹੁੰਦੀਆਂ ਹਨ। ਏਹ ਅਕਸਰ ੨੬,੨੭,੨੮ ਮਾਤ੍ਰਾਂ ਦੇ ਵਿਰਾਮ ਭੇਦ ਨਾਲ ਕਈ ਤਰ੍ਹਾਂ ਦੇ ਹਨ। ਬਿਸਨਪਦ ਦੇ ਅਰਥ 'ਵਿਸ਼ਨੂ ਦੇ ਗੀਤ' ਬੀ ਕਰਦੇ ਹਨ। ਕ੍ਰਿਸ਼ਨ ਲੀਲਾ ਦੇ ਛੰਦ ਅਕਸਰ ਵਿਖਮ ਪਦ ਛੰਦ ਵਿਚ ਹਨ, ਜੈਸੇ ਮੀਰਾਂ ਬਾਈ ਆਦਿ ਭਗਤਾਂ ਨੇ ਰਚੇ ਹਨ। ਇਸ ਤੁਕ ਵਿਚ ਭਾਵ ਗੀਤ ਮਾਤ੍ਰ ਤੋਂ ਹੈ।

ਸੂਰਭੰਗ–[ਸੰ:, ਸ੍ਵਰਭੰਗ:] ਇਕ ਦੂਖਣ ਜਿਸ ਵਿਚ ਗਵੱਯਾਂ ਦਾ ਸੁਰ ਟੁੱਟ ਟੁੱਟ ਜਾਂਦਾ ਹੈ।

ਪਰ ਭਵਨ–[ਸੰਸ:, ਭਵਨੰ=ਘਰ, ਮਕਾਨ] ਪਰ=ਉਪਰ। ਭਵਨ=ਘਰ। (ਅ) ਕਈ ਗਜ਼ਾਨੀ ਪਰਭਵਨ ਨੂੰ 'ਪਰਭਵਣੁ' ਸਮਝਕੇ ਇਸਦਾ ਅਰਥ–[ਸੰਸ:, ਪਰਿਭ੍ਰਮਣੰ] ਭਉਂਦੇ ਫਿਰਨਾ ਭੀ ਕਰ ਲੈਂਦੇ ਹਨ। 'ਣਾਣੇ' ਨਾਲ 'ਪਰਭਵਣ' ਪਦ ਭੌਂਦੇ ਫਿਰਨਾ ਦੇ ਅਰਥਾਂ ਵਿਚ ਗੁਰਬਾਣੀ ਵਿਚ ਆਯਾ ਹੈ–'ਏਹੁ ਜੋਗੁ ਨ ਹੋਵੈ ਜੋਗੀ ਜਿ ਕੁਟੰਬੁ ਛੋਡਿ ਪਰਭਵਣੁ ਕਰਹਿ ॥' [ਰਾਮਕਲੀ ਮਹਲਾ ੩, ਅਸਟ:–੧] ਪਰ ਇਥੇ ਪਦ ਦਾ ਪਾਠ ਹੈ 'ਪਰ ਭਵਨ'। ਸੰਸਕ੍ਰਿਤ ਵਿਚ ਬੀ ਇਕ ਪਦ ਹੈ 'ਪ੍ਰਭਵਨੰ'; ਪਰ ਇਸਦਾ ਅਰਥ ਹੈ–ਪੈਦਾ ਹੋਣਾ ਆਦਿਕ।

ਕਰੁਣਾ ਮੈ–[ਸੰਸ:, ਕਰੁਣਾਮਯ] ਦਿਆਲੂ, ਅਤਯੰਤ ਦਯਾਲੂ।

ਬਲੂਆ–[ਸੰਸ: ਵਾਲੁਕਾ। ਹਿੰਦੀ, ਬਾਲੂ] ਬਾਲੂ ਤੋਂ ਬਲੂਆ=ਰੇਤ।

ਸੂਤ੍ਰ–[ਸੰਸ:, ਸੂਤ੍ਰੰ] ਨਿਯਮ, ਅਸੂਲ, ਕਾਨੂਨ। ਤੁਮਰੈ ਸੂਤ੍ਰਿ ਧਾਰੀ=ਭਾਵ ਆਪ ਦੇ ਬੱਧੇ ਨਿਯਮਾਂ ਪ੍ਰਬੰਧਾਂ ਵਿਚ ਸ੍ਰਿਸ਼ਟੀ ਚੱਲ ਰਹੀ ਹੈ।

ਗਤਿ ਮਿਤਿ–[ਦੇਖੋ ਪਿਛੇ ਪੰਨਾ ੧੬੭੧] ਭਾਵ, ਤੁਸੀਂ ਕਿਡੇ ਕੁ ਹੋ, ਕਿਵੇਂ ਹੋ ਤੇ ਕਿਵੇਂ ਕੀ ਕੁਛ ਕਰ ਸਕਦੇ ਹੋ?

[ਅਸਟਪਦੀ–ਪੰਜਵੀਂ]

**ਪ੍ਰਾਕ੍ਕਥਨ–** ਪ੍ਰਭੂ ਤੋਂ ਛੁਟ ਹੋਰ ਹਰ ਸ਼ੈ ਦੀ ਅਨਸਥਿਰਤਾ ਦਿਖਾਕੇ ਅੰਕ ੫ ਤੋਂ ਬਾਦ ਨਾਮ ਦਾ ਉਪਦੇਸ਼ ਹੈ ਜੋ ਸਫਲ ਕੰਮ ਹੈ। ਸ਼ੁਰੂ ਵਿਚ ਪਹਿਲੇ ਦੋ ਅੰਗਾਂ ਵਿਚ ਉਪਦੇਸ਼ ਹੈ ਕਿ ਜੇ ਕੋਈ ਦੁਖ ਆ ਬਣੇ ਤਾਂ ਸਾਈਂ ਨਾਲ ਨੇਹੁੰ ਨਾ ਟੁੱਟੇ।

ਸਲੋਕੁ ॥ ਦੇਨਹਾਰੁ ਪ੍ਰਭ ਛੋਡਿਕੈ ਲਾਗਹਿ ਆਨ ਸੁਆਇ ॥ ਨਾਨਕ ਕਹੂ ਨ ਸੀਝਈ ਬਿਨੁ ਨਾਵੈ ਪਤਿ ਜਾਇ ॥ ੧ ॥

(ਸਭ ਦਾਤਾਂ ਦੇ) ਦੇਣ ਵਾਲੇ ਅਕਾਲ ਪੁਰਖ ਨੂੰ ਛੱਡਕੇ (ਜੋ) ਹੋਰਨਾ ਪ੍ਰਯੋਜਨਾਂ ਵਿਚ ਲੱਗਦਾ ਹੈ*, (ਉਹ) ਕਿਸੇ (ਥਾਂ ਤੇ ਕਿਸੇ ਗਲ ਵਿਚ) ਸਿਰੇ ਨਹੀਂ ਚੜ੍ਹਦਾ†, (ਦਰਗਾਹ ਵਿਚ ਪਤਿ ਨਾਮ ਨਾਲ ਬਣਦੀ ਹੈ) ਸੋ ਨਾਮ ਵਿਹੂਣੇ ਹੋਣ ਨਾਲ (ਦਰਗਾਹ ਵਿਚ) ਪਤਿ ਗੁਆਚ ਜਾਂਦੀ ਹੈ, ਹੇ ਨਾਨਕ! ॥੧॥

*ਲਾਗਹਿ ਦਾ ਅਰਥ ਬਹੁ ਬਚਨ ਵਿਚ ਬੀ ਕਰਦੇ ਹਨ, ਪਰ ਅਗੇ ਅਸਟਪਦੀ ਵਿਚ ਇਕ ਬਚਨ ਚਲਦਾ ਹੈ।     †ਭਾਵ, ਮੁਕਤ ਨਹੀਂ ਹੁੰਦਾ।

ਅਸਟਪਦੀ॥ ਦਸ ਬਸਤੂ ਲੇ ਪਾਛੈ ਪਾਵੈ॥ਏਕ ਬਸਤੁ ਕਾਰਨਿ ਬਿਖੋਟਿ ਗਵਾਵੈ ॥ ਏਕ ਭੀ ਨ ਦੇਇ ਦਸ ਭੀ ਹਿਰਿ ਲੇਇ ॥ ਤਉ ਮੂੜਾ ਕਹੁ ਕਹਾ ਕਰੇਇ ॥ ਜਿਸੁ ਠਾਕੁਰ ਸਿਉ ਨਾਹੀ ਚਾਰਾ ॥ ਤਾਕਉ ਕੀਜੈ ਸਦ ਨਮਸਕਾਰਾ ॥ ਜਾਕੈ ਮਨਿ ਲਾਗਾ ਪ੍ਰਭੁ ਮੀਠਾ ॥ ਸਰਬ ਸੂਖ ਤਾਹੂ ਮਨਿ ਵੂਠਾ ॥ ਜਿਸੁ ਜਨ ਅਪਨਾ ਹੁਕਮੁ ਮਨਾਇਆ ॥ ਸਰਬ ਥੋਕ ਨਾਨਕ ਤਿਨਿ ਪਾਇਆ ॥ ੧ ॥

(ਇਹ ਜੀਵ) ਦਸ* ਪਦਾਰਥ ਲੈਕੇ (ਤਾਂ) ਪਿਛੇ ਪਾਉਂਦਾ ਹੈ, (ਭਾਵ ਖੁਸ਼ ਹੋਕੇ ਸ਼ੁਕਰ ਨਹੀਂ ਕਰਦਾ ਪਰ) ਇਕ ਵਸਤੂ (ਦੇ ਨਾ ਮਿਲਣ ਦੇ)ਕਾਰਣ (ਆਪਣਾ) ਵਿਸਾਹ ਗੁਆ ਲੈਂਦਾ ਹੈ। (ਭਲਾ ਜੇ ਕਰਤਾਰ ਉਹ) ਇਕ ਬੀ ਨਾ ਦੇਵੇ ਤੇ (ਪਹਿਲੀਆਂ) ਦਸ ਵੀ ਖੋਹ ਲਵੇ, ਤਦ ਕਹੁ ! ਮੂਰਖ ਕੀਹ ਕਰ ਸਕਦਾ ਹੈ ? (ਤਾਂ ਤੇ) ਜਿਸ ਸੁਆਮੀ ਨਾਲ (ਕੋਈ) ਚਾਰਾ ਨਾ ਚੱਲੇ ਉਸਨੂੰ ਸਦਾ ਨਮਸਕਾਰ ਕਰੀਏ ।(ਨਮਸਕਾਰ ਪਿਆਰ ਨਾਲ ਕਰੀਏ, ਕਿਉਂਕਿ) ਜਿਸਦੇ ਮਨ ਵਿਚ ਪ੍ਰਭੂ ਪਿਆਰਾ ਲਗ ਜਾਵੇ ਸਾਰੇ ਸੁਖ ਉਸ ਦੇ ਮਨ ਵਿਚ ਆ ਵੱਸਦੇ ਹਨ । (ਅਤੇ ਉਹ) ਪੁਰਖ ਜਿਸ ਤੋਂ (ਪ੍ਰਭੂ ਨੇ) ਆਪਣਾ ਹੁਕਮ (ਆਪ) ਮਨਵਾਇ ਲਿਆ ਹੈ, ਹੇ ਨਾਨਕ ! ਸਾਰੇ (ਹੀ) ਪਦਾਰਥ ਉਸਨੇ (ਤਾਂ) ਪਾ ਲਏ ਹਨ† ॥ ੧ ॥

ਅਗਨਤ ਸਾਹੁ ਅਪਨੀ ਦੇ ਰਾਸਿ॥ ਖਾਤ ਪੀਤ ਬਰਤੈ ਅਨਦ ਉਲਾਸਿ ॥ ਅਪੁਨੀ ਅਮਾਨ ਕਛੁ ਬਹੁਰਿ ਸਾਹੁ ਲੇਇ ॥ ਅਗਿਆਨੀ ਮਨਿ ਰੋਸੁ ਕਰੇਇ ॥ ਅਪਨੀ ਪਰਤੀਤਿ ਆਪ ਹੀ ਖੋਵੈ ॥ ਬਹੁਰਿ ਉਸਕਾ ਬਿਸ੍ਵਾਸੁ ਨ ਹੋਵੈ ॥ ਜਿਸਕੀ ਬਸਤੁ ਤਿਸੁ ਆਗੈ ਰਾਖੈ ॥ ਪ੍ਰਭ ਕੀ ਆਗਿਆ ਮਾਨੈ ਮਾਥੈ ॥ ਉਸਤੇ ਚਉਗੁਨ ਕਰੈ ਨਿਹਾਲੁ ॥ ਨਾਨਕ ਸਾਹਿਬੁ ਸਦਾ ਦਇਆਲੁ ॥ ੨ ॥

ਅਣਗਿਣਤ (ਪਦਾਰਥਾਂ ਦੀ) ਰਾਸ (ਵਾਹਿਗੁਰੂ) ਸ਼ਾਹ ਅਪਣੀ (ਵੱਲੋਂ ਜੀਵ ਰੂਪੀ ਗੁਮਾਸ਼ਤੇ ਨੂੰ ਪਾ) ਦੇਂਦਾ ਹੈ (ਉਸ ਦੀ ਦਾਤ ਨੂੰ ਲੈ ਕੇ ਇਹ) ਖਾਂਦਾ ਹੈ, ਪੀਂਦਾ ਹੈ ਤੇ ਵਰਤਦਾ ਹੈ ਤੇ ਅਨੰਦ ਤੇ ਚਾਉ ਵਿਚ ਰਹਿੰਦਾ ਹੈ । (ਜੇ ਹੁਣ) ਸ਼ਾਹ (ਕਿਸੇ ਵੇਲੇ) ਅਪਣੀ ਅਮਾਨਤ ਕੁਛ ਮੋੜ ਕੇ ਲੈ ਲਵੇ (ਤਾਂ) ਅਗਿਆਨੀ (ਗੁਮਾਸ਼ਤਾ) ਮਨ ਵਿਚ ਗੁੱਸਾ ਕਰਦਾ ਹੈ। (ਐਸਾ ਕਰਨੇ ਤੇ ਉਹ) ਆਪਣੀ ਪ੍ਰਤੀਤ ਆਪ ਹੀ ਗੁਆ ਬੈਠਦਾ ਹੈ, ਫੇਰ ਉਸਦਾ ਵਿਸਾਹ ਨਹੀਂ ਹੁੰਦਾ । (ਚੰਗੇ ਗੁਮਾਸ਼ਤੇ ਲਈ ਇਹ ਗਲ ਠੀਕ ਹੈ ਕਿ) ਜਿਸ (ਸ਼ਾਹ) ਦੀ ਵਸਤੂ (ਇਸ ਦੇ ਪਾਸ) ਹੈ ਉਸਦੇ ਅਗੇ (ਉਸ ਦੇ ਮੋੜਕੇ ਲੈਣ ਵੇਲੇ ਖੁਸ਼ੀ ਨਾਲ) ਧਰ ਦੇਵੇ ਤੇ ਮਾਲਕ ਦੀ ਆਗਯਾ ਸਿਰ ਮੱਥੇ ਤੇ ਮੰਨ ਲਵੇ । (ਤਦ ਸ਼ਾਹ ਉਸਨੂੰ) ਉਸਤੋਂ ਚਉਗੁਣਾਂ ਨਿਹਾਲ ਕਰ ਦਿੰਦਾ ਹੈ । (ਸਾਖ ਭਰਦੇ ਹਨ ਗੁਰੂ) ਨਾਨਕ (ਕਿ ਉਹ) ਮਾਲਕ ਸਦਾ ਹੀ ਦਿਆਲ ਹੈ‡ ॥ ੨ ॥

ਅਨਿਕ ਭਾਤਿ ਮਾਇਆ ਕੇ ਹੇਤ॥ ਸਰਪਰ ਹੋਵਤ ਜਾਨੁ ਅਨੇਤ ॥

(ਪਦਾਰਥਾਂ ਪਿੱਛੇ ਸਾਈਂ ਨਾਲ ਨਾ ਵਿਗਾੜ ਕਿਉਂਕਿ) ਅਨੇਕ ਪ੍ਰਕਾਰ ਦੇ ਮਾਇਆ ਦੇ ਪਿਆਰ (ਜਿਨ੍ਹਾਂ ਨੂੰ ਕਿ ਨਿੱਤ ਸਮਝਕੇ ਤੂੰ ਲਪਟ ਰਿਹਾ ਹੈਂ) ਨਿਸ਼ਚੇ ਜਾਣ ਲੈ ਕਿ ਅਨਿੱਤ ਹਨ (ਭਾਵ ਸਦਾ ਨਹੀਂ ਰਹਿੰਦੇ) । (ਦੇਖੋ ਕੋਈ ਪੁਰਖ ਜੋ)

*ਦਸ ਦਾ ਭਾਵ 'ਕਈ' ਤੋਂ ਹੈ। ਤੁਕ ਦਾ ਭਾਵ ਕਈ ਸਿਆਣੇ ਇਹ ਵੀ ਕੱਢ ਲੈਂਦੇ ਹਨ ਕਿ ੧੦ ਇੰਦ੍ਰੀਆਂ ਤੇ ਯਾਰਵਾਂ ਮਨ ਹੈ। ਇਸ ਇਕ (ਅਰਥਾਤ ਮਨ) ਨੂੰ (ਪਰਮੇਸ਼ੁਰ ਵਿਚ ਨਾ ਲਾਉਣ ਕਰਕੇ) ਆਪਣਾ ਇਤਬਾਰ ਗੁਆ ਲੈਂਦਾ ਹੈ ।

†ਇਸ ਪਉੜੀ ਵਿਚ ਤੈ ਨੁਕਤੇ ਭਗਤੀ ਦੇ ਦਿਤੇ ਹਨ, ਵਾਹਿਗੁਰੂ ਨੂੰ ਸਰਬ ਸ਼ਕਤੀਮਾਨ ਸਮਝਕੇ ਦਾਸ ਵਾਂਗੂ ਝੁਕੇ ਰਹਿਣਾ, ਮਾਤਾ ਪਿਤਾ ਸਮਝਕੇ ਪੁਤ ਵਾਂਗ ਪਿਆਰ ਕਰਨਾ, ਪਰਮੇਸੁਰ ਦਾ ਆਪ ਮਿਹਰ ਕਰਕੇ ਆਪਣੇ ਹੁਕਮ ਵਿਚ ਭਗਤ ਨੂੰ ਆਪਣੇ ਨਾਲ ਇਕਸੁਰ ਕਰ ਲੈਣਾ ।

‡ਇਸ ਅੰਕ ਵਿਚ ਦੁਖ ਸਮੇਂ ਵਾਹਿਗੁਰੂ ਦੇ ਸ਼ੁਕਰ ਵਿਚ ਰਹਿਣੇ ਦਾ ਉਪਦੇਸ਼ ਹੈ ।

ਬਿਰਖ ਕੀ ਛਾਇਆ ਸਿਉ ਰੰਗੁ ਲਾਵੈ ॥ ਓਹ ਬਿਨਸੈ ਉਹੁ ਮਨਿ ਪਛੁਤਾਵੈ ॥ ਜੋ ਦੀਸੈ ਸੋ ਚਾਲਨਹਾਰੁ ॥ ਲਪਟਿ ਰਹਿਓ ਤਹ ਅੰਧ ਅੰਧਾਰੁ ॥ ਬਟਾਊ ਸਿਉ ਜੋ ਲਾਵੈ ਨੇਹ ॥ ਤਾ ਕਉ ਹਾਥਿ ਨ ਆਵੈ ਕੇਹ ॥ ਮਨ ਹਰਿ ਕੇ ਨਾਮ ਕੀ ਪ੍ਰੀਤਿ ਸੁਖਦਾਈ ॥ ਕਰਿ ਕਿਰਪਾ ਨਾਨਕ ਆਪਿ ਲਏ ਲਾਈ ॥੩॥

ਮਿਥਿਆ ਤਨੁ ਧਨੁ ਕੁਟੰਬੁ ਸਬਾਇਆ ॥ ਮਿਥਿਆ ਹਉਮੈ ਮਮਤਾ ਮਾਇਆ ॥ ਮਿਥਿਆ ਰਾਜ ਜੋਬਨ ਧਨ ਮਾਲ ॥ ਮਿਥਿਆ ਕਾਮ ਕ੍ਰੋਧ ਬਿਕਰਾਲ ॥ ਮਿਥਿਆ ਰਥ ਹਸਤੀ ਅਸ੍ਵ ਬਸਤ੍ਰਾ ॥ ਮਿਥਿਆ ਰੰਗ ਸੰਗਿ ਮਾਇਆ ਪੇਖਿ ਹਸਤਾ ॥ ਮਿਥਿਆ ਧ੍ਰੋਹ ਮੋਹ ਅਭਿਮਾਨੁ ॥ ਮਿਥਿਆ ਆਪਸ ਊਪਰਿ ਕਰਤ ਗੁਮਾਨੁ ॥ ਅਸਥਿਰੁ ਭਗਤਿ ਸਾਧ ਕੀ ਸਰਨ ॥ ਨਾਨਕ ਜਪਿ ਜਪਿ ਜੀਵੈ ਹਰਿ ਕੇ ਚਰਨ ॥ ੪ ॥

ਮਿਥਿਆ ਸ੍ਰਵਨ ਪਰਨਿੰਦਾ ਸੁਨਹਿ ॥ ਮਿਥਿਆ ਹਸਤ ਪਰਦਰਬ ਕਉ ਹਿਰਹਿ ॥ ਮਿਥਿਆ ਨੇਤ੍ਰ ਪੇਖਤ ਪਰ ਤ੍ਰਿਅ ਰੂਪਾਦ ॥ ਮਿਥਿਆ

ਬਿਰਖ ਦੀ ਛਾਇਆ ਨਾਲ ਪ੍ਰੀਤ ਲਾ ਬੈਠਦਾ ਹੈ, (ਤਾਂ) ਉਹ (ਛਾਇਆ ਜ਼ਰੂਰ) ਬਿਨਸ ਜਾਂਦੀ ਹੈ (ਫਿਰ) ਉਹ (ਪੁਰਖ) ਮਨ ਵਿਚ ਪਛੁਤਾਉਂਦਾ ਹੈ। (ਇਸੀ ਪ੍ਰਕਾਰ) ਜੋ (ਕੁਛ) ਦਿੱਸ ਰਿਹਾ ਹੈ, ਉਹ (ਸਾਰਾ) ਚੱਲਣਹਾਰ ਹੈ*। (ਪਰ ਦੇਖੋ ਅਚਰਜ ਕਿ ਇਹ) ਘੋਰ ਅੰਨ੍ਹਾਂ ਓਸੇ ਨੂੰ ਚੰਬੜ ਰਿਹਾ ਹੈ†। (ਇਸੀ ਤਰ੍ਹਾਂ) ਜੋ ਮੁਸਾਫਰ ਨਾਲ ਪ੍ਰੀਤਿ ਲਾਉਂਦਾ ਹੈ ਉਸ ਦੇ ਹੱਥ ਕੁਝ ਨਹੀਂ ਆਉਂਦਾ। ਹੇ ਮਨ! ਹਰੀ ਦੇ ਨਾਮ ਦੀ ਪ੍ਰੀਤ ਹੀ ਸੁਖਾਂ ਦੀ ਦਾਤੀ ਹੈ (ਜੋ ਅਵਿਨਾਸ਼ੀ ਵਸਤੂ ਹੈ, ਪਰ ਇਹ ਪ੍ਰੀਤ) ਸਾਈਂ ਆਪ ਆਪਣੀ ਕ੍ਰਿਪਾ ਨਾਲ (ਜੀਵ ਨੂੰ) ਲਾ ਲੈਂਦਾ ਹੈ‡, ਹੇ ਨਾਨਕ! ॥੩॥

(ਹੇ ਜੀਵ! ਤੇਰਾ) ਤਨ, ਧਨ ਤੇ ਸਾਰਾ ਕੁਟੰਬ ਮਿਥਿਆ ਹੈ। (ਤੇਰੀ) ਹਉਮੈ✖, ਮਮਤਾ✽ ਤੇ ਮਾਇਆ❦ ਬੀ ਮਿਥਿਆ ਹੈ (ਭਾਵ ਮਿਥਿਆ ਵਿਚ ਮੈਂ ਮੇਰੀ ਧਾਰਨੀ ਬੀ ਮਿਥਿਆ ਹੈ)। ਰਾਜ ਜੋਬਨ, ਧਨ (ਤੇ) ਮਾਲ ਝੂਠੇ ਹਨ, (ਇਨ੍ਹਾਂ ਨੂੰ ਪਾਕੇ ਰਸ ਦਾਯਕ) ਕਾਮ (ਵਿਚ ਲਪਟਣਾ ਤੇ ਰੋਕ ਪੈਣ ਤੇ) ਭਯਾਨਕ ਕ੍ਰੋਧ (ਵਿਚ ਤਪ ਉਠਣਾ ਬੀ) ਝੂਠੇ ਹਨ। ਰਥ, ਹਾਥੀ, ਘੋੜੇ ਤੇ ਬਸਤ੍ਰ ਬੀ ਝੂਠੇ ਹਨ। ਮਾਇਆ (ਦੇ ਇਸ ਦੇ ਦਿੱਤੇ) ਚਾ ਮਲ੍ਹਾਰਾਂ ਨਾਲ ਪਿਆਰ ਤੇ ਉਨ੍ਹਾਂ ਨੂੰ ਤੱਕਕੇ (ਹੱਸਣਾ) ਖੁਸ਼ੀ ਕਰਨੀ (ਬੀ) ਮਿਥ੍ਯਾ ਹੈ। ਮਿਥ੍ਯਾ ਹਨ ਧ੍ਰੋਹ ਮੋਹ ਤੇ ਹੰਕਾਰ✤! ਆਪਣੇ ਉਪਰ (ਜੋ) ਗੁਮਾਨ ਕਰਦਾ ਹੈ, (ਇਹ ਕਰਨਾ ਬੀ) ਮਿਥਿਆ ਹੈ। (ਪ੍ਰੰਤੂ) ਸਾਧੂ ਦੀ ਸ਼ਰਨ (ਲੈਕੇ) ਭਗਤੀ (ਕਰਨੀ) ਸਦਾ ਰਹਿਣ ਵਾਲੀ (ਸ਼ੈ ਹੈ)। (ਇਸ ਕਰਕੇ ਗੁਰੂ) ਨਾਨਕ ਪਰਮੇਸ਼ੁਰ ਦੇ ਚਰਨ ਜਪ ਜਪ ਕੇ (ਭਾਵ ਲਗਾਤਾਰ ਸਿਮਰਕੇ) ਜੀਉਂਦਾ ਹੈ, (ਭਾਵ ਭਗਤੀ ਕਰਦਾ ਹੈ) ॥ ੪ ॥

ਨਿਸਫਲ✿ (ਹਨ) ਕੰਨ (ਜੋ) ਪਰਾਈ ਨਿੰਦਾ ਸੁਣਦੇ ਹਨ, ਨਿਸਫਲ (ਹਨ) ਹੱਥ (ਜੋ ਪਰਾਇਆ ਧਨ ਚੁਰਾਉਂਦੇ ਹਨ। ਨਿਸਫਲ (ਹਨ) ਨੇਤ੍ਰ (ਜੋ) ਦੇਖਦੇ ਹਨ ਪਰ ਇਸਤ੍ਰੀਆਂ ਦੇ ਰੂਪ (ਜੋਬਨ) ਆਦਿਕ। ਨਿਸਫਲ (ਹੈ) ਜੀਭ (ਜੋ ਹਰੀ ਰਸ

*ਯਥਾ-ਦਿਸਟਿਮਾਨ ਹੈ ਸਗਲ ਬਿਨਾਸੀ ॥ [ਸਾਰੰਗ ਮ: ੫-੬।

†(ਅ) ਉਸ ਅੰਧਾਰ (=ਮਾਯਾ) ਨੂੰ (ਅੰਧ=) ਅੰਨ੍ਹਾਂ ਚੰਬੜ ਰਿਹਾ ਹੈ। [ਸੰਪ੍ਰਦਾ

‡(ਅ) ਆਪ ਲਾ ਲਵੇ, ਅਰਦਾਸ ਹੈ। ਇਸ ਤੀਸਰੇ ਅੰਕ ਵਿਚ ਦੱਸਿਆ ਹੈ ਕਿ ਹਰੀ ਦੇ ਨਾਮ ਦੀ ਪ੍ਰੀਤ ਸੁਖਦਾਈ ਵਸਤੂ ਹੈ, ਹੋਰ ਸਭ ਕੁਛ ਅਨਿਤ ਹੈ। ✖ਮੈਂ ਹਾਂ। ✽ਇਹ ਮੇਰਾ ਹੈ।

❦ਇਹ ਭੁਲੇਵਾ ਕਿ ਇਹ ਸਦਾ ਰਹਿਣਗੇ।

✤ਜਾਂ ਧ੍ਰੋਹ ਵਾਲਾ ਮੋਹ, ਉਹ ਪਿਆਰ ਜਿਸ ਵਿਚ ਸੁਆਰਥ ਲੁਕਾਕੇ ਟੁਰੀਦਾ ਹੈ।

✿ਇਸ ਪਉੜੀ ਵਿਚ 'ਮਿਥਿਆ' ਦੇ ਉਲਟ ਅਖੀਰਲੀ ਸਤਰ ਵਿਚ 'ਸਫਲ' ਪਦ ਆਇਆ ਹੈ। ਸੋ ਮਿਥਿਆ ਦਾ ਏਥੇ ਭਾਵ ਨਿਸਫਲ ਹੈ।

ਰਸਨਾ ਭੋਜਨ ਅਨ ਸ੍ਵਾਦ ॥ ਮਿਥਿਆ ਚਰਨ ਪਰ ਬਿਕਾਰ ਕਉ ਧਾਵਹਿ ॥ ਮਿਥਿਆ ਮਨ ਪਰ ਲੋਭੁ ਲੁਭਾਵਹਿ ॥ ਮਿਥਿਆ ਤਨ ਨਹੀ ਪਰਉਪਕਾਰਾ ॥ ਮਿਥਿਆ ਬਾਸੁ ਲੇਤ ਬਿਕਾਰਾ ॥ ਬਿਨੁ ਬੂਝੇ ਮਿਥਿਆ ਸਭ ਭਏ ॥ ਸਫਲ ਦੇਹ ਨਾਨਕ ਹਰਿ ਹਰਿ ਨਾਮ ਲਏ ॥੫॥

ਛੱਡਕੇ) ਭੋਜਨਾਂ ਆਦਿਕ ਹੋਰ ਸੁਆਦਾਂ (ਵਿਚ ਲਗਦੀ ਹੈ)। ਨਿਸਫਲ (ਹਨ) ਪੈਰ (ਜੋ) ਪਰਾਏ ਦਾ ਬੁਰਾ ਕਰਨ ਨੂੰ ਦੌੜਦੇ ਹਨ। ਨਿਸਫਲ (ਜਾਣੋ) ਮਨ (ਜੋ) ਪਰਾਏ (ਪਦਾਰਥਾਂ ਦੇ) ਲੋਭ ਵਿਚ ਲਭਿਤ ਹੈਨ। ਨਿਸਫਲ ਹੈਨ (ਓਹ) ਤਨ ਜੋ ਪਰਉਪਕਾਰ (ਵਿਚ ਤਤਪਰ) ਨਹੀਂ। ਨਿਸਫਲ (ਹੈ ਨੱਕ ਜੋ) ਵਿਕਾਰਾਂ ਦੀ ਵਾਸ਼ਨਾ ਲੈਂਦਾ ਹੈ*। ਬਿਨਾ ਸਮਝੇ ਦੇ ਸਭੇ (ਅੰਗ) ਬਿਰਥਾ ਹੋ ਗਏ†। ਹੇ ਨਾਨਕ ! (ਕੇਵਲ) ਹਰੀ ਦਾ ਨਾਮ ਲੈਣੇ ਤੇ ਦੇਹ ਸਫਲ (ਹੁੰਦੀ ਹੈ) ॥੫॥

ਬਿਰਥੀ ਸਾਕਤ ਕੀ ਆਰਜਾ ॥ ਸਾਚ ਬਿਨਾ ਕਹ ਹੋਵਤ ਸੂਚਾ ॥ ਬਿਰਥਾ ਨਾਮ ਬਿਨਾ ਤਨੁ ਅੰਧ ॥ ਮੁਖਿ ਆਵਤ ਤਾਕੈ ਦੁਰਗੰਧ ॥ ਬਿਨੁ ਸਿਮਰਨ ਦਿਨੁ ਰੈਨਿ ਬ੍ਰਿਥਾ ਬਿਹਾਇ ॥ ਮੇਘ ਬਿਨਾ ਜਿਉ ਖੇਤੀ ਜਾਇ ॥ ਗੋਬਿਦ ਭਜਨ ਬਿਨੁ ਬ੍ਰਿਥੇ ਸਭ ਕਾਮ ॥ ਜਿਉ ਕਿਰਪਨ ਕੇ ਨਿਰਾਰਥ ਦਾਮ ॥ ਧੰਨਿ ਧੰਨਿ ਤੇ ਜਨ ਜਿਹ ਘਟਿ ਬਸਿਓ ਹਰਿ ਨਾਉ ॥ ਨਾਨਕ ਤਾਕੈ ਬਲਿ ਬਲਿ ਜਾਉ ॥ ੬ ॥

ਵਾਹਿਗੁਰੂ ਵਿਮੁਖ ਦੀ ਉਮਰਾ ਹੀ ਬਿਰਥਾ (ਚਲੀ ਜਾ ਰਹੀ ਹੈ, ਉਹ ਸੱਚੇ ਰੱਬ ਨੂੰ ਛੱਡ ਕੇ ਮਾਯਾ ਨਾਲ ਲਗ ਰਿਹਾ ਹੈ ਜੋ ਝੂਠ ਹੈ ਸੋ ਓਹ) ਸੱਚ ਤੋਂ ਵਿਹੂਣਾ (ਰਹਿਕੇ) ਕੀਕੂੰ ਸੁੱਚਾ ਹੋ ਸਕਦਾ ਹੈ। (ਉਸਦਾ) ਜੀਵਨ ਨਾਮ ਦੇ (ਚਾਨਣੇ ਤੋਂ) ਬਿਹੂਣਾ ਅੰਨ੍ਹਾਂ (ਹੈ ਤੇ) ਬਿਰਥਾ (ਜਾ ਰਿਹਾ ਹੈ)। ਉਸ ਦੇ ਮੂੰਹ ਤੋਂ ਬਦਬੋ ਆਉਂਦੀ ਹੈ। ਬਿਨਾਂ ਸਿਮਰਨ ਦੇ ਦਿਨ ਰਾਤ ਹੀ ਬਿਰਥਾ ਬੀਤਦਾ ਜਾਂਦਾ ਹੈ, (ਜਿੱਕੂਰ) ਬੱਦਲਾਂ ਦੇ (ਵੱਸੇ) ਬਿਨਾ ਖੇਤੀ (ਅਜਾਈਂ ਚਲੀ) ਜਾਂਦੀ (ਹੈ)। ਗੋਬਿੰਦ ਦੇ ਭਜਨ ਵਿਹੂਣੇ (ਜੀਵ ਦੇ) ਸਾਰੇ ਕੰਮ ਬਿਰਥੇ ਹਨ, ਜਿਸ ਤਰ੍ਹਾਂ ਸੂਮ ਦੇ ਰਪੱਯੇ ਬ੍ਰਿਥਾ (ਹੁੰਦੇ ਹਨ, ਹੁੰਦੇ ਤਾਂ ਹਨ ਪਰ ਵਰਤੋਂ ਵਿਚ ਨਹੀਂ ਆਉਂਦੇ ਸੋ ਨਾਂ ਹੋਇਆਂ ਵਰਗੇ ਹੋਏ)। ਧੰਨ ਹਨ, ਧੰਨ ਹਨ ਓਹ ਪੁਰਖ ਜਿਨ੍ਹਾਂ ਦੇ ਹਿਰਦੇ ਵਿਚ ਪਰਮੇਸ਼ੁਰ ਦਾ ਨਾਮ ਵਸ ਗਿਆ ਹੈ। ਮੈਂ ਨਾਨਕ ਉਨ੍ਹਾਂ ਦੇ ਬਲਿਹਾਰ ਬਲਿਹਾਰ ਜਾਂਦਾ ਹਾਂ ॥ ੬ ॥

ਰਹਤ ਅਵਰ ਕਛੁ ਅਵਰ ਕਮਾਵਤ ॥ ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ ॥ ਜਾਨਨ ਹਾਰ ਪ੍ਰਭੁ ਪਰਬੀਨ ॥ ਬਾਹਰਿ ਭੇਖ ਨ ਕਾਹੂ ਭੀਨ ॥ ਅਵਰ ਉਪਦੇਸੈ ਆਪਿ ਨ ਕਰੈ ॥ ਆਵਤ ਜਾਵਤ ਜਨਮੈ ਮਰੈ ॥ ਜਿਸ ਕੈ ਅੰਤਰਿ ਬਸੈ ਨਿਰੰਕਾਰੁ ॥ ਤਿਸ ਕੀ ਸੀਖ ਤਰੈ ਸੰਸਾਰੁ ॥ ਜੋ ਤੁਮ ਭਾਨੇ ਤਿਨ ਪ੍ਰਭੁ

(ਜਗਤ ਦਿਖਾਵੇ ਲਈ ਜੀਵ ਦੀ) ਰਹਿਣੀ ਤਾਂ ਕੁਛ ਹੋਰ ਹੈ (ਤੇ ਕਰਨੀ ਵਿਚ ਕਰਮ) ਹੋਰ (ਤਰ੍ਹਾਂ ਦੇ) ਕਮਾਉਂਦਾ ਹੈ। ਮਨ ਵਿਚ ਤਾਂ ਪ੍ਰੀਤ ਨਹੀਂ, ਪਰ ਮੂੰਹ ਨਾਲ (ਪ੍ਰੀਤ ਦੇ) ਗੰਢ ਲਾਉਂਦਾ ਹੈ‡। (ਪ੍ਰਭੂ ਓਹ ਅੰਦਰ ਦੀਆਂ ਬੀ) ਜਾਨਣੇ ਵਾਲਾ ਪ੍ਰਭੂ (ਬਹੁਤ) ਦਾਨਾ ਹੈ। (ਉਹ) ਬਾਹਰਲੇ ਕਿਸੇ ਦੇ ਭੇਖ ਨਾਲ ਨਹੀਂ ਭਿੱਜਦਾ (ਭਾਵ ਪ੍ਰਸੰਨ ਨਹੀਂ ਹੁੰਦਾ)। (ਜੋ ਪੁਰਖ) ਹੋਰਨਾਂ ਨੂੰ ਉਪਦੇਸ਼ ਦਿੰਦਾ ਤੇ ਆਪ (ਓਹ ਕਰਮ) ਨਹੀਂ ਕਰਦਾ, ਆਉਂਦਾ ਜਾਂਦਾ ਤੇ ਜੰਮਦਾ ਮਰਦਾ ਰਹਿੰਦਾ ਹੈ। (ਪਰ) ਜਿਸ ਦੇ ਅੰਦਰ ਨਿਰੰਕਾਰ ਵੱਸਦਾ ਹੈ, ਉਸਦੀ ਸਿੱਖਯਾ ਨਾਲ ਸੰਸਾਰ ਤਰਦਾ ਹੈ (ਭਾਵ ਮੁਕਤ ਹੁੰਦਾ ਹੈ)।

*ਯਾ ਵਿਕਾਰ ਦਾ ਵਧੇਰੇ ਸੁਆਦ ਮਾਣਨ ਖ਼ਾਤਰ ਖ਼ੁਸ਼ਬੂਆਂ ਲੈਂਦਾ ਹੈ। [ਸੰਪ੍ਰਦਾ।

†ਅਗਲੀ ਤੁਕ ਵਿਚ ਦੱਸੀ ਗੱਲ ਕਿ ਨਾਮ ਨਾਲ ਇਨ੍ਹਾਂ ਇੰਦ੍ਰਿਆਂ ਵਾਲੀ ਸਾਰੀ ਦੇਹੀ ਸਫਲ ਹੁੰਦੀ ਹੈ ਲਈ ਪੜ੍ਹ ਅਨੰਦ ਪੌੜੀ ੩੨ ੩੭।

‡ਭਾਵ, ਉਤੋਂ ਉਤੋਂ ਗੱਲੀਂ ਬਾਤੀਂ ਪਿਆਰ ਦੱਸਦਾ ਹੈ।

ਜਾਤਾ ॥ ਨਾਨਕ ਉਨ ਜਨ ਚਰਨ ਪਰਾਤਾ ॥ ੭ ॥

(ਅਰਦਾਸ–) ਹੇ ਪ੍ਰਭੂ ! ਜੋ ਤੈਨੂੰ ਭਾਉਂਦੇ ਹਨ, ਉਨ੍ਹਾਂ ਨੇ (ਹੀ ਤੈਨੂੰ) ਪਛਾਣਿਆ ਹੈ, ਨਾਨਕ ਉਨ੍ਹਾਂ ਪੁਰਖਾਂ ਦੀ ਚਰਨੀ ਪੈਂਦਾ ਹੈ ॥ ੭ ॥

ਕਰਉ ਬੇਨਤੀ ਪਾਰਬ੍ਰਹਮੁ ਸਭੁ ਜਾਨੈ ॥ ਅਪਨਾ ਕੀਆ ਆਪਹਿ ਮਾਨੈ ॥ ਆਪਹਿ ਆਪ ਆਪਿ ਕਰਤ ਨਿਬੇਰਾ॥ਕਿਸੈ ਦੂਰਿ ਜਨਾਵਤ ਕਿਸੈ ਬੁਝਾਵਤ ਨੇਰਾ॥ਉਪਾਵ ਸਿਆਨਪ ਸਗਲ ਤੇ ਰਹਤ ॥

ਸਭੁ ਕਛੁ ਜਾਨੈ ਆਤਮਕੀ ਰਹਤ॥ ਜਿਸੁ ਭਾਵੈ ਤਿਸੁ ਲਏ ਲੜਿ ਲਾਇ ॥ ਥਾਨ ਥਨੰਤਰਿ ਰਹਿਆ ਸਮਾਇ ॥ ਸੋ ਸੇਵਕੁ ਜਿਸੁ ਕਿਰਪਾ ਕਰੀ ॥ ਨਿਮਖ ਨਿਮਖ ਜਪਿ ਨਾਨਕ ਹਰੀ॥ ੮ ॥ ੫ ॥

(ਹਾਂ ਮੈਂ ਉਸੇ) ਪਾਰਬ੍ਰਹਮ ਦੇ ਅੱਗੇ (ਪਿਆ) ਬੇਨਤੀ ਕਰਦਾ ਹਾਂ (ਕਿ ਜੋ ਸਾਡਾ) ਸਭ ਕੁਝ ਜਾਣਦਾ ਹੈ, (ਅਤੇ ਜੋ) ਅਪਣਾ ਬਣਾਇਆ ਹੋਇਆ (ਅਰਥਾਤ ਇਹ ਜਾਣਕੇ ਬੀ ਕਿ ਇਹ ਮੇਰਾ ਬਣਾਇਆ ਹੋਇਆ ਹੈ, ਉਸਦਾ) ਆਪ ਮਾਣ ਰਖਦਾ ਹੈ। (ਉਹ ਸਭ ਕੁਛ) ਆਪ ਹੀ ਆਪ ਹੈ, (ਸੋ) ਆਪ ਹੀ (ਸਭ) ਨਿਆਉਂ ਕਰਦਾ ਹੈ । (ਅਪਣੇ ਨਿਆਂ ਅਨੁਸਾਰ) ਕਿਸੇ ਨੂੰ (ਆਪਾ ਦੂਰ ਜਣਾਉਂਦਾ ਹੈ ਕਿਸੇ ਨੂੰ (ਆਪਣਾ ਆਪ) ਨੇੜੇ ਸੁਝਾ ਦੇਂਦਾ ਹੈ। (ਮਾਨੁਖ ਦੇ ਕੀਤੇ ਤੇ ਚਿਤਵੇ) ਸਾਰੇ ਉਪਾਵਾਂ ਤੇ ਸਿਆਣਪਾਂ(ਨਾਲ ਪ੍ਰਾਪਤ ਹੋਣ)ਤੋਂ ਦੂਰ ਹੈ। (ਫੇਰ ਉਸਨੂੰ) ਆਤਮਾ ਦੀ ਰਹਤ (ਅਰਥਾਤ ਜੀਵਾਂ ਦੇ ਮਨ ਦੀ ਹਾਲਤ) ਸਾਰੀ ਦਾ (ਸੁਤੇ) ਗ੍ਯਾਨ ਹੈ । ਜਿਸਨੂੰ ਚਾਹੇ ਉਸਨੂੰ (ਉਹ ਆਪਣੇ) ਲੜ ਲਾ ਲੈਂਦਾ ਹੈ। (ਓਹ) ਥਾਵਾਂ ਤੇ (ਹਾਂ, ਸਾਰਿਆਂ) ਥਾਵਾਂ ਵਿਚ ਸਮਾ ਰਿਹਾ ਹੈ। (ਉਸਦਾ) ਸੇਵਕ ਉਹੋ ਹੈ, ਜਿਸ ਪਰ (ਓਹ) ਕਿਰਪਾ ਕਰਦਾ ਹੈ। ਹੇ ਨਾਨਕ ! (ਉਸ) ਵਾਹਿਗੁਰੂ ਨੂੰ ਹਰ ਪਲ ਯਾਦ ਕਰ ॥ ੮ ॥ ੫ ॥

**ਨਿਰੁਕ**–ਸੁਆਇ–[ਸੰਸ:, ਸ੍ਵਾਰ੍ਥ:, ਹੋਰ ਦੇਖੋ ਪੰਨਾ ੫੫੧] ਪ੍ਰਯੋਜਨਾਂ ਵਿਚ। 'ਸੁਆਉ' ਪਦ 'ਸੁਆਦ' ਤੇ 'ਸ੍ਵਾਰਥ' ਦੋਹਾਂ ਦਾ ਪੁਰਾਤਨ ਪੰਜਾਬੀ ਰੂਪ ਹੈ, ਯਥਾ:-

ਸੁਆਦ–[ਸੰਸ:, ਸ੍ਵਾਦ: ਜਾਂ, ਸ੍ਵਾਦਨੰ] 'ਕਾਮ ਸੁਆਇ ਗਜ ਬਸਿ ਪਰੇ' ॥
[ਗਉੜੀ ਕਬੀਰ ਜੀ–੫੭

ਪ੍ਰਯੋਜਨ–[ਸ੍ਵਾਰ੍ਥ:] 'ਕਉਨੁ ਮਾਰਗੁ ਕਉਨੁ ਸੁਆਓ ॥' [ ਰਾਮ: ਮ: ੧, ਸਿਧ ਗੋਸਟਿ -੨

ਪਾਛੈ ਪਾਵੈ– ਪਿਛੇ ਪਾਵੇ। ਪਿਛੇ ਪਾਉਣਾ=ਜਮ੍ਹਾ ਕਰਨਾ। (ਅ) ਪਿਛੇ ਪਾਉਣਾ=ਨਜ਼ਰੋਂ ਉਹਲੇ ਕਰਨਾ। ਭੁਲਾ ਦੇਣਾ।

ਬਿਖੋਟਿ–ਵਿਖੋਟਿ=[ਸੰਸ:, ਵਿ=ਉਲਟ, ਵਿਪ੍ਰੀਤ। ਫਾ:,ਅਤੇ ਹਿੰ:, ਬੇ=ਬਗ਼ੈਰ। ਸੰਸ:, ਕੂਟ:= ਛਲ ਕਪਟ। ਹਿੰਦੀ, ਖੋਟ=ਦੋਸ਼, ਬੁਰਿਆਈ, ਕਸੂਰ, ਪਾਪ।ਪੰਜਾਬੀ=ਖੋਟ=ਉਸ ਨੀਵੀਂ ਧਾਤ ਨੂੰ ਕਹਿੰਦੇ ਹਨ ਜਿਸ ਦੀ ਮਿਲਾਵਟ ਕੀਮਤੀ ਧਾਤ ਵਿਚ ਕੀਤੀ ਜਾਵੇ। ਬਿਖੋਟਿ=ਬੇ+ਖੋਟ, ਵਿ+ਖੋਟ] ਖੁਟਿਆਈ ਜਿਥੇ ਨਹੀਂ ਹੈ, ਸੋ ਸਫਾਈ। ਇਤਬਾਰ, ਭਰੋਸਾ, ਪ੍ਰਤੀਤ, ਵਿਸਾਹ। ਭਾਵ ਇਸ ਦਾ ਦੂਸਰੀ ਪਉੜੀ ਵਿਚ ਖੁਲ੍ਹ ਜਾਂਦਾ ਹੈ:-

'ਅਪਨੀ ਪਰਤੀਤਿ ਆਪ ਹੀ ਖੋਵੈ ॥ ਬਹੁਰਿ ਉਸਕਾ ਬਿਸ੍ਵਾਸੁ ਨ ਹੋਵੈ ॥'

ਮਿਥਿਆ–[ਸੰਸ:, ਮਿਥ੍ਯਾ] ਜੋ ਸਦਾ ਨ ਰਹੇ, ਚਲਾਇਮਾਨ, ਜੋ ਦਿੱਸੇ ਭਲੀਵੇ ਪਰ ਨਾ ਰਹਵੇ। ਪਉੜੀ ਦੇ ਅੰਤ ਵਿਚ ਮਿਥਿਆ ਦੇ ਉਲਟ ਪਦ ਅਸਥਿਰ ਦੱਸਿਆ ਹੈ ਜੋ ਸਦਾ ਰਹੇ।

ਅਸਥਿਰੁ–[ਸੰਸ:, ਸ੍ਥਿਰ=ਦ੍ਰਿੜ, ਅਟਲ, ਅਚਲ]=ਸ੍ਥਿਰ=ਸਦਾ ਰਹਿਣ ਵਾਲੀ। ਜੋ ਪਦ

ਕਿਸੇ ਬੋਲੀ ਦੇ ਦੁਤ ਅੱਖਰ ਤੋਂ ਅਰੰਭ ਹੋਣ ਪੰਜਾਬੀ ਵਿਚ ਇਕ ਸੁਰ ਉਨ੍ਹਾਂ ਦੇ ਪਹਿਲੇ ਵਾਧੂ ਲਗ ਜਾਂਦਾ ਹੈ। ਜੈਸੇ ਸ੍ਥਿਰ=ਅਸਥਿਰ।ਸ੍ਥਿਤ=ਇਸਥਿਤ। ਸ੍ਕੂਲ=ਅਸਕੂਲ। ਸ੍ਟੇਸ਼ਨ=ਅਸਟੇਸ਼ਨ।

ਸ਼ਾਕਤ–ਦੇਖੋ ਬਾਵਨ ਅੱਖਰੀ ਪਉੜੀ ੯ ਦੀ ਨਿਰੁਕ੍ਤ,ਪੰਨਾ ੧੬੦੯।

ਕਿਰਪਨ–ਸੂਮ। [ਦੇਖੋ ਪੰਨਾ ੬੩੧]।

ਥਾਨ ਥਨੰਤਰ–ਥਾਉਂ ਤੇ ਹੋਰ ਥਾਉਂ। ਦੇਖੋ ਨਿਰੁਕਤ ਪੰਨਾ ੧੬੪੨।

[ਅਸ਼ਟਪਦੀ–ਛੇਵੀਂ]

**ਪ੍ਰਾਕਥਨ**–ਅਗਲੀ ਅਸਟਪਦੀ ਵਿਚ ਦੱਸਿਆ ਹੈ ਕਿ ਸੰਸਾਰਕ ਲੋੜੀਂਦੇ ਸਾਮਾਨ ਯਾ ਵਿਹੇ ਦੇ ਸਾਮਾਨ ਤਯਾਗਕੇ ਬਨਾਂ ਨੂੰ ਚਲੇ ਜਾਣ ਦੀ ਆਵੱਸ਼ਕਤਾ ਨਹੀਂ ਹੈ। ਜੋ ਦਾਤਾ ਦਾਤਾਂ ਦੇਂਦਾ ਹੈ, ਉਸ ਦਾ ਨਾਮ ਸਿਮਰਨਾ, ਉਸ ਦੀ ਹਜ਼ੂਰੀ ਵਿਚ ਵੱਸਣਾ, ਉਸ ਦਾ ਹੋ ਰਹਿਣਾ, ਗ੍ਰਿਹਸਤ ਵਿਚ ਨਿਰਬਾਣ ਰਖਦਾ ਹੈ।

ਸਲੋਕੁ॥ਕਾਮ ਕ੍ਰੋਧ ਅਰੁ ਲੋਭ ਮੋਹ ਬਿਨਸਿ ਜਾਇ ਅਹੰਮੇਵ॥ ਨਾਨਕ ਪ੍ਰਭ ਸਰਣਾਗਤੀ ਕਰਿ ਪ੍ਰਸਾਦੁ ਗੁਰਦੇਵ ॥ ੧ ॥

ਹੇ ਗੁਰਦੇਵ ! (ਮੇਰੇ ਉਤੇ) ਪ੍ਰਸਾਦ ਕਰ, (ਮੈਂ) ਕਾਮ ਕ੍ਰੋਧ ਤੇ ਲੋਭ ਮੋਹ ਹੰਕਾਰ ਤੋਂ (ਦੁਖੀ ਹੋਕੇ ਆਪ ਦੀ) ਸ਼ਰਣ ਆਇਆ ਹਾਂ, ਹੇ ਪ੍ਰਭੂ ! (ਕਿਵੇਂ ਇਨ੍ਹਾਂ ਦਾ) ਨਾਸ਼ ਹੋ ਜਾਏ*, (ਕਹਿੰਦੇ ਹਨ ਗੁਰੂ) ਨਾਨਕ ॥ ੧ ॥

ਅਸਟਪਦੀ॥ ਜਿਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ॥ਤਿਸੁ ਠਾਕੁਰ ਕਉ ਰਖੁ ਮਨ ਮਾਹਿ ॥ ਜਿਹ ਪ੍ਰਸਾਦਿ ਸੁਗੰਧਤ ਤਨਿ ਲਾਵਹਿ ॥ ਤਿਸ ਕਉ ਸਿਮਰਤ ਪਰਮ ਗਤਿ ਪਾਵਹਿ॥ ਜਿਹ ਪ੍ਰਸਾਦਿ ਬਸਹਿ ਸੁਖ ਮੰਦਰਿ ॥ ਤਿਸਹਿ ਧਿਆਇ ਸਦਾ ਮਨ ਅੰਦਰਿ॥ ਜਿਹ ਪ੍ਰਸਾਦਿ ਗ੍ਰਿਹ ਸੰਗਿ ਸੁਖ ਬਸਨਾ ॥ ਆਠ ਪਹਰ ਸਿਮਰਹੁ ਤਿਸੁ ਰਸਨਾ ॥ ਜਿਹ ਪ੍ਰਸਾਦਿ ਰੰਗ ਰਸ ਭੋਗ ॥ ਨਾਨਕ ਸਦਾ ਧਿਆਈਐ ਧਿਆਵਨ ਜੋਗ ॥ ੧ ॥

(ਹੇ ਮਨ !†) ਜਿਸਦੀ ਕ੍ਰਿਪਾ ਨਾਲ ਤੂੰ ਛੱਤੀ (ਭਾਵ ਨਾਨਾ ਪ੍ਰਕਾਰ ਦੇ) ਭੋਜਨ ਖਾਂਦਾ ਹੈਂ, ਉਸ ਪਰਮੇਸ਼ੁਰ ਨੂੰ ਮਨ ਵਿਚ ਰੱਖ (ਭਾਵ ਪਯਾਰ ਨਾਲ ਯਾਦ ਰੱਖ)। ਜਿਸਦੀ ਕ੍ਰਿਪਾ ਨਾਲ ਤੂੰ ਸੁਗੰਧਿਤ (ਪਦਾਰਥ) ਤਨ ਨੂੰ ਲਾਉਂਦਾ ਹੈਂ (ਉਸਨੂੰ ਯਾਦ ਕਰ, ਕਿਉਂ ਜੋ) ਉਸ ਨੂੰ ਸਿਮਰਦਿਆਂ ਤੂੰ ਪਰਮਗਤੀ ਨੂੰ ਪਾ ਲਵੇਂਗਾ। ਜਿਸਦੀ ਕ੍ਰਿਪਾ ਕਰਕੇ ਸੁਖਦਾਇਕ ਮੰਦਰ ਵਿਚ ਵੱਸਦਾ ਹੈਂ, ਉਸ ਨੂੰ ਸਦਾ ਮਨ ਦੇ ਧਿਆਨ ਵਿਚ ਰੱਖ, (ਭਾਵ ਯਾਦ ਰਖ)। ਜਿਸ (ਪ੍ਰਭੂ) ਦੀ ਕ੍ਰਿਪਾ ਕਰਕੇ (ਘਰ ਭਾਵ) ਪਰਿਵਾਰ ਨਾਲ ਸੁਖਾਂ ਸਮੇਤ ਵਸਦਾ ਹੈਂ, ਉਸ ਨੂੰ ਅੱਠੇ ਪਹਿਰ ਰਸਨਾ ਨਾਲ ਯਾਦ ਕਰ। ਜਿਸਦੀ ਕ੍ਰਿਪਾ (ਕਰਕੇ) ਖੁਸ਼ੀਆਂ, ਰਸ ਤੇ ਭੋਗ (ਤੈਨੂੰ ਪ੍ਰਾਪਤ) ਹੈਨ, ਹੇ ਨਾਨਕ ! (ਚਾਹੀਏ ਕਿ ਉਸ) ਧਿਆਉਣੇ ਜੋਗ ਨੂੰ ਸਦਾ (ਹੀ) ਧਿਆਉਂਦੇ ਰਹੀਏ, (ਭਾਵ ਸਿਮਰਦੇ ਰਹੀਏ) ॥ ੧ ॥

*ਸਿਖ ਪ੍ਰਸ਼ਾਦ ਛਕਕੇ ਅਰਦਾਸ ਕਰਨ ਤੋਂ ਪਹਿਲਾਂ ਇਹ ਸਲੋਕ ਤੇ ਅਗਲੀ ਪਉੜੀ ਪੜ੍ਹਦੇ ਹਨ।

†ਦੂਜੀ ਪਉੜੀ ਦੀ ਅੱਠਵੀਂ ਤੁਕ ਤੋਂ ਪਤਾ ਲਗਦਾ ਹੈ ਕਿ ਇਥੇ ਮਨ ਨੂੰ ਸੰਬੋਧਨ ਹੋ ਰਿਹਾ ਹੈ।

ਜਿਹ ਪ੍ਰਸਾਦਿ ਪਾਟ ਪਟੰਬਰ ਹਢਾਵਹਿ॥ ਤਿਸਹਿ ਤਿਆਗਿ ਕਤ ਅਵਰ ਲੁਭਾਵਹਿ ॥ ਜਿਹ ਪ੍ਰਸਾਦਿ ਸੁਖਿ ਸੇਜ ਸੋਈਜੈ ॥ ਮਨ ਆਠ ਪਹਰ ਤਾਕਾ ਜਸੁ ਗਾਵੀਜੈ ॥ ਜਿਹ ਪ੍ਰਸਾਦਿ ਤੁਝੁ ਸਭੁ ਕੋਊ ਮਾਨੈ ॥ ਮੁਖਿ ਤਾਕੋ ਜਸੁ ਰਸਨ ਬਖਾਨੈ ॥ ਜਿਹ ਪ੍ਰਸਾਦਿ ਤੇਰੋ ਰਹਤਾ ਧਰਮੁ ॥ ਮਨ ਸਦਾ ਧਿਆਇ ਕੇਵਲ ਪਾਰਬ੍ਰਹਮੁ ॥ ਪ੍ਰਭ ਜੀ ਜਪਤ ਦਰਗਹ ਮਾਨੁ ਪਾਵਹਿ ॥ ਨਾਨਕ ਪਤਿ ਸੇਤੀ ਘਰਿ ਜਾਵਹਿ ॥੨॥

ਜਿਸ ਦੀ ਕ੍ਰਿਪਾ ਕਰਕੇ (ਤੂੰ ਕਪੜੇ ਤੇ ਰੇਸ਼ਮੀ ਬਸਤ੍ਰ ਹੰਢਾਉਂਦਾ ਹੈਂ, ਉਸ ਨੂੰ ਛੱਡਕੇ ਕਿਉਂ (ਤੂੰ) ਹੋਰਨਾਂ ਵਿਚ ਲਲਚਾਉਂਦਾ ਹੈਂ ? ਜਿਸ ਦੀ ਕ੍ਰਿਪਾ ਕਕਕੇ ਸੁਖ ਨਾਲ ਸੇਜਾਂ ਪਰ ਸਉਂ ਜਾਈਦਾ ਹੈ; ਹੇ ਮਨ ! (ਚਾਹੀਦਾ ਹੈ ਕਿ) ਅੱਠ ਪਹਿਰ ਉਸੇ ਦਾ ਜੱਸ ਗਾਵੀਂ ਜਾਵੇਂ*। ਜਿਸ ਦੀ ਕ੍ਰਿਪਾ ਕਰਕੇ ਤਨੂੰ ਸਭ ਕੋਈ ਮਾਨ ਦੇਂਦਾ ਹੈ, (ਚਾਹੀਦਾ ਹੈ ਕਿ) ਮੁਖ ਤੇ ਜੀਭ ਤੋਂ (ਤੂੰ) ਉਸ ਦਾ ਜਸ ਕਰਦਾ ਰਹੇਂ। ਜਿਸ ਦੀ ਕ੍ਰਿਪਾ ਕਰਕੇ ਤੇਰਾ ਧਰਮ ਪਿਆ ਨਿਭਦਾ ਹੈ। ਹੇ ਮਨ ! (ਚਾਹੀਦਾ ਹੈ ਕਿ) ਕੇਵਲ (ਉਸੇ) ਪਾਰਬ੍ਰਹਮ ਨੂੰ (ਤੂੰ) ਸਦਾ ਧਿਆਵੇਂ (ਯਾਦ ਰਖੇਂ)। (ਉਸ) ਪ੍ਰਭੂ ਜੀ ਨੂੰ ਜਪਦਿਆਂ (ਤੂੰ) ਦਰਗਾਹ ਵਿਚ ਮਾਨ ਪਾਵੇਂਗਾ (ਅਤੇ ਏਥੋਂ ਤੂੰ ਉਸ ਅਪਣੇ ਸਦੈਵੀ) ਘਰ ਵਿਚ ਪਤਿ ਨਾਲ ਜਾਵੇਂਗਾ, (ਕਹਿੰਦੇ ਹਨ ਗੁਰੂ) ਨਾਨਕ ॥ ੨ ॥

ਜਿਹ ਪ੍ਰਸਾਦਿ ਆਰੋਗ ਕੰਚਨ ਦੇਹੀ ॥ ਲਿਵ ਲਾਵਹੁ ਤਿਸੁ ਰਾਮ ਸਨੇਹੀ ॥ ਜਿਹ ਪ੍ਰਸਾਦਿ ਤੇਰਾ ਓਲਾ ਰਹਤ ॥ ਮਨ ਸੁਖੁ ਪਾਵਹਿ ਹਰਿ ਹਰਿ ਜਸੁ ਕਹਤ ॥ ਜਿਹ ਪ੍ਰਸਾਦਿ ਤੇਰੇ ਸਗਲ ਛਿਦ੍ਰ ਢਾਕੇ ॥ ਮਨ ਸਰਨੀ ਪਰੁ ਠਾਕੁਰ ਪ੍ਰਭ ਤਾਕੈ ॥ ਜਿਹ ਪ੍ਰਸਾਦਿ ਤੁਝੁ ਕੋ ਨ ਪਹੂਚੈ ॥ ਮਨ ਸਾਸਿ ਸਾਸਿ ਸਿਮਰਹੁ ਪ੍ਰਭ ਊਚੇ ॥ ਜਿਹ ਪ੍ਰਸਾਦਿ ਪਾਈ ਦ੍ਰੁਲਭ ਦੇਹ॥ ਨਾਨਕ ਤਾਕੀ ਭਗਤਿ ਕਰੇਹ ॥੩॥

(ਹਾਂ) ਉਸ ਪ੍ਰੇਮ ਕਰਨੇ ਵਾਲੇ ਪਰਮੇਸ਼ੁਰ ਨਾਲ ਲਿਵ ਲਾ ਜਿਸ ਦੀ ਕ੍ਰਿਪਾ ਕਰਕੇ ਕੰਚਨ ਵਰਗੀ (ਸੁਹਣੀ ਅਤੇ) ਅਰੋਗ ਦੇਹੀ (ਤੈਨੂੰ ਮਿਲੀ ਹੈ)। (ਫੇਰ ਦੇਖ ਕਿ) ਜਿਸ ਦੀ ਕ੍ਰਿਪਾ ਕਰਕੇ (ਭੁੱਲਾਂ ਕਰਨ ਤੇ ਬੀ) ਤੇਰਾ ਪੜਦਾ ਢਕਿਆ ਰਹਿੰਦਾ ਹੈ। ਹੇ ਮਨ ! (ਉਸ) ਹਰੀ ਹਰਿ ਦਾ ਜਸ ਕਹਿਦਿਆਂ (ਤੂੰ ਹੋਰ) ਸੁਖ (ਬੀ) ਪਾਵੇਂਗਾ। ਜਿਸ ਦੀ ਕ੍ਰਿਪਾ ਤੇਰੇ ਸਾਰੇ ਐਬ ਢਕਦੀ ਹੈ; ਹੇ ਮਨ ! ਉਸ (ਪਰਦੇ ਕੱਜ) ਪੂਜਯ ਪ੍ਰਭੂ ਦੀ ਸ਼ਰਨ ਪੈ ਜਾਹ। ਜਿਸ ਦੀ ਕ੍ਰਿਪਾ ਕਰਕੇ ਤਨੂੰ ਕੋਈ ਨਹੀਂ ਪਹੁੰਚ ਸਕਦਾ†, ਹੇ ਮਨ ! (ਉਸ) ਉੱਚੇ ਪ੍ਰਭੂ ਨੂੰ ਸੁਆਸ ਸੁਆਸ ਸਿਮਰ ! ਜਿਸ ਦੀ ਕ੍ਰਿਪਾ ਕਰਕੇ (ਤੂੰ ਮਨੁਖਾ) ਦੇਹਿ ਪਾਈ ਹੈ ਜੋ ਕਠਿਨਤਾ ਨਾਲ ਮਿਲਦੀ ਹੈ, (ਕਹਿੰਦੇ ਹਨ ਗੁਰੂ) ਨਾਨਕ (ਹੇ ਮਨ ! ਚਾਹੀਦਾ ਹੈ ਕਿ) ਉਸ (ਪਰਮੇਸ਼ੁਰ) ਦੀ ਭਗਤੀ (ਜ਼ਰੂਰ)‡ ਕਰੇਂ ॥੩॥

ਜਿਹ ਪ੍ਰਸਾਦਿ ਆਭੂਖਨ ਪਹਿਰੀਜੈ ॥ ਮਨ ਤਿਸੁ ਸਿਮਰਤ ਕਿਉ ਆਲਸੁ ਕੀਜੈ॥ ਜਿਹ ਪ੍ਰਸਾਦਿ ਅਸ੍ਵ ਹਸਤਿ ਅਸਵਾਰੀ ॥ ਮਨ ਤਿਸੁ ਪ੍ਰਭ ਕਉ ਕਬਹੂ ਨ ਬਿਸਾਰੀ ॥ ਜਿਹ ਪ੍ਰਸਾਦਿ ਬਾਗ ਮਿਲਖ ਧਨਾ ॥ ਰਾਖੁ ਪਰੋਇ ਪ੍ਰਭੁ ਅਪੁਨੇ ਮਨਾ

ਜਿਸ ਦੀ ਕ੍ਰਿਪਾ ਕਰਕੇ ਗਹਿਣੇ ਪਹਿਰੀਦੇ ਹਨ, ਹੇ ਮਨ ! ਉਸ ਨੂੰ ਸਿਮਰਦਿਆਂ ਕਿਉਂ ਆਲਸ ਕਰੀਏ ? ਜਿਸ ਦੀ ਕ੍ਰਿਪਾ ਕਰਕੇ ਘੋੜੇ ਤੇ ਹਾਥੀਆਂ ਦੀ ਅਸਵਾਰੀ (ਮਿਲਦੀ ਹੈ), ਹੇ ਮਨ ! ਉਸ ਪ੍ਰਭੂ ਨੂੰ ਕਦੇ ਨਾ ਵਿਸਾਰੀਂ। ਜਿਸ ਦੀ ਕ੍ਰਿਪਾ ਨਾਲ ਬਗ਼ੀਚੇ ਮਿਲਖ ਤੇ ਧਨ (ਪ੍ਰਾਪਤ ਹੋਨ ਤੈਨੂੰ, ਉਸ) ਪ੍ਰਭੂ ਨੂੰ ਅਪਣੇ ਮਨ ਵਿਚ ਪ੍ਰੋਕੇ ਰੱਖ। ਹੇ ਮਨ ! ਜਿਸ ਨੇ ਤੇਰੀ (ਸਾਰੀ) ਸਾਜਨਾ ਸਾਜੀ ਹੈ, (ਭਾਵ ਮਨ ਇੰਦ੍ਰੇ ਬੁੱਧੀ

*ਗਾਵੀਜੈ, ਬਖਾਨੈ, ਧਿਆਇ ਆਦਿ ਕ੍ਰਿਯਾ ਪਦ ਲੋਟ ਲਕਾਰ (Imperative mood) ਵਿਚ ਨਹੀਂ ਵਰਤ ਰਹੇ, ਪਰ ਵਿਧਿ ਲਿੰਗ (Potential mood) ਵਿਚ ਵਰਤ ਰਹੇ ਹਨ।

†ਭਾਵ, ਤੂੰ ਦੁਖ ਦਿੱਤੇ ਜਾਣ ਤੋਂ ਉਚਾ ਹੋ ਗਿਆ ਹੈਂ। ‡'ਕਰੇਹ' ਦੇ 'ਹ' ਵਿਚ ਤਾਕੀਦ ਦਾ ਭਾਵ ਹੈ

॥ਜਿਨਿ ਤੇਰੋ ਮਨ ਬਨਤ ਬਨਾਇਓ ॥ ਊਠਤ ਬੈਠਤ ਸਦ ਤਿਸਹਿ ਧਿਆਈ ॥ ਤਿਸਹਿ ਧਿਆਇ ਜੋ ਏਕੁ ਅਲਖੈ॥ ਈਹਾ ਊਹਾ ਨਾਨਕ ਤੇਰੀ ਰਖੈ ॥ ੪ ॥

ਸਮੇਤ ਤੇਰਾ ਸਰੀਰ ਰਚਿਆ ਹੈ), ਉਠਦਿਆਂ ਬੈਠਦਿਆਂ ਸਦਾ ਉਸੇ ਨੂੰ ਧਿਆਵੀਂ । (ਹਾਂ) ਉਸ ਨੂੰ ਧਿਆ ਜੋ ਇਕੋ ਹੈ (ਅਰ) ਅਲਖ ਹੈ (ਭਾਵ ਜਿਸ ਜੇਹਾ ਹੋਰ ਹੈ ਨਹੀਂ ਤੇ ਜੋ ਬੁੱਧੀ ਨਾਲ ਨਹੀਂ ਜਾਣਿਆਂ ਜਾਂਦਾ ਤੇ ਵਰਣਨ ਨਹੀਂ ਕੀਤਾ ਜਾ ਸਕਦਾ) । ਹੇ ਨਾਨਕ ! ਐਥੇ ਓਥੇ (ਲੋਕ ਪ੍ਰਲੋਕ ਵਿਚ) ਤੇਰੀ (ਓਹੋ ਪਤਿ) ਰਖੇਗਾ ॥ ੪ ॥

ਜਿਹ ਪ੍ਰਸਾਦਿ ਕਰਹਿ ਪੁੰਨ ਬਹੁ ਦਾਨ ॥ ਮਨ ਆਠ ਪਹਰ ਕਰਿ ਤਿਸਕਾ ਧਿਆਨ ॥ ਜਿਹ ਪ੍ਰਸਾਦਿ ਤੂ ਆਚਾਰ ਬਿਉਹਾਰੀ॥ ਤਿਸੁ ਪ੍ਰਭ ਕਉ ਸਾਸਿ ਸਾਸਿ ਚਿਤਾਰੀ॥ ਜਿਹ ਪ੍ਰਸਾਦਿ ਤੇਰਾ ਸੁੰਦਰ ਰੂਪੁ॥ ਸੋ ਪ੍ਰਭੁ ਸਿਮਰਹੁ ਸਦਾ ਅਨੂਪੁ ॥ ਜਿਹ ਪ੍ਰਸਾਦਿ ਤੇਰੀ ਨੀਕੀ ਜਾਤਿ॥ ਸੋ ਪ੍ਰਭੁ ਸਿਮਰਿ ਸਦਾ ਦਿਨ ਰਾਤਿ ॥ ਜਿਹ ਪ੍ਰਸਾਦਿ ਤੇਰੀ ਪਤਿ ਰਹੈ ॥ ਗੁਰ ਪ੍ਰਸਾਦਿ ਨਾਨਕ ਜਸੁ ਕਹੈ ॥੫॥

ਹੇ ਮਨ ! (ਜੇ ਤੂੰ) ਬਹੁਤ ਪੁੰਨ ਦਾਨ ਕਰਦਾ ਹੈਂ (ਤਾਂ) ਉਸ ਦੀ ਕ੍ਰਿਪਾ ਨਾਲ (ਕਰਦਾ ਹੈਂ, ਸੋ) ਅੱਠੇ ਪਹਿਰ ਉਸੇ ਦਾ ਹੀ ਧਿਆਨ ਕਰ । ਜਿਸ ਦੀ ਕ੍ਰਿਪਾ ਕਰਕੇ ਤੂੰ (ਧਰਮ ਦੇ ਦੱਸੇ) ਕਰਮਾਂ ਦੇ ਕਰਨੇ ਵਾਲਾ ਹੋਇਆ ਹੈਂ, ਉਸ ਪ੍ਰਭੂ ਨੂੰ ਸੁਆਸ ਸੁਆਸ ਯਾਦ ਕਰੀਂ । ਜਿਸ ਦੀ ਕ੍ਰਿਪਾ ਕਰਕੇ ਤੇਰਾ ਰੂਪ ਸੁੰਦਰ ਹੈ, ਉਸ ਅਨੂਪ (=ਸਭ ਤੋਂ ਸੁਹਣੇ) ਪ੍ਰਭੂ ਨੂੰ ਸਦਾ ਯਾਦ ਰਖ । ਜਿਸ ਦੀ ਕ੍ਰਿਪਾ ਕਰਕੇ ਤੇਰੀ ਉੱਤਮ ਜਾਤ ਹੈ, ਉਸ ਪ੍ਰਭੂ ਨੂੰ ਸਦਾ ਦਿਨ ਰਾਤ ਸਿਮਰ* । ਜਿਸਦੀ ਕ੍ਰਿਪਾ ਕਰਕੇ ਤੇਰੀ (ਸੰਸਾਰ ਵਿਚ) ਪਤਿ ਰਹਿ ਆਉਂਦੀ ਹੈ, ਗੁਰੂ ਦੇ ਪ੍ਰਸਾਦ ਨਾਲ (ਚਾਹੀਦਾ ਹੈ ਕਿ ਤੂੰ ਸਦਾ ਉਸਦਾ) ਜਸ ਕਹਿੰਦਾ ਰਹੇਂ, ਹੇ ਨਾਨਕ ! ॥ ੫ ॥

ਜਿਹ ਪ੍ਰਸਾਦਿ ਸੁਨਹਿ ਕਰਨ ਨਾਦ ॥ ਜਿਹ ਪ੍ਰਸਾਦਿ ਪੇਖਹਿ ਬਿਸਮਾਦ ॥ ਜਿਹ ਪ੍ਰਸਾਦਿ ਬੋਲਹਿ ਅੰਮ੍ਰਿਤ ਰਸਨਾ ॥ ਜਿਹ ਪ੍ਰਸਾਦਿ ਸੁਖਿ ਸਹਜੇ ਬਸਨਾ ॥ ਜਿਹ ਪ੍ਰਸਾਦਿ ਹਸਤ ਕਰ ਚਲਹਿ॥ ਜਿਹ ਪ੍ਰਸਾਦਿ ਸੰਪੂਰਨ ਫਲਹਿ ॥ ਜਿਹ ਪ੍ਰਸਾਦਿ ਪਰਮਗਤਿ ਪਾਵਹਿ॥ ਜਿਹ ਪ੍ਰਸਾਦਿ ਸੁਖਿ ਸਹਜਿ ਸਮਾਵਹਿ ॥ ਐਸਾ ਪ੍ਰਭੁ ਤਿਆਗਿ ਅਵਰ ਕਤ ਲਾਗਹੁ ॥ ਗੁਰ ਪ੍ਰਸਾਦਿ ਨਾਨਕ ਮਨਿ ਜਾਗਹੁ ॥ ੬ ॥

ਜਿਸ ਦੀ ਕ੍ਰਿਪਾ ਕਰਕੇ ਤੂੰ ਕੰਨਾਂ ਨਾਲ ਨਾਦ ਸੁਣਦਾ ਹੈਂ, ਜਿਸਦੀ ਕ੍ਰਿਪਾ ਕਰਕੇ (ਅੱਖਾਂ ਨਾਲ ਤੂੰ) ਅਚਰਜ ਦਰਸ਼ਨ ਦੇਖਦਾ ਹੈਂ, ਜਿਸ ਦੀ ਕ੍ਰਿਪਾ ਕਰਕੇ ਰਸਨਾ ਦੁਆਰਾ ਅੰਮ੍ਰਿਤ (ਬਚਨ) ਬੋਲਦਾ ਹੈਂ, ਜਿਸਦੀ ਕ੍ਰਿਪਾ ਕਰਕੇ ਸਹਿਜੇ ਹੀ† ਸੁਖ ਵਿਚ (ਤੇਰਾ) ਵੱਸਣਾ (ਹੋ ਰਿਹਾ ਹੈ), ਜਿਸ ਦੀ ਕ੍ਰਿਪਾ ਕਰਕੇ (ਤੇਰੇ) ਹੱਥ ਤੇ ਪੈਰ ਚੱਲਦੇ ਹਨ, ਜਿਸਦੀ ਕ੍ਰਿਪਾ ਕਰਕੇ (ਤੂੰ) ਹਰਤਰ੍ਹਾਂ ਪ੍ਰਫੁਲਤ ਹੋ ਰਿਹਾ ਹੈਂ, ਜਿਸਦੀ ਕ੍ਰਿਪਾ ਕਰਕੇ ਤੂੰ ਪਰਮ ਗਤੀ ਨੂੰ ਪਾ ਲੈਂਦਾ ਹੈਂ, ਜਿਸ ਦੀ ਕ੍ਰਿਪਾ ਕਰਕੇ (ਜੀਉਂਦੇ ਜੀ ਤੂੰ) ਸਹਿਜ ਦੇ ਸੁਖ‡ ਵਿਚ ਸਮਾਇਆ ਰਹਿੰਦਾ ਹੈਂ, ਐਸਾ ਪ੍ਰਭੂ ਛੱਡਕੇ ਹੋਰ ਕਿਸ ਵਲ ਲੱਗਦਾ ਹੈਂ ? (ਉਪਦੇਸ਼ ਦੇਂਦੇ ਹਨ ਗੁਰੂ) ਨਾਨਕ, ਗੁਰੂ ਦੀ ਕ੍ਰਿਪਾ ਕਰਕੇ ਮਨ ਵਿਖੇ ਜਾਗ, (ਮਾਯਾ ਦੀ ਗਫਲਤ ਵਾਲੀ ਨੀਂਦ ਦੂਰ ਕਰ) ॥ ੬ ॥

---

*ਮੁਕਤੀ ਲਈ ਉੱਚੀ ਜਾਤ ਪਾਕੇ ਬੀ ਸਿਮਰਨ ਦੀ ਲੋੜ ਹੈ । ਉੱਚੀ ਜਾਤ ਅਭਿਮਾਨ ਦੇਂਦੀ ਹੈ, ਜੋ ਨਾਮ ਨਾਲ ਨਸ਼ਟਦਾ ਹੈ । †ਆਸਾਨੀ ਨਾਲ । ਸਹਜ ਸੁਭਾਵ ।

‡ਭਾਵ, ਜੀਵਨ ਮੁਕਤੀ ਦੇ ਸੁਖ ਵਿਚ ।

ਜਿਹ ਪ੍ਰਸਾਦਿ ਤੂੰ ਪ੍ਰਗਟੁ ਸੰਸਾਰਿ ॥ ਤਿਸੁ ਪ੍ਰਭ ਕਉ ਮੂਲਿ ਨ ਮਨਹੁ ਬਿਸਾਰਿ ॥ ਜਿਹ ਪ੍ਰਸਾਦਿ ਤੇਰਾ ਪਰਤਾਪੁ ॥ ਰੇ ਮਨ ਮੂੜ ਤੂ ਤਾਕਉ ਜਾਪੁ ॥ ਜਿਹ ਪ੍ਰਸਾਦਿ ਤੇਰੇ ਕਾਰਜ ਪੂਰੇ ॥ ਤਿਸਹਿ ਜਾਨੁ ਮਨ ਸਦਾ ਹਜੂਰੇ ॥ ਜਿਹ ਪ੍ਰਸਾਦਿ ਤੂੰ ਪਾਵਹਿ ਸਾਚੁ ॥ ਰੇ ਮਨ ਮੇਰੇ ਤੂੰ ਤਾਸਿਉ ਰਾਚੁ ॥ ਜਿਹ ਪ੍ਰਸਾਦਿ ਸਭ ਕੀ ਗਤਿ ਹੋਇ ॥ ਨਾਨਕ ਜਾਪੁ ਜਪੈ ਜਪੁ ਸੋਇ ॥ ੭ ॥

(ਜੇ ਤੂੰ) ਸੰਸਾਰ ਵਿਚ ਉਜਾਗਰ ਹੈਂ, (ਤਾਂ) ਜਿਸਦੀ ਕ੍ਰਿਪਾ ਕਰਕੇ ਹੈਂ ਉਸ ਪ੍ਰਭੂ ਨੂੰ ਮੂਲੋਂ ਨਾ ਮਨੋਂ ਵਿਸਾਰ। ਜਿਸਦੀ ਕ੍ਰਿਪਾ ਕਰਕੇ ਤੇਰਾ ਪ੍ਰਤਾਪ (ਬਣਿਆ) ਹੈ, ਮਨ ਮੂਰਖ ! ਤੂੰ ਉਸ ਨੂੰ ਜਪ। ਜਿਸ ਦੀ ਕ੍ਰਿਪਾ ਕਰਕੇ ਤੇਰੇ ਕਾਰਜ ਪੂਰੇ ਹੁੰਦੇ ਹਨ, ਹੇ ਮਨ ! ਉਸ ਨੂੰ ਸਦਾ (ਹਾਜ਼ਰਾ) ਹਜ਼ੂਰ ਸਮਝ। ਜਿਸਦੀ ਕ੍ਰਿਪਾ ਕਰਕੇ ਤੂੰ ਸਚ ਨੂੰ ਪ੍ਰਾਪਤ ਹੁੰਦਾ ਹੈਂ, ਹੇ ਮੇਰੇ ਮਨ ! ਤੂੰ ਉਸ ਨਾਲ ਰਚ (ਉਸੇ ਵਿਚ ਮਗਨ ਹੋਇਆ ਰਹੁ)। ਜਿਸਦੇ ਫਜ਼ਲ ਨਾਲ ਸਭ ਦੀ ਕਲਯਾਨ ਹੁੰਦੀ ਹੈ, ਹੇ ਨਾਨਕ ! (ਚਾਹੀਦਾ ਹੈ ਕਿ) ਉਸ ਜਪਣੇ ਯੋਗ (ਦੇ) ਜਪ ਨੂੰ ਤੂੰ ਜਪੇਂ* ॥ ੭ ॥

ਆਪਿ ਜਪਾਏ ਜਪੈ ਸੋ ਨਾਉ ॥ ਆਪਿ ਗਾਵਾਏ ਸੁ ਹਰਿਗੁਨ ਗਾਉ ॥ ਪ੍ਰਭ ਕਿਰਪਾ ਤੇ ਹੋਇ ਪ੍ਰਗਾਸੁ ॥ ਪ੍ਰਭੂ ਦਇਆ ਤੇ ਕਮਲ ਬਿਗਾਸੁ ॥ ਪ੍ਰਭ ਸੁ ਪ੍ਰਸੰਨ ਬਸੈ ਮਨਿ ਸੋਇ ॥ ਪ੍ਰਭ ਦਇਆ ਤੇ ਮਤਿ ਊਤਮ ਹੋਇ ॥ ਸਰਬ ਨਿਧਾਨ ਪ੍ਰਭ ਤੇਰੀ ਮਇਆ ॥ ਆਪਹੁ ਕਛੂ ਨ ਕਿਨਹੂ ਲਇਆ ॥ ਜਿਤੁ ਜਿਤੁ ਲਾਵਹੁ ਤਿਤੁ ਲਗਹਿ ਹਰਿ ਨਾਥ ॥ ਨਾਨਕ ਇਨਕੈ ਕਛੂ ਨ ਹਾਥ ॥ ੮ ॥ ੬ ॥

(ਜਿਸਨੂੰ ਉਹ ਪ੍ਰਭੂ) ਆਪ ਨਾਮ ਜਪਾਵੇ ਸੋਈਓ (ਨਾਮ) ਜਪਦਾ ਹੈ। ਓਹੋ (ਪੁਰਖ) ਹਰੀ ਦੇ ਗੁਣ ਗਾਉਂਦਾ ਹੈ (ਜਿਸ ਤੋਂ ਉਹ ਪ੍ਰਭੂ) ਆਪ (ਆਪਣੇ ਗੁਣ) ਗਾਵਾਵੇ। ਪ੍ਰਭੂ ਦੀ ਕ੍ਰਿਪਾ ਕਰਕੇ (ਜੀਵ ਨੂੰ ਗਿਆਨ ਦਾ) ਪ੍ਰਕਾਸ਼ ਹੁੰਦਾ ਹੈ। ਪ੍ਰਭੂ ਦੀ ਕ੍ਰਿਪਾ ਕਰਕੇ ਹੀ (ਹ੍ਰਿਦੇ ਦਾ) ਕਮਲ ਖਿੜ ਜਾਂਦਾ ਹੈ। (ਜਦ) ਪ੍ਰਭੂ ਪ੍ਰਸੰਨ ਹੁੰਦਾ ਹੈ, (ਤਦ) ਉਸ ਮਨ ਵਿਚ ਆ ਵਸਦਾ ਹੈ (ਜਿਸ ਪਰ ਕਿ ਓਹ ਪ੍ਰਸੰਨ ਹੋਯਾ ਹੈ)। ਪ੍ਰਭੂ ਦੀ ਕ੍ਰਿਪਾ ਨਾਲ (ਹੀ ਜੀਵ) ਦੀ ਬੁੱਧੀ ਉੱਤਮ ਹੋ ਜਾਂਦੀ ਹੈ। ਹੇ ਪ੍ਰਭੂ ! ਸਭ ਖਜ਼ਾਨੇ ਤੇਰੀ ਕ੍ਰਿਪਾ ਨਾਲ (ਪ੍ਰਾਪਤ ਹੁੰਦੇ) ਹਨ†। ਅਪਣੇ ਆਪ ਤੋਂ ਤਾਂ (ਕਦੇ) ਕਿਸੇ ਨੇ ਕੁਛ ਨਹੀਂ ਲਿਆ (ਭਾਵ ਤੇਰੀ ਮਇਆ ਨਾਲ ਹੀ ਲਿਆ ਹੈ)। ਹੇ ਹਰੀ, ਹੇ ਨਾਥ ! ਜਿਧਰ ਜਿਧਰ (ਜੀਵਾਂ ਨੂੰ) ਲਾਉਂਦੇ ਹੋ (ਏਹ) ਉਧਰ ਲਗਦੇ ਹਨ। ਹੇ ਨਾਨਕ ! ਇਨ੍ਹਾਂ ਦੇ (ਅਪਣੇ) ਹੱਥ ਕੁਛ ਨਹੀਂ ॥ ੮ ॥ ੬ ॥

**ਨਿਰੁਕ੍ਤ—** ਸਰਣਾਗਤੀ—[ਸੰਸ:, ਸ਼ਰਣਾਗਤ:=ਸ਼ਰਣ ਵਿਚ ਆਯਾ ਹੋਇਆ]। ਸਰਣਾਗਤੀ ਦਾ ਭਾਵ ਹੈ, ਸ਼ਰਣ ਆਯਾ ਹਾਂ।

ਪ੍ਰਸਾਦੁ—[ਸੰਸ:, ਪ੍ਰਸਾਦ:] ਕ੍ਰਿਪਾ। ਵਿਸ਼ੇਸ਼ ਕਰਕੇ ਗੁਰੂ ਦੀ ਕ੍ਰਿਪਾ, ਜਿਸ ਨਾਲ ਵਿਘਨਾਂ ਦਾ ਨਾਸ਼ ਤੇ ਭਜਨ ਵਿਚ ਬਰਕਤ ਪੈਂਦੀ ਹੈ। ਪ੍ਰਸਾਦਿ=ਕ੍ਰਿਪਾ ਦੁਆਰਾ, ਕ੍ਰਿਪਾ ਕਰਕੇ।

ਛਤੀਹ ਅੰਮ੍ਰਿਤ—[ਛਤੀਹ=੩੦+੬+ਅੰਮ੍ਰਿਤ। ਸੰਸ:,ਅਮ੍ਰਿਤਮ੍ ਜਾਂ ਅੰਮ੍ਰਿਤ:=ਅਮਰ। ਮੋਕਸ਼। ਅਮ੍ਰਿਤ ਰਸ। ਜਲ। ਘਿਉ। ਦੁੱਧ। ਕੋਈ ਭੀ ਖਾਣ ਵਾਲਾ ਪਦਾਰਥ।] ਛਤੀਹ ਪ੍ਰਕਾਰ ਦੇ ਭੋਜਨ, ਭਾਵ ਨਾਨਾ ਪ੍ਰਕਾਰ ਦੇ ਭੋਜਨ।

*(ਅ) ਨਾਨਕ (ਉਸ ਦਾ) ਜਾਪ ਕਰਦਾ ਹੈ, ਤੂੰ ਬੀ ਉਸੇ ਨੂੰ ਜਪ।
†ਅਥਵਾ, ਤੇਰੀ ਕ੍ਰਿਪਾ ਸਭ ਖਜ਼ਾਨਿਆਂ (ਦਾ ਖਜ਼ਾਨਾ) ਹੈ। [ਸੰਪ੍ਰਦਾ।

ਸੁਆਦ ਭੇਦ ਕਰਕੇ ਖਾਣੇ ਛੇ ਪ੍ਰਕਾਰ ਦੇ ਹਨ-ਮਿੱਠਾ, ਖੱਟਾ, ਚਟਪਟਾ, ਸਲੂਣਾਂ, ਕਸੈਲਾ, ਕੌੜਾ। ਖਾਣ ਦੀ ਵਿਧਿ ਕਰਕੇ ਖਾਧੇ ਜਾਣ ਵਾਲੇ ਭੋਜਨ ਬੀ ਛੇ ਪ੍ਰਕਾਰ ਦੇ ਹਨ-੧. ਭਖ=ਦੰਦਾਂ ਦਾੜ੍ਹਾਂ ਦੋਹਾਂ ਨਾਲ ਖਾਧੇ ਜਾਣ ਵਾਲੇ। ੨. ਭੋਜਯ=ਦਾੜ੍ਹਾਂ ਨਾਲ ਚਿੱਥੇ ਜਾਣ ਵਾਲੇ। ੩. ਲੇਹ=ਚੱਟੇ ਜਾਣ ਵਾਲੇ, ਜੀਭ ਨਾਲ। ੪. ਪੇਯ=ਪੀਤੇ ਜਾਣ ਵਾਲੇ। ੫. ਚੋਖਯ=ਚੂਸੇ ਜਾਣ ਵਾਲੇ। ੬. ਚਰਬਯੋ=ਚੱਬੇ ਜਾਣ ਵਾਲੇ, ਜੈਸੇ ਦਾਣੇ।

ਸ੍ਰੀ ਨਰੋਤਮ ਜੀ ਨੇ ੩੬ ਭੋਜਨਾਂ ਦੇ ਨਾਮ ਗਿਣੇ ਹਨ। ਭਾਈ ਗੁਰਦਾਸ ਜੀ ਨੇ ਐਉਂ ਦੱਸੇ ਹਨ-'ਖਟਰਸ ਮਿਠਰਸ ਮੇਲਕੈ ਛਤੀ ਭੋਜਨ ਹੋਣ ਰਸੋਈ'। [ਵਾਰ ੧੭-੮]। ਮੁਹਾਵਰੇ ਵਿਚ ੩੬ ਦਾ ਮਤਲਬ ਕਈ ਕਿਸਮਾਂ ਦੇ ਭੋਜਨਾਂ ਤੋਂ ਹੁੰਦਾ ਹੈ।

ਸੁਗੰਧਤ-[ਸੰਸ:, ਸੁਗੰਧਿ:=ਸੁਗੰਧੀ, ਅੱਛੀ ਖੁਸ਼ਬੂ] ਖੁਸ਼ਬੋ ਵਾਲੀਆਂ ਵਸਤਾਂ, ਅਤਰ ਫੁਲੇਲ ਆਦਿ।

ਗ੍ਰਿਹ-[ਸੰਸ:, ਗ੍ਰਿਹੰ=ਘਰ, ਭਵਨ। ੨. ਪਤਨੀ] 'ਗ੍ਰਿਹ' ਦਾ ਅਰਥ ਘਰ ਹੈ ਪਰ 'ਗ੍ਰਿਹ' ਦਾ ਭਾਵ ਪਰਵਾਰ ਬੀ ਹੈ। ਯਥਾ:-

'ਵਿਚੇ ਗ੍ਰਿਹ ਗੁਰ ਬਚਨਿ ਉਦਾਸੀ॥ [ਗੂਜਰੀ ਵਾਰ ਮਹਲਾ ੩-੧੨

ਪਾਟ ਪਟੰਬਰ-[ਸੰਸ:, ਪਟਮੁ=ਕਪੜਾ, ਕੋਈ ਕਪੜਾ। ਪਟ੍ਟ:=ਰੇਸ਼ਮ। ਪਟੰਬਰ=ਪਟਮ+ ਅੰਬਰ (=ਕਪੜਾ, ਵਸਤ੍ਰ)। ਹਿੰਦੀ-ਪਾਟੰਬਰ=ਰੇਸ਼ਮੀ ਕਪੜਾ] ਕਪੜੇ, ਤੇ ਰੇਸ਼ਮੀ ਕਪੜੇ।

ਛਿਦ੍ਰ-[ਸੰਸ:, ਛਿਦ੍ਰੰ] ਛੇਕ, ਕਸਰਾਂ, ਐਬ। ਇਉਂ ਬੀ ਅਰਥ ਲਾਉਂਦੇ ਹਨ:-

ਜਿਸ ਦੀ ਕ੍ਰਿਪਾ ਕਰਕੇ ਪਰਦੇ ਢਕੇ ਜਾਂਦੇ ਹਨ। ਪਰ 'ਢਾਕੇ' ਪਦ ਕਰਤ੍ਰੀ ਵਾਚ (Active voice) ਕ੍ਰਿਯਾ ਹੈ, ਜਿਸ ਦਾ ਕਰਤਾ 'ਪ੍ਰਸਾਦਿ' ਹੈ।

ਠਾਕੁਰ-[ਸੰਸ:, ਠਕ੍ਕੁਰ:] ਪੂਜਯ, ਸਤਿਕਾਰ ਯੋਗ।

ਮਿਲਖ-[ਅ:, ਮਿਲੑਕ] ਜਿਸ ਤੇ ਮਾਲਕੀ ਕੀਤੀ ਜਾਏ। ਜਾਇਦਾਦ, ਜਾਗੀਰ ਆਦਿ। ਪੰਜਾਬੀ ਵਿਚ ਵਿਸ਼ੇਸ਼ ਕਰਕੇ ਮਿਲਕ ਉੱਸਰੀ ਹੋਈ ਜਾਇਦਾਦ-ਮਹਿਲ ਆਦਿ ਨੂੰ ਕਹਿੰਦੇ ਹਨ।

ਆਚਾਰ ਬਿਉਹਾਰੀ-[ਸੰਸ:, ਆਚਾਰ:=ਚਾਲਚਲਨ। ਸਦਾਚਾਰ। ਰਸਮ। ਸੰਸ: ਵ੍ਯਵਹਾਰਿਨ੍=ਬਿਉਹਾਰੀ] ਅਚਾਰਾਂ ਦੇ ਕਰਨੇ ਵਾਲਾ, ਭਾਵ ਹੈ ਜੇ ਤੂੰ ਧਰਮ ਦੇ ਦੱਸੇ ਕਰਮ ਕਰ ਰਿਹਾ ਹੈਂ ਤਾਂ ਕਰਮਾਂ ਤੇ ਹੀ ਨਾਂ ਰਹੁ, ਸਾਈਂ ਨੂੰ ਯਾਦ ਰਖ। ਕਰਮ ਦੀ ਟੇਕ ਜੀਵ ਨੂੰ 'ਹਉਂ' ਵਿਚ ਰਖਦੀ ਹੈ।

ਨਾਦ-[ਸੰਸ:, ਨਾਦ:=ਸ਼ਬ੍ਦ। ਧੁਨਿ। ਆਵਾਜ਼] ਅਵਾਜ਼ਾਂ ਜਾਂ ਰਾਗ ਗੀਤ ਆਦਿ।

ਬਿਸਮਾਦ-[ਸੰਸ:, ਵਿਸ੍ਮਯ:=ਅਸਚਰਜ, ਤਅੱਜੁਬ] ਅਸਚਰਜ ਉਤਪਤ ਕਰਨ ਵਾਲੇ ਸੁੰਦਰਤਾ ਦੇ ਨਜ਼ਾਰੇ।

ਹਸਤ ਕਰ-[ਸੰਸ:, ਹਸ੍ਤ:=ਹਥ। ਕਰ:=ਹਥ] ਕਰ ਦੇ ਸੰਪ੍ਰਦਾਈ ਅਰਥ ਪੈਰ ਹਨ ਕਿਉਂਕਿ ਆਮ ਬੋਲ ਚਾਲ ਵਿਚ ਕਹਿੰਦੇ ਹਨ: ਫਲਾਣੇ ਦਾ ਘਰ ਮੇਰੇ ਘਰ ਤੋਂ ਦਸ ਕਰੂ ਹੈ। ਅਰਥ ਹੁੰਦਾ ਹੈ ਦਸ ਕਦਮ ਹੈ। ਮਿਣਤੀ ਵੇਲੇ ਕਾਛੂ ਕਹਿੰਦੇ ਹਨ, ਕਰੂ ਮਾਰ ਲੈ ਯਾ ਕਰਮ ਮਾਰ ਲੈ, ਭਾਵ ਹੁੰਦਾ ਹੈ ਕਦਮਾਂ ਯਾ ਪੈਰਾਂ ਨਾਲ ਮਿਣ ਲੈ। ਕਰੂ, ਕਰਮ, ਪੰਜ ਫੁਟ ਦਾ ਹੁੰਦਾ ਹੈ। (ਅ) 'ਕਰ' ਦਾ ਭਾਵ 'ਕ੍ਰਿਯਾ ਕਰਨ ਵਾਲੇ ਅੰਗ' ਬੀ ਹੈ। ਹਸਤ ਕਰ=ਹਥ ਕ੍ਰਿਯਾ ਕਰਦੇ ਹਨ ਤੇ ਪੈਰ ਚਲਦੇ ਹਨ। [ਸੰਸ:, ਕਰ=ਜੋ ਕਰੇ, ਹੱਥ, ਹਾਥੀ ਦੀ ਸੁੰਡ ਆਦਿ]।

ਪਰਮਗਤਿ—[ਸੰਸ:, ਪਰਮਗਤਿ:=ਮੋਖ, ਮੁਕਤੀ | ਉਹ ਅਵਸਥਾ ਜੋ ਸਭ ਤੋਂ ਉਪਰ ਹੈ। ਉਤਮ ਪਦ।

ਮਇਆ—[ਸੰਸ:, ਮਯਸ੍=ਖੁਸ਼ੀ, ਅਨੰਦ। (ਵੈਦਕ ਸੰਸ:)। ਹਿੰਦੀ, ਮਯਾ=ਕ੍ਰਿਪਾ, ਦਯਾ। ਪੰਜਾਬੀ, ਮਇਆ=ਦਯਾ, ਕ੍ਰਿਪਾ] ਕ੍ਰਿਪਾ, ਕ੍ਰਿਪਾ ਨਾਲ।

[ਅਸਟਪਦੀ—ਸੱਤਵੀਂ]

**ਪ੍ਰਾਕ੍ਰਥਨ—**ਅਗਲੀ ਅਸਟਪਦੀ ਵਿਚ ਸਾਧੂ ਤੋਂ ਮਿਲਣ ਵਾਲੇ ਲਾਭ, ਉਸ ਦੀ ਲੋੜ ਤੇ ਮਹਿਮਾ ਦਰਸਾਈ ਹੈ।

ਸਲੋਕੁ ॥ ਅਗਮ ਅਗਾਧਿ ਪਾਰਬ੍ਰਹਮੁ ਸੋਇ ॥ ਜੋ ਜੋ ਕਹੈ ਸੁ ਮੁਕਤਾ ਹੋਇ ॥ ਸੁਨਿ ਮੀਤਾ ਨਾਨਕੁ ਬਿਨਵੰਤਾ ॥ ਸਾਧ ਜਨਾ ਕੀ ਅਚਰਜ ਕਥਾ ॥ ੧ ॥

(ਉਹ ਪਰਮੇਸ਼ੁਰ) ਮਨ ਬਾਣੀ ਤੋਂ ਪਰੇ ਹੈ, ਉਸ ਦਾ ਥਾਹ (ਅੰਤ) ਨਹੀਂ ਪਾਇਆ ਜਾਂਦਾ, ਉਹ ਜਗਤ ਤੋਂ ਪਰੇ ਨਿਰਗੁਣ ਸਰੂਪ ਹੈ, (ਪ੍ਰੰਤੂ ਉਸਦੇ ਨਾਮ ਵਿਚ ਐਸੀ ਬਰਕਤ ਹੈ ਕਿ) ਜੋ ਜੋ (ਪੁਰਸ਼ ਉਸਦੇ ਨਾਮ ਨੂੰ) ਕਹਿੰਦਾ ਹੈ ਸੋ ਸੋ ਮੁਕਤ ਹੋ ਜਾਂਦਾ ਹੈ। (ਐਸੇ ਨਾਮ ਅਭਿਆਸੀ ਨੂੰ ਸਾਧ ਆਖਦੇ ਹਨ, ਪਾਰਬ੍ਰਹਮ ਦੀ ਕਥਾ ਤਾਂ ਅਕਥ ਹੈ, ਪਰ ਉਸਦਾ ਨਾਮ ਜਪਣੇ ਵਾਲੇ) ਸਾਧ ਪੁਰਖਾਂ ਦੀ ਕਥਾ (=ਗੁਣ ਵਰਣਨ) ਅਸਚਰਜ ਹੈ, (ਗੁਰੂ) ਨਾਨਕ ਬਿਨੈ ਕਰਦਾ ਹੈ ਹੇ ਮਿਤ੍ਰ ਤੂੰ ਧਿਆਨ ਨਾਲ ਉਹ) ਸੁਣ ॥ ੧ ॥

ਅਸਟਪਦੀ ॥ ਸਾਧ ਕੈ ਸੰਗਿ ਮੁਖ ਊਜਲ ਹੋਤ ॥ ਸਾਧ ਸੰਗਿ ਮਲੁ ਸਗਲੀ ਖੋਤ ॥ ਸਾਧ ਕੈ ਸੰਗਿ ਮਿਟੈ ਅਭਿਮਾਨੁ ॥ ਸਾਧ ਕੈ ਸੰਗਿ ਪ੍ਰਗਟੈ ਸੁ ਗਿਆਨੁ ॥ ਸਾਧ ਕੈ ਸੰਗਿ ਬੁਝੈ ਪ੍ਰਭੁ ਨੇਰਾ॥ਸਾਧ ਸੰਗਿ ਸਭੁ ਹੋਤ ਨਿਬੇਰਾ ॥ ਸਾਧ ਕੈ ਸੰਗਿ ਪਾਏ ਨਾਮ ਰਤਨੁ ॥ ਸਾਧ ਕੈ ਸੰਗਿ ਏਕ ਊਪਰਿ ਜਤਨੁ ॥ ਸਾਧ ਕੀ ਮਹਿਮਾ ਬਰਨੈ ਕਉਨੁ ਪ੍ਰਾਨੀ॥ ਨਾਨਕ ਸਾਧ ਕੀ ਸੋਭਾ ਪ੍ਰਭ ਮਾਹਿ ਸਮਾਨੀ॥ ੧ ॥

*ਸਾਧ ਦੇ ਸੰਗ ਕਰਕੇ ਮੁਖ ਉੱਜਲ ਹੁੰਦਾ ਹੈ (ਕਿਉਂਕਿ) ਸਾਧ ਦੇ ਸੰਗ ਨਾਲ (ਅੰਦਰ ਦੀ) ਸਾਰੀ ਮੈਲ ਦੂਰ ਹੋ ਜਾਂਦੀ ਹੈ। (ਸਭ ਤੋਂ ਵੱਡੀ ਮੈਲ ਅਹੰਕਾਰ ਹੈ ਸੋ) ਸਾਧ ਦੇ ਸੰਗ ਕਰਕੇ ਅਹੰਕਾਰ ਮਿਟ ਜਾਂਦਾ ਹੈ। (ਅਹੰਕਾਰ ਹਟ ਗਿਆਂ ਤੇ) ਸਾਧ ਦੇ ਸੰਗ ਨਾਲ ਸ੍ਰੇਸ਼ਟ ਗਯਾਨ (ਫੇਰ) ਉਦੇ ਹੋ ਆਉਂਦਾ ਹੈ, (ਗਯਾਨ ਹੋਣ ਤੇ) ਸਾਧ ਦੇ ਸੰਗ ਨਾਲ ਪ੍ਰਭੂ ਨੇੜੇ (ਹਾਜ਼ਰਾ ਹਜ਼ੂਰ) ਸਮਝ ਪੈ ਜਾਂਦਾ ਹੈ। (ਤਦੋਂ) ਸਾਧ ਦੇ ਸੰਗ ਕਰਕੇ ਸਾਰਾ ਨਿਬੇੜਾ ਹੋ ਜਾਂਦਾ ਹੈ, (ਪਰ ਇਹ ਸਾਰੀ ਪ੍ਰਾਪਤੀ ਨਾਮ ਨਾਲ ਹੁੰਦੀ ਹੈ ਤੇ) ਨਾਮ ਰਤਨ ਬੀ ਸਾਧ ਦੇ ਸੰਗ ਕਰਕੇ ਹੀ ਪ੍ਰਾਪਤ ਹੁੰਦਾ ਹੈ। (ਨਾਮ ਨਾਲ) ਸਾਧ ਦੇ ਸੰਗ ਕਰਕੇ (ਜੀਵ ਦਾ ਸਾਰਾ) ਪ੍ਰਯਤਨ ਇਕ (ਵਾਹਿਗੁਰੂ ਪ੍ਰਾਪਤੀ ਦਾ ਹੀ) ਹੋ ਜਾਂਦਾ ਹੈ। (ਇਸ ਕਰਕੇ) ਸਾਧ ਦੀ ਮਹਿਮਾ ਕੌਣ ਪ੍ਰਾਣੀ ਕਹਿ ਸਕਦਾ ਹੈ ? ਨਾਨਕ ਸਾਧ ਦੀ ਮਹਿਮਾ ਪ੍ਰਭੂ ਵਿਚ ਸਮਾਈ ਹੋਈ ਹੈ† ॥ ੧ ॥

*ਵਾਹਿਗੁਰੂ ਤੇ ਉਸ ਦੇ ਨਾਮ ਦਾ ਜਸ ਤੇ ਉਸ ਦੇ ਜਪਣ ਦਾ ਉਪਦੇਸ਼ ਕਰਦੇ ਆਏ ਹਨ। ਹੁਣ ਸਾਧੂ ਦੀ ਮਹਿਮਾ ਦੱਸਦੇ ਹਨ, ਜਿਸ ਦੇ ਸਤਿਸੰਗ ਨਾਲ ਨਾਮ ਜਪੀਦਾ ਹੈ ਤੇ ਦਰਗਾਹ ਵਿਚ ਮੂੰਹ ਉਜਲ ਹੁੰਦਾ ਹੈ।

†ਸਾਧ ਦੀ ਸੋਭਾ ਜੀਵ ਨੂੰ ਉਚਕੇ ਪਰਮੇਸ਼ੁਰ ਦੀ ਸ਼ੋਭਾ ਵਿਚ ਲਿਜਾ ਸਮਾਊਂਦੀ ਹੈ। ਭਾਵ ਪ੍ਰਭੂ ਸ਼ੋਭਾ ਦੇ ਤੁੱਲ ਹੈ।

ਸਾਧ ਕੈ ਸੰਗਿ ਅਗੋਚਰੁ ਮਿਲੈ ॥
ਸਾਧ ਕੈ ਸੰਗਿ ਸਦਾ ਪਰਫੁਲੈ ॥

ਸਾਧੂ ਦੇ ਸੰਗ ਕਰਕੇ ਇੰਦ੍ਰਿਆਂ ਤੋਂ ਅਵਿਸ਼ੇ (ਪਰਮੇਸ਼ੁਰ) ਮਿਲ ਜਾਂਦਾ ਹੈ (ਜਿਸ ਨੂੰ ਸਲੋਕ ਵਿਚ ਅਗਮ ਅਗਾਧ ਕਿਹਾ ਸੀ)। (ਇਸ ਲਈ) ਸਾਧੂ ਦੇ ਸੰਗ ਕਰਕੇ (ਜੀਵ) ਸਦਾ ਪ੍ਰਫੁੱਲਤ ਰਹਿੰਦਾ ਹੈ, (ਯਥਾ—ਨਾਨਕ ਭਗਤਾ ਸਦਾ ਵਿਗਾਸੁ)।

ਸਾਧ ਕੈ ਸੰਗਿ ਆਵਹਿ ਬਸਿ ਪੰਚਾ ॥ ਸਾਧ ਸੰਗਿ ਅੰਮ੍ਰਿਤ ਰਸੁ ਭੁੰਚਾ ॥ ਸਾਧ ਸੰਗਿ ਹੋਇ ਸਭ ਕੀ ਰੇਨ ॥ ਸਾਧ ਕੈ ਸੰਗਿ ਮਨੋਹਰ ਬੈਨ ॥ ਸਾਧ ਕੈ ਸੰਗਿ ਨ ਕਤਹੂੰ ਧਾਵੈ ॥ ਸਾਧ ਸੰਗਿ ਅਸਥਿਤਿ ਮਨੁ ਪਾਵੈ ॥ ਸਾਧ ਕੈ ਸੰਗਿ ਮਾਇਆ ਤੇ ਭਿੰਨ ॥ ਸਾਧ ਸੰਗਿ ਨਾਨਕ ਪ੍ਰਭ ਸੁ ਪ੍ਰਸੰਨ ॥ ੨ ॥

(ਪ੍ਰਫੁੱਲਤ ਕਿਵੇਂ ਰਹਿੰਦਾ ਹੈ ? ਉੱਤਰ—) ਸਾਧ ਦੇ ਸੰਗ ਕਰਕੇ ਪੰਜੇ* ਵੱਸ ਵਿਚ ਆ ਜਾਂਦੇ ਹਨ, (ਜਦ ਵਿਸ਼ੇ ਸੁਖਾਂ ਤੋਂ ਮਨ ਉੱਚਾ ਉਠਦਾ ਹੈ ਤਾਂ) ਸਾਧੂ ਦੇ ਸੰਗ ਕਰਕੇ (ਜੀਵ) ਅੰਮ੍ਰਿਤ ਰਸ† ਨੂੰ ਭੋਗਦਾ ਹੈ । ਸਾਧੂ ਦੇ ਸੰਗ ਕਰਕੇ (ਫੇਰ ਜੀਵ ਹੰਕਾਰਦਾ ਨਹੀਂ ਸਗੋਂ) ਸਭਨਾਂ ਦੀ ਰੇਣੁ ਹੋ ਜਾਂਦਾ ਹੈ (ਭਾਵ ਨਿੰਮ੍ਰਤਾ ਧਾਰਦਾ ਹੈ ਤੇ ਲੋਕਾਂ ਨਾਲ) ਸਾਧੂ ਦੇ ਸੰਗ ਕਰਕੇ ਪਿਆਰੇ ਬਚਨ ਬੋਲਦਾ ਹੈ। (ਐਉਂ) ਸਾਧੂ ਦੇ ਸੰਗ ਕਰਕੇ (ਇਸਦਾ ਮਨ) ਕਿਤੇ ਦੌੜਦਾ ਨਹੀਂ। (ਸਗੋਂ) ਸਾਧੂ ਦੇ ਸੰਗਵਿਚ ਮਨ ਇਸਥਿਤੀ (ਟਿਕਾਉ) ਪ੍ਰਾਪਤ ਕਰਲੈਂਦਾ ਹੈ। ਸਾਧੂ ਦੇ ਸੰਗ ਕਰਕੇ (ਮਨ) ਮਾਇਆ ਤੋਂ ਅੱਡ (ਹੋ ਜਾਂਦਾ ਹੈ) । ਸਾਧੂ ਦੇ ਸੰਗ ਕਰਕੇ ਹੀ (ਤਦੋਂ ਵਾਹਿਗੁਰੂ) ਅਤਿ ਪ੍ਰਸੰਨ ਹੋ ਜਾਂਦਾ ਹੈ, ਹੇ ਨਾਨਕ ! ॥ ੨ ॥

ਸਾਧ ਸੰਗਿ ਦੁਸਮਨ ਸਭਿ ਮੀਤ ॥ ਸਾਧੂ ਕੈ ਸੰਗਿ ਮਹਾ ਪੁਨੀਤ ॥ ਸਾਧ ਸੰਗਿ ਕਿਸ ਸਿਉ ਨਹੀ ਬੈਰੁ ॥ ਸਾਧ ਕੈ ਸੰਗਿ ਨ ਬੀਗਾ ਪੈਰੁ ॥ ਸਾਧ ਕੈ ਸੰਗਿ ਨਾਹੀ ਕੋ ਮੰਦਾ ॥ ਸਾਧ ਸੰਗਿ ਜਾਨੇ ਪਰਮਾਨੰਦਾ ॥ ਸਾਧ ਕੈ ਸੰਗਿ ਨਾਹੀ ਹਉ ਤਾਪੁ ॥ ਸਾਧ ਕੈ ਸੰਗਿ ਤਜੈ ਸਭੁ ਆਪੁ ॥ ਆਪੇ ਜਾਨੈ ਸਾਧ ਬਡਾਈ ॥ ਨਾਨਕ ਸਾਧ ਪ੍ਰਭੂ ਬਨਿ ਆਈ ॥ ੩ ॥

ਸਾਧੂ ਦੇ ਸੰਗ ਕਰਕੇ ਵੈਰੀ ਸਭ ਮਿਤ੍ਰ ਹੋ ਜਾਂਦੇ ਹਨ, ਸਾਧੂ ਦੇ ਸੰਗ ਕਰਕੇ (ਜੀਵ) ਅਤਿ ਪਵਿਤ੍ਰ ਹੋ ਜਾਂਦਾ ਹੈ । ਸਾਧੂ ਦੇ ਸੰਗ ਨਾਲ ਕਿਸੇ ਨਾਲ ਵੈਰ ਨਹੀਂ (ਰਹਿੰਦਾ)। ਸਾਧੂ ਦੇ ਸੰਗ ਨਾਲ ਵਿੰਗਾ ਪੈਰ ਨਹੀਂ ਪੈਂਦਾ (ਭਾਵ ਮਾੜੇ ਪਾਸੇ ਨਹੀਂ ਤੁਰਦਾ), ਸਾਧੂ ਦੇ ਸੰਗ ਕਰਕੇ ਕੋਈ (ਮਨੁੱਖ) ਮੰਦਾ ਨਹੀਂ ਲਗਦਾ (ਕਿਉਂਕਿ) ਸਾਧੂ ਦੇ ਸੰਗ ਕਰਕੇ (ਜੀਵ) ਪਰਮਾਨੰਦ (ਪਰਮਾਤਮਾ ਨੂੰ ਸਾਰੇ ਵਯਾਪਕ) ਪਤੀਤ ਕਰ ਲੈਂਦਾ ਹੈ। ਸਾਧੂ ਦੇ ਸੰਗ ਕਰਕੇ ਅਹੰਤਾ ਦਾ ਤਾਪ ਨਹੀਂ (ਰਹਿੰਦਾ, ਸਗੋਂ) ਸਾਧੂ ਦੇ ਸੰਗ ਵਿਚ ਆਪਾ (ਭਾਵ) ਸਾਰਾ ਹੀ ਛੁਟ ਜਾਂਦਾ ਹੈ। ਸਾਧ ਦੀ (ਪੂਰੀ ਵਡਿਆਈ (ਪਰਮੇਸ਼ੁਰ) ਆਪ ਹੀ ਜਾਣਦਾ ਹੈ, (ਕਿਉਂਕਿ) ਸਾਧੂ (ਦੀ ਪ੍ਰੀਤ) ਪਰਮੇਸ਼ੁਰ ਦੇ ਨਾਲ (ਪੂਰੀ ਪੂਰੀ) ਬਣ ਜਾਂਦੀ ਹੈ। (ਭਾਵ, ਹੁਣ ਸਾਧੂ ਦੀ ਵਡਿਆਈ ਪਰਮੇਸ਼ੁਰ ਵਾਙੂ ਅਕੱਥ ਹੋ ਜਾਂਦੀ ਹੈ) ॥ ੩ ॥

ਸਾਧ ਕੈ ਸੰਗਿ ਨ ਕਬਹੂ ਧਾਵੈ ॥ ਸਾਧ ਕੈ ਸੰਗਿ ਸਦਾ ਸੁਖੁ ਪਾਵੈ ॥ ਸਾਧ ਸੰਗਿ ਬਸਤੁ ਅਗੋਚਰ ਲਹੈ ॥ ਸਾਧੂ ਕੈ ਸੰਗਿ ਅਜਰੁ ਸਹੈ ॥

ਸਾਧ ਦੇ ਸੰਗ ਕਰਕੇ (ਮਨ) ਕਦੀ ਬੀ ਨਹੀਂ ਦੌੜਦਾ (ਭਾਵ ਨਾਮ ਵਿਚ ਲਗਾ ਰਹਿੰਦਾ ਹੈ, ਇਸ ਕਰਕੇ) ਸਾਧੂ ਦੇ ਸੰਗ ਵਿਚ (ਮਨ ਸਦਾ ਸੁਖ ਪਾਉਂਦਾ ਹੈ। ਸਾਧੂ ਦੇ ਸੰਗ ਕਰਕੇ ਅਗੋਚਰ ਵਸਤੁ ਇੰਦ੍ਰਿਆਂ ਤੋਂ ਪਰੇ ਆਤਮ ਵਸਤੂ ਨੂੰ) ਪਾ ਲੈਂਦਾ ਹੈ। ਸਾਧੂ ਦੇ ਸੰਗ ਕਰਕੇ ਨਾ ਸਹਾਰੀ ਜਾਣ ਵਾਲੀ

*ਕਾਮ ਕ੍ਰੋਧ ਆਦਿ ਵਿਸ਼ੇ, ਯਾ ਪੰਜੇ ਇੰਦ੍ਰੇ। ਇਹੋ ਦਿਲਗੀਰੀਆਂ ਵਿਚ ਲਿਜਾਂਦੇ ਹਨ।

†ਆਤਮ ਰਸ।

ਸਾਧ ਕੈ ਸੰਗਿ ਬਸੈ ਥਾਨਿ ਊਚੈ ॥ ਸਾਧੂ ਕੈ ਸੰਗਿ ਮਹਲਿ ਪਹੂਚੈ ॥ ਸਾਧ ਕੈ ਸੰਗਿ ਦ੍ਰਿੜੈ ਸਭਿ ਧਰਮ ॥ ਸਾਧ ਕੈ ਸੰਗਿ ਕੇਵਲ ਪਾਰਬ੍ਰਹਮ ॥ ਸਾਧ ਕੈ ਸੰਗਿ ਪਾਏ ਨਾਮ ਨਿਧਾਨ ॥ ਨਾਨਕ ਸਾਧੂ ਕੈ ਕੁਰਬਾਨ ॥ ੪ ॥

(ਵਸਤੂ) ਨੂੰ ਸਹਾਰਦਾ ਹੈ। ਸਾਧੂ ਦੇ ਸੰਗ ਕਰਕੇ ਉੱਚੇ ਥਾਂ ਵਿਚ ਵੱਸਦਾ ਹੈ* । ਸਾਧੂ ਦੇ ਸੰਗ ਕਰਕੇ (ਪਰਮਾਤਮ)ਸਰੂਪ ਨੂੰ ਪ੍ਰਾਪਤ ਹੁੰਦਾ ਹੈ† । ਸਾਧੂ ਦੇ ਸੰਗ ਕਰਕੇ (ਉਹ) ਸਾਰੇ ਧਰਮਾਂ ਨੂੰ ਦ੍ਰਿੜ੍ਹ ਕਰ ਲੈਂਦਾ ਹੈ‡ । ਸਾਧੂ ਦੇ ਸੰਗ ਕਰਕੇ ਕੇਵਲ ਪਾਰਬ੍ਰਹਮ (ਨੂੰ ਹੀ ਪਛਾਣਦਾ ਹੈ‡। ਤਦੋਂ ਜੀਵ) ਸਾਧੂ ਦੇ ਸੰਗ ਕਰਕੇ ਨਾਮ ਰੂਪ ਖਜ਼ਾਨਾ ਹੀ ਪਾ ਲੈਂਦਾ ਹੈ✿, (ਇਸ ਲਈ) ਸਾਧੂ ਉਤੋਂ ਕੁਰਬਾਨ (ਹੋਹੁ) ਹੇ ਨਾਨਕ ! ॥੪॥

ਐਸੇ ਸਾਧੂ ਦੇ, ਜਿਨ ਗਯਾਨ ਦ੍ਰਿਸ਼ਟੀ ਧਰਮ ਦ੍ਰਿਸ਼ਟੀ ਤੇ ਨਾਮ ਦੀ ਸੰਪਤੀ ਪਾਈ ਹੈ, ਸੰਗ ਕਰਨ ਨਾਲ ਜੋ ਨਾਮ ਧਨ ਤੇ ਹੋਰ ਲਾਹੇ ਮਿਲਦੇ ਹਨ, ਹੁਣ ਉਨ੍ਹਾਂ ਦਾ ਜ਼ਿਕਰ ਤੁਰਿਆ:-

ਸਾਧ ਕੈ ਸੰਗਿ ਸਭ ਕੁਲ ਉਧਾਰੈ ॥ ਸਾਧ ਸੰਗਿ ਸਾਜਨ ਮੀਤ ਕੁਟੰਬ ਨਿਸਤਾਰੈ ॥ ਸਾਧੂ ਕੈ ਮੰਗਿ ਸੋ ਧਨੁ ਪਾਵੈ ॥ ਜਿਸੁ ਧਨ ਤੇ ਸਭੁ ਕੋ ਵਰਸਾਵੈ ॥ ਸਾਧ ਸੰਗਿ ਧਰਮ ਰਾਇ ਕਰੇ ਸੇਵਾ ॥ ਸਾਧ ਕੈ ਸੰਗਿ ਸੋਭਾ ਸੁਰਦੇਵਾ ॥ ਸਾਧੂ ਕੈ ਸੰਗਿ ਪਾਪ ਪਲਾਇਨ ॥ ਸਾਧ ਸੰਗਿ ਅੰਮ੍ਰਿਤ ਗੁਨ ਗਾਇਨ ॥ ਸਾਧ ਕੈ ਸੰਗਿ ਸ੍ਰਬ ਥਾਨ ਗੰਮਿ ॥ ਨਾਨਕ ਸਾਧ ਕੈ ਸੰਗਿ ਸਫਲ ਜਨੰਮ ॥ ੫ ॥

(ਐਸੇ) ਸਾਧੂ ਦੇ ਸੰਗ ਕਰਕੇ (ਜੀਵ) ਸਾਰੀਆਂ ਕੁਲਾਂ ਉਧਾਰ ਲੈਂਦਾ ਹੈ। ਸਾਧੂ ਦੇ ਸੰਗ ਕਰਕੇ ਸਜਣਾਂ ਮਿੱਤ੍ਰਾਂ ਦੇ ਕੁਟੰਬ ਨੂੰ (ਭਵ ਸਾਗਰ ਤੋਂ) ਤਾਰ ਲੈਂਦਾ ਹੈ । ਸਾਧੂ ਦੇ ਸੰਗ ਕਰਕੇ (ਜੀਵ) ਉਹ (ਨ ਮ ਰੂਪੀ) ਧਨ ਪਾਉਂਦਾ ਹੈ, ਜਿਸ ਧਨ ਕਰਕੇ ਸਭ ਕੋਈ (ਇਸਤੋਂ) ਵਰੋਸਾਉਂਦਾ ਹੈ । (ਪਰਲੋਕ ਵਿਚ) ਸਾਧੂ ਦੇ ਸੰਗ ਕਰਕੇ ਧਰਮ ਰਾਇ (ਦੰਡ ਦੇਣ ਦੀ ਥਾਂ) ਸੇਵਾ ਕਰਦਾ ਹੈ✠ । ਸਾਧੂ ਦੇ ਸੰਗ ਕਰਕੇ ਇੰਦ੍ਰ ਸੋਭਾ ਕਰਦਾ ਹੈ। ਸਾਧੂ ਦੇ ਸੰਗ ਕਰਕੇ ਪਾਪ ਨਸ਼ਟ ਹੋ ਜਾਂਦੇ ਹਨ, (ਕਿਉਂਕਿ) ਸਾਧੂ ਦੇ ਸੰਗ ਵਿਚ (ਜੀਵ ਨੂੰ) ਅੰਮ੍ਰਿਤ ਗੁਣਾਂ ਦਾ ਗਾਇਨ (ਮਿਲਦਾ ਹੈ, ਗੁਣ ਗਾਂਵਿਆਂ ਪਾਪ ਹਟਦੇ ਹਨ, ਯਥਾ-ਗੁਨ ਗਾਵਤ ਤੇਰੀ ਉਤਰਸਿ ਮੈਲੁ)। ਸਾਧੂ ਦੇ ਸੰਗ ਕਰਕੇ ਸਰਬ ਥਾਵਾਂ ਵਿਚ ਪਹੁੰਚ ਹੋ ਜਾਂਦੀ ਹੈ। ਸਾਧੂ ਦੇ ਸੰਗ ਕਰਕੇ, ਹੇ ਨਾਨਕ ! ਜਨਮ ਹੀ ਸਫਲ ਹੋ ਜਾਂਦਾ ਹੈ ॥ ੫ ॥

ਸਾਧ ਕੈ ਸੰਗਿ ਨਹੀ ਕਛੁ ਘਾਲ ॥ ਦਰਸਨੁ ਭੇਟਤ ਹੋਤ ਨਿਹਾਲ ॥ ਸਾਧ ਕੈ ਸੰਗਿ ਕਲੂਖਤ ਹਰੈ ॥ ਸਾਧ ਕੈ ਸੰਗਿ ਨਰਕ ਪਰਹਰੈ ॥

ਸਾਧੂ ਦੇ ਸੰਗ ਕਰਨ ਨਾਲ (ਹਠ ਜੋਗਾਦਿ ਕਠਨ) ਘਾਲ ਦੀ ਕੁਛ ਲੋੜ ਨਹੀਂ ਪੈਂਦੀ, ਦਰਸ਼ਨ ਕਰਕੇ ਹੀ (ਜੀਵ) ਨਿਹਾਲ (ਅਨੰਦ) ਹੋ ਜਾਂਦਾ ਹੈ। ਸਾਧੂ ਦੇ ਸੰਗ ਵਿਚ (ਨਾਮ ਸਿਮਰਨ ਨਾਲ ਪਾਪਾਂ ਦੀ) ਮੈਲ ਗੁਆ ਲੈਂਦਾ ਹੈ। ਸਾਧੂ ਦੇ ਸੰਗ ਕਰਕੇ ਨਰਕ ਦੂਰ ਹੋ ਜਾਂਦਾ ਹੈ, (ਨਾ ਕੇਵਲ ਨਰਕ ਸਗੋਂ)

---

*ਪਰਮੇਸ਼ੁਰ ਦੀ ਹਜ਼ੂਰੀ ਵਿਚ । †ਵਾਹਿਗੁਰੂ ਦੇ ਸਰੂਪ ਰੂਪੀ ਮਹਿਲ ਵਿਚ ।

‡ਪਰਮਾਤਮ ਸਰੂਪ ਨੂੰ ਪਹੁੰਚਕੇ ਉਹ ਧਰਮ ਤੋਂ ਸੁਤੰਤਰਤਾ ਲੈਕੇ ਨਹੀਂ ਵਿਚਰਦਾ, ਜੈਸਾ ਕਿ ਕਈ ਫੋਕੇ ਗਯਾਨ ਪ੍ਰੇਮੀ ਆਖਦੇ ਹਨ, ਸਗੋਂ ਉਹ ਅਪਣੇ ਜਗਤ ਵਰਤਾਉ ਵਿਚ ਸਾਰੇ ਸ਼ੀਲ ਧਰਮਾਂ ਵਿਚ ਦ੍ਰਿੜ ਹੁੰਦਾ ਹੈ, ਪਰ ਇਹ ਦ੍ਰਿੜ੍ਹਤਾ, ਉਸ ਦੀ ਵਯਾਪਕ ਵਾਹਿਗੁਰੁ ਵਿਚ ਗਯਾਨ ਦ੍ਰਿਸ਼ਟੀ ਨੂੰ ਕਿਵੇਂ ਬੀ ਨਹੀਂ ਆਛਾਦਨ ਕਰਦੀ; ਉਹ 'ਕੇਵਲ ਪਾਰਬਹਮ' ਦੇ ਅਨਭਵ ਿਚ ਰਹਿੰਦਾ ਹੈ।

✿ਭਾਵ, ਨਾਮ ਦੇ ਖ਼ਜ਼ਾਨੇ ਵਾਲਾ-ਹੋਰਨਾਂ ਨੂੰ ਦੇਣ ਜੋਗ-ਹੋ ਜਾਂਦਾ ਹੈ।

✠ਨਾਨਕ ਧਰਮ ਐਸੇ ਚਵਹਿ ਕੀਤੇ ਭਵਨੁ ਪੁਨੀਤ ॥ [ਵਾਰਾਂ,ਤੇ ਵਧੀਃ ਮਹਲਾ ੫-੧੦

ਪੁਨਾ:-ਤਾਸੁ ਤਾਸੁ ਧਰਮ ਰਾਇ ਜਪਤੁ ਹੈ ਪਏ ਸਚੇ ਕੀ ਸਰਨਾ ॥ [ਮਾਰੂ ਮਹਲਾ ੩-੧

ਸਾਧ ਕੈ ਸੰਗਿ ਈਹਾ ਊਹਾ ਸੁਹੇਲਾ ॥ ਸਾਧ ਸੰਗਿ ਬਿਛੁਰਤ ਹਰਿ ਮੇਲਾ ॥ ਜੋ ਇਛੈ ਸੋਈ ਫਲੁ ਪਾਵੈ ॥ ਸਾਧ ਕੈ ਸੰਗਿ ਨ ਬਿਰਥਾ ਜਾਵੈ ॥ ਪਾਰਬ੍ਰਹਮੁ ਸਾਧ ਰਿਦ ਬਸੈ ॥ ਨਾਨਕ ਉਧਰੈ ਸਾਧ ਸੁਨਿ ਰਸੈ ॥ ੬ ॥

ਸਾਧੂ ਦੇ ਸੰਗ ਕਰਕੇ ਏਥੇ ਓਥੇ (ਦੁਹੀਂ ਲੋਕੀਂ) ਸੁਖੀ ਹੋ ਜਾਂਦਾ ਹੈ। ਸਾਧੂ ਦੇ ਸੰਗ ਕਰਕੇ ਵਿਛੁੜਿਆਂ ਹੋਇਆਂ ਦਾ ਹਰੀ ਨਾਲ ਮੇਲ ਹੋ ਜਾਂਦਾ ਹੈ। (ਗਲ ਕੀ, ਜੀਵ) ਜੋ ਚਾਹੁੰਦਾ ਹੈ ਉਹੋ ਫਲ ਪਾ ਲੈਂਦਾ ਹੈ। (ਕਿਉਂਕਿ) ਸਾਧੂ ਦੇ ਸੰਗ ਵਿਚ (ਆਇਆ ਕੋਈ ਜੀਵ) ਬਿਰਥਾ (ਖਾਲੀ) ਨਹੀਂ ਜਾਂਦਾ। ਪਾਰਬ੍ਰਹਮ ਸਾਧੂ ਦੇ ਹਿਰਦੇ ਵਿਚ ਵੱਸਦਾ ਹੈ, (ਕਹਿੰਦੇ ਹਨ ਗੁਰੂ) ਨਾਨਕ (ਜੋ) ਸਾਧੂ (ਦੇ ਬਚਨ) ਸੁਣਕੇ (ਉਸਦੇ ਉਪਦੇਸ਼ ਵਿਚ) ਰਸ ਲੈਣ* ਲਗ ਪਵੇ (ਓਹ) ਉਧਰਦਾ ਹੈ† ॥ ੬ ॥

ਸਾਧ ਕੈ ਸੰਗਿ ਸੁਨਉ ਹਰਿ ਨਾਉ ॥ ਸਾਧ ਸੰਗਿ ਹਰਿ ਕੇ ਗੁਨ ਗਾਉ ॥ ਸਾਧਕੈ ਸੰਗਿ ਨ ਮਨ ਤੇ ਬਿਸਰੈ ॥ ਸਾਧ ਸੰਗਿ ਸਰਪਰ ਨਿਸਤਰੈ ॥ ਸਾਧ ਕੈ ਸੰਗਿ ਲਗੈ ਪ੍ਰਭੁ ਮੀਠਾ ॥ ਸਾਧੂ ਕੈ ਸੰਗਿ ਘਟਿ ਘਟਿ ਡੀਠਾ ॥ ਸਾਧ ਸੰਗਿ ਭਏ ਆਗਿਆਕਾਰੀ ॥ ਸਾਧ ਸੰਗਿ ਗਤਿ ਭਈ ਹਮਾਰੀ ॥ ਸਾਧ ਕੈ ਸੰਗਿ ਮਿਟੇ ਸਭਿ ਰੋਗ॥ ਨਾਨਕ ਸਾਧ ਭੇਟੇ ਸੰਜੋਗ ॥੭॥

(ਮੈਂ ਆਪ ਬੀ) ਪਰਮੇਸ਼ੁਰ ਦਾ ਨਾਮ ਸਾਧੂ ਦੇ ਸੰਗ ਵਿਚ ਹੀ ਸੁਣਦਾ ਹਾਂ। ਸਾਧੂ ਦੇ ਸੰਗ ਵਿਚ ਹੀ (ਮੈਂ) ਹਰੀ ਦੇ ਗੁਣਾਂ ਨੂੰ ਗਾਉਂਦਾ ਹਾਂ। (ਹਾਂ) ਸਾਧੂ ਦੇ ਸੰਗ ਕਰਕੇ ਹੀ (ਪਰਮੇਸ਼ੁਰ) ਮਨ ਤੋਂ ਨਹੀਂ ਵਿਸਰਦਾ। ਸਾਧੂ ਦੇ ਸੰਗ ਨਾਲ ਹੀ ਨਿਰਸੰਸੇ (ਜਗਤ) ਤਰ ਜਾਂਦਾ ਹੈ। ਸਾਧੂ ਦੇ ਸੰਗ ਨਾਲ ਪ੍ਰਭੂ ਮਿੱਠਾ ਲਗਦਾ ਹੈ। (ਅਸਾਂ) ਸਾਧੂ ਦੇ ਸੰਗ ਕਰਕੇ ਘਟ ਘਟ ਵਿਚ (ਵਾਹਿਗੁਰੂ) ਦੇਖ ਲਿਆ ਹੈ। ਸਾਧੂ ਦੇ ਸੰਗ ਕਰਕੇ ਆਗਜ਼ਾਕਾਰੀ ਹੋ ਗਏ ਹਾਂ। ਸਾਧੂ ਦੇ ਸੰਗ ਕਰਕੇ ਸਾਡੀ ਗਤੀ ਹੋ ਗਈ ਹੈ (ਭਾਵ ਪੂਰਨ ਪਦ ਤੇ ਪਹੁੰਚ ਗਏ ਹਾਂ)। ਸਾਧੂ ਦੇ ਸੰਗ ਕਰਕੇ (ਸਰੀਰਕ ਤੇ ਮਾਨਸਕ)ਸਾਰੇ ਦੁਖ ਮਿਟ ਗਏ ਹਨ, ਉੱਤਮ ਭਾਗਾਂ ਕਰਕੇ ਸਾਧੂ ਜੀ ਮਿਲ ਪਏ‡, ਹੇ ਨਾਨਕ! ॥ ੭ ॥

ਸਾਧਕੀ ਮਹਿਮਾ ਬੇਦ ਨ ਜਾਨਹਿ ॥ਜੇਤਾ ਸੁਨਹਿ ਤੇਤਾ ਬਖਿਆਨਹਿ ॥ ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰਿ ॥ ਸਾਧ ਕੀ ਉਪਮਾ ਰਹੀ

ਸਾਧੂ ਦੀ (ਪੂਰੀ) ਮਹਿਮਾ ਵੇਦ❦ ਬੀ ਨਹੀਂ ਜਾਣਦੇ, (ਓਹ) ਜਿੰਨਾ ਕੁ ਸੁਣਦੇ ਹੈਨ ਉਤਨਾ ਕੁ ਕਥਨ ਕਰਦੇ ਹੈਨ। ਸਾਧ ਦੀ ਉਪਮਾ ਸਾਰੇ ਵਜਾਪਕ ਹੈ। (ਭਾਵ ਸਾਰੇ ਕਰ ਰਹੇ ਹਨ, ਪਰ ਅਸਲ ਵਿਚ) ਏਸ ਤਿੰਨਾਂ ਗੁਣਾਂ ਵਾਲੀ ਰਚਨਾ ਵਿਚ ਕੋਈ ਐਸੀਸ਼ੈਨਹੀਂ ਜਿਸਨਾਲ ਸਾਧੂਦੀ ਉਪਮਾਦਿੱਤੀਜਾਵੇ✻।

---

*ਭਾਵ ਪ੍ਰੇਮ ਨਾਲ ਕਮਾਈ ਕਰੇ। †'ਸਾਧ ਸੁਨਿ ਰਸੈ'ਦਾ ਅਰਥ 'ਸਾਧੂ ਦੀ ਰਸਨਾ ਤੋਂ ਸੁਣਕੇ' ਬੀ ਕਰਦੇ ਹਨ।

‡ਇਸ ਪਉੜੀ ਵਿਚ ਸਾਧੂ ਦਾ ਇਸ਼ਾਰਾ ਗੁਰੂ ਰਾਮਦਾਸ ਜੀ ਵੱਲ ਹੈ।

❦ਵੇਦ ਪਰਮੇਸ਼ੁਰ ਦਾ ਕਥਨ ਕਰਦਾ ਕਰਦਾ ਆਪ ਉਸ ਨੂੰ ਨੇਤਿ ਨੇਤਿ ਕਹਿੰਦਾ ਹੈ, ਭਾਵ ਹੈ ਕਿ ਪਰਮੇਸ਼ੁਰ ਦਾ ਸਰੂਪ ਤੇ ਗੁਣ ਵਰਣਨ ਨਹੀਂ ਕਰਦਾ। ਸਾਧ ਤੇ ਪਰਮੇਸ਼ੁਰ ਵਿਚ ਜਦ ਭੇਦ ਨਹੀਂ ਤਾਂ ਓਹ ਸਾਧ ਦਾ ਬੀ ਵਰਣਨ ਨਹੀਂ ਕਰ ਸਕਦਾ। ਸਾਧੂ ਪਰਮੇਸ਼ੁਰ ਵਿਚ ਭੇਦ ਕਿਸ ਤਰ੍ਹਾਂ ਨਹੀਂ ? ਪੁਰਾਤਨ ਜਨਮ ਸਾਖੀ ਵਿਚ ਗੁਰੂ ਜੀ ਨੇ ਦੱਸਿਆ ਹੈ ਕਿ ਪਰਮੇਸ਼ਰ ਤੇ ਉਸ ਦਾ ਸੰਤ ਅਗਨੀ ਤੇ ਅਗਨੀ ਵਿਚ ਪੈਕੇ ਲਾਲ ਹੋਏ ਲੋਹੇ ਦੇ ਗੋਲੇ ਵਾਂਙ ਇਕ ਰੂਪ ਹਨ। ਸਾਧੂ ਅਪਣੀ ਹਉਂ ਦਾ ਅਭਾਵ ਕਰਦੇ ਅਰ ਪ੍ਰਭੂ ਦਾ ਪ੍ਰੇਮ ਕਰਦੇ ਕਰਦੇ ਵਿਚਲੀ ਵਿੱਥ ਦੂਰ ਕਰ ਲੈਂਦੇ ਹਨ,ਓਹ ਸਾਈਂ ਨਾਲ ਤਦ ਰੂਪ ਹੋ ਜਾਂਦੇ ਹਨ। ਯਥਾ:-

'ਸੰਤ ਅਨੰਤਹਿ ਅੰਤਰੁ ਨਾਹੀ ॥ [ਆਸਾ ਰਵਿਦਾਸ ਜੀ-੨

✻ਜਗਤ ਵਿਚ ਕੋਈ ਸਾਧੂ ਦੇ ਉਪਕਾਰ ਨੂੰ ਸਫਲ ਬ੍ਰਿਛ ਨਾਲ ਉਪਮਾ ਦੇ ਰਿਹਾ ਹੈ, ਕੋਈ ਉਸ ਦੀ ਝੱਲਣ ਸ਼ਕਤੀ ਨੂੰ ਧਰਤੀ ਨਾਲ ਉਪਮਾ ਦੇ ਰਿਹਾ ਹੈ, ਹਰ ਗੁਣ ਲਈ ਕੋਈ ਉਪਮਾ ਦੇਕੇ ਵਰਣਨ ਕੀਤਾ ਜਾਂਦਾ ਹੈ, ਐਉਂ ਤਾਂ ਉਪਮਾ 'ਭਰਪੁਰ' ਹੈ, ਪਰ ਉਹ ਆਪ ਤ੍ਰਿਗੁਣਾਤੀਤ ਅਵਸਥਾ ਨੂੰ ਪਹੁੰਚ ਚੁਕਾ ਹੈ, ਇਸ ਕਰਕੇ ਗੁਰੂ ਜੀ ਦੱਸਦੇ ਹਨ ਕਿ ਉਸ ਦੀ ਉਪਮਾ ਤ੍ਰੈਗੁਣੀ ਸਾਮਾਨਾਂ ਤੋਂ ਉੱਚੀ ਹੈ।

ਭਰਪੂਰਿ ॥ ਸਾਧ ਕੀ ਸੋਭਾ ਕਾ ਨਾਹੀ ਅੰਤ ॥ ਸਾਧ ਕੀ ਸੋਭਾ ਸਦਾ ਬੇਅੰਤ ॥ ਸਾਧ ਕੀ ਸੋਭਾ ਊਚ ਤੇ ਊਚੀ ॥ ਸਾਧ ਕੀ ਸੋਭਾ ਮੂਚ ਤੇ ਮੂਚੀ ॥ ਸਾਧ ਕੀ ਸੋਭਾ ਸਾਧ ਬਨਿਆਈ ॥ ਨਾਨਕ ਸਾਧ ਪ੍ਰਭ ਭੇਦੁ ਨ ਭਾਈ ॥੮॥੭॥

ਸਾਧੂ ਦੀ ਸੋਭਾ ਦਾ ਅੰਤ ਨਹੀਂ ਹੈ । ਸਾਧੂ ਦੀ ਮਹਿਮਾ ਸਦਾ (ਸਦਾ) ਬੇਅੰਤ ਹੈ। ਸਾਧੂ ਦੀ ਸੋਭਾ ਉੱਚੀ ਤੋਂ ਉੱਚੀ (ਸ਼ੈ) ਹੈ। ਸਾਧੂ ਦੀ ਸ਼ੋਭਾ ਵਡੀਆਂ (ਸ਼ੋਭਾ) ਤੋਂ (ਬੀ) ਵਡੀ ਹੈ। ਸਾਧੂ ਦੀ ਸ਼ੋਭਾ ਸਾਧ ਨੂੰ (ਹੀ) ਬਣ ਆਉਂਦੀ ਹੈ*। (ਕਹਿੰਦੇ ਹਨ ਗੁਰੂ) ਨਾਨਕ, ਹੇ ਭਾਈ! ਸਾਧ ਅਰ ਪਰਮੇਸ਼ੁਰ ਵਿਚ ਅੰਤਰਾ ਨਹੀਂ ਹੈ ॥ ੮ ॥ ੭ ॥

**ਨਿਰੁਕ੍ਤ**—ਸਾਧ–[ਸੰਸ:, ਸਾਧੁ:] ਸਾਧਨਾ ਕਰਕੇ ਜਿਸ ਨੇ ਮਨ ਜਿੱਤ ਲਿਆ ਹੋਵੇ ਤੇ ਟਿਕਾਉ ਵਾਲਾ ਹੋਵੇ। ਧਰਮਾਤਮਾ, ਉਪਕਾਰੀ। ਇਸ ਅਸਟਪਦੀ ਮੂਜਬ: ਗੁਰਮੁਖ, ਪੂਰਨ ਪੁਰਖ, ਬ੍ਰਹਮ ਗਿਆਨੀ।

ਨਿਬੇਰਾ–[ਸੰਸ, ਨਿਵ੍ਰਿਤ੍ਤਿ:=ਸ਼ਾਂਤੀ, ਸੰਸਾਰਿਕ ਝੰਝਟਾਂ ਤੋਂ ਉਪਰਾਮ। ਆਰਾਮ। ਪਰਮਾਨੰਦ] ਫੈਸਲਾ, ਨਿਆਂ, ਇਨਸਾਫ, ਨਿੱਬੇੜਾ।

ਏਥੇ ਭਾਵ ਹੈ, ਮਨ ਦੇ ਇਤਰਾਜ਼, ਲੋਕਾਂ ਨਾਲ ਸੰਬਾਦ ਤੇ ਸ਼ਾਸਤ੍ਰੀ ਝੇੜੇ ਸਭ ਦੇ ਫੈਸਲੇ ਹੋ ਜਾਂਦੇ ਹਨ। ਜਦ ਕਰਤਾਰ ਅਨੁਭਵ ਵਿਚ ਆ ਗਿਆ ਫੇਰ ਝੇੜੇ ਮੁਕ ਗਏ।

ਅਜਰੁ–[ਸੰਸ:, ਧਾਤੂ–ਜ੍ਰੀ=ਪਚਨਾ]ਅਜਰ, ਜੋ ਪਚ ਨਾ ਸਕੇ, ਜੋ ਵਸਤੂ ਸਹਾਰੀ ਨਾ ਜਾ ਸਕੇ, ਜਿਸ ਦਾ ਜਰਨਾ (ਸਹਾਰਨਾ, ਬਰਦਾਸ਼ਤ ਕਰਨਾ) ਅਸੰਭਵ ਹੋਵੇ। ਭਾਵ ਆਤਮ ਵਸਤੂ।

ਆਤਮ ਵਸਤੂ ਅਜਰ ਵਸਤੂ ਹੈ। ਅਗੋਚਰ ਵਸਤੂ ਦੀ ਪ੍ਰਾਪਤੀ ਦੇ ਮਗਰੋਂ ਅਜਰ ਸਹਿਣ ਦਾ ਜ਼ਿਕਰ ਹੈ, ਇਸ ਕਰਕੇ ਇਸ ਦਾ ਮਨੋਰਥ ਅਗੋਚਰ ਵਸਤੂ ਨੂੰ ਜਰ ਲੈਣ ਤੋਂ ਹੈ। ਇਸ ਦੇ ਮਗਰਲੀ ਤੁਕ ਵਿਚ ਜਰ ਜਾਣ ਵਾਲੇ ਦੀ ਅਵਸਥਾ ਦੱਸੀ ਹੈ।

ਵਰਸਾਵੈ–[ਸੰਸ:, ਵ੍ਰਿਖ੍=ਬਰਸਣਾ, ਮੀਂਹ ਪੈਣਾ, ਬਖਸ਼ਣਾ, ਦੇਣਾ, ਸ਼ਕਤੀਮਾਨ ਹੋਣਾ, ਆਦ] ਵਰੋਸਾਉਂਦਾ ਹੈ। ਜਿਵੇਂ ਮੀਂਹ ਵਸਦਾ ਹੈ ਤੇ ਸਭ ਨੂੰ ਲਾਭ ਹੁੰਦਾ ਹੈ ਇਕੁਰ ਸਾਧੂ ਦੇ ਨਾਮ ਧਨ ਦੇ ਵਰਸਾਉਣ (ਵਰਖਾ ਕਰਨ) ਨਾਲ ਸਭ ਕੋਈ ਲਾਭ ਉਠਾਉਂਦਾ ਹੈ, ਯਥਾ:–

'ਇਸੁ ਧਨ ਤੇ ਸਭੁ ਜਗੁ ਵਰਸਾਣਾ ॥" [ਆਸਾ ਮਹਲਾ ੫ ੧੮

ਸੁਰਦੇਵਾ–[ਸੰਸ:, ਸੁਰ:=ਦੇਵਤਾ+ਦੇਵ:=ਦੇਵਤਾ, ਇੰਦ੍ਰ, ਬ੍ਰਾਹਮਣ। ਪੰ:, ਸੁਰਦੇਵ =ਇੰਦਰ] ਸੁਰਾਂ ਦਾ ਜੋ ਦੇਵ ਹੈ, ਇੰਦਰ।

ਕਲੂਖਤ–[ਸੰਸ:, ਕਲੁਸ਼ੰ] ਮੈਲ। (ਪਾਪਾਂ ਦੀ) ਮੈਲ।

ਆਗਿਆਕਾਰੀ–[ਸੰਸ:, ਆਗਯਾਅਨੁਸਾਰਿਨ੍।] ਆਗਯਾ ਮੰਨਣ ਵਾਲੇ, ਰਜ਼ਾ ਵਿਚ ਰਹਿਣ ਵਾਲੇ। ਸਾਈਂ ਦੀ ਰਜ਼ਾ ਮੰਨਣ ਵਾਲੇ।

## [ਅਸਟਪਦੀ–ਅੱਠਵੀਂ]

**ਪ੍ਰਾਕ੍ਕਥਨ**—ਹੁਣ ਅਗਲੀ ਅਸਟਪਦੀ ਵਿਚ ਬ੍ਰਹਮ ਗਯਾਨੀ ਦੇ ਲੱਛਣ ਦੱਸਣਗੇ, ਜੋ ਨਾਮ ਸਿਮਰਕੇ, ਆਪਾ ਪਛਾਣਕੇ, ਸਾਈਆਂ ਜੀ ਦੀ ਲੱਖਤਾ ਵਾਲਾ ਹੋ ਗਿਆ ਹੈ।

*ਸਾਧੂ ਦੀ ਉਪਮਾ ਸਾਧੂ ਆਪ ਹੀ ਹੈ।

ਸਲੋਕੁ ॥ ਮਨਿ ਸਾਚਾ ਮੁਖਿ ਸਾਚਾ ਸੋਇ ॥ ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥ ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥੧॥

ਹੇ ਨਾਨਕ ! ਬ੍ਰਹਮ ਗਯਾਨੀ ਦੇ ਏਹ ਲੱਛਣ ਹੁੰਦੇ ਹਨ–(ਉਸਦੇ) ਮਨ ਵਿਚ ਸੱਚਾ (ਪਰਮੇਸ਼ੁਰ ਵੱਸਦਾ ਹੈ, ਉਸ ਦੇ) ਮੂੰਹ ਵਿਚ (ਬੀ) ਉਸੇ ਸੱਚੇ ਦਾ (ਨਾਮ ਨਿਵਾਸ ਹੁੰਦਾ ਹੈ ਤੇ ਓਹ ਉਸ) ਇਕ ਤੋਂ ਬਿਨਾਂ ਹੋਰ ਕਿਸੇ ਨੂੰ ਨਹੀਂ ਵੇਖਦਾ (ਭਾਵ ਉਸਨੂੰ ਵਾਹਿਗੁਰੂ ਸਾਰੇ ਵਯਾਪਕ ਦਿਸਦਾ ਹੈ, ਯਥਾ 'ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ') ॥ ੧ ॥

ਅਸਟਪਦੀ ॥ ਬ੍ਰਹਮ ਗਿਆਨੀ ਸਦਾ ਨਿਰਲੇਪ ॥ ਜੈਸੇ ਜਲ ਮਹਿ ਕਮਲ ਅਲੇਪ ॥ ਬ੍ਰਹਮ ਗਿਆਨੀ ਸਦਾ ਨਿਰਦੋਖ ॥ ਜੈਸੇ ਸੂਰੁ ਸਰਬ ਕਉ ਸੋਖ ॥ ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ ॥ ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ ॥ ਬ੍ਰਹਮ ਗਿਆਨੀ ਕੈ ਧੀਰਜੁ ਏਕ॥ ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ ॥ ਬ੍ਰਹਮ ਗਿਆਨੀ ਕਾ ਇਹੈ ਗੁਨਾਉ ॥ ਨਾਨਕ ਜਿਉ ਪਾਵਕ ਕਾ ਸਹਜ ਸੁਭਾਉ ॥੧॥

ਬ੍ਰਹਮ ਗਿਆਨੀ (ਮਾਇਕ ਸੰਸਾਰ ਵਿਚ ਵੱਸਦਾ ਰਸਦਾ ਫੇਰ ਮਾਇਆ ਤੋਂ) ਸਦਾ ਨਿਰਲੇਪ (ਅਸੰਗ ਰਹਿੰਦਾ) ਹੈ, ਜਿੱਕੁਰ ਜਲ ਵਿਚ (ਖੜਾ) ਕਮਲ ਫੁਲ (ਜਲ ਤੋਂ) ਅਲੇਪ ਰਹਿੰਦਾ ਹੈ। (ਯਾ) ਜਿੱਕੁਰ ਸੂਰਜ ਸਭ (ਰਸਾਂ ਨੂੰ) ਸੁਕਾਉਂਦਾ ਹੈ (ਪਰ ਫਿਰ ਅਕਲੰਕਿਤ ਹੈ, ਤਿਵੇਂ) ਬ੍ਰਹਮ ਗਿਆਨੀ ਸਦਾ ਦੂਖਨਾ ਥੀਂ ਰਹਿਤ ਹੁੰਦਾ ਹੈ। ਬ੍ਰਹਮ ਗਿਆਨੀ ਦੀ ਦ੍ਰਿਸ਼ਟੀ (ਇਕ) ਸਮਾਨ (ਦ੍ਰਿਸ਼ਟੀ) ਹੁੰਦੀ ਹੈ, ਜਿੱਕੁਰ ਪੌਣ ਰਾਜੇ ਤੇ ਕੰਗਾਲ (ਸਭ)ਨੂੰ ਇਕੋ ਜੇਹੀ ਲਗਦੀ ਹੈ। ਬ੍ਰਹਮ ਗਿਆਨੀ ਨੂੰ (ਦੂਜਿਆਂ ਵਲੋਂ ਵੈਰ ਪਿਆਰ ਦਾ ਵਰਤਾਉ ਮਿਲਿਆਂ) ਇਕ ਸਾਰ ਧੀਰਜ (ਦ੍ਰਿੜ੍ਹ ਰਹਿੰਦਾ ਹੈ), ਜਿਸ ਤਰ੍ਹਾਂ ਪ੍ਰਿਥਵੀ ਨੂੰ ਕੋਈ ਪੁੱਟੇ, ਕੋਈ ਚੰਦਨ ਦਾ ਲੇਪ ਕਰੇ* । ਹੇ ਨਾਨਕ ! ਬ੍ਰਹਮ ਗਿਆਨੀ ਦਾ ਇਹੋ (ਸੁਭਾਵਕ) ਗੁਣ ਹੈ, ਜਿਸਤਰ੍ਹਾਂ ਦਾ ਕਿ ਅਗਨੀ ਦਾ (ਇਕ) ਸਹਿਜੇ ਹੀ ਸੁਭਾਵ ਹੈ (ਕਿ ਗੰਦ ਪਦਾਰਥਾਂ ਨੂੰ ਸਾੜਦੀ ਆਪ ਗੰਦੀ ਨਹੀਂ ਹੁੰਦੀ ਤੇ ਜੋ ਨੇੜੇ ਆਵੇ ਉਸਦਾ ਪਾਲਾ ਦੂਰ ਕਰਦੀ ਹੈ) ॥ ੧ ॥

ਬ੍ਰਹਮ ਗਿਆਨੀ ਨਿਰਮਲ ਤੇ ਨਿਰਮਲਾ ॥ ਜੈਸੇ ਮੈਲੁ ਨ ਲਾਗੈ ਜਲਾ ॥ ਬ੍ਰਹਮ ਗਿਆਨੀ ਕੈ ਮਨਿ ਹੋਇ ਪ੍ਰਗਾਸੁ ॥ ਜੈਸੇ ਧਰ ਊਪਰਿ ਆਕਾਸੁ ॥ ਬ੍ਰਹਮ ਗਿਆਨੀ ਕੈ ਮਿਤ੍ਰ ਸਤ੍ਰੁ ਸਮਾਨਿ ॥ ਬ੍ਰਹਮ ਗਿਆਨੀ ਕੈ ਨਾਹੀ ਅਭਿਮਾਨ ॥ ਬ੍ਰਹਮ ਗਿਆਨੀ ਊਚ ਤੇ ਊਚਾ ॥ ਮਨਿ ਅਪਨੈ ਹੈ ਸਭ ਤੇ ਨੀਚਾ॥ ਬ੍ਰਹਮ ਗਿਆਨੀ ਸੇ ਜਨ ਭਏ ॥ ਨਾਨਕ ਜਿਨ ਪ੍ਰਭੁ ਆਪਿ ਕਰੇਇ ॥੨॥

ਬ੍ਰਹਮ ਗਿਆਨੀ ਨਿਰਮਲ ਤੋਂ ਨਿਰਮਲ ਹੁੰਦਾ ਹੈ, ਜਿੱਕੁਰ ਜਲ ਨੂੰ ਮੈਲ ਨਹੀਂ ਲਗਦੀ† । ਬ੍ਰਹਮ ਗਿਆਨੀ ਦੇ ਮਨ ਵਿਚ (ਬ੍ਰਹਮ ਦਾ) ਪ੍ਰਕਾਸ਼ ਹੁੰਦਾ ਹੈ, ਜਿੱਕੁਰ ਧਰਤੀ ਉਤੇ ਸਭ ਪਾਸਿਓਂ (ਸੂਰਜ ਦਾ) ਚਾਨਣਾ ਹੁੰਦਾ ਹੈ । ਬ੍ਰਹਮ ਗਿਆਨੀ ਨੂੰ ਵੈਰੀ ਤੇ ਮਿਤ੍ਰ ਇਕ ਸਮਾਨ (ਇਕੋ ਜੇਹਾ) ਹੁੰਦਾ ਹੈ। ਬ੍ਰਹਮ ਗਿਆਨੀ ਨੂੰ (ਅਪਣੇ ਬ੍ਰਹਮ ਗਯਾਨੀ ਹੋਣ ਦਾ ਬੀ) ਅਹੰਕਾਰ ਨਹੀਂ ਹੁੰਦਾ। (ਉਞ ਤਾਂ) ਬ੍ਰਹਮ ਗਿਆਨੀ ਉਚਿਆਂ ਤੋਂ ਉੱਚਾ ਹੁੰਦਾ ਹੈ (ਪਰ ਫੇਰ) ਅਪਣੇ ਮਨ ਵਿਚ (ਉਹ) ਸਭ ਤੋਂ ਨੀਵਾਂ ਰਹਿੰਦਾ ਹੈ‡। (ਪ੍ਰਸ਼ਨ–ਐਸੇ ਬ੍ਰਹਮ ਗਿਆਨੀ ਕਿਵੇਂ ਬਣਦੇ ਹਨ ? ਉੱਤਰ–) ਬ੍ਰਹਮ ਗਿਆਨੀ ਓਹ ਪੁਰਖ ਬਣਦੇ ਹਨ ਜਿਨ੍ਹਾਂ ਨੂੰ (ਪਰਮੇਸ਼ੁਰ) ਆਪ (ਬ੍ਰਹਮ ਗਯਾਨੀ) ਬਣਾਉਂਦਾ ਹੈ, ਹੇ ਨਾਨਕ !॥ ੨ ॥

*ਖੋਦਣ ਵਾਲੇ ਤੇ ਚੰਦਨ ਲੇਪਣ ਵਾਲੇ ਦੁਹਾਂ ਨੂੰ ਧਰਤੀ ਇਕੋ ਜੇਹਾ ਧੀਰਜ ਦਿਖਾਉਂਦੀ ਹੈ।

†ਰਸਾਇਣ ਵਿਦਯਾ (ਕੈਮਿਸਟਰੀ) ਦੱਸਦੀ ਹੈ ਕਿ ਜਲ ਵਿਚ ਮੈਲ ਲਟਕਦੀ ਹੈ, ਜਲ ਨੂੰ ਮੈਲਾ ਨਹੀਂ ਕਰਦੀ, ਜਲ ਆਪ ਜਲ ਹੀ ਰਹਿੰਦਾ ਹੈ; ਜਲ ਦੇ ਅਵੈਵ ਮੈਲੇ ਨਹੀਂ ਹੁੰਦੇ।

‡ਆਪਸ ਕਉ ਜੋ ਜਾਣੈ ਨੀਚਾ ॥ ਸੋਊ ਗਨੀਐ ਸਭ ਤੇ ਊਚਾ ॥ [ਸੁਖਮਨੀ ੩-੬

ਬ੍ਰਹਮ ਗਿਆਨੀ ਸਗਲ ਕੀ ਰੀਨਾ ॥ ਆਤਮ ਰਸੁ ਬ੍ਰਹਮ ਗਿਆਨੀ ਚੀਨਾ ॥ ਬ੍ਰਹਮ ਗਿਆਨੀ ਕੀ ਸਭ ਊਪਰਿ ਮਇਆ॥ ਬ੍ਰਹਮ ਗਿਆਨੀ ਤੇ ਕਛੁ ਬੁਰਾ ਨ ਭਇਆ॥ ਬ੍ਰਹਮ ਗਿਆਨੀ ਸਦਾ ਸਮਦਰਸੀ ॥ ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ॥ਬ੍ਰਹਮ ਗਿਆਨੀ ਬੰਧਨ ਤੇ ਮੁਕਤਾ॥ਬ੍ਰਹਮ ਗਿਆਨੀ ਕੀ ਨਿਰਮਲ ਜੁਗਤਾ ॥ ਬ੍ਰਹਮ ਗਿਆਨੀ ਕਾ ਭੋਜਨੁ ਗਿਆਨ ॥ ਨਾਨਕ ਬ੍ਰਹਮ ਗਿਆਨੀ ਕਾ ਬ੍ਰਹਮ ਧਿਆਨੁ ॥ ੩ ॥

ਬ੍ਰਹਮ ਗਿਆਨੀ ਸਭ ਦੇ (ਚਰਨਾਂ ਦੀ) ਧੂੜ ਹੁੰਦਾ ਹੈ, (ਹਉਂ ਦੇ ਤਯਾਗ ਵਿਚ ਰਹਿਦਾ ਹੈ), (ਕਿਉਂਕਿ) ਬ੍ਰਹਮ ਗਿਆਨੀ ਨੇ ਆਤਮ ਰਸ* ਨੂੰ ਅਨੁਭਵ ਕਰ ਲਿਆ ਹੁੰਦਾ ਹੈ। ਬ੍ਰਹਮ ਗਿਆਨੀ ਦੀ ਸਭ ਉਤੇ ਕ੍ਰਿਪਾ ਹੁੰਦੀ ਹੈ (ਕਿਉਂਕਿ ਉਸਦਾ ਆਤਮ ਰਸ ਦਾਤਾ ਘਟ ਘਟ ਦਾ ਵਾਸੀ ਹੈ ਸੋ) ਬ੍ਰਹਮ ਗਿਆਨੀ ਤੋਂ ਕੁਛ (ਕਿਸੇ ਤਰ੍ਹਾਂ ਬੀ ਕਿਸੇ ਦਾ) ਬੁਰਾ ਨਹੀਂ ਹੁੰਦਾ। ਬ੍ਰਹਮ ਗਿਆਨੀ ਸਦੀਵ ਸਮਦ੍ਰਿਸ਼ਟਾ (ਇਕ ਸਮਾਨ ਦੇਖਣੇ ਵਾਲਾ) ਹੁੰਦਾ ਹੈ, (ਪਰ) ਬ੍ਰਹਮ ਗਿਆਨੀ ਦੀ (ਉਹ) ਦ੍ਰਿਸ਼ਟੀ ਅੰਮ੍ਰਿਤਵਰਸਾਉਣ ਵਾਲੀ ਹੁੰਦੀ ਹੈ। ਬ੍ਰਹਮ ਗਿਆਨੀ (ਸਾਰੇ ਮਾਯਕ) ਬੰਧਨਾਂ ਤੋਂ ਮੁਕਤ ਹੁੰਦਾ ਹੈ, ਬ੍ਰਹਮ ਗਿਆਨੀ ਦੀ ਜੁਗਤ ਨਿਰਮਲ (ਹੁੰਦੀ ਹੈ)। 'ਗ੍ਯਾਨ' ਬ੍ਰਹਮ ਗ੍ਯਾਨੀ ਦਾ ਭੋਜਨ (ਵਾਙੂ ਆਧਾਰ) ਹੁੰਦਾ ਹੈ । ਹੇ ਨਾਨਕ ! ਬ੍ਰਹਮ ਗ੍ਯਾਨੀ ਦਾ ਧ੍ਯਾਨ ਬ੍ਰਹਮ ਧ੍ਯਾਨ ਹੁੰਦਾ ਹੈ (ਭਾਵ ਉਸਦਾ ਧ੍ਯਾਨ ਬ੍ਰਹਮ ਵਿਚ ਜੁੜਿਆ ਰਹਿੰਦਾ ਹੈ) ॥ ੩ ॥

ਬ੍ਰਹਮਗਿਆਨੀ ਏਕ ਊਪਰਿ ਆਸ ॥ ਬ੍ਰਹਮ ਗਿਆਨੀ ਕਾ ਨਹੀ ਬਿਨਾਸ ॥ ਬ੍ਰਹਮ ਗਿਆਨੀ ਕੈ ਗਰੀਬੀ ਸਮਾਹਾ॥ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥ ਬ੍ਰਹਮ ਗਿਆਨੀ ਕੈ ਨਾਹੀ ਧੰਧਾ॥ ਬ੍ਰਹਮ ਗਿਆਨੀ ਲੇ ਧਾਵਤੁ ਬੰਧਾ ॥ ਬ੍ਰਹਮ ਗਿਆਨੀ ਕੈ ਹੋਇ ਸੁ ਭਲਾ ॥ ਬ੍ਰਹਮ ਗਿਆਨੀ ਸੁਫਲ ਫਲਾ ॥ ਬ੍ਰਹਮ ਗਿਆਨੀ ਸੰਗਿ ਸਗਲ ਉਧਾਰੁ॥ ਨਾਨਕ ਬ੍ਰਹਮ ਗਿਆਨੀ ਜਪੈ ਸਗਲ ਸੰਸਾਰੁ ॥ ੪ ॥

ਬ੍ਰਹਮ ਗਿਆਨੀ ਦੀ ਆਸਾ ਇਕ (ਅਬਿਨਾਸ਼ ਵਾਹਿਗੁਰੂ) ਪਰ (ਟਿਕੀ ਰਹਿੰਦੀ) ਹੈ, (ਸੋ) ਬ੍ਰਹਮ ਗਿਆਨੀ ਦਾ ਬਿਨਾਸ਼ ਨਹੀਂ ਹੁੰਦਾ†। (ਲੋਕਾਂ ਨਾਲ) ਬ੍ਰਹਮ ਗਿਆਨੀ ਦੇ (ਰਿਦੇ ਵਿਚ) ਗਰੀਬੀ ਸਮਾਈ ਰਹਿੰਦੀ ਹੈ (ਅਤੇ) ਬ੍ਰਹਮ ਗਿਆਨੀ ਨੂੰ ਪਰਉਪਕਾਰ ਦਾ (ਸੁਤੇ) ਉਮਾਹ ਰਹਿੰਦਾ ਹੈ । ਬ੍ਰਹਮ ਗਿਆਨੀ (ਦੇ ਮਨ ਵਿਚ ਕੋਈ) ਉਲਝਾਉ ਨਹੀਂ ਪੈਂਦਾ, (ਕਿਉਂਕਿ) ਬ੍ਰਹਮ ਗਿਆਨੀ ਨੇ (ਅਪਣੇ) ਦੌੜਦੇ (ਮਨ ਨੂੰ) ਬੰਨ੍ਹ ਲਿਆ ਹੁੰਦਾ ਹੈ। ਬ੍ਰਹਮ ਗਿਆਨੀ ਤੋਂ ਜੋ ਹੋਵੇ ਸੋ ਭਲਾ ਹੁੰਦਾ ਹੈ‡ (ਭਾਵ ਉਹ ਭਲਾਈ ਦਾ ਸੋਮਾ ਹੁੰਦਾ ਹੈ, ਇਸ ਕਰਕੇ) ਬ੍ਰਹਮ ਗਿਆਨੀ ਸ੍ਰੇਸ਼ਟ ਫਲਾਂ ਕਰਕੇ ਫਲਦਾ ਹੈ। ਬ੍ਰਹਮ ਗ੍ਯਾਨੀ ਦੇ ਸੰਗ ਨਾਲ ਸਭ ਦਾ ਨਿਸਤਾਰਾ ਹੋ ਜਾਂਦਾ ਹੈ, (ਇਸ ਕਰਕੇ) ਬ੍ਰਹਮ ਗਿਆਨੀ ਨੂੰ ਸਾਰਾ ਸੰਸਾਰ ਜਪਦਾ ਹੈ✠, ਹੇ ਨਾਨਕ ! ॥ ੪ ॥

---

*ਆਤਮ ਰਸ ਚੀਨ ਲੈਣ ਵਾਲੇ ਦੇ ਅੰਦਰੋਂ ਹਉਂ ਉਡ ਜਾਂਦੀ ਹੈ, ਹਉਂ ਨਿਵਿਰਤੀ ਵਾਲਾ ਹੀ ਸਭ ਨਾਲ ਨਿੰਮ੍ਰੀ ਭਾਵ ਵਰਤਦਾ ਹੈ।

†ਥਿਰੁ ਪਾਰਬ੍ਰਹਮੁ ਪਰਮੇਸਰੋ ਸੇਵਕੁ ਥਿਰੁ ਹੋਸੀ ॥ [ਮਾਰੂ ਵਾਰ ਡਖਣੇ ਮ: ੫-੧੮

‡ਭਾਵ ਐਉਂ ਬੀ ਲੈਂਦੇ ਹਨ-(ਅ) ਬ੍ਰਹਮ ਗ੍ਯਾਨੀ ਨੂੰ ਜੋ ਵਾਪਰੇ ਉਸ ਨੂੰ ਭਲਾ ਜਾਣਦਾ ਹੈ। (ੲ) ਬ੍ਰਹਮ ਗਿਆਨੀ ਤੋਂ ਸਭ ਭਲਾ ਹੁੰਦਾ ਹੈ।

✠ਪਰਮੇਸ਼ੁਰ ਵਿਚ ਅਭੇਦ ਮਿਲੇ ਹੋਣ ਕਰਕੇ ਤੇ ਉਸ ਤੋਂ ਕਲ੍ਯਾਨ ਮਿਲਣੇ ਕਰਕੇ ਬ੍ਰਹਮ ਗ੍ਯਾਨੀ ਨੂੰ ਬੀ ਜਗਤ ਸਿਮਰਦਾ ਹੈ।

ਬ੍ਰਹਮ ਗਿਆਨੀ ਕੈ ਏਕੈ ਰੰਗ ॥ ਬ੍ਰਹਮਗਿਆਨੀ ਕੈ ਬਸੈ ਪ੍ਰਭੁ ਸੰਗ ॥ ਬ੍ਰਹਮ ਗਿਆਨੀ ਕੈ ਨਾਮੁ ਅਧਾਰੁ॥ ਬ੍ਰਹਮ ਗਿਆਨੀ ਕੈ ਨਾਮੁ ਪਰਵਾਰੁ॥ ਬ੍ਰਹਮ ਗਿਆਨੀ ਸਦਾ ਸਦ ਜਾਗਤ ॥ ਬ੍ਰਹਮ ਗਿਆਨੀ ਅਹੰਬੁਧਿ ਤਿਆਗਤ ॥ ਬ੍ਰਹਮ ਗਿਆਨੀ ਕੈ ਮਨਿ ਪਰਮਾਨੰਦ ॥ ਬ੍ਰਹਮ ਗਿਆਨੀ ਕੈ ਘਰਿ ਸਦਾ ਅਨੰਦ ॥ ਬ੍ਰਹਮ ਗਿਆਨੀ ਸੁਖ ਸਹਜ ਨਿਵਾਸ ॥ ਨਾਨਕ ਬ੍ਰਹਮ ਗਿਆਨੀ ਕਾ ਨਹੀ ਬਿਨਾਸ ॥੫॥

ਬ੍ਰਹਮ ਗਿਆਨੀ ਨੂੰ ਇਕੋ (ਪ੍ਰਭੂ ਦੇ) ਪ੍ਰੇਮ (ਦਾ ਰੰਗ ਚੜ੍ਹਿਆ ਰਹਿੰਦਾ) ਹੈ, (ਉਧਰ) ਪ੍ਰਭੂ (ਬੀ) ਬ੍ਰਹਮ ਗਿਆਨੀ ਦੇ ਸੰਗ ਆ ਵੱਸਦਾ ਹੈ (ਭਾਵ ਵਿਛੁੜਦਾ ਨਹੀਂ)। ਬ੍ਰਹਮ ਗਿਆਨੀ ਦੇ (ਰਿਦੇ ਵਿਚ) ਨਾਮ ਦਾ ਆਸਰਾ ਹੁੰਦਾ ਹੈ (ਅਤੇ) ਬ੍ਰਹਮ ਗਿਆਨੀ ਨੂੰ ਨਾਮ ਹੀ ਪਰਵਾਰ ਹੋ ਜਾਂਦਾ ਹੈ*। ਬ੍ਰਹਮ ਗਿਆਨੀ (ਗਿਆਨ-ਜਾਗ੍ਰਤ ਵਿਚ) ਸਦਾ ਹੀ ਜਾਗਦਾ ਹੈ (ਕਿਉਂਕਿ) ਬ੍ਰਹਮ ਗਿਆਨੀ ਅਹੰਕਾਰ ਵਾਲੀ ਬੁੱਧੀ ਨੂੰ (ਮੂਲੋਂ) ਛਡ ਦਿੰਦਾ ਹੈ†। ਬ੍ਰਹਮ ਗਿਆਨੀ ਦੇ ਮਨ ਵਿਚ ਪੂਰਨ ਆਨੰਦ (ਰਹਿੰਦਾ) ਹੈ। ਬ੍ਰਹਮ ਗਿਆਨੀ ਦੇ ਘਰ (ਸਰੀਰ) ਵਿਚ ਬੀ ਸਦਾ ਅਨੰਦ (ਰਹਿੰਦਾ ਹੈ, ਇਉਂ) ਬ੍ਰਹਮ ਗਿਆਨੀ ਦਾ ਨਿਵਾਸ ਸਹਜ ਸੁਖ ਵਿਚ (ਹੁੰਦਾ ਹੈ)। (ਸੋ) ਬ੍ਰਹਮ ਗਿਆਨੀ ਦਾ ਵਿਨਾਸ਼ ਨਹੀਂ ਹੁੰਦਾ (ਭਾਵ ਅਮਰ ਪਦਵੀ ਨੂੰ ਪਹੁੰਚ ਜਾਂਦਾ ਹੈ) ਹੇ ਨਾਨਕ ! ॥ ੫ ॥

ਬ੍ਰਹਮ ਗਿਆਨੀ ਬ੍ਰਹਮ ਕਾ ਬੇਤਾ ॥ ਬ੍ਰਹਮ ਗਿਆਨੀ ਏਕ ਸੰਗਿ ਹੇਤਾ ॥ ਬ੍ਰਹਮ ਗਿਆਨੀ ਕੈ ਹੋਇ ਅਚਿੰਤ ॥ ਬ੍ਰਹਮ ਗਿਆਨੀ ਕਾ ਨਿਰਮਲ ਮੰਤ ॥ ਬ੍ਰਹਮ ਗਿਆਨੀ ਜਿਸੁ ਕਰੈ ਪ੍ਰਭੁ ਆਪਿ ॥ ਬ੍ਰਹਮ ਗਿਆਨੀ ਕਾ ਬਡ ਪਰਤਾਪ ॥ ਬ੍ਰਹਮ ਗਿਆਨੀ ਕਾ ਦਰਸੁ ਬਡਭਾਗੀ ਪਾਈਐ॥ ਬ੍ਰਹਮ ਗਿਆਨੀ ਕਉ ਬਲਿਬਲਿ ਜਾਈਐ॥ ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥ ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥ ੬ ॥

ਬ੍ਰਹਮ ਗਿਆਨੀ (ਕੌਣ ਹੈ? ਉੱਤਰ–ਉਹ ਜੋ) ਬ੍ਰਹਮ ਦਾ ਜਾਨਣੇ ਵਾਲਾ ਹੈ। ਬ੍ਰਹਮ ਗਿਆਨੀ (ਉਹ ਹੈ ਜਿਸ) ਦਾ ਇਕ (ਪਰਮੇਸ਼ੁਰ) ਨਾਲ ਹਿਤ (ਹੁੰਦਾ) ਹੈ‡। ਬ੍ਰਹਮ ਗਿਆਨੀ (ਉਹ ਹੈ ਜਿਸ) ਦ (ਮਨ ਵਿਚ) ਹੁੰਦੀ ਹੈ ਅਚਿੰਤਤਾਈ। ਬ੍ਰਹਮ ਗਿਆਨੀ ਦਾ ਮੰਤ ਨਿਰਮਲ ਹੁੰਦਾ ਹੈ। ਬ੍ਰਹਮ ਗਿਆਨੀ (ਉਹ ਹੈ) ਜਿਸਨੂੰ ਪ੍ਰਭੂ (ਬ੍ਰਹਮ ਗਿਆਨੀ) ਬਣਾ ਲੈਂਦਾ ਹੈ, (ਇਸ ਕਰਕੇ) ਬ੍ਰਹਮ ਗਿਆਨੀ ਦਾ ਪ੍ਰਤਾਪ ਵੱਡਾ ਹੁੰਦਾ ਹੈ। ਬ੍ਰਹਮ ਗਿਆਨੀ ਦਾ ਦਰਸ਼ਨ ਵਡੇ ਭਾਗਾਂ ਕਰਕੇ ਪਾਈਦਾ ਹੈ, (ਦਰਸ਼ਨ ਮਿਲੇ ਤਾਂ ਚਾਹੀਦਾ ਹੈ ਕਿ) ਬ੍ਰਹਮ ਗਿਆਨੀ ਤੋਂ (ਸਦਾ) ਬਲਿਹਾਰ ਬਲਿਹਾਰ ਜਾਈਏ। ਬ੍ਰਹਮ ਗਿਆਨੀ ਨੂੰ ਸ਼ਿਵ (ਜੀ ਵਰਗੇ ਵਡੇ ਦੇਵਤੇ ਬੀ) ਖੋਜਦੇ ਹਨ♣। (ਕਹਿੰਦੇ ਹਨ ਗੁਰੂ) ਨਾਨਕ, ਬ੍ਰਹਮ ਗਿਆਨੀ ਆਪ ਪਰਮੇਸ਼ੁਰ ਹੈ✠॥ ੬ ॥

---

*ਨਾਮ ਦਾ ਆਧਾਰ ਸਾਰੇ ਆਸਰਿਆਂ ਦੀ ਥਾਵੇਂ ਆਧਾਰ ਹੁੰਦਾ ਹੈ, ਪਰਵਾਰ ਦਾ ਆਧਾਰ ਬੀ ਨਾਮ ਹੋ ਜਾਂਦਾ ਹੈ, ਯਥਾ–'ਹਰਿਨਾਮੁ ਪਿਤਾ ਹਰਿਨਾਮੋ ਮਾਤਾ ਹਰਿਨਾਮੁ ਸਖ ਈ ਮਿਤ੍ਰੁ ਹਮਾਰਾ ॥' [ਵਾਰ ਵਡਹੰਸ ਮ: ੪-੧੫

†ਅਹੰ ਦੂਰ ਹੋਏ ਤੇ ਆਤਮ ਜਾਗ੍ਰਤ ਹੋ ਜਾਂਦੀ ਹੈ, ਫੇਰ ਪਰਮਾਤਮ ਮੇਲ ਹੋਕੇ ਰਹਿੰਦਾ ਹੈ, ਇਸ ਕਰਕੇ ਅਗਲੀ ਤੁਕ ਵਿਚ ਦੱਸਦੇ ਹਨ ਕਿ ਉਸ ਦੇ ਅੰਦਰ ਪਰਮ ਆਨੰਦ ਰਹਿੰਦਾ ਹੈ।

‡ਕੇਵਲ ਵਾਚਕ ਗਯਾਨ ਕਾਫੀ ਨਹੀਂ, ਸਚਮੁਚ ਦਾ ਵੇਤਾ ਜਾਣਨੇ ਵਾਲਾ–ਹੋਵੇ ਤੇ ਓਹ ਪ੍ਰੇਮ ਨਾਲ ਬਣਦਾ ਹੈ, ਗਯਾਨ ਤੇ ਪ੍ਰੇਮ ਇਸ ਕਰਕੇ ਦੋਵੇਂ ਇਕੱਠੇ ਕਹੇ ਹਨ।

♣ਕਿਉਂਕਿ 'ਰੋਗੀ ਬ੍ਰਹਮਾ ਬਿਸਨੁ ਸੁ ਰੁਦ੍ਰਾ'...॥ [ਭੈਰਉ ਮਹਲਾ ੧ ਅਸਟ:-੧
ਅਤੇ 'ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ' ॥ [ਸੁਖਮਨੀ ੮–੩

✠ਯਥਾ–'ਜਿਨਿ ਜਾਤਾ ਸੋ ਤਿਸ ਹੀ ਜੇਹਾ' ॥ [ਰਾਮ: ਵਖ: ਓਅੰ:–੧੦

ਬ੍ਰਹਮ ਗਿਆਨੀ ਕੀ ਕੀਮਤਿ ਨਾਹਿ॥ ਬ੍ਰਹਮ ਗਿਆਨੀ ਕੈ ਸਗਲ ਮਨ ਮਾਹਿ॥ ਬ੍ਰਹਮ ਗਿਆਨੀ ਕਾ ਕਉਨ ਜਾਨੈ ਭੇਦੁ॥ ਬ੍ਰਹਮ ਗਿਆਨੀ ਕਉ ਸਦਾ ਅਦੇਸੁ॥ ਬ੍ਰਹਮ ਗਿਆਨੀ ਕਾ ਕਥਿਆ ਨ ਜਾਇ ਅਧਾਖ੍ਹਰੁ॥ ਬ੍ਰਹਮ ਗਿਆਨੀ ਸਰਬ ਕਾ ਠਾਕੁਰੁ॥ ਬ੍ਰਹਮ ਗਿਆਨੀ ਕੀ ਮਿਤਿ ਕਉਨੁ ਬਖਾਨੈ॥ ਬ੍ਰਹਮ ਗਿਆਨੀ ਕੀ ਗਤਿ ਬ੍ਰਹਮ ਗਿਆਨੀ ਜਾਨੈ॥ ਬ੍ਰਹਮ ਗਿਆਨੀ ਕਾ ਅੰਤੁ ਨ ਪਾਰੁ॥ ਨਾਨਕ ਬ੍ਰਹਮ ਗਿਆਨੀ ਕਉ ਸਦਾ ਨਮਸਕਾਰੁ॥ ੭॥

(ਪਰਮੇਸ਼ੁਰ ਵਿਚ ਅਭੇਦ ਹੋਕੇ ਪਰਮੇਸ਼ੁਰ ਰੂਪ ਕਹਿ ਆਏ ਹਨ, ਇਸ ਕਰਕੇ ਫੁਰਮਾਉਂਦੇ ਹਨ ਕਿ-) ਬ੍ਰਹਮ ਗਿਆਨੀ ਦੀ ਕੀਮਤ ਨਹੀਂ (ਪੈ ਸਕਦੀ)*। ਬ੍ਰਹਮ ਗਿਆਨੀ ਦੇ ਮਨ ਵਿਚ ਸਾਰਾ (ਕੁਛ ਹੀ) ਹੈ (ਭਾਵ, ਗੁਣ, ਗਯਾਨ, ਬ੍ਰਹਮੰਡ)। ਬ੍ਰਹਮ ਗਿਆਨੀ ਦਾ ਭੇਦ ਕੌਣ ਜਾਣ ਸਕਦਾ ਹੈ†? (ਇਸ ਲਈ) ਬ੍ਰਹਮ ਗਿਆਨੀ ਨੂੰ ਸਦਾ ਨਮਸਕਾਰ ਕਰਨੀ ਚਾਹੀਏ। ਬ੍ਰਹਮ ਗਿਆਨੀ (ਦੀ ਮਹਿਮਾ) ਦਾ ਅੱਧਾ ਅੱਖਰ ਬੀ ਨਹੀਂ ਕਿਹਾ ਜਾ ਸਕਦਾ (ਭਾਵ ਥੋੜੀ ਮਹਿਮਾਂ ਬੀ ਨਹੀਂ ਕਹੀ ਜਾ ਸਕਦੀ)। ਬ੍ਰਹਮ ਗਿਆਨੀ ਸਭ ਦਾ ਠਾਕਰ (ਭਾਵ ਸਨਮਾਨਣੇ ਯੋਗ ਹੈ)। ਬ੍ਰਹਮ ਗਿਆਨੀ ਦੀ ਮਿਤਿ ਕਉਣ ਕਹੇ? ਬ੍ਰਹਮ ਗਿਆਨੀ ਦੀ ਗਤੀ ਨੂੰ ਬ੍ਰਹਮ ਗਿਆਨੀ (ਹੀ) ਜਾਣ ਸਕਦਾ ਹੈ‡। ਬ੍ਰਹਮ ਗਿਆਨੀ ਦੀ ਹਦ ਤੇ ਅੰਤ ਨਹੀਂ ਪਾਇਆ ਜਾਂਦਾ।(ਤਾਂਤੇ ਬ੍ਰਹਮ ਗਿਆਨੀ ਨੂੰ (ਸਾਡੀ) ਸਦਾ ਨਮਸਕਾਰ ਹੈ, ਹੇ ਨਾਨਕ! ॥ ੭ ॥

ਬ੍ਰਹਮ ਗਿਆਨੀ ਸਭ ਸ੍ਰਿਸਟਿ ਕਾ ਕਰਤਾ॥ ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ॥ ਬ੍ਰਹਮ ਗਿਆਨੀ ਮੁਕਤਿ ਜੁਗਤਿ ਜੀਅ ਕਾ ਦਾਤਾ॥ ਬ੍ਰਹਮ ਗਿਆਨੀ ਪੂਰਨ ਪੁਰਖੁ ਬਿਧਾਤਾ॥ ਬ੍ਰਹਮ ਗਿਆਨੀ ਅਨਾਥ ਕਾ ਨਾਥੁ॥ ਬ੍ਰਹਮ ਗਿਆਨੀ ਕਾ ਸਭ ਊਪਰਿ ਹਾਥੁ॥ ਬ੍ਰਹਮ ਗਿਆਨੀ ਕਾ ਸਗਲ ਅਕਾਰੁ॥ ਬ੍ਰਹਮ ਗਿਆਨੀ ਆਪਿ ਨਿਰੰਕਾਰੁ॥ ਬ੍ਰਹਮ ਗਿਆਨੀ ਕੀ ਸੋਭਾ ਬ੍ਰਹਮ ਗਿਆਨੀ ਬਨੀ॥ ਨਾਨਕ ਬ੍ਰਹਮ ਗਿਆਨੀ ਸਰਬ ਕਾ ਧਨੀ॥ ੮ ॥ ੮ ॥

ਬ੍ਰਹਮ ਗਿਆਨੀ ਸਾਰੀ ਸ੍ਰਿਸ਼ਟੀ ਦਾ ਰਚਣੇ ਹਾਰਾ ਹੈ (ਸਮੁੰਦਰ ਵਿਚ ਨਦੀ ਵਤ ਪੈਕੇ ਸਮੁੰਦਰ ਜੁ ਹੋ ਚੁਕਾ ਹੈ)। ਬ੍ਰਹਮ ਗਿਆਨੀ ਸਦਾ ਜੀਂਵਦਾ ਹੈ (ਕਦੇ) ਮਰਦਾ ਨਹੀਂ! ਬ੍ਰਹਮ ਗਿਆਨੀ ਮੁਕਤੀ, (ਮੁਕਤੀ ਦੀ) ਜੁਗਤੀ (ਤੇ) ਜੀਅਦਾਨ ਦਾ ਦੇਣੇ ਵਾਲਾ ਹੈ। ਬ੍ਰਹਮ ਗਿਆਨੀ ਪੂਰਨ ਪੁਰਖ ਹੈ, ਵਿਧਾਤਾ (ਸਰੂਪ) ਹੈ। ਬ੍ਰਹਮ ਗਿਆਨੀ ਅਨਾਥਾਂ ਦਾ ਨਾਥ ਹੈ। (ਸੋ) ਬ੍ਰਹਮ ਗਿਆਨੀ ਦਾ ਹੱਥ ਸਭ ਦੇ (ਸਿਰ) ਉਤੇ ਹੁੰਦਾ ਹੈ। (ਭਾਵ ਸਭ ਦਾ ਸਹਾਈ ਹੈ)। ਸਾਰਾ ਆਕਾਰ ਬ੍ਰਹਮ ਗਿਆਨੀ ਦਾ (ਅਪਣਾ❦)ਹੈ ਉਸਨੂੰ ਓਪਰਾ ਕੋਈ ਨਹੀਂ)। ਬ੍ਰਹਮ ਗਿਆਨੀ (ਤਾਂ) ਆਪ ਹੀ ਨਿਰੰਕਾਰ ਹੈ। ਬ੍ਰਹਮ ਗਿਆਨੀ ਦੀ ਸੋਭਾ ਬ੍ਰਹਮ ਗਿਆਨੀ ਨੂੰ ਹੀ ਫਬਦੀ ਹੈ❋ (ਕਹਿੰਦੇ ਹਨ ਗੁਰੂ) ਨਾਨਕ, ਬ੍ਰਹਮ ਗਿਆਨੀ ਸਭ ਦਾ ਧਨੀ ਹੈ॥ ੮ ॥ ੮ ॥

---

*ਬ੍ਰਹਮ ਗਯਾਨੀ ਦੇ ਆਪ ਅਨੰਤਤਾ ਵਿਚ ਲੀਨ ਹੋ ਜਾਣ ਕਰਕੇ ਉਸ ਦੀ ਕੀਮਤ ਕੀਕੂੰ ਪੈ ਸਕਦੀ ਹੈ। ਉਹ 'ਥਿਰੁ ਪਾਰਬ੍ਰਹਮੁ ਪਰਮੇਸਰੋ ਸੇਵਕੁ ਥਿਰੁ ਹੋਸੀ' ਅਨੁਸਾਰ ਪਰਮੇਸ਼ੁਰ ਵਾਙੂ ਹੀ ਅਮੁੱਲ ਹੋ ਗਿਆ ਹੈ।

†ਆਪ ਤਾਂ ਉਹ ਅਨੰਤਤਾ ਵਿਚ ਹੈ ਪਰ ਸਾਰਾ ਗਯਾਨ (ਅਥਵਾ ਸਾਰਾ ਬ੍ਰਹਮੰਡ) ਉਸ ਨੂੰ ਪ੍ਰਾਪਤ ਹੈ, ਇਸ ਕਰਕੇ ਉਸ ਨੂੰ ਸਮਝ ਸਕਣਾ ਕਠਨ ਹੈ।

‡ਭਾਵ, ਉਹ ਆਪਣੀ ਗਤਿ ਆਪ ਹੀ ਜਾਣਦਾ ਹੈ ਯਾ ਕੋਈ ਬ੍ਰਹਮ ਗਯਾਨੀ ਹੋਵੇ ਤਾਂ ਉਸ ਨੂੰ ਪਛਾਣੇ।

❦(ਅ) ਉਹ ਅਰੂਪ ਵਿਚ ਅਭੇਦ ਹੋ ਗਿਆ ਹੈ ਤਾਂ ਤੇ ਸਾਰਾ ਰੂਪ ਉਸੇ ਦਾ ਹੈ।

❋ਉਸਦੀ ਸ਼ੋਭਾ ਤੇ ਸ਼ਾਨ ਦਾ ਹੋਰ ਕੋਈ ਨਹੀਂ, ਭਾਵ ਉਸਦੀ ਉਪਮਾ ਕਿਸੇ ਨਾਲ ਨਹੀਂ ਦਿੱਤੀ ਜਾ ਸਕਦੀ।

**ਨਿਰੁਕ੍ਤ**—ਬ੍ਰਹਮ ਗਿਆਨੀ—ਵੇਖੋ ਪੰਨਾ ੨੧੭ ਸੰਥਜਾ ਪੋਥੀ ਪਹਿਲੀ।

ਦ੍ਰਿਸਟਿ ਸਮਾਨਿ—ਸਮਾਨ ਦ੍ਰਿਸ਼ਟੀ [ਸੰਸ:, ਦ੍ਰਿਸ਼ਿ:] ਇਕੋ ਜਿਹੀ ਦ੍ਰਿਸ਼ਟੀ, ਬਰਾਬਰ ਦੇਖਣਾ, ਸਭ ਨੂੰ ਇਕੋ ਨਜ਼ਰ ਨਾਲ ਵੇਖਣਾ। ਏਥੇ ਭਾਵ ਹੈ ਬ੍ਰਹਮ ਗਿਆਨੀ ਸਮਦ੍ਰਿਸ਼ਟਾ ਹੁੰਦਾ ਹੈ, ਰਾਜੇ ਕੰਗਾਲ ਸਭ ਨੂੰ ਇਕ ਤੁੱਲ ਦੇਖਦਾ ਹੈ।

ਸਹਜ—ਕੁਦਰਤੀ; ਜਿਸ ਲਈ ਜਤਨ ਦੀ ਲੋੜ ਨਹੀਂ। (ਵੇਖੋ ਪੰਨਾ ੨੬੯, ੬੨੧)।

ਆਕਾਸੁ—ਇਸ ਦਾ ਮੂਲ ਅਰਥ ਹੈ—ਆ=ਸਭ ਓਰਤੇ। ੨. ਵਿਸ਼੍ਵ, ਜਗਤ। ਕਾਸ਼ ਧਾਤੂ. ਚਾਨਣਾ ਕਰਨਾ। (ਅ) ਐਉਂ ਬੀ ਲਾਉਂਦੇ ਹਨ:-ਅਕਾਸ਼ (ਗਗਨ) ਨੂੰ ਬ੍ਰਹਮ ਨਾਲ ਉਪਮਾ ਦੇਂਦੇ ਹਨ। ਜਿਵੇਂ ਗਗਨ ਧਰਤੀ ਨੂੰ ਵੇਹੜੇ ਹੋਏ ਹੈ, ਅੰਦਰ ਬੀ ਬਾਹਰ ਬੀ, ਤਿਵੇਂ ਬ੍ਰਹਮ ਗਿਆਨੀ ਨੂੰ ਬ੍ਰਹਮ ਵੇਹੜੇ ਰਹਿੰਦਾ ਹੈ।

ਜੁਗਤਾ—[ਸੰਸ:, ਯੁਕ੍ਤਿ:] ਚਲਨ, ਵਰਤੇਂ ਵਿਹਾਰ, ਤ੍ਰੀਕਾ, ਤਰਕੀਬ, ਮਿਲਾਪ। ਰਹਿਣ ਬਹਿਣ ਦੇ ਵਰਤਾਵਿਆਂ ਦੇ ਤ੍ਰੀਕੇ। (ਅ) ਜਗਜਾਸੂਆਂ ਨੂੰ ਸਾਈਂ ਵਿਚ ਜੋੜਨ ਦੀ ਜੁਗਤੀ (ਨਿਰਮਲ ਹੁੰਦੀ ਹੈ)-[ਸੰਪ੍ਰਦਾ।

ਪਰਉਪਕਾਰ ਉਮਾਹਾ—ਪਰਉਪਕਾਰ ਦਾ ਉਮਾਹ। ਉਮਾਹ=[ਉਮਾਹ=ਹਿੰਦੀ, ਉਮੰਗ=ਸੰਸ:, ਉਦ੍+ਮਗ੍ਨ। ਪੁ: ਪੰਜਾਬੀ, ਉਮਾਹਨਾ=ਭਰਕੇ ਉਤੇ ਆਉਣਾ, ਉੱਛਲਣਾ, ਉਸਤੋਂ ਉਮਾਹ=ਉਮੜਕੇ ਆ ਰਹੀ ਖੁਸ਼ੀ] ਖੁਸ਼ੀ, ਬਹੁਤੀ ਖੁਸ਼ੀ।

ਜਿਵੇਂ ਚਸ਼ਮਾ ਉਮਾਹੁ ਜਲ ਦੇਂਦਾ ਹੈ ਤਿਵੇਂ ਉਸ ਤੋਂ ਸੁਤੇ ਹੀ ਪਰਉਪਕਾਰ ਹੁੰਦਾ ਹੈ।

ਸੁਫਲ ਫਲਾ—ਸੁਹਣੇ ਫਲਾਂ ਨਾਲ ਫਲਦਾ ਹੈ—[ਸੰਸ: ਫਲ੍=ਫਲਨਾ, ਸਫਲ ਹੋਣਾ+ਫਲਾ= ਫਲੰ=ਫਲ, ਨਤੀਜਾ] ਭਾਵ ਜੋ ਕੁਛ ਕਰਦਾ ਹੈ ਉਸ ਨੂੰ ਸ੍ਰੇਸ਼ਟ ਫਲ ਲਗਦੇ ਹਨ, ਉਸ ਦੇ ਸਤਿਸੰਗ ਨਾਲ ਜਗਜਾਸੂ ਤਿਆਰ ਹੁੰਦੇ ਹਨ ਤੇ ਓਹ ਅਗੋਂ ਗਯਾਨ ਦਾਨ ਕਰਦੇ ਹਨ। ਅਗਲੀ ਤੁਕ ਵਿਚ ਇਸ ਭਾਵ ਦਾ ਵਿਸਥਾਰ ਹੈ।

ਅਹੰਬੁਧਿ—[ਸੰਸ:, ਅਹੰ=ਹੰਕਾਰ, ਹਉਮੈ+ਬੁਧਿ=ਮਤਿ, ਸਮਝ] ਅਹੰਕਾਰ ਵਾਲੀ ਬੁੱਧੀ, ਹਉਮੈ ਵਾਲੀ ਬੁੱਧੀ। ਹਉਮੈ ਨੂੰ।

ਸੁਖ ਸਹਜ—ਆਤਮਾ ਦੇ ਪਰਮਾਤਮਾ ਨਾਲ ਮੇਲ ਹੋ ਗਏ ਤੋਂ ਜੋ ਅਸਲੀ ਤੇ ਅਮਰ ਸੁਖ ਪ੍ਰਾਪਤ ਹੁੰਦਾ ਹੈ ਸੋ ਸਹਜ ਸੁਖ ਹੈ।

ਬੇਤਾ—[ਸੰਸ, ਵੇਤ੍ਰਾ=ਗਯਾਤਾ, ਜਾਨਣੇ ਵਾਲੇ] ਜਾਣਨੇ ਵਾਲਾ। ਗਯਾਤਾ।

ਅਚਿੰਤ—[ਸੰਸ:,ਅ=ਨਹੀਂ+ਚਿੰਤਾ=ਸੋਚ, ਫਿਕਰ, ਡਰ, ਚਿੰਤਾ] ਅਚਿੰਤਤਾਈ। ਯਾ ਅਚਿੰਤ (ਵਾਹਿਗੁਰੂ)।

ਮੰਤ—[ਸੰਸ:, ਮਨ੍ਤਵ੍ਯ=ਮੰਨਣ ਯੋਗ, ਮੰਨਿਆਂ ਹੋਇਆ] ਮਨ ਦਾ ਅੰਦਰਲਾ ਭਾਵ।

(ਅ) ਮੰਤ ਨੂੰ ਮੰਤ੍ਰ ਸਮਝਕੇ 'ਉਪਦੇਸ਼' ਅਰਥ ਬੀ ਲਾਉਂਦੇ ਹਨ।

ਮਹੇਸੁਰ—[ਸੰਸ:, ਮਹਾ+ਈਸ਼੍ਵਰ:=ਸ਼ਿਵਜੀ] ਮਹੇਸ਼੍ਵਰ, ਇਹ ਸ਼ਿਵ ਜੀ ਦਾ ਨਾਮ ਹੈ।

ਪਰਮੇਸੁਰ—[ਸੰਸ:, ਪਰਮ+ਈਸ਼੍ਵਰ:=ਸਰ੍ਵ ਸ਼ਕਤਿਮਾਨ ਪਾਰਬ੍ਰਹਮ] ਇਹ ਨਾਮ ਅਕਾਲ ਪੁਰਖ ਦਾ ਹੈ।

ਮਿਤਿ ਗਤਿ—ਮਿਤਿ=ਵਿਸਥਾਰ, ਹੱਦ, ਵੇਰਵਾ ਕਿ ਓਹ ਕੇਡਾਕੁ ਹੈ। ਗਤਿ=ਪਹੁੰਚ, ਗਯਾਨ, ਪ੍ਰਾਪਤੀ, ਹਾਲਤ। (ਵੇਖੋ ਪੰਨਾ ੧੬੭੬)।

ਜੁਗਤਿ ਕਾ ਦਾਤਾ—ਭਾਵ ਵਾਹਿਗੁਰੂ ਮਿਲਾਪ ਦਾ ਤ੍ਰੀਕਾ ਦੱਸਣੇ ਵਾਲਾ ਹੈ।

ਜੀਅ ਕਾ ਦਾਤਾ—[ਸੰਸ:, ਜੀਵ:] ਰੂਹਾਨੀ ਜ਼ਿੰਦਗੀ ਦੇਣ ਵਾਲਾ ਹੈ।

ਬਿਧਾਤਾ—ਰਚਨੇ ਹਾਰ (ਵੇਖੋ ਪੰਨਾ ੨੧੮)।

ਧਨੀ—[ਸੰਸ:,] ਧਨੀ ਪੁਰਸ਼, ਦੌਲਤਮੰਦ, ਅਮੀਰ। (ਅ) (ਸਭ ਦਾ) ਮਾਲਕ ਤੇ ਦਾਤਾ।

## [ਅਸਟਪਦੀ—ਨੌਵੀਂ]

**ਪ੍ਰਾਕ੍ਰਥਨ—**ਅਗਲੀ ਅਸਟਪਦੀ ਵਿਚ, ਅਪਰਸ, ਬੈਸਨੋ, ਭਗਉਤੀ, ਪੰਡਿਤ, ਰਾਮਦਾਸ ਜੀਵਨ ਮੁਕਤ ਲਈ ਲੱਛਣ ਦੱਸੇ ਹਨ, ਜੋ ਉਨ੍ਹਾਂ ਵਿਚ ਸਚਮੁਚ ਚਾਹੀਦੇ ਹਨ। ਕੇਵਲ 'ਨਾਮ ਮਾਤ੍ਰ' ਤੇ ਭਰਮਾਂ ਵਿਚ ਫਾਥੇ ਏਹ ਨਾਮ ਤਾਰਦੇ ਨਹੀਂ। ਅੰਕ ੮ ਵਿਚ ਸਿਧਾਂਤ ਕਥਿਆ ਹੈ।

ਸਲੋਕੁ ॥ ਉਰਿ ਧਾਰੈ ਜੋ ਅੰਤਰਿ ਨਾਮੁ ॥ ਸਰਬ ਮੈ ਪੇਖੈ ਭਗਵਾਨੁ॥ ਨਿਮਖ ਨਿਮਖ ਠਾਕੁਰ ਨਮਸਕਾਰੈ ॥ ਨਾਨਕ ਓਹੁ ਅਪਰਸੁ ਸਗਲ ਨਿਸਤਾਰੈ ॥ ੧ ॥

ਜੋ (ਆਦਮੀ ਅਪਣੇ) ਹਿਰਦੇ ਵਿਚ ਨਾਮ ਨੂੰ ਧਾਰਨ ਕਰ ਲਵੇ, ਸਭਨਾਂ (ਜੀਵਾਂ) ਵਿਚ ਅਕਾਲ ਪੁਰਖ ਨੂੰ (ਪੂਰਨ) ਦੇਖੇ (ਅਰ)ਪਲ ਪਲ ਵਿਚ ਪਰਮੇਸ਼ੁਰਨੂੰ ਨਮਸਕਾਰ ਕਰੇ,ਹੇਨਾਨਕ! ਉਹ ਅਪਰਸ ਹੈ, ਤੇ (ਉਹ) ਸਭ ਨੂੰ ਤਾਰ ਲੈਂਦਾ ਹੈ ॥ ੧ ॥

ਅਸਟਪਦੀ ॥ ਮਿਥਿਆ ਨਾਹੀ ਰਸਨਾ ਪਰਸ ॥ ਮਨ ਮਹਿ ਪ੍ਰੀਤਿ ਨਿਰੰਜਨ ਦਰਸ ॥ ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ ॥ ਸਾਧ ਕੀ ਟਹਲ ਸੰਤ ਸੰਗਿ ਹੇਤ ॥ ਕਰਨ ਨ ਸੁਨੈ ਕਾਹੂ ਕੀ ਨਿੰਦਾ ॥ ਸਭ ਤੇ ਜਾਨੈ ਆਪਸ ਕਉ ਮੰਦਾ ॥ ਗੁਰ ਪ੍ਰਸਾਦਿ ਬਿਖਿਆ ਪਰਹਰੈ ॥ ਮਨ ਕੀ ਬਾਸਨਾ ਮਨ ਤੇ ਟਰੈ॥ ਇੰਦ੍ਰੀਜਿਤ ਪੰਚ ਦੋਖ ਤੇ ਰਹਤ ॥ ਨਾਨਕ ਕੋਟਿ ਮਧੇ ਕੋ ਐਸਾ ਅਪਰਸ ॥ ੧ ॥

(ਗੁਰਮਤ ਦਾ ਆਦਰਸ਼ਕ ਅਪਰਸ ਇਹ ਹੈ ਜੋ) ਰਸਨਾ ਨੂੰ ਝੂਠ ਨਾਲ ਛੂਹਣ ਨਹੀਂ ਦੇਂਦਾ । ਮਨ ਵਿਖੇ ਮਾਇਆ ਰਹਿਤ (ਪਰਮੇਸ਼ੁਰ) ਦੇ ਦਰਸ਼ਨ ਦੀ ਪ੍ਰੀਤਿ (ਰਖਦਾ) ਹੈ, ਪਰਾਈ ਇਸਤ੍ਰੀ ਦਾ ਰੂਪ (ਵਿਸ਼ੇ ਭਾਵਨਾਂ ਦੇ) ਨੇਤ੍ਰਾਂ (ਕਰਕੇ) ਨਹੀਂ ਦੇਖਦਾ, ਸਾਧਾਂ ਦੀ ਟਹਿਲ (ਕਰਦਾ ਹੈ ਤੇ) ਸੰਤਾਂ ਨਾਲ ਪ੍ਰੇਮ ਕਰਦਾ ਹੈ। ਕੰਨਾਂ ਨਾਲ ਕਿਸੇ ਦੀ ਨਿੰਦਾ ਨਹੀਂ ਸੁਣਦਾ (ਸਗੋਂ) ਅਪਣੇ ਆਪ ਨੂੰ ਸਭ ਤੋਂ ਮਾੜਾ ਜਾਣਦਾ ਹੈ। ਗੁਰੂ ਦੀ ਕ੍ਰਿਪਾ ਨਾਲ (ਵਿਸ਼ਯ ਵਾਸ਼ਨਾ ਰੂਪੀ) ਵਿਹੁ ਨੂੰ ਦੂਰ ਰਖਦਾ ਹੈ, (ਜਿਸ ਦੀ ਸਗਲ) ਮਨੋ ਵਾਸ਼ਨਾ ਮਨ ਤੋਂ ਟਲ ਜਾਂਦੀ ਹੈ, (ਜੋ) ਇੰਦ੍ਰੇ ਜਿਤ (ਹੁੰਦਾ ਹੈ ਤੇ) ਪੰਜ ਦੋਖਾਂ ਤੋਂ ਬਚ ਗਿਆ ਹੁੰਦਾ ਹੈ, ਐਸਾ (ਪੁਰਖ) ਅਪਰਸ (ਕਹਾਉਣੇ ਯੋਗ ਹੈ ਤੇ ਉਹ) ਕ੍ਰੋੜਾਂ ਵਿਚੋਂ ਕੋਈ (ਇਕ) ਹੁੰਦਾ ਹੈ (ਦੱਸਦੇ ਹਨ ਗੁਰੂ) ਨਾਨਕ (ਦੇਵ ਜੀ) ॥ ੧ ॥

ਬੈਸਨੋ ਸੋ ਜਿਸੁ ਊਪਰਿ ਸੁ ਪ੍ਰਸੰਨ ॥ ਬਿਸਨ ਕੀ ਮਾਇਆ ਤੇ ਹੋਇ ਭਿੰਨ ॥ ਕਰਮ ਕਰਤ ਹੋਵੈ ਨਿਹ-ਕਰਮ॥ ਤਿਸੁ ਬੈਸਨੋ ਕਾ ਨਿਰਮਲ ਧਰਮ ॥ ਕਾਹੂ ਫਲ ਕੀ ਇਛਾ ਨਹੀ ਬਾਛੈ ॥ ਕੇਵਲ ਭਗਤਿ ਕੀਰਤਨ ਸੰਗਿ ਰਾਚੈ ॥ ਮਨ ਤਨ

ਵੈਸ਼ਨੋਂ ਉਹ ਹੈ, ਜਿਸ ਪੁਰ ਉਹ (ਪਰਮੇਸ਼ੁਰ ਆਪ) ਪ੍ਰਸੰਨ ਹੈ, (ਅਰ ਜੋ) ਪਰਮੇਸ਼ੁਰ ਦੀ ਮਾਇਆ ਤੋਂ (ਅਪਣੇ ਆਪ ਨੂੰ) ਅੱਡ ਰਖਦਾ ਹੈ, ਜੋ ਕਰਮ ਕਰਦਾ ਹੋਇਆ ਨਿਹਕਰਮੀ ਰਹਿੰਦਾ ਹੈ, ਉਸ ਵੈਸ਼ਨੋਂ ਦਾ ਧਰਮ ਪਵਿਤ੍ਰ ਹੈ । (ਅਰਥਾਤ) ਜੋ ਕਿਸੇ (ਕਰਮ ਦੇ) ਫਲ ਦੀ ਇੱਛਾ ਨਹੀਂ ਧਾਰਦਾ, ਕੇਵਲ (ਪਰਮੇਸ਼ੁਰ ਦੀ) ਭਗਤੀ (ਤੇ ਉਸਦੇ) ਜਸ ਗਾਉਣ ਵਿਚ ਹੀ ਰਚਿਆ ਰਹਿੰਦਾ ਹੈ। (ਜਿਸਦੇ) ਮਨ ਤਨ ਦੇ ਅੰਦਰ ਪਰਮੇਸ਼ੁਰ

ਅੰਤਰਿ ਸਿਮਰਨ ਗੋਪਾਲ ॥ ਸਭ ਊਪਰਿ ਹੋਵਤ ਕਿਰਪਾਲ ॥ ਆਪਿ ਦ੍ਰਿੜੈ ਅਵਰਹ ਨਾਮੁ ਜਪਾਵੈ ॥ ਨਾਨਕ ਓਹੁ ਬੈਸਨੋ ਪਰਮਗਤਿ ਪਾਵੈ ॥ ੨ ॥

ਦਾ ਸਿਮਰਨ* ਹੈ (ਤੇ ਜੋ ਸੰਸਾਰਿਕ ਵਰਤੋਂ ਵਿਚ) ਸਭ ਉਤੇ ਕ੍ਰਿਪਾਲੂ ਹੋਕੇ ਵਰਤਦਾ ਹੈ। (ਅਰਥਾਤ ਜੋ) ਆਪ (ਤਾਂ) ਨਾਮ (ਅਪਣੇ ਮਨ ਵਿਚ) ਪੱਕਾ ਕਰੀ ਰੱਖਦਾ ਹੈ ਤੇ ਹੋਰਨਾਂ ਨੂੰ (ਨਾਮ) ਜਪਾਉਂਦਾ ਹੈ (ਕਹਿੰਦੇ ਹਨ ਗੁਰੂ) ਨਾਨਕ ਉਹ ਵੈਸ਼ਨੋ ਪਰਮਗਤੀ ਨੂੰ ਪ੍ਰਾਪਤ ਹੁੰਦਾ ਹੈ ॥ ੨ ॥

ਭਗਉਤੀ ਭਗਵੰਤ ਭਗਤਿ ਕਾ ਰੰਗੁ ॥ ਸਗਲ ਤਿਆਗੈ ਦੁਸਟ ਕਾ ਸੰਗੁ॥ ਮਨ ਤੇ ਬਿਨਸੈ ਸਗਲਾ ਭਰਮੁ ॥ ਕਰਿ ਪੂਜੈ ਸਗਲ ਪਾਰਬ੍ਰਹਮੁ ॥ ਸਾਧ ਸੰਗਿ ਪਾਪਾ ਮਲੁ ਖੋਵੈ॥ ਤਿਸੁ ਭਗਉਤੀ ਕੀ ਮਤਿ ਊਤਮ ਹੋਵੈ॥ ਭਗਵੰਤ ਕੀ ਟਹਲ ਕਰੈ ਨਿਤ ਨੀਤਿ ॥ ਮਨੁ ਤਨੁ ਅਰਪੈ ਬਿਸਨ ਪਰੀਤਿ ॥ ਹਰਿ ਕੇ ਚਰਨ ਹਿਰਦੈ ਬਸਾਵੈ ॥ ਨਾਨਕ ਐਸਾ ਭਗਉਤੀ ਭਗਵੰਤ ਕਉ ਪਾਵੈ॥ ੩ ॥

(ਅਸਲੀ) ਭਗਉਤੀ (ਉਹ ਪੁਰਖ ਹੈ, ਜਿਸ ਨੂੰ) ਭਗਵੰਤ (=ਅਕਾਲ ਪੁਰਖ) ਦੀ ਭਗਤੀ ਦਾ ਰੰਗ (ਚੜ੍ਹ ਗਿਆ ਹੋਵੇ), ਸਰਬਥਾ† (ਭਾਵ ਮੂਲੋਂ) ਦੁਸ਼ਟ (ਪੁਰਖਾਂ, ਕਰਮਾਂ ਤੇ ਵਾਸ਼ਨਾ) ਦਾ ਸੰਗ ਤਿਆਗ ਦੇਵੇ, (ਜਿਸਦੇ) ਮਨ ਤੋਂ ਸਾਰਾ ਭਰਮ ਦੂਰ ਹੋ ਗਿਆ ਹੋਵੇ । (ਜੋ) ਪਾਰਬ੍ਰਹਮ ਨੂੰ, ਸਗਲ (ਰੂਪ ਵਿਚ ਵਯਾਪਕ) ਜਾਣਕੇ ਪੂਜਦਾ ਹੋਵੇ‡ । (ਜੋ ਪਹਿਲੋਂ) ਸਾਧਾਂ ਦੇ ਸੰਗ ਵਿਚ (ਬੈਠਕੇ) ਪਾਪਾਂ ਦੀ ਮੈਲ ਨੂੰ ਦੂਰ ਕਰ ਲੈਂਦਾ ਹੈ, ਉਸ ਭਗਉਤੀ ਦੀ ਬੁੱਧੀ ਉੱਤਮ ਹੋ ਜਾਂਦੀ ਹੈ। (ਉਹ) ਅਕਾਲ ਪੁਰਖ ਦੀ ਟਹਿਲ ਨਿਤ ਹੀ ਨਿਤ ਕਰਦਾ ਹੈ। (ਗੱਲ ਕੀ) ਮਨ ਤੇ ਤਨ (ਦੋਵੇਂ) ਅਕਾਲ ਪੁਰਖ ਦੀ ਪ੍ਰੀਤਿ ਦੇ ਅਰਪਨ ਕਰ ਦੇਂਦਾ ਹੈ (ਅਤੇ) ਸਦਾ ਪਰਮੇਸ਼ੁਰ ਦੇ ਚਰਣ ਹ੍ਰਿਦੇ ਵਿਚ ਵਸਾਉਂਦਾ ਹੈ, ਹੇ ਨਾਨਕ ! ਐਸਾ ਭਗਉਤੀ ਪਰਮੇਸ਼ੁਰ❦ ਨੂੰ ਪਾ ਲੈਂਦਾ ਹੈ। ੩ ॥

ਸੋ ਪੰਡਿਤੁ ਜੋ ਮਨੁ ਪਰਬੋਧੈ ॥ ਰਾਮ ਨਾਮੁ ਆਤਮ ਮਹਿ ਸੋਧੈ ॥ ਰਾਮ ਨਾਮ ਸਾਰੁ ਰਸੁ ਪੀਵੈ ॥ ਉਸੁ ਪੰਡਿਤ ਕੈ ਉਪਦੇਸਿ ਜਗੁ ਜੀਵੈ ॥ ਹਰਿ ਕੀ ਕਥਾ ਹਿਰਦੈ ਬਸਾਵੈ ॥ ਸੋ ਪੰਡਿਤੁ ਫਿਰਿ ਜੋਨਿ ਨ ਆਵੈ ॥ ਬੇਦ ਪੁਰਾਨ ਸਿਮ੍ਰਿਤਿ ਬੂਝੈ ਮੂਲੁ ॥ ਸੂਖਮ ਮਹਿ ਜਾਨੈ ਅਸਥੂਲੁ॥ ਚਹੁ ਵਰਨਾ ਕਉ ਦੇ ਉਪਦੇਸੁ ॥

(ਨਾਉਂ ਧ੍ਰੀਕ ਪੰਡਤ ਪੰਡਤ ਨਹੀਂ) ਪੰਡਤ ਉਹ ਹੈ ਜੋ (ਅਪਣੇ) ਮਨ ਨੂੰ ਸੁਸਿਖਯਤ ਕਰ ਲੈਂਦਾ ਹੈ, ਵਾਹਿਗੁਰੂ ਦੇ ਨਾਮ ਨੂੰ (ਅਪਣੇ) ਮਨ ਵਿਚ ਵੀਚਾਰ ਵੀਚਾਰਕੇ✻। (ਐਉਂ ਜੋ) ਰਾਮ ਨਾਮ ਦੇ ਤਤ ਰਸ ਨੂੰ (ਆਪ) ਪੀਂਦਾ ਹੈ, ਉਸ ਪੰਡਤ ਦੇ ਉਪਦੇਸ਼ ਨਾਲ ਜਗਤ ਜੀਉ ਪੈਂਦਾ ਹੈ♆। (ਜੋ) ਹਰੀ ਦੀ ਕਥਾ ਨੂੰ (ਅਪਣੇ) ਹਿਰਦੇ ਵਿਚ ਵਸਾ ਲੈਂਦਾ ਹੈ✠, ਉਹ ਪੰਡਤ ਫਿਰ ਜੂਨਿ ਨਹੀਂ ਪਾਉਂਦਾ । (ਹਾਂ, ਪੰਡਤ ਉਹ ਹੈ ਜੋ) ਵੇਦ ਪੁਰਾਨ ਤੇ ਸਿੰਮ੍ਰਤੀਆਂ ਦੇ ਮੂਲ ਨੂੰ ਸਮਝ ਲੈਂਦਾ (ਅਤੇ) ਜਾਣ ਲੈਂਦਾ ਹੈ (ਕਿ) ਸੂਖਮ (ਨਿਰਗੁਣ ਅਕਾਲ ਪੁਰਖ) ਵਿਖੇ (ਸਾਰਾ) ਅਸਥੂਲ (ਬ੍ਰਹਮੰਡ) ਹੈ । (ਇਉਂ ਜੋ

---

*ਭਾਵ, ਰਸਨਾ ਨਾਲ ਬੀ ਤੇ ਮਨ ਨਾਲ ਬੀ। †ਯਾ ਸਾਰੇ ਦੁਸ਼ਟਾਂ ਦਾ।

‡ਭਾਵ ਹੈ ਪੂਰਨ ਜਾਣਕੇ ਪੂਜੇ, ਉਸ ਨੂੰ ਇਕ ਦੇਸ਼ੀ ਜਾਂ ਇਕ ਸਰੀਰ ਦਾ ਵਾਸੀ ਨਾ ਸਮਝੇ। ਅਰਥਾਤ ਵਿਸ਼ਨੂੰ ਦੀ ਮੂਰਤੀ ਮਾਤ੍ਰ ਵਿਚ ਨਾ ਜਾਣੇ।

❦ਭਗਵੰਤ, ਪਾਰਬ੍ਰਹਮ, ਬਿਸ਼ਨੁ, ਹਰਿ, ਸਾਰੇ ਪਦ ਇਕ ਅਕਾਲ ਪੁਰਖ ਦੇ ਅਰਥਾਂ ਵਿਚ ਵਰਤੇ ਗਏ ਹਨ।

✻ਆਤਮਾ ਵਿਚ ਨਾਮ ਨੂੰ ਸੋਧਕੇ ਜਪੇ, ਭਾਵ, ਜਿਸਦਾ ਜਾਪ ਕਰਦਾ ਹੈ ਉਸ ਦਾ ਅਨੁਭਵ ਕਰ ਲਵੇ।

♆ਮਨ ਵਿਚ ਵਾਹਿਗੁਰੂ ਨਿਵਾਸ ਦਾ ਜੀਵਨ ਬਣਾ ਦੇਂਦਾ ਹੈ, ਯਥਾ-'ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥' [ਮਾਝ ਵਾਰ ਮ: ੧-੧੦।

✠ਭਾਵ ਲੋਕਾਂ ਨੂੰ ਕਥਾ ਸੁਨਾਉਣ ਵਾਲਾ ਹੀ ਨਹੀਂ ਬਣਦਾ, ਅਪਣੇ ਅਦਰ ਬੀ ਕਥਾ ਵਸਾ ਲੈਂਦਾ ਹੈ।

ਨਾਨਕ ਉਸੁ ਪੰਡਿਤ ਕਉ ਸਦਾ ਅਦੇਸੁ ॥ ੪ ॥

ਪੰਡਤ ਆਪ ਪ੍ਰਬੁਧ ਹੋਕੇ ਫਿਰ) ਚਹੁੰ ਵਰਨਾਂ* ਨੂੰ ਉਪਦੇਸ਼ ਦਿੰਦਾ ਹੈ, ਹੇ ਨਾਨਕ ! ਉਸ ਪੰਡਤ ਨੂੰ ਸਦਾ ਨਮਸਕਾਰ ਹੈ* ॥ ੪ ॥

ਬੀਜ ਮੰਤ੍ਰੁ ਸਰਬ ਕੋ ਗਿਆਨੁ ॥ ਚਹੁ ਵਰਨਾ ਮਹਿ ਜਪੈ ਕੋਊ ਨਾਮੁ ॥ ਜੋ ਜੋ ਜਪੈ ਤਿਸਕੀ ਗਤਿਹੋਇ॥ ਸਾਧ ਸੰਗਿ ਪਾਵੈ ਜਨੁ ਕੋਇ ॥ ਕਰਿ ਕਿਰਪਾ ਅੰਤਰਿ ਉਰਧਾਰੈ ॥ ਪਸੁ ਪ੍ਰੇਤ ਮੁਘਦ ਪਾਥਰ ਕਉ ਤਾਰੈ ॥ ਸਰਬ ਰੋਗ ਕਾ ਅਉਖਦੁ ਨਾਮੁ ॥ ਕਲਿਆਣ ਰੂਪ ਮੰਗਲ ਗੁਣ- ਗਾਮ ॥ ਕਾਹੂ ਜੁਗਤਿ ਕਿਤੈ ਨ ਪਾਈਐਧਰਮਿ॥ਨਾਨਕ ਤਿਸੁਮਿਲੈ ਜਿਸੁ ਲਿਖਿਆ ਧੁਰਿ ਕਰਮਿ ॥੫॥

ਬੀਜ ਮੰਤ੍ਰ (ਤੇ ਇਸਦਾ) ਗ੍ਯਾਨ ਸਭ ਨੂੰ (ਦੇਣਾ ਚਾਹੀਏ† । ਚੌਹਾਂ ਵਰਣਾਂ ਵਿਚੋਂ (ਜੇ) ਕੋਈ (ਚਾਹੇ) ਨਾਮ ਨੂੰ ਜਪੇ। ਜੋ ਜੋ ਜਪੇਗਾ ਉਸ ਦੀ ਮੁਕਤੀ ਹੋਵੇਗੀ। (ਪਰ ਇਸ ਨਾਮ ਨੂੰ) ਸਾਧਾਂ ਦੇ ਸੰਗ ਵਿਚ (ਲਗਕੇ) ਕੋਈ (ਵਿਰਲਾ) ਜਨ ਪਾਉਂਦਾ ਹੈ। (ਜਿਸ ਪਰ ਅਕਾਲ ਪੁਰਖ) ਕ੍ਰਿਪਾ ਕਰਦਾ ਹੈ (ਉਹ ਨਾਮ ਨੂੰ ਅਪਣੇ) ਹਿਰਦੇ ਦੇ ਅੰਦਰ ਧਾਰ ਲੈਂਦਾ ਹੈ, (ਐਸਾ ਨਾਮ ਤਾਂ) ਪਸ਼ੂ, ਪ੍ਰੇਤ, ਮੂਰਖ ਤੇ ਪੱਥਰਾਂ (ਸਰੀਖਿਆਂ) ਨੂੰ ਬੀ ਤਾਰਦਾ ਹੈ। ਸਾਰੇ ਰੋਗਾਂ ਦਾ ਦਾਰੂ (ਇਹ) ਨਾਮ ਹੈ, (ਪਰਮੇਸ਼ੁਰ ਦੇ) ਗੁਣਾਂ ਦਾ ਗਾਉਣਾ ਖੁਸ਼ੀਆਂ (ਦਾ ਦਾਤਾ ਤੇ) ਕਲਿਆਣ ਰੂਪ ਹੈ। (ਪਰ ਇਹ ਨਾਮ ਕਿਸੇ) ਧਰਮ ਨਾਲ (ਕਿ) ਕਿਸੇ ਤ੍ਰੀਕੇ ਨਾਲ ਕਿਵੇਂ ਬੀ ਤੇ ਕਿਤੋਂ ਬੀ ਨਹੀਂ ਲੱਭਦਾ, ਹੇ ਨਾਨਕ ! (ਇਹ) ਉਸਨੂੰ ਮਿਲਦਾ ਹੈ ਜਿਸਨੂੰ ਧੁਰੋਂ (ਰਬ ਦੀ) ਮਿਹਰ ਨਾਲ ਲਿਖਿਆ ਹੁੰਦਾ ਹੈ ॥ ੫ ॥

ਜਿਸ ਕੈ ਮਨਿ ਪਾਰਬ੍ਰਹਮ ਕਾ ਨਿਵਾਸੁ ॥ ਤਿਸਕਾ ਨਾਮੁ ਸਤਿ ਰਾਮਦਾਸੁ ॥ ਆਤਮ ਰਾਮੁ ਤਿਸੁ ਨਦਰੀ ਆਇਆ ॥ ਦਾਸ ਦਸੰਤਣ ਭਾਇ ਤਿਨਿ ਪਾਇਆ ॥ ਸਦਾ ਨਿਕਟਿ ਨਿਕਟਿ ਹਰਿ ਜਾਨੁ ॥ ਸੋ ਦਾਸੁ ਦਰਗਹ ਪਰਵਾਨੁ ॥ ਅਪੁਨੇ ਦਾਸ ਕਉ ਆਪਿ ਕਿਰਪਾ

ਜਿਸਦੇ ਮਨ ਵਿਚ ਪਾਰਬ੍ਰਹਮ ਦਾ ਨਿਵਾਸ ਹੋ ਗਿਆ ਹੋਵੇ ਉਸਦਾ ਨਾਮ ਠੀਕ 'ਰਾਮ ਦਾ ਦਾਸ' ਹੈ । ਆਤਮ ਰਾਮ ਉਸਨੂੰ ਦਿੱਸ ਪਿਆ ਹੈ। (ਕਿਸ ਤਰ੍ਹਾਂ ? ਉੱਤਰ-) ਦਾਸਾਂ ਦੇ ਦਾਸ ਬਣਨ ਵਾਲੇ ਭਾਇ ਨਾਲ ਉਸਨੇ ਪ੍ਰਾਪਤ ਕੀਤਾ ਹੈ, (ਹੁਣ ਉਹ) ਸਦੀਵ ਹਰੀ ਨੂੰ ਨੇੜੇ ਹੀ ਨੇੜੇ ਜਾਣਦਾ ਹੈ, ਉਹ (ਰਾਮ ਦਾ) ਦਾਸ ਦਰਗਾਹ ਵਿਚ ਪਰਵਾਨ ਹੁੰਦਾ ਹੈ। ਅਪਣੇ (ਪਰਵਾਣ ਹੋਇ) ਦਾਸ ਪਰ (ਪਰਮੇਸ਼ੁਰ) ਆਪ ਕ੍ਰਿਪਾ ਕਰਦਾ ਹੈ (ਤਦ) ਉਸ ਦਾਸ ਨੂੰ ਸਭ ਸੋਝੀ ਪੈ ਜਾਂਦੀ ਹੈ, (ਭਾਵ ਗ੍ਯਾਨ ਬੀ ਪ੍ਰਾਪਤ ਹੋ ਜਾਂਦਾ ਹੈ । ਫਿਰ ਉਹ) ਸਾਰਿਆਂ ਦੇ

*ਚਾਰ ਵਰਨ ਇਸ ਕਰਕੇ ਕਹੇ ਹਨ ਕਿ ਪੰਡਤ ਕੇਵਲ ਬ੍ਰਾਹਮਣਾਂ ਨੂੰ ਵਿਦ੍ਯਾ ਦੇਂਦੇ ਸਨ, ਹੋਰਨਾਂ ਤੋਂ ਨੱਕ ਵੱਟਦੇ ਸਨ (ਅਰ) ਅਜੇ ਬੀ ਵਾਹ ਲਗੀ ਘੱਟ ਨਹੀਂ ਕਰਦੇ। 'ਓਂ' ਦਾ ਮੰਤ੍ਰ ਬੀ ਸਾਰੇ ਵਰਣਾਂ ਜਾਤਾਂ ਨੂੰ ਨਹੀਂ ਸਨ ਦੇਂਦੇ। ਇਸ ਪੰਡਤ ਨੂੰ ਆਦੇਸ ਇਸ ਵਾਸਤੇ ਕਹੀ ਹੈ ਕਿ ਐਸਾ ਮਹਾਨ ਵਿਸ਼ਾਲ ਹਿਰਦੇ ਵਾਲਾ ਪੰਡਤ ਬਿਨਾ ਪੂਰਨ ਬ੍ਰਹਮ ਗ੍ਯਾਨੀ ਦੇ ਹੋਏ ਦੇ ਹੋ ਨਹੀਂ ਸਕਦਾ।

†ਪਿਛਲੇ ਅੰਕ ਵਿਚ ਚਹੁੰ ਵਰਣਾਂ ਨੂੰ ਉਪਦੇਸ਼ ਦੇਣਾ ਅਸਲੀ ਪੰਡਤ ਦਾ ਲੱਛਣ ਕਿਹਾ ਹੈ। 'ਓਂ' ਜਿਸ ਨੂੰ ਬੀਜ ਮੰਤ੍ਰ ਬੀ ਕਹਿੰਦੇ ਹਨ, ਪੰਡਤ ਇਸ ਦਾ ਉਪਦੇਸ਼ ਬ੍ਰਾਹਮਣ ਦੇ ਸਿਵਾ ਹੋਰ ਕਿਸੇ ਜਾਤੀ ਨੂੰ ਨਹੀਂ ਸਨ ਦੇਂਦੇ। ਹੁਣ ਓਸੇ ਪਰ ਜ਼ੋਰ ਦੇਂਦੇ ਹਨ ਕਿ ਬੀਜ ਮੰਤ੍ਰ ਤੇ ਇਸ ਦਾ ਗ੍ਯਾਨ ਸਭ ਕਿਸੇ ਨੂੰ ਦੇਣਾ ਚਾਹੀਏ; ਜੋ ਜਪੇਗਾ ਉਸ ਦੀ ਗਤੀ ਹੋਵੇਗੀ। ਇਸ ਤੁਕ ਦਾ ਕਈ ਲੋਕ ਏਹ ਅਰਥ ਬੀ ਕਰਦੇ ਹਨ ਕਿ ਬੀਜ ਮੰਤ ਦਾ ਗ੍ਯਾਨ 'ਸਭ' ਨੂੰ ਹੈ, ਯਾ ਸਭ ਮੰਤਾਂ ਦਾ ਬੀਜ 'ਗ੍ਯਾਨ' ਹੈ, ਯਾ ਨਾਮ ਦਾ ਬੀਜ ਸਭ ਦੇ ਅੰਦਰ ਬੀਜਿਆ ਪਿਆ ਹੈ, ਯਾ ਬੀਜ ਮਾਤ੍ਰ (ਥੋੜਾ) ਗ੍ਯਾਨ ਸਭ ਨੂੰ ਹੈ, ਯਾ ਸਰਬ ਸਾਧਨਾਂ ਦਾ ਬੀਜ ਮੰਤ੍ਰ ਗ੍ਯਾਨ ਹੈ, ਯਾ ਸਰਬ ਮੰਤਰ ਦਾ ਬੀਜ ਨਾਮ ਕੋ ਹੀ ਜਾਨ। ਪਰ ਏਹ ਅਰਥ ਪ੍ਰਸੰਗ ਨਾਲ ਢੁਕਦੇ ਨਹੀਂ, ਪਿਛਲੇ ਅੰਕ ਵਿਚ ਚਹੁੰ ਵਰਨਾਂ ਨੂੰ ਉਪਦੇਸ਼ ਦਾ ਜ਼ਿਕਰ ਹੈ ਤੇ ਇਸ ਤੁਕ ਤੋਂ ਅਗਲੀ ਤੁਕ ਵਿਚ ਬੀ 'ਜਪੈ ਕੋਊ ਨਾਮੁ' ਆਉਂਦਾ ਹੈ । ਜੈਸੇ ਹੋਰਥੇ ਬੀ ਆਪ ਜੀ ਨੇ ਫੁਰਮਾਯਾ ਹੈ:-'ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸ ਚਹੁ ਵਰਨਾ ਕਉ ਸਾਝਾ ॥' [ਸੂਹੀ ਮ: ੫-੫੦]। ਸੋ ਭਾਵ ਇਹ ਹੈ ਕਿ ਜੋ ਚਹੁ ਵਰਣਾਂ ਨੂੰ ਬੀਜ ਮੰਤ੍ਰ ਦਾ ਉਪਦੇਸ਼ ਦੇਂਦਾ ਹੈ।

ਕਰੈ ॥ ਤਿਸੁ ਦਾਸ ਕਉ ਸਭ ਸੋਝੀ ਪਰੈ ॥ ਸਗਲ ਸੰਗਿ ਆਤਮ ਉਦਾਸੁ॥ ਐਸੀ ਜੁਗਤਿ ਨਾਨਕ ਰਾਮਦਾਸੁ ॥ ੬ ॥

ਸੰਗ ਵਿਚ (=ਗ੍ਰਿਹਸਥ ਵਿਚ ਵਸਦਾ ਹੋਇਆ ਸਭਨਾਂ ਤੋਂ) ਅਪਣੇ ਮਨ ਵਿਚ ਉਪ੍ਰਾਮ ਰਹਿੰਦਾ ਹੈ (ਭਾਵ ਕਿਸੇ ਦੇ ਮੋਹ ਵਿਚ ਫਸਦਾ ਨਹੀਂ)* । ਰਾਮ ਦਾ ਦਾਸ ਐਸੀ ਜੁਗਤ (ਦਾ ਜੀਵਨ ਬਸਰ ਕਰਦਾ ਹੈ) ਹੇ ਨਾਨਕ ! ॥ ੬ ॥

ਪ੍ਰਭ ਕੀ ਆਗਿਆ ਆਤਮ ਹਿਤਾਵੈ ॥ ਜੀਵਨ ਮੁਕਤਿ ਸੋਊ ਕਹਾਵੈ ॥ ਤੈਸਾ ਹਰਖੁ ਤੈਸਾ ਉਸੁ ਸੋਗੁ ॥ ਸਦਾ ਅਨੰਦੁ ਤਹ ਨਹੀ ਬਿਓਗੁ ॥

ਪਰਮੇਸ਼ੁਰ ਦੀ ਆਗਯਾ ਨੂੰ (ਜੋ ਅਪਣੇ) ਮਨ ਨਾਲ ਪਿਆਰ ਕਰਦਾ ਹੈ, ਉਹੀ (ਇਸ ਜੋਗ ਹੈ ਕਿ 'ਜੀਵਨ ਮੁਕਤ†' ਸੱਦਿਆ ਜਾਵੇ। ਉਸਨੂੰ ਜੇਹੀ ਖੁਸ਼ੀ ਹੁੰਦੀ ਹੈ ਤੇਹੀ ਗ਼ਮੀ ਹੁੰਦੀ ਹੈ। (ਉਹ ਖੁਸ਼ੀ ਗ਼ਮੀ ਰੂਪ ਦੂੰਦਾਂ ਤੋਂ ਉਪਰ ਜੋ) ਸਦਾ ਅਨੰਦ (ਹੈ ਉਸਨੂੰ ਪ੍ਰਾਪਤ ਹੁੰਦਾ ਹੈ । ਉਹ ਅਨੰਦ ਸ੍ਵਰੂਪ ਪਰਮੇਸ਼ੁਰ ਨਾਲ ਐਸਾ ਮਿਲ ਗਿਆ ਹੁੰਦਾ ਹੈ ਕਿ) ਉਸਨੂੰ ਵਿਯੋਗ ਹੁੰਦਾ ਹੀ ਨਹੀਂ। (ਫਿਰ ਉਸ ਦੀ ਬ੍ਰਿਤੀ ਐਸੀ ਸਮ ਹੋ ਜਾਂਦੀ ਹੈ ਕਿ) ਜੇਹਾ ਉਸਨੂੰ ਸੋਨਾ ਲਗਦਾ ਹੈ ਤੇਹੀ ਮਿੱਟੀ। ਜੇਹਾ ਉਸ ਨੂੰ ਅੰਮ੍ਰਿਤ ਤੇਹੀ ਉਸਨੂੰ ਕੌੜੀ ਵਿਹੁ। ਜੇਹਾ ਉਸਨੂੰ (ਅਪਣਾ) ਆਦਰ (ਲਗਦਾ ਹੈ) ਉਹੋ ਜੇਹਾ (ਆਪਣਾ) ਨਿਰਾਦਰ‡ (ਲਗਦਾ ਹੈ। ਉਸਨੂੰ) ਜੇਹੋ ਜੇਹਾ ਰਾਜਾ ਲਗਦਾ ਹੈ, ਤੇਹੋ ਜੇਹਾ ਕੰਗਾਲ ਲਗਦਾ ਹੈ (ਭਾਵ ਸਭ ਨਾਲ ਸਮ ਵਰਤਦਾ ਹੈ)। (ਪਰਮੇਸ਼ੁਰ) ਜੋ ਕੁਛ (ਉਸ ਉਤੇ) ਵਰਤਾਵੇ ਉਸਨੂੰ (ਉਹ) ਠੀਕ ਸਮਝਦਾ ਹੈ, ਹੇ ਨਾਨਕ ! ਉਸ ਪੁਰਖ ਨੂੰ ਜੀਵਨ ਮੁਕਤ ਕਹਿਣਾ ਚਾਹੀਏ ॥ ੭ ॥

ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥ ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥ ਤੈਸਾ ਮਾਨੁ ਤੈਸਾ ਅਭਿਮਾਨੁ ॥ ਤੈਸਾ ਰੰਕੁ ਤੈਸਾ ਰਾਜਾਨੁ॥ ਜੋ ਵਰਤਾਇ ਸਾਈ ਜੁਗਤਿ ॥ ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥ ੭ ॥

ਪਾਰਬ੍ਰਹਮ ਕੇ ਸਗਲੇ ਠਾਉ ॥ ਜਿਤੁ ਜਿਤੁ ਘਰਿ ਰਾਖੈ ਤੈਸਾ ਤਿਨ ਨਾਉ ॥ ਆਪੇ ਕਰਨ ਕਰਾਵਨ ਜੋਗੁ ॥ ਪ੍ਰਭ ਭਾਵੈ ਸੋਈ ਫੁਨਿ ਹੋਗੁ ॥ ਪਸਰਿਓ ਆਪਿ ਹੋਇ ਅਨਤ ਤਰੰਗ ॥ ਲਖੇ ਨ

[ਪਿਛਲੇ ੭ ਅੰਕਾਂ ਵਿਚ ਕਥਨ ਕੀਤੇ ਦਾ ਸਿੱਧਾਂਤ-] ਸਾਰੇ ਅਸਥਾਨ ਪਰਮੇਸ਼ੁਰ ਦੇ ਹੀ ਹਨ, ਜਿਸ ਜਿਸ ਟਿਕਾਣੇ ਜਿਸ ਜਿਸ ਨੂੰ ਰਖਦਾ ਹੈ ਉਹੋ ਜਿਹਾ ਉਨ੍ਹਾਂ ਦਾ ਨਾਮ ਪੈਂਦਾ ਹੈ✽ । ਆਪ ਹੀ ਓਹ ਕਰਨੇ ਜੋਗ ਹੈ ਤੇ ਆਪ ਹੀ ਕਰਾਵਣੇ ਜੋਗ ਹੈ। ਜੋ ਪਰਮੇਸ਼ੁਰ ਨੂੰ ਭਾਉਂਦਾ ਹੈ ਉਹੋ ਹੀ ਫਿਰ ਹੁੰਦਾ ਹੈ। (ਜਿਵੇਂ ਸਾਗਰ ਤੇ ਅਨੰਤ ਲਹਿਰਾਂ ਦਾ ਪਸਾਰਾ ਦਿੱਸਦਾ ਹੈ ਤਿਵੇਂ ਸਾਈਂ) ਆਪ ਅਨੰਤ ਲਹਿਰਾਂ (ਦੇ ਰੂਪ ਵਿਚ) ਹੋਕੇ ਪਸਰ

---

*ਭਾਵ-ਪਹਿਲਾਂ ਦਾਸ, ਫੇਰ ਹਜ਼ੂਰੀ ਦਾਸ, ਫੇਰ ਗਯਾਨ, ਫੇਰ ਗ੍ਰਿਹਸਤ ਉਦਾਸੀ ਜੀਵਨ ਜੋ ਬਸਰ ਕਰੇ ਉਹੀ ਰਾਮਦਾਸ ਕਹਾਉਣ ਦੇ ਜੋਗ ਹੈ।

†ਜੀਵਨ ਮੁਕਤਿ=ਜੋ ਜੀਉਂਦੇ ਜੀ ਮੁਕਤਿ ਅਵਸਥਾ ਨੂੰ ਪ੍ਰਾਪਤ ਹੈ। ਹੁਣ ਉਸ ਦੇ ਲੱਛਣ ਦੱਸ ਰਹੇ ਹਨ।

‡ਦੂਸਰੇ ਦੇ ਸਾਡਾ ਮਾਨ ਕਰਨ ਤੋਂ ਸਾਨੂੰ ਆਦਰ ਮਿਲਦਾ ਹੈ ਤੇ ਦੂਸਰੇ ਦੇ ਸਾਡੇ ਨਾਲ ਅਭਿਮਾਨ ਕਰਨ ਤੋਂ ਸਾਨੂੰ ਅਨਾਦਰ ਮਿਲਦਾ ਹੈ।

✽ਭਾਵ ਉਪਰ ਕਥੇ ਜੋ ਪਰਮੇਸ਼ੁਰ ਨੂੰ ਪ੍ਰਾਪਤ ਹੋਣ ਵਾਲੇ ਪਰਖਾਂ ਦੇ ਨਾਮ ਤੇ ਆਦਰਸ਼ ਦੱਸੇ ਹਨ, ਓਹ ਠਿਕਾਣੇ ਹਨ ਜਿਨ੍ਹਾਂ ਵਿਚ ਪਰਮੇਸ਼ੁਰ ਆਪ ਵਸਦਾ ਹੈ, ਵਾਸਤਵ ਵਿਚ ਓਹ ਇਕੋ ਹਨ, ਇਕ ਦੇ ਵਸਣੇ ਕਰਕੇ। ਨਾਮਾਂ ਦੀ ਭਿੰਨਤਾ=ਬ੍ਰਹਮ ਗਯਾਨੀ, ਅਪਰਸ, ਭਗਤ, ਰਾਮਦਾਸ, ਜੀਵਨ ਮੁਕਤਿ ਆਦਿ ਉਨ੍ਹਾਂ ਵਿਸ਼ੇਸ਼ ਵਤੀਰਿਆਂ ਤੋਂ ਪਏ ਹਨ, ਜਿਨ੍ਹਾਂ ਵਿਚ ਸਾਈਂ ਨੇ ਉਨ੍ਹਾਂ ਨੂੰ ਰਖਿਆ ਹੈ।

ਜਾਹਿ ਪਾਰਬ੍ਰਹਮ ਕੇ ਰੰਗ ॥
ਜੈਸੀ ਮਤਿ ਦੇਇ ਤੈਸਾ ਪਰਗਾਸ ॥
ਪਾਰਬ੍ਰਹਮੁ ਕਰਤਾ ਅਬਿਨਾਸ ॥
ਸਦਾ ਸਦਾ ਸਦਾ ਦਇਆਲ ॥
ਸਿਮਰਿ ਸਿਮਰਿ ਨਾਨਕ ਭਏ ਨਿਹਾਲ ॥ ੮ ॥ ੯ ॥

ਰਿਹਾ ਹੈ* । (ਪਰੰਤੂ ਉਸ) ਪਾਰਬ੍ਰਹਮ (ਦੇ ਨਿਰਗੁਣਤਾ ਤੋਂ ਸਰਗੁਣਤਾ ਵਿਚ ਲਹਿਰ ਸਰੂਪਤਾ) ਦੇ ਰੰਗ ਲਖੇ ਨਹੀਂ ਜਾ ਸਕਦੇ† । ਜਿਹੋ ਜਿਹੀ ਮਤ (ਕਿਸੇ ਨੂੰ ਓਹ) ਦੇਂਦਾ ਹੈ (ਉਸਨੂੰ ਉਸਦਾ) ਪ੍ਰਕਾਸ਼ (ਗਜ਼ਾਨ) ਉਹੋ ਜਿਹਾ ਮਿਲਦਾ ਹੈ । (ਇਸ ਲ਼ਹਿਰ ਸਰੂਪੀ ਫੈਲਾਵ ਤੇ ਉਸਤੋਂ ਹੋਏ ਅਨੇਕਤਾ ਵਾਲੇ ਵਿਕਾਰ ਦਾ) ਕਰਤਾਰ (ਉਹ ਆਪ) ਪਾਰਬ੍ਰਹਮ (ਹੈ, ਇਹ ਬਦਲਨਹਾਰ ਤੇ ਬਿਨਸਨਹਾਰ ਹੈ, ਪਰ ਆਪ ਉਹ) ਅਵਿਨਾਸ਼ੀ ਹੈ, (ਫਿਰ ਓਹ ਅਪਣੇ ਕੀਤੇ ਹੋਏ ਜੀਵਾਂ ਪਰ) ਸਦਾ ਸਦਾ ਦਿਆਲੂ ਹੈ (ਤੇ ਓਹ ਜੀਵ) ਨਿਹਾਲ ਹੁੰਦੇ ਹਨ ਜੋ ਉਸਨੂੰ ਸਿਮਰਦੇ (ਸਦਾ) ਸਿਮਰਦੇ ਹਨ, (ਫੁਰਮਾਉਂਦੇ ਹਨ ਗੁਰੂ) ਨਾਨਕ (ਦੇਵ ਜੀ) ॥ ੮ ॥ ੯ ॥

**ਨਿਰੁਕ੍ਤ**—ਅਪਰਸੁ–[ਦੇਖੋ ਪੰ: ੧੬੧੪-੧੫] ਜੋ ਸਪਰਸ਼ ਨਾ ਕਰੇ, ਨਾ ਛੂਹਣ ਵਾਲਾ । ਸਾਧੂ ਜੋ ਪੈਸਾ ਰੁਪੱਯਾ ਮੁਹਰ ਤੇ ਧਾਤ ਦੇ ਬਰਤਨਾਂ ਨੂੰ ਨਾ ਛੋਹੇ, ਜੋ ਆਪਣੇ ਬਸਤ੍ਰ ਬੀ ਕਿਸੇ ਨਾਲ ਨਾ ਛੂਹਣ ਦੇਵੇ । ਇਸ ਪਉੜੀ ਵਿਚ ਅਸਲ ਅਪਰਸ ਦਾ ਆਦਰਸ਼ ਦੱਸਿਆ ਹੈ ।

ਬਿਖਿਆ–[ਦੇਖੋ ਪੰਨਾ ੬੮੨] 'ਬਿਖਿਆ' ਪਦ ਜ਼ਹਿਰ ਦੇ ਅਰਥਾਂ ਵਿਚ ਆਯਾ ਹੈ, ਯਥਾ:–

'ਬਿਖਿਆ ਅੰਮ੍ਰਿਤੁ ਏਕੁ ਹੈ' । [ਰਾਮਕਲੀ ਦਖਣੀ ਓਅੰਕਾਰ ੪੮

(ਅ) ਸੰਪ੍ਰਦਾਈ ਗਿਆਨੀ ਐਉਂ ਬੀ ਲਾਉਂਦੇ ਹਨ:–ਵਿਸ਼ਿਆਂ ਨੂੰ ਮਨ ਤੋਂ ਦੂਰ ਰਖਦਾ ਹੈ।

ਇੰਦ੍ਰੀ ਜਿਤ–[ਸੰਸ:, ਇੰਦ੍ਰਯਜਿਤ੍=ਦਸੋਂ ਇੰਦ੍ਰੀਆਂ ਨੂੰ ਕਾਬੂ ਵਿਚ ਰੱਖਣ ਵਾਲਾ । ਜਿਸ ਦੇ ਵੱਸ ਵਿਚ ਦਸੇ ਇੰਦ੍ਰੀਆਂ ਹੋਣ] ਜਿਸ ਨੇ ਆਪਣੇ ਇੰਦ੍ਰਿਆਂ ਉਤੇ ਕਾਬੂ ਪਾ ਲਿਆ ਹੈ ।

ਦੋਖ–[ਸੰਸ:, ਦੋਸ਼:]=ਅਵਗੁਣ, ਐਬ, ਪਾਪ ।

ਪੰਚ ਦੋਖ–ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ।

ਬੈਸਨੋ–[ਸੰਸ:, ਵੈਸ਼੍ਣਵ:] ਵਿਸ਼ਨੂੰ ਦਾ ਉਪਾਸਕ । ਇਕ ਮਤ ਹੈ ਜੋ ਵਿਸ਼ਨੂੰ ਦਾ ਉਪਾਸਕ ਹੈ, ਭਗਤੀ ਜਿਨ੍ਹਾਂ ਦਾ ਮਾਰਗ ਹੈ । ਇਨ੍ਹਾਂ ਦੇ ਮੁੱਖ ਪੰਜ ਫਿਰਕੇ ਹਨ । ਆਮ ਤੌਰ ਤੇ ਵੈਸ਼ਨੋ ਛਾਹਰੀ ਸੁੱਚਮਤਾ ਵਾਲੇ, ਖਾਸ ਚਿੰਨ੍ਹ ਧਾਰਨ ਵਾਲੇ, ਮੂਰਤੀ ਪੂਜ ਤੇ ਜੈਨੀਆਂ ਵਾਙ ਮਾਸ ਨਾ ਖਾਣ ਵਾਲੇ ਨੂੰ ਕਹਿੰਦੇ ਹਨ । ਇਸ ਪਉੜੀ ਵਿਚ ਵੈਸ਼ਨੋ ਦਾ ਅਰਥ 'ਵਾਹਿਗੁਰੂ ਉਪਾਸਕ' ਲੈਕੇ ਗੁਰੂ ਜੀ ਆਦਰਸ਼ਕ ਵੈਸ਼ਨੋ ਦਾ ਰੂਪ ਦੱਸਦੇ ਹਨ । ਜੋ ਕਰਮ ਫਲਾਂ ਦੀ ਮੰਗ ਵਿਚ ਨਹੀਂ, ਮਾਇਆ ਵਿਚ ਖਚਿਤ ਨਹੀਂ, ਪਰ ਸਿਮਰਨ ਵਿਚ ਰਹਿੰਦਾ ਹੈ, ਆਪ ਜਪਦਾ ਤੇ ਹੋਰਨਾਂ ਨੂੰ ਜਪਾਉਂਦਾ ਹੈ ।

ਪਰਮਗਤਿ–ਪਰਮ ਪਦ [ਦੇਖੋ ਪੰਨਾ ੧੬੮੬] ।

ਭਗਉਤੀ–[ਸੰਸ: ਭਗਵਦੀਯ:=ਭਗਵਾਨ ਵਿਸ਼ਨੂੰ ਦਾ ਉਪਾਸਕ] ਇਕ ਅਤਿ ਪ੍ਰਾਚੀਨ ਮਤ 'ਪੰਚ ਰਾਤ੍ਰ' ਦਾ ਨਾਮ ਹੈ, ਜੋ ਨਾਰਾਯਨ ਦੀ ਪੂਜਾ ਕਰਦੇ ਸਨ । ਭਗਉਤੀ ਪਦ ਭਾਗਵਤ ਤੋਂ ਬਣਿਆ

*ਹੁਣ ਸਾਇੰਸ ਵਾਲੇ ਪ੍ਰਕ੍ਰਿਤੀ ਦੀ ਖੋਜ ਕਰਦੇ ਸੂਖਮਤਾ ਵੱਲ ਗਏ ਹਨ ਤੇ ਇਸ ਦੇ ਲਹਿਰ ਸਰੂਪ ਤਕ ਪਹੁੰਚੇ ਹਨ, ਅਗੇ ਹੁਣ ਇਨ੍ਹਾਂ ਨੂੰ ਅਜੇ ਰਸਤਾ ਨਹੀਂ ਮਿਲਦਾ । ਗੁਰੂ ਜੀ ਦੱਸ ਗਏ ਹਨ ਕਿ ਇਹ 'ਲਹਿਰ ਪਸਾਰਾ' ਉਸ ਪਾਰਬ੍ਰਹਮ ਦਾ ਹੈ । ਉਹ ਸਾਗਰ ਹੈ ਤੇ ਇਹ ਉਸ ਦਾ ਲਹਿਰ ਪਸਾਰਾ ਹੈ ਜੋ ਸਥੂਲ ਰੂਪ ਵਿਚ ਪ੍ਰਕ੍ਰਿਤੀ ਹੋ ਕੇ ਭਾਸਦਾ ਹੈ ।

†ਭਾਵ, ਉਹ ਕੌਤਕ ਕਿ ਉਹ ਨਿਰਗੁਣ ਕਿਵੇਂ ਸਰਗੁਣ ਰੂਪ ਵਿਚ ਆਉਂਦਾ ਹੈ, ਸਮਝ ਨਹੀਂ ਪੈਂਦਾ ।

ਹੈ। ਭਾਗਵਤ ਯਾ ਪੰਚ ਰਾਤ੍ਰ ਇਕੋ ਮਤ ਦੇ ਦੋ ਨਾਮ ਹਨ। ਹੁਣ ਦਾ ਵੈਸ਼ਨਵ ਮਤ ਆਦਿ ਵਿਚ ਪਰਮ ਪੁਰਾਣੇ ਸਮੇਂ 'ਭਾਗਵਤ' ਰੂਪ ਵਿਚ ਸੀ। ਇਥੇ ਨਾਮ ਧ੍ਰੀਕ ਭਗਉਤੀ ਪ੍ਰਤੀ ਉਪਦੇਸ਼ ਹੈ। ਤੀਸਰੇ ਸਤਿਗੁਰਾਂ ਨੇ ਬੀ ਭਗਉਤੀ ਦੇ ਅਪਣੇ ਲੱਛਣ ਕਹੇ ਹਨ:-

ਸੋ ਭਗਉਤੀ ਜੋੁ ਭਗਵੰਤੈ ਜਾਣੈ ॥ ਗੁਰਪਰਸਾਦੀ ਆਪੁ ਪਛਾਣੈ ॥

[ਵਾਰ ਸਿਰੀ ਰਾਗੁ ਮਹਲਾ ੩-੧੪

ਪੰਜਵੇਂ ਗੁਰੂ ਜੀ ਓਹ ਲੱਛਣ ਦੱਸਦੇ ਹਨ ਜਿਨ੍ਹਾਂ ਦੇ ਧਾਰਨ ਵਾਲੇ ਨੂੰ ਭਗਉਤੀ ਕਹਿਣਾ ਠੀਕ ਬਣਦਾ ਹੈ।

ਪੰਡਿਤੁ-[ਸੰਸ:, ਪੰਡਿਤ:] ਸੰਸਕ੍ਰਿਤ ਪੜ੍ਹੇ ਵਿਦ੍ਵਾਨ ਨੂੰ ਕਹਿੰਦੇ ਹਨ, ਜਿਨ੍ਹਾਂ ਦਾ ਕੰਮ ਹੁੰਦਾ ਸੀ ਦੂਸਰੇ ਨੂੰ ਸੁਮਤਿ ਦੇਣੀ, ਪਰ ਉਹ ਵਿਤਕਰੇ ਤੇ ਜ਼ਾਤਾਂ ਦੇ ਫਰਕ ਪਾਉਂਦੇ, ਸੂਦਰਾਂ ਤੇ ਇਸਤ੍ਰੀਆਂ ਨੂੰ ਦੀਖਯਾ ਤੇ ਵਿਦਯਾ ਤੋਂ ਵਾਞਦੇ ਤੇ ਰਸਮ ਪ੍ਰਸਤੀ ਵਿਚ ਨਾਮ ਦੇ ਪੰਡਿਤ ਰਹਿ ਗਏ ਸਨ। ਇਥੇ ਆਪਣੇ ਆਦਰਸ਼ਕ ਪੰਡਿਤ ਦੇ ਲੱਛਣ ਗੁਰੂ ਜੀ ਦੱਸਦੇ ਹਨ।

ਮੂਲੁ-[ਸੰਸ, ਮੂਲੰ=ਜੜ੍ਹ, ਆਰੰਭ। ਪ੍ਰਾਰੰਭ। ਉਤਪਤਿ ਸ੍ਥਾਨ। ਆਧਾਰ, ਨੀਂਹ। ਮੂਲ ਸ੍ਥਾਨੰ=ਨੀਂਹ, ਆਧਾਰ। ੨. ਪਰਮਾਤਮਾ। ੩. ਪਉਣ] ਓਹ ਜੋ ਸਭ ਦਾ ਮੂਲ ਹੈ। ਸਭ ਆਸਤਿਕ ਧਰਮ ਪੁਸਤਕਾਂ ਦਾ ਮੂਲ ਪਰਮੇਸ਼੍ਵਰ ਹੈ।

ਅਸਥੂਲੁ-[ਸੰਸ:, ਸ੍ਥੂਲੰ] ਵਡੇ ਆਕਾਰ ਵਾਲਾ।

ਸਤਿ ਰਾਮਦਾਸੁ-ਮੰਦਰਾਂ ਵਿਚ ਨੱਚਣ ਵਾਲਿਆਂ ਨੂੰ 'ਰਾਮਦਾਸ' ਕਹਿੰਦੇ ਸਨ, ਯਥਾ:-

ਘੂੰਘਰ ਬਾਧਿ ਭਏ ਰਾਮਦਾਸਾ ਰੋਟੀਅਨ ਕੇ ਓਪਾਵਾ ॥ [ਮਾਰੂ ਮਹਲਾ ੫-੧੫

ਰਾਮਦਾਸ ਦੇ ਅਖਰੀ ਅਰਥ ਹਨ-'ਵਾਹਿਗੁਰੂ ਦਾ ਸੇਵਕ'। ਇਸ ਅੰਕ ਵਿਚ ਗੁਰੂ ਜੀ ਅਸਲੀ ਰਾਮਦਾਸ ਦੇ ਲੱਛਣ ਦੱਸਦੇ ਹਨ। ਸਤਿ=ਸਚਮੁਚ ਦਾ, ਠੀਕ, ਅਸਲੀ, ਨਿਸਚੇ ਪੂਰਬਕ।

ਆਤਮ ਰਾਮੁ-[ਸੰਸ:, ਆਤ੍ਮਨ੍=ਆਤਮਾ, ਜੀਵ+ਰਾਮ=ਰਮਣ ਕਰਨ ਵਾਲਾ। ਹਿੰਦੀ, ਆਤਮ ਰਾਮ=ਆਤਮਾ ਵਿਚ ਰਮਣ ਕਰਨ ਵਾਲਾ, ਜੋ ਸਭ ਦੀ ਆਤਮਾ ਵਿਚ ਰਮਿਆ ਹੋਇਆ ਹੈ] ਬ੍ਰਹਮ, ਆਤਮਾ ਦਾ ਬ੍ਰਹਮ ਸਰੂਪ ਹੋਕੇ ਦਿੱਸ ਪੈਣਾ, ਜੈਸਾ ਕਿ ਅੱਗੇ ਅਸ਼ਟਪਦੀ ੧੦ ਦੇ ਅੰਕ ੬ ਵਿਚ ਆਉਂਦਾ ਹੈ:-'ਆਤਮ ਮਹਿ ਪਾਰਬ੍ਰਹਮੁ ਲਹੰਤੇ'। ਤੁਕਾਂ ਦੁਹਾਂ ਦਾ ਭਾਵ ਇਹ ਹੈ:-ਉਸ ਨੂੰ ਆਤਮਾ ਬ੍ਰਹਮ ਸਰੂਪਤਾ ਵਿਚ ਦਿੱਸ ਪਿਆ ਹੈ, ਪਰ ਉਹ 'ਅਹੰ' ਕਰਨ ਨਾਲ ਨਹੀਂ, ਸਗੋਂ ਦਾਸਾਂ ਦੇ ਦਾਸ ਹੋਣ ਦੇ ਭਾਵ ਨੂੰ ਧਾਰਨੇ ਨਾਲ, ਅਰਥਾਤ 'ਅਹੰ' ਨੂੰ ਮੂਲੋਂ ਨਿਵਾਰ ਦੇਣ ਨਾਲ।

ਖਾਟੀ-[ਸੰਸ:, ਕਟੁ=ਚਰਪਰਾ। ਹਿੰਦੀ ਕਟੁ=ਕੌੜਾ, ਚਰਪਰਾ। ਪੰਜਾਬੀ, ਖੱਟਾ] ਖੱਟੀ, ਤੁਰਸ਼ ਭਾਵ ਹੈ ਕੌੜੀ ਤੋਂ।

ਜੁਗਤਿ-[ਸੰਸ:, ਯੁਕ੍ਤ=ਯੋਗਯ, ਠੀਕ] ਜਿਸ ਵਿਚ ਯੋਗਤਾ ਹੈ, ਯਾ ਯੁਕਤੀ ਸਿਧ ਹੈ, ਯੋਗ ਹੈ, ਮੁਨਾਸਿਬ ਹੈ, ਦਰੁਸਤ ਹੈ, ਠੀਕ ਹੈ।

ਜੀਵਨ ਮੁਕਤਿ-[ਸੰਸ:, ਜੀਵਨ੍ ਮੁਕ੍ਤ] ਜੋ ਜੀਉਂਦੇ ਜੀ ਮੁਕਤਿ ਅਵਸਥਾ ਨੂੰ ਪ੍ਰਾਪਤ ਹੈ। ਉਸ ਦੇ ਲੱਛਣ ਦੱਸ ਰਹੇ ਹਨ।

## [ਅਸਟਪਦੀ-ਦਸਵੀਂ]

**ਪ੍ਰਾਕ੍ਰਥਨ**-ਪਿਛਲੀ ਅਸਟਪਦੀ ਵਿਚ ਪਰਮਾਤਮਾ ਨੂੰ ਪ੍ਰਾਪਤ ਪੁਰਖਾਂ ਦੇ ਅਨੇਕ ਨਾਵਾਂ ਹੇਠ ਲੱਛਣ ਵਰਣਨ ਕੀਤੇ ਸਨ, ਫੇਰ ਕਿਹਾ ਸੀ ਕਿ ਆਪ ਉਹ ਤ੍ਰੈਗੁਣ ਰੂਪ ਹੋਕੇ ਸਥੂਲ ਪਸਾਰਾ ਕਰ ਰਿਹਾ ਹੈ। ਹੁਣ ਉਸ ਪਸਾਰੇ ਯਾ ਰਚਨਾਂ ਦਾ ਅਨੇਕ ਨਾਂਵਾਂ ਹੇਠ ਵਰਣਨ ਕਰਦੇ ਹਨ:-

ਸਲੋਕੁ ॥ ਉਸਤਤਿ ਕਰਹਿ ਅਨੇਕ ਜਨ ਅੰਤੁ ਨ ਪਾਰਾਵਾਰ ॥ ਨਾਨਕ ਰਚਨਾ ਪ੍ਰਭਿ ਰਚੀ ਬਹੁ ਬਿਧਿ ਅਨਿਕ ਪ੍ਰਕਾਰ ॥ ੧ ॥

ਅਨੇਕਾਂ ਜਨ (ਪਰਮੇਸ਼ੁਰ ਦੀ) ਉਸਤਤਿ ਕਰਦੇ ਹਨ (ਪਰ ਉਨ੍ਹਾਂ ਦੀ ਉਸਤਤਿ ਉਸਨੂੰ ਸਾਰਾ ਵਰਣਨ ਨਹੀਂ ਕਰਦੀ ਕਿਉਂਕਿ ਉਸਦਾ) ਨਾਂ ਅੰਤ ਹੈ ਨਾ ਪਾਰਾਵਾਰ। (ਉਸ ਅਨੰਤ ਤੇ ਅਨਹੱਦ) ਪ੍ਰਭੂ ਨੇ, ਹੇ ਨਾਨਕ ! (ਇਹ ਸਾਰੀ ਦਿੱਸਣੇ ਵਾਲੀ ਤ ਨਾਂ ਦਿੱਸਣੇ ਵਾਲੀ) ਰਚਨਾ ਰਚੀ ਹੈ (ਇਹ) ਕਈ ਕਿਸਮਾਂ ਦੀ ਹੈ (ਤੇ ਅਗੋਂ) ਅਨੇਕਾਂ ਭਾਂਤਾਂ ਦੀ ਹੈ ॥ ੧ ॥

ਪਹਿਲਾਂ ਧਾਰਮਕ ਲੋਕਾਂ ਦਾ ਕਥਨ ਕਰਦੇ ਹਨ–

ਅਸਟਪਦੀ ॥ ਕਈ ਕੋਟਿ ਹੋਏ ਪੂਜਾਰੀ ॥ ਕਈ ਕੋਟਿ ਆਚਾਰ ਬਿਉਹਾਰੀ ॥ ਕਈ ਕੋਟਿ ਭਏ ਤੀਰਥ ਵਾਸੀ ॥ ਕਈ ਕੋਟਿ ਬਨ ਭ੍ਰਮਹਿ ਉਦਾਸੀ ॥ ਕਈ ਕੋਟਿ ਬੇਦ ਕੇ ਸ੍ਰੋਤੇ ॥ ਕਈ ਕੋਟਿ ਤਪੀਸੁਰ ਹੋਤੇ ॥ ਕਈ ਕੋਟਿ ਆਤਮ ਧਿਆਨੁ ਧਾਰਹਿ ॥ ਕਈ ਕੋਟਿ ਕਬਿ ਕਾਬਿ ਬੀਚਾਰਹਿ ॥ ਕਈ ਕੋਟਿ ਨਵਤਨ ਨਾਮੁ ਧਿਆਵਹਿ ॥ ਨਾਨਕ ਕਰਤੇ ਕਾ ਅੰਤੁ ਨ ਪਾਵਹਿ ॥ ੧ ॥

(ਇਸ ਰਚਨਾਂ ਵਿਚ) ਕਈ ਕ੍ਰੋੜ ਤਾਂ (ਪਰਮੇਸ਼ੁਰ ਦੀ ਪੂਜਾ ਕਰਨੇ ਵਾਲੇ ਹੋ ਰਹੇ ਹਨ। ਕਈ ਕ੍ਰੋੜ ਕਰਮਾਂ ਦੇ ਕਰਨੇ ਹਾਰੇ ਹੋ ਰਹੇ ਹਨ। ਕਈ ਕ੍ਰੋੜ ਤੀਰਥਾਂ ਦੇ ਵੱਸਣੇ ਵਾਲੇ ਹੋ ਰਹੇ ਹਨ। ਕਈ ਕ੍ਰੋੜ ਉਦਾਸੀ ਹੋਕੇ ਬਨਾਂ ਵਿਚ ਫਿਰ ਰਹੇ ਹਨ। ਕਈ ਕ੍ਰੋੜ ਵੇਦ ਦੇ ਸੁਣਨਹਾਰ ਹੋ ਰਹੇ ਹਨ। ਕਈ ਕ੍ਰੋੜ (ਤਪ ਤਾਪ ਕੇ ਤਪੀਆਂ ਵਿਚ) ਵਡੇ ਤਪੀ ਹੋ ਰਹੇ ਹਨ*। ਕਈ ਕ੍ਰੋੜ (ਅਪਣੇ) ਆਤਮਾ ਦਾ ਧਿਆਨ ਧਾਰ ਰਹੇ ਹਨ। ਕਈ ਕ੍ਰੋੜ ਕਵੀਆਂ (=ਬ੍ਰਹਮਾ ਆਦਿਕਾਂ) ਦੇ (ਰਚੇ) ਕਾਵ੍ਯ (ਧਾਰਮਿਕ ਪੁਸਤਕ) ਵੀਚਾਰਦੇ ਹਨ। ਕਈ ਕ੍ਰੋੜ (ਐਸੇ ਹਨ ਜੋ ਪਰਮੇਸ਼ੁਰ ਦਾ) ਨਾਮ ਧਿਆਉਂਦੇ ਹਨ, (ਪਰ ਇਕੋ ਨਾਮ ਨਹੀਂ) ਨਵੇਂ ਤੋਂ ਨਵੇਂ (ਨਾਮ ਧਿਆਉਂਦੇ ਹਨ† ਤੇ ਸੁਖੀ ਹੁੰਦੇ ਹਨ, ਪਰ) ਰਚਨਹਾਰ ਦਾ ਅੰਤ ਨਹੀਂ ਪਾ ਸਕਦੇ, ਹੇ ਨਾਨਕ‡ ! ॥ ੧ ॥

ਹੁਣ ਮਾਇਆ ਤੇ ਮੋਹ ਮਮਤਾ ਵਾਲਿਆਂ ਵਲ ਦ੍ਰਿਸ਼ਟੀ ਪਾਉਂਦੇ ਹਨ:–

ਕਈ ਕੋਟਿ ਭਏ ਅਭਿਮਾਨੀ ॥ ਕਈ ਕੋਟਿ ਅੰਧ ਅਗਿਆਨੀ ॥ ਕਈ ਕੋਟਿ ਕਿਰਪਨ ਕਠੋਰ ॥ ਕਈ ਕੋਟਿ ਅਭਿਗ ਆਤਮ ਨਿਕੋਰ ॥ ਕਈ ਕੋਟਿ ਪਰਦਰਬ ਕਉ ਹਿਰਹਿ ॥ ਕਈ ਕੋਟਿ ਪਰ-ਦੂਖਨਾ ਕਰਹਿ ॥ ਕਈ ਕੋਟਿ ਮਾਇਆ ਸ੍ਰਮ ਮਾਹਿ॥ ਕਈ ਕੋਟਿ ਪਰਦੇਸ ਭ੍ਰਮਾਹਿ ॥ ਜਿਤੁ ਜਿਤੁ

ਕਈ ਕ੍ਰੋੜ (ਖ਼ੁਦੀ ਵਿਚ) ਘਮੰਡੀ ਹੋ ਰਹੇ ਹਨ। ਕਈ ਕ੍ਰੋੜ ਘੋਰ ਅਗਯਾਨੀ ਹੋ ਰਹੇ ਹਨ (ਭਾਵ ਬੜੇ ਹੀ ਮੂਰਖ ਹਨ)। ਕਈ ਕ੍ਰੋੜ ਪੱਥਰ ਦਿਲ ਵਾਲੇ ਸ਼ੂਮ ਹੋ ਰਹੇ ਹਨ (ਭਾਵ ਸ਼ੂਮ ਤੇ ਬੇਤਰਸ ਹਨ) ਕਈ ਕ੍ਰੋੜ ਨਾ ਭਿੱਜਣ ਵਾਲੇ ਤੇ ਆਤਮਾ ਦੇ ਬਹੁਤ ਕੋਰੇ ਹੋ ਰਹੇ ਹਨ। ਕਈ ਕ੍ਰੋੜ ਪਰਾਏ ਧਨ ਨੂੰ ਫਿਰ (ਖੋਹ ਯਾ ਚੁਰਾ) ਲੈਂਦੇ ਹਨ। ਕਈ ਕ੍ਰੋੜ ਦੂਸਰਿਆਂ ਦੀ ਨਿੰਦਾ ਕਰਦੇ ਹਨ (ਝੂਠੇ ਦੂਸ਼ਨ ਲਾਉਂਦੇ ਹਨ)। ਕਈ ਕ੍ਰੋੜ ਧਨ ਕਮਾਉਣ ਦੀਆਂ ਮੁਸ਼ੱਕਤਾਂ ਵਿਚ (ਲਗ ਰਹੇ) ਹਨ। ਕਈ ਕ੍ਰੋੜ ਪਰਦੇਸ਼ਾਂ ਵਿਚ ਫਿਰ ਰਹੇ ਹਨ । ਜਿਧਰ ਜਿਧਰ

*ਕਈ 'ਹੋਤੇ' ਦਾ ਅਰਥ 'ਹਵਨ ਕਰਨ ਵਾਲੇ' ਬੀ ਕਰਦੇ ਹਨ, ਤਪੀ ਤੇ ਹੋਤੇ।

†ਭਾਵ ਸ਼ੇਸ਼ਨਾਗ ਤੋਂ ਬੀ ਲੈਂਦੇ ਹਨ, ਜੋ ਕਹਿੰਦੇ ਹਨ ਕਿ ਨਵੇਂ ਤੋਂ ਨਵੇਂ ਨਾਮ ਨਾਲ ਸਾਈਂ ਨੂੰ ਯਾਦ ਕਰਦੇ ਹਨ ।

‡ਏਅੰਤਤਾਈ ਦਿਖਾ ਰਹੇ ਹਨ ਕਿ ਇਕ ਸ਼ੇਸ਼ਨਾਗ ਨਹੀਂ, ਬਹੁਤੇ ਹਨ, ਜਿਵੇਂ ਪਿਛਲੀ ਤੁਕ ਵਿਚ ਕਵਿ (ਬ੍ਰਹਮਾਦਿਕ) ਕ੍ਰੋੜਾਂ ਦਿਖਾਏ ਹਨ, ਕਿਉਂਕਿ ਬ੍ਰਹਮੰਡ ਕ੍ਰੋੜਾਂ ਮੰਨੇ ਹਨ ਤਾਂ ਸੁਮੇਰ, ਬ੍ਰਹਮਾ, ਸ਼ੇਸ਼ਨਾਗ ਆਦਿ ਬੀ ਕ੍ਰੋੜਾਂ ਹੋ ਗਏ।

ਲਾਵਹੁ ਤਿਤੁ ਤਿਤੁ ਲਗਨਾ ॥ ਨਾਨਕ ਕਰਤੇ ਕੀ ਜਾਨੈ ਕਰਤ ਰਚਨਾ ॥ ੨ ॥

(ਹੇ ਕਰਤਾਰ ਆਪ) ਲਾ ਰਹੇ ਹੋ ਉਧਰ ਉਧਰ (ਜੀਵਾਂ ਨੇ) ਲਗਣਾ ਹੈ। ਹੇ ਨਾਨਕ ਆਪਣੀ ਰਚਨਾ ਨੂੰ ਰਚਣਹਾਰਾ (ਆਪ ਹੀ) ਜਾਣਦਾ ਹੈ* ॥ ੨ ॥

ਹੁਣ ਜਗਤ ਰਚਨਾ ਦੀ ਆਮ ਵਿਸ਼ਾਲਤਾ ਵਲ ਦ੍ਰਿਸ਼ਟੀ ਹੈ:-

ਕਈ ਕੋਟਿ ਸਿਧ ਜਤੀ ਜੋਗੀ ॥ ਕਈ ਕੋਟਿ ਰਾਜੇ ਰਸ ਭੋਗੀ ॥ ਕਈ ਕੋਟਿ ਪੰਖੀ ਸਰਪ ਉਪਾਏ ॥ ਕਈ ਕੋਟਿ ਪਾਥਰ ਬਿਰਖ ਨਿਪਜਾਏ ॥ ਕਈ ਕੋਟਿ ਪਵਣ ਪਾਣੀ ਬੈਸੰਤਰ ॥ ਕਈ ਕੋਟਿ ਦੇਸ ਭੂਮੰਡਲ ॥ ਕਈ ਕੋਟਿ ਸਸੀਅਰ ਸੂਰ ਨਖ੍ਯ੍ਤ੍ਰ ॥ ਕਈ ਕੋਟਿ ਦੇਵ ਦਾਨਵ ਇੰਦ੍ਰ ਸਿਰਿ ਛਤ੍ਰ ॥ ਸਗਲ ਸਮਗ੍ਰੀ ਅਪਨੈ ਸੂਤਿ ਧਾਰੈ ॥ ਨਾਨਕ ਜਿਸੁ ਜਿਸੁ ਭਾਵੈ ਤਿਸੁ ਤਿਸੁ ਨਿਸਤਾਰੈ ॥ ੩ ॥

ਕਈ ਕ੍ਰੋੜ ਹਨ ਸਿੱਧ, ਜਤੀ ਤੇ ਜੋਗੀ। ਕਈ ਕ੍ਰੋੜ ਹਨ ਰਸਾਂ ਦੇ ਭੋਗਣ ਵਾਲੇ ਰਾਜੇ। ਕਈ ਕ੍ਰੋੜ ਹਨ (ਉਡਣ ਵਾਲੇ) ਪੰਛੀ ਤੇ (ਕਈ ਕ੍ਰੋੜ ਬਿਨ ਪੈਰੋਂ ਟੁਰਨ ਵਾਲੇ) ਸੱਪ ਉਪਾਏ ਹਨ। ਕਈ ਕ੍ਰੋੜ (ਪਏ ਰਹਿਣ ਵਾਲੇ) ਪੱਥਰ (ਤੇ ਕਈ ਕ੍ਰੋੜ ਖੜੇ ਰਹਿਣ ਵਾਲੇ) ਬ੍ਰਿਛ ਪੈਦਾ ਕੀਤੇ ਹਨ। ਕਈ ਕ੍ਰੋੜ ਪਉਣ, ਪਾਣੀ ਤੇ ਅਗਨੀ (ਵਰਗੇ ਪਦਾਰਥ ਪੈਦਾ ਕੀਤੇ)। ਕਈ ਕ੍ਰੋੜ ਪ੍ਰਿਥਵੀ ਮੰਡਲ (ਰਚੇ ਹਨ ਤੇ ਉਨ੍ਹਾਂ ਤੇ) ਦੇਸ਼ (ਬਣਾਏ ਹਨ)। ਕਈ ਕ੍ਰੋੜ ਚੰਦ੍ਰਮੇ ਸੂਰਜ ਅਤੇ ਤਾਰੇ (ਰਚੇ ਹਨ)। ਕਈ ਕ੍ਰੋੜ ਰਾਖਸ਼ ਤੇ ਦੇਵਤੇ (ਤੇ ਉਨ੍ਹਾਂ ਦੇ ਸਰਦਾਰ) ਸਿਰ ਤੇ ਛਤਰਾਂ ਵਾਲੇ ਇੰਦ੍ਰ (ਰਚੇ ਹਨ)। (ਇਹ) ਸਾਰੀ ਰਚਨਾ (ਅਪਣੇ ਹੁਕਮ ਦੇ) ਪ੍ਰਬੰਧ ਵਿਚ ਤੋਰ ਰਿਹਾ ਹੈ (ਅਤੇ) ਜਿਸ ਜਿਸ ਨੂੰ (ਤਾਰਨਾ ਪਰਮੇਸ਼ੁਰ ਨੂੰ) ਭਾਉਂਦਾ ਹੈ ਉਸ ਉਸਨੂੰ (ਉਹ) ਤਾਰ ਲੈਂਦਾ ਹੈ (ਸ੍ਰੀ ਗੁਰੁ) ਨਾਨਕ (ਜੀ ਦਾ ਵਾਕ ਹੈ) ॥ ੩ ॥

ਕਈ ਕੋਟਿ ਰਾਜਸ ਤਾਮਸ ਸਾਤਕ ॥ ਕਈ ਕੋਟਿ ਬੇਦ ਪੁਰਾਨ ਸਿਮ੍ਰਿਤਿ ਅਰੁ ਸਾਸਤ ॥ ਕਈ ਕੋਟਿ ਕੀਏ ਰਤਨ ਸਮੁੰਦ ॥ ਕਈ ਕੋਟਿ ਨਾਨਾ ਪ੍ਰਕਾਰ ਜੰਤ ॥ ਕਈ ਕੋਟਿ ਕੀਏ ਚਿਰਜੀਵੇ ॥ ਕਈ ਕੋਟਿ ਗਿਰੀ ਮੇਰ ਸੁਵਰਨ ਥੀਵੇ ॥ ਕਈ ਕੋਟਿ ਜਖ੍ਯ੍ ਕਿੰਨਰ ਪਿਸਾਚ ॥ ਕਈ ਕੋਟਿ ਭੂਤ ਪ੍ਰੇਤ ਸੂਕਰ ਮ੍ਰਿਗਾਚ ॥ ਸਭ ਤੇ ਨੇਰੈ ਸਭਹੂ ਤੇ ਦੂਰਿ ॥ ਨਾਨਕ ਆਪਿ ਅਲਿਪਤੁ ਰਹਿਆ ਭਰਪੂਰਿ ॥ ੪ ॥

ਕਈ ਕ੍ਰੋੜ (ਜੀਵ) ਰਜੋਗੁਣੀ, ਤਮੋਗੁਣੀ (ਤੇ) ਸਤੋਗੁਣੀ (ਹਨ)। ਕਈ ਕ੍ਰੋੜ ਵੇਦ ਪੁਰਾਣ ਸਿਮਰਤੀਆਂ ਤੇ ਸ਼ਾਸਤ੍ਰ (ਤ੍ਰੈਗੁਣਾਂ ਤੇ ਤ੍ਰੈਗੁਣਾਂ ਤੋਂ ਅਤੀਤਤਾਈ ਨੂੰ ਨਿਰੂਪਣ ਕਰਨ ਵਾਲੇ ਗ੍ਰੰਥ) ਹਨ। ਕਈ ਕ੍ਰੋੜ ਰਤਨ ਸਮੁੰਦਰਾਂ ਵਿਚ ਉਪਜਾਏ ਹਨ (ਤੇ ਨਾਲ ਹੀ) ਕਈ ਕ੍ਰੋੜ ਅਨੇਕਾਂ ਭਾਂਤਾਂ ਦੇ ਜੰਤੂ (ਰਚੇ ਹਨ)†। ਕਈ ਕ੍ਰੋੜ ਵਡੀ ਆਰਬਲਾ ਵਾਲੇ ਜੀਵ (ਅਸਰਾਲ ਆਦਿ) ਰਚੇ ਹਨ। ਕਈ ਕ੍ਰੋੜ (ਸਾਧਾਰਨ) ਪਹਾੜ (ਪਹਾੜੀਆਂ ਅਤੇ) ਸੋਨੇ ਦੇ ਪਰਬਤ (ਸੁਮੇਰ) ਬਣੇ ਪਏ ਹਨ। ਕਈ ਕ੍ਰੋੜ ਯੱਖ ਕਿੰਨਰ ਤੇ ਪਿਸਾਚ (ਰਚੇ ਗਏ) ਹਨ। ਕਈ ਕ੍ਰੋੜ ਭੂਤ, ਪ੍ਰੇਤ, ਸੂਰ ਤੇ ਸ਼ੇਰ (ਹਨ)। (ਆਪ ਪਰਮੇਸ਼ੁਰ) ਸਭਨਾਂ ਦੇ ਨੇੜੇ ਹੈ (ਅਰ) ਸਭ ਤੋਂ ਦੂਰ ਹੈ‡। (ਕਹਿੰਦੇ ਹਨ ਗੁਰੂ) ਨਾਨਕ, ਆਪ (ਪ੍ਰਭੂ) ਅਲਿਪਤ (ਬੀ) ਹੈ (ਅਰ ਫੇਰ ਸਭ ਵਿਚ) ਪੂਰਨ (ਬੀ) ਹੋ ਰਿਹਾ ਹੈ ॥ ੪ ॥

*ਭਾਵ, ਸਾਡੀ ਅਲਪ ਬੁਧੀ ਲਈ ਇਨ੍ਹਾਂ ਵਿਚੋਂ ਚਗੇ ਮੰਦੇ ਦੀ ਪਛਾਣ ਕਰ ਸਕਣੀ ਕਠਨ ਹੈ ਕਿ ਕਿਉਂ ਏਹ ਲੋਕ ਚੰਗੇ ਮੰਦੇ ਵਿਚ ਲਗ ਰਹੇ ਹਨ।

†ਅਗਲੀ ਤੁਕ ਦੱਸਦੀ ਹੈ ਕਿ ਜੰਤੂ ਤੋਂ ਮੁਰਾਦ ਥੋੜੀ ਉਮਰਾ ਵਾਲੇ ਨਿੱਕੇ ਨਿੱਕੇ ਜੀਵਾਂ ਦੀ ਹੈ।

‡ਨੇੜੇ ਇਸ ਲਈ ਕਿ ਵਿਆਪਕ ਹੈ, ਦੂਰ ਇਸ ਲਈ ਕਿ ਅਲਿਪਤ ਹੈ।

ਕਈ ਕੋਟਿ ਪਾਤਾਲ ਕੇ ਵਾਸੀ ॥ ਕਈ ਕੋਟਿ ਨਰਕ ਸੁਰਗ ਨਿਵਾਸੀ ॥ ਕਈ ਕੋਟਿ ਜਨਮਹਿ ਜੀਵਹਿ ਮਰਹਿ ॥ ਕਈ ਕੋਟਿ ਬਹੁ ਜੋਨੀ ਫਿਰਹਿ ॥ ਕਈ ਕੋਟਿ ਬੈਠਤ ਹੀ ਖਾਹਿ ॥ ਕਈਕੋਟਿ ਘਾਲਹਿ ਥਕਿ ਪਾਹਿ ॥ ਕਈ ਕੋਟਿ ਕੀਏ ਧਨਵੰਤ ॥ ਕਈ ਕੋਟਿ ਮਾਇਆ ਮਹਿ ਚਿੰਤ ॥ ਜਹ ਜਹ ਭਾਣਾ ਤਹ ਤਹ ਰਾਖੇ ॥ ਨਾਨਕ ਸਭੁ ਕਿਛੁ ਪ੍ਰਭ ਕੈ ਹਾਥੇ ॥ ੫ ॥

ਕਈ ਕ੍ਰੋੜ (ਜੀਵ) ਪਤਾਲ ਦੇ ਵੱਸਣੇ ਵਾਲੇ ਹਨ, ਕਈ ਕ੍ਰੋੜ ਨਰਕ ਸੁਰਗ ਦੇ ਰਹਿਣੇ ਵਾਲੇ ਹਨ, ਕਈ ਕ੍ਰੋੜ ਜੰਮਦੇ ਹਨ, ਜੀਵਨ ਬਸਰ ਕਰਦੇ ਹਨ ਤੇ ਫੇਰ ਮਰ ਜਾਂਦੇ ਹਨ। ਕਈ ਕ੍ਰੋੜ ਬਹੁਤੀਆਂ ਜੂਨਾਂ ਵਿਚ ਪਏ ਫਿਰਦੇ ਹਨ। ਕਈ ਕ੍ਰੋੜ ਬੈਠੇ ਹੀ ਖਾਂਦੇ ਹਨ*। ਕਈ ਕ੍ਰੋੜ ਕਮਾਈਆਂ ਕਰਦੇ ਥੱਕ ਜਾਂਦੇ ਹਨ। ਕਈ ਕ੍ਰੋੜ ਧਨਵਾਨ ਬਣਾਏ ਹਨ। ਕਈ ਕ੍ਰੋੜ ਮਾਇਆ ਲਈ ਚਿੰਤਾਤੁਰ ਰਹਿੰਦੇ (ਬਣਾਏ) ਹਨ। ਜਿਥੇ ਜਿਥੇ (ਪਰਮੇਸ਼ੁਰ) ਨੂੰ ਭਾਉਂਦਾ ਹੈ ਓਥੇ ਓਥੇ ਰੱਖਦਾ ਹੈ। (ਦੱਸਦੇ ਹਨ ਗੁਰੂ) ਨਾਨਕ, ਸਭ ਕੁਝ ਪ੍ਰਭੂ ਦੇ (ਅਪਣੇ) ਹੱਥ ਵਿਚ ਹੈ ॥ ੫ ॥

ਹੁਣ ਵੈਰਾਗ, ਸਤਿਸੰਗ ਤੇ ਨਾਮ ਦੇ ਜ਼ਰੀਏ ਪ੍ਰਭੂ ਦੇ ਪ੍ਰੇਮੀ ਹੋਣ ਵਾਲਿਆਂ ਦਾ ਜ਼ਿਕਰ ਤੁਰਿਆ–

ਕਈ ਕੋਟਿ ਭਏ ਬੈਰਾਗੀ ॥ ਰਾਮ ਨਾਮ ਸੰਗਿ ਤਿਨਿ ਲਿਵ ਲਾਗੀ ॥ ਕਈ ਕੋਟਿ ਪ੍ਰਭ ਕਉ ਖੋਜੰਤੇ ॥ ਆਤਮ ਮਹਿ ਪਾਰਬ੍ਰਹਮ ਲਹੰਤੇ ॥ ਕਈ ਕੋਟਿ ਦਰਸਨ ਪ੍ਰਭ ਪਿਆਸ ॥ ਤਿਨ ਕਉ ਮਿਲਿਓ ਪ੍ਰਭੁ ਅਬਿਨਾਸ ॥ ਕਈ ਕੋਟਿ ਮਾਗਹਿ ਸਤਸੰਗੁ॥ ਪਾਰਬ੍ਰਹਮ ਤਿਨ੍ ਲਾਗਾ ਰੰਗੁ ॥ ਜਿਨ ਕਉ ਹੋਏ ਆਪਿ ਸੁਪ੍ਰਸੰਨ ॥ ਨਾਨਕ ਤੇ ਜਨ ਸਦਾ ਧਨਿ ਧੰਨਿ ॥ ੬ ॥

ਕਈ ਕ੍ਰੋੜ (ਦ੍ਰਿਸ਼ਟਮਾਨ ਤੋਂ) ਵੈਰਾਗਵਾਨ ਹੋ ਗਏ ਹਨ, ਉਨ੍ਹਾਂ ਦੀ ਲਿਵ ਪਰਮੇਸ਼ੁਰ ਦੇ ਨਾਮ ਨਾਲ ਲਗ ਗਈ। ਕਈ ਕ੍ਰੋੜ ਪ੍ਰਭੂ ਨੂੰ ਖੋਜਦੇ ਹਨ । (ਓਹ ਆਪਣੇ) ਆਤਮਾ ਵਿਚ ਪਾਰਬ੍ਰਹਮ ਨੂੰ ਲੱਭ ਲੈਂਦੇ ਹਨ। ਕਈ ਕ੍ਰੋੜ ਨੂੰ ਪ੍ਰਭੂ ਦੇ ਦਰਸ਼ਨ ਦੀ ਚਾਹ (ਲਗ ਰਹੀ) ਹੈ, ਉਨ੍ਹਾਂ ਨੂੰ ਅਬਿਨਾਸ਼ੀ ਪ੍ਰਭੂ (ਆਪ) ਆ ਮਿਲਦਾ ਹੈ। ਕਈ ਕ੍ਰੋੜ ਸਤਿਸੰਗ ਲੱਭਦੇ ਹਨ। ਉਨ੍ਹਾਂ ਨੂੰ ਅਕਾਲ ਪੁਰਖ ਦਾ ਪ੍ਰੇਮ ਲਗ ਜਾਂਦਾ ਹੈ। ਹੇ ਨਾਨਕ! ਓਹ ਪੁਰਖ ਧੰਨ ਹਨ, ਓਹ ਸਦਾ ਧੰਨਜ ਹਨ ਜਿਨ੍ਹਾਂ ਉੱਤੇ (ਰੱਬ ਜੀ) ਆਪ ਮਿਹਰਵਾਨ ਹੋ ਜਾਂਦੇ ਹਨ (ਤੇ ਸਿੱਟੇ ਦੀ ਗੱਲ ਕਹੀ ਹੈ ਕਿ ਇਹ ਪਸਾਰਾ ਸਦਾ ਨਹੀਂ ਰਹਿੰਦਾ ਪਰ ਪਸਾਰਨ ਵਾਲਾ ਏਕੰਕਾਰ ਸਦਾ ਰਹਿੰਦਾ ਹੈ) ॥ ੬ ॥

ਹੁਣ ਨਜ਼ਰ ਸ੍ਰਿਸ਼ਟੀ ਤੇ ਪ੍ਰਭੂ ਦੀ ਬੇਅੰਤਤਾ ਤੇ ਪਈ ਹੈ -

ਕਈ ਕੋਟਿ ਖਾਣੀ ਅਰੁ ਖੰਡ ॥ ਕਈ ਕੋਟਿ ਅਕਾਸ ਬ੍ਰਹਮੰਡ ॥ ਕਈ ਕੋਟਿ ਹੋਏ ਅਵਤਾਰ ॥ ਕਈ ਜੁਗਤਿ ਕੀਨੋ ਬਿਸਥਾਰ ॥ ਕਈ ਬਾਰ ਪਸਰਿਓ ਪਾਸਾਰ ॥ ਸਦਾ ਸਦਾ ਇਕੁ ਏਕੰਕਾਰ ॥ ਕਈ ਕੋਟਿ ਕੀਨੇ ਬਹੁ ਭਾਤਿ॥ ਪ੍ਰਭ

ਕਈ ਕ੍ਰੋੜ ਖਾਣੀਆਂ ਤੇ ਖੰਡ ਹਨ। ਕਈ ਕ੍ਰੋੜ ਹਨ ਆਕਾਸ਼ ਤੇ ਬ੍ਰਹਮੰਡ। ਕਈ ਕ੍ਰੋੜ (ਜੀਵ ਇਨ੍ਹਾਂ ਵਿਚ) ਅਵਤਰਣ ਹੋਏ ਹਨ। (ਜਗਤ ਰਚਨਾ ਦਾ ਇਹ) ਵਿਸਥਾਰ (ਆਪੇ ਨਹੀਂ ਹੋਯਾ) ਕਈ ਜੁਗਤਾਂ ਨਾਲ (ਪ੍ਰਭੂ ਨੇ) ਕੀਤਾ ਹੈ। (ਹਾਂ ਕਈ ਵੇਰ ਇਹ ਫੈਲਾਉ ਫੈਲਿਆ (ਭਾਵ ਸੰਸਾਰ ਰਚਿਆ ਗਿਆ) ਹੈ, (ਪਰ) ਇਕ ਅਕਾਲ ਪੁਰਖ (ਹੀ) ਸਦੀਵ (ਤੇ) ਨਿਤ (ਅਪਣੇ ਸਰੂਪ ਵਿਚ ਸਥਿਤ ਰਹਿੰਦਾ) ਹੈ। (ਹਰ ਰਚਨਾ ਵਿਚ) ਕਈ ਕ੍ਰੋੜ (ਜੀਵ) ਬਹੁਤੀਆਂ ਭਾਂਤਾਂ ਕਰਕੇ (ਪ੍ਰਭੂ ਨੇ)

*ਭਾਵ, ਬਿਨਾ ਮਿਹਨਤ ਮਜ਼ੂਰੀ ਕੰਮ ਕੀਤੇ ਦੇ ਉਨ੍ਹਾਂ ਨੂੰ ਖਾਣ ਪੀਣ ਨੂੰ ਮਿਲ ਜਾਂਦਾ ਹੈ।

ਤੇ ਹੋਏ ਪ੍ਰਭ ਮਾਹਿ ਸਮਾਤਿ ॥ ਤਾਕਾ ਅੰਤੁ ਨ ਜਾਨੈ ਕੋਇ ॥ ਆਪੇ ਆਪਿ ਨਾਨਕ ਪ੍ਰਭੁ ਸੋਇ ॥ ੭ ॥

ਰਚੇ (ਪਰ ਓਹ) ਪ੍ਰਭੂ ਤੋਂ (ਉਤਪਤ) ਹੋਕੇ ਪ੍ਰਭੂ ਵਿਚ ਹੀ ਸਮਾਉਂਦੇ ਰਹੇ। ਉਸ (ਪ੍ਰਭੂ) ਦਾ ਅੰਤ ਕੋਈ ਨਹੀਂ ਜਾਣਦਾ। ਹੇ ਨਾਨਕ! ਉਹ ਪ੍ਰਭੂ ਆਪ ਹੈ ਤੇ ਆਪੇ ਹੈ* ॥ ੭ ॥

ਹੁਣ ਉਸ ਸਦਾ ਸਲਾਮਤ ਏਕੰਕਾਰ ਦੀ ਪ੍ਰਾਪਤੀ ਦਾ ਆਪਣਾ ਸਿੱਧਾਂਤ - ਭਗਤੀ, ਪਰਾ ਭਗਤੀ ਤੇ ਭਗਤੀ ਜੰਨਯ ਗਯਾਨ ਦਾ ਵਰਣਨ ਕਰਦੇ ਹਨ ਤੇ ਉਨ੍ਹਾਂ ਨਾਮ ਰਸੀਆਂ ਨੂੰ 'ਅਮਰ' ਦੱਸਦੇ ਹਨ:–

ਕਈ ਕੋਟਿ ਪਾਰਬ੍ਰਹਮ ਕੇ ਦਾਸ ॥ ਤਿਨ ਹੋਵਤ ਆਤਮ ਪਰਗਾਸ ॥ ਕਈ ਕੋਟਿ ਤਤ ਕੇ ਬੇਤੇ ॥ ਸਦਾ ਨਿਹਾਰਹਿ ਏਕੋ ਨੇਤ੍ਰੇ ॥ ਕਈ ਕੋਟਿ ਨਾਮ ਰਸੁ ਪੀਵਹਿ ॥ ਅਮਰ ਭਏ ਸਦ ਸਦ ਹੀ ਜੀਵਹਿ ॥ ਕਈ ਕੋਟਿ ਨਾਮ ਗੁਨ ਗਾਵਹਿ ॥ ਆਤਮ ਰਸਿ ਸੁਖਿ ਸਹਜਿ ਸਮਾਵਹਿ ॥ ਅਪੁਨੇ ਜਨ ਕਉ ਸਾਸਿ ਸਾਸਿ ਸਮਾਰੇ ॥ ਨਾਨਕ ਓਇ ਪਰਮੇਸੁਰ ਕੇ ਪਿਆਰੇ ॥੮॥੧੦॥

ਕਈ ਕ੍ਰੋੜ ਪਾਰਬ੍ਰਹਮ ਦੇ ਦਾਸ ਹਨ, ਓਨ੍ਹਾਂ ਨੂੰ ਆਤਮ ਪ੍ਰਕਾਸ਼ ਹੁੰਦਾ ਹੈ†। ਕਈ ਕ੍ਰੋੜ ਤੱਤ (ਸਾਰ) ਦੇ ਜਾਣਨੇ ਵਾਲੇ ਹਨ, ਓਹ ਸਦੀਵ ਇਕ (ਪ੍ਰਭੂ) ਨੂੰ ਹੀ ਨੇਤ੍ਰਾਂ ਨਾਲ ਦੇਖਦੇ ਹਨ‡। ਕਈ ਕ੍ਰੋੜ ਨਾਮ ਰਸ ਪੀਂਦੇ ਹਨ, (ਓਹ) ਮੌਤ ਤੋਂ ਰਹਿਤ ਹੋਕੇ ਸਦਾ ਸਦਾ ਹੀ ਜੀਂਦੇ ਹਨ। ਕਈ ਕ੍ਰੋੜ (ਪਰਮੇਸ਼ੁਰ ਦੇ) ਨਾਮ ਤੇ ਗੁਣਾਂ ਨੂੰ ਗਾਉਂਦੇ ਹਨ, (ਓਹ) ਆਤਮਰਸ (ਤੇ) ਸਹਿਜ ਸੁਖ ਦੇ ਵਿਚ ਸਮਾਉਂਦੇ ਹਨ। ਹੇ ਨਾਨਕ! (ਜੋ ਉਸ ਨੇ ਅਪਣੇ ਕਰ ਲਏ ਹਨ ਉਨ੍ਹਾਂ) ਅਪਣੇ ਜਨਾਂ ਨੂੰ (ਓਹ) ਪਲ ਪਲ ਵਿਚ ਸੰਭਾਲਦਾ ਰਹਿੰਦਾ ਹੈ ਉਹੀ ਪਰਮੇਸ਼ੁਰ ਦੇ ਪਯਾਰੇ (ਕਹੀਂਦੇ) ਹਨ। (ਭਾਵ, ਜਿਨਾਂ ਪ੍ਰੇਮੀਆਂ ਨੂੰ ਪ੍ਰਭੁ ਪਿਆਰ ਕਰਨ ਲਗ ਜਾਵੇ ਅਸਲ ਪ੍ਰੇਮੀ ਓਹ ਹਨ) ॥ ੮ ॥ ੧੦ ॥

**ਨਿਰੁਕ੍ਤ**—ਪਾਰਾਵਾਰ—[ਸੰਸ:, ਪਾਰਾਵਾਰ:=ਸਮੁੰਦਰ। ਸੰਸ:, ਪਾਰਾਵਾਰੰ=(ਕਿਸੇ) ਨਦੀ ਦਾ ਉਰਲਾ ਯਾ ਪਾਰਲਾ ਕਿਨਾਰਾ।] ਉਰਲਾ ਪਾਰਲਾ ਕਿਨਾਰਾ।

੨. ਘੇਰਾ, ਸਾਰਾ ਪੇਹਨ। ਗੁਰਬਾਣੀ ਵਿਚ ਥਾਂ ਥਾਂ ਤ੍ਰੈਏ ਅਰਥ ਲਗਦੇ ਹਨ।

ਅੰਤ ਤੇ ਪਾਰਾਵਾਰ ਕੱਠੇ ਆਉਣ ਤਾਂ ਮੁਰਾਦ ਹੱਦ ਦੀ ਹੀ ਹੁੰਦੀ ਹੈ, ਪਰ ਕਟਾਖਯ ਵਿਚ ਇਹ ਹੁੰਦਾ ਹੈ ਕਿ ਜੇ ਚੁੜਾ ਲਮਾ ਵਾਲਾ ਹੈ ਤਾਂ ਉਸ ਦਾ ਅੰਤ, ਜੇ ਗੋਲ ਹੈ ਤਾਂ ਘੇਰਾ, ਸੋ ਉਹ ਦੁਹਾਂ ਹੱਦਬੰਦੀਆਂ ਵਿਚ ਨਹੀਂ, ਇਸ ਕਰਕੇ ਨਾ ਉਸ ਦਾ ਅੰਤ ਹੈ ਨਾ ਪਾਰਾਵਾਰ। [ਸੰਸ੍ਕ੍ਰਿਤ ਦਾ ਮੂਲ ਅਰਥ ਐਉਂ ਹੈ:–ਧਾਤੂ ਵ੍ਰਿ=ਘੇਰਨਾ]।

ਬਿਧਿ—[ਸੰਸ:, ਵਿਧ:=ਪ੍ਰਕਾਰ, ਕਿਸਮ, ਜ਼ਾਤਿ।ਸੰਸ:, ਵਿਧਿ:=ਕੰਮ ਕਰਨ ਦਾ ਤ੍ਰੀਕਾ, ਢੰਗ, ਨਿਯਮ] ਕਿਸਮਾਂ ਤੇ 'ਪ੍ਰਕਾਰ' ਅਗੋਂ ਭਾਂਤਾਂ। ਜਿਵੇਂ ਦੁੱਧ ਪਿਲਾਉਣ ਵਾਲੇ ਜੰਤੂ ਇਕ ਕਿਸਮ ਹੈ, ਅਗੋਂ ਗਊ, ਮਹਿੰ, ਬੱਕਰੀ ਇਸ ਦੀਆਂ ਭਾਂਤਾਂ ਹਨ। (ਅ) ਸੰਪ੍ਦਾ ਵਿਚ ਐਉਂ ਬੀ ਕਰਦੇ ਹਨ ਇ: ਅਨੇਕ ਪ੍ਰਕਾਰ ਦੀ ਰਚਨਾ ਪ੍ਰਭੂ ਨੇ ਬਹੁਤ ਵਿਧੀਆਂ ਨਾਲ ਰਚੀ ਹੈ।

ਕੋਟਿ—[ਸੰਸ:, ਕੋਟਿ:=ਕ੍ਰੋੜ ਦੀ ਗਿਣਤੀ] ਕਈ ਕੋਟਿ=ਭਾਵ ਹੈ 'ਬਹੁਤੇ'। ਏਥੇ ਕ੍ਰੋੜ ਤੋਂ ਕ੍ਰੋ:

*ਆਪੇ=ਉਸ ਦਾ ਨਿੱਤਯ ਰਹਿਣੇ ਵਾਲਾ ਵਜੂਦ ਤੇ ਕਾਯਮੀ ਕਿਸੇ ਹੋਰ ਦੀ ਮੁਥਾਜ ਨਹੀਂ। ਆਪਿ=ਇਉਂ ਸੁਤੰਤ੍ਰ ਤੇ ਸਦਾ ਥਿਰ ਹੋਕੇ ਓਹ ਆਪਣੇ ਕਰਨਿਆਂ ਵਿਚ ਕਿਸੇ ਕਾਰਣ ਯਾ ਵਸਤੂ ਦਾ ਮੁਥਾਜ ਨਹੀਂ। ਸਭ ਕੁਛ ਆਪਣੇ ਹੀ ਆਪ ਹੈ। ਭਾਵ, ਉਹ ਕਾਇਮ-ਬਿੱਲ-ਜ਼ਾਤ ਹੈ।

†ਭਾਵ, ਜੋ ਭਗਤੀ ਵਿਚ ਜਾਂਦੇ ਹਨ, ਉਨ੍ਹਾਂ ਨੂੰ ਗਯਾਨ ਹੋ ਜਾਂਦਾ ਹੈ।

‡ਤਤ ਕੇ ਬੇਤੇ=ਸਾਰ ਰੂਪ ਪਰਮਾਤਮਾ ਨੂੰ ਜਾਣਨ ਵਾਲੇ ਸਦਾ ਉਸ ਇਕ ਨੂੰ ਸਾਹੇ ਵ੍ਯਾਪਕ ਦੇਖਦੇ ਹਨ।

ਦੀ ਗੇਣਤੀ ਮੁਰਾਦ ਨਹੀਂ ਪਰ 'ਬਹੁਤੇ'। ਕ੍ਰੋੜਾਂ ਇਸ ਕਰਕੇ ਕਿਹਾ ਹੈ ਕਿ ਬ੍ਰਹਮੰਡ ਬੀ ਕ੍ਰੋੜਾਂ ਹਨ।

ਕਰਮ ਕਾਂਡ-[ਸੰਸ:, ਕਰ੍ਮ ਕਾਂਡ: ਜਾਂ ਕਰ੍ਮਕਾਂਡਮ੍=ਵੇਦ ਦਾ ਉਹ ਹਿੱਸਾ ਜਿਸ ਵਿਚ ਯੱਗ ਅਨੁਸ਼੍ਠਾਨ ਆਦਿ ਕਰਮਾਂ ਦਾ ਅਤੇ ਉਹਨਾਂ ਦੇ ਮਹਾਤ੍ਮ ਦਾ ਵਰਣਨ ਹੈ] ਜੋ ਜੋ ਕਰਮ ਯਾ ਸ਼ਰਅ ਜਿਸ ਜਿਸ ਧਰਮ ਨੇ ਦੱਸੀ ਹੈ। ਉਸ ਨੂੰ ਕਰਮ ਕਾਂਡ ਕਹਿੰਦੇ ਹਨ।

ਬਿਉਹਾਰੀ-[ਦੇਖੋ ਪੰਨਾ ੧੬੮੫] ਭਾਵ ਹੈ ਕਰਨੇ ਵਾਲੇ।

ਕਬਿ-[ਸੰਸ:, ਕਵਿ:=ਬੁਧੀਮਾਨ ਪੁਰਸ਼। ਵਿਚਾਰਵਾਨ। ਸ਼ਾਇਰ। ੨. ਬ੍ਰਹਮਾ। ੩. ਸੂਰਜ। ੪. ਆਦਿ ਕਵਿ ਬਾਲਮੀਕ ] ਸੰਸ:, ਵਿਚ ਕਵੀ ਕਹਿੰਦੇ ਹਨ ਸ਼ਾਇਰ ਨੂੰ, ਪਰ ਬੁੱਧੀਮਾਨ ਤੇ ਉਹਨਾਂ ਨੂੰ ਬੀ ਕਹਿ ਲੈਂਦੇ ਹਨ ਜੋ ਇਲਹਾਮੀ ਮੰਨੇ ਜਾਂਦੇ ਹਨ ਜਿਹਾ ਕੁ ਸ਼ੁਕ੍ਰ, ਬਾਲਮੀਕ, ਬ੍ਰਹਮਾ ਜਿਸ ਨੇ ਵੇਦ ਰਚੇ। ਕਾਵ੍ਯ=ਕਵਿਤਾ ਯਾ ਪਦ ਮਈ ਰਚਨਾ ਨੂੰ ਕਹਿੰਦੇ ਹਨ, ਪਰ ਜੋ ਗ੍ਰੰਥ ਈਸ਼੍ਵਰੀਯ ਪ੍ਰੇਰਨਾ ਨਾਲ ਲਿਖੇ ਗਏ ਮੰਨੇ ਜਾਂਦੇ ਹਨ ਉਨ੍ਹਾਂ ਨੂੰ ਬੀ ਆਖਦੇ ਹਨ। [ਸੰ: ਸ਼: ਕੋ:]। ਇਸ ਪਉੜੀ ਵਿਚ ਵਿਸ਼ਯ ਧਾਰਮਕ ਪਹਿਲੂ ਦਾ ਚੱਲ ਰਿਹਾ ਹੈ ਇਸ ਕਰਕੇ ਮੁਰਾਦ ਧਾਰਮਿਕ ਕਾਵ੍ਯ ਤੇ ਧਾਰਮਕ ਕਵੀਆਂ ਤੋਂ ਹੀ ਹੈ।

ਅਭਿਮਾਨੀ-[ਸੰਸ:, ਅਭਿਮਾਨਿਨ੍] ਘਮੰਡੀ, ਜੋ ਨਿਜ ਨੂੰ ਬੜਾ ਵਡਾ ਸਮਝੇ।

ਅਭਿਗ-[ਸੰਸ:, ਅਨਭਿਗ੍ਯ:=ਅਨਜਾਨ, ਨਾਵਾਕਿਫ਼] ਦੂਵੀ ਭੂਤ ਨਾ ਹੋਣ ਵਾਲੇ। (ਅ) ਐਉਂ ਬੀ ਜਤਨ ਹੁੰਦਾ ਹੈ, ਸੰਸ:, ਅਭਿਗ੍ਯ+ਆਤਮ=ਪੂਰਨ ਗ੍ਯਾਨੀ; ਪਰ ਇਥੇ ਪ੍ਰਸੰਗ ਨੀਵੇਂ ਜੀਵਾਂ ਦਾ ਚੱਲ ਰਿਹਾ ਹੈ।

ਨਿਕੋਰ-[ਹਿੰ:, ਕੋਰਾ=ਨਵਾਂ, ਨਾ ਵਰਤਿਆ ਹੋਇਆ। ਅਨਪੜ੍ਹ, ਮੂਰਖ, ਖਾਲੀ]=ਬਹੁਤ ਕੋਰੇ, ਕੋਰੇ ਕਪੜੇ ਤੇ ਰੰਗ ਨਹੀਂ ਚੜ੍ਹਦਾ ਭਾਵ; ਪ੍ਰੇਮ ਦਾ ਰੰਗ ਨਾ ਚੜ੍ਹੇ ਜਿਨ੍ਹਾਂ ਤੇ। (ਅ) ਐਉਂ ਬੀ ਯਤਨ ਹੁੰਦਾ ਹੈ:-ਨਿਕੋਰ=ਨਵੇਂ ਨਿਕੋਰ, ਜਿਨ੍ਹਾਂ ਨੂੰ ਮੈਲ ਨਹੀਂ ਲੱਗੀ, ਪਰ ਇਥੇ ਪ੍ਰਸੰਗ ਨੀਵੇਂ ਜੀਵਾਂ ਦਾ ਚਲ ਰਿਹਾ ਹੈ [ਸੰਸ:, ਕੌਮਾਰੰ=ਕੰਵਾਰਾ ਪਨ]।

ਸਿਧ-(ਦੇਖੋ ਪੰਨਾ ੭੬)। ਜਤੀ-(ਦੇਖੋ ਪੰਨਾ ੨੦੧)।

ਜੋਗੀ-[ਸੰਸ:, ਯੋਗੀ] ਯੋਗ ਕਰਨ ਵਾਲੇ।

ਪਵਣ-[ਸੰਸ:, ਪਵਨ:] ਹਵਾ,ਪੌਣਾਂ (ਗੈਸਾਂ) ਕਈ ਤਰ੍ਹਾਂ ਦੀਆਂ ਹਨ।

ਪਾਣੀ-[ਸੰਸ:, ਪਾਨੀਯੰ=ਜਲ, ਪੀਤੇ ਜਾਣ ਵਾਲੇ ਪਦਾਰਥ। ਰਸ, ਸ਼ਰਬਤ] ਪਾਣੀ ਤੋਂ ਭਾਵ ਦ੍ਰਵ ਪਦਾਰਥ ਹਨ।

ਬੈਸੰਤਰ- [ਸੰਸ:, ਵੈਸ਼੍ਵਾਨਰ:=ਅੱਗ] ਅੱਗ। ਅਗਨੀ ਤੋਂ ਭਾਵ ਸਾਰੇ ਗਰਮੀ ਦੇਣ ਵਾਲੇ ਬਲ ਪੈਣ ਵਾਲੇ ਤੇ ਬਾਲ ਦੇਣ ਵਾਲੇ ਸਥੂਲ ਸੂਖਮ ਪਦਾਰਥ ਹਨ।

ਪਵਣ ਪਾਣੀ ਬੈਸੰਤਰ-ਦੇਖੋ ਉਪਰ। (ਅ) ਸ਼ਾਸਤ੍ਰਾਂ ਵਿਚ ਪੌਣ ਪਾਣੀ ਅਗਨੀ ਦੇਵਤੇ ਬੀ ਮੰਨੇ ਹਨ।

ਭੂ ਮੰਡਲ-[ਸੰਸ:, ਭੂ ਮਣ੍ਡਲੰ=ਪ੍ਰਿਥਵੀ] ਪ੍ਰਿਥਵੀ ਮੰਡਲ ਤੇ ਉਸ ਵਿਚ ਦੇਸ਼ (ਕਈ ਕੋਟ) ਬਣਾਏ ਹਨ।

ਸੂਤਿ ਧਾਰੈ-[ਦੇਖੋ ਪੰਨਾ ੧੬੭੬ ]। ੨. ਸੂਤ੍ਰ ਧਾਰ-[ਸੰਸ:, ਸੂਤ੍ਰਧਾਰ:=ਮੂਤ੍ਰੋਂ ਕਾ ਬਨਾਨੇ ਵਾਲਾ। ੨. ਇੰਦ੍ਰ] ਰੰਗ ਭੂਮੀ ਦੇ ਪ੍ਰਬੰਧਕ ਨੂੰ ਕਹਿੰਦੇ ਹਨ। ਸੂਤ੍ਰ ਵਿਚ

ਧਾਰਨਾ, 'ਪ੍ਰਬੰਧ ਵਿਚ ਤੋਰਨਾ' ਦਾ ਭਾਵ ਰਖਦਾ ਹੈ। (ਅ) 'ਹੁਕਮ ਰੂਪੀ ਤਾਗੇ ਵਿਚ' ਬੀ ਕਰਦੇ ਹਨ, ਭਾਵ ਦੁਹਾਂ ਦਾ 'ਪ੍ਰਬੰਧ' ਹੈ।

ਰਾਜਸ ਤਾਮਸ ਸਾਤਕ–[ਸੰਸ:, ੧. ਰਾਜਸੁ=ਰਜੋਗੁਣ ਸੰਪੰਨ। ੨. ਤਾਮਸ=ਤਮੋਗੁਣ ਸੰਪੰਨ। ੩. ਸਾਤ੍ਵਿਕ=ਸਤੋਗੁਣ ਸੰਪੰਨ।] ੧. ਹੰਕਾਰ, ਇਛਯਾ, ਕਾਮਨਾ ਰਜੋਗੁਣ ਹਨ। ੨. ਆਲਸ, ਗੁੱਸਾ, ਸਾੜਾ ਆਦਿ ਤਮੋਗੁਣ ਹਨ। ੩. ਸ਼ਾਂਤੀ, ਠੰਡ, ਟਿਕਾਉ ਸਤੋਗੁਣ ਹਨ। ਸਾਰੀ ਰਚਨਾ ਤ੍ਰੈ ਗੁਣਾਂ ਦਾ ਪਸਾਰਾ ਹੈ। ਇਨ੍ਹਾਂ ਉਪਰ ਤੁਰੀਆ ਹੈ। (ਅ) 'ਰਾਜਸ'=ਬ੍ਰਹਮਾ, ਤਾਮਸ=ਸ਼ਿਵ, ਸਾਤਕ=ਵਿਸ਼ਨੂੰ, ਇਹ ਭਾਵ ਬੀ ਕੱਢਦੇ ਹਨ।

ਜਖ੍ਯ–[ਸੰਸ:, ਯਕ੍ਸ਼:] ਕੁਬੇਰ ਦੇ ਸਾਥੀ ਦੇਵਤੇ।

ਕਿੰਨਰ–[ਸੰਸ:, ਕਿਨ੍ਨਰ:]=ਦੇਵਤਿਆਂ ਦੇ ਗਵਈਏ।

ਪਿਸਾਚ–[ਸੰਸ:, ਪਿਸ਼ਾਚ:=ਰਾਖਸ਼, ਦੈਤ, ਸ਼ੈਤਾਨ] ਆਮ ਤੌਰ ਤੇ ਭੂਤਾਂ ਨੂੰ ਕਹਿੰਦੇ ਹਨ ਪਰ ਏਹ ਬੀ ਅਤਿ ਨੀਵੇਂ ਅਸਮਾਨੀ ਲੋਕ ਮੰਨੇ ਗਏ ਹਨ।

ਮ੍ਰਿਗਾਚ–[ਸੰਸ:, ਮ੍ਰਿਗ:=ਹਿਰਨ+ਅਚੁ=ਜਾਨਾ] ਹਿਰਨਾਂ ਵੱਲ ਜਾਣ ਵਾਲਾ, ਭਾਵ ਹਮਲਾ ਕਰਨਾ ਵਾਲਾ=ਸ਼ੇਰ।

ਖਾਣੀ–[ਸੰਸ:, ਖਾਨਿ:=ਖਾਨਿ (=ਉਤਪਤਿ ਸਥਾਨ)। ਪੰਜਾਬੀ, ਖ਼ਾਣੀ=ਉਤਪਤਿ ਦੇ ਤ੍ਰੀਕੇ] ਸ੍ਰਿਸ਼ਟੀ ਉਤਪਤੀ ਦੇ ਚਾਰ ਤਰੀਕਿਆਂ ਅੰਡਜ, ਜੇਰਜ, ਸੇਤਜ, ਉਤਭੁਜ ਨੂੰ ਖਾਣੀ ਕਹਿੰਦੇ ਹਨ। (ਵਿਸ਼ੇਸ਼ ਦੇਖੋ ਪੰਨਾ ੧੪੨ 'ਖਾਣੀ ਚਾਰੇ')।

ਖੰਡ–[ਸੰਸ:, ਖੰਡ:=ਟੁਕੜਾ] ਹਿੱਸਾ, ਅੰਸ਼। (ਦੇਖੋ ਪੰਨਾ ੧੪੨)।

ਅਵਤਾਰ–[ਸੰਸ:, ਅਵਤਰਣਮੁ=ਜਨਮ ਲੈਣਾ, ਅਵਤਾਰ ਧਾਰਨਾ] ਅਵਤਰਣ ਹੋਏ ਹਨ। ਭਾਵ (ਕਈ ਕੋਟ ਜੀਵ) ਪੈਦੇ ਹੋਏ ਹਨ। (ਅ) ਕਈ ਕ੍ਰੋੜ ਅਵਤਾਰ–[ਅਵਤਾਰ:=ਕਿਸੇ ਦੇਵਤੇ ਦਾ ਦੁਨੀਆਂ ਵਿਚ ਜਨਮ ਲੈਣਾ] ਹੋਏ ਹਨ।

[ਅਸਟਪਦੀ–ਯਾਰਵੀਂ]

**ਪ੍ਰਾਕ੍ਥਨ**–ਪ੍ਰਭੂ ਸਰਬ ਸਮਰੱਥ ਹੈ, ਕਾਰਣਾਂ ਦਾ ਕਾਰਣ ਆਦਿ ਕਾਰਣ ਉਹੋ ਹੈ। ਜੋ ਉਸ ਨੂੰ ਭਾਉਂਦਾ ਹੈ ਸੋ ਹੁੰਦਾ ਹੈ। ਅੰਕ ੪ ਤੋਂ ਮਗਰੋਂ ਜੀਵ ਦੀ ਨਿਰਬਲਤਾ ਅਤੇ ਇਸ ਦੀਆਂ ਬਦਲਵੀਆਂ ਹਾਲਤਾਂ ਅਤੇ ਮਿਜ਼ਾਜਾਂ ਦਾ ਜ਼ਿਕਰ ਹੈ। ਅੰਕ ੮ ਵਿਚ ਜੀਵ ਦੀ ਉੱਚੇ ਸਤਿਸੰਗ ਦੀ ਪ੍ਰਾਪਤੀ ਵਿਚ ਮੁਕਤੀ ਦਿਖਾਈ ਹੈ।

| | |
|---|---|
| ਸਲੋਕੁ॥ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ ॥ ਨਾਨਕ ਤਿਸੁ ਬਲਿਹਾਰਣੈ ਜਲਿ ਥਲਿ ਮਹੀਅਲਿ ਸੋਇ ॥ ੧ ॥ | ਕਾਰਣ (ਬੀ) ਇਕੋ ਪ੍ਰਭੂ (ਆਪ) ਹੈ (ਤੇ) ਕਰਨੇ ਦਾ ਸੰਦ ਬੀ ਆਪ ਹੈ, ਦੂਜਾ ਹੋਰ ਕੋਈ ਨਹੀਂ, (ਮੈਂ) ਨਾਨਕ ਉਸ ਤੋਂ ਬਲਿਹਾਰਨੇ ਹਾਂ, ਜੋ ਜਲ ਥਲ ਵਿਚ (ਸਾਰੇ ਵਯਾਪਕ) ਹੈ ॥ ੧ ॥ |

ਅਸਟਪਦੀ ॥ ਕਰਨ ਕਰਾਵਨ ਕਰਨੈ ਜੋਗੁ ॥ ਜੋ ਤਿਸੁ ਭਾਵੈ ਸੋਈ ਹੋਗੁ॥ ਖਿਨ ਮਹਿ ਥਾਪਿ ਉਥਾਪਨ ਹਾਰਾ ॥ ਅੰਤੁ ਨਹੀ ਕਿਛੁ ਪਾਰਾ-ਵਾਰਾ ॥ ਹੁਕਮੇ ਧਾਰਿ ਅਧਰ ਰਹਾਵੈ ॥ ਹੁਕਮੇ ਉਪਜੈ ਹੁਕਮਿ ਸਮਾਵੈ ॥ ਹੁਕਮੇ ਊਚ ਨੀਚ ਬਿਉਹਾਰ ॥ ਹੁਕਮੇ ਅਨਿਕ ਰੰਗ ਪਰਕਾਰ॥ਕਰਿ ਕਰਿ ਦੇਖੈ ਅਪਨੀ ਵਡਿਆਈ ॥ ਨਾਨਕ ਸਭ ਮਹਿ ਰਹਿਆ ਸਮਾਈ ॥ ੧ ॥

(ਆਦਿ ਵਿਚ ਇਹ ਰਚਨਾ) ਕਰਨ ਕਰਾਉਣ ਵਾਲਾ (ਓਹੋ ਪ੍ਰਭੂ ਸੀ ਤੇ ਓਹੋ ਹੁਣ ਬੀ) ਕਰਨੇ ਨੂੰ ਸਮਰੱਥ ਹੈ*। (ਅਗੋਂ ਨੂੰ ਬੀ) ਜੋ ਉਸਨੂੰ ਭਾਵੇ ਉਹੋ (ਹੀ) ਹੋਵੇਗਾ†। (ਉਹ) ਪਲ ਵਿਚ ਰਚਣ ਤੇ (ਪਲ ਵਿਚ) ਭੰਨ ਦੇਣ ਵਾਲਾ ਹੈ। ਉਸ ਦਾ ਨਾ ਕੁਛ ਅੰਤ ਹੈ (ਨਾਂ ਕੁਛ) ਪਾਰਾਵਾਰ ਹੈ। (ਸ੍ਰਿਸ਼ਟੀ ਨੂੰ ਤਾਂ ਆਪਣੇ) ਹੁਕਮ ਦੁਆਰਾ ਰਚਕੇ (ਉਸਨੂੰ) ਬਿਨਾਂ ਆਸਰੇ ਦੇ (ਟਿਕਾਈ) ਰਖਦਾ ਹੈ, (ਉਸਦੇ) ਹੁਕਮ ਕਰਕੇ (ਹੀ ਸ੍ਰਿਸ਼ਟੀ) ਉਪਜਦੀ ਤੇ ਹੁਕਮ ਵਿਚ ਹੀ ਸਮਾ ਜਾਂਦੀ ਹੈ । ਹੁਕਮ ਵਿਚ ਹੀ ਊਚ ਨੀਚ ਦਾ ਵਿਹਾਰ (ਹੋ ਰਿਹਾ ਹੈ) । ਹੁਕਮ ਵਿਚ ਅਨੇਕ ਰੰਗ (ਤੇ ਅਨੇਕ) ਪ੍ਰਕਾਰ (ਹੋ ਰਹੇ ਹਨ‡, ਫੇਰ ਓਹ ਅਲਗ ਨਹੀਂ) ਹੇ ਨਾਨਕ, ਸਭ ਵਿਚ (ਆਪ) ਸਮਾ ਰਿਹਾ ਹੈ (ਤੇ ਏਡੇ ਮਹਾਨ ਕਾਰਜ) ਕਰ ਕਰਕੇ ਅਪਣੀ ਵਡਿਆਈ (ਆਪ ਹੀ) ਵੇਖ ਰਿਹਾ ਹੈ ॥ ੧ ॥

ਪ੍ਰਭ ਭਾਵੈ ਮਾਨੁਖ ਗਤਿ ਪਾਵੈ ॥ ਪ੍ਰਭ ਭਾਵੈ ਤਾ ਪਾਥਰ ਤਰਾਵੈ ॥ ਪ੍ਰਭ ਭਾਵੈ ਬਿਨੁ ਸਾਸ ਤੇ ਰਾਖੈ ॥ ਪ੍ਰਭ ਭਾਵੈ ਤਾ ਹਰਿ ਗੁਣ ਭਾਖੈ ॥ ਪ੍ਰਭ ਭਾਵੈ ਤਾ ਪਤਿਤ ਉਧਾਰੈ ॥ ਆਪਿ ਕਰੈ ਆਪਨ ਬੀਚਾਰੈ ॥ ਦੁਹਾ ਸਿਰਿਆ ਕਾ ਆਪਿ ਸੁਆਮੀ ॥ ਖੇਲੈ ਬਿਗਸੈ ਅੰਤਰਜਾਮੀ ॥ ਜੋ ਭਾਵੈ ਸੋ ਕਾਰ ਕਰਾਵੈ ॥ ਨਾਨਕ ਦ੍ਰਿਸਟੀ ਅਵਰੁ ਨ ਆਵੈ ॥ ੨ ॥

(ਜੇ) ਪ੍ਰਭੂ ਨੂੰ ਭਾਵੇ (ਤਾਂ) ਮਨੁਖ ਮੁਕਤੀ ਨੂੰ ਪ੍ਰਾਪਤ ਹੁੰਦਾ ਹੈ। (ਜੇ) ਪ੍ਰਭੂ ਨੂੰ ਭਾਵੇ ਤਾਂ ਪਥਰਾਂ (ਵਾਙੂ ਭਾਰੇ ਪਾਪੀਆਂ ਨੂੰ ਭੌਜਲ ਸੰਸਾਰ ਤੋਂ) ਤਰਾ ਦਿੰਦਾ ਹੈ, (ਜੇ) ਪ੍ਰਭੂ ਨੂੰ ਭਾਵੇ (ਤਾਂ) ਸੁਆਸਾਂ ਤੋਂ ਬਿਨਾਂ (ਹੋ ਗਏ ਮਨੁੱਖ ਨੂੰ ਬੀ) ਬਚਾ ਲੈਂਦਾ ਹੈ। ਪ੍ਰਭੂ ਨੂੰ ਭਾਵੇ ਤਾਂ (ਜੀਵ) ਹਰੀ ਦੇ ਗੁਣ ਗਾਉਂਦਾ ਹੈ। (ਜੇ) ਪ੍ਰਭੂ ਨੂੰ ਭਾਵੇ ਤਾਂ ਪਤਿਤਾਂ ਦਾ (ਬੀ) ਉਧਾਰ ਕਰ ਲੈਂਦਾ ਹੈ। (ਇਹ ਸਭ ਕੁਛ ਉਹ) ਆਪੇ (ਹੀ) ਕਰਦਾ ਹੈ (ਕਿਸੇ ਦੀ ਸਲਾਹ ਨਹੀਂ ਲੈਂਦਾ, ਸਦਾ) ਆਪ ਹੀ ਵਿਚਾਰਦਾ ਹੈ ਤੇ ਆਪ ਹੀ ਕਰਦਾ ਹੈ❦। ਦੁਹਾਂ ਸਿਰਿਆਂ ਦਾ ਮਾਲਕ ਆਪ ਹੈ, (ਆਪ ਹੀ ਸੰਸਾਰ ਨਾਟ ਦੀ) ਖੇਡ ਖੇਡਦਾ ਹੈ (ਆਪ ਹੀ ਖੇਡ ਵੇਖਕੇ)ਪ੍ਰਸੰਨ ਹੁੰਦਾ ਹੈ,ਆਪ ਹੀ ਅੰਤਰਯਾਮੀ ਹੈ☙।ਜੋ(ਉਸਨੂੰ) ਭਾਉਂਦੀ ਹੈ, ਸੋਈ ਕਾਰ ਕਰਦਾ ਕਰਾਉਂਦਾ ਹੈ, ਹੇ ਨਾਨਕ ! (ਸਾਨੂੰ) ਹੋਰ ਕੋਈ ਨਜ਼ਰ ਨਹੀਂ ਆਉਂਦਾ ॥ ੨ ॥

---

*(ਅ) ਜੇ ਜਗਤ (ਕਰਨ=) ਪ੍ਰਕਿਰਤੀ ਤੋਂ ਬਣਿਆਂ ਤੇ (ਕਰਾਵਨ=) ਬ੍ਰਹਮਾ ਤੋਂ ਰਚਵਾਇਆ ਗਿਆ ਤਾਂ ਦੋਹਾਂ ਨੂੰ ਕਰਨ ਦੀ ਸਮਰਥਾ ਦੇਣ ਵਾਲਾ (ਉਹੋ ਹੀ) ਪ੍ਰਭੂ ਹੈ।

†'ਹੋਗੁ' ਪਦ ਦੱਸਦਾ ਹੈ ਕਿ ਪਹਿਲੇ ਭੂਤ (Past) ਤੇ ਵਰਤਮਾਨ (Present) ਕਾਲ ਆਏ ਹਨ।

‡ਤਰ੍ਹਾਂ ਤਰ੍ਹਾਂ ਦੀਆਂ ਭਾਂਤਾਂ ਤੇ ਅਗੋਂ ਨਿਖੇੜਵੀਆਂ ਕਿਸਮਾਂ ।

❦(ਅ) ਬੀਚਾਰੈ=ਵੀਚਾਰ ਕਰਦਾ ਹੈ।

☙ਦੁਹਾਂ ਤੁਕਾਂ ਦਾ ਭਾਵ ਇਹ ਹੈ ਕਿ ਪਰਮੇਸ਼ੁਰ ਚਾਰੋਂ ਅਵਸਥਾਂ ਦਾ ਆਪ ਮਾਲਕ ਹੈ । 'ਚਿਤ ਤੇ ਅੰਤਰਯਾਮੀ' ਆਦਿਕ ਚਾਰੇ ਅਵਸਥਾ ਉਸ ਦਾ ਅਪਨਾ ਖੇਲ ਤੇ ਵਿਕਾਸ਼ ਹੈ, ਇਹ ਕਿਸੇ ਮਾਯਾ ਦੇ ਬੰਧਨ ਕਰਕੇ ਨਹੀਂ, ਪ੍ਰੰਤੂ ਉਸ ਦੀ ਆਪਣੀ ਮਰਜ਼ੀ ਨਾਲ ਰਚੀ ਹੋਈ ਖੇਡ ਹੈ। 'ਨਾਨਕ ਦ੍ਰਿਸਟੀ ਅਵਰੁ ਨ ਆਵੈ' ਵਾਲੀ ਤੁਕ ਵਿਚ ਮਾਯਾ ਦਾ ਖੰਡਨ ਹੈ ਜੋ ਵੇਦਾਂਤ ਮੁਤਾਬਕ ਪਰਮਾਤਮਾ ਦੀਆਂ ਅਗਲੀਆਂ ਤਿੰਨ ਅਵਸਥਾਂ ਨੂੰ ਪੈਦਾ ਕਰਦੀ । ਹੈ ਵਿਸ਼ੇਸ਼ ਲਈ ਦੇਖੋ ਇਸੇ ਪਦ ਦੀ ਨਿਰੁਕਤ ।

ਕਹੁ ਮਾਨੁਖ ਤੇ ਕਿਆ ਹੋਇ ਆਵੈ ॥ ਜੋ ਤਿਸੁ ਭਾਵੈ ਸੋਈ ਕਰਾਵੈ ॥ ਇਸਕੈ ਹਾਥਿ ਹੋਇ ਤਾ ਸਭੁ ਕਿਛੁ ਲੇਇ ॥ ਜੋ ਤਿਸੁ ਭਾਵੈ ਸੋਈ ਕਰੇਇ ॥ ਅਨਜਾਨਤ ਬਿਖਿਆ ਮਹਿ ਰਚੈ ॥ ਜੇ ਜਾਨਤ ਆਪਨ ਆਪ ਬਚੈ ॥ ਭਰਮੇ ਭੂਲਾ ਦਹ-ਦਿਸਿ ਧਾਵੈ ॥ ਨਿਮਖ ਮਾਹਿ ਚਾਰਿ ਕੁੰਟ ਫਿਰਿ ਆਵੈ ॥ ਕਰਿ ਕਿਰਪਾ ਜਿਸੁ ਅਪਨੀ ਭਗਤਿ ਦੇਇ ॥ ਨਾਨਕ ਤੇ ਜਨ ਨਾਮਿ ਮਿਲੇਇ ॥ ੩ ॥

ਕਹੁ ਮਨੁੱਖ ਤੋਂ ਕੀਹ ਹੋ ਆ ਸਕਦਾ ਹੈ, ਜੋ ਉਸ (ਪਰਮੇਸ਼ੁਰ) ਨੂੰ ਭਾਉਂਦਾ ਹੈ ਸੋਈ (ਕਾਰ) ਕਰਾਉਂਦਾ ਹੈ । (ਜੇ) ਇਸ (ਜੀਵ) ਦੇ ਹਥ ਵਿਚ ਹੋਵੇ* ਤਾਂ ਸਭ ਕੁਝ (ਆਪ ਹੀ) ਲੈ ਲਵੇ। (ਪਰ) ਜੋ ਉਸ (ਪ੍ਰਭੂ) ਨੂੰ ਭਾਉਂਦਾ ਹੈ ਸੋਈਓ (ਕੁਛ ਓਹ) ਕਰਦਾ ਹੈ । ਨਾ ਜਾਣਨ ਕਰਕੇ (ਇਹ ਜੀਵ) ਵਿਸ਼ਿਆਂ ਵਿਚ ਜਾ ਫਸਦਾ ਹੈ†, ਜੇ ਜਾਣਦਾ ਹੋਵੇ (ਤਦ) ਆਪਣਾ ਆਪ ਬਚਾ ਲਵੇ। ਭਰਮ ਵਿਚ ਭੁੱਲਾ ਹੋਇਆ ਦਸੋਂ ਦਿਸ਼ਾ ਵਿਖੇ (ਲੌ ਲਈ ਕਰਦਾ) ਦੌੜਦਾ ਫਿਰਦਾ ਹੈ। (ਇਥੋਂ ਤਾਈਂ ਕਿ ਸੰਕਲਪ ਵਿਕਲਪ ਵਿਚ ਤਾਂ ਇਹ) ਪਲ ਭਰ ਚਾਰੇ ਕੂੰਟਾਂ ਫਿਰ ਆਉਂਦਾ ਹੈ। (ਪਰ ਅਕਾਲ ਪੁਰਖ) ਕ੍ਰਿਪਾ ਕਰਕੇ ਜਿਨ੍ਹਾਂ ਨੂੰ ਅਪਣੀ ਭਗਤੀ ਦਿੰਦਾ ਹੈ, ਨਾਨਕ! ਓਹ ਪੁਰਖ ਨਾਮ ਦੁਆਰਾ (ਪਰਮੇਸ਼ੁਰ ਨੂੰ) ਪ੍ਰਾਪਤ ਹੋ ਜਾਂਦੇ ਹਨ ॥ ੩ ॥

ਖਿਨ ਮਹਿ ਨੀਚ ਕੀਟ ਕਉ ਰਾਜ ॥ ਪਾਰਬ੍ਰਹਮ ਗਰੀਬ ਨਿਵਾਜ ॥ ਜਾਕਾ ਦ੍ਰਿਸਟਿ ਕਛੂ ਨ ਆਵੈ ॥ ਤਿਸੁ ਤਤਕਾਲ ਦਹਦਿਸ ਪ੍ਰਗਟਾਵੈ ॥ ਜਾਕਉ ਅਪੁਨੀ ਕਰੈ ਬਖਸੀਸ॥ ਤਾਕਾ ਲੇਖਾ ਨ ਗਨੈ ਜਗਦੀਸ ॥ ਜੀਉ ਪਿੰਡੁ ਸਭ ਤਿਸਕੀ ਰਾਸਿ ॥ ਘਟਿ ਘਟਿ ਪੂਰਨ ਬ੍ਰਹਮ ਪ੍ਰਗਾਸ ॥ ਅਪਨੀ ਬਣਤ ਆਪਿ ਬਨਾਈ ॥ ਨਾਨਕ ਜੀਵੈ ਦੇਖਿ ਬਡਾਈ ॥ ੪ ॥

(ਉਹੀ) ਪਾਰਬ੍ਰਹਮ (ਐਸਾ)ਗਰੀਬਾਂ ਨੂੰ ਵਡਿਆਉਣੇ ਵਾਲਾ ਹੈ ਕਿ ਪਲ ਭਰ ਵਿਚ ਕੀੜੇ (ਵਰਗੇ) ਨੀਵੇਂ ਨੂੰ ਰਾਜ (ਦੇ ਦਿੰਦਾ ਹੈ) । ਜਿਸ (ਜੀਵ) ਦਾ (ਨਾਮ ਥੇਹ) ਕੁਛ ਵੀ ਨਾਂ ਦਿੱਸਦਾ ਪਿਆ ਹੋਵੇ, ਉਸਨੂੰ ਝਟ ਪਟ ਚਾਰ ਚੁਫੇਰੇ ਉਜਾਗਰ ਕਰ ਦਿੰਦਾ ਹੈ । ਜਗਤ ਦਾ ਮਾਲਕ ਜਿਸ ਪੁਰ ਅਪਣੀ ਬਖਸ਼ੀਸ਼ ਕਰਦਾ ਹੈ ਉਸਦਾ ਫੇਰ ਲੇਖਾ ਬੀ ਨਹੀਂ ਗਿਣਦਾ, (ਸਾਡੇ ਪਾਸ ਤਾਂ) ਜਿੰਦ ਤੇ ਸਰੀਰ (ਬੀ) ਸਭ ਉਸ (ਪਰਮੇਸ਼ੁਰ) ਦੀ (ਦਿੱਤੀ ਹੋਈ) ਰਾਸ ਹੈ। (ਉਸੇ ਹੀ) ਪੂਰਨ ਬ੍ਰਹਮ ਦਾ ਘਟ ਘਟ ਵਿਚ ਪ੍ਰਕਾਸ਼ (ਹੋ ਰਿਹਾ ਹੈ) । ਆਪਣੀ ਸਾਜਨਾ (ਪਰਮੇਸ਼ੁਰ ਨੇ) ਆਪ ਹੀ ਸਾਜੀ ਹੈ, (ਗੁਰੂ) ਨਾਨਕ (ਉਸੇ ਦੀ) ਵਡਿਆਈ ਦੇਖ ਜੀਉਂਦਾ ਹੈ ॥ ੪ ॥

ਇਸਕਾ ਬਲੁ ਨਾਹੀ ਇਸੁ ਹਾਥ ॥ ਕਰਨ ਕਰਾਵਨ ਸਰਬ ਕੋ ਨਾਥ ॥ ਆਗਿਆਕਾਰੀ ਬਪੁਰਾ ਜੀਉ ॥ ਜੋ ਤਿਸੁ ਭਾਵੈ ਸੋਈ ਫੁਨਿ ਥੀਉ ॥ ਕਬਹੂ ਊਚ ਨੀਚ ਮਹਿ ਬਸੈ ॥

ਇਸ (ਜੀਵ) ਦਾ ਬਲ ਇਸਦੇ (ਅਪਣੇ) ਹੱਥ ਵਿਚ ਨਹੀਂ ਹੈ, (ਬਲ ਦਾ ਦਾਤਾ ਵਾਹਿਗੁਰੂ ਹੈ)। ਕਰਨ ਕਰਾਉਣ ਵਾਲਾ ਸਭ ਦਾ ਸੁਆਮੀ (ਆਪ ਪਰਮੇਸ਼ੁਰ) ਹੈ । ਇਹ ਵਿਚਾਰਾ ਜੀਵ ਤਾਂ ਆਗਯਾ ਪਾਲਕ ਹੈ, ਜੋ ਉਸ (ਪ੍ਰਭੂ) ਨੂੰ ਭਾਉਂਦਾ ਹੈ ਫਿਰ ਉਹੋ ਕੁਛ ਹੁੰਦਾ ਹੈ । ਕਦੀ (ਤਾਂ ਇਹ ਜੀਵ) ਉੱਚ ਨੀਚ (ਦਸ਼ਾ) ਵਿਚ ਵੱਸਦਾ

*ਇਸ ਦੇ ਇਖਤਯਾਰ ਵਿਚ ਹੋਵੇ ਤਾਂ ।

†ਇਸ ਦੇ ਅਗਯਾਨ ਵਲ ਇਸ਼ਾਰਾ ਹੈ ।

ਕਬਹੂ ਸੋਗ ਹਰਖ ਰੰਗਿ ਹਸੈ ॥
ਕਬਹੂ ਨਿੰਦ ਚਿੰਦ ਬਿਉਹਾਰ ॥
ਕਬਹੂ ਊਭ ਅਕਾਸ ਪਇਆਲ ॥
ਕਬਹੂ ਬੇਤਾ ਬ੍ਰਹਮ ਬੀਚਾਰ ॥
ਨਾਨਕ ਆਪਿ ਮਿਲਾਵਣਹਾਰ ॥੫॥

ਹੈ* ਕਦੀ ਗਮੀ ਦੇ (ਵਿਚ ਪਿਆ ਹੁੰਦਾ ਹੈ ਤੇ ਕਦੀ) ਖੁਸ਼ੀ ਦੇ ਰੰਗ (=ਮੌਜ) ਵਿਚ ਹਸਦਾ ਹੈ। ਕਦੀ ਨਿੰਦਿਆ ਆਦਿ† ਦੀ ਵਰਤੋਂ ਕਰਦਾ ਹੈ। ਕਦੀ ਉਪਰ ਅਕਾਸ਼ ਵਿਚ (ਕਦੀ ਨੀਵਾਂ) ਪਾਤਾਲ ਵਿਚ (ਜਾਂਦਾ ਹੈ)†। ਕਦੀ ਗਯਾਨਵਾਨ (ਹੋਕੇ) ਬ੍ਰਹਮ ਦਾ ਵੀਚਾਰ (ਬੀ) ਕਰਦਾ ਹੈ (ਪਰੰਤੂ ਜੀਵ ਨੂੰ ਅਪਣੇ ਨਾਲ) ਮੇਲ ਲੈਣ ਵਾਲਾ (ਉਹ ਪ੍ਰਭੂ) ਆਪ ਹੀ ਹੈ, ਹੇ ਨਾਨਕ ! ॥ ੫ ॥

ਕਬਹੂ ਨਿਰਤਿ ਕਰੈ ਬਹੁ ਭਾਤਿ ॥
ਕਬਹੂ ਸੋਇ ਰਹੈ ਦਿਨੁ ਰਾਤਿ ॥
ਕਬਹੂ ਮਹਾ ਕ੍ਰੋਧ ਬਿਕਰਾਲ ॥
ਕਬਹੂੰ ਸਰਬ ਕੀ ਹੋਤ ਰਵਾਲ ॥
ਕਬਹੂ ਹੋਇ ਬਹੈ ਬਡ ਰਾਜਾ ॥
ਕਬਹੁ ਭੇਖਾਰੀ ਨੀਚ ਕਾ ਸਾਜਾ ॥
ਕਬਹੂ ਅਪਕੀਰਤਿ ਮਹਿ ਆਵੈ ॥
ਕਬਹੂ ਭਲਾ ਭਲਾ ਕਹਾਵੈ ॥ ਜਿਉ ਪ੍ਰਭੁ ਰਾਖੈ ਤਿਵ ਹੀ ਰਹੈ ॥ ਗੁਰ-ਪ੍ਰਸਾਦਿ ਨਾਨਕ ਸਚੁ ਕਹੈ ॥੬॥

ਕਦੇ (ਜੀਵ) ਤਰ੍ਹਾਂ ਤਰ੍ਹਾਂ ਨਾਲ ਨੱਚਦਾ ਟੱਪਦਾ (ਫਿਰਦਾ) ਹੈ (ਭਾਵ ਚੰਚਲਤਾਈ ਵਿਚ ਹੁੰਦਾ ਹੈ), ਕਦੀ ਦਿਨ ਰਾਤ ਸੌਂ (ਹੀ) ਰਹਿੰਦਾ ਹੈ, ਭਾਵ ਆਲਸ ਵਿਚ)। ਕਦੇ ਮਹਾਂ ਕ੍ਰੋਧ (ਧਾਰਦਾ ਹੈ ਤੇ) ਭਯਾਨਕ (ਦਿੱਸਣ ਲਗ ਪੈਂਦਾ ਹੈ‡, ਤੇ) ਕਦੇ ਸਭ ਦੇ (ਚਰਨਾਂ ਦੀ) ਧੂੜ ਹੁੰਦਾ ਹੈ। ਕਦੇ ਰਾਜੇ (ਵਾਙੂ) ਵਡਾ ਬਣ ਬਣ ਬੈਠਦਾ ਹੈ (ਤੇ) ਕਦੀ ਮੰਗਤੇ (ਵਾਙ) ਨੀਵੇਂ ਪਨ ਦਾ ਸਾਮਾਨ ਧਾਰ ਲੈਂਦਾ ਹੈ। ਕਦੀ ਤਾਂ ਨਿੰਦਾ ਵਿਚ ਆਉਂਦਾ ਹੈ❦ ਤੇ ਕਦੀ ਭਲਾ ਭਲਾ ਹੀ ਕਹਾਉਂਦਾ ਹੈ✖। ਜਿਸ ਪ੍ਰਕਾਰ ਪਰਮੇਸ਼ੁਰ ਰਖਦਾ ਹੈ ਉਸੀ ਪ੍ਰਕਾਰ (ਇਹ ਜੀਵ) ਰਹਿੰਦਾ ਹੈ। (ਇਹ) ਸੱਚ (ਗੁਰੂ) ਨਾਨਕ (ਦੇਵ) ਗੁਰੂ ਦੀ ਕ੍ਰਿਪਾ ਨਾਲ ਕਹਿ ਰਿਹਾ ਹੈ ॥ ੬ ॥

ਕਬਹੂ ਹੋਇ ਪੰਡਿਤੁ ਕਰੇ ਬਖ੍ਯਾਨੁ ॥
ਕਬਹੂ ਮੋਨਿਧਾਰੀ ਲਾਵੈ ਧਿਆਨੁ ॥
ਕਬਹੂ ਤਟ ਤੀਰਥ ਇਸਨਾਨ ॥
ਕਬਹੂ ਸਿਧ ਸਾਧਿਕ ਮੁਖਿ ਗਿਆਨ ॥ ਕਬਹੂ ਕੀਟ ਹਸਤਿ ਪਤੰਗ ਹੋਇ ਜੀਆ॥ ਅਨਿਕ ਜੋਨਿ ਭਰਮੈ ਭਰਮੀਆ ॥ ਨਾਨਾ ਰੂਪ ਜਿਉ ਸ੍ਵਾਗੀ ਦਿਖਾਵੈ ॥ ਜਿਉ ਪ੍ਰਭ ਭਾਵੈ ਤਿਵੈ ਨਚਾਵੈ ॥ ਜੋ ਤਿਸੁ ਭਾਵੈ ਸੋਈ ਹੋਇ ॥ ਨਾਨਕ ਦੂਜਾ ਅਵਰੁ ਨ ਕੋਇ ॥ ੭ ॥

ਕਦੀ (ਇਹ ਇਨਸਾਨ) ਪੰਡਤ ਹੋਕੇ (ਸ਼ਾਸਤ੍ਰਾਂ ਦੇ ਉਪਦੇਸ਼) ਬਯਾਨ ਕਰਦਾ ਹੈ, ਕਦੀ ਚੁੱਪ ਟੇਕੇ ਧਿਆਨ ਲਾਉਂਦਾ ਹੈ। ਕਦੀ ਤੀਰਥਾਂ ਦੇ (ਜਲਾਂ ਦੇ) ਕਿਨਾਰੇ (ਵੱਸਕੇ) ਇਸ਼ਨਾਨ (ਹੀ ਕਰਦਾ ਹੈ), ਕਦੀ ਸਿਧ ਤੇ ਸਾਧਿਕ ਹੋਕੇ ਮੂੰਹੋਂ ਗਯਾਨ (ਕਥਨ ਕਰਦਾ ਹੈ)। ਕਦੀ ਕੀੜੀ, ਹਾਥੀ, ਪਤੰਗੇ (ਆਦਿ ਵਰਗਾ) ਜੀਵ ਹੋਕੇ ਅਨੇਕਾਂ ਜੂਨਾਂ ਵਿਚ ਭਰਮਾਇਆ ਹੋਇਆ ਫਿਰਦਾ ਹੈ। ਮਾਨੋਂ ਕਿ (ਇਹ) ਸ੍ਵਾਂਗੀ ਹੈ, ਜੋ ਅਨੇਕਾਂ ਭੇਸ ਦਿਖਾਲ ਰਿਹਾ ਹੈ; (ਸੋ) ਜਿਸ ਤਰ੍ਹਾਂ ਪ੍ਰਭੂ ਨੂੰ ਭਾਉਂਦਾ ਹੈ ਉਸੇ ਤਰ੍ਹਾਂ (ਜੀਵ ਨੂੰ) ਨਚਾਉਂਦਾ ਹੈ। ਜੋ ਉਸ (ਪ੍ਰਭੂ) ਨੂੰ ਭਾਉਂਦਾ ਹੈ ਉਹੋ ਕੁਛ ਹੁੰਦਾ ਹੈ। (ਕਹਿੰਦੇ ਹਨ ਗੁਰੂ) ਨਾਨਕ, (ਉਸ ਬਿਨਾ) ਹੋਰ ਦੂਜਾ ਕੋਈ ਨਹੀਂ (ਜਿਸ ਨੂੰ ਜੋ ਭਾਵੇ ਸਰਬ ਸ਼ਕਤੀਮਾਨਤਾ ਨਾਲ ਕਰ ਸਕੇ) ॥ ੭ ॥

---

*ਮਨ ਦੀ ਦਸ਼ਾ ਕਦੀ ਉੱਚੀ ਕਦੀ ਨੀਵੀਂ ਹੁੰਦੀ ਹੈ। (ਅ) ਸੰਪ੍ਰਦਾ ਵਿਚ 'ਉਚੀਆਂ ਨੀਵੀਆਂ ਜੂਨਾਂ ਵਿਚ ਵਸਦਾ' ਤੇ 'ਉਚੇ ਨੀਵੇਂ ਅਸਥਾਨ ਵਿਚ ਵਸਦਾ' ਬੀ ਅਰਥ ਲਾਉਂਦੇ ਹਨ। ਸੂਚਨਾ-ਇਹ ਕਥਨ ਉਪਰ ਕਹੇ 'ਬਪੁਰਾ ਜੀਉ' ਬਾਬਤ ਹੋ ਰਿਹਾ ਹੈ, ਇਹ ਗਲ ਅਗਲੀ ਪੌੜੀ ਦੀ ੯ਵੀਂ ਤਕ ਤੋਂ ਬੀ ਸਹੀ ਹੁੰਦੀ ਹੈ-'ਜਿਉ ਪ੍ਰਭੁ ਰਾਖੈ ਤਿਵ ਹੀ ਰਹੈ ॥'

†ਸੁਰਤ ਦੇ ਲਹਾ ਚੜ੍ਹਾ ਤੋਂ ਮਤਲਬ ਹੈ ਚੜ੍ਹਦੀਆਂ ਕਲਾਂ ਤੇ ਢਹਿੰਦੀਆਂ ਕਲਾਂ।

‡ਜਾਂ, ਮਹਾਂ ਬਿਕ੍ਰਾਲ ਕ੍ਰੋਧ ਨੂੰ ਧਾਰਨ ਕਰਦਾ ਹੈ।

❦ਭਾਵ, ਇਸ ਦੀ ਨਿੰਦਾ ਹੁੰਦੀ ਹੈ। ✖ਭਾਵ, ਇਸ ਦੀ ਉਸਤਤਿ ਹੁੰਦੀ ਹੈ।

ਕਬਹੂ ਸਾਧ ਸੰਗਤਿ ਇਹੁ ਪਾਵੈ ॥ ਉਸੁ ਅਸਥਾਨ ਤੇ ਬਹੁਰਿ ਨ ਆਵੈ ॥ ਅੰਤਰਿ ਹੋਇ ਗਿਆਨ ਪਰਗਾਸੁ ॥ ਉਸੁ ਅਸਥਾਨ ਕਾ ਨਹੀ ਬਿਨਾਸੁ ॥ ਮਨ ਤਨ ਨਾਮਿ ਰਤੇ ਇਕ ਰੰਗਿ ॥ ਸਦਾ ਬਸਹਿ ਪਾਰ-ਬ੍ਰਹਮ ਕੈ ਸੰਗਿ॥ ਜਿਉ ਜਲ ਮਹਿ ਜਲੁ ਆਇ ਖਟਾਨਾ ॥ ਤਿਉ ਜੋਤੀ ਸੰਗਿ ਜੋਤਿ ਸਮਾਨਾ ॥ ਮਿਟਿ ਗਏ ਗਵਨ ਪਾਏ ਬਿਸ੍ਰਾਮ ॥ ਨਾਨਕ ਪ੍ਰਭ ਕੈ ਸਦ ਕੁਰਬਾਨ ॥੮॥੧੧॥

ਕਦੀ ਇਹ* ਸਾਧ ਸੰਗਤ ਪ੍ਰਾਪਤ ਕਰ ਲੈਂਦਾ ਹੈ, ਉਸ ਥਾ (ਸਤਿਸੰਗ) ਤੋਂ ਫੇਰ ਮੁੜਕੇ ਨਹੀਂ ਆਉਂਦਾ†। (ਸਤਿਸੰਗ ਅਸਥਾਨ ਤੇ ਜਾਕੇ) ਅੰਦਰ ਗਯਾਨ ਦਾ ਚਾਨਣਾ ਹੋ ਆਉਂਦਾ ਹੈ (ਗਯਾਨ ਦਾ ਪ੍ਰਕਾਸ਼ ਇਸਨੂੰ ਜਿਸ ਟਿਕਾਣੇ ਲੈ ਜਾਂਦਾ ਹੈ) ਉਸ ਟਿਕਾਣੇ ਦਾ (ਕਦੇ) ਬਿਨਾਸ ਨਹੀਂ ਹੁੰਦਾ। (ਓਥੇ ਜੀਵ ਦੇ) ਮਨ ਤੇ ਤਨ ਇਕ ਦੇ ਨਾਮ ਵਿਚ ਤੇ ਪ੍ਰੇਮ ਵਿਚ ਰੰਗੇ ਜਾਂਦੇ ਹਨ,(ਉਹ ਫਿਰ) ਪਰਮੇਸ਼ੁਰ ਦੇ ਸੰਗ ਵਿਚ ਹੀ ਸਦਾ ਦਾ ਵਾਸਾ ਪਾ ਲੈਂਦਾ ਹੈ। ਜਿੱਕੁਰ ਜਲ ਦੇ ਵਿਚ ਜਲ ਆਕੇ ਮਿਲ ਜਾਂਦਾ ਹੈ, ਉਕਰ (ਪਰਮਾਤਮਾ ਦੀ) ਜੋਤੀ ਨਾਲ ਉਹ ਜੋਤੀ ਰੂਪ ਹੋਕੇ ਸਮਾ ਜਾਂਦਾ ਹੈ। (ਇਸਤਰ੍ਹਾਂ) ਆਉਣੇ ਜਾਣੇ (ਸਾਰੇ) ਮਿਟ ਜਾਂਦੇ ਹਨ ਤੇ ਟਿਕਾਉ ਮਿਲ ਜਾਂਦਾ ਹੈ। (ਗੁਰੂ) ਨਾਨਕ (ਐਸੇ ਤਾਰਨਹਾਰ) ਪਰਮੇਸ਼ੁਰ ਤੋਂ (ਬਲਿਹਾਰ ਹੈ, ਹਾਂ) ਸਦਾ ਬਲਿਹਾਰ ਹੈ‡ ॥ ੮ ॥ ੧੧ ॥

**ਨਿਰੁਕ—** ਕਰਣ—[ਸੰਸ:, ਕਰਣਮ੍=ਕ੍ਰਿਯਾ ਦਾ ਸਾਧਨ] ਸੰਦ ਯਾ ਵਸੀਲਾ ਜਿਸ ਨਾਲ ਕਰਨਾ ਹੈ (Instrument or means of action)।

ਕਾਰਣ—[ਸੰਸ:, ਕਾਰਣਮ੍=ਸਾਧਨ, ਜ਼ਰੀਆ, ਕਰਤਾ] ਸਬੱਬ, ਵਜ੍ਹਾ, ਕਾਰਣ। ਨਮਿੱਤ ਤੇ ਉਪਾਦਾਨ ਦੋਇ ਕਾਰਣ ਆਪ ਹੈ। ਜਿਵੇਂ ਡੌਰਾ ਜਾਲਾ ਆਪ ਤਣਦਾ ਹੈ ਤੇ ਜਾਲਾ ਬੀ ਆਪਣੇ ਤੋਂ ਹੀ ਉਤਪਤ ਕਰਦਾ ਹੈ। ਕਰਣ ਕਾਰਣ=ਕਾਰਣਾਂ ਦਾ ਕਾਰਣ। (ਅ) ਕਾਰਣ ਤੇ ਕਾਰਜ।

ਮਹੀਅਲਿ—[ਸੰਸ:, ਮਧ੍ਯ=ਵਿਚ] ਵਿਚ। ਗੁਰਬਾਣੀ ਵਿਚ ਮਹੀ, ਮਹੀਐ, ਮਹੋਓ ਪਦ 'ਵਿਚ' ਦੇ ਅਰਥਾਂ ਵਿਚ ਆਯਾ ਹੈ, ਐਸੇ ਹੀ ਮਹੀਅਲ ਦਾ ਅਰਥ 'ਵਿਚ' ਹੈ। (ਅ) ਮਹੀਅਲ [ਸੰਸ:, ਮਧ੍ਯਸ੍ਥਲੰ=ਵਿਚਕਾਰਲਾ ਦੇਸ਼]। ਭਾਵ ਜਲ ਥਲ ਵਾਲੀ ਧਰਤੀ ਜਿਸ ਪੁਲਾੜ ਵਿਚ ਚਲ ਰਹੀ ਹੈ। (ੲ) ਮਹੀ=ਧਰਤੀ। ਅਲਿ=ਅਕਾਸ਼ [ਸੰਪ੍ਰਦਾ]।

ਥਾਪਿ—[ਸੰਸ:, ਸ੍ਥਾਪਨੰ=ਸ੍ਥਾਪਿਤ ਕਰਨ ਦੀ ਕ੍ਰਿਯਾ] ਰਚਣ ਦੀ ਕ੍ਰਿਯਾ, ਥਾਪਨ ਦਾ ਕੰਮ। ਰਚ ਕੇ। ਥਾਪ ਕੇ। ਸ੍ਰਿਸ਼ਟੀ ਨੂੰ ਪੈਦਾ ਕਰਕੇ।

ਉਥਾਪਨਹਾਰਾ—[ਸੰਸ:, ਉਤ੍ਥਾਪਨਮ੍=ਉਠਾਣਾ, ਖੜਾ ਕਰਨਾ। ਹਿੰਦੀ, ਉਤ੍ਥਾਪਨ= ਜਗਾਨਾ, ਉਭਾਰਨਾ। ਸਮਾਪਤ ਕਰਨਾ। ਪੰ:, ਉਥਾਪਨ=] ਥਾਪੇ ਹੋਏ ਨੂੰ ਉਠਾ ਦੇਣਾ, ਭੰਨ ਦੇਣਾ।

ਅਧਰ—[ਸੰਸ:, ਅ=ਨਹੀਂ+ਧਰਣੰ=ਸਹਾਰਾ, ਸਹਾਰਾ ਦੇਣੇ ਵਾਲਾ] ਬਿਨਾ ਆਸਰੇ ਦੇ।

*'ਇਹ' ਸਰਬ ਨਾਮ ਤੀਸਰੀ ਪਉੜੀ ਵਿਚ ਆਏ 'ਮਨੁਖ' ਤੇ 'ਜਨ' ਦੀ ਥਾਵੇਂ ਆਇਆ ਹੈ।

†ਭਾਵ, ਗਿਰਦਾ ਨਹੀਂ। (ਅ) ਫੇਰ ਜੂਨਾਂ ਵਿਚ ਨਹੀਂ ਪਰਤਦਾ। [ਸੰਪਦਾ।

‡ਪਹਿਲੇ ਕਿਹਾ ਹੈ ਸਾਧ ਸੰਗਤ ਫੇਰ ਉਸੇ ਨੂੰ ਅਸਥਾਨ ਕਿਹਾ ਹੈ, ਉਥੇ ਗਯਾਨ ਦਾ ਪ੍ਰਕਾਸ਼ ਪ੍ਰਾਪਤ ਹੁੰਦਾ ਹੈ। ਫਿਰ ਦੱਸਿਆ ਹੈ ਕਿ ਉਹ ਅਸਥਾਨ ਅਵਿਨਾਸ਼ੀ ਹੈ, ਫਿਰ ਦੱਸਦੇ ਹਨ ਕਿ ਓਥੇ ਨਾਮ ਵਿਚ ਰੱਤੇ ਹੋਏ ਇਕ ਪ੍ਰੇਮ ਵਿਚ ਮਗਨ ਹੁੰਦੇ ਹਨ ਤੇ ਸਦੀਵ ਪਾਰਬ੍ਰਹਮ ਦੇ ਨਾਲ ਵੱਸਦੇ ਹਨ। ਇਹ ਨਾਲ ਵੱਸਣ ਦਾ ਰੂਪ ਕੀਹ ਹੈ? ਆ ਰਲ ਮਿਲਾਪ, ਦ੍ਰਿਸ਼ਟਾਂਤ ਦੇਂਦੇ ਹਨ-ਜਿਵੇਂ ਜਲ ਵਿਚ ਜਲ ਆ ਮਿਲਦਾ ਹੈ ਤਿਵੇਂ ਗਯਾਨ ਪ੍ਰਕਾਸ਼ ਨਾਲ ਸ਼ੁਧ ਹੋਈ ਜੋਤਿ ਪਰਮਾਤਮ ਜੋਤਿ ਨਾਲ ਮਿਲ ਜਾਂਦੀ ਹੈ। ਵਾਹਿਗੁਰੂ ਜੀ ਦਾ ਇਹ ਵ੍ਯਾਪਕ ਦਰਸ਼ਨ ਪੂਰਨ ਗਯਾਨਵਾਨ ਨੂੰ ਪ੍ਰਾਪਤ ਹੁੰਦਾ ਹੈ, ਦੇਖ ਦੇਖਕੇ ਗੁਰੂ ਜੀ ਵਿਸਮਾਦ ਰੰਗ ਵਿਚ ਬਲਿਹਾਰ ਹੋ ਰਹੇ ਹਨ।

ਸ੍ਰਿਸ਼ਟੀ ਰਚਕੇ 'ਬਿਨਾ ਆਸਰੇ ਦੇ' ਟਿਕਾਈ ਰਖਦਾ ਹੈ। (ਅ) ਸ੍ਰਿਸ਼ਟੀ ਨੂੰ ਤਾਂ ਹੁਕਮ ਦੇ ਆਸਰੇ ਧਾਰਨ ਕਰੀ ਰਖਦਾ ਹੈ ਪਰ ਆਪ ਨਿਰ ਆਸਰੇ ਰਹਿੰਦਾ ਹੈ [ਸੰਪ੍ਰਦਾ]।

ਪਤਿਤ–ਡਿੱਗਾ ਹੋਇਆ। (ਦੇਖੋ ਪੰਨਾ ੧੩੦੫)।

ਅੰਤਰਜਾਮੀ–[ਸੰਸ:, ਅੰਤਰ੍ਯਾਮਿਨ੍=ਜੋ ਅੰਦਰ ਵਸਦਾ, ਅੰਦਰ ਦੇ ਭਾਵਾਂ ਨੂੰ ਰੋਕਦਾ, ਠੀਕ ਕਰਦਾ ਯਾ ਪ੍ਰੇਰਦਾ ਹੈ]। ਅੰਦਰ ਟਿਕਿਆ ਹੋਇਆ। ਅੰਦਰ ਵਸਦਾ, ਪਰ ਆਮ ਅਰਥ ਹੈ ਅੰਦਰ ਦੀਆਂ ਜਾਣਨ ਵਾਲਾ। ਜੋ ਅੰਦਰ ਮੌਜੂਦ ਹੈ ਉਹ ਅੰਦਰ ਦਾ ਸਭ ਕੁਛ ਜਾਣਦਾ ਹੈ ਇਸ ਕਰਕੇ ਆਮ ਅਰਥ ਇਹ ਹੋ ਗਿਆ।

ਵੇਦਾਂਤ ਦੀ ਪਰਿਭਾਸ਼ਾ ਵਿਚ ਪਰਮਾਤਮਾ ਦੇ ਚਾਰ ਰੂਪ ਗਿਣੇ ਹਨ–ਚਿਤ, ਅੰਤਰਯਾਮੀ, ਸੂਤ੍ਰਾਤਮਾ ਤੇ ਵਿਰਾਟ। 'ਚਿਤ' ਅਤੇ 'ਵਿਰਾਟ' ਇਹ ਦੋ ਸਿਰੇ ਹਨ, ਵਿਚਕਾਰਲੀ ਅਵਸਥਾ ਅੰਤਰਯਾਮੀ ਤੇ ਸੂਤ੍ਰਾਤਮਾ ਦੀ ਹੈ। 'ਚਿਤ' ਅਸੰਗ ਪਰਮਾਤਮਾ (Pure Braham) ਦਾ ਨਾਮ ਹੈ। 'ਅੰਤਰਯਾਮੀ' ਪਰਮਾਤਮਾ ਦੇ ਉਸ ਤੱਤ ਦਾ ਨਾਮ ਹੈ ਜੋ ਅੰਦਰ ਰਹਿਕੇ ਨਿਯਮਨ ਕਰਦਾ ਹੈ (Inner Controller) ਇਹ ਸਭ ਦੇ ਅੰਦਰ ਕਾਰਣ ਰੂਪ ਹੋਕੇ ਵਰਤ ਰਿਹਾ ਹੈ। 'ਸੂਤ੍ਰਾਤਮਾ' ਸਾਰੇ ਸਪਸ਼ਟ ਸੰਸਾਰ ਦੀਆਂ ਸੂਖਮ ਦੇਹਾਂ ਦਾ ਅਹੰਭਾਵ ਰਖਣੇ ਵਾਲਾ ਪਰਮਾਤਮਾ ਦਾ ਤੱਤ ਹੈ (Dispenser of the crude elements)। ਅੰਕੁਰ ਫੁੱਟਣ ਵਾਲੇ ਪੌਦੇ ਦੀ ਅਵਸਥਾ ਸੂਤ੍ਰਾਤ੍ਮਾ ਦੀ ਅਵਸਥਾ ਦੇ ਤੁੱਲ ਹੈ। ਵਿਰਾਟ' ਅਗਲੀ ਅਵਸਥਾ ਹੈ ਜੋ ਧੁਪ ਵਿਚ ਚਮਕਦੇ ਹੋਏ ਸਪਸ਼ਟ ਸੰਸਾਰ ਦੀ ਹੈ ( The dispenser of concrete elemental world )।

ਨਿੰਦ ਚਿੰਦ–[ਸੰਸ:, ਨਿੰਦਾ] ਨਿੰਦਾ ਆਦਿ। ਜਿਵੇਂ 'ਪਾਣੀ ਧਾਣੀ' ਤਿਵੇਂ ਨਿੰਦ ਚਿੰਦ, ਨਿੰਦਾ ਚਿੰਦਾ। ਦੋਇ ਰੂਪ ਗੁਰਬਾਣੀ ਵਿਚ ਆਏ ਹਨ। (ਅ) ਕਦੀ ਨਿੰਦਿਆ ਦੀ ਸੋਚ ਕਰਦਾ ਹੈ (ਤੇ ਕਦੇ ਇਸ ਦੀ) ਵਰਤੋਂ ਕਰਦਾ ਹੈ।

ਸਾਜਾ–[ਫਾ:, ਸਾਜ਼=] ਸਾਮਾਨ।

ਅਪਕੀਰਤਿ–[ਸੰਸ:, ਅਪ=ਵਿਰੋਧ, ਦੂਰ+ਕੀਰਤਿ:=ਯਸ਼, ਪ੍ਰਸ਼ੰਸਾ] ਕੀਰਤੀ ਭਾਵ ਪ੍ਰਸੰਸਾ ਦੇ ਉਲਟ=ਨਿੰਦਾ। ਅਪਜਸ।

ਸਿੱਧ–[ਸੰਸ:, ਸਿਦ੍ਧ=] ਰਿਸ਼ੀ, ਮਹਾਤਮਾ, ਫਰਿਸ਼ਤਾ (ਦੇਖੋ ਪੰਨਾ ੭੬ ਤੇ ੧੬੧)।

ਸਾਧਿਕ–[ਸੰਸ:, ਸਾਧਕ:=ਯੋਗੀ। ੨. ਉਹ ਆਦਮੀ ਜਿਸ ਦੇ ਵੱਸ ਵਿਚ ਚਮਤਕਾਰੀ ਤਾਕਤਾਂ ਹਨ। ਜਾਦੂਗਰ] ਸਾਧਨਾ ਕਰਨ ਵਾਲਾ। ਜੋ ਸਿੱਧੀਆਂ ਦੀ ਪ੍ਰਾਪਤੀ ਚਾਹੁੰਦਾ ਹੈ।

[ਅਸਟਪਦੀ–ਬਾਰ੍ਹਵੀਂ]

[ਹਉਂ ਨਵਿਰਤੀ]

**ਪ੍ਰਾਕ੍ਕਥਨ–** ਅਗਲੀ ਅਸਟਪਦੀ ਵਿਚ ਹਉਮੈਂ ਦੀ ਨਵਿਰਤੀ ਸਿਖਾਈ ਹੈ। ਪਹਿਲੇ ਦੋ ਪਦਿਆਂ ਵਿਚ ਸੰਸਾਰਕ ਵਿਭੋ, ਰਾਜ ਭਾਗ, ਜੁਆਨੀ, ਪਦਾਰਥ, ਬਲ ਆਦਿ ਦੇ ਅਭਿਮਾਨੀਆਂ ਨੂੰ ਨਿੰਮ੍ਰਤਾ ਵਾਲੇ ਬਣਨ ਦਾ ਉਪਦੇਸ਼ ਹੈ, ਜਿਸ ਨਾਲ ਹਉਮੈਂ ਘਟੇ ਤੇ ਫੇਰ ਹਟੇ। ਅੰਕ ੩. ੪ ਵਿਚ ਕਰਮ, ਧਰਮ, ਤਪ ਪੁੰਨ ਆਦਿ ਦੇ ਅਭਿਮਾਨ ਕਰਨ ਵਾਲਿਆਂ ਨੂੰ ਨਿੰਮ੍ਰਤਾ ਸਿਖਾਈ ਹੈ ਤੇ ਭੇਦ ਦੱਸਿਆ ਹੈ ਕਿ ਜੋ ਭਲਿਆਈ ਕਰੇ ਉਸ ਦਾ ਅਭਿਮਾਨ ਨਾ ਧਾਰਨ ਕਰੇ। ਅੰਕ ੫ ਵਿਚ ਫੁਰਮਾਇਆ ਕਿ ਇਨ੍ਹਾਂ ਸਾਰਿਆਂ ਦੀ ਕਲਯਾਣ ਨਾਮ ਨਾਲ ਹੈ, ਨਾਮ ਦਾ ਧਾਰਨੀ ਹਉਮੈ ਨੂੰ ਨਵਿਰਤ ਕਰਦਾ ਹੈ। ਅਗਲੇ ੩ ਅੰਕਾਂ ਵਿਚ ਵਾਹਿਗੁਰੂ ਦੀ ਸ਼ਰਣ, ਵਯਾਪਕਤਾ, ਸਰਬ ਸ਼ਕਤੀ

ਮਾਨਤਾ ਵਰਣਨ ਕੀਤੀ ਹੈ ਤੇ ਫੁਰਮਾਇਆ ਹੈ: ਨਾਮ ਦੁਆਰਾ ਉਸ ਨੂੰ ਪਛਾਣੋ । ਜਦ ਪਛਾਣ ਲਓਗੇ ਤਾਂ ਫੇਰ ਉਸ ਨੂੰ ਸਭ ਕੁਛ ਦੇਖੋ। ਤਦ ਸਮਝੋਗੇ ਕਿ ਜੋ 'ਹਉਂ' ਧਾਰਨ ਕੀਤੀ ਹੋਈ ਸੀ ਭੁੱਲ ਸੀ 'ਸਤਿ ਸਤਿ ਸਤਿ' ਤਾਂ 'ਪ੍ਰਭੁ ਸੁਆਮੀ' ਹੀ ਸੀ, ਜਿਸ ਤੋਂ ਹਉਂ ਕਰਕੇ ਪਰਦੇ ਵਿਚ ਰਹੇ ਸਾਂ ।

ਸਲੋਕੁ ॥ ਸੁਖੀ ਬਸੈ ਮਸਕੀਨੀਆ ਆਪੁ ਨਿਵਾਰਿ ਤਲੇ ॥ ਬਡੇ ਬਡੇ ਅਹੰਕਾਰੀਆ ਨਾਨਕ ਗਰਬਿ ਗਲੇ ॥ ੧ ॥

ਸੁਖੀ ਵੱਸਦਾ ਹੈ ਗ੍ਰੀਬੀ ਧਾਰਨ ਕਰਨ ਵਾਲਾ ਜੋ ਆਪਾ ਭਾਵ ਦੂਰ ਕਰਕੇ (ਤਲੇ=) ਨੀਵਾਂ (ਹੋਕੇ ਟੁਰਦਾ) ਹੈ । (ਪਰ) ਹੰਕਾਰ ਧਾਰਨ ਵਾਲੇ (ਜੋ) ਵਡੇ ਵਡੇ (ਆਦਮੀ) ਹਨ (ਓਹ ਆਪਣੇ) ਹੰਕਾਰ ਵਿਖੇ ਨਾਸ਼ ਹੋ ਜਾਂਦੇ ਹਨ ॥ ੧ ॥

ਅਸਟਪਦੀ॥ ਜਿਸਕੈ ਅੰਤਰਿ ਰਾਜ ਅਭਿਮਾਨੁ॥ ਸੋ ਨਰਕਪਾਤੀ ਹੋਵਤ ਸੁਆਨੁ॥ ਜੋ ਜਾਨੈ ਮੈ ਜੋਬਨਵੰਤੁ ॥ ਸੋ ਹੋਵਤ ਬਿਸਟਾ ਕਾ ਜੰਤੁ॥ਆਪਸ ਕਉ ਕਰਮਵੰਤੁ ਕਹਾਵੈ ॥ ਜਨਮਿ ਮਰੈ ਬਹੁ ਜੋਨਿ ਭ੍ਰਮਾਵੈ॥ ਧਨ ਭੂਮਿ ਕਾ ਜੋ ਕਰੈ ਗੁਮਾਨੁ ॥ ਸੋ ਮੂਰਖੁ ਅੰਧਾ ਅਗਿਆਨੁ ॥ ਕਰਿ ਕਿਰਪਾ ਜਿਸਕੈ ਹਿਰਦੈ ਗਰੀਬੀ ਬਸਾਵੈ ॥ ਨਾਨਕ ਈਹਾ ਮੁਕਤੁ ਆਗੈ ਸੁਖੁ ਪਾਵੈ ॥ ੧ ॥

ਜਿਸ (ਪੁਰਖ) ਦੇ ਅੰਦਰ ਰਾਜ ਦਾ* ਹੰਕਾਰ ਹੁੰਦਾ ਹੈ, ਉਹ ਨਰਕ ਵਿਚ ਡਿੱਗਣ ਵਾਲਾ ਕੁੱਤਾ ਹੁੰਦਾ ਹੈ। ਜੋ ਜਾਣਦਾ ਹੈ ਕਿ ਮੈਂ ਜੋਬਨ ਵਾਲਾ ਹਾਂ, ਓਹ ਗੰਦ ਦਾ ਕੀੜਾ ਹੁੰਦਾ ਹੈ† । ਜੋ ਆਪਣੇ ਆਪ ਨੂੰ (ਸ਼ੁਭ) ਕਰਮ ਕਰਨੇ ਵਾਲਾ ਕਹਾਉਂਦਾ ਹੈ ਉਹ ਜੰਮਦਾ ਮਰਦਾ ਤੇ ਬਹੁਤ ਜੋਨੀਆਂ ਵਿਚ ਭਟਕਦਾ ਹੈ। ਧਨ ਤੇ ਧਰਤੀ ਦਾ ਜੋ ਹੰਕਾਰ ਕਰਦਾ ਹੈ ਉਹ ਮੂਰਖ ਹੈ, ਅੰਨ੍ਹਾਂ ਹੈ (ਤੇ) ਅਗਯਾਨੀ ਹੈ । (ਪਰ ਕਰਤਾਰ) ਜਿਸਦੇ ਹਿਰਦੇ ਵਿਚ ਕ੍ਰਿਪਾ ਕਰਕੇ ਨਿੰਮ੍ਰਤਾ (ਦਾ ਭਾਵ) ਵਸਾ ਦੇਵੇ ਉਹ ਏਥੇ (ਹੀ) ਮੁਕਤੀ ਪਾ ਲੈਂਦਾ ਹੈ‡ ਤੇ ਅਗੇ ਜਾਕੇ (ਭੀ) ਸੁਖ ਪਾਉਂਦਾ ਹੈ, ਹੇ ਨਾਨਕ ! ॥ ੧ ॥

ਧਨਵੰਤਾ ਹੋਇ ਕਰਿ ਗਰਬਾਵੈ ॥ ਤ੍ਰਿਣ ਸਮਾਨਿ ਕਛੁ ਸੰਗਿ ਨ ਜਾਵੈ ॥ ਬਹੁ ਲਸਕਰ ਮਾਨੁਖ ਊਪਰਿ ਕਰੇ ਆਸ ॥ ਪਲ ਭੀਤਰਿ ਤਾਕਾ ਹੋਇ ਬਿਨਾਸ॥ਸਭ ਤੇ ਆਪ ਜਾਨੈ ਬਲਵੰਤੁ ॥ ਖਿਨ ਮਹਿ ਹੋਇਜਾਇ ਭਸਮੰਤੁ ॥ ਕਿਸੈ ਨ ਬਦੈ ਆਪਿ ਅਹੰਕਾਰੀ ॥ ਧਰਮਰਾਇ ਤਿਸੁ ਕਰੇ ਖੁਆਰੀ ॥ ਗੁਰਪ੍ਰਸਾਦਿ ਜਾਕਾ ਮਿਟੈ ਅਭਿਮਾਨੁ ॥ ਸੋ ਜਨੁ ਨਾਨਕ ਦਰਗਹ ਪਰਵਾਨੁ ॥ ੨ ॥

ਧਨ ਪਾਤ੍ਰ ਹੋਕੇ (ਜੇ ਕੋਈ ਧਨ ਦਾ) ਹੰਕਾਰ ਕਰਦਾ ਹੈ (ਤਾਂ ਵੀਚਾਰਕੇ ਦੇਖ ਲਓ ਕਿ ਉਸਦੇ) ਨਾਲ (ਤਾਂ ਇਕ) ਤੀਲੇ ਜਿੰਨਾ ਬੀ ਕੁਛ ਨਹੀਂ ਜਾਵੇਗਾ। ਬਹੁਤੀਆਂ ਫੌਜਾਂ ਤੇ ਮਨੁੱਖਾਂ ਉਤੇ (ਜੇ ਕੋਈ) ਆਸਾ ਕਰੇ (ਤਾਂ ਵਿਚਾਰਕੇ ਦੇਖ ਲਓ ਕਿ) ਉਸਦਾ ਨਾਸ਼ (ਜਦ ਹੋਣ ਲਗਦਾ ਹੈ ਤਾਂ) ਪਲ ਭਰ ਵਿਚ ਹੋ ਜਾਂਦਾ ਹੈ। (ਜੇ ਕੋਈ) ਆਪਣੇ ਆਪ ਨੂੰ ਸਭ ਤੋਂ ਬਲਵਾਨ ਜਾਣੇ (ਤਾਂ ਤੱਕ ਲਓ ਕਿ ਉਹ) ਪਲ ਵਿਚ ਭਸਮੰਤ ਹੋ ਜਾਂਦਾ ਹੈ । (ਜੋ) ਆਪ ਹੰਕਾਰੀ ਹੈ (ਤੇ ਅਪਣੇ ਤੁੱਲ) ਕਿਸੇ ਨੂੰ ਨਹੀਂ ਬਿਦਦਾ (ਗਿਣਦਾ, ਅੰਤ ਨੂੰ) ਧਰਮ ਰਾਜ ਉਸਦੀ ਖੁਆਰੀ ਕਰੇਗਾ। (ਪਰੰਤੂ) ਗੁਰੂ ਦੀ ਕ੍ਰਿਪਾ ਕਰਕੇ ਜਿਸਦਾ ਹੰਕਾਰ ਦੂਰ ਹੋ ਜਾਂਦਾ ਹੈ, ਹੇ ਨਾਨਕ ! ਉਹ ਪੁਰਖ ਦਰਗਾਹ ਵਿਚ ਪਰਵਾਨ (ਮਨਜ਼ੂਰ) ਹੋ ਜਾਂਦਾ ਹੈ ॥੨॥

---

*ਪ੍ਰਤਾਪਵਾਨ ਹੋਣ ਦਾ ।

†ਭਾਵ, ਉਨ੍ਹਾਂ ਦੇ ਅੰਤ ਅਤਿ ਨੀਵੇਂ ਹੁੰਦੇ ਹਨ ।

‡ਜੀਵਨ ਮੁਕਤ ਹੋ ਜਾਂਦਾ ਹੈ

ਕੋਟਿ ਕਰਮ ਕਰੈ ਹਉ ਧਾਰੇ ॥ ਸ੍ਰਮੁ ਪਾਵੈ ਸਗਲੇ ਬਿਰਥਾਰੇ ॥ ਅਨਿਕ ਤਪਸਿਆ ਕਰੇ ਅਹੰਕਾਰ ॥ ਨਰਕ ਸੁਰਗ ਫਿਰਿ ਫਿਰਿ ਅਵਤਾਰ ॥ ਅਨਿਕ ਜਤਨ ਕਰਿ ਆਤਮ ਨਹੀ ਦ੍ਰਵੈ॥ ਹਰਿ ਦਰਗਹ ਕਹੁ ਕੈਸੇ ਗਵੈ ॥ ਆਪਸ ਕਉ ਜੋ ਭਲਾ ਕਹਾਵੈ ॥ ਤਿਸਹਿ ਭਲਾਈ ਨਿਕਟਿ ਨ ਆਵੈ ॥ ਸਰਬ ਕੀ ਰੇਨ ਜਾਕਾ ਮਨੁ ਹੋਇ ॥ ਕਹੁ ਨਾਨਕ ਤਾਕੀ ਨਿਰਮਲਸੋਇ॥੩॥

(ਜੇ ਕੋਈ) ਕ੍ਰੋੜ (ਸ਼ੁਭ) ਕਰਮ ਕਰੇ (ਪਰ ਨਾਲ) ਹਉਮੈਂ ਧਾਰਨ ਕਰੇ (ਕਿ ਮੈਂ ਕੀਤੇ ਹਨ, ਉਸਦੇ ਕੀਤੇ ਕਰਮ) ਸਭ ਬਿਰਥਾ ਜਾਂਦੇ ਹਨ ਤੇ (ਉਸਦੇ) ਪੱਲੇ (ਕੰਮ ਕਰਨ ਦੀ) ਥਕਾਨ ਹੀ ਪੈਂਦੀ ਹੈ। ਅਨੇਕਾਂ ਤਪੱਸਜਾ ਕਰੇ (ਪਰ ਨਾਲ) ਕਰੇ ਹੰਕਾਰ (ਤਾਂ) ਨਰਕਾਂ ਸੁਰਗਾਂ ਵਿਖੇ ਮੁੜ ਮੁੜ ਉਤਰਦਾ ਹੈ*। ਅਨੇਕ ਜਤਨ ਕਰਕੇ (ਬੀ ਜਿਸਦਾ) ਆਤਮਾ ਦ੍ਰਵਦਾ ਨਹੀਂ, ਦੱਸੋ (ਉਹ) ਪਰਮੇਸ਼ੁਰ ਦੀ ਦਰਗਾਹ ਵਿਚ ਕਿਸ ਤਰ੍ਹਾਂ ਜਾ ਸਕਦਾ ਹੈ ? ਆਪਣੇ ਆਪ ਨੂੰ ਜਿਹੜਾ ਭਲਾ ਅਖਵਾਉਂਦਾ ਹੈ, ਭਲਾਈ (ਤਾਂ) ਉਸ ਦੇ ਨੇੜੇ ਬੀ) ਨਹੀਂ ਫਟਕਦੀ†। (ਪਰ) ਜਿਸ ਦਾ ਮਨ ਸਭ ਦੀ ਧੂੜ ਹੋ ਜਾਂਦਾ ਹੈ (ਭਾਵ ਨਿੰਮ੍ਰਤਾ ਧਾਰਦਾ ਹੈ) ਕਹਿੰਦੇ (ਹਨ ਗੁਰੂ ਨਾਨਕ (ਦੇਵ ਜੀ) ਉਸਦੀ ਸੋਭਾ ਖਰੀ ਖਰੀ ਹੁੰਦੀ ਹੈ ॥ ੩ ॥

ਜਬ ਲਗੁ ਜਾਨੈ ਮੁਝ ਤੇ ਕਛੁ ਹੋਇ ॥ ਤਬ ਇਸ ਕਉ ਸੁਖੁ ਨਾਹੀ ਕੋਇ ॥ ਜਬ ਇਹ ਜਾਨੈ ਮੈ ਕਿਛੁ ਕਰਤਾ ॥ ਤਬ ਲਗੁ ਗਰਭ ਜੋਨਿ ਮਹਿ ਫਿਰਤਾ ॥ ਜਬ ਧਾਰੈ ਕੋਊ ਬੈਰੀ ਮੀਤੁ॥ ਤਬ ਲਗੁ ਨਿਹਚਲੁ ਨਾਹੀ ਚੀਤੁ ॥ ਜਬ ਲਗੁ ਮੋਹ ਮਗਨ ਸੰਗਿ ਮਾਇ ॥ ਤਬ ਲਗੁ ਧਰਮ-ਰਾਇ ਦੇਇ ਸਜਾਇ॥ਪ੍ਰਭ ਕਿਰਪਾ ਤੇ ਬੰਧਨ ਤੂਟੈ ॥ ਗੁਰ ਪ੍ਰਸਾਦਿ ਨਾਨਕ ਹਉ ਛੂਟੈ॥ ੪ ॥

ਜਦ ਤਕ (ਇਹ ਮੈਂ ਮੈਂ ਵਾਲਾ ਮਨੁੱਖ) ਜਾਣਦਾ ਹੈ ਕਿ ਮੈਥੋਂ (ਪਿਆ) ਕੁਝ ਹੁੰਦ ਹੈ, ਤਦ ਤਕ ਇਸਨੂੰ ਕੋਈ ਸੁਖ ਨਹੀਂ ਹੁੰਦਾ। ਜਦ ਇਹ ਜਾਣਦਾ ਹੈ ਕਿ ਮੈਂ ਕੁਝ ਕਰਦਾ ਹਾਂ ਤਦ ਤਕ (ਇਹ) ਗਰਭ ਜੂਨੀਆਂ ਵਿਚ ਪਿਆ ਫਿਰਦਾ ਹੈ। ਜਦ ਤਕ (ਇਹ) ਕਿਸੇ ਨੂੰ ਵੈਰੀ (ਕਿਸੇ ਨੂੰ) ਸਜਣ ਮੰਨਦਾ ਹੈ ਤਦ ਤਕ (ਇਸਦਾ) ਚਿਤ ਨਿਹਚਲ (ਇਸਥਿਤ) ਨਹੀਂ ਹੁੰਦਾ। ਜਦ ਤਕ ਇਹ ਮੋਹ (ਤੇ) ਮਾਇਆ ਨਾਲ ਮਗਨ (ਹੋਇਆ) ਰਹਿੰਦਾ ਹੈ, ਤਦ ਤਕ (ਇਸਨੂੰ) ਧਰਮਰਾਜ ਸਜ਼ਾ (ਡੰਡ) ਦਿੰਦਾ ਹੈ। (ਪਰ ਕਹਿੰਦੇ ਹਨ ਗੁਰੂ) ਨਾਨਕ (ਦੇਵ ਜੀ ਕਿ) ਜਦ ਪ੍ਰਭੂ ਦੀ ਕ੍ਰਿਪਾ (ਆ ਹੁੰਦੀ ਹੈ ਤਾਂ ਉਸ) ਨਾਲ (ਇਸਦੇ) ਬੰਧਨ ਟੁੱਟ ਜਾਂਦੇ ਹਨ, (ਐਉਂ ਕਿ ਇਸ ਪਰ) ਗੁਰੂ ਦੀ ਕ੍ਰਿਪਾ (ਹੁੰਦੀ ਹੈ ਜਿਸ) ਨਾਲ ਹਉਮੈਂ ਛੁਟ ਜਾਂਦੀ ਹੈ‡ ॥ ੪ ॥

ਅਗਲੇ ਅੰਕ ਵਿਚ ਫੁਰਮਾਉਂਦੇ ਹਨ ਕਿ ਹਉਂ ਕਿਉਂ ਨਹੀਂ ਛੁਟਦੀ ? ਤੇ ਦੱਸਦੇ ਹਨ ਕਿ ਉਹ ਨਾਮ ਨਾਲ ਛੁਟਦੀ ਹੈ:-

ਸਹਸ ਖਟੇ ਲਖ ਕਉ ਉਠਿ ਧਾਵੈ ॥ ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ ॥ ਅਨਿਕ ਭੋਗ ਬਿਖਿਆ ਕੇ ਕਰੈ ॥ ਨਹ

(ਮਾਯਾਵੀ ਇਨਸਾਨ ਜਦ) ਹਜ਼ਾਰ ਖੱਟ ਲੈਂਦਾ ਹੈ (ਤਾਂ ਫੇਰ) ਲੱਖ ਦੇ ਮਗਰ ਉੱਠ ਨੱਸਦਾ ਹੈ। (ਇਉਂ) ਮਾਇਆ (ਕੱਠੀ ਕਰਦਾ) ਜੋੜੀ ਜਾਂਦਾ ਹੈ (ਪਰ ਇਸਨੂੰ) ਰੱਜ ਨਹੀਂ ਆਉਂਦਾ। (ਇਸ ਮਾਯਾ ਨਾਲ ਫੇਰ) ਵਿਸ਼ਿਆਂ ਦੇ ਅਨੇਕ ਭੋਗ ਭੋਗਦਾ ਹੈ, (ਭੋਗਾਂ ਨਾਲ ਬੀ) ਰੱਜਦਾ ਨਹੀਂ (ਸਗੋਂ ਹੋਰ

*ਨਰਕਾਂ ਸੁਰਗਾਂ ਵਿਚ ਮੁੜ ਮੁੜ ਕੇ ਫੇਰੇ ਪਾਉਂਦਾ ਹੈ।

†ਨੀਯਤ ਜੋ ਅਪਣੀ ਮਹਿਮਾ ਦੀ-ਖ਼ੁਦਗ਼ਰਜ਼ੀ ਵਾਲੀ-ਹੋਈ।

‡ਪ੍ਰਭੂ ਦੀ ਕ੍ਰਿਪਾ ਨਾਲ ਗੁਰੂ ਮਿਲਦਾ ਹੈ, ਗੁਰੂ ਦੀ ਕ੍ਰਿਪ ਨਾਲ ਹਉਂ ਛੁਟਦੀ ਹੈ, ਹਉਂ ਛੁਟਿਆਂ ਦੋਹਾਂ ਦੀ ਕ੍ਰਿਪਾ ਨਾਲ ਪਰਮ ਪਦ ਦੀ ਪ੍ਰਾਪਤੀ ਹੁੰਦੀ ਹੈ।

ਤ੍ਰਿਪਤਾਵੈ ਖਪਿ ਖਪਿ ਮਰੈ ॥
ਬਿਨਾ ਸੰਤੋਖ ਨਹੀ ਕੋਊ ਰਾਜੈ ॥
ਸੁਪਨ ਮਨੋਰਥ ਬ੍ਰਿਥੇ ਸਭ ਕਾਜੈ ॥
ਨਾਮ ਰੰਗਿ ਸਰਬ ਸੁਖੁ ਹੋਇ ॥
ਬਡਭਾਗੀ ਕਿਸੈ ਪਰਾਪਤਿ ਹੋਇ ॥
ਕਰਨ ਕਰਾਵਨ ਆਪੇ ਆਪਿ ॥
ਸਦਾ ਸਦਾ ਨਾਨਕ ਹਰਿ ਜਾਪਿ ॥੫॥

ਹੋਰ ਭੋਗਾਂ ਦੇ ਮਗਰ ਭਜਦਾ ਅੰਤ) ਖਪ ਖਪ ਕੇ ਮਰਦਾ ਹੈ। ਸੰਤੋਖ ਤੋਂ ਬਿਨਾ ਕੋਈ ਨਹੀਂ ਰਜਦਾ, (ਜਿਵੇਂ) ਸੁਪਨੇ ਦੇ ਮਨੋਰਥ (ਅਤੇ ਸੁਪਨੇ ਦੇ) ਕੰਮ ਸਾਰੇ ਬਿਰਥੇ ਜਾਂਦੇ ਹਨ (ਭਾਵ ਤ੍ਰਿਪਤੀ ਨਹੀਂ ਦੇ ਸਕਦੇ)। ਹਾਂ, ਨਾਮ ਦੇ ਪ੍ਰੇਮ ਨਾਲ ਸੰਪੂਰਨ ਸੁਖ ਹੁੰਦਾ ਹੈ (ਭਾਵ ਨਾਮ ਦਾ ਰਸ ਸੁਆਦ ਬੀ ਦੇਂਦਾ ਹੈ ਤੇ ਤ੍ਰਿਪਤੀ ਬੀ ਪਰ ਨਾਮ ਦਾ ਪ੍ਰੇਮ) ਬੜੇ ਭਾਗਾਂ ਨਾਲ ਕਿਸੇ ਨੂੰ ਪ੍ਰਾਪਤ ਹੁੰਦਾ ਹੈ। (ਇਹ ਸਭ ਕੁਛ) ਕਰਨ ਕਰਾਉਣ ਵਾਲਾ (ਉਹ ਹਰੀ) ਆਪ ਹੀ ਆਪ ਹੈ (ਤਾਂਤੇ) ਹੇ ਨਾਨਕ! ਤੂੰ (ਉਸ) ਹਰੀ ਨੂੰ (ਹੀ) ਸਦਾ ਸਦਾ ਜਪ ॥ ੫ ॥

ਜੀਵ ਦੀ ਅਲਪੱਗਤਾ ਤੇ ਵਾਹਿਗੁਰੂ ਦੀ ਸਰਬੱਗਤਾ ਤੇ ਨਜ਼ਰ ਪੁਆਕੇ 'ਹਉਂ' ਤੋਂ ਉਪ੍ਰਾਮ ਕਰਦੇ ਹਨ:-

ਕਰਨ ਕਰਾਵਨ ਕਰਨੈ ਹਾਰੁ ॥
ਇਸਕੈ ਹਾਥਿ ਕਹਾ ਬੀਚਾਰੁ ॥
ਜੈਸੀ ਦ੍ਰਿਸਟਿ ਕਰੇ ਤੈਸਾ ਹੋਇ ॥
ਆਪੇ ਆਪਿ ਆਪਿ ਪ੍ਰਭੁ ਸੋਇ ॥
ਜੋ ਕਿਛੁ ਕੀਨੋ ਸੁ ਅਪਨੈ ਰੰਗਿ ॥
ਸਭ ਤੇ ਦੂਰਿ ਸਭਹੂ ਕੈ ਸੰਗਿ ॥
ਬੂਝੈ ਦੇਖੈ ਕਰੈ ਬਿਬੇਕ ॥ ਆਪਹਿ
ਏਕ ਆਪਹਿ ਅਨੇਕ ॥ ਮਰੈ ਨ
ਬਿਨਸੈ ਆਵੈ ਨ ਜਾਇ ॥ ਨਾਨਕ
ਸਦ ਹੀ ਰਹਿਆ ਸਮਾਇ ॥ ੬ ॥

ਕਰਨੈ ਹਾਰ (ਭਾਵ ਕਰਤਾਰ ਆਪ ਹੀ) ਕਰਨ ਵਾਲਾ ਤੇ ਕਰਵਾਵਣ ਵਾਲਾ ਹੈ*. ਇਸ (ਜੀਵ) ਦੇ ਹੱਥ ਵਿਚ ਕੀ ਹੈ, ਵਿਚਾਰ ਕਰ ਲਓ। ਜੇਹੀ ਦ੍ਰਿਸ਼ਟੀ (ਜੀਵ ਤੇ ਪ੍ਰਭੂ) ਪਾਉਂਦਾ ਹੈ ਤਿਹੋ ਜਿਹਾ (ਇਹ) ਹੋ ਜਾਂਦਾ ਹੈ, ਸੋ) ਉਹ ਪ੍ਰਭੂ ਸਭ ਕੁਛ ਆਪ ਹੀ ਆਪ ਹੈ (ਹਾਂ ਉਹ ਸਭ ਕੁਛ) ਆਪ ਹੈ। ਜੋ ਕੁਛ (ਉਸਨੇ) ਕੀਤਾ ਹੈ ਉਹ ਅਪਣੀ ਮੌਜ ਨਾਲ ਕੀਤਾ ਹੈ। (ਉਹ) ਸਭ (ਜੀਵ ਧਾਰੀਆਂ) ਨਾਲੋਂ ਅਸੰਗ ਬੀ ਹੈ ਤੇ ਸਭ ਦੇ ਸੰਗ ਭੀ ਹੈ। (ਉਹ) ਸਮਝਦਾ ਹੈ, ਵੇਖਦਾ ਤੇ ਵਿਵੇਕ (ਬੀ) ਕਰਦਾ ਹੈ। (ਉਹ) ਆਪ ਹੀ ਇਕ ਹੈ ਤੇ ਆਪ ਹੀ ਅਨੇਕ (ਹੋ ਰਿਹਾ) ਹੈ, (ਉਹ) ਮਰਦਾ ਨਹੀਂ, ਬਿਨਸਦਾ ਨਹੀਂ, ਨਾਂ ਆਉਂਦਾ ਹੈ ਨਾ ਜਾਂਦਾ ਹੈ ਹੇ ਨਾਨਕ! (ਓਹੀ ਪ੍ਰਭੂ) ਸਦਾ (ਸਾਰੇ) ਸਮਾ ਰਿਹਾ ਹੈ ॥ ੬ ॥

ਆਪਿ ਉਪਦੇਸੈ ਸਮਝੈ ਆਪਿ ॥
ਆਪੇ ਰਚਿਆ ਸਭ ਕੈ ਸਾਥਿ ॥
ਆਪਿ ਕੀਨੋ ਆਪਨ ਬਿਸਥਾਰੁ ॥
ਸਭੁ ਕਛੁ ਉਸਕਾ ਓਹੁ ਕਰਨੈਹਾਰੁ ॥
ਉਸਤੇ ਭਿੰਨ ਕਹਹੁ ਕਿਛੁ ਹੋਇ ॥
ਥਾਨ ਥਨੰਤਰਿ ਏਕੈ ਸੋਇ ॥
ਅਪੁਨੇ ਚਲਿਤ ਆਪਿ ਕਰਣੈਹਾਰ
॥ ਕਉਤਕ ਕਰੈ ਰੰਗ ਆਪਾਰ ॥
ਮਨ ਮਹਿ ਆਪਿ ਮਨ ਅਪੁਨੇ

(ਉਹ ਪ੍ਰਭੂ) ਆਪ (ਗੁਰੂ ਰੂਪਤਾ ਵਿਚ) ਉਪਦੇਸ਼ ਕਰਦਾ ਹੈ ਤੇ ਆਪ (ਹੀ ਸ਼ਿਸ਼ ਰੂਪਤਾ ਵਿਚ) ਸਮਝਦਾ ਹੈ (ਕਿਉਂਕਿ ਉਹ) ਆਪ ਹੀ ਸਭ ਨਾਲ (ਵਯਾਪਕਤਾ ਰੂਪ ਵਿਚ) ਰਚ ਰਿਹਾ ਹੈ। (ਸਗੋਂ ਇਹ ਸਾਰਾ ਤਾਂ ਉਸਨੇ) ਅਪਣੇ ਆਪ ਦਾ ਹੀ ਆਪ ਵਿਸਥਾਰ ਕੀਤਾ ਹੈ। (ਹਾਂ) ਰਚਣੇ ਵਾਲਾ ਉਹੀ ਹੈ, (ਤੇ ਰਚਿਆ ਹੋਇਆ) ਸਭ ਕੁਛ ਉਸੇ ਦਾ ਹੈ। ਉਸਤੋਂ ਅੱਡ (ਜੇ) ਕੁਛ ਹੁੰਦਾ (ਹੈ, ਤਾਂ) ਦੱਸੋ? ਥਾੜ੍ਹਾਂ, ਤੇ ਥਾਵਾਂ ਦੇ ਅੰਤਰਗਤ (ਬੀ) ਉਹ ਇਕੋ (ਭਰਪੂਰ) ਹੈ। ਅਪਣੇ ਚੋਜ ਆਪ ਕਰਣੇ ਵਾਲਾ ਹੈ, ਹਾਂ ਓਹ) ਕਉਤਕ (ਲੀਲ੍ਹਾ) ਕਰਦਾ ਹੈ (ਜਿਨ੍ਹਾਂ ਦੇ) ਰੰਗ

*(ਅ) ਤਿੰਨਾਂ ਕਾਲਾਂ ਕਰਕੇ ਤਿੰਨ ਵੇਰ ਕਿਹਾ ਹੈ-ਕਰਨ, ਕਰਾਵਨ, ਕਰਨੈਹਾਰ-ਸੀ, ਹੈ ਤੇ ਹੋਸੀ।

| | |
|---|---|
| ਮਾਹਿ ॥ ਨਾਨਕ ਕੀਮਤਿ ਕਹਨੁ ਨ ਜਾਇ ॥ ੭ ॥ | ਅਪਾਰ ਹਨ* । (ਸਾਰੇ) ਮਨਾਂ ਵਿਚ ਆਪ (ਵਸਦਾ ਹੈ ਅਰ ਸਾਰੇ) ਮਨ ਉਸ ਵਿਚ (ਵੱਸਦੇ ਹਨ)। ਹੇ ਨਾਨਕ ! (ਉਸਦੀ) ਕੀਮਤ ਕਹੀ ਨਹੀਂ ਜਾ ਸਕਦੀ† ॥ ੭ ॥ |

**ਇਸ ਅਗਲੇ ਅੰਕ ਵਿਚ ਸਨਮੁਖ ਉਸਤਤੀ ਕਰਕੇ ਮਨ ਦੀ ਪ੍ਰੀਤ ਨਾਲ ਨਾਮ ਦਾ ਉਪਦੇਸ਼ ਕੀਤਾ ਹੈ ਜੋ ਹਉਂ ਨੂੰ ਕੱਟਦਾ ਹੈ‡ ।**

| | |
|---|---|
| ਸਤਿ ਸਤਿ ਸਤਿ ਪ੍ਰਭੁ ਸੁਆਮੀ ॥ ਗੁਰ ਪਰਸਾਦਿ ਕਿਨੈ ਵਖਿਆਨੀ ॥ ਸਚੁ ਸਚੁ ਸਚੁ ਸਭੁ ਕੀਨਾ ॥ ਕੋਟਿ ਮਧੇ ਕਿਨੈ ਬਿਰਲੈ ਚੀਨਾ ॥ ਭਲਾ ਭਲਾ ਭਲਾ ਤੇਰਾ ਰੂਪ ॥ ਅਤਿ ਸੁੰਦਰ ਅਪਾਰ ਅਨੂਪ ॥ ਨਿਰਮਲ ਨਿਰਮਲ ਨਿਰਮਲ ਤੇਰੀ ਬਾਣੀ ॥ ਘਟਿ ਘਟਿ ਸੁਨੀ ਸ੍ਰਵਨ ਬਖ੍ਯਾਣੀ ॥ ਪਵਿਤ੍ਰ ਪਵਿਤ੍ਰ ਪਵਿਤ੍ਰ ਪੁਨੀਤ ॥ ਨਾਮੁ ਜਪੈ ਨਾਨਕ ਮਨਿ ਪ੍ਰੀਤਿ ॥੮॥੧੨॥ | (ਉਹ ਪ੍ਰਭੂ, (ਉਹ ਸਾਡਾ) ਮਾਲਕ 'ਸਤਿ ਹੈ, ਸਤਿ ਹੈ, ਸਤਿ ਹੈ✠ । (ਇਹ ਗਲ ਬੀ) ਕਿਸੇ (ਵਿਰਲੇ) ਨੇ ਕਥਨ ਕੀਤੀ ਹੈ (ਪਰ ਜਿਸ ਨੇ ਕੀਤੀ ਹੈ) ਗੁਰੂ ਦੀ ਕ੍ਰਿਪਾ ਨਾਲ (ਕੀਤੀ ਹੈ) । (ਜੋ ਕੁਛ ਉਸਨੇ) ਕੀਤਾ ਹੈ (ਉਹ ਬੀ) ਸਭ ਸੱਚ ਹੈ, ਸੱਚ ਹੈ, ਸੱਚ ਹੈ । (ਇਸ ਸਚੁ ਸਰੂਪ ਨੂੰ) ਕ੍ਰੋੜਾਂ ਵਿਚੋਂ ਕਿਸੇ ਵਿਰਲੇ ਨੇ ਅਨੁਭਵ ਕੀਤਾ ਹੈ । [ਬਿਨਤੀ] -ਤੇਰਾ ਰੂਪ ( ਹੇ ਪ੍ਰਭੂ ! ) ਭਲਾ ਹੈ, ਭਲਾ ਹੈ, ਭਲਾ ਹੈ । ਬਹੁਤ ਸੁੰਦਰ, ਪਾਰ ਤੋਂ ਰਹਿਤ (ਤੇ) ਉਪਮਾ ਤੋਂ ਰਹਤ (ਹੈ, ਭਾਵ ਅਤਯੰਤ ਸੁਹਣਾ ਹੈ)। ਤੇਰੀ ਬਾਣੀ ਪਵਿਤ੍ਰ ਹੈ, ਪਵਿਤ੍ਰ ਹੈ ਤੇ ਪਵਿਤ੍ਰ ਹੈ । ਜੋ ਹਿਰਦੇ ਹਿਰਦੇ ਨੇ ਸੁਣੀ ਹੈ (ਪਰ ਪਵਿਤ੍ਰ ਹਿਰਦਿਆਂ ਨੇ ਇਉਂ ਸੁਣਕੇ ਅਰਥਾਤ ਅਨਭਵ ਕਰਕੇ ਅਗੋਂ ਰਸਨਾ ਦੁਆਰੇ) ਵਰਣਨ ਕੀਤੀ ਹੈ, (ਤੇ ਜਗਯਾਸੂਆਂ ਨੇ) ਕੰਨਾਂ ਨਾਲ (ਸੁਣੀ ਹੈ)❦;(ਪਰ ਨਾਲ ਹੀ) ਪਵਿਤ੍ਰ ਹੈ,ਪਵਿਤ੍ਰ ਹੈ, ਪਵਿਤ੍ਰ ਹੈ ਤੇ ਪੁਨੀਤ ਹੋ ਗਿਆ ਹੈ (ਉਹ) ਜੋ ਮਨ ਵਿਚ ਪ੍ਰੀਤ ਨਾਲ ਨਾਮ ਜਪਦਾ ਹੈ, ਹੇ ਨਾਨਕ ! ॥ ੮ ॥ ੧੨ ॥ |

**ਨਿਰੁਕਤ**—ਮਸਕੀਨੀਆ—[ਅ:, ਮਿਸਕੀਨ=ਗ਼ਰੀਬ । ਪੰ:, ਮਸਕੀਨੀਆ=(ਦਿਲ ਦੀ) ਗ਼ਰੀਬੀ ਧਾਰਨ ਕਰਨ ਵਾਲਾ] ਗ਼ਰੀਬੀ ਧਾਰਨ ਕਰਨ ਵਾਲਾ । ਨਿੰਮ੍ਰਤਾ ਵਾਲਾ । (ਅ) ਸੰਪ੍ਰਦਾ ਵਿਚ ਇਕ ਕਥਾ ਹੈ ਕਿ 'ਮਿਸਕੀਨੀਆਂ' ਨਾਮ ਦਾ ਇਕ (ਸਿਖ) ਪਹਿਲਵਾਨ ਸੀ ਜਿਸ ਨੇ ਇਕ ਸਿਖ ਲੋੜਵੰਦ ਨਾਲ ਕੁਸ਼ਤੀ ਵਿਚ ਆਪਣੇ ਆਪ ਨੂੰ ਤਲੇ ਦੁਆ ਲਿਆ, ਤਾਂ ਜੋ ਉਹ ਸਿਖ ਮਾਲੀ ਲੈ ਲਵੇ ਤੇ ਇਉਂ ਪ੍ਰਾਪਤ ਹੋਏ ਧਨ ਨਾਲ ਘਰ ਆਏ ਸੰਤਾਂ ਦੀ ਸੇਵਾ ਕਰ ਸਕੇ । ਏਥੇ ਮਿਸਕੀਨ ਦਾ ਭਾਵ ਕੰਗਾਲ ਨਹੀਂ; ਹਉਂ ਨਵਿਰਤੀ ਵਾਲਾ ਹੈ ।

ਬਿਸਟਾ ਕਾ ਜੰਤੁ—[ਸੰਸ:, ਵਿਖ਼=ਮਲ, ਗੰਦਗੀ । ਹਿੰਦੀ, ਵਿਖ਼੍ਹਾ=ਪਾਖ਼ਾਨਾ, ਮਲ । ਸੰਸ:, ਜੰਤੁ =ਜੀਵ, ਪਸ਼ੂ, ਕੀੜਾ ਮਕੌੜਾ] ਗੰਦ ਦਾ ਕੀੜਾ । ਵਿਸ਼ਟਾ ਦਾ ਕੀੜਾ ।

*ਜਗਤ ਇਕ ਲੀਲ੍ਹਾ ਘਰ ਹੈ, ਲੀਲ੍ਹਾ ਕਰਨੇਹਾਰ ਓਹ ਹੈ । ਇਸ ਵਿਚ ਅਨੇਕ ਤਰ੍ਹਾਂ ਦੇ ਕ੍ਰਿਆਂ ਵਾਲੀ ਲੀਲ੍ਹਾ ਉਹ ਆਪ ਹੀ ਰਚ ਦੇਂਦਾ ਹੈ ।

†ਉਸ ਨਾਲ ਦਾ ਹੋਰ ਹੈ ਨਹੀਂ, ਜਾਚ ਤੇ ਅੰਦਾਜ਼ਾ ਕੀਕੂੰ ਹੋ ਸਕੇ ? ਅਸੀਂ ਸਰਵੱਗ ਨਹੀਂ, ਜਾਚ ਕਰ ਨਹੀਂ ਸਕਦੇ ।

‡ਭਰੀਐ ਮਤਿ ਪਾਪਾ ਕੈ ਸੰਗਿ ॥ ਓਹੁ ਧੋਪੈ ਨਾਵੈ ਕੈ ਰੰਗਿ ॥ [ਜਪੁਜੀ-੨੦

✠ਤ੍ਰੈ ਵਾਰੀ ਪਦ ਜ਼ੋਰ ਦੇਣ ਲਈ ਕਹੇ ਹਨ, ਕਈ ਦਾਨੇ ਆਦਿ, ਮੱਧ ਤੇ ਅੰਤ ਦਾ ਭਾਵ ਲੈਂਦੇ ਹਨ ।

❦ਭਾਵ, ਘਟ ਘਟ ਵਿਚ ਵਾਹਿਗੁਰੂ ਬੋਲਦਾ ਹੈ-ਸਭੈ ਘਟ ਰਾਮੁ ਬੋਲੈ ਰਾਮਾ ਬੋਲੈ॥ [ਮਾਲੀਗਉੜਾ ਨਾਮ:-੩] ਪਰ ਸੁਣਦੇ ਹਨ ਨਿਰਮਲ ਹਿਰਦੇ, ਉਹ ਫੇਰ ਵਰਣਨ ਕਰਦੇ ਹਨ ਤੇ ਜਗਯਾਸੂ ਸੁਣਕੇ ਸੁਖੀ ਹੁੰਦੇ ਹਨ । (ਅ) ਜੋ ਹਿਰਦੇ ਵਿਚ ਕੰਨਾਂ ਦੁਆਰਾ ਸੁਣੀ ਜਾਂਦੀ ਹੈ (ਤੇ ਰਸਨਾ ਨਾਲ) ਵਖਯਾਣ ਕੀਤੀ ਜਾਂਦੀ ਹੈ ।

ਭਸਮੰਤੁ-[ਸੰਸ:, ਭਸਮਨ੍ਕੰ] ਰਾਖ, ਸੁਆਹ। ੨.[ਸੰਸ:, ਭਸਿਮਤ] ਸੜ ਕੇ ਸੁਆਹ ਹੋ ਗਿਆ ਹੋਇਆ।

ਸ੍ਰਮੁ-[ਸੰਸ:, ਸ਼੍ਰਮ:]=ਮਿਹਨਤ, ਥਕਾਵਟ, ਕਸ਼ਟ। ਸ੍ਰਮੁ ਪਾਵੈ=ਥਕਾਨ ਹੀ ਪੱਲੇ ਪੈਂਦੀ ਹੈ।

ਬਿਰਥਾਰੇ-ਬਿਰਥਾ, 'ਰੇ' ਤੁਕ ਦਾ ਵਜ਼ਨ ਪੂਰਾ ਰਖਣ ਲਈ ਵਰਤਿਆ ਹੈ [ਸੰਸ:, ਵਿ+ ਅਰ੍ਥ:=ਬਗ਼ੈਰ ਅਰਥ ਦੇ। ਬੇਮਤਲਬ] ਫ਼ਜ਼ੂਲ, ਬੇ ਮਾਅਨੀ। ਬਿਰਥਾ ਹਨ, ਬਿਰਥਾ ਜਾਂਦੇ ਹਨ।

ਦ੍ਰਵੈ-[ਸੰਸ:, ਦ੍ਰਵਣੰ=ਪਿਘਲਨ ਦੀ ਕ੍ਰਿਯਾ, ਵਗਣਾ। ਹਿੰ: ਦ੍ਰਵਨਾ, ਪਿਘਲਨਾ, ਪਸੀਜਣਾ] ਦ੍ਰਵਣਾ ਤੋਂ ਦ੍ਰਵੈ=ਦ੍ਰਵਦਾ ਹੈ। ਦ੍ਰਵਣਾ=ਮਨ ਦਾ ਕੋਮਲ (ਨਰਮ) ਹੋਕੇ ਪੰਘਰਨਾ, ਭਾਵ ਵਾਹਿਗੁਰੂ ਪ੍ਰੇਮ ਵਿਚ ਪੰਘਰ ਜਾਣਾਂ, ਨੀਰ ਨੈਣੀ ਆ ਜਾਣਾਂ, ਸਾਤ੍ਵਕ ਭਾਵ ਹੋ ਜਾਣੇ। ਦੂਸਰਾ ਰੂਪ ਹੈ-ਜੀਵ ਦਇਆ ਪਾਲਣੀ ਜੋ ਜ਼ਰੂਰੀ ਗੁਣ ਹੈਨ ਦਰਗਾਹੇ ਅੱਪੜਨ ਦੇ।

ਨਿਰਮਲ-ਮੈਲ ਬਿਨਾ, ਖਰੀ ਖਰੀ (ਵੇਖੋ ਪੰਨਾ ੫੪੬)।

ਬਿਬੇਕ-[ਸੰਸ:, ਵਿਵੇਕ:=] ਭਲੀ ਬੁਰੀ ਵਸਤੂ ਦਾ ਗਿਆਨ, ਸਤਿ ਅਸਤਿ ਦਾ ਗਿਆਨ (ਵੇਖੋ ਪੰਨਾ ੬੧੮)।

ਪੁਨੀਤ-[ਸੰਸ:,] ਪਵਿੱਤ੍ਰ ਕੀਤਾ ਗਿਆ। ਸੰਪ੍ਰਦਾ ਵਿਚ ਪੁਨੀਤ ਦਾ ਅਰਥ ਵਿਸ਼ੇਸ਼ ਪਵਿਤ੍ਰਤਾ ਕਰਦੇ ਹਨ।

## [ਅਸਟਪਦੀ-ਤੇਰੁਵੀਂ]

**ਪ੍ਰਾਕ੍ਥਨ**-ਹਉਂ ਨਵਿਰਤੀ ਦੇ ਉਪਾਉ ਦੱਸਕੇਹੁਣ ਹਉਂ ਨਵਿਰਤੀ ਦਾਇਕ ਹੋਰ ਉਪਾਉ ਦੱਸਦੇ ਹਨ ਤੇ ਇਸ ਉਪਾਉ ਦੇ ਤ੍ਰਿਸਕਾਰ ਕਰਨ ਤੋਂ ਵਰਜਦੇ ਹਨ। ਉਹ ਇਹ ਹੈ ਕਿ 'ਸੰਤ ਦੀ ਸ਼ਰਨ ਪੈਣ ਨਾਲ ਹਉਮੈਂ ਤੋਂ ਉਧਾਰ ਹੁੰਦਾ ਹੈ'। ਸਲੋਕ ਤੇ ਸਤ ਪਦਿਆਂ ਵਿਚ ਸੰਤ ਦੀ ਨਿੰਦਾ ਕਰਨ ਤੋਂ ਵਰਜਦੇ ਹਨ; ਕਿਉਂਕਿ ਇਕੋ ਇਹੋ ਤਾਂ ਵਸੀਲਾ ਹੈ ਜਿਸ ਦੇ ਉਪਦੇਸ਼ ਨਾਲ ਤੇ ਨਮੂਨੇ ਨਾਲ ਜਪਣਾ ਤੇ ਹਉਂ ਦੂਰ ਹੋਣੀ ਤੇ ਸਾਈਂ ਦੀ ਗਜਾਤ ਪੈਦਾ ਹੋਣਾ ਹੈ। ਅੰਕ ੭ ਦੇ ਅਖੀਰ ਦੱਸਦੇ ਹਨ ਤੇਰੇ ਪਿਛਲੇ ਕੀਤੇ ਦੀ ਪਈ ਲੀਹ ਤੇ ਰੁਚੀ ਨੇ ਤੈਨੂੰ ਨਿੰਦਾ ਵਲ ਪ੍ਰੇਰਨਾ ਹੈ। ਅੰਕ ੮ ਵਿਚ ਵਾਹਿਗੁਰੂ ਦੇ ਗੁਣ ਗਾਯਨ ਦੀ ਪ੍ਰੇਰਨਾ ਹੈ ਜੋ ਤੇਰੀ ਕਿਰਤ ਕਰਮ ਦੀ ਮੈਲ ਕਟ ਹੋ ਜਾਏ:-

ਗੁਨ ਗਾਵਤ ਤੇਰੀ ਉਤਰਸਿ ਮੈਲੁ॥ [ਗਉੜੀ ਮ: ੫, ਸੁਖਮਨੀ, ੧੯-੭

**ਸੰਤ ਦੁਖਾਉਣ ਤੇ ਨਿੰਦਣ ਦੇ ਮਾੜੇ ਫਲਾਂ ਦਾ ਵਰਣਨ:-**

ਸਲੋਕੁ॥ ਸੰਤ ਸਰਨਿ ਜੋ ਜਨੁ ਪਰੈ ਸੋ ਜਨੁ ਉਧਰਨਹਾਰ॥ ਸੰਤ ਕੀ ਨਿੰਦਾ ਨਾਨਕਾ ਬਹੁਰਿ ਬਹੁਰਿ ਅਵਤਾਰ॥ ੧॥

ਜੋ ਪੁਰਖ ਸੰਤਾਂ ਦੀ ਸ਼ਰਨ ਆ ਪੈਂਦਾ ਹੈ ਉਹੀ ਪੁਰਖ (ਆਵਾ ਗਵਨ ਦੇ ਚੱਕ੍ਰ ਤੋਂ) ਉਧਰਨ ਹਾਰ ਹੈ (ਭਾਵ ਛੁਟ ਜਾਂਦਾ ਹੈ, ਪਰੰਤੂ) ਸੰਤਾਂ ਦੀ ਨਿੰਦਾ ਕਰਨੀ) ਮੁੜ ਮੁੜ ਜਨਮ (ਮਰਨ ਵਿਚ ਪਾਈ ਰਖਣ ਵਾਲੀ ਹੈ)* ॥ ੧॥

ਅਸਟਪਦੀ॥ ਸੰਤ ਕੈ ਦੂਖਨਿ ਆਰਜਾ ਘਟੈ॥ ਸੰਤ ਕੈ ਦੂਖਨਿ ਜਮ ਤੇ ਨਹੀ ਛੁਟੈ॥ਸੰਤ ਕੈ ਦੂਖਨਿ

ਸੰਤ ਨੂੰ ਦੋਸ਼ ਲਾਉਣੇ ਨਾਲ (ਨਿੰਦਕ ਦੀ) ਉਮਰਾ ਘਟਦੀ ਹੈ। ਸੰਤ ਨੂੰ ਦੂਖਣ ਲਾਉਣੇ ਕਰਕੇ (ਜੀਵ) ਜਮਾਂ ਤੋਂ ਨਹੀਂ ਛੁਟਦਾ। ਸੰਤ ਨੂੰ ਦੂਖਣ ਲਾਉਣੇ ਤੇ ਸਾਰਾ ਸੁਖ ਦੂਰ ਹੋ

*ਸੰਤ ਦੀ ਨਿੰਦਾ ਕਰਨ ਨਾਲ ਫੇਰ ਫੇਰ ਜਨਮ ਹੁੰਦਾ ਹੈ।

ਸੁਖੁ ਸਭੁ ਜਾਇ ॥ ਸੰਤ ਕੈ ਦੂਖਨਿ ਨਰਕ ਮਹਿ ਪਾਇ॥ ਸੰਤ ਕੈ ਦੂਖਨਿ ਮਤਿ ਹੋਇ ਮਲੀਨ॥ਸੰਤ ਕੈ ਦੂਖਨਿ ਸੋਭਾ ਤੇ ਹੀਨ ॥ ਸੰਤ ਕੇ ਹਤੇ ਕਉ ਰਖੈ ਨ ਕੋਇ ॥ ਸੰਤ ਕੈ ਦੂਖਨਿ ਥਾਨ ਭ੍ਰਸਟੁ ਹੋਇ ॥ ਸੰਤ ਕ੍ਰਿਪਾਲ ਕ੍ਰਿਪਾ ਜੇ ਕਰੈ ॥ ਨਾਨਕ ਸੰਤ ਸੰਗਿ ਨਿੰਦਕੁ ਭੀ ਤਰੈ ॥ ੧ ॥

ਜਾਂਦਾ ਹੈ। ਸੰਤਾਂ ਨੂੰ ਦੂਖਣ ਲਾਉਣੇ ਤੇ ਨਰਕ ਵਿਚ ਪਾਇਆ ਜਾਂਦਾ ਹੈ। ਸੰਤ ਨੂੰ ਦੂਖਣ ਲਾਉਣੇ ਤੇ ਬੁਧੀ ਮਲੀਨ ਹੋ ਜਾਂਦੀ ਹੈ। ਸੰਤ ਨੂੰ ਦੂਖਣ ਲਾਉਣੇ ਤੇ (ਜੀਵ) ਸ਼ੋਭਾ ਤੋਂ ਰਹਿਤ ਹੋ ਜਾਂਦਾ ਹੈ। ਸੰਤ ਦੇ ਤ੍ਰਾਹੇ ਹੋਏ ਨੂੰ ਕੋਈ ਬਚਾ ਨਹੀਂ ਸਕਦਾ। ਸੰਤ ਨੂੰ ਦੂਖਣ ਲਾਉਣੇ ਤੇ (ਦੋਖੀ ਅਪਣੇ) ਅਸਥਾਨ ਤੋਂ ਭ੍ਰਿਸ਼ਟ ਹੋ ਜਾਂਦਾ ਹੈ। ਪ੍ਰੰਤੂ ਹੇ ਨਾਨਕ ! ਕ੍ਰਿਪਾਲੂ ਸੰਤ ਜੇ ਕ੍ਰਿਪਾ ਕਰੇ ਤਾਂ ਸੰਤ ਦੇ ਸੰਗ ਨਾਲ ਨਿੰਦਕ ਬੀ ਤਰ ਸਕਦਾ ਹੈ ॥ ੧ ॥

ਸੰਤ ਕੈ ਦੂਖਨ ਤੇ ਮੁਖੁ ਭਵੈ ॥ ਸੰਤਨ ਕੈ ਦੂਖਨਿ ਕਾਗ ਜਿਉ ਲਵੈ ॥ ਸੰਤਨ ਕੈ ਦੂਖਨਿ ਸਰਪ ਜੋਨਿ ਪਾਇ ॥ ਸੰਤ ਕੈ ਦੂਖਨਿ ਤ੍ਰਿਗਦ ਜੋਨਿ ਕਿਰਮਾਇ ॥ ਸੰਤਨ ਕੈ ਦੂਖਨਿ ਤ੍ਰਿਸਨਾ ਮਹਿ ਜਲੈ ॥ ਸੰਤ ਕੈ ਦੂਖਨਿ ਸਭੁ ਕੋ ਛਲੈ ॥ ਸੰਤ ਕੈ ਦੂਖਨਿ ਤੇਜੁ ਸਭੁ ਜਾਇ ॥ ਸੰਤ ਕੈ ਦੂਖਨਿ ਨੀਚੁ ਨੀਚਾਇ ॥ ਸੰਤ ਦੋਖੀ ਕਾ ਥਾਉ ਕੋ ਨਾਹਿ ॥ ਨਾਨਕ ਸੰਤ ਭਾਵੈ ਤਾ ਓਇ ਭੀ ਗਤਿ ਪਾਹਿ ॥ ੨ ॥

ਸੰਤ ਨੂੰ ਦੂਸ਼ਣ ਲਾਉਣੇ ਤੇ (ਲਾਉਣ ਵਾਲੇ ਦਾ) ਮੂੰਹ ਭੌਂ ਜਾਂਦਾ ਹੈ* ! ਸੰਤਾਂ ਨੂੰ† ਦੂਸ਼ਨ ਲਾਉਣੇ ਤੇ ਕਾਂ ਵਾਙੂ ਲਉਂਦਾ ਹੈ (ਭਾਵ ਬਿਰਥਾ ਬਕਦਾ ਰਹਿੰਦਾ ਹੈ) । ਸੰਤਾਂ ਨੂੰ ਦੂਸ਼ਣ ਲਾਉਣੇ ਤੇ ਸੱਪ ਦੀ ਜੋਨਿ ਪਾਉਂਦਾ ਹੈ । ਸੰਤਾਂ ਨੂੰ ਦੂਸ਼ਣ ਲਾਉਣੇ ਤੇ (ਲਾਉਣ ਵਾਲਾ) ਤਿਰਛੀਆਂ ਤੁਰਨ ਵਾਲੀਆਂ ਜੂਨਾਂ ਕੀੜੇ ਆਦਿਕ ਦੀਆਂ ਪਾਉਂਦਾ ਹੈ। ਸੰਤਾਂ ਨੂੰ ਦੂਖਣ ਲਾਉਣੇ ਤੇ (ਲਾਉਣ ਵਾਲਾ) ਤ੍ਰਿਸ਼ਨਾ (ਰੂਪੀ ਅੱਗ) ਵਿਚ ਸੜਦਾ ਹੈ। ਸੰਤਾਂ ਨੂੰ ਦੂਸ਼ਣ ਲਾਉਣੇ ਤੇ ਉਹ ਸਭ ਕਿਸੇ ਨੂੰ ਛਲਦਾ ਰਹਿੰਦਾ ਹੈ‡। ਸੰਤਾਂ ਨੂੰ ਦੂਸ਼ਣ ਲਾਉਣੇ ਤੇ ਸਾਰਾ ਪ੍ਰਤਾਪ ਨਸ਼ਟ ਹੋ ਜਾਂਦਾ ਹੈ। ਸੰਤਾਂ ਨੂੰ ਦੂਸ਼ਨ ਲਾਉਣੇ ਤੇ (ਲਾਉਣ ਹਾਰ) ਨੀਚ ਤੋਂ ਨੀਚ ਹੋ ਜਾਂਦਾ ਹੈ। ਸੰਤ ਨੂੰ ਦੂਸ਼ਣ ਲਾਉਣੇ ਵਾਲ ਦਾ ਕੋਈ ਥਾਂ ਨਹੀਂ (ਭਾਵ ਕਿਤੇ ਢੋਈ ਨਹੀਂ ਮਿਲਦੀ, ਪਰ ਦੱਸਦੇ ਹਨ ਗੁਰੂ) ਨਾਨਕ (ਦੇਵ ਜੀ) ਕਿ ਜੇ ਸੰਤਾਂ ਦੀ ਮਰਜ਼ੀ ਹੋਵੇ ਤਾਂ ਓਹ (ਸੰਤ ਦੋਖੀ) ਬੀ (ਸ਼ੁਭ) ਗਤੀ ਨੂੰ ਪ੍ਰਾਪਤ ਹੋ ਜਾਂਦਾ ਹੈ ॥ ੨ ॥

ਸੰਤ ਕਾ ਨਿੰਦਕੁ ਮਹਾ ਅਤਤਾਈ॥ ਸੰਤ ਕਾ ਨਿੰਦਕੁ ਖਿਨੁ ਟਿਕਨੁ ਨ ਪਾਈ ॥ ਸੰਤ ਕਾ ਨਿੰਦਕੁ ਮਹਾ ਹਤਿਆਰਾ॥ਸੰਤ ਕਾ ਨਿੰਦਕੁ ਪਰ-ਮੇਸੁਰਿ ਮਾਰਾ ॥ ਸੰਤ ਕਾ ਨਿੰਦਕੁ ਰਾਜ ਤੇ ਹੀਨੁ ॥ ਸੰਤ ਕਾ ਨਿੰਦਕੁ ਦੁਖੀਆ ਅਰੁ ਦੀਨੁ ॥ ਸੰਤ ਕੇ ਨਿੰਦਕ ਕਉ ਸਰਬ ਰੋਗ ॥ ਸੰਤ ਕੇ

ਸੰਤਾਂ ਦਾ ਨਿੰਦਕ ਬੜਾ ਭਾਰਾ ਪਾਪੀ ਹੈ। ਸੰਤ ਦਾ ਨਿੰਦਕ (ਕਿਤੇ ਬੀ) ਪਲ ਭਰ ਟਿਕਾਣਾ ਨਹੀਂ ਪਾਉਂਦਾ (ਭਾਵ ਭਟਕਦਾ ਰਹਿੰਦਾ ਹੈ)। ਸੰਤ ਦਾ ਨਿੰਦਕ ਬੜੀ ਹੱਤਿਆ ਕਰਨੇ ਵਾਲਾ ਹੈ। ਸੰਤ ਦਾ ਨਿੰਦਕ ਪਰਮੇਸ਼ੁਰ ਦਾ ਮਾਰਿਆ ਹੋਇਆ ਹੁੰਦਾ ਹੈ, (ਭਾਵ ਸ੍ਰਾਪਿਆ ਹੋਇਆ ਹੈ । ਸੰਤ ਦਾ ਨਿੰਦਕ ਰਾਜ (ਭਾਵ ਤੇਜ ਪ੍ਰਤਾਪ) ਤੋਂ ਹੀਨ ਹੋ ਜਾਂਦਾ ਹੈ। ਸੰਤ ਦਾ ਨਿੰਦਕ ਦੁਖੀ ਤੇ ਆਤੁਰ ਹੋ ਜਾਂਦਾ ਹੈ। ਸੰਤ ਦੇ ਨਿੰਦਕ ਨੂੰ ਸਾਰੇ ਰੋਗ (ਲਗਦੇ ਹਨ)। ਸੰਤ ਦੇ ਨਿੰਦਕ ਨੂੰ

*ਲਕਵਾ ਰੋਗ ਹੋ ਜਾਂਦਾ ਹੈ ਯਾ ਪਰਮਾਰਥ ਵਲੋਂ ਮੂੰਹ ਫਿਰਕੇ ਬੁਰੇ ਪਾਸੇ ਹੋ ਜਾਂਦਾ ਹੈ।

†ਸੰਤਨ ਕੇ = ਸੰਤਾਂ ਦੇ। ਸੰਤਾਂ ਨੂੰ।

‡ਸੰਤਾਂ ਦੀ ਨਿੰਦਾ ਜੋ ਕਰਦਾ ਹੈ ਸੋ ਕਪਟੀ ਹੁੰਦਾ ਹੈ। (ਅ) ਉਸ ਨੂੰ ਕਾਮ ਕ੍ਰੋਧ ਆਦਿ ਸਾਰੇ ਵਿਕਾਰ ਛਲ ਲੈਂਦੇ ਹਨ । [ਸੰਪ੍ਰਦਾ]।

ਨਿੰਦਕ ਕਉ ਸਦਾ ਬਿਜੋਗ ॥ ਸੰਤ ਕੀ ਨਿੰਦਾ ਦੋਖ ਮਹਿ ਦੋਖੁ ॥ ਨਾਨਕ ਸੰਤ ਭਾਵੈ ਤਾ ਉਸਕਾ ਭੀ ਹੋਇ ਮੋਖੁ ॥ ੩ ॥

ਸੰਤ ਕਾ ਦੋਖੀ ਸਦਾ ਅਪਵਿਤੁ ॥ ਸੰਤ ਕਾ ਦੋਖੀ ਕਿਸੈ ਕਾ ਨਹੀ ਮਿਤੁ ॥ ਸੰਤ ਕੇ ਦੋਖੀ ਕਉ ਡਾਨੁ ਲਾਗੈ॥ ਸੰਤ ਕੇ ਦੋਖੀ ਕਉ ਸਭ ਤਿਆਗੈ ॥ ਸੰਤ ਕਾ ਦੋਖੀ ਮਹਾ ਅਹੰਕਾਰੀ ॥ ਸੰਤ ਕਾ ਦੋਖੀ ਸਦਾ ਬਿਕਾਰੀ ॥ ਸੰਤ ਕਾ ਦੋਖੀ ਜਨਮੈ ਮਰੈ ॥ ਸੰਤ ਕੀ ਦੂਖਨਾ ਸੁਖ ਤੇ ਟਰੈ ॥ ਸੰਤ ਕੇ ਦੋਖੀ ਕਉ ਨਾਹੀ ਠਾਉ ॥ ਨਾਨਕ ਸੰਤ ਭਾਵੈ ਤਾ ਲਏ ਮਿਲਾਇ॥੪॥

ਸੰਤ ਕਾ ਦੋਖੀ ਅਧਬੀਚ ਤੇ ਟੂਟੈ ॥ ਸੰਤਕਾ ਦੋਖੀ ਕਿਤੈ ਕਾਜਿਨ ਪਹੂਚੈ ॥ ਸੰਤ ਕੇ ਦੋਖੀ ਕਉ ਉਦਿਆਨ ਭ੍ਰਮਾਈਐ॥ ਸੰਤ ਕਾ ਦੋਖੀ ਉਝੜਿ ਪਾਈਐ ॥ ਸੰਤ ਕਾ ਦੋਖੀ ਅੰਤਰ ਤੇ ਥੋਥਾ॥ਜਿਉ ਸਾਸ ਬਿਨਾ ਮਿਰਤਕ ਕੀ ਲੋਥਾ ॥ ਸੰਤ ਕੇ ਦੋਖੀ ਕੀ ਜੜ ਕਿਛੁ ਨਾਹਿ ॥ ਆਪਨ ਬੀਜਿ ਆਪੇ ਹੀ ਖਾਹਿ ॥ ਸੰਤ ਕੇ ਦੋਖੀ ਕਉ ਅਵਰੁ ਨ ਰਾਖਨਹਾਰੁ॥ ਨਾਨਕ ਸੰਤ ਭਾਵੈ ਤਾ ਲਏ ਉਬਾਰਿ ॥ ੫ ॥

ਸਦਾ ਵਿਛੋੜਾ ਰਹਿੰਦਾ ਹੈ (ਸ਼ੁਭ ਗੁਣਾਂ ਤੋਂ, ਸਚੇ ਮਿਤ੍ਰਾਂ ਤੋਂ ਤੇ ਰੱਬ ਜੀ ਤੋਂ)। ਸੰਤ ਦੀ ਨਿੰਦਾ ਪਾਪਾਂ ਵਿਚ (ਵਡਾ) ਪਾਪ ਹੈ (ਪਰ ਕਹਿੰਦੇ ਹਨ ਗੁਰੂ) ਨਾਨਕ (ਜੇ) ਸੰਤ ਨੂੰ ਭਾਵੇ ਤਾਂ ਉਸ (ਸੰਤ ਨਿੰਦਕ) ਦੀ ਬੀ ਮੁਕਤੀ ਹੋ ਜਾਂਦੀ ਹੈ ॥ ੩ ॥

ਸੰਤ ਦਾ ਦੋਖੀ ਸਦਾ ਅਪਵਿਤ੍ਰ ਰਹਿੰਦਾ ਹੈ*, ਸੰਤ ਦਾ ਦੋਖੀ ਕਿਸੇ ਦਾ ਮਿਤ੍ਰ ਨਹੀਂ (ਬਣ ਸਕਦਾ)†। ਸੰਤ ਦੇ ਦੋਖੀ ਨੂੰ ਡੰਡ ਲਗਦਾ ਹੈ। ਇਥੇ ਬੀ) ਸੰਤ ਦੇ ਦੋਖੀ ਨੂੰ ਸਾਰੇ ਤ੍ਯਾਗ ਦਿੰਦੇ ਹਨ (ਕਿਉਂਕਿ) ਸੰਤ ਦਾ ਦੋਖੀ ਬੜਾ ਹੰਕਾਰੀ ਹੁੰਦਾ ਹੈ (ਅਤੇ) ਸੰਤ ਦਾ ਦੋਖੀ ਸਦਾ ਵਿਕਾਰਾਂ (ਵਿਚ ਰਹਿੰਦਾ) ਹੈ। ਸੰਤ ਦਾ ਦੋਖੀ ਜੰਮਦਾ ਮਰਦਾ (ਰਹਿੰਦਾ) ਹੈ। ਸੰਤ ਦੀ ਦੂਸ਼ਣਾ ਕਰਨ ਨਾਲ (ਨਿੰਦਕ) ਸੁਖਾਂ ਤੋਂ ਵਾਂਜਿਆ ਜਾਂਦਾ ਹੈ। ਸੰਤ ਦੇ ਦੋਖੀ ਨੂੰ ਕੋਈ ਟਿਕਾਣਾ ਨਹੀਂ ਮਿਲਦਾ। (ਪਰ) ਹੇ ਨਾਨਕ ! ਜੇ ਸੰਤ ਨੂੰ ਭਾਵੇ ਤਾਂ (ਉਸ ਨੂੰ) ਬੀ (ਅਪਣੇ ਅਥਵਾ ਵਾਹਿਗੁਰੂ ਨਾਲ) ਮਿਲਾ ਲੈਂਦਾ ਹੈ ॥ ੪ ॥

ਸੰਤ ਦਾ ਦੋਖੀ ਅੱਧ ਵਿਚਕਾਰੋਂ ਟੁੱਟਦਾ ਹੈ‡। ਸੰਤ ਦਾ ਦੋਖੀ ਕਿਸੇ ਕੰਮ ਦੇ (ਸਿਰੇ) ਨਹੀਂ ਚੜ੍ਹਦਾ❦। ਸੰਤ ਦੇ ਦੋਖੀ ਨੂੰ ਉਜਾੜਾਂ ਵਿਚ ਭਟਕਾਈਦਾ ਹੈ। ਸੰਤ ਦੇ ਦੋਖੀ ਨੂੰ ਕੁਰਸਤੇ ਪਾਇਆ ਜਾਂਦਾ ਹੈ। ਸੰਤ ਦਾ ਦੋਖੀ ਅੰਦਰੋਂ ਸੱਖਣਾ ਹੁੰਦਾ ਹੈ; ਜਿਕੁਰ ਸੁਆਸਾਂ ਤੋਂ ਬਿਨਾਂ ਮੁਰਦੇ ਦੀ ਲੋਥ ਹੁੰਦੀ ਹੈ। ਸੰਤ ਦੇ ਦੋਖੀ ਦੀ ਜੜ ਕੁਝ ਨਹੀਂ ਲਗਦੀ, (ਉਹ) ਆਪਣਾ ਹੀ ਬੀਜਦਾ ਤੇ ਆਪ ਹੀ ਖਾਂਦਾ ਹੈ। ਸੰਤ ਦੇ ਦੋਖੀ ਨੂੰ ਹੋਰ (ਕੋਈ) ਰਖਣੇ ਵਾਲਾ ਨਹੀਂ ਹੈ (ਪਰ) ਜੇ ਸੰਤ ਨੂੰ ਭਾਵੇ ਤਾਂ (ਉਸ ਦਾ ਬੀ) ਉਧਾਰ ਕਰ ਦਿੰਦਾ ਹੈ, ਹੇ ਨਾਨਕ। ॥ ੫ ॥

---

*ਨਿੰਦਾ ਕਰਨੀ ਦੂਸਰੇ ਦੀ ਮੈਲ ਧੋਣੀ ਤੇ ਲੈਣੀ ਹੈ, ਯਥਾ:–

ਹਮਰੇ ਕਪਰੇ ਨਿੰਦਕੁ ਧੋਇ ॥ [ਗਉੜੀ ਕਬੀਰ ਜੀ-੭੧

†ਜੋ ਨਿਰਵੈਰ (ਸੰਤਾਂ) ਨਾਲ ਵੈਰ ਕਰਦਾ ਹੈ, ਸੋ ਦੂਸਰਿਆਂ ਨਾਲ ਕਦ ਘੱਟ ਕਰੇਗਾ।

‡ਪੂਰੀ ਉਮਰ ਨਹੀਂ ਭੋਗਦਾ, ਜੁਆਨੀ ਦੀ ਮੌਤੇ ਮਰਦਾ ਹੈ। (ਅ) ਸੰਪ੍ਰਦਾ ਵਿਚ ਇਉਂ ਭੀ ਭਾਵ ਲੈਂਦੇ ਹਨ ਕਿ ਉਸ ਦੇ ਸਾਧਨ ਸਿਰੇ ਨਹੀਂ ਚੜ੍ਹਦੇ।

❦ਉਸ ਦੇ ਸੰਸਾਰਕ ਬਿਵਹਾਰ ਤੇ ਕਾਰਜ ਵੀ ਅਧ ਵਿਚੋਂ ਟੁਟਦੇ ਹਨ, ਸਿਰੇ ਨਹੀਂ ਚੜ੍ਹਦੇ।

ਸੰਤ ਕਾ ਦੋਖੀ ਇਉ ਬਿਲਲਾਇ ॥ ਜਿਉ ਜਲ ਬਿਹੂਨ ਮਛਲੀ ਤੜਫੜਾਇ ॥ ਸੰਤ ਕਾ ਦੋਖੀ ਭੂਖਾ ਨਹੀ ਰਾਜੈ॥ਜਿਉ ਪਾਵਕੁ ਈਧਨਿ ਨਹੀ ਧ੍ਰਾਪੈ ॥ ਸੰਤ ਕਾ ਦੋਖੀ ਛੁਟੈ ਇਕੇਲਾ ॥ ਜਿਉ ਬੂਆੜੁ ਤਿਲੁ ਖੇਤ ਮਾਹਿ ਦੁਹੇਲਾ॥ਸੰਤ ਕਾ ਦੋਖੀ ਧਰਮ ਤੇ ਰਹਤ॥ਸੰਤਕਾ ਦੋਖੀ ਸਦ ਮਿਥਿਆ ਕਹਤ ॥ ਕਿਰਤੁ ਨਿੰਦਕ ਕਾ ਧੁਰਿ ਹੀ ਪਇਆ ॥ ਨਾਨਕ ਜੋ ਤਿਸੁ ਭਾਵੈ ਸੋਈ ਥਿਆ ॥੬॥

ਸੰਤ ਦਾ ਦੋਖੀ ਐਉਂ ਵਿਲਪਦਾ ਹੈ, ਜਿਕੁਰ ਜਲ ਬਿਨਾਂ ਮੱਛੀ ਤੜਫਦੀ ਹੈ। ਸੰਤ ਦਾ ਦੋਖੀ ਭੁੱਖਾ (ਅਰੱਜ ਤ੍ਰਿਸ਼ਨਾ ਵਾਲਾ ਹੁੰਦਾ ਹੈ,ਕਦੇ)ਰੱਜਦਾ ਨਹੀਂ।ਜਿੱਕੁਰ ਅੱਗ ਬਾਲਣਨਾਲ ਨਹੀਂ ਰੱਜਦੀ। ਸੰਤ ਦਾ ਦੋਖੀ ਇਕੱਲਾ ਹੀ ਛੱਡ ਦਿਤਾ ਜਾਂਦਾ ਹੈ, ਜਿੱਕੁਰ ਤਿਲਾਂ ਦੇ ਖੇਤ ਵਿਚ ਬੂਆੜ (ਤਿਲ ਦਾ ਬੂਟਾ ਛੱਡਿਆ ਜਾ ਕੇ) ਦੁਖੀ ਹੋਂਦਾ ਹੈ। ਸੰਤ ਦਾ ਦੋਖੀ ਧਰਮ ਤੋਂ ਖਾਲੀ ਹੁੰਦਾ ਹੈ, (ਇਸੇ ਕਰਕੇ) ਸੰਤ ਦਾ ਦੋਖੀ ਸਦਾ ਝੂਠ ਬੋਲਦਾ ਹੈ। ਨਿੰਦਕ ਦੀ ਕਿਰਤ (ਨਿੰਦਾ ਕਰਨੀ) ਧੁਰੋਂ ਹੀ ਪਈ ਹੋਈ ਹੈ, ਹੇ ਨਾਨਕ ! ਜੋ ਉਸ (ਪ੍ਰਭੂ) ਨੂੰ ਭਾਉਂਦਾ ਹੈ, ਸੋਈ ਹੁੰਦਾ ਹੈ ॥ ੬ ॥

ਸੰਤ ਕਾ ਦੋਖੀ ਬਿਗੜ ਰੂਪੁ ਹੋਇ ਜਾਇ॥ ਸੰਤਕੇ ਦੋਖੀ ਕਉ ਦਰਗਹ ਮਿਲੈ ਸਜਾਇ ॥ ਸੰਤ ਕਾ ਦੋਖੀ ਸਦਾ ਸਹਕਾਈਐ॥ ਸੰਤ ਕਾ ਦੋਖੀ ਨ ਮਰੈ ਨ ਜੀਵਾਈਐ ॥ ਸੰਤ ਕੇ ਦੋਖੀ ਕੀ ਪੁਜੈ ਨ ਆਸਾ॥ ਸੰਤ ਕਾ ਦੋਖੀ ਉਠਿ ਚਲੈ ਨਿਰਾਸਾ ॥ ਸੰਤ ਕੈ ਦੋਖਿ ਨ ਤ੍ਰਿਸਟੈ ਕੋਇ ॥ ਜੈਸਾ ਭਾਵੈ ਤੈਸਾ ਕੋਈ ਹੋਇ ॥ ਪਇਆ ਕਿਰਤੁ ਨ ਮੇਟੈ ਕੋਇ ॥ ਨਾਨਕ ਜਾਨੈ ਸਚਾ ਸੋਇ ॥ ੭ ॥

(ਇਸ ਸੰਸਾਰ ਵਿਚ ਤਾਂ) ਸੰਤ ਦਾ ਦੋਖੀ ਵਿਗੜੇ ਰੂਪ ਵਾਲਾ ਹੋ ਜਾਂਦਾ ਹੈ (ਪਰ) ਦਰਗਾਹ ਵਿਚ ਬੀ ਸੰਤ ਦੇ ਦੋਖੀ ਨੂੰ ਸਜ਼ਾ ਮਿਲਦੀ ਹੈ। ਸੰਤ ਦਾ ਦੋਖੀ ਸਦਾ ਸਹਕਾਈਦਾ ਹੈ। (ਹਾਂ) ਸੰਤ ਦਾ ਦੋਖੀ ਨਾ ਮਰਦਾ ਹੈ ਨਾ ਜਿਵਾਈਦਾ ਹੈ (ਭਾਵ ਨਾ ਜੀਉਂਦਾ ਹੈ ਨਾ ਮਰਦਾ ਹੈ)। ਸੰਤ ਦੇ ਦੋਖੀ ਦੀ ਆਸ ਪੂਰੀ ਨਹੀਂ ਹੁੰਦੀ। ਸੰਤ ਦਾ ਦੋਖੀ (ਸੰਸਾਰ ਤੋਂ) ਨਿਰਾਸ ਹੀ ਉਠ ਤੁਰਦਾ ਹੈ। ਸੰਤ ਦੀ ਨਿੰਦਾ ਕਰਨੇ ਤੇ ਕੋਈ (ਕਦੇ) ਟਿਕਿਆ ਨਹੀਂ। ਜੈਸਾ (ਜਿਸ ਨੂੰ) ਭਾਉਂਦਾ ਹੈ ਤੈਸਾ (ਉਹ) ਕੋਈ ਹੋ ਜਾਂਦਾ ਹੈ*। ਪਈ ਹਈ ਕਿਰਤ ਕੋਈ ਨਹੀਂ ਮੇਟ ਸਕਦਾ। (ਕਹਿੰਦੇ ਹਨ ਗੁਰੂ) ਨਾਨਕ (ਇਸ ਗਲ ਦੀ ਅਸਲ ਨੂੰ) ਉਹੋ ਸੱਚਾ (ਸਾਈਂ ਹੀ, ਜਾਣਦਾ ਹੈ ॥ ੭ ॥

ਸਭਘਟ ਤਿਸਕੇ ਓਹੁ ਕਰਨੈਹਾਰੁ॥ ਸਦਾ ਸਦਾ ਤਿਸ ਕਉ ਨਮਸਕਾਰੁ ॥ ਪ੍ਰਭ ਕੀ ਉਸਤਤਿ ਕਰਹੁ ਦਿਨੁ ਰਾਤਿ ॥ ਤਿਸਹਿ ਧਿਆਵਹੁ ਸਾਸਿ ਗਿਰਾਸਿ ॥ ਸਭੁ ਕਛੁ ਵਰਤੈ ਤਿਸ ਕਾ ਕੀਆ॥ ਜੈਸਾ ਕਰੇ ਤੈਸਾ ਕੋ ਥੀਆ॥ਅਪਨਾ ਖੇਲੁ ਆਪਿ ਕਰਨੈਹਾਰੁ॥ਦੂਸਰ ਕਉਨੁ ਕਹੈ ਬੀਚਾਰੁ॥ ਜਿਸਨੋ ਕ੍ਰਿਪਾ ਕਰੈ ਤਿਸੁ ਆਪਨ

ਸਾਰੇ ਘਟ (ਭਾਵ ਜੀਵ) ਉਸੇ (ਪ੍ਰਭੂ) ਦੇ (ਰਚੇ ਹੋਏ) ਹਨ, ਓਹ ਰਚਨੇ ਵਾਲਾ ਹੈ (ਤਾਂਤੇ ਹੇ ਜੀਵੋ !) ਉਸਨੂੰ ਸਦਾ ਸਦਾ ਨਮਸਕਾਰ ਕਰੋ। (ਹੇ ਸਜਣੋਂ !) ਪ੍ਰਭੂ ਦੀ ਉਸਤਤਿ ਦਿਨ ਰਾਤ ਕਰੋ। ਉਸਨੂੰ ਸਾਸ ਗਿਰਾਸ ਸਿਮਰੋ, (ਕਿਉਂਕਿ) ਸਭ ਕੁਝ ਉਸਦਾ ਕੀਤਾ ਵਰਤ ਰਿਹਾ ਹੈ। ਜੈਸਾ (ਉਹ) ਕਰਦਾ ਹੈ ਤੈਸਾ ਕੋਈ ਹੋ ਜਾਂਦਾ ਹੈ। (ਜਗਤ ਉਸਦਾ) ਆਪਣਾ ਖੇਲ (ਹੈ ਤੇ) ਓਹ ਆਪ (ਇਸ ਖੇਲ ਦੇ) ਕਰਨੇ ਵਾਲਾ ਹੈ। ਦੂਸਰਾ ਹੋਰ ਕਉਣ (ਇਸ) ਵਿਚਾਰ ਨੂੰ ਕਥਨ ਕਰ ਸਕਦਾ ਹੈ ? (ਉਹ) ਜਿਸ ਪਰ ਕ੍ਰਿਪਾ ਕਰਦਾ ਹੈ ਉਸਨੂੰ ਆਪਣਾ ਨਾਮ ਦੇਂਦਾ ਹੈ, (ਸੋ) ਹੇ ਨਾਨਕ ! ਉਹੋ (ਨਾਮ ਵਾਲੇ) ਪੁਰਖ

*ਨਿਯਮ ਹੈ ਕਿ ਜੇਹੀ ਭਾਉਣੀ ਤੇਹਾ ਸਭਾਵ ਬਣ ਜਾਂਦਾ ਹੈ। ਨਿੰਦਕ ਨੂੰ ਨਿੰਦਾ ਭਾਉਂਦੀ ਹੈ, ਉਹ ਨਿੰਦਕ ਬਣ ਜਾਂਦਾ ਹੈ।

| | |
|---|---|
| ਨਾਮੁ ਦੇਇ ॥ ਬਡਭਾਗੀ ਨਾਨਕ ਜਨ ਸੋਇ ॥ ੮ ॥ ੧੩ ॥ | ਵਡੇ ਭਾਗਾਂ ਵਾਲੇ (ਸਮਝਣੇ ਚਾਹੀਏ) ॥ ੮ ॥ ੧੩ ॥ |

**ਨਿਰੁਕ੍ਤ**—ਦੂਖਨਿ—[ਸੰਸ:, ਦੂਸ਼ਣੰ=ਦੋਸ਼, ਕੁਵਾਚ, ਅਪਕੀਰਤਿ] ਦੋਸ਼ ਲਾਉਣ ਨਾਲ, ਨਿੰਦਾ ਕਰਨ ਨਾਲ।

ਸੋਭਾ ਤੇ ਹੀਨ—[ਸੰਸ , ਸ਼ੋਭਾ=ਜੱਸ, ਕੀਰਤੀ, (ਤੇ) ਹੀਨੰ=ਰਹਿਤ, ਬਗ਼ੈਰ] ਸੋਭਾ ਤੋਂ ਸੱਖਣਾ। ਜਿਸ ਦੀ ਸੋਭਾ ਨਾ ਹੋਵੇ। ਭਾਵ, ਨਿੰਦਤ ਪੁਰਸ਼।

ਹਤੇ ਕਉ—[ਸੰਸ:, ਹਤ=ਮਾਰਿਆ ਹੋਇਆ] ਮਾਰ ਹੋਏ ਨੂੰ, ਮਾਰੇ ਤੋਂ ਭਾਵ ਹੈ ਤ੍ਰਾਹੇ ਹੋਏ, ਧੱਕੇ ਹੋਏ, ਫਿਟਕਾਰੇ ਹੋਏ ਨੂੰ।

ਥਾਨ ਭ੍ਰਸਟੁ—[ਸੰਸ , ਸ੍ਥਾਨ ਭ੍ਰਸ਼੍ਟ:] ਆਪਣੇ ਟਿਕਾਣੇ ਤੋਂ ਡਿੱਗਿਆ ਹੋਇਆ। ਰੁਲਦਾ।

ਲਵੈ—[ਪੰ:,ਲਵਣਾ, ਲੌਣਾ=ਬੋਲਣਾ] ਬੋਲਦਾ ਹੈ। ਲਉਂ ਲਉਂ ਕਰਦਾ ਹੈ।

ਤ੍ਰਿਗਦਿ ਜੋਨਿ—ਤ੍ਰਿਗ ਆਦਿ ਜੋਨਿ [ਸੰਸ:, ਤਿਰਯਗ੍ਯੋਨਿ:] ਟੇਢੇ ਹੋਕੇ ਤੁਰਨ ਵਾਲੀਆਂ ਜੂਨਾਂ। ਨੀਵੇਂ ਜੰਤੂ। ਓਹ ਜੀਵ ਜੰਤੂ ਜੋ ਟੇਢੇ ਹੋਕੇ ਟੁਰਨ, ਅਠੂਹੇਂ ਆਦਿ।

ਅਤਤਾਈ—[ਸੰਸ:, ਆਤਤਾਯਿਨ੍=ਕ਼ਾਤਿਲ, ਚੋਰ] ਜਿਸ ਨੇ ਕਿਸੇ ਨੂੰ ਮਾਰਨ ਲਈ ਕਮਾਨ ਖਿੱਚੀ ਹੋਈ ਹੋਵੇ। ਕ਼ਾਤਿਲ। ਅਕਸਰ ਐਸੇ ਪਾਪੀਆਂ ਨੂੰ ਬੀ ਕਹਿੰਦੇ ਹਨ ਜੈਸੇ ਅੱਗ ਲਾਉਣ ਵਾਲਾ, ਜ਼ਹਿਰ ਦੇਣ ਵਾਲਾ, ਪਰ ਇਸਤ੍ਰੀ, ਪਰ ਧਨ, ਪਰਾਈ ਭੋਂ ਖੋਹ ਲੈਣ ਵਾਲਾ, ਮਾਤ ਪਿਤਾ ਦਾ ਬਾਧਕ, ਗੁਰੂ ਦਾ ਖੂਨੀ ਆਦਿ।

ਡੰਡੁ ਲਾਗੈ—ਸਜ਼ਾ ਮਿਲਦੀ ਹੈ। ਡੰਡ ਲਗਦਾ ਹੈ।

ਥੋਥਾ—[ਪੰ: ] ਖਾਲੀ, ਸੱਖਣਾ। ਕੋਈ ਗੁਣ ਉਸ ਵਿਚ ਨਹੀਂ ਹੁੰਦਾ।

ਬਿਗੜ ਰੂਪੁ—[ ਸੰਸ:, ਵਿਕ੍ਰਿਤੰ=ਤਬਦੀਲੀ, ਬੀਮਾਰੀ। ਪ੍ਰਾ:, ਵਿਅਡ, ਵਿਗਡ। ਪੰਜਾ:, ਬਿਗੜ=ਵਿਗੜਿਆ] ਵਿਗੜਿਆ ਹੋਇਆ। ਅਰਥਾਤ ਬੀਮਾਰ, ਡਰਾਉਣਾ। ਸੰਪ੍ਰ:, ਬਿਗੜ ਰੂਪ=ਕੋੜ੍ਹਾ।

ਸਹਕਾਈਐ—[ਪੰ:, ਸਹਕਣਾ=ਖਿੱਚਵਾਂ ਸਾਹ ਲੈਣਾ, ਹਟਕੋਰੇ ਨਾਲ ਸਾਹ ਲੈਣਾ] ਸਦਾ ਸਹਕਾਈਦਾ ਹੈ। ਜਿਵੇਂ ਕੁੱਤਾ ਮਰਨ ਲਗਿਆਂ ਸਹਿਕਦਾ ਹੈ। ਨਾ ਮਰਦਾ ਹੈ ਨਾ ਜੀਉਂਦਾ ਹੈ।

ਤ੍ਰਿਸਟੈ—[ਸੰਸ:, ਤਿਸ਼੍ਠ੍=ਠਹਿਰਨਾ, ਖੜੇ ਹੋਣਾ] ਤ੍ਰਿਸਟੈ=ਨ ਤ੍ਰਿਸਟੈ=ਨਹੀਂ ਟਿਕਦਾ, ਠਹਿਰ ਨਹੀਂ ਸਕਦਾ। ਭਾਵ ਸ਼ਾਂਤੀ ਨਾਲ ਟਿਕ ਕੇ ਬੈਠ ਨਹੀਂ ਸਕਦਾ।

ਕਿਰਤੁ—[ਸੰਸ:, ਕ੍ਰਿਤੰ=ਕਰਮ. ਕ੍ਰਿਯਾ] ਪਿਛਲੇ ਕਰਮਾਂ ਦੇ ਫਲ ਤੋਂ ਬਣੀ ਹੋਈ ਮਨ ਦੀ ਰੁਚੀ, ਜਿਸ ਦੇ ਸੰਸਕਾਰ ਅੰਦਰ ਜਮਾਂ ਹੁੰਦੇ ਹਨ। ਛੇਵੀਂ ਪਉੜੀ ਵਿਚ ਕਿਹਾ ਹੈ:—ਕਿਰਤੁ ਨਿੰਦਕ ਕਾ ਧੁਰਿ ਹੀ ਪਇਆ।

ਸਾਸਿ ਗਿਰਾਸਿ—[ਸੰਸ:, ਸ੍ਵਾਸ:=ਸਾਹ; ਸੰਸ:, ਗ੍ਰਸਨਮ੍=ਨਿਗਲਨਾ, ਖਾਣਾ] ਹਰ ਸਾਹ ਲੈਂਦਿਆਂ, ਹਰ (ਗ੍ਰਾਹੀ) ਖਾਂਦਿਆਂ। ਭਾਵ ਹਰ ਵੇਲੇ।

[ਅਸਟਪਦੀ—ਚੌਧਵੀਂ]

**ਪ੍ਰਾਕ੍ਕਥਨ**—੧੪ਵੀਂ ਅਸਟਪਦੀ ਵਿਚ ਦੂਣ ਇਕੋ ਵਾਹਿਗੁਰੂ ਤੇ ਆਸ ਧਾਰਨੇ ਪ੍ਰਕਾਰ ਵਰਣਨ ਕੀਤਾ ਹੈ। ਉਸ ਲਈ ਪਹਿਲਾ ਕੰਮ ਹੈ: ਸਿਮਰਨ ਤੇ ਨਾਮ ਦਾ ਹਿਰਦੇ ਵਿਚ ਧਾਰਨਾ। ਸਲੋਕ ਤੇ

ਅੰਕ ੧ ਵਿਚ ਇਹ ਸੁਮਤਿ ਹੈ। ਅੰਕ ੨ ਤੇ ਤਿੰਨ ਵਿਚ ਹਰਿ ਗੁਣ ਗਾਉਣ ਤੇ ਹਰੀ ਦੀ ਕਥਾ ਕਰਨੇ ਦਾ ਉਪਦੇਸ਼ ਹੈ। ਇਉਂ ਇਕ ਨਾਲ ਮਨ ਪਤੀਜੇਗਾ। ਅੰਕ ੪ ਵਿਚ ਗੁਰਪ੍ਰਸਾਦਿ ਦਾ ਜ਼ਿਕਰ ਹੈ, ਉਪਰਲੇ ਸਾਧਨਾਂ ਨਾਲ ਗੁਰੂ ਕੀ ਕ੍ਰਿਪਾ ਰਲਕੇ ਉਸ ਨੂੰ ਅਪਣੇ ਆਪ ਦਾ ਗਯਾਨ ਦੇਵੇਗਾ। ਓਹ ਗ੍ਰਿਹਸਤ ਵਿਚ ਹੀ ਨਿਰਬਾਣ ਪਦ ਪਾ ਲਏਗਾ। ਅੰਕ ੫ ਤੇ ੬ ਵਿਚ ਉਸ ਹਰੀ ਜਨ ਦੀ ਦ੍ਰਿਸ਼ਟੀ ਦੱਸੀ ਹੈ ਤੇ ਅਗਲੇ ਅੰਕਾਂ ਵਿਚ ਉਸ ਨੂੰ ਨਾਮ ਮੰਤ੍ਰ ਦਾ ਦਾਤਾ ਤੇ ਉਸ ਦੀ ਪ੍ਰਾਪਤੀ ਵਰਣਨ ਕੀਤੀ ਹੈ।

ਸਲੋਕੁ ॥ ਤਜਹੁ ਸਿਆਨਪ ਸੁਰਿ ਜਨਹੁ ਸਿਮਰਹੁ ਹਰਿ ਹਰਿ ਰਾਇ ॥ ਏਕ ਆਸ ਹਰਿ ਮਨਿ ਰਖਹੁ ਨਾਨਕ ਦੂਖੁ ਭਰਮੁ ਭਉ ਜਾਇ॥੧॥

ਹੇ ਸੁਰਜਨੋਂ ! (ਆਪਣੀ) ਸਿਆਣਪ ਨੂੰ ਛੱਡ ਦਿਓ, (ਅਰ) ਪ੍ਰਕਾਸ਼ ਸਰੂਪ ਵਾਹਿਗੁਰੂ ਨੂੰ ਸਿਮਰੋ, ਇਕ (ਉਸੇ) ਵਾਹਿਗੁਰੂ ਦੀ ਆਸ ਮਨ ਵਿਚ ਰੱਖੋ (ਤਦ) ਹੇ ਨਾਨਕ ! ਦੁਖ, ਭਰਮ ਤੇ ਡਰ ਦੂਰ ਹੋ ਜਾਏਗਾ ॥ ੧ ॥

ਅਸਟਪਦੀ ॥ ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ ॥ ਦੇਵਨ ਕਉ ਏਕੈ ਭਗਵਾਨੁ ॥ ਜਿਸਕੈ ਦੀਐ ਰਹੈ ਅਘਾਇ॥ ਬਹੁਰਿ ਨ ਤ੍ਰਿਸਨਾ ਲਾਗੈ ਆਇ ॥ ਮਾਰੈ ਰਾਖੈ ਏਕੋ ਆਪਿ ॥ ਮਾਨੁਖ ਕੈ ਕਿਛੁ ਨਾਹੀ ਹਾਥਿ ॥ ਤਿਸਕਾ ਹੁਕਮੁ ਬੂਝਿ ਸੁਖੁ ਹੋਇ ॥ ਤਿਸਕਾ ਨਾਮੁ ਰਖੁ ਕੰਠਿ ਪਰੋਇ ॥ ਸਿਮਰਿ ਸਿਮਰਿ ਸਿਮਰਿ ਪ੍ਰਭੁ ਸੋਇ ॥ ਨਾਨਕ ਬਿਘਨੁ ਨ ਲਾਗੈ ਕੋਇ ॥ ੧ ॥

ਮਾਨੁਖ ਦੀ ਟੇਕ (=ਆਸਰਾ) ਸਭ ਬਿਰਥੀ ਜਾਣ ਲੈ (ਕਿਉਂਕਿ ਮਨੁਖ ਆਪ ਯਾਚਕ ਹੈ, ਦਾਤਾ ਨਹੀਂ ਹੈ), ਦੇਣ ਨੂੰ (ਤਾਂ) ਇਕੋ (ਦਾਤਾ) ਪਰਮੇਸ਼ੁਰ (ਸਮਰਥ) ਹੈ। ਜਿਸ ਦੇ ਦਿੱਤਿਆਂ (ਐਸਾ) ਰੱਜ ਜਾਈਦਾ ਹੈ ਕਿ ਮੁੜਕੇ ਤ੍ਰਿਸ਼ਨਾ ਆਕੇ ਲਗਦੀ (ਹੀ) ਨਹੀਂ। ਮਾਰਦਾ ਬੀ ਇਕੋ (ਉਹੋ) ਆਪ (ਪਰਮੇਸ਼ੁਰ) ਹੈ (ਤੇ) ਰਖਯਾ (ਬੀ ਉਹੋ) ਕਰਦਾ ਹੈ। ਮਾਨੁਖ ਦੇ ਹੱਥ ਕੁਝ ਨਹੀਂ। (ਸੋ) ਉਸਦਾ ਹੁਕਮ ਬੁੱਝਣੇ ਤੇ ਹੀ ਸੁਖ ਹੁੰਦਾ ਹੈ। (ਇਸ ਕਰਕੇ) ਉਸੇ ਦੇ ਨਾਮ ਨੂੰ (ਅਪਣੇ) ਹਿਰਦੇ ਵਿਚ ਪ੍ਰੋਕੇ ਰੱਖ*। ਉਸ ਪ੍ਰਭੂ ਨੂੰ (ਬਹਿੰਦਿਆਂ, ਉਠਦਿਆਂ, ਸੌਂਦਿਆਂ ਭਾਵ) ਸਦਾ ਸਿਮਰ (ਐਉਂ ਸਿਮਰਨ ਕਰਨ ਨਾਲ ਜੀਵ ਨੂੰ) ਕੋਈ ਵਿਘਨ ਨਹੀਂ ਪੈਂਦਾ (ਫੁਰਮਾਉਂਦੇ ਹਨ ਗੁਰੂ) ਨਾਨਕ (ਦੇਵ) ॥ ੧ ॥

ਉਸਤਤਿ ਮਨ ਮਹਿ ਕਰਿ ਨਿਰੰ-ਕਾਰ ॥ ਕਰਿ ਮਨ ਮੇਰੇ ਸਤਿ ਬਿਉਹਾਰ ॥ ਨਿਰਮਲ ਰਸਨਾ ਅੰਮ੍ਰਿਤੁ ਪੀਉ ॥ ਸਦਾ ਸੁਹੇਲਾ ਕਰਿ ਲੇਹਿ ਜੀਉ ॥ ਨੈਨਹੁ ਪੇਖੁ ਠਾਕੁਰ ਕਾ ਰੰਗੁ ॥ ਸਾਧ ਸੰਗਿ ਬਿਨਸੈ ਸਭ ਸੰਗੁ॥ ਚਰਨ ਚਲਉ ਮਾਰਗਿ ਗੋਬਿੰਦ ॥ ਮਿਟਹਿ ਪਾਪ ਜਪੀਐ ਹਰਿ ਬਿੰਦ ॥

[ਦੂਸਰੀ ਤੁਕ ਦਾ ਅਰਥ ਪਹਿਲੋਂ ਲੱਗੇਗਾ-] ਹੇ ਮੇਰੇ ਮਨ ! ਸੱਚਾ ਵਿਹਾਰ ਕਰ, (ਜੋ ਐਉਂ ਕਰੀਦਾ ਹੈ†-੧. ਨਿਰੰਕਾਰ (ਪਰਮੇਸ਼ੁਰ) ਦੀ ਉਸਤਤਿ ਮਨ ਵਿਚ ਕਰ। ੩. ਰਸਨਾ ਨਾਲ ਨਿਰਮਲ ਅੰਮ੍ਰਿਤ (ਰੂਪੀ ਨਾਮ) ਪੀਆ ਕਰ‡। ੪. (ਇਉਂ) ਮਨ ਨੂੰ ਸਦਾ ਸੁਖੀ ਕਰ ਲੈ। ੫. (ਅੰਦਰ ਨਾਮ ਰਖਕੇ) ਅੱਖਾਂ ਨਾਲ ਪਰਮੇਸ਼ੁਰ ਦਾ ਰੰਗ (ਉਸਦੀ ਖ਼ੂਬਸੂਰਤੀ ਦਾ ਪ੍ਰਕਾਸ਼) ਦੇਖਿਆ ਕਰ। ੬. ਸਾਧਾਂ ਦਾ ਸੰਗ (ਕਰਿਆ ਕਰ, ਇਸ) ਨਾਲ ਸਾਰਾ ਸੰਗ(ਜੋ ਇਸ ਦਰਸ਼ਨ ਦਾ ਬਾਧਕ ਹੈ)✠ ਦੂਰ ਹੋ ਜਾਏਗਾ। ੭. ਪੈਰਾਂ ਕਰਕੇ ਪਰਮੇਸ਼ੁਰ ਦੇ ਰਸਤੇ ਤੁਰ। (ਕਿਵੇਂ ਬੀ ਜੇ) ਹਰੀ ਦਾ ਨਾਮ ਰਤਾ ਜਿੰਨਾ (ਚਿਰ) ਜਪ

*ਮਾਲਾ ਪ੍ਰੋਕੇ ਕੰਠ ਦੇ ਦੁਆਲੇ ਰਖੀਦੀ ਹੈ, ਐਉਂ ਪਰਮੇਸ਼ੁਰ ਦਾ ਨਾਮ ਰਖ, ਭਾਵ ਹੈ ਕਿ ਐਸਾ ਜਪ ਕਿ ਫੇਰ ਨਾ ਵਿਸਰੇ।

†ਇਸ ਵਿਚ ਅਗੇ ੯ ਗੱਲਾਂ ਚਲਦੀਆਂ ਹਨ, ਜਿਨ੍ਹਾਂ ਨਾਲ 'ਸਤਿ ਬਿਉਹਾਰ' ਹੋਣਾ ਹੈ।

‡(ਅ) ਜੀਭ ਨੂੰ ਬਕਫ਼ੇ, ਨਿੰਦਾ ਤੇ ਗੱਪਾਂ ਆਦਿ ਮੈਲਾਂ ਤੋਂ ਨਿਰਮਲ ਰਖਕੇ ਨਾਮ ਜਪ ਤਾਂ ਅੰਮ੍ਰਿਤ ਰਸ ਪੀ।

✠ਸਭ ਸੰਗੁ=ਭਾਵ, ਹੋਰ ਸਾਰੇ ਮੇਲ ਜੋ ਅਪਣੇ ਵਿਚ ਖਿੱਚਦੇ ਤੇ ਰੱਬ ਜੀ ਤੋਂ ਭੁਲਾਉਂਦੇ ਹਨ।

ਕਰ ਹਰਿ ਕਰਮ ਸ੍ਰਵਨਿ ਹਰਿ ਕਥਾ ॥ ਹਰਿ ਦਰਗਹ ਨਾਨਕ ਊਜਲ ਮਥਾ ॥ ੨ ॥

ਲਈਏ ਤਾਂ ਪਾਪ ਮਿਟ ਜਾਂਦੇ ਹਨ। ੮. ਹੱਥਾਂ ਨਾਲ (ਉਹ) ਕੰਮ (ਕਰ ਜੋ) ਰਬ ਜੀ (ਦਾ ਜਲਾਲ ਪ੍ਰਗਟ ਕਰਨ ਵਾਲੇ ਕਰਮ ਹੋਣ, ਤੇ) ੯. ਕੰਨ ਨਾਲ ਹਰੀ ਦੀ ਕਥਾ (ਸੁਣ); (ਐਸਾ ਵਪਾਰ ਕਰਨ ਨਾਲ) ਹੇ ਨਾਨਕ! (ਤੇਰਾ) ਮੱਥਾ ਹਰੀ ਦੀ ਦਰਗਾਹ ਵਿਚ ਉੱਜਲ ਹੋਵੇਗਾ ॥ ੨ ॥

ਬਡਭਾਗੀ ਤੇ ਜਨ ਜਗ ਮਾਹਿ ॥ ਸਦਾ ਸਦਾ ਹਰਿ ਕੇ ਗੁਨ ਗਾਹਿ ॥ ਰਾਮ ਨਾਮ ਜੋ ਕਰਹਿ ਬੀਚਾਰ ॥ ਸੇ ਧਨਵੰਤ ਗਨੀ ਸੰਸਾਰ ॥ ਮਨਿ ਤਨਿ ਮੁਖਿ ਬੋਲਹਿ ਹਰਿ ਮੁਖੀ ॥ ਸਦਾ ਸਦਾ ਜਾਨਹੁ ਤੇ ਸੁਖੀ ॥ ਏਕੋ ਏਕੁ ਏਕੁ ਪਛਾਨੈ ॥ ਇਤ ਉਤ ਕੀ ਓਹੁ ਸੋਝੀ ਜਾਨੈ ॥ ਨਾਮ ਸੰਗਿ ਜਿਸਕਾ ਮਨੁ ਮਾਨਿਆ ॥ ਨਾਨਕ ਤਿਨਹਿ ਨਿਰੰਜਨੁ ਜਾਨਿਆ ॥ ੩ ॥

ਓਹ ਪੁਰਖ ਸੰਸਾਰ ਵਿਚ ਵਡੇ ਭਾਗਾਂ ਵਾਲੇ ਹਨ (ਜੋ) ਸਦੀਵ ਕਾਲ ਪਰਮੇਸ਼ੁਰ ਦੇ ਗੁਣ ਗਾਉਂਦੇ ਹਨ। ਸੰਸਾਰ ਵਿਚ ਜੋ ਰਾਮ ਨਾਮ ਦਾ ਵੀਚਾਰ ਕਰਦੇ ਹਨ, (ਓਹੋ ਅਸਲ) ਧਨ ਵਾਲੇ ਗਿਣੋ। ਸਦੀਵ ਕਾਲ ਸੁਖੀ ਤੇ ਮੁਖੀ (=ਸ੍ਰੇਸ਼ਟ) ਉਨ੍ਹਾਂ ਨੂੰ ਜਾਣ ਲਓ (ਜੋ) ਮਨੋਂ ਤਨੋਂ (ਤੇ) ਮੁਖੋਂ ਹਰੀ ਨੂੰ ਜਪਦੇ ਹਨ*। ਉਹ (ਪੁਰਖ) ਲੋਕ ਪ੍ਰਲੋਕ (ਸਭ) ਦੀ ਸੋਝੀ ਪਾ ਲੈਂਦਾ ਹੈ ਕਿ ਜੋ (ਸਾਰੇ ਪਸਾਰੇ ਵਿਚ ਪਰਮੇਸ਼ੁਰ ਨੂੰ ਜੋ) ਇਕੋ ਇਕ (ਹੈ) ਇਕ ਹੀ ਕਰਕੇ ਪਛਾਣ ਲੈਂਦਾ ਹੈ†। (ਗਲ ਕੀਹ) ਜਿਸ ਦਾ ਮਨ ਨਾਮ ਨਾਲ ਪਤੀਜ ਗਿਆ ਹੈ, ਹੇ ਨਾਨਕ! ਉਸ ਨੇ ਨਿਰੰਜਨ ਨੂੰ ਜਾਣ ਲਿਆ ਹੈ ॥ ੩ ॥

ਗੁਰਪ੍ਰਸਾਦਿ ਆਪਨ ਆਪੁ ਸੁਝੈ ॥ ਤਿਸਕੀ ਜਾਨਹੁ ਤ੍ਰਿਸਨਾ ਬੁਝੈ ॥ ਸਾਧ ਸੰਗਿ ਹਰਿ ਹਰਿ ਜਸੁ ਕਹਤ ॥ ਸਰਬ ਰੋਗ ਤੇ ਓਹੁ ਹਰਿ ਜਨੁ ਰਹਤ॥ਅਨਦਿਨੁ ਕੀਰਤਨੁ ਕੇਵਲ ਬਖ੍ਯ੍ਯਾਨੁ ॥ ਗ੍ਰਿਹਸਤ ਮਹਿ ਸੋਈ ਨਿਰਬਾਨੁ ॥ ਏਕ ਊਪਰਿ ਜਿਸੁ ਜਨ ਕੀ ਆਸਾ ॥ ਤਿਸਕੀ ਕਟੀਐ ਜਮ ਕੀ ਫਾਸਾ ॥ ਪਾਰਬ੍ਰਹਮ ਕੀ ਜਿਸੁ ਮਨਿ ਭੂਖ॥ ਨਾਨਕ ਤਿਸਹਿ ਨ ਲਾਗਹਿ ਦੂਖ ॥ ੪ ॥

(ਜਿਸ ਨੂੰ) ਗੁਰੂ ਦੀ ਕ੍ਰਿਪਾ ਕਰਕੇ ਆਪਣਾ ਆਪ ਦਿੱਸ ਪਵੇ, ਜਾਣ ਲਓ ਕਿ ਉਸਦੀ ਤ੍ਰਿਸ਼ਨਾ ਬੁਝ ਗਈ ਹੈ। (ਜੋ) ਸਾਧ ਸੰਗ ਵਿਖੇ (ਬੈਠਕੇ) ਪਰਮੇਸ਼ੁਰ ਦਾ ਜਸ ਕਰਦਾ ਹੈ, ਉਹ ਪਰਮੇਸ਼ੁਰ ਦਾ ਦਾਸ (ਹੈ ਤੇ ਉਹ) ਸਾਰੇ ਰੋਗਾਂ ਤੋਂ ਛੁੱਟ ਜਾਂਦਾ ਹੈ। ਜੋ ਕੇਵਲ (ਹਰੀ) ਕੀਰਤਨ (ਹੀ) ਹਰ ਦਿਨ ਉਚਾਰਣ ਕਰਦਾ ਹੈ, ਉਹ ਪੁਰਖ ਗ੍ਰਿਹਸਤ ਵਿਖੇ ਅਤੀਤ (ਸਮਝ ਲਓ)। ਜਿਸ ਪੁਰਖ ਦੀ ਆਸ ਇਕ (ਪਰਮੇਸ਼ੁਰ) ਉਤੇ ਹੈ ਉਸਦੀ ਜਮ-ਮਾਰਗ ਦੀ ਫਾਹੀ ਕੱਟੀ ਜਾਂਦੀ ਹੈ। ਜਿਸ ਦੇ ਮਨ ਵਿਖੇ ਅਕਾਲ ਪੁਰਖ (ਦੀ ਪ੍ਰਾਪਤੀ) ਦੀ ਭੁੱਖ (ਸ਼ੌਂਕ) ਹੈ, ਹੇ ਨਾਨਕ! ਉਸ ਨੂੰ ਕੋਈ ਦੁੱਖ ਨਹੀਂ ਲਗਦਾ ॥ ੪ ॥

*ਮਨਿ = ਮਨੋਂ। ਮੁਖਿ = ਮੁਖੋਂ = ਮੂੰਹ ਨਾਲ, ਭਾਵ ਬਾਣੀ ਨਾਲ। ਤਨਿ = ਕਾਯਾ ਕਰਕੇ, ਭਾਵ ਮਨ ਬਾਣੀ ਤੇ ਕਰਮ ਕਰਕੇ। (ਅ) ਪੁਰਾਤਨ ਅਰਥ ਐਉਂ ਬੀ ਲਾਉਂਦੇ ਹਨ—ਹਰਿਮੁਖੀ = ਪਰਮੇਸ਼ੁਰ ਜੋ ਸਭ ਦਾ ਮੁਖੀ (= ਵਡਾ) ਹੈ।

†(ਅ) ਆਦਿ ਇਕ, ਮਧ ਇਕ, ਅੰਤ ਇਕ: ਤਿੰਨਾਂ ਕਾਲਾਂ ਵਿਚ ਇਕੋ ਨੂੰ ਸਦਾ ਰਹਿਣੇ ਵਾਲਾ ਪਛਾਣਦੇ ਹਨ। [ਸੰਪਦਾ]।

ਜਿਸੁ ਕਉ ਹਰਿ ਪ੍ਰਭੁ ਮਨਿ ਚਿਤਿ ਆਵੈ ॥ ਸੋ ਸੰਤੁ ਸੁਹੇਲਾ ਨਹੀ ਡੁਲਾਵੈ ॥ ਜਿਸੁ ਪ੍ਰਭੁ ਅਪੁਨਾ ਕਿਰਪਾ ਕਰੈ ॥ ਸੋ ਸੇਵਕੁ ਕਹੁ ਕਿਸ ਤੇ ਡਰੈ ॥ ਜੈਸਾ ਸਾ ਤੈਸਾ ਦ੍ਰਿਸਟਾਇਆ ॥ ਅਪੁਨੇ ਕਾਰਜ ਮਹਿ ਆਪਿ ਸਮਾਇਆ ॥ ਸੋਧਤ ਸੋਧਤ ਸੋਧਤ ਸੀਝਿਆ ॥ ਗੁਰਪ੍ਰਸਾਦਿ ਤਤੁ ਸਭੁ ਬੂਝਿਆ ॥ ਜਬ ਦੇਖਉ ਤਬ ਸਭੁ ਕਿਛੁ ਮੂਲੁ ॥ ਨਾਨਕ ਸੋ ਸੂਖਮੁ ਸੋਈ ਅਸਥੂਲੁ ॥ ੫ ॥

ਜਿਸ (ਜਨ) ਨੂੰ ਹਰੀ ਪਰਮੇਸ਼ੁਰ ਅੰਦਰੋਂ ਯਾਦ ਆਉਂਦਾ ਰਹਿੰਦਾ ਹੈ, ਓਹ ਸੁਖੀ ਸੰਤ ਹੈ, ਉਹ ਡੋਲੇਗਾ ਨਹੀਂ । ਜਿਸ (ਸੇਵਕ) ਉਤੇ (ਉਸ ਦਾ) ਆਪਣਾ ਪ੍ਰਭੂ ਕ੍ਰਿਪਾ ਕਰ ਰਿਹਾ ਹੋਵੇ, ਦੱਸੋ, ਉਹ ਸੇਵਕ ਕਿਸ ਪਾਸੋਂ ਡਰੇਗਾ ? (ਉਸ ਨੂੰ ਤਾਂ) ਜੈਸਾ (ਪ੍ਰਭੂ) ਸੀ, ਉਹੋ ਜਿਹਾ ਦਿੱਸ ਪਿਆ ਹੈ, (ਅਰਥਾਤ ਉਸ ਨੂੰ ਪਰਮੇਸ਼ੁਰ ਅਪਣੀ (ਸਾਰੀ) ਸ੍ਰਿਸ਼ਟੀ ਵਿਚ ਆਪ ਸਮਾਇਆ (ਹੋਇਆ ਦਿੱਸ ਪਿਆ ਹੈ) । ਅਸਲੀਅਤ ਨੂੰ ਲਭਦਿਆਂ, ਭਾਲਦਿਆਂ, ਵੀਚਾਰਦਿਆਂ ਉਹ ਸਿੱਧਾਂਤ ਤੇ ਅੱਪੜ ਪਿਆ ਹੈ (ਹਾਂ, ਉਸ ਨੇ) ਗੁਰੂ ਦੀ ਮਿਹਰ ਨਾਲ ਸਾਰਾ ਤੱਤ ਸਮਝ ਲਿਆ ਹੈ । ਹੇ ਨਾਨਕ ! (ਮੈਂ ਤਾਂ) ਜਦ ਦੇਖਦਾ ਹਾਂ ਤਾਂ (ਮੈਨੂੰ) ਸਭ ਕੁਝ ਮੂਲ (ਹੀ ਦਿੱਸਦਾ ਹੈ), ਉਹੋ ਨਿਰਗੁਣ ਹੈ ਉਹੋ ਸਰਗੁਣ ਹੈ* ॥ ੫ ॥

ਨਹ ਕਿਛੁ ਜਨਮੈ ਨਹ ਕਿਛੁ ਮਰੈ ॥ ਆਪਨ ਚਲਿਤੁ ਆਪ ਹੀ ਕਰੈ ॥ ਆਵਨੁ ਜਾਵਨੁ ਦ੍ਰਿਸਟਿ ਅਨਦ੍ਰਿਸਟਿ ॥ ਆਗਿਆਕਾਰੀ ਧਾਰੀ ਸਭ ਸ੍ਰਿਸਟਿ ॥ ਆਪੇ ਆਪਿ ਸਗਲ ਮਹਿ ਆਪਿ ॥ ਅਨਿਕ ਜੁਗਤਿ ਰਚਿ ਥਾਪਿ ਉਥਾਪਿ ॥ ਅਬਿਨਾਸੀ ਨਾਹੀ ਕਿਛੁ ਖੰਡ ॥ ਧਾਰਣ ਧਾਰਿ ਰਹਿਓ ਬ੍ਰਹਮੰਡ ॥ ਅਲਖ ਅਭੇਵ ਪੁਰਖ ਪਰਤਾਪ ॥ ਆਪਿ ਜਪਾਏ ਤ ਨਾਨਕ ਜਾਪ ॥ ੬ ॥

ਨਾ ਕੁਝ ਜੰਮਦਾ ਹੈ ਨਾ ਕੁਛ ਮਰਦਾ ਹੈ, (ਪਰਮੇਸ਼ਰ) ਅਪਣੇ ਚਰਿਤ੍ਰ (ਕੌਤਕ) ਆਪ ਹੀ ਕਰ ਰਿਹਾ ਹੈ† । ਆਉਣਾ ਜਾਣਾ (ਭਾਵ ਜੰਮਣਾ ਮਰਣਾ) ਦਿੱਸਣ ਵਾਲਾ ਤੇ ਨਾ ਦਿੱਸਣੇ ਵਾਲਾ (ਜਗਤ, ਗੱਲ ਕੀ) ਸਾਰੀ ਸ੍ਰਿਸ਼ਟੀ (ਉਸਦੇ ਹੁਕਮ ਵਿਚ ਟੁਰਨ ਵਾਲੀ (ਉਸ ਨੇ ਆਪਣੇ ਆਸਰੇ ਤੇ) ਧਾਰੀ (ਟਿਕਾਈ) ਹੋਈ ਹੈ‡ । (ਉਹ) ਆਪ ਤਾਂ ਆਪਣੇ ਹਾ (ਆਸਰੇ ਹੈ ਪਰ) ਸਭ ਵਿਚ (ਵਿਆਪਕ ਬੀ) ਆਪ ਹੈ । ਅਨੇਕ ਜੁਗਤਾਂ ਕਰਕੇ (ਆਪ ਰਚਨਾ ਨੂੰ) ਰਚਦਾ (ਆਪ) ਇਸਥਿਤ ਕਰਦਾ ਹੈ (ਤੇ ਆਪ ਹੀ) ਭੰਨ ਦੇਂਦਾ ਹੈ; (ਪਰ ਆਪ) ਨਾਸ਼ ਤੋਂ ਰਹਿਤ ਹੈ, (ਨਾਂ ਹੀ ਉਸਦੀ) ਕੋਈ ਖੰਡਾਂ (ਵਾਲੀ) ਵੰਡ ਹੈ❦ । (ਸਾਰੇ) ਬ੍ਰਹਮੰਡ ਦੀ ਧਾਰਨਾ ਨੂੰ (ਆਪ) ਧਾਰ ਰਿਹਾ ਹੈ । ਹੇ ਨਾਨਕ ! (ਉਸ ਪੂਰਨ ਵਿਆਪਕ ਕਰਤਾ) ਪੁਰਖ ਦਾ ਪ੍ਰਤਾਪ ਲਖਿਆ ਨਹੀਂ ਜਾ ਸਕਦਾ (ਅਤੇ) ਨਾਂ (ਉਸਦਾ) ਭੇਦ ਪਾਇਆ ਜਾਂਦਾ ਹੈ, (ਅਪਣਾ ਨਾਮ ਬੀ ਜੇ ਓਹ) ਕਿਸੇ ਨੂੰ ਜਪਾਏ ਤਾਂ (ਹੀ) ਜਪਿਆ ਜਾਂਦਾ ਹੈ, ਹੇ ਨਾਨਕ ! ॥ ੬ ॥

*ਸਾਨੂੰ ਸਾਰਾ ਦ੍ਰਿਸ਼ਜ ਅਦ੍ਰਿਸ਼ਜ 'ਤੱਤ ਦ੍ਰਿਸ਼ਟੀ' ਨਾਲ ਦੇਖਿਆਂ ਮੂਲ (ਤੱਤ=ਪਾਰਬ੍ਰਹਮ) ਹੀ ਨਜ਼ਰ ਆਉਂਦਾ ਹੈ । ਉਹੋ ਅਦ੍ਰਿਸ਼ਜ ਆਤਮ ਸ੍ਰੂਪ ਹੈ, ਉਹੋ ਪ੍ਰਤੱਖ ਜਗਤ ਸ੍ਰੂਪ ਹੈ: ਭਾਵ ਉਹੋ ਨਿਰਗੁਣ ਹੈ ਉਹੋ ਸਰਗੁਣ ਹੈ 'ਨਿਰਗੁਨੁ ਆਪਿ ਸਰਗੁਨੁ ਭੀ ਓਹੀ ॥ ਕਲਾ ਧਾਰਿ ਜਿਨਿ ਸਗਲੀ ਮੋਹੀ ॥' [ਅਸਟ:, ੧੮-੮

†ਜਥਾ: ਆਵਨ ਜਾਨੁ ਇਕੁ ਖੇਲੁ ਬਨਾਇਆ ॥ [ਅਸਟ:, ੨੩-੬

‡ਸੰਪ੍ਰਦਾ ਵਿਚ ਆਗਿਆਕਾਰੀ ਦਾ ਅਰਥ ਮਾਯਾ ਬੀ ਕਰਦੇ ਹਨ । ਆਵਣਾ ਜਾਵਣਾ ਜੋ ਦ੍ਰਿਸ਼ਟ ਆਉਂਦਾ ਹੈ ਇਹ ਅਨਦ੍ਰਿਸ਼ਟ (=ਦ੍ਵੈਤ ਦ੍ਰਿਸ਼ਟੀ) ਕਰਕੇ ਹੈ, ਇਹ ਸਾਰੀ ਸ੍ਰਿਸ਼ਟੀ (ਆਗਿਆਕਾਰੀ ਅਰਥਾਤ) ਮਾਯਾ ਨੇ ਧਾਰਨ ਕੀਤੀ ਹੈ । [ਸੰਪ੍ਰਦਾ ।

❦ਵਾਹਿਗੁਰੂ ਰਚਨਾ ਦਾ ਰਚਨਹਾਰ ਹੋਕੇ ਫਿਰ ਰਚੀ ਹੋਈ ਦੇ ਹਰ ਹਿੱਸੇ ਵਿਚ (ਸਗਲ ਮਹਿ ਆਪ= ਭਾਵ ਸਭ ਵਿਚ) ਵਿਆਪਕ ਹੋਣ ਕਰਕੇ ਯਾ ਕਿਸੇ ਹੋਰ ਕਾਰਣ ਕਰਕੇ ਕਿਸੇ ਖੰਡ ਭੇਦ ਵਾਲਾ ਨਹੀਂ ਹੋ ਜਾਂਦਾ । ਦੇਸ਼ ਕਾਲ ਵਸਤੂ ਪਰਿਛੇਦ ਉਸ ਵਿਚ ਨਹੀਂ ਹੈ ਯਥਾ–'ਤੁਮ ਪੂਰਨ ਪੂਰਿ ਰਹੇ ਸੰਪੂਰਨ ਹਮ ਭੀ ਸੰਗਿ ਅਘਾਏ ॥' [ਰਾਮਕਲੀ ਮਹਲਾ ੫-੬

ਹੁਣ ਪ੍ਰਸ਼ਨ ਹੁੰਦਾ ਹੈ ਕਿ ਉਹ ਆਪਣਾ ਨਾਮ ਕੀਕੂੰ ਜਪਾਉਂਦਾ ਹੈ? ਉੱਤਰ ਦੇਂਦੇ ਹਨ ਕਿ ਪ੍ਰਭੂ ਨੂੰ ਜਾਣਨੇ ਵਾਲਾ ਨਾਮ ਮੰਤ੍ਰ ਦੇਕੇ ਤਾਰਦਾ ਹੈ।

ਜਿਨ ਪ੍ਰਭੁ ਜਾਤਾ ਸੁ ਸੋਭਾਵੰਤ ॥ ਸਗਲ ਸੰਸਾਰੁ ਉਧਰੈ ਤਿਨ ਮੰਤ ॥ ਪ੍ਰਭ ਕੇ ਸੇਵਕ ਸਗਲ ਉਧਾਰਨ ॥ ਪ੍ਰਭ ਕੇ ਸੇਵਕ ਦੂਖ ਬਿਸਾਰਨ ॥ ਆਪੇ ਮੇਲਿ ਲਏ ਕਿਰਪਾਲ ॥ ਗੁਰ ਕਾ ਸਬਦੁ ਜਪਿ ਭਏ ਨਿਹਾਲ ॥ ਉਨ ਕੀ ਸੇਵਾ ਸੋਈ ਲਾਗੈ ॥ ਜਿਸ ਨੋ ਕ੍ਰਿਪਾ ਕਰਹਿ ਬਡਭਾਗੈ ॥ ਨਾਮੁ ਜਪਤ ਪਾਵਹਿ ਬਿਸ੍ਰਾਮੁ ॥ ਨਾਨਕ ਤਿਨ ਪੁਰਖ ਕਉ ਊਤਮ ਕਰਿ ਮਾਨੁ ॥੭॥

ਸਾਰਾ ਸੰਸਾਰ ਉਨ੍ਹਾਂ (ਗੁਰਮੁਖਾਂ) ਦੇ (ਨਾਮ) ਉਪਦੇਸ਼ ਨਾਲ ਉਧਰਦਾ ਹੈ ਜਿਨ੍ਹਾਂ ਨੇ ਕਿ ਪ੍ਰਭੂ ਨੂੰ ਪਛਾਣ ਲਿਆ ਹੈ, ਓਹ (ਗੁਰਮੁਖ ਵਾਹਿਗੁਰੂ ਦੀ) ਸ਼ੋਭਾ ਵਾਲੇ ਹਨ। (ਐਸੇ) ਪ੍ਰਭੂ ਦੇ ਸੇਵਕ ਸਭਨਾਂ ਦਾ ਉਧਾਰ ਕਰਨੇ ਵਾਲੇ ਹੁੰਦੇ ਹਨ*, ਪ੍ਰਭੂ ਦੇ ਸੇਵਕ (ਜੀਵਾਂ ਦੇ) ਦੁਖ ਦੂਰ ਕਰਨ ਵਾਲੇ ਹੁੰਦੇ ਹਨ। (ਆਪਣੇ ਸੇਵਕਾਂ ਨੂੰ) ਕ੍ਰਿਪਾਲ (ਪ੍ਰਭੂ) ਆਪਣੇ ਨਾਲ ਮੇਲ ਲੈਂਦਾ ਹੈ, (ਤੇ ਓਹ ਸੇਵਕ) ਗੁਰੂ ਦਾ ਬਖਸ਼ਿਆ ਸ਼ਬਦ (ਜਪ) ਜਪਕੇ (ਇਸ) ਅਨੰਦ (ਦੀ ਅਵਸਥਾ ਵਾਲੇ) ਹੋ ਗਏ ਹਨ (ਭਾਵ ਆਪ ਤਰਨ ਤੇ ਅਗੋਂ ਤਾਰਨ ਵਾਲੇ ਹੋ ਗਏ ਹਨ)। ਉਨ੍ਹਾਂ (ਪ੍ਰਭੂ ਦੇ ਸੇਵਕਾਂ) ਦੀ ਸੇਵਾ ਵਿਚ ਓਹ ਲਗਦਾ ਹੈ, ਜਿਸ ਤੇ (ਉਸਦੇ) ਵਡੇ ਭਾਗਾਂ ਕਰਕੇ (ਪ੍ਰਭੂ) ਕ੍ਰਿਪਾ ਕਰਦਾ ਹੈ†। (ਤਾਂਤੇ) ਹੇ ਨਾਨਕ ! ਉਨ੍ਹਾਂ ਪੁਰਖਾਂ ਨੂੰ ਬਹੁਤ ਚੰਗੇ (ਪੁਰਖ) ਕਰਕੇ ਮੰਨ ਜੋ ਪਰਮੇਸ਼ੁਰ ਦਾ ਨਾਮ ਜਪ ਕੇ (ਆਤਮ) ਟਿਕਾਉ ਪਾ ਜਾਂਦੇ ਹਨ ॥ ੭ ॥

[ਉਹ ਉੱਤਮ ਪੁਰਖ ਪ੍ਰਭੂ ਵਿਚ ਮਿਲਕੇ ਇਕ ਹੋ ਜਾਂਦੇ ਹਨ]

ਜੋ ਕਿਛੁ ਕਰੈ ਸੁ ਪ੍ਰਭ ਕੈ ਰੰਗਿ ॥ ਸਦਾ ਸਦਾ ਬਸੈ ਹਰਿ ਸੰਗਿ ॥ ਸਹਜ ਸੁਭਾਇ ਹੋਵੈ ਸੋ ਹੋਇ ॥ ਕਰਣੈਹਾਰੁ ਪਛਾਣੈ ਸੋਇ ॥ ਪ੍ਰਭ ਕਾ ਕੀਆ ਜਨ ਮੀਠ ਲਗਾਨਾ ॥ ਜੈਸਾ ਸਾ ਤੈਸਾ ਦ੍ਰਿਸਟਾਨਾ ॥ ਜਿਸ ਤੇ ਉਪਜੇ ਤਿਸੁ ਮਾਹਿ ਸਮਾਏ

ਓਹ (ਉੱਤਮ ਪੁਰਖ) ਜੋ ਕੁਝ ਕਰਦੇ ਹਨ‡ ਓਹ (ਆਪਣੇ) ਪ੍ਰਭੂ ਦੇ ਰੰਗ (ਪ੍ਰੇਮ) ਵਿਚ ਕਰਦੇ ਹਨ। (ਉਹ) ਸਦਾ ਸਦਾ ਪਰਮੇਸ਼ੁਰ ਦੇ ਸੰਗ ਵਿਚ ਵਸਦੇ ਹਨ( ਭਾਵ ਪ੍ਰਭੂ ਦੀ ਯਾਦ ਵਿਚ ਉਸ ਨੂੰ ਅੰਗ ਸੰਗ ਸਹੀ ਕਰਦੇ ਹਨ। ਉਨ੍ਹਾਂ ਨੂੰ ਸੰਸਾਰ ਵਿਚ ਜੋ ਕੁਝ ਆ ਵਾਪਰੇ ਐਉਂ ਲੈਂਦੇ ਹਨ ਕਿ) ਜੋ ਕੁਛ ਹੁੰਦਾ ਹੈ ਸੁਤੇ ਹੀ ਹੋ ਰਿਹਾ ਹੈ (ਤੇ ਜੋ ਕੁਛ ਪਿਆ ਹੁੰਦਾ ਹੈ ਉਸਦਾ) ਕਰਨਹਾਰ ਓਹ ਉਸ (ਪ੍ਰਭੂ ਨੂੰ) ਪਛਾਣ ਲੈਂਦੇ ਹਨ। (ਐਉਂ) ਪ੍ਰਭੂ ਦਾ ਕੀਤਾ (ਉਨ੍ਹਾਂ ਜਨਾਂ ਨੂੰ ਮਿੱਠਾ ਲੱਗਦਾ ਹੈ (ਕਿਉਂ ਉਨ੍ਹਾਂ ਨੂੰ) ਪਰਮੇਸ਼ੁਰ, ਜੈਸਾ ਕਿ ਉਹ ਹੈ, ਵੈਸਾ (ਭਾਵ ਜਿਉਂ ਕਾ ਤਿਉਂ) ਦਿੱਸ ਪਿਆ ਹੁੰਦਾ ਹੈ। (ਇਸ ਤਰਾਂ ਪ੍ਰਭੂ ਦੇ ਜਾਣਨਹਾਰ ਓਹ ਜਨ) ਜਿਸ (ਪਰਮੇਸ਼ੁਰ) ਤੋਂ ਉਤਪਤ ਹੋਏ ਸਨ ਓਸੇ ਵਿਚ ਮਿਲੇ ਰਹਿੰਦੇ ਹਨ। ਓਹ (ਜਨ ਹੁਣ)

---

*ਭਾਵ ਵਾਹਿਗੁਰੂ ਦਾ ਜਲਾਲ ਉਨ੍ਹਾਂ ਵਿਚ ਹੁੰਦਾ ਹੈ, ਜਿਵੇਂ ਸੋਨੇ ਦੇ ਲਾਲ ਅੰਗਾਰਾ ਗੋਲੇ ਵਿਚ ਅਗਨੀ ਦਾ ਸਾਰਾ ਜਲਾਲ ਪ੍ਰਵੇਸ਼ਿਤ ਹੁੰਦਾ ਹੈ। ਇਸ ਕਰਕੇ ਸਭ ਦਾ ਉਧਾਰ ਕਰਨੇ ਨੂੰ ਸਮਰਥ ਹੋ ਜਾਂਦੇ ਹਨ।

†ਜਿਸ ਵਡਭਾਗੀ ਉਤੇ ਪਰਮੇਸ਼ੁਰ ਕ੍ਰਿਪਾ ਕਰਦਾ ਹੈ।

‡ਪਿਛਲੀ ਪਉੜੀ ਦੀ ਅੰਤਲੀ ਤੁਕ ਵਿਚ ਬਹੁ ਵਚਨ ਹੈ, ਅੱਠਵੀਂ ਪਉੜੀ ਦੀ ਸਤਰ ੫.੭.੮. ਤੋਂ ਪਤਾ ਲਗਦਾ ਹੈ ਕਿ ਇਸ ਪਦੇ ਵਿਚ ਜਨ ਦਾ ਜ਼ਿਕਰ ਨਹੀਂ ਪਰ ਜਨਾਂ ਦਾ ਹੈ। ਇਸ ਕਰਕੇ ਕਰੈ, ਬਸੈ, ਪਛਾਣੈ ਨੂੰ ਕਰੈਂ, ਬਸੈਂ, ਪਛਾਣੈਂ, ਸਮਝਕੇ ਅਰਥ ਲਾਉਣਾ ਹੈ, ਅਰਥਾਤ-ਕਰਦੇ ਹਨ: ਵਸਦੇ ਹਨ, ਪਛਾਣਦੇ ਹਨ। ਵਰਤ ਦੀਆਂ ਦੋ ਤੁਕਾਂ ਵਿਚ ਇਕ ਬਚਨ ਹੈ।

| | |
|---|---|
| ॥ ਓਇ ਸੁਖ ਨਿਧਾਨ ਉਨਹੂ ਬਨਿ ਆਏ ॥ ਆਪਸ ਕਉ ਆਪਿ ਦੀਨੋ ਮਾਨੁ ॥ ਨਾਨਕ ਪ੍ਰਭ ਜਨੁ ਏਕੋ ਜਾਨੁ ॥੮॥੧੪॥ | ਸੁਖਾਂ ਦੇ ਭੰਡਾਰ (ਹੋ ਜਾਂਦੇ ਹਨ, ਹਾਂ)* ਓਹ (ਇਸ ਦਾਤ) ਦੇ ਹੀ ਜੋਗ ਸਨ। (ਇਹ ਸੁਖ ਨਿਧਾਨ ਹੋਣ ਦਾ ਮਾਨ ਬਖਸ਼ਣ ਵਿਚ ਪਰਮੇਸ਼ੁਰ ਨੇ) ਅਪਣੇ ਆਪ ਨੂੰ (ਹੀ) ਆਪ ਮਾਨ ਦਿੱਤਾ ਹੈ। ਹੇ ਨਾਨਕ! (ਮਿਲ ਰਹੇ) ਜਨ ਤੇ ਪ੍ਰਭੂ ਨੂੰ ਇਕੋ ਹੀ ਸਮਝ ਤੂੰ† ॥ ੮ ॥ ੧੪ ॥ |

**ਨਿਰੁਕ੍ਤ**—ਸੁਹਿਰਦ ਜਨਹੁ–[ਸੰਸ:, ਸੁਹ੍ਰਿਦ:+ਜਨ:=ਨੇਕ ਦਿਲ ਆਦਮੀ। ਹਿੰਦੀ, ਸੁਰਜਨ=ਸਜਨ, ਚਤੁਰ ਪੁਰਖ] ਨੇਕ ਆਦਮੀ, ਭਲਾ ਪੁਰਸ਼। ੨. ਸੱਜਣ, ਚਤੁਰ ਆਦੀ। ਸੰਪ੍ਰਦਾ ਵਿਚ ਤੁਕ ਦੇ ਭਾਵ ਅਨੁਸਾਰ ਦੋਇ ਅਰਥ ਵਰਤਦੇ ਹਨ।

ਕਰ–[ਸੰਸ:, ਕਰ:=ਹੱਥ] ਹੱਥਾਂ ਨਾਲ।

ਗਨੀ–[ਸੰਸ:, ਧਾ:–ਗਣ੍=ਗਿਨਨਾ, ਗਿਨਤੀ ਕਰਨਾ] ਗਿਣੇ ਜਾਂਦੇ ਹਨ, ਇਨ੍ਹਾਂ ਅਰਥਾਂ ਵਿਚ ਇਹ ਪਦ ਸੁਖਮਨੀ ਵਿਚ ਹੋਰਥੇ ਬੀ ਆਇਆ ਹੈ। ਯਥਾ:–

'ਤਬ ਬੰਧ ਮੁਕਤਿ ਕਹੁ ਕਿਸ ਕਉ ਗਨੀ॥' [ਅਸਟ:-੨੧-੨

(ਅ) ਗ਼ਨੀ (ਅਰਬੀ)=ਰੱਜੇ ਹੋਏ। ਪਰ ਧਨਵੰਤ ਪਦ ਹੋਣ ਕਰਕੇ ਸੰਪ੍ਰਦਾ ਵਿਚ ਮੁੱਖ ਅਰਥ 'ਗਿਣੇ ਜਾਂਦੇ ਹਨ' ਹੀ ਕਰਦੇ ਹਨ।

ਸਰਬ ਰੋਗ–[ਸੰਸ:, ਸਰ੍ਵ+ਰੋਗ:] ਸਾਰੇ ਰੋਗ, ਸਾਰੀਆਂ ਬੀਮਾਰੀਆਂ। ਭਾਵ ਹੈ ਸਰੀਰਕ ਰੋਗ, ਮਾਨਸਿਕ ਰੋਗ, ਆਤਮਕ ਰੋਗ ਜਾਂ ਆਧਿ ਬਿਆਧਿ ਉਪਾਧਿ।

ਨਿਰਬਾਨੁ–[ਸੰਸ:, ਨਿਰ੍ਵਾਣ:] ਅਤੀਤ ਪੁਰਸ਼, ਮਾਯਾ ਦੇ ਅਸਰ ਤੋਂ ਰਹਿਤ।

ਸੋਧਤ–[ਸੰਸ:, ਸ਼ੋਧਿਤ=ਸਾਫ਼ ਕੀਤਾ ਹੋਇਆ, ਸੋਧਿਆ ਹੋਇਆ। ਪੰ:, ਸੋਧਣਾ=ਭੁੱਲਾਂ ਦਾ ਜਾਣੂ ਹੋਕੇ ਦਰੁਸਤੀ ਨੂੰ ਅੱਪੜ ਪੈਣਾ] ਸੋਧਦਿਆਂ ਹੋਇਆਂ, ਵੀਚਾਰਦਿਆਂ ਹੋਇਆਂ। ਅਸਲੀਅਤ ਨੂੰ ਭਾਲਦਿਆਂ ਹੋਇਆਂ। ਸੋਧਣਾ=ਤੱਤ ਮਿਥਿਆ ਦੇ ਨਿਰਨੇ ਕਰਕੇ ਯਥਾਰਥ ਜਾਂ ਤੱਤ ਤੇ ਪਹੁੰਚ ਪੈਣਾ; ਉਹ ਹੁੰਦਾ ਹੈ ਪੁਸਤਕਾਂ ਦੀ ਘੋਖ ਨਾਲ, ਤਜਰਬੇ ਕਰਕੇ ਨਿਜ ਦੇ ਅਨੁਭਵ ਨਾਲ, ਇਸੇ ਕਰਕੇ ਤ੍ਰੈ ਵਾਰ 'ਸੋਧਤ' ਕਿਹਾ ਹੈ।

ਸੀਝਿਆ–[ਦੇਖੋ 'ਸੀਝੇ' ਪੰਨਾ ੧੬੭੫] ਕਾਮਯਾਬ ਹੋਇਆ, ਸਿਧਾਂਤ ਨੂੰ ਪਹੁੰਚ ਪਿਆ। ਸਿੱਧੀ ਨੂੰ ਅੱਪੜਿਆ।

ਸੂਖਮੁ–[ਸੰਸ:, ਸੂਕ੍ਸ਼੍ਮੰ=ਪਰਮਾਤਮਾ। ਸੂਖਮਤਾ।] ਨਿਰਗੁਣ ਪਰਮਾਤਮਾ। ਅਦ੍ਰਿਸ਼ਜ ਆਤਮ ਸਰੂਪ।

ਅਸਥੂਲੁ––[ਸੰਸ:, ਸ੍ਥੂਲ=ਵਡਾ, ਵਡੇ ਆਕਾਰ ਵਾਲਾ] ਵੱਡਾ ਸਭ ਤੋਂ ਵੱਡਾ। ਜਗਤ ਸ੍ਵਰੂਪ ਪਰਮਾਤਮਾ ਲਈ ਇਹ ਪਦ ਵਰਤਿਆ ਹੈ; ਭਾਵ ਹੈ ਕਿ ਉਹ ਸਰਗੁਣ ਭੀ ਹੈ।

ਖੰਡੇ–[ਸੰ:, ਖੰਡ:=ਟੁਕੜਾ, ਹਿੱਸਾ, ਅੰਸ਼]–ਵੰਡ। ਤਕਸੀਮ ਕਰਨਾ। ਭਾਵ ਉਸਦਾ ਵਜੂਦ ਅਖੰਡ ਹੈ। ਵੰਡਿਆ ਹੋਇਆ ਨਹੀਂ।

ਧਾਰ ਰਹਿਓ–[ਸੰਸ:, ਧਾਰ (ਵਿ:)=ਸਹਾਰਾ ਦੇਣ ਵਾਲਾ, ਗ੍ਰਹਣ ਕਰਨ ਵਾਲਾ] ਸਹਾਰਾ ਦੇ

*ਸੰਪ੍ਰ: ਇਉਂ ਬੀ ਕਰਦੇ ਹਨ-ਓਹ ਸੁਖਾਂ ਦੇ ਖਜ਼ਾਨੇ-ਪ੍ਰਭੂ ਜੀ-ਉਹਨਾਂ ਨੂੰ ਪ੍ਰਾਪਤ ਹੋਏ ਹਨ, ਹੁਣ ਓਹ ਪ੍ਰਾਪਤੀ ਦੇ ਲਾਇਕ ਜੋ ਹੋ ਗਏ ਸਨ।

†ਭਾਵ, ਜਨ ਸਾਈਂ ਵਿਚ ਰੱਤਾ ਸਾਈਂ ਰੂਪ ਹੋਇਆ ਰਹਿੰਦਾ ਹੈ।

ਰਿਹਾ ਹੈ। ਕਾਯਮ ਰਖ ਰਿਹਾ ਹੈ। ਸ੍ਰਿਸ਼ਟੀ ਰਚਕੇ (=ਕਰਤਾ ਹੋਕੇ), ਇਸ ਵਿਚ ਵ੍ਯਾਪਕ ਹੋਕੇ (=ਕਾਦਰ ਹੋਕੇ) ਇਸ ਨੂੰ ਕਾਮਯਾਬ ਰੱਖ ਰਿਹਾ ਹੈ ਤੇ ਨਿਯਮ ਪ੍ਰਬੰਧ ਕਾਇਦਿਆਂ ਵਿਚ ਜੀਕੂੰ ਇਹ ਟੁਰ ਰਹੀ ਹੈ ਆਪ ਇਸ ਨੂੰ ਟੋਰ ਰਿਹਾ ਹੈ, ਇਹ 'ਧਾਰ ਰਹਿਓ' ਦਾ ਭਾਵ ਹੈ।

ਬਿਸਾਰਨ-[ਸੰਸ:, ਵਿਸ਼ਾਰਣੰ=ਚੀਰਨਾ; ਮਾਰਨਾ] ਮਾਰ ਦੇਣਾ, ਦੂਰ ਕਰਨਾ।

ਦ੍ਰਿਸਟਾਨਾ-[ਸੰਸ:, ਧਾ.-ਦ੍ਰਿਸ਼੍=ਵੇਖਣਾ, ਪਹਿਚਾਨਣਾ] ਵੇਖ ਲਿਆ ਹੈ, ਪਛਾਣ ਲਿਆ ਹੈ। ਪਰਮੇਸ਼ੁਰ ਨੂੰ ਉਹਨਾਂ ਨੇ ਉਸ ਦੇ ਯਥਾਰਥ ਰੂਪ ਵਿਚ ਦੇਖ ਲਿਆ ਹੈ।

[ਅਸਟਪਦੀ-ਪੰਦਰਵੀਂ]

**ਪ੍ਰਾਕ੍ਥਨ**-੧੫ਵੀਂ ਅਸਟਪਦੀ ਵਿਚ ਵਾਹਿਗੁਰੂ ਜੀ ਦੇ ਗੁਣ, ਉਪਕਾਰ ਤੇ ਸ਼ਕਤੀਆਂ ਦੱਸ ਦੱਸ ਕੇ ਉਸ ਦੀ ਸ਼ਰਣ ਲੈਕੇ ਨਾਮ ਸਿਮਰਨ ਦੀ ਤਾਕੀਦ ਕਰਦੇ ਹਨ। ਜੀਵ ਨੂੰ ਵਾਹਿਗੁਰੂ ਬਿਨਾਂ ਉਸ ਦੀਆਂ ਊਣਤਾਈਆਂ ਦੱਸਕੇ ਦੱਸਦੇ ਹਨ ਕਿ ਗੁਰੂ ਦਾ ਦਿੱਤਾ ਨਾਮ ਰੂਪੀ ਸ਼ਬਦ, ਤੇ ਉਪਦੇਸ਼ ਰੂਪੀ ਸ਼ਬਦ ਕੀਕੂੰ ਜੀਵ ਨੂੰ ਉੱਚਿਆਂ ਕਰਦਾ ਹੈ। ਅੰਕ ੪ ਵਿਚ ਇਕ ਮੁਸ਼ਕਲ ਦਾ ਹੱਲ ਦੱਸਦੇ ਹਨ। ਸਿਮਰਨ ਵਿਚ ਲਗੇ ਬੰਦੇ ਦੁਖਾਂ ਦੇ ਵਾਪਰਨ ਤੇ ਕਈ ਵੇਰ ਤ੍ਰਟ ਜਾਂਦੇ ਹਨ ਸੋ ਜੀਵ ਦੀ ਦ੍ਰਿਸ਼ਟੀ ਉਸ ਦੇ ਕਰਮਾਂ ਵੱਲ ਤੇ ਸਾਈਂ ਦੇ ਹੁਕਮ ਵੱਲ ਪੁਆਉਂਦੇ ਹਨ। ਅੰਕ ੫ ਤੇ ੬ ਵਿਚ ਸਤਿਸੰਗ ਦਾ ਗੁਣ ਕਥਨ ਤੇ ਸੇਵਾ ਦਾ ਉਪਦੇਸ਼ ਹੈ। ਅੰਕ ੭ ਵਿਚ ਵਾਹਿਗੁਰੂ ਦਾ ਗੁਣ ਕਥਨ ਕਰਦੇ ਹੋਏ ਨਾਮ ਦਾ ਨਿਰੰਤਰ ਸਿਮਰਣ ਸਿਖਾਲਦੇ ਤੇ ਨਾਮ ਨੂੰ ਸ਼ੁਭ ਕਰਣੀਆਂ ਤੋਂ ਸ੍ਰੇਸ਼ਟ ਦੱਸਦੇ ਹੋਏ ਅੰਕ ੮ ਵਿਚ ਨਾਮ ਨਾਲ ਨਿਰਮਲ ਹੋਏ ਤੇ ਵਿਸ਼ਵਾਸ ਦੇ ਘਰ ਅੱਪੜੇ ਦਾ ਸਤ੍ਯ ਸਰੂਪ ਪਰਮਾਤਮਾ ਵਿਚ ਸਮਾ ਜਾਣ ਦਾ ਨਕਸ਼ਾ ਬੰਨ੍ਹਦੇ ਹਨ ਤੇ ਉਸ ਨੂੰ ਅਪਣੇ ਆਦਰਸ਼ ਦਾ 'ਆਦਰਸ਼ਕ ਭਗਤ' ਨਾਮ ਬਖਸ਼ਦੇ ਹਨ।

| | |
|---|---|
| ਸਲੋਕੁ ॥ ਸਰਬ ਕਲਾ ਭਰਪੂਰ ਪ੍ਰਭ ਬਿਰਥਾ ਜਾਨਨਹਾਰ ॥ ਜਾ ਕੈ ਸਿਮਰਨਿ ਉਧਰੀਐ ਨਾਨਕ ਤਿਸੁ ਬਲਿਹਾਰ ॥ ੧ ॥ | ਸਰਬ ਸ਼ਕਤੀਆਂ (ਕਰਕੇ) ਪ੍ਰਭੂ ਪੂਰਨ ਹੈ (ਅਰ ਸਭ ਕਿਸੇ ਦੀ) ਪੀੜਾ ਨੂੰ ਜਾਣਨੇ ਵਾਲਾ ਹੈ। ਜਿਸ ਦੇ ਸਿਮਰਨੇ ਕਰਕੇ ਉਧਰ ਜਾਈਦਾ ਹੈ, (ਗੁਰੂ) ਨਾਨਕ ਜੀ ਉਸ (ਪ੍ਰਭੂ) ਤੋਂ ਬਲਿਹਾਰ ਹਨ* ॥ ੧ ॥ |
| ਅਸਟਪਦੀ ॥ ਟੂਟੀ ਗਾਢਨ ਹਾਰ ਗੁੋਪਾਲ ॥ ਸਰਬ ਜੀਆ ਆਪੇ ਪ੍ਰਤਿਪਾਲ॥ਸਗਲ ਕੀ ਚਿੰਤਾ ਜਿਸੁ ਮਨ ਮਾਹਿ ॥ ਤਿਸਤੇ ਬਿਰਥਾ ਕੋਈ ਨਾਹਿ ॥ ਰੇ ਮਨ ਮੇਰੇ ਸਦਾ ਹਰਿ ਜਾਪਿ ॥ ਅਬਿਨਾਸੀ ਪ੍ਰਭੁ ਆਪੇ ਆਪਿ ॥ ਆਪਨ ਕੀਆ ਕਛੂ | (ਮੇਰਾ ਪ੍ਰਭੂ) ਗੋਪਾਲ ਹੈ (ਅਰਥਾਤ) ਸਾਰੇ ਜੀਆਂ ਦੀ ਆਪੇ ਪ੍ਰਤਿਪਾਲਾ ਕਰਨੇ ਵਾਲਾ ਹੈ, (ਉਹੋ) ਟੁੱਟੀ ਹੋਈ ਨੂੰ ਗੰਢਣੇ ਵਾਲਾ ਹੈ (ਭਾਵ ਜੀਵਾਂ ਨੂੰ ਅਪਣੇ ਨਾਲ ਮੇਲ ਲੈਣ ਵਾਲਾ ਬੀ ਉਹੀ ਹੈ)। ਉਸ (ਪਰਮੇਸ਼ੁਰ ਦੀ ਦਾਤ) ਤੋਂ, ਜਿਸ ਦੇ ਮਨ ਵਿਚ ਕਿ ਸਾਰੀ (ਸ੍ਰਿਸ਼ਟੀ) ਦਾ ਫਿਕਰ ਹੈ, ਸੱਖਣਾ ਕੋਈ ਨਹੀਂ (ਰਹਿ ਸਕਦਾ; ਤਾਂ ਤੇ) ਹੇ ਮੇਰੇ ਮਨ ! (ਤੂੰ) ਸਦਾ (ਉਸ) ਹਰੀ ਨੂੰ ਜਪ (ਜੋ) ਸਦਾ ਰਹਿਣੇ ਵਾਲਾ ਹੈ ਤੇ ਆਪ ਹੀ ਆਪ ਹੈ ਭਾਵ ਹੋਰ ਉਸ ਤੁੱਲ ਕੋਈ ਨਹੀਂ। ਉਸ ਪ੍ਰਭੂ ਦੀ ਸਹਾਯਤਾ ਬਿਨਾ) ਪ੍ਰਾਣੀ ਦਾ ਆਪਣਾ ਕੀਤਾ ਕੁਛ |

*ਭਾਵ, ਉਧਾਰ ਉਹੀ ਸਕਦਾ ਹੈ ਜੋ ਦਿਲ ਪੀੜਾ ਨੂੰ ਜਾਣੇ ਤੇ ਦੂਰ ਕਰਨੇ ਨੂੰ ਸਮਰੱਥ ਹੋਵੇ। ਉਸੇ ਦੀ ਯਾਦ ਕਾਰੀ ਹੈ।

ਨ ਹੋਇ ॥ ਜੇ ਸਉ ਪ੍ਰਾਨੀ ਲੋਚੈ ਕੋਇ ॥ ਤਿਸੁ ਬਿਨੁ ਨਾਹੀ ਤੇਰੈ ਕਿਛੁ ਕਾਮ ॥ ਗਤਿ ਨਾਨਕ ਜਪਿ ਏਕ ਹਰਿ ਨਾਮ ॥ ੧ ॥

ਨਹੀਂ ਹੁੰਦਾ; ਭਾਵੇਂ ਕੋਈ ਸੌ ਪਿਆ ਲੋਚੇ । ਉਸ (ਹਰੀ ਤੋਂ) ਬਿਨਾਂ ਤੇਰੇ ਕੰਮ ਦਾ (ਹੋਰ) ਕੁਛ ਨਹੀਂ ਹੈ । ਤਾਂਤੇ ਹੇ ਨਾਨਕ ! ਇਕ ਹਰੀ ਦਾ ਨਾਮ ਜਪ (ਇਸੇ ਨਾਲ) ਗਤੀ (ਪ੍ਰਾਪਤ ਹੋਵੇਗੀ) ॥ ੧ ॥

ਰੂਪਵੰਤੁ ਹੋਇ ਨਾਹੀ ਮੋਹੈ ॥ ਪ੍ਰਭ ਕੀ ਜੋਤਿ ਸਗਲ ਘਟ ਸੋਹੈ ॥ ਧਨਵੰਤਾ ਹੋਇ ਕਿਆ ਕੋ ਗਰਬੈ ॥ ਜਾ ਸਭੁ ਕਿਛੁ ਤਿਸਕਾ ਦੀਆ ਦਰਬੈ॥ਅਤਿ ਸੂਰਾ ਜੇ ਕੋਊ ਕਹਾਵੈ ॥ ਪ੍ਰਭ ਕੀ ਕਲਾ ਬਿਨਾ ਕਹ ਧਾਵੈ ॥ ਜੇ ਕੋ ਹੋਇ ਬਹੈ ਦਾਤਾਰੁ ॥ ਤਿਸੁ ਦੇਨਹਾਰੁ ਜਾਨੈ ਗਾਵਾਰੁ ॥ ਜਿਸੁ ਗੁਰ ਪ੍ਰਸਾਦਿ ਤੂਟੈ ਹਉ ਰੋਗੁ ॥ ਨਾਨਕ ਸੋ ਜਨੁ ਸਦਾ ਅਰੋਗੁ॥ ੨ ॥

(ਜੇ ਕੋਈ) ਰੂਪ ਵਾਲਾ (ਭਾਵ ਸੁਹਣਾ)ਹੋਵੇ(ਤਾਂ ਉਹ ਇਹ ਨਾਂ ਸਮਝ ਲਵੇ (ਕਿ ਮੈਂ ਅਪਣੀ ਸੁੰਦਰਤਾ ਨਾਲ ਜਗਤ ਨੂੰ ਮੋਹ ਰਿਹਾ ਹਾਂ (ਓਹ ਸਮਝੇ ਕਿ ਇਹ ਸੁੰਦਰਤਾ) ਪ੍ਰਭੂ ਦੀ ਜੋਤ (ਦੀ ਹੈ ਜੋ) ਸਾਰੇ ਸਰੀਰਾਂ ਵਿਚ ਸੁੰਦਰਤਾ ਦੇ ਰਹੀ ਹੈ । ਧਨ ਵਾਲਾ ਹੋਕੇ ਕੋਈਕਾਹਨੂੰ ਹੰਕਾਰਕਰੇ,ਜਦ ਸਭ ਕੁਛਧਨ ਦੌਲਤ ਦਿੱਤਾ ਹੋਇਆ ਹੀ ਉਸੇ (ਪ੍ਰਭੂ) ਦਾ ਹੈ । ਜੇ ਕੋਈ ਬੜਾ ਬਹਾਦਰ ਕਹਾਵੇ (ਤਾਂ ਉਹ ਵਿਚਾਰ ਲਵੇ ਕਿ) ਪਰਮੇਸ਼ੁਰ ਦੀ ਸ਼ਕਤੀ ਬਿਨਾ (ਉਹ) ਕੀਹ ਦੌੜ ਭੱਜ ਕਰ ਸਕਦਾ ਹੈ । ਜੇ ਕੋਈ (ਦਾਨੀ ਪੁਰਖ ਅਪਣੇ ਆਪ ਵਿਚ) ਦਾਤਾ ਬਣ ਬੈਠੇ (ਤਾਂ ਅਸਲੀ) ਦਾਤਾ (ਉਹ ਪ੍ਰਭੂ) ਉਸਨੂੰ ਮੂਰਖ ਜਾਣੇਗਾ । ਗੁਰੂ ਦੀ ਕ੍ਰਿਪਾ ਕਰਕੇ ਜਿਸਦਾ ਅਹੰਤਾ ਰੂਪੀ ਰੋਗ ਨਾਸ਼ ਹੋ ਜਾਵੇ, ਨਾਨਕ ! ਓਹ ਪੁਰਖ ਸਦਾ ਨਿਰੋਆ (ਰਹਿੰਦਾ) ਹੈ ॥ ੨ ॥

ਜਿਉ ਮੰਦਰ ਕਉ ਥਾਮੈ ਥੰਮਨੁ ॥ ਤਿਉ ਗੁਰ ਕਾ ਸਬਦੁ ਮਨਹਿ ਅਸਥੰਮਨੁ ॥ ਜਿਉ ਪਾਖਾਣੁ ਨਾਵ ਚੜਿ ਤਰੈ ॥ ਪ੍ਰਾਣੀ ਗੁਰ ਚਰਣ ਲਗਤੁ ਨਿਸਤਰੈ॥ ਜਿਉ ਅੰਧਕਾਰ ਦੀਪਕ ਪਰਗਾਸੁ ॥ ਗੁਰ ਦਰਸਨੁ ਦੇਖਿ ਮਨਿ ਹੋਇ ਬਿਗਾਸੁ ॥ ਜਿਉ ਮਹਾ ਉਦਿਆਨ ਮਹਿ ਮਾਰਗੁ ਪਾਵੈ ॥ ਤਿਉ ਸਾਧੂ ਸੰਗਿ ਮਿਲਿ ਜੋਤਿ ਪ੍ਰਗਟਾਵੈ ॥ ਤਿਨ ਸੰਤਨ ਕੀ ਬਾਛਉ ਧੂਰਿ ॥ ਨਾਨਕ ਕੀ ਹਰਿ ਲੋਚਾ ਪੂਰਿ ॥ ੩ ॥

ਜਿਕੁਰ ਮੰਦਰ ਨੂੰ ਥੰਮ੍ਹਾ ਥੰਮ੍ਹਦਾ ਹੈ, ਤਿਵੇਂ ਗੁਰੂ ਦਾ (ਦਿੱਤਾ) ਸ਼ਬਦ(ਸਾਡੇ)ਮਨ ਦਾ ਸਹਾਰਾ ਹੈ* । ਜਿਕੁਰ ਪੱਥਰ ਬੇੜੀ ਪੁਰ ਚੜ੍ਹਕੇ ਤਰ ਜਾਂਦਾ ਹੈ, (ਇਕੁਰ) ਜੀਵ ਗੁਰੂ ਦੇ ਚਰਨਾਂ ਨੂੰ ਲਗਕੇ (ਸੰਸਾਰ ਸਾਗਰ ਤੋਂ) ਤਰ ਜਾਂਦਾ ਹੈ (ਭਾਵ ਮੁਕਤੀ ਪਾਉਂਦਾ ਹੈ) । ਜਿਕੁਰ ਦੀਵੇ ਦਾ ਚਾਨਣਾ ਹਨੇਰਾ (ਦੂਰ ਕਰਦਾ ਹੈ, ਤਿਵੇਂ) ਗੁਰੂ ਦਾ ਦਰਸ਼ਨ ਦੇਖਕੇ ਮਨ ਵਿਚ ਖੇੜਾ ਆਉਂਦਾ ਹੈ । ਜਿੱਕੁਰ (ਕੋਈ ਭੁੱਲਾ ਹੋਇਆ) ਭਾਰੀ ਉਜਾੜ ਵਿਚ (ਕਿਸੇ ਅਚਾਨਕ ਸਹਾਯਤਾ ਨਾਲ) ਰਸਤਾ ਪਾ ਲੈਂਦਾ ਹੈ, ਤਿਵੇਂ ਸਾਧੂ ਦਾ ਸੰਗ ਪ੍ਰਾਪਤ ਹੋਣੇ ਤੇ (ਅੰਦਰ ਵਾਹਿਗੁਰ ਦੀ) ਜੋਤ ਪ੍ਰਗਟ ਹੁੰਦੀ ਹੈ । ਐਸੇ ਸੰਤਾਂ ਦੀ (ਮੈਂ) ਧੂੜੀ ਮੰਗਦਾ ਹਾਂ, ਹੇ ਹਰੀ ! ਨਾਨਕ ਦੀ (ਇਹ) ਇੱਛਾ ਪੂਰਨ ਕਰੋ॥ ੩ ॥

ਮਨ ਮੂਰਖ ਕਾਹੇ ਬਿਲਲਾਈਐ ॥ ਪੁਰਬਲਿਖੇ ਕਾ ਲਿਖਿਆ ਪਾਈਐ ॥ ਦੂਖ ਸੂਖ ਪ੍ਰਭ ਦੇਵਨਹਾਰੁ ॥

ਹੇ ਮੂਰਖ ਮਨ ! ਕਿਉਂ (ਕਿਸ ਵੇਲੇ) ਵਿਰਲਾਪ ਕਰੀਏ (ਭਾਵ ਘਬਰਾਈਏ, ਜੋ ਕੁਛ ਏਥੇ ਪਾਈਦਾ ਹੈ ਸੋ) ਪਹਿਲੋਂ ਦੇ ਲਿਖੇ ਦਾ ਲਿਖਿਆ ਪਾਈਦਾ ਹੈ । ਦੁਖ ਸੁਖ ਦੇਣੇ ਵਾਲਾ (ਤਾਂ) ਪ੍ਰਭੂ (ਆਪ) ਹੈ (ਸੋ ਦੁਖ ਨਿਵਿਰਤੀ ਲਈ) ਤੂੰ ਹੋਰ

*ਜਿਸ ਤਰਾਂ ਥੰਮਾਂ ਨਾਲ ਘਰ ਟਿਕਦਾ ਹੈ ਏਸੇ ਤਰ੍ਹਾਂ ਮਨ ਗੁਰੂ ਦੇ ਦਿਤੇ ਸ਼ਬਦ ਨਾਲ ਟਿਕਦਾ ਹੈ।

ਅਵਰ ਤਿਆਗਿ ਤੂ ਤਿਸਹਿ ਚਿਤਾਰੁ ॥ ਜੋ ਕਛੁ ਕਰੈ ਸੋਈ ਸੁਖੁ ਮਾਨੁ॥ਭੂਲਾ ਕਾਹੇ ਫਿਰਹਿ ਅਜਾਨ ॥ ਕਉਨ ਬਸਤੁ ਆਈ ਤੇਰੈ ਸੰਗ ॥ ਲਪਟਿ ਰਹਿਓ ਰਸਿ ਲੋਭੀ ਪਤੰਗ ॥ ਰਾਮ ਨਾਮ ਜਪਿ ਹਿਰਦੇ ਮਾਹਿ ॥ ਨਾਨਕ ਪਤਿ ਸੇਤੀ ਘਰਿ ਜਾਹਿ ॥ ੪ ॥

(ਪਾਸੇ ਤੱਕਣਾ) ਛੱਡਕੇ ਉਸੇ ਨੂੰ ਯਾਦ ਕਰ (ਅਤੇ) ਜੋ ਕੁਝ (ਪ੍ਰਭੂ) ਕਰੇ ਉਸੇ ਨੂੰ ਸੁਖ ਕਰਕੇ ਮੰਨ। ਮੂਰਖ (ਹੋਕੇ) ਕਿਉਂ (ਹੋਰਨਾਂ ਲਾਲਚਾਂ ਵੱਲ) ਭੁੱਲਿਆ ਫਿਰਦਾ ਹੈਂ ? (ਸੋਚ) ਕਿਹੜੀ ਸ਼ੈ ਤੇਰੇ ਨਾਲ ਆਈ ਸੀ (ਜੋ ਹੇ) ਲੋਭੀ ਕੀੜੇ ! (ਸਰੀਰਕ) ਰਸ ਵਿਚ ਗਲਤਾਨ ਹੋ ਰਿਹਾ ਹੈਂ। (ਇਕ) ਰਾਮ ਦੇ ਨਾਮ ਨੂੰ ਹਿਰਦੇ ਵਿਚ ਜਪ, ਜੋ ਤੂੰ ਪਤ (ਪ੍ਰਤੀਤ) ਨਾਲ (ਵਾਹਿਗੁਰੂ ਦੇ ਸਰੂਪ ਰੂਪੀ) ਘਰ ਵਿਚ ਜਾਵੇਂ ॥ ੪ ॥

ਜਿਸੁ ਵਖਰ ਕਉ ਲੈਨਿ ਤੂ ਆਇਆ॥ ਰਾਮਨਾਮੁ ਸੰਤਨ ਘਰਿ ਪਾਇਆ ॥ ਤਜਿ ਅਭਿਮਾਨੁ ਲੇਹੁ ਮਨ ਮੋਲਿ ॥ ਰਾਮ ਨਾਮੁ ਹਿਰਦੇ ਮਹਿ ਤੋਲਿ ॥ ਲਾਦਿ ਖੇਪ ਸੰਤਹ ਸੰਗਿ ਚਾਲੁ ॥ ਅਵਰ ਤਿਆਗਿ ਬਿਖਿਆ ਜੰਜਾਲ ॥ ਧੰਨਿ ਧੰਨਿ ਕਹੈ ਸਭੁ ਕੋਇ॥ ਮੁਖ ਊਜਲ ਹਰਿ ਦਰਗਹ ਸੋਇ ॥ ਇਹੁ ਵਾਪਾਰੁ ਵਿਰਲਾ ਵਾਪਾਰੈ ॥ ਨਾਨਕ ਤਾਕੈ ਸਦ ਬਲਿਹਾਰੈ ॥ ੫ ॥

ਜਿਸ ਸਉਦੇ ਨੂੰ ਲੈਣ (ਵਾਸਤੇ) ਤੂੰ (ਇਸ ਸੰਸਾਰ ਵਿਚ) ਆਇਆ ਹੈਂ, (ਉਹ) ਰਾਮ ਨਾਮ (ਰੂਪ ਸੌਦਾ) ਸੰਤਾਂ ਦੇ ਘਰ ਵਿਚੋਂ ਪਾਈਦਾ ਹੈ*। (ਤਾਂਤੇ) ਅਭਿਮਾਨ ਨੂੰ ਛਡ ਤੇ ਮਨਦੇ ਮੁੱਲ ਵਿਚ ਰਾਮ ਨਾਮ ਨੂੰ ਹਿਰਦੇ ਵਿਚ ਤੋਲਕੇ ਲੈ ਲੈਂ। ਸੰਤਾਂ ਦੇ ਸੰਗ ਵਿਚ ਤੁਰ ਪਉ, (ਇਸ ਨਾਮ) ਵੱਖਰ ਨੂੰ ਲੱਦ ਤੇ ਹੋਰ ਬਿਖਿਆ ਦੇ ਜੰਜਾਲ ਛੱਡ ਦੇਹ‡ (ਤਦ ਤੈਨੂੰ ਹੇ ਨਾਮ ਦੇ ਵਪਾਰੀ! ਏਥੇ) ਸਭ ਕੋਈ ਧੰਨ ਧੰਨ ਕਰੇਗਾ (ਤੇ ਅੱਗੇ ਜਾਕੇ) ਉਸ ਹਰੀ ਦੀ ਦਰਗਾਹ ਵਿਚ (ਬੀ ਤੇਰਾ) ਮੂੰਹ ਉਜਲਾ ਹੋਵੇਗਾ। (ਪਰ) ਇਸ ਵਪਾਰ (ਨੂੰ ਕੋਈ) ਵਿਰਲਾ ਵਿਹਾਜਦਾ ਹੈ, ਨਾਨਕ ਉਸ (ਵਪਾਰੀ) ਦੇ ਸਦੀਵ ਕੁਰਬਾਨ ਹੈ (ਜੋ ਇਸਨੂੰ ਵਿਹਾਜੇ) ॥ ੫ ॥

ਚਰਨ ਸਾਧਕੇ ਧੋਇ ਧੋਇ ਪੀਉ ॥ ਅਰਪਿ ਸਾਧ ਕਉ ਅਪਨਾ ਜੀਉ॥ ਸਾਧ ਕੀ ਧੂਰਿ ਕਰਹੁ ਇਸਨਾਨੁ ॥ ਸਾਧ ਊਪਰਿ ਜਾਈਐ ਕੁਰਬਾਨੁ ॥ ਸਾਧ ਸੇਵਾ ਵਡਭਾਗੀ ਪਾਈਐ ॥ ਸਾਧ ਸੰਗਿ ਹਰਿ ਕੀਰਤਨੁ ਗਾਈਐ ॥ ਅਨਿਕ ਬਿਘਨ ਤੇ ਸਾਧੂ ਰਾਖੈ ॥ ਹਰਿ ਗੁਨ ਗਾਇ ਅੰਮ੍ਰਿਤ ਰਸੁ ਚਾਖੈ ॥ ਓਟ ਗਹੀ ਸੰਤਹ ਦਰਿ ਆਇਆ ॥ ਸਰਬ ਸੂਖ ਨਾਨਕ ਤਿਹ ਪਾਇਆ ॥੬॥

(ਕਿਉਂਕਿ ਨਾਮ ਦਾ ਸੌਦਾ ਸੰਤਾਂ ਦੇ ਘਰੋਂ ਮਿਲਦਾ ਹੈ, ਇਸ ਲਈ) ਸਾਧੂ ਦੇ ਚਰਨ ਧੋ ਧੋ ਕੇ ਪੀ, (ਅਰਥਾਤ) ਅਪਣਾ ਮਨ ਸਾਧੂ ਦੇ ਅਰਪਣ ਕਰ ਦੇਹ। ਸਾਧੂ ਦੀ ਧੂੜ ਵਿਚ ਇਸ਼ਨਾਨ ਕਰੋ, (ਅਰਥਾਤ) ਸਾਧੂ ਉਤੋਂ (ਹਰ ਤਰ੍ਹਾਂ) ਸਦਕੇ ਜਾਣਾ ਚਾਹੀਏ। (ਪਰ) ਸਾਧੂ ਦੀ ਸੇਵਾ ਵਡੇ ਭਾਗਾਂ ਕਰਕੇ ਪ੍ਰਾਪਤ ਹੁੰਦੀ ਹੈ। ਸਾਧੂ ਦੇ ਸੰਗ ਕਰਕੇ ਹਰੀ ਦਾ ਕੀਰਤਨ ਗਾਂਵੀਂਦਾ ਹੈ। (ਭਜਨ ਕਰਨ ਵਾਲੇ ਨੂੰ) ਸਾਧੂ ਅਨੇਕ ਵਿਘਨਾਂ ਤੋਂ ਬਚਾ ਲੈਂਦਾ ਹੈ (ਤੇ ਉਸ ਦੇ ਸੰਗ ਵਿਚ ਜੀਵ) ਹਰੀ ਦੇ ਗੁਣ ਗਾਉਂਦਾ ਹੈ (ਅਰ ਹਰੀ ਦੇ ਨਾਮ ਦਾ) ਅੰਮ੍ਰਿਤ ਰਸ ਚਖਦਾ ਹੈ। ਹੇ ਨਾਨਕ! (ਜਿਸਨੇ) ਸੰਤਾਂ ਦੀ ਓਟ ਲੈ ਲਈ (ਅਰ ਉਨ੍ਹਾਂ ਦੇ) ਦੁਆਰੇ ਆ ਪਿਆ, ਸਾਰੇ ਸੁਖ ਉਸ ਨੇ ਪਾ ਲਏ ॥ ੬ ॥

*(ਅ (ਪਰ) ਸ਼ਤ ਨੇ ਉਹ) ਰਾਮ ਨਾਮ ਰੂਪੀ ਵੱਖਰ ਸੰਤਾਂ ਦੇ ਘਰ ਵਿਚ ਪਾਇਆ ਹੋਇਆ ਹੈ ਤਾਂ ਤੇ ਓਥੋਂ ਮਿਲਦਾ ਹੈ। [ਪ੍ਰਾ:]। †ਮਨ ਅਰਪਨ ਕਰ, ਅਪਣਾ ਨਾਂ ਸਮਝ, ਜਦ ਮਨ ਅਪਣਾ ਨਾਂ ਰਿਹਾ ਤਦ ਸਕਲਪ ਵਿਕਲਪ ਕਿਸਤਰ੍ਹਾਂ ਕਰ ਸਕਦਾ ਹੈ ? ਸੰਤ ਨੇ ਉਸ ਵਿਚ ਨਾਮ ਪਾ ਦਿਤਾ ਸੋ ਮਨ ਦੇ ਬਦਲੇ ਨਾਮ ਮਿਲ ਗਿਆ।

‡ਬਿਖਿਆਂ ਰੂਪੀ ਜੰਜਾਲ, ਓਹ ਫਸੌਤੀਆਂ ਜੋ ਵਿਸ਼ੇ ਭੋਗਾਂ ਕਰਕੇ ਪੈਂਦੀਆਂ ਹਨ।

ਮਿਰਤਕ ਕਉ ਜੀਵਾਲਨਹਾਰ ॥ ਭੂਖੇ ਕਉ ਦੇਵਤ ਅਧਾਰ ॥ ਸਰਬ ਨਿਧਾਨ ਜਾਕੀ ਦ੍ਰਿਸਟੀ ਮਾਹਿ ॥ ਪੁਰਬ ਲਿਖੇ ਕਾ ਲਹਣਾ ਪਾਹਿ ॥ ਸਭੁ ਕਿਛੁ ਤਿਸਕਾ ਓਹੁ ਕਰਨੈ ਜੋਗੁ ॥ ਤਿਸੁ ਬਿਨੁ ਦੂਸਰ ਹੋਆ ਨ ਹੋਗੁ ॥ ਜਪਿ ਜਨ ਸਦਾ ਸਦਾ ਦਿਨੁ ਰੈਣੀ॥ਸਭ ਤੇ ਊਚ ਨਿਰਮਲ ਇਹ ਕਰਣੀ ॥ ਕਰਿ ਕਿਰਪਾ ਜਿਸ ਕਉ ਨਾਮੁ ਦੀਆ ॥ ਨਾਨਕ ਸੋ ਜਨੁ ਨਿਰਮਲੁ ਥੀਆ ॥ ੭ ॥

(ਪਰਮੇਸ਼ਰ) ਮੁਰਦੇ ਨੂੰ (ਬੀ) ਜੁਆ ਦੇਣ ਵਾਲਾ ਹੈ ਤੇ ਭੁੱਖੇ ਨੂੰ ਆਸਰਾ ਦਿੰਦਾ ਹੈ*। ਸਾਰੇ ਪਦਾਰਥਾਂ ਦੇ ਭੰਡਾਰ ਜਿਸ (ਪਰਮੇਸ਼ੁਰ) ਦੀ ਦ੍ਰਿਸ਼ਟੀ (ਮਾਤ੍ਰ) ਵਿਚ ਹਨ†, (ਉਸਤੋਂ ਜੀਵ) ਪੂਰਬਲੇ ਲਿਖੇ ਅਨੁਸਾਰ ਲਹਿਣਾ ਪ੍ਰਾਪਤ ਕਰਦੇ ਹਨ। ਸਭੋ ਕੁਝ ਉਸਦਾ ਹੈ, ਉਹ (ਸਭ ਕੁਝ) ਕਰਨੇ ਨੂੰ ਸਮਰਥ ਹੈ, ਉਸ ਤੋਂ ਬਿਨਾਂ (ਉਸ ਵਰਗਾ) ਦੂਸਰਾ ਕੋਈ (ਐਸਾ ਸਮਰਥ) ਨਾ ਹੋਇਆ ਹੈ ਤੇ ਨਾ ਹੋਵੇਗਾ। ਹੇ ਜਨ! ਦਿਨੇ ਰਾਤੀਂ (ਅਰਥਾਤ) ਨਿੱਤ ਨਿੱਤ (ਉਸਨੂੰ) ਸਿਮਰ, ਸਭ ਤੋਂ ਉੱਚੀ ਤੇ ਨਿਰਮਲ (ਪਵਿੱਤ੍ਰ) ਕਰਣੀ ਏਹੋ ਹਈ। ਹੇ ਨਾਨਕ! ਜਿਸਨੂੰ (ਉਸ ਪਰਮੇਸ਼ਰ ਨੇ) ਕ੍ਰਿਪਾ ਕਰਕੇ (ਅਪਣਾ) ਨਾਮ ਬਖਸ਼ਿਆ ਹੈ, ਉਹ ਪੁਰਖ ਨਿਰਮਲ (ਪਵਿਤ੍ਰ) ਹੋ ਗਿਆ ਹੈ ॥ ੭ ॥

ਜਾਕੈ ਮਨਿ ਗੁਰ ਕੀ ਪਰਤੀਤਿ ॥ ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥ ਭਗਤੁ ਭਗਤੁ ਸੁਨੀਐ ਤਿਹੁ ਲੋਇ ॥ ਜਾਕੈ ਹਿਰਦੈ ਏਕੋ ਹੋਇ॥ ਸਚੁ ਕਰਣੀ ਸਚੁ ਤਾਕੀ ਰਹਤ ॥ ਸਚੁ ਹਿਰਦੈ ਸਤਿ ਮੁਖਿ ਕਹਤ ॥ ਸਾਚੀ ਦ੍ਰਿਸਟਿ ਸਾਚਾ ਆਕਾਰੁ ॥ ਸਚੁ ਵਰਤੈ ਸਾਚਾ ਪਾਸਾਰੁ॥ ਪਾਰਬ੍ਰਹਮੁ ਜਿਨਿ ਸਚੁ ਕਰਿ ਜਾਤਾ॥ ਨਾਨਕ ਸੋ ਜਨੁ ਸਚਿ ਸਮਾਤਾ ॥ ੮ ॥ ੧੫ ॥

ਜਿਸ ਦੇ ਮਨ ਵਿਚ ਗੁਰੂ ਤੇ ਭਰੋਸਾ ਬੱਝ ਗਿਆ ਹੈ, ਉਸ ਪੁਰਖ ਦੇ ਚਿਤ ਵਿਚ ਹਰੀ ਪ੍ਰਭੂ ਆ ਬਿਰਾਜਦਾ ਹੈ। (ਹਾਂ) ਜਿਸਦੇ ਹਿਰਦੇ ਵਿਚ (ਉਹ) ਇਕੋ (ਹਰੀ) ਵਸ ਜਾਂਦਾ ਹੈ (ਉਹ) ਤਿੰਨਾਂ ਲੋਕਾਂ ਵਿਚ 'ਭਗਤ ਭਗਤ' ਕਰਕੇ ਸੁਣਿਆਂ ਜਾਂਦਾ ਹੈ‡। ਉਸਦੀ ਕਰਣੀ ਸੱਚ ਹੋ ਜਾਂਦੀ ਹੈ ਤ ਰਹਿਤ (ਬੀ) ਸੱਚ (ਹੋ ਜਾਂਦੀ ਹੈ✖), (ਉਸਦੇ) ਹਿਰਦੇ ਵਿਚ ਬੀ ਸੱਚ ਹੁੰਦਾ ਹੈ (ਤੇ) ਸਚ ਹੀ (ਉਹ) ਮੂੰਹੋਂ ਕਥਨ ਕਰਦਾ ਹੈ। (ਉਸਦੀ) ਦ੍ਰਿਸ਼ਟੀ (ਬੀ) ਸੱਚੀ (ਹੋ ਜਾਂਦੀ) ਹੈ ਤੇ ਸੱਚਾ ਹੀ ਰੂਪ (ਉਸ ਨੂੰ ਦਿੱਸਦਾ) ਹੈ✻। ਸੱਚ (ਵਿਚ ਹੀ ਉਹ) ਵਰਤਦਾ ਹੈ (ਤੇ ਉਸਦਾ) ਪਸਾਰਾ ਬੀ ਸੱਚ ਦਾ ਹੁੰਦਾ ਹੈ❦। ਹੇ ਨਾਨਕ! ਪਰਮੇਸ਼ੁਰ ਨੂੰ ਜਿਸਨੇ ਸੱਚ (ਸਰੂਪ) ਕਰਕੇ ਜਾਣ ਲਿਆਹੈ ਉਹ ਪੁਰਖ ਸਚ ਵਿਚ (ਹੀ) ਸਮਾ ਜਾਂਦਾ ਹੈ ॥ ੮ ॥ ੧੫ ॥

**ਨਿਰੁਕਤ**—ਕਲਾ—[ਸੰਸ:,]ਛੋਟਾ ਹਿੱਸਾ, ਕੋਈ ਹਿੱਸਾ।[ਹਿੰਦੀ]=ਸ਼ਕਤੀ, ਗੁਣ, ਹੁਨਰਆਦਿ।

ਬਿਰਥ—[ਸੰਸ:, ਵਜਥਾ] ਕਸ਼ਟ, ਦੁੱਖ, ਪੀੜ, ਤਕਲੀਫ਼।

ਟੂਟੀ ਗਾਢਨਹਾਰ—'ਟੁੱਟੀ ਗੰਢਣਹਾਰ' ਮੁਹਾਵਰਾ ਹੈ, ਵਿਛੁੜੇ ਨੂੰ ਮੇਲ ਲੈਣ ਵਾਲਾ, ਅਸੀਂ ਉਸ ਨਾਲ ਅਪਣੀ ਸਨੇਹ ਦੀ ਰੱਸੀ ਤੋੜੀ ਹੈ ਪਰ ਉਹ ਮੁੜ ਗੰਢਣ ਨੂੰ ਸਮਰਥ ਹੈ। (ਅ) ਟੁੱਟੀ ਗੰਢਣ

*ਐਉਂ ਬੀ ਲਾਉਣ ਦਾ ਜਤਨ ਕਰਦੇ ਹਨ—ਭੂ=ਪ੍ਰਿਥਵੀ, ਖੇ=ਅਕਾਸ਼, ਜੋ ਧਰਤੀ ਤੇ ਅਕਾਸ਼ ਨੂੰ ਆਸਰਾ ਦਿੰਦਾ ਹੈ।

†ਭਾਵ, ਜਿਸ ਪਰ ਕ੍ਰਿਪਾ ਦ੍ਰਿਸ਼ਟੀ ਨਾਲ ਤੱਕੇ ਉਸ ਨੂੰ ਏਹ ਨਿਧਾਨ ਮਿਲ ਜਾਂਦੇ ਹਨ।

‡ਭਾਵ ਪ੍ਰਸਿਧ ਹੋ ਜਾਂਦਾ ਹੈ।

✖ਭਾਵ ਅੰਤ੍ਰੀਵ ਰਹਿਤ (=ਧਾਰਨਾ) ਸੱਚ ਦੀ ਤੇ ਬਾਹਰ ਕਰਮ ਸੱਚ ਦੇ ਹੋ ਜਾਂਦੇ ਹਨ।

✻ਭਾਵ ਉਸ ਦੀ ਦ੍ਰਿਸ਼ਟੀ ਵਿਚ ਸਚਾ (=ਬ੍ਰਹਮ) ਹੁੰਦਾ ਹੈ ਤੇ ਸਾਰਾ ਰੂਪਵਾਨ ਨਜ਼ਾਰਾ ਬੀ ਉਸ ਨੂੰ ਬ੍ਰਹਮ ਰੂਪ ਦਿੱਸਦਾ ਹੈ।

❦ਉਸ ਦਾ ਫੈਲਾਉ ਭਾਵ ਕੰਮ ਕਾਜ, ਵਣਜ ਵਪਾਰ, ਲੈਣ ਦੇਣ ਜੋ ਕੁਝ ਵਰਤਣ ਵਿਵਹਾਰ ਹੈ ਸਭ ਸੱਚ ਦਾ ਹੁੰਦਾ ਹੈ।

ਦਾ ਮੁਹਾਵਰੇ ਦਾ ਅਰਥ ਉਮਰ ਟੁੱਟੀ ਨੂੰ ਫੇਰ ਗੰਢ ਦੇਣ ਦਾ ਬੀ ਹੈ।

ਗੋਪਾਲ–[ਸੰਸ:, ਗੋ=ਜ਼ਮੀਨ, ਪ੍ਰਿਥਵੀ+ਪਾਲ:=ਰਖਯਕ, ਮੁਹਾਫਿਜ਼] ਦੁਨੀਆਂ ਦਾ ਰਖਵਾਲਾ, ਅਕਾਲ ਪੁਰਖ (ਵਾਹਿਗੁਰੂ)।

ਬਿਰਥਾ–[ਸੰਸ: ਵਯਰਥੰ=ਬੇ-ਫਾਇਦਾ, ਬੇ-ਮਤਲਬ] ਫਜ਼ੂਲ, ਬੇਕਾਰ। ਭਾਵ ਹੈ ਸੱਖਣਾ, ਖਾਲੀ। ਗਤਿ–[ਦੇਖੋ ਪੰਨਾ ੯੧] ਮੁਕਤੀ, ਕਲਯਾਣ।

(ਅ) [ਸੰਸ:, ਧਾ:–ਗਮੑ=ਜਾਣਾ, ਪਹੁੰਚਣਾ]=ਲੰਘ ਜਾਹ (ਹੋਰਨਾਂ ਪਦਾਰਥਾਂ ਤੋਂ, ਯਾ ਛੱਡ ਦੇਹ ਪਦਾਰਥਾਂ ਦਾ ਮੋਹ ਤੇ ਜਪ ਕੇਵਲ ਇਕ ਨਾਮ)। [ਸੰਪ੍ਰ:।

ਬਿਖਿਆ–[ਸੰਸ:, ਵਿਸ਼ਯ:=ਪੰਜ ਇੰਦ੍ਰੀਆਂ ਅਤੇ ਉਹਨਾਂ ਦੇ ਆਨੰਦ ਭੋਗ। ਇਸਤ੍ਰੀ ਮੈਥੁਨ ਦਾ ਆਨੰਦ] ਵਿਸ਼ੇ ਭੋਗ; ਜਿਨ੍ਹਾਂ ਦਾ ਫਲ ਮਾੜਾ ਹੁੰਦਾ ਹੈ। ਬਿਖਿਆ ਜੰਜਾਲ=ਵਿਸ਼ਿਆਂ ਰੂਪੀ ਜੰਜਾਲ, ਓਹ ਫਸੌਤੀਆਂ ਜੋ ਵਿਸ਼ੇ ਭੋਗਾਂ ਕਰਕੇ ਪੈਂਦੀਆਂ ਹਨ।

ਸੋਇ–[ਸੰਸ:, ਸ਼ੋਭਾ=ਚਮਕ, ਖ਼ੂਬਸੂਰਤੀ] ਸੋਭਾ, ਤਾਰੀਫ, ਜਸ। ਸੋਭਾ ਹੋਵੇਗੀ।

[ਅਸਟਪਦੀ–ਸੋਲ੍ਹਵੀਂ]

**ਪ੍ਰਾਕ੍ਕਥਨ**–ਅਸਟਪਦੀ ੧੬ ਵਿਚ ਵਾਹਿਗੁਰੂ ਜੀ ਦਾ ਨਿਰਗੁਣ ਰੂਪ ਦੱਸਕੇ ਉਸ ਦੀ ਪ੍ਰਾਪਤੀ ਦਾ ਪ੍ਰਕਾਰ ਖੋਹਲਦੇ ਹਨ। ਕੋਈ ਭੁਲੇਵਾ ਨਾ ਰਹਿ ਜਾਵੇ ਕਿ ਉਪਾਸਨਾ ਸਰਗੁਣ ਦੀ ਸਿਖਾਲ ਰਹੇ ਹਨ ਕਿ ਨਿਰਗੁਣ ਦੀ ? ਇਸ ਕਰਕੇ ਸਲੋਕ ਵਿਚ ਹੀ ਰੂਪ ਰੇਖ, ਰੰਗ ਤੇ ਤ੍ਰੈਗੁਣਾਂ ਤੋਂ ਅਤੀਤ ਉਸ ਦੇ ਲੱਛਣ ਕਹਿ ਦਿਤੇ ਹਨ ਤੇ ਪਾਰਬ੍ਰਹਮ ਬੀ ਨਾਮ ਦੇਂਦੇ ਹਨ (ਅੰਕ ੧)। ਉਸ ਨੂੰ ਭੌਤਕ ਅਖਾਂ ਨਾਲ ਵੇਖਣਾ ਯਾ ਪਦਾਰਥਾਂ ਵਾਙੂ ਕਬਜ਼ੇ ਵਿਚ ਲੈ ਆਉਣਾ ਵਰਣਨ ਨਹੀਂ ਕਰਦੇ, ਉਸ ਨੂੰ 'ਬੁਝਣਾ' ਉਸ ਦੀ ਪ੍ਰਾਪਤੀ ਦੱਸਦੇ ਹਨ। ਫਿਰ ਉਸ ਨਿਰਗੁਣ ਦੀ ਪ੍ਰਾਪਤੀ ਦਾ ਵਸੀਲਾ ਕੋਈ ਸਰੀਰਕ ਸਾਧਨ ਨਹੀਂ ਦੱਸਦੇ ਪਰ ਉਸ ਦੀ ਅਨੁਗ੍ਰਹ ਤੇ ਦੱਸਦੇ ਹਨ, ਉਸ ਦੀ ਪ੍ਰਸੰਨਤਾ 'ਬੁਝਣੇ' ਦਾ ਅਸਲ ਵਸੀਲਾ ਹੈ। ਪ੍ਰਸੰਨਤਾ ਅਪਣੇ ਵੱਸ ਦੀ ਵਸਤੂ ਨਹੀਂ। ਉਸ ਦਾ ਕੀਹ ਤਰੀਕਾ ਹੈ ਪ੍ਰਾਪਤੀ ਦਾ ? ਤਾਂ ਫੁਰਮਾਉਂਦੇ ਹਨ, ਤੂੰ ਉਸ ਨੂੰ ਮਨ ਵਿਚ ਰਖ, ਤੇ ਮਨ ਵਿਚੋਂ ਹੋਰ ਦ੍ਰਿਸ਼ਟਮਾਨੀ ਪ੍ਰੀਤਾਂ ਕੱਢ ਦੇਹ। ਕਿਵੇਂ ਇਹ ਮਨ ਵਿਚ ਉਸ ਨੂੰ ਰੱਖਣਾ ਪ੍ਰਾਪਤ ਹੋਵੇ ? ਸਾਧੂ ਦਾ ਸੰਗ ਕਰ। ਈਸ਼੍ਵਰ ਅਨੁਗ੍ਰਹ ਲਈ ਉਸ ਨੂੰ ਮਨ ਵਿਚ ਧਾਰਨ ਕਰ, ਮਨ ਵਿਚ ਧਾਰਨ ਕਰਨ ਲਈ ਸਾਧੂ ਨਾਲ ਤੂੰ ਅਨੁਰਾਗ ਕਰ। ਇਸ ਦਾ ਫਲ ਸੁਖ ਹੋਵੇਗਾ। ਉਸ ਬੇਅੰਤ ਦਾ ਤੂੰ ਅੰਤ ਨਹੀਂ ਲੈ ਸਕੇਂਗਾ। ਇਥੇ ਅੰਕ ੨ ਮੁਕਦਾ ਹੈ।

ਅੰਕ ੩ ਵਿਚ ਉਸ ਨੂੰ ਬੇਅੰਤ ਦੱਸਦੇ ਹੋਏ, ਕਰਤਾ ਤੇ ਪੂਰਨ ਫੇਰ ਅਲੇਪ ਦੱਸਦੇ ਹੋਏ ਨਾਮ ਦਾ ਉਪਦੇਸ਼ ਦਾਂਦੇ ਹਨ।

ਅੰਕ ੫ ਵਿਚ ਫੇਰ ਵਯਾਪਕ ਨਾਮ ਦਾ ਵੇਰਵਾ ਦੱਸਦੇ ਹਨ, ਜੋ ਨਾਮ ਅਸਾਂ ਜਪਣਾ ਹੈ ਉਹ ਵਯਾਪਕ ਨਾਮ ਨਾਲ ਜੋੜ ਦੇਂਦਾ ਹੈ, ਜਿਸ ਤੋਂ ਤੁਰੀਆ ਪਦ ਵਿਚ ਨਾਮੀ ਪੁਰਖ ਪਹੁੰਚ ਜਾਂਦਾ ਹੈ।

ਅੰਕ ੮ ਵਿਚ ਉਸ ਰੂਪ ਰੇਖ ਰੰਗ ਤੋਂ ਨਯਾਰੇ ਦਾ ਸਰੂਪ ਦੱਸਿਆ ਹੈ ਕਿ ਓਹ ਰੂਪ ਰੇਖ ਰੰਗ ਨਾ ਹੋਣ ਕਰਕੇ ਮਾਦੀ ਯਾ ਪ੍ਰਕ੍ਰਿਤੀ ਦੀਆਂ ਵਸਤਾਂ ਵਾਙੂ 'ਅਣਹੋਂਦ' ਨਹੀਂ, ਉਸ ਦਾ ਸਰੂਪ 'ਹੋਂਦ' ਹੈ। ਉਸ ਨੂੰ ਆਪ ਜੀ ਨੇ ਏਥੇ 'ਸਤਿ' ਕਰਕੇ ਕਿਹਾ ਹੈ। ਚੂੰਕਿ ਉਸ ਦਾ ਰੂਪ ਸਤਯ ਹੈ, ਉਸ ਦਾ ਸਤਯ ਨਾਮ ਹੀ ਜੀਵਾਂ ਨੂੰ ਸਤਯ ਵਿਚ ਲੈ ਜਾਂਦਾ ਹੈ ਪਰ ਇਹ ਵਿਸ਼ਵਾਸ਼ ਗੁਰੂ ਤੋਂ ਮਿਲਦਾ ਹੈ, ਸੋ ਅੰਕ ੭ ਵਿਚ ਦੱਸਿਆ ਹੈ ਕਿ ਗੁਰੂ, ਸੰਤ, ਕਿ ਸਾਧੂ ਸਤਿ' ਸਰੂਪ ਦਾ ਉਪਦੇਸ਼ ਕਰਦੇ ਹਨ ਓਹ 'ਸੱਤਯ' ਤੇ

'ਅਸਤਯ' ਨਿਖੇੜ ਕੇ ਨਿਰੂਪਣ ਕਰ ਦੇਂਦੇ ਹਨ। ਇਉਂ ਇਸ ਉਪਦੇਸ਼ ਵਿਚ ਨਾਮ ਜਪਦੇ ਨਿਰਗੁਣ ਦੇ ਉਪਾਸ਼ਕ ਘਾਲ ਕਰਦੇ ਹਨ।

ਅੰਕ ਅਠ ਵਿਚ ਦੱਸਦੇ ਹਨ ਕਿ ਉਸ ਘਾਲੀ ਨੂੰ ਫਲ ਕੀ ਮਿਲਦਾ ਹੈ।

ਸਲੋਕੁ॥ ਰੂਪੁ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ॥ ਤਿਸਹਿ ਬੁਝਾਏ ਨਾਨਕਾ ਜਿਸੁ ਹੋਵੈ ਸੁ ਪ੍ਰਸੰਨ॥੧॥

(ਭਾਵੇਂ) ਪ੍ਰਭੂ ਦਾ ਰੂਪ ਨਹੀਂ, ਚਿੰਨ੍ਹ ਨਹੀਂ, (ਕੋਈ) ਰੰਗ ਨਹੀਂ, (ਉਹ ਤਾਂ) ਤਿੰਨਾਂ ਗੁਣਾਂ ਤੋਂ ਹੀ ਪਰੇ ਹੈ* (ਪਰ) ਜਿਸ ਉਤੇ ਆਪ ਪ੍ਰਸੰਨ ਹੋ ਜਾਵੇ ਉਸ ਨੂੰ (ਅਪਣਾ ਆਪ) ਲਖਾ ਦਿੰਦਾ ਹੈ॥੧॥

ਅਸਟਪਦੀ॥ ਅਬਿਨਾਸੀ ਪ੍ਰਭੁ ਮਨ ਮਹਿ ਰਾਖੁ॥ ਮਾਨੁਖ ਕੀ ਤੂ ਪ੍ਰੀਤਿ ਤਿਆਗੁ॥ ਤਿਸਤੇ ਪਰੈ ਨਾਹੀ ਕਿਛੁ ਕੋਇ॥ ਸਰਬ ਨਿਰੰਤਰਿ ਏਕੋ ਸੋਇ॥ ਆਪੇ ਬੀਨਾ ਆਪੇ ਦਾਨਾ॥ ਗਹਿਰ ਗੰਭੀਰੁ ਗਹੀਰੁ ਸੁਜਾਨਾ॥ ਪਾਰਬ੍ਰਹਮ ਪਰਮੇਸੁਰ ਗੋਬਿੰਦ॥ ਕ੍ਰਿਪਾਨਿਧਾਨ ਦਇਆਲ ਬਖਸੰਦ॥ ਸਾਧ ਤੇਰੇ ਕੀ ਚਰਨੀ ਪਾਉ॥ ਨਾਨਕ ਕੈ ਮਨਿ ਇਹੁ ਅਨਰਾਉ॥੧॥

(ਹੇ ਜੀਵ) ਨਾਸ਼ ਤੋਂ ਰਹਿਤ ਪ੍ਰਭੂ ਨੂੰ ਮਨ ਵਿਚ ਯਾਦ ਰਖ (ਤੇ) ਮਾਨੁਖ ਦੀ ਪ੍ਰੀਤਿ ਨੂੰ ਤੂੰ (ਮਨੋਂ) ਵਿਸਾਰ ਦੇਹ। ਉਸ (ਪ੍ਰਭੂ) ਤੋਂ ਪਰੇ ਨਾ ਕੁਛ (ਪਦਾਰਥ ਜਾਂ ਵਸਤੂ ਹੈ) ਨਾ ਕੋਇ (=ਕੋਈ ਚੇਤਨ ਸਤਯਾ ਵਾਲਾ ਵਜੂਦ) ਹੈ†, ਸਭ (ਵਿਚ) ਅੰਤਰੇ ਤੋਂ ਰਹਿਤ (ਇਕ ਰਸ ਤੇ ਲਗਾਤਾਰ) ਇਕ ਉਹੋ (ਆਪ ਹੀ) ਹੈ, (ਉਹ) ਆਪ ਹੀ ਦੇਖਣਹਾਰ ਹੈ ਤੇ ਆਪ ਹੀ ਜਾਣਨਹਾਰ ਹੈ, (ਜਾਣਨ ਵਾਲਾ ਉਹ ਮਾਮੂਲੀ ਨਹੀਂ ਪਰ) ਸੁਜਾਨ ਹੈ, ਗਹਿਰ ਗੰਭੀਰ ਹੈ ਤੇ ਗਹੀਰ ਹੈ। (ਬੇਨਤੀ-)ਹੇ ਪਾਰਬ੍ਰਹਮ! ਪਰਮੇਸ਼ੁਰ, ਹੇ ਗੋਬਿੰਦ, ਹੇ ਕ੍ਰਿਪਾ ਦੇ ਸਮੁੰਦਰ, ਹੇ ਦਿਆਲੂ ਤੇ ਬਖਸ਼ਣੇ ਹਾਰੇ! ਨਾਨਕ ਦੇ ਮਨ ਵਿਚ ਇਹ ਪ੍ਰੇਮ ਹੈ, ਕਿ (ਮੈਂ) ਤੇਰੇ ਸਾਧੂ ਦੀ ਚਰਨੀਂ ਪਵਾਂ॥੧॥

ਮਨਸਾ ਪੂਰਨ ਸਰਨਾ ਜੋਗ॥ ਜੋ ਕਰਿ ਪਾਇਆ ਸੋਈ ਹੋਗੁ॥ ਹਰਨ ਭਰਨ ਜਾਕਾ ਨੇਤ੍ਰ ਫੋਰੁ॥ ਤਿਸ ਕਾ ਮੰਤ੍ਰੁ ਨ ਜਾਨੈ ਹੋਰੁ॥ ਅਨਦ ਰੂਪ ਮੰਗਲ ਸਦ ਜਾ ਕੈ॥ ਸਰਬ ਥੋਕ ਸੁਨੀਅਹਿ ਘਰਿ ਤਾ ਕੈ॥ ਰਾਜ ਮਹਿ ਰਾਜੁ ਜੋਗ ਮਹਿ ਜੋਗੀ॥ ਤਪ ਮਹਿ ਤਪੀਸਰੁ ਗ੍ਰਿਹਸਤ ਮਹਿ ਭੋਗੀ॥ ਧਿਆਇ ਧਿਆਇ ਭਗਤਹ ਸੁਖੁ ਪਾਇਆ॥ ਨਾਨਕ

(ਉਹ ਪ੍ਰਭੂ) ਮਨ ਦੀਆਂ ਵਾਸ਼ਨਾਂ ਪੂਰਨ ਕਰਨੇ ਵਾਲਾ ਅਰ ਸ਼ਰਣ ਲੈਣੇ ਦੇ ਜੋਗ ਹੈ, ਉਹੋ ਕੁਛ ਹੋਵੇਗਾ ਜੋ (ਕੁਛ ਉਸਨੇ ਹੋਣ ਲਈ ਮੁਕੱਰਰ) ਕਰਕੇ ਪਾ ਦਿੱਤਾ ਹੈ। ਜਿਸਦੇ ਨੇਤ੍ਰ ਫਰਕਣ (ਮਾਤ੍ਰ ਨਾਲ ਸ੍ਰਿਸ਼ਟੀ) ਦਾ ਨਾਸ਼ ਤੇ ਉਤਪਤੀ (ਹੋ ਸਕਦੀ) ਹੈ, ਉਸਦੇ ਮੰਤ੍ਰ (ਸਲਾਹ) ਨੂੰ (ਉਸ ਤੋਂ ਬਿਨਾਂ) ਹੋਰ (ਕੋਈ) ਨਹੀਂ ਜਾਣਦਾ। (ਆਪ) ਆਨੰਦ ਰੂਪ ਹੈ, ਅਰ ਉਸਦੇ (ਘਰ) ਸਦਾ ਖੁਸ਼ੀਆਂ ਹੈਨ। ਉਸਦੇ ਘਰ ਸਾਰੇ ਪਦਾਰਥ ਸੁਣੀਦੇ ਹਨ। (ਹਾਂ) ਜੋ ਰਾਜ ਵਿਚ ਰਾਜਾ, ਜੋਗ ਵਿਚ ਜੋਗੀ, ਤਪ ਵਿਚ ਤਪੀਸ਼ੁਰ ਤੇ ਗ੍ਰਿਹਸਥ ਵਿਚ ਗ੍ਰਿਹਸਥੀ ਹੈ। (ਉਸਨੂੰ) ਧਿਆਇ ਧਿਆਇ ਕੇ ਭਗਤਾਂ ਨੇ ਸੁਖ ਪਾਇਆ ਹੈ, (ਪਰ) ਉਸ (ਪੂਰਨ) ਪੁਰਖ ਦਾ ਕਿਸੇ ਅੰਤ

*ਭਾਵ ਉਹ ਨਿਰਗੁਣ ਹੈ, ਉਸ ਦਾ ਕੋਈ ਰੂਪ ਨਹੀਂ, ਪਰ ਅੰਕ ਛੇ ਵਿਚ ਜਾਕੇ ਉਸ ਦਾ ਰੂਪ ਦੱਸ ਦਿਤਾ ਹੈ; ਉਹ ਹੈ 'ਸਤਯ' ਜੋ 'ਹੈ' ਹੈ, 'ਅਨਹੋਂਦ' ਨਹੀਂ।

†ਅਥਵਾ ਉਸ ਤੋਂ ਪਰੇ ਕੁਛ ਕਰਨੇ ਵਾਲਾ ਨਹੀਂ।

ਤਿਸੁ ਪੁਰਖ ਕਾ ਕਿਨੈ ਅੰਤੁ ਨ ਪਾਇਆ ॥ ੨ ॥

ਨਹੀਂ ਪਾਇਆ*, (ਫੁਰਮਾਉਂਦੇ ਹਨ ਗੁਰੂ) ਨਾਨਕ (ਦੇਵ ਜੀ) ॥ ੨ ॥

ਜਾਕੀ ਲੀਲਾ ਕੀ ਮਿਤਿ ਨਾਹਿ ॥ ਸਗਲ ਦੇਵ ਹਾਰੇ ਅਵਗਾਹਿ ॥ ਪਿਤਾ ਕਾ ਜਨਮੁ ਕਿ ਜਾਨੈ ਪੂਤੁ ॥ ਸਗਲ ਪਰੋਈ ਅਪੁਨੈ ਸੂਤਿ ॥ ਸੁਮਤਿ ਗਿਆਨੁ ਧਿਆਨੁ ਜਿਨ ਦੇਇ ॥ ਜਨ ਦਾਸ ਨਾਮੁ ਧਿਆਵਹਿ ਸੇਇ ॥ ਤਿਹੁ ਗੁਣ ਮਹਿ ਜਾਕਉ ਭਰਮਾਏ ॥ ਜਨਮਿ ਮਰੈ ਫਿਰਿ ਆਵੈ ਜਾਏ ॥ ਊਚ ਨੀਚ ਤਿਸਕੇ ਅਸਥਾਨ ॥ ਜੈਸਾ ਜਨਾਵੈ ਤੈਸਾ ਨਾਨਕ ਜਾਨ ॥ ੩ ॥

ਜਿਸ ਪ੍ਰਭੂ ਦੀ (ਸ੍ਰਿਸ਼ਟੀ ਰਚਨਾਂ ਵਾਲੀ) ਲੀਲਾ (ਖੇਲ ਹੀ) ਅਮਿਤ ਹੈ†, (ਉਹ ਆਪ ਇਤਨਾ ਅਮਿਤ ਹੈ ਕਿ ਮਾਨੁਖ ਕੀ) ਸਾਰੇ ਦੇਵਤੇ (ਉਸਦਾ) ਵੀਚਾਰ ਕਰਦੇ ਥੱਕ ਗਏ ਹਨ (ਪਰ ਸਮਝ ਨਹੀਂ ਸਕੇ, ਕਿਉਂਕਿ ਓਹ ਕੀਤੇ ਹੋਏ ਸਨ ਤੇ ਕਰਤਾਰ ਪਿਤਾ ਸੀ) ਪਿਤਾ ਦਾ ਜਨਮ ਪੁੱਤ੍ਰ ਕਿਵੇਂ ਜਾਣ ਸਕਦਾ ਹੈ? ਸਾਰੀ (ਸ੍ਰਿਸ਼ਟੀ ਉਸ ਕਰਨਹਾਰ ਪਿਤਾ ਨੇ) ਆਪਣੇ (ਹੁਕਮ ਯਾ ਸੱਤਾ ਰੂਪੀ) ਸੂਤ ਵਿਚ ਪਰੋਈ ਹੋਈ ਹੈ (ਅਤੇ) ਜਿਨ੍ਹਾਂ ਨੂੰ (ਉਹ) ਨੇਕ ਬੁੱਧੀ ਗਿਆਨ ਤੇ ਧਿਆਨ ਬਖਸ਼ਦਾ ਹੈ ਓਹੋ (ਉਸਦੇ) ਦਾਸ (ਭਾਵ ਵਿਚ ਰਹਿੰਦੇ ਹਨ ਤੇ) ਨਾਮ ਧਿਆਉਂਦੇ (ਉਸਦੇ ਅਪਣੇ) ਜਨ (ਕਹਾਉਂਦੇ) ਹਨ। (ਪਰ) ਜਿਸਨੂੰ (ਉਹ) ਤਿੰਨਾਂ ਗੁਣਾਂ ਵਿਚ ਭਰਮਾਉਂਦਾ ਹੈ, ਓਹ ਜੰਮਦਾ ਮਰਦਾ ਤੇ ਫੇਰ ਆਉਂਦਾ ਜਾਂਦਾ ਹੈ। (ਸੋ) ਉਚੇ ਨੀਵੇਂ ਥਾਉਂ (ਸਭ) ਉਸੇ ਦੇ ਹਨ‡, ਜੈਸਾ (ਜਿਸਨੂੰ ਓਹ) ਜਣਾਉਂਦਾ ਹੈ, ਹੇ ਨਾਨਕ ! ਤੈਸਾ (ਕੋਈ) ਜਾਣਦਾ ਹੈ ॥ ੩ ॥

ਨਾਨਾ ਰੂਪ ਨਾਨਾ ਜਾਕੇ ਰੰਗ ॥ ਨਾਨਾ ਭੇਖ ਕਰਹਿ ਇਕ ਰੰਗ ॥ ਨਾਨਾ ਬਿਧਿ ਕੀਨੋ ਬਿਸਥਾਰੁ ॥ ਪ੍ਰਭੁ ਅਬਿਨਾਸੀ ਏਕੰਕਾਰੁ ॥ ਨਾਨਾ ਚਲਿਤ ਕਰੇ ਖਿਨ ਮਾਹਿ ॥ ਪੂਰਿ ਰਹਿਓ ਪੂਰਨੁ ਸਭ ਠਾਇ ॥ ਨਾਨਾਬਿਧਿ ਕਰਿ ਬਨਤ ਬਨਾਈ

ਜਿਸ (ਪ੍ਰਭੂ) ਦੇ ਕਈ ਰੰਗ ਹਨ ਤੇ ਕਈ ਰੂਪ ਹਨ ( ਉਹ ) ਕਈ ਭੇਖ ਧਾਰਦਾ (ਹੋਇਆ ਫੇਰ ਆਪਣੇ ਹੀ) ਇਕ ਰੰਗ (ਵਿਚ) ਰਹਿੰਦਾ ਹੈ। (ਭਾਵੇਂ ਉਸ) ਪ੍ਰਭੂ ਨੇ ਅਨੇਕ ਤਰਾਂ ਨਾਲ (ਅਪਣੀ ਰਚਨਾਂ ਦਾ) ਫੈਲਾਉ ਕੀਤਾ ਹੋਇਆ ਹੈ, (ਪਰ ਫੇਰ ਉਹ ਆਪ ਸਦਾ) ਇਕੋ ਇਕ ਪ੍ਰਭੂ ਹੈ ਤੇ ਨਾਸ਼ ਤੋਂ ਰਹਿਤ ਹੈ। (ਉਹ) ਅਨੇਕਾਂ ਕੌਤਕ ਪਲ ਵਿਚ ਕਰ ਲੈਂਦਾ ਹੈ (ਕਿਉਂਕਿ ਉਹ) ਪੂਰਨ =ਪਰਮਾਤਮਾ) ਸਭ ਥਾਈਂ ਪੂਰ ਰਿਹਾ ਹੈ (ਵਜ਼ਾਪਕ ਹੈ। ਭਾਵੇਂ) ਅਨੇਕਾਂ ਜੁਗਤਾਂ ਕਰਕੇ (ਸੰਸਾਰ ਦੀ ਉਸਨੇ) ਰਚਨਾ ਬਣਾਈ ਹੈ, (ਪਰ ਉਸਦੀ ਕੀਮਤ ਕੋਈ ਨਹੀਂ ਪਾ ਸਕਿਆ, ਹਾਂ)

---

*ਭਾਵ, ਤੂੰ ਹਰ ਰੰਗ ਹਰ ਜਾ ਵਿਚ ਵਜ਼ਾਪਕ ਪੂਰਨ ਤੇ ਵੱਸਣੇ ਹਾਰ ਹੈਂ ਤੇਰਾ ਅੰਤ ਨਹੀਂ ਲੱਭਦਾ, ਪਰ ਭਗਤਾਂ ਨੇ ਤੈਨੂੰ ਧਿਆਕੇ ਸੁਖ ਪਾ ਲਿਆ ਹੈ। (ਅ) ਪਹਿਲੀਆਂ ਦੋਹਾਂ ਤੁਕਾਂ ਵਿਚ ਕ੍ਰਿਯਾ ਪਦ ਨਾ ਹੋਣ ਕਰਕੇ ਇਹ ਭਾਵ ਬੀ ਲਿਆ ਜਾ ਸਕਦਾ ਹੈ:-ਰਾਜ ਵਿਚ ਰਾਜੇ ਨੇ, ਜੋਗ ਵਿਚ ਜੋਗੀ ਨੇ, ਤਪ ਵਿਚ ਤਪੀਸਰ ਨੇ, ਗ੍ਰਿਹਸਤ ਵਿਚ ਗ੍ਰਿਹਸਤੀ ਨੇ (ਜੋ ਜੋ ਭਗਤੀ ਵਾਲੇ) ਭਗਤ (ਜਿਥੇ ਜਿਥੇ ਹੋਏ ਹਨ ਸਭ ਨੇ ਉਸ ਨੂੰ) ਧਿਆਇ ਧਿਆਇ ਕੇ (ਆਤਮ) ਸੁਖ ਪਾ ਲਿਆ ਹੈ।

†ਅੰਦਾਜ਼ਾ ਨਹੀਂ ਲਗ ਸਕਦਾ।

‡'ਸੁਮਤਿ ਗਿਆਨ ਧਿਆਨੁ'-ਇਹ ਉੱਚਾ ਟਿਕਾਣਾ ਹੈ। 'ਤਿਹੁੰ ਗੁਣਾਂ ਵਿਚ ਭ੍ਰਮਣ' ਇਹ ਨੀਵਾਂ ਟਿਕਾਣਾ ਹੈ। ਸੋ ਜਿਹੜਾ ਟਿਕਾਣਾ ਜਿਸ ਨੂੰ ਜਣਾ ਦੇਂਦਾ ਹੈ, ਓਹੋ ਟਿਕਾਣਾ ਓਹ (ਚੰਗਾ) ਜਾਣ ਲੈਂਦਾ ਹੈ। (ਅ) ਨੀਵੀਂਆਂ ਜੂਨਾਂ=ਨੀਵਾਂ ਟਿਕਾਣਾ, ਮਨੁੱਖਾ ਜਨਮ=ਉੱਚਾ ਟਿਕਾਣਾ। ਫੇਰ ਦੂਜੀ ਤੁਕ ਦਾ ਅਰਥ ਐਉਂ ਲਗਦਾ ਹੈ, ਜਿਸ ਟਿਕਾਣੇ ਕਿਸੇ ਨੂੰ (ਜਨਾਵੈ=) ਪੈਦਾ ਕਰਦਾ ਹੈ (ਉਹ ਉਸ ਟਿਕਾਣੇ ਜਾਨ=) ਜਨਮਦਾ ਹੈ।

॥ ਅਪਨੀ ਕੀਮਤਿ ਆਪੇ ਪਾਈ ॥ ਸਭ ਘਟ ਤਿਸਕੇ ਸਭ ਤਿਸਕੇ ਠਾਉ ॥ ਜਪਿ ਜਪਿ ਜੀਵੈ ਨਾਨਕ ਹਰਿ ਨਾਉ ॥ ੪ ॥

ਆਪਣੀ ਕੀਮਤ (ਉਸਨੇ) ਆਪ ਹੀ ਪਾਈ ਹੈ। (ਗਲ ਕੀਹ) ਸਾਰੇ ਘਟ ਉਸਦੇ ਹਨ, ਸਾਰੇ ਟਿਕਾਣੇ (ਬੀ) ਉਸੇ ਦੇ ਹਨ, ਨਾਨਕ (ਉਸ) ਹਰੀ ਦਾ ਨਾਉਂ ਜਪ ਜਪਕੇ ਜੀਉਂਦਾ ਹੈ ॥ ੪ ॥

ਪ੍ਰਭੂ ਨੂੰ ਕੀਮਤ ਕੂਤ ਤੋਂ ਪਰੇ ਦੱਸਕੇ, ਉਸ ਦੇ ਨਾਮ ਨੂੰ ਇਨਸਾਨ ਦੀ ਪਹੁੰਚ ਵਿਚ ਦੱਸਕੇ, ਆਪਣਾ ਇਸ ਵਿਚ ਲਗਾਉ ਦੱਸਕੇ ਹੁਣ ਉਸ ਨਾਮ ਦਾ ਮਹਾਤਮ ਤੇ ਜਿਵੇਂ ਉਹ ਨਾਮੀ ਵਿਚ ਜੀਵਾਂ ਨੂੰ ਲੈ ਜਾਂਦਾ ਹੈ ਉਸ ਦਾ ਪ੍ਰਕਾਸ਼ ਦੱਸਦੇ ਹਨ:-

ਨਾਮ ਕੇ ਧਾਰੇ ਸਗਲੇ ਜੰਤ ॥ ਨਾਮ ਕੇ ਧਾਰੇ ਖੰਡ ਬ੍ਰਹਮੰਡ ॥ ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥ ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥ ਨਾਮ ਕੇ ਧਾਰੇ ਆਗਾਸ ਪਾਤਾਲ ॥ ਨਾਮ ਕੇ ਧਾਰੇ ਸਗਲ ਆਕਾਰ ॥ ਨਾਮ ਕੇ ਧਾਰੇ ਪੁਰੀਆ ਸਭ ਭਵਨ॥ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ ॥ ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ॥ ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ ॥ ੫ ॥

ਸਭ (ਜੀਅ) ਜੰਤ ਨਾਮ ਦੇ ਧਾਰੇ ਹੋਏ ਹਨ। (ਸਾਰੇ) ਬਹਮੰਡ (ਤੇ ਉਨ੍ਹਾਂ ਦੇ) ਖੰਡ (ਹਿੱਸੇ) ਨਾਮ ਦੇ ਧਾਰੇ (ਹੋਏ ਹੀ) ਹਨ। ਸਿਮ੍ਰਤੀਆਂ ਵੇਦ ਤੇ ਪੁਰਾਣ (ਸਭ) ਨਾਮ ਦੇ ਧਾਰੇ (ਹੋਏ) ਹਨ। ਗਿਆਨ (ਮਾਰਗ ਦੇ) ਸ੍ਰਵਣ, (ਮਨਨ, ਨਿਦਧ੍ਯਾਸਨ ਆਦਿ ਅਤੇ ਜੋਗ ਮਾਰਗ ਦੇ) ਧਿਆਨ (ਆਦਿ ਸਭ) ਨਾਮ ਦੇ ਧਾਰੇ (ਹੋਏ) ਹਨ। ਅਕਾਸ਼ ਪਤਾਲ (ਸਭ) ਨਾਮ ਦੇ ਧਾਰੇ (ਹੋਏ) ਹਨ। (ਇਨ੍ਹਾਂ ਵਿਚ ਵੱਸਣ ਵਾਲੇ) ਸਾਰੇ ਸਰੂਪ ਨਾਮ ਦੇ ਧਾਰੇ (ਹੋਏ) ਹਨ। ਨਾਮ ਦੇ ਧਾਰੇ (ਹੋਏ) ਹਨ ਸਾਰੀਆਂ ਪੁਰੀਆਂ ਤੇ ਭਵਨ (ਲੋਕ*)। (ਨਾਮ ਹੀ ਨੂੰ) ਕੰਨੀਂ ਸੁਣਕੇ (ਤੇ) ਨਾਮ ਦੇ ਹੀ ਸੰਗ ਨਾਲ (ਭਾਵ ਸਿਮਰਨ ਕਰਨ ਨਾਲ ਅਨੇਕਾਂ ਲੋਕੀਂ) ਤਰ ਗਏ ਹਨ। (ਸੋ ਪਰਮੇਸ਼ੁਰ) ਕ੍ਰਿਪਾ ਕਰਕੇ ਜਿਸ ਨੂੰ ਅਪਣੇ ਨਾਮ ਵਿਚ ਲਾ ਲਵੇ, ਉਹ ਪੁਰਖ ਚੌਥੇ ਪਦ ਵਿਚ (ਪਹੁੰਚਕੇ) ਮੁਕਤੀ ਪਾ ਲੈਂਦਾ ਹੈ, ਹੇ ਨਾਨਕ ! ॥ ੫ ॥

ਹੁਣ ਨਾਮੀ ਦਾ ਸਰੂਪ ਤੇ ਕਰਨੀ ਤੇ ਉਸ ਦੇ ਨਾਮ ਦਾ ਪ੍ਰਤਾਪ ਕਥਨ ਕਰਦੇ ਹਨ:-

ਰੂਪ ਸਤਿ ਜਾਕਾ ਸਤਿ ਅਸਥਾਨੁ॥ ਪੁਰਖੁ ਸਤਿ ਕੇਵਲ ਪਰਧਾਨੁ ॥ ਕਰਤੂਤਿ ਸਤਿ ਸਤਿ ਜਾਕੀ ਬਾਣੀ ॥ਸਤਿ ਪੁਰਖ ਸਭ ਮਾਹਿ ਸਮਾਣੀ॥ ਸਤਿ ਕਰਮੁ ਜਾਕੀ ਰਚਨਾ ਸਤਿ ॥ ਮੂਲੁ ਸਤਿ ਸਤਿ ਉਤਪਤਿ ॥ ਸਤਿ

ਸਤਿ ਹੈ ਜਿਸ ਦਾ ਰੂਪ ਤੇ ਸਤਿ (ਹੀ) ਹੈ (ਜਿਸਦਾ) ਅਸਥਾਨ, ਕੇਵਲ (ਓਹੋ) ਸਤਿ ਪੁਰਖ (ਹੈ ਤੇ ਉਹ ਪੁਰਖ ਹੀ) ਪ੍ਰਧਾਨ ਹੈ†। ਉਸ ਦੀ ਕਰਣੀ ਸੱਤਿ ਹੈ ਤੇ ਬਾਣੀ ਬੀ ਸੱਤਿ ਹੈ। (ਉਹੀ) ਸਤਿ ਪੁਰਖ ਸਭ ਵਿਚ ਸਮਾ ਰਿਹਾ ਹੈ। ਜਿਸਦਾ ਕਰਮ (ਬੀ) ਸਤਿ ਤੇ ਰਚਨਾ ਬੀ ਸਤਿ ਹੈ, (ਓਹ ਆਪ) ਕਾਰਨ (ਰੂਪ ਬੀ) ਸੱਤਿ (ਤੇ ਉਸਦੀ) ਉਤਪਤੀ (ਕਾਰਜ ਰੂਪ ਬੀ) ਸੱਤਿ ਹੈ। (ਉਸਦੀ ਇਹ) ਕਰਣੀ ਸੱਤਜ ਹੈ ਤੇ

---

*ਯਾ ਸਾਰੀਆਂ ਪੁਰੀਆਂ ਤੇ ਸਾਰੇ ਲੋਕ। ਉਦ ਪੁਰੀਆਂ ਸੱਤ ਤੇ ਲੋਕ ਚੌਦਾਂ ਦੱਸਦੇ ਹਨ। (ਅ) ਭਵਨ=ਗ੍ਰਿਹ ਜੋ ਹੈ।

†ਸਾਂਖ ਯੋਗ ਨੇ 'ਪੁਰਖ' ਤੇ 'ਪ੍ਰਧਾਨ' ਮੰਨੇ ਹਨ ਜੋ ਦੋਵੇਂ ਨਿੱਤ ਕਹੇ ਹਨ। ਪਰਖ=ਰੂਹ।ਪ੍ਰਧਾਨ=ਮਾਦਾ। ਉਨ੍ਹਾਂ ਨੇ ਪ੍ਰਧਾਨ ਨੂੰ ਜਗਤ ਦਾ ਮੂਲ ਕਾਰਣ ਮੰਨਿਆਂ ਹੈ, ਗੁਰੂ ਜੀ ਦੱਸਦੇ ਹਨ ਕਿ ਕੇਵਲ 'ਸੱਤਜ' ਅਰਥਾਤ ਸਦਾ ਥਿਰ ਪਰਮਾਤਮਾਂ ਹੀ 'ਪੁਰਖ' ਹੈ, ਉਹੀ 'ਪ੍ਰਧਾਨ' ਹੈ, ਭਾਵ ਅਕਾਲ ਪੁਰਖ ਹੀ ਜਗਤ ਦਾ ਕਰਤਾ ਤੇ ਕਾਰਣ ਹੈ, ਉਸੇ ਨੇ ਆਪੇ ਆਪਣੇ ਆਪ ਤੋਂ ਜਗਤ ਰਚਿਆ ਹੈ। (ਅ) ਐਉਂ ਬੀ ਕਰ ਲੈਂਦੇ ਹਨ-ਅਕਾਲ ਪੁਰਖ ਸੱਤਿ ਹੈ ਤੇ ਇਕੱਲਾ ਉਹੋ ਸਭ ਤੋਂ ਸ੍ਰੇਸ਼ਟ ਹੈ।

ਕਰਣੀ ਨਿਰਮਲ ਨਿਰਮਲੀ ॥ ਜਿਸਹਿ ਬੁਝਾਏ ਤਿਸਹਿ ਸਭ ਭਲੀ ॥ ਸਤਿਨਾਮੁ ਪ੍ਰਭ ਕਾ ਸੁਖਦਾਈ ॥ ਬਿਸ੍ਵਾਸੁ ਸਤਿ ਨਾਨਕ ਗੁਰ ਤੇ ਪਾਈ ॥ ੬ ॥

ਨਿਰਮਲ ਤੋਂ ਨਿਰਮਲ ਹੈ* । (ਪਰ) ਜਿਸਨੂੰ ਬੁਝਾਵੇ ਉਸਨੂੰ (ਇਹ ਗਲ) ਚੰਗੀ ਤਰ੍ਹਾਂ (ਸਮਝੇ ਪੈ ਜਾਂਦੀ ਹੈ । ਉਸ ਸਤਜ ਸਰੂਪ) ਪ੍ਰਭੂ ਦਾ 'ਸਤਿਨਾਮ' ਸੁਖਾਂ ਦਾ ਦਾਤਾ ਹੈ । (ਇਸ ਸਤਿਨਾਮ ਪਰ) ਸੱਚਾ ਨਿਸਚਾ ਗੁਰੂ ਤੋਂ ਪਾਈਦਾ ਹੈ (=ਪ੍ਰਾਪਤ ਕਰੀਦਾ ਹੈ†, ਫੁਰਮਾਉਂਦੇ ਹਨ) ਗੁਰੂ ਨਾਨਕ ॥੬॥

ਸਤਿ ਬਚਨ ਸਾਧੂ ਉਪਦੇਸ॥ ਸਤਿ ਤੇ ਜਨ ਜਾਕੈ ਰਿਦੈ ਪ੍ਰਵੇਸ ॥ ਸਤਿ ਨਿਰਤਿ ਬੂਝੈ ਜੇ ਕੋਇ ॥ ਨਾਮੁ ਜਪਤ ਤਾਕੀ ਗਤਿ ਹੋਇ ॥ ਆਪਿ ਸਤਿ ਕੀਆ ਸਭੁ ਸਤਿ ॥ ਆਪੇ ਜਾਨੈ ਅਪਨੀ ਮਿਤਿ ਗਤਿ ॥ ਜਿਸ ਕੀ ਸ੍ਰਿਸਟਿ ਸੁ ਕਰਣੈਹਾਰੁ ॥ ਅਵਰ ਨ ਬੂਝਿ ਕਰਤ ਬੀਚਾਰੁ ॥ ਕਰਤੇ ਕੀ ਮਿਤਿ ਨ ਜਾਨੈ ਕੀਆ ॥ ਨਾਨਕ ਜੋ ਤਿਸੁ ਭਾਵੈ ਸੋ ਵਰਤੀਆ ॥ ੭ ॥

ਸਾਧੂ ਦੇ ਉਪਦੇਸ਼ ਦੇ ਬਚਨ ਸੱਤਿ ਹਨ (ਤੇ) ਓਹ ਪੁਰਖ (ਬੀ) ਸਤਿ ਹਨ ਜਿਨ੍ਹਾਂ ਦੇ ਰਿਦੇ ਵਿਚ (ਇਨ੍ਹਾਂ ਬਚਨਾਂ ਦਾ) ਪ੍ਰਵੇਸ਼ ਹੋਯਾ ਹੈ। ਸਤਿ ਨੂੰ ਜੋ ਕੋਈ ਅਸਤਿ ਨਾਲੋਂ (ਨਿਖੇੜ ਕੇ) ਸਮਝ ਲਵੇ (ਤਾਂ) ਨਾਮ ਜਪਦਿਆਂ ਉਸਦੀ ਮੁਕਤੀ ਹੋ ਜਾਂਦੀ ਹੈ। ਆਪ (ਪ੍ਰਭੂ) ਸਤਿ ਹੈ, ਉਸਦਾ ਸਭ ਕੀਤਾ ਭੀ ਸਤਿ ਹੈ‡, (ਉਹ ਪ੍ਰਭੂ) ਆਪਣੀ ਗਤਿ ਮਿਤਿ ਨੂੰ ਆਪ ਹੀ ਜਾਣਦਾ ਹੈ। ਜਿਸਦੀ (ਸਾਜੀ ਹੋਈ) ਸ੍ਰਿਸ਼ਟੀ ਹੈ ਉਹ (ਆਪਣੇ ਆਪ ਹੀ ਇਸ ਦੀ) ਰਚਨਾ ਰਚਦਾ ਹੈ, (ਅਰਥਾਤ ਉਹ) ਹੋਰ ਕਿਸੇ ਨੂੰ ਪੁੱਛਕੇ (ਇਸਦੇ ਸਾਜਣ ਦੀ) ਵੀਚਾਰ (ਆਦਿ) ਨਹੀਂ ਕਰਦਾ। (ਕਿਉਂਕਿ ਹੋਰ ਸਾਰੇ ਕੀਤੇ ਹੋਏ ਹਨ ਤੇ ਕੋਈ) ਕੀਤਾ ਹੋਇਆ ਕਰਤੇ ਦੀ ਮਿਤ ਨੂੰ ਨਹੀਂ ਜਾਣ ਸਕਦਾ (ਤਾਂਤੇ) ਜੋ ਉਸ (ਕਰਤੇ) ਨੂੰ ਭਾਉਂਦਾ ਹੈ ਸੋਈ ਵਰਤਦਾ ਹੈ, ਹੇ ਨਾਨਕ ! ॥ ੭ ॥

ਪ੍ਰਸ਼ਨ ਹੁੰਦਾ ਹੈ ਕਿ ਫਿਰ ਉਸ ਸਤਿ ਸਰੂਪ ਨੂੰ ਜਾਣਨੇ ਦਾ ਲਾਹਾ ਕੀ ਹੈ ? ਉੱਤਰ:– ਵਿਸਮਾਦ ਦੁਆਰਾ ਲਿਵ ਤੇ ਪ੍ਰਭੂ ਵਿਚ ਪ੍ਰਾਪਤੀ। ਫੇਰ ਦਾਤਾ ਪਦਵੀ, ਜਿਸ ਨਾਲ ਜਗਤ ਦਾ ਉਧਾਰ ਹੁੰਦਾ ਹੈ।

ਬਿਸਮਨ ਬਿਸਮ ਭਏ ਬਿਸਮਾਦ ॥ ਜਿਨਿ ਬੂਝਿਆ ਤਿਸੁ ਆਇਆ ਸ੍ਵਾਦ ॥ ਪ੍ਰਭ ਕੈ ਰੰਗਿ ਰਾਚਿ ਜਨ ਰਹੇ ॥ ਗੁਰ ਕੈ ਬਚਨਿ ਪਦਾਰਥ ਲਹੇ ॥ ਓਇ ਦਾਤੇ ਦੁਖ ਕਾਟਨਹਾਰ ॥ ਜਾਕੈ ਸੰਗਿ ਤਰੈ ਸੰਸਾਰ ॥

ਜਿਨ੍ਹਾਂ ਨੇ (ਸਾਧੂ ਦੇ ਉਪਦੇਸ਼ ਦ੍ਵਾਰਾ ਨਾਮ ਜਪਕੇ ਸਤਿ ਨੂੰ) ਬੁੱਝ ਲਿਆ ਉਨ੍ਹਾਂ ਨੂੰ (ਐਸਾ) ਸੁਆਦ ਆਇਆ (ਕਿ ਓਹ) ਅਸਚਰਜ ਤੋਂ ਅਸਚਰਜ ਹੁੰਦੇ ਹੁੰਦੇ ਅਸਚਰਜ ਰੂਪ ਹੋ ਗਏ✖। (ਐਸੇ) ਜਨ (ਫੇਰ) ਪ੍ਰਭੂ ਦੇ ਪ੍ਰੇਮ ਵਿਚ ਹੀ ਰਚੇ ਰਹਿੰਦੇ ਹਨ। (ਉਨ੍ਹਾਂ ਨੇ ਐਸ) ਪਦਾਰਥ ਗੁਰੂ ਦੇ ਉਪਦੇਸ਼ ਦੁਆਰਾ (ਹੀ) ਲਏ ਹਨ। (ਐਸੇ ਸਤਿ ਪੁਰਖ) ਦਾਤੇ ਹਨ ਤੇ ਓਹ (ਦਾਤੇ ਹੀ ਜਗਤ ਦੇ) ਦੁਖ ਕੱਟਣ ਨੂੰ ਸਮਰੱਥ ਹਨ, ਜਿਨ੍ਹਾਂ ਦੇ ਕਿ ਸਤਿਸੰਗ ਨਾਲ ਸੰਸਾਰ ਤਰ ਜਾਂਦਾ ਹੈ। (ਐਸੇ ਦਾਤਾ) ਜਨ

*ਮਾਇਆ ਸਬਲ ਬ੍ਰਹਮ ਵਾਲੇ ਖਿਆਲ ਤੇ ਵਿਸ਼ੇਸ਼ ਖਿਆਲ ਦਿਤਾ ਹੈ। ਵੇਦਾਂਤ ਮੁਤਾਬਿਕ ਸੰਸਾਰ ਦੀ ਉਤਪਤਿ ਲਈ ਬ੍ਰਹਮ ਮਾਇਆ ਨਾਲ ਸਬਲ (ਚਿਤਰਿਆ ਮਿਤਰਿਆ) ਜਾਂਦਾ ਹੈ।

†(ਅ) ਇਹ ਸਤਜ ਉਤੇ ਵਿਸ਼ਵਾਸ਼ ਗੁਰੂ ਤੋਂ ਪਾਈਦਾ ਹੈ।

‡ਨਾਨਕ ਸਚੇ ਕੀ ਸਾਚੀ ਕਾਰ ॥ [ਜਪੁਜੀ–੩੧

✖(ਅ) ਜਿਨ੍ਹਾਂ ਨੇ ਅਸਚਰਜ ਰੂਪ (ਦੇ ਰਸ) ਨੂੰ ਅਨੁਭਵ ਕੀਤਾ ਓਹ ਅਸਚਰਜ ਤੋਂ ਅਸਚਰਜ ਹੋਗਏ, ਇਸ ਅਸਚਰਜ ਨੂੰ ਜਿਨ੍ਹਾਂ ਨੇ ਬੁੱਝ ਲਿਆ ਉਹਨਾਂ ਨੂੰ ਇਸ ਦਾ ਰਸ ਆਇਆ। ਭਾਵ ਵਿਸਮਾਦ ਅਰੂੜ ਹੋਕੇ ਲਿਵ ਦੁਆਰਾ ਵਾਹਿਗੁਰੂ ਵਿਚ ਲੀਨਤਾ ਨੂੰ ਪ੍ਰਾਪਤ ਹੋ ਗਏ।

ਜਨ ਕਾ ਸੇਵਕੁ ਸੋ ਵਡਭਾਗੀ ॥ ਜਨ ਕੈ ਸੰਗਿ ਏਕ ਲਿਵ ਲਾਗੀ ॥ ਗੁਨ ਗੋਬਿਦ ਕੀਰਤਨੁ ਜਨੁ ਗਾਵੈ ॥ ਗੁਰ ਪ੍ਰਸਾਦਿ ਨਾਨਕ ਫਲੁ ਪਾਵੈ ॥ ੮ ॥ ੧੬ ॥

ਦਾ (ਜੋ) ਸੇਵਕ ਬਣੇ ਉਹ (ਬੀ) ਵਡੇ ਭਾਗਾਂ ਵਾਲਾ ਹੈ, (ਕਿਉਂਕਿ ਅਸੇ) ਜਨ ਦੇ ਸਤਿਸੰਗ ਨਾਲ ਹੀ ਇਕ (ਵਾਹਿਗੁਰੂ) ਨਾਲ ਲਿਵ ਲਗਦੀ ਹੈ । (ਐਉਂ ਕਿ ਐਸਾ) ਜਨ (ਸਤਿਸੰਗ ਵਿਚ) ਵਾਹਿਗੁਰੂ ਦੀ ਸਿਫਤ ਸਲਾਹ ਦਾ ਕੀਰਤਨ ਗਾਉਂਦਾ ਹੈ (ਅਤੇ) ਗੁਰੂ ਦੀ ਮਿਹਰ ਨਾਲ (ਵਾਹਿਗੁਰੂ ਦੀ ਪ੍ਰਾਪਤੀ ਦਾ) ਫਲ ਪਾ ਲੈਂਦਾ ਹੈ ॥ ੮ ॥੧੬॥

**ਨਿਰੁਕ੍ਤ**—ਰੂਪੁ—[ਸੰਸ:, ਰੂਪੰ] ਸ਼ਕਲ, ਸੂਰਤ ।

ਰੇਖ—[ਸੰਸ:, ਰੇਖਾ=ਧਾਰੀ, ਲਕੀਰ] ਨਿਸ਼ਾਨ, ਚਿੰਨ੍ਹ, ਨੁਹਾਰ ।

ਰੰਗੁ—[ਸੰਸ:, ਰੰਗ:] ਕਾਲਾ, ਪੀਲਾ ਆਦਿ ਵੰਨ । ੨. ਵੇਖੋ ਪੰਨਾ ੪੯੩ ।

ਤ੍ਰਿਹੁ ਗੁਣ—[ਸੰਸ:, ਤ੍ਰਿਗੁਣੰ] ਤਿੰਨ ਗੁਣ=ਸਤ, ਰਜ, ਤਮ । ਤ੍ਰੈ ਗੁਣਾਂ ਵਿਚ ਰੂਪ ਰੰਗ ਰੇਖ ਹੁੰਦੇ ਹਨ, ਪਰ ਉਹ (ਵਾਹਿਗੁਰੂ) ਤ੍ਰਿਗੁਣ ਅਤੀਤ ਹੈ, ਫਿਰ ਬੀ ਉਹ ਭਗਤਾਂ ਦੇ ਆਤਮਾ ਵਿਚ ਆਪਣਾ ਆਪ ਅਨੁਭਵ ਕਰਾ ਦੇਂਦਾ ਹੈ ।

ਭਿੰਨ—[ਸੰਸ:, ਭਿਨ੍ਨ ।] ਵੱਖਰਾ, ਜੁਦਾ, ਰਹਿਤ, ਪਰੇ ।

ਬੀਨਾ—[ਫਾ:,] ਦੇਖਣ ਵਾਲਾ ।

ਦਾਨਾ—[ਫਾ:,] ਜਾਣਨ ਵਾਲਾ, ਅਕਲਮੰਦ, ਸਮਝਦਾਰ ।

ਗਹਿਰ ਗੰਭੀਰੁ—[ਦੇਖੋ ਪਿਛੇ ਪੰਨਾ ੧੬੧੨] ਭਾਵ ਇਸ ਤਰ੍ਹਾਂ ਦਾ ਡੂੰਘਾ ਪਾਣੀ ਕਿ ਜੋ ਚਲਦਾ ਦਿੱਸੇ ਨਾ, ਭਾਵ ਹੈ ਐਸਾ ਗਜਾਨ ਜੋ ਆਪਣਾ ਆਪ ਲਖਾਵੇ ਨਾ ।

ਗਹੀਰੁ—[ਸੰਸ:, ਗੰਭੀਰ=ਗਹਿਰਾ, ਡੂੰਘਾ] ਇੰਨਾਂ ਡੂੰਘਾ ਕਿ ਉਸ ਦੀ ਥਾਹ ਨਾ ਲੱਭੇ, ਭਾਵ ਜਿਸ ਦਾ ਗਜਾਨ ਅਥਾਹ ਹੋਵੇ ।

ਸੁਜਾਨਾ—[ਸੰਸ:, ਸ੍ਵਜਾਨਾਨ:=ਵੇਖਣ ਵਾਲਾ, ਜਾਣਨ ਵਾਲਾ । ਹਿੰਦੀ, ਸੁਜਾਨ=ਚਤੁਰ, ਗਜਾਨੀ]—ਚੰਗੀ ਤਰ੍ਹਾਂ ਜੋ ਜਾਣੇ । ਗਜਾਨ ਸਰੂਪ ।

ਪਾਰਬ੍ਰਹਮ [ਸੰਸ:, ਪਰਬ੍ਰਹਮਨ੍] ਪੂਰਨ ਬ੍ਰਹਮ ਨਿਰਗੁਣ ਪਰਮਾਤਮਾ ।

ਅਨੁਰਾਉ—[ਸੰਸ:, ਅਨੁਰਾਗ:] ਪ੍ਰੇਮ ।

ਸਰਨਾ ਜੋਗ—ਉਸ ਦੀ ਸ਼ਰਨ ਲਓ ਤਾਂ ਸ਼ਰਨ ਦੇਂਦਾ ਹੈ ਤੇ ਸ਼ਰਨ ਵਿਚ ਲੈ ਕੇ ਰਖਜਾ ਕਰਨੇ ਦੀ ਸਮਰਥਾ ਰੱਖਦਾ ਹੈ ।

ਕਰਿ ਪਾਇਆ—[ਸੰਸ:, ਕਰ:=ਹੱਥ ।] ਹੱਥ ਵਿਚ ਪਾਇਆ ਹੈ ਯਾ, ਕਰ=ਕਰਮ—[ਸੰਸ: ਕਰ੍ਮਨ੍] ਕਰਮ ਵਿਚ ਪਾਯਾ ਹੈ ਭਾਵ ਉਹੋ ਹੈ:—ਜੋ ਪਹਿਲੋਂ ਉਸਨੇ ਬਿਦ ਦਿੱਤਾ ਹੈ ।

ਅਵਗਾਹਿ—[ਸੰਸ:, ਅਵਗਾਹਨਮ੍=ਪੂਰਾ ਗਿਆਨ ਪ੍ਰਾਪਤ ਕਰਨ ਦੀ ਕ੍ਰਿਯਾ । ਧਾ: ਗਾਹ੍=] ਇਸ਼ਨਾਨ ਕਰਨਾ, ਗ਼ੋਤਾ ਮਾਰਨਾ, ਚਲਨਾ ਫਿਰਨਾ, ਭਾਵ ਖੋਜਦੇ ਵਿਚਾਰਦੇ ਅੰਤ ਨਾ ਪਾ ਸਕੇ ।

ਪਰੋਈ ਅਪੁਨੈ ਸੂਤਿ—[ਸੰਸ:, ਸੂਤ੍ਰੰ=ਧਾਗਾ, ਸੰਖੇਪ ਬਨਾਯਾ ਸਿੱਧਾਂਤ, ਨਿਯਮ ] ਭਾਵ ਪ੍ਰਬੰਧ ਵਿਚ ਰੱਖੀ ਹੋਈ ।

ਸੁਮਤਿ—[ਸੰਸ:, ਸੁਮਤਿ: ] ਨੇਕ ਬੁੱਧੀ, ਭਲੀ ਮਤਿ । ਉਹ ਬੁੱਧੀ ਜੋ ਸਤਿਸੰਗ ਵਿਚ ਮਿਲਦੀ ਹੈ ਤੇ ਪਰਮਾਤਮਾ ਨੂੰ ਨਿਸਚੇ ਕਰਦੀ ਹੈ ।

ਘਟ-[ਸੰਸ:, ਘਟ:=ਮਿੱਟੀ ਦਾ ਘੜਾ, ਕੁੰਭ ਰਾਸ਼ਿ, ਆਦਿ। ਹਠਯੋਗ ਪਰਿਭਾਸ਼ਾ ਵਿਚ ਘਟ ਦੇ ਅਰਥ=ਸਰੀਰ, ਦਿਲ, ਆਤਮਾ ਆਦਿਕ ਵੀ ਹਨ। ਯਥਾ:-

घटस्थयोगं योगेश तत्त्वज्ञानस्य कारणम् ।
इदानीं श्रोतुमिच्छामि योगीश्वर वद प्रभो ॥ [ਘੇਰੰਡ ਸੰਹਿਤਾ

ਅਰਥਾਤ:-ਹੇ ਯੋਗੀਆਂ ਦੇ ਮਾਲਕ! ਤਤ੍ਵ ਗ੍ਯਾਨ ਦਾ ਕਾਰਣ 'ਸ਼ਰੀਰ' ਵਿਚ ਇਸਥਿਤ ਯੋਗ ਹੈ ਸੋ ਇਸ ਸਮੇਂ ਮੇਰੀ ਇਛਾ ਉਸਨੂੰ ਸੁਨਣਾ ਚਾਹੁੰਦੀ ਹੈ] ਸਰੀਰ, ਮਨ।

ਠਾਉ-[ਸੰਸ:, ਸ੍ਥਾਨੰ=ਜਗਹ, ਥਾਂ। ਹਿੰ:, ਠਾਂਵ=ਜਗਹ ਥਾਂ, ਮੌਕਾ] ਜਗ੍ਹਾ, ਟਿਕਾਣਾ ਭਾਵ ਹੈ ਸਾਰੇ ਸਥਾਨ ਤੇ ਉਹਨਾਂ ਵਿਚ ਰਹਿਣ ਵਾਲੇ ਸਰੀਰ ਧਾਰੀ।

ਚਉਥੇ ਪਦ-ਚਉਥਾ ਪਦ-[ਸੰਸ:, ਤੁਰਯ ਜਾਂ ਤੁਰੀਯ=ਚੌਥਾ। ੨. ਤੁਰ੍ਯਯਾ=ਉਹ ਗਿਆਨ ਜਿਸ ਨਾਲ ਮੁਕਤਿ ਹੋ ਜਾਂਦੀ ਹੈ] ਤੁਰੀਆ ਅਵਸਥਾ, ਤੁਰੀਆ ਪਦ। ਤੁਰੀਆ ਅਵਸਥਾ ਵਿਚ (ਪਹੁੰਚਕੇ)। ਵੇਦਾਂਤੀਆਂ ਨੇ ਚਾਰ ਅਵਸਥਾ ਮੰਨੀਆਂ ਹਨ-੧. ਜਾਗ੍ਰਤ। ੨. ਸ੍ਵਪਨ। ੩. ਸੁਖੁਪ੍ਤਿ ਅਤੇ ੪. ਤੁਰੀਯ ਜਾਂ ਤੁਰ੍ਯਯਾ। ਏਹ ਚੌਥੀ ਜਾਂ ਤੁਰ੍ਯਯਾ ਅਵਸਥਾ ਮੋਖ (ਮੁਕਤਿ) ਹੈ। ਏਸੇ ਤੁਰੀਆ ਅਵਸਥਾ ਨੂੰ 'ਚਉਥਾ ਪਦ ਕਿਹਾ ਹੈ।

ਸਤਿ-[ਸੰਸ:, ਸਤ੍ਯ=ਸੱਚ ਸਚਿਆਈ, ਨੇਕੀ, ਭਲਾਈ ਆਦਿ] ਸਤਿ, ਜਿਸਦੀ ਹੋਂਦ ਸੱਚ ਹੈ। ਸਤਿ ਦਾ ਤਾਤਪਰਜ ਹੈ ਉਹ ਪੂਰਨ ਚੇਤਨ ਜੋ ਕਦੇ ਬਦਲਦਾ, ਘਟਦਾ, ਵਧਦਾ ਨਾਸ਼ ਨਹੀਂ ਹੁੰਦਾ, ਸਦੀਵ ਇਕ ਰਸ ਰਹਿੰਦਾ ਹੈ।

ਸਮਾਨੀ-[ਸੰਸ, ਧਾ: ਸਮ੍ਰਥ=ਜਾਣਾ, ਸੰਯੋਗ ਕਰਨਾ, ਮਿਲਾਪ ਕਰਨਾ। 'ਹਿੰਦੀ, ਸਮਾਨਾ=ਅੰਦਰ ਔਣਾਂ, ਭਰਨਾ।] ਸਮਾ ਰਿਹਾ ਹੈ ਅਥਵਾ ਸਤਿਪੁਰਖ ਦੀ ਸੱਤਾ ਸਭ ਵਿਚ ਸਮਾਈ ਹੋਈ ਹੈ। ਉਪਦੇਸ਼-[ਸੰਸ:, ਉਪਦੇਸ਼:=ਸਿਖ੍ਯਾ, ਨਸੀਹਤ, ਗੁਰਮੰਤ੍ਰ] ਧਾਰਮਿਕ ਸਿਖ੍ਯਾ, ਭਾਵ, ਨਾਮ (ਗੁਰਮੰਤ੍ਰ) ਉਪਦੇਸ਼। ਪ੍ਰਵੇਸ-[ਸੰਸ:, ਪ੍ਰਵੇਸ਼ਨੰ=]ਦਾਖਲਾ।

ਨਿਰਤਿ-[ਸੰਸ:, ਅਨ੍ਰਿਤਮ੍=ਝੂਠ, ਧੋਖਾ] ਅਸਤ੍ਯ, ਮਿਥ੍ਯਾ। (ਅ) [ਸੰਸ:, ਨਿਰਤਿ= ਅਤਿਅੰਤ ਪਿਆਰ] ਵਿਸ਼ੇਸ਼ ਪਿਆਰ ਨਾਲ। ਗੂੜ੍ਹੇ ਪਿਆਰ ਨਾਲ। (ੲ) [ਸੰਸ: ਨਿਰ੍ਣੀਤ] ਨਿਰਣਾ ਕਰਕੇ। ਨਿਖੇੜ ਕੇ। 'ਨਿਰਤਿ' ਦੇ ਅਰਥ ਸਿਆਣਿਆਂ ਨੇ ਐਸ ਤਰ੍ਹਾਂ ਤਿੰਨ ਪ੍ਰਕਾਰ ਦੇ ਕੀਤੇ ਹਨ। ਸਾਰਿਆਂ ਵਿਚ ਮੂਲ ਭਾਵ 'ਸਤਿ' ਨੂੰ ਹੀ ਵਾਜਬ ਤ੍ਰੀਕੇ ਨਾਲ ਸਮਝਣ ਦਾ ਹੈ। ਇਸ ਸਮਝ ਵਿਚ ਉਹ ਵਿਵੇਕ ਬੁਧਿ ਕੰਮ ਕਰਦੀ ਹੈ ਜੋ ਸੱਚ ਝੂਠ ਦਾ ਨਿਤਾਰਾ ਕਰ ਸਕਦੀ ਹੈ। ਜੋ ਏਸ ਵਿਵੇਕ ਤੋਂ ਖਾਲੀ ਹਨ ਉਨ੍ਹਾਂ ਨੂੰ ਅੰਧਾ ਕਿਹਾ ਹੈ। ਯਥਾ:-

ਕਹਤ ਕਬੀਰ ਚੇਤਿ ਰੇ ਅੰਧਾ ॥ ਸਤਿ ਰਾਮੁ ਝੂਠਾ ਸਭੁ ਧੰਧਾ ॥ [ਗਉੜੀ ਕਬੀਰ ਜੀ ੧੬

ਬਿਸਮਾਦ-[ਸੰਸ:, ਵਿਸ੍ਮਯ:=ਅਸਚਰਜਤਾ, ਹੈਰਾਨਗੀ] ਭਏ ਬਿਸਮਾਦ=ਹੈਰਾਨ ਹੋ ਗਏ, ਅਸਚਰਜ ਹੋ ਗਏ।

[ਅਸਟਪਦੀ-ਸਤਾਰਵੀਂ]

**ਪ੍ਰਾਕ੍ਥਨ-** ਪਿਛਲੀ ਅਸਟਪਦੀ ਵਿਚ ਪ੍ਰਭੂ ਨੂੰ ਨਿਰਗੁਣ ਰੂਪ ਰੇਖ ਰੰਗ ਤੋਂ ਨਿਆਰਾ ਦੱਸਕੇ ਉਸ ਦਾ ਸ੍ਵਰੂਪ ਸੱਤ੍ਯ ਦੱਸਿਆ ਸੀ। ਹੁਣ ਉਸ 'ਸੱਤ੍ਯ' ਪਦ ਯਾ 'ਸਚੁ' ਦੀ ਵਿਸ਼ੇਸ਼ ਵ੍ਯਾਖ੍ਯਾ ਕਥਨ ਕਰਦੇ ਹਨ। ਉਸ ਨੂੰ ਸੱਤ੍ਯ ਦੱਸਕੇ ਉਸ ਦੇ ਉਪਾਸ਼ਕ ਤੇ ਉਪਾਸ਼ਨਾ ਨੂੰ 'ਸੱਤ੍ਯ'

ਦੱਸਦੇ ਹਨ। ਅੰਕ ੨ ਵਿਚ ਜਿਸ ਨੇ ਉਸ ਸੱਤਯ ਸਰੂਪ ਨੂੰ 'ਸੱਤਯ' ਕਰਕੇ ਅਨੁਭਵ ਕਰ ਲਿਆ ਹੈ ਉਸ ਦਾ ਹਾਲ ਦੱਸਦੇ ਹਨ ਕਿ ਉਹ ਤੱਤ ਗਯਾਨ ਨੂੰ ਪੁੱਜ ਸ਼ੁਧ ਸੱਤਯ ਹੋਕੇ ਪ੍ਰਭੂ ਨਾਲ ਤਦਰੂਪ ਹੋ ਜਾਂਦਾ ਹੈ, ਜੋ ਪੂਰਨ ਤੇ ਵਯਾਪਕ 'ਸੱਤਯ' ਹੈ। ਅੰਕ ੩ ਵਿਚ ਦੱਸਦੇ ਹਨ ਕਿ ਐਸਾ ਪੁਰਖ ਪ੍ਰਭੂ ਦਾ ਸੇਵਕ ਕਹੀਦਾ ਹੈ, ਤੇ ਓਹ ਪ੍ਰਭੂ ਦਾ ਆਗਯਾਕਾਰੀ ਹੁੰਦਾ ਹੈ। ਫੇਰ ਅੰਕ ੪ ਦੇ ਅਖੀਰ ਤਕ ਪ੍ਰਭੂ ਦੀ ਉਸ ਪਰ ਅਨੁਗ੍ਰਹ ਦਾ ਵੇਰਵਾ ਕਥਨ ਕੀਤਾ ਹੈ। ਅੰਕ ੫ ਤੇ ੬ ਵਿਚ ਪ੍ਰਭੂ ਦੀ ਸਰਬ ਸ਼ਕਤੀਮਾਨਤਾ ਦੱਸਕੇ 'ਨਾਮ ਜਪ' ਦਾ ਉਪਦੇਸ਼ ਹੈ ਕਿ ਉਹ ਲਗਾਤਾਰੀ ਹੋ ਜਾਵੇ। ਅੰਕ ੭ ਵਿਚ ਹਰੀ ਕੀਰਤਨ ਦਾ ਉਪਦੇਸ਼ ਹੈ, ਕੀਰਤਨ ਐਸਾ ਹੋਵੇ ਕਿ ਪ੍ਰਭੂ ਵਿਚ ਲਿਵ ਲੁਆਈ ਰਖੇ, ਤੇ 'ਹੁਕਮ' ਉਤੇ ਕਾਯਮ ਕਰ ਦੇਵੇ। ਐਸੇ ਪ੍ਰੇਮੀ ਅੱਠੇ ਪਹਿਰ 'ਹਜ਼ੂਰੀ' ਵਿਚ ਵੱਸਦੇ ਹਨ, ਹਜ਼ੂਰੀ ਤੋਂ ਪਰੇ ਨਹੀਂ ਹੁੰਦੇ। ਐਉਂ ਨਹੀਂ ਕਿ ਕਥਾ ਵਾਰਤਾ ਕਰਨ ਸੁਣਨ ਯਾ ਵੀਚਾਰ ਬਹਸ ਵੇਲੇ 'ਬ੍ਰਹਮ' ਬਣ ਗਏ ਤੇ ਫੇਰ ਸੰਕਲਪ ਵਿਕਲਪ ਦੀ ਨੈਂ ਵਿਚ ਘੁੰਮਦੇ ਰਹੇ। ਨਹੀਂ, ਅੱਠੇ ਪਹਿਰ ਹਜ਼ੂਰੀ ਵਾਸ ਰਹੇ। ਅੰਕ ੮ ਵਿਚ ਐਸੇ ਪ੍ਰਭੂ ਵਿਚ ਸਮਾਏ ਪਰ ਫੇਰ ਹਜ਼ੂਰੀ ਵਿਚ ਸਦਾ ਵਸਦੇ, ਹੁਕਮ ਦੇ ਸਾਖੀ ਮਹਾਂ ਪੁਰਖ ਦੀ ਓਟ ਲੈਣ ਤੇ ਸਤਿਸੰਗ ਸੇਵਾ ਦਾ ਉਪਦੇਸ਼ ਦਿੱਤਾ ਹੈ, ਤੇ ਉਸ ਸਤਿ ਪੁਰਖ ਨੂੰ 'ਦਾਤਾ' ਪਦ ਵਿਚ ਖੇਡਦਾ ਦੱਸਿਆ ਹੈ। ਉਸ ਦੀ ਸ਼ਰਣ ਪਾਪ ਮੇਟਣ ਵਾਲੀ, ਦੁਖ ਦੂਰ ਕਰਨ ਵਾਲੀ ਤੇ ਸਰਬ ਸੁਖਾਂ ਦੀ ਦਾਤੀ ਦੱਸੀ ਹੈ।

ਸਲੋਕੁ ॥ ਆਦਿ ਸਚੁ ਜੁਗਾਦਿ ਸਚੁ ॥ ਹੈਭਿ ਸਚੁ ਨਾਨਕ ਹੋਸੀ ਭਿ ਸਚੁ ॥੧॥

(ਅਕਾਲ ਪੁਰਖ) ਆਦਿ ਵਿਖੇ ਸਤਿ ਸੀ, ਜੁਗਾਂ ਦੇ ਆਦਿ* ਵਿਚ ਬੀ ਸਤਿ ਸੀ (ਹੁਣ ਵਰਤਮਾਨ ਵਿਚ) ਬੀ ਸੱਤਿ ਹੈ, (ਕਹਿੰਦੇ ਹਨ ਗੁਰੂ) ਨਾਨਕ (ਅਗੋਂ ਨੂੰ) ਬੀ ਸੱਤ ਹੋਵੇਗਾ ॥੧॥

ਅਸਟਪਦੀ ॥ ਚਰਨ ਸਤਿ ਸਤਿ ਪਰਸਨਹਾਰ ॥ ਪੂਜਾ ਸਤਿ ਸਤਿ ਸੇਵਦਾਰ ॥ ਦਰਸਨੁ ਸਤਿ ਸਤਿ ਪੇਖਨਹਾਰ ॥ ਨਾਮੁ ਸਤਿ ਸਤਿ ਧਿਆਵਨਹਾਰ ॥ ਆਪਿ ਸਤਿ ਸਤਿ ਸਭ ਧਾਰੀ ॥ ਆਪੇ ਗੁਣ ਆਪੇ ਗੁਣਕਾਰੀ ॥ ਸਬਦੁ ਸਤਿ ਸਤਿ ਪ੍ਰਭੁ ਬਕਤਾ ॥ ਸੁਰਤਿ ਸਤਿ ਸਤਿ ਜਸੁ ਸੁਨਤਾ ॥ ਬੁਝਨਹਾਰ ਕਉ ਸਤਿ ਸਭ ਹੋਇ ॥ ਨਾਨਕ ਸਤਿ ਸਤਿ ਪ੍ਰਭੁ ਸੋਇ ॥ ੧ ॥

ਅਰਥ ਅਖੀਰਲੀ ਤੁਕ ਤੋਂ ਟੁਰਦਾ ਹੈ–

੧੦. ਹੇ ਨਾਨਕ ! ਉਹ ਪ੍ਰਭੂ ਸਤਿ ਹੈ (ਹਾਂ, ਉਹ ਪ੍ਰਭੂ ਸਦਾ) ਸਤਿ ਹੈ। ੧. ਉਸ ਪ੍ਰਭੂ ਦੇ ਚਰਨ ਸਤਯ ਹੇਨ (ਉਨ੍ਹਾਂ ਚਰਨਾਂ ਨੂੰ) ਛੁਹਣੇ ਵਾਲੇ† (ਬੀ) ਸਤਯ ਹੈਨ। ੨. (ਉਸਦੀ) ਪੂਜਾ ਸਤਯ ਵਸਤੂ ਹੈ (ਉਸਦੀ ਪੂਜਾ ਕਰਨ ਵਾਲੇ) ਸੇਵਕ ਬੀ ਸਤਯ ਹੈਨ। ੩. (ਉਸ ਸੱਤ ਸ੍ਰੂਪ ਦਾ) ਦਰਸ਼ਨ ਸਤਯ ਹੈ, (ਉਸ ਸਤਿ ਦਰਸ਼ਨ ਦੇ) ਦੇਖਣੇ ਵਾਲੇ ਬੀ ਸਤਿ ਹੈਨ। ੪. ਸਤਯ ਸਰੂਪ ਦਾ ਨਾਮ ਬੀ ਸਤਯ ਹੈ (ਉਸਦੇ ਨਾਮ ਦੇ) ਸਿਮਰਨੇ ਵਾਲੇ ਬੀ ਸੱਤਯ ਹਨ। ੫. (ਉਹ ਪ੍ਰਭੂ) ਆਪ ਸੱਤਿ ਹੈ (ਜੋ ਕੁਛ ਉਸਨੇ) ਧਾਰਨ ਕਰ ਰਖਿਆ ਹੈ ਸਭ ਸਤਯ ਹੈ। ੬. (ਕਿਉਂਕਿ ਸਤਿ ਦੇ ਗੁਣ ਵਾਲਾ) ਆਪ ਹੈ (ਤੇ ਆਪਣਾ ਸਤਯ ਦਾ) ਗੁਣ ਆਪਣੇ ਕੀਤੇ ਹੋਏ ਨੂੰ ਦੇਕੇ (ਉਸਨੂੰ ਕਾਯਮ ਰਖ ਰਿਹਾ ਹੈ)। ੭. ਸ਼ਬਦ ਸਤਿ ਹੈ (ਕਿਉਂਕਿ ਸ਼ਬਦ ਨੂੰ) ਉਚਾਰਨ ਵਾਲਾ ਪ੍ਰਭੂ (ਆਪ) ਸਤਯ ਹੈ। ੮. (ਪ੍ਰਭੂ ਦੀ) ਕੀਰਤੀ ਨੂੰ ਸੁਣਨੇ ਵਾਲਾ ਸਤਯ ਹੈ, (ਸੁਣਨ ਵਾਲੇ ਦੇ) ਕੰਨ (ਅਥਵਾ ਸੁਣਨ ਸਤਯਾ ਬੀ) ਸਤਯ ਹੈ। ੯. (ਇਸ ਤਰ੍ਹਾਂ

*ਕਾਲ ਦੇ ਅਰੰਭ ਹੋਣ ਵੇਲੇ, ਜਦ ਤੋਂ ਯੁਗ ਆਦਿ ਕਾਲ ਦੀ ਗਿਣਤੀ ਕੀਤੀ ਜਾਂਦੀ ਹੈ।

†ਚਰਨਾਂ ਤੇ ਮਸਤਕ ਧਰਨ ਵਾਲੇ ਭਾਵ ਧਯਾਨੀ।

ਉਸ ਸਤਯ ਸਰੂਪ ਦੀ ਪੂਜਾ ਕਰਦਾ, ਕੀਰਤਨ ਕਰਦਾ, ਨਾਮ ਜਪਦਾ, ਜਸ ਸੁਣਦਾ, ਜੋ ਉਸਨੂੰ ਸਤਯ ਸਰੂਪ ਕਰਕੇ ਸਮਝ ਲੈਂਦਾ ਹੈ ਉਸ) ਗਯਾਨਵਾਨ ਨੂੰ ਸਭ (ਉਸੇ ਦਾ) ਸਤਯ (ਸਰੂਪ ਹੀ ਦਿਸਦਾ) ਹੈ ॥ ੧ ॥

ਸਤਿ ਸਰੂਪੁ ਰਿਦੈ ਜਿਨਿ ਮਾਨਿਆ ॥ ਕਰਨ ਕਰਾਵਨ ਤਿਨਿ ਮੂਲੁ ਪਛਾਨਿਆ ॥ ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥ ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥ ਭੈ ਤੇ ਨਿਰਭਉ ਹੋਇ ਬਸਾਨਾ ॥ ਜਿਸ ਤੇ ਉਪਜਿਆ ਤਿਸੁ ਮਾਹਿ ਸਮਾਨਾ ॥ ਬਸਤੁ ਮਾਹਿ ਲੇ ਬਸਤੁ ਗਡਾਈ ॥ ਤਾ ਕਉ ਭਿੰਨ ਨ ਕਹਨਾ ਜਾਈ ॥ ਬੂਝੈ ਬੂਝਨਹਾਰੁ ਬਿਬੇਕ ॥ ਨਾਰਾਇਨ ਮਿਲੇ ਨਾਨਕ ਏਕ ॥ ੨ ॥

[ਪਛਾਣਨ ਵਾਲੇ ਦੇ ਲੱਛਣ](ਸੋ ਐਉਂ) ਜਿਸਨੇ ਹਿਰਦੇ ਵਿਚ ਅਨੁਭਵ ਕਰ ਲਿਆ ਹੈ (ਕਿ ਵਾਹਿਗੁਰੂ ਦਾ) ਸਰੂਪ ਸੱਤਿ ਹੈ, ਉਸ ਨੇ (ਉਸਨੂੰ) ਕਾਰਣਾਂ ਦਾ ਕਾਰਣ ਮੂਲ (ਕਾਰਣ) ਸਿਆਣ ਲਿਆ ਹੈ* । (ਇਸ ਪ੍ਰਕਾਰ) ਜਿਸਦੇ ਹਿਰਦੇ ਵਿਚ ਪ੍ਰਭੂ (ਸਤਯ ਸਰੂਪ) ਦਾ (ਪੂਰਾ) ਨਿਹਚਾ ਆ ਗਿਆ ਹੈ, ਉਸਦੇ ਮਨ ਵਿਚ (ਜਾਣ ਲਓ ਕਿ) ਤੱਤ ਗਿਆਨ ਪ੍ਰਗਟ ਹੋ ਗਿਆ ਹੈ । (ਓਹ ਫੇਰ) ਭੈ ਤੋਂ ਨਿਰਭੈ ਹੋਕੇ (ਸੰਸਾਰ ਵਿਚ) ਰਹਿੰਦਾ ਹੈ ਤੇ (ਓਹ) ਜਿਸ (ਸਤਿ ਸਰੂਪ) ਤੋਂ ਉਪਜਿਆ ਸੀ ਓਸ (ਸਤਿ ਸਰੂਪ) ਵਿਚ ਸਮਾ ਗਿਆ (ਜਾਣ ਲਓ;ਜਿਵੇਂ ਜੇ) ਵਸਤੂ ਵਿਚ ਵਸਤੂ ਰਲਾ ਦਿਤੀ ਜਾਵੇ (ਤਾਂ) ਉਸ (ਰਲ ਗਈ ਵਸਤੂ) ਨੂੰ ਅੱਡਰੀ ਨਹੀਂ ਕਿਹਾ ਜਾ ਸਕਦਾ । ਤਿਵੇਂ ਹੇ ਨਾਨਕ ! ਨਾਰਾਇਣ (ਅਰ ਨਾਰਾਯਣ ਨੂੰ ਵਿਸ਼ਵਾਸ਼ ਤੇ ਗਯਾਨ ਦੁਆਰਾ) ਜੋ ਮਿਲੇ ਹਨ ਇਕ ਹੋ ਗਏ ਹਨ, (ਇਸ) ਵਿਵੇਕ† ਨੂੰ ਸਮਝਣ ਵਾਲਾ ਹੀ ਸਮਝਦਾ ਹੈ ॥ ੨ ॥

**ਕੀ ਐਸਾ ਵਿਵੇਕਜ ਗਯਾਨੀ ਫਿਰ ਅਪਣੇ ਠਾਕੁਰ ਨਾਲ ਬਰੋਬਰੀ ਦਾ ਦਾਵੇਦਾਰ ਹੁੰਦਾ ਹੈ ? ਇਸ ਸੰਸੇ ਨਵਿਰਤੀ ਲਈ ਉਸ ਦੀ ਰਹਿਤ ਦੱਸਦੇ ਹਨ:-**

ਠਾਕੁਰ ਕਾ ਸੇਵਕੁ ਆਗਿਆਕਾਰੀ ॥ ਠਾਕੁਰ ਕਾ ਸੇਵਕੁ ਸਦਾ ਪੂਜਾਰੀ ॥ ਠਾਕੁਰ ਕੇ ਸੇਵਕ ਕੈ ਮਨਿ ਪਰਤੀਤਿ ॥ ਠਾਕੁਰ ਕੇ ਸੇਵਕ ਕੀ ਨਿਰਮਲ ਰੀਤਿ ॥ ਠਾਕੁਰ ਕਉ ਸੇਵਕੁ ਜਾਨੈ ਸੰਗਿ ॥ ਪ੍ਰਭ ਕਾ ਸੇਵਕੁ ਨਾਮ ਕੈ ਰੰਗਿ ॥ ਸੇਵਕ ਕਉ ਪ੍ਰਭ ਪਾਲਨਹਾਰਾ ॥

ਠਾਕੁਰ ਦਾ ਸੇਵਕ (ਅਪਣੇ ਠਾਕਰ ਦੀ) ਆਗਯਾ ਮੰਨਣੇ ਵਾਲਾ ਹੁੰਦਾ ਹੈ, (ਭਾਵ ਸਾਈਂ ਦੇ ਹੁਕਮ ਦੀ ਤਾਰ ਨਾਲ ਉਸਦੀ ਸੁਰ ਇਕਸੁਰ ਟੁਰਦੀ ਹੈ, ਉਹ ਹਉਂ ਵਿਚ ਨਹੀਂ ਹੁੰਦੀ), ਪਰਮੇਸ਼ੁਰ ਦਾ ਸੇਵਕ ਸਦਾ (ਉਸਦੀ) ਪੂਜਾ ਵਿਚ ਰਹਿੰਦਾ ਹੈ‡ । ਪਰਮੇਸ਼ੁਰ ਦੇ ਸੇਵਕ ਦੇ ਮਨ ਵਿਚ (ਠਾਕਰ ਤੇ ਸਿਦਕ) ਭਰੋਸਾ ਹੁੰਦਾ ਹੈ, ਪਰਮੇਸ਼ੁਰ ਦੇ ਸੇਵਕ ਦੀ ਰੀਤਿ (ਜੀਵਨ ਮ੍ਰਿਯਾਦਾ) ਨਿਰਮਲ ਹੁੰਦੀ ਹੈ । ਪਰਮੇਸ਼ੁਰ ਨੂੰ ਸੇਵਕ ਸਦਾ (ਅਪਣੇ) ਨਾਲ (ਹੀ ਵਸਦਾ) ਜਾਣਦਾ ਹੈ । (ਕਿਉਂਕਿ) ਪਰਮੇਸ਼ੁਰ ਦਾ ਸੇਵਕ (ਸਦਾ) ਨਾਮ ਦੇ ਰੰਗ ਵਿਚ (ਰੱਤਾ ਰਹਿੰਦਾ ਹੈ) । ✱ (ਐਸੇ) ਸੇਵਕ ਦਾ (ਮਾਤਾ ਪਿਤਾ ਵਤ)

---

*(ਅ) ਕਰਨ ਕਰਾਵਨ = ਕਰਨਹਾਰ, ਕਰਾਵਨਹਾਰ । [ਸੰਪ੍ਰ: ।

†ਵਿਵੇਕ = ਸਤਿ ਨੂੰ ਅਸ ਤ ਤੋਂ ਨਿਖੇੜਕੇ ਸਮਝ ਲੈਣ ਵਾਲਾ ਗਯਾਨ । ਗਯਾਨ, ਸਮਝ ।

‡ਭਾਵ ਉਹ ਡੀਂਗਾਂ ਨਹੀਂ ਮਾਰਦਾ ਫਿਰਦਾ ਕਿ ਮੈਂ ਠਾਕੁਰ ਹੋ ਗਿਆ ਹਾਂ :

✱ਹੁਣ ਏਥੋਂ ਠਾਕਰ ਦਾ ਵਰਤਾਉ ਸੇਵਕ ਨਾਲ ਟਰਿਆ ।

ਸੇਵਕ ਕੀ ਰਾਖੈ ਨਿਰੰਕਾਰਾ ॥ ਸੋ ਸੇਵਕੁ ਜਿਸੁ ਦਇਆ ਪ੍ਰਭੁ ਧਾਰੈ॥ ਨਾਨਕ ਸੋ ਸੇਵਕੁ ਸਾਸਿ ਸਾਸਿ ਸਮਾਰੈ ॥ ੩ ॥

ਪਾਲਣਹਾਰਾ ਪਰਮੇਸ਼ੁਰ (ਆਪ) ਹੁੰਦਾ ਹੈ। (ਐਸ) ਸੇਵਕ ਦੀ (ਲਜਯਾ) ਨਿਰੰਕਾਰ (ਆਪ) ਰਖਦਾ ਹੈ। ਸੇਵਕ ਓਹੋ ਹੈ ਜਿਸ ਪਰ ਪ੍ਰਭੂ (ਆਪ) ਕ੍ਰਿਪਾ ਕਰਦਾ ਹੈ। (ਐਸੇ ਕ੍ਰਿਪਾ ਪ੍ਰਾਪਤ) ਸੇਵਕ (ਦੀ ਨਿਸ਼ਾਨੀ ਇਹ ਹੈ ਕਿ) ਓਹ (ਪ੍ਰਭੂ ਨੂੰ) ਸੁਆਸ ਸੁਆਸ ਯਾਦ ਕਰਦਾ ਹੈ, ਹੇ ਨਾਨਕ ! ॥ ੩ ॥

ਅਪੁਨੇ ਜਨ ਕਾ ਪਰਦਾ ਢਾਕੈ ॥ ਅਪਨੇ ਸੇਵਕ ਕੀ ਸਰਪਰ ਰਾਖੈ ॥ ਅਪਨੇ ਦਾਸ ਕਉ ਦੇਇ ਵਡਾਈ ॥ ਅਪਨੇ ਸੇਵਕ ਕਉ ਨਾਮੁ ਜਪਾਈ॥ ਅਪਨੇ ਸੇਵਕ ਕਾ ਆਪਿ ਪਤਿ ਰਾਖੈ ॥ ਤਾਕੀ ਗਤਿ ਮਿਤਿ ਕੋਇ ਨ ਲਾਖੈ ॥ ਪ੍ਰਭ ਕੇ ਸੇਵਕ ਕਉ ਕੋ ਨ ਪਹੂਚੈ ॥ ਪ੍ਰਭ ਕੇ ਸੇਵਕ ਊਚ ਤੇ ਊਚੇ ॥ ਜੋ ਪ੍ਰਭਿ ਅਪਨੀ ਸੇਵਾ ਲਾਇਆ ॥ ਨਾਨਕ ਸੋ ਸੇਵਕੁ ਦਹ ਦਿਸਿ ਪ੍ਰਗਟਾਇਆ ॥੪॥

*(ਪ੍ਰਭੂ) ਅਪਣੇ ਸੇਵਕ ਦਾ ਪਰਦਾ (ਆਪ) ਢਕਦਾ ਹੈ। (ਉਹ) ਅਪਣੇ ਸੇਵਕ ਦੀ (ਲਜਯਾ) ਜ਼ਰੂਰ ਹੀ ਰਖਦਾ ਹੈ। (ਉਹ) ਅਪਣੇ ਸੇਵਕ ਨੂੰ ਵਡਿਆਈ ਦਿੰਦਾ ਹੈ। (ਉਹ) ਅਪਣੇ ਸੇਵਕ ਤੋਂ ਨਾਮ ਜਪਾਉਂਦਾ ਹੈ। (ਉਹ) ਅਪਣੇ ਸੇਵਕ ਦੀ ਆਪ ਪਤ (ਅਬਰੋ) ਰਖਦਾ ਹੈ। ਤਿਸ ਦੀ ਗਤਿ ਮਿਤਿ† ਕੋਈ ਨਹੀਂ ਜਾਣਦਾ। (ਕਿਉਂਕਿ ਪ੍ਰਭੂ ਸੇਵਕ ਦੀ ਰਖਯਾ ਕਰਦਾ ਹੈ ਇਸ ਲਈ) ਪ੍ਰਭੂ ਦੇ ਸੇਵਕ ਦੀ ਕੋਈ ਬਰਾਬਰੀ ਨਹੀਂ ਕਰ ਸਕਦਾ, (F) ਪ੍ਰਭੂ ਦੇ ਸੇਵਕ (ਸਦਾ) ਉਚਿਆਂ ਤੋਂ ਉੱਚੇ ਹਨ। ਹੇ ਨਾਨਕ! ਜਿਸ ਨੂੰ ਪ੍ਰਭੂ ਅਪਣੀ ਸੇਵਾ ਵਿਚ ਲਾ ਲੈਂਦਾ ਹੈ, ਓਹ ਸੇਵਕ ਦਸੋ ਦਿਸ਼ਾ ਵਿਚ ਪ੍ਰਗਟ ਹੋ ਜਾਂਦਾ ਹੈ॥ ੪ ॥

ਪ੍ਰਭੂ ਦੀ ਭਗਤ ਵੱਛਲਤਾ ਦਿਖਾਕੇ ਹੁਣ ਉਸ ਦੀ ਸਰਬ ਸ਼ਕਤੀਮਾਨਤਾ ਦੱਸਕੇ ਨਾਮ ਜਪ ਦਾ ਉਪਦੇਸ਼ ਕਰਦੇ ਹਨ:-

ਨੀਕੀ ਕੀਰੀ ਮਹਿ ਕਲ ਰਾਖੈ ॥ ਭਸਮ ਕਰੈ ਲਸਕਰ ਕੋਟਿ ਲਾਖੈ ॥ ਜਿਸਕਾ ਸਾਸੁ ਨ ਕਾਢਤ ਆਪਿ ॥ ਤਾਕਉ ਰਾਖਤ ਦੇ ਕਰਿ ਹਾਥ ॥ ਮਾਨਸ ਜਤਨ ਕਰਤ ਬਹੁ ਭਾਤਿ॥ ਤਿਸਕੇ ਕਰਤਬ ਬਿਰਥੇ ਜਾਤਿ ॥ ਮਾਰੈ ਨ ਰਾਖੈ ਅਵਰੁ ਨ ਕੋਇ ॥ ਸਰਬ ਜੀਆ ਕਾ ਰਾਖਾ ਸੋਇ ॥ ਕਾਹੇ ਸੋਚ ਕਰਹਿ ਰੇ ਪ੍ਰਾਣੀ ॥ ਜਪਿ ਨਾਨਕ ਪ੍ਰਭ ਅਲਖ ਵਿਡਾਣੀ ॥ ੫ ॥

(ਜੇ ਪ੍ਰਭੂ) ਨਿੱਕੀ ਕੀੜੀ ਵਿਚ (ਅਪਣੀ) ਕਲਾ (ਸ਼ਕਤੀ) ਰਖ ਦੇਵੇ (ਤਦ ਓਹ) ਕ੍ਰੋੜਾਂ ਲੱਖਾਂ ਲਸ਼ਕਰਾਂ ਨੂੰ ਭਸਮ ਕਰ ਸਕਦੀ ਹੈ‡। (ਪਰ) ਜਿਸ ਦਾ ਸੁਆਸ (ਪ੍ਰਭੂ ਆਪ) ਨਾ ਕੱਢਣਾ (ਚਾਹੇ*) ਉਸ ਨੂੰ ਹੱਥ ਦੇ ਕੇ ਰੱਖ ਲੈਂਦਾ ਹੈ। ਮਾਨੁਖ ਕਈ ਤਰਾਂ ਦੇ ਜਤਨ (ਆਪੇ) ਕਰਦਾ ਹੈ, ਉਸ ਦੇ ਕਰਤਬ ਬਿਰਥੇ ਜਾਂਦੇ ਹਨ❦। (ਹੋਰ ਕੋਈ) ਨਾਂ ਮਾਰ ਸਕਦਾ ਹੈ ਨਾਂ ਬਚਾ ਸਕਦਾ ਹੈ (ਐਸਾ) ਹੋਰ ਕੋਈ ਹੈ ਨਹੀਂ। ਸਾਰੇ ਜੀਆਂ ਦਾ ਰੱਖਣੇ ਵਾਲਾ ਓਹੋ (ਆਪ) ਹੈ। (ਗੁਰੂ) ਨਾਨਕ (ਦੇਵ ਜੀ ਕਹਿੰਦੇ ਹਨ) ਹੇ ਪ੍ਰਾਣੀ ! ਕਿਉਂ ਸੋਚਾਂ (ਫਿਕਰ) ਕਰਦਾ ਹੈਂ ? ਜੋ (ਅਲਖ=) ਮਨ ਬੁਧੀ ਤੋਂ ਪਰੇ ਹੈ, ਜੋ (ਵਿਡਾਣੀ=) ਅਚਰਜ ਰੂਪ ਹੈ (ਉਸ) ਪ੍ਰਭੂ ਨੂੰ ਜਪ (ਭਾਵ ਹੋਰ ਸੋਚਾਂ ਕਰਨ ਦੀ ਥਾਂ ਉਸ ਨੂੰ ਯਾਦ ਕਰ ॥ ੫ ॥

*ਠਾਕੁਰ ਦਾ ਸੇਵਕ ਨਾਲ ਵਰਤਾਉ ਚਲ ਰਿਹਾ ਹੈ।

†ਭਾਵ, ਉਸ ਸੇਵਕ ਦੀ, ਜਿਸ ਦਾ ਵਰਣਨ ਪਦੇ ੧ ਤੋਂ ਚਲ ਰਿਹਾ ਹੈ। 'ਗਤਿ ਮਿਤਿ' ਪਦ ਲਈ ਦੇਖੋ ਪੰਨਾ ੧੮੭੧। ‡ਕੀੜਾ ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ ॥ [ਮਾਝ ਵਾਰ ਸਲੋਕ ਮ: ੧-੧੪

*ਭਾਵ ਜਿਸਨੂੰ ਮਾਰਨਾ ਨਾ ਚਾਹੇ।

❦ਭਾਵ, ਜੇ ਪਰਮੇਸ਼ਰ ਕਿਸੇ ਨੂੰ ਬਚਾਉਣਾ ਚਾਹੇ ਤਾਂ ਉਸ ਨੂੰ ਬਚਾ ਲੈਂਦਾ ਹੈ, ਪਰ ਜੇ ਮਨੁਖ ਕਿਸੇ ਦੀ ਜਾਨ ਬਚਾਉਣ ਦਾ ਆਪ ਜਤਨ ਕਰੇ ਤੇ ਪਰਮੇਸ਼ੁਰ ਦੀ ਮਰਜ਼ੀ ਨਾ ਹੋਵੇ ਤਾਂ ਉਸ ਦੇ ਜਤਨ ਬਿਰਥੇ ਜਾਂਦੇ ਹਨ ।

ਨਾਮੀ ਦਾ ਰੂਪ ਤੇ ਨਾਮ ਦਾ ਫਲ। ਨਾਮ ਰਸੀਆ ਹਰ ਵਕਤ ਨਾਮ ਵਿਚ ਹੁੰਦਾ ਹੈ ਤੇ ਉਸ ਨੂੰ **ਸਭ ਕੁਛ ਨਾਮ ਹੀ ਨਾਮ ਹੁੰਦਾ ਹੈ।**

ਬਾਰੰਬਾਰ ਬਾਰ ਪ੍ਰਭੁ ਜਪੀਐ ॥ ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ ॥ ਨਾਮ ਰਤਨੁ ਜਿਨਿ ਗੁਰਮੁਖਿ ਪਾਇਆ ॥ ਤਿਸੁ ਕਿਛੁ ਅਵਰੁ ਨਾਹੀ ਦ੍ਰਿਸਟਾਇਆ ॥ ਨਾਮੁ ਧਨੁ ਨਾਮੋ ਰੂਪੁ ਰੰਗੁ ॥ ਨਾਮੋ ਸੁਖੁ ਹਰਿ ਨਾਮ ਕਾ ਸੰਗੁ ॥ ਨਾਮ ਰਸਿ ਜੋ ਜਨ ਤ੍ਰਿਪਤਾਨੇ ॥ ਮਨ ਤਨ ਨਾਮਹਿ ਨਾਮਿ ਸਮਾਨੇ ॥ ਊਠਤ ਬੈਠਤ ਸੋਵਤ ਨਾਮ ॥ ਕਹੁ ਨਾਨਕ ਜਨ ਕੈ ਸਦ ਕਾਮ ॥੬॥

ਘੜੀ ਮੁੜੀ, ਘੜੀ ਮੁੜੀ ਪ੍ਰਭੂ ਨੂੰ ਜਪੀਏ* (ਧਿਆਈਏ), ਇਸ ਅੰਮ੍ਰਿਤ ਨੂੰ ਪੀਕੇ ਮਨ ਤੇ ਤਨ (ਦੋਹਾਂ ਨੂੰ) ਤ੍ਰਿਪਤ ਕਰ ਲਈਏ। ਨਾਮ ਰਤਨ ਜਿਸ ਗੁਰਮੁਖ ਨੇ ਪਾ ਲਿਆ ਹੈ, ਉਸ ਨੂੰ ਫੇਰ ਹੋਰ ਕੁਝ ਨਹੀਂ ਦਿੱਸਿਆ (ਭਾਵ ਨਾਮ ਤੁੱਲ ਉਸ ਨੂੰ ਫੇਰ ਹੋਰ ਕੁਝ ਨਹੀਂ ਲੱਗਾ, ਫੇਰ ਤਾਂ) ਨਾਮ ਹੀ (ਉਸ ਦਾ) ਧਨ ਹੈ, ਨਾਮ ਹੀ (ਉਸ ਦਾ) ਰੂਪ ਰੰਗ (ਸੁੰਦਰਤਾ) ਹੈ, ਨਾਮ ਹੀ (ਉਸ ਦਾ) ਸੁਖ (ਤੇ) ਹਰੀ ਨਾਮ ਦਾ ਹੀ (ਉਸ ਨੂੰ ਫੇਰ) ਸਤਿਸੰਗ (ਰਹਿੰਦਾ ਹੈ)। (ਗਲ ਕੀ) ਨਾਮ ਰਸ ਵਿਚ ਜੋ ਪੁਰਖ ਤ੍ਰਿਪਤ ਹੋਏ ਹਨ, ਮਨ (ਕਰਕੇ) ਤਨ (ਕਰਕੇ) ਨਾਮ ਹੀ ਵਿਚ ਸਮਾਏ (ਰਹਿੰਦੇ) ਹਨ। ਹੇ ਨਾਨਕ! (ਐਉਂ ਹੀ) ਕਹੁ (ਕਿ) ਜਨ ਦਾ ਸਦਾ ਕੰਮ (ਹੀ) ਇਹ (ਹੋ ਜਾਂਦਾ) ਹੈ, (ਕਿ ਉਹ) ਉਠਦਿਆਂ, ਬੈਠਦਿਆਂ ਸੌਂਦਿਆਂ ਨਾਮ (ਅਰਾਧਨ ਵਿਚ ਰਹਿੰਦਾ ਹੈ) ॥ ੬ ॥

ਬੋਲਹੁ ਜਸੁ ਜਿਹਬਾ ਦਿਨੁ ਰਾਤਿ ॥ ਪ੍ਰਭਿ ਅਪਨੈ ਜਨ ਕੀਨੀ ਦਾਤਿ ॥ ਕਰਹਿ ਭਗਤਿ ਆਤਮ ਕੈ ਚਾਇ ॥ ਪ੍ਰਭ ਅਪਨੇ ਸਿਉ ਰਹਹਿ ਸਮਾਇ ॥ ਜੋ ਹੋਆ ਹੋਵਤ ਸੋ ਜਾਨੈ ॥ ਪ੍ਰਭ ਅਪਨੇ ਕਾ ਹੁਕਮੁ ਪਛਾਨੈ ॥ ਤਿਸ ਕੀ ਮਹਿਮਾ ਕਉਨ ਬਖਾਨਉ ॥ ਤਿਸ ਕਾ ਗੁਨੁ ਕਹਿ ਏਕ ਨ ਜਾਨਉ ॥ ਆਠ ਪਹਰ ਪ੍ਰਭ ਬਸਹਿ ਹਜੂਰੇ ॥ ਕਹੁ ਨਾਨਕ ਸੇਈ ਜਨ ਪੂਰੇ ॥੭॥

[ਹਜ਼ੂਰੀ ਵਾਸ] (ਤਾਂਤੇ ਹੇ ਪਿਆਰਿਓ!) ਦਿਨ ਰਾਤ (ਪ੍ਰਭੂ ਦੇ) ਜਸ ਨੂੰ ਹੀ ਰਸਨਾਂ ਨਾਲ ਉਚਾਰੋ। (ਕਿਉਂਕਿ ਇਹ) ਦਾਤ (ਹੈ ਜੋ) ਪ੍ਰਭੂ ਨੇ ਅਪਣੇ ਦਾਸਾਂ ਨੂੰ ਦਿੱਤੀ ਹੈ। (ਪ੍ਰਭੂ ਦੇ ਜਨ) ਆਤਮਾ ਦੀ ਖੁਸ਼ੀ (=ਮਨ ਦੇ ਉਤਸਾਹ) ਨਾਲ ਭਗਤੀ ਕਰਦੇ ਹਨ† (ਤੇ) ਅਪਣੇ ਪ੍ਰਭੂ ਦੇ ਨਾਲ ਸਮਾਏ ਰਹਿੰਦੇ ਹਨ। ਜੋ ਹੋ ਬੀਤਿਆ, ਜੋ) ਹੋ ਰਿਹਾ ਹੈ, (ਜੋ ਹੋਵੇਗਾ) ਉਸ ਨੂੰ ਜਾਣਦੇ ਹਨ ਤੇ ਪਛਾਣਦੇ ਹਨ (ਕਿ ਸਭ ਸਾਡੇ) ਅਪਣੇ ਪ੍ਰਭੂ ਦੇ ਹੁਕਮ ਵਿਚ ਹੈ‡। ਉਸ (ਜਨ) ਦੀ (ਕਿਹੜੀ) ਕਿਹੜੀ ਮਹਿਮਾ ਵਰਣਨ ਕਰਾਂ? (ਮੈਂ ਤਾਂ) ਉਸ ਦਾ ਇਕ ਗੁਣ ਬੀ ਕਹਿ ਨਹੀਂ ਜਾਣਦਾ। ਕਹੁ ਹੇ ਨਾਨਕ ਕਿ (ਜੋ ਜਨ) ਅੱਠੇ ਪਹਿਰ ਪ੍ਰਭੂ ਦੇ ਹਜ਼ੂਰ ਵਸਦੇ ਹਨ, ਓਹੋ ਪੂਰਨ ਪੁਰਖ ਹਨ (ਭਾਵ ਓਹ ਹਰ ਵਕਤ ਇਹ ਪ੍ਰਤੀਤ ਕਰਦੇ ਹਨ ਕਿ ਅਸੀਂ ਪ੍ਰਭੂ ਦੀ ਹਜ਼ੂਰੀ ਵਿਚ ਹਾਂ) ॥ ੭ ॥

ਓਹ ਹਜ਼ੂਰੀ ਵਾਲੇ ਜਗਤ ਜੀਵਾਂ ਦਾ ਦੁਖ ਹਰਨ ਵਾਲੇ ਨਾਮ ਜਪਾਉਣ ਵਾਲੇ 'ਦਾਤਾ' ਕਹੀਦੇ ਹਨ। ਭਾਵ ਉਨ੍ਹਾਂ ਦੀ ਸੁਰਤ ਵਿਚ ਯਾਚਨਾ ਦਾ ਭਾਵ ਨਹੀਂ ਹੁੰਦਾ। ਦੇਣ ਦਾ ਭਾਵ ਹੁੰਦਾ ਹੈ। **ਉਨ੍ਹਾਂ ਦੀ ਸ਼ਰਣ ਵਿਚ ਸੁਖ ਹੁੰਦਾ ਹੈ।**

---

*ਅਥਵਾ, ਮਨ ਬਾਣੀ ਸ਼ਰੀਰ ਨਾਲ ਜਪੀਏ। [ਸੰਪ:

†ਭਾਵ, ਨਿਸ਼ਕਾਮ ਭਗਤੀ।

‡ਐਉਂ ਬੀ ਕਰਦੇ ਹਨ–ਜੋ ਹੋਇਆ ਹੈ ਉਸ ਨੂੰ ਜਾਣਦੇ ਹਨ ਕਿ ਪਿਆ ਹੁੰਦਾ ਹੈ। ਭਾਵ (ਹੋਣ ਵਿਚ ਕਿਉਂਕਿ ਹੁੰਦੇ ਨੂੰ ਓਹ) ਆਪਣੇ ਪ੍ਰਭੂ ਦਾ ਹੁਕਮ ਪਛਾਣਦੇ ਹਨ। ਭਾਵ ਲਗ ਪਗ ਇਕੋ ਹੈ।

ਮਨ ਮੇਰੇ ਤਿਨਕੀ ਓਟ ਲੇਹਿ ॥ ਮਨੁ ਤਨੁ ਅਪਨਾ ਤਿਨ ਜਨ ਦੇਹਿ ॥ ਜਿਨਿ ਜਨਿ ਅਪਨਾ ਪ੍ਰਭੂ ਪਛਾਤਾ ॥ ਸੋ ਜਨੁ ਸਰਬ ਥੋਕ ਕਾ ਦਾਤਾ ॥ ਤਿਸਕੀ ਸਰਨਿ ਸਰਬ ਸੁਖ ਪਾਵਹਿ॥ ਤਿਸਕੈ ਦਰਸਿ ਸਭ ਪਾਪਮਿਟਾਵਹਿ॥ਅਵਰ ਸਿਆਨਪ ਸਗਲੀ ਛਾਡੁ ॥ ਤਿਸੁ ਜਨ ਕੀ ਤੂ ਸੇਵਾ ਲਾਗੁ॥ ਆਵਨੁ ਜਾਨੁ ਨ ਹੋਵੀ ਤੇਰਾ॥ ਨਾਨਕ ਤਿਸੁ ਜਨ ਕੇ ਪੂਜਹੁ ਸਦ ਪੈਰਾ ॥੮॥੧੭॥

ਹੇ ਮੇਰੇ ਮਨ ! ਉਨ੍ਹਾਂ (ਅਠ ਪਹਿਰ ਹਜ਼ੂਰੀ ਵਿਚ ਵੱਸਣ ਵਾਲਿਆਂ) ਦੀ ਓਟ ਲੈ, ਮਨ ਤੇ ਤਨ ਅਪਣਾ ਉਨ੍ਹਾਂ ਜਨਾਂ ਨੂੰ ਅਰਪ । (ਸਮਝ ਲੈ ਕਿ) ਜਿਸ ਜਨ ਨੇ ਆਪਣਾ ਪ੍ਰਭੂ ਪਛਾਣ ਲਿਆ ਹੈ, ਉਹੋ ਪੁਰਖ ਸਭ ਪਦਾਰਥਾਂ ਦਾ ਦਾਤਾ ਹੁੰਦਾ ਹੈ । ਉਸੇ (ਦਾਤੇ) ਦੀ ਸ਼ਰਨ (ਪੈਕੇ ਤੂੰ) ਸਾਰੇ ਸੁਖ ਪਾਵੇਂਗਾ, ਉਸੇ ਦੇ ਦਰਸ਼ਨ ਨਾਲ (ਤੂੰ ਅਪਣੇ) ਸਾਰੇ ਪਾਪਾਂ ਨੂੰ ਮਿਟਾ ਲਵੇਂਗਾ । (ਕਹਿੰਦੇ ਹਨ ਗੁਰੂ) ਨਾਨਕ, ਹੋਰ ਸਾਰੀ ਸਿਆਣਪ ਤੂੰ ਛਡ ਦੇਹ, ਉਸ ਪੁਰਖ ਦੀ ਸੇਵਾ ਵਿਖੇ ਲਗ ਪਉ, (ਹਾਂ) ਉਸੇ ਪੁਰਖ ਦੇ ਸਦਾ ਪੈਰ ਪੂਜ (ਤਾਂ ਜੋ) ਤੇਰਾ ਆਉਣ ਜਾਣ (ਫੇਰ) ਨਾ ਹੋਵੇ ॥ ੮ ॥ ੧੭ ॥

**ਨਿਰੁਕ–** ਸੁਰਤਿ–[ਸੰਸ:, ਸ਼੍ਰੁਤਿ:=ਸੁਣਨ ਦੀ ਕ੍ਰਿਯਾ, ਕੰਨ ] (ਸੁਣਨ ਵਾਲੇ ਦੇ) ਕੰਨ । ਸੁਣਨ ਦੀ ਸਤਯਾ । ਪਹਿਲੇ 'ਬਕਤਾ' ਤੇ ਮਗਰੋਂ 'ਸੁਨਤਾ' ਪਦ ਹੋਣ ਕਰਕੇ 'ਸੁਰਤਿ' ਦੇ ਅਰਥ ਏਥੇ ਕੰਨ ਅਥਵਾ 'ਸੁਣਨ ਸ਼ਕਤੀ' ਹੈ ।

ਠਾਕੁਰ–[ਸੰਸ:, ਠਕੁਕੁਰ:=ਉਹ ਦੇਵਤਾ ਯਾ ਮੂਰਤੀ ਜਿਸ ਦੀ ਪੂਜਾ ਕੀਤੀ ਜਾਏ । ਹਿੰਦੀ, ਠਾਕੁਰ=ਪਰਮੇਸ਼ੁਰ, ਸ੍ਵਾਮੀ, ਪੂਜਯ ਵ੍ਯਕਤੀ] ਮਾਲਕ (ਸ੍ਰਿਸ਼ਟੀ ਦਾ ਸ੍ਵਾਮੀ) । ਭਾਵ 'ਮਾਲਕ ਕੁੱਲ' ਯਾ ਪਰਮੇਸ਼ੁਰ ਤੋਂ ਹੈ ।

ਪ੍ਰਭ–[ਸੰਸ:, ਪ੍ਰਭੁ:=] ਮਾਲਕ, ਸ੍ਵਾਮੀ, ਕੁੱਲ ਦੁਨੀਆਂ ਦਾ ਮਾਲਕ,ਭਾਵ ਹੈ ਵਾਹਿਗੁਰੂ ।

ਰੀਤਿ–[ਸੰਸ:, ਰੀਤਿ:=ਚਾਲ । ਚਾਲ ਚਲਨ, ਰਸਮ ਰਿਵਾਜ ] ਚਾਲ ਚਲਨ । ਰਹਿਤ ਬਹਿਤ । ਉਸ ਦੀ ਰਹਿਣੀ ਬਹਿਣੀ ਕਹਿਣੀ ਪਵਿਤ੍ਰ ਹੁੰਦੀ ਹੈ । ਉਸ ਦਾ ਆਚਰਨ ਤੇ ਵਰਤਾਉ ਪਵਿੱਤ੍ਰ ਹੁੰਦਾ ਹੈ ।

ਸਰਪਰ–[ਵੇਖੋ ਪੰਨਾ ੬੯੫] ਸਰਵਥਾ, ਨਿਸਚੇ, ਜ਼ਰੂਰ, ਹਰ ਹਾਲ ।

## [ਅਸਟਪਦੀ–ਅਠਾਰਵੀਂ]

**ਸਤਿਗੁਰੂ ਤੇ ਸਿਖ ਦੇ ਲੱਛਣ ਤੇ ਫਰਜ਼ । ਗੁਰਮੁਖ ਪੁਰਖ ਦੇ ਲੱਛਣ, ਸਿਖ ਨੂੰ ਉਸ ਪੁਰਖ ਦੀ ਲੋੜ ਤੇ ਫਲ:–**

ਸਲੋਕੁ ॥ ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸਕਾ ਨਾਉ ॥ ਤਿਸਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਨ ਗਾਉ ॥ ੧ ॥

ਹੇ ਨਾਨਕ ! ਜਿਸਨੇ ਸਤਿ ਪੁਰਖ (ਵਾਹਿਗੁਰੂ) ਨੂੰ ਜਾਣ ਲਿਆ ਹੈ ਉਸਦਾ ਨਾਮ ਸਤਿਗੁਰੂ ਹੈ । ਉਸੇ ਦੇ ਸਤਿਸੰਗ ਨਾਲ ਸਿਖ ਮੁਕਤੀ ਪਾਉਂਦਾ ਹੈ, ਇਸ ਕਰਕੇ (ਉਸਦੇ ਸਤਿਸੰਗ ਵਿਚ) ਪਰਮੇਸ਼ੁਰ ਦੇ ਗੁਣ ਗਾਂਵਿਆਂ ਕਰ ॥ ੧ ॥

ਅਸਟਪਦੀ ॥ ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ ॥ ਸੇਵਕ ਕਉ ਗੁਰੁ ਸਦਾ ਦਇਆਲ ॥ ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ ॥ ਗੁਰਬਚਨੀ ਹਰਿ ਨਾਮੁ ਉਚਰੈ ॥ ਸਤਿਗੁਰੁ ਸਿਖ ਕੇ ਬੰਧਨ ਕਾਟੈ ॥ ਗੁਰ ਕਾ ਸਿਖੁ ਬਿਕਾਰ ਤੇ ਹਾਟੈ ॥ ਸਤਿਗੁਰੁ ਸਿਖ ਕਉ ਨਾਮ ਧਨੁ ਦੇਇ ॥ ਗੁਰ ਕਾ ਸਿਖੁ ਵਡਭਾਗੀ ਹੇ ॥ ਸਤਿਗੁਰ ਸਿਖ ਕਾ ਹਲਤੁ ਪਲਤੁ ਸਵਾਰੈ ॥ ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ ॥੧॥

(ਜਿਵੇਂ 'ਸੇਵਕ ਕਉ ਪ੍ਰਭ ਪਾਲਨਹਾਰਾ'* ਹੈ ਤਿਵੇਂ) ਸਤਿਗੁਰੂ (ਬੀ) ਸਿੱਖ ਦੀ ਪ੍ਰਤਿਪਾਲਾ ਕਰਦਾ ਹੈ। ਗੁਰੂ (ਅਪਣੇ) ਸੇਵਕ ਪਰ ਸਦਾ ਦਿਆਲ (ਹੁੰਦਾ ਹੈ)। ਗੁਰੂ (ਅਪਣੇ) ਸੇਵਕ ਦੀ ਖੋਟੀ ਬੁੱਧੀ ਦੀ ਮੈਲ ਨੂੰ ਦੂਰ ਕਰਦਾ ਹੈ (ਅਤੇ ਸਿਖ) ਗੁਰੂ ਦੇ ਉਪਦੇਸ਼ ਦੁਆਰਾ ਪਰਮੇਸ਼ੁਰ ਦੇ ਨਾਮ ਨੂੰ ਉਚਾਰਦਾ ਹੈ। ਸਤਿਗੁਰੂ ਸਿੱਖ ਦੇ ਬੰਧਨ ਕੱਟਦਾ ਹੈ, ਗੁਰੂ ਕਾ ਸਿੱਖ (ਗੁਰੂ ਦੇ ਉਪਦੇਸ਼ ਨਾਲ) ਵਿਕਾਰਾ ਤੋਂ ਟਲ ਜਾਂਦਾ ਹੈ। ਸਤਿਗੁਰੂ ਸਿਖ ਨੂੰ ਨਾਮ ਦਾ ਧਨ ਦੇਂਦਾ ਹੈ, (ਇਸ ਧਨ ਨਾਲ) ਗੁਰੂ ਦਾ ਸਿਖ ਵਡੇ ਭਾਗਾਂ ਵਾਲਾ ਹੋ ਜਾਂਦਾ ਹੈ। ਸਤਿਗੁਰੂ (ਅਪਣੇ) ਸਿਖ ਦਾ ਲੋਕ ਪ੍ਰਲੋਕ ਸੁਵਾਰ ਦੇਂਦਾ ਹੈ। (ਕਹਿੰਦੇ ਹਨ ਗੁਰੂ) ਨਾਨਕ (ਜੀ) ਸਤਿਗੁਰੂ (ਅਪਣੇ) ਸਿਖ ਨੂੰ (ਅਪਣੇ) ਜੀ ਦੇ ਨਾਲ ਸਮ੍ਹਾਲਦਾ ਹੈ ॥ ੧ ॥

ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ ॥ ਗੁਰ ਕੀ ਆਗਿਆ ਮਨ ਮਹਿ ਸਹੈ ॥ ਆਪਸ ਕਉ ਕਰਿ ਕਛੁ ਨ ਜਨਾਵੈ ॥ ਹਰਿ ਹਰਿ ਨਾਮੁ ਰਿਦੈ ਸਦ ਧਿਆਵੈ ॥ ਮਨੁ ਬੇਚੈ ਸਤਿ-ਗੁਰ ਕੈ ਪਾਸਿ ॥ ਤਿਸੁ ਸੇਵਕ ਕੇ ਕਾਰਜ ਰਾਸਿ ॥ ਸੇਵਾ ਕਰਤ ਹੋਇ ਨਿਹਕਾਮੀ॥ ਤਿਸ ਕਉ ਹੋਤ ਪਰਾ-ਪਤਿ ਸੁਆਮੀ॥ਅਪੁਨੀ ਕ੍ਰਿਪਾ ਜਿਸੁ ਆਪਿ ਕਰੇਇ ॥ ਨਾਨਕ ਸੋ ਸੇਵਕੁ ਗੁਰ ਕੀ ਮਤਿ ਲੇਇ ॥ ੨ ॥

ਜੋ ਸੇਵਕ ਗੁਰੂ ਦੇ ਘਰ ਵਿਚ (ਆ) ਰਹੇ†, (ਉਸਨੂੰ ਚਾਹੀਦਾ ਹੈ ਕਿ) ਗੁਰੂ ਦੀ ਆਗਯਾ ਨੂੰ ਮਨੋ ਹੋਕੇ ਮੰਨੇ (ਅਰ) ਅਪਣੇ ਆਪ ਨੂੰ ਕੁਛ ਕਰਕੇ ਨਾ ਜਣਾਵੇ ਤੇ ਪਰਮੇਸ਼ੁਰ ਦਾ ਨਾਮ ਸਦੀਵ ਰਿਦੇ ਵਿਚ ਧਿਆਉਂਦਾ ਰਹੇ। (ਅਰ) ਅਪਣਾ ਮਨ ਸਤਿਗੁਰਾਂ ਪਾਸ ਵੇਚ ਦੇਵੇ (ਭਾਵ ਹਉਂ ਨਾ ਰਖੇ), ਉਸ ਸੇਵਕ ਦੇ ਕੰਮ ਰਾਸ ਹੁੰਦੇ ਹਨ। (ਐਉਂ ਜੋ) ਸੇਵਾ ਕਰਦਾ ਹੋਇਆ ਕਾਮਨਾ ਤੋਂ ਰਹਿਤ ਹੋ ਜਾਂਦਾ ਹੈ‡, ਉਸ ਨੂੰ ਅਕਾਲ ਪੁਰਖ ਪ੍ਰਾਪਤ ਹੁੰਦਾ ਹੈ। (ਪਰ) ਹੇ ਨਾਨਕ! (ਪ੍ਰਭੂ) ਅਪਣੀ ਕ੍ਰਿਪਾ ਜਿਸ ਪਰ ਕਰਦਾ ਹੈ, ਉਹੀ ਸੇਵਕ ਗੁਰੂ ਦੀ ਮਤਿ ਲੈਂਦਾ ਹੈ ॥ ੨ ॥

ਬੀਸ ਬਿਸਵੇ ਗੁਰ ਕਾ ਮਨੁ ਮਾਨੈ ॥ ਸੋ ਸੇਵਕੁ ਪਰਮੇਸੁਰ ਕੀ ਗਤਿ ਜਾਨੈ ॥ ਸੋ ਸਤਿਗੁਰੁ ਜਿਸੁ ਰਿਦੈ ਹਰਿ ਨਾਉ ॥ ਅਨਿਕ ਬਾਰ ਗੁਰ ਕਉ ਬਲਿ ਜਾਉ ॥ ਸਰਬ ਨਿਧਾਨ ਜੀਅ

(ਜਿਸ ਸੇਵਕ ਪਰ) ਗੁਰੂ ਦਾ ਮਨ ਵੀਹ ਵਿਸਵੇ (=ਪੂਰਾ ਪੂਰਾ) ਪਤੀਜ ਜਾਂਦਾ ਹੈ❦ ਉਹੀ ਸੇਵਕ ਪਰਮੇਸ਼ੁਰ ਦੇ ਗਯਾਨ ਨੂੰ ਜਾਣ ਲੈਂਦਾ ਹੈ। ਸਤਿਗੁਰੂ ਉਹ ਹੈ, ਜਿਸ ਦੇ ਹਿਰਦੇ ਵਿਚ ਪਰਮੇਸ਼ੁਰ ਦਾ ਨਾਮ (ਸਥਿਤ) ਹੈ, (ਐਸੇ) ਗੁਰੂ ਤੋਂ (ਮੈਂ) ਅਨੇਕ ਵਾਰ ਬਲਿਹਾਰਨੇ ਜਾਂਦਾ ਹਾਂ। (ਉਹ ਗੁਰੂ) ਸਭ ਖ਼ਜ਼ਾਨਿਆਂ ਦਾ (ਦਾਤਾ ਹੈ, ਉਹੋ ਹੀ) ਜੀਅਦਾਨ (ਦੇਣ

*ਵੇਖੋ ਇਸ ਤੋਂ ਪਹਿਲੀ ਅਸਟਪਦੀ ਦੀ ਪਉੜੀ ੩।

†ਜਿਗਯਾਸੂ ਕਈ ਤਰ੍ਹਾਂ ਦੇ ਹਨ, ਇਕ ਆਕੇ ਸਿਖਯਾ ਲੈਕੇ ਟੁਰ ਜਾਂਦੇ ਹਨ, ਇਕ ਚਰਨ ਸ਼ਰਨ ਰਹਿਕੇ ਸਿਖਯਾ ਪਾਉਂਦੇ ਹਨ।

‡ਕਾਹੂ ਫਲ ਕੀ ਇਛਾ ਨਹੀ ਬਾਛੈ ॥ [ਸੁਖਮਨੀ, ੯-੨

❦੨੦ ਵਿਸਵੇ ਦਾ ਪੂਰਾ ਵਿਘਾ ਹੁੰਦਾ ਹੈ, ਇਸ ਕਰਕੇ ਵੀਹ ਵਿਸਵੇ ਦਾ ਅਰਥ ਹੈ-ਪੂਰਾ ਪੂਰਾ।

ਕਾ ਦਾਤੁ॥ਆਠਪਹਰ ਪਾਰਬ੍ਰਹਮ ਰੰਗਿਰਾਤੁ॥ਬ੍ਰਹਮ ਮਹਿ ਜਨੁ ਜਨ ਮਹਿ ਪਾਰਬ੍ਰਹਮੁ ॥ ਏਕਹਿ ਆਪਿ ਨਹੀ ਕਛੁ ਭਰਮੁ ॥ ਸਹਸ ਸਿਆਨਪ ਲਇਆ ਨ ਜਾਈਐ॥ਨਾਨਕ ਐਸਾਗੁਰੁ ਬਡਭਾਗੀ ਪਾਈਐ॥੩॥

ਵਾਲਾ) ਦਾਤਾ ਹੈ. (ਉਹ) ਅਠੇ ਪਹਿਰ ਪਰਮੇਸ਼ੁਰ ਦੇ ਪ੍ਰੇਮ ਵਿਚ ਰੱਤਾ ਰਹਿੰਦਾ ਹੈ । (ਉਹ ਗੁਰੂ ਐਸਾ) ਭਗਤ ਹੈ ਕਿ ਬ੍ਰਹਮ ਵਿਚ (ਸਮਾਇਆ ਰਹਿੰਦਾ) ਹੈ (ਅਤੇ) ਬ੍ਰਹਮ (ਅਪਣੇ) ਉਸ ਭਗਤ ਵਿਚ (ਸਮਾਇਆ ਰਹਿੰਦਾ ਹੈ) । (ਇਸ ਵਿਚ) ਕੁਛ ਸੰਸਾ ਨਹੀਂ (ਦੋਹਾਂ ਰੂਪਾਂ ਵਿਚ)ਇਕੋ ਆਪ ਹੀ ਹੈ (ਪਰ) ਹੇ ਨਾਨਕ ! ਹਜ਼ਾਰਾਂ ਸਿਆਣਪਾਂ ਨਾਲ ਐਸਾ ਗੁਰੂ ਪ੍ਰਾਪਤ ਨਹੀਂ ਹੋ ਸਕਦਾ, ਵਡੇ ਭਾਗਾਂ ਨਾਲ ਹੀ (ਉਹ) ਪਾਈਦਾ ਹੈ ॥ ੩ ॥

ਸਫਲ ਦਰਸਨੁ ਪੇਖਤ ਪੁਨੀਤ ॥ ਪਰਸਤ ਚਰਨ ਗਤਿ ਨਿਰਮਲ ਰੀਤਿ ॥ ਭੇਟਤ ਸੰਗਿ ਰਾਮ ਗੁਨ ਰਵੇ ॥ ਪਾਰਬ੍ਰਹਮ ਕੀ ਦਰਗਹ ਗਵੇ ॥ ਸੁਨਿ ਕਰਿ ਬਚਨ ਕਰਨ ਆਘਾਨੇ ॥ ਮਨਿ ਸੰਤੋਖੁ ਆਤਮ ਪਤੀਆਨੇ ॥ ਪੂਰਾ ਗੁਰੁ ਅਖੵਉ ਜਾਕਾ ਮੰਤ੍ਰ॥ਅੰਮ੍ਰਿਤ ਦ੍ਰਿਸਟਿ ਪੇਖੈ ਹੋਇ ਸੰਤ ॥ ਗੁਣ ਬਿਅੰਤ ਕੀਮਤਿ ਨਹੀ ਪਾਇ ॥ ਨਾਨਕ ਜਿਸੁ ਭਾਵੈ ਤਿਸੁ ਲਏ ਮਿਲਾਇ ॥ ੪ ॥

(ਐਸੇ ਗੁਰੂ ਦਾ ਦਰਸ਼ਨ) ਸਫਲ ਦਰਸ਼ਨ ਹੈ (ਕਿਉਂਕਿ ਉਸ ਨੂੰ) ਦੇਖਕੇ ਹੀ ਪਵਿਤ੍ਰ (ਹੋ ਜਾਈਦਾ ਹੈ ਅਤੇ ਉਸਦੇ) ਚਰਨ ਸਪਰਸ਼ ਕਰਨ ਨਾਲ ਨਿਰਮਲ ਰੀਤੀ ਪ੍ਰਾਪਤ ਹੁੰਦੀ ਹੈ । (ਉਸਦਾ) ਸਤਿਸੰਗ ਕਰਨੇ ਨਾਲ (ਸੇਵਕ) ਰਾਮ ਦੇ ਗੁਣ ਗਾਉਂਦਾ ਹੈ (ਜਿਸ ਨਾਲ ਕਿ ਉਹ) ਪਾਰਬ੍ਰਹਮ ਦੀ ਦਰਗਾਹ ਨੂੰ ਪ੍ਰਾਪਤ ਹੁੰਦਾ ਹੈ । (ਐਸੇ ਗੁਰੂ ਦੇ) ਬਚਨ ਸੁਣਨੇ ਨਾਲ ਕੰਨ ਤ੍ਰਿਪਤ ਹੋ ਜਾਂਦੇ ਹਨ, ਮਨ ਵਿਚ ਸੰਤੋਖ (ਆ ਜਾਂਦਾ ਤੇ) ਆਤਮਾ ਪਤੀਜ ਜਾਂਦਾ ਹੈ । (ਹਾਂ ਇਹੋ ਹੈ) ਪੂਰਾ ਗੁਰੂ, ਜਿਸਦਾ (ਦਿੱਤਾ ਨਾਮ) ਮੰਤ੍ਰ (ਕਦੇ) ਬ੍ਰਿਥਾ ਨਹੀਂ ਜਾਂਦਾ । (ਜਿਸਨੂੰ ਓਹ ਅਪਣੀ) ਅੰਮ੍ਰਿਤ ਦ੍ਰਿਸ਼ਟੀ ਨਾਲ ਵੇਖਦਾ ਹੈ (ਓਹ ਜੀਵ) ਸੰਤ ਹੋ ਜਾਂਦਾ ਹੈ. (ਐਸੇ ਗੁਰੂ ਦੇ) ਗੁਣ ਬਿਅੰਤ ਹਨ (ਜਿਨ੍ਹਾਂ ਦਾ) ਮੁੱਲ ਨਹੀਂ ਪਾਯਾ ਜਾ ਸਕਦਾ । ਹੇ ਨਾਨਕ ! ਜਿਸਨੂੰ ਭਾਵੇ ਉਸਨੂੰ (ਵਾਹਿਗੁਰੂ) ਮਿਲਾ ਲੈਂਦਾ ਹੈ (ਐਸੇ ਗੁਰੂ ਨਾਲ) ॥ ੪ ॥

ਆਪਣੇ ਸਤਿਗੁਰੂ ਦੀ ਤੇ ਪ੍ਰਭੂ ਦੀ ਵਡਿਆਈ:–

ਜਿਹਬਾ ਏਕ ਉਸਤਤਿ ਅਨੇਕ ॥ ਸਤਿ ਪੁਰਖ ਪੂਰਨ ਬਿਬੇਕ ॥ ਕਾਹੂ ਬੋਲ ਨ ਪਹੁਚਤ ਪ੍ਰਾਨੀ ॥ ਅਗਮ ਅਗੋਚਰ ਪ੍ਰਭ ਨਿਰਬਾਨੀ॥ ਨਿਰਾਹਾਰ ਨਿਰਵੈਰ ਸੁਖਦਾਈ॥ ਤਾਕੀ ਕੀਮਤਿ ਕਿਨੈ ਨ ਪਾਈ ॥ ਅਨਿਕ ਭਗਤ ਬੰਦਨ ਨਿਤ ਕਰਹਿ ॥ ਚਰਨ ਕਮਲ ਹਿਰਦੈ ਸਿਮਰਹਿ ॥ ਸਦ ਬਲਿਹਾਰੀ

[ਨੌਵੀਂ ਦਸਵੀਂ ਤੁਕ ਦਾ ਅਰਥ ਪਹਿਲੋਂ ਲਗਦਾ ਹੈ]
੯. ੧੦. ਸੋ ਹੇ ਨਾਨਕ ! (ਮੈਂ) ਆਪਣ ਸਤਿਗੁਰੂ ਤੋਂ ਸਦਾ ਬਲਿਹਾਰ ਹਾਂ, ਜਿਸ ਦੀ ਕ੍ਰਿਪਾ ਨਾਲ ਕਿ ਮੈਂ ਐਸੇ ਪ੍ਰਭੂ ਦਾ ਜਪ ਕਰ ਰਿਹਾ ਹਾਂ; ੧. (ਜਿਸ ਪ੍ਰਭੂ ਦੀਆਂ) ਸਿਫਤਾਂ ਅਨੇਕ ਹਨ, (ਪਰ ਮੇਰੀ) ਜੀਭ ਇਕੋ ਹੈ (ਜੋ ਸਾਰੇ ਗੁਣ ਗਾਉਣੋਂ ਅਸਮਰਥ ਹੈ । ਉਹ) ਸਤ੍ਯ ਹੈ, ਸਾਰੇ ਵ੍ਯਾਪਕ ਹੈ ਤੇ ਪੂਰਨ ਗ੍ਯਾਨ ਸਰੂਪ ਹੈ । ਕਿਸੇ ਕਥਨ ਦ੍ਵਾਰਾ ਪ੍ਰਾਣੀ (ਉਸਨੂੰ) ਪਹੁੰਚ ਨਹੀਂ ਸਕਦਾ । (ਉਹ) ਪ੍ਰਭੂ (ਮਨ ਬਾਣੀ ਦੀ) ਗੰਮਤਾ ਤੋਂ ਪਰੇ ਹੈ, ਇੰਦ੍ਰੀਆਂ ਦਾ ਵਿਸ਼ਾ ਨਹੀਂ ਤੇ ਨਿਰਗੁਣ ਹੈ । ਅਹਾਰ ਤੋਂ ਰਹਿਤ ਹੈ (ਭਾਵ ਖਾਨ ਪਾਨ ਆਦਿ ਵਿਕਾਰਾਂ ਤੋਂ ਰਹਿਤ ਹੈ) ਵੈਰ ਕਿਸੇ ਨਾਲ ਨਹੀਂ ਕਰਦਾ, (ਸਗੋਂ ਸਭ ਨੂੰ) ਸੁਖ ਦੇਣੇ ਵਾਲਾ ਹੈ । (ਪਰ) ਉਸ ਦਾ ਮੁੱਲ ਕਿਸੇ ਨੇ ਨਹੀਂ ਪਾਇਆ । (ਹਾਂ) ਅਨੇਕਾਂ ਭਗਤ (ਹਨ ਜੋ) ਨਿਤ

ਸਤਿਗੁਰ ਅਪਨੇ ॥ ਨਾਨਕ ਜਿਸੁ ਪ੍ਰਸਾਦਿ ਐਸਾ ਪ੍ਰਭੁ ਜਪਨੇ ॥੫॥

(ਉਸਨੂੰ ਮੱਥੇ ਟੇਕਦੇ ਹਨ ਤੇ (ਉਸਦੇ) ਚਰਨਾਂ ਕਮਲਾਂ ਨੂੰ ਹਿਰਦੇ ਵਿਚ ਸਿਮਰਦੇ ਹਨ (ਤੇ ਐਉਂ ਆਤਮ ਸੁਖ ਪਾਉਂਦੇ ਹਨ) ॥ ੫ ॥

**ਜਿਸ ਮਹਾਂ ਪੁਰਸ਼ (ਅਰਥਾਤ ਗੁਰਮੁਖ) ਤੋਂ ਭਰਮ ਮੋਹ ਦੇ ਦੁਖ ਦੂਰ ਹੋਣੇ ਹਨ, ਉਸ ਦਾ ਇਸ ਪਦੇ ਵਿਚ ਵਰਣਨ ਹੈ:-**

ਇਹੁ ਹਰਿ ਰਸੁ ਪਾਵੈ ਜਨੁ ਕੋਇ ॥ ਅੰਮ੍ਰਿਤੁ ਪੀਵੈ ਅਮਰੁ ਸੋ ਹੋਇ ॥ ਉਸੁ ਪੁਰਖੁ ਕਾ ਨਾਹੀ ਕਦੇ ਬਿਨਾਸ॥ ਜਾਕੈ ਮਨਿ ਪ੍ਰਗਟੇ ਗੁਨ ਤਾਸ ॥ ਆਠ ਪਹਰ ਹਰਿ ਕਾ ਨਾਮੁ ਲੇਇ ॥ ਸਚੁ ਉਪਦੇਸੁ ਸੇਵਕ ਕਉ ਦੇਇ ॥ ਮੋਹ ਮਾਇਆ ਕੈ ਸੰਗਿ ਨ ਲੇਪੁ ॥ ਮਨ ਮਹਿ ਰਾਖੈ ਹਰਿ ਹਰਿ ਏਕੁ॥ ਅੰਧਕਾਰ ਦੀਪਕ ਪਰਗਾਸੇ ॥ ਨਾਨਕ ਭਰਮ ਮੋਹ ਦੁਖ ਤਹ ਤੇ ਨਾਸੇ ॥ ੬ ॥

ਇਹ ਹਰੀ ਰਸ (ਜੋ ਸਿਮਰਨ ਨਾਲ ਲੱਭਦਾ ਹੈ) ਕੋਈ (ਵਿਰਲਾ) ਸੇਵਕ ਪ੍ਰਾਪਤ ਕਰਦਾ ਹੈ। (ਪਰ ਜੋ ਪਾ ਲੈਂਦਾ ਹੈ) ਉਹ (ਇਹ) ਅੰਮ੍ਰਿਤ ਪੀਕੇ ਅਮਰ ਹੋ ਜਾਂਦਾ ਹੈ, (ਹਾਂ) ਉਸ ਪੁਰਸ਼ ਦਾ ਕਦੇ ਨਾਸ਼ ਨਹੀਂ ਹੁੰਦਾ, ਜਿਸਦੇ (ਕਿ) ਮਨ ਵਿਚ ਗੁਣਾਂ ਦੇ ਤਾਸ ਆ ਪ੍ਰਗਟਦੇ ਹਨ। (ਐਸਾ ਮਹਾਂ ਪੁਰਖ ਆਪ) ਅਠ ਪਹਿਰ ਪਰਮੇਸ਼ੁਰ ਦਾ ਨਾਮ ਲੈਂਦਾ ਹੈ (ਤੇ ਅਪਣੇ) ਸੇਵਕ ਨੂੰ (ਨਾਮ ਦਾ ਹੀ) ਸੱਚਾ ਉਪਦੇਸ਼ ਦੇਂਦਾ ਹੈ। (ਉਹ ਆਪ) ਮੋਹ ਤੇ ਮਾਇਆ ਦੇ ਸੰਗ ਤੋਂ ਨਿਰਲੇਪ ਰਹਿੰਦਾ (ਹੋਇਆ) ਮਨ ਵਿਚ ਇਕ ਹਰੀ ਨੂੰ ਹੀ ਰਖਦਾ ਹੈ (ਤੇ ਦੂਸਰਿਆਂ ਲਈ ਉਹ) ਹਨੇਰੇ ਵਿਚ (ਮਾਨੋ) ਦੀਵਾ ਬਾਲ ਦੇਂਦਾ ਹੈ। ਹੇ ਨਾਨਕ! (ਜਗਜਾਸੂਆਂ ਦੇ) ਭਰਮ ਮੋਹ ਤੇ ਦੁਖ ਉਸ (ਹਨੇਰੇ ਵਿਚ ਦੀਪਕ ਬਾਲਣ ਵਾਲੇ ਸਤਿ ਪੁਰਖ) ਤੋਂ ਦੂਰ ਹੁੰਦੇ ਹਨ ॥ ੬ ॥

**ਉਸ ਪੁਰਖ ਨੂੰ ਹੁਣ ਸਾਧੂ ਕਹਿਕੇ ਉਸ ਦੇ ਗੁਣ ਦੱਸਦੇ ਹਨ:-**

ਤਪਤਿ ਮਾਹਿ ਠਾਢਿ ਵਰਤਾਈ॥ ਅਨਦੁ ਭਇਆ ਦੁਖ ਨਾਠੇ ਭਾਈ॥ ਜਨਮ ਮਰਨ ਕੇ ਮਿਟੇ ਅੰਦੇਸੇ ॥ ਸਾਧੂ ਕੇ ਪੂਰਨ ਉਪਦੇਸੇ ॥ ਭਉ ਚੂਕਾ ਨਿਰਭਉ ਹੋਇ ਬਸੇ ॥ ਸਗਲ ਬਿਆਧਿ ਮਨ ਤੇ ਖੈ ਨਸੇ॥ ਜਿਸਕਾ ਸਾ ਤਿਨਿ ਕਿਰਪਾ ਧਾਰੀ ॥ ਸਾਧ ਸੰਗਿ ਜਪਿ ਨਾਮੁ ਮੁਰਾਰੀ ॥ ਥਿਤਿ ਪਾਈ ਚੂਕੇ ਭ੍ਰਮ ਗਵਨ ॥ ਸੁਨਿ ਨਾਨਕ ਹਰਿ ਹਰਿ ਜਸੁ ਸ੍ਰਵਨ ॥ ੭ ॥

ਹੇ ਭਾਈ! (ਐਸੇ ਗੁਰੂ ਨੇ ਸਾਡੇ) ਤਪਤ (ਹਿਰਦ) ਵਿਚ ਠੰਢ ਵਰਤਾ ਦਿੱਤੀ ਹੈ (ਹੁਣ ਦੁੱਖ ਨੱਸ ਗਏ ਹਨ, ਅਨੰਦ ਹੋ ਗਿਆ ਹੈ (ਅਤੇ) ਜਨਮ ਮਰਨ ਦੇ ਖ਼ਤਰੇ ਦੂਰ ਹੋ ਗਏ ਹਨ। (ਹਾਂ ਉਸ ਸਤਿਗੁਰੂ) ਸਾਧੂ ਦੇ ਪੂਰਨ ਉਪਦੇਸ਼ ਕਰਕੇ ਡਰ ਦੂਰ ਹੋ ਗਿਆ ਹੈ ਤੇ ਭੈ ਰਹਿਤ ਹੋਕ ਵੱਸ ਰਹੇ ਹਾਂ (ਸਗੋਂ) ਸਾਰੀਆਂ ਵਜਾਧੀਆਂ ਖੈ ਹੋਕੇ ਮਨ ਤੋਂ ਨੱਸ ਗਈਆਂ ਹਨ। ਜਿਸ (ਪ੍ਰਭੂ) ਦਾ (ਇਹ ਜੀਵ) ਸੀ ਉਸਨੇ (ਆਪ ਹੀ) ਕ੍ਰਿਪਾ ਕਰ ਦਿੱਤੀ ਹੈ। ਸੋ ਹੁਣ ਉਸ ਸਾਧੂ ਦੇ ਸੰਗ ਦੁਆਰਾ ਪ੍ਰਭੂ ਦਾ ਨਾਮ ਜਪਕੇ, ਹਰੀਹਰਿ ਦਾ ਜਸ ਕੰਨਾਂ ਦੁਆਰਾ ਸੁਣਕੇ, ਭਰਮਣਾ ਤੇ ਆਵਾ ਗਉਣ ਚੁਕ ਗਏ ਹਨ ਤੇ ਟਿਕਾਉ ਪ੍ਰਾਪਤ ਹੋਗਿਆ ਹੈ (ਕਹਿਦੇ ਹਨ ਗੁਰੂ) ਨਾਨਕ (ਦੇਵ ਜੀ) ॥ ੭ ॥

**ਨਿਰਗੁਨ ਸਰਗੁਨ ਪਰਮਾਤਮਾ ਦਾ ਗਜਾਨ ਸਾਧੂ ਦੇ ਸੰਗ ਤੋਂ ਮਿਲਦਾ ਹੈ:-**

ਨਿਰਗੁਨੁ ਆਪਿ ਸਰਗੁਨੁ ਭੀ ਓਹੀ

ਆਪ (ਪ੍ਰਭੂ) ਨਿਰਗੁਣ ਹੈ* (ਪਰ) ਉਹੋ ਹੀ ਸਰਗੁਣ ਭੀ

*ਨਿਰਗੁਣ = ਰੂਪੁ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ ॥ [ਸੁਖਮਨੀ-੧੬ ਸਲੋਕ

॥ ਕਲਾ ਧਾਰਿ ਜਿਨਿ ਸਗਲੀ ਮੋਹੀ ॥ ਅਪਨੇ ਚਰਿਤ ਪ੍ਰਭਿ ਆਪਿ ਬਨਾਏ ॥ ਅਪੁਨੀ ਕੀਮਤਿ ਆਪੇ ਪਾਏ ॥ ਹਰਿ ਬਿਨੁ ਦੂਜਾ ਨਾਹੀ ਕੋਇ॥ ਸਰਬ ਨਿਰੰਤਰਿ ਏਕੋ ਸੋਇ ॥ ਓਤਿ ਪੋਤਿ ਰਵਿਆ ਰੂਪ ਰੰਗ ॥ ਭਏ ਪ੍ਰਗਾਸ ਸਾਧ ਕੈ ਸੰਗ ॥ ਰਚਿ ਰਚਨਾ ਅਪਨੀ ਕਲਧਾਰੀ ॥ ਅਨਿਕ ਬਾਰ ਨਾਨਕ ਬਲਿਹਾਰੀ ॥ ੮ ॥ ੧੮ ॥

(ਆਪ) ਹੈ*; ਉਸ ਨੇ (ਆਪ ਹੀ ਅਪਣੀ ਸ੍ਵੈ ਇਛਾ ਨਾਲ ਨਿਰਗੁਣ ਤੋਂ ਸਰਗੁਣ ਰੂਪ ਵਿਚ ਆਉਣ ਦੀ ਕਲਾ=) ਪ੍ਰਛਿੰਨਤਾਧਾਰਨ ਕੀਤੀ(ਤੇ ਇਸਵਿਚ)ਸਾਰੀ(ਸ੍ਰਿਸ਼ਟੀ)ਮੋਹਿਤ ਕਰ ਲਈ† । ‡ਅਪਣੇ ਖਲ ਪ੍ਰਭੂ ਨੇ ਆਪ ਬਣਾਏ ਹਨ (ਇਸ ਲਈ) ਅਪਣੀ (ਰਚੀ ਦੀ ਤੇ ਅਪਣੀ) ਕੀਮਤ ਕੂਤ ਬੀ ਆਪ ਹੀ ਪਾ ਸਕਦਾ ਹੈ। (ਉਸ) ਹਰੀ ਤੋਂ ਬਿਨਾ ਕੋਈ ਦੂਸਰਾ ਨਹੀਂ ਹੈ, ਇਕੋ ਓਹੋ (ਅਪਣੀ ਰਚੀ ਰਚਨਾ ਵਿਚ) ਸਾਰਿਆਂ ਦੇ ਅੰਦਰ) ਅੰਤਰੇ ਤੋਂ ਰਹਿਤ (ਵਿਦਮਾਨ) ਹੈ। (ਹਾਂ) ਤਾਣੇ ਪੇਟੇ ਵਾਂਙ (ਦਿੱਸ ਰਹੇ ਸਾਰੇ) ਵਿਚ ਰੂਪ ਰੰਗ ਹੋਕੇ ਵਜਾਪਕ ਹੋ ਰਿਹਾ ਹੈ। (ਪਰ ਇਸ ਗਜਾਨ ਦਾ) ਪ੍ਰਕਾਸ਼ (ਤਾਂ) ਹੁੰਦਾ ਹੈ (ਜੇ) ਸਾਧੂ ਦਾ ਸੰਗ (ਕੀਤਾ ਜਾਵੇ। ਸੋ) ਹੇ ਨਾਨਕ ! (ਮੈਂ ਉਸ ਕੌਤਕ ਤੋਂ) ਬਾਰ ਬਾਰ ਬਲਿਹਾਰ ਹਾਂ ਜੋ (ਸ੍ਰਿਸ਼ਟੀ ਦੀ) ਰਚਨਾਂ (ਆਪ) ਰਚਕੇ ਅਪਣੀ ਸ਼ਕਤੀ ਨਾਲ (ਇਸਨੂੰ) ਕਾਯਮ ਰਖ ਰਿਹਾ ਹੈ ॥ ੮ ॥ ੧੮ ॥

**ਨਿਰੁਕ੍ਤ**— ਪ੍ਰਤਿਪਾਲ–[ ਸੰਸ:, ਪ੍ਰਤਿਪਾਲਨੰ=ਰਖਯਾ, ਹਿਫ਼ਾਜ਼ਤ] ਪ੍ਰਤਿਪਾਲਨਾ, ਪਾਲਨਾ, ਬਚਾ ਕੇ ਰਖਣਾ।

ਸਮਾਰੈ–[ਸੰਸ:, ਸੰਭਾਰ:=ਮੇਲ ਮਿਲਾਪ, ਪਰਵਰਿਸ਼, ਪਾਲਨਾ] ਸੰਮ੍ਹਾਲਦਾ ਹੈ, ਪਾਲਣਾ ਕਰਦਾ ਹੈ। ਮਾਂ ਜਿਵੇਂ ਬੱਚੇ ਦੀ ਸੰਭਾਲ ਕਰਦੀ ਹੈ ਤਿਵੇਂ ਸੰਭਾਲਦਾ ਹੈ।

ਗਤਿ–[ਸੰਸ:, ਗਤਿ:=ਚਾਲ, ਗਿਆਨ, ਬੁਧਿ] ਗਜਾਨ, ਪ੍ਰਾਪਤੀ ਦੀ ਡੌਲ, ਉਸ ਤਕ ਪਹੁੰਚ ਦਾ ਪ੍ਰਕਾਰ। (ਅ) ਪ੍ਰਾਪਤ ਹੁੰਦੀ ਹੈ।

ਜਨ–[ਸੰਸ:, ਜਨ:=ਜੀਵ ਧਾਰੀ। ਵਜਕ੍ਤਿ।] (ਕੋਈ ਭੀ) ਮਨੁਖ। ਇਨਸਾਨ। ਭਾਵ ਹੈ ਪ੍ਰਭੂ ਦਾ ਜਨ। ਈਸ਼੍ਵਰ ਦਾ ਭਗਤ।

ਨਿਰਮਲ ਰੀਤਿ–[ਸੰਸ:, ਨਿਰ੍ਮਲ=ਬਿਨਾ ਮੈਲ ਦੇ। ਪਵਿਤ੍ਰ+ਰੀਤਿ:] ਪਵਿੱਤ੍ਰ (ਜੀਵਨ) ਬਸਰ ਕਰਨ ਦੀ ਨਿਰਮਲ ਰੀਤਿ। ਸੁਚੱਜੀ ਜੀਵਨ ਰੀਤਿ।

ਗਤਿ ਨਿਰਮਲ ਰੀਤਿ–੧ ਦੇਖੋ ਉਪਰ। ੨. ਮੁਕਤੀ ਦੀ ਨਿਰਮਲ ਰੀਤੀ।

ਅਖ੍ਉ–[ਸੰਸ:, ਅਕ੍ਸ਼ਯ=ਜਿਸ ਦਾ ਨਾਸ਼ ਨਾ ਹੋਵੇ। ਸਦ�ੈਵੀ। ਪ੍ਰਾਕ੍ਰਿ:, ਅਕ੍ਖਯ। ਪੰਜਾ:, ਅਖਯ ਅਖੈ=ਜੋ ਸੁਕੇ ਨਾ, ਨਾਸ਼ ਨਾ ਹੋਵੇ] ਜੋ ਅਸਰ ਕੀਤੇ ਬਿਨਾ ਖਾਲੀ ਨਾ ਜਾਵੇ। (ਅ) ਅਖਯ ਕਰ ਦੇਣ ਵਾਲਾ। [ਸੰਪ੍ਰਦਾ।

ਨਿਰਾਹਾਰ–[ਸੰਸ:, ਨਿਰ੍+ਆਹਾਰ:=ਭੋਜਨ ਤੋਂ ਬਿਨਾਂ। ਪ੍ਰਾਕ੍ਰਿਤ, ਆਹਾਰ=ਅਧਾਰ। ਨਿਰ+ਆਧਾਰ=ਆਸਰੇ ਤੋਂ ਬਿਨਾਂ] ਜੋ ਆਹਾਰ ਤੋਂ ਰਹਿਤ ਹੈ। ਜਿਸ ਦਾ ਜੀਵਨ ਖਾਣ ਪੀਣ ਤੇ ਨਿਰਭਰ ਨਹੀਂ।

ਅਮਰੁ–ਜੋ ਕਦੇ ਨਾ ਮਰੇ।

---

*ਸਰਗੁਣ=ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ ॥ ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥ [ਵਾਰ ਆਸਾ ਮ: ੧-੧ ।

†(ਅ) ਉਸੇ ਨੇ ਅਪਣੀ ਸ਼ਕਤੀ ਧਾਰਕੇ ਸਾਰੀ (ਸ੍ਰਿਸ਼ਟੀ) ਮੋਹ ਲਈ ਹੈ।

‡ਹੁਣ ਇਸ ਮੋਹ ਤੋਂ ਪ੍ਰਕਾਸ਼ ਪ੍ਰਾਪਤੀ ਦਾ ਪ੍ਰਕਾਰ ਦੱਸਦੇ ਹਨ।

ਗੁਨਤਾਸ—ਗੁਣਾਂ ਦਾ ਮਾਲਕ। (ਦੇਖੋ ਪਿਛੇ ਪੰਨਾ ੧੬੪੫)।

ਤਪਤਿ—[ਸੰਸ:, ਧਾ.,—ਤਪੁ=ਜਲਨਾ, ਸੜਨਾ, ਸੰਤਾਪ ਵਿਚ ਹੋਣਾ। ਸੰਸ:, ਤਪ੍ਤ=ਤਪਿਆ ਹੋਇਆ, ਪੀੜਤ (ਦੁਖੀ) ] ਤਪ ਰਹੇ ਹਿਰਦੇ ਵਿਚ। ਰਾਗ ਦ੍ਵੈਖ ਨਾਲ ਤਪ ਰਹੇ ਵਿਚ। (ਅ) ਹਿਰਦੇ ਵਿਚ ਵਿਆਪ ਰਹੀ ਤਪਸ਼ ਦੀ ਹਾਲਤ ਵਿਚ।

ਬਿਆਧਿ—[ਸੰਸ:, ਵ੍ਯਾਧਿ:=ਬੀਮਾਰੀ, ਰੋਗ, ਪੀੜ।] ਬਿਆਧਿ ਪਦ ਜਦੋਂ ਇਕੱਲਾ ਆਵੇ ਤਾਂ ਇਸ ਦਾ ਅਰਥ ਹੈ: ਸ਼ਰੀਰਕ ਦੁਖ, ਰੋਗ, ਪਰ ਜਦ 'ਮਨ ਦੀ' ਵ੍ਯਾਧਿ ਹੋਵੇ ਤੇ 'ਸਗਲ' ਨਾਲ ਪਿਆ ਹੋਵੇ ਤਦ ਇਸ ਵਿਚ ਆਧਿ, ਵ੍ਯਾਧਿ, ਉਪਾਧਿ ਸਾਰੇ ਦੁਖ-ਜੋ ਮਨ ਨੂੰ ਸੰਤਾਪ ਦੇਣ, ਆ ਗਏ। ਸੋ ਭਾਵ ਹੈ ਮਨ ਤੋਂ ਸਾਰੇ ਸੰਤਾਪ, ਚਾਹੇ ਕਿਸੇ ਦੁਖ ਤੋਂ ਹੋਏ,ਦੂਰ ਹੋ ਗਏ ਹਨ।

ਕਲਾ ਧਾਰਿ—[ਸੰਸ:, ਕਲਾ=ਹਿੱਸਾ, ਭਾਗ, ਪ੍ਰਿਛਿੰਨਤਾ (=ਨਾਨਾ ਰੂਪਤਾ)। ਵਿਦ੍ਯਾ, ਗੁਣ, ਪ੍ਰਬੀਨਤਾ। ਸ਼ਕਤੀ। ਖੇਲ] ਕਲਾ ਧਾਰਨ ਵਾਲਾ ਜਿਸ ਦੇ ਵਿਚ ਉਪਰ ਕਹੇ ਗੁਣ ਹੋਣ। ਯਥਾ:—

ਆਪੇ ਹੀ ਕਰਣਾ ਕੀਓ ਕਲ ਆਪੇ ਹੀ ਤੈ ਧਾਰੀਐ ॥ [ਵਾਰ ਆਸਾ ਮਹਲਾ ੧-੨੦

ਪੁਨਾ:—ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ ॥
ਨਾਨਾ ਰੂਪੁ ਧਰੇ ਬਹੁਰੰਗੀ ਸਭ ਤੇ ਰਹੈ ਨਿਆਰਾ ॥
[ਬਿਹਾਗੜਾ ਮਹਲਾ ੯-੧

## [ਅਸਟਪਦੀ—ਉਨੀਵੀਂ]

**ਪ੍ਰਾਕ੍ਥਨ—**ਹਰੀ ਭਜਨ ਸਾਰ ਵਸਤੂ ਹੈ। ਇਹੋ ਨਾਲ ਜਾਂਦਾ ਹੈ। ਹੋਰ ਉਪਾਵ ਨਿਰਬੰਧ ਨਹੀਂ ਕਰਦੇ; ਇਹੋ ਮੁਕਤੀ ਦਾਤਾ ਹੈ। ਇਸ ਦੀ ਪ੍ਰਾਪਤੀ ਗੁਰੂ ਤੇ ਸਾਧੂ ਦੇ ਸੰਗ ਤੋਂ ਹੈ। ਇਸ ਨੂੰ ਜ਼ਰੂਰ ਧਾਰਨ ਕਰੋ:—

ਸਲੋਕੁ ॥ ਸਾਥਿ ਨ ਚਾਲੈ ਬਿਨੁ ਭਜਨ ਬਿਖਿਆ ਸਗਲੀ ਛਾਰੁ ॥ ਹਰਿਹਰਿ ਨਾਮੁ ਕਮਾਵਨਾ ਨਾਨਕ ਇਹੁ ਧਨੁ ਸਾਰੁ ॥ ੧ ॥

(ਪ੍ਰਲੋਕ ਵਿਚ ਜੀਵ ਦੇ) ਨਾਲ ਬਿਨਾ ਭਜਨ ਤੋਂ (ਕੁਛ) ਨਹੀਂ ਜਾਂਦਾ (ਇਸ ਲਈ) ਮਾਇਆ (ਜੋ ਛਡ ਜਾਣੀ ਹੈ) ਸਾਰੀ ਸੁਆਹ (ਤੁੱਲ ਨਿਕੰਮੀ)ਹੈ। ਪਰਮੇਸ਼ੁਰ ਦਾ ਨਾਮ (ਰੂਪੀ ਧਨ) ਅਸਲੀ ਧਨ ਹੈ (ਜੋ ਨਾਲ ਜਾਏਗਾ ਇਸ ਲਈ) ਇਸ ਨੂੰ ਕਮਾਉਣਾ ਚਾਹੀਦਾ ਹੈ ॥ ੧ ॥

ਅਸਟਪਦੀ ॥ ਸੰਤ ਜਨਾ ਮਿਲਿ ਕਰਹੁ ਬੀਚਾਰੁ॥ਏਕੁ ਸਿਮਰਿ ਨਾਮ ਆਧਾਰੁ ॥ ਅਵਰਿ ਉਪਾਵ ਸਭਿ ਮੀਤ ਬਿਸਾਰਹੁ ॥ ਚਰਨ ਕਮਲ ਰਿਦ ਮਹਿ ਉਰਿਧਾਰਹੁ ॥ ਕਰਨ ਕਾਰਨ ਸੋ ਪ੍ਰਭੁ ਸਮਰਥੁ॥ ਦ੍ਰਿੜੁ ਕਰਿ ਗਹਹੁ ਨਾਮੁ ਹਰਿਵਥੁ॥ਇਹੁ ਧਨੁ ਸੰਚਹੁ ਹੋਵਹੁ ਭਗਵੰਤ॥ ਸੰਤ ਜਨਾ ਕਾ ਨਿਰਮਲ ਮੰਤ ॥ ਏਕ ਆਸ ਰਾਖਹੁ ਮਨ ਮਾਹਿ ॥ ਸਰਬ ਰੋਗ ਨਾਨਕ ਮਿਟਿ ਜਾਹਿ ॥੧॥

ਸੰਤ ਜਨਾਂ ਨਾਲ ਮਿਲਕੇ ਵੀਚਾਰ ਕਰੋ (ਓਹ ਦੱਸਣਗੇ ਕਿ ਸਾਰ ਵਸਤੂ ਨਾਮ ਹੈ ਸੋ) ਇਕ ਨਾਮ ਨੂੰ ਸਿਮਰੋ (ਤੇ ਇਸੇ ਨੂੰ ਹੀ ਮਨ ਦਾ) ਆਸਰਾ (ਬਣਾਓ) ! ਹੇ ਮਿਤ੍ਰ ! ਹੋਰ ਸਾਰੇ ਉਪਾਵ ਛਡ ਦਿਓ, (ਇਕ ਪਰਮੇਸ਼ੁਰ ਦੇ) ਚਰਨਾਂ ਕਮਲਾਂ ਨੂੰ (ਹੀ) ਹਿਰਦੇ ਵਿਚ ਚੰਗੀ ਤਰ੍ਹਾਂ ਧਾਰਨ ਕਰੋ। ਓਹ ਪ੍ਰਭੂ ਕਰਨੇ ਤੇ ਕਰਾਵਣੇ ਨੂੰ ਸਮਰਥ ਹੈ। (ਇਸ ਲਈ ਉਸੇ) ਹਰੀ ਦੇ ਨਾਮ ਰੂਪੀ ਪਦਾਰਥ ਨੂੰ ਦ੍ਰਿੜ੍ਹ ਕਰਕੇ ਫੜੋ। ਇਸ (ਹਰਿ) ਧਨ ਨੂੰ ਕੱਠਾ ਕਰੋ (ਇਸ ਨਾਲ ਤੁਸੀਂ) ਭਾਗਾਂ ਵਾਲੇ ਬਣ ਜਾਓਗੇ। ਸੰਤ ਜਨਾਂ ਦਾ ਸ੍ਵੱਛ ਉਪਦੇਸ਼ (ਇਹੋ) ਹੈ। ਇਕ ਆਸ (ਵਾਹਿਗੁਰੂ ਦੀ) ਮਨ ਵਿਚ ਰਖੋ ਤਾਂ (ਤੁਸਾਡੇ) ਸਾਰੇ ਰੋਗ ਮਿਟ ਜਾਣਗੇ (ਫੁਰਮਾਉਂਦੇ ਹਨ ਗੁਰੂ) ਨਾਨਕ (ਦੇਵ ਜੀ) ॥ ੧ ॥

ਹੋਰ ਧਨ ਤੇ ਸੁਖ ਬੀ ਹਰੀ ਸੇਵਾ ਵਿਚ ਹਨ । ਹਉਂ ਰੋਗ ਬੀ ਨਾਮ ਦਾਰੂ ਨਾਲ ਮਿਟਦਾ ਹੈ:–

ਜਿਸੁ ਧਨੁ ਕਉ ਚਾਰਿ ਕੁੰਟ ਉਠਿ ਧਾਵਹਿ ॥ ਸੋ ਧਨੁ ਹਰਿ ਸੇਵਾ ਤੇ ਪਾਵਹਿ ॥ ਜਿਸੁ ਸੁਖ ਕਉ ਨਿਤ ਬਾਛਹਿ ਮੀਤ ॥ ਸੋ ਸੁਖੁ ਸਾਧੂ ਸੰਗਿ ਪਰੀਤਿ ॥ ਜਿਸੁ ਸੋਭਾ ਕਉ ਕਰਹਿ ਭਲੀ ਕਰਨੀ ॥ ਸਾ ਸੋਭਾ ਭਜੁ ਹਰਿ ਕੀ ਸਰਨੀ ॥ ਅਨਿਕ ਉਪਾਵੀ ਰੋਗੁ ਨ ਜਾਇ ॥ ਰੋਗੁ ਮਿਟੈ ਹਰਿ ਅਵਖਧੁ ਲਾਇ ॥ ਸਰਬ ਨਿਧਾਨ ਮਹਿ ਹਰਿ ਨਾਮੁ ਨਿਧਾਨੁ ॥ ਜਪਿ ਨਾਨਕ ਦਰਗਹਿ ਪਰਵਾਨੁ ॥੨॥

ਹੇ (ਜੀਵ) ਜਿਸ ਧਨ ਨੂੰ (ਲੈਣ ਵਾਸਤੇ ਤੂੰ) ਚਹੁੰ ਕੂੰਟਾਂ ਵੱਲ ਉਠ ਦੌੜਦਾ ਹੈਂ, ਉਹ ਧਨ (ਤੂੰ) ਹਰੀ ਦੀ ਸੇਵਾ ਤੋਂ ਪਾ ਲਵੇਂਗਾ। ਹੇ ਮਿਤ੍ਰ! ਜਿਸ ਸੁਖ ਨੂੰ (ਤੂੰ) ਨਿਤ ਲੋਚਦਾ ਹੈਂ, ਉਹ ਸੁਖ ਸਾਧੂ ਨਾਲ ਪ੍ਰੀਤ (ਕਰਨੇ ਤੇ ਮਿਲਦਾ ਹੈ)। ਜਿਸ ਸ਼ੋਭਾ ਵਾਸਤੇ ਤੂੰ ਭਲੇ ਕੰਮ ਕਰਦਾ ਹੈਂ, ਉਸ ਸੋਭਾ ਲਈ ਹਰੀ ਦੀ ਸ਼ਰਨ ਵਿਚ ਜਾ ਪਉ। ਅਨੇਕ ਉਪਾਵਾਂ ਦੇ ਕਰਨੇ ਨਾਲ ਰੋਗ ਨਹੀਂ ਦੂਰ ਹੁੰਦਾ, (ਪਰ) ਹਰੀ ਰੂਪ ਦੁਵਾਈ ਲਾਉਣੇ ਤੇ ਰੋਗ* ਮਿਟ ਜਾਂਦਾ ਹੈ, ਸਾਰੀਆਂ ਨਿਧੀਆਂ ਵਿਚੋਂ ਹਰੀ ਦਾ ਨਾਮ ਹੀ (ਸ੍ਰੇਸ਼ਟ) ਨਿਧੀ ਹੈ†। (ਐਸੇ ਨਾਮ ਨੂੰ) ਜਪ, (ਕਹਿੰਦੇ ਹਨ ਗੁਰੂ) ਨਾਨਕ, (ਤਾਂ ਜੋ) ਦਰਗਾਹ ਵਿਚ (ਤੂੰ) ਪ੍ਰਵਾਣ (ਪੁਰਖ ਗਿਣਿਆਂ ਜਾਵੇਂ) ॥ ੨ ॥

ਨਾਮ ਜਮ ਦੀ ਫਾਹੀ ਕੱਟਦਾ ਹੈ ਤੇ ਆਤਮ ਗ੍ਯਾਨ ਦੇਂਦਾ ਹੈ:-

ਮਨੁ ਪਰਬੋਧਹੁ ਹਰਿਕੈ ਨਾਇ ॥ ਦਹਦਿਸਿ ਧਾਵਤ ਆਵੈ ਠਾਇ ॥ ਤਾਕਉ ਬਿਘਨੁ ਨ ਲਾਗੈ ਕੋਇ ॥ ਜਾਕੈ ਰਿਦੈ ਬਸੈ ਹਰਿ ਸੋਇ ॥ ਕਲਿ ਤਾਤੀ ਠਾਢਾ ਹਰਿ ਨਾਉ ॥ ਸਿਮਰਿ ਸਿਮਰਿ ਸਦਾ ਸੁਖ ਪਾਉ ॥ ਭਉ ਬਿਨਸੈ ਪੂਰਨ ਹੋਇ ਆਸ ॥ ਭਗਤਿ ਭਾਇ ਆਤਮ ਪਰਗਾਸ ॥ ਤਿਤੁ ਘਰਿ ਜਾਇ ਬਸੈ ਅਬਿਨਾਸੀ ॥ ਕਹੁ ਨਾਨਕ ਕਾਟੀ ਜਮ ਫਾਸੀ ॥ ੩ ॥

ਹਰੀ ਦੇ ਨਾਮ ਨਾਲ (ਹੀ ਅਪਣੇ) ਮਨ ਨੂੰ (ਮਾਯਾ ਵਿਸਮਾਦ ਤੋਂ ਜਗਾਕੇ) ਗ੍ਯਾਨ ਹੋਸ਼ ਵਿਚ ਲਿਆਉ‡ (ਤਾਂ ਜੋ) ਦਸੋ ਦਿਸ਼ਾ ਵਿਚ ਦੌੜਦਾ ਹੋਇਆ (ਇਹ) ਟਿਕਾਣੇ ਬੀ ਆ ਜਾਵੇ; (ਕਿਉਂਕਿ) ਜਿਸਦੇ ਹਿਰਦੇ ਵਿਚ ਉਹ ਪ੍ਰਭੂ ਵਸਦਾ ਹੈ ਉਸਨੂੰ ਕੋਈ ਵਿਘਨ ਨਹੀਂ ਲਗਦਾ। ਕਲਿਜੁਗ (ਦੀ ਪਰਵਿਰਤੀ) ਤੱਤੀ ਹੈ✠ ਤੇ ਹਰੀ ਦਾ ਨਾਉਂ ਠੰਢਾ ਹੈ❋। (ਪ੍ਰਭੂ ਨੂੰ) ਸਿਮਰ ਸਿਮਰ ਕੇ ਸਦਾ ਸੁਖ ਪਾਉ, (ਇਸ ਨਾਲ) ਡਰ ਦੂਰ ਹੋ ਜਾਵੇਗਾ ਤੇ ਆਸਾ ਪੂਰਨ ਹੋ ਜਾਵਗੀ। ਪ੍ਰੇਮਾ ਭਗਤੀ ਕਰਨੇ ਨਾਲ ਆਤਮ ਪ੍ਰਕਾਸ਼ (ਪ੍ਰਾਪਤ) ਹੁੰਦਾ ਹੈ, (ਅਤੇ ਜੀਵ) ਉਸ ਅਬਿਨਾਸ਼ੀ ਘਰ (ਪਰਮਾਤਮ ਸ੍ਵਰੂਪ) ਵਿਚ ਜਾ ਵਸਦਾ ਹੈ (ਕਿ ਜਿਥੇ) ਜਮ ਦੀ ਫਾਸੀ (ਮੂਲੋਂ) ਕੱਟੀ ਜਾਂਦੀ ਹੈ, ਕਹਿੰਦੇ ਹਨ (ਗੁਰੂ) ਨਾਨਕ ॥ ੩ ॥

ਭਗਤੀ ਕਰੋ, ਪਰ ਅਵਿਨਾਸ਼ੀ ਪ੍ਰਭੂ ਦੀ:–

ਤਤੁ ਬੀਚਾਰੁ ਕਹੈ ਜਨੁ ਸਾਚਾ ॥ ਜਨਮਿ ਮਰੈ ਸੋ ਕਾਚੋ ਕਾਚਾ ॥

(ਇਹ) ਜਨ ਸੱਚਾ ਹੈ ਸਾਰ ਰੂਪ ਵਿਚਾਰ ਕਹਿੰਦਾ ਹੈ (ਕਿ ਅਵਿਨਾਸ਼ੀ ਇਕੋ ਪ੍ਰਭੂ ਹੈ, ਜੋ) ਜੰਮਣ ਮਰਨ ਵਿਚ ਆਉਂਦਾ

*ਬੀਮਾਰੀ, ਅਗ੍ਯਾਨ ਯਾ ਹਉਮੈ ਦਾ ਰੋਗ। ਪਿਛਲੀ ਪਉੜੀ ਵਿਚ 'ਸਰਬ ਰੋਗ ਨਾਨਕ ਮਿਟਿ ਜਾਹਿ' ਕਹਿ ਆਏ ਹਨ। †ਭਾਵ, ਸਾਰੇ ਕੀਮਤੀ ਪਦਾਰਥਾਂ ਤੇ ਖ਼ਜ਼ਾਨਿਆਂ ਵਿਚੋਂ।

‡ਮਨੁ ਸੋਇਆ ਮਾਇਆ ਬਿਸਮਾਦਿ ॥ [ਗਉੜੀ ਮਹਲਾ ੫-੮੯

ਪੁਨਾ:-ਨਾਨਕ ਸੇ ਜਾਗੰਨਿ੍ ਜਿ ਰਸਨਾ ਨਾਮੁ ਉਚਾਰਣੇ ॥ [ਸਲੋਕ ਵਾਰਾਂ ਤੇ ਵਧੀਕ ਮ: ੫-੧੩

✠ਕਲਜੁਗਿ ਰਥੁ ਅਗਨਿ ਕਾ...॥ [ਵਾਰ ਆਸਾ ਮ: ੧-੧੩

❋ਖੁਨਕ ਨਾਮੁ ਖੁਦਾਇਆ ॥ [ਮਲਾਰ ਵਾਰ ਮ: ੧-੨੭

ਆਵਾਗਵਨੁ ਮਿਟੈ ਪ੍ਰਭ ਸੇਵ ॥ ਆਪੁ ਤਿਆਗਿ ਸਰਨਿ ਗੁਰਦੇਵ ॥ ਇਉ ਰਤਨ ਜਨਮ ਕਾ ਹੋਇ ਉਧਾਰੁ ॥ ਹਰਿ ਹਰਿ ਸਿਮਰਿ ਪ੍ਰਾਨ ਆਧਾਰੁ ॥ ਅਨਿਕ ਉਪਾਵ ਨ ਛੂਟਨਹਾਰੇ ॥ ਸਿੰਮ੍ਰਿਤਿ ਸਾਸਤ ਬੇਦ ਬੀਚਾਰੇ ॥ ਹਰਿ ਕੀ ਭਗਤਿ ਕਰਹੁ ਮਨੁ ਲਾਇ ॥ ਮਨਿ ਬੰਛਤ ਨਾਨਕ ਫਲ ਪਾਇ ॥ ੪ ॥

ਹੈ ਸੋ ਕੱਚਾ ਹੀ) ਕੱਚਾ ਹੈ* (ਯਥਾ–ਜੋ ਮਰਿ ਜੰਮੇ ਸੁ ਕਚੁ ਨਿਕਚੁ; ਹਾਂ ਇਹ) ਜਨਮ ਮਰਨ ਮਿਟਦਾ ਹੈ (ਜਨਮ ਮਰਨ ਤੋਂ ਰਹਿਤ) ਪ੍ਰਭੂ ਦੀ ਸੇਵਾ ਕਰਨੇ ਤੇ, (ਤੇ ਪ੍ਰਭੂ ਦੀ ਸੇਵਾ ਮਿਲਦੀ ਹੈ) ਆਪਾ ਭਾਵ ਤਿਆਗਕੇ ਗੁਰੂ ਦੀ ਸ਼ਰਨ ਵਿਚ ਪੈ ਜਾਣ ਤੇ। ਐਸ ਤਰ੍ਹਾਂ ਇਸ) ਰਤਨ (ਅਮੋਲਕ) ਜਨਮ ਦਾ ਉਧਾਰ ਹੁੰਦਾ ਹੈ। (ਤਾਂਤੇ ਹੇ ਜੀਵ!) ਹਰੀ ਹਰਿ ਸਿਮਰ (ਜੋ) ਪ੍ਰਾਣਾ ਦਾ ਆਧਾਰ ਹੈ। (ਹੋਰ ਜੋ) ਅਨੇਕਾਂ ਉਪਾਵ (ਸਾਧਨ ਹਨ, ਉਨ੍ਹਾਂ ਕਰਕੇ ਜੀਵ) ਛੁੱਟ ਨਹੀਂ ਸਕਦੇ (ਭਾਵੇਂ) ਸਿੰਮ੍ਰਤੀਆਂ ਸ਼ਾਸਤ੍ਰ ਬੇਦ (ਬੀ ਪਿਆ) ਵਿਚਾਰੇ†। (ਸੋ ਕੇਵਲ) ਹਰੀ ਦੀ ਭਗਤੀ (ਹੀ) ਮਨ ਲਾਕੇ ਕਰੋ, ਮਨ ਕਰਕੇ ਲੋਚੇ ਹੋਏ ਫਲ (ਤਦੇ ਹੀ) ਪਾਓਗੇ, (ਕਹਿੰਦੇ ਹਨ ਗੁਰੂ) ਨਾਨਕ (ਦੇਵ ਜੀ) ॥ ੪ ॥

ਸੰਸਾਰਕ ਸਾਮਾਨ ਨਾਲ ਨਹੀਂ ਜਾਣੇ:–

ਸੰਗਿ ਨ ਚਾਲਸਿ ਤੇਰੈ ਧਨਾ ॥ ਤੂੰ ਕਿਆ ਲਪਟਾਵਹਿ ਮੂਰਖ ਮਨਾ ॥ ਸੁਤ ਮੀਤ ਕੁਟੰਬ ਅਰੁ ਬਨਿਤਾ ॥ ਇਨ ਤੇ ਕਹਹੁ ਤੁਮ ਕਵਨ ਸਨਾਥਾ ॥ ਰਾਜ ਰੰਗ ਮਾਇਆ ਬਿਸਥਾਰ ॥ ਇਨ ਤੇ ਕਹਹੁ ਕਵਨ ਛੁਟਕਾਰ ॥ ਅਸੁ ਹਸਤੀ ਰਥ ਅਸਵਾਰੀ ॥ ਝੂਠਾ ਡੰਫੁ ਝੂਠੁ ਪਾਸਾਰੀ ॥ ਜਿਨਿ ਦੀਏ ਤਿਸੁ ਬੁਝੈ ਨ ਬਿਗਾਨਾ ॥ ਨਾਮੁ ਬਿਸਾਰਿ ਨਾਨਕ ਪਛੁਤਾਨਾ ॥ ੫ ॥

ਹੇ ਮੂਰਖ ਮਨ! ਤੇਰੇ ਨਾਲ (ਇਸ ਸੰਸਾਰਿਕ) ਧਨ ਨੇ ਨਹੀਂ ਜਾਣਾ, ਤੂੰ (ਇਸਨੂੰ ਫਿਰ ਫਿਰ) ਕਿਉਂ ਚੰਬੜਦਾ ਹੈਂ? ਪੁਤ੍ਰ, ਮਿਤ੍ਰ, ਟੱਬਰ ਤੇ ਵਹੁਟੀ ਤੂੰ (ਹੀ ਦੱਸ ਇਨ੍ਹਾਂ ਤੋਂ ਕੌਣ ‡ਸੁਰੱਖਯਤ ਹੋਯਾ ਹੈ। ਰਾਜ, ਰੰਗਰਲੀਆਂ (ਖੁਸ਼ੀਆਂ) ਤੇ ਮਾਇਆ ਦੇ ਪਸਾਰੇ ਇਨ੍ਹਾਂ ਵਿਚ (ਫਸਿਆ) ਦੱਸ ਕਿਹੜਾ ਕਦੇਂ ਛੁਟਿਆ ਹੈ⌘। (ਦੇਖ) ਘੋੜੇ, ਹਾਥੀ (ਤੇ) ਰਥ (ਆਦਿ) ਅਸਵਾਰੀਆਂ (ਇਹ) ਝੂਠਾ ਦਿਖਾਵਾ ਤੇ ਝੂਠਾ ਪਸਾਰਾ ਹੈ♣। (ਫੁਰਮਾਉਂਦੇ ਹਨ ਗੁਰੂ) ਨਾਨਕ (ਦੇਵ ਜੀ–) ਜਿਸ (ਪ੍ਰਭੂ) ਨੇ (ਏਹ ਸਾਰੇ) ਦਿਤੇ ਹਨ, ਉਸਨੂੰ (ਜੀਵ) ਨਹੀਂ ਪਛਾਣਦਾ (ਸਗੋਂ ਉਸ ਨਾਲ) ਓਪਰਾ (ਹੋ ਰਿਹਾ ਹੈ, ਇਉਂ ਪ੍ਰਭੂ ਦੇ) ਨਾਮ ਨੂੰ ਵਿਸਾਰ ਕੇ (ਜੀਵ ਅੰਤ) ਪਛੋਤਾਉਂਦਾ ਹੈ ॥ ੫ ॥

ਹਰੀ ਦੀ ਭਗਤੀ ਕਰੋ, ਨਾਮ ਤੇ ਕੀਰਤਨ; ਸੁਖੀ ਹੋਸੋ:–

ਗੁਰ ਕੀ ਮਤਿ ਤੂੰ ਲੇਹਿ ਇਆਨੇ ॥ ਭਗਤਿ ਬਿਨਾ ਬਹੁ ਡੂਬੇ ਸਿਆਨੇ ॥

ਹੇ ਅਨਜਾਣ! ਤੂੰ ਗੁਰੂ ਦੀ ਸਿਖਯਾ ਲੈ (ਕਿਉਂਕਿ) ਭਗਤੀ ਵਿਹੂਣੇ (ਮਨ ਦੀ ਮਤਿ ਵਾਲੇ) ਸਿਆਣੇ ਅਨੇਕਾਂ ਡੁਬ ਮੋਏ ਹਨ (ਭਾਵ ਗੁਮਰਾਹ ਹੋਏ ਹਨ, ਇਸ ਲਈ) ਪਰਮੇਸ਼ੁਰ ਦੀ

---

*ਗਯਾਨੀ ਸੱਜਣ ਐਉਂ ਬੀ ਅਰਥ ਲਾਉਂਦੇ ਹਨ-(ਜੋ ਪਰਮੇਸ਼ੁਰ ਦਾ) ਦਾਸ ਤੱਤ ਦਾ ਵੀਚਾਰ ਕਥਨ ਕਰਦਾ ਹੈ (ਉਹ) ਸੱਚਾ (ਹੈ) ਜੋ ਜੰਮਦਾ ਮਰਦਾ ਹੈ, ਉਹ ਮਲੋਂ ਕੱਚਾ ਹੈ।

†(ਅ: ਸਿਮ੍ਰਿਤਿ, ਸ਼ਾਸਤ੍ਰ, ਵੇਦ ਬੀ ਅਸਾਂ ਵੀਚਾਰੇ ਹਨ। [ਸੰਪ:

‡ਯਥਾ–ਪੁਤ ਕਲਤ੍ਰ ਲਛਮੀ ਮਾਇਆ ॥ ਇਨਤੇ ਕਹੁ ਕਵਨੈ ਸਖੁ ਪਾਇਆ ॥ [ਧਨਾ: ਕਬੀਰ ਜੀ-੪

⌘ਇਨ੍ਹਾਂ ਦੋ ਤੁਕਾਂ ਦਾ ਐਉਂ ਬੀ ਭਾਵ ਲੈਂਦੇ ਹਨ ੧. ਦੱਸ ਤੈਨੂੰ ਕੌਣ ਸਨਾਥ (ਕ੍ਰਿਤਾਰਥ) ਕਰੇਗਾ। ੨. ਇਨ੍ਹਾਂ ਤੋਂ (ਤੈਨੂੰ) ਛੁਟਕਾਰਾ (ਮੁਕਤੀ) ਕੀਕੂੰ ਮਿਲੇਗੀ।

♣'ਝੂਠਾ ਹੈ ਦਿਖਾਵਾ ਤੇ ਝੂਠਾ ਹੈ ਪਸਾਰਾ ਕਰਨ ਵਾਲਾ'–ਵੀ ਸੰਪਦਾਈ ਅਰਥ ਹੈ।

ਹਰਿ ਕੀ ਭਗਤਿ ਕਰਹੁ ਮਨ ਮੀਤ ॥ ਨਿਰਮਲ ਹੋਇ ਤੁਮਾਰੋ ਚੀਤ ॥ ਚਰਨ ਕਮਲ ਰਾਖਹੁ ਮਨ ਮਾਹਿ ॥ ਜਨਮ ਜਨਮ ਕੇ ਕਿਲ-ਬਿਖ ਜਾਹਿ॥ਆਪਿ ਜਪਹੁ ਅਵਰਾ ਨਾਮੁ ਜਪਾਵਹੁ ॥ ਸੁਨਤ ਕਹਤ ਰਹਤ ਗਤਿ ਪਾਵਹੁ ॥ ਸਾਰ ਭੂਤ ਸਤਿ ਹਰਿ ਕੋ ਨਾਉ ॥ ਸਹਜਿ ਸੁਭਾਇ ਨਾਨਕ ਗੁਨ ਗਾਉ ॥੬॥

ਭਗਤੀ ਨੂੰ ਮਨ ਦਾ ਮਿਤ੍ਰ ਬਣਾ* (ਤਾਂ ਜੋ) ਤੇਰਾ ਮਨ ਨਿਰਮਲ ਹੋ ਜਾਵੇ। (ਹਾਂ) ਮਨ ਵਿਖੇ (ਵਾਹਿਗੁਰੂ ਜੀ ਦੇ) ਚਰਨਾਂ ਕਮਲਾਂ ਨੂੰ ਧਾਰਨ ਕਰ, (ਤੇਰੇ) ਜਨਮਾਂ ਜਨਮਾਂ ਦੇ ਪਾਪ ਨਾਸ਼ ਹੋ ਜਾਣਗੇ। ਆਪ (ਪਰਮੇਸ਼ੁਰ ਦਾ) ਨਾਮ ਜਪ ਤੇ ਹੋਰਨਾਂ ਤੋਂ ਜਪਵਾਉ (ਤਾਂ ਨਾਮ ਸੁਣਦ, (ਨਾਮ) ਉਚਾਰਦੇ (ਤੇ ਨਾਮ ਵਾਲੀ) ਰਹਿਣੀ (ਰਹਿੰਦੇ) ਮੁਕਤੀ ਪ੍ਰਾਪਤ ਹੋ ਜਾਏਗੀ। ਸਾਰ ਰੂਪ ਤੇ ਸਤਿ† ਰੂਪ ਹਰੀ ਦਾ ਹੀ ਨਾਮ ਹੈ, (ਸੋ ਨਾਮ ਜਪੁ ਤੇ ਪਰਮੇਸੁਰ ਦੇ) ਗੁਣ ਸਹਜ ਸੁਭਾਵ ਨਾਲ‡ ਗਾਇਨ ਕਰ (ਕਹਿੰਦੇ ਹਨ ਗੁਰੂ) ਨਾਨਕ(ਦੇਵ ਜੀ) ! ॥ ੬ ॥

**ਭਗਤੀ ਕਰੋ ਦਾ ਉਪਦੇਸ਼ ਜਾਰੀ ਹੈ:–**

ਗੁਨ ਗਾਵਤ ਤੇਰੀ ਉਤਰਸਿ ਮੈਲੁ॥ ਬਿਨਸਿ ਜਾਇ ਹਉਮੈ ਬਿਖੁ ਫੈਲੁ॥

(ਹੇ ਮਨ ! ਵਾਹਿਗੁਰੂ ਦੇ) ਗੁਣ ਗਾਉਂਦਿਆਂ ਤੇਰੀ (ਸਾਰੀ) ਮੈਲ ਧੋਤੀ ਜਾਏਗੀ, (ਅਤੇ ਅੰਦਰ ਵਜਾਪ ਰਹੀ) ਹਉਮੈਂ ਦੀ ਜ਼ਹਰ (ਤੇ ਇਸ ਤੋਂ ਹੋਇਆ ਜ਼ਹਰ ਦਾ) ਖਿਲਾਰ (ਅਰਥਾਤ ਮਨ ਬਚ ਕਰਮ ਦੀ ਬਦੀ) ਬਿਨਸ ਜਾਊ। (ਗੁਣ ਗਾਇਨ ਦੇ ਨਾਲ ਤੂੰ) ਹਰ ਸਾਸ ਵਿਚ ਤੇ ਹਰ ਗਿਰਾਸ ਵਿਚ

ਹੋਹਿ ਅਚਿੰਤੁ ਬਸੈ ਸੁਖਿ ਨਾਲਿ ॥ ਸਾਸਿ ਗ੍ਰਾਸਿ ਹਰਿ ਨਾਮੁ ਸਮਾਲਿ

ਪਰਮੇਸ਼ੁਰ ਦੇ ਨਾਮ ਨੂੰ (ਬੀ) ਸਮ੍ਹਾਲ, (ਤਦ ਤੂੰ) ਬੇਫਿਕਰ ਹੋਕੇ (ਇਸੇ ਦੁਖੀ ਦੁਆਲੇ ਵਾਲੇ ਜਗਤ ਵਿਚ) ਸੁਖ ਸਮੇਤ ਵਸੇਂਗਾ। (ਸੋ) ਹੇ ਮਨ ! ਸਾਰੀ (ਮਨ ਦੀ ਮਤੀ=) ਚਤੁਰਾਈ

॥ ਛਾਡਿ ਸਿਆਨਪ ਸਗਲੀ ਮਨਾ ॥ ਸਾਧਸੰਗਿ ਪਾਵਹਿ ਸਚੁ ਧਨਾ ॥ ਹਰਿ ਪੂੰਜੀ ਸੰਚਿ ਕਰਹੁ ਬਿਉਹਾਰੁ ॥ ਈਹਾ ਸੁਖੁ ਦਰਗਹ ਜੈਕਾਰੁ ॥

ਛਡ ਦੇਹ, ਸਾਧ ਸੰਗ (ਕਰ, ਇਸ ਸੰਗ ਤੋਂ ਤੂੰ) ਸੱਚਾ ਧਨ ਪ੍ਰਾਪਤ ਕਰੇਂਗਾ। (ਇਹ) ਹਰੀ (ਨਾਮ) ਰੂਪੀ ਰਾਸ ਕੱਠੀ ਕਰ (ਤੇ ਇਸ ਨਾਲ) ਵਪਾਰ (ਬੀ) ਕਰ (ਤਦ) ਇਸ ਜਗਤ ਵਿਚ ਸੁਖ (ਮਿਲੇਗਾ ਤੇ) ਅਗੇ ਜਾਕੇ ਧੰਨਤਾ ਪ੍ਰਾਪਤ ਹੋਵੇਗੀ (ਗਲ ਕੀ ਨਾਮ ਜਪਦਿਆਂ ਨਾਮ ਦਾ ਵਿਹਾਰ ਕਰਦਿਆਂ)

ਸਰਬ ਨਿਰੰਤਰਿ ਏਕੋ ਦੇਖੁ ॥ ਕਹੁ ਨਾਨਕ ਜਾਕੈ ਮਸਤਕਿ ਲੇਖੁ ॥ ੭ ॥

ਸਾਰਿਆਂ ਦੇ ਅੰਦਰ☬ (ਉਸ) ਇਕ ਨੂੰ ਦੇਖ, (ਪਰ ਇਹ ਦਰਸ਼ਨ ਉਹੀ ਦੇਖਦਾ ਹੈ) ਜਿਸ ਦੇ ਮੱਥੇ ਤੇ (ਉੱਤਮ) ਲੇਖ (ਲਿਖੇ) ਹੋਣ, (ਫੁਰਮਾਉਂਦੇ ਹਨ ਗੁਰੂ) ਨਾਨਕ (ਦੇਵ ਜੀ) ॥ ੭ ॥

---

*(ਅ) ਹੇ ਮਿਤ੍ਰ ! ਮਨੋਂ ਹਰੀ ਦੀ ਭਗਤੀ ਕਰ। ਜਾਂ ਹੇ ਮਿਤ੍ਰ ਮਨ ! ਪਰੰਤੂ ਸੰਬੋਧਨ ਪਹਿਲੀ ਤੁਕ ਵਿਚ 'ਇਆਨੇ' ਆ ਚੁਕਾ ਹੈ।

†ਸਤਿ = ਸਤਯ = ਸਦਾ ਰਹਿਣੇ ਵਾਲਾ। (ਅ) ਹਰੀ ਦਾ ਸਤਿ ਨਾਉ (ਸਤਿਨਾਮ) ਸਾਰ ਵਸਤੂ ਹੈ।

‡ਨਿਰਯਤਨ, ਸੁਭਾਵਿਕ ਟਿਕਵੇਂ ਤੇ ਸਾਵਧਾਨਤਾ ਵਾਲੇ ਮਨ ਦੇ ਰੌ ਨਾਲ।

☬ਪਦ 'ਵਿਚ' ਯਾ 'ਅੰਦਰ' ਕਿਉਂ ਨਹੀਂ ਵਰਤਿਆ ਤੇ 'ਨਿਰੰਤਰਿ' ਵਰਤਿਆ ਹੈ ? ਭਾਵ ਹੈ ਕਿ ਉਹ ਸਭ ਦੇ ਅੰਦਰ ਅਵਿਛਿੰਨ ਵਯਾਪਕ ਹੈ।

ਭਗਤੀ ਕਰੋ, ਪਰ ਇਕੋ ਦੀ, ਹੋਰ ਕਿਸੇ ਦੀ ਨਾਂ:-

ਏਕੋ ਜਪਿ ਏਕੋ ਸਾਲਾਹਿ ॥ ਏਕੁ ਸਿਮਰਿ ਏਕੋ ਮਨ ਆਹਿ॥ ਏਕਸ ਕੇ ਗੁਨ ਗਾਉ ਅਨੰਤ ॥ ਮਨਿ ਤਨਿ ਜਾਪਿ ਏਕ ਭਗਵੰਤ ॥ ਏਕੋ ਏਕੁ ਏਕੁ ਹਰਿ ਆਪਿ ॥ ਪੂਰਨ ਪੂਰਿ ਰਹਿਓ ਪ੍ਰਭੁ ਬਿਆਪਿ ॥ ਅਨਿਕ ਬਿਸਥਾਰ ਏਕ ਤੇ ਭਏ॥ ਏਕੁ ਅਰਾਧਿ ਪਰਾਛਤ ਗਏ ॥ ਮਨ ਤਨ ਅੰਤਰਿ ਏਕੁ ਪ੍ਰਭੁ ਰਾਤਾ ॥ ਗੁਰ ਪ੍ਰਸਾਦਿ ਨਾਨਕ ਇਕੁ ਜਾਤਾ ॥ ੮ ॥ ੧੯ ॥

(ਹੇ ਜੀਵ !) ਇਕੋ (ਭਗਵੰਤ ਵਾਹਿਗੁਰੂ) ਨੂੰ ਜਪ, ਇਕੋ ਦੀ ਸਿਫਤ ਸਲਾਹ ਕਰ, ਇਕੋ ਨੂੰ ਸਿਮਰ ਤੇ ਇਕੋ ਦੀ ਮਨੋਂ ਲੋਚਾ ਕਰ। (ਉਸ) ਇਕੋ ਬੇਅੰਤ ਦੇ ਹੀ ਗੁਨ ਗਾਉ, ਮਨ ਕਰਕੇ, ਤਨ ਕਰਕੇ ਇਕੋ ਭਗਵੰਤ ਨੂੰ, ਜਪ। (ਉਹ) ਇਕੋ ਇਕ* ਪ੍ਰਭੂ (ਆਪਣੇ) ਆਪ† ਹੈ,(ਜੋ)ਪ੍ਰਭੁਪੂਰਨ(ਹੋਕੇ ਸਾਰੇ) ਪੂਰ ਰਿਹਾ ਹੈ ਤੇ ਵਿਆਪ ਰਿਹਾ ਹੈ। (ਏਹ) ਅਨੇਕਾਂ ਪਸਾਰੇ (ਉਸੇ ਇਕ ਤੋਂ ਹੋਏ ਹਨ । (ਉਸੇ) ਇਕ ਨੂੰ ਅਰਾਧਿਆਂ (ਹੀ) ਪਾਪ ਦੂਰ ਹੋ ਗਏ ਹਨ । ਗੁਰੂ ਦੀ ਕ੍ਰਿਪਾ ਕਰਕੇ, ਹੇ ਨਾਨਕ ! (ਜਿਨ੍ਹਾਂ ਦੇ) ਮਨ ਤੇ ਤਨ ਦੇ ਅੰਦਰ ਇਕੋ ਪ੍ਰਭੂ ਰਚ ਰਿਹਾ ਹੈ, (ਉਨ੍ਹਾਂ ਨੇ ਹੀ ਉਸ) ਇਕ ਨੂੰ ਜਾਣਿਆ ਹੈ ॥ ੮ ॥ ੧੯ ॥

**ਨਿਰੁਕ**—ਬਿਖਿਆ—[ਦੇਖੋ ਪੰਨਾ ੧੭੩੧] ਮਾਯਾ, ਸੰਸਾਰਿਕ ਪਦਾਰਥ। ਬਿਖਿਆ ਪਦ ਮਾਯਾ ਦੇ ਅਰਥਾਂ ਵਿਚ ਗੁਰਬਾਣੀ ਵਿਚ ਹੋਰਥੇ ਬੀ ਆਯਾ ਹੈ-'ਜਿਸੁ ਬਿਖਿਆ ਕਉ ਤੁਮ ਅਪੁਨੀ ਕਰਿ ਜਾਨਹੁ ਸਾ ਛਾਡਿ ਜਾਹੁ ਸਿਰਿ ਭਾਰੁ ॥ [ਸਾਰੰਗ ਮ: ੪-੬]। (ਅ) ਇਸ ਪਦ ਦੇ ਹੋਰ ਅਰਥ ਏਹ ਹਨ-ਗਜਾਨੇਂਦ੍ਰਿਆਂ ਦੁਆਰਾ ਜੋ ਜਾਣਿਆ ਜਾਏ,ਵਸਤੂ, ਖੇਤ੍ਰ,ਪ੍ਰਸੰਗ, ਦੇਸ਼, ਰਾਜ ਆਸ਼੍ਰਮ ਆਦਿ।

ਉਰਿਧਾਰਹੁ—[ਉਰਿ। ਧਾਰਹੁ। ਸੰਸ:, ਉਰਸਜ=ਚੰਗਾ, ਬਹੁਤ ਚੰਗਾ। ਧਾਰਹੁ=ਧਾ:, ਧ੍ਰਿ=ਦ੍ਰਿੜ ਨਿਸਚਾ ਕਰਨਾ, ਧਾਰਨਾ] ਚੰਗੀ ਤਰ੍ਹਾਂ ਨਾਲ ਧਾਰਨ ਕਰੋ। ਚੰਗੀ ਤਰ੍ਹਾਂ ਨਿਸਚਾ ਕਰੋ।

ਭਜੁ—[ਹਿੰਦੀ, ਭਾਗਨਾ=ਦੌੜਨਾ। ਪੰ:, ਭੱਜਣਾ=ਨੱਸਣਾ, ਦੌੜਨਾ] (ਤੂੰ ਦੌੜ। ਜਾਹੁ, ਜਾ ਪਉ। ਸ਼ਰਨ ਵਿਚ ਚਲਾ ਜਾ।

ਪਰਬੋਧਹੁ—[ਸੰਸ:, ਪ੍ਰਬੋਧਨਮੁ=ਜਾਗ੍ਰਤੀ, ਹੋਸ਼ਿਆਰ ਹੋਣਾ] (ਮਨ ਨੂੰ) ਜਗਾਓ । ਗਿਆਨ (ਦੀ ਹੋਸ਼) ਵਿਚ ਆਓ। ਭ੍ਰਮ ਨੂੰ ਦੂਰ ਕਰਕੇ ਮਨ ਨੂੰ ਸਮਝਾਓ।

ਭਗਤਿ ਭਾਇ—[ ਸੰਸ:, ਭਾਵ:=ਪ੍ਰੇਮ, ਪਿਆਰ ] ਭਗਤੀ ਭਾਵ ਨਾਲ, ਪ੍ਰੇਮਾ ਭਗਤੀ ਨਾਲ।

ਸਨਾਥਾ—[ਸੰਸ:, ਸ+ਨਾਥ: (=ਰਖਯਕ, ਮਾਲਕ)। ਸਨਾਥ=ਜਿਸਦਾ ਕੋਈ ਰੱਖਯਕ ਅਥਵਾ ਮਾਲਕ ਹੋਵੇ] ਸਨਾਥ=ਸਹਿਤ ਮਾਲਕ ਦੇ । ਸਨਾਥ ਕਰਨਾ=ਸ਼ਰਨ ਵਿਚ ਲੈਣਾ । ਸਨਾਥ ਹੋਣਾ=ਸ੍ਵਾਮੀ ਵਾਲਾ ਹੋਣਾ, ਸੁਰੱਖਯਤ ਹੋਣਾ। ਭਾਵ ਕ੍ਰਿਤਾਰਥ ਹੋਣਾ। ਯਥਾ:-

ਧਨੁ ਧੰਨੁ ਤੇ ਜਨ ਜਿਨ ਹਰਿ ਨਾਮੁ ਜਪਿਆ ਤਿਨ ਦੇਖੇ ਹਉ ਭਇਆ ਸਨਾਥੁ ॥
[ਤੁਖਾਰੀ ਛੰਤ ਮਹਲਾ ੪, ਛ-੧

ਬਿਗਾਨਾ—[ਫ਼ਾ: ਬੇਗਾਨਹ=ਓਪਰਾ (ਜੋ ਆਪਣਾ ਨਾ ਹੋਵੇ)] ਓਪਰਾ, ਬਿਗਾਨਾ, ਨਾਵਾਕਿਫ਼। ਭਾਵ ਹੈ ਓਪਰਾ ਸਾਈਂ ਨਾਲ ਹੋ ਰਿਹਾ ਹੈ ਤੇ ਜੋ ਦਾਤਾਂ ਹਨ ਉਹਨਾਂ ਵਿਚ ਆਪਣੱਤ ਪੇਕੇ ਫਸ ਰਿਹਾ ਹੈ।

*ਅਥਵਾ ਤਿੰਨਾਂ ਕਾਲਾਂ ਵਿਚੇ ਇਕ ਹੈ।

†ਆਪੇ ਆਪਿ ਨਿਰੰਜਨੁ ਸੋਇ ॥ [ਜਪੁਜੀ-੫

ਸਾਰਭੂਤ-[ਸੰਸ:, ਸਾਰੰ ਜਾਂ ਸਾਰ:=ਤਤ੍ਵ, ਅਸਲੀ ਅੰਸ਼+ਭੂਤੰ=ਤੱਤ, ਅਸਲੀ ਗੱਲ] ਸਿਧਾਂਤ ਰੂਪ, ਸ੍ਰੇਸ਼ਟ। ਅਸਲੀ ਸ਼ੈ।

ਸਹਜਿ ਸੁਭਾਇ-ਨਿਰਯਤਨ, ਸੁਭਾਵਕ ਟਿਕਵੇਂ ਤੇ ਸਾਵਧਾਨਤਾ ਵਾਲੇ ਮਨ ਦੇ ਰੌ ਨਾਲ।

ਮਨ ਆਹਿ-ਮਨ+ਆਹਿ।[ਆਹਿ=ਸੰਸ:, ਆਸ਼ਾ। ਹਿੰਦੀ, ਆਸ=ਉੱਮੀਦ, ਖਾਹਿਸ਼] ਮਨ ਦੀ ਇੱਛਾ, ਖਾਹਿਸ਼। ਭਾਵ ਹੈ ਇਕੋ ਹੀ ਵਾਹਿਗੁਰੂ ਦੀ ਮਨ ਵਿਚ ਲੋਚਨਾ ਕਰ। ਇਕ ਵਾਹਿਗੁਰੂ ਉਤੇ ਭਰੋਸਾ ਰੱਖ।

ਪਰਾਛਤ-[ਸੰਸ:, ਪ੍ਰਾਯਸ਼੍ਚਿਤੰ ਜਾਂ ਪ੍ਰਾਯਸ਼੍ਚਿਤ:=] ਸ਼ਾਸਤ੍ਰਾਨੁਸਾਰ ਖ਼ਾਸ ਕਰਮ ਕਰਨੇ ਜਿਨ੍ਹਾਂ ਦੇ ਕਰਨ ਨਾਲ ਕੀਤੇ ਪਾਪ ਤੋਂ ਛੁਟਕਾਰਾ ਹੁੰਦਾ ਹੈ। ੨. ਪਾਪ ਨਵਿਰਤੀ ਦੇ ਉਪਾਉ। ੩. ਉਹ ਕਰਮ ਜਿਨ੍ਹਾਂ ਲਈ ਪ੍ਰਾਯਸ਼੍ਚਿਤ ਕਰਨਾ ਪਵੇ, ਦੇਖ, ਪਾਪ।

## [ਅਸਟਪਦੀ-ਵੀਹਵੀਂ]

**ਪ੍ਰਾਕਥਨ**-ਇਸ ਅਸਟਪਦੀ ਵਿਚ ਨਾਮ ਤੇ ਹਰੀ ਕੀਰਤਨ ਦੇ ਰਾਹੇ ਟੁਰਕੇ, ਗੁਰੂ ਦੀ ਬਰਕਤ ਪਾਕੇ ਲਿਵ ਲਗੀ ਵਾਲੇ ਅੰਤ੍ਰੀਵ ਪ੍ਰਗਾਸ ਨੂੰ ਪ੍ਰਾਪਤ ਹੋਏ ਤ੍ਰਿਪਤੀ ਵਾਲੇ ਮਹਾਂ ਪੁਰਖ ਦਾ ਰੂਪਕ ਅਪਣੇ ਦੁਆਰਾ ਕਹਿ ਰਹੇ ਹਨ। ਸਾਰੀ ਅਸਟਪਦੀ ਵਿਚ ਅਰਦਾਸ, ਸ਼ੁਕਰ, ਚਾਉ, ਰਸ, ਨਾਮ, ਆਨੰਦ, ਸੱਚੀ ਸੋਝੀ ਪਾਕੇ ਪੂਰਨ 'ਤ੍ਰਿਪਤੀ' ਵਿਚ ਤ੍ਰਿਪਤੀ ਨਾਲ ਡੁੱਲ੍ਹ ਡੁੱਲ੍ਹ ਪੈ ਰਹੇ ਮਹਾਂ ਪੁਰਖ ਦਾ ਰੂਪਕ ਬੱਧਾ ਹੈ। ੧੯ ਅਸਟਪਦੀਆਂ ਵਿਚ ਚਾਹੇ ਸਾਰੇ ਪਹਿਲੂ ਆਏ ਹਨ ਪਰ ਓਹ ਸਾਰੇ ਮਾਨੋ ਅਜੇ ਸਾਧਨ ਪਾਦ ਸਨ, ਇਹ ਸਿਧੀ ਯਾ ਤ੍ਰਿਪਤੀ ਦਾ ਪਾਦ ਹੈ।

ਅੰਕ ੧-ਬੇਨਤੀ। ਬੇਨਤੀ ਪ੍ਰਾਪਤੀ ਲਈ ਹੈ, ਪਰ ਐਦਾਂ ਦੀ ਨਹੀਂ ਕਿ ਇਕ ਜਗਯਾਸੂ ਅਪ੍ਰਾਪਤੀ ਵਿਚ ਪ੍ਰਾਪਤੀ ਲਈ ਯਾਚਨਾ ਕਰ ਰਿਹਾ ਹੈ। ਪਰ ਪ੍ਰਾਪਤੀ ਵਾਲਾ ਕਿਸੇ ਸੁਖ ਵਿਚ ਹੋਰ ਲਈ ਪ੍ਰਾਰਥਨਾ ਕਰ ਰਿਹਾ ਹੈ। ਇਹ ਗਲ ਅੰਕ ੨ ਤੇ ੩ ਤੋਂ ਪ੍ਰਗਟ ਹੋ ਜਾਂਦੀ ਹੈ।

ਸਲੋਕੁ ॥ ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ ॥ ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ ॥ ੧ ॥

ਹੇ ਪ੍ਰਭੂ! ਫਿਰਦਾ (ਤੇ) ਭਟਕਦਾ (ਮੈਂ) ਆਇਆ ਹਾਂ (ਤੇ ਆ) ਤੇਰੀ ਸ਼ਰਨੀ ਪਿਆ ਹਾਂ। ਨਾਨਕ ਦੀ ਬੇਨਤੀ (ਇਹੋ) ਹੈ ਕਿ ਹੇ ਪ੍ਰਭੂ! (ਮੈਨੂੰ) ਅਪਣੀ ਭਗਤੀ ਵਿਚ ਲਾ ਲੈ ॥ ੧ ॥

ਅਸਟਪਦੀ ॥ ਜਾਚਕ ਜਨੁ ਜਾਚੈ ਪ੍ਰਭ ਦਾਨੁ ॥ ਕਰਿ ਕਿਰਪਾ ਦੇਵਹੁ ਹਰਿ ਨਾਮੁ ॥ ਸਾਧ ਜਨਾ ਕੀ ਮਾਗਉ ਧੂਰਿ ॥ ਪਾਰਬ੍ਰਹਮ ਮੇਰੀ ਸਰਧਾ ਪੂਰਿ ॥ ਸਦਾ ਸਦਾ ਪ੍ਰਭ ਕੇ ਗੁਨ ਗਾਵਉ ॥ ਸਾਸਿ ਸਾਸਿ ਪ੍ਰਭ ਤੁਮਹਿ ਧਿਆਵਉ ॥ ਚਰਨ ਕਮਲ ਸਿਉ ਲਾਗੈ ਪ੍ਰੀਤਿ॥ਭਗਤਿ ਕਰਉ ਪ੍ਰਭ ਕੀ ਨਿਤ ਨੀਤਿ॥ ਏਕ

ਹੇ ਪ੍ਰਭੂ! (ਇਹ) ਮੰਗਤਾ ਦਾਸ (ਆਪ ਤੋਂ ਇਕ) ਦਾਨ ਮੰਗਦਾ ਹੈ, ਕ੍ਰਿਪਾ ਕਰਕੇ (ਮੈਨੂੰ) ਹਰਿ ਨਾਮ ਬਖਸ਼ੋ। (ਇਸ ਦੇ ਨਾਲ ਮੈਂ) ਸਾਧੂ ਪੁਰਖਾਂ ਦੀ ਧੂੜੀ (ਬੀ) ਮੰਗਦਾ ਹਾਂ, ਹੇ ਪਾਰਬ੍ਰਹਮ! ਮੇਰੀ (ਇਹ) ਭਾਵਨਾ (ਬੀ) ਪੂਰਨ ਕਰ (ਜੋ ਉਨ੍ਹਾਂ ਦੇ ਸਤਿਸੰਗ ਨਾਲ ਮੈਂ) ਸਦਾ ਸਦਾ ਪ੍ਰਭੂ ਦੇ ਗੁਣ ਗਾਵਾਂ, (ਅਤੇ) ਸਾਸ ਸਾਸ ਵਿਖੇ, ਹੇ ਪ੍ਰਭੋ! ਤੁਹਾਨੂੰ ਸਿਮਰਨ ਕਰਾਂ। (ਇਉਂ ਆਪ ਦੇ) ਚਰਨਾਂ ਕਮਲਾਂ ਨਾਲ (ਮੇਰੀ) ਪ੍ਰੀਤੀ ਲੱਗੇ (ਤੇ) ਨਿਤ ਨਿਤ (ਮੈਂ) ਪ੍ਰਭੂ ਦੀ ਭਗਤੀ ਕਰਦਾ ਰਹਾਂ! ਇਕੋ (ਤੂੰ ਮੇਰੀ) ਓਟ ਹੋਵੇਂ, ਇਕੋ (ਤੂੰ ਮੇਰਾ) ਆਸਰਾ (ਹੋਵੇਂ)। ਹੇ ਪ੍ਰਭੂ! ਨਾਨਕ (ਆਪਦਾ ਸ੍ਰੇਸ਼ਟ) ਨਾਮ

ਓਟ ਏਕੋ ਆਧਾਰੁ ॥ ਨਾਨਕੁ ਮਾਗੈ ਨਾਮੁ ਪ੍ਰਭ ਸਾਰੁ ॥ ੧ ॥

ਜੋ ਸਾਰ ਵਸਤੂ ਹੈ* (ਆਪ ਤੋਂ) ਮੰਗਦਾ ਹੈ ॥ ੧ ॥

**ਹਰੀ ਰਸ ਨਾਲ ਡੁੱਲ੍ਹ ਡੁੱਲ੍ਹ ਪੈ ਰਹੇ ਪੂਰਨ ਪੁਰਖ ਦੀ ਤ੍ਰਿਪਤੀ ਦਾ ਰੂਪ:-**

ਪ੍ਰਭ ਕੀ ਦ੍ਰਿਸਟਿ ਮਹਾ ਸੁਖੁ ਹੋਇ॥ ਹਰਿ ਰਸੁ ਪਾਵੈ ਬਿਰਲਾ ਕੋਇ ॥ ਜਿਨ ਚਾਖਿਆ ਸੇ ਜਨ ਤ੍ਰਿਪਤਾਨੇ ॥ ਪੂਰਨ ਪੁਰਖ ਨਹੀ ਡੋਲਾਨੇ ॥ ਸੁਭਰ ਭਰੇ ਪ੍ਰੇਮ ਰਸ ਰੰਗਿ ॥ ਉਪਜੈ ਚਾਉ ਸਾਧ ਕੈ ਸੰਗਿ ॥ ਪਰੇ ਸਰਨਿ ਆਨ ਸਭ ਤਿਆਗਿ ॥ ਅੰਤਰਿ ਪ੍ਰਗਾਸ ਅਨਦਿਨੁ ਲਿਵਲਾਗਿ ॥ ਬਡਭਾਗੀ ਜਪਿਆ ਪ੍ਰਭੁ ਸੋਇ ॥ ਨਾਨਕ ਨਾਮਿ ਰਤੇ ਸੁਖੁ ਹੋਇ ॥ ੨ ॥

ਪ੍ਰਭੂ ਦੀ (ਦਇਆ) ਦ੍ਰਿਸ਼ਟੀ (ਪ੍ਰਾਪਤ ਹੋ ਜਾਣ) ਨਾਲ ਬੜਾ ਸੁਖ ਹੁੰਦਾ ਹੈ। (ਪਰ ਇਸ ਦ੍ਰਿਸ਼ਟੀ ਤੋਂ ਪ੍ਰਾਪਤ ਹੋਏ) ਹਰੀ ਰਸ ਨੂੰ ਕੋਈ ਵਿਰਲਾ ਹੀ ਪਾਉਂਦਾ ਹੈ। ਜਿਨ੍ਹਾਂ ਨੇ (ਇਸਨੂੰ) ਚੱਖਿਆ ਹੈ ਓਹ ਪੁਰਖ ਤ੍ਰਿਪਤ ਹੋ ਗਏ ਹਨ, (ਹਾਂ ਓਹ) ਪੂਰਨ ਪੁਰਖ (ਹੋ ਗਏ ਤੇ ਫੇਰ ਕਦੇ ਓਹ) ਡੋਲੇ ਨਹੀਂ। (ਓਹ) ਪ੍ਰੇਮ ਰਸ ਦੇ ਅਨੰਦ ਵਿਚ (ਇੰਨੇ) ਲਬਾ ਲਬ ਭਰ ਜਾਂਦੇ ਹਨ (ਕਿ ਡੁਲ੍ਹ ਡੁਲ੍ਹ ਪੈਂਦੇ ਹਨ)। (ਐਸੇ) ਸਾਧੂਆਂ ਦੇ ਸੰਗ ਵਿਚ (ਸੰਗ ਕਰਨ ਵਾਲਿਆਂ ਨੂੰ ਹਰਿਰਸ ਦੀ ਪ੍ਰਾਪਤੀ ਦਾ) ਚਾਉ ਉਪਜਦਾ ਹੈ! (ਸੋ) ਹੋਰ ਸਭ (ਕੁਛ ਦੇ ਪਿਆਰ) ਦਾ ਤਯਾਗ ਕਰਕੇ (ਜੋ ਲੋਕ) ਸ਼ਰਨੀ ਆ ਪਏ ਹਨ ਉਨ੍ਹਾਂ ਦੀ) ਦਿਨ ਰਾਤ (ਵਾਹਿਗੁਰੂ ਵਿਚ) ਲਿਵ ਲਗ ਗਈ ਹੈ ਤੇ ਅੰਦਰ ਪ੍ਰਕਾਸ਼ ਹੋਗਿਆ ਹੈ। (ਪਰ ਇਹ ਕ੍ਰਿਪਾ ਦ੍ਰਿਸ਼ਟੀ ਲੈਣ ਲਈ) ਵਡੇ ਭਾਗਾਂ ਵਾਲਿਆਂ ਨੇ ਉਸ ਪ੍ਰਭੂ ਨੂੰ ਜਪਿਆ ਹੈ, (ਨਿਸਚੇ ਜਾਣੋ ਕਿ)ਨਾਮ ਵਿਚ ਰੰਗੇ ਗਿਆਂ (ਹੀ ਇਹ) ਸੁਖ ਹੁੰਦਾ ਹੈ; (ਫੁਰਮਾਉਂਦੇ ਹਨ ਗੁਰੂ) ਨਾਨਕ (ਦੇਵ ਜੀ) ॥੨॥

**ਤ੍ਰਿਪਤੀ ਵਾਲਾ ਗੁਰੂ ਪਰਮੇਸ਼ੁਰ ਦੀ ਮੇਹਰ ਦੇ ਅਹਿਸਾਸ ਵਿਚ ਸ਼ੁਕਰ ਰੂਪ ਹੋ ਰਿਹਾ ਹੈ:-**

ਸੇਵਕ ਕੀ ਮਨਸਾ ਪੂਰੀ ਭਈ ॥ ਸਤਿਗੁਰ ਤੇ ਨਿਰਮਲ ਮਤਿ ਲਈ ॥ ਜਨ ਕਉ ਪ੍ਰਭੁ ਹੋਇਓ ਦਇਆਲੁ ॥ ਸੇਵਕੁ ਕੀਨੋ ਸਦਾ ਨਿਹਾਲੁ ॥ ਬੰਧਨ ਕਾਟਿ ਮੁਕਤਿ ਜਨੁ ਭਇਆ॥ ਜਨਮ ਮਰਨ ਦੂਖੁ ਭ੍ਰਮੁ ਗਇਆ॥ਇਛ ਪੁੰਨੀ ਸਰਧਾ ਸਭ ਪੂਰੀ ॥ ਰਵਿ ਰਹਿਆ ਸਦ ਸੰਗਿ ਹਜੂਰੀ ॥ ਜਿਸਕਾ ਸਾ ਤਿਨਿ ਲੀਆ ਮਿਲਾਇ॥ ਨਾਨਕ ਭਗਤੀ ਨਾਮਿ ਸਮਾਇ ॥ ੩ ॥

(ਸੋ ਜਿਸਨੇ) ਸਤਿਗੁਰ ਤੋਂ (ਨਾਮ ਸਿਮਰਣ ਦੀ) ਨਿਰਮਲ ਮਤ ਲਈ ਉਸ, ਸੇਵਕ ਦੀ ਦਿਲੀ ਮੁਰਾਦ ਪੂਰੀ ਹੋ ਗਈ। (ਸੇਵਕ ਨੇ ਨਾਮ ਜਪਿਆ ਫੇਰ) ਸੇਵਕ ਪਰ ਪ੍ਰਭੂ ਦਿਆਲ ਹੋ ਗਿਆ ਤੇ (ਉਸਨੇ) ਸੇਵਕ ਨੂੰ ਸਦਾ (ਲਈ) ਨਿਹਾਲ ਕਰ ਦਿੱਤਾ। (ਐਉਂ ਉਹ) ਸੇਵਕ ਬੰਧਨਾਂ ਨੂੰ ਕੱਟਕੇ ਮੁਕਤ ਹੋ ਗਿਆ, (ਨਾਲ ਹੀ ਉਸਦਾ) ਜੰਮਣਾ ਮਰਣਾ ਤੇ ਦੁਖਾਂ† ਭਰਮ ਦੂਰ ਹੋ ਗਿਆ। (ਸੇਵਕ ਦੀ ਮੁਕਤੀ ਦੀ) ਇੱਛਾ ਪੁੱਗ ਗਈ ਤੇ ਸ਼ਰਧਾ (ਪ੍ਰਭੂ ਮਿਲਾਪ ਦੀ) ਸਾਰੀ ਸਫਲ ਹੋ ਗਈ, (ਕਿਉਂਕਿ ਹੁਣ ਉਸਨੂੰ)ਵਯਾਪਕ (ਵਾਹਿਗੁਰੂ)ਸਦਾ ਅੰਗ ਸੰਗ (ਦਿਸਦਾ ਹੈ ਤੇ ਉਹ ਆਪਣਾ ਆਪਾ ਉਸ ਵਾਹਿਗੁਰੂ ਦੀ) ਹਜ਼ੂਰੀ (ਵਿਚ ਪ੍ਰਤੀਤ ਕਰਦਾ ਹੈ)‡। (ਐਉਂ) ਜਿਸਦਾ (ਉਹ ਦਾਸ ਬਣਿਆ) ਸੀ ਉਸਨੇ (ਦਾਸ ਨੂੰ ਅਪਣੇ ਨਾਲ) ਮਿਲਾ

*ਸਾਰ ਭੂਤ ਸਤਿ ਹਰਿ ਕੋ ਨਾਉ ॥ [ਸੁਖਮਨੀ, ੧੯-੬

†(ਭੈ ਤੇ) ਭਰਮ ਕਾਰਣ ਹੈਨ ਜਿਨ੍ਹਾਂ ਤੋਂ ਦੁਖ ਤੇ ਰੋਗ ਹੁੰਦੇ ਹਨ ਤੇ ਜਨਮ ਮਰਨ ਹੁੰਦੇ ਹਨ। ਯਥਾ:-

ਦੂਖ ਰੋਗ ਬਿਨਸੇ ਭੈ ਭਰਮ ॥ [ਸੁਖਮਨੀ, ੨੪-੮

‡ਭਾਵ, ਪਰਮੇਸ਼ਰ ਅੰਗ ਸੰਗ ਭਾਸਦਾ ਹੈ, ਉਸ ਦੀ ਹਜ਼ੂਰੀ ਨੂੰ ਸੇਵਕ ਪ੍ਰਤੀਤ ਕਰਦਾ ਹੈ ਤੇ ਉਸ ਨੂੰ ਸਾਰੇ ਵਯਾਪਕ ਵੇਖਦਾ ਹੈ। (ਅ) ਉਸ ਦਾ ਹਜ਼ੂਰੀਆ ਹੋ ਗਿਆ ਹੈ।

ਲਿਆ। (ਸੋ ਨਿਸਚੇ ਜਾਣੋ ਕਿ) ਭਗਤੀ ਕਰਕੇ (ਹੀ) ਨਾਮੀ* ਵਿਚ ਸਮਾਈਦਾ ਹੈ, (ਫੁਰਮਾਉਂਦੇ ਹਨ ਗੁਰੂ) ਨਾਨਕ ਜੀ ॥ ੩ ॥

ਨਾ ਵਿਸਰਨ ਦੀ ਪੂਰਨ ਅਵਸਥਾ ਵਿਚ ਪਹੁੰਚਾ ਜਨ ਨਾ ਵਿਸਾਰੇ ਦੀ ਅਵਸਥਾ ਦੇ ਸ਼ੁਕਰ ਵਿਚ ਹੈ ਤੇ ਨਾ ਵਿਸਾਰੇ ਦਾ ਰਸ ਕਥਨ ਕਰ ਰਿਹਾ ਹੈ:-

ਸੋ ਕਿਉ ਬਿਸਰੈ ਜਿ ਘਾਲ ਨ ਭਾਨੈ ॥ ਸੋ ਕਿਉ ਬਿਸਰੈ ਜਿ ਕੀਆ ਜਾਨੈ ॥ ਸੋ ਕਿਉ ਬਿਸਰੈ ਜਿਨਿ ਸਭੁ ਕਿਛੁ ਦੀਆ॥ਸੋ ਕਿਉ ਬਿਸਰੈ ਜਿ ਜੀਵਨ ਜੀਆ ॥ ਕਿਉ ਬਿਸਰੈ ਜਿ ਅਗਨਿ ਮਹਿ ਰਾਖੈ ॥ ਗੁਰ ਪ੍ਰਸਾਦਿ ਕੋ ਬਿਰਲਾ ਲਾਖੈ ॥ ਸੋ ਕਿਉ ਬਿਸਰੈ ਜਿ ਬਿਖੁ ਤੇ ਕਾਢੈ ॥ ਜਨਮ ਜਨਮ ਕਾ ਟੂਟਾ ਗਾਢੈ ॥ ਗੁਰਿ ਪੂਰੈ ਤਤੁ ਇਹੈ ਬੁਝਾਇਆ॥ ਪ੍ਰਭੁ ਅਪਨਾ ਨਾਨਕ ਜਨ ਧਿਆਇਆ ॥ ੪ ॥

ਉਹ (ਪ੍ਰਭੂ ਸਾਨੂੰ) ਕਿਉਂ ਵਿਸਰੇ ਜੋ (ਕਿਸੇ ਦੀ ਕੀਤੀ) ਮਿਹਨਤ ਦੀ ਕਮਾਈ ਐਵੇਂ ਨਹੀਂ ਗੁਵਾਉਂਦਾ, ਉਹ ਕਿਉਂ ਵਿਸਰੇ ਜੋ ਕੀਤੀ ਨੂੰ ਜਾਣਦਾ ਹੈ† ? ਉਹ ਕਿਉਂ ਵਿਸਰੇ ਜਿਸਨੇ (ਸਾਨੂੰ) ਸਭ ਕੁਝ ਦਿੱਤਾ ਹੈ ? ਉਹ ਕਿਉਂ ਵਿਸਰੇ ਜੋ (ਸਾਡੇ) ਜੀਵਨ ਦਾ ਬੀ ਜੀਵਨ ਹੈ‡ ? ਉਹ ਕਿਉਂ ਵਿਸਰੇ ਜੋ (ਜਠਰ) ਅਗਨੀ ਵਿਚ ਬਚਾਉਂਦਾ ਹੈ ? (ਪਰ) ਕੋਈ ਵਿਰਲਾ ਗੁਰੂ ਦੀ ਕ੍ਰਿਪਾ ਦੁਆਰਾ (ਇਹ ਗਲ) ਸਮਝਦਾ ਹੈ (ਕਿ ਪਿਛੇ ਕਹੀਆਂ ਦਾਤਾਂ ਦਾ ਦਾਤਾ ਵਿਸਾਰਨ ਜੋਗ ਨਹੀਂ ਹੈ)। (ਹਾਂ) ਉਹ ਕਿਉਂ ਵਿਸਰੇ ਜੋ (ਪਾਪਾਂ ਦੀ) ਵਿਹੁ❦ ਵਿਚੋਂ ਕਢ ਲੈਂਦਾ ਹੈ, (ਅਰ) ਜਨਮ ਜਨਮ ਦੇ ਵਿਛੜੇ ਨੂੰ (ਅਪਣੇ ਨਾਲ) ਮੇਲ ਲੈਂਦਾ ਹੈ✕? ਪੂਰੇ ਗੁਰੂ ਨੇ ਇਹੋ ਤੱਤ (ਅਸਲੀ ਸਿੱਧਾਂਤ) ਸਮਝਾਇਆ ਹੈ (ਜੋ ਅਸਾਂ ਦੱਸਿਆ ਹੈ ਇਸ ਕਰਕੇ) ਦਾਸਾਂ ਨੇ ਆਪਣਾ ਪ੍ਰਭੂ (ਹੀ ਨਿਤ) ਧਿਆਇਆ ਹੈ, ਹੇ ਨਾਨਕ !॥ ੪ ॥

ਤ੍ਰਿਪਤੀ ਵਿਚ ਤ੍ਰਿਪਤ ਮਹਾਂ ਪੁਰਖ ਉਸ ਤ੍ਰਿਪਤੀ ਦੇ ਅਹਿਸਾਸ ਵਿਚ ਨਾਮ ਜਪਣ ਤੇ ਜਪਾਉਣ ਦਾ ਚਾਉ ਭਰਿਆ ਉਪਦੇਸ਼ ਕਰ ਰਿਹਾ ਹੈ:–

ਸਾਜਨ ਸੰਤ ਕਰਹੁ ਇਹੁ ਕਾਮੁ ॥ ਆਨ ਤਿਆਗਿ ਜਪਹੁ ਹਰਿ ਨਾਮੁ ॥ ਸਿਮਰਿ ਸਿਮਰਿ ਸਿਮਰਿ ਸੁਖ ਪਾਵਹੁ॥ ਆਪਿ ਜਪਹੁ ਅਵਰਹ ਨਾਮੁ ਜਪਾਵਹੁ ॥ ਭਗਤਿ ਭਾਇ ਤਰੀਐ ਸੰਸਾਰੁ ॥ ਬਿਨੁ ਭਗਤੀ ਤਨੁ ਹੋਸੀ ਛਾਰੁ॥ ਸਰਬ ਕਲਿਆਣ ਸੂਖ ਨਿਧਿ ਨਾਮੁ ॥ ਬੂਡਤ ਜਾਤ ਪਾਇ ਬਿਸ੍ਰਾਮੁ॥ ਸਗਲ ਦੂਖ

ਹੇ ਸੱਜਣੋਂ ! ਹੇ ਸੰਤੋ ! (ਪ੍ਰਭੂ ਧਿਆਉਣ ਦਾ) ਕੰਮ ਐਉਂ ਕਰੋ –ਹੋਰ (ਉਪਾਵ) ਛੱਡਕੇ ਪਰਮੇਸ਼ੁਰ ਦਾ ਨਾਮ ਜਪੋ। (ਹਾਂ) ਸਿਮਰਕੇ, ਸਿਮਰਕੇ, ਸਿਮਰਕੇ✿ ਸੁਖ ਪਾਵੋ। ਆਪ ਜਪੋ ਤੇ ਹੋਰਨਾਂ ਨੂੰ ਨਾਮ ਜਪਾਵੋ (ਉਹ ਵੀ ਸੁਖੀ ਹੋਣ) । ਪ੍ਰੇਮ (ਅਤੇ) ਭਗਤੀ✽ ਦੁਆਰਾ ਸੰਸਾਰ ਤਰੀਦਾ ਹੈ। ਭਗਤੀ ਤੋਂ ਬਿਨਾ ਦੇਹ ਸੁਆਹ ਹੋ ਜਾਵੇਗੀ। (ਉਹ) ਨਿਧੀ (ਖਜ਼ਾਨਾ ਹੈ ਕਿ ਜਿਸ ਤੋਂ) ਸਾਰੇ ਸੁਖ ਤੇ ਬਰਕਤਾਂ ਮਿਲਦੀਆਂ ਹਨ, ਸਗੋਂ ਸੰਸਾਰ ਨਦੀ ਵਿਚ ਜੋ) ਡੁਬਦਾ (ਬੀ) ਪਿਆ ਹੋਵੇ (ਉਹ ਬੀ ਨਾਮ ਨਾਲ) ਸਲਾਮਤੀ ਪ੍ਰਾਪਤ ਕਰ ਲੈਂਦਾ ਹੈ। (ਗਲ ਕੀਹ ਨਾਮ ਨਾਲ) ਸਾਰੇ ਦੁਖਾਂ ਦਾ ਨਾਸ਼ ਹੋ ਜਾਂਦਾ ਹੈ। (ਤਾਂਤੇ) ਨਾਮ ਨੂੰ

*'ਨਾਮਿ' ਕਈ ਜਗਾ 'ਨਾਮੀ' ਦਾ ਸੰਖੇਪ ਰੂਪ ਕਰਕੇ ਆਉਂਦਾ ਹੈ, ਤਿਵੇਂ ਇਥੇ ਹੈ।

†ਭਾਵ ਜੋ ਕਿਸੇ ਨੇ ਸ਼ੁਭ ਕਰਮ ਪੁੰਨ ਦਾਨ ਭਜਨ ਕੀਤਾ ਹੈ ਉਸ ਨੂੰ ਪਛਾਣਦਾ ਤੇ ਮੁੱਲ ਪਾਉਂਦਾ ਹੈ।

‡ਜਿੰਦ ਦੀ ਜਿੰਦ ਹੈ। (ਅ) ਜੋ ਜੀਵਾਂ ਦਾ ਜੀਵਨ ਹੈ। ❦ਅਥਵਾ ਵਿਸ਼ੇ ਜ਼ਹਿਰ ਵਿਚੋਂ।

✕ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ ॥ [ਰਾਮ: ਵਾਰ ਮ: ੫-੧

✿ਲਗਾਤਾਰ ਸਿਮਰਕੇ। (ਅ) ਮਨ ਤਨ ਬਾਣੀ ਦੁਆਰਾ ਸਿਮਰਕੇ। ✽(ਅ) ਭਗਤੀ ਭਾਵ ਨਾਲ।

ਕਾ ਹੋਵਤ ਨਾਮੁ ॥ ਨਾਨਕ ਨਾਮੁ ਜਪਹੁ ਗੁਨ ਤਾਸੁ ॥ ੫ ॥

ਜਪੋ ਜੋ ਗੁਣਾਂ ਦਾ ਸਮੁੰਦਰ ਹੈ, (ਕਹਿੰਦੇ ਹਨ ਗੁਰੂ) ਨਾਨਕ (ਦੇਵ ਜੀ) ॥ ੫ ॥

**ਆਪਣੇ ਦੁਆਰਾ ਪੂਰਨ ਪੁਰਖ ਦਾ ਪ੍ਰੇਮ, ਨਾਮ ਰਸ ਤੇ ਚਾਉ ਤੇ ਸਭ ਦਾ ਮਿਲਵਾਂ ਸੁਆਦ ਵਰਣਨ ਕਰ ਰਹੇ ਹਨ ਤੇ ਉਸ ਨੂੰ ਸਾਧੂ ਤੇ ਭਗਤ ਕਹਿ ਰਹ ਹਨ:–**

ਉਪਜੀ ਪ੍ਰੀਤਿ ਪ੍ਰੇਮ ਰਸੁ ਚਾਉ ॥ ਮਨ ਤਨ ਅੰਤਰਿ ਇਹੀ ਸੁਆਉ ॥ ਨੇਤ੍ਰਹੁ ਪੇਖਿ ਦਰਸੁ ਸੁਖੁ ਹੋਇ ॥ ਮਨੁ ਬਿਗਸੈ ਸਾਧ ਚਰਨ ਧੋਇ ॥ ਭਗਤ ਜਨਾ ਕੈ ਮਨਿ ਤਨਿ ਰੰਗੁ ॥ ਬਿਰਲਾ ਕੋਊ ਪਾਵੈ ਸੰਗੁ ॥ ਏਕ ਬਸਤੁ ਦੀਜੈ ਕਰਿ ਮਇਆ ॥ ਗੁਰਪ੍ਰਸਾਦਿ ਨਾਮੁ ਜਪਿ ਲਇਆ ॥ ਤਾ ਕੀ ਉਪਮਾ ਕਹੀ ਨ ਜਾਇ ॥ ਨਾਨਕ ਰਹਿਆ ਸਰਬ ਸਮਾਇ ॥ ੬ ॥

(ਮੇਰੇ ਮਨ ਵਿਚ) ਉਪਜੀ ਹੈ (ਵਾਹਿਗੁਰੂ ਦੀ)ਪ੍ਰੀਤ(ਤੇ ਉਸਦੇ) ਪ੍ਰੇਮ ਦਾ ਰਸ (ਤੇ ਰਸ ਨੇ ਭਰ ਦਿੱਤਾ ਹੈ ਇਕ) ਚਾਉ। (ਹਾਂ ਜੀ ਮੇਰੇ) ਮਨ ਤੇ ਤਨ ਦੇ ਅੰਦਰ ਇਹੋ ਸੁਆਦ (ਭਰ ਰਿਹਾ ਹੈ)। (ਮੈਨੂੰ ਤਾਂ ਰਸੀਏ ਸਾਧੂ ਦਾ) ਨੈਣਾਂ ਨਾਲ ਦਰਸ਼ਨ ਕਰਕੇ (ਹੀ) ਸੁਖ ਹੋ ਜਾਂਦਾ ਹੈ, (ਐਸੇ) ਸਾਧਾਂ ਦੇ ਚਰਨ ਧੋਕੇ (ਮੇਰਾ) ਮਨ ਖਿੜ ਜਾਂਦਾ ਹੈ। (ਕਿਉਂਕਿ ਪਰਮੇਸ਼ੁਰ ਨੂੰ) ਪਿਆਰ ਕਰਨ ਵਾਲਿਆਂ ਜਨਾਂ ਦੇ ਮਨ ਤੇ ਸਰੀਰ ਵਿਚ ਪ੍ਰੇਮ (ਦਾ ਅਨੰਦ ਭਰਿਆ) ਹੁੰਦਾ ਹੈ (ਪਰ) ਕੋਈ ਵਿਰਲਾ (ਹੀ ਉਨ੍ਹਾਂ ਦੇ) ਸਤਿਸੰਗ ਨੂੰ ਪ੍ਰਾਪਤ ਹੁੰਦਾ ਹੈ। (ਪ੍ਰਭੋ!) ਕ੍ਰਿਪਾ ਕਰਕੇ ਇਕ ਵਸਤੂ (ਮੈਨੂੰ) ਬਖਸ਼ੋ–ਕਿ ਗੁਰੂ ਦੀ ਕ੍ਰਿਪਾ ਕਰਕੇ (ਮੈਂ) ਨਾਮ ਨੂੰ ਜਪ ਲਵਾਂ* । ਉਸ (ਪਰਮੇਸ਼ੁਰ) ਦੀ ਉਪਮਾ (ਅਮਿਤ ਹੈ) ਕਹੀ ਨਹੀਂ ਜਾ ਸਕਦੀ। (ਪਰੰਤੂ) ਹੇ ਨਾਨਕ! (ਉਹ) ਸਭ ਵਿਚ ਸਮਾ ਰਿਹਾ ਹੈ (ਇਸ ਕਰਕੇ ਉਸ ਨੂੰ ਨਾਮ ਦੁਆਰੇ ਅਪਣੇ ਅੰਦਰ ਅਨੁਭਵ ਕਰੋ)! ॥ ੬ ॥

**ਅਗਲਾ ਸਾਰਾ ਪਦਾ ਫੇਰ ਅਰਦਾਸ ਦਾ ਹੈ:–**

ਪ੍ਰਭ ਬਖਸੰਦ ਦੀਨ ਦਇਆਲ ॥ ਭਗਤਿ ਵਛਲ ਸਦਾ ਕਿਰਪਾਲ ॥ ਅਨਾਥ ਨਾਥ ਗੋਬਿੰਦ ਗੁਪਾਲ ॥ ਸਰਬ ਘਟਾ ਕਰਤ ਪ੍ਰਤਿਪਾਲ ॥ ਆਦਿ ਪੁਰਖ ਕਾਰਣ ਕਰਤਾਰ ॥ ਭਗਤ ਜਨਾ ਕੇ ਪ੍ਰਾਨ ਅਧਾਰ ॥ ਜੋ ਜੋ ਜਪੈ ਸੁ ਹੋਇ ਪੁਨੀਤ ॥ ਭਗਤਿ ਭਾਇ ਲਾਵੈ ਮਨ ਹੀਤ ॥ ਹਮ ਨਿਰਗੁਨੀਆਰ ਨੀਚ ਅਜਾਨ

†ਹੇ ਪ੍ਰਭੂ! ਹੇ ਬਖਸ਼ਨ ਹਾਰ (ਪ੍ਰਭੂ), ਹੇ ਗ਼ਰੀਬਾਂ ਤੇ ਦਿਆਲੂ (ਪ੍ਰਭੂ), ਹੇ ਭਗਤਾਂ ਨੂੰ ਪਿਆਰ ਕਰਨ ਵਾਲੇ (ਤੇ ਉਨ੍ਹਾਂ ਤੇ) ਸਦਾ ਕ੍ਰਿਪਾਲੂ! ਹੇ ਅਨਾਥਾਂ ਦੇ ਨਾਥ! (ਸਗੋਂ) ਸ੍ਰਿਸ਼ਟੀ ਦੇ ਰਖਯਕ,ਹੇ ਸ੍ਰਿਸ਼ਟੀ ਦੇ ਪਾਲਣੇ ਵਾਲੇ! (ਤੁਸੀਂ ਜੋ) ਸਾਰਿਆਂ ਜੀਵਾਂ ਦੀ ਪ੍ਰਤਿਪਾਲਾ ਕਰਦੇ ਹੋ, (ਸਭ ਤੋਂ) ਆਦਿ ਪੁਰਖ (ਆਪ ਹੀ ਹੋ, ਆਪ ਸਭ ਦਾ) ਮੁੱਢ ਹੋ, (ਆਪ ਸਭ ਦੇ) ਰਚਨਹਾਰ ਹੋ (ਪਰ ਅਪਣੇ) ਭਗਤ ਜਨਾਂ ਦੇ (ਤਾਂ) ਪ੍ਰਾਣਾਂ ਦਾ ਆਧਾਰ ਹੋ‡। ਜੋ ਜੋ (ਆਪ ਨੂੰ) ਜਪਦਾ ਹੈ, (ਤੇ) ਭਗਤੀ ਭਾਵਨਾ ਨਾਲ ਮਨ ਦਾ ਹਿਤ (ਆਪ ਨਾਲ ਲਾਉਂਦਾ ਹੈ) ਸੋ ਸੋ ਪਵਿਤ੍ਰ ਹੋ ਜਾਂਦਾ ਹੈ। (ਹੇ ਐਸੇ ਗੁਣ ਨਿਧਿ ਪ੍ਰਭੂ!)

---

*(ਅ) ਜਪਕੇ (ਉਸ ਰਸ ਤੇ ਚਾਉ ਨੂੰ) ਲੈ ਲਵਾਂ।

†ਫਰੀਦਕੋਟ ਦੇ ਟੀਕੇ ਵਾਲੇ ਪ੍ਰਸਿੱਧ ਗਿਆਨੀ ਬਦਨ ਸਿੰਘ ਜੀ ਇਸ ਪਉੜੀ ਦਾ ਸਨਮੁਖ ਅਰਦਾਸ ਵਿਚ ਹੀ ਅਰਥ ਕਰਦੇ ਹੁੰਦੇ ਸਨ।

‡ਭਗਤ ਵਛਲ ਹੈ ਉਹ ਤੇ ਭਗਤ ਐਨਾ ਪਿਆਰ ਕਰਦੇ ਹਨ ਉਸ ਨੂੰ, ਕਿ ਆਪਣੇ ਪ੍ਰਾਣਾਂ ਦਾ ਆਧਾਰ ਬਣਾ ਲੈਂਦੇ ਹਨ, ਉਸ ਬਿਨ ਜੀ ਨਹੀਂ ਸਕਦੇ।

| | |
|---|---|
| ॥ ਨਾਨਕ ਤੁਮਰੀ ਸਰਨਿ ਪੁਰਖ ਭਗਵਾਨ ॥ ੭॥ | ਹੇ ਪੁਰਖ ਭਗਵਾਨ ਅਸੀਂ ਸ਼ੁਭ ਗੁਣਾਂ ਥੀਂ ਰਹਤ ਹਾਂ, ਨੀਚ ਹਾਂ ਤੇ ਅਜਾਣ ਹਾਂ, (ਪਰ ਅਸੀਂ) ਤੁਸਾਂ ਦੀ ਸ਼ਰਨ ਆਏ ਹਾਂ (ਸਾਨੂੰ ਬਚਾ ਲਓ), ਨਾਨਕ (ਦੀ ਇਹ ਅਰਦਾਸ ਹੈ) ॥ ੭ ॥ |

ਤ੍ਰਿਪਤੀ ਦਾ ਫੇਰ ਰੂਪ ਵਰਣਨ ਕੀਤਾ ਹੈ ਕਿ ਹਰੀ ਗੁਣ ਗਾਯਨ, ਹਰੀ ਦਾ ਜਪ, ਤੇ ਹਿਰਦੇ ਨਾਮ ਦਾ ਨਿਵਾਸ ਸਭ ਅਤ੍ਰਿਪਤੀਆਂ ਤੇ ਝੂਠੀਆਂ ਤ੍ਰਿਪਤੀਆਂ ਤੋਂ ਕੱਢਕੇ ਸਚੀ ਤ੍ਰਿਪਤੀ ਵਿਚ ਲੈ ਜਾਂਦਾ ਹੈ:–

| | |
|---|---|
| ਸਰਬ ਬੈਕੁੰਠ ਮੁਕਤਿ ਮੋਖ ਪਾਏ ॥ ਏਕ ਨਿਮਖ ਹਰਿ ਕੇ ਗੁਨ ਗਾਏ ॥ ਅਨਿਕ ਰਾਜ ਭੋਗ ਬਡਿਆਈ ॥ ਹਰਿ ਕੇ ਨਾਮ ਕੀ ਕਥਾ ਮਨਿ ਭਾਈ॥ਬਹੁ ਭੋਜਨ ਕਾਪਰ ਸੰਗੀਤ ॥ ਰਸਨਾ ਜਪਤੀ ਹਰਿ ਹਰਿ ਨੀਤ ॥ ਭਲੀ ਸੁ ਕਰਨੀ ਸੋਭਾ ਧਨਵੰਤ ॥ ਹਿਰਦੈ ਬਸੇ ਪੂਰਨ ਗੁਰਮੰਤ ॥ ਸਾਧ ਸੰਗਿ ਪ੍ਰਭ ਦੇਹੁ ਨਿਵਾਸ ॥ ਸਰਬ ਸੂਖ ਨਾਨਕ ਪਰਗਾਸ ॥ ੮ ॥ ੨੦ ॥ | *(ਜੇ) ਇਕ ਪਲ ਹਰੀ ਦੇ ਗੁਣ ਗਾਉਂ ਲੀਤੇ (ਤਾਂ ਜਾਣੋ) ਸਾਰੇ ਬੈਕੁਠ, (ਸਾਰੀਆਂ) ਮੁਕਤੀਆਂ ਤੇ ਖਲਾਸੀਆਂ ਪਾ ਲਈਆਂ। (ਜੇ) ਹਰੀ ਦੇ ਨਾਮ ਦੀ ਕਥਾ ਮਨ ਵਿਚ ਭਾ ਗਈ (ਤਾਂ ਜਾਣੋਂ) ਅਨੇਕ ਰਾਜ, (ਰਾਜ ਦੇ) ਭੋਗ (ਤੇ) ਵਡਿਆਈਆਂ (ਪਾ ਲਈਆਂ) । ਅਨੇਕ ਭੋਜਨ, (ਅਨੇਕ) ਕਪੜੇ ਤੇ (ਤਰ੍ਹਾਂ ਤਰ੍ਹਾਂ ਦੇ) ਗਾਣੇ (ਪ੍ਰਾਪਤ ਹੋ ਗਏ ਜਾਣੋ) (ਜੇ) ਰਸਨਾ ਵਾਹਿਗੁਰੂ ਵਾਹਿਗੁਰੂ ਨਿਤ ਜਪਣ ਲਗ ਪਏ (ਤਾਂ)। ਹਿਰਦੇ ਵਿਚ ਪੂਰਨ ਗੁਰੂ ਦਾ ਮੰਤ੍ਰ ਵੱਸ ਗਿਆ ਹੈ (ਜਾਣ ਲਓ ਕਿ ਇਹ) ਕਰਨੀ (ਬਹੁਤ) ਭਲੀ ਹੈ, (ਇਹੋ ਅਸਲੀ) ਸੋਭਾ ਹੈ (ਤੇ ਇਹੋ) ਸ਼ਾਹੂਕਾਰ ਪੁਣਾ ਹੈ। ਹੇ ਪ੍ਰਭੋ! ਨਾਨਕ (ਦੀ ਅਰਦਾਸ ਹੈ ਕਿ ਅਪਣੇ) ਸਾਧਾਂ ਦੇ ਸੰਗ ਵਿਚ ਨਿਵਾਸ ਬਖਸ਼ੋ (ਜਿਥੇ ਵੱਸਿਆਂ ਕਿ) ਸਾਰੇ ਸੁਖ ਆ ਪ੍ਰਗਟ ਹੁੰਦੇ ਹਨ ॥ ੮ ॥ ੨੦ ॥ |

**ਨਿਰੁਕ੍ਤ**–ਸਰਧਾ–[ਸੰਸ:, ਸ਼੍ਰੱਧਾ] ਪ੍ਰੇਮ ਤੇ ਸਤਿਕਾਰ ਵਾਲਾ ਦਿਲੀ ਭਾਵ। ਭਗਤੀ ਭਾਵ ਦੀ ਲਾਲਸਾ, ਭਾਵਨਾ।

ਅਗਨਿ–[ਸੰਸ:, ਅਗ੍ਨਿ:=ਅੱਗ, ਹਵਨ ਦੀ ਅੱਗ, ਪੇਟ ਦੀ ਅੱਗ।] ਮਾਤਾ ਦੇ ਪੇਟ ਦੀ ਅੱਗ। ਜੱਠਰਾ ਅਗਨਿ। ਅਗਨਿ ਮਹਿ ਰਾਖੈ=ਮਾਤਾ ਦੇ ਗਰਭ ਵਿਚ ਜੋ ਰੱਖਯਾ ਕਰਦਾ ਹੈ।

ਛਾਰੁ–[ਸੰਸ:, ਕ੍ਸ਼ਾਰ:=ਜੜ੍ਹੀ ਬੂਟੀਆਂ ਦੀ ਰਾਖ, ਖਾਰ ] ਖਾਰ, ਸੁਆਹ, ਰਾਖ। ਭਾਵ ਜਨਮ ਨਿਸਫਲ ਜਾਏਗਾ।

ਕਲਿਆਣ–[ਸੰਸ:, ਕਲ੍ਯਾਣੰ=ਸੁਭਾਗ, ਖੁਸ਼ਕਿਸਮਤੀ ] ਅਰੋਗਤਾ, ਖੁਸ਼ੀ, ਬਰਕਤ, ਮੁਕਤੀ। ਸੁਖ, ਖ਼ੈਰੀਯਤ।

ਤਾਸੁ–[ਅ:, ਤਾਸ=ਪਿਆਲਾ ਆਲਾ, ਵੱਡਾ ਪਿਆਲਾ, ਥਾਲ।] ਥਾਲ। ਵੱਡਾ ਪਿਆਲਾ ਇਸ ਤੋਂ 'ਤਾਸ਼' ਪਦ ਬਣਦਾ ਹੈ ਜੋ ਦੱਫਾਂ ਵਰਗੇ ਵਾਜੇ ਦੇ ਹੇਠਲੇ ਹਿੱਸੇ ਨੂੰ ਕਹਿੰਦੇ ਹਨ। ਭਾਵ ਹੈ ਮੂਲ। [ਫਾ:, ਤਾਸ਼=ਮਾਲਕ, ਸ੍ਵਾਮੀ, ਸਾਥੀ।] ਮਾਲਕ। (ਅ) ਸੰਪ੍ਰਦਾਈ ਅਰਥ, ਤਾਸ=ਸਮੂਹ, ਸਮੁੰਦਰ। ਗੁਨ ਤਾਸੁ=ਗੁਣਾਂ ਦਾ ਸਮੁੰਦਰ।

ਸੁਆਉ–[ਸੰਸ:, ਸ੍ਵਾਰਥ:=ਅਪਣਾ ਮਤਲਬ, ਨਿਜ ਪ੍ਰਯੋਜਨ] ਮਤਲਬ, ਪ੍ਰਯੋਜਨ। [ਪ੍ਰਾਕ੍ਰਿਤ

*ਇਹ ਸ਼ਲੋਕ ਪ੍ਰਸ਼ਾਦ ਛਕਕੇ ਤ੍ਰਿਪਤ ਹੋਕੇ ਅਰਦਾਸਾ ਕਰਨ ਤੋਂ ਪਹਿਲੇ ਗੁਰ ਸੰਗਤਾਂ ਵਿਚ ਪੜ੍ਹਿਆ ਜਾਂਦਾ ਹੈ।

ਸਾਉ=] ਸੁਆਦ, ਰਸ। ਯਥਾ:-ਕੜਛੀਆ ਫਿਰੰਨਿ੍ ਸੁਆਉ ਨ ਜਾਣਨਿ ਸੁਞੀਆ ॥
[ਗੂਜਰੀ ਵਾਰ ਮਹਲਾ ੫-੧੨

ਭਗਤਿ ਵਛਲ-[ਸੰਸ:, ਭਕ੍ਤ:=ਪੂਜਕ, ਉਪਾਸ਼ਕ+ਵਤ੍ਸਲੰ=ਸਨੇਹ, ਪਿਆਰ] ਭਗਤਾਂ ਨੂੰ ਪਿਆਰ ਕਰਨੇ ਵਾਲਾ। ਪ੍ਰਾਕ੍ਰਿਤ ਵਿਚ ਵਤਸਲ ਦਾ ਵਛਲ ਬਣ ਜਾਂਦਾ ਹੈ। ਗੁਰਬਾਣੀ ਵਿਚ 'ਭਗਤ ਵਛਲ' ਰੂਪ ਬੀ ਆਇਆ ਹੈ। ਯਥਾ:-

'ਭਗਤ ਵਛਲ ਤੇਰਾ ਬਿਰਦੁ ਰਖਾਇਆ ਜੀਉ ॥' [ਗਉੜੀ ਮਹਲਾ ੫-੧੬੬

ਪਰ ਅਕਸਰ ਥਾਈਂ ਪਾਠ 'ਭਗਤਿ ਵਛਲੁ' ਹੈ। ਯਥਾ:-

'ਭਗਤਿ ਵਛਲੁ ਤੇਰਾ ਬਿਰਦੁ ਹੈ ਜੁਗਿ ਜੁਗਿ ਵਰਤੰਦਾ ॥' [ਗਉੜੀ ਵਾਰ ਮਹਲਾ ੫-੫

ਪੁਨਾ:-'ਭਗਤਿ ਵਛਲੁ ਉਆ ਕੋ ਨਾਮੁ ਕਹੀਅਤੁ ਹੈ ਸਰਣਿ ਪ੍ਰਭੂ ਤਿਸੁ ਪਾਛੈ ਪਈਆ ॥'
[ਬਿਲਾਵਲ ਮਹਲਾ ੪, ਅਸਟ:-੫

ਸੰਸਕ੍ਰਿਤ ਵਾਲੇ 'ਭਕ੍ਤ ਵਤ੍ਸਲ' ਭਗਤਾਂ ਨੂੰ ਬੱਚੇ ਵਾਂਙ ਪਿਆਰਨ ਵਾਲੇ ਨੂੰ ਹੀ ਕਹਿੰਦੇ ਹਨ।

ਅਨਾਥ-[ਸੰਸ:, ਅਨਾਥ:]ਮਾਲਕਹੀਨ, ਯਤੀਮ। (ਇਸਤ੍ਰੀ) ਬਗ਼ੈਰ ਪਤੀ ਦੇ। ਬੇਸਹਾਰਾ

ਨਾਥ-[ਸੰਸ:, ਨਾਥ:] ਮਾਲਕ, ਸ੍ਵਾਮੀ, ਮੁਹਾਫਿਜ਼। ਪ੍ਰਭੂ।

## [ਅਸਟਪਦੀ-ਇਕੀਵੀਂ]

**ਪ੍ਰਾਕ੍ਥਨ**-ਇਸ ਅਸਟਪਦੀ ਵਿਚ ਵਾਹਿਗੁਰੂ ਜੀ ਦੇ ਨਿਰਗੁਣ ਤੇ ਸਰਗੁਣ ਦੋਹਾਂ ਸਰੂਪਾਂ ਦਾ ਬਹੁਤ ਸੁਆਦਲਾ ਨਕਸ਼ਾ ਬੱਧਾ ਹੈ ਜੋ ਅੰਕ ੫ ਦੇ ਅਖ਼ੀਰ ਤਕ ਚਲਦਾ ਹੈ। ਅੰਕ ੬ ਤੇ ੭ ਵਿਚ ਨਿਰਗੁਣ ਤੇ ਸਰਗੁਣ ਹੋਣ ਦਾ ਪ੍ਰਕਾਰ ਦੱਸਿਆ ਹੈ। ਅੰਕ ੮ ਵਿਚ ਨਾਮ ਤੇ ਸੰਤ ਦਾ ਜ਼ਿਕਰ ਹੈ ਤੇ ਨਾਮ ਦੀ ਦਾਤ ਦੇਣੀ ਉਸ ਦੀ ਮਿਹਰ ਹੈ। ਸਭ ਕੁਛ ਕਰਦਾ ਉਹ ਬੇਸ਼ੁਮਾਰ 'ਅਨੰਤ' ਹੈ।

ਸਲੋਕੁ ॥ ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥ ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥ ੧ ॥

ਹੇ ਨਾਨਕ! ਨਿਰੰਕਾਰ ਆਪ ਹੀ ਨਿਰਗੁਣ ਹੈ (ਤੇ ਆਪ ਹੀ) ਸਰਗੁਣ ਹੈ (ਨਿਰਗੁਣ ਰੂਪ ਵਿਚ ਉਹ) ਅਫੁਰ ਸਮਾਧੀ* ਵਿਚ ਹੈ (ਤੇ ਸਰਗੁਣ ਰੂਪ ਵਿਚ ਉਹ ਰਚਨਾ ਰਚਦਾ ਹੈ ਤੇ) ਅਪਣੀ ਰਚੀ ਹੋਈ ਵਿਚ (ਬੈਠਕੇ) ਫੇਰ (ਉਹ ਅਪਣਾ) ਜਾਪ ਆਪ ਹੀ ਕਰਦਾ ਹੈ† ॥ ੧ ॥

*ਇਸੇ ਅਸਟਪਦੀ ਦੇ ਪਹਿਲੇ ਪਦੇ ਦੀ ਤੀਸਰੀ ਤੁਕ ਵਿਚ ਪਦ 'ਸੁੰਨ ਸਮਾਧਿ' ਨਿਰਗੁਣਤਾ ਦਾ ਲਖਾਯਕ ਹੀ ਵਰਤਿਆ ਹੈ।

†ਨਿਰਗੁਣ ਰੂਪ ਵਿਚ ਅਫੁਰ ਸਮਾਧਿ ਤੇ ਸਰਗੁਣ ਵਿਚ ਵਿਸਮਾਦ ਸਮਾਧਿ ਵਿਚ ਹੁੰਦਾ ਹੈ। ਇਸ ਸਲੋਕ ਦਾ ਭਾਵ ਗੁਰ ਨਾਨਕ ਦੇਵ ਜੀ ਦੀ ਵਾਰ ਆਸਾ ਦੀ ਇਸ ਪਉੜੀ ਤੋਂ ਖੁੱਲ੍ਹਦਾ ਹੈ-'ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ ॥ ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥' ਰਚਨਾ ਨੂੰ ਦੇਖਕੇ ਚਾਉ ਤੇ ਰਚਨਹਾਰ ਦੀ ਸਿਫ਼ਤ ਸਲਾਹ ਉਪਜਦੀ ਹੈ ਜੋ ਜਾਪ ਯਾਂ ਸਿਮਰਨ ਵਿਚ ਰਖਦੀ ਹੈ, ਜਿਸ ਤੋਂ ਵਿਸਮਾਦ ਹੁੰਦਾ ਹੈ। ਮਾਰੂ ਮ: ੧ ਸੋਲਹੇ ਦੇ ਅੰਕ ੧੭ ਵਿਚ 'ਸੁੰਨ ਸਮਾਧੀ ਵਿਚ ਪਰਮਾਤਮਾ' ਨੂੰ ਦੱਸਕੇ ਫੇਰ ਸੁੰਨ ਤੋਂ ਕੀਕੂੰ ਜਗਤ ਉਪਾਇਆ ਗੁਰੂ ਨਾਨਕ ਦੇਵ ਜੀ ਨੇ ਦੱਸਿਆ ਹੈ, ਇਸ ਤੋਂ ਪਹਿਲੇ ਸਲੋਕ ੧੫ ਤੇ ੧੬ ਵਿਚ ਨਿਰਗੁਣ ਅਵਸਥਾ ਤੋਂ ਫੇਰ ਸਰਗੁਣਤਾ ਵਿਚ ਆਕੇ ਜਗਤ ਰਚਨਾ ਦਾ ਪ੍ਰਕਾਰ ਵਰਣਨ ਕੀਤਾ ਹੈ। (ਅ) ਸੰਪ੍ਰਦਾ ਵਿਚ ਦੂਜੀ ਤੁਕ ਦੇ ਅਰਥ ਐਉਂ ਬੀ ਲਾਉਂਦੇ ਹਨ:-ਆਪਣੇ ਕੀਤੇ ਨੂੰ ਫੇਰ ਆਪ ਲੈ ਕਰ ਲੈਂਦਾ ਹੈ। 'ਜਪਨਾ' ਆਮ ਹਿੰਦੀ ਵਿਚ 'ਖਾ ਜਾਣ' ਨੂੰ ਤੇ ਪੰਜਾਬੀ ਵਿਚ 'ਨਿਗਲ ਲੈਣ' ਨੂੰ ਬੀ ਕਹਿੰਦੇ ਹਨ। [ਪੰ: ਡਿ:]। [ਸੰਸ:, ਜਾਪਨੰ=ਰੱਦ ਕਰਨਾ, ਮੁਕਾ ਦੇਣਾ]। ਇਸੇ ਅਸਟਪਦੀ ਦੇ ਸੱਤਵੇਂ ਪਦੇ ਵਿਚ ਦੱਸਦੇ ਹਨ "ਖੇਲ ਸੰਕੋਚੈ ਤਉ ਨਾਨਕ ਏਕੈ"। (ੲ) ਜਾਣਦਾ ਹੈ ਤੇ ਪ੍ਰਤੀਤ ਦੇਂਦਾ ਹੈ ਬੀ ਅਰਥ ਲਾਉਂਦੇ ਹਨ। ਜਾਣਦਾ ਹੈ ਤੋਂ ਮੁਰਾਦ 'ਸੰਭਾਲਦਾ ਹੈ' ਲਈਦੀ ਹੈ, ਜੋ ਇਸੇ ਅਸਟਪਦੀ ਦੇ ਸੱਤਵੇਂ ਅੰਕ ਵਿਚ ਹੈ-'ਆਪਨ ਖੇਲੁ ਆਪਿ ਕਰਿ ਦੇਖੈ ॥'

ਅਸਟਪਦੀ ॥ ਜਬ ਅਕਾਰੁ ਇਹੁ ਕਛੁ ਨ ਦ੍ਰਿਸਟੇਤਾ ॥ ਪਾਪ ਪੁੰਨ ਤਬ ਕਹ ਤੇ ਹੋਤਾ ॥ ਜਬ ਧਾਰੀ ਆਪਨ ਸੁੰਨ ਸਮਾਧਿ ॥ ਤਬ ਬੈਰ ਬਿਰੋਧ ਕਿਸੁ ਸੰਗਿ ਕਮਾਤਿ ॥ ਜਬ ਇਸਕਾ ਬਰਨੁ ਚਿਹਨੁ ਨ ਜਾਪਤ ॥ ਤਬ ਹਰਖ ਸੋਗ ਕਹੁ ਕਿਸਹਿ ਬਿਆਪਤ ॥ ਜਬ ਆਪਨ ਆਪ ਆਪਿ ਪਾਰਬ੍ਰਹਮ ॥ ਤਬ ਮੋਹ ਕਹਾ ਕਿਸੁ ਹੋਵਤ ਭਰਮ ॥ ਆਪਨ ਖੇਲੁ ਆਪਿ ਵਰਤੀਜਾ ॥ ਨਾਨਕ ਕਰਨੈਹਾਰੁ ਨ ਦੂਜਾ ॥ ੧ ॥

*(ਨਿਰਗੁਣ ਦਾ ਵਰਣਨ:–ਵੀਚਾਰ ਕਰੋ ਕਿ) ਜਦੋਂ ਇਸ (ਪ੍ਰਪੰਚ ਦਾ) ਆਕਾਰ (ਸ਼ਕਲ ਮੂਰਤ ਹੀ) ਕੁਝ ਨਹੀਂ ਸੀ ਦਿੱਸਦਾ, ਤਦ (ਏਥੇ) ਕੌਣ ਸੀ (ਜਿਸਤੋਂ) ਪਾਪ ਪੁੰਨ ਹੁੰਦਾ ਸੀ ? ਜਦ ਧਾਰੀ ਹੋਈ ਸੀ (ਸਾਈਂ ਨੇ) ਅਪਣੇ ਆਪ ਵਿਚ ਸੁੰਨ (ਅਫੁਰ) ਸਮਾਧੀ, ਤਦ ਵੈਰ ਵਿਰੋਧ (ਕੌਣ) ਕਿਸ ਨਾਲ ਕਮਾਉਂਦਾ ਸੀ ? ਜਦ ਇਸ (ਆਕਾਰ ਵਾਲੇ ਸੰਸਾਰ) ਦਾ ਰੰਗ ਰੂਪ ਹੀ ਨਹੀਂ ਸੀ ਦਿਖਾਈ ਦਿੰਦਾ, ਤਦ ਦੱਸੋ ਹਰਖ ਸੋਗ (ਖੁਸ਼ੀ ਯਾ ਗ਼ਮੀ) ਕਿਸ ਨੂੰ ਵਿਆਪਦੀ ਸੀ ? ਜਦੋਂ ਪਾਰਬ੍ਰਹਮ ਨਿਰਾ ਆਪ ਹੀ ਆਪਣੇ ਆਪ ਵਿਚ (ਇਸਥਿਤ) ਸੀ ਤਦ (ਦੱਸੋ) ਮੋਹ ਕਿਸਨੂੰ (ਫੁਰਦਾ ਸੀ ਤੇ) ਭਰਮ ਕਿਸਨੂੰ ਪੈਂਦਾ ਸੀ ? ਹੇ ਨਾਨਕ ! (ਇਹ ਜਗਤ ਉਸਦੀ) ਅਪਣੀ ਖੇਡ (ਹੈ ਜੋ ਉਸ ਨੇ) ਆਪ ਹੀ ਵਰਤਾਈ ਹੈ, (ਉਸ ਤੋਂ ਛੁੱਟ ਇਸ ਖੇਲ ਦੇ) ਕਰਨੇ ਵਾਲਾ ਹੋਰ ਕੋਈ ਨਹੀਂ ਹੈ ॥ ੧ ॥

ਜਬ ਹੋਵਤ ਪ੍ਰਭ ਕੇਵਲ ਧਨੀ ॥ ਤਬ ਬੰਧ ਮੁਕਤਿ ਕਹੁ ਕਿਸ ਕਉ ਗਨੀ ॥ ਜਬ ਏਕਹਿ ਹਰਿ ਅਗਮ ਅਪਾਰ ॥ ਤਬ ਨਰਕ ਸੁਰਗ ਕਹੁ ਕਉਨ ਅਉਤਾਰ ॥ ਜਬ ਨਿਰਗੁਨ ਪ੍ਰਭ ਸਹਜ ਸੁਭਾਇ ॥ ਤਬ ਸਿਵ ਸਕਤਿ ਕਹਹੁ ਕਿਤੁ ਠਾਇ ॥ ਜਬ ਆਪਹਿ ਆਪਿ ਅਪਨੀ ਜੋਤਿ ਧਰੈ ॥ ਤਬ ਕਵਨ ਨਿਡਰੁ ਕਵਨ ਕਤ ਡਰੈ ॥ ਆਪਨ ਚਲਿਤ ਆਪਿ ਕਰਨੈ ਹਾਰ ॥ ਨਾਨਕ ਠਾਕੁਰ ਅਗਮ ਅਪਾਰ ॥ ੨ ॥

(ਦੱਸੋ,) ਜਦੋਂ ਮਾਲਕ ਪ੍ਰਭੂ ਨਿਰਾ (ਆਪ ਹੀ ਆਪ) ਹੁੰਦਾ ਹੈ, ਤਦੋਂ ਬੱਝਾ ਹੋਇਆ ਤੇ ਛੁੱਟਿਆ ਹੋਇਆ ਕਿਸ ਨੂੰ ਗਿਣਿਆ ਜਾਏ ? ਜਦ ਅਗੰਮ ਤੇ ਅਪਾਰ ਹਰੀ ਇਕੋ (ਆਪ) ਹੀ ਹੋਵੇ, ਦੱਸੋ, ਤਦ ਨਰਕਾਂ ਸੁਰਗਾਂ ਵਿਚ ਕੌਣ ਜਾਂਦਾ ਸਮਝਿਆ ਜਾਵੇ ? ਜਦੋਂ ਪ੍ਰਭੂ ਨਿਰਗੁਣ (ਮਾਇਆ ਦੇ ਗੁਣਾਂ ਤੋਂ ਰਹਿਤ ਤੇ ਅਪਣੇ) ਸਹਜ ਸਰੂਪ ਵਿਚ (ਅਡੋਲ ਇਸਥਿਤ) ਹੋਵੇ, ਦੱਸੋ ਤਦ ਸ਼ਿਵ ਤੇ ਸ਼ਕਤੀ ਕਿਸ ਥਾਂ ਹੁੰਦੀ ਹੈ† ? ਜਦੋਂ (ਪ੍ਰਭੂ) ਅਪਣੇ ਆਪ ਵਿਚ (ਹੀ) ਅਪਣੀ ਜੋਤ ਪ੍ਰਕਾਸ਼ ਰਿਹਾ ਹੋਵੇ‡ (ਦੱਸੋ) ਤਦ ਕੌਣ ਡਰ ਤੋਂ ਰਹਿਤ ਤੇ ਕੌਣ ਕਿਸ ਤੋਂ ਡਰਦਾ (ਕਿਹਾ ਜਾਵੇ ? ਕਹਿੰਦੇ ਹਨ ਗੁਰੂ) ਨਾਨਕ, ਠਾਕਰ ਗੰਮਤਾ ਤੋਂ ਪਰੇ ਹੈ ਤੇ ਪਾਰ ਤੋਂ ਰਹਤ ਹੈ (ਬੇਹੱਦ ਹੈ), (ਓਹ) ਅਪਣੇ ਕੌਤਕ (ਖੇਲ) ਆਪ (ਹੀ) ਕਰਨੇ ਹਾਰਾ ਹੈ ॥ ੨ ॥

ਅਬਿਨਾਸੀ ਸੁਖ ਆਪਨ ਆਸਨ॥ ਤਹ ਜਨਮ ਮਰਨ ਕਹੁ ਕਹਾ

(ਜਿੱਥੇ) ਨਾਸ਼ ਤੋਂ ਰਹਿਤ (ਪ੍ਰਭੂ) ਅਪਣੇ ਸੁਖ ਸਰੂਪ ਵਿਚ ਇਸਥਿਤ ਹੈਸੀ ਦੱਸ ਓਥੇ ਜੰਮਣਾ ਮਰਣਾ ਤੇ ਵਿਨਾਸ਼ ਹੋਣਾ ਕਿਸਦਾ✠ ਹੋ ਸਕਦਾ ਸੀ ? ਜਦ (ਇਕੋ) ਓਹੋ ਕਰਤਾਰ

---

*ਹੁਣ ਨਿਰਗੁਣ ਸਰਗੁਣ ਦਾ ਰੂਪ ਚਲਿਆ ।

†'ਪਰਾ ਸਿਵ' ਤੋਂ ਵਿਕਾਸ਼ਿਤ ਹੋਣ ਵਾਲੇ ਦੋ ਤਤੂ 'ਸ਼ਿਵ; ਸ਼ਕਤਿ' ਜਿਨ੍ਹਾਂ ਦੇ ਪਰਸਪਰ ਮੇਲ ਤੇ ਵਿਕਾਸ਼ ਤੋਂ ਅਗਲੀ ਸ੍ਰਿਸ਼ਟੀ ਦੀ ਉਤਪਤੀ ਹੋਂਦੀ ਮੰਨੀ ਹੈ । 'ਸਿਵ ਸਕਤੀ' ਦਾ ਐਉਂ ਬੀ ਅਰਥ ਕਰਦੇ ਹਨ:–ਸਿਵ ਸਕਤੀ = ਸ਼ਿਵ ਦੀ ਸ਼ਕਤੀ, ਅਰਥਾਤ ਮਾਇਆ । (ਅ) ਸ਼ਿਵ = ਸਿਵਜੀ ਤੇ ਸ਼ਕਤੀ = ਉਸ ਦੀ ਇਸਤ੍ਰੀ । (ੲ) ਸ਼ਿਵ = ਸਤੋ ਗੁਣ । ਸ਼ਕਤੀ = ਤਮੋਗੁਣ ।

‡ਜਦੋਂ ਇਕੋ ਓਹੋ ਅਪਣੇ ਪ੍ਰਕਾਸ਼ ਸਰੂਪ ਵਿਚ ਪ੍ਰਕਾਸ਼ ਰਿਹਾ ਹੋਵੇ ।

✠'ਕਹਾ' ਦਾ ਅਰਥ 'ਕਿਸ' ਬੀ ਹੈ । ਯਥਾ–ਆਨ ਕਹਾ ਪਹਿ ਜਾਵਹੁ ॥ [ਸਾਰੰਗ ਮਹਲਾ ੫–੭੩

ਬਿਨਾਸਨ ॥ ਜਬ ਪੂਰਨ ਕਰਤਾ ਪ੍ਰਭੁ ਸੋਇ ॥ ਤਬ ਜਮ ਕੀ ਤ੍ਰਾਸ ਕਹਹੁ ਕਿਸੁ ਹੋਇ॥ਜਬ ਅਬਿਗਤ ਅਗੋਚਰ ਪ੍ਰਭ ਏਕਾ ॥ ਤਬ ਚਿਤ੍ਰ ਗੁਪਤ ਕਿਸੁ ਪੂਛਤ ਲੇਖਾ ॥ ਜਬ ਨਾਥ ਨਿਰੰਜਨ ਅਗੋਚਰ ਅਗਾਧੇ॥ ਤਬ ਕਉਨ ਛੁਟੇ ਕਉਨ ਬੰਧਨ ਬਾਧੇ ॥ ਆਪਨ ਆਪ ਆਪ ਹੀ ਅਚਰਜਾ ॥ ਨਾਨਕ ਆਪਨ ਰੂਪ ਆਪ ਹੀ ਉਪਰਜਾ ॥ ੩ ॥

ਪ੍ਰਭੁ(ਹੀ)ਪਰੀ ਪੂਰਨਹੈਸੀ ਤਦ ਦੱਸੋ ਕਿ ਜਮ ਦਾ ਡਰ ਕਿਸਨੂੰ ਹੁੰਦਾ ਹੈਸੀ ? ਜਦ ਇਕੋ ਅਬਿਗਤ ਤੇ ਅਗੋਚਰ ਪ੍ਰਭੂ (ਆਪ ਹੀ ਆਪ) ਸੀ, ਤਦ ਚਿਤ੍ਰ ਗੁਪਤ ਲੇਖਾ ਕਿਸ ਨੂੰ ਪੁੱਛਦੇ ਸਨ ? ਜਦ ਮਾਇਆ ਤੋਂ ਰਹਿਤ, ਇੰਦ੍ਰੇ ਅਤੀਤ, ਮਨ ਬਾਣੀ ਤੋਂ ਪਰੇ ਪ੍ਰਭੂ (ਆਪ ਹੀ ਆਪ) ਸੀ, ਤਦ ਕਉਣ ਛੁਟੇ ਹੋਏ ਹੁੰਦੇ ਹਨ ਤੇ ਕੋਣ ਬੰਧਨ ਵਿਚ ਬੱਝੇ ਹੋਏ ? (ਉਹ ਤਦੋਂ) ਅਪਣੇ ਅਚਰਜ ਰੂਪ ਵਿਚ ਆਪਣੇ ਆਪ ਵਿਚ ਹੀ (ਇਸਥਿਤ) ਸੀ । (ਉਸ ਨੇ) ਅਪਣਾ (ਸਰਗੁਣ) ਰੂਪ (ਫੇਰ) ਆਪ ਹੀ ਉਤਪਤ ਕੀਤਾ* ॥ ੩ ॥

ਜਹ ਨਿਰਮਲ ਪੁਰਖੁ ਪੁਰਖ ਪਤਿ ਹੋਤਾ ॥ ਤਹ ਬਿਨੁ ਮੈਲੁ ਕਹਹੁ ਕਿਆ ਧੋਤਾ ॥ ਜਹ ਨਿਰੰਜਨ ਨਿਰੰਕਾਰ ਨਿਰਬਾਨ॥ ਤਹ ਕਉਨ ਕਉ ਮਾਨ ਕਉਨ ਅਭਿਮਾਨ ॥ ਜਹ ਸਰੂਪ ਕੇਵਲ ਜਗਦੀਸ ॥ ਤਹ ਛਲ ਛਿਦ੍ਰ ਲਗਤ ਕਹੁ ਕੀਸ ॥ ਜਹ ਜੋਤਿ ਸਰੂਪੀ ਜੋਤਿ ਸੰਗਿ ਸਮਾਵੈ ॥ ਤਹ ਕਿਸਹਿ ਭੂਖ ਕਵਨੁ ਤ੍ਰਿਪਤਾਵੈ ॥ ਕਰਨ ਕਰਾਵਨ ਕਰਨੈ ਹਾਰੁ ॥ ਨਾਨਕ ਕਰਤੇ ਕਾ ਨਾਹਿ ਸੁਮਾਰੁ ॥ ੪ ॥

ਜਿਥੇ 'ਮੈਲ ਤੋਂ ਰਹਤ ਪੁਰਖ' ਹੀ 'ਪੁਰਖ ਪਤੀ' ਸੀ† ਓਥੇ ਦੱਸੋ ਮੈਲ (ਤੇ) ਹੈ ਨਹੀਂ (ਸੀ ਕੋਈ ਓਥੇ) ਧੋਂਦਾ ਕੀਹ ਸੀ । ਜਿਥੇ ਮਾਇਆ ਰਹਤ, ਅਕਾਰ ਰਹਤ, ਮੁਕਤ (ਰੂਪ ਪ੍ਰਭੂ ਇਕੋ ਆਪ ਹੀ) ਸੀ, ਓਥੇ ਕਿਸਦਾ ਮਾਨ ਤੇ ਕਿਸਦਾ ਅਪਮਾਨ ਹੋਣਾ ਸੀ‡ ? ਜਿੱਥੇ (ਜਗਦੀਸ਼) ਕੇਵਲ (ਇਕੋ) ਜਗਦੀਸ੍ਵਰ ਦਾ ਸਰੂਪ ਹੀ ਸੀ ਉਥੇ ਛਲ ਛਿਦ੍ਰ ਕਿਸਨੂ ਲੱਗਦਾ ? ਜਿਥੇ ਜੋਤਿ ਸਰੂਪ ਵਾਲਾ (ਆਪਣੀ) ਜੋਤ ਵਿਚ ਹੀ ਸਮਾ ਰਿਹਾ ਹੋਵੇ,✖ ਤਿਥੇ ਕਿਸ ਨੂੰ ਭੁਖ (=ਤ੍ਰਿਸ਼ਨਾ ਹੁੰਦੀ ਕਹੀ ਜਾਵੇ ਤੇ) ਕੌਣ (ਉਸਦੀ) ਤ੍ਰਿਪਤੀ ਕਰਦਾ (ਕਿਹਾ ਜਾਵੇ) ? ਕਰਨੇ ਕਰਾਉਣੇ ਵਾਲਾ (ਮੂਲ ਕਾਰਣ ਉਹ) ਕਰਨੇ ਹਾਰ (ਆਪ ਹੀ) ਹੈѰ । (ਉਸ) ਸਿਰਜਣਹਾਰ ਦਾ, ਹੇ ਨਾਨਕ ! ਅੰਤ♣ ਨਹੀਂ ਪਾਯਾ ਜਾ ਸਕਦਾ ॥ ੪ ॥

---

*'ਅਚਰਜ ਰੂਪ' ਮਨ ਬਾਣੀ ਤੋਂ ਪਰੇ ਹੈ,–'ਅਸ੍ਚਰਜ ਰੂਪੰ ਰਹੰਤ ਜਨਮੰ ॥' [ਸਹਸਕ੍ਰਿਤੀ ਸਲੋਕ ਮ: ੫-੫੭
ਸੋ ਉਸ ਮਨ ਬਾਣੀ ਤੋਂ ਪਰੇ ਅਰੂਪ ਨੂੰ ਰੂਪਵਾਨ ਉਸ ਨ ਆਪ ਹੀ ਕੀਤਾ, ਭਾਵ ਨਿਰਗੁਣ ਤੇ ਸਰਗੁਣ ਰੂਪ ਧਾਰਿਆ । ਯਥਾ:–ਆਪੀਨੈ ਆਪੁ ਸਾਜਿਓ ॥ [ਵਾਰ ਆਸਾ ਮਹਲਾ ੧–੧

†ਭਾਵ ਜਦੋਂ ਪਰਮੇਸ਼ੁਰ 'ਉਮਾ ਪਤੀ' ਯਾ 'ਮਾਯਾ ਪਤੀ' ਆਦਿ ਨਹੀਂ ਸੀ ਅਪਣੇ ਆਪ ਦਾ ਆਪ ਮਾਲਕ ਸੀ ਤਦੋਂ ਮਾਯਾ ਰੂਪੀ ਮੈਲ ਹੀ ਨਹੀਂ ਸੀ ਫਿਰ ਧੋਣਾ ਕੀਹ ਸੀ । (ਅ) ਐਉਂ ਬੀ ਅਰਥ ਲਗਦਾ ਹੈ:-ਜਹਿ ਪੁਰਖ ਪਤਿ ਨਿਰਮਲ ਪੁਰਖ ਹੋਤਾ=ਅਰਥਾਤ ਜਦੋਂ:–ਪੁਰਖ ਦੀ ਪਤ ਨਿਰਮਲ ਪੁਰਖ ਆਪ ਹੀ ਹੁੰਦਾ ਸੀ । ਯਥਾ-ਜਬ ਅਪਨੀ ਸੋਭਾ ਆਪਨ ਸੰਗਿ ਬਨਾਈ ॥ [ਸੁਖਮਨੀ ੨੧–੫
(ੲ) ਜਹਾਂ ਜੀਵੋਂ ਕਾ ਪਤੀ ਪਰਮਾਤਮਾ·······ਪਰ ਜੀਵ ਤਾਂ ਸਨ ਨਹੀਂ ਤਦੋਂ ।

‡ਇਥੇ ਅਭਿਮਾਨ ਦਾ ਅਰਥ ਅਪਮਾਨ ਹੈ, ਹੋਰਥੇ ਬੀ ਆਯਾ ਹੈ । ਯਥਾ:–
'ਤੈਸਾ ਮਾਨ ਤੈਸਾ ਅਭਿਮਾਨ ॥ [ਸੁਖਮਨੀ ੯–੭

✖ਭਾਵ ਜਜੋਤੀ ਸਰੂਪ ਅਪਣੀ ਜਜੋਤਿ ਸਰੂਪਤਾ ਵਿਚ ਹੀ ਲੀਨ ਸੀ ।

Ѱ(ਅ) ਉਹ 'ਕਰਨਹਾਰ' ਕਰਤਾਰ ਹੀ ਕਰਨੇ ਵਾਲਾ ਤੇ ਕਰਾਵਣੇ ਵਾਲਾ ਹੈਸੀ ।

♣ਭਾਵ ਗੇਣਤੀ ਮੇਣਤੀ ਨਾਲ ਜਿਸ ਦਾ (ਸੁਮਾਰ=) ਹਿਸਾਬ ਲਗ ਜਾਵੇ ।

ਜਬ ਅਪਨੀ ਸੋਭਾ ਆਪਨ ਸੰਗਿ ਬਨਾਈ॥ ਤਬ ਕਵਨ ਮਾਇ ਬਾਪ ਮਿਤ੍ਰ ਸੁਤ ਭਾਈ ॥ ਜਹ ਸਰਬ ਕਲਾ ਆਪਹਿ ਪਰਬੀਨ ॥ ਤਹ ਬੇਦ ਕਤੇਬ ਕਹਾ ਕੋਊ ਚੀਨ੍ਹ ॥ ਜਬ ਆਪਨ ਆਪੁ ਆਪਿ ਉਰਿ ਧਾਰੈ ॥ ਤਉ ਸਗਨ ਅਪਸਗਨ ਕਹਾ ਬੀਚਾਰੈ ॥ ਜਹ ਆਪਨ ਊਚ ਆਪਨ ਆਪਿ ਨੇਰਾ॥ ਤਹ ਕਉਨ ਠਾਕੁਰੁ ਕਉਨੁ ਕਹੀਐ ਚੇਰਾ ॥ ਬਿਸਮਨ ਬਿਸਮ ਰਹੇ ਬਿਸਮਾਦ ॥ ਨਾਨਕ ਅਪਨੀ ਗਤਿ ਜਾਨਹੁ ਆਪਿ ॥ ੫ ॥

ਜਦ (ਪ੍ਰਭੂ ਨੇ) ਅਪਣੀ ਸੋਭਾ (ਕੇਵਲ) ਅਪਣੇ ਹੀ ਸੰਗ ਨਾਲ ਬਣਾਈ ਹੋਈ ਸੀ*, ਤਦ (ਦੂਸਰਾ ਕੋਈ ਸੋਭਾ ਵਧਾਉਣ ਵਾਲਾ) ਮਾਂ ਕਿ ਪਿਉ, ਮਿਤ੍ਰ ਕਿ ਪੁਤ੍ਰ ਕਿ ਭਰਾ ਕਿਹੜਾ ਸੀ ? ਜਿਥੇ (ਪ੍ਰਭੂ) ਸਾਰੀ ਗੁਣ ਵਿਦਯਾ ਦੀ ਪ੍ਰਬੀਨਤਾਈ ਅਪਣੇ ਵਿਚ (ਲਈ ਇਸਥਿਤ) ਹੈਸੀ ਓਥੇ ਵੇਦ ਤੇ ਕਿਤਾਬਾਂ (ਤੇ) ਕੋਈ (ਉਨ੍ਹਾਂ ਨੂੰ) ਦੇਖਣ ਵਾਲਾ ਕਿੱਥੇ ਸੀ ? ਜਦ (ਉਹ) ਅਪਣੇ ਆਪ (ਆਪਣੀ) ਉੱਤਮਤਾ ਵਿਚ† (ਨਿਮਗਨ) ਹੈਸੀ, ਤਦ ਸ਼ਗਨ ਤੇ ਅਪਸ਼ਗਨ (ਕੌਣ ਤੇ) ਕਿਥੇ ਵਿਚਾਰਦਾ ਸੀ‡ ? ਜਿਥੇ ਆਪਣਾ (ਆਪ ਹੀ ਉੱਚਾ (ਤੇ) ਆਪਣਾ ਆਪ ਹੀ ਨੇੜੇ ਹੋਵ, ਓਥੇ ਕੌਣ ਮਾਲਿਕ ਤੇ ਕੌਣ ਸੇਵਕ ਕਿਹਾ ਜਾਵੇ※। (ਬਿਨੈ ਕਰਦੇ ਹਨ ਗੁਰੂ)ਨਾਨਕ, ਹੇ ਅਸਚਰਜ ਰੂਪ (ਅਸੀਂ ਤਾਂ ਆਪ ਦ ਰੂਪ ਨੂੰ ਦੇਖਕੇ) ਅਸਚਰਜ ਤੋਂ ਅਸਚਰਜ ਹੁੰਦੇ ਵਿਸਮਾਦ ਹੋ ਰਹੇ ਹਾਂ, ਅਪਣੀ ਗਤੀ ਨੂੰ (ਤੁਸੀਂ) ਆਪ ਹੀ ਜਾਣਦੇ ਹੋ ॥ ੫ ॥

ਜਹ ਅਛਲ ਅਛੇਦ ਅਭੇਦ ਸਮਾਇਆ ॥ ਊਹਾ ਕਿਸਹਿ ਬਿਆਪਤ ਮਾਇਆ ॥ ਆਪਸ ਕਉ ਆਪਹਿ ਆਦੇਸੁ ॥ ਤਿਹੁ ਗੁਣ ਕਾ ਨਾਹੀ ਪਰਵੇਸੁ ॥ ਜਹ ਏਕਹਿ ਏਕ ਏਕ ਭਗਵੰਤਾ ॥ ਤਹ ਕਉਨੁ ਅਚਿੰਤੁ ਕਿਸੁ ਲਾਗੈ ਚਿੰਤਾ ॥ ਜਹ ਆਪਨ ਆਪੁ ਆਪਿ ਪਤੀਆਰਾ ॥ ਤਹ ਕਉਨੁ ਕਥੈ ਕਉਨੁ ਸੁਨਨੈਹਾਰਾ ॥ ਬਹੁ ਬੇਅੰਤ ਊਚ ਤੇ ਊਚਾ ॥ ਨਾਨਕ ਆਪਸ ਕਉ ਆਪਹਿ ਪਹੂਚਾ ॥ ੬ ॥

ਜਿਥੇ (ਉਹ ਅਪਣੇ) ਅਛਲ ਅਛੇਦ ਤੇ ਅਭੇਦ (ਰੂਪ ਵਿਚ) ਇਸਥਿਤ (ਹੋਵੇ),ਓਥੇ ਮਾਇਆ ਕਿਸਨੂੰ ਵਿਆਪ ਸਕਦੀ ਹੈ। ਜਿਥੇ ਅਪਣਾ ਆਪ ਤੇ ਅਪਣਾ ਹੁਕਮ ਇਕੋ ਰੂਪ ਹੋਵੇ (ਉਥੇ) ਤਿੰਨਾ ਗੁਣਾਂ ਦਾ ਪ੍ਰਵੇਸ਼ ਨਹੀਂ (ਜਿਥੇ ਤਿੰਨਾ ਗੁਣਾਂ ਦਾ ਪ੍ਰਵੇਸ਼ ਨਹੀਂ ਓਥੇ ਮਾਯਾ ਨਹੀਂ)। (ਸੋ) ਜਿਥੇ ਭਗਵੰਤ ਇਕ, ਹਾਂ ਇਕੋ ਹੀ ਇਕ (ਭਾਵ ਇਕੱਲਾ ਆਪ ਹੀ) ਹੋਵੇ ਓਥੇ ਕੌਣ ਚਿੰਤਾ ਰਹਿਤ (ਹੋ ਸਕਦਾ ਹੈ) ਤੇ ਕਿਸਨੂੰ ਚਿੰਤਾ ਲਗਦੀ ਹੈ ? ਜਿਥੇ ਪਤੀਜਣ ਵਾਲਾ ਬੀ ਆਪ ਹੋਵੇ (ਤੇ ਜਿਸ ਤੇ ਪਤੀਜਣਾ ਹੈ ਉਹ ਬੀ) ਆਪਣਾ (ਹੀ) ਆਪ ਹੋਵੇ, ਓਥੇ (ਪਤੀਜਣਾ ਦੇਣ ਲਈ ਵਕਤਾ=) ਕਹਿਣ ਵਾਲਾ ਕੌਣ (ਤੇ ਉਸਨੂੰ ਸ੍ਰੋਤਾ=) ਸੁਣਨੇ ਵਾਲਾ ਕੌਣ (ਹੋ ਸਕਦਾ) ਹੈ। (ਓਹ) ਬੜਾ ਬੇਅੰਤ ਹੈ ਤੇ ਉਚਿਆਂ ਤੋਂ ਉਚਾ ਹੈ, ਹੇ ਨਾਨਕ ! ਅਪਣੇ ਆਪ ਨੂੰ (ਉਹ) ਆਪ ਹੀ ਪਹੁੰਚਦਾ ਹੈ (ਭਾਵ ਉਹ ਅਦੁਤੀ ਹੈ ਉਸ ਤੁੱਲ ਹੋਰ ਕੋਈ ਨਹੀਂ) ॥ ੬ ॥

---

*ਅਪਣੇ ਸਰੂਪ ਦੀ ਸ਼ੋਭਾ ਵਿਚ ਆਪ ਹੀ ਸੁਭਾਇਮਾਨ।

†ਉਰਿ ਧਾਰੈ=ਉਤਮਤਾ ਵਿਚ ਟਿਕਿਆ ਹੁੰਦਾ ਹੈ। [ਸੰਸ:, ਉਰੁ=ਉਤਮ, ਅਮੋਲਕ]। (ਅ) ਜਦੋਂ ਅਪਣੇ ਆਪ ਨੂੰ ਅਪਣੇ ਰਿਦੇ ਵਿਚ ਧਾਰਨ ਕੀਤਾ ਹੋਇਆ ਇਸਥਿਤ ਸੀ, ਭਾਵ ਅਪਣੇ ਨਿਰਗੁਣ ਸ੍ਵਰੂਪ ਵਿਚ ਲੀਨ ਸੀ। ਪਰ ਅਗੇ ਪਿਆ ਹੈ 'ਸਗਨ ਅਪਸਗਨ' ਇਸ ਕਰਕੇ ਉੱਤਮਤਾ ਵਾਲਾ ਅਰਥ ਵਧੇਰੇ ਢੁਕਦਾ ਹੈ।

‡ਜਦ ਹੋਇਆ ਆਪ ਹੀ ਉਤਮ ਤੇ ਉਸ ਦੀ ਉਤਮਤਾ, ਮਾੜਾ ਕੁਛ ਸੰਭਵ ਹੀ ਨਹੀਂ, ਤਦ ਸ਼ਗਨ ਵੀਚਾਰ ਦੀ ਕੀ ਲੋੜ।

※ਭਾਵ ਉਚ ਨੀਚ ਤੇ ਨੇੜੇ ਦੂਰ ਏਹ ਹੋਣ ਹੀ ਨਾ ਤਾਂ ਸੇਵਕ ਕੌਣ ਤੇ ਮਾਲਕ ਕੌਣ।

ਹੁਣ ਨਿਰਗੁਣ ਅਵਸਥਾ ਦਾ ਵਰਣਨ ਕਰਕੇ ਉਸ ਤੋਂ ਸਰਗੁਣ ਹੋਣ ਦਾ ਵਰਣਨ ਕਰਦੇ ਹਨ।

ਜਹ ਆਪਿ ਰਚਿਓ ਪਰਪੰਚੁ ਅਕਾਰੁ ॥ ਤਿਹੁ ਗੁਣ ਮਹਿ ਕੀਨੋ ਬਿਸਥਾਰੁ ॥ ਪਾਪੁ ਪੁੰਨੁ ਤਹ ਭਈ ਕਹਾਵਤ ॥ ਕੋਊ ਨਰਕ ਕੋਊ ਸੁਰਗ ਬੰਛਾਵਤ ॥ ਆਲ ਜਾਲ ਮਾਇਆ ਜੰਜਾਲ ॥ ਹਉਮੈ ਮੋਹ ਭਰਮ ਭੈ ਭਾਰ ॥ ਦੂਖ ਸੂਖ ਮਾਨ ਅਪਮਾਨ ॥ ਅਨਿਕ ਪ੍ਰਕਾਰ ਕੀਓ ਬਖ੍ਯ੍ਯਾਨ ॥ ਆਪਨ ਖੇਲੁ ਆਪਿ ਕਰਿ ਦੇਖੈ ॥ ਖੇਲੁ ਸੰਕੋਚੈ ਤਉ ਨਾਨਕ ਏਕੈ ॥ ੭ ॥

(ਪਰ) ਜਿਥੇ (ਨਿਰੰਕਾਰ ਨੇ) ਆਪ (ਇਸ) ਅਕਾਰ ਵਾਲੇ ਸੰਸਾਰ ਨੂੰ ਰਚ ਦਿੱਤਾ* (ਤੇ ਇਸਦਾ ਸਾਰਾ) ਪਸਾਰਾ (ਤੰਦਣ ਤਾਣਾਂ) ਤਿੰਨਾਂ ਗੁਣਾਂ ਵਿਚ ਕਰ ਦਿੱਤਾ†, ਓਥੇ ਪਾਪ ਪੁੰਨ (ਭਾਵ ਸ਼ੁਭ ਅਸ਼ੁਭ ਕਰਮਾਂ ਦੀ ਵੀਚਾਰ) ਦੀ ਗਲ ਛਿੜ ਪਈ। (ਹੁਣ) ਕੋਈ (ਭਾਵ ਪੁੰਨੀ ਤਾਂ) ਸੁਰਗ (ਪ੍ਰਾਪਤੀ) ਦੀ, ਕੋਈ (ਭਾਵ ਪਾਪੀ) ਨਰਕ ਦੀ ਉਡੀਕ ਕਰਨ ਲਗ ਪਿਆ। (ਇਸ ਪ੍ਰਕਾਰ) ਮਾਇਆ ਦੇ (ਸਾਰੇ) ਜੰਜਾਲ, ਘਰਾਂ ਦੀਆਂ ਫਸੌਤੀਆਂ, ਹੰਕਾਰ, ਮੋਹ, ਭੈ, ਭਰਮ (ਪਾਪਾਂ ਦਾ ਮਨ ਤੇ) ਭਾਰ; (ਇਨ੍ਹਾਂ ਭੈ ਭਰਮ ਆਦਿਕਾਂ ਦੇ ਫਲ ਵਿਚ) ਦੁਖ, ਸੁਖ, ਆਦਰ, ਅਨਾਦਰ (ਸਭ ਕੁਛ ਟੁਰ ਪਿਆ, ਜਿਸਦਾ) ਵਰਣਨ ਕਈ ਤਰ੍ਹਾਂ ਨਾਲ (ਲਿਖਣ ਬੋਲਣ ਹਾਰਿਆਂ ਨੇ) ਕੀਤਾ‡। (ਪਰ) ਹੇ ਨਾਨਕ! (ਇਹ ਉਸਦਾ) ਅਪਣਾ ਖੇਲ ਹੈ, (ਇਸ ਖੇਲ ਨੂੰ) ਆਪ (ਹੀ) ਕਰਦਾ ਹੈ (ਤੇ ਆਪ ਹੀ) ਵੇਖਦਾ ਹੈ, (ਇਸਤਰ੍ਹਾਂ ਆਪ ਜਦ ਚਾਹੇ ਇਸ) ਖੇਲ ਨੂੰ ਸੰਕੋਚ ਲਵੇ; (ਜਦ ਸੰਕੋਚ ਲੈਂਦਾ ਹੈ) ਤਦ (ਫਿਰ) ਇਕੋ ਦਾ ਇਕ (ਭਾਵ ਉਸੇ ਤਰ੍ਹਾਂ ਇਕੱਲੇ ਦਾ ਇਕੱਲਾ) ਹੁੰਦਾ ਹੈ ॥ ੭ ॥

ਨਿਰਗੁਣ ਸਰਗੁਣ ਦਾ ਵਰਣਨ ਕਰਕੇ ਹੁਣ ਸੰਤ ਤੇ ਨਾਮ ਦਾ ਵਰਣਨ ਕਰਦੇ ਹੋਏ ਨਿਰੰਕਾਰ ਦੀ ਬੇਸ਼ੁਮਾਰਤਾ ਦੱਸਦੇ ਹਨ।

ਜਹ ਅਬਿਗਤੁ ਭਗਤੁ ਤਹ ਆਪਿ ॥ ਜਹ ਪਸਰੈ ਪਾਸਾਰੁ ਸੰਤ ਪਰਤਾਪਿ ॥ ਦੁਹੂ ਪਾਖ ਕਾ ਆਪਹਿ ਧਨੀ ॥ ਉਨਕੀ ਸੋਭਾ ਉਨਹੂ ਬਨੀ ॥ ਆਪਹਿ ਕਉਤਕ ਕਰੈ ਅਨਦ ਚੋਜ ॥

ਜਿਥੇ (ਪਰਮੇਸ਼ੁਰ) ਅਬਿਗਤ✖ (ਰੂਪ ਵਿਚ) ਆਪ ਹੈ, ਤਿਥੇ (ਉਸ ਦਾ) ਭਗਤ (ਓਸੇ ਰੂਪ✲ ਵਿਚ ਹੈ)। ਜਿਥੇ ਪਸਰਦਾ ਹੈ ਪਸਾਰਾ (ਉਥੇ) ਸੰਤਾਂ ਦੇ ਪ੍ਰਤਾਪ ਲਈ (ਹੀ ਹੁੰਦਾ ਹੈ)। ਦੁਹਾਂ ਪੱਖਾਂ❦ ਦਾ ਆਪ ਹੀ ਸੁਆਮੀ ਹੈ, ਉਨ੍ਹਾਂ ਦੀ ਸ਼ੋਭਾ ਉਨ੍ਹਾਂ ਨੂੰ ਹੀ ਬਣਦੀ ਹੈ✗। (ਇਹ) ਲੀਲ੍ਹਾ (ਉਹ) ਆਪ ਹੀ ਕਰਦਾ ਹੈ (ਕਿਉਂ ਕਰਦਾ ਹੈ? ਉੱਤਰ: ਇਹ ਉਸ ਦੇ) ਚੋਜ ਹੰਨ, (ਤੇ ਉਸ ਦੇ) ਅਨੰਦ (ਸੁਰੂਪਤਾ ਦੇ ਲਖਾਯਕ) ਹਨ, (ਪਰ ਲਿਪਾਇਮਾਨਤਾ ਦੇ ਨਹੀਂ, ਕਿਉਂਕਿ ਖੇਲ ਕਰਦਾ ਉਹ

---

*ਯਥਾ:–ਜਾ ਤਿਸੁ ਭਾਣਾ ਤਾ ਜਗਤੁ ਉਪਾਇਆ ॥ [ਮਾਰੂ ਸੋਲ: ਮ: ੧–੧੫

†ਭਾਵ ਤ੍ਰੈ ਗੁਣਾਤਮ ਮਾਯਾ ਰਚ ਦਿਤੀ ਤੇ ਉਸ ਤੋਂ ਸੰਸਾਰ ਬਣਾ ਦਿੱਤਾ।

‡ਮਤਾਂ ਮਤਾਂਤਰਾਂ, ਦਾਰਸ਼ਨਿਕਾਂ, ਵਿਗਯਾਨਕਾਂ ਨੇ ਇਸ ਸੰਸਾਰ ਰਚਨਾਂ ਦਾ ਵਰਣਨ ਕਈ ਤਰ੍ਹਾਂ ਨਾਲ ਕੀਤਾ ਹੈ ਪਰ ਅਸਲੀ ਬਾਤ ਅਗਲੀ ਤੁਕ ਵਿਚ ਦੱਸਦੇ ਹਨ।

✖ਅਬਿਗਤ=ਅਵਯਕ੍ਤ=ਅਸਪਸ਼ਟ, ਜੋ ਪ੍ਰਤੱਖ ਨਾ ਹੋਵੇ। ਨਿਰਾਕਾਰ, ਬ੍ਰਹਮ। (ਅ) ਐਉਂ ਬੀ ਕਰਦੇ ਹਨ–ਜਿਥੇ ਅਬਿਗਤ ਵਾਹਿਗੁਰੂ ਹੈ ਓਥੇ ਭਗਤ, ਜਿਥੇ ਭਗਤ ਹੈ ਓਥੇ ਆਪ ਹੈ।

✲ਯਥਾ:–ਸੰਤ ਅਨੰਤਹਿ ਅੰਤਰੁ ਨਾਹੀ ॥ [ਆਸਾ ਰਵਿ:–੨

❦ਦੁਹਾਂ ਪਖਾਂ=ਅਵਯਕ੍ਤਤਾ ਤੇ ਪਸਾਰੇ ਦਾ, ਆਪੇ ਦਾ ਤੇ ਸੰਤ ਦਾ।

✗ਭਾਵ, ਉਹਨਾਂ ਦੋਹਾਂ ਅਵਯਕਤ ਪਰਮਾਤਮਾ ਤੇ ਸੰਤ ਦੀ ਸ਼ੋਭਾ ਵਾਲਾ ਹੋਰ ਕੋਈ ਨਹੀਂ। ਦੋਹਾਂ ਦੀ ਸ਼ੋਭਾ ਉਹਨਾਂ ਨੂੰ ਸ਼ੋਭਦੀ ਹੈ, ਭਾਵ ਬੜੀ ਉੱਚੀ ਹੈ।

ਆਪਹਿ ਰਸ ਭੋਗਨ ਨਿਰਜੋਗ ॥ ਜਿਸੁ ਭਾਵੈ ਤਿਸੁ ਆਪਨ ਨਾਇ ਲਾਵੈ ॥ ਜਿਸੁ ਭਾਵੈ ਤਿਸੁ ਖੇਲ ਖਿਲਾਵੈ ॥ ਬੇਸੁਮਾਰ ਅਥਾਹ ਅਗਨਤ ਅਤੋਲੈ॥ ਜਿਉ ਬੁਲਾਵਹੁ ਤਿਉ ਨਾਨਕ ਦਾਸ ਬੋਲੈ ॥ ੮ ॥ ੨੧ ॥

ਇਨ੍ਹਾਂ ਦੇ) ਰਸ ਨੂੰ ਆਪ ਭੋਗਦਾ (ਬੀ ਹੈ ਤੇ ਫੇਰ ਇਨ੍ਹਾਂ ਤੋਂ ਨਿਰਜੋਗ=) ਅਸੰਗ (ਬੀ) ਹੈ। ਜਿਸ ਨੂੰ ਭਾਉਂਦਾ ਹੈ ਉਸ ਨੂੰ (ਉਹ) ਆਪਣੇ ਨਾਮ ਵਿਚ ਲਾ ਲੈਂਦਾ ਹੈ। ਜਿਸਨੂੰ ਭਾਉਂਦਾ ਹੈ ਉਸ ਨੂੰ (ਜਗਤ ਦੀ) ਖੇਡ ਖਿਡਾਉਂਦਾ ਹੈ। (ਸਾਡਿਆਂ) ਹਿਸਾਬਾਂ ਤੋਂ ਪਰੇ (ਸਾਡੀ ਟੋਹ ਲਗ ਸਕਣ ਤੋਂ) ਅਥਾਹ, (ਸਾਡੇ ਕਿਆਸਾਂ ਗੇਣਤੀਆਂ ਤੋਂ) ਅਗਣਤ (ਤੇ ਸਾਡੀ ਜਾਚ ਮਿਣਤੀ ਤੋਂ) ਅਤੋਲ ਹੈ। (ਹੇ ਦਾਤੇ)ਜਿਵੇਂ ਤੁਸੀਂ ਬੁਲਾਉਂਦੇ ਹੋ ਤਿਵੇਂ ਨਾਨਕ ਦਾਸ ਬੋਲਦਾ ਹੈ (ਇਹ ਬੀ ਆਪੂੰ ਕੁਛ ਨਹੀਂ ਕਹਿ ਰਿਹਾ) ॥ ੮ ॥ ੨੧ ॥

**ਨਿਰੁਕ੍ਤ—**ਸਰਗੁਨ—[ਸੰਸ:, ਸਗੁਣ:] ਸਹਿਤ ਗੁਣਾਂ ਦੇ। ਮਾਯਾ ਦੇ ਮੇਲ ਨਾਲ ਹੋਣ ਵਾਲੇ ਗੁਣਾਂ ਵਾਲਾ। ਪਰਮਾਤਮਾ ਦਾ ਰੂਪ ਜੋ ਤਮੋ ਰਜੋ ਸਤੋ ਤਿੰਨਾਂ ਗੁਣਾਂ ਸਹਿਤ ਹੈ।

ਨਿਰਗੁਨ-[ਸੰਸ:, ਨਿਰਗੁਣ:=ਪਰਮਾਤਮਾ।] ਜੋ ਸ਼ੁਧ ਦਸ਼ਾ ਵਿਚ ਹੈ ਤੇ ਮਾਇਆ ਦੇ ਸਤ ਰਜ ਤਮ ਰੂਪ ਮਾਯਕ ਗੁਣਾਂ ਤੋਂ ਰਹਿਤ ਹੈ ਤੇ ਮਾਯਾ ਦੇ ਸੰਬੰਧ ਨਾਲ ਹੋਣ ਵਾਲੇ ਗੁਣਾਂ ਤੋਂ ਅਤੀਤ ਹੈ।

ਨਿਰੰਕਾਰ—[ਸੰਸ:, ਨਿਰਾਕਾਰ:=ਸਰਵ੍ ਵ੍ਯਾਪੀ, ਸਰਵ ਸ਼ਕਤੀਮਾਨ ਪਰਮਾਤਮਾ] ਮਾਯਕ ਆਕਾਰ ਤੋਂ ਰਹਿਤ ਪਰਮਾਤਮਾ।

ਸੁੰਨ ਸਮਾਧਿ—[ਦੇਖੋ ਪੰਨਾ ੧੬੬੬] ਅਫੁਰ ਸਮਾਧਿ, ਨਿਰਵਿਕਲਪ ਸਮਾਧਿ।

ਅਬਿਗਤ—[ਸੰਸ:, ਅਵ੍ਯਕ੍ਤ=ਜੋ ਪ੍ਰਤੱਖ ਨਾ ਹੋਵੇ, ਅਗ੍ਯਾਤ=(ਜਿਸ ਦਾ ਗਿਆਨ ਨਾ ਹੋਵੇ)।] ਨਿਰਾਕਾਰ ਤੇ ਨਿਰਗੁਣ ਪਰਮਾਤਮਾ।

ਅਗੋਚਰ—[ਸੰਸ:,] ਜਿਸ ਨੂੰ ਇੰਦ੍ਰੀਆਂ ਨਾਲ ਨਾ ਜਾਣਿਆ ਜਾ ਸਕੇ। ਜੋ ਇੰਦ੍ਰਿਆਂ ਤੋਂ ਅਵਿਸ਼ੇ ਹੋਵੇ।

ਕਲਾ—[ਸੰਸ:.] ਕਲਾ ਦਾ ਅਰਥ ਏਥੇ ਸ਼ਕਤੀ ਨਹੀਂ ਪਰ ਕੋਮਲ ਉਨਰ ਯਾ ਕਲਾ ਕੌਸਲ ਹੈ, ਐਸੀਆਂ ਵਿਦ੍ਯਾ ੬੪ ਗਿਣੀਆਂ ਹਨ, ਭਾਵ ਹੈ ਸਰਬ ਪ੍ਰਕਾਰ ਦੇ ਗੁਣ ਤੇ ਵਿਦ੍ਯਾ ਤੇ ਉਹਨਾਂ ਦੀਆਂ ਪ੍ਰਬੀਨਤਾਈਆਂ ਪ੍ਰਭੂ ਦੇ ਅਵ੍ਯਕਤ ਰੂਪ ਵਿਚ ਅਵ੍ਯਕਤ ਹੀ ਸਨ।

ਅਛਲ—[ਸੰਸ:, ਅ=ਨਹੀਂ+ਛਲ:=ਦਗ਼ਾ, ਫਰੇਬ, ਚਾਲਾਕੀ] ਜਿਸ ਨੂੰ ਮਾਇਆ ਛਲ ਨਾ ਸਕੇ। ਜੋ ਛਲਿਆ ਨਾ ਜਾ ਸਕੇ।

ਅਛੇਦ—[ਸੰਸ:, ਅ=ਨਹੀਂ+ਛੇਦਨੰ=ਕੱਟਣਾ, ਚੀਰਨਾ। ੨. ਟੁਕੜਾ, ਹਿੱਸਾ, ਅੰਸ਼।] ਜੋ ਛੇਦਿਆ ਨਾ ਜਾ ਸਕੇ ਭਾਵ ਜੋ ਕਾਲ ਦੀ ਵੰਡ ਹੇਠ ਨਾ ਆਵੇ।

ਅਭੇਦ—[ਸੰਸ:, ਅਭੇਦ:] ਜੋ ਭੇਦਿਆ ਨਾ ਜਾ ਸਕੇ, ਭਾਵ ਦੇਸ਼ ਦੀ ਵੰਡ ਹੇਠ ਨਾ ਆਵੇ। (ਅ) ਅਭੇਦ='ਜਿਸ ਦਾ ਭੇਦ ਨਾ ਲੱਭੇ' ਬੀ ਅਰਥ ਲਾ ਲੈਂਦੇ ਹਨ।

ਆਦੇਸੁ—[ਸੰਸ:, ਆਦੇਸ਼:=ਹੁਕਮ, ਆਗ੍ਯਾ] ਹੁਕਮ, ਆਗ੍ਯਾ, ਸਿਖ੍ਯਾ। (ਅ) ਆਦੇਸ ਦਾ ਭਾਵ ਨਮਸਕਾਰ ਬੀ ਹੈ। ਭਾਵ, ਸੈ ਮ੍ਰਿ ਦੇ ਸਤਿਕਾਰ ਵਿਚ ਲੀਨ ਹੈ ਸੀ।

ਭਗਵੰਤਾ—[ਸੰਸ:, ਭਗਵਤ੍=] ਸਤਿਕਾਰ ਯੋਗ, ਪੂਜਾ ਯੋਗ ਐਸ਼੍ਵਰਜਵਾਨ ਆਦਿ। [ਸੰਸ:, ਭਗਵਾਨ=] ਦੇਵਤਾ। ੨. ਵਿਸ਼ਨੂੰ, ਸ਼ਿਵ ਆਦਿਕ, ਭਾਵ ਹੈ ਵਾਹਿਗੁਰੂ। ਕਰਤਾ ਪੁਰਖ।

ਪਰਪੰਚੁ ਅਕਾਰ—ਪਰਪੰਚ-[ਸੰਸ:, ਪ੍ਰਪੰਚ:=ਵਿਕਾਸ਼, ਵਿਸਤਾਰ] ਪਰਪੰਚ ਅਕਾਰੁ=ਭਰਮ,

ਦੇਖਾ, ਵਿਸਤਾਰ, ਦੁਨੀਆਂ ਦਾ ਜੰਜਾਲ, ਸੰਸਾਰ।

ਬੰਛਾਵਤ–[ਸੰਸ:, ਧਾ:–ਵਾਂਛ=ਚਾਹੁਣਾ, ਇੱਛਾ ਕਰਨੀ, ਕਾਮਨਾ ਕਰਨੀ] ਚਾਹੁੰਦਾ ਹੈ, ਉਡੀਕ ਕਰਦਾ ਹੈ, ਆਸ ਕਰਦਾ ਹੈ, ਭਾਵ ਹੈ ਆਪਣੇ ਕਰਮਾਂ ਅਨੁਸਾਰ ਨਰਕ ਸੁਰਗ ਦੀ ਉਡੀਕ ਕਰਦਾ ਹੈ।

ਆਲ–[ਸੰਸ:, ਆਲਯ: ਜਾਂ ਆਲਯੰ=ਥਾਂ, ਜਗ੍ਹਾ, ਘਰ ] ਘਰ, ਭਾਵ ਹੈ ਘਰਾਂ ਦੇ ਝਗੜੇ ਆਦਿ। ਘਰਾਂ ਦੇ ਧੰਦੇ।

ਜਾਲ–[ਸੰਸ:, ਜਾਲੰ=ਫੰਧਾ।] ਫਸੌਤੀਆਂ।

ਕਉਤਕ–[ਸੰਸ:, ਕੌਤੁਕੰ=ਦ੍ਰਿਸ਼ ਤਮਾਸ਼ਾ।] ਖੇਲ, ਤਮਾਸ਼ਾ,ਲੀਲਾ।

[ਅਸਟਪਦੀ–ਬਾਈਵੀਂ]

**ਪ੍ਰਾਕ੍ਰਥਨ**–ਨਿਰਗੁਣ ਸਰਗੁਣ ਦੇ ਰੂਪ ਸਮਝਕੇ ਉਪਾਸਨਾ ਦੋ ਨਹੀਂ ਕਰਨੀਆਂ। ਦੋ ਪਖ ਸਮਝਕੇ ਅਕਾਲ ਪੁਰਖ ਨੂੰ ਇਕੋ ਇਕ ਸਮਝੇ ਇਕੋ ਨੂੰ ਫੈਲਾਉ ਵਿਚ ਇਕੋ ਹੀ ਤੱਕੇ। ਉਸੇ ਦੀ ਭਗਤੀ ਕਰੇ, ਉਸੇ ਦਾ ਸਚਾ ਨਾਮ ਜਪੇ। ਵਾਹਿਗੁਰੂ ਜੀ ਦੀ ਸਰਬ ਵਯਾਪਕਤਾ ਸਰਬ ਸ਼ਕਤੀ ਮਾਨਤਾ ਤੇ ਵਯਾਪਕਤਾ ਦਾ ਵਰਣਨ ਟੁਰਿਆ।

ਸਲੋਕੁ॥ਜੀਅਜੰਤ ਕੇ ਠਾਕੁਰਾਆਪੇ ਵਰਤਣਹਾਰ॥ ਨਾਨਕ ਏਕੋ ਪਸਰਿਆ ਦੂਜਾ ਕਹ ਦ੍ਰਿਸਟਾਰ ॥੧॥

ਹੇ ਜੀਵ ਜੰਤਾਂ ਦੇ ਮਾਲਕਾ ! (ਤੂੰ) ਆਪ ਹੀ (ਸਭ ਵਿਖੇ) ਵਰਤਣੇ ਵਾਲਾ ਹੈਂ! ਇਕੋ (ਤੂੰ ਸਾਰੇ) ਪਸਰ ਰਿਹਾ ਹੈਂ, ਦੂਜਾ (ਕੋਈ) ਕਿਥੇ ਨਜ਼ਰੀਂ ਆਉਂਦਾ ਹੈ ? ਹੇ ਨਾਨਕ !

ਅਸਟਪਦੀ॥ ਆਪਿ ਕਥੈ ਆਪਿ ਸੁਨਨੈਹਾਰੁ॥ ਆਪਹਿ ਏਕੁ ਆਪਿ ਬਿਸਥਾਰੁ॥ ਜਾ ਤਿਸੁ ਭਾਵੈ ਤਾ ਸਿ੍ਸਟਿ ਉਪਾਏ॥ ਅਪਨੈ ਭਾਣੈ ਲਏ ਸਮਾਏ॥ ਤੁਮ ਤੇ ਭਿੰਨ ਨਹੀ ਕਿਛੁ ਹੋਇ॥ ਆਪਨ ਸੂਤਿ ਸਭੁ ਜਗਤੁ ਪਰੋਇ ॥ ਜਾ ਕਉ ਪ੍ਰਭ ਜੀਉ ਆਪਿ ਬੁਝਾਏ॥ ਸਚੁ ਨਾਮੁ ਸੋਈ ਜਨੁ ਪਾਏ॥ ਸੋ ਸਮਦਰਸੀ ਤਤ ਕਾ ਬੇਤਾ॥ ਨਾਨਕ ਸਗਲ ਸਿ੍ਸਟਿ ਕਾ ਜੇਤਾ ॥ ੧ ॥

(ਇਕ ਪਾਸੇ) ਆਪ ਕਹਿੰਦਾ ਹੈ (ਤੇ ਦੂਜੇ ਪਾਸੇ) ਆਪ ਹੀ ਸੁਣਨੇ ਵਾਲਾ (ਹੋਕੇ ਸੁਣਦਾ) ਹੈ। ਆਪੇ ਇਕ ਹੈ ਤੇ ਆਪ ਹੀ ਅਨੇਕ ਹੈ। ਜਦ ਉਸਨੂੰ ਭਾਉਂਦਾ ਹੈ, ਤਦ ਸ੍ਰਿਸ਼ਟੀ ਉਪਜਾਉਂਦਾ ਹੈ (ਤੇ ਫੇਰ) ਅਪਣੀ ਮਰਜ਼ੀ ਨਾਲ ਹੀ (ਉਸਨੂੰ) ਸਮਾ ਲੈਂਦਾ ਹੈ। (ਹੇ ਪ੍ਰਭੂ!) ਤੁਹਾਥੋਂ ਬਿਨਾਂ ਕੁਛ ਨਹੀਂ ਹੁੰਦਾ। ਅਪਣੇ ਸੂਤ* ਵਿਖੇ (ਤੁਸਾਂ) ਸਾਰਾ ਜਗਤ ਪਰੋ ਰਖਿਆ ਹੈ, (ਸੋ) ਹੇ ਨਾਨਕ ਜਿਸ ਨੂੰ ਪ੍ਰਭੂ ਜੀ ਆਪ ਸਮਝ ਦੇ ਦੇਂਦੇ ਹਨ ਓਹੋ ਪੁਰਖ ਸਚਾ ਨਾਮ ਪ੍ਰਾਪਤ ਕਰ ਲੈਂਦਾ ਹੈ। ਓਹੋ ਸਾਰੀ ਸ੍ਰਿਸ਼ਟੀ ਨੂੰ ਜਿੱਤਣੇ ਵਾਲਾ ਤੇ ਓਹੋ ਸਭ ਨੂੰ ਇਕ ਨਜ਼ਰ ਨਾਲ ਵੇਖਣ ਵਾਲਾ ਤੱਤ ਵੇਤਾ ਹੋ ਜਾਂਦਾ ਹੈ ॥੧ ॥

ਜੀਅ ਜੰਤ੍ਰ ਸਭ ਤਾਕੈ ਹਾਥ॥ ਦੀਨ ਦਇਆਲ ਅਨਾਥ ਕੋ ਨਾਥੁ ॥ ਜਿਸੁ ਰਾਖੈ ਤਿਸੁ ਕੋਇ ਨ ਮਾਰੈ॥

ਜੀਅ ਜੰਤ ਸਭ ਉਸੇ (ਪ੍ਰਭੂ) ਦੇ ਹੱਥ ਵਿਚ ਹਨ, (ਉਹੋ) ਗ਼ੀਬਾਂ ਪੁਰ ਦਿਆਲੂ ਤੇ ਅਨਾਥਾਂ ਦਾ ਨਾਥ ਹੈ। ਜਿਸ ਨੂੰ (ਉਹ) ਰਖਦਾ ਹੈ ਉਸਨੂੰ ਕੋਈ ਨਹੀਂ ਮਾਰ ਸਕਦਾ। ਉਹ ਮਰ

*ਸੱਤਾ ਰੂਪੀ ਸੂਤ੍ਰ ਵਿਚ, ਭਾਵ ਪ੍ਰਬੰਧ ਵਿਚ।

| | |
|---|---|
| ਸੋ ਮੂਆ ਜਿਸੁ ਮਨਹੁ ਬਿਸਾਰੈ ॥ ਤਿਸੁ ਤਜਿ ਅਵਰ ਕਹਾ ਕੋ ਜਾਇ ॥ ਸਭ ਸਿਰਿ ਏਕੁ ਨਿਰੰਜਨ ਰਾਇ ॥ ਜੀਅ ਕੀ ਜੁਗਤਿ ਜਾਕੈ ਸਭ ਹਾਥਿ ॥ ਅੰਤਰਿ ਬਾਹਰਿ ਜਾਨਹੁ ਸਾਥਿ ॥ ਗੁਨ ਨਿਧਾਨ ਬੇਅੰਤ ਅਪਾਰ ॥ ਨਾਨਕ ਦਾਸ ਸਦਾ ਬਲਿਹਾਰ ॥ ੨ ॥ | ਗਿਆ (ਸਮਝੋ) ਜਿਸਨੂੰ ਉਹ ਮਨੋਂ ਵਿਸਾਰਦਾ ਹੈ । ਉਸ (ਪ੍ਰਭੂ) ਨੂੰ ਛੱਡਕੇ ਹੋਰ ਕਿਹੜੀ ਥਾਂ ਹੈ ਜਿਥੇ ਕੋਈ ਜਾਵੇ ? (ਕਿਉਂਕਿ ਹੋਰ ਕੋਈ ਆਸਰਾ ਹੈ ਹੀ ਨਹੀਂ) ਸਭਨਾਂ ਦੇ ਸਿਰ ਤੇ (ਓਹੋ) ਇਕੋ (ਰਖਯਾ ਕਰਨੇ ਹਾਰ ਆਸਰਾ ਰੂਪ) ਨਿਰੰਜਨ ਰਾਜਾ ਹੈ। ਜੀਆਂ (ਦੇ ਉਤਪਤ, ਪਾਲਣ, ਸੰਘਾਰ ਤੇ ਉਧਾਰ) ਦੀ ਜੁਗਤ ਸਾਰੀ ਜਿਸਦੇ ਹੱਥ ਵਿਚ ਹੈ (ਉਸ ਨੂੰ) ਅੰਦਰ, ਬਾਹਰ ਤੇ (ਅਪਣੇ) ਨਾਲ ਸਿਆਣ ਲਓ। (ਉਹ) ਗੁਣਾਂ ਦਾ ਸਮੁੰਦਰ ਹੈ, ਬੇਅੰਤ ਹੈ, ਪਾਰ ਤੋਂ ਰਹਿਤ ਹੈ (ਸ੍ਰੀ ਗੁਰੂ) ਨਾਨਕ (ਦੇਵ ਜੀ ਉਸਦੇ) ਦਾਸ (ਹਨ ਤੇ) ਸਦੀਵ (ਉਸ ਤੋਂ) ਬਲਿਹਾਰ ਜਾਂਦੇ ਹਨ ॥ ੨ ॥ |

ਉਹ ਪ੍ਰਭੂ ਦਇਆ ਸਰੂਪ ਹੈ। ਪ੍ਰਤਿਪਾਲਾ ਤੇ ਭਗਤੀ ਸਾਰੇ ਦਾਨ ਦੇਣਹਾਰ ਉਹੀ ਹੈ:–

| | |
|---|---|
| ਪੂਰਨ ਪੂਰਿ ਰਹੇ ਦਇਆਲ ॥ ਸਭ ਊਪਰਿ ਹੋਵਤ ਕਿਰਪਾਲ ॥ ਅਪਨੇ ਕਰਤਬ ਜਾਨੈ ਆਪਿ ॥ ਅੰਤਰਜਾਮੀ ਰਹਿਓ ਬਿਆਪਿ ॥ ਪ੍ਰਤਿਪਾਲੈ ਜੀਅਨ ਬਹੁ ਭਾਤਿ ॥ ਜੋ ਜੋ ਰਚਿਓ ਸੁ ਤਿਸਹਿ ਧਿਆਤਿ ॥ ਜਿਸੁ ਭਾਵੈ ਤਿਸੁ ਲਏ ਮਿਲਾਇ ॥ ਭਗਤਿ ਕਰਹਿ ਹਰਿ ਕੇ ਗੁਣ ਗਾਇ ॥ ਮਨ ਅੰਤਰਿ ਬਿਸ੍ਵਾਸੁ ਕਰਿ ਮਾਨਿਆ ॥ ਕਰਨਹਾਰੁ ਨਾਨਕ ਇਕੁ ਜਾਨਿਆ ॥ ੩ ॥ | ਦਿਆਲ ਤੇ ਪੂਰਨ (ਪਰਮੇਸ਼ੁਰ ਜੀ ਸਾਰੇ) ਭਰਪੂਰ ਹੋ ਰਹੇ ਹਨ (ਅਤੇ) ਸਭ ਉਤੇ (ਓਹੋ) ਕ੍ਰਿਪਾ ਕਰਦੇ ਹਨ। (ਕੀਕੂੰ ? ਉੱਤਰ: ਉਹ ਪ੍ਰਭੂ) ਆਪਣੇ ਕਰਤਬਾਂ ਨੂੰ ਆਪ (ਹੀ) ਜਾਣਦਾ ਹੈ (ਉਹ) ਅੰਤਰਜਾਮੀ ਹੈ ਤੇ ਸਾਰੇ) ਵਿਆਪ ਰਿਹਾ ਹੈ। (ਉਹ ਜੀਵਾਂ ਨੂੰ ਅਨੇਕ ਤਰ੍ਹਾਂ ਨਾਲ ਪਾਲਦਾ ਹੈ। (ਦੂਜੇ ਪਾਸੇ) ਜੋ (ਉਸਨੇ) ਰਚਿਆ ਹੈ ਉਹ ਉਸੇ ਦਾ ਧਯਾਨ ਕਰਦਾ ਹੈ। (ਉਹ ਪਰਮੇਸ਼ੁਰ) ਜਿਸਨੂੰ ਚਾਹੇ ਉਸਨੂੰ (ਅਪਣੇ ਨਾਲ) ਮਿਲਾ ਲੈਂਦਾ ਹੈ । (ਉਹ) ਹਰੀ ਦੇ ਗੁਣ ਗਾਉਂ ਗਾਉਂਕੇ (ਉਸਦੀ) ਭਗਤੀ ਕਰਦਾ ਹੈ । ਹੇ ਨਾਨਕ । (ਐਸੇ ਭਗਤ ਨੇ ਅਪਣੇ) ਮਨ ਦੇ ਅੰਦਰ ਨਿਸ਼ਚੇ ਕਰਕੇ (ਰੱਬ ਜੀ ਨੂੰ) ਮੰਨ ਲਿਆ ਤੇ ਇਕੋ ਉਸ ਨੂੰ ਕਰਨੇ ਵਾਲਾ ਜਾਣਿਆ ਹੈ ॥ ੩ ॥ |

ਜਿਸ ਨੂੰ ਸਮਝ ਆ ਗਈ ਉਹ ਸੇਵਾ ਨੂੰ ਹੁਕਮ ਸਮਝ ਕੇ ਲਗ ਪੈਂਦਾ ਹੈ। ਉਹ ਗੁਰੂ ਸੇਵਾ ਕਰਕੇ ਨਿਰੰਕਾਰ ਨੂੰ ਅੰਦਰ ਵਸਾ ਲੈਂਦਾ ਹੈ।

| | |
|---|---|
| ਜਨੁ ਲਾਗਾ ਹਰਿ ਏਕੈ ਨਾਇ ॥ ਤਿਸਕੀ ਆਸ ਨ ਬਿਰਥੀ ਜਾਇ ॥ ਸੇਵਕ ਕਉ ਸੇਵਾ ਬਨਿ ਆਈ ॥ ਹੁਕਮੁ ਬੂਝਿ ਪਰਮਪਦੁ ਪਾਈ ॥ ਇਸਤੇ ਊਪਰਿ ਨਹੀ ਬੀਚਾਰੁ ॥ ਜਾਕੈ ਮਨਿ ਬਸਿਆ ਨਿਰੰਕਾਰੁ ॥ ਬੰਧਨ ਤੋਰਿ ਭਏ ਨਿਰਵੈਰ ॥ ਅਨਦਿਨੁ ਪੂਜਹਿ ਗੁਰ ਕੇ ਪੈਰ ॥ ਇਹ ਲੋਕ ਸੁਖੀਏ ਪਰਲੋਕ | (ਜੋ) ਜਨ ਹਰੀ ਦੇ ਇਕੋ ਨਾਮ ਨੂੰ ਲਗ ਪਿਆ ਹੈ, ਉਸਦੀ ਆਸਾ ਬਿਰਥੀ ਨਹੀਂ ਜਾਂਦੀ। ਸੇਵਕ ਨੂੰ ਸੇਵਾ ਹੀ ਕਰਨੀ ਬਣਦੀ ਹੈ, (ਤੇ) ਹੁਕਮ ਨੂੰ ਸਮਝਣੇ ਤੇ ਹੀ ਪਰਮ ਪਦ ਦੀ ਪ੍ਰਾਪਤੀ ਹੁੰਦੀ ਹੈ। ਇਸਤੋਂ ਵਧੀਕ (ਉੱਚਾ ਹੋਰ) ਵਿਚਾਰ (ਸੇਵਕ ਲਈ ਕੋਈ) ਨਹੀਂ ਹੈ (ਕਿ) ਜਿਨ੍ਹਾਂ ਦੇ ਮਨ ਵਿਚ ਨਿਰੰਕਾਰ ਵਸ ਗਿਆ ਹੈ (ਓਹ ਮਾਯਾ ਦੇ) ਬੰਧਨ ਤੋੜਕੇ ਵੈਰ ਤੋਂ ਰਹਿਤ ਹੋ ਜਾਂਦੇ ਹਨ। (ਓਹ) ਨਿੱਤ ਗੁਰੂ ਦੇ ਚਰਨ ਪੂਜਦੇ ਹਨ। ਹੇ ਨਾਨਕ ! ਏਹ (ਐਸੇ ਨਾਮ ਪਿਆਰੇ ਲੋਕ) ਇਸ ਲੋਕ ਵਿਚ ਸੁਖੀ ਹੁੰਦੇ (ਤੇ) ਪਰਲੋਕ ਵਿਚ (ਬੀ) ਸੁਖੀ ਹੁੰਦੇ ਹਨ। ਹਰੀ ਪ੍ਰਭੂ ਨੇ (ਉਨ੍ਹਾਂ ਨੂੰ) ਆਪੇ (ਹੀ ਅਪਣੇ ਨਾਲ) |

ਸੁਹੇਲੇ ॥ ਨਾਨਕ ਹਰਿ ਪ੍ਰਭਿ ਆਪਹਿ ਮੇਲੇ ॥ ੪ ॥

ਮੇਲ ਲਿਆ ਹੈ ॥ ੪ ॥

ਅੰਕ ੫ ਤੇ ੬ ਵਿਚ ਹੁਣ ਬੜੇ ਜ਼ੋਰ ਤੇ ਪਜਾਰ ਨਾਲ ਸੰਤਾਂ ਨੂੰ ਮਿਲਕੇ ਕੀਰਤਨ ਕਰੋ ਤੇ ਨਾਮ ਜਪੋ ਤੇ ਹਜ਼ੂਰੀ ਵਿਚ ਰਹੋ ਦਾ ਉਪਦੇਸ਼ ਹੈ।

ਸਾਧ ਸੰਗਿ ਮਿਲਿ ਕਰਹੁ ਅਨੰਦ ॥ ਗੁਨ ਗਾਵਹੁ ਪ੍ਰਭ ਪਰਮਾਨੰਦ ॥ ਰਾਮ ਨਾਮ ਤਤੁ ਕਰਹੁ ਬੀਚਾਰੁ ॥ ਦ੍ਰੁਲਭ ਦੇਹ ਕਾ ਕਰਹੁ ਉਧਾਰੁ ॥ ਅੰਮ੍ਰਿਤ ਬਚਨ ਹਰਿ ਕੇ ਗੁਨ ਗਾਉ ॥ ਪ੍ਰਾਨ ਤਰਨ ਕਾ ਇਹੈ ਸੁਆਉ ॥ ਆਠ ਪਹਰ ਪ੍ਰਭ ਪੇਖਹੁ ਨੇਰਾ ॥ ਮਿਟੈ ਅਗਿਆਨੁ ਬਿਨਸੈ ਅੰਧੇਰਾ ॥ ਸੁਨਿ ਉਪਦੇਸੁ ਹਿਰਦੈ ਬਸਾਵਹੁ ॥ ਮਨ ਇਛੇ ਨਾਨਕ ਫਲ ਪਾਵਹੁ ॥ ੫ ॥

(ਸੋ ਤੁਸੀਂ ਬੀ) ਸਾਧਾਂ ਦੇ ਸੰਗ ਵਿਚ ਮਿਲੋ (ਤੇ ਮਿਲਕੇ ਆਤਮਕ) ਆਨੰਦ ਲਵੋ। (ਹਾਂ, ਸਤਿਸੰਗ ਵਿਚ ਜਾਕੇ) ਪਰਮ ਆਨੰਦ (ਸਰੂਪ) ਪ੍ਰਭੂ ਦੇ ਗੁਣ ਗਾਵੋ (ਅਤੇ) ਰਾਮ ਨਾਮ ਦੇ ਤੱਤ (=ਸਾਰ) ਨੂੰ ਵੀਚਾਰੋ*। (ਐਉਂ ਇਸ) ਦੁਰਲਭ ਦੇਹੀ ਦਾ ਉਧਾਰ ਕਰ ਲਵੋ। (ਸਾਧ ਸੰਗ ਵਿਚ) ਅਮਰ ਕਰਨ ਵਾਲੇ (ਹਰਿ ਜਸ ਦੇ) ਬਚਨ (ਸੁਣੋ ਅਰ) ਹਰੀ ਦੇ ਗੁਣ ਗਾਵੋ†। ਜੀਵ ਦੇ ਉਧਾਰ ਦਾ ਇਹੋ ਸਾਧਨ ਹੈ। ਅੱਠੇ ਪਹਿਰ ਪਰਮੇਸ਼ੁਰ ਨੂੰ ਨੇੜੇ (ਕਰਕੇ) ਦੇਖੋ (ਭਾਵ ਉਸਦੀ ਹਜ਼ੂਰੀ ਵਿਚ ਵਸੋ), (ਇਤੁਰ) ਅਗਜਾਨ ਮਿਟ ਜਾਇਗਾ (ਤੇ ਸਭ ਪ੍ਰਕਾਰ ਦਾ) ਅੰਧੇਰਾ ਦੂਰ ਹੋ ਜਾਏਗਾ। (ਇਹ) ਉਪਦੇਸ਼ (ਜੋ ਅਸੀਂ ਕੀਤਾ ਹੈ) ਸੁਣਕੇ ਹਿਰਦੇ ਵਿਚ ਵਸਾਓ, ਤਦ ਮਨ ਇਛੇ ਫਲ ਪਾਵੋਗੇ (ਕਹਿੰਦੇ ਹਨ ਗੁਰੂ) ਨਾਨਕ ! ॥ ੫ ॥

ਹਲਤੁ ਪਲਤੁ ਦੁਇ ਲੇਹੁ ਸਵਾਰਿ॥ ਰਾਮ ਨਾਮੁ ਅੰਤਰਿ ਉਰਿਧਾਰਿ ॥ ਪੂਰੇ ਗੁਰ ਕੀ ਪੂਰੀ ਦੀਖਿਆ ॥ ਜਿਸੁ ਮਨਿ ਬਸੈ ਤਿਸੁ ਸਾਚੁ ਪਰੀਖਿਆ ॥ ਮਨਿ ਤਨਿ ਨਾਮੁ ਜਪਹੁ ਲਿਵਲਾਇ ॥ ਦੂਖੁ ਦਰਦੁ ਮਨ ਤੇ ਭਉ ਜਾਇ॥ ਸਚੁ ਵਾਪਾਰੁ ਕਰਹੁ ਵਾਪਾਰੀ ॥ ਦਰਗਹ ਨਿਬਹੈ ਖੇਪ ਤੁਮਾਰੀ ॥ ਏਕਾ ਟੇਕ ਰਖਹੁ ਮਨ ਮਾਹਿ॥ ਨਾਨਕ ਬਹੁਰਿ ਨ ਆਵਹਿ ਜਾਹਿ ॥ ੬ ॥

ਰਾਮ ਦੇ ਨਾਮ ਨੂੰ ਹਿਰਦੇ ਦੇ ਅੰਦਰ ਧਾਰਕੇ (ਆਪਣਾ) ਲੋਕ ਪ੍ਰਲੋਕ ਦੋਵੇਂ ਸੁਆਰ ਲਵੋ। ਪੂਰੇ ਗੁਰੂ ਦੀ ਦੀਖਜਾ ਸੰਪੂਰਨ (ਵਸਤੂ ਹੈ), ਜਿਸ ਦੇ ਮਨ ਵਿਚ (ਇਹ) ਵਸ ਜਾਏ ਉਹ ਸੱਚ ਨੂੰ‡ ਪਰਖ ਲੈਂਦਾ ਹੈ। (ਤਾਂ ਤੇ) ਮਨ ਤੇ ਤਨ ਕਰਕੇ ਲਿਵ ਲਾਕੇ❦ ਨਾਮ ਜਪੋ (ਤਾਂ ਜੋ) ਦੁਖ, ਪੀੜ ਤੇ ਮਨ ਤੋਂ ਭਉ (ਸਭ ਕੁਛ) ਦੂਰ ਹੋ ਜਾਵੇ। ਹੇ ਵਪਾਰੀਓ ! (ਇਹ) ਸੱਚੀ ਸੁਦਾਗਰੀ ਕਰੋ (ਤਦ) ਤੁਹਾਡੀ ਖੇਪ ਦਰਗਾਹੇ ਪੁੱਜ ਪਵੇਗੀ✻, ਇਕੋ (ਨਾਮ ਦੀ) ਟੇਕ ਮਨ ਵਿਚ ਰਖੋ (ਤਾਂ) ਫੇਰ ਮੁੜਕੇ ਨਾਂ ਆਉਣਾ ਹੋਵੇਗਾ ਨਾ ਜਾਣਾ, (ਭਾਵ ਜਨਮ ਮਰਨ ਮਿਟ ਜਾਵੇਗਾ। ਇਹ ਹੈ ਗੁਰ) ਨਾਨਕ(ਦੇਵ ਜੀ ਦਾ ਉਪਦੇਸ਼)॥੬।

*ਰਾਮ ਨਾਮ ਦਾ ਤਤ ਹੈ, 'ਰਾਮ' ਨੂੰ ਤਤ੍ਵ ਸਰੂਪ ਲਖ ਲੈਣਾ।

†ਅਥਵਾ ਸਾਧਾਂ ਦੇ ਅਮਰ ਕਰਨ ਵਾਲੇ (ਉਸਤਤ ਵਾਚਕ) ਬਚਨਾ ਦੁਆਰਾ ਪਰਮੇਸ਼ੁਰ ਦਾ ਕੀਰਤਨ ਕਰੋ।

‡ਸਤਿ ਸਰਪ ਵਾਹਿਗੁਰੂ ਨੂੰ।

❦ਇਕ ਰਸੀ ਲਗਨ ਲਗਾ ਕੇ। ਬਿਤੀ ਦਾ ਪ੍ਰਵਾਹ ਬੰਨ੍ਹਕੇ। (ਅ) ਪ੍ਰੀਤ ਲਾਕੇ।

✻ਭਾਵ ਸਚ (ਨਾਮ) ਦੀ ਕੀਤੀ ਹੋਈ ਕਮਾਈ ਦਰਗਾਹ ਵਿਚ ਨਾਲ ਜਾਵੇਗੀ ਤੇ ਓਥੇ ਕੰਮ ਆਵੇਗੀ ਹੋਰ ਕੋਈ ਖੇਪ ਨਾਲ ਨਹੀਂ ਜਾਂਦੀ।

ਅਗਲੇ ਦੋ ਅੰਕਾਂ ਵਿਚ ਓਹ ਫਲ ਗਿਣੇ ਹਨ ਜੋ ਭਗਤੀ ਕਰਨ ਵਾਲੇ ਨੂੰ ਪ੍ਰਾਪਤ ਹੁੰਦੇ ਹਨ, ਅਖੀਰ ਅਮਰ ਪਦਵੀ ਮਿਲਦੀ ਹੈ। ਗੁਰੂ ਦੀ ਮਹਿਮਾ।

ਤਿਸਤੇ ਦੂਰਿ ਕਹਾ ਕੋ ਜਾਇ ॥ ਉਬਰੈ ਰਾਖਨਹਾਰੁ ਧਿਆਇ ॥ ਨਿਰਭਉ ਜਪੈ ਸਗਲ ਭਉ ਮਿਟੈ ॥ ਪ੍ਰਭ ਕਿਰਪਾ ਤੇ ਪ੍ਰਾਣੀ ਛੁਟੈ ॥ ਜਿਸੁ ਪ੍ਰਭੁ ਰਾਖੈ ਤਿਸੁ ਨਾਹੀ ਦੂਖ ॥ ਨਾਮੁ ਜਪਤ ਮਨਿ ਹੋਵਤ ਸੂਖ॥ ਚਿੰਤਾ ਜਾਇ ਮਿਟੈ ਅਹੰਕਾਰੁ ॥ ਤਿਸੁ ਜਨ ਕਉ ਕੋਇ ਨ ਪਹੁਚਨਹਾਰੁ ॥ ਸਿਰ ਊਪਰਿ ਠਾਢਾ ਗੁਰੁ ਸੂਰਾ ॥ ਨਾਨਕ ਤਾਕੈ ਕਾਰਜ ਪੂਰਾ ॥ ੭ ॥

ਉਸ (ਪ੍ਰਭੂ) ਤੋਂ (ਭੱਜਕੇ) ਦੂਰ ਕੋਈ ਕਿੱਥੇ ਜਾਵੇਗਾ? (ਸਗੋਂ ਉਸ) ਰੱਖਣਹਾਰ ਨੂੰ ਧਿਆਕੇ ਹੀ (ਜੀਵ) ਮੁਕਤੀ ਪ੍ਰਾਪਤ ਕਰੇਗਾ। (ਫੇਰ ਜਿਸ ਕੋਲ ਜਾਏਗਾ ਉਹ ਭਉ ਰੇਠ ਹੈ) ਨਿਰਭਉ ਤਾਂ (ਇਕੋ) ਪ੍ਰਭੂ (ਹੈ, ਉਸ ਪ੍ਰਭੂ ਨੂੰ) ਜਪੇ ਤਾਂ ਸਾਰਾ ਭਉ ਮਿਟ ਜਾਵੇਗਾ। (ਉਸ, ਪ੍ਰਭੂ ਦੀ (ਹੀ) ਕ੍ਰਿਪਾ ਤੇ ਪ੍ਰਾਣੀ ਛੁਟਕਾਰਾ ਪਾਉਂਦਾ ਹੈ। ਜਿਸ ਨੂੰ ਪ੍ਰਭੂ ਰੱਖੇ ਉਸ ਨੂੰ ਦੁਖ ਨਹੀਂ ਹੁੰਦਾ। ਨਾਮ ਜਪਦਿਆਂ ਮਨ ਸੁਖੀ ਹੁੰਦਾ ਹੈ, ਚਿੰਤਾ ਦੂਰ ਹੁੰਦੀ ਹੈ, ਹੰਕਾਰ ਮਿਟ ਜਾਂਦਾ ਹੈ ਅਤੇ ਉਸ ਪੁਰਖ ਤਕ ਕੋਈ ਨਹੀਂ ਪਹੁੰਚ ਸਕਦਾ*। ਹੇ ਨਾਨਕ! (ਜਿਸ ਦੇ) ਸਿਰ ਉਪਰ ਸੂਰਮਾ ਗੁਰੂ ਖੜਾ ਹੈ† ਉਸ ਦੇ ਸਾਰੇ ਕੰਮ ਪੂਰੇ (ਹੋ ਜਾਂਦੇ) ਹਨ ॥ ੭ ॥

ਮਤਿਪੂਰੀ ਅੰਮ੍ਰਿਤੁ ਜਾਕੀ ਦ੍ਰਿਸਟਿ ॥ ਦਰਸਨੁ ਪੇਖਤ ਉਧਰਤ ਸ੍ਰਿਸਟਿ ॥ ਚਰਨ ਕਮਲ ਜਾਕੇ ਅਨੂਪ ॥ ਸਫਲ ਦਰਸਨੁ ਸੁੰਦਰ ਹਰਿ ਰੂਪ ॥ ਧੰਨੁ ਸੇਵਾ ਸੇਵਕੁ ਪਰਵਾਨੁ ॥ ਅੰਤਰਜਾਮੀ ਪੁਰਖੁ ਪ੍ਰਧਾਨੁ ॥ ਜਿਸੁ ਮਨਿ ਬਸੈ ਸੁ ਹੋਤ ਨਿਹਾਲੁ ॥ ਤਾਕੈ ਨਿਕਟਿ ਨ ਆਵਤ ਕਾਲੁ॥ ਅਮਰ ਭਏ ਅਮਰਾ ਪਦੁ ਪਾਇਆ॥ਸਾਧ ਸੰਗਿ ਨਾਨਕ ਹਰਿ ਧਿਆਇਆ ॥ ੮ ॥ ੨੨ ॥

ਜਿਸ (ਸੂਰੇ ਗੁਰੂ) ਦੀ ਬੁੱਧੀ ਪੂਰਨ ਹੈ ਤੇ ਜਿਸ ਦੀ ਦ੍ਰਿਸ਼ਟੀ ਅੰਮ੍ਰਿਤ‡ ਹੈ, (ਜਿਸ ਦਾ) ਦਰਸ਼ਨ ਕਰਕੇ ਸ੍ਰਿਸ਼ਟੀ ਉਧਰਦੀ ਹੈ (ਤੇ) ਕਮਲਾਂ ਵਰਗੇ ਚਰਨ ਜਿਸ ਦੇ ਉਪਮਾਂ ਤੋਂ ਰਹਿਤ ਹਨ (ਭਾਵ ਬੜੇ ਸੁੰਦਰ ਹਨ)। ਦਰਸ਼ਨ ਕਾਮਨਾ ਪੂਰਨ ਕਰਨੇਹਾਰ ਹੈ✽ (ਤੇ) ਸੁਹਣਾ (ਐਸਾ) ਹੈ ਕਿ ਹਰੀ ਦਾ ਰੂਪ ਹੀ ਹੈ। ਧੰਨ (ਉਸ ਦੀ) ਸੇਵਾ ਹੈ (ਤੇ ਉਸ ਦੀ ਸੇਵਾ ਕਰਨੇ ਵਾਲਾ) ਸੇਵਕ ਬੀ ਪਰਵਾਨ ਹੈ। (ਉਹ) ਅੰਤਰਜਾਮੀ ਹੈ, ਸ੍ਰੇਸ਼ਟ ਪੁਰਖ ਹੈ, ਜਿਸ ਦੇ ਮਨ ਵਿਚ (ਉਹ) ਵਸਦਾ ਹੈ ਉਹ ਨਿਹਾਲ ਹੋ ਜਾਂਦਾ ਹੈ। (ਫੇਰ) ਉਸ ਦੇ ਨੇੜੇ ਮੌਤ ਨਹੀਂ ਆਉਂਦੀ। (ਅਰਥਾਤ ਓਹ) ਅਮਰ ਪਦਵੀ ਨੂੰ ਪਾਕੇ ਅਮਰ ਹੋ ਜਾਂਦੇ ਹਨ (ਜਿਨ੍ਹਾਂ ਨੇ ਕਿ ਐਸੇ) ਸਾਧੂ ਦੇ ਸੰਗ ਵਿਚ ਹਰੀ ਨੂੰ ਧਿਆਇਆ ਹੈ, ਹੇ ਨਾਨਕ✠!॥੮॥੨੨॥

*ਭਾਵ ਉਸ ਦੀ ਬਰਾਬਰੀ ਨਹੀਂ ਕਰ ਸਕਦਾ, ਉਸ ਨੂੰ ਦੁੱਖ ਨਹੀਂ ਦੇ ਸਕਦਾ।

†ਭਾਵ ਜਿਸ ਦਾ ਰਖਵਾਲਾ ਗੁਰੂ ਹੈ।

‡ਮੋਇਆਂ ਨੂੰ ਜੀਵਾਲਦੀ ਹੈ।

✽ਸਫਲ = ਐਸਾ ਦਰਸ਼ਨ ਕਿ ਜੋ ਅਪਣਾ ਸੁਖਦਾਈ ਅਸਰ ਕਰਨੋਂ ਖਾਲੀ ਨਾ ਜਾਵੇ।

✠ਇਸ ਪਉੜੀ ਦਾ ਇਸ਼ਾਰਾ ਪਿਛਲੀ ਪਉੜੀ ਦੇ ਅੰਤ ਵਿਚ ਕਹੇ ਸੂਰੇ ਗੁਰੂ ਵਲ ਜਾਂਦਾ ਹੈ, ਆਪ ਗੁਰੂ ਰਾਮਦਾਸ ਜੀ ਦੀ ਮਹਿਮਾ ਕਥਨ ਕਰ ਰਹੇ ਹਨ। ਪਰ ਅਕਾਲ ਪੁਰਖ ਵਲ ਬੀ ਇਸ ਦਾ ਭਾਵ ਲਾ ਲੈਂਦੇ ਹਨ।

**ਨਿਰੁਕ੍ਤ**—ਵਰਤਣਹਾਰ-ਵਰਤਣ+ਹਾਰ [ਸੰਸ:, ਵਰ੍ਤਿਨ੍=ਵਰਤਮਾਨ, ਮੌਜੂਦ, ਕ੍ਾਇਮ,ਸਿਥਤ ਰਹਣ ਵਾਲਾ। ੨. ਚੱਲਣ ਫਿਰਨ ਵਾਲਾ। (ਧਾ:, ਵ੍ਰਿਤ=ਵਰਤਣਾ, ਹੋਣਾ)] ਵਰਤਣੇ ਵਾਲਾ। ਕ੍ਾਯਮ ਬਿਲਜ਼ਾਤ।

(ਅ) 'ਕੌਤਕ ਕਰਨੇਹਾਰ' ਤੇ ਵਿਆਪਕ ਅਰਥ ਬੀ 'ਵਰਤਣਹਾਰ' ਦੇ ਹੋਨ।

ਨਿਰੰਜਨ ਰਾਇ—ਨਿਰੰਜਨ ਰਾਜਾ। ਰਾਇ=ਰਾਜਾ। ਨਿਰੰਜਨ=ਜਿਸ ਵਿਚ ਮਾਇਆ ਨਹੀਂ। (ਦੇਖੋ ਪੰਨਾ ੮੧, ੧੯੬)।

ਅਨਦਿਨੁ—ਅਨ+ਦਿਨ। ਅਨ-[ਸੰਸ:, ਅਨ੍ਯ:=ਅਲੱਗ, ਦੂਸਰਾ। ਨਵਾਂ। ਅਤ੍ਰਿਕਤ (ਇਲਾਵਾ)] ਇਕ ਦਿਨ ਦੇ ਬਾਦ ਦੂਸਰਾ ਦਿਨ, ਨਵਾਂ ਦਿਨ। ਹਰ ਰੋਜ਼, ਹਰ ਦਿਨ, ਭਾਵ ਨਿੱਤ। ਦਿਨੇ ਰਾਤ ਬੀ ਅਰਥ ਕਰ ਲੈਂਦੇ ਹਨ।

ਪ੍ਰਾਨ—[ਸੰਸ:, ਪ੍ਰਾਣ:=ਸ੍ਵਾਸ, ਪ੍ਰਾਣ ਵਾਯੂ। ਇਤਿਆਦਿਕ।] ਸੰਸਕ੍ਰਿਤ ਪਦ ਪ੍ਰਾਣ: ਦੇ ਕਈ ਅਰਥਾਂ ਵਿਚੋਂ 'ਜਿੰਦ, ਜੀਵ, ਆਤਮਾ' ਅਰਥ ਬੀ ਹਨ। ਭਾਵ ਹੈ ਜੀਵ ਦੇ ਤਰਨ ਦਾ ਇਹੋ ਸਾਧਨ ਹੈ।

ਸੁਆਉ—[ਦੇਖੋ ਪੰਨਾ੧੬੮੦ (ਸੁਆਇ)।] ੨. ਸੰਪ੍ਰਦਾ ਵਿਚ ਸੁਆਉ ਦਾ ਅਰਥ ਹੇਤੂ, ਨਮਿਤ, ਸਾਧਨ ਬੀ ਕਰਦੇ ਹਨ। ਤੁਕ ਦਾ ਅਰਥ 'ਪ੍ਰਾਣਾਂ ਦੇ ਧਾਰਨ ਕਰਨੇ ਦਾ ਪ੍ਰਯੋਜਨ ਇਹੋ ਹੈ' ਬੀ ਅਰਥ ਕਰਦੇ ਹਨ।

ਦੀਖਿਆ—[ਦੇਖੋ ਪੰਨਾ ੧੬੩੯ (ਗੁਰ ਦੀਖਿਆ)।] ਅਪਣੇ ਧਰਮ ਦਾ ਮੰਤ ਉਪਦੇਸ਼ ਯਾ ਰਬ ਦਾ ਨਾਮ ਜੋ ਧਰਮ ਬਿਵਸਥਾ ਅਨੁਸਾਰ ਪ੍ਰਾਪਤ ਕਰੀਦਾ ਹੈ।

ਖੇਪ—[ਦੇਖੋ ਪੰਨਾ ੬੯੪ ਅਤੇ ੧੬੪੩] ਖੇਪ ਨਿਬਹਣੀ ਯਾ ਨਿਭਣੀ=ਕਿਸੇ ਕਾਰਜ ਦਾ ਤੋੜ ਤੱਕ ਪੁਜ ਪੈਣਾ।

ਠਾਢਾ—[ਹਿੰ:, ਠਾਢ਼ਾ=ਖੜਾ।] ਖੜਾ, ਖੜਾ ਹੈ। ਭਾਵ ਹੈ ਸਿਰ ਤੇ ਗੁਰੂ ਦਾ ਆਸਰਾ ਹੈ।

[ਅਸ਼ਟਪਦੀ-ਤੇਈਵੀਂ]

**ਪ੍ਰਾਕ੍ਥਨ**—ਇਸ ਅਸਟਪਦੀ ਵਿਚ ਸਫਲ ਗ੍ਯਾਨ ਨਿਰੂਪਣ ਕਰਦੇ ਹਨ ਤੇ ਉਸ ਗ੍ਯਾਨਵਾਨ ਦੀ ਦ੍ਰਿਸ਼ਟੀ ਵਰਣਨ ਕਰਦੇ ਹਨ:-

ਸਲੋਕੁ ॥ ਗਿਆਨ ਅੰਜਨੁ ਗੁਰਿ ਦੀਆ ਅਗਿਆਨਅੰਧੇਰ ਬਿਨਾਸੁ ॥ ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ ॥ ੧ ॥

(ਸਾਡੇ) ਮਨ ਵਿਚ ਪ੍ਰਕਾਸ਼ ਹੋ ਗਿਆ ਹੈ (ਇਸ ਤਰ੍ਹਾਂ ਕਿ ਪਹਿਲੋਂ) ਵਾਹਿਗੁਰੂ ਦੀ ਕ੍ਰਿਪਾ (ਹੋਈ, ਕ੍ਰਿਪਾ ਨਾਲ) ਗੁਰੂ* ਦਾ ਮਿਲਾਪ ਪ੍ਰਾਪਤ ਹੋਇਆ, ਗੁਰੂ ਨੇ (ਸਾਨੂੰ) ਗ੍ਯਾਨ ਰੂਪੀ ਸੁਰਮਾ ਬਖਸ਼ਿਆ (ਇਹ ਮਨ ਰੂਪੀ ਅੱਖਾਂ ਵਿਚ ਪਾਇਆ ਤਾਂ) ਅਗ੍ਯਾਨ ਰੂਪੀ ਹਨੇਰੇ ਦਾ ਨਾਸ਼ ਹੋ ਗਿਆ ॥ ੧ ॥

ਹੁਣ ਪਹਿਲੇ ਅੰਕ ਵਿਚ ਫੁਰਮਾਉਂਦੇ ਹਨ ਕਿ ਸੰਤ ਦੀ ਕ੍ਰਿਪਾ ਨਾਲ ਅੰਤਰਮੁਖ ਕੀਹ ਕੀਹ ਪ੍ਰਾਪਤ ਹੁੰਦਾ ਹੈ? ਅਨਹਤ ਨਾਦ, ਵਿਸਮਾਦ, ਸੁੰਨ ਸਮਾਧਿ ਤੇ ਸੋਝੀ ਗ੍ਯਾਨ ਪ੍ਰਾਪਤ ਹੁੰਦਾ ਹੈ:-

ਅਸਟਪਦੀ ॥ ਸੰਤ ਸੰਗਿ ਅੰਤਰਿ ਪ੍ਰਭੁ ਡੀਠਾ ॥ ਨਾਮੁ ਪ੍ਰਭੂ ਕਾ ਲਾਗਾ ਮੀਠਾ ॥ ਸਗਲ ਸਮਿਗ੍ਰੀ

ਗੁਰੂ* ਦੇ ਸਤਿਸੰਗ ਨਾਲ (ਪਹਿਲੇਂ) ਪ੍ਰਭੂ ਦਾ ਨਾਮ ਮਿੱਠਾ ਲੱਗਾ; ਫੇਰ ਉਹ) ਪ੍ਰਭੂ (ਅਪਣੇ) ਅੰਦਰ (ਹੀ) ਦਿੱਸ ਪਿਆ। (ਫਿਰ ਕੀਹ ਡਿੱਠਾ ਕਿ ਇਹ ਜੋ ਬਾਹਰ) ਸਾਰੀ

*ਏਥੇ 'ਸੰਤ' ਦਾ ਭਾਵ ਸ਼ਲੋਕ ਵਿਚ ਕਹੇ 'ਗੁਰੂ' ਤੋਂ ਹੈ।

ਏਕਸੁ ਘਟ ਮਾਹਿ ॥ ਅਨਿਕ ਰੰਗ ਨਾਨਾ ਦ੍ਰਿਸਟਾਹਿ ॥ ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥ ਦੇਹੀ ਮਹਿ ਇਸਕਾ ਬਿਸ੍ਰਾਮੁ ॥ ਸੁੰਨ ਸਮਾਧਿ ਅਨਹਤ ਤਹ ਨਾਦ ॥ ਕਹਨੁ ਨ ਜਾਈ ਅਚਰਜ ਬਿਸਮਾਦ ॥ ਤਿਨਿ ਦੇਖਿਆ ਜਿਸੁ ਆਪਿ ਦਿਖਾਏ ॥ ਨਾਨਕ ਤਿਸੁ ਜਨ ਸੋਝੀ ਪਾਏ ॥ ੧ ॥

ਸਮਗ੍ਰੀ ਦਿੱਸ ਰਹੀ ਹੈ ਜੋ ਅਨੇਕਾਂ ਰੰਗ (ਰੂਪਾਂ) ਵਾਲੀ ਹੈ ਤੇ ਨਾਨਤ੍ਵ ਵਾਲੀ ਹੈ, (ਇਹ ਸਾਰੀ ਉਸ) ਇਕੋ (ਪ੍ਰਭੂ) ਦੇ ਹਿਰਦੇ* ਵਿਚ ਹੈ। (ਫਿਰ ਕੀ ਡਿੱਠਾ ਕਿ) ਪ੍ਰਭੂ ਦਾ ਨਾਮ (ਜੋ ਗੁਰੂ ਨੇ ਦਿੱਤਾ ਸੀ ਤੇ ਜੋ) ਅਤੀ ਅਮੋਲਕ ਤੇ ਅਤਿ ਮਿੱਠਾ (ਲੱਗਾ ਸੀ) ਇਸ ਦਾ ਟਿਕਾਣਾ ਤਾਂ ਦੇਹ ਦੇ ਵਿਚ ਹੀ ਹੈ†। (ਉਸ ਥਾਵੇਂ ਕੀ ਡਿੱਠਾ ਕਿ) ਅਨਹਤ ਨਾਦ ਤੇ ਸੁੰਨ ਸਮਾਧੀ (ਦਾ ਟਿਕਾਣਾ ਬੀ) ਇਹੋ ਹੈ‡ (ਜਿਸਦਾ) ਵਰਣਨ ਨਹੀਂ ਕੀਤਾ ਜਾ ਸਕਦਾ (ਕਿਉਂਕਿ ਉਹ) ਅਸਚਰਜ ਹੈ (ਤੇ ਦੇਖਣ ਵਾਲੇ ਨੂੰ) ਵਿਸਮਾਦ (ਰੂਪ ਕਰ ਦੇਂਦਾ) ਹੈ। (ਪਰ) ਹੇ ਨਾਨਕ! (ਇਹ ਵਿਸਮਾਦੀ ਝਲਕਾ ਕੇਵਲ) ਉਸਨੂੰ ਹੀ ਦਿੱਸਦਾ ਹੈ, ਜਿਸ ਨੂੰ (ਪ੍ਰਭੂ) ਆਪ ਦਿਖਾਉਂਦਾ ਹੈ, (ਤੇ ਇਸ ਦੀ ਠੀਕ ਠੀਕ ਸਮਝ) ਸੋਝੀ ਬੀ ਉਸ (ਦੇਖਣ ਹਾਰ) ਜਨ ਨੂੰ ਹੀ ਪਾ ਦੇਂਦਾ ਹੈ ॥ ੧ ॥

ਫੇਰ ਬਾਹਰ ਦੀ ਦ੍ਰਿਸ਼ਟੀ ਉਸ ਦੀ ਕੀ ਬਣਦੀ ਹੈ, ਉਹ ਅਗਲੇ ਅੰਕ ਵਿਚ ਖੋਹਲਦੇ ਹਨ। ਅੰਤ ਵਿਚ ਇਸ ਨੂੰ ਨਿਰਾ ਛਿਨ ਭੰਗਰ ਦੀ ਦ੍ਰਿਸ਼ਟੀ ਹੀ ਨਹੀਂ, ਪਰ ਦ੍ਰਿੜ ਵਿਸ਼ਵਾਸ਼, ਨਿਸਚੇ ਬਾਤ, ਫੁਰਮਾਉਂਦੇ ਹਨ:-

ਸੋ ਅੰਤਰਿ ਸੋ ਬਾਹਰਿ ਅਨੰਤ ॥ ਘਟਿ ਘਟਿ ਬਿਆਪਿ ਰਹਿਆ ਭਗਵੰਤ ॥ ਧਰਨਿ ਮਾਹਿ ਆਕਾਸ ਪਇਆਲ ॥ ਸਰਬ ਲੋਕ ਪੂਰਨ ਪ੍ਰਤਿਪਾਲ॥ ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ ॥ ਜੈਸੀ ਆਗਿਆ ਤੈਸਾ ਕਰਮੁ ॥ ਪਉਣ ਪਾਣੀ ਬੈਸੰਤਰ ਮਾਹਿ ॥ ਚਾਰਿ ਕੁੰਟ ਦਹ-ਦਿਸੇ ਸਮਾਹਿ ॥ ਤਿਸ ਤੇ ਭਿੰਨ

(ਇਸ ਪਿਛੋ ਕਹੀ ਸੋਝੀ ਵਾਲਾ ਕੀ ਦੇਖਦਾ ਹੈ ਕਿ) ਉਹੋ ਅਨੰਤ (ਮੇਰੇ) ਅੰਦਰ ਹੈ ਉਹੋ ਬਾਹਰ ਹੈ, ਘਟ ਘਟ ਵਿਚ (ਭਾਵ ਹੋਰਨਾਂ ਸਭਨਾਂ ਵਿਚ ਬੀ ਉਹੋ) ਭਗਵੰਤ ਬਿਆਪ ਰਿਹਾ ਹੈ। ਧਰਤੀ, ਅਕਾਸ਼, ਪਤਾਲ, (ਅਰ) ਸਾਰੇ ਲੋਕ ਵਿਖੇ (ਬੀ ਉਹ) ਪ੍ਰਤਿਪਾਲਾ ਕਰਨੇ ਵਾਲਾ (ਈਸ਼੍ਵਰ) ਪੂਰਨ ਹੋ ਰਿਹਾ ਹੈ। (ਉਹ) ਪਾਰਬ੍ਰਹਮ (ਹੈ ਫਿਰ) ਪਰਬਤਾਂ ਜੰਗਲਾਂ ਤੇ ਘਾਹ ਦੇ ਤੀਲਿਆਂ ਵਿਚ ਵੀ (ਮੌਜੂਦ) ਹੈ। ਜੈਸੀ (ਉਸ ਪ੍ਰਭੂ ਦੀ) ਆਗਯਾ ਹੈ ਤੈਸਾ ਕਰਮ (ਸਾਰੇ ਜਗਤ ਪ੍ਰਬੰਧ ਵਿਚ ਹੋ ਰਿਹਾ ਹੈ)। (ਗਲ ਕੀਹ) ਹਵਾ, ਪਾਣੀ ਤੇ ਅਗਨਿ ਵਿਚ, ਚੌਹਾਂ ਕੂੰਟਾਂ ਤੇ ਦਸੋ ਦਿਸ਼ਾਂ ਵਿਚ (ਉਹੀ) ਸਮਾ ਰਿਹਾ

*ਭਾਵ ਵਾਹਿਗੁਰੂ ਦੇ ਸੰਕਲਪ ਵਿਚ।

†ਭਾਵ ਐਉਂ ਬੀ ਖੋਹਲਦੇ ਹਨ:-ਜਦ ਉਸ ਦਾ ਪ੍ਰਵੇਸ਼ ਦੇਹੀ ਵਿਚ ਹੋ ਜਾਂਦਾ ਹੈ ਤਦ (ਜੀਵ ਵਿਸ੍ਰਾਮ=) ਇਸਥਿਤੀ ਪਾਉਂਦਾ ਹੈ। ਉਥੇ ਅਨਹਤ ਨਾਦ ਹੈ ਤੇ (ਫੇਰ) ਸੁੰਨ (ਅਫੁਰ) ਸਮਾਧੀ (ਲਗਦੀ ਹੈ)।

‡ਨਾਮ ਦਾ ਬਿਸ੍ਰਾਮ ਦੇਹੀ ਵਿਖੇ ਦੱਸਿਆ ਹੈ, ਥਾਂ ਉਹ ਦੱਸਿਆ ਹੈ ਕਿ ਜਿਥੇ ਅਨਹਦ ਨਾਦ ਹਵੇ ਤੇ ਸੁੰਨ ਸਮਾਧਿ ਲਗੇ, ਓਹ ਥਾਉਂ ਗੁਰੂ ਜੀ ਨੇ 'ਦਸਮ ਦੁਆਰ' ਦੱਸਿਆ ਹੈ, ਯਥਾ:-"'ਇਕਨਾ ਦਸਵਾ ਦੁਆਰੁ ਦਿਖਾਇਆ ॥ ਤਹ ਅਨੇਕ ਰੂਪ ਨਾਉ ਨਵ ਨਿਧਿ"' ॥ [ਰਾਮਕਲੀ ਅਨੰਦ-੩੮। (ਅ) ਸੁੰਨ ਸਮਾਧਿ ਦਾ ਅਰਥ ਨਿਰਵਿਕਲਪ ਸਮਾਧੀ ਹੈ ਤੇ ਅਨਹਤ ਨਾਦ ਦਾ ਅਰਥ ਨਾਸ਼ ਰਹਤ ਬ੍ਰਹਮ ਬੀ ਕਰਦੇ ਹਨ।

ਨਹੀ ਕੋ ਠਾਉ ॥ ਗੁਰਪ੍ਰਸਾਦਿ ਨਾਨਕ ਸੁਖੁ ਪਾਉ ॥ ੨ ॥

ਹੈ। ਉਸ ਤੋਂ ਅੱਡ ਕੋਈ ਥਾਂ ਨਹੀਂ । ਹੇ ਨਾਨਕ ! (ਇਹ ਦ੍ਰਿਸ਼ਟੀ) ਗੁਰਾਂ ਦੀ ਕ੍ਰਿਪਾ ਨਾਲ (ਪ੍ਰਾਪਤ ਹੁੰਦੀ ਹੈ ਅਤੇ ਇਸ ਗਯਾਨ ਦ੍ਰਿਸ਼ਟੀ ਦਾ) ਸੁਖ ਪ੍ਰਾਪਤ ਹੁੰਦਾ ਹੈ॥ ੨ ॥

ਬੇਦ ਪੁਰਾਨ ਸਿੰਮ੍ਰਿਤਿ ਮਹਿ ਦੇਖੁ॥ ਸਸੀਅਰ ਸੂਰ ਨਖ੍ਯ੍ਯਤ੍ਰ ਮਹਿ ਏਕੁ ॥ ਬਾਣੀ ਪ੍ਰਭ ਕੀ ਸਭੁ ਕੋ ਬੋਲੈ॥ ਆਪਿ ਅਡੋਲੁ ਨ ਕਬਹੂ ਡੋਲੈ॥ ਸਰਬ ਕਲਾ ਕਰਿ ਖੇਲੈ ਖੇਲ ॥ ਮੋਲਿ ਨ ਪਾਈਐ ਗੁਣਹ ਅਮੋਲ॥ ਸਰਬ ਜੋਤਿ ਮਹਿ ਜਾਕੀ ਜੋਤਿ ॥ ਧਾਰਿ ਰਹਿਓ ਸੁਆਮੀ ਓਤਿ ਪੋਤਿ ॥ ਗੁਰ ਪਰਸਾਦਿ ਭਰਮ ਕਾ ਨਾਸੁ ॥ ਨਾਨਕ ਤਿਨ ਮਹਿ ਏਹੁ ਬਿਸਾਸੁ ॥ ੩ ॥

(ਗਯਾਨਮਈ ਪੁਸਤਕਾਂ) ਵੇਦਾਂ ਪੁਰਾਣਾਂ ਤੇ ਸਿੰਮ੍ਰਤੀਆਂ ਵਿਚ ਦੇਖ, (ਕੁਦਰਤੀ ਜਲਵਿਆਂ, ਜੈਸਾ ਕਿ) ਚੰਦ ਸੂਰਜ ਅਰ ਤਾਰਿਆਂ ਵਿਚ (ਤੱਕ, ਸਾਰੇ ਉਹੋ) ਇਕੋ (ਪੂਰਨ) ਹੈ। ਸਭ ਕੋਈ ਪ੍ਰਭੂ ਦੀ ਬਾਣੀ ਹੀ ਬੋਲਦਾ ਪਿਆ ਹੈ*, (ਪਰ ਅਨੁਭਵ ਕਰਕੇ ਦੇਖ ਕਿ ਉਹ ਪਰਮੇਸ਼ੁਰ ਫਿਰ) ਆਪ ਅਡੋਲ ਹੈ, ਕਦੇ ਡੋਲਦਾ ਨਹੀਂ (ਚਾਹੇ ਆਪ ਹੀ) ਸਾਰੀਆਂ ਕਲਾਂ† ਕਰ ਕਰਕੇ ਖੇਡਾਂ ਪਿਆ ਖੇਡਦਾ ਹੈ। (ਜਦੋਂ ਖੇਲ ਖੇਲਦਾ ਹੈ ਤਾਂ) ਗੁਣਾਂ ਕਰਕੇ (ਬੀ) ਅਮੋਲਕ ਹੁੰਦਾ ਹੈ (ਐਤਨਾ ਕਿ ਉਸਦੇ ਗੁਣਾਂ ਦਾ) ਮੁੱਲ ਪਾਇਆ ਹੀ ਨਹੀਂ ਜਾ ਸਕਦਾ। ਸਭ ਪ੍ਰਕਾਸ਼ਾਂ ਵਿਚ ਉਸੇ ਦਾ ਹੀ ਪ੍ਰਕਾਸ਼ ਹੈ। (ਹਾਂ ਉਹ) ਮਾਲਕ (ਹੈ ਤੇ ਸਾਰੇ ਨੂੰ) ਤਾਣੇ ਪੇਟੇ (ਵਾਙੂ ਵਿਚ) ਹੋਕੇ ਧਾਰ ਰਿਹਾ ਹੈ। (ਪਰੰਤੂ) ਹੇ ਨਾਨਕ ! ਇਹ ਨਿਸਚਾ ਉਨ੍ਹਾਂ ਵਿਚ (ਦ੍ਰਿੜ ਹੁੰਦਾ ਹੈ) ਗੁਰੂ ਦੀ ਕ੍ਰਿਪਾ ਨਾਲ (ਜਿਨ੍ਹਾਂ ਦੇ ਅੰਦਰੋਂ) ਭਰਮ ਦਾ ਨਾਸ਼ ਹੋ ਜਾਂਦਾ ਹੈ, (ਜਿਨ੍ਹਾਂ ਨੂੰ 'ਗਯਾਨ ਅੰਜਨ ਮਿਲਿਆ' ਉਪਰਲੇ ਸ਼ਲੋਕ ਵਿਚ ਦੱਸ ਆਏ ਹਨ)॥ ੩ ॥

ਇਹ ਨਿਸ਼ਚਾ ਤੇ ਗਯਾਨਵਾਨ ਦੀ 'ਰਹਿਣੀ ਰਹਿਤ' ਹੁਣ ਅਗਲੀ ਪਉੜੀ ਵਿਚ ਹੋਰ ਦੱਸਦੇ ਹਨ:--

ਸੰਤ ਜਨਾ ਕਾ ਪੇਖਨੁ ਸਭੁ ਬ੍ਰਹਮ॥ ਸੰਤ ਜਨਾ ਕੈ ਹਿਰਦੈ ਸਭਿ ਧਰਮ॥ ਸੰਤ ਜਨਾ ਸੁਨਹਿ ਸੁਭ ਬਚਨ ॥ ਸਰਬ ਬਿਆਪੀ ਰਾਮ ਸੰਗਿ ਰਚਨ ॥ ਜਿਨਿ ਜਾਤਾ ਤਿਸਕੀ ਇਹ ਰਹਤ ॥ ਸਤਿ ਬਚਨ ਸਾਧੂ ਸਭਿ ਕਹਤ ॥

(ਜਿਨ੍ਹਾਂ ਨੂੰ ਗਯਾਨ ਅੰਜਨ ਨਾਲ ਪ੍ਰਗਾਸ ਹੋਇਆ ਹੈ ਓਹ ਸੰਤ ਹਨ, ਉਨ੍ਹਾਂ ਦੀ ਰਹਤ ਇਹ ਹੈ: ੪. ਓਹ) ਸਾਰੇ ਵਯਾਪਕ ਪਰਮੇਸ਼ੁਰ ਨਾਲ (ਹਰ ਵੇਲੇ) ਰੁੱਝੇ ਰਹਿੰਦੇ ਹਨ (ਇਸ ਕਰਕੇ) ੧. ਸੰਤ ਜਨਾਂ ਦਾ ਜੋ ਦੇਖਣਾ (ਹੈ ਸੋ) ਸਭ ਬ੍ਰਹਮ (ਦਾ ਦੇਖਣਾ) ਹੈ। ੩. ਸੰਤ ਜਨ (ਜੋ ਸੁਣਦੇ ਹਨ ਉਸ ਸਭ ਵਿਚ ਸਾਈਂ ਦੇ) ਸ਼ੁਭ ਬਚਨ ਸੁਣਦੇ ਹਨ। ੨. ਸੰਤ ਜਨਾਂ ਦੇ ਹਿਰਦੇ ਵਿਚ ਸੰਪੂਰਨ ਧਰਮ (ਹੀ) ਹੁੰਦਾ ਹੈ। ੬. (ਇਸ ਕਰਕੇ) ਸਾਧੂ (ਜੋ) ਬਚਨ (ਕਹਿੰਦੇ ਹਨ) ਸਾਰੇ ਸੱਚੇ ਬਚਨ ਕਹਿੰਦੇ ਹਨ। ੫. (ਗਲ ਕੀ) ਜਿਸ ਨੇ (ਪਰਮੇਸ਼ੁਰ ਨੂੰ) ਜਾਣ ਲਿਆ ਹੈ ਉਸਦੀ (ਉਪਰ ਕਹੀ) ਰਹਿਣੀ ਹੈ

*ਵੇਦਾਦਿ ਧਰਮ ਗ੍ਰੰਥ ਪਰਮਾਤਮਾ ਦਾ ਨਿਰੂਪਣ ਕਰਦੇ ਤੇ ਯਸ਼ ਵਰਣਨ ਕਰਦੇ ਹਨ, ਚੰਦ ਸੂਰਜ ਕੁਦਰਤੀ ਨਜ਼ਾਰੇ ਆਪਣੇ ਜਲਵਿਆਂ ਤੇ ਅਪਣੇ ਵਿਚ ਸਬੂਧ ਰਚਣਹਾਰ ਤੋਂ ਰਚੇ ਹੋਏ ਹੋਣ ਦਾ ਪਤਾ ਦੇਕੇ ਪ੍ਰਭੂ ਦੀ ਮਾਨੋ ਬੋਲੀ ਬੋਲ ਰਹੇ ਹਨ।

†ਕਲਾ ੬੪ ਗਿਣੀਆਂ ਹਨ। ਸਾਈਂ ਵਿਚ ਅਨਗਿਣਤ ਕਲਾ ਹੋਣ ਕਰਕੇ ਗੁਰੂ ਜੀ 'ਸਰਬ ਕਲਾ' ਕਹਿੰਦੇ ਹਨ। ਭਾਵ ਹੈ ਸਾਰੀਆਂ ਪ੍ਰਬੀਨਤਾਈਆਂ, ਵਿਦਯਾ, ਕਲਾ ਕੌਸਲ। ਕਲਾ ਦਾ ਅਰਥ ਸ਼ਕਤੀ ਬੀ ਹੈ।

ਜੋਜੋ ਹੋਇ ਸੋਈ ਸੁਖੁ ਮਾਨੈ॥ਕਰਨ ਕਰਾਵਨਹਾਰੁ ਪ੍ਰਭੁ ਜਾਨੈ ॥ ਅੰਤਰਿ ਬਸੇ ਬਾਹਰਿ ਭੀ ਓਹੀ ॥ ਨਾਨਕ ਦਰਸਨੁ ਦੇਖਿ ਸਭ ਮੋਹੀ ॥ ੪ ॥

ਜਾਂਦੀ ਹੈ* । ੭. (ਫੇਰ) ਜੋ ਜੋ ਕੁਛ (ਉਨਾਂ ਨਾਲ) ਹੁੰਦਾ ਹੈ ਉਸੇ ਨੂੰ (ਓਹ) ਸੁਖ (ਕਰਕੇ) ਮੰਨਦੇ ਹਨ। ੮. (ਕਿਉਂਕਿ) ਪਰਮੇਸ਼ੁਰ ਨੂੰ ਹੀ (ਓਹ ਮੂਲ ਵਿਚ) ਕਰਨ ਕਰਾਉਣ ਵਾਲਾ ਜਾਣਦੇ ਹਨ, (ਤੇ ਸਮਝਦ ਹਨ ਕਿ ਸਾਡੇ) ਅੰਦਰ ਬੀ ਤੇ ਬਾਹਰ ਬੀ ਉਹ ਹੀ ਵੱਸ ਰਿਹਾ ਹੈ। ਇਹ ਦਰਸ਼ਨ(ਜਿਨ੍ਹਾਂ ਨੇ) ਡਿੱਠਾ ਹੈ (ਓਹ) ਸਭ (ਜਗਜਾਸੂ ਰੂਪ ਚੇਰੀਆਂ ਦਰਸ਼ਨ ਵਿਚ ਹੀ) ਮੋਹੀਆਂ ਰਹਿੰਦੀਆਂ ਹਨ, ਹੇ ਨਾਨਕ ! ॥ ੪ ॥

**ਉਹ ਸਤਜ ਸਰੂਪ ਹੈ, ਉਸ ਦਾ ਕੀਤਾ ਸਤਜ ਹੈ, ਪਰ ਉਸ ਦੀਆਂ ਸ਼ਕਤੀਆਂ ਅਲਖ ਹਨ, ਪਰ ਜਿਸ ਨੂੰ ਚਾਹੇ ਸੋਝੀ ਪਾ ਦੇਂਦਾ ਹੈ।**

ਆਪਿ ਸਤਿ ਕੀਆ ਸਭੁ ਸਤਿ ॥ ਤਿਸੁ ਪ੍ਰਭ ਤੇ ਸਗਲੀ ਉਤਪਤਿ ॥ ਤਿਸੁ ਭਾਵ ਤਾ ਕਰੇ ਬਿਸਥਾਰੁ ॥ ਤਿਸੁ ਭਾਵੈ ਤਾ ਏਕੰਕਾਰੁ ॥ ਅਨਿਕ ਕਲਾ ਲਖੀ ਨਹ ਜਾਇ ॥ ਜਿਸੁ ਭਾਵੈ ਤਿਸੁ ਲਏ ਮਿਲਾਇ ॥ ਕਵਨ ਨਿਕਟਿ ਕਵਨ ਕਹੀਐ ਦੂਰਿ ॥ ਆਪੇ ਆਪਿ ਆਪ ਭਰਪੂਰਿ ॥ ਅੰਤਰਗਤਿ ਜਿਸੁ ਆਪਿ ਜਨਾਇ ॥ ਨਾਨਕ ਤਿਸੁ ਜਨ ਆਪਿ ਬੁਝਾਇ ॥ ੫ ॥

ਪ੍ਰਭੂ ਆਪ ਸਤਿ ਹੈ, (ਉਸਨੇ ਜੋ) ਰਚਿਆ (ਸੋ) ਸਭ ਸਤਿ ਹੈ, (ਹਾਂ) ਉਸ (ਸਤਿ ਸਰੂਪ) ਪ੍ਰਭੂ ਤੋਂ (ਹੀ) ਸਾਰੀ ਉਤਪਤੀ ਹੋਈ ਹੈ, (ਭਾਵ ਇਹ ਜਗਤ ਜੋ 'ਹੈ' ਕਰਕੇ ਦਿਸਦਾ ਹੈ, ਵਾਹਿਗੁਰੂ ਰੂਪੀ 'ਹੋਂਦ' ਤੋਂ ਬਣਿਆਂ ਹੈ, ਅਣਹੋਂਦ ਤੋਂ ਨਹੀਂ)† । ਉਸਨੂੰ ਭਾਵੇ ਤਾਂ ਪਸਾਰਾ ਖਲੇਰ ਦਿੰਦਾ ਹੈ, ਉਸਨੂੰ ਭਾਵੇ ਤਾਂ 'ਇਕ ਸਰੂਪ' (ਹੋ ਜਾਂਦਾ ਹੈ। ਇਹ ਕੀਕੂੰ ਹੁੰਦਾ ਹੈ ? ਉੱਤਰ: ਉਸ ਦੀਆਂ) ਅਨੇਕ (ਪ੍ਰਕਾਰ ਦੀਆਂ) ਸ਼ਕਤੀਆਂ ਹਨ ਜੋ ਲਖੀਆਂ ਨਹੀਂ ਜਾ ਸਕਦੀਆਂ । (ਇਸ ਪਸਾਰੇ ਵਿਚੋਂ) ਜਿਸ ਨੂੰ (ਉਹ) ਚਾਹ ਉਸ ਨੂੰ (ਅਪਣੇ ਨਾਲ) ਮਿਲਾ ਲੈਂਦਾ ਹੈ। (ਇਸ ਕਰਕੇ) ਕਿਸਨੂੰ ਉਸ ਦੇ ਨੇੜੇ ਤੇ ਕਿਸ ਨੂੰ ਦੂਰ ਕਹੀਏ (ਜਦ ਕਿ ਉਹ) ਆਪ ਹੀ ਆਪ ਆਪੇ (ਸਾਰੇ) ਭਰਪੂਰ ਹੋ ਰਿਹਾ ਹੈ। (ਪਰ ਇਹ ਸਾਰੇ ਵਜਾਪਕ ਹੋਣ ਦੀ) ਸੋਝੀ ਉਸ ਪੁਰਖ ਨੂੰ ਦੇਂਦਾ ਹੈ ਜਿਸਨੂੰ 'ਆਪ ਉਸਦੇ ਅੰਦਰੇ ਹੋਣ ਦੀ' ਲਖਤਾ† ਆਪੇ ਕਰਾ ਦੇਂਦਾ ਹੈ, (ਕਹਿੰਦੇ ਹਨ ਗੁਰੂ) ਨਾਨਕ (ਦੇਵ ਜੀ) ॥ ੫ ॥

---

*ਬ੍ਰਹਮ ਦੇਖਣ ਦੇ ਕਥਨੀ ਦੇ ਗਜਾਨੀ ਅਕਸਰ ਸਦਾਚਾਰ ਨੂੰ ਛੱਡ ਦੇਂਦੇ ਹਨ। ਗੁਰੂ ਜੀ ਦਾ ਇਹ ਮਤ ਨਹੀ , ਇਸ ਕਰਕੇ ਦੱਸਦੇ ਹਨ ਕਿ ਚਾਹੇ ਉਨ੍ਹਾਂ ਦਾ ਸੁਣਨਾ ਦੇਖਣਾ ਸਮਝਣਾ ਸਭ ਬ੍ਰਹਮ ਹੀ ਅਨੁਭਵ ਕਰਣਾ ਹੈ, ਪਰ ਸਾਰੇ ਧਰਮ ਉਨ੍ਹਾਂ ਦੇ ਅੰਦਰ ਵੱਸਦੇ ਹਨ, ਓਹ ਬ੍ਰਹਮ ਦ੍ਰਿਸ਼ਟੀ ਪਾਕੇ ਮਹਾਨ ਉਚੇ ਸ੍ਰੇਸ਼ਟਾਚਾਰੀ ਨੇਕ ਤੇ ਇਖ਼ਲਾਕ ਵਾਲੇ ਸੁਤੇ ਹੀ ਹੁੰਦੇ ਹਨ ਤੇ ਓਹ ਸਤਿਵਾਦੀ ਹੁੰਦੇ ਹਨ; ਭਾਵ ਇਹ ਕਿ ਗਜਾਨਵਾਨ ਦੀ ਰਹਿਣੀ 'ਧਰਮ ਤੇ ਸੱਚ' ਵਾਲੀ ਹੋਂਦੀ ਹੈ। ਰਹਿਣੀ ਰਹਿਕੇ ਉਹਨਾਂ ਦੇ ਅਮਲ ਦਾ ਕਮਾਲ ਦੱਸਦੇ ਹਨ ਕਿ ਜੋ ਆ ਬਣੇ, ਉਸ ਨੂੰ ਸੁਖ ਕਰਕੇ ਮੰਨਦੇ ਹਨ। ਜੈਸੇ ਗੁਰੂ ਅਰਜਨ ਦੇਵ ਜੀ ਨੇ ਸਾਰੇ ਕਸ਼ਟ ਸੁਖ ਕਰਕੇ ਜਾਤੇ 'ਸੁਖ ਸੰਪਟ ਵਿਚ ਰੈਣ ਵਿਹਾਣੀ। ਗੁਰੂ ਅਰਜਨ ਵਿਟਹੁੰ ਕਰਬਾਣੀ।' [ਭਾਈ ਗੁਰਦਾਸ] । ਉਸੇ ਪ੍ਰਭੂ ਨੂੰ ਉਹ ਕਰਨਹਾਰ ਜਾਣਦੇ ਹਨ ਤੇ ਅੰਦਰ ਬਾਹਰ ਓਸ ਨੂੰ ਤੱਕਦੇ ਉਸੇ ਵਿਚ ਮੋਹਿਤ ਹੋਏ ਰਹਿੰਦੇ ਹਨ। ਇਸ ਤੁਕ ਦੇ ਹੋਰ ਅਰਥ ਬੀ ਲਾਉਂਦੇ ਹਨ:- (ਅ) ਸੰਤ ਜਨਾਂ ਦੇ ਅੰਦਰ ਬਾਹਰ ਸਾਰੇ ਧਰਮ (ਮਤ ਮਤਾਂਤਰ) ਹੁੰਦੇ ਹਨ, (ਕਿਉਂਕਿ ਉਹਨਾਂ ਦੇ ਅੰਦਰ ਭਗਤੀ ਹੈ ਤੇ ਭਗਤੀ ਸਾਰੇ ਧਰਮਾਂ ਦਾ ਸਾਰ ਹੈ)। (ੲ) ਸੰਤਾਂ ਦੇ ਅੰਦਰ ਸਾਰਾ ਈਮਾਨ ਵਸਦਾ ਹੈ। (ਸ) ਸੰਤਾਂ ਦੇ ਖਿਆਲ ਵਿਚ ਸਭ ਨੇਕੀ ਹੈ।

†ਸਾਈਂ ਆਪ ਸਭ ਦੇ ਅੰਦਰ ਸਾਖੀ ਰੂਪ ਆਪਾ ਲੈਕੇ ਬਿਰਾਜਮਾਨ ਹੈ, ਇਹ ਉਸ ਦੀ ਅੰਦਰ ਹੀ ਪ੍ਰਾਪਤੀ ਪ੍ਰਾਪਤ ਹੈ,ਇਸ ਗਲ ਦੀ ਲੱਖਤਾ ਜਦ ਆ ਜਾਵੇ ਤਦ ਸੋਝੀ ਪੈ ਜਾਂਦੀ ਹੈ ਕਿ ਅੰਦਰ ਬਾਹਰ ਸਾਰੇ ਭਰਪੂਰ ਉਹੀ ਹੈ। ਅੰਤਰ ਗਤਿ ਦੇ ਅਰਥ ਹਨ:-ਅੰਦਰ ਗਿਆ ਹੋਇਆ, ਅੰਤਰ ਭੂਤ, ਅੰਦਰ ਮੌਜੂਦ।

ਹੁਣ ਉਸ ਲੇਖਤਾ ਦਾ ਹੋਰ ਵੇਰਵਾ ਦੱਸਦੇ ਹਨ । ਜੀਕੂੰ ਅੰਕ ੫ ਵਿਚ ਗਯਾਨ ਦੇਣਾ ਉਸ ਦੇ ਵੱਸ ਦੱਸਿਆ ਹੈ ਤਿਵੇਂ ਅੰਕ ੬ ਵਿਚ ਦੱਸਦੇ ਹਨ ਕਿ ਆਪਣੇ ਵਿਚ ਸਮਾ ਲੈਣਾ ਬੀ ਉਸੇ ਦੇ ਵੱਸ ਹੈ ।

ਸਰਬ ਭੂਤ ਆਪਿ ਵਰਤਾਰਾ ॥ ਸਰਬ ਨੈਨ ਆਪਿ ਪੇਖਨਹਾਰਾ ॥ ਸਗਲ ਸਮਿਗ੍ਰੀ ਜਾਕਾ ਤਨਾ ॥ ਆਪਨ ਜਸੁ ਆਪ ਹੀ ਸੁਨਾ ॥ ਆਵਨ ਜਾਨੁ ਇਕੁ ਖੇਲੁ ਬਨਾਇਆ ॥ ਆਗਿਆਕਾਰੀ ਕੀਨੀ ਮਾਇਆ॥ ਸਭ ਕੈ ਮਧਿ ਅਲਿਪਤੋ ਰਹੈ ॥ ਜੋ ਕਿਛੁ ਕਹਣਾ ਸੁ ਆਪੇ ਕਹੈ ॥ ਆਗਿਆ ਆਵੈ ਆਗਿਆ ਜਾਇ॥ ਨਾਨਕ ਜਾ ਭਾਵੈ ਤਾ ਲਏ ਸਮਾਇ ॥ ੬ ॥

ਸਾਰੇ ਜੀਵਾਂ ਵਿਚ (ਉਹ) ਆਪ ਵਰਤਣੇ ਵਾਲਾ ਹੈ। ਸਾਰੇ ਨੈਣ (ਉਸਦੇ ਹਨ, ਉਨ੍ਹਾਂ ਬਾਣੀਂ) ਆਪ ਦੇਖਣੇ ਵਾਲਾ ਹੈ। ਸਾਰੀ ਰਚਨਾ ਉਸਦਾ ਸਰੀਰ ਹੈ (ਤੇ ਉਹ ਵਿਚ ਵੱਸਣੇ ਵਾਲਾ ਹੈ, ਸਾਰਾ) ਜੱਸ (ਜੋ ਉਸਦਾ ਹੋ ਰਿਹਾ ਹੈ ਉਹ ਉਸ ਦਾ) ਅਪਣਾ (ਕੀਤਾ ਹੋ ਰਿਹਾ) ਹੈ (ਤੇ) ਆਪ ਹੀ (ਉਸਨੂੰ) ਸੁਣ ਰਿਹਾ ਹੈ। ਆਉਣਾ ਜਾਣਾ (ਉਸਨੇ) ਇਕ ਖੇਲ ਬਨਾਇਆ ਹੈ* । (ਇਸ ਖੇਲ ਨੂੰ ਚਲਾਉਣ ਵਾਸਤੇ ਉਸਨੇ ਆਪਣੀ) ਆਗਯਾ ਅਨਵਰਤੀ ਮਾਇਆ ਰਚੀ ਹੈ† (ਐਉਂ ਉਹ) ਸਭ (ਖਿਲਾਰੀਆਂ) ਦੇ ਵਿਚ ਰਹਿੰਦਾ ਹੈ, ਫੇਰ ਅਲਿਪਤ ਰਹਿੰਦਾ ਹੈ। (ਫੇਰ ਅਚਰਜ ਹੈ ਕਿ ਖਿਲਾਰੀਆਂ ਦੇ ਵਿਚ ਹੋਕੇ) ਜੋ ਕੁਛ ਕਹਿਣਾ ਹੁੰਦਾ ਹੈ ਉਹ ਆਪ (ਹੀ) ਕਹਿੰਦਾ ਹੈ । (ਇਹ ਖਿਲਾਰੀ ਜੀਵ ਉਸ ਦੀ) ਆਗਯਾ (ਦਾ ਬੱਧਾ) ਆਉਂਦਾ ਤੇ ਆਗਯਾ (ਦਾ ਬੱਧਾ) ਚਲਾ ਜਾਂਦਾ ਹੈ, (ਕਹਿੰਦੇ ਹਨ ਗੁਰੂ) ਨਾਨਕ, ਜਦ (ਉਸਨੂੰ) ਭਾਉਂਦਾ ਹੈ (ਕਿ ਖੇਲ ਨੂੰ ਸਮੇਟ ਲਵੇ ਤਾਂ ਸਾਰੇ ਖੇਲਨਹਾਰਿਆਂ ਨੂੰ ਅਪਣੇ ਵਿਚ) ਲੀਨ ਕਰ ਲੈਂਦਾ ਹੈ ॥ ੬ ॥

**ਵਾਹਿਗੁਰੂ ਨੂੰ ਨੇਕੀ ਕੁੱਲ ਦੱਸਕੇ ਭਾਣੇ ਦਾ ਉਪਦੇਸ਼ ਕਰਦੇ ਹਨ:-**

ਇਸ ਤੇ ਹੋਇ ਸੁ ਨਾਹੀ ਬੁਰਾ ॥ ਓਰੈ ਕਹਹੁ ਕਿਨੈ ਕਛੁ ਕਰਾ ॥ ਆਪਿ ਭਲਾ ਕਰਤੂਤਿ ਅਤਿ ਨੀਕੀ ॥ ਆਪੇ ਜਾਨੈ ਅਪਨੇ ਜੀ ਕੀ ॥ ਆਪਿ ਸਾਚੁ ਧਾਰੀ ਸਭ ਸਾਚੁ ॥ ਓਤਿ ਪੋਤਿ ਆਪਨ ਸੰਗਿ ਰਾਚੁ ॥ ਤਾਕੀ ਗਤਿ ਮਿਤਿ ਕਹੀ ਨ ਜਾਇ ॥ ਦੂਸਰ ਹੋਇ ਤ ਸੋਝੀ ਪਾਇ ॥ ਤਿਸਕਾ ਕੀਆ ਸਭੁ ਪਰਵਾਨੁ ॥

ਇਸ (ਪ੍ਰਭੂ) ਤੋਂ (ਜੋ ਕੁਝ) ਹੁੰਦਾ ਹੈ (ਉਹ) ਬੁਰਾ ਨਹੀਂ ਹੈ। ਹੋਰ ਕਿਸੇ‡ ਨੇ ਦੱਸ ! (ਜ) ਕੁਝ ਕੀਤਾ ਹੈ ਤਾਂ ? (ਫਿਰ ਦੇਖ ਪ੍ਰਭੂ) ਆਪ ਭਲਾ ਹੈ, ਅਰ ਉਸਦੀ) ਕਰਨੀ (ਸਭ)ਬਹੁਤ ਭਲੀ ਹੈ। (ਪਰ) ਆਪਣੇ ਜੀ ਦੀ (ਗੱਲ ਬਾਤ ਉਹ) ਆਪ ਹੀ ਜਾਣਦਾ ਹੈ। ਆਪ ਸੱਚ ਹੈ (ਜਿਸ ਆਪਣੀ ਸਾਜੀ ਹੋਈ ਨੂੰ ਉਹ ਆਪ) ਧਾਰ ਰਿਹਾ ਹੈ (ਉਹ ਬੀ ਸੱਚੇ ਦੀ ਧਾਰੀ ਹੋਣ ਕਰਕੇ) ਸਭ ਸੱਚ ਹੈ। (ਉਸ ਨਾਲੋਂ ਉਹ ਅੱਡ ਨਹੀਂ, ਉਸ ਨੂੰ ਉਹ ਤਾਣੇ ਪੇਟੇ (ਵਾਂਙ ਆਪਣੇ ਆਪ ਨਾਲ ਰਚਾ ਰਿਹਾ ਹੈ। ਉਸ ਦੀ ਗਤਿ ਮਿਤ ਕਹੀ ਨਹੀਂ ਜਾ ਸਕਦੀ, ਦੂਸਰਾ ਕੋਈ (ਉਸ ਜਿਹਾ) ਹੋਵੇ ਤਾਂ (ਭਾਵੇਂ ਉਸ ਦੀ) ਸੋਝੀ ਪਾ ਸਕੇ ਉਸ ਦਾ ਕੀਤਾ ਸਭ ਹੀ ਪ੍ਰਮਾਣੀਕ (ਯਥਾਰਥ) ਹੈ✖ ।

* ਅਗੇ ਹੁਣ ਖੇਲ ਯਾ ਨਾਟਕ ਦਾ ਹੋਰ ਰੂਪ ਵਿਚ ਵਰਣਨ ਕਰਦੇ ਹਨ ।

† ਭਾਵ, ਖੇਲ ਦਾ ਸਾਮਾਨ ਮਾਇਆ ਤੋਂ ਲਿਆ ਹੈ, ਪਰ ਮਾਇਆ ਉਸ ਤੋਂ ਸੁਤੰਤਰ ਨਹੀਂ, ਉਸ ਨੇ ਅਪਣੇ ਅਧੀਨ ਰਚੀ ਹੈ, ਤਾਂਤੇ ਪਰਤੰਤਰ ਹੈ। [ਕੀਨੀ=ਰਚੀ]।

‡ ਓਰੈ = ਔਰੇ = ਹੋਰ ਨੂੰ । (ਅ) (ਉਸ ਪ੍ਰਭੂ ਤੋਂ) ਉਰੇ ਦੱਸ ਕਿਸੇ ਨੇ ਜੇ ਕੁਛ ਕੀਤਾ ਹੋਵੇ ਤਾਂ।

✖ ਭਾਵ, ਉਸ ਤੇ ਕਿੰਤੂ ਕਰਨਾ ਨਹੀਂ ਬਣਦਾ ।

ਗੁਰਪ੍ਰਸਾਦਿ ਨਾਨਕ ਇਹੁ ਜਾਨੁ ॥੭॥
ਜੋ ਜਾਨੈ ਤਿਸੁ ਸਦਾ ਸੁਖੁ ਹੋਇ ॥ ਆਪਿ ਮਿਲਾਇ ਲਏ ਪ੍ਰਭੁ ਸੋਇ ॥ ਓਹੁ ਧਨਵੰਤੁ ਕੁਲਵੰਤੁ ਪਤਿਵੰਤੁ ॥ ਜੀਵਨ ਮੁਕਤਿ ਜਿਸੁ ਰਿਦੈ ਭਗਵੰਤੁ ॥ ਧੰਨ ਧੰਨੁ ਧੰਨੁ ਜਨੁ ਆਇਆ॥ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ ॥ ਜਨ ਆਵਨ ਕਾ ਇਹੈ ਸੁਆਉ॥ਜਨ ਕੈ ਸੰਗਿ ਚਿਤਿ ਆਵੈ ਨਾਉ॥ ਆਪਿ ਮੁਕਤੁ ਮੁਕਤੁ ਕਰੈ ਸੰਸਾਰੁ॥ ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ ॥੮॥੨੩॥

ਹੇ ਨਾਨਕ ! ਇਹ (ਗੱਲ ਸਮਝ ਲੈ ਤੇ) ਗੁਰੂ ਦੀ ਮਿਹਰ ਨਾਲ ਸਮਝ ਲੈ ॥ ੭ ॥

[ਜੀਵਨ ਮੁਕਤ ਦੇ ਲੱਛਣ] ਜੋ (ਪੁਰਖ ਉਪਰ ਕਹੀ ਗੱਲ ਨੂੰ) ਸਮਝ ਲੈਂਦਾ ਹੈ, ਉਸ ਨੂੰ ਸਦੀਵੀ ਸੁਖ ਹੋ ਜਾਂਦਾ ਹੈ, (ਇਥੋਂ ਤਾਈਂ ਕਿ) ਉਹ ਪ੍ਰਭੂ (ਉਸ ਨੂੰ) ਆਪਣੇ ਵਿਚ ਮਿਲਾ ਲੈਂਦਾ ਹੈ। (ਹਾਂ) ਉਹੋ (ਪੁਰਖ) ਧਨ ਵਾਲਾ ਹੈ, ਉੱਤਮ ਕੁਲ ਵਾਲਾ, ਪਤ ਵਾਲਾ ਤੇ ਜੀਵਨ ਮੁਕਤ ਹੈ, ਜਿਸ ਦੇ ਹਿਰਦੇ ਵਿਚ ਕਿ ਪਰਮੇਸ਼ੁਰ ਵਸਦਾ ਹੈ* । (ਉਹ) ਪੁਰਖ ਧੰਨ ਹੈ, (ਉਸ ਦਾ ਜੀਵਨ) ਧੰਨ ਹੈ, (ਉਸ ਦਾ) ਆਇਆ ਧੰਨ ਹੈ, ਜਿਸ ਦੀ† ਕਿ ਕ੍ਰਿਪਾ ਕਰਕੇ ਸਾਰਾ ਜਗਤ ਤਰ ਜਾਂਦਾ ਹੈ। (ਐਸੇ) ਜਨ ਦੇ ਸੰਸਾਰ ਪਰ ਆਉਣ ਦਾ ਇਹੋ ਪ੍ਰਯੋਜਨ ਹੈ (ਕਿ ਉਸ) ਜਨ ਦੇ ਸੰਗ ਕਰਕੇ (ਹੋਰਨਾਂ ਲੋਕਾਂ ਦੇ) ਹਿਰਦੇ ਵਿਚ ਨਾਮ ਦਾ ਨਿਵਾਸ ਹੋ ਜਾਵੇ। ਹੇ ਨਾਨਕ ! ਉਸ ਪੁਰਖ ਨੂੰ ਮੇਰੀ ਸਦਾ ਨਮਸ਼ਕਾਰ ਹੈ ਕਿ ਜੋ ਆਪ ਤਾਂ ਮੁਕਤੀ ਨੂੰ ਪ੍ਰਾਪਤ ਹੋਵੇ (ਪਰ) ਨਾਲ ਜਗਤ ਨੂੰ ਬੀ ਮੁਕਤੀ ਦਾਨ ਕਰੇ ॥ ੮ ॥ ੨੩ ॥

**ਨਿਰੁਕ—**ਸਮਿਗ੍ਰੀ—[ਸੰਸ:, ਸਾਮਗ੍ਰੀ।] ਸਾਮਾਨ, ਪਦਾਰਥ, ਜੋ ਕੁਛ ਦਿੱਸਦਾ ਹੈ ਓਹ ਸਭ ਕੁਛ ।

ਘਟ—[ਦੇਖੋ ਪੰਨਾ ੧੬੬੫, ੧੬੭੭ (ਘਟਿ ਘਟਿ ਅੰਤਰਿ)।] ਘਟ ਦਾ ਭਾਵ ਸਰੀਰ ਬੀ ਲੈਂਦੇ ਹਨ ਤੇ ਸਰੀਰ ਤੋਂ ਮੁਰਾਦ ਵੈਰਾਟ ਦੀ ਲੈਂਦੇ ਹਨ।

ਬਿਸਥਾਰੁ—[ਸੰਸ: ਵਿਸ੍ਤਾਰ:=ਫੈਲਾਉ, ਵਿਸਥਾਰ ਨਾਲ ਕਹਿਣਾ ] ਪਸਾਰਾ, ਫੈਲਾਉ। ਭਾਵ ਹੈ ਸੰਸਾਰ ਰਚਨਾ ਕਰ ਦਿੰਦਾ ਹੈ।

ਏਕੰਕਾਰੁ—[ਦੇਖੋ ਪੰਨਾ ੧ ਸੰਥਯਾ ਪੋਥੀ ਪਹਿਲੀ] ਕੇਵਲ ਇਕੋ ਹੀ ਹਸਤੀ। ਇਕੋ ਹੀ ਵਜੂਦ ਵਾਹਿਗੁਰੂ-ਜਦੋਂ ਇਕੋ ਆਪਣੇ ਹੀ ਸਰੂਪ ਵਿਚ ਇਸਥਿਤ ਹੋ ਜਾਵੇ। ਭਾਵ ਹੈ ਜੇਕਰ ਉਸ ਨੂੰ ਭਾਵੇ ਤਾਂ ਇਕੋ ਆਪ ਰਹਿ ਜਾਂਦਾ ਹੈ, ਰਚਨਾ ਸਭ ਲੈ ਹੋ ਜਾਂਦੀ ਹੈ।

ਅੰਤਰਗਤਿ—[ਸੰਸ:, ਅੰਤਰ੍ਗਤਮ੍=ਅੰਦਰ ਗਿਆ ਹੋਯਾ, ਲੁਕਿਆ ਹੋਇਆ ] ਅੰਦਰ ਗਿਆ ਹੋਇਆ, ਅੰਤਰ ਭੂਤ, ਅੰਦਰ ਮੌਜੂਦ।

ਭੂਤ—[ਸੰਸ:, ਭੂਤ:=ਜੋ ਹੋਵੇ।] ਕੋਈ ਵਸਤੂ, ਚਾਹੇ ਉਹ ਨਿਰਜੀਵ ਹੋਵੇ, ਚਾਹੇ ਜਿੰਦ ਵਾਲੀ। ਤੱਤ, ਜੈਸੇ ਜਲ ਅਗਨੀ ਆਦਿ। [ਭੂਤੰ] ਪ੍ਰਾਣਧਾਰੀ ਜੀਵ। ਬਾਜ਼ੇ ਲੋਕ ਪ੍ਰੇਤ ਨੂੰ ਬੀ ਕਹਿ ਲੈਂਦੇ ਹਨ, ਪਰ ਉਹ ਅਰਥ ਏਥੇ ਨਹੀਂ ਹਨ।

ਜੀਵਨ ਮੁਕਤਿ—ਜੋ ਜੀਉਂਦੇ ਜੀ ਮੁਕਤ ਅਵਸਥਾ ਨੂੰ ਪਹੁੰਚ ਪਵੇ। ਜੀਵਨ ਐਸਾ ਬਸਰ ਕਰੇ ਕਿ ਵਾਹਿਗੁਰੂ ਜੀ ਨਾਲ ਸਦਾ ਜੁੜਿਆ ਰਹੇ, ਗਯਾਨ ਸੰਪੂਰਨ ਰਹੇ, ਵਰਤੋਂ ਵੈਰਾਗ ਵਾਲੀ ਹੋਵੇ ਤੇ ਹੋਰਨਾਂ ਨੂੰ ਮੁਕਤ ਕਰੇ। (ਦੇਖੋ ਪੰਨਾ ੧੭੦੧)।

*ਮੁੱਖ ਲੱਛਣ 'ਰਿਦੇ ਭਗਵੰਤ' ਦੱਸਿਆ, ਜੋ ਗਯਾਨੀ ਹਿਰਦੇ ਵਿਚ ਹੋਰ ਕੁਛ ਵਸਾਉਂਦੇ ਹਨ ਓਹ ਜੀਵਨ ਮੁਕਤ ਨਹੀਂ ਹਨ। ਉਸ ਦੇ ਸੰਗ ਵਿਚ ਨਾਮ ਚਿਤ ਆਵੇ। ਓਹ ਹੋਰਨਾਂ ਨੂੰ ਮੁਕਤ ਕਰੇ।

†ਭਾਵ ਹੈ ਕਿ ਐਸੇ ਪੁਰਖ ਦੀ ਮਿਹਰ ਨਾਲ ਜਗਤ ਤਰਦਾ ਹੈ।

## [ਅਸਟਪਦੀ-ਚਉਵੀਵੀਂ]

**ਪ੍ਰਾਕਥਨ-** ਇਸ ਅਸਟਪਦੀ ਵਿਚ ਸਾਰੀ ਬਾਣੀ ਦਾ ਸਾਰ ਸਿੱਧਾਂਤ ਹੈ। ਸਲੋਕ ਵਿਚ ਪੂਰੇ ਪ੍ਰਭੂ ਦੀ ਅਰਾਧਨਾ, ਉਸ ਦੇ ਪੂਰੇ ਨਾਮ ਦੀ ਅਰਾਧਨਾ ਦੁਆਰਾ ਕਰਨੇ ਤੇ ਪੂਰੇ ਪ੍ਰਭੂ ਦੀ ਪ੍ਰਾਪਤੀ ਦਾ ਵਰਣਨ ਕੀਤਾ ਹੈ। ਪੂਰੇ ਪ੍ਰਭੂ ਦੀ ਪ੍ਰਾਪਤੀ ਪੂਰਨ ਪਦ ਹੈ, ਇਸ ਤੋਂ ਪਰੇ ਹੋਰ ਕੋਈ ਪਦ ਨਹੀਂ। ਇਹ ਪਾਕੇ ਅਕ੍ਰੈ ਨਹੀਂ ਹੋ ਬੈਠੇ, ਹੁਣ ਬੀ ਪੂਰੇ ਦੇ ਗੁਣ ਗਾ ਰਹੇ ਹਨ। ਆਤਮਾ ਪਰਮਾਤਮਾ ਦਾ ਮਿਲਾਪ ਪਾਕੇ ਤਦਰੂਪ ਹੈ ਪਰ ਸਰੀਰ ਕੰਮ ਕਰਦਾ ਹੈ, ਤਾਂ ਤੇ ਬ੍ਰਿਤੀਆਂ ਕੰਮ ਕਰਦੀਆਂ ਹਨ। ਸੋ ਬ੍ਰਿਤੀਆਂ ਵਿਚ ਕਹੋ, ਮਨ ਵਿਚ ਕਹੋ, ਗਲ ਕੀ ਸਾਰੇ ਸਰੀਰ ਤੇ ਇੰਦ੍ਰਿਆਂ ਵਿਚ ਪ੍ਰਭੂ ਵਯਾਪਤ ਹੈ, ਉਸ ਦੇ ਗੁਣਾਨੁਵਾਦ ਤੇ ਗੁਣ ਸਿਮਰਨ ਵਿਚ ਮਨ ਇੰਦ੍ਰੇ ਤਦਰੂਪ ਹਨ, ਇਨ੍ਹਾਂ ਤੋਂ ਸਖਣੇ ਜੋ ਗਯਾਨ ਯਾ ਪੂਰਨ ਪਦ ਦਾ ਦਾਅਵਾ ਕਰਦੇ ਹਨ, ਯਥਾਰਥ ਤੇ ਸਫਲ ਅਵਸਥਾ ਦਾ ਵਰਣਨ ਨਹੀਂ ਕਰਦੇ।

ਸਲੋਕ ਵਿਚ ਇਹ ਕੁਛ ਫੁਰਮਾਕੇ ਅਸਟਪਦੀ ਵਿਚ ਜਗਤ ਨੂੰ ਤਾਰਨੇ ਨਮਿਤ ਇਸ ਪਰਮ ਪਦ ਦੇ ਪਹੁੰਚਣੇ ਲਈ ਸਿੱਧਾ ਸਰਾ ਉਪਦੇਸ਼ ਦੇਂਦੇ ਹਨ। ਜੋ ਰਸਤਾ ਦੱਸਦੇ ਹਨ ਉਹ ਪਹਿਲੇ ਅੰਕ ਵਿਚ ਹੀ ਸਪਸ਼ਟ ਪਿਆ ਦਿੱਸਦਾ ਹੈ ਕਿ ਪ੍ਰੇਮਾ ਭਗਤੀ ਦਾ ਹੈ। ਵਾਹਿਗੁਰੂ ਨੂੰ ਨੇੜੇ ਤੋਂ ਨੇੜੇ ਜਾਣੋ, ਭਾਵ ਉਸ ਦੀ ਹਜ਼ੂਰੀ ਵਿਚ ਆਪ ਨੂੰ ਪ੍ਰਤੀਤ ਕਰੋ। ਇਸ ਪ੍ਰਯਤਨ ਲਈ ਸੁਾਸ ਸੁਾਸ ਨਾਮ ਜਪੋ। ਆਸਾ ਦਾ, ਤ੍ਰਿਸ਼ਨਾ, ਵਾਸ਼ਨਾ ਦਾ, ਤਯਾਗ ਕਰੋ। ਭੁੱਲੋ ਉੱਕੋ ਤਾਂ ਬੇਨਤੀ ਕਰੋ। ਸਹਾਇਤਾ ਦੀ,ਤੁੱਕੀ ਦੀ ਲੋੜ ਸਮਝੋ ਤਾਂ ਅਰਦਾਸ ਬੇਨਤੀ ਕਰੋ। ਇਸ ਵਿਚ ਸਹਾਇਤਾ ਨਾਮ ਪ੍ਰੇਮੀ ਸਾਧੂ ਯਾ ਗੁਰਮੁਖ ਤੋਂ ਲਵੋ, ਜੋ ਬੀਤਰਾਗ ਉਪਕਾਰੀ ਹੋਵੇ। ਸੋ ਸਿਮਰਨ ਕਰ ਕਰਕੇ ਹਰੀ ਧਨ ਦੇ ਮਾਨੋ ਭੰਡਾਰ ਭਰ ਲਓ। ਓਹ ਕੀ ਹੋਣਗੇ ? ਖੇਮ ਕੁਸਲ, ਸਹਜਾਨੰਦ। ਨਾਮ ਹੀ ਨਹੀਂ, ਗੁਨ ਗੋਬਿੰਦ ਗਾਯਨ ਦਾ ਰਸ ਬੀ ਪੀਓ ਸਿਮਰਨ ਤੇ ਗੁਣ ਗਾਯਨ ਨਾਲ ਚਿਤ ਵਿਚ 'ਇਕ ਚਿੰਤਨ' ਵਸਾਓ, ਅਨੇਕ ਚਿੰਤਨ ਜੋ ਹਰ ਵੇਲੇ ਜਾਰੀ ਹੈ ਉਸ ਦੀ ਥਾਂ ਏਕ ਚਿੰਤਨ ਕਰੋ। ਅਰ ਉਹ ਇਕ ਚਿੰਤਨ ਅਪਣੇ ਪਰਮੇਸਰ ਦਾ ਕਰੋ। ਅਨੇਕ ਚਿੰਤਨ ਵਿਚ ਮਨ ਐਵੇਂ ਵਿਹਲਾ ਖਰਚ ਹੋ ਰਿਹਾ ਹੈ, ਇਕ ਪ੍ਰਭੂ ਦੇ ਚਿੰਤਨ ਨਾਲ ਉਹ ਇਕ ਅੰਦਰ ਸਾਡੀ ਲੱਖਤਾ ਵਿਚ ਆਕੇ ਸਾਨੂੰ ਪ੍ਰਾਪਤ ਹੋ ਜਾਏਗਾ, ਯਾ ਅਸੀਂ ਉਸ ਨਾਲ ਰਲ ਮਿਲ ਰਚ ਮਿਚ ਜਾਵਾਂਗੇ। ਇਥੇ ਮੁੱਕਦਾ ਹੈ ਅੰਕ ੨।

ਅੰਕ ੩ ਵਿਚ ਅਪਣੇ ਗੁਰੱਤਵ ਦੇ ਪਦ ਤੋਂ ਅਪਣੇ ਇਲਾਹੀ ਤੇ ਇਲਹਾਮੀ ਵਾਕਾਂ ਨੂੰ ਕਹਿੰਦੇ ਹਨ ਕਿ ਉਚਾਰੇ ਤਾਂ ਮੈਂ ਸਾਧੂ ਨੇ ਹਨ ਪਰ ਏਹ ਹੈਨ ਅਮੋਲਕ ਲਾਲਾਂ ਤੇ ਰਤਨਾਂ ਵਾਙੂ। ਇਨ੍ਹਾਂ ਦੀ ਕਮਾਈ ਦਾ ਫਲ, ਹੇ ਸ੍ਰੋਤਿਓ! ਤੁਹਾਨੂੰ ਇਹ ਲਗੇਗਾ ਕਿ ਆਪ ਤਰੋਗੇ ਤੇ ਹੋਰਨਾਂ ਨੂੰ ਤਾਰੋਗੇ।

ਅੰਕ ੪ ਵਿਚ ਫੇਰ ਅਪਣੇ ਦੁਆਰਾ ਉਪਦੇਸ਼ ਕਰਦੇ ਹਨ, ਅਪਣਾ ਤਜਰਬਾ ਦੱਸਕੇ ਪ੍ਰੇਰਨਾ ਕਰਦ ਹਨ ਕਿ ਤੁਸੀਂ ਬੀ ਇਸ ਤਰ੍ਹਾਂ ਕਰੋ। ਅਸੀਂ ਗੁਰੂ ਸ਼ਰਣ ਆਏ, ਅੰਮ੍ਰਿਤ ਨਾਮ ਲੀਤਾ, ਸਤਿਸੰਗ ਕੀਤਾ, ਗੁਰੂ ਮੇਹਰ ਹੋਈ, ਮੰਜ਼ਲੇ ਪਹੁੰਚ ਪਏ ਹਾਂ।

ਇਹ ਕਹਿਕੇ ਅੰਕ ੫ ਵਿਚ ਮੁੜ ਉਪਦੇਸ਼ ਕਰਦੇ ਹਨ ਜਗਯਾਸੂਆਂ ਨੂੰ, ਮੰਤਾਂ ਨੂੰ, ਮਿਤ੍ਰਾਂ ਨੂੰ ਕਿ ਇਸ ਸੁਖਮਨੀ ਨੂੰ ਪੜ੍ਹੋ। ਪੜ੍ਹਕੇ ਛੱਡ ਨਾ ਦਿਓ, ਇਸ ਦੇ ਉਪਦੇਸ਼ ਨੂੰ ਧਾਰਨ ਕਰੋ। ਉਹ ਉਪਦੇਸ਼ ਕੀ ਹੈ ? ਸਾਵਧਾਨ ਹੋਕੇ ਦਿਲ ਜੋੜਕੇ ਨਾਮ ਜਪੋ, ਇਸ ਤਰ੍ਹਾਂ ਹਰੀ ਧਨ ਕੱਠਾ ਕਰੋ। ਤੁਸਾਨੂੰ ਸ੍ਰੇਸ਼ਟਤਾ ਮਿਲੇਗੀ, ਇਛਾ ਪੂਰਨ ਹੋਣਗੀਆਂ। ਪਰਮ ਪਦ, ਜੋ ਉਚੇ ਤੋਂ ਉਚਾ ਹੈ, ਸੋ ਮਿਲੇਗਾ।

ਅੰਕ ੬ ਵਿਚ ਓਹ ਸਾਰੇ ਪਦਾਰਥ ਵੇਰਵੇ ਵਾਰ ਗਿਣੇ ਹਨ ਜੋ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ ਸੁਣਕੇ ਉਹਨਾਂ ਨੂੰ ਮਨ ਵਿਚ ਧਾਰਨ ਕਰਨੇ ਨਾਲ ਪ੍ਰਾਪਤ ਹੁੰਦੇ ਹਨ। ਭਾਵ ਇਹ ਹੈ ਕਿ ਨਾਮ ਦੁਆਰਾ

ਈਸ਼੍ਵਰ ਅਰਾਧਨਾ ਨਾਲ ਇਹ ਸਭ ਕੁਛ ਲੱਭੇਗਾ, ਵਾਹਿਗੁਰੂ ਜੀ ਦੀ ਪ੍ਰੇਮਾ ਭਗਤੀ ਛੋੜਕੇ ਹੋਰ ਹੋਰ ਪਾਸ ਨਾ ਭਟਕੋ।

ਅੰਕ ੭ ਵਿਚ ਦੱਸਦੇ ਹਨ ਕਿ ਅਸਾਂ ਜੋ ਨਾਮ ਦਾ ਮਾਰਗ ਦੱਸਿਆ ਹੈ ਸਾਰੇ ਮਤਿ ਭਉਂ ਚਉਂ ਹੋਰ ਹੋਰ ਦੱਸ ਦੱਸ ਕੇ ਜਿਥੇ ਆਉਂਦੇ ਹਨ ਉਹ ਵਾਹਿਗੁਰੂ ਦਾ ਨਾਮ ਹੀ ਹੁੰਦਾ ਹੈ। ਨਾ ਕੇਵਲ ਸ਼ਾਸਤ੍ਰ ਵੇਦ ਸਿੰਮ੍ਰਤੀਆਂ ਬਲਕੇ ਸਾਰੇ ਮਤ ਈਸ਼੍ਵਰ ਚਿੰਤਨ ਤੇ ਹੀ ਆਕੇ ਟਿਕਦੇ ਹਨ। ਅਸਾਂ ਅਪਣਾ ਵਾਹਿਗੁਰੂ ਹੁਕਮ ਇਹੀ ਦੱਸਿਆ ਹੈ, ਅਪਣਾ ਕੀਤਾ ਤਜਰਬਾ ਇਹੀ ਦੱਸਿਆ ਹੈ। ਸੋ ਨਾਮੀ ਪੁਰਖ ਦੇ ਸਤਿਸੰਗ ਵਿਚ ਆਕੇ ਨਾਮ ਜਪੋ। ਇਸ ਨੂੰ ਅਪਣੇ ਮਨ ਵਿਚ ਵਸਾ ਲਓ। ਸਭ ਪਾਪ ਅਪਰਾਧ ਇਸੇ ਨਾਲ ਮਿਟ ਜਾਣਗੇ। ਜਮ ਦੀ ਫਾਹੀ ਇਸੇ ਨਾਲ ਤੁੱਟੇਗੀ।

ਅੰਕ ੮ ਵਿਚ ਫੇਰ ਸੁਖਮਨੀ ਨੂੰ ਸੁਣ ਪੜ੍ਹਕੇ ਮਨ ਵਿਚ ਵਸਾਉਣੇ ਦਾ ਉਪਦੇਸ਼ ਹੈ; ਫੁਰਮਾਉਂਦੇ ਹਨ ਕਿ ਜੋ ਇਸ ਨੂੰ ਮਨ ਵਿਚ ਵਸਾਏਗਾ ਉਹ ਇਸ ਦੇ ਹੁਕਮ ਤੇ ਟੁਰੇਗਾ, ਇਸ ਦਾ ਹੁਕਮ ਹੈ:- 'ਤਿਸ ਜਨ ਆਵੈ ਹਰਿ ਪ੍ਰਭੁ ਚੀਤਿ'। ਇਸ ਦਾ ਫਲ ਕੀ ਹੋਵੇਗਾ ? ਦੁਖ ਰੋਗ ਭੈ ਭਰਮ ਨਾਸ ਹੋਣਗੇ, ਕਰਮ ਨਿਰਮਲ ਹੋ ਜਾਣਗੇ, ਲੋਕ ਭਲਾ ਕਹਿਣਗੇ, ਦੇਹੀ ਦਾ ਉਧਾਰ ਹੋਏਗਾ, ਪਤਿ ਬਣੇਗੀ; ਸਭ ਤੋਂ ਉਚੀ ਪਤਿ। ਉਹ ਕੀ ਹੁੰਦੀ ਹੈ ? ਕਰਨਹਾਰ ਵਾਹਿਗੁਰੂ ਦੀ ਸ਼ਰਨ ਪਹੁੰਚਕੇ ਉਸ ਵਿਚ ਤਦਰੂਪ ਹੋ ਜਾਣਾ। ਜਿਸ ਦੀ ਸੇਵਾ ਕੀਤੀ ਉਸ ਵਿਚ ਪ੍ਰਾਪਤ ਹੋ ਜਾਣਾ।

ਸਲੋਕੁ ॥ ਪੂਰਾ ਪ੍ਰਭੁ ਆਰਾਧਿਆ ਪੂਰਾ ਜਾ ਕਾ ਨਾਉ ॥ ਨਾਨਕ ਪੂਰਾ ਪਾਇਆ ਪੂਰੇ ਕੇ ਗੁਨ ਗਾਉ ॥੧॥

ਪ੍ਰਭੂ ਪੂਰਾ (ਹੈ) ਜਿਸ (ਪੂਰੇ) ਦਾ ਨਾਉਂ (ਬੀ) ਪੂਰਾ ਹੈ, (ਉਸ ਪੂਰੇ ਪ੍ਰਭੂ ਦੀ ਪੂਰੇ ਨਾਮ ਦੁਆਰਾ) ਆਰਾਧਨਾ ਕੀਤੀ ਹੈ, (ਐਉਂ) ਨਾਨਕ ਨੇ (ਓਹ) ਪੂਰਨ (ਪ੍ਰਭੂ) ਪਾ ਲਿਆ ਹੈ, (ਹੁਣ ਉਸ ਪ੍ਰਾਪਤੀ ਦੇ ਆਨੰਦ ਵਿਚ ਉਸ) ਪੂਰੇ ਦੇ ਗੁਣ ਗਾਉਂ ਰਿਹਾ ਹਾਂ ॥ ੧ ॥

ਅਸਟਪਦੀ ॥ ਪੂਰੇ ਗੁਰ ਕਾ ਸੁਨਿ ਉਪਦੇਸੁ ॥ ਪਾਰਬ੍ਰਹਮੁ ਨਿਕਟਿ ਕਰਿ ਪੇਖੁ॥ ਸਾਸਿ ਸਾਸਿ ਸਿਮਰਹੁ ਗੋਬਿੰਦ ॥ ਮਨ ਅੰਤਰ ਕੀ ਉਤਰੈ ਚਿੰਦ ॥ ਆਸ ਅਨਿਤ ਤਿਆਗਹੁ ਤਰੰਗ ॥ ਸੰਤ ਜਨਾ ਕੀ ਧੂਰਿ ਮਨ ਮੰਗ ॥ ਆਪੁ ਛੋਡਿ ਬੇਨਤੀ ਕਰਹੁ ॥ ਸਾਧ ਸੰਗਿ ਅਗਨਿ ਸਾਗਰੁ ਤਰਹੁ ॥ ਹਰਿ ਧਨ ਕੇ ਭਰਿ ਲੇਹੁ ਭੰਡਾਰ ॥ ਨਾਨਕ ਗੁਰ ਪੂਰੇ ਨਮਸਕਾਰ ॥ ੧ ॥

(ਹੇ ਸਿਖ ! ਪੂਰੇ ਪ੍ਰਭੂ ਦੀ ਪ੍ਰਾਪਤੀ ਲਈ ਤੂੰ ਹੁਣ) ਪੂਰੇ ਗੁਰੂ ਦਾ ਉਪਦੇਸ਼ ਸੁਣ-(ੳ) ਪਾਰਬ੍ਰਹਮ ਨੂੰ ਨੇੜੇ ਕਰਕੇ ਦੇਖ, (ਅਪਣੇ ਪਾਸ ਪ੍ਰਤੀਤ ਕਰ)। (ਅ) ਸ੍ਵਾਸ ਸ੍ਵਾਸ ਪਰਮੇਸ਼ੁਰ ਨੂੰ ਸਿਮਰ, (ਐਉਂ) ਮਨ ਦੇ ਅੰਦਰ ਦੀ ਚਿੰਤਾ ਦੂਰ ਹੋ ਜਾਵਗੀ। (ੲ) ਅਨਿੱਤ (ਪਦਾਰਥਾਂ ਦੇ) ਆਸਾ (ਰੂਪੀ) ਤਰੰਗਾਂ ਨੂੰ (ਅਪਣ ਅੰਦਰ ਉਠਣੋਂ) ਰੋਕ ਦੇਹ*। (ਸ) ਮਨੋਂ ਸੰਤਾਂ ਦੀ ਧੂੜੀ ਮੰਗ (ਭਾਵ ਸਤਿਸੰਗ ਦੀ ਚਾਹ ਤੀਬ੍ਰ ਰਖ)। (ਹ) ਆਪਾ ਭਾਵ ਛੱਡਕੇ (ਪ੍ਰਭੂ ਅਗੇ) ਬੇਨਤੀ ਕਰੋ। (ਕ) ਸਾਧੂ ਸਾ ਸੰਗ (ਕਰੋ ਐਉਂ ਤੁਸੀਂ) ਅੱਗ ਦਾ ਸਮੁੰਦਰ ਤਰ ਜਾਵੋ। (ਖ) ਹਰੀ ਰੂਪ ਧਨ ਦੇ (ਭਾਵ ਨਾਮ ਧਨ ਦੇ) ਭੰਡਾਰੇ ਭਰ ਲਵੋ। (ਗ) (ਜਿਸਦੇ ਸੰਗ ਨਾਲ ਇਹ ਕੁਝ ਲੱਭਦਾ ਹੈ ਉਸ) ਪੂਰੇ ਗੁਰੂ ਨੂੰ ਨਮਸਕਾਰ ਕਰੋ (ਫੁਰਮਾਉਂਦੇ ਹਨ ਗੁਰੂ) ਨਾਨਕ (ਦੇਵ ਜੀ) ॥ ੧ ॥

*ਪਦਾਰਥ ਅਨਿੱਤ ਹਨ, ਇਨ੍ਹਾਂ ਦੀ ਆਸਾ ਭੂੰਗਾਂ ਵਤ ਹੈ। ਇਨ੍ਹਾਂ ਆਸਾਂ ਦੇ ਬਿਰਥਾ ਲਹਿਰਾਉ ਨੂੰ ਰੋਕ ਲੈ।

ਖੇਮ ਕੁਸਲ ਸਹਜ ਆਨੰਦ ॥ ਸਾਧ ਸੰਗਿ ਭਜੁ ਪਰਮਾਨੰਦ ॥ ਨਰਕ ਨਿਵਾਰਿ ਉਧਾਰਹੁ ਜੀਉ ॥ ਗੁਨ ਗੋਬਿੰਦ ਅੰਮ੍ਰਿਤਰਸੁ ਪੀਉ ॥ ਚਿਤਿ ਚਿਤਵਹੁ ਨਾਰਾਇਣ ਏਕ॥ ਏਕ ਰੂਪ ਜਾਕੇ ਰੰਗ ਅਨੇਕ ॥ ਗੋਪਾਲ ਦਾਮੋਦਰ ਦੀਨ ਦਇਆਲ॥ਦੁਖਭੰਜਨ ਪੂਰਨਕਿਰਪਾਲ ॥ ਸਿਮਰਿ ਸਿਮਰਿ ਨਾਮੁ ਬਾਰੰਬਾਰ ॥ ਨਾਨਕ ਜੀਅ ਕਾ ਇਹੈ ਅਧਾਰ ॥ ੨ ॥

(ਹੇ ਸਾਈਂ ਦੇ ਢੂੰਡਾਊ ! ਤੂੰ) ਸੰਤ ਦੇ ਸੰਗ ਵਿਚ ਪਰਮ ਆਨੰਦ (ਰੂਪ ਪਰਮੇਸ਼ੁਰ) ਨੂੰ ਸਿਮਰ (ਐਉਂ ਕਰਨੇ ਨਾਲ) ਖੇਮ, ਕੁਸ਼ਲ, ਸ਼ਾਂਤੀ ਤੇ ਆਨੰਦ* (ਤੈਨੂੰ ਪ੍ਰਾਪਤ ਹੋਣਗੇ)। (ਜੇ ਤੂੰ) ਗੋਬਿੰਦ ਦੇ ਗੁਣ (ਗਾਇਨ) ਦਾ ਅੰਮ੍ਰਿਤ ਰਸ ਪੀਏਂਗਾ (ਤਾਂ ਐਉਂ) ਨਰਕਾਂ ਨੂੰ ਦੂਰ ਕਰਕੇ (ਤੂੰ ਆਪਣੇ) ਜੀਉ ਨੂੰ ਬਚਾ ਲਵੇਂਗਾ। (ਤਾਂ ਤੇ ਨਿੱਤ) ਹਿਰਦੇ ਵਿਚ ਇਕ ਪ੍ਰਭੂ ਨੂੰ ਯਾਦ ਕਰ, ਜਿਸ ਦਾ ਰੂਪ ਇਕ ਹੈ ਤੇ ਰੰਗ ਅਨੇਕ ਹਨ। (ਓਹ ਨਾਲੇ ਤਾਂ ਜੱਗ ਨੂੰ ਪੇਟ ਲਾਉਣ ਕਰਕੇ) ਦਾਮੋਦਰ ਹੈ, (ਨਾਲੇ ਸ੍ਰਿਸ਼ਟੀ ਦੀ ਪਾਲਣ ਪੋਖਣ ਕਰਨੇ ਕਰਕੇ) ਗੋਪਾਲ ਹੈ, (ਨਾਲੇ ਉਸਨੇ ਦੀਨ ਰਚੇ ਹਨ ਨਾਲੇ ਉਨ੍ਹਾਂ ਤੇ ਦਇਆ ਕਰਕੇ) ਦੀਨ ਦਿਆਲ (ਹੋ ਰਿਹਾ) ਹੈ। (ਇਕ ਪਾਸੇ ਦੁਖ ਹਨ, ਫੇਰ ਦੁਖਾਂ ਨੂੰ ਭੰਨਕੇ) ਦੁਖ ਭੰਜਨ ਹੋ ਰਿਹਾ ਹੈ (ਸਗੋਂ) ਪੂਰੀ ਤਰਾਂ ਕ੍ਰਿਪਾਲੂ ਹੋ ਰਿਹਾ ਹੈ।(ਐਸੇ ਪਰਮੇਸ਼ੁਰ ਦੇ,ਨਾਮ ਨੂੰ ਬਾਰ ਬਾਰ ਸਿਮਰ (ਕਹਿੰਦੇ ਹਨ ਗੁਰੂ) ਨਾਨਕ, ਇਹੋ (ਸਿਮਰਨ ਜੀਵ ਦੇ) ਜੀਉ ਦਾ (ਸੱਚਾ) ਆਧਾਰ (ਆਸਰਾ) ਹੈ ॥ ੨ ॥

ਉਤਮ ਸਲੋਕ ਸਾਧ ਕੇ ਬਚਨ ॥ ਅਮੁਲੀਕ ਲਾਲ ਏਹਿ ਰਤਨ॥ ਸੁਨਤ ਕਮਾਵਤ ਹੋਤ ਉਧਾਰ ॥ ਆਪਿ ਤਰੈ ਲੋਕਹ ਨਿਸਤਾਰ॥ ਸਫਲ ਜੀਵਨੁ ਸਫਲੁ ਤਾਕਾ ਸੰਗੁ ॥ ਜਾਕੈ ਮਨਿ ਲਾਗਾ ਹਰਿ ਰੰਗੁ ॥ ਜੈ ਜੈ ਸਬਦੁ ਅਨਾਹਦੁ ਵਾਜੈ ॥ ਸੁਨਿ ਸੁਨਿ ਅਨਦ ਕਰੇ ਪ੍ਰਭੁ ਗਾਜੈ॥ ਪ੍ਰਗਟੇ ਗੁਪਾਲ ਮਹਾਂਤ ਕੈ ਮਾਥੇ॥ ਨਾਨਕ ਉਧਰੇ ਤਿਨਕੈ ਸਾਥੇ ॥ ੩ ॥

ਸਾਧੂ (ਭਾਵ ਗੁਰੂ) ਦੇ (ਉਚਾਰੇ ਏਹ) ਵਾਕ (ਵਾਹਿਗੁਰੂ ਦੇ) ਜਸ ਦੇ ਉਤਮ ਛੰਦ ਹਨ। ਏਹ ਅਮੋਲਕ ਲਾਲ ਤੇ ਰਤਨ ਹਨ†,(ਜਿਨ੍ਹਾਂ ਦੇ) ਸੁਣਨੇ ਅਤੇ ਕਮਾਵਣੇ ਤੇ ਉਧਾਰ ਹੁੰਦਾ ਹੈ, (ਸਗੋਂ ਕਮਾਵਣੇ ਵਾਲਾ) ਆਪ ਬੀ ਤਰਦਾ ਹੈ (ਤੇ) ਲੋਕਾਂ ਦਾ (ਬੀ) ਨਿਸਤਾਰਾ ਕਰਦਾ ਹੈ। (ਐਸੇ ਪੁਰਖ ਦਾ) ਜੀਵਨ ਸਫਲ ਹੈ (ਅਰ) ਉਸਦਾ ਸੰਗ ਕਰਨਾ ਬੀ ਸਫਲ ਹੈ, ਜਿਸਦੇ ਕਿ ਮਨ ਵਿਚ ਵਾਹਿਗੁਰੂ ਜੀ ਦਾ ਰੰਗ (ਪ੍ਰੇਮ) ਲਗਾ ਹੋਇਆ ਹੁੰਦਾ ਹੈ। (ਐਸੇ ਪ੍ਰੇਮੀ ਲਈ) 'ਜੈ ਜੈ' ਦਾ ਸ਼ਬਦ ਅਨਾਹਦ (ਰੂਪ ਵਿਚ) ਵਜਦਾ ਹੈ, (ਉਹ ਪ੍ਰੇਮੀ ਉਸਨੂੰ) ਸੁਣ ਸੁਣਕੇ ਅਨੰਦ ਹੁੰਦਾ ਹੈ ਤੇ (ਅਗੋਂ ਉਹ ਆਪ) ਜੈ ਜੈ (ਕਰਕੇ ਅਪਣੇ) ਪ੍ਰਭੂ ਨੂੰ ਗਾਉਂਦਾ ਹੈ‡। (ਇਸ) ਮਹਾਤਮਾ ਦੇ ਮਸਤਕ ਉਤੇ ਵਾਹਿਗੁਰੂ ਪ੍ਰਕਾਸ਼ ਪਾਉਂਦਾ ਹੈ। ਹੇ ਨਾਨਕ ! ਉਸ ਦੇ (ਸੰਗ) ਨਾਲ (ਜਗਤ ਦਾ) ਉਧਾਰ ਹੁੰਦਾ ਹੈ ॥ ੩ ॥

---

*ਖੇਮ=ਕਲਯਾਨ, ਮੁਕਤੀ। ਕੁਸ਼ਲ=ਸੁਖ,ਤੰਦਰੁਸਤੀ। (ਅ) ਪ੍ਰਾਪਤ ਹੋਏ ਸੁਖ ਦੀ ਰਖ੍ਯਾ ਅਰਥਾਤ ਕਾਯਮ ਰਹਿਣਾ 'ਖੇਮ' ਹੈ। ਅਪ੍ਰਾਪਤ ਸੁਖ ਦਾ ਪ੍ਰਾਪਤ ਹੋਣਾ 'ਕੁਸ਼ਲ' ਹੈ। ਸਹਜ=ਸ਼ਾਂਤੀ, ਗ੍ਯਾਨ, ਪਰਮ ਪਦ।

†ਭਾਵ ਐਉਂ ਬੀ ਲੈਂਦੇ ਹਨ:-ਲਾਲ=ਪ੍ਰੇਮ ਦੇ ਬਚਨ। ਰਤਨ=ਵੈਰਾਗ ਮਈ ਬਚਨ।

‡ਗਾਜੈ=ਗਾ+ਜੈ='ਜੈ' ਸ਼ਬਦ ਕਰਕੇ ਗਾਉਂਦਾ ਹੈ। (ਅ) ਐਉਂ ਬੀ ਲਾਉਂਦੇ ਹਨ-ਉਨ੍ਹਾਂ ਦੀ ਰਸਨਾ ਤੋਂ 'ਜੈ ਜੈ' ਸ਼ਬਦ ਇਕ ਰਸ ਵਜਦਾ ਹੈ ਜਿਸਨੂੰ ਸੁਣ ਸੁਣਕੇ ਜਗ੍ਯਾਸੂ ਅਨੰਦ ਹੁੰਦੇ (ਤੇ) ਪ੍ਰਭੂ ਨੂੰ ਗਜਦੇ ਹਨ ਭਾਵ ਉਚੀ ਉਚੀ ਜੈ ਜੈ ਕਰਦੇ ਹਨ।

ਸਰਨਿ ਜੋਗੁ ਸੁਨਿ ਸਰਨੀ ਆਏ ॥ ਕਰਿ ਕਿਰਪਾ ਪ੍ਰਭ ਆਪ ਮਿਲਾਏ ॥ ਮਿਟਿ ਗਏ ਬੈਰ ਭਏ ਸਭ ਰੇਨ ॥ ਅੰਮ੍ਰਿਤੁ ਨਾਮੁ ਸਾਧ ਸੰਗਿ ਲੈਨ ॥ ਸੁ ਪ੍ਰਸੰਨ ਭਏ ਗੁਰਦੇਵ ॥ ਪੂਰਨ ਹੋਈ ਸੇਵਕ ਕੀ ਸੇਵ ॥ ਆਲ ਜੰਜਾਲ ਬਿਕਾਰ ਤੇ ਰਹਤੇ ॥ ਰਾਮ ਨਾਮ ਸੁਨਿ ਰਸਨਾ ਕਹਤੇ ॥ ਕਰਿ ਪ੍ਰਸਾਦੁ ਦਇਆ ਪ੍ਰਭਿ ਧਾਰੀ ॥ ਨਾਨਕ ਨਿਬਹੀ ਖੇਪ ਹਮਾਰੀ ॥ ੪ ॥

(ਸ਼ਰਨਾਗਤ ਨੂੰ) ਸ਼ਰਨ ਦੇਣ ਦੇ ਜੋਗ ਸੁਣਕੇ (ਅਸੀਂ ਪ੍ਰਭੂ ਦੀ) ਸ਼ਰਨੀ ਆਏ (ਤਾਂ) ਪ੍ਰਭੂ ਨੇ (ਪਰਮ) ਕ੍ਰਿਪਾ ਧਾਰ (ਕੇ ਸਾਨੂੰ) ਅਪਣੇ ਨਾਲ ਮਿਲਾ ਲਿਆ। (ਸਾਡੇ) ਵਰ ਮਿਟ ਗਏ ਤੇ ਸਭ ਦੀ ਧੂੜ ਹੋ ਗਏ (ਜਦ ਤੋਂ ਕਿ) ਸਾਧਾਂ ਦੇ ਸੰਗ ਵਿਚ (ਅਸੀਂ) ਅੰਮ੍ਰਿਤ ਨਾਮ ਲੈਣ ਲੱਗ ਪਏ। ਇਸਤਰਾਂ ਕਰਦਿਆਂ ਜਦੋਂ) ਗੁਰ ਦੇਵ ਜੀ ਭਲੀ ਪ੍ਰਕਾਰ ਪ੍ਰਸੰਨ ਹੋ ਗਏ; ਤਾਂ ਸੇਵਕ ਦੀ ਸੇਵਾ ਪੂਰੀ ਹੋ ਗਈ (ਭਾਵ ਸਫਲ ਹੋ ਗਈ। ਇਉਂ ਗੁਰਦੇਵ ਦੀ ਪ੍ਰਸੰਨਤਾ ਨਾਲ) ਆਲ ਜੰਜਾਲ ਤੇ ਵਿਕਾਰਾਂ ਤੋਂ (ਅਸੀਂ) ਬਚੇ ਹੀ ਰਹੇ। (ਹੁਣ ਨਿੱਤ ਵਿਵਹਾਰ ਕੀ ਹੈ? ਉੱਤਰ) ਰਾਮ ਨਾਮ ਹੀ ਸੁਣਦੇ ਹਾਂ, (ਰਾਮ ਨਾਮ ਹੀ) ਰਸਨਾ ਤੋਂ ਕਥਨ ਕਰਦੇ ਹਾਂ। (ਅਸਲ ਵਿਚ) ਪ੍ਰਭੂ ਨੇ (ਹੀ) ਤੱਠਕੇ (ਇਹ) ਦਇਆ ਕੀਤੀ ਹੈ*, (ਜਿਸ ਕਰਕੇ ਕਿ) ਸਾਡੀ ਖੇਪ (ਤੋੜ) ਨਿਭ ਗਈ ਹੈ† (ਕਹਿੰਦੇ ਹਨ ਗੁਰੂ) ਨਾਨਕ (ਦੇਵ ਜੀ) ॥ ੪ ॥

ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥ ਸਾਵਧਾਨ ਏਕਾਗਰ ਚੀਤ ॥ ਸੁਖਮਨੀ ਸਹਜ ਗੋਬਿੰਦ ਗੁਨ ਨਾਮ ॥ ਜਿਸੁ ਮਨਿ ਬਸੈ ਸੁ ਹੋਤ ਨਿਧਾਨ ॥ ਸਰਬ ਇਛਾ ਤਾ ਕੀ ਪੂਰਨ ਹੋਇ ॥ ਪ੍ਰਧਾਨ ਪੁਰਖੁ ਪ੍ਰਗਟੁ ਸਭ ਲੋਇ ॥ ਸਭ ਤੇ ਊਚ ਪਾਏ ਅਸਥਾਨੁ ॥ ਬਹੁਰਿ ਨ ਹੋਵੈ ਆਵਨ ਜਾਨੁ ॥ ਹਰਿ ਧਨੁ ਖਾਟਿ ਚਲੈ ਜਨੁ ਸੋਇ ॥ ਨਾਨਕ ਜਿਸਹਿ ਪਰਾਪਤਿ ਹੋਇ ॥ ੫ ॥

ਹੇ ਸੰਤੋ! ਹੇ ਮਿਤ੍ਰੋ! ਸਾਵਧਾਨ ਅਰ ਇਕਾਗਰ ਚਿੱਤ ਹੋਕੇ ਪ੍ਰਭੂ ਦੀ ਉਸਤਤਿ ਕਰੋ। ਸੁਖਮਨੀ ਵਿਚ‡ ਪਰਮੇਸ਼ੁਰ ਦੇ ਗੁਣ ਤੇ ਨਾਮ (ਦੀ ਮਹਿਮਾ ਤੇ ਪਰਮੇਸ਼ੁਰ ਦਾ) ਗਯਾਨ ਹੈ✱। (ਇਹ) ਜਿਸਦੇ ਮਨ ਵਿਚ ਵਸ ਜਾਵੇ ਉਹ ਗੁਣਾਂ ਦਾ) ਭੰਡਾਰ ਹੋ ਜਾਂਦਾ ਹੈ। ਉਸਦੀਆਂ ਸਾਰੀਆਂ ਇਛਾਂ ਪੂਰਨ ਹੋ ਜਾਂਦੀਆਂ ਹਨ। (ਉਹ) ਪੁਰਖ ਸ੍ਰੇਸ਼ਟ ਹੋਕੇ ਸਾਰੇ ਲੋਕਾਂ ਵਿਚ ਪ੍ਰਗਟ ਹੋ ਜਾਂਦਾ ਹੈ। ਸਭ ਤੋਂ ਉੱਚਾ ਅਸਥਾਨ (ਉਸਨੂੰ) ਪ੍ਰਾਪਤ ਹੁੰਦਾ ਹੈ, (ਜਿਸ ਥਾਉਂ ਤੋਂ ਕਿ) ਉਸਨੂੰ ਮੁੜਕੇ ਆਉਣਾ ਜਾਣਾਂ ਨਹੀਂ ਪੈਂਦਾ। ਹੇ ਨਾਨਕ! ਓਹ ਪੁਰਖ ਕਿ ਜਿਸਨੂੰ (ਇਹ) ਪ੍ਰਾਪਤ ਹੋਵੇ❦, ਹਰੀ ਧਨ ਨੂੰ ਖੱਟਕੇ (ਏਥੋਂ ਨਾਲ ਲੈਕੇ) ਟੁਰਦਾ ਹੈ ॥ ੫ ॥

*(ਅ) ਕੀਤਾ ਹੈ ਪ੍ਰਸਾਦਿ ਸਤਿਗੁਰਾਂ ਨੇ, ਤੇ ਕੀਤੀ ਹੈ ਦਇਆ ਵਾਹਿਗੁਰੂ ਨੇ।

†ਨਾਮ ਦਾ ਬਪਾਰ ਸਿਰੇ ਚੜ੍ਹ ਗਿਆ ਹੈ ਤੇ ਹੁਣ ਬਪਾਰੀ ਨਫੇ ਸਮੇਤ ਆਪਣੇ ਸੱਚੇ ਘਰ-ਵਾਹਿਗੁਰੂ ਸਰੂਪ-ਵਿਚ ਪ੍ਰਾਪਤ ਹੈ।

‡ਸੁਖਮਨੀ ਵਿਖੇ ਨਾਮ ਦੀ ਮਹਿਮਾ ਹੈ, ਜੋ ਉਪਮਾ ਸੁਖਮਨੀ ਦੀ ਕੀਤੀ ਗਈ ਹੈ ਓਹ ਨਾਮ ਦੀ ਹੈ, ਕਿਉਂਕਿ ਨਾਮ ਦਾ ਸਮੁੰਦਰ ਸੁਖਮਨੀ ਹੈ।

✱ਸਹਜ = ਗਯਾਨ।

❦ਜਿਸ ਨੂੰ ਇਹ ਹਰਿ ਧਨ ਪ੍ਰਾਪਤ ਹੋਵੇ, (ਅ) ਜਿਸ ਦੇ ਮਨ ਵਿਚ ਸੁਖਮਨੀ ਦੇ ਉਪਦੇਸ਼ ਟਿਕਣ ਦਾ ਦਾਨ ਪ੍ਰਾਪਤ ਹੋਵੇ।

ਖੇਮ ਸਾਂਤਿ ਰਿਧਿ ਨਵਨਿਧਿ ॥ ਬੁਧਿ ਗਿਆਨੁ ਸਰਬਤਹ ਸਿਧਿ ॥ ਬਿਦਿਆ ਤਪੁ ਜੋਗੁ ਪ੍ਰਭ ਧਿਆਨੁ ॥ ਗਿਆਨੁ ਸ੍ਰੇਸਟ ਊਤਮ ਇਸਨਾਨੁ ॥ ਚਾਰਿ ਪਦਾਰਥ ਕਮਲ ਪ੍ਰਗਾਸ ॥ ਸਭ ਕੈ ਮਧਿ ਸਗਲ ਤੇ ਉਦਾਸ ॥ ਸੁੰਦਰੁ ਚਤੁਰੁ ਤਤ ਕਾ ਬੇਤਾ ॥ ਸਮਦਰਸੀ ਏਕ ਦ੍ਰਿਸਟੇਤਾ ॥ ਇਹ ਫਲ ਤਿਸੁ ਜਨ ਕੈ ਮੁਖਿ ਭਨੇ ॥ ਗੁਰ ਨਾਨਕ ਨਾਮ ਬਚਨ ਮਨਿ ਸੁਨੇ ॥ ੬ ॥

੧੦. ੯. (ਜੋ ਕੋਈ) ਗੁਰੂ ਨਾਨਕ ਦੇ 'ਨਾਮ' ਸੰਬੰਧੀ (ਏਹ ਸੁਖਮਨੀ ਵਾਲੇ) ਬਚਨ ਮਨ ਨਾਲ ਸੁਣੇ ਯਾ ਮੂੰਹੋਂ ਉਚਾਰਨ ਕਰੇ, ਉਸ ਪੁਰਖ ਨੂੰ ਇਹ ਫਲ (ਪ੍ਰਾਪਤ ਹੋਣਗੇ)*:– ੧. ਮੁਕਤੀ, ਸ਼ਾਂਤੀ ਰਿਧੀਆਂ ਤੇ ਨਵੇਂ ਨਿਧੀਆਂ। ੨. ਬੁਧੀਆਂ, ਗਜਾਨ, ਸਾਰੀਆਂ ਸਿਧੀਆਂ। ੩. ਵਿਦਜਾ, ਤਪ, ਪ੍ਰਭੂ ਦਾ ਧਜਾਨ ਤੇ (ਉਸ ਨਾਲ) ਜੋਗ (ਮਿਲਾਪ), ੪. ਸ੍ਰੇਸ਼ਟ ਗਜਾਨ, ਉਤਮ ਇਸ਼ਨਾਨ†, ੫. ਚਾਰ ਪਦਾਰਥ (ਤੇ ਹਿਰਦੇ) ਕਮਲ ਦਾ ਖਿੜਾਉ। ੬. ਸਭ ਦੇ ਵਿਚ (ਵਸਦੇ ਹੋਏ) ਸਭ ਤੋਂ ਉਦਾਸ (ਰਹਿਣੇ ਦੀ ਨਿਰਲੇਪਤਾ), ੭. ਸੁਹਣਾ ਹੋਣਾ, ਦਾਨਾ ਹੋਣਾ, ਤੱਤ ਦਾ ਜਾਣਨਹਾਰ ਹੋਣਾ, ੮. (ਊਚ ਨੀਚ ਵਿਚ) ਸਮਦਰਸੀ ਹੋਣਾ, (ਅਨੇਕਤਾ ਵਿਚ) ਇਕ ਦਾ ਦੇਖਣਹਾਰ ਹੋਣਾ ॥ ੬ ॥

ਇਹੁ ਨਿਧਾਨੁ ਜਪੈ ਮਨਿ ਕੋਇ ॥ ਸਭ ਜੁਗ ਮਹਿ ਤਾ ਕੀ ਗਤਿ ਹੋਇ ॥ ਗੁਣ ਗੋਬਿੰਦ ਨਾਮ ਧੁਨਿ ਬਾਣੀ ॥ ਸਿਮ੍ਰਿਤਿ ਸਾਸਤ੍ਰ ਬੇਦ ਬਖਾਣੀ ॥ ਸਗਲ ਮਤਾਂਤ ਕੇਵਲ ਹਰਿ ਨਾਮ ॥ ਗੋਬਿੰਦ ਭਗਤ ਕੈ ਮਨਿ ਬਿਸ੍ਰਾਮ ॥ ਕੋਟਿ ਅਪ੍ਰਾਧ ਸਾਧ ਸੰਗਿ ਮਿਟੈ ॥ ਸੰਤ ਕ੍ਰਿਪਾ ਤੇ ਜਮ ਤੇ ਛੁਟੈ ॥ ਜਾ ਕੈ ਮਸਤਕਿ ਕਰਮ ਪ੍ਰਭਿ ਪਾਏ ॥ ਸਾਧ ਸਰਣਿ ਨਾਨਕ ਤੇ ਆਏ ॥ ੭ ॥

ਜੇ ਕੋਈ ਇਸ (ਨਾਮ ਦੇ) ਖਜ਼ਾਨੇ (ਸੁਖਮਨੀ) ਨੂੰ ਮਨ ਲਾਕੇ ਪੜ੍ਹੇਗਾ, ਚਾਹੇ ਉਹ ਕਿਸੇ ਜੁਗ ਵਿਚ ਹੋਵੇ ਉਸਦੀ ਮੁਕਤੀ ਹੋਵੇਗੀ। ਬਾਣੀ (ਦੇ ਪਾਠ ਵਿਚ) ਗੋਬਿੰਦ ਦੇ ਗੁਣਾਂ ਦੀ ਅਰ ਨਾਮ ਦੀ ਧੁਨਿ ਲਗ ਜਾਂਦੀ ਹੈ। ਵੇਦਾਂ ਸਿਮ੍ਰਿਤੀਆਂ ਤੇ ਸ਼ਾਸਤ੍ਰਾਂ ਨੇ (ਬੀ ਇਹ ਗਲ ਕਰਨੀ) ਆਖੀ ਹੈ (ਕਿ ਨਾਮ ਜਪੋ ਤੇ ਗੁਣ ਗਾਓ; ਸਾਰੇ ਮਤਾਂ ਦਾ ਸਿਧਾਂਤ ਭੀ ਨਿਰਾ ਪਰਮੇਸ਼ੁਰ ਦਾ ਨਾਮ (ਆਰਾਧਨ) ਹੈ। (ਉਸ ਨਾਮ ਦਾ) ਨਿਵਾਸ ਗੋਬਿੰਦ ਦੇ ਭਗਤ ਦੇ ਮਨ ਵਿਚ (ਸਦਾ ਰਹਿੰਦਾ) ਹੈ। (ਐਸੇ ਗੋਬਿੰਦ ਦੀ ਭਗਤੀ ਵਾਲੇ) ਸਾਧੂ ਦੇ ਸੰਗ ਨਾਲ ਕ੍ਰੋੜਾਂ ਪਾਪ ਮਿਟ ਜਾਂਦੇ ਹਨ, (ਐਸੇ) ਸੰਤ ਦੀ ਕ੍ਰਿਪਾ ਨਾਲ ਹੀ ਜਮਾਂ ਤੋਂ ਛੁਟਕਾਰਾ ਮਿਲਦਾ ਹੈ। (ਪਰ) ਹੇ ਨਾਨਕ! ਸਾਧੂ ਦੀ ਸ਼ਰਣ ਉਹੋ ਆਉਂਦੇ ਹਨ ਜਿਨ੍ਹਾਂ ਦੇ ਮੱਥੇ ਤੇ ਪ੍ਰਭੂ ਨੇ (ਆਪ) ਫਜ਼ਲ (ਦੇ ਲੇਖ) ਪਾਏ ਹਨ ॥ ੭ ॥

ਜਿਸੁ ਮਨਿ ਬਸੈ ਸੁਨੈ ਲਾਇ ਪ੍ਰੀਤਿ ॥ ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥ ਜਨਮ ਮਰਨ ਤਾ ਕਾ ਦੂਖੁ ਨਿਵਾਰੈ ॥ ਦੁਲਭ ਦੇਹ ਤਤਕਾਲ ਉਧਾਰੈ ॥ ਨਿਰਮਲ ਸੋਭਾ ਅੰਮ੍ਰਿਤ ਤਾ ਕੀ ਬਾਨੀ ॥ ਏਕੁ ਨਾਮੁ ਮਨ

ਜੋ (ਮਨ ਦੀ) ਪ੍ਰੀਤ ਲਾਕੇ (ਇਸ ਨਾਮ ਪ੍ਰਤਿਪਾਦਨੀ ਬਾਣੀ ਨੂੰ) ਸੁਣੇਗਾ ਤੇ ਜਿਸਦੇ ਮਨ ਵਿਚ ਇਹ ਵਸ ਜਾਏਗੀ, ਉਸਦੇ ਚਿੱਤ ਵਿਚ (ਸਰਬ ਪਾਪਾਂ ਦੇ) ਹਰਨੇ ਵਾਲਾ ਪ੍ਰਭੂ ਆ ਵੱਸੇਗਾ; ਉਸਦਾ ਜਨਮ ਮਰਨ ਦਾ ਦੁਖ (ਉਹ ਪ੍ਰਭੂ) ਦੂਰ ਕਰ ਦੇਵੇਗਾ (ਅਤੇ ਉਸਦੀ) ਦੁਰਲਭ ਦੇਹ ਦਾ ਝਟ ਪਟ ਉਧਾਰ ਕਰ ਦੇਵੇਗਾ। (ਇਸ ਬਾਣੀ ਵਿਚ ਦੱਸੇ) ਇਕ ਨਾਮ ਦੇ ਮਨ ਵਿਚ ਸਮਾ ਜਾਣੇ ਨਾਲ ਉਸਦੀ ਨਿਰਮਲ ਕੀਰਤੀ ਹੋਵੇਗੀ ਤੇ (ਉਸਦੀ) ਬਾਣੀ ਅੰਮ੍ਰਿਤ (ਵਰਗੀ ਮਿੱਠੀ ਤੇ

*ਸੁਖਮਨੀ ਦੇ ਸ਼ਰਧਾ ਨਾਲ ਪੜ੍ਹਨ, ਸੁਣਨ, ਵੀਚਾਰਨ ਤੇ ਅਮਲ ਕਰਨ ਤੇ ਉਹਨਾਂ ਗਲਾਂ ਦੀ ਸੋਝੀ ਹੋ ਆਵੇਗੀ ਤੇ ਇਹ ਪ੍ਰਾਪਤ ਹੋਣਗੀਆਂ ਜੋ ਕਿ ਇਸ ਅਸਟਪਦੀ ਵਿਚ ਆਈਆਂ ਹਨ।

† 'ਅੰਤਰਿ ਗਤਿ ਤੀਰਥਿ ਮਲਿ ਨਾਉ' ਵਾਲੇ ਇਸ਼ਨਾਨ ਤੋਂ ਭਾਵ ਹੈ।

ਮਾਹਿ ਸਮਾਨੀ ॥ ਦੂਖ ਰੋਗ ਬਿਨਸੇ ਭੈ ਭਰਮ ॥ ਸਾਧ ਨਾਮ ਨਿਰਮਲ ਤਾਕੇ ਕਰਮ ॥ ਸਭ ਤੇ ਊਚ ਤਾਕੀ ਸੋਭਾ ਬਨੀ ॥ ਨਾਨਕ ਇਹ ਗੁਣਿ ਨਾਮੁ ਸੁਖਮਨੀ ॥ ੮ ॥ ੨੪ ॥

ਅਮਰ ਕਰਨੇ ਵਾਲੀ) ਹੋ ਜਾਏਗੀ। (ਉਸਦੇ) ਦੁੱਖ ਤੇ ਰੋਗ (ਤੇ ਨਾਲ ਹੀ ਓਹ ਜਿਨ੍ਹਾਂ ਦੇ ਫਲ ਵਿਚ ਏਹ ਦੁਖ ਤੇ ਰੋਗ ਹੁੰਦੇ ਹਨ ਅਰਥਾਤ) ਭੈ ਤੇ ਭਰਮ ਬਿਨਸ ਜਾਣਗੇ*, ਉਸਦੇ ਕਰਮ ਪਵਿਤ੍ਰ (ਹੋ ਜਾਣਗੇ ਤੇ ਉਸ ਦਾ) ਨਾਮ ਸਾਧੂ ਹੋ ਜਾਏਗਾ। ਉਸਦੀ ਸ਼ੋਭਾ (ਸੰਸਾਰਕ, ਪਰਮਾਰਥਿਕ ਤੇ ਸੁਰਗੀ ਸ਼ੋਭਾ ਵਾਲਿਆਂ) ਸਭਨਾਂ ਤੋਂ ਉੱਚੀ ਜਾ ਬਣੇਗੀ। ਇਨ੍ਹਾਂ ਗੁਣਾਂ ਕਰਕੇ ਇਸ ਬਾਣੀ ਦਾ ਨਾਮ ਸੁਖਮਨੀ† ਹੈ, (ਬਚਨ ਕਰਦੇ ਹਨ ਸ੍ਰੀ ਗੁਰੂ) ਨਾਨਕ (ਦੇਵ ਜੀ ਮਹਾਰਾਜ) ॥ ੮ ॥ ੨੪ ॥

**ਨਿਰੁਕਤ**–ਖੇਮ–[ਸੰਸ:, ਕ੍ਸ਼ੇਮ:=ਸ਼ਾਂਤੀ, ਪ੍ਰਸੰਨਤਾ। ਮੋਖ (ਮੁਕ੍ਤੀ)] ਕਲਯਾਨ, ਮੁਕਤੀ।

ਕੁਸਲ–[ਸੰਸ:, ਕੁਸ਼ਲ:] ਸੁਖ, ਤੰਦਰੁਸਤੀ।

ਦਾਮੋਦਰ–[ਸੰਸ:, ਦਾਮੋਦਰ:] ਜਿਸ ਦੇ ਪੇਟ ਨੂੰ ਰੱਸੀ ਬੱਧੀ ਸੀ,ਸ੍ਰੀ ਕ੍ਰਿਸ਼ਨ। ਇਸ ਤੋਂ ਇਹ ਹੋ ਗਿਆ ਪਰਮੇਸ਼ੁਰ ਦਾ ਨਾਮ। (ਅ) ਦਾਮ=ਵਿਸ਼੍ਵ+ਉਦਰ=ਪੇਟ; ਜਿਸ ਦੇ ਪੇਟ ਵਿਚ ਵਿਸ਼੍ਵ ਹੈ (ਏ) ਜਿਸ ਨੇ ਵਿਸ਼੍ਵ ਨੂੰ ਪੇਟ ਲਾ ਦਿਤਾ ਹੈ ਉਹ ਕਰਤਾ।

ਸਲੋਕ–[ਸੰਸ:, ਸ਼੍ਲੋਕ:] ਜੱਸ ਤੇ ਕੀਰਤੀ ਦਾ ਛੰਦ। ਭਾਵ ਹੈ ਸੁਖਮਨੀ ਸਾਹਿਬ ਦੀ ਬਾਣੀ ਪ੍ਰਭੂ ਕੀਰਤੀ ਦੇ ਪਰਮ ਪਵਿੱਤ੍ਰ ਛੰਦ ਹਨ।(ਵਿਸ਼ੇਸ਼ ਦੇਖੋ ਪੰਨਾ ੧੬੫੯)।

ਸਰਨਿ ਜੋਗੁ–ਉਹ ਜੋ ਸ਼ਰਨ ਆਏ ਨੂੰ ਸ਼ਰਨ ਵਿਚ ਲੈ ਲੈਣ ਨੂੰ ਸਮਰੱਥ ਹੈ ਤੇ ਲੈ ਬੀ ਲੈਂਦਾ ਹੈ।

ਜੰਜਾਲ–[ਹਿੰਦੀ,] ਝੰਜਟ,ਬਖੇੜਾ,ਝਮੇਲਾ(ਸੰਸ:, ਜਨ:+ਜਾਲੰ=ਮਨੁਖਾਂ ਦਾ ਰਚਿਆ ਧੋਖਾ)।

ਆਲ ਜੰਜਾਲ–[ਸੰਸ:, ਆਲਯ:=ਘਰ, ਰਹਿਣ ਦੀ ਥਾਂ।] ਘਰਾਂ ਦੇ ਧੰਧੇ।

ਚਾਰਿ ਪਦਾਰਥ–[ਦੇਖੋ ਪੰਨਾ ੧੬੭੧] ਧਰਮ, ਅਰਥ, ਕਾਮ, ਮੋਖ।

## 'ਥਿਤੀ' ਗਉੜੀ

ਚੰਦ੍ਰਮਾਂ ਦੀ ਚਾਲ ਦੇ ਹਿਸਾਬ ਜੋ ਦਿਨ ਗਿਣੀਂਦੇ ਹਨ ਉਨ੍ਹਾਂ ਨੂੰ ਸੰਸਕ੍ਰਿਤ ਵਿਚ 'ਤਿਥਿ' ਤੇ ਪੰਜਾਬੀ ਵਿਚ 'ਥਿਤਿ' ਆਖਦੇ ਹਨ। ਜਿਕੂੰ ਪ੍ਰਵਿਸ਼ਟੇ ਦੇ ਹਿਸਾਬ ਮਹੀਨੇ ਦੀ ਪਹਿਲੀ ਦੂਜੀ ਤੋਂ ਤੀਹ ਇਕੱਤੀ ਤੇ ਕਦੇ ੩੨ ਤਕ ਦਿਨ ਗਿਣੀਂਦੇ ਹਨ, ਤਿਵੇਂ ਥਿੱਤਾਂ ਵਿਚ ਏਕਮ, ਦੂਜ, ਤੀਜ ਤੋਂ ਗਿਣਦੇ ੧੪ ਨੂੰ ਚੌਦਸ਼ ਕਹਿਕੇ ਗੇਣਤੀ ਕਰਦੇ ਹਨ। ਜਿਸ ਚੌਦਸ ਤੋਂ ਅਗਲੇ ਦਿਨ ਪੂਰਾ ਚੰਦ ਰਾਤ ਨੂੰ ਚੜ੍ਹਨਾ ਹੋਵੇ ਉਸ ਥਿਤਿ ਨੂੰ ਪੁੰਨਜਾਂ ਜਾਂ ਪੂਰਨਮਾਸ਼ੀ ਤੇ ਜਿਸ ਚੌਦਸ਼ ਤੋਂ ਅਗਲੀ ਰਾਤ ਚੰਦ੍ਰਮਾਂ ਉੱਕਾ ਨਾ ਦਿੱਸਣਾ ਹੋਵੇ ਉਸ ਨੂੰ ਅਮਾਵਸ਼ ਯਾ ਆਮ ਬੋਲੀ ਵਿਚ ਮੱਸਯਾ ਆਖਦੇ ਹਨ।

ਸੋ ਇਸ ਅਗਲੀ ਬਾਣੀ ਵਿਚ ਪੰਜਵੇਂ ਸਤਿਗੁਰੂ ਜੀ ਏਕਮ ਤੋਂ ਲੈਕੇ ਅਮਾਵਸ਼ ਤਕ ਪੰਦਰਾਂ

*ਭਾਵ ਭੈ ਤੇ ਭਰਮ ਦੇ ਔਗੁਣ ਅੰਦਰ ਜਦ ਪ੍ਰਬਲ ਹੋ ਜਾਂਦੇ ਹਨ ਤਾਂ ਇਨ੍ਹਾਂ ਦਾ ਫਲ ਦੁੱਖ ਤੇ ਰੋਗ ਹੁੰਦੇ ਹਨ, ਸੋ ਦੋ ਕਾਰਨ–ਭੈ ਤੇ ਭਰਮ ਤੇ ਦੋ ਫਲ ਦੁਖ ਤੇ ਰੋਗ ਚਾਰੇ ਦੂਰ ਹੋ ਜਾਣਗੇ।

†ਸੁਖ+ਮਨ+ਈ=ਮਨ ਨੂੰ ਸੁਖ ਦੇਣ ਵਾਲੀ।

ਥਿਤਾਂ ਗਿਣਦੇ ਹਨ । ਇਥੇ ਅੰਕ ੧੫ ਮੁੱਕਦਾ ਹੈ । ਅੰਕ ੧੬ ਵਿਚ ਆਪ ਜੀ ਪੂਰਨਮਾਸ਼ੀ ਨੂੰ ਲੈਂਦੇ ਹਨ । ਇਸ ਤਰ੍ਹਾਂ ਸਾਰੀਆਂ ਥਿਤਾਂ ਮੁਕਾਕੇ ਅੰਕ ੧੭ ਵਿਚ ਸਾਰੀ ਬਾਣੀ ਦਾ ਤਤ ਸਾਰ ਲਿਖਦੇ ਹਨ ।

ਥਿਤਾਂ ਦੀ ਬਾਣੀ ਕਿਸ ਪਰਥਾਇ ਰਚੀ ਗਈ, ਇਸ ਬਾਬਤ ਕੋਈ ਉਥਾਨਕਾ ਪ੍ਰਸਿੱਧ ਨਹੀਂ ਹੈ । ਐਉਂ ਜਾਪਦਾ ਹੈ ਕਿ ਥਿੱਤਾਂ ਨਾਲ ਦੋ ਗਲਾਂ ਜੁੜੀਆਂ ਹੋਈਆਂ ਸਨ, ਇਸ ਕਰਕੇ ਹਰ ਥਿਤਿ ਪਰਥਾਇ ਬਾਣੀ ਰਚੀ ਕਿ ਗੁਰ ਸਿਖ ਉਨ੍ਹਾਂ ਤੋਂ ਉਚੇ ਉੱਠਣ ਤੇ ਥਿੱਤਾਂ ਸੰਬੰਧੀ ਉੱਚੇ ਖਿਆਲ ਵਾਹਿਗੁਰੂ ਉਪਾਸ਼ਨਾ ਸੰਬੰਧੀ ਧਾਰਨ ਕਰ ਲੈਣ ।

ਥਿੱਤਾਂ ਹਨ ਤਾਂ ਚੰਦ੍ਰਮਾਂ ਦੇ ਹਿਸਾਬ ਦੀਆਂ ਤਰੀਕਾਂ ਪਰ ਇਨ੍ਹਾਂ ਦੇ ਸੰਬੰਧ ਵਿਚ ਜਯੋਤਸ਼ੀਆਂ ਨੇ ਤਾਸੀਰਾਂ ਕਥੀਆਂ ਹਨ, ਜੋ ਭਰਮ ਦੇ ਰੂਪ ਵਿਚ ਆਮ ਲੋਕਾਂ ਵਿਚ ਪ੍ਰਵਿਰਤ ਹਨ । ਜਿਵੇਂ ਮੰਗਲ ਨੂੰ ਤੇ ਵੀਰਵਾਰ ਨੂੰ ਚੀਹੜਾ ਕਹਿ ਲੈਂਦੇ ਹਨ ਤਿਵੇਂ ਤਿੱਥਾਂ ਵਿਚ ਬੀ ਸ਼ੁਭ ਅਸ਼ੁਭ ਵੀਚਾਰ ਰਖਦੇ ਹਨ । ਫੇਰ ਹੋਰ ਬੀ ਕਈ ਗਲਾਂ ਇਨ੍ਹਾਂਨਾਲ ਸੰਬੰਧਿਤ ਹੋਗਈਆਂ ਸਨ, ਜਿਵੇਂ ਏਕਮ ਨੂੰ ਪਠਨ ਪਾਠਨ ਦੀ ਛੁੱਟੀ ਹੁੰਦੀ ਸੀ, ਪਰ ਇਸ ਦਾ ਵਹਿਮੀ ਰੂਪ ਇਹ ਹੋ ਗਿਆ ਸੀ ਕਿ ਜੇ ਕੋਈ ਏਕਮ ਨੂੰ ਪਾਠ ਕਰੇਗਾ ਤਾਂ ਉਸ ਨਾਲ ਵਿਦਯਾ ਗੁੱਸੇ ਹੋ ਜਾਏਗੀ, ਉਸ ਨੂੰ ਪੜ੍ਹਿਆ ਪਾਠ ਭੁੱਲ ਜਾਏਗਾ* । ਏਕਾਦਸ਼ੀ ਨੂੰ ਫਾਕਾ ਕਰਨ ਦਾ ਰਿਵਾਜ ਇਸ ਵਹਿਮ ਵਿਚ ਪਲਟ ਗਿਆ ਸੀ ਕਿ ਜੋ ਉਸ ਦਿਨ ਅਨਾਜ ਖਾਏਗਾ ਉਸ ਨੂੰ ਦੂਸ਼ਣਾ ਲਗੇਗੀ ।

ਇਸੀ ਤਰ੍ਹਾਂ ਸ਼ਾਹੂਕਾਰ ਲੋਕ ਅਪਣੇ ਕਰਜ਼ਦਾਰਾਂ ਪਾਸੋਂ ਵਿਆਜ ਇਨ੍ਹਾਂ ਥਿੱਤਾਂ ਦੇ ਹਿਸਾਬ ਗਿਣਕੇ ਲੈਂਦੇ ਹੁੰਦੇ ਸਨ ਤੇ ਅਜੇ ਬੀ ਰਿਵਾਜ ਹੈ । ਇਸ ਤਰੀਕੇ ਨਾਲ ਵਿਆਜ ਕੁਛ ਵਧੇਰੇ ਪੱਲੇ ਪੈ ਜਾਂਦਾ ਸੀ । ਜੇ ਕੋਈ ਗੁਰ ਸਿਖ ਵਿਆਜ ਲੈਣ ਵਾਲਾ ਹਰ ਥਿੱਤ ਤੇ ਇਸ 'ਥਿੱਤੀ' ਬਾਣੀ ਵਿਚੋਂ ਉਸ ਥਿਤ ਦਾ ਸਲੋਕ ਤੇ ਪਉੜੀ ਪੜ੍ਹ ਲਵੇ ਤਾਂ ਉਹ ਉਚੇ ਰੂਹਾਨੀ ਖਯਾਲਾਂ ਦੀ ਰੂਹ ਲੈਕੇ ਦੇਣਦਾਰਾਂ ਨਾਲ ਨੇਕ ਤੇ ਵਿਸ਼ਾਲ ਸਲੂਕ ਕਰੇ । ਕਿਉਂਕਿ ਇਸ ਬਾਣੀ ਵਿਚ ਹਰੇਕ ਥਿਤ ਲਈ ਸੁਹਣੇ ਸੁਹਣੇ ਖਿਆਲ ਬਖਸ਼ੇ ਹੋਏ ਹਨ ਤੇ ਵਾਹਿਗੁਰੂ ਨਾਲ ਮਿਲੇ ਰਹਿਣ ਤੇ ਉਸ ਦੇ ਪਿਆਰ ਵਿਚ ਜਗਤ ਯਾਤ੍ਰਾ ਨੂੰ ਵੇਖਣ ਦੇ ਉਪਦੇਸ਼ ਹਨ ।

ਇਸ ਬਾਣੀ ਵਿਚ ਬੀ ਸੁਖਮਨੀ ਤੇ ਬਾਵਨ ਅਖਰੀ ਵਾਂਙੂ ਇਕੋ ਹੀ ਰਹਾਉ ਹੈ: ਜਿਸ ਵਿਚ ਰੋਜ਼ ਦੀਆਂ ਤਿੱਥਾਂ ਮੁਤਾਬਕ ਹਰੀ ਜਸ ਕਰਨੇ ਦਾ ਉਪਦੇਸ਼ ਹੈ ।

# ਥਿਤੀ ਗਉੜੀ ਮਹਲਾ ੫ ਸਲੋਕੁ

## ੴ ਸਤਿਗੁਰ ਪ੍ਰਸਾਦਿ ॥

| | |
|---|---|
| ਜਲਿ ਥਲਿ ਮਹੀਅਲਿ ਪੂਰਿਆ ਸੁਆਮੀ ਸਿਰਜਨਹਾਰੁ ॥ ਅਨਿਕ ਭਾਂਤਿ ਹੋਇ ਪਸਰਿਆ ਨਾਨਕ ਏਕੰਕਾਰੁ ॥ ੧ ॥ | (ਸਾਰੇ) ਪਾਣੀ ਵਿਚ (ਸਾਰੀ) ਧਰਤੀ ਵਿਚ, ਧਰਤੀ ਅਰ ਅਕਾਸ਼ (ਦੇ ਵਿਚਕਾਰਲੇ ਥਾਂ) ਵਿਚ (ਸਾਰੇ ਹੀ ਇਸ ਸਭ ਕੁਛ ਨੂੰ) ਬਨਾਉਣ ਵਾਲਾ ਮਾਲਕ ਪੂਰਨ ਹੋ ਰਿਹਾ ਹੈ । ਹੇ ਨਾਨਕ ! (ਉਹ ਹੈ ਤਾਂ ਕੇਵਲ) ਇਕੋ ਇਕ ਪਰ ਫੈਲ ਰਿਹਾ ਹੈ (ਸਾਰੇ) ਕਈ ਤਰ੍ਹਾਂ ਦਾ ਹੋ ਹੋ ਕੇ ॥ ੧ ॥ |

*ਬੀਚ ਅਸ਼ਟਮੀ ਮੀਚ ਗੁਰ ਅਸ਼ਟ-ਖਸ਼ਟਮੀ ਸਿੱਖਯ ।
ਪੰਚਦਸ਼ੀ ਗੁਰ ਸਿਖ ਮਰੇ ਏਕਮ ਪਾਠ ਅਸਿਖਯ ॥ [ਸਾਰੁਕਤਾਵਲੀ ।

ਪਉੜੀ ॥ ਏਕਮ ਏਕੰਕਾਰੁ ਪ੍ਰਭੁ ਕਰਉ ਬੰਦਨਾ ਧਿਆਇ ॥ ਗੁਣ ਗੋਬਿੰਦ ਗੁਪਾਲ ਪ੍ਰਭ ਸਰਨਿ ਪਰਉ ਹਰਿ ਰਾਇ ॥ ਤਾਕੀ ਆਸ ਕਲਿਆਣ ਸੁਖ ਜਾਤੇ ਸਭੁ ਕਛੁ ਹੋਇ ॥ ਚਾਰਿ ਕੁੰਟ ਦਹਦਿਸਿ ਭ੍ਰਮਿਓ ਤਿਸੁ ਬਿਨੁ ਅਵਰੁ ਨ ਕੋਇ ॥ ਬੇਦ ਪੁਰਾਨ ਸਿਮ੍ਰਿਤਿ ਸੁਨੇ ਬਹੁ ਬਿਧਿ ਕਰਉ ਬੀਚਾਰੁ ॥ ਪਤਿਤ ਉਧਾਰਨ ਭੈ ਹਰਨ ਸੁਖ ਸਾਗਰ ਨਿਰੰਕਾਰ ॥ ਦਾਤਾ ਭੁਗਤਾ ਦੇਨਹਾਰੁ ਤਿਸੁ ਬਿਨੁ ਅਵਰੁ ਨ ਜਾਇ ॥ ਜੋ ਚਾਹਹਿ ਸੋਈ ਮਿਲੈ ਨਾਨਕ ਹਰਿ ਗੁਨ ਗਾਇ ॥੧॥

ਏਕਮ (ਥਿਤ ਦਾ ਉਪਦੇਸ਼ ਇਹ ਹੈ ਕਿ ਮੈਂ ਸਲੋਕ ਵਿਚ ਕਥੇ) ਏਕੰਕਾਰ ਪ੍ਰਭੂ ਨੂੰ ਧਿਆਨ ਵਿਚ ਲੈਕੇ ਮੱਥਾ ਟੇਕਦਾ ਹਾਂ (ਅਤੇ ਉਸ ਏਕੰਕਾਰ ਦੀ, ਜਿਸ ਨੂੰ) ਗੋਬਿੰਦ, ਗੁਪਾਲ, ਪ੍ਰਭੂ ਤੇ ਹਰੀ ਰਾਇ (ਬੀ ਆਖਦਾ ਹਾਂ) ਸ਼ਰਣ ਪੈਕੇ (ਉਸ ਦੇ) ਗੁਣ ਗਾਉਂਦਾ ਹਾਂ। (ਆਪਣੀ) ਕਲਿਆਣ (ਮੁਕਤੀ ਲਈ ਅਤੇ ਸੁਖਾਂ (ਭਾਵ ਸੰਸਾਰਕ ਸੁਖਾਂ) ਲਈ ਉਸੇ ਦੀ ਆਸ ਕਰੀਏ ਜਿਸ ਤੋਂ (ਕਿ) ਸਭੋ ਕੁਛ ਹੋਇਆ ਹੈ। ਚਾਰੇ ਕੂੰਟਾਂ ਵਿਚ ਤੇ ਦਸੋ ਦਿਸ਼ਾਂ ਵਿਚ (ਮੈਂ) ਫਿਰਿਆ ਹਾਂ (ਕਿ ਕੋਈ ਹੋਰ ਬੀ ਹੈ, ਜੋ ਕਲਯਾਣ=ਮੁਕਤੀ ਤੇ ਸੁਖ='ਸੰਸਾਰਕ ਸੁਖ' ਦੇ ਸਕੇ, ਪਰ) ਉਸ (ਉਪਰ ਕਥੇ ਏਕੰਕਾਰ) ਤੋਂ ਬਿਨਾਂ ਹੋਰ ਕੋਈ ਨਹੀਂ ਹੈ। (ਇਸ ਤੋਂ ਛੁਟ ਮੈਂ) ਵੇਦ ਪੁਰਾਣ ਤੇ ਸਿੰਮ੍ਰਤੀਆਂ ਸੁਣੀਆਂ ਹਨ ਤੇ (ਹੋਰ ਬੀ) ਕਈ ਤਰ੍ਹਾਂ ਨਾਲ ਵੀਚਾਰ ਕਰਦਾ ਹਾਂ, (ਤਾਂ ਬੀ ਇਥੇ ਹੀ ਅੱਪੜਦਾ ਹਾਂ ਕਿ ਕਲਯਾਣ ਵਾਸਤੇ) ਗਿਰਿਆਂ ਹੋਇਆਂ (=ਪਾਪੀਆਂ) ਨੂੰ ਉਠਾਉਣ ਵਾਲਾ (ਭਾਵ ਤਾਰਨ ਵਾਲਾ ਅਤੇ ਜਨਮ ਮਰਨ ਦਾ) ਭੈ ਦੂਰ ਕਰਨ ਵਾਲਾ (ਅਤੇ ਸੰਸਾਰਕ ਸੁਖਾਂ ਲਈ) ਸੁਖਾਂ ਦਾ ਸਮੁੰਦਰ (ਉਹੀ) ਨਿਰੰਕਾਰ ਹੈ (ਜਿਸ ਨੂੰ ਏਕੰਕਾਰ ਕਹਿ ਆਏ ਹਾਂ)। (ਗਲ ਕੀ) ਦਾਤਾ (ਹੋਕੇ) ਦਣ ਵਾਲਾ (ਤੇ) ਭੋਗਤਾ ਹੋਕੇ (ਲੈਣ ਵਾਲਾ ਉਹੀ ਹੈ), ਉਸ ਬਿਨਾਂ ਹੋਰ ਕੋਈ ਟਿਕਾਣਾ ਹੈ ਹੀ ਨਹੀਂ। (ਹੇ ਭਾਈ!) ਜੋ ਤੂੰ ਚਾਹੇਂਗਾ ਸੋਈਓ (ਕੁਛ ਤੈਨੂੰ) ਮਿਲੇਗਾ (ਤੂੰ ਉਸੇ ਨਿਰੰਕਾਰ) ਹਰੀ ਦੇ ਗੁਣ ਗਾਇਨ ਕਰ, (ਫੁਰਮਾਉਂਦੇ ਹਨ ਗੁਰੂ) ਨਾਨਕ (ਦੇਵ ਜੀ) ॥ ੧ ॥

ਗੋਬਿੰਦ ਜਸੁ ਗਾਈਐ ਹਰਿ ਨੀਤ॥ ਮਿਲਿ ਭਜੀਐ ਸਾਧ ਸੰਗਿ ਮੇਰੇ ਮੀਤ ॥ ੧ ॥ ਰਹਾਉ ॥

(ਹਾਂ ਉਸ) ਗੋਬਿੰਦ ਹਰੀ ਦੇ ਗੁਣ ਸਦਾ ਗਾਵੀਏ, (ਪਰ) ਹੇ ਮੇਰੇ ਮਿਤ੍ਰ! ਸਾਧੂ ਦੇ ਸੰਗ ਵਿਚ ਮਿਲ ਕੇ (ਉਸਦਾ) ਭਜਨ ਕਰੀਏ ॥ ੧ ॥ ਰਹਾਉ ॥

ਸਲੋਕੁ ॥ ਕਰਉ ਬੰਦਨਾ ਅਨਿਕ ਵਾਰ ਸਰਨਿ ਪਰਉ ਹਰਿ ਰਾਇ ॥ ਭ੍ਰਮੁ ਕਟੀਐ ਨਾਨਕ ਸਾਧ ਸੰਗਿ ਦੁਤੀਆ ਭਾਉ ਮਿਟਾਇ ॥ ੨ ॥

(ਅਪਣੇ ਦੁਆਰਾ ਉਪਦੇਸ਼ ਕਰਦੇ ਹਨ ਕਿ ਉਸ ਏਕੰਕਾਰ) ਹਰੀ ਰਾਇ ਨੂੰ ਅਨੇਕ ਵਾਰੀ ਮੱਥਾ ਟੇਕਦਾ ਹਾਂ (ਤੇ ਉਸੇ ਦੀ) ਸ਼ਰਣ ਵਿਚ ਪਿਆ ਰਹਿੰਦਾ ਹਾਂ, (ਜਿਸ ਕਰਕੇ ਕਿ) ਭਰਮ ਕਟਿਆ ਜਾਂਦਾ ਹੈ, ਅਤੇ ਸਾਧਸੰਗਤ ਵਿਚ ਨਾਨਕ (ਤਾਂ ਰਹਿੰਦਾ ਹੈ ਕਿ ਇਸ ਨਾਲ) ਦ੍ਵੈਤ ਭਾਵਨਾ ਮਿਟ ਜਾਂਦੀ ਹੈ ॥ ੨ ॥

ਪਉੜੀ ॥ ਦੁਤੀਆ ਦੁਰਮਤਿ ਦੂਰਿ ਕਰਿ ਗੁਰ ਸੇਵਾ ਕਰਿ ਨੀਤ॥ ਰਾਮ ਰਤਨੁ ਮਨਿ ਤਨਿ ਬਸੈ ਤਜਿ ਕਾਮੁ ਕ੍ਰੋਧੁ ਲੋਭੁ ਮੀਤ ॥ ਮਰਣੁ

ਦੂਜ (ਦੀ ਥਿੱਤ ਦਾ ਇਹ ਵੀਚਾਰ ਹੈ ਕਿ) ਹੇ ਮਿੱਤ੍ਰ ! ਖੋਟੀ ਮਤਿ* ਨੂੰ ਦੂਰ ਕਰ ਤੇ ਗੁਰੂ ਦੀ ਸੇਵਾ ਸਦਾ ਕਰ (ਤਾਂ ਜੋ ਗੁਰੂ ਦੀ ਮੇਹਰ ਨਾਲ) ਰਾਮ (ਨਾਮ ਰੂਪੀ) ਰਤਨ ਤੇਰੇ ਮਨ ਤੇ ਤਨ ਵਿਚ ਵਸ ਜਾਵੇ (ਅਤੇ) ਕਾਮ ਕ੍ਰੋਧ ਲੋਭ (ਤੈਥੋਂ) ਛੁਟ

*ਉਹ ਮਤਿ ਜੋ ਖੋਟੇ ਕਰਮਾਂ ਵਲ ਲੈ ਜਾਂਦੀ ਹੈ ਤੇ ਪਾਪ ਕਰਾਉਂਦੀ ਹੈ ਅਤੇ ਗੁਰੂ ਤੋਂ ਬੇਮੁਖ ਰਖਦੀ ਹੈ।

ਮਿਟੈ ਜੀਵਨੁ ਮਿਲੈ ਬਿਨਸਹਿ ਸਗਲ ਕਲੇਸ ॥ ਆਪੁ ਤਜਹੁ ਗੋਬਿੰਦ ਭਜਹੁ ਭਾਉ ਭਗਤਿ ਪਰਵੇਸ ॥ ਲਾਭੁ ਮਿਲੈ ਤੋਟਾ ਹਿਰੈ ਹਰਿ ਦਰਗਹ ਪਤਿਵੰਤ ॥ ਰਾਮ ਨਾਮ ਧਨੁ ਸੰਚਵੈ ਸਾਚ ਸਾਹ ਭਗਵੰਤ ॥ ਊਠਤ ਬੈਠਤ ਹਰਿ ਭਜਹੁ ਸਾਧੂ ਸੰਗਿ ਪਰੀਤਿ ॥ ਨਾਨਕ ਦੁਰਮਤਿ ਛੁਟਿ ਗਈ ਪਾਰਬ੍ਰਹਮ ਬਸੇ ਚੀਤਿ ॥ ੨ ॥

ਜਾਵੇ* (ਅਤੇ ਤੇਰਾ ਜਨਮ) ਮਰਣ ਮਿਟ ਜਾਵੇ, (ਆਤਮਕ ਸਦੀਵੀ) ਜੀਵਨ (ਤੈਨੂੰ) ਮਿਲ ਜਾਵੇ ਤੇ ਸਾਰੇ (ਤੇਰੇ) ਕਲੇਸ਼ ਨਾਸ਼ ਹੋ ਜਾਣ। (ਪਿੱਛੇ ਕਹੇ ਦਾ ਸਿੱਟਾ ਇਹ ਹੈ ਕਿ) ਆਪਾ ਭਾਵਾ ਦੂਰ ਕਰੋ, ਗੋਬਿੰਦ ਦਾ ਭਜਨ ਕਰੋ, (ਤਾਂ ਜੋ) ਪ੍ਰੇਮਾ ਭਗਤੀ ਵਿਚ (ਤੁਹਾਡਾ) ਪ੍ਰਵੇਸ਼† ਹੋ ਜਾਵੇ, (ਅਤੇ ਹਰ ਤਰ੍ਹਾਂ) ਲਾਹਾ ਹੀ ਲਾਹਾ ਮਿਲੇ ਤੇ (ਹਰ ਤਰ੍ਹਾਂ ਦਾ) ਤੋਟਾ (=ਘਾਟਾ) ਦੂਰ ਹੋ ਜਾਵੇ (ਤੇ ਤੁਸੀਂ) ਹਰੀ ਦੀ ਦਰਗਾਹ ਵਿਚ ਪਤਿ ਵਾਲੇ (ਹੋਕੇ ਜਾਵੋ‡। ਕਿਉਂਕਿ ਜੋ) ਰਾਮ ਨਾਮ (ਰੂਪੀ) ਧਨ ਇਕੱਠਾ ਕਰਦੇ ਹਨ (ਉਹੀ) ਸੱਚ ਸ਼ਾਹ ਹਨ, (ਉਹੀ) ਭਾਗਾਂ ਵਾਲ ਹਨ। (ਇਸ ਲਈ) ਉਠਦਿਆਂ ਬਹਿੰਦਿਆਂ ਹਰੀ ਦਾ ਭਜਨ ਕਰੋ ਤੇ ਸਾਧੂ ਨਾਲ ਪ੍ਰੀਤ ਕਰੋ। (ਇਸ ਤਰ੍ਹਾਂ ਕਰਦਿਆਂ) ਦੁਰਮਤਿ ਦੂਰ ਹੋ ਜਾਂਦੀ ਹੈ ਤੇ ਪਾਰਬ੍ਰਹਮ ਹਿਰਦੇ ਵਿਚ ਆ ਵਸਦਾ ਹੈ (ਫੁਰਮਾਉਂਦੇ ਹਨ ਸ੍ਰੀ ਗੁਰੂ) ਨਾਨਕ (ਦੇਵ ਜੀ) ॥ ੨ ॥

ਸਲੋਕੁ॥ ਤੀਨਿ ਬਿਆਪਹਿ ਜਗਤ ਕਉ ਤੁਰੀਆ ਪਾਵੈ ਕੋਇ॥ ਨਾਨਕ ਸੰਤ ਨਿਰਮਲ ਭਏ ਜਿਨ ਮਨਿ ਵਸਿਆ ਸੋਇ ॥ ੩ ॥

ਤਿੰਨ ✻(ਗੁਣ ਸਾਰੇ) ਜਗਤ ਨੂੰ ਵਿਆਪ ਰਹੇ ਹਨ, (ਤਿੰਨ ਗੁਣਾਂ ਤੋਂ ਉਪਰ ਜੋ ਚੌਥਾ ਪਦ ਹੈ। ਉਹ) ਤੁਰੀਆ ਪਦ ਕੋਈ (ਵਿਰਲਾ) ਪ੍ਰਾਪਤ ਕਰਦਾ ਹੈ। (ਪਰ) ਹੇ ਨਾਨਕ! ਸੰਤ (ਤਿੰਨਾਂ ਗੁਣਾਂ ਦੀ ਮੈਲ ਤੋਂ) ਪਵਿਤ੍ਰ ਹੋ ਗਏ ਹਨ (ਕਿਉਂਕਿ) ਉਨ੍ਹਾਂ ਦੇ ਮਨ ਵਿਚ ਓਹ (ਨਿਰੰਕਾਰ) ਵੱਸ ਗਿਆ ਹੁੰਦਾ ਹੈ ॥ ੩ ॥

ਪਉੜੀ ॥ ਤ੍ਰਿਤੀਆ ਤ੍ਰੈ ਗੁਣ ਬਿਖੈ ਫਲ ਕਬ ਉਤਮ ਕਬ ਨੀਚੁ ॥ ਨਰਕ ਸੁਰਗ ਭ੍ਰਮਤਉ ਘਣੋ ਸਦਾ ਸੰਘਾਰੈ ਮੀਚੁ ॥ ਹਰਖ ਸੋਗ ਸਹਸਾ ਸੰਸਾਰੁ ਹਉ ਹਉ ਕਰਤ ਬਿਹਾਇ॥

ਤੀਜ (ਦੀ ਥਿਤਿ ਦਾ ਉਪਦੇਸ ਇਹ ਹੈ ਕਿ) ਤ੍ਰੈ ਗੁਣਾਂ ਵਾਲੇ (ਜੋ ਲੋਕ ਹਨ ਉਹਨਾਂ) ਨੂੰ ਫਲ ਵਿਹੁ ਪੈਂਦਾ ਹੈ (ਉਹ) ਕਦੇ ਉੱਤਮ ਹੋ ਜਾਂਦੇ ਹਨ ਕਦੇ ਨੀਚ ਹੋ ਜਾਂਦੇ ਹਨ✿। (ਭਾਵ ਤ੍ਰੈ ਗੁਣਾਂ ਵਿਚ ਵਰਤਣ ਵਾਲੇ ਸ਼ੁਭ ਅਸ਼ੁਭ ਕੰਮ ਕਰਦੇ ਹਨ, ਜਿਨ੍ਹਾਂ ਦੇ ਫਲ ਵਿਚ ਕਦੇ ਉਚੇ ਕਦੇ ਨੀਵੇਂ ਹੁੰਦੇ ਰਹਿੰਦੇ ਹਨ) (ਹਾਂ, ਓਹ) ਨਰਕਾਂ ਸੁਰਗਾਂ ਵਿਚ ਬਹੁਤੇ ਭਟਕਦੇ ਫਿਰਦੇ ਹਨ ਸਦਾ (ਉਨ੍ਹਾਂ ਨੂੰ) ਮੌਤ ਮਾਰਦੀ ਰਹਿੰਦੀ ਹੈ, (ਕਦੇ ਉਨ੍ਹਾਂ ਨੂੰ) ਖੁਸ਼ੀਆਂ (ਕਦੇ) ਗਮੀਆਂ, (ਸਦਾ) ਭਰਮਾਂ ਵਿਚ ਹੀ (ਉਨ੍ਹਾਂ ਦੀ) ਹਉ ਹਉ ਕਰਦਿਆਂ (ਉਮਰਾ ਸੰਸਾਰ ਵਿਚ ਬੀਤਦੀ ਹੈ, (ਉਹ ਲੋਕ) ਜਿਸ (ਮਾਲਕ) ਨੇ (ਉਨ੍ਹਾਂ ਨੂੰ) ਰਚਿਆ ਹੈ

*ਤਜਿ ਏਥੇ ਲੋਟ ਲਕਾਰ ਨਹੀਂ ਕਿ 'ਛਡ ਦੇਹ' ਪਰ ਪਹਿਲੀ ਆਈ ਕ੍ਰਿਯਾ 'ਬਸੇ' ਤੇ ਮਗਰੋਂ ਆਈਆਂ ਕ੍ਰਿਆਂ 'ਮਿਟੈ', 'ਮਿਲੈ', 'ਬਿਨਸਹਿ' ਵਤ੍ਰ ਹੈ ਤੇ ਅਰਥ ਹੈ ਤਜਿ=ਛੁਟ ਜਾਵੇ।

†ਵਾਹਿਗੁਰੂ ਦੀ ਪ੍ਰੇਮ ਨਾਲ ਭਗਤੀ ਤੁਹਾਡੇ ਅੰਦਰ ਪੱਕੀ ਹੋ ਜਾਵੇ।

‡ਵਿਹਾਰੀਆਂ ਨੂੰ ਸੱਚੇ ਲਾਹੇ ਦਾ ਉਪਦੇਸ਼ ਦੇ ਰਹੇ ਹਨ। ਸ਼ਾਹਾਂ ਨੂੰ ਸਚੇ ਵਪਾਰ ਦਾ ਖਿਆਲ ਦਾਨ ਕਰ ਰਹੇ ਹਨ।

✻ਤਿੰਨ ਦਾ ਭਾਵ ਤਿੰਨ ਗੁਣ ਹਨ-ਇਹ ਗਲ ਪਉੜੀ ਦੀ ਪਹਿਲੀ ਤੁਕ ਵਿਚ ਦੱਸ ਦਿਤੀ ਹੈ।

✿ਐਉਂ ਬੀ ਕਰਦੇ ਹਨ ਕਿ ਤ੍ਰੈ ਗੁਣਾਂ ਦੇ ਜੋ ਵਿਸ਼ੇ ਹਨ ਓਹ ਕਦੇ ਉੱਤਮ ਬਣਾ ਦੇਂਦੇ ਹਨ ਕਦੇ ਨੀਚ।

ਜਿਨਿ ਕੀਏ ਤਿਸਹਿ ਨ ਜਾਣਨੀ ਚਿਤਵਹਿ ਅਨਿਕ ਉਪਾਇ ॥ ਆਧਿ ਬਿਆਧਿ ਉਪਾਧਿ ਰਸ ਕਬਹੁ ਨ ਤੂਟੈ ਤਾਪ ॥ ਪਾਰਬ੍ਰਹਮ ਪੂਰਨ ਧਨੀ ਨਹ ਬੂਝੈ ਪਰਤਾਪ॥ ਮੋਹ ਭਰਮ ਬੂਡਤ ਘਣੇ ਮਹਾ ਨਰਕ ਮਹਿ ਵਾਸ ॥ ਕਰਿ ਕਿਰਪਾ ਪ੍ਰਭ ਰਾਖਿ ਲੇਹੁ ਨਾਨਕ ਤੇਰੀ ਆਸ ॥ ੩ ॥

ਸਲੋਕੁ ॥ ਚਤੁਰ ਸਿਆਣਾ ਸੁਘੜੁ ਸੋਇ ਜਿਨਿ ਤਜਿਆ ਅਭਿਮਾਨੁ॥ ਚਾਰਿ ਪਦਾਰਥ ਅਸਟ ਸਿਧਿ ਭਜੁ ਨਾਨਕ ਹਰਿ ਨਾਮੁ ॥ ੪ ॥

ਪਉੜੀ ॥ ਚਤੁਰਥਿ ਚਾਰੇ ਬੇਦ ਸੁਣਿ ਸੋਧਿਓ ਤਤੁ ਬੀਚਾਰੁ॥ ਸਰਬ ਖੇਮ ਕਲਿਆਣ ਨਿਧਿ ਰਾਮ ਨਾਮੁ ਜਪਿ ਸਾਰੁ ॥ ਨਰਕ ਨਿਵਾਰੈ ਦੁਖ ਹਰੈ ਤੂਟਹਿ ਅਨਿਕ ਕਲੇਸ ॥ ਮੀਚੁ ਹੁਟੈ ਜਮ ਤੇ ਛੁਟੈ ਹਰਿ ਕੀਰਤਨ ਪਰਵੇਸ ॥ ਭਉ ਬਿਨਸੈ ਅੰਮ੍ਰਿਤੁ ਰਸੈ ਰੰਗਿ ਰਤੇ ਨਿਰੰਕਾਰ ॥ ਦੁਖ ਦਾਰਿਦ ਅਪਵਿਤ੍ਰਤਾ ਨਾਸਹਿ ਨਾਮ ਅਧਾਰ ॥ ਸੁਰਿ ਨਰ ਮੁਨਿ ਜਨ ਖੋਜਤੇ ਸੁਖਸਾਗਰ ਗੋਪਾਲ ॥ ਮਨੁ ਨਿਰਮਲੁ ਮੁਖੁ ਊਜਲਾ ਹੋਇ ਨਾਨਕ ਸਾਧ ਰਵਾਲ ॥ ੪ ॥

ਉਸ ਨੂੰ ਨਹੀਂ ਪਛਾਣਦੇ (ਹੋਰ) ਅਨੇਕਾਂ ਉਪਾਉ (ਯੱਗ, ਤਪ, ਹਠ, ਦਾਨ ਆਦਿ ਦੇ) ਸੋਚਦੇ (ਤੇ ਕਰਦੇ) ਰਹਿੰਦੇ ਹਨ: (ਕਿਉਂਕਿ ਓਹ ਵਿਸ਼ੇ) ਰਸਾਂ (ਵਿਚ ਲੱਗੇ ਰਹਿੰਦੇ ਹਨ ਜਿਨ੍ਹਾਂ ਤੋਂ) ਆਧਿ ਬਿਆਧਿ ਤੇ ਉਪਾਧਿ (ਤ੍ਰੈਏ ਤਾਪ, ਉਨ੍ਹਾਂ ਦੇ) ਕਦੇ (ਬੀ, ਦੂਰ ਨਹੀਂ ਹੁੰਦੇ। (ਤਾਪ ਸਹਿੰਦੇ ਹੋਏ ਬੀ ਓਹ) ਪਾਰ-ਬ੍ਰਹਮ ਦੇ, ਜੋ ਸਭ ਤਰ੍ਹਾਂ (ਸਭ ਦਾ) ਮਾਲਕ ਹੈ, ਪ੍ਰਤਾਪ ਨੂੰ ਨਹੀਂ ਬੁੱਝਦੇ। (ਏਥੇ) ਮੋਹ ਤੇ ਭਰਮ ਵਿਚ ਬਹੁਤ ਡੁੱਬ (ਰਹਿਣ ਕਰਕੇ ਅਗੇ ਜਾਕੇ ਬੀ ਉਨ੍ਹਾਂ ਦਾ) ਵਾਸਾ ਘੋਰ ਨਰਕ ਵਿਚ ਹੁੰਦਾ ਹੈ। (ਅਪਣੇ ਦੁਆਰਾ ਅਰਦਾਸ ਕਰਦੇ ਹਨ:) ਨਾਨਕ ਨੂੰ ਹੇ ਸਾਈਂ ! ਤੇਰੀ (ਹੀ) ਆਸ ਹੈ, ਕਿਰਪਾ ਕਰਕੇ (ਮੈਨੂੰ) ਰਖ ਲੈ ॥ ੩ ॥

ਉਹੀ (ਪੁਰਖ) ਚਤੁਰ ਹੈ, ਸਿਆਣਾ ਹੈ ਤੇ ਚੰਗੀ ਤਰ੍ਹਾਂ ਸਿਖਜਤ ਹੈ, ਜਿਸ ਨੇ (ਅਪਣਾ) ਅਹੰਕਾਰ ਦੂਰ ਕਰ ਦਿਤਾ ਹੈ। (ਅਹੰਕਾਰ ਛੱਡ ਕੇ ਜੋ) ਹਰੀ ਦਾ ਨਾਮ ਭਜਦਾ ਹੈ, ਹੇ ਨਾਨਕ! (ਉਸੇ ਨੂੰ) ਚਾਰੇ ਪਦਾਰਥ ਤੇ ਅੱਠੇ ਸਿੱਧੀਆਂ ਆ ਮਿਲਦੀਆਂ ਹਨ ॥ ॥

ਚੌਥੀ (ਥਿਤ ਲਈ ਇਹ ਉਪਦੇਸ਼ ਹੈ:) ਚਾਰੇ ਵੇਦ ਸੁਣਕੇ (ਇਹ) ਤਤੁ ਵੀਚਾਰ ਨਿਰਣੈ ਕੀਤਾ ਹੈ ਕਿ ਰਾਮ ਦੇ ਨਾਮ ਦਾ ਜਪਣਾ ਸਾਰ ਵਸਤੂ (ਸਭ ਤੋਂ ਕੀਮਤੀ ਸ਼ੈ ਹੈ ਜੋ) ਸਾਰੇ ਸੁਖਾਂ, ਮੁਕਤੀ ਤੇ ਨਿਧੀਆਂ (ਦਾ ਦਾਤਾ) ਹੈ। ਜੋ ਨਰਕਾਂ ਨੂੰ ਦੂਰ ਕਰ ਦੇਂਦਾ ਹੈ, ਦੁਖਾਂ ਨੂੰ ਹਰਿ ਲੈਂਦਾ ਹੈ (ਅਤੇ ਜਿਸ ਕਰਕੇ) ਅਨੇਕਾਂ ਕਲੇਸ਼ ਮਿਟ ਜਾਂਦੇ ਹਨ। ਮੌਤ ਥੱਕ ਜਾਂਦੀ ਹੈ (ਭਾਵ ਫੇਰ ਨਹੀਂ ਵਿਆਪਦੀ ਅਤੇ) ਜਮ ਤੋਂ ਛੁਟਕਾਰਾ ਹੋ ਜਾਂਦਾ ਹੈ (ਕਿਉਂਕਿ ਉਸ ਦਾ) ਹਰੀ ਕੀਰਤਨ ਵਿਚ ਪਰਵੇਸ਼ (ਹੋ ਗਿਆ ਹੁੰਦਾ ਹੈ)। (ਹਾਂ) ਨਿਰੰਕਾਰ ਦੇ ਰੰਗ ਵਿਚ ਰੱਤਿਆਂ ਰਹਿਣੇ ਨਾਲ (ਅੰਦਰ) ਅੰਮ੍ਰਿਤ ਰਸ ਚੋਂਦਾ ਰਹਿੰਦਾ ਹੈ (ਭਾਵ ਭਰਿਆ ਰਹਿੰਦਾ ਤੇ) ਡਰ (ਸਾਰਾ) ਦੂਰ ਹੋ ਜਾਂਦਾ ਹੈ। ਨਾਮ ਦੇ ਆਸਰੇ ਹੋ ਰਹਿਣੇ ਨਾਲ ਦੁਖ, ਗ਼ਰੀਬੀ ਤੇ ਅਪਵਿੱਤ੍ਰਤਾ ਨਾਸ਼ ਹੋ ਜਾਂਦੇ ਹਨ। ਸੁਰ ਲੋਕ (ਤੇ) ਮੁਨੀ ਲੋਕ ਸੁਖਾਂ ਦੇ ਸਾਗਰ ਪ੍ਰਭੂ ਨੂੰ ਲਭਦੇ ਫਿਰਦੇ ਹਨ (ਪਰੰਤੂ ਉਹ ਸੁਖ ਸਾਗਰ ਸੁਲਭ ਹੋ ਜਾਂਦਾ ਹੈ, ਕੀਕੂੰ ? ਉੱਤਰ:) ਸਾਧੂ ਦੀ ਚਰਣ ਧੂੜੀ ਹੋ ਜਾਣ ਨਾਲ, ਹੇ ਨਾਨਕ! ਮਨ (ਹਉਂ ਦੀ) ਮੈਲ ਤੋਂ ਰਹਿਤ ਹੋ ਜਾਂਦਾ ਹੈ (ਤੇ ਦਰਗਾਹੇ) ਮੂੰਹ ਉਜਲਾ ਹੋ ਜਾਂਦਾ ਹੈ (ਭਾਵ ਵਾਹਿਗੁਰੂ ਮਿਲ ਪੈਂਦਾ ਹੈ, ਕਿਉਂਕਿ ਮਨ ਨਿਰਮਲ ਤੇ ਮੂੰਹ ਉਜਲਾ ਹੋ ਜਾਣਾ ਸਾਈਂ ਪ੍ਰਾਪਤੀ ਨਾਲ ਹੀ ਹੁੰਦਾ ਹੈ) ॥ ੪ ॥

ਸਲੋਕੁ ॥ ਪੰਚ ਬਿਕਾਰ ਮਨ ਮਹਿ ਬਸੇ ਰਾਚੇ ਮਾਇਆ ਸੰਗਿ ॥ ਸਾਧ ਸੰਗਿ ਹੋਇ ਨਿਰਮਲਾ ਨਾਨਕ ਪ੍ਰਭ ਕੈ ਰੰਗਿ ॥ ੫ ॥

[ਵਿਕਾਰੀ ਕੀਕੂੰ ਠੀਕ ਹੋਵੇ ?] (ਜਿਸਦੇ) ਮਨ ਵਿਚ ਪੰਜ ਵਿਕਾਰ ਵਸਦੇ ਹਨ ਤੇ ਰਚਿਆ ਰਹਿੰਦਾ ਹੈ ਮਾਇਆ ਵਿਚ, ਉਹ ਸਾਧੂ ਦੇ ਸੰਗ ਵਿਚ (ਵਿਕਾਰਾਂ ਦੀ) ਮੈਲ ਤੋਂ ਨਿਰਮਲ ਹੋ ਜਾਂਦਾ ਹੈ (ਕੀਕੂੰ ?) ਹੇ ਨਾਨਕ ! ਨਾਮ ਦੇ ਪ੍ਰੇਮ ਨਾਲ ॥੫॥

ਪਉੜੀ ॥ ਪੰਚਮਿ ਪੰਚ ਪ੍ਰਧਾਨ ਤੇ ਜਿਹ ਜਾਨਿਓ ਪਰਪੰਚੁ ॥ ਕੁਸਮ ਬਾਸ ਬਹੁ ਰੰਗੁਘਣੋ ਸਭ ਮਿਥਿਆ ਬਲਬੰਚੁ ॥ ਨਹ ਜਾਪੈ ਨਹ ਬੂਝੀਐ ਨਹ ਕਛੁ ਕਰਤ ਬੀਚਾਰੁ ॥ ਸੁਆਦ ਮੋਹ ਰਸ ਬੇਧਿਓ ਅਗਿਆਨਿ ਰਚਿਓ ਸੰਸਾਰੁ ॥ ਜਨਮ ਮਰਣ ਬਹੁ ਜੋਨਿ ਭ੍ਰਮਣ ਕੀਨੇ ਕਰਮ ਅਨੇਕ ॥ ਰਚਨਹਾਰੁ ਨਹ ਸਿਮਰਿਓ ਮਨਿ ਨ ਬੀਚਾਰਿ ਬਿਬੇਕ ॥ ਭਾਉ ਭਗਤਿ ਭਗਵਾਨ ਸੰਗਿ ਮਾਇਆ ਲਿਪਤ ਨ ਰੰਚ ॥ ਨਾਨਕ ਬਿਰਲੇ ਪਾਈਅਹਿ ਜੋ ਨ ਰਚਹਿ ਪਰਪੰਚ ॥ ੫ ॥

ਪੰਚਮੀ (ਥਿਤ ਦਾ ਉਪਦੇਸ਼ ਇਹ ਹੈ !) ਜਿਨ੍ਹਾਂ ਨੇ ਪ੍ਰਪੰਚ (ਸੰਸਾਰ ਨੂੰ) ਸਮਝ ਲਿਆ ਹੈ (ਕਿ ਇਹ ਉਹੀ ਨਰਕ ਰੂਪ ਤੇ ਸਹਸਾ ਸੰਸਾਰ ਹੈ) ਓਹ ਸੰਤ ਹਨ (ਉਹੀ) ਮੁਖੀਏ ਹਨ (ਓਹ ਸਮਝ ਲੈਂਦੇ ਹਨ ਕਿ) ਫੁਲਾਂ ਦੀਆਂ ਬਹੁਤੀਆਂ ਵਾਸ਼ਨਾ ਤੇ ਬਹੁਤੇ ਰੰਗਾਂ (ਵਾਙੂ ਇਹ ਜਗਤ ਦੇ ਰੂਪ ਰੰਗ ਤੇ ਰਸ ਸੁਆਦ) ਸਾਰੇ ਮਿਥਿਆ ਹਨ ਤੇ ਠੱਗੀ ਹਨ (ਭਾਵ ਨਾਸ਼ਮਾਨ ਹਨ ਤੇ ਛਲ ਜਾਂਦੇ ਹਨ ਪਰ ਦੇਖੋ ਸਾਰਾ ਇਹ ਸੰਸਾਰ) ਮੋਹ ਦੇ ਸੁਆਦਾਂ ਤੇ ਰਸਾਂ ਵਿਚ ਵਿੰਨ੍ਹਿਆ ਹੋਇਆ ਅਗਜਾਨ ਵਿਚ ਰਚ ਰਿਹਾ ਹੈ (ਇਸ ਨੂੰ ਅਸਲ ਦਾ ਪਤਾ ਨਹੀਂ ਲਗਦਾ, ਨਾ ਇਹ ਕੁਛ ਸਮਝਦਾ ਹੈ ਨਾ ਇਹ ਕੁਛ ਵੀਚਾਰ ਹੀ ਕਰਦਾ ਹੈ (ਕਿ ਮੈਂ) ਅਨੇਕਾਂ ਕਰਮ ਕਰਦਿਆਂ ਹੋਇਆਂ ਅਨੇਕਾਂ ਜੂਨਾਂ ਵਿਚ ਜਨਮ ਮਰਨ ਦੀਆਂ ਭੁਆਟੀਆਂ ਲਈਆਂ ਹਨ। (ਪਰ) ਰਚਣਹਾਰ ਵਾਹਿਗੁਰੂ (ਨੂੰ ਕਦੇ ਨਹੀਂ ਸਿਮਰਿਆ, ਨਾ ਹੀ ਮਨ ਵਿਚ ਕਦੇ ਵਿਵੇਕ ਵਾਲੀ ਵੀਚਾਰ ਕੀਤੀ ਹੈ। (ਪਰੰਤੂ) ਭਗਵਾਨ ਦੀ ਪ੍ਰੇਮਾ ਭਗਤੀ ਨਾਲ (ਜੋ ਸੰਗੀ ਹੋ ਗਏ ਹਨ ਜੋ) ਮਾਇਆ ਨਾਲ ਰਤਾ ਭਰ ਲਿਪਾਇਮਾਨ ਨਹੀਂ ਹੋਏ, ਹੇ ਨਾਨਕ ! (ਐਸੇ ਪੁਰਖ) ਵਿਰਲੇ ਹਨ ਜੋ ਸੰਸਾਰ ਵਿਚ ਖਚਿਤ ਨਹੀਂ ਹੋ ਜਾਂਦੇ ॥ ੫ ॥

ਸਲੋਕੁ ॥ ਖਟ ਸਾਸਤ੍ਰ ਊਚੌ ਕਹਹਿ ਅੰਤੁ ਨ ਪਾਰਾਵਾਰ ॥ ਭਗਤ ਸੋਹਹਿ ਗੁਣ ਗਾਵਤੇ ਨਾਨਕ ਪ੍ਰਭ ਕੈ ਦੁਆਰ ॥ ੬ ॥

ਛੇ ਸ਼ਾਸਤ੍ਰ (ਆਦਿ) ਉਚੀ ਆਖਦੇ ਹਨ ਕਿ (ਉਸ ਸਿਰਜਣਹਾਰ ਦਾ) ਨਾ ਅੰਤ ਹੈ ਨਾ ਪਾਰ ਉਰਾਰ ਹੈ, (ਪਰ) ਹੇ ਨਾਨਕ ! ਭਗਤ ਪ੍ਰਭੂ ਦੇ ਦੁਆਰੇ (ਉਸ ਦੇ) ਗੁਣ ਗਾਉਂਦੇ ਸੋਭ ਰਹੇ ਹਨ। (ਭਾਵ, ਭਗਤਾਂ ਨੇ ਬੀ ਅੰਤ ਨਹੀਂ ਪਾਇਆ ਪਰ ਗੁਣ ਗਾ ਗਾ ਕੇ ਉਸ ਦੇ ਦਰ ਤੇ ਪਹੁੰਚੇ ਸੁਹਾ ਰਹੇ ਹਨ) ॥ ੬ ॥

ਪਉੜੀ ॥ ਖਸਟਮਿ ਖਟ ਸਾਸਤ੍ਰ ਕਹਹਿ ਸਿਮ੍ਰਿਤਿ ਕਥਹਿ ਅਨੇਕ ॥ ਊਤਮੁ ਊਚੋ ਪਾਰਬ੍ਰਹਮੁ ਗੁਣ ਅੰਤੁ ਨ ਜਾਣਹਿ ਸੇਖ ॥ ਨਾਰਦ ਮੁਨਿ ਜਨ ਸੁਕ ਬਿਆਸ ਜਸੁ ਗਾਵਤ ਗੋਬਿਦ ॥ ਰਸ ਗੀਧੇ ਹਰਿ ਸਿਉ ਬੀਧੇ ਭਗਤ ਰਚੇ ਭਗਵੰਤ ॥

ਛਠਮੀ (ਥਿਤਿ ਦਾ ਉਪਦੇਸ਼ ਇਹ ਹੈ ਕਿ) ਛੇ ਸ਼ਾਸਤ੍ਰ ਬੀ ਆਖਦੇ ਹਨ ਅਤੇ ਅਨੇਕਾਂ ਸਿਮ੍ਰਤੀਆਂ (ਬੀ) ਕਥਨ ਕਰਦੀਆਂ ਹਨ ਕਿ ਪਾਰਬ੍ਰਹਮ (ਸਭ ਤੋਂ) ਉੱਤਮ ਹੈ ਤੇ ਉੱਚਾ ਹੈ ਉਸ ਦੇ (ਸਾਰੇ) ਗੁਣਾਂ ਦੇ ਅੰਤ ਨੂੰ ਸ਼ੇਸ਼ ਨਾਗ ਬੀ ਨਹੀਂ ਜਾਣਦਾ (ਚਾਹੇ ਓਹ ਨਵੇਂ ਤੋਂ ਨਵੇਂ ਨਾਮ ਉਚਾਰਦਾ ਹੈ)। ਨਾਰਦ ਆਦਿ ਮੁਨੀ ਲੋਕ, ਸੁਕਦੇਵ (ਤੇ ਉਸ ਦੇ ਪਿਤਾ) ਬਿਆਸ ਵਰਗੇ ਰਿਖੀ ਲੋਕ) ਗੋਬਿੰਦ ਦਾ ਜਸ ਗਾਉਂਦੇ ਹਨ। ਰਸ ਵਿਚ ਗਿੱਝੇ ਹੋਏ ਹਰੀ ਨਾਲ ਵਿੰਨ੍ਹੇ ਹੋਏ ਭਗਵੰਤ

ਮੋਹ ਮਾਨ ਭ੍ਰਮੁ ਬਿਨਸਿਓ ਪਾਈ ਸਰਨਿ ਦਇਆਲ॥ ਚਰਨ ਕਮਲ ਮਨਿ ਤਨਿ ਬਸੇ ਦਰਸਨੁ ਦੇਖਿ ਨਿਹਾਲ ॥ ਲਾਭੁ ਮਿਲੈ ਤੋਟਾ ਹਿਰੈ ਸਾਧ ਸੰਗਿ ਲਿਵ ਲਾਇ ॥ ਖਾਟਿ ਖਜਾਨਾ ਗੁਣ ਨਿਧਿ ਹਰੇ ਨਾਨਕ ਨਾਮੁ ਧਿਆਇ ॥ ੬ ॥

ਦੀ ਭਗਤੀ ਕਰ ਰਹੇ ਹਨ। (ਉਨ੍ਹਾਂ ਦਾ) ਮੋਹ ਮਾਨ ਤੇ ਭਰਮ ਨਾਸ਼ ਹੋ ਗਿਆ ਹੈ, (ਉਨ੍ਹਾਂ ਨੇ) ਦਇਆਲ (ਵਾਹਿਗੁਰੂ) ਦੀ ਸ਼ਰਨ ਪਾ ਲਈ ਹੈ। ਉਨ੍ਹਾਂ ਦੇ ਮਨਾਂ ਤੇ ਤਨਾਂ ਵਿਚ (ਵਾਹਿਗੁਰੂ ਜੀ ਦੇ) ਚਰਨ ਕਮਲ ਵੱਸ ਰਹੇ ਹਨ, (ਉਸ ਦਾ) ਦਰਸ਼ਨ ਦੇਖ ਦੇਖਕੇ (ਓਹ) ਨਿਹਾਲ ਹੋ ਰਹੇ ਹਨ। (ਸੋ ਭਾਈ! ਉਨ੍ਹਾਂ ਵਾਙੂ ਤੈਨੂੰ ਬੀ) ਲਾਹਾ ਮਿਲੇਗਾ ਤੋਟਾ ਦੂਰ ਹੋ ਜਾਏਗਾ (ਜੇ ਤੂੰ ਬੀ) ਸਾਧੂ ਦੇ ਸੰਗ ਵਿਚ ਹੋਕੇ (ਵਾਹਿਗੁਰੂ ਵਿਚ) ਲਿਵ ਲਾ ਲਏਂਗਾ (ਤਾਂ; ਭਾਵ ਵਾਹਿਗੁਰੂ ਪ੍ਰਾਪਤੀ ਦਾ ਲਾਹਾ ਮਿਲੇਗਾ ਤੇ ਮਾਇਆਵੀ ਪਿਆਰ ਤੋਂ ਵਾਪਰਦੇ ਘਾਟੇ ਦੂਰ ਹੋਣਗੇ। ਇਸ ਲਈ) ਹੇ ਨਾਨਕ! ਨਾਮ ਨੂੰ ਧਿਆਇ ਕੇ ਗੁਣਾਂ ਦੇ ਖ਼ਜ਼ਾਨੇ ਹਰੀ (ਦੀ ਪ੍ਰਾਪਤੀ ਰੂਪ ਖ਼ਜ਼ਾਨਾ) ਖੱਟ ਲੈ ॥ ੬ ॥

ਸਲੋਕੁ ॥ ਸੰਤ ਮੰਡਲ ਹਰਿ ਜਸੁ ਕਥਹਿ ਬੋਲਹਿ ਸਤਿ ਸੁਭਾਇ ॥ ਨਾਨਕ ਮਨੁ ਸੰਤੋਖੀਐ ਏਕਸੁ ਸਿਉ ਲਿਵਲਾਇ ॥ ੭ ॥

(ਕਹਿੰਦੇ ਹਨ ਗੁਰੂ) ਨਾਨਕ (ਦੇਵ ਜੀ:) ਸੰਤਾਂ ਦੇ ਸਮੁਦਾਇ ਹਰੀ ਦਾ ਜਸ ਕਥਨ ਕਰਦੇ ਹਨ ਤੇ ਸੁਭਾਵਕ ਹੀ ਸਤਜ ਬੋਲਦੇ ਹਨ। (ਉਹ ਸੱਤਜ ਕੀ ਹੈ? ਉੱਤਰ:) ਕਿ ਇਕ ਨਿਰੰਕਾਰ) ਨਾਲ ਲਿਵ ਲਾਇਆਂ ਮਨ ਸੰਤੁਸ਼ਟ ਹੋ ਜਾਂਦਾ ਹੈ, (ਭਾਵ ਤ੍ਰਿਪਤ ਹੋਕੇ ਸੁਖੀ ਹੋ ਜਾਂਦਾ ਹੈ) ॥ ੭ ॥

ਪਉੜੀ ॥ ਸਪਤਮਿ ਸੰਚਹੁ ਨਾਮ ਧਨੁ ਟੂਟਿ ਨ ਜਾਹਿ ਭੰਡਾਰ ॥ ਸੰਤ ਸੰਗਤਿ ਮਹਿ ਪਾਈਐ ਅੰਤੁ ਨ ਪਾਰਾਵਾਰ ॥ ਆਪੁ ਤਜਹੁ ਗੋਬਿੰਦ ਭਜਹੁ ਸਰਨਿ ਪਰਹੁ ਹਰਿ ਰਾਇ ॥ ਦੂਖ ਹਰੈ ਭਵਜਲੁ ਤਰੈ ਮਨ ਚਿੰਦਿਆ ਫਲੁ ਪਾਇ ॥ ਆਠ ਪਹਰ ਮਨਿ ਹਰਿ ਜਪੈ ਸਫਲੁ ਜਨਮੁ ਪਰਵਾਣੁ ॥ ਅੰਤਰਿ ਬਾਹਰਿ ਸਦਾ ਸੰਗਿ ਕਰਨੈ ਹਾਰੁ ਪਛਾਣੁ ॥ ਸੋ ਸਾਜਨੁ ਸੋ ਸਖਾ ਮੀਤੁ ਜੋ ਹਰਿ ਕੀ ਮਤਿ ਦੇਇ ॥ ਨਾਨਕ ਤਿਸੁ ਬਲਿਹਾਰਣੈ ਹਰਿ ਹਰਿ ਨਾਮੁ ਜਪੇਇ ॥ ੭ ॥

ਸਪਤਮੀ (ਥਿਤ ਦਾ ਉਪਦੇਸ਼ ਇਹ ਹੈ ਕਿ) ਨਾਮ (ਰੂਪੀ) ਧਨ ਇਕੱਠਾ ਕਰੋ (ਕਿਉਂਕਿ ਇਸ ਧਨ ਦੇ) ਖ਼ਜ਼ਾਨੇ ਤੁਟਦੇ ਨਹੀਂ। (ਇਹ ਅਟੁੱਟ ਖ਼ਜ਼ਾਨਾ) ਜਿਸ ਦਾ ਨਾਂ ਅੰਤ ਹੈ ਨਾ ਪਾਰਾਵਾਰ ਹੈ ਸੰਤਾਂ ਦੀ ਸੰਗਤਿ ਵਿਚੋਂ ਪਾਈਦਾ ਹੈ। (ਸੰਤ ਸੰਗਤ ਵਿਚ ਜਾਕੇ) ਆਪਾ ਭਾਵ ਛਡ ਦਿਓ, ਭਜਨ ਕਰੋ ਗੋਬਿੰਦ ਦਾ (ਤੇ ਉਸ) ਹਰੀ ਰਾਇ ਦੀ ਸ਼ਰਣ ਪੈ ਜਾਓ (ਭਾਵ ਉਸ ਦੀ ਹਜ਼ੂਰੀ ਵਿਚ ਰਹੋ। ਜੋ ਐਸਾ ਕਰੇਗਾ ਉਹ ਅਪਣੇ) ਦੁਖ ਦੂਰ ਕਰ ਲਏਗਾ, ਭਉਜਲ ਨੂੰ ਤਰ ਜਾਏਗਾ ਤੇ ਮਨ ਭਾਉਂਦੇ ਫਲ ਪ੍ਰਾਪਤ ਕਰ ਲਏਗਾ। (ਗਲ ਕੀਹ, ਜੋ ਕੋਈ) ਅਠ ਪਹਿਰ ਮਨ ਵਿਚ ਹਰੀ ਨੂੰ ਜਪੇਗਾ (ਅਤੇ) ਅੰਦਰ ਬਾਹਰ (ਅਪਣੇ) ਕਰਨਹਾਰ (ਪ੍ਰਭੂ) ਨੂੰ ਸਦਾ ਅੰਗ ਸੰਗ ਪਛਾਣ ਲਏਗਾ, (ਉਸ ਦਾ) ਜਨਮ ਸਫਲ ਹੋ ਜਾਏਗਾ, (ਉਹ) ਦਰਗਾਹੇ ਕਬੂਲ ਪਏਗਾ। (ਇਸ ਲਈ) ਉਹੋ (ਅਸਲੀ) ਸਜਣ ਹੈ, ਉਹੀ (ਅਸਲੀ) ਮਿੱਤਰ ਹੈ ਜੋ ਵਾਹਿਗੁਰੂ (ਦੇ ਚਰਨੀਂ ਲਗਣ ਦੀ ਸੁਹਣੀ) ਮਤਿ ਦੇਵੇ। (ਅਤੇ) ਹੇ ਨਾਨਕ! (ਮੈਂ) ਉਸ ਤੋਂ ਸਦਕੇ ਹਾਂ ਜੋ (ਇਹ ਸੁਮਤਿ ਲੈਕੇ) ਵਾਹਿਗੁਰੂ ਦਾ ਨਾਮ ਜਪਦਾ ਹੈ ॥ ੭ ॥

ਸਲੋਕੁ ॥ ਆਠ ਪਹਰ ਗੁਨ ਗਾਈਅਹਿ ਤਜੀਅਹਿ ਅਵਰਿ

ਅੱਠੇ ਪਹਿਰ (ਪ੍ਰਭੂ ਦੇ) ਗੁਣ ਗਾਈਏ ਤੇ ਹੋਰ ਜੰਜਾਲ ਸਾਰੇ ਛਡ ਦੇਵੀਏ (ਫੇਰ) ਜਮਦੂਤ (ਸਾਡੀ ਵਲ) ਤੱਕ ਬੀ ਨਾ

ਜੰਜਾਲ ॥ ਜਮ ਕੰਕਰੁ ਜੋਹਿ ਨ ਸਕਈ ਨਾਨਕ ਪ੍ਰਭੂ ਦਇਆਲ ॥ ੮ ॥

ਸਕੇਗਾ (ਕਿਉਂਕਿ ਤਦੋਂ) ਪ੍ਰਭੂ ਦਇਆਲ (ਹੋਕੇ ਸਾਡੇ ਵਲ ਤੱਕ ਰਿਹਾ ਹੋਵੇਗਾ) ਹੇ ਨਾਨਕ ! ॥ ੮ ॥

ਪਉੜੀ ॥ ਅਸਟਮੀ ਅਸਟ ਸਿਧਿ ਨਵਨਿਧਿ ॥ ਸਗਲ ਪਦਾਰਥ ਪੂਰਨ ਬੁਧਿ ॥ ਕਵਲ ਪ੍ਰਗਾਸ ਸਦਾ ਆਨੰਦ ॥ ਨਿਰਮਲ ਰੀਤਿ ਨਿਰੋਧਰ ਮੰਤ ॥ ਸਗਲ ਧਰਮ ਪਵਿਤ੍ਰ ਇਸਨਾਨੁ ॥ ਸਭ ਮਹਿ ਊਚ ਬਿਸੇਖ ਗਿਆਨੁ ॥ ਹਰਿਹਰਿ ਭਜਨੁ ਪੂਰੇ ਗੁਰ ਸੰਗਿ ॥ ਜਪਿ ਤਰੀਐ ਨਾਨਕ ਨਾਮ ਹਰਿ ਰੰਗਿ ॥ ੮ ॥

ਅਸਟਮੀ (ਦੀ ਥਿਤਿ ਦਾ ਇਹ ਉਪਦੇਸ਼ ਹੈ ਕਿ) ਅੱਠੇ ਸਿਧੀਆਂ, ਨਵੇਂ ਨਿਧੀਆਂ, ਸਾਰੇ ਪਦਾਰਥ, ਪੂਰੀ ਪੂਰੀ ਅਕਲ, (ਹਿਰਦੇ ਰੂਪੀ) ਕਵਲ ਦਾ ਖੇੜਾ, ਸਦਾ ਦਾ ਆਨੰਦ, (ਜੀਵਨ ਦੀ) ਪਵਿਤ੍ਰ ਮਰਯਾਦਾ, ਅਤੇ ਨਿਰ ਉਧਾਰ ਮੰਤ੍ਰ, ਸਾਰੇ ਧਰਮ, ਪਵਿਤ੍ਰ ਇਸ਼ਨਾਨ, ਸਭ ਤੋਂ ਉੱਚਾ ਤੇ ਸਭ ਤੋਂ ਵਧੀਆ ਗਿਆਨ (ਇਹ ਸਭੋ ਕੁਛ ਮਿਲ ਗਿਆ ਸਮਝ ਲਓ, ਜਦੋਂ ਜਿ ਪੂਰੇ ਗੁਰੂ ਦੇ ਸੰਗ ਵਿਚ ਹਰੀ ਹਰਿ ਦਾ ਭਜਨ (ਕਰ ਲਿਆ, ਹਾਂ) ਹੇ ਨਾਨਕ ! ਪ੍ਰੇਮ ਨਾਲ ਹਰੀ ਦਾ ਨਾਮ ਜਪ ਕੇ ਹੀ (ਭੈਜਲ ਨੂੰ) ਤਰ ਸਕੀਦਾ ਹੈ ॥ ੮ ॥

ਸਲੋਕੁ ॥ ਨਾਰਾਇਣੁ ਨਹ ਸਿਮਰਿਓ ਮੋਹਿਓ ਸੁਆਦ ਬਿਕਾਰ ॥ ਨਾਨਕ ਨਾਮਿ ਬਿਸਾਰਿਐ ਨਰਕ ਸੁਰਗ ਅਵਤਾਰ ॥ ੯ ॥

[ਵਿਸਾਰੇ ਦੇ ਮਾੜੇ ਫਲ] (ਕਹਿੰਦੇ ਹਨ ਗੁਰੂ) ਨਾਨਕ (ਦੇਵ ਜੀ: ਹੇ ਭਾਈ ! ਤੂੰ) ਵਾਹਿਗੁਰੂ ਦਾ ਸਿਮਰਣ ਨਹੀਂ ਕੀਤਾ ਤੇ ਵਿਕਾਰਾਂ ਦੇ ਸੁਆਦਾਂ ਵਿਚ ਮੋਹਿਆ ਰਿਹਾ ਹੈਂ, (ਤੈਨੂੰ ਪਤਾ ਨਹੀਂ ਇਸ ਨੇਮ ਦਾ ਕਿ) ਨਾਮ ਨੂੰ ਵਿਸਾਰਨੇ ਕਰਕੇ ਨਰਕਾਂ ਤੇ ਸੁਰਗਾਂ ਵਿਚ (ਭਟਕਦੇ) ਫਿਰਨਾ ਮਿਲਦਾ ਹੈ ॥ ੯ ॥

ਪਉੜੀ ॥ ਨਉਮੀ ਨਵੇ ਛਿਦ੍ਰ ਅਪਵੀਤ ॥ ਹਰਿਨਾਮੁ ਨ ਜਪਹਿ ਕਰਤ ਬਿਪਰੀਤਿ ॥ ਪਰ ਤ੍ਰਿਅ ਰਮਹਿ ਬਕਹਿ ਸਾਧ ਨਿੰਦ ॥ ਕਰਨ ਨ ਸੁਨਹੀ ਹਰਿ ਜਸੁ ਬਿੰਦ ॥ ਹਿਰਹਿ ਪਰ ਦਰਬੁ ਉਦਰ ਕੈ ਤਾਈ ॥ ਅਗਨਿ ਨ ਨਿਵਰੈ ਤ੍ਰਿਸਨਾ ਨ ਬੁਝਾਈ ॥ ਹਰਿ ਸੇਵਾ ਬਿਨੁ ਏਹ ਫਲ ਲਾਗੇ ॥ ਨਾਨਕ ਪ੍ਰਭ ਬਿਸਰਤ ਮਰਿ ਜਮਹਿ ਅਭਾਗੇ ॥੯॥

ਨਉਮੀ (ਥਿਤਿ ਦਾ ਉਪਦੇਸ਼ ਹੈ ਇਹ ਕਿ ਸਰੀਰ ਦੇ) ਨੌਂ ਹੀ ਛੇਕ ਅਪਵਿਤ੍ਰ ਹਨ, (ਕਿਉਂਕਿ ਏਹ) ਹਰੀ ਨਾਮ ਨਹੀਂ ਜਪਦੇ (ਤੇ ਨਾਮ ਜਪਣ ਤੋਂ) ਉਲਟੀ ਵਿਧੀ (ਦੇ ਕੰਮ) ਕਰਦੇ ਹਨ, (ਜਿਹਾ ਕੁ:) ਪਰਾਈ ਇਸਤ੍ਰੀ ਭੋਗਦੇ ਹਨ, ਸਾਧੂ ਦੀ ਨਿੰਦਾ ਬਕਦੇ ਹਨ, ਕੰਨਾਂ ਨਾਲ ਹਰੀ ਦਾ ਜਸ ਜ਼ਰਾ ਜਿੰਨਾ ਚਿਰ ਬੀ ਨਹੀਂ ਸੁਣਦੇ, ਪੇਟ (ਅਪਣੇ) ਦੀ ਖਾਤਰ ਪਰਾਇਆ ਧਨ ਚੁਰਾਉਂਦੇ ਹਨ (ਫਿਰ ਬੀ) ਤ੍ਰਿਸ਼ਨਾ ਨਹੀਂ ਮਿਟਦੀ (ਤੇ ਨਾਹੀ ਲੋਭ ਤੇ ਕ੍ਰੋਧ ਦੀ) ਅੱਗ ਦੂਰ ਹੁੰਦੀ ਹੈ। ਹਰੀ ਦੀ ਸੇਵਾ ਨਾ ਕਰਨ ਕਰਕੇ ਏਹ ਫਲ ਲਗਦੇ ਹਨ: (ਹਾਂ,) ਪ੍ਰਭੂ ਨੂੰ ਵਿਸਾਰ ਕੇ ਗਿਆਂ ਬਦ ਕਿਸਮਤੇ ਮਰਕੇ ਜੰਮਦੇ (ਮਰਦੇ) ਰਹਿੰਦੇ ਹਨ,(ਕਹਿੰਦੇ ਹਨ ਗੁਰੂ) ਨਾਨਕ ॥ ੯ ॥

ਸਲੋਕੁ ॥ ਦਸ ਦਿਸ ਖੋਜਤ ਮੈ ਫਿਰਿਓ ਜਤ ਦੇਖਉ ਤਤ ਸੋਇ ॥ ਮਨੁ ਬਸਿ ਆਵੈ ਨਾਨਕਾ ਜੇ ਪੂਰਨ ਕਿਰਪਾ ਹੋਇ ॥ ੧੦ ॥

ਮੈਂ (ਮਨ ਨੂੰ ਵੱਸ ਕਰਨੇ ਦਾ ਸਾਧਨ) ਦਸੇ ਦਿਸ਼ਾ ਵਿਚ ਢੂੰਡਦਾ ਫਿਰਿਆ ਹਾਂ, ਪਰ ਜਿਥੇ ਡਿੱਠਾ ਓਥੇ ਓਹੋ ਕੁਛ ਹੀ ਦਿੱਸਿਆ (ਭਾਵ, ਅਸਫਲ ਸਾਧਨ ਹੀ ਸਾਰੇ ਪ੍ਰਵਿਰਤ ਦਿੱਸੇ), ਹੇ ਨਾਨਕ ! (ਸੱਚੀ ਗੱਲ ਇਹ ਹੈ ਕਿ) ਮਨ ਤਾਂ ਹੀ ਵੱਸ ਆਉਂਦਾ ਹੈ ਜੇ (ਵਾਹਿਗੁਰੂ ਜੀ ਦੀ ਪੂਰਨ ਕਿਰਪਾ ਹੋਵੇ ਤਾਂ ॥੧੦ ॥

ਪਉੜੀ ॥ ਦਸਮੀ ਦਸ ਦੁਆਰ ਬਸਿ ਕੀਨੇ ॥ ਮਨਿ ਸੰਤੋਖੁ ਨਾਮ ਜਪਿ ਲੀਨੇ ॥ ਕਰਨੀ ਸੁਨੀਐ ਜਸੁ ਗੋਪਾਲ ॥ ਨੈਨੀ ਪੇਖਤ ਸਾਧ ਦਇਆਲ ॥ ਰਸਨਾ ਗੁਨ ਗਾਵੈ ਬੇਅੰਤ ॥ ਮਨ ਮਹਿ ਚਿਤਵੈ ਪੂਰਨ ਭਗਵੰਤ ॥ ਹਸਤ ਚਰਨ ਸੰਤ ਟਹਲ ਕਮਾਈਐ ॥ ਨਾਨਕ ਇਹੁ ਸੰਜਮੁ ਪ੍ਰਭ ਕਿਰਪਾ ਪਾਈਐ॥੧੦॥

(ਕੋਈ ਤਾਂ ਸੰਜਮ ਦੱਸੋ ਜਿਸ ਕਰ ਮਨ ਵੱਸ ਆਵੇ ? ਥਿਤਿ) ਦਸਮੀ (ਦਾ ਉਪਦੇਸ਼, ਇਹੋ ਸੰਜਮ ਹੈ, ਸੁਣੋ:) ਦਸੇ ਦੁਆਰੇ* ਵੱਸ ਵਿਚ ਕਰ ਲਏ ਜਾਣ (ਉਹ ਕੀਕੂੰ ਵੱਸ ਵਿਚ ਹੋਣ ? ਉੱਤਰ:) ਮਨ ਵਿਚ (ਤਾਂ ਧਾਰ ਲਿਆ ਜਾਵੇ) ਸੰਤੋਖ, (ਮੂੰਹ ਨਾਲ) ਜਪ ਲਿਆ ਜਾਵੇ ਨਾਮ,ਕੰਨਾਂ ਨਾਲ ਸੁਣੀਏ ਗੋਪਾਲ ਦਾ ਜਸ, ਨੈਣਾਂ ਨਾਲ ਦੇਖੇ ਦਿਆਲੂ ਸਾਧੂਆਂ ਨੂੰ, ਜੀਭ ਬੇਅੰਤ (ਪ੍ਰਭੂ) ਦੇ ਗੁਣ ਗਾਵੇ, ਮਨ ਵਿਚ ਯਾਦ ਕਰੀਏ ਪੂਰ ਪਰਮੇਸ਼ੁਰ ਨੂੰ, ਹੱਥਾਂ ਪੈਰਾਂ ਨਾਲ ਸੰਤਾਂ ਦੀ ਟਹਿਲ ਕਮਾਈਏ, ਹੇ ਨਾਨਕ ! ਇਹ ਰਹਿਤ ਹੈ(ਮਨ ਵੱਸ ਕਰਨੇ ਦੀ ਜੋ)ਪ੍ਰਭੂ ਦੀ ਕਿਰਪਾ ਨਾਲ ਪ੍ਰਾਪਤ ਹੁੰਦੀ ਹੈ ॥੧੦॥

**ਭਾਵ**—ਸਲੋਕ ਵਿਚ ਦੱਸਿਆ ਹੈ ਕਿ ਮਨ ਵੱਸ ਕਿਸੇ ਤ੍ਰੀਕੇ ਕਿਸੇ ਸੰਜਮ ਨਾਲ ਨਹੀਂ ਹੁੰਦਾ, ਜੋ ਸੰਜਮ ਦੱਸੇ ਜਾਂਦੇ ਹਨ ਸਾਰੇ ਇਕੋ ਜਿਹੇ ਅਸਫਲ ਰਹਿੰਦੇ ਹਨ, ਕੇਵਲ ਪ੍ਰਭੂ ਦੀ ਪੂਰਨ ਕ੍ਰਿਪਾ ਹੈ ਕਿ ਜਿਸ ਨਾਲ ਮਨ ਵੱਸ ਵਿਚ ਆਉਂਦਾ ਹੈ। ਫੇਰ ਪ੍ਰਸ਼ਨ ਹੁੰਦਾ ਹੈ:ਕੁਛ ਤਾਂ ਦੱਸੋ ਕਿ ਜਿਨ੍ਹਾਂ ਦੇ ਕੀਤਿਆਂ ਤੁਸੀਂ ਸਮਝਦੇ ਹੋ ਕਿ ਮਨ ਵੱਸ ਵਿਚ ਆਉਂਦਾ ਹੈ, ਤਾਂ ਪਉੜੀ ਵਿਚ ਨਾਮ ਮਾਰਗ ਵਾਲਿਆਂ ਦਾ ਸੰਜਮ ਦੱਸਦੇ ਹਨ, ਪਰ ਉਸ ਸੰਜਮ ਨੂੰ ਬੀ ਛੇਕੜਲੀ ਤੁਕ ਵਿਚ ਪ੍ਰਭੂ ਦੀ ਕਿਰਪਾ ਉਤੇ ਹੀ ਨਿਰਭਰ ਰਖਦਾ ਦੱਸਦੇ ਹਨ। ਸੰਜਮ ਦੱਸ ਦਿਤਾ ਹੈ, ਪਰ ਕਾਮਯਾਬੀ ਮੇਹਰ ਕਿ ਕਿਰਪਾ ਤੇ ਦੱਸੀ ਹੈ। ਕਿਰਪਾ ਲਈ ਸ਼ਰਨ ਲੈਣੀ ਹੀ ਇਕ ਤਰਲਾ ਹੈ।

ਸ਼ਲੋਕੁ ॥ ਏਕੋ ਏਕੁ ਬਖਾਨੀਐ ਬਿਰਲਾ ਜਾਣੈ ਸ੍ਵਾਦੁ ॥ ਗੁਣ ਗੋਵਿੰਦ ਨ ਜਾਣੀਐ ਨਾਨਕ ਸਭੁ ਬਿਸਮਾਦੁ ॥ ੧੧ ॥

'ਇਕੋ ਇਕ ਹੈ' (ਤਾਂ) ਪਏ ਆਖੀਦਾ ਹੈ (ਪਰ 'ਇਕੋ ਇਕ ਹੈ' ਅਨੁਭਵ ਕਰ ਲੈਣ ਦਾ) ਸੁਆਦ (ਕੋਈ) ਵਿਰਲਾ ਜਾਣਦਾ ਹੈ। ਗੋਬਿੰਦ ਦੇ ਗੁਣਾਂ ਨੂੰ, ਹੇ ਨਾਨਕ ! ਜਾਣ ਨਹੀਂ ਸਕੀਦਾ, (ਕਿਉਂਕਿ ਉਹ ਬੇਅੰਤ ਹੈ ਤੇ ਉਹ ਆਪ ਤੇ ਉਸ ਦਾ ਕੀਤਾ) ਸਭ ਬਿਸਮਾਦ ਹੈ ॥ ੧੧ ॥

**ਭਾਵ**—ਅਮਿਤ ਨੂੰ ਜਾਣਨਾ ਮਿਤ ਵਾਲੇ ਤੋਂ ਹੋ ਨਹੀਂ ਸਕਦਾ, ਪਰ ਸ਼ਰਣ ਲੈਕੇ ਰਸ ਮਾਣਨਾ ਸੰਭਵ ਹੈ। ਜਾਣਨਾ ਤਾਂ ਬੀ ਨਹੀਂ ਹੋ ਸਕਦਾ ਕਿ ਉਹ ਬਿਸਮਾਦ ਹੈ, ਜਦ ਸ਼ਰਣ ਜਾਈਦਾ ਹੈ ਤਾਂ ਆਪ ਬਿਸਮਾਦ ਹੋ ਜਾਈਦਾ ਹੈ। ਯਥਾ:-

ਬਿਸਮਨ ਬਿਸਮ ਭਏ ਬਿਸਮਾਦ ॥ ਜਿਨਿ ਬੂਝਿਆ ਤਿਸੁ ਆਇਆ ਸ੍ਵਾਦ ॥

[ਗਉੜੀ ਸੁਖਮਨੀ, ੧੬-੮

ਪਉੜੀ ॥ ਏਕਾਦਸੀ ਨਿਕਟਿ ਪੇਖਹੁ ਹਰਿ ਰਾਮੁ ॥ ਇੰਦ੍ਰੀ ਬਸਿ ਕਰਿ ਸੁਣਹੁ ਹਰਿ ਨਾਮੁ ॥ ਮਨਿ ਸੰਤੋਖੁ ਸਰਬ ਜੀਅ ਦਇਆ ॥

ਏਕਾਦਸੀ (ਦੀ ਥਿਤਿ ਦਾ ਉਪਦੇਸ਼ ਇਹ ਹੈ ਕਿ ਏਕੋ ਏਕ ਦਾ ਸੁਆਦ ਅਨੁਭਵ ਕਰਨ ਦਾ ਇਹ ਤ੍ਰੀਕਾ ਹੈ) ਹਰੇ ਰਾਮ (=ਸਾਰੇ ਰਮ ਰਹੇ ਵਾਹਿਗੁਰੂ) ਨੂੰ (ਸਦਾ) ਨੇੜੇ (ਕਰਕੇ) ਦੇਖੋ, ਤੇ ਇੰਦ੍ਰੀਆਂ ਨੂੰ ਵਸ ਕਰਕੇ (ਭਾਵ ਅੱਖਾਂ ਕੰਨ ਆਦਿ ਵਸ ਵਿਚ ਕਰਕੇ) ਹਰੀ ਦਾ ਨਾਮ ਸੁਣੋ, (ਅਤੇ ਜਗਤ ਵਿਚ ਵਿਚਰਨ ਵਿਚ ਆਪਣੇ ਲਈ) ਮਨ ਵਿਚ ਸੰਤੋਖ ਰਖੋ (ਤੇ) ਸਾਰੇ ਜੀਆਂ ਉਤੇ ਦਇਆ (ਧਾਰਨ ਕਰੋ) । (ਏਕਾਦਸੀ ਨੂੰ

*ਦੋ ਕੰਨ, ਦੋ ਅੱਖਾਂ, ਦੋ ਨਾਸਾਂ, ਮੂੰਹ, ਗੁਦਾ, ਲਿੰਗ, ਦਸਮਾਂ ਦੁਆਰ (ਜੋ ਤਾਲੂਵਿਚ ਹੈ)।

ਇਨ ਬਿਧਿ ਬਰਤੁ ਸੰਪੂਰਨ ਭਇਆ ॥ ਧਾਵਤ ਮਨੁ ਰਾਖੈ ਇਕ ਠਾਇ ॥ ਮਨੁ ਤਨੁ ਸੁਧੁ ਜਪਤ ਹਰਿ ਨਾਇ ॥ ਸਭ ਮਹਿ ਪੂਰਿ ਰਹੇ ਪਾਰਬ੍ਰਹਮ ॥ ਨਾਨਕ ਹਰਿ ਕੀਰਤਨੁ ਕਰਿ ਅਟਲ ਏਹੁ ਧਰਮ ॥ ੧੧ ॥

ਲੋਕੀ ਬ੍ਰਤ ਰਖਦੇਹਨ ਪਰ ਤੁਸਾਡਾ ਆਪਣਾ ਬ੍ਰਤ) ਇਸ ਬਿਧੀ ਨਾਲ ਸੰਪੂਰਨ ਬ੍ਰਤ ਹੋ ਗਿਆ (ਸਮਝਦਾ ਹਾਂ), ਦੌੜਦਾ ਰਹਿੰਦਾ ਮਨ (ਜੋ) ਇਕ ਟਿਕਾਣੇ ਰਖੇਗਾ। ਮਨ ਤੋਂ ਤਨ ਤੋਂ ਸੁਧ (ਰਹੇਗਾ) ਹਰੀ ਦਾ ਨਾਮ ਜਪਦਿਆਂ (ਫੇਰ ਦਿੱਸ ਪੇਣਗੇ) ਸਭਨਾਂ ਵਿਚ ਪੂਰਨ ਹੋ ਰਹੇ ਪਾਰਬ੍ਰਹਮ ਜੀ। ਹੇ ਨਾਨਕ! ਹਰੀ ਦਾ ਕੀਰਤਨ ਕਰ ਇਸ ਨੂੰ (ਤੂੰ ਆਪਣਾ) ਅਟੱਲ ਧਰਮ ਬਣਾ ਲੈ। (ਭਾਵ ਇਹ ਕਿ ਬ੍ਰਤ ਆਦਿ ਹੋਰ ਧਰਮਾਂ ਤੋਂ ਉੱਪਰ ਉੱਠ ਅਤੇ ਹਰੀ ਕੀਰਤਨ ਨੂੰ ਐਸਾ ਧਰਮ ਬਣਾ ਜਿਸ ਤੋਂ ਕਦੇ ਪਰੇ ਨਹੀਂ ਹਟਣਾ) ॥ ੧੧ ॥

ਸਲੋਕੁ ॥ ਦੁਰਮਤਿ ਹਰੀ ਸੇਵਾ ਕਰੀ ਭੇਟੇ ਸਾਧ ਕ੍ਰਿਪਾਲ ॥ ਨਾਨਕ ਪ੍ਰਭ ਸਿਉ ਮਿਲਿ ਰਹੇ ਬਿਨਸੇ ਸਗਲ ਜੰਜਾਲ ॥ ੧੨ ॥

(ਜਦੋਂ) ਕ੍ਰਿਪਾਲੂ ਸਾਧੂ ਜੀ ਮਿਲ ਪਏ (ਤੇ ਉਨ੍ਹਾਂ ਦੀ) ਸੇਵਾ ਕੀਤੀ (ਤਾਂ ਨਿਰੰਕਾਰ ਤੋਂ ਵਿਛੋੜੀ ਰੱਖਣ ਵਾਲੀ) ਖੋਟੀ ਬੁੱਧੀ ਦੂਰ ਹੋ ਗਈ, (ਅਤੇ ਹੋਰ) ਸਾਰੇ ਜੰਜਾਲ (ਜੋ ਅਪਣੇ ਵਿਚ ਫਸਾਈ ਰੱਖਕੇ ਪ੍ਰਭੂ ਤੋਂ ਵਿਛੋੜਦੇ ਸਨ) ਨਾਸ਼ ਹੋ ਗਏ, ਤਦ ਤੋਂ ਹੇ ਨਾਨਕ! ਪ੍ਰਭੂ ਜੀ ਨਾਲ ਮਿਲ ਰਹੇ ਹਾਂ ॥ ੧੨ ॥

**ਪ੍ਰਾਕਥਨ**—ਹੁਣ ਅਗੇ ਪਉੜੀ ਵਿਚ ਦੱਸਦੇ ਹਨ ਕਿ ਸਾਧ ਕ੍ਰਿਪਾਲ ਜੀ ਕੀਕੂੰ ਤੇ ਕਿਸ ਬਿਧਿ ਦੁਰਮਤੀ ਹਰਦੇ ਹਨ। ਦੁਆਦਸੀ ਦੀ ਥਿਤਿ ਦਾ, ਜਿਸ ਦਿਨ ਕਿ ਏਕਾਦਸ਼ੀ ਦਾ ਬ੍ਰਤ ਉਪਾਰੀਦਾ ਹੈ, ਪਉੜੀ ਵਿਚ ਉਪਦੇਸ਼ ਕੀਤਾ ਹੈ। ਇਸ ਦਿਨ ਵਰਤ ਰੱਖਣ ਵਾਲਾ ਅੰਨ ਖਾਂਦਾ ਹੈ, ਪਰ ਨਾਲ ਅੰਨ ਦਾਨ ਬੀ ਕਰਦਾ ਹੈ। ਆਪ ਜੀ ਦੱਸਣਗੇ ਕਿ ਅੰਕ ੧੧ ਵਿਚ ਕਹੀ ਆਤਮ ਏਕਾਦਸ਼ੀ ਰਖਣ ਵਾਲਾ ਦੁਆਦਸ਼ੀ ਨੂੰ ਕੀਕੂੰ ਬ੍ਰਤ ਉਪਾਰਨ ਕਰੇ।

ਪਉੜੀ ॥ ਦੁਆਦਸੀ ਦਾਨੁ ਨਾਮੁ ਇਸਨਾਨੁ ॥ ਹਰਿ ਕੀ ਭਗਤਿ ਕਰਹੁ ਤਜਿ ਮਾਨੁ ॥ ਹਰਿ ਅੰਮ੍ਰਿਤ ਪਾਨ ਕਰਹੁ ਸਾਧਸੰਗਿ ॥ ਮਨ ਤ੍ਰਿਪਤਾਸੈ ਕੀਰਤਨ ਪ੍ਰਭ ਰੰਗਿ ॥

ਦੁਆਦਸ਼ੀ (ਦਾ ਉਪਦੇਸ਼ ਇਹ ਹੈ ਕਿ ਤ੍ਰੈ ਵਸਤਾਂ ਧਾਰਨ ਕਰੋ:–) ਨਾਮ, ਦਾਨ ਤੇ ਇਸ਼ਨਾਨ, (ਨਾਲ) ਤਿਆਗੋ ਮਾਨ, (ਇਸ ਤਰ੍ਹਾਂ) ਕਰੋ ਹਰੀ ਦੀ ਭਗਤੀ। (ਹਾਂ) ਸਾਧ ਸੰਗਤਿ ਵਿਚ (ਮਿਲਕੇ) ਹਰੀ (ਕੀਰਤਨ) ਦਾ ਅੰਮ੍ਰਿਤ ਪੀਓ ਤਦ ਪ੍ਰਭੂ ਦੇ ਕੀਰਤਨ ਦੇ ਪ੍ਰੇਮ ਵਿਚ ਆਕੇ (ਤੁਹਾਡਾ) ਮਨ ਤ੍ਰਿਪਤ ਹੋ ਜਾਏਗਾ। (ਇਉਂ ਤੁਸਾਡਾ ਅਪਣਾ ਬ੍ਰਤਿ ਉਪਾਰਨ ਹੋ ਗਿਆ ਕਿ ਆਤਮ ਭੋਜਨ ਪਾਕੇ ਤੁਸੀਂ ਤ੍ਰਿਪਤ ਹੋ ਗਏ। ਹੁਣ ਅੰਨ ਦਾਨ ਕੀਹ ਕਰੇ? ਫ਼ੁਰਮਾਉਂਦੇ ਹਨ: ਕੋਮਲ ਬਾਣੀ ਦਾ ਦਾਨ ਕਰੋ, ਕਿਉਂਕਿ)

ਕੋਮਲ ਬਾਣੀ ਸਭ ਕਉ ਸੰਤੋਖੈ ॥ ਪੰਚ ਭੂ ਆਤਮਾ ਹਰਿ ਨਾਮ ਰਸਿ ਪੋਖੈ ॥ ਗੁਰ ਪੂਰੇ ਤੇ ਏਹ ਨਿਹਚਉ ਪਾਈਐ ॥ ਨਾਨਕ ਰਾਮ ਰਮਤ ਫਿਰਿ ਜੋਨਿ ਨ ਆਈਐ ॥੧੨॥

ਕੋਮਲ ਬਾਣੀ ਸਭ ਕਿਸੇ ਨੂੰ ਪ੍ਰਸੰਨ ਕਰਦੀ ਹੈ (ਦੂਜੇ, 'ਨਾਮ' ਦਾਨ ਕਰੋ ਕਿਉਂਕਿ ਸਭ ਕਿਸੇ ਦਾ) ਮਨ ਨਾਮ ਰਸ ਨਾਲ ਤ੍ਰਿਪਤ ਹੁੰਦਾ ਹੈ। (ਇਹ) ਨਿਹਚਾ (ਕਿ ਨਾਮ ਸਾਨੂੰ ਤ੍ਰਿਪਤੀ ਦੇਂਦਾ ਹੈ ਤੇ ਨਾਮ ਹੀ ਦੂਸਰਿਆਂ ਨੂੰ ਤ੍ਰਿਪਤੀ ਦੇਂਦਾ ਹੈ) ਪੂਰੇ ਗੁਰੂ ਤੋਂ ਪ੍ਰਾਪਤ ਹੁੰਦਾ ਹੈ। ਹੇ ਨਾਨਕ! (ਸਿੱਟੇ ਦੀ ਗਲ ਇਹ ਹੈ ਕਿ) ਰਾਮ ਦਾ ਸਿਮਰਨ ਕਰਦਿਆਂ ਮੁੜਕੇ ਜੂਨੀ ਵਿਚ ਨਹੀਂ ਆਈਦਾ। (ਭਾਵ-ਜਨਮ ਮਰਨ ਕਟ ਹੋ ਜਾਂਦਾ ਹੈ ਸੋ ਇਹ ਵਸਤੂ ਆਪ ਵਰਤੋ ਤੇ ਇਹੀ ਦਾਨ ਕਰੋ) ॥੧੨॥

ਸਲੋਕੁ ॥ ਤੀਨਿ ਗੁਣਾ ਮਹਿ ਬਿਆਪਿਆ ਪੂਰਨ ਹੋਤ ਨ ਕਾਮ॥ ਪਤਿਤ ਉਧਾਰਣੁ ਮਨਿ ਬਸੈ ਨਾਨਕ ਛੂਟੈ ਨਾਮ ॥ ੧੩ ॥

[ਹੁਣ ਇਸ ਉੱਤੇ ਰ ਦੱਸੇ ਰਸਤੇ ਨਾ ਟੁਰਨ ਵਾਲੇ ਦਾ ਹਾਲ ਦੱਸਦੇ ਹਨ] ਤਿੰਨਾਂ ਗੁਣਾਂ ਵਿਚ ਲੱਗਿਆਂ ਰਹਿਆਂ (ਪਰਮਾਰਥ ਦੇ) ਕੰਮ ਸਿਰੇ ਨਹੀਂ ਚੜ੍ਹਦੇ, (ਪਰ) ਹੇ ਨਾਨਕ ! (ਜੇ) ਪਤਿਤਾਂ ਨੂੰ ਤਾਰਨ ਵਾਲਾ ਨਾਮ (ਜੀਵ ਦੇ) ਮਨ ਵਿਚ ਵੱਸ ਜਾਵੇ (ਤਾਂ ਇਹ) ਛੁਟਕਾਰਾ ਪਾ ਲੈਂਦਾ ਹੈ,(ਭਾਵ ਮੁਕਤਿ ਹੋ ਜਾਂਦਾ ਹੈ ॥ ੧੩ ॥

ਪਉੜੀ ॥ ਤ੍ਰਉਦਸੀ ਤੀਨਿ ਤਾਪ ਸੰਸਾਰ ॥ ਆਵਤ ਜਾਤ ਨਰਕ ਅਵਤਾਰ ॥ ਹਰਿ ਹਰਿ ਭਜਨੁ ਨ ਮਨ ਮਹਿ ਆਇਓ ॥ ਸੁਖ ਸਾਗਰ ਪ੍ਰਭੁ ਨਿਮਖ ਨ ਗਾਇਓ ॥ ਹਰਖ ਸੋਗ ਕਾ ਦੇਹ ਕਰਿ ਬਾਧਿਓ ॥ ਦੀਰਘ ਰੋਗੁ ਮਾਇਆ ਆਸਾਧਿਓ ॥ ਦਿਨਹਿ ਬਿਕਾਰ ਕਰਤ ਸ੍ਰਮੁ ਪਾਇਓ ॥ ਨੈਨੀ ਨੀਦ ਸੁਪਨ ਬਰੜਾਇਓ ॥ ਹਰਿ ਬਿਸਰਤ ਹੋਵਤ ਏਹ ਹਾਲ ॥ ਸਰਨਿ ਨਾਨਕ ਪ੍ਰਭ ਪੁਰਖ ਦਇਆਲ ॥ ੧੩ ॥

(ਇਸ ਲਈ ਸ੍ਰੀ ਗੁਰੂ ਜੀ) ਤ੍ਰਿਉਦਸੀ (ਦਾ ਵੀਚਾਰ ਇਹ ਦੱਸਦੇ ਹਨ ਕਿ ਹੇ ਜੀਵ !) ਸੰਸਾਰ ਨੂੰ ਤਿੰਨ ਤਾਪ ਲਗ ਰਹੇ ਹਨ, (ਇਸ ਲਈ ਇਹ, ਜੰਮਦਾ ਮਰਦਾ (ਤੇ ਦੋਹਾਂ ਦੇ ਵਿਚਾਲੇ) ਨਰਕ ਵਿਚ ਆਉਂਦਾ (ਜਾਂਦਾ) ਰਹਿੰਦਾ ਹੈ; (ਕਿਉਂਕਿ) ਹਰਿ ਹਰਿ ਦਾ ਭਜਨ ਇਸਦੇ ਮਨ ਵਿਚ ਨਹੀਂ ਆਇਆ ਹੁੰਦਾ, (ਇਸਨੇ) ਇਕ ਪਲ ਬੀ ਸੁਖਾਂ ਦੇ ਸਾਗਰ ਪ੍ਰਭੂ ਨੂੰ ਗਾਇਆ ਨਹੀਂ ਹੁੰਦਾ। ਇਸਨੇ ਹਰਖ ਤੇ ਸ਼ੋਕ ਦੀ ਦੇਹ ਬੰਨ੍ਹ ਰੱਖੀ ਹੈ (ਭਾਵ ਦੇਹ ਨੂੰ ਹਰਖ ਸ਼ੋਕ ਦਾ ਘਰ ਬਣਾ ਛਡਿਆ ਹੈ। ਇਸ ਤਰ੍ਹਾਂ ਇਸ ਨੂੰ) ਮਾਇਆ ਦਾ ਅਸਾਧ ਤੇ ਲੰਮਾ ਰੋਗ ਲੱਗ ਰਿਹਾ ਹੈ। (ਕਿਉਂਕਿ) ਦਿਨੇ ਮਾੜੇ ਕੰਮਾਂ (=ਸੰਸਾਰਕ ਧੰਦਾਲਾਂ ਦੇ) ਕਰਨ ਵਿਚ ਇਹ ਥੱਕ ਜਾਂਦਾ ਹੈ (ਦਿਨਦੇ ਧੰਦਾਲਾਂਦੇ ਕਾਰਣਰਾਤਨੂੰ)ਨੈਣਾਂਵਿਚਨੀਂਦਸੁਪਨਿਆਂ (ਵਾਲੀ ਆਉਂਦੀ ਹੈ ਜਿਸ ਵਿਚ) ਬਰੜਾ ਬਰੜਾ ਉਠਦਾ ਹੈ। ਹਰੀ ਨੂੰ ਵਿਸਰਨ ਕਰਕੇ ਏਹ ਹਾਲ ਹੁੰਦੇ ਹਨ। [ਹੁਣ ਅਪਣੇ ਦੁਆਰਾ ਜੀਵਾਂ ਲਈ ਅਰਦਾਸ ਕਰਦੇ ਹਨ:–] ਹੇ ਪ੍ਰਭੂ ! ਹੇ ਦਿਆਲੂ ਪੁਰਖ ! ਮੈਂ ਨਾਨਕ ਤੇਰੀ ਸ਼ਰਨ ਹਾਂ ॥ ੧੩ ॥

ਸਲੋਕੁ ॥ ਚਾਰਿ ਕੁੰਟ ਚਉਦਹ ਭਵਨ ਸਗਲ ਬਿਆਪਤ ਰਾਮ ॥ ਨਾਨਕ ਊਨ ਨ ਦੇਖੀਐ ਪੂਰਨ ਤਾਕੇ ਕਾਮ ॥ ੧੪ ॥

[ਹੁਣ ਅਗਲੇ ਅੰਕ ਵਿਚ ਅੰਕ ੧੩ ਵਿਚ ਕਹੇ ਦਾ ਦਾਰੂ ਦੱਸਦੇ ਹਨ:–] ਚਾਰੋਂ ਕੁੰਟਾਂ ਵਿਚ, ਚੌਦਹ ਲੋਕਾਂ ਵਿਚ, ਸਭਨਾਂ ਵਿਚ ਵਾਹਿਗੁਰੂ ਵਜਾਪਕ ਹੈ, (ਹੁਣ ਹੇ ਸਜਣੋਂ ! ਜੇ ਉਸਨੂੰ ਕਿਤੇ ਬੀ) ਊਣਾਂ ਨਾ ਦੇਖੀਏ (ਭਾਵ ਸਾਰੇ ਪਰੀ ਪੂਰਨ ਦੇਖੀਏ ਤਾਂ) ਉਸ(ਦੇਖਣ ਵਾਲੇ ਦੇ (ਸਾਰੇ) ਕੰਮ ਪੂਰਨ ਹੋਣਗੇ ॥ ੧੪ ॥

ਪਉੜੀ ॥ ਚਉਦਹਿ ਚਾਰਿ ਕੁੰਟ ਪ੍ਰਭ ਆਪ ॥ ਸਗਲ ਭਵਨ ਪੂਰਨ ਪਰਤਾਪ ॥ ਦਸੇ ਦਿਸਾ ਰਵਿਆ ਪ੍ਰਭੁ ਏਕੁ ॥ ਧਰਨਿ ਅਕਾਸ ਸਭ ਮਹਿ ਪ੍ਰਭ ਪੇਖੁ ॥ ਜਲ ਥਲ ਬਨ ਪਰਬਤ ਪਾਤਾਲ ॥ ਪਰਮੇਸ੍ਵਰ ਤਹ

(ਅਪਣੀ ਕਲਜਾਣ ਲਈ, ਹੇ ਭਾਈ ! ਹੁਣ ਸੁਣ) ਚਉਦਸ਼ (ਥਿਤਿ ਦਾ ਉਪਦੇਸ਼, ਜੋ ਇਹ ਹੈ ਕਿ) ਚਾਰੋਂ ਕੁੰਟਾਂ ਵਿਚ ਪ੍ਰਭੂ ਆਪ (ਪਰੀ ਪੂਰਣ ਹੋ ਰਿਹਾ ਹੈ),ਸਾਰੇ ਲੋਕਾਂ ਵਿਚ (ਉਸੇ ਦਾ) ਪਰਤਾਪ ਪੂਰਨ ਹੈ। ਦਸੋਂ ਦਿਸ਼ਾ ਵਿਚ (ਉਹੀ) ਇਕੋ ਪ੍ਰਭੂ ਰਵ ਰਹਿਆ ਹੈ। ਧਰਤੀ ਤੇ ਅਕਾਸ਼ਾਂ ਸਾਰਿਆਂ ਵਿਚ (ਉਸੇ) ਪ੍ਰਭੂ ਨੂੰ ਵੇਖ ! ਜਲਾਂ, ਥਲਾਂ, ਬਨਾਂ, ਪਹਾੜਾਂ, ਪਾਤਾਲਾਂ, ਉਨ੍ਹਾਂ (ਸਭਨਾਂ) ਵਿਚ ਦਿਆਲੂ ਪਰਮੇਸੁਰ ਵਸਦਾ ਹੈ।

ਬਸਹਿ ਦਇਆਲ ॥ ਸੂਖਮ ਅਸਥੂਲ ਸਗਲ ਭਗਵਾਨ ॥ ਨਾਨਕ ਗੁਰਮੁਖਿ ਬ੍ਰਹਮੁ ਪਛਾਨ ॥੧੪॥

ਸੂਖਮਾਂ ਵਿਚ, ਅਸਥੂਲਾਂ ਵਿਚ, ਸਭਨਾਂ ਵਿਚ (ਉਹੀ) ਭਗਵਾਨ ਹੈ। ਨਾਨਕ (ਗੁਰੂ ਜੀ ਆਖਦੇ ਹਨ, ਹੇ ਜੀਵ !) ਗੁਰੂ ਦੁਆਰਾ ਉਸ ਬ੍ਰਹਮ ਨੂੰ ਪਛਾਣ ॥ ੧੪ ॥

ਸਲੋਕੁ ॥ ਆਤਮੁ ਜੀਤਾ ਗੁਰਮਤੀ ਗੁਣ ਗਾਏ ਗੋਬਿੰਦ ॥ ਸੰਤ ਪ੍ਰਸਾਦੀ ਭੈ ਮਿਟੇ ਨਾਨਕ ਬਿਨਸੀ ਚਿੰਦ ॥ ੧੫ ॥

[ਹੁਣ ਤਰ ਗਏ ਜੀਵ ਦਾ ਹਾਲ ਵਰਣਨ ਕਰਦੇ ਹਨ] (ਜਿਨ੍ਹਾਂ ਗੁਰਮੁਖਾਂ ਨੇ) ਗੁਰੂ ਦੀ ਮਤਿ ਦੁਆਰਾ ਆਪਣਾ ਆਪ ਜਿਤ ਲਿਆ ਹੈ (ਤੇ ਆਪ ਜਿਤ ਕੇ ਫਿਰ) ਪ੍ਰਭੂ ਦੇ ਗੁਣ ਗਾਏ ਹਨ,(ਐਸੇ) ਸੰਤਾਂ ਦੀ ਕ੍ਰਿਪਾ ਕਰਕੇ (ਉਨ੍ਹਾਂ ਦੇ ਮਗਰ ਲਗਣ ਵਾਲਿਆਂ ਦੇ ਜਨਮ ਮਰਨ ਦੇ) ਭੈ ਦੂਰ ਹੋ ਗਏ ਹਨ ਤੇ (ਦੁਨੀਆਂ ਦੇ ਹਾਨ ਲਾਭ ਦੀ) ਚਿੰਤਾ (ਬੀ ਉਨ੍ਹਾਂ ਦੀ) ਮਿਟ ਗਈ ਹੈ ॥ ੧੫ ॥

ਪਉੜੀ ॥ ਅਮਾਵਸ ਆਤਮ ਸੁਖੀ ਭਏ ਸੰਤੋਖੁ ਦੀਆ ਗੁਰਦੇਵ ॥ ਮਨੁ ਤਨੁ ਸੀਤਲੁ ਸਾਂਤਿ ਸਹਜ ਲਾਗਾ ਪ੍ਰਭ ਕੀ ਸੇਵ ॥

(ਹੁਣ) ਅਮਾਵਸ (ਦੀ ਥਿਤ ਦੇ ਉਪਦੇਸ਼ ਵਿਚ ਉਨ੍ਹਾਂ ਉੱਪਰ ਕਥਿਆਂ ਦੇ ਅਭੈ ਹੋਣ ਦਾ ਪ੍ਰਕਾਰ ਖੋਹਲਦੇ ਹਨ) ਗੁਰਦੇਵ ਨੇ (ਜਦ ਜੀਵ ਨੂੰ) ਸੰਤੋਖ ਦੇ ਦਿਤਾ(ਤਦ ਉਸ ਦੇ)ਆਤਮਾ ਰਾਮ ਜੀ ਸੁਖੀ ਹੋ ਗਏ। (ਕੀਕੂੰ ? ਉੱਤਰ: ਗੁਰੂ ਦੀ ਹਦਾਯਤ ਵਿਚ ਜੀਵ) ਪ੍ਰਭੂ ਦੀ ਸੇਵਾ ਵਿਚ ਲਗ ਪਿਆ (ਉਸ ਦਾ ਫਲ ਕੀ ਹੋਇਆ ? ਉੱਤਰ:) ਸਹਿਜੇ ਹੀ ਉਸ ਦਾ ਮਨ ਸ਼ਾਂਤਿ ਮਯ ਹੋ ਗਿਆ ਤੇ ਤਨ ਸੀਤਲ ਹੋ ਗਿਆ (ਅਥਵਾ ਮਨ ਤਨ ਉਸ ਦਾ ਸੀਤਲ ਹੋ ਗਿਆ ਤੇ ਉਸ ਦੇ ਅੰਦਰ ਸ਼ਾਂਤੀ ਤੇ ਸਹਿਜ ਅਵਸਥਾ ਦਾ ਭਾਵ ਟਿਕ ਗਿਆ। ਉਸ ਦੇ) ਸਾਰੇ ਵਿਕਾਰ ਅਤੇ ਬੰਧਨ ਟੁਟ ਗਏ (ਅਤੇ) ਉਸ ਦੇ ਕੰਮ ਪੂਰਨ ਤੇ ਸਫਲ ਹੋ ਗਏ। ਖੋਟੀ ਬੁਧੀ (ਉਸ ਦੀ ਜੋ ਈਸ਼੍ਵਰ ਪਰਾਇਣ ਨਹੀਂ ਸੀ ਹੋਣ ਦੇਂਦੀ) ਮਿਟ ਗਈ (ਤੇ) ਹਉਮੈਂ (ਜੋ ਪਰਦਾ ਹੋ ਰਹੀ ਸੀ ਸਾਰੀ) ਛੁਟ ਗਈ। (ਇਹ ਕੀਕੂੰ ਹੋਇਆ ? ਉੱਤਰ) ਹਰੀ ਦਾ ਨਾਮ ਸਿਮਰਨ ਨਾਲ। (ਇਸ ਪ੍ਰਕਾਰ ਜਦ) ਪਾਰਬ੍ਰਹਮ ਦੀ ਸ਼ਰਣ ਲੈ ਲਈ (ਤਦ) ਜਨਮ ਮਰਨ ਹੀ ਮਿਟ ਗਿਆ। (ਐਸਾ ਪੁਰਖ) ਆਪ ਤਰ ਗਿਆ ਸਮੇਤ (ਅਪਣੇ)ਪਰਵਾਰ ਦੇ।(ਕੇਵਲ ਨਾਮ ਜਪਕੇ ?ਉੱਤਰ -ਨਹੀਂ) ਗੋਬਿੰਦ ਪ੍ਰਭੂ ਦੇ ਗੁਣਾਂ ਦਾ ਉਚਾਰਨ ਕਰਨ (ਭਾਵ ਗਾਉਣ) ਨਾਲ। (ਭਾਵ ਨਾਮ ਤੇ ਗੁਣ ਗਾਇਨ ਦੋਹਾਂ ਨਾਲ। ਸੋ ਭਾਈ ! ਮੂਲ ਗਲ ਹੈ). ਹਰੀ ਦੀ ਟਹਿਲ ਦੀ ਕਮਾਈ ਕਰਨੀ (ਉਹ ਕੀਕੂੰ ? ਉੱਤਰ:) ਪ੍ਰਭੂ ਦਾ ਨਾਮ ਜਪੀਏ (ਇਹ ਹੈ ਹਰੀ ਦੀ ਟਹਿਲ)। (ਇਹ ਨਾਮ ਕਿਥੋਂ ਪਾਈਦਾ ਹੈ ? ਉੱਤਰ: ਹਰੀ ਦਾ ਨਾਮ, ਜੋ ਸਾਰੇ) ਸੁਖਾਂ ਦਾ ਟਿਕਾਣਾ ਹੈ (ਜਿਸ ਕਿਸੇ ਨੇ ਪਾਇਆ ਹੈ) ਪੂਰੇ ਗੁਰੂ ਤੋਂ ਪਾਇਆ ਹੈ (ਦੱਸਦੇ ਹਨ ਸ੍ਰੀ ਗੁਰੂ) ਨਾਨਕ (ਦੇਵ ਜੀ) ॥ ੧ ॥

ਟੂਟੇ ਬੰਧਨ ਬਹੁ ਬਿਕਾਰ ਸਫਲ ਪੂਰਨ ਤਾਕੇ ਕਾਮ ॥ ਦੁਰਮਤਿ ਮਿਟੀ ਹਉਮੈ ਛੁਟੀ ਸਿਮਰਤ ਹਰਿ ਕੋ ਨਾਮ ॥

ਸਰਨਿ ਗਹੀ ਪਾਰਬ੍ਰਹਮ ਕੀ ਮਿਟਿਆ ਆਵਾ ਗਵਨ ॥ ਆਪਿ ਤਰਿਆ ਕੁਟੰਬ ਸਿਉ ਗੁਣ ਗੁਬਿੰਦ ਪ੍ਰਭ ਰਵਨ ॥

ਹਰਿ ਕੀ ਟਹਲ ਕਮਾਵਣੀ ਜਪੀਐ ਪ੍ਰਭ ਕਾ ਨਾਮੁ ॥ ਗੁਰ ਪੂਰੇ ਤੇ ਪਾਇਆ ਨਾਨਕ ਸੁਖ ਬਿਸ੍ਰਾਮੁ ॥ ੧੫ ॥

**ਪ੍ਰਾਕ੍ਥਨ–**ਹੁਣ ਪੰਦਰਾਂ ਥਿੱਤਾਂ ਪੂਰਨ ਹੋਈਆਂ। ਅਮਾਵਸ ਪਿਛੋਂ ਅਗੋਂ ਹੁਣ ਪੁੰਨਿਆਂ ਕਹਿਣਗੇ। ਅਮਾਵਸ ਤੋਂ ਬਾਦ ਫੇਰ ਏਕਮ ਦੂਜ ਤੀਜ ਸ਼ੁਰੂ ਹੋ ਜਾਂਦੀ ਹੈ ; ਪਰ ਉਨ੍ਹਾਂ ਤਿਥਾਂ ਪਰ ਹੋਰ ਬਾਣੀ ਨਹੀਂ ਹੈ ਸੋ ਇਸ ਇਕ ਵਾਰ ਹੀ ਦੇ ਕਹਿਣ ਨਾਲ ਹੁਣ ਦੂਜੇ ਪਖ (ਸ਼ੁਕਲਾ ਪਖ) ਦੀਆਂ ਪਿਛਲੀਆਂ ਕਹੀਆਂ ੧੪ ਥਿਤਾਂ ਆਪੇ ਆ ਗਈਆਂ।

ਸਲੋਕ ॥ ਪੂਰਨੁ ਕਬਹੁ ਨ ਡੋਲਤਾ ਪੂਰਾ ਕੀਆ ਪ੍ਰਭ ਆਪਿ ॥ ਦਿਨੁ ਦਿਨੁ ਚੜੈ ਸਵਾਇਆ ਨਾਨਕ ਹੋਤ ਨ ਘਾਟਿ ॥ ੧੬ ॥

(ਜਿਸ ਨੂੰ ਪ੍ਰਭੂ ਨੇ ਆਪ ਪੂਰਾ ਕੀਤਾ ਹੈ (ਉਹ) ਪੂਰਨ (ਪੁਰਖ) ਕਦੇ ਨਹੀਂ ਡੋਲਦਾ। ਦਿਨ ਦਿਨ (ਉਹ) ਵਧ ਤੋਂ ਵੱਧ ਹੁੰਦਾ ਹੈ ਕਦੇ ਘਟਤੀ ਵਲ ਨਹੀਂ ਜਾਂਦਾ, ਹੇ ਨਾਨਕ ! (ਭਾਵ–ਵਾਹਿਗੁਰੂ ਜਿਸ ਨੂੰ ਪੂਰਨ ਬਣਾ ਦੇਂਦਾ ਹੈ ਓਹ ਕਦੇ ਫੇਰ ਅਪੂਰਨ ਨਹੀਂ ਹੁੰਦਾ ਦਿਨੋ ਦਿਨ ਸਵਾਇਆ ਹੁੰਦਾ ਭਾਵ ਵਧਦਾ ਹੈ। ਯਥਾ:–

ਸਖੀ ਵਸਿ ਆਇਆ ਫਿਰਿ ਛੋਡਿ ਨ ਜਾਈ
ਇਹ ਰੀਤਿ ਭਲੀ ਭਗਵੰਤ ॥ (ਗਉੜੀ ਮ: ੫ ਛੰਤ–੧੧)

ਪਉੜੀ ॥ ਪੂਰਨਮਾ ਪੂਰਨ ਪ੍ਰਭ ਏਕੁ ਕਰਣ ਕਾਰਣ ਸਮਰਥੁ॥ਜੀਅ ਜੰਤ ਦਇਆਲ ਪੁਰਖੁ ਸਭ ਊਪਰਿ ਜਾਕਾ ਹਥੁ॥ ਗੁਣਨਿਧਾਨ ਗੋਬਿੰਦ ਗੁਰ ਕੀਆ ਜਾਕਾ ਹੋਇ ॥ ਅੰਤਰਜਾਮੀ ਪ੍ਰਭੁ ਸੁਜਾਨੁ ਅਲਖ ਨਿਰੰਜਨ ਸੋਇ॥ ਪਾਰਬ੍ਰਹਮੁ ਪਰਮੇਸਰੋ ਸਭ ਬਿਧਿ ਜਾਨਣਹਾਰ ॥ ਸੰਤ ਸਹਾਈ ਸਰਨਿ ਜੋਗੁ ਆਠ ਪਹਰ ਨਮਸਕਾਰ ॥ ਅਕਥ ਕਥਾ ਨਹ ਬੂਝੀਐ ਸਿਮਰਹੁ ਹਰਿ ਕੇ ਚਰਨ॥ ਪਤਿਤ ਉਧਾਰਨ ਅਨਾਥ ਨਾਥ ਨਾਨਕ ਪ੍ਰਭ ਕੀ ਸਰਨ ॥੧੬॥

(ਹੁਣ) ਪੁੰਨਯਾ ਦਾ (ਇਹ ਉਪਦੇਸ਼ ਦੇਂਦੇ ਹਨ ਕਿ)ਇਕੋ ਪ੍ਰਭੂ ਜੋ ਪੂਰਨ ਹੈ, ਜੋ (ਸਾਰੇ) ਕਾਰਣਾਂ ਦੇ ਕਰਨ ਨੂੰ ਸਮਰਥ ਹੈ। (ਸਮਰਥ ਹੋਕੇ) ਉਹ (ਐਸਾ ਦਿਆਲੂ ਪੁਰਖ ਹੈ ਕਿ)ਸਭ ਜੀਅ ਜੰਤ ਦੇ (ਸਿਰ) ਉਤੇ ਉਸ ਦਾ ਹੱਥ ਹੈ। ਉਹ ਗੁਣਾਂ ਦਾ ਖ਼ਜ਼ਾਨਾ ਹੈ, ਸ੍ਰਿਸ਼ਟੀ ਦਾ ਜਾਣਨਹਾਰ ਹੈ, (ਸਭ ਤੋਂ) ਵੱਡਾ ਹੈ, ਜਿਸਦਾ ਕੀਤਾ (ਸਭ ਕੁਛ) ਹੁੰਦਾ ਹੈ। (ਉਹ) ਅਦਰ ਬੈਠਾ (ਨਜ਼ੀਤਾ) ਹੈ, ਮਾਲਕ ਹੈ, (ਪਰਮ) ਦਾਨਾ ਹੈ, ਉਹੀ (ਫਿਰ) ਮਾਇਆ ਰਹਤ ਹੈ (ਇਸੇ ਕਰਕੇ ਮਨ ਇੰਦ੍ਰਿਆਂ ਕਰਕੇ) ਲਖਿਆ ਨਹੀਂ ਜਾਂਦਾ। (ਹਾਂ) ਪਾਰਬ੍ਰਹਮ ਹੈ (ਪਰੇ ਤੋਂ ਪਰੇ ਨਿਰਗੁਣ ਹੈ), ਪਰਮ ਈਸ਼ੂਰ ਹੈ (ਫਿਰ)ਸਭ ਪ੍ਰਕਾਰ (ਸਭ ਦਿਲ ਦੀ) ਜਾਣਨਹਾਰ ਹੈ। ਸੰਤਾਂ ਦਾ ਉਹ ਸਹਾਈ ਹੈ, (ਇਸ ਕਰਕੇ ਸਭ ਕਿਸੇ ਦੇ) ਸ਼ਰਣ ਲੈਣ ਦੇ ਜੋਗ ਹੈ; (ਹੇ ਭਾਈ !) ਅੱਠੇ ਪਹਿਰ ਉਸ ਨੂੰ ਨਮਸਕਾਰ ਕਰ। (ਉਸ ਦੀ) ਕਥਾ ਅਕੱਥ ਹੈ (ਕੋਈ) ਵਰਣਨ ਨਹੀਂ ਕਰ ਸਕਦਾ (ਸੋ ਜਾਣਨ ਮਾਤ੍ਰ ਦਾ ਖਿਆਲ ਛਡਕੇ ਉਸ) ਹਰੀ ਦੇ ਚਰਨਾਂ ਦਾ ਸਿਮਰਣ ਕਰੋ (ਭਾਵ, ਉਸ ਨੂੰ ਯਾਦ ਰਖੋ। ਯਾਦ ਰਖਣ ਨਾਲ ਉਸ ਨੂੰ ਪ੍ਰਾਪਤ ਹੋ ਜਾਓਗੇ। ਨਾ ਡਰੋ ਕਿ ਅਸੀਂ ਪਾਪੀ ਹਾਂ, ਉਸ ਪਵਿਤ੍ਰ ਦੀ ਸ਼ਰਨ ਕੀਕੂੰ ਲਈਏ! ਦੇਖੋ:) ਉਹ ਪਤਿਤਾਂ (ਗਿਰੇ ਹੋਇਆਂ) ਦਾ (ਬੀ) ਉਧਾਰ ਕਰਨੇ ਵਾਲਾ ਹੈ ਤੇ ਅਨਾਥਾਂ ਦਾ (ਉਹ) ਨਾਥ ਹੈ, ਉਸ ਪ੍ਰਭੂ ਦੀ ਹੇ ਨਾਨਕ ! ਸ਼ਰਣ ਲੈ ਲੈ ॥ ੧੬ ॥

**ਪ੍ਰਾਕ੍ਥਨ–**ਹੁਣ ਥਿਤਾਂ ਸਾਰੀਆਂ ਮੁੱਕ ਗਈਆਂ ਹਨ। ਇਹ ਉਪਦੇਸ਼ ਉਹਨਾਂ ਪ੍ਰਤੀ ਸੋ ਜੋ ਥਿੱਤਾਂ ਦੇ ਅਸਰ ਆਦਿ ਦੀ 'ਭਰਮ-ਵੀਚਾਰ' ਵਿਚ ਕਿਸੇ ਥਿਤ ਨੂੰ ਕਿਸੇ ਅਸਰ ਵਾਲਾ, ਕਿਸੇ ਨੂੰ

ਕਿਸੇ ਵਾਲਾ, ਕਈ ਤਰ੍ਹਾਂ ਨਾਲ ਮੰਨਦੇ ਤੇ ਸਾਈਂ ਦੀ ਟੇਕ ਤੋਂ ਬੇਟੇਕ ਰਹਿੰਦੇ ਹਨ, ਯਾ ਜੋ ਥਿੱਤਾਂ ਵਿਚ ਵਰਜਸ਼ ਵੱਟੇ ਲੈਣ ਦੇ ਹਿਸਾਬਾਂ ਵਿਚ ਮਾਇਕ ਫੇਰਾਂ ਵਿਚ ਵਿਚਰਦੇ ਹਨ। ਇਸ ਤੋਂ ਇਹ ਨਾ ਸਮਝਿਆ ਜਾਵੇ ਕਿ ਇਸ ਬਾਣੀ ਦੇ ਉਪਦੇਸ਼ ਐਸੇ ਜਜੋਤਸ਼ੀਆਂ, ਜਜੋਤਸ਼ ਦ੍ਵਾਰਾ ਭਰਮੀਆਂ ਯਾ ਬਣੀਆਂ ਲਈ ਹੀ ਕੇਵਲ ਹਨ; ਨਹੀਂ, ਏਹ ਉਪਦੇਸ਼ ਸਭ ਕਿਸੇ ਲਈ ਹਨ, ਇਸ ਕਰਕੇ ਹੁਣ ੧੭ਵੇਂ ਤੇ ਅਖੀਰਲੇ ਅੰਕ ਵਿਚ ਏਹ ਵੀਚਾਰ ਸਪਸ਼ਟ ਕਰਦੇ ਹਨ।

ਇਸ ਅਖੀਰਲੇ ਅੰਕ ਨੂੰ ਅਖੀਰਲਾ ਮੰਗਲ ਬੀ ਕਿਹਾ ਜਾ ਸਕਦਾ ਹੈ, ਪਰ ਆਦਿ ਵਿਚ ਮੰਗਲ ਨਹੀਂ, ਇਸ ਕਰਕੇ ਇਹ ਪਉੜੀ ਤੇ ਸਲੋਕ ਥਿਤਾਂ ਦੇ ਉਪਦੇਸ਼ ਦਾ ਅਧਿਕਾਰੀ ਹਰੇਕ ਨੂੰ ਬਨਾਉਣੇ ਲਈ ਹੈ।

ਸਲੋਕੁ ॥ ਦੂਖ ਬਿਨਸੇ ਸਹਸਾ ਗਇਓ ਸਰਨਿ ਗਹੀ ਹਰਿ ਰਾਇ॥ ਮਨਿਚਿੰਦੇ ਫਲ ਪਾਇਆ ਨਾਨਕ ਹਰਿ ਗੁਨ ਗਾਇ ॥ ੧੭ ॥

ਪਉੜੀ ॥ ਕੋਈ ਗਾਵੈ ਕੋ ਸੁਣੈ ਕੋਈ ਕਰੈ ਬੀਚਾਰੁ ॥ ਕੋ ਉਪਦੇਸੈ ਕੋ ਦ੍ਰਿੜੈ ਤਿਸਕਾ ਹੋਇ ਉਧਾਰੁ ॥ ਕਿਲਬਿਖ ਕਾਟੈ ਹੋਇ ਨਿਰਮਲਾ ਜਨਮ ਜਨਮ ਮਲੁ ਜਾਇ॥ਹਲਤਿ ਪਲਤਿ ਮੁਖੁ ਊਜਲਾ ਨਹ ਪੋਹੈ ਤਿਸੁ ਮਾਇ ॥ ਸੋ ਸੁਰਤਾ ਸੋ ਬੈਸਨੋ ਸੋ ਗਿਆਨੀ ਧਨਵੰਤੁ॥ ਸੋ ਸੂਰਾ ਕੁਲਵੰਤੁ ਸੋਇ ਜਿਨਿ ਭਜਿਆ ਭਗਵੰਤੁ ॥ ਖਤ੍ਰੀ ਬ੍ਰਾਹਮਣੁ ਸੂਦੁ ਬੈਸੁ ਉਧਰੈ ਸਿਮਰਿ ਚੰਡਾਲ ॥ ਜਿਨਿ ਜਾਨਿਓ ਪ੍ਰਭੁ ਆਪਨਾ ਨਾਨਕ ਤਿਸਹਿ ਰਵਾਲ ॥੧੭॥

(ਭਾਈ ਜਨੋ ! ਜਿਸ ਕਿਸੇ ਨੇ ਬੀ) ਹਰੀ ਰਾਇ ਦੀ ਸ਼ਰਣ ਲੈ ਲਈ ਹੈ; ਉਸ ਦਾ ਸੰਸਾ (ਭਰਮ) ਦੂਰ ਹੋ ਗਿਆ ਤੇ (ਸਾਰੇ) ਦੁਖ ਦੂਰ ਹੋ ਗਏ। (ਹਾਂ ਗੁਰੂ) ਨਾਨਕ (ਜੀ ਦੁਹਰਾ ਕੇ ਆਖਦੇ ਹਨ ਕਿ ਜਿਸ ਨੇ ਬੀ) ਹਰੀ ਦੇ ਗੁਣ ਗਾਏ ਹਨ (ਉਸ ਨੇ) ਮਨ ਦੇ ਚਿਤਵੇ ਫਲ ਪਾ ਲਏ ਹਨ ॥ ੧੭ ॥

(ਹੇ ਭਾਈ, ਚਾਹੇ) ਕੋਈ (ਹੋਵੇ ਜੋ ਹਰੀ ਦੇ ਗੁਣ) ਗਾਵੇ ਕੋਈ (ਉਸ ਨੂੰ) ਸੁਣੇ, ਕੋਈ (ਉਸ ਦਾ) ਵੀਚਾਰ ਕਰੇ, ਕੋਈ (ਉਸ ਦਾ) ਉਪਦੇਸ਼ ਦੇਵੇ, ਕੋਈ ਉਸ ਨੂੰ ਦ੍ਰਿੜ ਕਰੇ (ਭਾਵ ਅਪਣੇ ਅੰਦਰ ਬਿਠਾ ਲਵੇ) ਉਸ ਦਾ ਉਧਾਰ ਹੋ ਜਾਏਗਾ। (ਉਹ ਅਪਣੇ) ਪਾਪ ਕਟ ਲਏਗਾ, (ਉਹ ਹਉਂ ਦੀ ਮੈਲ ਤੋਂ) ਨਿਰਮਲ ਹੋ ਜਾਏਗਾ, ਹਾਂ ਉਸ ਦੀ) ਜਨਮ ਜਨਮ ਦੀ (ਵਿਕਾਰਾਂ ਦੀ) ਮੈਲ ਦੂਰ ਹੋ ਜਾਏਗੀ। (ਉਸ ਦਾ) ਮੂੰਹ ਲੋਕ ਪ੍ਰਲੋਕ ਵਿਚ ਉੱਜਲਾ ਹੋਵੇਗਾ (ਮੁੜਕੇ) ਮਾਇਆ ਉਸ ਉਤੇ (ਕੋਈ) ਅਸਰ ਕਦ ਨਹੀਂ ਪਾਵੇਗੀ। (ਹਾਂ ਭਾਈ !) ਜਿਸ (ਕਿਸੇ) ਨੇ ਭਗਵੰਤ ਦਾ ਭਜਨ ਕਰ ਲਿਆ, ਉਹੀ ਸੁਰਤਾ (ਬ੍ਰਿਤੀ ਵਿਚ ਬ੍ਰਹਮ ਨਿਵਾਸ ਵਾਲਾ) ਹੈ, ਉਹੀ ਵੈਸ਼ਨੋ ਹੈ, ਉਹੀ ਗਜਾਨੀ ਹੈ,ਉਹੀ ਧਨ ਵਾਲਾ ਹੈ, ਉਹੀ ਸੂਰਮਾ ਹੈ, ਉਹੀ ਉੱਚੀ ਕੁਲ ਵਾਲਾ ਹੈ। (ਹਾਂ ਭਾਈ !) ਸਿਮਰਣ ਕਰਨੇ ਨਾਲ ਖਤ੍ਰੀ, ਬ੍ਰਾਹਮਣ, ਸੂਦ, ਵੈਸ (ਚਾਰ ਵਰਣੀ ਤੇ ਇਨ੍ਹਾਂ ਤੋਂ ਬਾਹਰ) ਚੰਡਾਲ (ਆਦਿ ਹਰ ਅਵਰਣੀ ਬੀ) ਉਧਰ ਜਾਂਦਾ ਹੈ। (ਗਲ ਕੀਹ) ਜਿਸ ਨੇ ਬੀ ਅਪਣੇ ਪ੍ਰਭੂ ਨੂੰ ਜਾਣ ਲਿਆ ਹੈ ਨਾਨਕ ਉਸ ਦੇ (ਚਰਨਾਂ ਦੀ) ਧੂੜ ਹੈ। (ਅਥਵਾ ਜਿਸ ਨੇ ਪ੍ਰਭੂ ਨੂੰ ਅਪਣਾ ਮਾਲਕ ਪਛਾਣ ਲਿਆ ਹੈ ਨਾਨਕ ਉਸ ਦੇ ਚਰਨਾਂ ਦੀ ਧੂੜੀ ਹੈ) ॥ ੧੭ ॥

**ਨਿਰੁਕ੍ਤ—** ਸਹਸਾ—[ਸੰਸ:, ਸੰਸ਼ਯ:=ਸ਼ੱਕ ਸ਼ੁਬਾ] ਸੰਸਾ, ਭਰਮ।

ਆਧਿ—[ਸੰਸ:, ਆਧਿ:=ਮਨ ਦੀ ਪੀੜ, ਮਨ ਦੇ ਰੋਗ] ਚਿੰਤਾ ਆਦਿ।

ਬਿਆਧਿ—[ਸੰਸ:, ਵਜਾਧਿ:=ਬੀਮਾਰੀ; ਪੀੜ ] ਸਰੀਰਕ ਦੁਖ, ਰੋਗ ਆਦਿ।

ਉਪਾਧਿ–[ਸੰਸ:, ਉਪਾਧਿ:=ਧੋਖਾ, ਜਾਲ, ਭ੍ਰਮ ] ਆਤਮਕ ਰੋਗ।

ਚਤੁਰ–[ਸੰਸ:, ਚਤੁਰ:=ਸਿਆਣਾ, ਚਾਲਾਕ ] ਤ੍ਰਿਖੀ ਬੁੱਧੀ ਵਾਲਾ। ਸਿਆਣਾ, ਹੁਸ਼ਿਆਰ।

ਸਿਆਣਾ–[ਸੰਸ:, ਸ+ਗਿਆਨੀ। ਹਿੰਦੀ, ਸਜਾਨਾ] ਦਾਨਾ, ਅਕਲਮੰਦ, ਸਮਝਦਾਰ।

ਸੁਘੜੁ–[ਦੇਖੋ ਪੰ: ੧੫੩੯] ਚੰਗੀ ਤਰ੍ਹਾਂ ਘੜਿਆ ਹੋਇਆ। ਸੁਸਿਖਜਤ, ਤਜਰਬੇਕਾਰ।

ਅਸਟ ਸਿਧਿ–[ਸੰਸ:, ਅਸ਼੍ਟਨ੍=ਅੱਠ (੮) + ਸੰਸ: ਸਿਧਿ:=ਅਲੌਕਿਕ ਸ਼ਕਤੀ] ਅੱਠ ਸਿੱਧੀਆਂ, ਕਰਾਮਾਤਾਂ। (ਵਿਸ਼ੇਸ਼ ਦੇਖੋ ਪੰਨਾ ੨੨੫)।

ਤਤੁ ਬੀਚਾਰੁ–[ਸੰਸ:, ਤੱਤ੍ਵੰ+ ਵਿਚਾਰ:] ਸਾਰ ਵਿਚਾਰ। ਅਸਲੀ ਸਮਝ ਦੀ ਗੱਲ।

ਖੇਮ–[ਦੇਖੋ ਪੰਨਾ ੧੭੨੮] ਸੁਖ,ਕੁਸ਼ਲ।   ਕਲਿਆਣ–ਮੁਕਤੀ।(ਦੇਖੋ ਪੰਨਾ ੧੭੫੬)।

ਸਾਰੁ–[ਸੰਸ:, ਸਾਰੰ ਜਾਂ ਸਾਰ:=ਕਿਸੇ ਚੀਜ਼ ਦਾ ਮੂਲ, ਮੁੱਖ, ਜਾਂ ਕਾਰਆਮਦ ਅੰਸ਼। ਤੱਤ। ਕਿਸੇ ਗ੍ਰੰਥ ਦਾ ਨਿਚੋੜ। ਉੱਤਮਤਾ ਆਦਿਕ।] ਅਸਲ ਸ਼ੈ, ਸਾਰ ਵਸਤੂ।

ਸੋਧਿਓ–[ਸੰਸ:, ਸ਼ੋਧਨੰ=ਸ਼ੁੱਧ ਕਰਨਾ, ਸਾਫ਼ ਕਰਨਾ, ਸੁਧਾਰਨਾ ] ਨਿਰਣੈ ਕੀਤਾ ਹੈ।

ਖਟ–[ਸੰਸ:, ਸ਼ਟ੍=ਛੇ (੪+੨)] ਛੇ (=੬)।

ਖਟ ਸਾਸਤ੍ਰ–ਛੇ ਸ਼ਾਸਤ੍ਰ ਆਦਿਕ, ਮੁਰਾਦ ਕਈ ਸ਼ਾਸਤ੍ਰ ਹੈ।

ਊਚੌ–ਉਚੀ। ਭਾਵ ਬਾਰ ਬਾਰ।

ਖਸਟਮਿ–[ਸੰਸ:, ਸ਼ਸ਼ਠ=] ਖਸ਼ਟਮੀ। ਛਠੀ, ਛੇਵੀਂ ਥਿਤ।

ਸਿੰਮ੍ਰਿਤਿ–ਸਿੰਮ੍ਰਤੀਆਂ। [ਦੇਖੋ ਪੰਨਾ ੧੬੫੫]।

ਸੇਖ–[ਸੰਸ:, ਸ਼ੇਸ਼:=ਸ਼ੇਸ਼ਨਾਗ ] ਸ਼ੇਸ਼ਨਾਗ, ਜੋ ਨਵੇਂ ਤੋਂ ਨਵੇਂ ਨਾਮ ਲੈਂਦਾ ਹੈ।

ਨਾਰਦ–[ਸੰਸ:, ਨਾਰਦ:] ਇਕ ਰਿਖੀ। (ਦੇਖੋ ਪੰਨਾ ੫੬੧)।

ਸੁਕ–[ਸੰਸ:, ਸ਼ੁਕ:] ਸੁਕਦੇਵ। ਬਿਆਸ ਰਿਸ਼ੀ ਦੇ ਇਕ ਪੁਤਰ ਦਾ ਨਾਮ।

ਬਿਆਸ–[ਸੰਸ:, ਵ੍ਯਾਸ:] ਦੇਖੋ ਬੇਦ ਬਿਆਸ ਪੰਨਾ ੫੬੨।

ਗੀਧੇ–[ਸੰਸ:, ਧਾ:–ਗ੍ਰਿਧੁ=ਲਲਚਣਾ।] ਲਲਚਾਏ ਹੋਏ, ਗਿੱਝੇ ਹੋਏ, ਲੱਗੇ ਮਤੇ ਹੋਏ।

ਬੀਧੇ–[ਸੰਸ:, ਵੇਧਨੰ=ਖੋਦਨ ਦੀ ਕ੍ਰਿਆ, ਵਿੰਨ੍ਹਣਾ ] ਵਿੰਨ੍ਹੇ ਹੋਏ।

ਭਗਵੰਤ–[ਦੇਖੋ ਪੰਨਾ ੧੭੬੨] ਭਗਵੰਤ ਦਾ, ਰੱਬ ਦਾ।

ਜੰਜਾਲ–[ਦੇਖੋ ਪੰਨਾ ੧੭੬੪] ਬਖੇੜੇ, । ਝਮੇਲੇ। (ਅ) (ਜਗ+ਜਾਲ) ਜਗਤ ਦੇ ਉਲਝਾਉ ਤੇ ਫਸੌਤੀਆਂ। (ੲ) [ਜਮ=ਯਮ=ਘੁਟ ਲੈਣ ਵਾਲਾ, ਫਸਾ ਲੈਣ ਵਾਲਾ+ਜਾਲ=ਫਸੌਤੀ ਫਾਹੀ, ਫਸੌਤੀ। ਬੰਧਨ।

ਜਮਕੰਕਰੁ–[ਸੰਸ:, ਯਮਕਿਙ੍ਕਰ:=ਜਮਦੂਤ ] ਜਮ ਦੇ ਦਾਸ। ਜਮਦੂਤ।

ਜੋਹਿ–[ਦੇਖੋ'ਜੋਹੀ'ਪੰਨਾ ੩੪੩] ਵੇਖ;ਤੱਕ। ਜੋਹਿ ਨ ਸਕਈ=ਤਾੜਕੇ ਵੇਖ ਨਹੀਂ ਸਕਦਾ। ਗੁੱਸੇ ਨਾਲ ਤੱਕ ਨਹੀਂ ਸਕਦਾ।

ਨਿਧਿ–[ਸੰਸ:, ਨਿਧਿ:] ਭੰਡਾਰ, ਖ਼ਜ਼ਾਨਾ। ਕੁਬੇਰ ਦੇ ਨੌ ਪ੍ਰਕਾਰ ਦੇ ਖਜ਼ਾਨੇ।

ਨਿਰੋਧਰ ਮੰਤ–(ਦੇਖੋ 'ਮੰਤ੍ਰੁ ਨਿਰੋਧਰਾ' ਪੰਨਾ ੧੬੦੩)।

ਬਿਸੇਖ–[ਸੰਸ:, ਵਿਸ਼ੇਸ਼=ਉੱਤਮਤਾ ] ਵਿਸ਼ੇਸ਼,ਵਧੀਆ।

ਤ੍ਰਿਪਤਾਸੈ–[ਦੇਖੋ 'ਤ੍ਰਿਪਤਾਸਹਿ' ਪੰਨਾ ੧੯੧] ਤ੍ਰਿਪਤ ਹੁੰਦਾ ਹੈ। ਰਜਦਾ ਹੈ, ਸੰਤੁਸ਼ਟ

ਤੇ ਪ੍ਰਸੰਨ ਹੁੰਦਾ ਹੈ।

ਪੰਚ ਭੂਆਤਮਾ-[ਸੰਸ:,ਪੰਚ ਭੂਤਾਤਮਨ੍] ਜੋ ਪੰਜਾਂ ਤੱਤਾਂ ਦੀ ਸੂਖਮ ਸਤੋ ਅੰਸ਼ ਤੋਂ ਬਣਿਆਂ ਹੈ,ਭਾਵ ਅੰਤਹ ਕਰਣ, ਮਨ।

ਤੀਨਿ ਗੁਣਾ-[ਸੰਸ:, ਤ੍ਰਿਗੁਣ:=] ਤਿੰਨ ਗੁਣ=ਰਜ, ਤਮ, ਸਤ।

ਬਿਆਪਿਆ-[ਦੇਖੋ 'ਬਿਆਪਤ' ਪੰਨਾ ੧੧੭੨ ] ਲਗਿਆ ਰਹਿਆ।

ਪਤਿਤ ਉਧਾਰਣੁ-[ਸੰਸ:, ਪਤਿਤ:+ਉਦ੍ਧਾਰਕ:=ਤਾਰਣ ਵਾਲਾ] ਪਾਪੀਆਂ ਨੂੰ ਤਾਰਨ ਵਾਲਾ।

ਤੀਨਿ ਤਾਪ-[ਸੰਸ: ਤ੍ਰਿ=ਤਿੰਨ (੩)+ਤਪ:=ਗਰਮੀ, ਅੱਗ] ਤਿੰਨੇ ਤਾਪ। ਆਧਿ, ਬਿਆਧਿ, ਉਪਾਧਿ ਏਹ ਤ੍ਰੈ ਤਾਪ ਹਨ, ਪਰ ਸਲੋਕ ਵਿਚ ਤਿੰਨ ਗੁਣ ਹੋਣ ਕਰਕੇ ਅਰਥ ਹੈ ਉਹ ਤਿੰਨ ਤਾਪ ਜੋ ਤ੍ਰੈ ਗੁਣਾਂ ਤੋਂ ਉਪਜਦੇ ਹਨ। ਸੋ ਭਾਵ ਉਹੋ ਹੈ ਕਿਉਂਕਿ ਸਾਰੇ ਤਾਪ ਤ੍ਰੈ ਗੁਣਾਂ ਵਿਚ ਮੁਗਧ ਹੋਣ ਕਰਕੇ ਵਾਪਰਦੇ ਹਨ।

ਦੀਰਘ ਰੋਗ-[ਸੰਸ:, ਦੀਰੁਘ=ਲੰਮਾ। ਲੰਮੇ ਸਮੇ ਅਤੇ ਥਾਂ ਵਾਲਾ+ਰੋਗ:=ਰੋਗ, ਬੀਮਾਰੀ] ਓਹ ਰੋਗ ਜੋ ਦੇਰ ਦਾ ਲੱਗਾ ਹੋਵੇ ਤੇ ਛੇਤੀ ਰਾਜ਼ੀ ਨਾ ਹੋਵੇ।

ਅਸਾਧਿਓ-[ਸੰਸ:, ਅਸਾਧ੍ਯ=ਜੋ ਠੀਕ ਨਾ ਹੋ ਸਕੇ, ਜਿਸਤੇ ਕੋਈ ਵੱਸ ਨਾ ਚੱਲੇ] ਜੋ ਸਾਧਿਆ ਨਾ ਜਾਵੇ। ਓਹ ਰੋਗ, ਜਿਸਦਾ ਇਲਾਜ ਅਤਿ ਕਠਨ ਹੋਵੇ।

ਬਿਕਾਰ-[ਸੰਸ:, ਵਿਕਾਰ:=ਘਬ੍ਰਾਹਟ, ਰੋਗ, ਵਿਗਾੜ] ਬਿਕਾਰ ਤੋਂ ਮੁਰਾਦ ਏਥੇ ਪਾਪ ਨਹੀਂ, ਪਰ ਓਹ ਕੰਮ ਜੋ ਨਿਕੰਮੇ ਤੇ ਮਾੜੇ ਹਨ ਦਿਲ ਦੇ ਸੁਖ ਲਈ।

ਬਰੜਾਇਓ-[ਪੰਜਾ:, ਬਰੜਾਉਣਾ=ਸੁੱਤਿਆਂ ਬੇਖਬਰੀ ਵਿਚ ਬੋਲਣਾ] ਸੁਪਨੇ ਵਿਚ ਬਿਫਲਨਾ।

ਚਾਰਿ ਕੁੰਟ-(ਦੇਖੋ ਪੰਨਾ ੧੬੧੫)। ਚਾਰੇ ਕੂੰਟਾਂ।

ਚਉਦਹ ਭਵਨ-[ਸੰਸ:, ਚਤੁਰਦਸ਼ਨ=੧੪ (ਚੌਦਾਂ)+ਭੁਵਨੰ] ੧੪ ਲੋਕ। ੭ ਉਪਰ ਤੇ ੭ ਹੇਠਾਂ।  ਬਿਆਪਤ-[ਦੇਖੋ 'ਬਿਆਪਤ' ਪੰਨਾ ੧੧੭੨] ਵਿਆਪਕ ਹੋ ਰਿਹਾ ਹੈ।

ਊਨ-[ਸੰਸ:, ਊਨ=ਘੱਟ, ਅਧੂਰਾ। ਹਿੰ:, ਊਨਾ=ਥੋੜਾ, ਛੋਟਾ] ਊਣਾ, ਘਾਟ। ਥੁੜ।

ਕਾਮ-[ਸੰਸ:, ਕਰ੍ਮਨ੍] ਕੰਮ, ਦੁਨਿਆਵੀ ਕੰਮ। ਕਿਤੇ ਪਰਮਾਰਥਕ ਕੰਮਾਂ ਤੋਂ ਵੀ ਭਾਵ ਹੈ।

੨. [ਸੰਸ:, ਕਾਮਨਾ=ਅਭਿਲਾਖਾ, ਇੱਛਾ] ਕਾਮਨਾਵਾਂ। ਮਨੋਰਥ।

ਦਸੇ ਦਿਸਾ-(ਦੇਖੋ ਪੰਨਾ ੧੬੧੫) ਦਸੇਂ ਪਾਸੇ।

ਧਰਨਿ-[ਸੰਸ:, ਧਰਣੀ=ਜ਼ਮੀਨ] ਧਰਤੀ।  ਪੇਖੁ-ਵੇਖ।

ਆਤਮੁ ਜੀਤਾ-ਅਪਣਾ ਆਤਮਾ ਜਿੱਤ ਲਿਆ। ਹਉਮੈ ਵੱਸ ਕਰ ਲਈ।

ਚਿੰਦ-[ਸੰਸ:, ਚਿੰਤਾ=ਸੋਚ, ਵਿਚਾਰ, ਫਿਕਰ] ਚਿੰਤਾ, ਫ਼ਿਕਰ।

ਅਮਾਵਸ-[ਸੰਸ:, ਅਮਾਵਸ੍ਯਾ=ਕ੍ਰਿਸ਼ਨਾ ਪੱਖ (ਹਨੇਰਾ ਪੱਖ) ਦੀ ਆਖਰੀ ਤਿਥਿ] ਮਸਯਾ, ਜਿਸ ਥਿਤ ਨੂੰ ਚੰਦ ਨਹੀਂ ਚੜ੍ਹਦਾ।

ਆਤਮ-ਆਤਮਾ ਰੂਪ, ਰੂਹ।

ਆਵਾਗਵਨ-[ਹਿੰ:, ਆਵਾ=ਆਉਣਾ+ਸੰਸ:, ਗਮਨੰ=ਜਾਣਾ (ਧਾ:-ਗਮ੍)।] ਆਉਣਾ

ਜਾਣਾ। ਜਨਮ ਮਰਨ, ਆਵਾ ਗੌਣ।

ਰਵਨ—[ਸੰਸ:, ਰਵ:=ਧੁਨਿ, ਸ਼ੋਰ,ਗੁੰਜਾਰ। ਹਿੰ:, ਰਵਨਾ=ਬੋਲਣਾ, ਸ਼ਬਦ ਕਰਨਾ] ਉਚਾਰਨ
ਨਾਲ ਭਾਵ ਗਾਇਨ ਕਰਨ ਨਾਲ।

ਸੁਖ ਬਿਸ੍ਰਾਮੁ—[ਸੁਖ+ਬਿਸ੍ਰਾਮ=ਸੁਖ ਦਾ ਬਿਸ੍ਰਾਮ:=ਆਰਾਮ,ਟਿਕਾਉ] ਸੁਖ ਦਾ ਟਿਕਾਣਾ।

ਸਵਾਇਆ—ਇਕ ਤੇ ਇਕ ਦਾ ਚੌਥਾ ਹਿੱਸਾ ਹੋਰ ਵੱਧ। ਮੁਹਾਵਰਾ ਹੈ, ਭਾਵ ਹੈ ਵਧ ਤੋਂ ਵਧ।

ਘਾਟਿ—[ਸੰਸ:, ਧਾ: ਘਟੁ=ਹੋਣਾ, ਵਾਕਿਆ ਹੋਣਾ। ਹਿੰਦੀ, ਘਾਟ=ਘੱਟ ਥੋੜਾ।]
ਘਟਤੀ, ਘੱਟ।

ਪੂਰਨਮਾ—[ਸੰਸ:, ਪੂਰ੍ਣਿਮਾ ਜਾਂ ਪੂਰ੍ਣਿਮਾਸੀ।]
ਚਾਨਣੇ ਪੱਖ ਦੀ ਆਖਰੀ ਤਿਥਿ। ਪੁੰਨਿਆ।

ਗੁਣ ਨਿਧਾਨ—[ਦੇਖੋ 'ਗੁਣ ਨਿਧਿ' ਪੰਨਾ ੧੬੨੯] ਗੁਣਾਂ ਦਾ ਖਜ਼ਾਨਾ।

ਕਿਲਬਿਖ—[ਸੰਸ:, ਕਿਲ੍ਵਿਸ਼ੰ=ਪਾਪ] ਪਾਪ, ਦੋਸ਼।

ਹਲਤਿ ਪਲਤਿ—[ਸੰਸ:, ਇਹਤ੍ਰ=ਏਸ ਜਗ੍ਹਾ ਦਾ। ਇਸ ਲੋਕ ਦਾ। ੨. ਸੰਸ, ਪ੍ਰਤ੍ਰ:=ਪਾਰ
ਹੋਣਾ, ਪਾਰ ਜਾਨਾ] ਹੁਣ ਤੇ ਅੱਗੋਂ। ਲੋਕ ਤੇ ਪ੍ਰਲੋਕ।

ਰਵਾਲ—ਧੂੜ।

—o—

# ਗਉੜੀ ਕੀ ਵਾਰ ਮਹਲਾ ੪

**ਪ੍ਰਾਕ੍ਰਥਨ—**ਵਾਰ ਪਉੜੀਆਂ ਦੀ ਹੁੰਦੀ ਹੈ। ਵਿਚ ਵਿਚ ਜੋ ਸ਼ਲੋਕ ਹੁੰਦੇ ਹਨ ਓਹ
ਗਾਉਣ ਵਾਲਾ ਪਉੜੀ ਦੇ ਭਾਵ ਨੂੰ ਕਈ ਪਹਿਲੂਆਂ ਵਿਚ ਨਿਰੂਪਣ ਕਰਨ ਲਈ ਲਾਉਂਦਾ ਹੈ,
ਤਾਕਿ ਗਾਉਂਦਿਆਂ ਹੀ ਸੁਣਨ ਵਾਲਿਆਂ ਨੂੰ ਸਾਰਾ ਭਾਵ ਖੁੱਲ੍ਹ ਜਾਵੇ ਤੇ ਨਾਲ ਲਗਦੇ ਉਸਦੇ
ਪਹਿਲੂ ਬੀ ਦਿੱਸ ਪੈਣ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਵਾਰਾਂ ਵਿਚ ਪਉੜੀਆਂ ਉਤੇ ਮਹਲਾ ਨਹੀਂ ਹੁੰਦਾ। ਵਾਰ
ਦੇ ਆਰੰਭ ਵਿਚ ਦੱਸ ਦਿੱਤਾ ਜਾਂਦਾ ਹੈ ਕਿ ਵਾਰ ਕਿਸ ਮਹਲੇ ਦੀ ਹੈ, ਭਾਵ ਵਿਚ ਇਹ ਹੁੰਦਾ ਹੈ ਕਿ
ਪਉੜੀਆਂ ਉਸ ਮਹੱਲੇ ਦੀਆਂ ਹਨ ਜਿਸ ਮਹੱਲੇ ਦਾ ਪਤਾ ਵਾਰ ਦੇ ਮੁੱਢ ਵਿਚ ਦੇ ਦਿੱਤਾ ਹੈ। ਸਲੋਕਾਂ
ਉਤੇ ਮਹੱਲੇ ਦਿੱਤੇ ਹੁੰਦੇ ਹਨ; ਕਿਉਂਕਿ ਉਹ ਵੱਖ ਵੱਖ ਮਹਲਿਆਂ ਦੇ ਹੁੰਦੇ ਹਨ।

ਗਉੜੀ ਦੀ ਇਸ ਵਾਰ ਦੇ ਸ਼ੁਰੂ ਵਿਚ 'ਮਹਲਾ ੪' ਦਿਤਾ ਹੈ, ਜਿਸ ਤੋਂ ਸਪਸ਼ਟ ਹੋਇਆ ਕਿ
ਇਸ ਵਾਰ ਦੀਆਂ ਪਉੜੀਆਂ ਚੌਥੇ ਪਾਤਸ਼ਾਹ ਜੀ ਦੀਆਂ ਹਨ। ਇਸ ਵਾਰ ਵਿਚ ਬਹੁਤੇ ਸਲੋਕ ਬੀ
ਚੌਥੀ ਪਾਤਸ਼ਾਹੀ ਜੀ ਦੇ ਅਪਣੇ ਹੀ ਹਨ, ਜਿਨ੍ਹਾਂ ਤੋਂ ਸੰਭਾਵਨਾ ਹੋ ਸਕਦੀ ਸੀ ਕਿ ਆਪ ਜੀ ਨੇ 'ਸਲੋਕਾਂ
ਸਮੇਤ' ਵਾਰ ਲਿਖੀ ਹੈ। ਪਰ ਅੱਗੇ ਚੱਲਕੇ ਤੀਸਰੀ ਤੇ ਪੰਜਵੀਂ ਪਾਤਸ਼ਾਹੀ ਦੇ ਬੀ ਕਈ ਸ਼ਲੋਕ ਆਉਂਦੇ
ਹਨ। ਸਗੋਂ ਕਈ ਪਉੜੀਆਂ ਪੰਜਵੇਂ ਸਤਿਗੁਰੂ ਜੀ ਦੀਆਂ ਬੀ ਹਨ, ਜਿਨ੍ਹਾਂ ਅਗੇ 'ਮਹਲਾ ੫' ਦਾ
ਸਿਰਲੇਖ ਦਿਤਾ ਹੋਇਆ ਹੈ, ਇਸਤੋਂ ਨਿਰਸੰਸੇ ਸਹੀ ਹੋਗਿਆ ਕਿ ਗੁਰੂ ਰਾਮਦਾਸਜੀ ਦੀਆਂ ਪਉੜੀਆਂ
ਵਿਚ ਰਚੀ ਵਾਰ ਵਿਚ ਕੀਰਤਨ ਕਰਨ ਲਈ ਸਲੋਕ ਮਗਰੋਂ ਪਾਏ ਗਏ ਹਨ ਤੇ ਵਿਸ਼ੇਸ਼ ਸੰਭਾਵਨਾ
ਇਹ ਹੈ ਕਿ ਏਹ ਸਲੋਕ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜੋੜੇ ਤੇ ਅਪਣੀਆਂ ਪਉੜੀਆਂ ਵਿਚ ਪਾਕੇ
ਵਾਰ ਏਸ ਰੂਪ ਵਿਚ ਸੰਪੂਰਨ ਕੀਤੀ। ਅਪਣੇ ਪਾਏ ਸਲੋਕਾਂ ਤੇ ਪਉੜੀਆਂ ਉੱਤੇ 'ਮਹਲਾ ੫' ਯਾ
ਨਿਰਾ ਅੰਕ '੫' ਦਾ ਦੇਕੇ ਅਪਣੀ ਰਚਨਾ ਹੋਣ ਦਾ ਪਤਾ ਬੀ ਦੇ ਦਿੱਤਾ ਹੈ।

# ਗਉੜੀ ਕੀ ਵਾਰ ਮਹਲਾ ੪ ੧ ਓ ਸਤਿਗੁਰ ਪ੍ਰਸਾਦਿ ॥

[ਪਉੜੀ ਪਹਿਲੀ]

| ਮੂਲ | ਅਰਥ |
|---|---|
| ਸਲੋਕ ਮ: ੪ ॥ ਸਤਿਗੁਰੁ ਪੁਰਖੁ ਦਇਆਲੁ ਹੈ ਜਿਸਨੋ ਸਮਤੁ ਸਭੁ ਕੋਇ ॥ ਏਕ ਦ੍ਰਿਸਟਿ ਕਰਿ ਦੇਖਦਾ ਮਨ ਭਾਵਨੀ ਤੇ ਸਿਧਿ ਹੋਇ ॥ ਸਤਿਗੁਰ ਵਿਚਿ ਅੰਮ੍ਰਿਤੁ ਹੈ ਹਰਿ ਉਤਮੁ ਹਰਿ ਪਦੁ ਸੋਇ ॥ ਨਾਨਕ ਕਿਰਪਾ ਤੇ ਹਰਿ ਧਿਆਈਐ ਗੁਰਮੁਖਿ ਪਾਵੈ ਕੋਇ ॥ ੧ ॥ | ਸਤਿਗੁਰੂ (ਸਭ ਉਤੇ) ਦਇਆਲੂ ਪੁਰਖ ਹੈ, ਉਸਨੂੰ ਸਭ ਕੋਈ ਇਕ ਸਮਾਨ ਹੈ। (ਉਹ ਸਭ ਕਿਸੇ ਨੂੰ) ਇਕੋ ਨਜ਼ਰ ਨਾਲ (ਇਕ ਤੁੱਲ) ਕਰਕੇ ਦੇਖਦਾ ਹੈ, (ਪ੍ਰੰਤੂ) ਸਿੱਧੀ (ਜੋ ਸਤਿਗੁਰੂ ਤੋਂ ਪ੍ਰਾਪਤ ਹੁੰਦੀ ਹੈ, ਉਹ ਆਪੋ ਆਪਣੀ) ਮਨ ਦੀ ਭਾਵਨਾ ਅਨੁਸਾਰ ਹੁੰਦੀ ਹੈ। ਸਤਿਗੁਰੂ ਵਿਚ (ਮਨੋ ਭਾਵਨਾ ਦਾਤ ਕਰਨ ਦੀ ਸਮਰੱਥਾ ਤਾਂ ਸੁਤ ਹੀ ਹੈ ਪਰ ਉਸ ਵਿਚ ਵਿਸ਼ੇਸ਼ ਵਸਤੂ ਅਮਰ ਕਰ ਦੇਣੇ ਵਾਲਾ ਨਾਮ) ਅੰਮ੍ਰਿਤ ਹੈ, ਉਸ ਹਰਿ (-ਨਾਮ) ਨਾਲ ਹਰੀ (-ਪ੍ਰਾਪਤੀ ਦੀ) ਉੱਤਮ ਪਦਵੀ ਪ੍ਰਾਪਤ ਹੁੰਦੀ ਹੈ। ਹੇ ਨਾਨਕ! (ਉਸੇ ਗੁਰੂ ਦੀ) ਕ੍ਰਿਪਾ ਨਾਲ ਹਰੀ (ਦਾ ਨਾਮ) ਧਿਆਈਦਾ ਹੈ, (ਪਰ) ਕੋਈ (ਵਿਰਲਾ) ਗੁਰਮੁਖ ਹੋਕੇ (ਇਹ ਨਾਮ ਅੰਮ੍ਰਿਤ) ਪ੍ਰਾਪਤ ਕਰਦਾ ਹੈ ॥੧॥ |
| ਮ: ੪ ॥ ਹਉਮੈ ਮਾਇਆ ਸਭ ਬਿਖੁ ਹੈ ਨਿਤ ਜਗਿ ਤੋਟਾ ਸੰਸਾਰਿ ॥ ਲਾਹਾ ਹਰਿ ਧਨੁ ਖਟਿਆ ਗੁਰਮੁਖਿ ਸਬਦੁ ਵੀਚਾਰਿ ॥ ਹਉਮੈ ਮੈਲੁ ਬਿਖੁ ਉਤਰੈ ਹਰਿ ਅੰਮ੍ਰਿਤੁ ਹਰਿ ਉਰ ਧਾਰਿ ॥ ਸਭਿ ਕਾਰਜ ਤਿਨ ਕੇ ਸਿਧਿ ਹਹਿ ਜਿਨ ਗੁਰਮੁਖਿ ਕਿਰਪਾ ਧਾਰਿ ॥ ਨਾਨਕ ਜੋ ਧੁਰਿ ਮਿਲੇ ਸੇ ਮਿਲਿ ਰਹੇ ਹਰਿ ਮੇਲੇ ਸਿਰਜਣਹਾਰਿ ॥ ੨ ॥ | (ਹੇ ਜੀਵ! ਤੇਰੇ ਅੰਦਰ ਜੋ) ਹਉਮੈ ਹੈ (ਤੇ ਬਾਹਰ ਬੀ ਜੋ) ਮਾਇਆ (ਵਰਤ ਰਹੀ) ਹੈ ਸਭ ਜ਼ਹਿਰ ਹੈ, (ਹਉਮੈ ਕਰਕੇ) ਜਗਤ ਵਿਚ (ਲੁਭਾਇਮਾਨ ਹੋ ਜਾਣਾ ਅਤੇ ਮਾਇਆ ਭ੍ਰਮ ਕਰਕੇ) ਸੰਸਾਰ ਵਿਚ (ਭੁੱਲ ਜਾਣਾ) ਸਦਾ ਤੋਟੇ (ਵਿਚ ਪਏ ਰਹਿਣਾ ਹੈ)। (ਇਸ ਦੇ ਉਲਟ ਜਿਨ੍ਹਾਂ ਨੇ) ਗੁਰੂ ਦੁਆਰਾ (ਪ੍ਰਾਪਤ ਹੋਏ) ਸ਼ਬਦ ਨੂੰ ਵਿਚਾਰਿਆ ਹੈ (ਉਨ੍ਹਾਂ ਨੇ) ਹਰੀ ਦੇ (ਨਾਮ) ਧਨ ਦਾ ਨਫਾ ਖੱਟ ਲਿਆ ਹੈ। (ਕਿਉਂਕਿ) ਹਰੀ ਦੇ ਅੰਮ੍ਰਿਤ (ਰੂਪੀ) ਹਰੀ (-ਨਾਮ) ਨੂੰ ਹਿਰਦੇ ਵਿਚ ਧਾਰਿਆਂ ਹਉਮੈ ਦੀ ਮੈਲ ਤੇ ਜ਼ਹਿਰ ਉਤਰ ਜਾਂਦੀ ਹੈ। (ਜਿਨ੍ਹਾਂ ਐਸੇ) ਗੁਰਮੁਖਾਂ ਉਤੇ (ਉਹ ਹਰੀ) ਕਿਰਪਾ ਕਰ ਦੇਂਦਾ ਹੈ ਉਨ੍ਹਾਂ ਦੇ (ਜਗਤ ਦੇ) ਸਾਰੇ ਕੰਮ ਸਿਰੇ ਚੜ੍ਹ ਜਾਂਦੇ ਹਨ। ਹੇ ਨਾਨਕ! ਜੋ ਧੁਰੋਂ ਮਿਲੇ ਸਨ ਓਹ (ਹੁਣ ਬੀ) ਮਿਲ ਰਹੇ ਹਨ, (ਉਨ੍ਹਾਂ ਨੂੰ) ਕਰਤਾਰ ਆਪ ਮੇਲ ਲੈਂਦਾ ਹੈ (ਅਪਣੇ ਨਾਲ) ॥ ੨ ॥ |
| ਪਉੜੀ ॥ ਤੂ ਸਚਾ ਸਾਹਿਬੁ ਸਚੁ ਹੈ ਸਚੁ ਸਚਾ ਗੋਸਾਈ ॥ ਤੁਧੁਨੋ ਸਭ ਧਿਆਇਦੀ ਸਭ ਲਗੈ ਤੇਰੀ ਪਾਈ ॥ | ( ਹੇ ਹਰੀ! ) ਤੂੰ (ਅਪਣੀ ਜ਼ਾਤਿ ਵਿਚ) ਸਤ੍ਯ (ਸਰੂਪ ਹੈਂ), (ਤੂੰ ਅਪਣੀ ਰਚੀ ਦਾ) ਸੱਚਾ ਮਾਲਿਕ ਹੈਂ, (ਤੂੰ ਅਪਣੀ ਰਚੀ ਹੋਈ ਵਿਚ ਬੀ) ਸਤ੍ਯ (ਸਰੂਪ ਹੈਂ, ਤੂੰ ਅਪਣੀ ਅਰਾਧਨਾ ਕਰਨ ਵਾਲਿਆਂ ਨੂੰ ਸੰਭਾਲਣੇ ਵਾਲਾ) ਸੱਚਾ ਗੁਸਾਈਂ (=ਮਾਲਕ ਹੈਂ); ਸਾਰੀ (ਸ੍ਰਿਸ਼ਟੀ) ਤੈਨੂੰ ਧਿਆਉਂਦੀ ਹੈ, ਸਭ ਤੇਰੇ ਚਰਨਾਂ ਨੂੰ ਪਈ ਲਗਦੀ ਹੈ (ਭਾਵ ਤੇਰੀ ਸ਼ਰਣ ਲੈ ਰਹੀ |

ਤੇਰ ਸਿਫਤਿ ਸੁਆਲਿਉ ਸਰੂਪ ਹੈ ਜਿਨਿ ਕੀਤੀ ਤਿਸੁ ਪਾਰਿ ਲਘਾਈ ॥ ਗੁਰਮੁਖਾ ਨੋ ਫਲੁ ਪਾਇਦਾ ਸਚਿ ਨਾਮਿ ਸਮਾਈ ॥ ਵਡੇ ਮੇਰੇ ਸਾਹਿਬਾ ਵਡੀ ਤੇਰੀ ਵਡਿਆਈ ॥ ੧ ॥

ਹੈ। ਜਿਵੇਂ ਤੂੰ ਆਪ ਸੁਹਣੇ ਸਰੂਪ ਵਾਲਾ ਹੈਂ, ਤਿਵੇਂ) ਤੇਰੀ ਸਿਫਤਿ ਸੁੰਦਰ ਰੂਪ ਵਾਲੀ ਹੈ, ਜਿਸਨੇ (ਇਹ ਸਿਫਤ ਤੇਰੀ) ਕੀਤੀ, ਉਸਨੂੰ ਇਹ (ਭਵ ਸਾਗਰ ਤੋਂ) ਪਾਰ ਲੰਘਾ ਦੇਂਦੀ ਹੈ। (ਹਾਂ, ਤੂੰ ਨਾਮ ਪਾ ਕੇ) ਗੁਰਮੁਖ (ਹੋਇਆਂ) ਨੂੰ ਫਲ ਲਾ ਦੇਂਦਾ ਹੈਂ (ਕਿ ਉਨ੍ਹਾਂ ਨੂੰ ਨਾਮ ਦੁਆਰਾ ਸੱਚ* ਵਿਚ ਸਮਾਈ (ਬਖਸ਼ ਦੇਂਦਾ ਹੈਂ)। ਹੇ ਮੇਰੇ (ਸਭ ਤੋਂ) ਵਡੇ ਮਾਲਿਕਾ! ਤੇਰੀ ਵਡਿਆਈ (ਸਭ ਤੋਂ) ਵੱਡੀ (ਵਸਤੂ ਹੈ ਜੋ ਭਵ ਸਾਗਰ ਤੋਂ ਪਾਰ ਲੈ ਜਾਂਦੀ ਹੈ) ॥ ੧ ॥

**ਵਯਾਖਯਾ**–ਇਸ ਪਉੜੀ ਵਿਚ ਵਾਹਿਗੁਰੂ ਜੀ ਦੀ ਉਸਤੁਤਿ ਹੈ। ਉਸ ਨੂੰ ਸਤਯ ਸਰੂਪ ਦੱਸਿਆ ਹੈ, ਉਸ ਦੀ ਵਡਿਆਈ (ਸਿਫਤ) ਨੂੰ ਸੁੰਦਰ ਦੱਸਿਆ ਹੈ, ਜਿਸ ਵਿਚ ਕਟਾਖਯ ਹੈ ਕਿ ਉਹ ਆਪ ਬੀ ਸੁੰਦਰ ਹੈ। ਇਸ ਸਿਫਤ ਦੇ ਕਰਨੇ ਦੀ ਸੱਤਯਾ ਦੱਸੀ ਹੈ ਕਿ ਉਹ ਭੈਜਲੋਂ ਪਾਰ ਕਰਦੀ ਹੈ। ਫੇਰ ਨਾਮ ਦੀ ਸੱਤਯਾ ਦੱਸੀ ਹੈ ਕਿ ਉਹ ਨਾਮ ਦੁਆਰਾ ਸਿਮਰਨ ਕਰਨ ਵਾਲੇ ਨੂੰ ਸੱਤਯ ਸਰੂਪ ਵਿਚ ਲੈ ਜਾਂਦੀ ਹੈ। ਗੋਯਾ ਸਿਫਤ ਕਰਨੀ ਵਾਹਿਗੁਰੂ ਜੀ ਦੇ ਸੁੰਦਰ ਸਰੂਪ ਵਿਚ ਤੇ ਨਾਮ ਅਰਾਧਣਾ ਸਤਯ ਸਰੂਪਤਾ ਵਿਚ ਲੈ ਜਾਂਦਾ ਹੈ। ਉਸ ਦਾ ਸਰੂਪ ਗੁਰੂ ਨਾਨਕ ਦੇਵ ਜੀ ਨੇ ਜਪੁਜੀ ਵਿਚ ਸਤਿ, ਸੁਹਾਣ, ਮਨਿ (=ਚੇਤਨ ਤੇ), ਚਾਉ (=ਆਨਦ) ਦੱਸਿਆ ਹੈ। ਇਨ੍ਹਾਂ ਚਹੁੰਵਾਂ ਵਿਚੋਂ ਜਦ ਇਕ ਯਾ ਦੋ ਗਿਣੀਏ ਤਾਂ ਮੁਰਾਦ ਚਹੁੰਵਾਂ ਤੋਂ ਹੋਇਆ ਕਰਦੀ ਹੈ। ਉਹੋ ਭਾਵ ਏਥੇ ਹੈ। ਸਤਯ ਤੇ ਸੁੰਦਰ ਤੋਂ 'ਸਤਯ, ਸੁੰਦਰ, ਚੇਤਨ ਤੇ ਆਨੰਦ' ਭਾਵ ਲੈਣਾ ਹੈ। ਨਾਮ ਤੇ ਸਿਫਤ ਦੁਆਰਾ ਜੀਵ ਗੁਰਮੁਖ ਬਣਦਾ ਹੈ, ਜੋ ਦੁਇ ਦਾਤਾਂ ਗੁਰੂ ਤੋਂ ਲੈਂਦਾ ਹੈ। ਸੋ ਪਉੜੀ ਵਿਚ 'ਹਰੀ', 'ਗੁਰੂ', 'ਸਿਫਤ', 'ਨਾਮ' ਤੇ 'ਨਾਮ ਅਧਿਕਾਰੀ ਸਿਖ' ਦਾ ਜ਼ਿਕਰ ਹੈ, ਇਸ ਦੀ ਪੋਢਤਾ ਲਈ ਦੋਹਾਂ ਸ਼ਲੋਕਾਂ ਵਿਚ ਹਰੀ ਨੂੰ ਹਰੀ ਤੇ ਸਿਰਜਣਹਾਰ ਕਹਿਕੇ ਦੱਸਿਆ ਹੈ, ਨਾਮ ਦੀ ਪ੍ਰਾਪਤੀ ਗੁਰੂ ਤੋਂ ਗੁਰਮੁਖ ਬਣਾਕੇ ਕਲਯਾਣ ਕਰਦੀ ਦੱਸੀ ਹੈ। ਇਹ ਗਲ ਸੁਝਾਈ ਹੈ, ਅਤੇ ਦੱਸਿਆ ਹੈ ਕਿ ਹਉਮੈ ਤੇ ਮਾਇਆ ਨੂੰ ਨਾਮ ਕੱਟਦਾ ਹੈ ਤੇ ਹਰੀ ਦੀ ਕ੍ਰਿਪਾ ਫੇਰ ਕਲਯਾਣ ਕਰਦੀ ਹੈ। ਗੋਯਾ ਸਲੋਕ ਓਹ ਪਾਏ ਹਨ ਜੋ ਪਉੜੀ ਦੇ ਭਾਵ ਨੂੰ ਸਾਧਨ ਪਖ ਵਿਚ ਖੋਹਲਦੇ ਹਨ।

**ਨਿਰੁਕ੍ਤ**–ਸਮਤੁ–[ਸੰਸ , ਸਮਤਾ ਜਾਂ ਸਮਤ੍ਵ] ਇਕੋ ਜੇਹਾ। ਵੱਧ ਘੱਟ ਨਾ। ਸਮ ਤੁਲਨਾ ਵਿਚ ਸਭ ਨੂੰ ਦੇਖਣਾ।

ਬਿਖੁ–[ਸੰਸ:, ਵਿਖੰ] ਜ਼ਹਰ।

ਤੋਟਾ–[ਸੰਸ:, ਤ੍ਰੁਟੀ] ਘਾਟਾ।

ਲਾਹਾ–[ਸੰਸ:, ਲਾਭ:] ਨਫਾ।

ਸੁਆਲਿਉ–[ਸੰਸ:, ਸੁ+ਆਲਯ:=ਸੁੰਦਰਤਾ ਦਾ ਘਰ] ਸੁੰਦਰਤਾ। ਸੁੰਦਰਤਾ ਵਾਲੀ।

(ਅ) ਸੁਆਲਿਉ ਸਰੂਪ ਨੂੰ ਸੰਬੋਧਨ ਖਿਆਲ ਕਰਕੇ ਅਰਥ ਐਉਂ ਬੀ ਲਾਉਣ ਦਾ ਜਤਨ ਹੁੰਦਾ ਹੈ: ਹੇ ਸੁੰਦਰ ਸਰੂਪ ਵਾਲੇ! ਫੇਰ 'ਸਿਫਤਿ' ਪਦ ਨੂੰ 'ਕੀਤੀ' ਨਾਲ ਜੋੜ ਲੈਂਦੇ ਹਨ। ਪਰ ਇਥੇ ਵਾਹਿਗੁਰੂ ਜੀ ਦੀ 'ਸਿਫਤ' ਦੀ ਮਹਿਮਾ ਹੋ ਰਹੀ ਹੈ। ਅਖੀਰਲੀ ਤੁਕ ਵਿਚ ਜਿਸ ਨੂੰ ਫੇਰ ਦੁਹਰਾਇਆ ਹੈ:–ਵਡੀ ਤੇਰੀ ਵਡਿਆਈ। ਸਾਹਿਬ ਵਡਾ ਹੈ ਉਸ ਦੀ ਵਡਿਆਈ ਵਡੀ ਹੈ, ਤਿਵੇਂ ਸਾਹਿਬ ਸੁੰਦਰ ਹੈ ਉਸ ਦੀ ਸਿਫਤਿ ਸੁੰਦਰ ਹੈ, ਇਹ ਕਟਾਖਯ ਹੈ।

*ਭਾਵ ਅਪਣੇ 'ਸਤਯ ਸਰੂਪ' ਵਿਚ ਨਾਮ ਦੁਆਰਾ ਸਮਾ ਲੈਂਦਾ ਹੈ।

[ਪਉੜੀ ਦੂਜੀ]

| ਮੂਲ | ਅਰਥ |
|---|---|
| ਸਲੋਕ ਮਃ ੪ ॥ ਵਿਣੁ ਨਾਵੈ ਹੋਰੁ ਸਲਾਹਣਾ ਸਭੁ ਬੋਲਣੁ ਫਿਕਾ ਸਾਦੁ ॥ ਮਨਮੁਖ ਅਹੰਕਾਰੁ ਸਲਾਹਦੇ ਹਉਮੈ ਮਮਤਾ ਵਾਦੁ ॥ ਜਿਨ ਸਾਲਾਹਨਿ ਸੇ ਮਰਹਿ ਖਪਿ ਜਾਵੈ ਸਭੁ ਅਪਵਾਦੁ ॥ ਜਨ ਨਾਨਕ ਗੁਰਮੁਖਿ ਉਬਰੇ ਜਪਿ ਹਰਿ ਹਰਿ ਪਰਮਾਨਾਦੁ ॥੧॥ | ਨਾਮ ਤੋਂ ਬਿਨਾਂ ਹੋਰ ਸਲਾਹੁਣਾ (ਤੇ ਹੋਰ) ਸਭ ਬੋਲਣਾ (ਜੋ ਹੈ ਉਸਦਾ) ਸੁਆਦ ਫਿੱਕਾ ਹੈ। ਮਨਮੁਖ (ਲੋਕ) ਹੰਕਾਰ ਵਾਲਿਆਂ ਨੂੰ ਸਲਾਹੁੰਦੇ ਹਨ (ਅਤੇ ਮਮਤ੍ਵ ਤੋਂ ਉਪਜੇ ਵਾਦ ਵਿਵਾਦ ਨੂੰ, ਜਿਨ੍ਹਾਂ ਦ ਸਲਾਹੁਣ ਵਿਚ) ਹਉਮੈ, ਮਮਤਾ ਤੇ ਵਾਦ ਵਿਵਾਦ (ਕਾਰਣ ਹੁੰਦਾ ਹੈ ਅਤੇ ਰਾਜਸੀ ਤੇ ਤਾਮਸੀ ਸੁਆਦ ਹੁੰਦਾ ਹੈ, ਫੇਰ) ਜਿਨ੍ਹਾਂ (ਹੰਕਾਰੀਆਂ) ਨੂੰ (ਓਹ) ਸਲਾਹੁੰਦੇ ਹਨ ਓਹ ਮਰ ਜਾਂਦੇ ਹਨ (ਤੇ ਸਲਾਹੁਣ ਵਾਲੇ ਆਪ ਬੀ ਅਤੇ) ਸਾਰੇ ਬਖੇੜੇ ਬੀ ਮੁੱਕ ਜਾਂਦੇ ਹਨ। (ਪਰ ਆਖਦੇ ਹਨ ਗੁਰੂ) ਨਾਨਕ (ਦੇਵ ਜੀ) ਕਿ ਗੁਰਮੁਖਾਂ ਦਾ ਉਧਾਰ ਹੋ ਜਾਂਦਾ ਹੈ ਹਰੀ ਹਰ ਪਰਮ ਆਨੰਦ ਸਰੂਪ ਨੂੰ ਸਿਮਰਕੇ ॥ ੧ ॥ |
| ਮਃ ੪ ॥ ਸਤਿਗੁਰ ਹਰਿ ਪ੍ਰਭੁ ਦਸਿ ਨਾਮੁ ਧਿਆਈ ਮਨਿ ਹਰੀ॥ ਨਾਨਕ ਨਾਮੁ ਪਵਿਤੁ ਹਰਿ ਮੁਖਿ ਬੋਲੀ ਸਭਿ ਦੁਖ ਪਰਹਰੀ ॥੨॥ | [ਅਰਦਾਸ] ਹੇ ਸਤਿਗੁਰੂ ! (ਮੈਨੂੰ) ਹਰੀ ਪ੍ਰਭੂ ਦੱਸੋ (ਜੋ ਮੈਂ ਉਸਦੇ) ਹਰੀ ਨਾਮ ਨੂੰ ਮਨ ਵਿਚ ਧਿਆਵਾਂ। ਹੇ ਨਾਨਕ ! ਹਰਿ ਨਾਮ ਪਵਿਤ੍ਰ ਹੈ, (ਉਸ ਨੂੰ ਮੈਂ) ਮੂੰਹ ਤੋਂ ਉਚਾਰਨ ਕਰਾਂ ਤੇ ਸਾਰੇ ਦੁਖ ਦੂਰ ਕਰ ਲਵਾਂ ॥ ੨ ॥ |
| ਪਉੜੀ ॥ ਤੂ ਆਪੇ ਆਪਿ ਨਿਰੰਕਾਰੁ ਹੈ ਨਿਰੰਜਨ ਹਰਿ ਰਾਇਆ॥ ਜਿਨੀ੍ ਤੂ ਇਕ ਮਨਿ ਸਚੁ ਧਿਆਇਆ ਤਿਨ ਕਾ ਸਭੁ ਦੁਖੁ ਗਵਾਇਆ ॥ ਤੇਰਾ ਸਰੀਕੁ ਕੋ ਨਾਹੀ ਜਿਸਨੋ ਲਵੈ ਲਾਇ ਸੁਣਾਇਆ ॥ ਤੁਧੁ ਜੇਵਡੁ ਦਾਤਾ ਤੂ ਹੈ ਨਿਰੰਜਨਾ ਤੂ ਹੈ ਸਚੁ ਮੇਰੈ ਮਨਿ ਭਾਇਆ॥ਸਚੇ ਮੇਰੇ ਸਾਹਿਬਾ ਸਚੇ ਸਚੁ ਨਾਇਆ ॥ ੨ ॥ | ਹੇ ਹਰੀ ਰਾਇ ! ਤੂੰ ਆਕਾਰ ਤੋਂ ਰਹਿਤ ਹੈਂ ਤੇ ਮਾਇਆ ਤੋਂ ਰਹਿਤ ਹੈਂ, (ਪਰ ਤੂੰ ਹੈਂ ਕਿਉਂਕਿ ਤੂੰ) ਅਪਣੇ ਆਪ ਤੋਂ ਆਪੇ ਹੈਂ (ਭਾਵ ਕਾਯਮ ਬਿਲਜ਼ਾਤ ਹੈਂ)। ਜਿਨ੍ਹਾਂ ਨੇ ਤੈਨੂੰ ਇਕ ਮਨ ਹੋਕੇ ਸਤ੍ਯ (ਸਰੂਪ ਜਾਣਕੇ) ਸਿਮਰਿਆ ਹੈ ਉਨ੍ਹਾਂ ਦਾ ਤੂੰ ਸਾਰਾ ਦੁਖ ਦੂਰ ਕਰ ਦਿੱਤਾ ਹੈ। ਤੇਰਾ ਸ਼ਰੀਕ ਕੋਈ ਨਹੀਂ ਜਿਸਨੂੰ (ਤੇਰੇ) ਬਰੱਬਰ ਦਾ (ਦੱਸਕੇ) ਸੁਣਾਈਏ। ਤੇਰੇ ਜਿੱਡਾ ਦਾਤਾ (ਬੀ) ਤੂੰ ਹੀ ਹੈਂ, ਹੇ ਨਿਰੰਜਨ ! ਤੂੰ ਸਤ੍ਯ ਸਰੂਪ ਹੈਂ (ਇਸੇ ਕਰਕੇ) ਮੇਰੇ ਮਨ ਨੂੰ ਪਿਅਰਾ ਲੱਗਾ ਹੈਂ। ਹੇ ਮੇਰੇ ਸੱਚੇ ਸਾਹਿਬ ! (ਤੂੰ ਆਪ) ਸੱਚ ਹੈਂ ਤੇ ਤੇਰਾ ਨਾਮ ਸੱਚ ਹੈ; (ਅਥਵਾ ਸੱਚੇ ਨਾਇਆ=ਤੂੰ ਸੱਚ ਨਾਮ ਵਾਲਾ ਹੈਂ) ॥ ੨ ॥ |

**ਵ੍ਯਾਖ੍ਯਾ**—ਪਉੜੀ ਵਿਚ ਫੁਰਮਾਇਆ ਹੈ, ਅਰਦਾਸ ਕਰਦੇ ਹੋਏ ਕਿ ਵਾਹਿਗੁਰੂ ਨਿਰਾਕਾਰ ਹੈ,ਮਾਇਆ ਰਹਿਤ ਹੈ,ਪ੍ਰਕਾਸ਼ ਸਰੂਪ ਹੈ । ਏਹ ਲੱਛਣ ਨਿਰਗੁਣ ਦੇ ਹਨ। ਫੇਰ ਜੋ ਨਿਰਗੁਣ ਹੈ ਉਹ 'ਨਹੀਂ' ਨਹੀਂ ਹੈ, ਉਹ 'ਹੈ' ਹੈ। ਇਹ ਗਲ 'ਆਪੇ ਆਪਿ ਹੈ' ਕਹਿਕੇ ਦੱਸੀ ਹੈ। ਇਹ ਗਲ ਸਾਹਿਬਾਂ ਨੇ ਏਥੇ ਉਹੋ ਫੁਰਮਾਈ ਹੈ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਪੁਜੀ (ਪਉੜੀ ੫) ਵਿਚ ਫੁਰਮਾਈ ਹੈ: "ਥਾਪਿਆ ਨ ਜਾਇ ਕੀਤਾ ਨ ਹੋਇ ॥ ਆਪੇ ਆਪਿ ਨਿਰੰਜਨੁ ਸੋਇ ॥" ਵਾਹਿਗੁਰੂ ਜੀ ਨੂੰ ਅਪਣੇ ਆਪ ਤੋਂ ਆਪਣੇ ਆਪ ਵਿਚ ਸਦਾ ਥਿਰ ਹਸਤੀ ਦੱਸਕੇ ਫੇਰ ਉਸ ਦਾ ਦੁਖ ਦੂਰ ਕਰਨੇ ਦਾ

ਅਰ ਅਦੁਤੀ ਬਿਰਦ ਦੱਸਿਆ। ਇਸ ਗੁਣ ਦਾ ਮੂਲ ਕਾਰਨ ਦੱਸਿਆ ਉਸ ਦਾ 'ਦਾਤਾ ਹੋਣਾ', ਫਿਰ ਕਿੰਨੀ ਵੇਰ ਉਸ ਨੂੰ ਦਾਤਾ ਹੋਣਾ। ਅਦੁਤੀ ਹੋਣ ਕਰਕ ਉਸ ਦੇ ਮੁਕਾਬਲੇ ਦਾ ਕੋਈ ਨਹੀਂ। ਦਾ ਨਾਮ ਬੀ 'ਸਚ' ਆਖਿਆ, ਭਾਵ ਸਤਯ ਸਰੂਪ। ਸਤਯ ਹੋਣ ਕਰਕੇ ਦੱਸਿਆ ਕਿ ਸਤਯ ਸਰੂਪ ਇਸ ਦੀ ਪੁਸ਼ਟੀ ਲਈ ਸਤਯ ਹੈ। ਇਸ ਕਰਕੇ ਸੱਚਾ ਨਾਮ ਸੱਚੇ ਸੱਚ ਵਿਚ ਪੁਚਾ ਦੇਂਦਾ ਹੈ। ਇਸ ਕਰਕੇ ਪਹਿਲੇ ਸ਼ਲੋਕ ਵਿਚ ਦੱਸਿਆ ਹੈ ਕਿ ਸੱਚੇ ਦਾ ਨਾਮ ਬੀ 'ਸਚਾ ਨਾਇ' ਸੱਚਾ ਨਾਮ ਹੈ. ਹੋਰ ਕਿਸੇ ਇਸ ਨੂੰ ਸਲਾਹੁਣਾ ਹੈ ਤੇ ਵਿਚ ਕਟਾਖਯ ਹੈ ਕਿ ਇਸ ਦੇ ਜ਼ਰੀਏ ਸੱਚੇ ਨੂੰ ਸਲਾਹੁਣਾ ਹੈ। ਹੋਰ ਜੋ ਹਨ ਸਤਯ ਸਾਧਨ ਨੂੰ ਨਹੀਂ ਸਲਾਹੁਣਾ ਤੇ ਨਾ ਹੋਰ ਵਯਕਤੀ ਨੂੰ ਸਲਾਹੁਣਾ ਹੈ, ਕਿਉਂਕਿ ਸਲਾਹੁਤਾਂ ਕਰਨ ਵਾਲੇ ਨਹੀਂ ਹਨ, ਸੋ ਉਨ੍ਹਾਂ ਦੇ ਨਾਮ ਬੀ ਸਤਯ ਨਹੀਂ ਹਨ ਅਤੇ ਹੋਰ ਹੋਰ ਦੀਆਂ ਫੇਰ ਮਨਮੁਖ ਹਨ, ਕਿਉਂਕਿ ਉਨ੍ਹਾਂ ਦੇ ਸਲਾਹੁਣ ਦੇ ਕਾਰਣ ਹਉਮੈ ਮਮਤ੍ਵ ਤੇ ਵਾਦ ਹੁੰਦੇ ਹਨ, ਜਿਨ੍ਹਾਂ ਦੀਆਂ ਸਲਾਹੁਤਾਂ ਕਰਨ ਵਾਲੇ ਸਦੈਵੀ ਨਹੀਂ, ਮਰਨਹਾਰ ਹਨ, ਓਹ ਮਰ ਜਾਂਦੇ ਹਨ। ਪਰ ਜੋ ਸੱਚੇ ਸਲਾਹੁਤਾਂ ਕਰਦੇ ਹਨ ਓਹ ਬੀ ਮਰ ਜਾਂਦੇ ਹਨ ਤੇ ਸਲਾਹੁਤਾਂ ਬੀ ਮੁੱਕ ਜਾਂਦੀਆਂ ਹਨ। ਪ੍ਰਾਪਤ ਹੁੰਦੇ ਪਰਮ ਆਨੰਦ ਸਰੂਪ ਨੂੰ ਜਪਦੇ ਹਨ, ਓਹ ਭਵਜਲ ਤੋਂ ਪਾਰ ਹੋ ਜਾਂਦੇ ਹਨ ਤੇ ਆਨੰਦ ਨੂੰ ਦੱਸੇ। ਹਨ, ਇਸ ਲਈ ਦੂਜਾ ਸਲੋਕ ਅਰਦਾਸ ਦਾ ਰਖਿਆ ਕਿ ਹੇ ਸਤਿਗੁਰੂ ਜੀਓ! ਮੈਨੂੰ ਹਰੀ ਪ੍ਰਭੂ ਭਾਵ ਉਸ ਦੇ ਗੁਣ ਲੱਛਣ ਵਡਿਆਈਆਂ ਸੁਣਾਓ ਜੋ ਮੈਨੂੰ ਉਸ ਦੀ ਖਿੱਚ ਪਵੇ ਤੇ ਮੈਨੂੰ ਉਸ ਦਾ ਨਾਮ ਦਾਨ ਕਰੋ ਜੋ ਮਨ ਨਾਲ, ਉਸ ਨਾਮ ਨਾਲ, ਉਸ ਨੂੰ ਧਿਆਵਾਂ, ਤਾਂ ਜੋ ਮੇਰਾ ਮਨ ਮਾਇਆ ਮੋਹ ਹਉਮੈ ਦੀ ਅਪਵਿਤ੍ਰਤਾ ਤੋਂ ਪਵਿਤ੍ਰ ਹੋ ਜਾਏ ਤੇ ਮੇਰੇ ਸਾਰੇ ਦੁਖ ਦੂਰ ਹੋ ਜਾਣ। ਯਥਾ:–

ਐਸਾ ਦਾਰੂ ਲੋੜਿ ਲਹੁ ਜਿਤੁ ਵੰਞੈ ਰੋਗਾ ਘਾਣਿ ॥ [ਮਲਾਰ ਵਾਰ ਮਃ ੨–੩

**ਨਿਰੁਕ੍ਤ–** ਸਾਦੁ–[ਸੰਸ:, ਸ੍ਵਾਦ:] ਸੁਆਦ।

ਮਮਤਾ–[ਸੰਸ:, ਮਮਤ੍ਵ] ਮੈ ਪਨਾ, ਸੁਆਰਥਤਾ।      ਵਾਦੁ–[ਸੰਸ:, ਵਾਦ:] ਝਗੜਾ।

ਖਪਿ ਜਾਵੈ–ਮੁੱਕ ਜਾਂਦੇ ਹਨ।      ਅਪਵਾਦੁ–ਝਗੜੇ, ਬਖੇੜੇ, ਬ੍ਰਿਥਾ ਵਾਕ।

ਪਰਮਾਨਾਦੁ–ਪਰਮ + ਆਨੰਦ [ਸੰਸ:, ਪਰਮਾਨਨ੍ਦ:=ਬਹੁਤ ਵਡਾ ਸੁਖ] ਪਰਮਾਨੰਦ ਨੂੰ ਤੁਕਾਂਤ ਮੇਲਣ ਲਈ ਪਰਮਾਨਾਦ ਦਾ ਰੂਪ ਦਿੱਤਾ ਹੈ। ਭਾਵ ਵਾਹਿਗੁਰੂ ਤੋਂ ਹੈ ਜੋ ਸਾਰੇ ਸੁਖਾਂ ਦਾ ਦਾਤਾ ਹੈ।      ਪਰਹਰੀ–[ਸੰਸ:, ਪਰਿਹਰਣੰ=ਤਯਾਗ, ਬਚਾਉ] ਦੂਰ ਕਰ ਲਵਾਂ।

ਲਵੈ ਲਾਇ–ਤੁੱਲਤਾ ਦੇਵਾਂ। ਬਟੱਬਰ ਦਾ ਵਰਣਨ ਕਰਾਂ।

ਸਚੁ ਨਾਇਆ–ਸਚਾ ਨਾਮ।

[ਪਉੜੀ–ਤੀਜੀ]

**ਪ੍ਰਾਕ੍ਕਥਨ–** ਪਿਛਲੇ ਸਲੋਕ ਦੇ ਵਿਚ ਕਿਹਾ ਸੀ ਕਿ ਮੈਂ ਨਾਮ ਧਿਆਵਾਂ ਤੇ ਪਵਿਤ੍ਰ ਹੋਕੇ ਆਪਣਾ ਦੁਖ ਦੂਰ ਕਰ ਲਵਾਂ। ਹੁਣ ਅਗਲੇ ਸਲੋਕ ਵਿਚ ਦੁਖ ਦਾ ਰੂਪ 'ਹਉਮੈ' ਦੱਸਦੇ ਹਨ।

| ਮੂਲ | ਅਰਥ |
|---|---|
| ਸਲੋਕ ਮਃ ੪ ॥ ਮਨ ਅੰਤਰਿ ਹਉਮੈ ਰੋਗੁ ਹੈ ਭ੍ਰਮਿ ਭੂਲੇ ਮਨਮੁਖ ਦੁਰਜਨਾ ॥ ਨਾਨਕ ਰੋਗੁ ਗਵਾਇ ਮਿਲਿ ਸਤਿਗੁਰ ਸਾਧੂਸਜਨਾ॥੧॥ | ਮਨ ਦੇ ਅੰਦਰ 'ਹਉਮੈਂ' (ਰੂਪੀ) ਰੋਗ ਹੈ, (ਇਸ ਰੋਗ ਕਰਕੇ ਜੋ ਲੋਕ) ਭ੍ਰਮ ਵਿਚ ਪੈਕੇ ਭੁੱਲੇ ਫਿਰਦੇ ਹਨ (ਓਹ) ਮਨਮੁਖ ਹਨ ਤੇ ਖੋਟੇ ਪੁਰਖ ਹਨ, (ਫੁਰਮਾਉਂਦੇ ਹਨ ਗੁਰੂ) ਨਾਨਕ (ਹੇ ਭਾਈ! ਤੂੰ) ਮਿਲ ਪਉ ਸਜਣਾ (ਨੇਕ ਪੁਰਖਾਂ) ਨੂੰ, ਸਾਧੂ |

ਜਨਾਂ ਨੂੰ, ਤੇ ਸਤਿਗੁਰੂ ਨੂੰ (ਤੇ ਹਉਂ ਦੇ) ਰੋਗ ਨੂੰ ਗੁਆ ਲੈ* ॥੧॥

ਮਹਲਾ ੪ ॥ ਮਨੁ ਤਨੁ ਰਤਾ ਰੰਗ ਸਿਉ ਗੁਰਮੁਖਿ ਹਰਿ ਗੁਣ ਤਾਸੁ ॥ ਜਨ ਨਾਨਕ ਹਰਿ ਸਰਣਾਗਤੀ ਹਰਿ ਮੇਲੇ ਗੁਰ ਸਾਬਾਸਿ ॥ ੨ ॥

(ਜਿਨ੍ਹਾਂ) ਗੁਰਮੁਖਾਂ ਦਾ ਮਨ ਤੇ ਤਨ (ਗੁਰੂ ਦੀ ਮੇਹਰ ਦੁਆਰਾ) ਗੁਣਾਂ ਦੇ ਖਜ਼ਾਨੇ ਹਰੀ ਦੇ ਪ੍ਰੇਮ ਨਾਲ ਰੰਗਿਆ ਗਿਆ ਹੈ, (ਉਹ) ਹਰੀ ਦੀ ਸ਼ਰਣ ਵਿਚ ਆ ਗਏ ਹਨ (ਤੇ) ਹਰੀ ਨੇ (ਉਨ੍ਹਾਂ ਨੂੰ) ਗੁਰੂ ਦੀ ਸ਼ਾਬਾਸ਼ੇ ਹੋਣ ਕਰਕੇ (ਅਪਣੇ ਨਾਲ) ਮੇਲ ਲਿਆ ਹੈ ! (ਆਖਦੇ ਹਨ) ਜਨ ਨਾਨਕ ਜੀ ॥ ੨ ॥

ਪਉੜੀ ॥ ਤੂੰ ਕਰਤਾ ਪੁਰਖੁ ਅਗੰਮੁ ਹੈ ਕਿਸੁ ਨਾਲਿ ਤੂ ਵੜੀਐ ॥ ਤੁਧੁ ਜੇਵਡੁ ਹੋਇ ਸੁ ਆਖੀਐ ਤੁਧੁ ਜੇਹਾ ਤੂਹੈ ਪੜੀਐ ॥ ਤੂ ਘਟਿ ਘਟਿ ਇਕੁ ਵਰਤਦਾ ਗੁਰਮੁਖਿ ਪਰਗੜੀਐ ॥ ਤੂ ਸਚਾ ਸਭਸਦਾ ਖਸਮੁ ਹੈ ਸਭਦੂ ਤੂ ਚੜੀਐ ॥ ਤੂ ਕਰਹਿ ਸੁ ਸਚੇ ਹੋਇਸੀ ਤਾ ਕਾਇਤੁ ਕੜੀਐ ॥ ੩ ॥

( ਹੇ ਹਰੀ ! ) ਤੂੰ ਰਚਣਹਾਰ ਪੁਰਖ ਹੈਂ (ਤੇ ਸਾਡੀ) ਪਹੁੰਚ ਤੋਂ ਪਰੇ ਹੈਂ, ਤੈਨੂੰ ਕਿਸ ਨਾਲ ਵਡਿਆਈ ਦੇਈਏ (ਭਾਵ ਕਿਸ ਨਾਲ ਤੁੱਲਤਾ ਦੇਵੀਏ। ਜੇ ਕੋਈ ਹੋਰ) ਤੇਰੇ ਜੇਡਾ ਹੋਵੇ ਤਾਂ ਉਸ ਨੂੰ (ਤੇਂ ਜੇਡਾ) ਕਹੀਏ, ਤੇਰ ਜੇਹਾ ਤੂੰ ਹੀ ਹੈਂ (ਇਹੋ ਗੱਲ ਸਾਰੇ ਥਾਈਂ) ਪੜ੍ਹੀ ਦੀ ਹੈ (ਭਾਵ ਕਹੀ ਜਾਂਦੀ ਹੈ ਯਾ ਪੁਸਤਕਾਂ ਵਿਚ ਪੜ੍ਹੀ ਦੀ ਹੈ। ਤੂੰ ਅਨੇਕਾਂ ਜੀਆਂ ਦੇ) ਹਿਰਦੇ ਹਿਰਦੇ ਵਿਚ 'ਇਕੋ' ਵ੍ਯਾਪਕ ਹੋ ਰਿਹਾ ਹੈਂ, ਤੂੰ ਗੁਰੂ ਦੁਆਰਾ ਘਟਿ ਘਟਿ ਵਿਚ ਛੁਪਕੇ ਵਰਤਦਾ) ਪ੍ਰਗਟ ਹੋ ਜਾਂਦਾ ਹੈਂ ! ਤੂੰ (ਹੀ) ਸਭ ਦਾ ਸੱਚਾ ਮਾਲਕ ਹੈਂ, ਤੂੰ ਹੀ ਸਭ ਤੋਂ ਵਧ ਚੜ੍ਹ ਕੇ (ਭਾਵ ਵੱਡਾ) ਹੈਂ। ਹੇ ਸੱਚੇ ! ਜੋ ਤੂੰ ਕਰੇਂਗਾ ਸੋਈ ਕੁਛ ਹੋਇਗਾ (ਫਿਰ ਅਸੀਂ) ਕਾਸਨੂੰ ਦੁਖੀ ਹੋਵੀਏ ? ॥ ੩ ॥

**ਵ੍ਯਾਖ੍ਯਾ**—ਪਉੜੀ ਵਿਚ ਓਹੋ ਸੁਰ ਬੋਲ ਰਹੀ ਹੈ ਕਰਤਾ ਪੁਰਖ ਦੀ ਸਿਫਤ ਸਲਾਹ ਦੀ, ਅਰਦਾਸ ਦੇ ਰੂਪ ਵਿਚ, ਸਨਮੁਖ ਜੋਦੜੀ ਦੇ ਰੂਪ ਵਿਚ। ਜਿਸ ਵਿਚ ਦੱਸਦੇ ਹਨ ਕਿ ਵਾਹਿਗੁਰੂ ਦੀ ਤੁੱਲਤਾ ਦਾ ਹੋਰ ਕੋਈ ਨਹੀਂ ਹੈ, ਪਰ ਸਾਡੀ ਮਿਤ ਵਾਲੀ ਸਮਝ ਤੋਂ ਓਹ ਪਰੇ ਹੈ, ਪਰ ਉਹ ਪ੍ਰਗਟ ਬੀ ਹੋ ਜਾਂਦਾ ਹੈ ਜੇ ਗੁਰੂ ਦੁਆਰਾ ਉਸ ਦੀ ਅਰਾਧਨਾ ਕਰੀਏ ਤਾਂ। ਇਉਂ ਉਹ ਕਿਸੇ ਨੂੰ ਅਲੱਭ ਨਾ ਰਿਹਾ। ਕਿਉਂਕਿ ਆਪ ਤਾਂ ਇਕ ਹੈ ਪਰ ਹਰ ਹਿਰਦੇ ਵਿਚ ਵਿਆਪਕ ਹੈ। ਸੋ ਸੁਲਭ ਬੀ ਸਭ ਨੂੰ ਹੋ ਸਕਦਾ ਹੋਇਆ। ਫਿਰ ਉਹ ਸਭ ਦਾ ਮਾਲਕ ਹੈ ਸੱਚਾ ਖਸਮ ਹੈ। ਖਸਮ ਕਦੇ ਅਪਣਿਆਂ ਨਾਲ ਬੁਰਾਈ ਨਹੀਂ ਕਰਦਾ ਤੇ ਜੋ ਕੁਛ ਹੁੰਦਾ ਹੈ ਉਸ ਖਸਮ ਦਾ ਕੀਤਾ ਹੁੰਦਾ ਹੈ;ਇਸ ਕਰਕੇ ਅਸੀਂ ਆਸ ਅੰਦੇਸੇ, ਦੁਖ ਝੋਰੇ ਤੌਖਲੇ ਕਿਉਂ ਕਰੀਏ ? ਭਾਵ ਉਸੇ ਉੱਤੇ ਭਰੋਸਾ ਰਖੀਏ।

ਪਉੜੀ ਵਿਚ ਦੇ ਭਾਵ ਦੀ ਪ੍ਰੋੜਤਾ ਲਈ ਪਹਿਲੇ ਸਲੋਕ ਵਿਚ 'ਗੁਰਮੁਖਿ ਪਰਗੜੀਐ' ਦਾ ਭਾਵ ਖੁਹਲਿਆ ਹੈ ਕਿ ਸਜਣਾਂ, ਨੇਕ ਪੁਰਖਾਂ ਦੀ ਸੁਹਬਤ ਕਰ, ਸਾਧੂ ਪੁਰਖਾਂ ਦਾ ਸਤਿਸੰਗ ਕਰ ਤੇ ਗੁਰੂ ਦੀ ਸ਼ਰਣ ਲੈ, ਤਦ ਤੇਰਾ ਹਉਂ ਦਾ ਰੋਗ ਦੂਰ ਹੋਵੇਗਾ। ਹਉਂ ਕਟੀ ਜਾਕੇ ਵਾਹਿਗੁਰੂ ਪ੍ਰਗਟ ਹੋਵੇਗਾ। ਕੀਕੂੰ ? ਐਉਂ ਕਿ (ਦੂਜੇ ਸਲੋਕ ਵਿਚ ਦੱਸਦੇ ਹਨ) ਗੁਰੂ ਦੁਆਰਾ ਹਰੀ ਨਾਲ ਪ੍ਰੇਮ ਲਗੇਗਾ, ਪ੍ਰੇਮ ਲਾਕੇ ਗੁਰੂ ਹਰੀ ਦੀ ਸ਼ਰਣ ਵਿਚ ਪਾ ਦੇਵੇਗਾ। ਗੁਰੂ ਦੀ ਸ਼ਾਬਾਸ਼, ਭਾਵ ਅਸੀਸ ਯਾ ਸਿਫਾਰਸ਼

*ਇਹ ਸਲੋਕ-'ਮਨ ਅੰਤਰਿ ਹਉਮੈ ਰੋਗੁ ਹੈ' ਵਾਲਾ ਦੋ ਹੋਰ ਥਾਈਂ ਬੀ ਆਇਆ ਹੈ। ਇਕ ਤਾਂ ਕਾਨੜੇ ਦੀ ਵਾਰ ਵਿਚ ਦੀ ਪਉੜੀ ੧੨ ਵਿਚ ਤੇ ਦੂਜੇ ਸਲੋਕ ਵਾਰਾਂ ਤੋਂ ਵਧੀਕ ਅੰਕ ੨੯ ਵਿਚ। ਪਾਠਾਂ ਵਿਚ ਰੰਚਾ ਰੰਚਾ ਫਰਕ ਹੈ।

ਨਾਲ ਵਾਹਿਗੁਰੂ ਅਪਣੇ ਨਾਲ ਮੇਲ ਲਏਗਾ। ਦੋਹਾਂ ਸਲੋਕਾਂ ਵਿਚ 'ਗੁਰਮੁਖਿ ਪਰਗੜੀਐ' ਦਾ ਸਾਧਨ ਪੱਖ ਦੱਸਿਆ ਹੈ।

**ਨਿਰੁਕ੍ਤ**—ਦੁਰਜਨਾ—[ਸੰਸ:, ਦੁਰੁਜਨ:=ਦੁਸ਼ਟ ਆਦਮੀ, ਬੁਰਾ ਆਦਮੀ ] ਖੋਟੇ ਪੁਰਖ। ਭੈੜੇ ਲੋਕ।

ਸਤਿਗੁਰ—ਦੋਹਾਂ (ਸਾਧੂ, ਸਜਣਾਂ) ਤੋਂ ਉਪਰ ਗੁਰੂ। ਨਾਮ ਦਾਨ ਦੇਕੇ ਤਾਰ ਲੈਣ ਵਾਲਾ।

ਸਾਧੂ—ਸਾਧਨਾ ਕਰਨ ਵਾਲੇ ਪਰਮਾਰਥੀ ਲੋਕ (ਦੇਖੋ ਪੰਨਾ ੧੬੦੪)।

ਸਜਨਾ—[ਸੰਸ:, ਸਜ੍ਜਨ:=ਨੇਕ ਆਦਮੀ] ਨੇਕ ਲੋਕ। ਭੈੜਿਆਂ ਦੇ ਸੰਗ ਤੋਂ ਵਰਜਿਆ ਹੈ।

ਸਾਬਾਸਿ— [ਫਾ:, ਸ਼ਾਬਾਸ਼। ਸ਼ਾਦਬਾਸ਼ ਦਾ ਸੰਖੇਪ] ਅਸ਼ੀਰਵਾਦ ਦੇਈਦੀ ਹੈ ਸ਼ਾਬਾਸ਼ ਕਹਿਕੇ। ਏਥੇ ਮੁਰਾਦ ਹੈ ਗੁਰੂ ਦੀ ਸਿਫਾਰਸ਼ ਤੋਂ। ਜਿਸ ਨੂੰ ਗੁਰੂ ਸ਼ਾਬਾਸ਼ੇ ਕਹੇਗਾ ਵਾਹਿਗੁਰੂ ਉਸ ਨੂੰ ਮੇਲ ਲੈਣ ਦੇ ਯੋਗ ਸਮਝੇਗਾ। ਸੋ ਗੁਰੂ ਦੀ ਸ਼ਾਬਾਸ਼ ਇਕ ਤਰ੍ਹਾਂ ਦੀ ਸਿਫਾਰਸ਼ ਹੋ ਗਈ।

ਵੜੀਐ—[ਪੁ: ਪੰ:, ਵੜਨਾ=ਤੋਲੀਏ। ਵੁੜਨਾ=ਵਡਿਆਈ ਦੇਣਾ] ਤੁੱਲਤਾ ਦੇਵੀਏ।

ਪੜੀਐ—ਵਾਚੀਏ। ਮੁਰਾਦ ਹੈ, ਕਹੀਏ ਯਾ ਪੋਥੀਆਂ ਵਿਚੋਂ ਵਾਚੀਏ।

ਪਰਗੜੀਅ—[ਸੰਸ:, ਪ੍ਰਕਟਨਮ੍=ਪ੍ਰਤੱਖ ਹੋਣਾ, ਜ਼ਾਹਰਾ ਦਿਖਾਈ ਦੇਣਾ, ਹਿੰਦੀ, ਪ੍ਰਗਟਨਾ=ਸਾਮ੍ਹਣੇ ਆਉਣਾ ਤੋਂ ਕ੍ਰਿਯਾ ਪ੍ਰਗਟੀਐ] ਪ੍ਰਗਟ ਹੁੰਦਾ ਹੈ।

ਚੜੀਐ—ਚੜ੍ਹਿਆ ਹੋਇਆ। ਭਾਵ ਵਧ ਚੜ੍ਹਕੇ। ਸਭ ਤੋਂ ਉੱਚਾ।

ਕੜੀਐ—ਤਪੀਏ, ਝੂਰੀਏ, ਦੁਖੀ ਹੋਈਏ।

## [ਪਉੜੀ ਚਉਥੀ]

| ਮੂਲ | ਅਰਥ |
| --- | --- |
| ਸਲੋਕੁ ਮਃ ੪ ॥ ਮੈ ਮਨਿ ਤਨਿ ਪ੍ਰੇਮੁ ਪਿਰੰਮ ਕਾ ਅਠੇ ਪਹਰ ਲਗੰਨਿ੍ ॥ ਜਨ ਨਾਨਕ ਕਿਰਪਾ ਧਾਰਿ ਪ੍ਰਭ ਸਤਿਗੁਰ ਸੁਖਿ ਵਸੰਨਿ ॥ ੧ ॥ | ਮੇਰੇ ਮਨ ਵਿਚ ਤਨ ਵਿਚ ਪਿਆਰੇ ਦਾ ਪ੍ਰੇਮ ਹੈ, (ਹਾਂ, ਮੇਰੇ ਮਨ ਤੇ ਤਨ ਦੁਇ) ਅੱਠੇ ਪਹਿਰ (ਉਸੇ ਪ੍ਰੇਮ ਵਿਚ) ਲੱਗੇ ਰਹਿੰਦੇ ਹਨ। ਨਾਨਕ ਦਾਸ (ਦੀ ਬੇਨਤੀ ਹੈ ਕਿ) ਹੇ ਪ੍ਰਭੂ! (ਮੇਰੇ ਉਤੇ) ਕਿਰਪਾ ਕਰ, (ਕਿ ਮੇਰੇ ਮਨ ਤੇ ਤਨ ਦੁਇ) ਸਤਿਗੁਰੂ ਦੇ ਸੁਖ ਵਿਚ ਵਸਦੇ ਰਹਿਣ। (ਭਾਵ ਉਸ ਸੁਖ ਵਿਚ ਜਿਸ ਵਿਚ ਗੁਰੂ ਵੱਸਦਾ ਹੈ ਤੇ ਜੋ ਸੁਖ, ਓਹ ਅਪਣੇ ਸਿਖਾਂ ਨੂੰ ਬਖਸ਼ਦਾ ਹੈ) ॥ ੧ ॥ |
| ਮਃ ੪ ॥ ਜਿਨ ਅੰਦਰਿ ਪ੍ਰੀਤਿ ਪਿਰੰਮ ਕੀ ਜਿਉ ਬੋਲਨਿ ਤਿਵੈ ਸੋਹੰਨਿ ॥ ਨਾਨਕ ਹਰਿ ਆਪੇ ਜਾਣਦਾ ਜਿਨਿ ਲਾਈ ਪ੍ਰੀਤਿ ਪਿਰੰਨਿ ॥ ੨ ॥ | ਜਿਨ੍ਹਾਂ ਦੇ ਅੰਦਰ ਪਿਆਰੇ ਦੀ ਪ੍ਰੀਤ ਹੈ, (ਓਹ) ਜਿਵੇਂ ਬੋਲਣ ਤਿਵੇਂ ਹੀ ਸ਼ੋਭਦੇ ਹਨ, (ਕਿਉਂਕਿ ਜਿਸ) ਪਿਆਰੇ ਹਰੀ ਨੇ (ਉਨ੍ਹਾਂ ਦੇ ਅੰਦਰ) ਪ੍ਰੀਤ ਲਾਈ ਹੈ(ਓਹ)ਹਰੀ ਆਪ (ਉਨ੍ਹਾਂ ਦੇ ਭਾਵ ਨੂੰ) ਜਾਣਦਾ ਹੈ (ਕਿ ਜੋ ਕੁਛ ਏਹ ਬੋਲ ਰਹੇ ਹਨ ਏਹ ਅੰਦਰੋਂ ਸੱਚੇ ਪਯਾਰ ਵਿਚ ਮਗਨ ਬੋਲ ਰਹੇ ਹਨ; ਸੱਚ ਤੇ ਪਯਾਰ ਦੇ ਵਾਕ ਹੀ ਸੁਜਾਣਤਾ ਦੇ ਵਾਕ ਹੁੰਦੇ ਹਨ)* ॥ ੨ ॥ |

*ਸ੍ਰੀ ਗੁਰੂ ਜੀ ਨੇ ਆਸਾ ਰਾਗ ਵਿਚ ਬੀ ਫੁਰਮਾਇਆ ਹੈ:—
ਜਿਨ ਅੰਤਰਿ ਹਰਿ ਹਰਿ ਪ੍ਰੀਤਿ ਹੈ ਤੇ ਜਨ ਸੁਘੜ ਸਿਆਣੇ ਰਾਮਰਾਜੇ ॥
ਜੇ ਬਾਹਰਹੁ ਭੁਲਿ ਚੁਕਿ ਬੋਲਦੇ ਭੀ ਖਰੇ ਹਰਿ ਭਾਣੇ ॥ [ਆਸਾ ਮਃ ੪, ਛੰਤ-੧੨

| | |
|---|---|
| ਪਉੜੀ ॥ ਤੂ ਕਰਤਾ ਆਪਿ ਅਭੁਲੁ ਹੈ ਭੁਲਣ ਵਿਚਿ ਨਾਹੀ ॥ ਤੂ ਕਰਹਿ ਸੁ ਸਚੇ ਭਲਾ ਹੈ ਗੁਰ ਸਬਦਿ ਬੁਝਾਹੀ ॥ ਤੂ ਕਰਣ ਕਾਰਣ ਸਮਰਥੁ ਹੈ ਦੂਜਾ ਕੋ ਨਾਹੀ ॥ ਤੂ ਸਾਹਿਬੁ ਅਗਮੁ ਦਇਆਲੁ ਹੈ ਸਭ ਤੁਧੁ ਧਿਆਹੀ ॥ ਸਭਿ ਜੀਅ ਤੇਰੇ ਤੂ ਸਭਸ ਦਾ ਤੂ ਸਭ ਛਡਾਹੀ ॥ ੪ ॥ | ਹੇ ਕਰਤਾਰ ! ਤੂੰ ਆਪ ਭੁੱਲ ਥੀਂ ਰਹਿਤ ਹੈਂ, (ਹਾਂ) ਤੂੰ ਭੁੱਲਣ ਵਿਚ ਨਹੀਂ ਹੈਂ। (ਫੇਰ) ਜੋ ਤੂੰ, ਹੇ ਸੱਚੇ ! ਕਰਦਾ ਹੈਂ ਉਹ ਭਲਾ ਹੈ, (ਇਹ ਗਲ ਤੂੰ) ਗੁਰੂ ਦੇ ਸ਼ਬਦ ਦੁਆਰਾ ਸਮਝਾ ਦੇਂਦਾ ਹੈਂ* । (ਹੇ ਕਰਤੇ) ਤੂੰ ਕਾਰਣਾਂ ਦਾ ਕਾਰਣ ਹੈ (ਤੇਰੇ ਵਰਗਾ) ਦੂਜਾ ਕੋਈ ਸਮਰਥਾ ਵਾਲਾ ਨਹੀਂ ਹੈ। ਤੂੰ ਅਗੰਮ ਹੈਂ, (ਤੈਨੂੰ ਜਾਣ ਨਹੀਂ ਸਕੀਦਾ, ਪਰ ਇਹ ਗੱਲ ਅਸੀਂ ਜਾਣਦੇ ਹਾਂ ਕਿ ਤੂੰ ਸਭ ਦਾ) ਦਿਆਲੂ ਮਾਲਕ ਹੈਂ ਤੇ ਸਾਰੀ (ਸ੍ਰਿਸ਼ਟੀ) ਤੈਨੂੰ ਹੀ ਧਿਆਉਂਦੀ ਹੈ। ਸਾਰੇ ਜੀਵ ਤੇਰੇ (ਰਚੇ ਹੋਏ ਹਨ), ਤੂੰ ਸਭਨਾਂ ਦਾ (ਰਚਯਤਾ ਤੇ ਮਾਲਕ) ਹੈਂ, ਇਸ ਲਈ ਤੂੰ ਹੀ ਸਭ ਨੂੰ (ਯਮ ਪੀੜਾ ਤੋਂ) ਛੁਡਾ ਲਏਂਗਾ, (ਕਿਉਂਕਿ ਰਚਣਹਾਰ ਨੂੰ ਰਚਨਾ ਪਿਆਰੀ ਹੁੰਦੀ ਹੈ) ॥ ੪ ॥ |

**ਵਯਾਖਯਾ**—ਪਉੜੀ ਵਿਚ ਜਗਤ ਦੇ ਜੀਵਾਂ ਲਈ ਅਰਦਾਸ ਕੀਤੀ ਹੈ । ਇਸ ਪਰ ਪਹਿਲੇ ਕਥੇ ਸ਼ਲੋਕ ਨਹੀਂ ਢੁਕਾਏ । ਸ਼ਲੋਕਾਂ ਵਿਚ ਦਿੱਤੇ ਭਾਵ ਤੋਂ, ਜੋ ਜਗਤ ਦੇ ਸਾਧਾਰਨ ਜੀਵਾਂ ਲਈ ਇਕ ਨਿਰਾਸਤਾ ਜਿਹੀ ਭਾਸ ਜਾਂਦੀ ਹੈ, ਉਸ ਦੇ ਦੂਰ ਕਰਨ ਲਈ ਪਉੜੀ ਦੇ ਭਾਵ ਨੂੰ ਸ਼ਲੋਕਾਂ ਦੇ ਭਾਵ ਨਾਲ ਢੁਕਾਇਆ ਹੈ ।

ਪਹਿਲੇ ਸ਼ਲੋਕ ਵਿਚ ਆਪਣੀ ਪ੍ਰੇਮ ਅਵਸਥਾ ਦੱਸੀ ਹੈ, ਦੂਜੇ ਵਿਚ ਹੋਰ ਪ੍ਰੇਮੀਆਂ ਦੀ ਪ੍ਰੇਮ ਅਵਸਥਾ ਤੇ ਉਨ੍ਹਾਂ ਦੇ ਉਚਾਰਨ ਨੂੰ, ਚਾਹੇ ਓਹ ਸਾਹਿਤਕ ਸੁੰਦਰਤਾਈਆਂ ਵਿਚ ਨਾ ਹੋਵੇ ਪ੍ਰੇਮਮਯ ਹੋਣ ਕਰਕੇ, ਪ੍ਰੇਮ ਦੀ ਅਵਸਥਾ ਜਣਾਈ ਹੈ। ਸਾਈਂ ਉਨ੍ਹਾਂ ਦੀ ਸੁਣਦਾ ਹੈ, ਸਮਝਦਾ ਹੈ ਤੇ ਪਯਾਰ ਦਾਨ ਦੇਂਦਾ ਹੈ। ਹੁਣ ਇਹ ਨਿਰਾਸਤਾ ਝਲਕ ਮਾਰਦੀ ਹੈ ਕਿ ਪ੍ਰੇਮੀ ਤਾਂ ਪਰਵਾਨ ਹੋ ਗਏ ਫੇਰ ਸਾਧਾਰਣ ਜੀਵਾਂ ਦਾ ਕੀ ਹਾਲ ? ਇਸ ਦੇ ਦੂਰ ਕਰਨ ਲਈ ਪਉੜੀ ਹੈ, ਜਿਸ ਵਿਚ ਗੁਰੂ ਜੀ ਅਰਦਾਸ ਕਰਦੇ ਹਨ ਕਿ ਹੇ ਸਰਬ ਸਮਰਥ, ਕਾਰਣਾਂ ਦੇ ਕਾਰਣ ! ਤੂੰ ਵਡਾ ਹੈਂ, ਅਗੰਮ ਹੈਂ, ਪਰ ਦਿਆਲੂ ਹੈਂ। ਸਾਰੇ ਜੀਵ ਤੇਰੀ ਕ੍ਰਿਤ ਹਨ, ਆਪਣੇ ਕੀਤਿਆਂ ਉਤੇ ਮੇਹਰ ਕਰ । ਸਾਰਿਆਂ ਨੂੰ ਆਪਣਾ ਪ੍ਰੇਮ ਦਾਨ ਕਰ । ਤੇਰਾ ਬਿਰਦ ਹੈ ਤੂੰ ਸਭ ਨੂੰ ਮੁਕਤ ਕਰਨਾ ਹੈ, ਸਾਨੂੰ ਇਹ ਵਿਸ਼ਵਾਸ਼ ਹੈ ਕਿਉਂਕਿ ਦਿਆਲੂ ਹੋਣ ਕਰਕੇ ਤੇਰਾ ਇਹ ਬਿਰਦ ਬਣਦਾ ਹੈ। ਐਸਾ ਕਹਿਣੇ ਵਿਚ ਅਰਦਾਸ ਬੀ ਕੀਤੀ ਤੇ ਜੀਵਾਂ ਨੂੰ ਆਸ ਬੀ ਬਨ੍ਹਾਈ ਕਿ ਉਹ ਸਭ ਨੂੰ ਛੁਡਾਏਗਾ ।

**ਨਿਰੁਕ੍ਤ**—ਪਿਰੰਮ ਕਾ—ਪਿਆਰੇ ਦਾ। ਸੋਹੰਨਿ—ਸੋਹਣੇ ਲਗਦੇ ਹਨ, ਸ਼ੋਭਦੇ ਹਨ।

ਪਿਰੰਨਿ—ਪਿਆਰੇ ਨੇ ।

ਅਗਮੁ-ਮਨ ਬਾਣੀ ਦੀ ਜਿਥੇ ਪਹੁੰਚ ਨਹੀਂ, (ਵੇਖੋ ਪੰਨਾ ੧੯੬)।

ਛਡਾਹੀ—ਛੁਡਾਏਂਗਾ। ਜਮ ਪੀੜਾ ਤੋਂ ਛੁਡਾਏਂਗਾ, ਭਾਵ ਮੁਕਤ ਕਰੇਂਗਾ।

*ਗੁਰੂ ਦਾ ਸ਼ਬਦ ਬੁਝਾ ਦੇਂਦਾ ਹੈ ਕਿ ਵਾਹਿਗੁਰੂ 'ਨੇਕੀ ਕੁੱਲ' ਹੈ, ਉਸ ਤੋਂ ਜੋ ਕੁਛ ਹੁੰਦਾ ਹੈ ਭਲਾ ਹੁੰਦਾ ਹੈ, ਚਾਹੇ ਅਸੀਂ ਸਮਝ ਸਕੀਏ ਚਾਹੇ ਨਾ।

[ਪਉੜੀ ਪੰਜਵੀਂ]

| ਮੂਲ | ਅਰਥ |
|---|---|
| ਸਲੋਕ ਮ: ੪ ॥ ਸੁਣਿ ਸਾਜਨ ਪ੍ਰੇਮ ਸਦੇਸਰਾ ਅਖੀ ਤਾਰ ਲਗੰਨਿ ॥ ਗੁਰਿ ਤੁਠੈ ਸਜਣੁ ਮੇਲਿਆ ਜਨ ਨਾਨਕ ਸੁਖਿ ਸਵੰਨਿ ॥ ੧ ॥ | (ਵਾਹਿਗੁਰੂ) ਸੱਜਣ ਦਾ ਪ੍ਰੇਮ ਸੁਨੇਹਾ ਸੁਣਕੇ ਅੱਖੀਆਂ ਦੀ ਤਾਰ (ਵਾਹਿਗੁਰੂ ਵਲ) ਲਗ ਰਹੀ ਸੀ ਕਿ ਤ੍ਰੁੱਠ ਪਏ ਗੁਰੂ ਨੇ (ਵਾਹਿਗੁਰੂ) ਸਜਣ ਮਿਲਾ ਹੀ ਦਿੱਤਾ,ਹੇ ਨਾਨਕ ! (ਹੁਣ ਉਹ ਉਡੀਕਾਂ ਵਿਚ ਲੱਗ ਰਹੀਆਂ ਅੱਖੀਆਂ) ਸੁਖ ਵਿਚ ਸੌਂ ਰਹੀਆਂ ਹਨ (ਭਾਵ ਅੱਖਾਂ, ਜੋ ਪਹਿਲੋਂ ਇੰਤਜ਼ਾਰ ਵਿਚ ਸਨ ਹੁਣ ਆਨੰਦ ਵਿਚ ਹਨ) ॥ ੧ ॥ |
| ਮ: ੪ ॥ ਸਤਿਗੁਰ ਦਾਤਾ ਦਇਆਲੁ ਹੈ ਜਿਸਨੋ ਦਇਆ ਸਦਾ ਹੋਇ ॥ ਸਤਿਗੁਰੁ ਅੰਦਰਹੁ ਨਿਰਵੈਰੁ ਹੈ ਸਭੁ ਦੇਖੈ ਬ੍ਰਹਮੁ ਇਕੁ ਸੋਇ ॥ ਨਿਰਵੈਰਾ ਨਾਲਿ ਜਿ ਵੈਰੁ ਚਲਾਇਦੇ ਤਿਨ ਵਿਚਹੁ ਤਿਸਟਿਆ ਨ ਕੋਇ ॥ ਸਤਿਗੁਰੁ ਸਭਨਾ ਦਾ ਭਲਾ ਮਨਾਇਦਾ ਤਿਸਦਾ ਬੁਰਾ ਕਿਉ ਹੋਇ ॥ ਸਤਿਗੁਰ ਨੋ ਜੇਹਾ ਕੋ ਇਛਦਾ ਤੇਹਾ ਫਲੁ ਪਾਏ ਕੋਇ ॥ ਨਾਨਕ ਕਰਤਾ ਸਭੁ ਕਿਛੁ ਜਾਣਦਾ ਜਿਦੂ ਕਿਛੁ ਗੁਝਾ ਨ ਹੋਇ ॥ ੨ ॥ | ਸਤਿਗੁਰੂ (ਐਸਾ) ਦਿਆਲੂ ਦਾਤਾ ਹੈ ਕਿ ਜਿਸ ਨੂੰ ਦਇਆ (ਕਰਨੀ) ਸਦਾ ਹੀ (ਪ੍ਰਾਪਤ) ਹੈ। [ਪ੍ਰਸ਼ਨ: ਕਿਉਂ ਸਦਾ ਦਿਆਲੂ ਹੈ ਸਤਿਗੁਰੂ ? ਉੱਤਰ:] (ਕਿਉਂਕਿ) ਸਤਿਗੁਰੂ ਅੰਦਰੋਂ ਨਿਰਵੈਰ ਹੈ, ਉਹ ਸਭ ਕਿਸੇ ਨੂੰ (ਬ੍ਰਹਮ ਦ੍ਰਿਸ਼ਟੀ) ਨਾਲ ਇਕ (ਸਮਾਨ) ਬ੍ਰਹਮ ਰੂਪ ਦੇਖਦਾ ਹੈ। (ਇਹ ਆਤਮ ਨਿਯਮ ਹੈ ਕਿ) ਜੋ ਲੋਕ ਨਿਰਵੈਰਾਂ ਨਾਲ ਵੈਰ (ਦਾ ਵਰਤਾਉ) ਤੋਰਦੇ ਹਨ*, ਉਨ੍ਹਾਂ ਵਿਚੋਂ ਕਦੇ ਕੋਈ ਨਹੀਂ ਟਿਕਿਆ। (ਫਿਰ) ਸਤਿਗੁਰੂ (ਜਦ) ਸਭਨਾਂ ਦਾ ਭਲਾ ਮਨਾਉਂਦਾ ਹੈ ਉਸ (ਸਤਿਗੁਰੂ) ਦਾ ਬੁਰਾ ਕੀਕੂੰ ਹੋਵੇ ? (ਭਾਵ ਗੁਰੂ ਨੂੰ ਨੁਕਸਾਨ ਨਹੀਂ ਪਹੁੰਚ ਸਕਦਾ)। [ਪ੍ਰਸ਼ਨ: ਫੇਰ ਬੁਰਾ ਕਰਨ ਵਾਲੇ ਦਾ ਬੁਰਾ ਕਿਉਂ ਹੁੰਦਾ ਹੈ ? ਉੱਤਰ:] ਸਤਿਗੁਰੂ ਨੂੰ ਜੇਹਾ ਕੋਈ ਚਾਹੇਗਾ, (ਉਸ ਦੀ ਆਪਣੀ ਚਾਹਨਾ ਅਨੁਸਾਰ) ਉਹੋ ਜੇਹਾ ਫਲ ਪਾ ਲਏਗਾ। ਹੇ ਨਾਨਕ ! (ਫਲ ਪ੍ਰਦਾਤਾ ਵਾਹਿਗੁਰੂ ਕਰਤਾਰ ਹੈ, ਪਰ ਉਹ,ਕਰਤਾਰ ਸਭ ਕੁਛ ਜਾਣਦਾ ਹੈ, ਉਸ ਤੋਂ ਲੁਕਿਆ ਕੁਛ ਨਹੀਂ। ਇਸ ਕਰਕੇ ਨਿਰਵੈਰ ਨੂੰ ਵਾਹਿਗੁਰੂ ਵੈਰੀ ਦੀ ਇੱਛੀ ਕਸ਼ਟਣੀ ਨਹੀਂ ਦੇਂਦਾ ਤੇ ਵੈਰੀ ਦਾ ਵੈਰ ਭਾਵ ਉਸੇ ਉਤੇ ਪਾ ਦੇਂਦਾ ਹੈ ਜੋ ਉਹ ਵੈਰ ਕਰਕੇ ਸਗੋਂ ਦੁਖੀ ਹੁੰਦਾ ਜਾਂਦਾ ਹੈ)† ॥ ੨ ॥ |
| ਪਉੜੀ ॥ ਜਿਸਨੋ ਸਾਹਿਬੁ ਵਡਾ ਕਰੇ ਸੋਈ ਵਡ ਜਾਣੀ ॥ ਜਿਸੁ ਸਾਹਿਬ ਭਾਵੈ ਤਿਸੁ ਬਖਸਿ ਲਏ ਸੋ ਸਾਹਿਬ ਮਨਿ ਭਾਣੀ ॥ ਜੇ ਕੋ ਓਸਦੀ ਰੀਸ ਕਰੇ ਸੋ ਮੂੜ ਅਜਾਣੀ ॥ ਜਿਸਨੋ ਸਤਿਗੁਰੁ ਮੇਲੇ ਸੁ ਗੁਣ | ਜਿਸ ਨੂੰ ਮਾਲਕ (ਵਾਹਿਗੁਰੂ) ਵੱਡਾ ਬਣਾਵੇ ਉਸੇ ਨੂੰ ਵੱਡਾ ਕਰਕੇ (ਤੂੰ) ਜਾਣੀਂ। ਜਿਸ ਨੂੰ ਭਾਵੇ ਉਸ ਨੂੰ ਸਾਹਿਬ ਬਖਸ਼ ਲੈਂਦਾ ਹੈ, (ਤੁਸੀਂ ਸਮਝ ਲਓ ਕਿ) ਉਸ (ਦੀ ਕਰਨੀ) ਸਾਹਿਬ ਦੇ ਮਨ ਨੂੰ ਭਾ ਗਈ ਹੈ। ਉਸ ਦੀ ਜੇ ਕੋਈ ਰੀਸ ਕਰੇ (ਤਾਂ) ਉਸ ਨੂੰ ਮੂਰਖ ਤੇ ਅਜਾਣ (ਸਮਝ ਲਓ)। ਜਿਸ ਨੂੰ ਸਤਿਗੁਰੂ ਮੇਲ ਲੈਂਦਾ ਹੈ ਉਹ (ਵਾਹਿਗੁਰੂ ਦੇ) ਗੁਣ ਗਾਉਂਦਾ ਹੈ (ਤੇ ਲੋਕਾਂ ਨੂੰ ਉਸ ਦੇ) ਗੁਣ ਦੱਸਕੇ ਵਰਣਨ |

*ਅਰਥਾਤ ਪਗਾਇਆ ਚਾਹੁੰਦੇ ਹਨ।

†ਦੂਜੇ ਸਤਿਗੁਰਾਂ ਦਾ ਵਾਕ ਹੈ-ਸਰੁ ਸੰਧੇ ਆਗਾਸ ਕਉ ਕਿਉ ਪਹੁੰਚੈ ਬਾਣੁ ॥ ਅਗੈ ਓਹੁ ਅਗੰਮੁ ਹੈ ਵਾਹੇਦੜੁ ਜਾਣੁ ॥ [ਮਾਝ ਵਾਰ ਮ: ੨-੨੨

| | |
|---|---|
| ਰਵੈ ਗੁਣ ਆਖਿ ਵਖਾਣੀ॥ਨਾਨਕ ਸਚਾ ਸਚੁ ਹੈ ਬੂਝਿ ਸਚਿ ਸਮਾਣੀ ॥ ੫ ॥ | ਕਰਦਾ ਹੈ (ਭਾਵ ਪ੍ਰੇਰਨਾ ਕਰਦਾ ਹੈ ਕਿ ਤੁਸੀਂ ਬੀ ਗੁਣ ਗਾਓ, ਕਿਉਂਕਿ ਸੱਚੇ ਦੇ ਗੁਣ ਗਾ ਗਾ ਕੇ ਉਸ ਸੱਚੇ ਨੂੰ ਜੋ) ਸੱਚੋ ਸੱਚ ਹੈ, ਬੁੱਝ ਲੈਣ ਨਾਲ (ਉਸ) ਸੱਚ ਸਰੂਪ ਵਿਚ ਸਮਾਈ ਹੋ ਜਾਂਦੀ ਹੈ, (ਕਹਿੰਦੇ ਹਨ ਗੁਰੂ) ਨਾਨਕ ਜੀ॥੫॥ |

**ਵਯਾਖਯਾ**—ਪਉੜੀ ਵਿਚ ਗੁਰੂ ਜੀ, ਐਉਂ ਜਾਪਦਾ ਹੈ ਕਿ ਗੁਰੂ ਅਮਰਦਾਸ ਜੀ ਨੂੰ ਗੱਦੀ ਮਿਲਣ ਦੇ ਭਾਵ ਨੂੰ ਲੈਕੇ ਇਕ ਰੂਹਾਨੀ ਅਸੂਲ ਦੱਸ ਰਹੇ ਹਨ ਕਿ ਜਿਸ ਨੂੰ ਵਾਹਿਗੁਰੂ ਸਾਹਿਬੀ ਬਖਸ਼ੇ ਉਸ ਅਗੇ ਝੁਕ ਜਾਓ, ਉਸ ਦੀ ਰੀਸ ਕਰਨੀ ਮੂਰਖਤਾ ਹੈ, ਕਿਉਂਕਿ ਉਹ ਵਾਹਿਗੁਰੂ ਦਰ ਪਰਵਾਨ ਹਸਤੀ ਹੈ। ਚੌਥੀ ਤੁਕ ਵਿਚ ਇਸ਼ਾਰਾ ਜਾਪਦਾ ਹੈ ਕਿ ਤੁਸੀਂ ਉਸ ਬਖਸ਼ੇ ਹੋਏ ਦੇ ਗੁਣ ਗਾਓ। ਗੁਣ ਗਾਕੇ ਤੁਸੀਂ ਸਚ ਵਿਚ ਆ ਜਾਓਗੇ। ਜੋ ਸੱਚ ਦੀ ਸੋਝੀ ਵਿਚ ਆ ਗਿਆ ਉਹ ਸੱਚ ਸਰੂਪ (ਵਾਹਿਗੁਰੂ) ਵਿਚ ਸਮਾ ਗਿਆ ਜਾਣੋ। ਪਉੜੀ ਵਿਚ ਦੇ ਇਸ ਭਾਵ ਦੀ ਪ੍ਰੋੜਤਾ ਦੂਸਰੇ ਸ਼ਲੋਕ ਤੋਂ ਹੁੰਦੀ ਹੈ, ਜਿਸ ਵਿਚ ਸਪਸ਼ਟ ਤੌਰ ਤੇ ਦੱਸਿਆ ਹੈ ਕਿ ਸਤਿਗੁਰੂ ਨਿਰਵੈਰ ਪੁਰਖ ਹੈ, ਉਹ ਬ੍ਰਹਮ ਦ੍ਰਿਸ਼ਟੀ ਵਾਲਾ ਹੈ, ਉਹ ਦਿਆਲੂ ਹੈ। ਉਸ ਨਾਲ ਵੈਰ ਕਰਨਾ ਕਾਮਯਾਬ ਨਹੀਂ ਹੁੰਦਾ। ਇਹ ਇਸ਼ਾਰੇ ਸਾਰੇ ਗੁਰੂ ਅਮਰਦਾਸ ਜੀ ਦੀ ਗੁਰਿਆਈ ਤੇ ਦਾਸੂ ਦਾਤੂ ਜੀਆਦਿਕਾਂ ਦੇ ਮਾੜੇ ਸਲੂਕ ਕਰਕੇ ਨਾਕਾਮਯਾਬ ਰਹਿਣੇ ਵਲ ਸਹੀ ਹੁੰਦੇ ਹਨ।

ਪਹਿਲੇ ਸ਼ਲੋਕ ਨੂੰ ਇਸਕਰਕੇ ਇਸ ਪਉੜੀ ਨਾਲ ਜੋੜਿਆ ਜਾਪਦਾ ਹੈ ਕਿ ਸ੍ਰੀ ਗੁਰੂ ਰਾਮਦਾਸ ਜੀ ਦਾ ਨਿਜ ਤਜਰਬਾ ਗੁਰੂ ਨੂੰ ਮਿਲਕੇ ਜੋ ਹੋਇਆ ਉਹ ਨਿਰੂਪਣ ਹੋ ਜਾਏ ਤੇ ਉਸ ਵਿਚ ਇਕ ਅਧਯਾਤਮਿਕ ਅਸੂਲ ਨਿਰੂਪਣ ਹੋ ਜਾਏ ਕਿ ਸਤਿਗੁਰੂ ਤੋਂ ਪ੍ਰੇਮ ਦਾ ਸੁਨੇਹਾ ਸੁਣਕੇ ਵਾਹਿਗੁਰੂ ਪ੍ਰਾਪਤੀ ਦੀ ਅਕਾਂਖਯਾ ਲੱਗ ਜਾਂਦੀ ਹੈ, ਉਹ ਅਕਾਂਖਯਾ ਜਦ ਤੀਬਰ ਹੋ ਜਾਂਦੀ ਹੈ ਤਾਂ ਗੁਰੂ ਮੇਹਰ ਹੋਰ ਕਰਦਾ ਹੈ; ਮੇਹਰ ਨਾਲ ਵਾਹਿਗੁਰੂ ਪ੍ਰਾਪਤੀ ਹੋ ਜਾਂਦੀ ਹੈ। ਮਿਲਾਪ ਹੋਣ ਤੇ ਬਿਹਬਲ ਕਰਨੇ ਵਾਲੀ ਅਕਾਂਖਯਾ ਰਸਮਈ ਤੇ ਆਨੰਦ ਸਰੂਪ ਹੋ ਜਾਂਦੀ ਹੈ, ਜਿਵੇਂ ਉਡੀਕ ਵਿਚ ਥੱਕੀਆਂ ਅਖੀਆਂ ਪਿਆਰੇ ਦੇ ਮਿਲ ਪੈਣ ਨਾਲ ਸੁਖ ਨੀਂਦਰੇ ਸੈਂ ਜਾਂਦੀਆਂ ਹਨ।

**ਨਿਰੁਕ**—ਸੁਣਿ-ਸੁਣਕੇ।

ਸੰਦੇਸਰਾ—[ਸੰਸ:, ਸੰਦੇਸ਼:] ਸੁਨੇਹਾ। 'ਸੰਦੇਸਰਾ' ਪਦ ਸੰਦੇਸ਼ ਦਾ ਲਾਡ ਮਈ ਨਿੰਮ੍ਰਵਾਚੀ ਹੈ।

ਤਾਰ—[ਸੰਸ:, ਤਾਰ:=ਅਖ ਦੀ ਪੁਤਲੀ] ਤਾੜ, ਨਜ਼ਰ, ਦ੍ਰਿਸ਼ਟੀ, ਤੱਕ।

ਸਵੰਨਿ—ਸੌਂਦੀਆਂ ਹਨ। ਤਿਸਟਿਆ—[ਸੰਸ:, ਤਿਸ਼੍ਟ੍ਤ੍। ਧਾਤੂ ਹੈ ਸ੍ਥਾ=ਠਹਿਰਨਾ, ਖੜੇ ਹੋਣਾ] ਠਹਰਿਆ ਟਿਕਿਆ।

ਭਾਣੀ—ਭਾਈ। ਇਸ ਕ੍ਰਿਯਾ ਦਾ ਕਰਤਾ ਕਾਰਕ 'ਕਰਨੀ' ਦੀ ਲੁਪਤੀ ਹੈ ਏਥੇ।

ਸਮਾਣੀ—ਸਮਾਈ। ਸਮਾਈ ਹੋ ਜਾਂਦੀ ਹੈ। (ਅ) ਐਉਂ ਬੀ ਲਾਉਂਦੇ ਹਨ ਕਿ ਜੋ ਕੋਈ ਬੁਝ ਲੈਂਦਾ ਹੈ ਸੱਚ ਵਿਚ ਸਮਾ ਜਾਂਦਾ ਹੈ।

[ਪਉੜੀ ਛੇਵੀਂ]

| ਮੂਲ | ਅਰਥ |
|---|---|
| ਸਲੋਕ ਮਃ ੪ ॥ ਹਰਿ ਸਤਿ ਨਿਰੰਜਨ ਅਮਰੁ ਹੈ ਨਿਰਭਉ | ਹਰੀ ਸਤਯ (ਸਰੂਪ) ਹੈ, ਮਾਇਆ ਤੋਂ ਰਹਿਤ ਹੈ, (ਜਨਮ) ਮਰਨ ਥੀਂ ਰਹਿਤ ਹੈ, ਡਰ ਤੋਂ ਬਿਨਾਂ ਹੈ, ਵੈਰ ਤੋਂ ਬਿਨਾਂ ਹੈ, |

ਨਿਰਵੈਰੁ ਨਿਰੰਕਾਰੁ॥ਜਿਨ ਜਪਿਆ ਇਕ ਮਨਿ ਇਕ ਚਿਤਿ ਤਿਨ ਲਥਾ ਹਉਮੈ ਭਾਰੁ ॥ ਜਿਨ ਗੁਰ-ਮੁਖਿ ਹਰਿ ਆਰਾਧਿਆ ਤਿਨ ਸੰਤ ਜਨਾ ਜੈਕਾਰੁ ॥ ਕੋਈ ਨਿੰਦਾ ਕਰੇ ਪੂਰੇ ਸਤਿਗੁਰੂ ਕੀ ਤਿਸਨੋ ਫਿਟੁ ਫਿਟੁ ਕਹੈ ਸਭੁ ਸੰਸਾਰੁ ॥ ਸਤਿਗੁਰ ਵਿਚਿ ਆਪਿ ਵਰਤਦਾ ਹਰਿ ਆਪੇ ਰਖਣਹਾਰੁ ॥ ਧਨੁ ਧੰਨੁ ਗੁਰੂ ਗੁਣ ਗਾਵਦਾ ਤਿਸਨੋ ਸਦਾ ਸਦਾ ਨਮਸਕਾਰੁ ॥ ਜਨ ਨਾਨਕ ਤਿਨ ਕਉ ਵਾਰਿਆ ਜਿਨ ਜਪਿਆ ਸਿਰਜਣਹਾਰੁ ॥ ੧ ॥

ਆਕਾਰ ਤੋਂ ਰਹਿਤ ਹੈ। (ਇਸ ਹਰੀ ਨੂੰ) ਜਿਨ੍ਹਾਂ ਨੇ ਜਪਿਆ ਹੈ ਇਕ ਮਨ ਇਕ ਚਿਤ ਕਰਕੇ ਉਨ੍ਹਾਂ ਦਾ ਹਉਮੈਂ ਰੂਪੀ ਭਾਰ ਲੱਥ ਗਿਆ ਹੈ। (ਹਾਂ) ਜਿਨ੍ਹਾਂ ਗੁਰਮੁਖਾਂ ਨੇ (ਇਸ) ਹਰੀ ਨੂੰ ਅਰਾਧਿਆ ਹੈ ਉਨ੍ਹਾਂ ਸੰਤ ਜਨਾਂ ਨੂੰ ਜੈ ਜੈ ਕਾਰ ਹੁੰਦੀ ਹੈ। (ਪਰ ਜੇ) ਕੋਈ ਪੂਰੇ ਸਤਿਗੁਰੂ ਦੀ ਨਿੰਦਿਆ ਕਰੇ ਉਸ ਨੂੰ ਸਾਰਾ ਸੰਸਾਰ ਫਿਟੇ ਮੂੰਹ ਫਿਟੇ ਮੂੰਹ ਆਖਦਾ ਹੈ। ਸਤਿਗੁਰੂ ਵਿਚ (ਹਰੀ) ਆਪ ਵਰਤਦਾ ਹੈ, (ਸਤਿਗੁਰੂ ਨੂੰ) ਰਖਣ ਵਾਲਾ (ਉਹ) ਹਰੀ ਆਪ ਹੀ ਹੈ। (ਜੋ)ਗੁਰੂ ਦੇ ਗੁਣ ਗਾਉਂਦਾ ਹੈ ਉਹ ਧੰਨ ਹੈ, ਉਹ ਧੰਨ ਹੈ*,ਉਸਨੂੰ ਸਦਾ ਸਦਾ ਨਮਸਕਾਰ ਹੈ। (ਹਾਂ) ਦਾਸ ਨਾਨਕ ਉਨ੍ਹਾਂ ਤੋਂ ਸਦਕੇ ਹੈ ਜਿਨ੍ਹਾਂ ਨੇ ਸਿਰਜਣਹਾਰ ਦਾ ਸਿਮਰਨ ਕੀਤਾ ਹੈ ॥ ੧ ॥

ਮ: ੪ ॥ ਆਪੇ ਧਰਤੀ ਸਾਜੀਅਨੁ ਆਪੇ ਆਕਾਸੁ ॥ ਵਿਚਿ ਆਪੇ ਜੰਤ ਉਪਾਇਅਨੁ ਮੁਖਿ ਆਪੇ ਦੇਇ ਗਿਰਾਸੁ ॥ ਸਭੁ ਆਪੇ ਆਪਿ ਵਰਤਦਾ ਆਪੇ ਹੀ ਗੁਣ ਤਾਸੁ ॥ ਜਨ ਨਾਨਕ ਨਾਮੁ ਧਿਆਇ ਤੂ ਸਭਿ ਕਿਲਵਿਖ ਕਟੇ ਤਾਸੁ ॥੨॥

(ਵਾਹਿਗੁਰੂ ਨੇ) ਆਪੇ ਧਰਤੀ ਬਣਾਈ ਹੈ ਤੇ ਆਪੇ ਹੀ ਆਕਾਸ਼ ਬਣਾਇਆ ਹੈ, ਵਿਚਾਲੇ ਆਪੇ ਹੀ (ਉਸ ਨੇ) ਜੀਵ ਪੈਦਾ ਕੀਤੇ ਹਨ, (ਉਨ੍ਹਾਂ ਦੇ) ਮੂੰਹ ਵਿਚ ਆਪ ਹੀ ਗ੍ਰਾਹੀਆਂ ਦੇਂਦਾ ਹੈ, (ਭਾਵ ਉਨ੍ਹਾਂ ਦੀ ਪਾਲਣਾ ਕਰਦਾ ਹੈ)। ਹਾਂ, ਆਪ ਹੀ ਸਭੋ ਕੁਛ (ਹੋਕੇ) ਵਰਤ ਰਿਹਾ ਹੈ, (ਉਹ) ਆਪ ਹੀ (ਸਾਰੇ) ਗੁਣਾਂ ਦਾ ਖਜ਼ਾਨਾ ਹੈ। ਦਾਸ ਨਾਨਕ (ਕਹਿੰਦਾ ਹੈ ਕਿ) ਤੂੰ (ਉਸ ਦਾ) ਨਾਮ ਧਿਆਇ, ਉਹਾਂ† (ਤੇਰੇ) ਸਾਰੇ ਪਾਪ ਕੱਟ ਦਵੇਗਾ। (ਭਾਵ ਨਾਮ ਤੇਰੇ ਪਾਪ ਕਟ ਦੇਵੇਗਾ) ॥ ੨ ॥

ਪਉੜੀ ॥ ਤੂ ਸਚਾ ਸਾਹਿਬੁ ਸਚੁ ਹੈ ਸਚੁ ਸਚੇ ਭਾਵੈ ॥ ਜੋ ਤੁਧੁ ਸਚੁ ਸਲਾਹਦੇ ਤਿਨ ਜਮ ਕੰਕਰੁ ਨੇੜਿ ਨ ਆਵੈ ॥ ਤਿਨ ਕੇ ਮੁਖ ਦਰਿ ਉਜਲੇ ਜਿਨ ਹਰਿ ਹਿਰਦੈ ਸਚਾ ਭਾਵੈ ॥ ਕੂੜਿਆਰ ਪਿਛਾਹਾ ਸਟੀਅਨਿ ਕੂੜੁ ਹਿਰਦੈ ਕਪਟੁ ਮਹਾ ਦੁਖੁ ਪਾਵੈ ॥ ਮੂਹ ਕਾਲੇ ਕੂੜਿਆਰੀਆ ਕੂੜਿਆਰ ਕੂੜੋ

ਹੇ ਸੱਚ ਸਰੂਪ ਤੂੰ (ਸਾਡਾ) ਸੱਚਾ ਸਾਹਿਬ ਹੈਂ, (ਤੈਂ) ਸੱਚੇ ਨੂੰ ਸੱਚ ਹੀ ਭਾਉਂਦਾ ਹੈ। ਜੋ ਤੈਨੂੰ 'ਸੱਚ' (ਸਰੂਪ ਜਾਣਕੇ) ਸਲਾਹੁੰਦੇ ਹਨ ਉਨ੍ਹਾਂ ਦੇ ਨੇੜੇ ਜਮ ਦਾ ਦਾਸ (=ਜਮਦੂਤ) ਨਹੀਂ ਆਉਂਦਾ। (ਹਾਂ) ਜਿਨ੍ਹਾਂ ਦੇ ਮਨ ਵਿਚ (ਤੂੰ) ਸਚਾ ਹਰੀ ਭਾਉਂਦਾ ਹੈਂ ਉਨ੍ਹਾਂ ਦੇ ਮੂੰਹ ਦਰਗਾਹ ਵਿਚ ਉਜਲੇ ਹੋਣਗੇ, (ਪਰ ਜੋ) ਕੂੜਿਆਰ ਹਨ ਓਹ (ਦਰਗਾਹੋਂ) ਪਿੱਛੇ (=ਮੁੜ ਜਨਮ ਮਰਨ ਵਿਚ) ਧੱਕੇ ਜਾਂਦੇ ਹਨ, (ਕਿਉਂਕਿ ਉਨ੍ਹਾਂ ਦੇ) ਹਿਰਦੇ ਵਿਚ ਕੂੜ ਤੇ ਕਪਟ ਹੁੰਦਾ ਹੈ (ਓਹ ਜਨਮ ਧਾਰਕੇ ਫੇਰ) ਬਹੁਤਾ ਦੁਖ ਪਾਉਂਦੇ ਹਨ। (ਹਾਂ ਉਨ੍ਹਾਂ) ਕੂੜਿਆਰਾਂ ਦੇ ਮੂੰਹ (ਹਲਤ ਪਲਤ ਵਿਚ) ਕਾਲੇ ਹੁੰਦੇ ਹਨ,

*ਅਥਵਾ, ਧੰਨ ਹੈ ਧੰਨ ਹੈ ਗੁਰੂ ਜੋ ਹਰੀ ਦੇ ਗੁਣ ਗਾਉਂਦਾ ਹੈ।

†'ਤਾਸੁ' ਦਾ ਏਥੇ ਅਰਥ 'ਉਸ ਦੇ' ਨਹੀਂ, ਪਰ 'ਉਹ', ਭਾਵ ਹੈ ਨਾਮ ਤੋਂ। ਕਈ 'ਤਾਸੁ' ਦਾ 'ਤੁਸਾਂ ਦੇ', 'ਤੇਰੇ' ਅਰਥ ਬੀ ਕਰਦੇ ਹਨ।

ਹੋਇ ਜਾਵੈ ॥ ੬ ॥

ਕੂੜਿਆਰ (ਹੋਣ) ਕਰਕੇ (ਉਨ੍ਹਾਂ ਦਾ ਕੀਤਾ) ਕੂੜਾ ਹੋ ਜਾਂਦਾ ਹੈ। (ਭਾਵ ਇਹ ਕਿ ਸੱਚ ਕਮਾਈ ਦਾ ਫਲ ਸੱਚ ਹੋਊ, ਕੂੜੀ ਕਮਾਈ ਦਾ ਫਲ ਕੂੜ ਹੀ ਕੂੜ ਹੋਵੇਗਾ, ਜੋ ਕੁਛ ਉਨ੍ਹਾਂ ਕੂੜ ਆਸਰੇ ਕੀਤਾ ਸੀ ਉਹ ਕੂੜ ਹੀ ਕੂੜ ਹੋ ਜਾਏਗਾ) ॥੬॥

**ਵ੍ਯਾਖ੍ਯਾ**—ਪਉੜੀ ਵਿਚ ਵਾਹਿਗੁਰੂ ਜੀ ਨੂੰ 'ਸਚ ਸਰੂਪ', ਸੱਚਾ ਤੇ ਸੱਚ ਦਾ ਪਿਆਰਾ ਦੱਸਿਆ ਹੈ, ਜੋ ਉਸ 'ਸਚ' ਸਰੂਪ ਨੂੰ ਪਯਾਰ ਕਰਨਗੇ ਉਸ ਦੇ ਗੁਣ ਗਾਉਣਗੇ, ਉਹ ਸਚ ਦੇ ਨੇੜੇ ਨੇੜੇ ਹੁੰਦੇ ਆਪ ਸੱਚੇ ਹੋ ਜਾਣਗੇ, ਉਨ੍ਹਾਂ ਦੇ ਸੱਚ ਨੂੰ ਜੋ ਫਲ ਲਗੇਗਾ ਸੱਚ ਹੋਵੇਗਾ, ਓਹ ਦਰਗਾਹ ਵਿਚ ਉੱਜਲ ਮੁਖ ਹੋਣਗੇ। ਪਰ ਜੋ ਕੂੜ ਵਿਚ ਜੀਵਨ ਬਸਰ ਕਰਦੇ ਹਨ ਉਨ੍ਹਾਂ ਦੇ ਅੰਦਰ ਬਾਹਰ ਕੂੜ ਵਰਤ ਜਾਏਗਾ, ਅੰਤ ਕੂੜ ਨੂੰ ਪ੍ਰਾਪਤ ਹੋਣਗੇ। 'ਸੱਚ' ਤਾਂ ਅਮਰ ਠਿਕਾਣਾ ਹੈ, 'ਝੂਠ' ਕੋਈ ਠਿਕਾਣਾ ਨਹੀਂ, ਝੂਠ ਵਾਲੇ ਝੂਠ ਵਿਚ ਹੀ ਭਟਕਦੇ ਹਨ। ਓਹ ਦੁੱਖ ਭੋਗਦੇ ਹਨ ਤੇ ਖੁਆਰੀ ਪੱਲੇ ਪੈਂਦੀ ਹੈ।

ਪਉੜੀ ਵਿਚ ਜੋ ਕੁਛ ਕਿਹਾ ਹੈ ਇਕ ਸਰਬ ਕਾਲੀ ਸੱਚਾ ਅਸੂਲ ਕਿਹਾ ਹੈ। ਦੋ ਸਲੋਕਾਂ ਨੂੰ ਇਸ ਦੀ ਪ੍ਰੋੜਤਾ ਵਿਚ ਰਖਿਆ ਹੈ ਕਿ ਉਨ੍ਹਾਂ ਦੋਹਾਂ ਵਿਚ ਸੱਚ ਸਰੂਪ ਵਾਹਿਗੁਰੂ ਦੀ ਵ੍ਯਾਖ੍ਯਾ ਹੈ, ਉਸ ਦਾ ਸਰੂਪ ਤੇ ਗੁਣ ਵਰਣਨ ਕੀਤੇ ਹਨ ਤੇ ਉਸ ਦੇ ਨਾਮ ਸਿਮਰਨ ਵਿਚ ਕਲਿਆਣ ਦੱਸੀ ਹੈ। ਪਉੜੀ ਵਿਚ ਕੂੜਿਆਰਾਂ ਦਾ ਵਰਣਨ ਹੈ। ਸਲੋਕ ਪਹਿਲੇ ਵਿਚ ਗੁਰੂ ਕੇ ਨਿੰਦਕ ਕੂੜਿਆਰਾਂ ਦਾ ਜ਼ਿਕਰ ਬੀ ਹੈ ਜੋ ਝੂਠੀ ਨਿੰਦਿਆ ਕਰਦੇ ਹਨ। ਗੁਰੂ ਵਿਚ ਆਪ ਹਰੀ ਹੁੰਦਾ ਹੈ, ਨਿੰਦਾ ਨਾਲ ਉਨ੍ਹਾਂ ਦਾ ਕੁਛ ਨਹੀਂ ਘਟਦਾ, ਪਰ ਕੂੜੇ ਨਿੰਦਕ ਲੋਕ ਪ੍ਰਲੋਕ ਫਿਟਕਾਰੇ ਜਾਂਦੇ ਹਨ। ਦੂਸਰੇ ਸ਼ਲੋਕ ਵਿਚ ਬੀ ਵਾਹਿਗੁਰੂ ਜੀ ਦੀ ਉਸਤੁਤੀ ਤੇ ਨਾਮ ਜਪਣੇ ਦਾ ਉਪਦੇਸ਼ ਹੈ।

**ਨਿਰੁਕਤ**—ਅਰਥਾਂ ਵਿਚ ਕਠਨ ਪਦਾਂ ਦੇ ਅਰਥ ਆ ਗਏ ਹਨ, ਬਾਕੀ ਸੁਗਮ ਹਨ।

## [ਪਉੜੀ ਸਤਵੀਂ]

**ਮੂਲ**

ਸਲੋਕ ਮਃ ੪ ॥ ਸਤਿਗੁਰੁ ਧਰਤੀ ਧਰਮ ਹੈ ਤਿਸੁ ਵਿਚਿ ਜੇਹਾ ਕੋ ਬੀਜੇ ਤੇਹਾ ਫਲੁ ਪਾਇ ॥ ਗੁਰਸਿਖੀ ਅੰਮ੍ਰਿਤੁ ਬੀਜਿਆ ਤਿਨ ਅੰਮ੍ਰਿਤੁ ਫਲੁ ਹਰਿ ਪਾਇ ॥ ਓਨਾ ਹਲਤਿ ਪਲਤਿ ਮੁਖ ਉਜਲੇ ਓਇ ਹਰਿ ਦਰਗਹ ਸਚੀ ਪੈਨ੍ਹਾਇ ॥ ਇਕਨ੍ਹਾ ਅੰਦਰਿ ਖੋਟੁ ਨਿਤ ਖੋਟੁ ਕਮਾਵਹਿ ਓਹੁ ਜੇਹਾ ਬੀਜੇ ਤੇਹਾ ਫਲੁ ਖਾਇ॥ ਜਾ ਸਤਿਗੁਰੁ ਸਰਾਫੁ ਨਦਰਿ ਕਰਿ ਦੇਖੈ ਸੁਆਵਗੀਰ ਸਭਿ ਉਘੜਿ

**ਅਰਥ**

ਸਤਿਗੁਰੂ ਧਰਮ ਦੀ ਧਰਤੀ ਹੈ, (ਜਿਵੇਂ ਧਰਤੀ ਵਿਚ ਜੋ ਕੁਛ ਬੀਜੋ ਉਹੋ ਕੁਛ ਉਗਦਾ ਹੈ ਤਿਵੇਂ) ਉਸ (=ਸਤਿਗੁਰੂ) ਵਿਚ ਜੇਹੋ ਜੇਹਾ ਬੀਜ ਕੋਈ ਬੀਜੇਗਾ ਉਹੋ ਜੇਹਾ ਫਲ ਪਾ ਲਏਗਾ। (ਉਸ ਵਿਚ) ਗੁਰੂ ਕੇ ਸਿਖ (ਸ਼ਰਧਾ ਰੂਪੀ) ਅੰਮ੍ਰਿਤ (ਬੀਜ) ਬੀਜਦੇ ਹਨ, ਉਨ੍ਹਾਂ ਨੂੰ ਹਰੀ (ਨਾਮ ਰਸ ਰੂਪੀ) ਅਮਰ ਫਲ ਪਾ ਦੇਂਦਾ ਹੈ*, (ਜਿਸ ਕਰਕੇ) ਉਨ੍ਹਾਂ ਦੇ ਮੂੰਹ ਲੋਕ ਪ੍ਰਲੋਕ ਵਿਚ ਉੱਜਲੇ ਹੁੰਦੇ ਹਨ, ਓਨ੍ਹਾਂ ਨੂੰ ਹਰੀ ਦੀ ਸੱਚੀ ਦਰਗਾਹ ਵਿਚ ਸਿਰੋਪਾਉ ਪਹਿਨਾਏ ਜਾਂਦੇ ਹਨ (ਭਾਵ ਸਤਿਕਾਰ ਨੂੰ ਪ੍ਰਾਪਤ ਹੁੰਦੇ ਹਨ)। ਇਕਨਾਂ ਦੇ ਅੰਦਰ ਖੋਟ ਹੁੰਦਾ ਹੈ, (ਓਹ) ਸਦਾ ਖੋਟ ਹੀ ਕਮਾਉਂਦੇ ਹਨ, ਓਹ ਜੇਹਾ ਬੀਜਦੇ ਹਨ ਤੇਹਾ ਫਲ ਖਾਂਦੇ ਹਨ (ਭਾਵ ਖੋਟ ਹੀ ਉਨ੍ਹਾਂ ਦੇ ਪੱਲੇ ਪੈਂਦਾ ਹੈ)। ਜਦੋਂ ਸਤਿਗੁਰੂ (ਜੋ) ਸਰਾਫ (ਵਾਂਗੂ ਸੱਚ ਝੂਠ ਪਰਖਦਾ ਹੈ) ਨਜ਼ਰ ਲਾਕੇ ਉਨ੍ਹਾਂ (ਖੋਟਿਆਂ ਨੂੰ) ਦੇਖੇਗਾ (ਤਦ) ਖ਼ੁਦਗਰਜ਼

*ਅਥਵਾ–ਉਨ੍ਹਾਂ ਨੇ ਹਰੀ ਰੂਪੀ ਅੰਮ੍ਰਿਤ ਫਲ ਪਾਏ ਹਨ।

ਆਏ ॥ ਓਇ ਜੇਹਾ ਚਿਤਵਹਿ ਨਿਤ ਤੇਹਾ ਪਾਇਨਿ ਓਇ ਤੇਹੋ ਜੇਹੇ ਦਯਿ ਵਜਾਏ ॥ ਨਾਨਕ ਦੁਹੀ ਸਿਰੀ ਖਸਮੁ ਆਪੇ ਵਰਤੈ ਨਿਤ ਕਰਿਕਰਿ ਦੇਖੈ ਚਲਤ ਸਬਾਇ॥੧॥

ਸਭ ਪ੍ਰਗਟ ਹੋ ਜਾਣਗੇ (ਭਾਵ ਖੋਟ ਜ਼ਾਹਰ ਹੋ ਜਾਏਗਾ)। ਓਹ (ਖੋਟੇ ਲੋਕ) ਜੇਹਾ ਕੁ ਨਿਤ ਸੋਚਦੇ ਰਹਿੰਦੇ ਸਨ ਓਹੋ ਜੇਹਾ (ਫਲ) ਪਾ ਲੈਣਗੇ; ਓਹ ਵਾਹਿਗੁਰੂ ਜੀ ਵਲੋਂ ਉਹੋ ਜੇਹੇ ਹੀ (ਜਗਤ ਵਿਚ) ਪ੍ਰਗਟ ਹੋ ਜਾਣਗੇ। ਹੇ ਨਾਨਕ ! ਦੋਹਾਂ ਸਿਰਿਆਂ ਤੇ ਸਾਹਿਬ ਆਪ ਹੀ ਵਰਤਦਾ ਹੈ ਤੇ ਸਾਰੇ ਚੋਜ ਸਦਾ ਕਰ ਕਰਕੇ ਵੇਖਦਾ ਹੈ ॥ ੧ ॥

ਮਃ ੪ ॥ ਇਕੁ ਮਨੁ ਇਕੁ ਵਰਤਦਾ ਜਿਤੁ ਲਗੈ ਸੋ ਥਾਇ ਪਾਇ॥ਕੋਈ ਗਲਾ ਕਰੇ ਘਨੇਰੀਆ ਜਿ ਘਰਿ ਵਥੁ ਹੋਵੈ ਸਾਈ ਖਾਇ ॥

ਬਿਨੁ ਸਤਿਗੁਰ ਸੋਝੀ ਨਾ ਪਵੈ ਅਹੰਕਾਰੁ ਨ ਵਿਚਹੁ ਜਾਇ ॥

ਅਹੰਕਾਰੀਆ ਨੋ ਦੁਖ ਭੁਖ ਹੈ ਹਥੁ ਤਡਹਿ ਘਰਿ ਘਰਿ ਮੰਗਾਇ ॥

ਕੂੜੁ ਠਗੀ ਗੁਝੀ ਨਾ ਰਹੈ ਮੁਲੰਮਾ ਪਾਜੁ ਲਹਿ ਜਾਇ॥ ਜਿਸੁ ਹੋਵੈ ਪੂਰਬਿ ਲਿਖਿਆ ਤਿਸੁ ਸਤਿਗੁਰੁ ਮਿਲੈ ਪ੍ਰਭੁ ਆਇ॥ ਜਿਉ ਲੋਹਾ ਪਾਰਸਿ ਭੇਟੀਐ ਮਿਲਿ ਸੰਗਤਿ ਸੁਵਰਨੁ ਹੋਇ ਜਾਇ ॥ ਜਨ ਨਾਨਕ ਕੇ ਪ੍ਰਭ ਤੂ ਧਣੀ ਜਿਉ ਭਾਵੈ ਤਿਵੈ ਚਲਾਇ ॥੨॥

ਜੀਵ ਦਾ ਮਨ ਇਕ ਹੈ, (ਇਹ) ਇਕ ਪਾਸੇ ਹੀ ਲਗਦਾ ਹੈ* ਸੋ ਜਿਸ ਪਾਸੇ (ਇਹ) ਲਗਦਾ ਹੈ ਉਹੀ ਟਿਕਾਣਾ ਪ੍ਰਾਪਤ ਕਰ ਲੈਂਦਾ ਹੈ (ਭਾਵ ਜਿਸ ਪਾਸੇ ਮਨ ਲਗਦਾ ਹੈ ਉਹੀ ਪ੍ਰਾਪਤ ਕਰਦਾ ਹੈ)। (ਮੂੰਹ ਨਾਲ ਭਾਵੇਂ) ਕੋਈ ਕਿੰਨੀਆਂ ਬਹੁਤੀਆਂ ਗੱਲਾਂ ਕਰ ਲਵੇ (ਪਰ) ਜੋ ਵਸਤੂ ਉਸਦੇ ਦਿਲ ਵਿਚ ਹੋਵੇ ਉਸੀ (ਦਾ ਫਲ) ਖਾਂਦਾ ਹੈ (ਭਾਵ ਜੋ ਕੁਛ ਮਨ ਵਿਚ ਹੁੰਦਾ ਹੈ ਫਲ ਉਸੇ ਨੂੰ ਲਗਦਾ ਹੈ, ਗੱਲਾਂ ਨਾਲ ਕੁਛ ਨਹੀਂ ਬਣਦਾ)। ਸਤਿਗੁਰ ਤੋਂ ਬਿਨਾਂ ਸੋਝੀ ਨਹੀਂ ਪੈਂਦੀ (ਕਿਉਂਕਿ ਮਨ ਵਿਚ ਅਹੰਕਾਰ ਹੈ ਤੇ ਹੰਕਾਰ ਨੂੰ ਮਾੜਾ ਫਲ ਲਗਦਾ ਹੈ, ਅਤੇ ਇਹ ਸੋਝੀ ਨਾਂ ਪੈਣ ਕਰਕੇ) ਅਹੰਕਾਰ (ਮਨ) ਵਿੱਚੋਂ ਦੂਰ ਨਹੀਂ ਹੁੰਦਾ। ਅਹੰਕਾਰੀਆਂ ਨੂੰ (ਅੰਤ) ਦੁਖ ਤੇ ਭੁਖ (ਵਿਆਪਦੇ) ਹਨ, (ਓਹ) ਹੱਥ ਟੱਡਦੇ ਘਰ ਘਰ ਮੰਗਦੇ ਫਿਰਦੇ ਹਨ। (ਜੋ ਕੂੜ ਨਾਲ ਠੱਗੀ ਬਨਾਕੇ ਗੁਰਦੁਆਰੇ ਆਉਂਦੇ ਹਨ ਉਨ੍ਹਾਂ ਦੀ) ਠੱਗੀ ਤੇ ਕੂੜ ਲੁਕੇ ਨਹੀਂ ਰਹਿੰਦੇ, (ਜਿਵੇਂ ਨੀਵੀਂ ਧਾਤ ਉਤੇ ਸੋਨੇ ਦਾ ਚੜ੍ਹਿਆ) ਮੁਲੰਮੇ ਦਾ ਪੜਦਾ (ਅੰਤ) ਉੱਤਰ ਜਾਂਦਾ ਹੈ। (ਪਰ) ਜਿਸਦੇ (ਭਾਗਾਂ ਵਿਚ) ਪੂਰਬਲਾ ਲਿਖਿਆ ਹੁੰਦਾ ਹੈ ਉਸਨੂੰ ਪ੍ਰਭੂ ਰੂਪ ਸਤਿਗੁਰੂ ਆ ਮਿਲਦਾ ਹੈ। (ਉਸ ਗੁਰੂ ਦੀ) ਸੰਗਤਿ ਵਿਚ ਮਿਲਕੇ (ਉਹ ਗੁਰਮੁਖ ਹੋ ਜਾਂਦਾ ਹੈ) ਜਿਵੇਂ ਲੋਹਾ ਪਾਰਸ ਨੂੰ ਛੁਹਾਇਆ ਹੋਇਆ ਸੋਨਾ ਹੋ ਜਾਂਦਾ ਹੈ। ਹੇ ਨਾਨਕ ਦਾਸ ਦੇ ਤੂੰ ਮਾਲਕ ਤੇ ਸੁਆਮੀ ! ਜਿਵੇਂ ਤੈਨੂੰ ਭਾਵੇ ਸਾਨੂੰ ਟੋਰ (ਭਾਵ ਅਪਣੀ ਮਰਜ਼ੀ ਅਨਕੂਲ ਟੋਰ) ॥੨॥

ਪਉੜੀ ॥ ਜਿਨ ਹਰਿ ਹਿਰਦੈ ਸੇਵਿਆ ਤਿਨ ਹਰਿ ਆਪਿ ਮਿਲਾਏ॥ ਗੁਣ ਕੀ ਸਾਝਿ ਤਿਨ ਸਿਉ ਕਰੀ ਸਭਿ ਅਵਗਣ ਸਬਦਿ ਜਲਾਏ ॥ ਅਉਗਣ ਵਿਕਣਿ

ਜਿਨ੍ਹਾਂ ਨੇ (ਅਪਣੇ) ਹਿਰਦੇ ਵਿਚ ਹਰੀ ਦੀ ਸੇਵਾ ਕੀਤੀ ਹੈ ਉਨ੍ਹਾਂ ਨੂੰ ਹਰੀ ਆਪੇ (ਅਪਣੇ ਨਾਲ) ਮਿਲਾ ਲੈਂਦਾ ਹੈ। (ਉਨ੍ਹਾਂ ਮਿਲਿਆਂ ਹੋਇਆਂ) ਨਾਲ (ਜਿਨ੍ਹਾਂ ਨੇ ਪਰਮਾਰਥਿਕ) ਗੁਣਾਂ ਦੀ ਸਾਂਝ ਕੀਤੀ ਹੈ (ਉਨ੍ਹਾਂ ਨੇ ਉਨ੍ਹਾਂ ਦੇ, ਉਪਦੇਸ਼ ਦੁਆਰਾ (ਅਪਣੇ) ਸਾਰੇ ਅਵਗੁਣ ਸਾੜ ਲਏ ਹਨ। (ਹਾਂ ਜੀਓ ! ਉਨ੍ਹਾਂ ਦੇ) ਔਗੁਣ (ਫੇਰ) ਭੋਹ ਦੇ ਭਾ ਵਿਕਦੇ ਹਨ

*ਭਾਵ, ਮਨ ਇਕ ਸਮੇਂ ਇਕ ਵਿਸ਼ਯ ਦਾ ਹੀ ਚਿੰਤਨ ਕਰਦਾ ਹੈ। ਇਸ ਦੀ ਲਗਨ ਇਕ ਸਮੇਂ ਇਕੋ ਪਾਸੇ ਹੁੰਦੀ ਹੈ।

| | |
|---|---|
| ਪਲਰੀ ਜਿਸੁ ਦੇਹਿ ਸੁ ਸਚੇ ਪਾਏ ॥ ਬਲਿਹਾਰੀ ਗੁਰ ਆਪਣੇ ਜਿਨਿ ਅਉਗਣ ਮਿਟਿ ਗੁਣ ਪਰਗਟੀ ਆਏ ॥ ਵਡੀ ਵਡਿਆਈ ਵਡੇ ਕੀ ਗੁਰਮੁਖਿ ਆਲਾਏ ॥੭॥ | (ਭਾਵ ਉਨ੍ਹਾਂ ਦੇ ਔਗੁਣ ਸੁਖੱਲੇ ਹੀ ਦੂਰ ਹੋ ਜਾਂਦੇ ਹਨ, ਪਰ) ਹੇ ਸੱਚੇ! ਜਿਸਨੂੰ (ਤੂੰ ਇਹ ਦਾਤ) ਦੇਵੇਂ ਉਹੋ (ਇਹ ਦਾਤ) ਪਾਉਂਦਾ ਹੈ। (ਮੈਂ) ਸਦਕੇ ਹਾਂ ਅਪਣੇ ਗੁਰੂ ਤੋਂ ਜਿਸਨੇ (ਮੇਰੇ) ਔਗੁਣ ਮੇਟਕੇ (ਮੇਰੇ ਵਿਚ) ਗੁਣ ਪ੍ਰਗਟਾ ਦਿੱਤੇ ਹਨ। (ਇਹ ਵਡਿਆਈ ਉਸ) ਵੱਡੇ ਦੀ ਵੱਡੀ ਵਡਿਆਈ ਹੈ, ਗੁਰਮੁਖ (ਇਹ ਗੱਲ) ਉਚਾਰਦਾ ਹੈ (ਭਾਵ ਔਗੁਣ ਮੇਟਕੇ ਗੁਣ ਲਾ ਦੇਣੇ ਵਾਲੇ ਦਾਤੇ ਗੁਰੂ ਦੀ ਸਭ ਤੋਂ ਵੱਡੀ ਵਡਿਆਈ ਹੈ) ॥ ੭ ॥ |

**ਵਯਾਖਯਾ**—ਪਉੜੀ ਵਿਚ ਫੁਰਮਾਇਆ ਹੈ ਕਿ ਹਰੀ ਦੀ ਸੇਵਾ ਮਨ ਵਿਚ ਕਰਨ ਵਾਲੇ, ਅਰਥਾਤ ਜੋ ਨਾਮ ਜਪਦੇ, ਸਿਫਤ ਸਲਾਹ ਪਯਾਰ ਨਾਲ ਕਰਦੇ ਹਨ ਉਹਨਾਂ ਨੂੰ ਪ੍ਰਭੂ ਅਪਣੇ ਨਾਲ ਮਿਲਾ ਲੈਂਦਾ ਹੈ। ਐਸੇ ਸਤਿ ਪੁਰਖਾਂ ਨਾਲ ਪਰਮਾਰਥ ਸਨਬੰਧ ਜੋੜਨ ਨਾਲ ਜੀਵ ਦੇ ਔਗੁਣ ਦੂਰ ਹੋਕੇ ਗੁਣ ਲਗ ਜਾਂਦੇ ਹਨ। ਭਾਵ ਵਿਕਾਰ ਤੇ ਵਾਸ਼ਨਾ ਦੂਰ ਹੋਕੇ ਨਾਮ, ਸਿਫਤ ਸਲਾਹ, ਤੇ ਸਚ ਦੇ ਗੁਣ ਪ੍ਰਗਟ ਹੋ ਜਾਂਦੇ ਹਨ।

ਇਸ ਭਾਵ ਨਾਲ ਸਲੋਕ ਇਉਂ ਜੋੜਿਆ ਕਿ ਸਤਿਗੁਰੂ ਦੀ ਮਹਿਮਾ ਦੱਸੀ ਕਿ ਜਿਸ ਨਾਲ ਸਿਖੀ ਸਾਂਝ ਪਾਇਆਂ ਔਗੁਣ ਮਿਟਦੇ ਤੇ ਗੁਣ ਲਗਦੇ ਹਨ। 'ਗੁਰੂ ਅਪਣਿਆਂ ਨੂੰ ਗੁਣ ਲਾਉਂਦਾ ਹੈ ਤੇ ਦੂਜਿਆਂ ਨੂੰ ਨਹੀਂ', ਇਹ ਉਪਾਲੰਭ ਗੁਰ ਨੂੰ ਨਹੀਂ ਹੋ ਸਕਦਾ। ਇਸ ਸ਼ੰਕੇ ਦੀ ਨਵਿਰਤੀ ਹੈ ਪਹਿਲੇ ਸਲੋਕ ਵਿਚ ਕਿ ਸਤਿਗੁਰ ਤਾਂ ਧਰਤੀ ਦੀ ਤਰ੍ਹਾਂ ਧਰਮ ਦੀ ਨਿਰਪੱਖ ਨਿਆਉਂ ਤੋਲਣ ਦੇ ਗੁਣ ਵਾਲੀ ਤੱਕੜੀ ਹੈ, ਐਉਂ: ਜਿਵੇਂ ਧਰਤੀ ਜੋ ਬੀਜੋ ਉਸੇ ਨੂੰ ਉਗਾ ਦੇਂਦੀ ਹੈ। ਸਤਿਗੁਰੂ ਵਿਚ ਜੋ ਕੋਈ ਜੈਸੀ ਭਾਵਨੀ ਧਾਰੇਗਾ ਤੈਸੇ ਜੇਹਾ ਫਲ ਪਾਏਗਾ। ਜੋ ਸ਼ਰਧਾ ਭਗਤੀ ਧਾਰੇਗਾ ਓਹ ਨਾਮ ਤੇ ਮੁਕਤੀ ਪਾਏਗਾ, ਜੋ ਵੈਰ ਭਾਵ ਨਿੰਦਿਆ ਧਾਰੇਗਾ ਓਹ ਸਾੜ, ਜਲਨ ਤੇ ਦੁੱਖ ਫਲ ਪਾ ਲਏਗਾ। ਸਿਖ ਗੁਰੂ ਵਿਚ ਸ਼ਰਧਾ ਬੀਜਦ ਹਨ, ਓਹ ਹਰੀ ਨਾਮ ਤੋਂ ਹਰੀ ਸਰੂਪ ਦੀ ਪ੍ਰਾਪਤੀ ਪਾ ਲੈਂਦੇ ਹਨ। ਪਰ ਜੋ ਅੰਦਰੋਂ ਹੋਰ ਬਾਹਰੋਂ ਹੋਰ ਹੋਕੇ ਖੋਟੀ ਭਾਵਨਾ ਦਿਖਾਲਦੇ ਹਨ,ਓਹ ਖੋਟ ਹੀ ਪ੍ਰਾਪਤ ਕਰਦੇ ਹਨ।

ਏਥੇ ਆਕੇ ਧਰਤੀ ਦਾ ਦ੍ਰਿਸ਼ਟਾਂਤ ਬਦਲਕੇ ਸਿੱਕੇ ਦਾ ਦ੍ਰਿਸ਼ਟਾਂਤ ਲੈਂਦੇ ਹਨ ਕਿਉਂਕਿ ਖੋਟਿਆਂ ਉਤੇ ਹੁਣ ਉਹ ਦ੍ਰਿਸ਼ਟਾਂਤ ਵਿਸ਼ੇਸ਼ ਢੁਕਦਾ ਹੈ। ਕਿ ਅੰਦਰੋਂ ਖੋਟੇ ਲੋਕ ਬਾਹਰੋਂ ਛਲ ਕਰਦੇ ਸਾਧਾਰਨ ਤੌਰ ਤੇ ਪਰਖੇ ਨਹੀਂ ਜਾਂਦੇ ਪਰ ਜਦ ਸਤਿਗੁਰੂ ਡੂੰਘੀ ਨਜ਼ਰ ਨਾਲ ਵੇਖਦਾ ਹੈ ਤਾਂ ਪਰਖ ਲੈਂਦਾ ਹੈ। ਫੇਰ ਓਹ ਜੇਹੇ ਜਿਹੇ ਅੰਦਰੋਂ ਖੋਟੇ ਸਨ ਵਾਹਿਗੁਰੂ ਦੇ ਕਰਨੇ ਨਾਲ ਉਹੋ ਜੇਹੇ ਖੋਟੇ ਮਸ਼ਹੂਰ ਹੋ ਜਾਂਦੇ ਹਨ। ਸੋ ਸਾਬਤ ਕੀਤਾ ਕਿ ਸਤਿਗੁਰੂ ਵਲੋਂ ਕਾਣੀ ਵੰਡ ਕੋਈ ਨਹੀਂ, ਆਪੋ ਆਪਣੀ ਭਾਵਨੀ ਫਲਦੀ ਹੈ, ਸਤਿਗੁਰੂ ਧਰਤੀ ਵਾਙ ਨਿਰਪੱਖ ਤੇ ਪੂਰੇ ਨਿਆਂ ਵਾਲਾ ਹੈ, ਜੋ ਬੀਜੋਗੇ ਉਗਾ ਦੇਵੇਗਾ।

ਦੂਜੇਸਲੋਕ ਵਿਚਇਹੋ ਵਿਸ਼ਯ ਹੋਰ ਤਰ੍ਹਾਂ ਚਲਦਾ ਹੈ ਕਿ ਗੁਰੂ ਦੁਆਰੇ ਠੱਗੀ ਕਰਨ ਵਾਲਾਸਦਾ ਠੱਗੀ ਨਹੀਂ ਨਿਭਾ ਸਕਦਾ, ਉਸ ਦੀ ਠੱਗੀ ਦਾ ਪੜਦਾ ਉਘੜ ਜਾਂਦਾ ਹੈ, ਜਿਵੇਂ ਤ੍ਰਾਮੇ ਤੇ ਸੋਨੇ ਦਾ ਚਾੜ੍ਹਿਆ ਮੁਲੰਮਾ ਸਮਾਂ ਪਾਕੇ ਲਹਿ ਜਾਂਦਾ ਹੈ ਤੇ ਹੇਠੋਂ ਨੀਵੀਂ ਧਾਤ ਜ਼ਾਹਰ ਹੋ ਜਾਂਦੀ ਹੈ। ਇਸ ਦਾ ਕਾਰਣ ਦੱਸਦੇ ਹਨ ਕਿ ਇਨਸਾਨ ਦਾ ਮਨ ਇਕ ਹੈ, ਇਹ ਇਕ ਪਾਸੇ ਹੀ ਲਗਦਾ ਹੈ, ਜਿਧਰ ਲਗਦਾ ਹੈ ਉਹ ਪਾਸਾ ਸਿੱਧ ਹੋ ਜਾਂਦਾ ਹੈ। ਹੁਣ ਜੇ ਕੋਈ ਫਰੇਬ ਬਣਾਕੇ ਮਨ ਵਿਚ ਹੋਰ ਹੋਊ ਤੇ ਗੱਲਾਂ ਹੋਰ ਕਰੂ ਤਾਂ ਮਨ ਵਿਚ ਵਸਦਾ ਵਿਸ਼ਾ ਹੀ ਸਿਰੇ ਚੜ੍ਹੇਗਾ ਗੱਲਾਂ ਵਾਲਾ ਪਾਜ ਨਹੀਂ ਸਿਧ ਹੋਵੇਗਾ। ਹੁਣ ਇਕ ਹੋਰ ਦ੍ਰਿਸ਼ਟਾਂਤ ਵਰਤਦੇ ਹਨ ਕਿ ਲੋਹੇ ਯਾ ਤ੍ਰਾਮੇ ਤੇ ਮੁਲੰਮਾ ਚੜ੍ਹਿਆ ਪਾਜ ਜਿਵੇਂ

ਉਤਰ ਜਾਂਦਾ ਹੈ ਤਿਵੇਂ ਅਹੰਕਾਰੀ ਦਾ ਬਣਾਇਆ ਪਰਮਾਰਥਿਕ ਪਾਜ ਉੱਘੜ ਜਾਂਦਾ ਹੈ। ਪਰ ਜੇ ਸੱਚੇ ਸਤਿਗੁਰੂ ਦੀ ਸ਼ਰਣ ਲਵੇ ਤਾਂ ਸਤਿਗੁਰੂ ਮੁਲੰਮਾ ਨਹੀਂ ਚਾੜ੍ਹਦਾ ਓਹ ਪਾਰਸ ਦੀ ਛੋਹ ਵਾਙੂ ਅਸਲਾ ਹੀ ਬਦਲ ਦੇਂਦਾ ਹੈ। ਝੂਠਾ ਗੁਰੂ ਮੁਲੰਮਾ ਚਾੜ੍ਹਦਾ ਹੈ, ਸੱਚਾ ਗੁਰੂ ਧਾਤੂ ਦਾ ਅਸਲਾ ਬਦਲ ਦੇਂਦਾ ਹੈ। ਜਿਵੇਂ ਕਿ ਪਾਰਸ ਲੋਹੇ ਦਾ ਲੋਹਾਪਨ ਗੁਆਕੇ ਸੋਨਾ ਬਣਾ ਦੇਂਦਾ ਹੈ।

ਸਤਿਗੁਰੂ ਤਿਵੇਂ ਅਵਗੁਣਾਂ ਦੇ ਲੋਹੇਪਨ ਨੂੰ ਹੀ ਦੂਰ ਕਰਕੇ ਗੁਣ ਰੂਪੀ ਸੋਨਾ ਬਣਾ ਦੇਂਦਾ ਹੈ। ਸਤਿਗੁਰੂ ਜੀਵ ਦੇ ਅਹੰਕਾਰ ਤੇ ਹੋਰ ਅਵਗੁਣਾਂ ਦੀ ਫਿਤਰਤ ਨੂੰ ਬਦਲਕੇ ਉਸ ਨੂੰ ਗੁਣੀ ਭਰਪੂਰ ਸੰਤ ਬਣਾ ਦੇਂਦਾ ਹੈ। ਸੋ ਪਉੜੀ ਵਿਚ ਦੱਸੇ 'ਗੁਣ ਦੀ ਸਾਂਝ' ਤੇ 'ਅਵਗੁਣਾਂ ਦੇ ਮਿਟ ਜਾਣ' ਦੀ ਵਯਾਖਯਾ ਦੋਹਾਂ ਸਲੋਕਾਂ ਵਿਚ ਹੋ ਗਈ ਹੈ।

**ਨਿਰੁਕ੍ਤ**—ਧਰਤੀ ਧਰਮ—ਧਰਮ ਦੀ ਧਰਤੀ। ਸਤਿਗੁਰੂ ਜੋ ਧਰਤੀ ਦੇ ਉਪਜਾਊ ਗੁਣ ਵਾਲਾ ਹੈ ਤੇ ਧਰਤੀ ਵਾਙੂ ਜੋ ਬੀਜੋ ਸੋ ਉਗਾਉਂਦਾ ਹੈ। ਉਹ ਧਰਤੀ ਧਰਮ ਦੀ ਹੈ, ਹੱਕ ਨਿਆਂ ਸਚੋ ਸੱਚ ਹੈ। ਜੇ ਉਸ ਵਿਚ ਸ਼ਰਧਾ ਬੀਜੋਗੇ ਤਦ ਫਲ ਨਾਮ ਤੇ ਮੁਕਤਿ ਪਏਗਾ, ਤੇ ਜੇ ਖੋਟ ਵੈਰ ਨਿੰਦਾ ਬੀਜੋਗੇ ਤਾਂ ਸਾੜਾ ਦੁਖ ਫਲ ਲਗੇਗਾ।

ਹਲਤਿ ਪਲਤਿ—(ਦੇਖੋ ਪੰਨਾ ੧੭੯੪) ਲੋਕ ਪ੍ਰਲੋਕ ਵਿਚ।

ਪੈਨਾਇ—(ਸਿਰੋਪਾਉ) ਪਹਿਨਾਇਆ ਜਾਏਗਾ।

ਸਰਾਫ—[ਅਰਬੀ, ਸ਼ੱਰਾਫ਼] ਸੋਨਾ ਚਾਂਦੀ ਪਰਖਣ ਵੇਚਣ ਵਾਲਾ।

ਸੁਆਵਗੀਰ—[ਪੁ: ਪੰ:, ਸੁਆਵ। ਜੋ ਸੁਆਰਥ ਤੋਂ ਬਣਿਆ ਹੈ। ਫਾ:,ਗੀਰ=ਪਕੜਨ ਵਾਲਾ! ਭਾਵ ਹੈ ਸੁਆਰਥੀ] ਸੁਆਰਥੀ।

ਉਸ ਸਮੇਂ ਪੰਜਾਬੀ ਤੇ ਫ਼ਾਰਸੀ ਪਦਾਂ ਦੇ ਸੰਜੋਗ ਹੋ ਰਹੇ ਸਨ। ਜਿਵੇਂ ਗਲ+ਫ਼ਰੋਸੀ, ਵਿਚ ਪੰਜਾਬੀ ਫਾਰਸੀ ਪਦਾਂ ਦਾ ਸੰਜੋਗ ਹੈ। ਚੋਥੇ ਗੁਰੂ ਸਾਹਿਬਾਂ ਨੇ ਹੀ ਅਗਲੀ ਪਉੜੀ ਵਿਚ ਵਰਤਿਆ ਹੈ। ਜਿਵੇਂ ਅਜ ਕਲ ਅੰਗ੍ਰੇਜ਼ੀ ਪਦ ਰਲੇ ਹਨ।ਯਥਾ ਅਗਨ+ਬੋਟ। 'ਅਗਨ' ਪੰਜਾਬੀ, 'ਬੋਟ' ਅੰਗ੍ਰੇਜ਼ੀ (੨) ਇਕ ਫ਼ਾਰਸੀ ਪਦ ਹੈ ਸਾਵ ਯਾ ਸਾਉ ਇਸ ਦਾ ਅਰਥ ਹੈ ਸੋਨੇ ਦੇ ਰੇਜ਼ੇ। ਸੁਆਵਗੀਰ ਦਾ ਅਰਥ ਬਣੇਗਾ ਸੋਨੇ ਦੇ ਰੇਜ਼ ਲੈਣ ਵਾਲਾ। ਉਹ ਅਰਥ ਏਸ ਤੁਕ ਵਿਚ ਨਹੀਂ ਢੁੱਕੇਗਾ, ਇਹ ਫਾਰਸੀ ਦਾ 'ਸਾਵ' ਪਦ ਸੰਸਕ੍ਰਿਤ ਦੇ ਸ੍ਵਰਨ ਤੇ ਪ੍ਰਾਕ੍ਰਿਤ ਦੇ ਸਵਨ ਪਦ ਤੋਂ ਬਣਿਆਂ ਹੈ।

ਦਯਿ—[ਸੰਸ:, ਧਾ:-ਦਯ੍=ਦਯਾ ਆਉਣੀ, ਰਹਿਮ ਖਾਣਾ (ਤਰਸ ਕਰਨਾ), ਪਯਾਰ ਕਰਨਾ, ਰੱਖਯਾ ਕਰਨੀ; ਦਯ:=ਰਹਿਮ ਦਿਲ (=ਦਯਾਲੂ), ਨਰਮ ਦਿਲ। (ਅ) ਦਯਮਾਨ:=ਰੱਖਯਕ, ਮੁਹਾਫਿਜ਼, ਖ਼ੈਰ ਖ੍ਵਾਹ] (ਜੀਵਾਂ ਉਤੇ) ਦਯਾ ਕਰਨ ਵਾਲਾ। ਜਗਤ ਰੱਖਯਕ, ਭਾਵ ਹੈ ਵਾਹਿਗੁਰੂ ਨੇ।

ਵਜਾਏ—ਪ੍ਰਗਟ ਕੀਤੇ। ਅਗਲੇ ਸਮੇਂ ਭੇੜਿਆਂ ਨੂੰ ਡੌਂਡੀ ਪਿਟਾ ਕੇ ਭੇੜਦੇ ਸਨ।

ਦੁਹੀ ਸਿਰੀ—ਲੋਕ ਪ੍ਰਲੋਕ ਵਿਚ।　(੨) ਗੁਰਮੁਖ ਤੇ ਮਨਮੁਖ ਦੇ ਸਿਰੇ ਹਨ।

(੩) ਨੇਕੀ ਬਦੀ ਦੇ ਦੋ ਸਿਰੇ।

ਮੁਲੰਮਾ—[ਅ:, ਮੁਲੱਮਅ] ਕਿਸੇ ਧਾਤੁ ਉਤੇ ਸੋਨਾ ਚਾਂਦੀ ਚਾੜ੍ਹ ਕੇ ਉਸ ਨੂੰ ਸੋਨੇ ਚਾਂਦੀ ਵਰਗਾ ਰੌਸ਼ਨ ਬਣਾ ਦੇਣਾ।

ਪਾਜ—ਪੜਦਾ। ਧਾਤੂ ਤੇ ਸੋਨਾਂ ਚਾਂਦੀ ਦਾ ਅਤਿ ਬਰੀਕ ਚਾੜ੍ਹਿਆ ਪਰਦਾ।

## [ਪਉੜੀ ਅਠਵੀਂ]

**ਪ੍ਰਾਕ੍ਥਨ**—ਪਿੱਛੇ ਫੁਰਮਾਇਆ ਹੈ ਕਿ ਸਤਿਗੁਰੂ ਵਿਚ ਜੀਵਾਂ ਨੂੰ ਨਿਸਤਾਰਣ ਦੀ ਵਡੀ ਵਡਿਆਈ ਹੈ, ਉਸ ਵਡੀ ਵਡਿਆਈ ਦਾ ਕਾਰਣ ਹੈ ਉਸ ਵਿਚ ਹਰੀ ਨਾਮ ਦਾ ਨਿਵਾਸ। ਇਸ ਦਾ ਪ੍ਰਕਾਰ ਅਗਲੇ ਸਲੋਕ ਵਿਚ ਦੱਸਿਆ ਹੈ।

**ਮੂਲ**

ਸਲੋਕ ਮਃ ੪ ॥ ਸਤਿਗੁਰ ਵਿਚਿ ਵਡੀ ਵਡਿਆਈ ਜੋ ਅਨਦਿਨੁ ਹਰਿ ਹਰਿ ਨਾਮੁ ਧਿਆਵੈ ॥ ਹਰਿ ਹਰਿ ਨਾਮੁ ਰਮਤ ਸੁਚ ਸੰਜਮੁ ਹਰਿ ਨਾਮੇ ਹੀ ਤ੍ਰਿਪਤਾਵੈ ॥ ਹਰਿ ਨਾਮੁ ਤਾਣੁ ਹਰਿ ਨਾਮੁ ਦੀਬਾਣੁ ਹਰਿ ਨਾਮੋ ਰਖ ਕਰਾਵੈ ॥ ਜੋ ਚਿਤੁ ਲਾਇ ਪੂਜੇ ਗੁਰ ਮੂਰਤਿ ਸੋ ਮਨ ਇਛੇ ਫਲ ਪਾਵੈ ॥ ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ ਤਿਸੁ ਕਰਤਾ ਮਾਰ ਦਿਵਾਵੈ ॥ ਫੇਰਿ ਓਹ ਵੇਲਾ ਓਸੁ ਹਥਿ ਨ ਆਵੈ ਓਹੁ ਆਪਣਾ ਬੀਜਿਆ ਆਪੇ ਖਾਵੈ ॥ ਨਰਕਿ ਘੋਰਿ ਮੁਹਿ ਕਾਲੈ ਖੜਿਆ ਜਿਉ ਤਸਕਰੁ ਪਾਇ ਗਲਾਵੈ ॥ ਫਿਰਿ ਸਤਿਗੁਰ ਕੀ ਸਰਣੀ ਪਵੈ ਤਾ ਉਬਰੈ ਜਾ ਹਰਿ ਹਰਿ ਨਾਮੁ ਧਿਆਵੈ ॥ ਹਰਿ ਬਾਤਾ ਆਖਿ ਸੁਣਾਏ ਨਾਨਕੁ ਹਰਿ ਕਰਤੇ ਏਵੈ ਭਾਵੈ ॥ ੧ ॥

ਮਃ ੪ ॥ ਪੂਰੇ ਗੁਰ ਕਾ ਹੁਕਮੁ ਨ ਮੰਨੈ ਓਹੁ ਮਨਮੁਖੁ ਅਗਿਆਨੁ ਮੁਠਾ ਬਿਖੁ ਮਾਇਆ ॥ ਓਸੁ

**ਅਰਥ**

(ਸਤਿਗੁਰ ਵਿਚ ਪਿਛੇ ਦੱਸੀ ਵਡਿਆਈ ਦਾ ਕਾਰਣ ਦੱਸਦੇ ਹਨ ਕਿ) ਸਤਿਗੁਰੂ ਨਿਤ ਹਰਿ ਹਰਿ ਦਾ ਨਾਮ ਧਿਆਉਂਦਾ ਹੈ (ਇਹ ਉਸ) ਵਿਚ ਵੱਡੀ ਵਡਿਆਈ ਹੈ, ਹਰਿ ਹਰਿ ਨਾਮ (ਉਹ) ਸਿਮਰਦਾ ਹੈ, ਸੁਚ ਤੇ ਸੰਜਮ ਹਰੀ ਨਾਮ ਤੋਂ ਹੀ ਉਸਨੂੰ (ਪ੍ਰਾਪਤ ਹੈ ਉਹ) ਤ੍ਰਿਪਤੀ (ਦੀ ਅਵਸਥਾ ਵਿਚ) ਹਰੀ ਨਾਮ ਕਰਕੇ ਹੀ ਰਹਿੰਦਾ ਹੈ। ਹਰੀ ਨਾਮ ਹੀ (ਉਸਦਾ) ਬਲ ਹੈ,ਹਰੀ ਨਾਮ ਹੀ (ਉਸਦੀ) ਕਚਹਿਰੀ ਹੈ,ਹਰਿ ਨਾਮ ਹੀ (ਉਸਦੀ) ਰਖ੍ਯਾ ਕਰਾਉਂਦਾ ਹੈ। ਜੋ ਦਿਲ ਲਾਕੇ ਗੁਰੂ ਮੂਰਤੀ (ਗੁਰੂ ਦੀ ਵ੍ਯਕਤੀ) ਨੂੰ ਪੂਜੇਗਾ ਉਹ ਮਨ ਵਿਚ ਚਾਹੇ ਫਲ ਪਾ ਲਏਗਾ। (ਪਰ) ਜੋ ਪੂਰੇ ਸਤਿਗੁਰੂ ਦੀ ਨਿੰਦਾ ਕਰੇਗਾ, ਉਸ ਨੂੰ ਕਰਤਾਰ ਮਾਰ ਦਿਵਾਏਗਾ, (ਭਾਵ ਦੰਡ ਦੇਵੇਗਾ)। ਉਸ ਨੂੰ ਫੇਰ ਉਹ ਵੇਲਾ ਹੱਥ ਨਹੀਂ ਆਵੇਗਾ (ਜਦੋਂ ਕਿ ਨਿੰਦਾ ਕੀਤੀ ਸਾਸੁ ਹੁਣ) ਉਹ ਅਪਣੇ ਬੀਜੇ ਦਾ ਫਲ ਆਪੇ ਖਾਏਗਾ। (ਅਰਥਾਤ ਉਹ) ਕਾਲੇ ਮੂੰਹ ਨਾਲ ਘੋਰ ਨਰਕ ਵਿਚ ਲਿਜਾਇਆ ਜਾਏਗਾ ਜਿਵੇਂ ਕਿ ਚੋਰ ਨੂੰ (ਗਲ ਵਿਚ) ਗਲਾਵਾਂ ਪਾਕੇ (ਲੈ ਜਾਂਦੇ ਹਨ। ਜ ਉਹ) ਫੇਰ ਬੀ ਸਤਿਗੁਰੂ ਦੀ ਸ਼ਰਣੀ ਆ ਪਵੇ ਤਾਂ ਬਚ ਜਾਏਗਾ; (ਕੀਕੂੰ ? ਸਤਿਗੁਰੂ ਬਖਸ਼ਿੰਦ ਤੋਂ ਨਾਮ ਲੈਕੇ) ਜਦੋਂ (ਉਸ) ਹਰੀ ਨਾਮ ਦੀ ਅਰਾਧਨਾ ਕਰੇਗਾ (ਤਦੋਂ ਬਚ ਜਾਏਗਾ)। ਕਰਤਾਰ ਹਰੀ ਨੂੰ (ਨਿੰਦਕ ਨੂੰ ਉਪਰ ਕਥਿਆ ਦੰਡ ਦੇਣਾ) ਏਸੇ ਤਰ੍ਹਾਂ ਭਾਉਂਦਾ ਹੈ, ਨਾਨਕ ਹਰੀ ਦੀਆਂ ਗੱਲਾਂ (ਹੀ ਤੁਹਾਨੂੰ) ਕਹਿਕੇ ਸੁਣਾ ਰਿਹਾ ਹਾਂ* ॥ ੧ ॥

(ਜੋ ਪੂਰੇ ਗੁਰੂ ਦਾ ਹੁਕਮ ਨਹੀਂ ਮੰਨਦਾ ਉਹ ਮਨਮੁਖ ਹੈ ਤੇ ਅਗ੍ਯਾਨੀ ਹੈ, (ਉਸਨੂੰ) ਵਿਹੁ ਰੂਪੀ ਮਾਇਆ ਨੇ ਠੱਗ ਲਿਆ ਹੋਇਆ ਹੈ (ਭਾਵ ਮਾਇਆ ਮੋਹਿਆ ਜੀਵ ਅਗ੍ਯਾਨ ਵਿਚ ਹੈ, ਅਗ੍ਯਾਨ ਕਰਕੇ ਗੁਰੂ ਦੀ ਸ਼ਰਣ ਲੈ ਕੇ ਗਰਮੁਖ ਨਹੀਂ ਹੁੰਦਾ, ਅਪਣੇ ਮਾਇਆ ਮੋਹੇ ਮਨ ਦੇ ਮਗਰ ਲਗਕੇ ਮਨਮੁਖ

*ਅਗੇ ਚੱਲਕੇ ਇਸੇ ਵਾਰ ਦੀ ੩੦ਵੀਂ ਪਉੜੀ ਦੇ ਪਹਿਲੇ ਸਲੋਕ ਵਿਚ ਉਚਾਰਣ ਕੀਤਾ ਹੈ:–
ਹਰਿ ਕੈ ਦਰਿ ਵਰਤਿਆ ਸੁ ਨਾਨਕ ਆਖਿ ਸੁਣਾਇਆ ॥ ਸੋ ਬੁਝੈ ਜੁ ਦਯਿ ਸਵਾਰਿਆ ॥

ਅੰਦਰਿ ਕੂੜੁ ਕੂੜੋ ਕਰਿ ਬੁਝੈ ਅਣਹੋਦੇ ਝਗੜੇ ਦਯਿ ਓਸਦੈ ਗਲਿ ਪਾਇਆ ॥ ਓਹੁ ਗਲ ਫਰੋਲੀ ਕਰੇ ਬਹੁਤੇਰੀ ਓਸਦਾ ਬੋਲਿਆ ਕਿਸੈ ਨ ਭਾਇਆ ॥ ਓਹੁ ਘਰਿ ਘਰਿ ਹੰਢੈ ਜਿਉ ਰੰਨ ਦੋੁਹਾਗਣਿ ਓਸੁ ਨਾਲਿ ਮੁਹੁ ਜੋੜੇ ਓਸੁ ਭੀ ਲਛਣੁ ਲਾਇਆ॥ ਗੁਰਮੁਖਿ ਹੋਇ ਸੁ ਅਲਿਪਤੋ ਵਰਤੈ ਓਸਦਾ ਪਾਸੁ ਛਡਿ ਗੁਰ ਪਾਸਿ ਬਹਿ ਜਾਇਆ ॥ ਜੋ ਗੁਰ ਗੋਪੇ ਆਪਣਾ ਸੁ ਭਲਾ ਨਾਹੀ ਪੰਚਹੁ ਓਨਿ ਲਾਹਾ ਮੂਲੁ ਸਭੁ ਗਵਾਇਆ ॥ ਪਹਿਲਾ ਆਗਮੁ ਨਿਗਮੁ ਨਾਨਕੁ ਆਖਿ ਸੁਣਾਏ ਪੂਰੇ ਗੁਰ ਕਾ ਬਚਨੁ ਉਪਰਿ ਆਇਆ ॥ ਗੁਰਸਿਖਾ ਵਡਿਆਈ ਭਾਵੈ ਗੁਰ ਪੂਰੇ ਕੀ ਮਨਮੁਖਾ ਓਹ ਵੇਲਾ ਹਥਿ ਨ ਆਇਆ ॥ ੨ ॥

ਰਹਿੰਦਾ ਹੈ)। ਉਸਦੇ ਅੰਦਰ ਕੂੜ ਹੁੰਦਾ ਹੈ, (ਇਸ ਕਰਕੇ ਸਭ ਕਿਸੇ ਨੂੰ) ਕੂੜਾ ਕਰਕੇ ਜਾਣਦਾ ਹੈ (ਸੋ) ਅਣਹੋਏ ਝਗੜੇ ਰੱਬ ਉਸਦੇ ਗਲੇ ਚਮੋੜਦਾ ਹੈ। (ਜਿਵੇਂ ਉਹ ਅਣਹੋਏ ਤੂਫਾਨ ਤੋਲਦਾ ਤੇ ਝੂਠੇ ਖੇਡ ਖੇਡਦਾ ਹੈ ਤਿਵੇਂ ਉਸਦੇ ਗਲ ਅਣਹੋਏ ਹੀ ਮਾਮਲੇ ਆ ਪੈਂਦੇ ਹਨ)। ਉਹ ਬਥੇਰੀਆਂ ਗੱਲਾਂ ਬਣਾ ਸੁਣਾਉਂਦਾ ਹੈ ਪਰ ਉਸਦਾ ਬੋਲਿਆ ਕਿਸੇ ਨੂੰ ਭਾਉਂਦਾ ਨਹੀਂ ਹੈ। ਉਹ ਘਰਿ ਘਰਿ (ਬਕਵਾਸ ਕਰਦਾ) ਦੁਹਾਗਣ ਇਸਤ੍ਰੀ ਵਾਂਙੂ ਫਿਰਦਾ ਹੈ, ਜੋ ਉਸ ਨਾਲ ਮੇਲ ਕਰ ਲਵੇ ਉਸਨੂੰ ਅਪਣਾ (ਨਿੰਦਿਆ ਦਾ) ਲੱਛਣ ਲਾ ਦੇਂਦਾ ਹੈ। (ਪਰ ਜੇ ਕੋਈ) ਗੁਰਮੁਖ ਹੈ ਉਹ (ਉਸ ਤੋਂ) ਅਸੰਗ ਰਹਿੰਦਾ ਹੈ ਤੇ ਉਸਦੀ ਸਮੀਪਤਾ ਛੱਡ ਕੇ ਗੁਰੂ ਦੇ ਪਾਸ ਜਾਕੇ ਬੈਠਦਾ ਹੈ। ਜੋ ਆਪਣੇ ਗੁਰੂ ਨੂੰ ਗੋਪਦਾ ਹੈ, ਹੇ ਸੰਤ ਜਨੋ ! ਉਹ (ਪੁਰਖ) ਭਲਾ ਨਹੀਂ ਹੈ, ਉਸਨੇ (ਅਪਣਾ) ਮੂਲ ਤੇ ਨਫਾ ਸਭ ਕੁਛ ਗੁਆ ਲਿਆ ਹੈ। ਪਹਿਲਾਂ ਤਾਂ ਨਾਨਕ (ਤੁਸਾਨੂੰ) ਸ਼ਾਸਤ੍ਰ (ਦੀ ਗੱਲ) ਸੁਣਾ ਰਿਹਾ ਹੈ, (ਫੇਰ ਵੇਦ ਸ਼ਾਸਤ੍ਰ ਤੋਂ) ਉਪਰ ਪੂਰੇ ਗੁਰੂ ਦਾ ਬਚਨ ਹੁੰਦਾ ਹੈ (ਉਹ ਸੁਣਾਉਂਦਾ ਹੈ, ਕਿ ਗੁਰਸਿਖਾਂ ਨੂੰ ਪੂਰੇ ਗੁਰੂ ਦੀ ਵਡਿਆਈ ਭਾਉਂਦੀ ਹੈ, ਮਨਮੁਖਾਂ ਨੂੰ ਉਹ ਵੇਲਾ (ਗੁਆਚਾ ਹੋਇਆ ਫੇਰ) ਹੱਥ ਨਹੀਂ ਆਉਂਦਾ ॥ ੨ ॥

ਪਉੜੀ ॥ ਸਚੁ ਸਚਾ ਸਭ ਦੂ ਵਡਾ ਹੈ ਸੋ ਲਏ ਜਿਸੁ ਸਤਿਗੁਰੁ ਟਿਕੇ ॥ ਸੋ ਸਤਿਗੁਰੁ ਜਿ ਸਚੁ ਧਿਆਇਦਾ ਸਚੁ ਸਚਾ ਸਤਿਗੁਰੁ ਇਕੇ ॥ ਸੋਈ ਸਤਿਗੁਰੁ ਪੁਰਖੁ ਹੈ ਜਿਨਿ ਪੰਜੇ ਦੂਤ ਕੀਤੇ ਵਸਿ ਛਿਕੇ ॥ ਜਿ ਬਿਨੁ ਸਤਿਗੁਰ ਸੇਵੇ ਆਪੁ ਗਣਾਇਦੇ ਤਿਨ ਅੰਦਰਿ ਕੂੜੁ ਫਿਟੁ ਫਿਟੁ ਮੁਹ ਫਿਕੇ ॥ ਓਇ ਬੋਲੇ ਕਿਸੈ ਨ ਭਾਵਨੀ ਮੁਹ ਕਾਲੇ ਸਤਿਗੁਰ ਤੇ ਚੁਕੇ ॥ ੮ ॥

ਸਤਯ ਸਰੂਪ ਸੱਚਾ (ਵਾਹਿਗੁਰੂ) ਸਭ ਤੋਂ ਵੱਡਾ ਹੈ ਉਹ (ਸਤਯ) ਉਸਨੂੰ ਪ੍ਰਾਪਤ ਹੁੰਦਾ ਹੈ, ਜਿਸਨੂੰ ਸਤਿਗੁਰੂ ਟਿਕਾਉਂਦਾ ਹੈ। (ਤੇ) ਸਤਿਗੁਰੂ ਉਹ ਹੈ ਜੋ ਸਤਯ ਸਰੂਪ ਨੂੰ ਧਿਆਉਂਦਾ ਹੈ, ਸਤਯ ਸਰੂਪ (ਵਾਹਿਗੁਰੂ) ਤੇ ਸੱਚਾ ਸਤਿਗੁਰੂ ਇਕੋ (ਰੂਪ ਹਨ)! ਉਹੋ ਹੀ ਸਤਿਗੁਰ ਪੁਰਖ ਹੈ ਜਿਸਨੇ ਪੰਜੇ ਦੂਤ ਖਿੱਚ ਕੇ ਕੱਸ ਕੇ) ਵੱਸ ਕਰ ਰੱਖੇ ਹਨ, ਜੋ ਸਤਿਗੁਰ ਦੀ ਸੇਵਾ ਕੀਤੇ ਬਿਨਾ ਅਪਣੇ ਆਪ ਨੂੰ ਗਿਣਾਉਂਦੇ ਹਨ ਉਨ੍ਹਾਂ ਦੇ ਅੰਦਰ ਕੂੜ ਹੁੰਦਾ ਹੈ, ਉਨ੍ਹਾਂ ਫਿਕੇ ਮੂੰਹਾਂ ਵਾਲਿਆਂ ਨੂੰ ਫਿਟਕਾਰ ਹੈ, ਫਿਟਕਾਰ ਹੈ। ਓਹ ਕਾਲੇ ਮੂੰਹਾਂ ਵਾਲੇ ਤੇ ਸਤਿਗੁਰ ਤੋਂ ਚੁੱਕੇ ਹੋਏ ਕਿਸੇ ਨੂੰ ਬੋਲਦੇ ਚੰਗੇ ਨਹੀਂ ਲਗਦੇ ॥ ੮ ॥

**ਵਯਾਖਯਾ**—ਪਉੜੀ ਵਿਚ ਪਹਿਲਾਂ ਸੰਖੇਪ ਵਿਚ ਸਤਿਗੁਰ ਦੇ ਲੱਛਣ ਕਹੇ ਹਨ ਤੇ ਉਸ ਦੀ ਪ੍ਰਾਪਤੀ ਗੁਰੂ ਦੁਆਰਾ ਦੱਸੀ ਹੈ। ਫੇਰ ਸਤਿਗੁਰ ਵਿਹੂਣੇ ਬੇਮੁਖਾਂ ਦਾ ਜ਼ਿਕਰ ਹੈ ਜੋ ਗੁਰੂ ਤੋਂ ਢੁਕ

ਗਏ, ਸੇਵਾ ਵਿਚ ਆਕੇ ਬੇਮੁਖ ਹੋ ਗਏ; ਸੋ ਗੁਰੂ ਵਿਹੂਣੇ ਆਪਾ ਗਣਾਉਂਦੇ ਸਿਧੀ ਨੂੰ ਨਹੀਂ, ਪਰ ਫਿਟਕਾਰ ਨੂੰ ਪਹੁੰਚਦੇ ਹਨ। ਦੋਵੇਂ ਸਲੋਕ ਚੌਥੀ ਪਾਤਸ਼ਾਹੀ ਦੇ ਹਨ ਤੇ ਐਉਂ ਪਉੜੀ ਨਾਲ ਢੁਕਦੇ ਹਨ ਜਿਵੇਂ ਕੰਠ ਉਚਾਰੇ ਗਏ ਹਨ। ਪਹਿਲੇ ਸ਼ਲੋਕ ਵਿਚ ਪਹਿਲੀਆਂ ਤਿੰਨ ਤੁਕਾਂ ਵਿਚ ਸਤਿਗੁਰ ਦੇ ਗੁਣ ਤੇ ਲਛਣ ਕਹੇ ਹਨ। ਚੌਥੀ ਵਿਚ ਉਸ ਗੁਰੂ ਦੀ ਸੇਵਾ ਦਾ ਫਲ ਦੱਸਿਆ ਹੈ, ਇਸ ਤੋਂ ਅਗੇ ਸਤਿਗੁਰ ਤੋਂ ਬੇਮੁਖ ਹੋਕੇ ਨਿੰਦਾ ਕਰਨ ਵਾਲੇ ਦੇ ਔਗੁਣ, ਲੱਛਣ ਤੇ ਅੰਤ ਦੱਸਿਆ ਹੈ। ਦੂਸਰੇ ਸਲੋਕ ਵਿਚ ਉਹੀ ਵਿਸ਼ਾ ਜਾਰੀ ਹੈ, ਕਿਸੇ ਐਸੇ ਮਨਮੁਖ ਦਾ ਵਰਣਨ ਹੈ ਜੋ ਮਾਇਆ ਵਿਚ ਮਸਤ ਸੀ ਤੇ ਮਾਇਆ ਦੇ ਮਦ ਵਿਚ ਸਤਿਸੰਗ ਵਿਚ ਬੀ ਆਪਾ ਜਣਾਉਂਦਾ ਤੇ ਹੰਕਾਰ ਵਿਚ ਬਫਾਉਂਦਾ ਸੀ। ਓਹ ਪਰਮਾਰਥ ਪ੍ਰਾਪਤੀ ਬੀ ਮਾਇਆ ਸੰਚਣ ਲਈ ਕਰਦਾ ਸੀ। ਉਸ ਅੰਦਰ ਕੂੜ ਹੋਣ ਕਰਕੇ ਉਹ ਸੱਚ ਦੇ ਉਪਾਸ਼ਕ, ਤੇ ਸਤਯ ਸਰੂਪ ਵਿਚ ਪ੍ਰਾਪਤ ਸਤਿਗੁਰ ਅਮਰ ਦਾਸ ਜੀ ਨੂੰ ਧੋਖਾ ਨਾ ਦੇ ਸਕਿਆ। ਗੁਰੂ ਬਿਮੁਖ ਹੋਕੇ ਗਲਾਂ, ਜੋ ਸਤਿਸੰਗ ਵਿਚੋਂ ਪਰਮਾਰਥ ਦੀਆਂ ਸੁਣੀਆਂ ਸਿਖੀਆਂ ਸਾਸੁ, ਉਹਨਾਂ ਨੂੰ ਵਧਾ ਫੈਲਾ ਕੇ ਲੋਕਾਂ ਵਿਚ ਕਰ ਕਰਕੇ ਆਪ ਵਡਾ ਤੇ ਪੂਜਯ ਬਣਨ ਵਿਚ ਲਗ ਪਿਆ ਤੇ ਗੁਰੂ ਦੇ ਇਕਰਾਰ ਦੀ ਥਾਂ ਨਿੰਦਾ ਕਰਨ ਲਗ ਪਿਆ।

ਐਸੇ ਪੁਰਖ ਦਾ ਅੰਤ ਕੀਹ ਹਾਲ ਹੁੰਦਾ ਹੈ,ਸਤਿਗੁਰੂ ਜੀ ਨੇ ਦੱਸਿਆ ਹੈਕਿ ਵੇਦ ਸ਼ਾਸਤ੍ਰਾਂਵਿਚ ਇਹੋ ਜਿਹਾ ਹੁੰਦਾ ਹੈ ਜੋ ਅਸਾਂ ਕਿਹਾ ਹੈ ਤੇ ਪੂਰਾ ਗੁਰੂ, ਜਿਸ ਦਾ ਵਾਕ ਵੇਦ ਸ਼ਾਸਤ੍ਰ ਤੋਂ ਬੀ ਉਪਰ ਹੈ, ਇਹੋ ਫੁਰਮਾਉਂਦਾ ਹੈ।

ਇਥ ਦੋ ਗੱਲਾਂ ਹੋਰ ਬੀ ਦੱਸੀਆਂ ਹਨ, ਇਕ ਤਾਂ ਇਹ ਕਿ ਐਸੇ ਗੁਰੂ ਬੇਮੁਖ ਗੁਰੂ ਨਿੰਦਕ ਦੀ ਸੰਗਤ ਨਾ ਕਰੇ ਤੇ ਦੂਜੀ ਗੱਲ ਸਲੋਕ ਦੀ ੮ਵੀਂ ਸਤਰ ਵਿਚ ਦੱਸੀ ਹੈ ਕਿ ਇਹ ਨਿੰਦਕ ਸਦਾ ਲਈ ਨਰਕਗਾਮੀ ਨਹੀਂ ਕੀਤਾ ਗਿਆ, ਜਦ ਸ਼ਰਣ ਆਵੇਗਾ ਗੁਰੂ ਕੀ ਤੇ ਉਪਦੇਸ਼ ਲੈਕੇ ਸਨਮੁਖ ਰਹਿਕੇ ਨਾਮ ਜਪੇਗਾ ਤਾਂ ਤਰ ਜਾਏਗਾ। ਯਥਾ:-

ਫਿਰਿ ਸਤਿਗੁਰ ਕੀ ਸਰਣੀ ਪਵੈ ਤਾ ਉਬਰੈ ਜਾ ਹਰਿ ਹਰਿ ਨਾਮੁ ਧਿਆਵੈ ॥

**ਨਿਰੁਕ੍ਤ**—ਰਮਤ—ਜਪਦਿਆਂ (ਦੇਖੋ ਪੰਨਾ ੧੭੯੪ 'ਰਵਨ')।

ਤ੍ਰਿਪਤਾਵੈ—ਤ੍ਰਿਪਤੀ ਵਿਚ ਰਹਿੰਦਾ ਹੈ। ਤਾਣੁ—ਬਲ।

ਦੀਬਾਣਿ—[ਫਾ:, ਦੀਵਾਨ] ਕਚਹਿਰੀ। (੨) ਨਿਆਂ ਕਰਨ ਵਾਲਾ ਹਾਕਮ। ਭਾਵ ਹੈ ਕਿ ਉਨ੍ਹਾਂ ਦੀ ਪਹੁੰਚ ਫਰਯਾਦ ਵਾਹਿਗੁਰੂ ਹਾਕਮ ਤੇ ਵਾਹਿਗੁਰੂ ਦੀ ਕਚਹਿਰੀ ਵਿਚ ਹੁੰਦੀ ਹੈ।

ਮਾਰਿ ਦਿਵਾਵੈ—ਮਾਰ ਪੁਆਉਂਦਾ ਹੈ, ਭਾਵ ਸਜ਼ਾ ਦੇਂਦਾ ਹੈ।

ਤਸਕਰੁ—[ਸੰਸ:, ਤਸ੍ਕਰ:] ਚੋਰ।

ਗਲ ਫਰੋਸੀ—ਗਲਾਂ ਵੇਚਣ ਦਾ ਕਮਾਮ। ਭਾਵ ਹੈ ਚਤੁਰ ਬਣਕੇ ਗਲਾਂ ਕਰਨੀਆਂ ਤੇ ਗਲਾਂ ਦਾ ਖੱਟਿਆ ਖਾਣ ਦੀ ਆਸ ਰਖਣੀ। 'ਗਲ' ਪਦ ਪੰਜਾਬੀ ਹੈ, 'ਫਰੋਸ਼ੀ' ਪਦ ਫਾਰਸੀ ਹੈ। ਉਸ ਸਮੇਂ ਫਾਰਸੀ ਤੇ ਪੰਜਾਬੀ ਪਦ ਇਸ ਤਰਾਂ ਮਿਲ ਰਹੇ ਸਨ ਜਿਵੇਂ ਅੱਜ ਕਲ ਅੰਗ੍ਰੇਜ਼ੀ ਮਿਲਕੇ ਪਦ ਬਣੇ ਹਨ, ਯਥਾ—ਅਗਨ ਬੋਟ। 'ਅਗਨ' ਪਦ ਪੰਜਾਬੀ ਹੈ, 'ਬੋਟ' ਅੰਗ੍ਰੇਜ਼ੀ ਹੈ। ਕਈ ਆਗ ਬੋਟ ਭੀ ਆਖਦੇ ਹਨ।

ਦੋਹਾਗਣਿ—[ਸੰਸ:, ਦੁਰ੍ਭਾਗਯਾ—ਮੰਦਭਾਗਣ। ਹਿੰ:, ਦੁਹਾਗਿਨ=ਬਦਕਿਸਮਤ ਇਸਤ੍ਰੀ। ਪੰ:, ਦੁਹਾਗਣ, ਦੋਹਾਗਣ, ਦੁਹਾਗਣੀ ] ਛੁੱਟੜ।

ਲਛਣ ਲਾਉਣਾ—ਆਪਣੀ ਛੋਤ ਨਾਲ ਆਪਣੇ ਵਰਗੇ ਲੱਛਣਾਂ ਵਾਲਾ ਕਰ ਲੈਣਾ।

ਅਲਿਪਤੋ-[ਸੰਸ:, ਅ+ਲਿਪੁ (=ਦਾਗ਼ ਵਾਲਾ, ਧੱਬੇ ਵਾਲਾ)=ਅਲਿਪੁ=ਜੋ ਬੇਦਾਗ਼ ਹੈ, ਜੇਹੜਾ ਕਿਸੇ ਨਾਲ ਸੰਜੁਗਤ ਨਹੀਂ । ਜੋ ਅਲੇਪ ਹੈ ] ਲਿਪਾਇਮਾਨ ਨਾ ਹੋਵੇ, ਅਸੰਗ ਰਹੇ। ਪਰੇ ਰਹੇ, ਸੰਗ ਨਾ ਕਰੇ ।

ਗੋਪੇ-[ਸੰਸ:, ਧਾ:-ਗੁਪ੍ ਲੁਕਣਾ, ਛਿਪਣਾ, ਨਫ਼ਰਤ ਕਰਨਾ । ਗੋਪਨੰ=ਲੁਕਾਉ ਕਰਨਾ, ਨਿੰਦਯਾ ਕਰਨੀ, ਨਫ਼ਰਤ ਨਾਲ ਦੇਖਣਾ ] ਜੋ ਆਪਣਾ ਗੁਰੂ ਲੁਕਾਉਂਦਾ ਹੈ । ਗੁਰੂ ਤੋਂ ਮਨਮੁਖ ਹੋਕੇ ਆਪਣਾ ਆਪ ਲੁਕਾਉਂਦਾ ਹੈ। ਜੋ ਗੁਰੂ ਤੋਂ ਘ੍ਰਿਣਾ ਕਰਦਾ ਹੈ।

ਪੰਚਹੁ-ਹੇ ਪੰਚ ਜਨੋ ! ਹੇ ਪੈਂਚੋ ! ਹੇ ਸੰਤੋ ! (ਵੇਖੋ ਪੰਨਾ ੮੫)।

ਆਗਮ ਨਿਗਮ-[ਸੰਸ:, ਆਗਮ:=ਆਗਮਨ । ੨. ਸ਼ਾਸਤ੍ਰ । ੩. ਸ਼ਾਸਤ੍ਰਾਧਯਯਨ। ੪. ਵੇਦ । ਸਿੱਧਾਂਤ ਆਦਿਕ । ਸੰਸ:, ਨਿਗਮ:=ਵੇਦ, ਵੇਦ ਦਾ ਕੋਈ ਹਿੱਸਾ, ਵੇਦ ਭਾਸ਼ਾ ] ਸ਼ਾਸਤ੍ਰ ਵੇਦ। ਵੇਦਾਂ ਅਤੇ ਸ਼ਾਸਤ੍ਰਾਂ ਦਾ ਮਤ ।

ਟਿਕੇ-ਟਿਕਾਵੇ । ਟਿਕਾਉਂਦਾ ਹੈ। ੨. ਟਿਕਾ ਦੇਵੇ, ਮੁਕਰਰ ਕਰੇ।

ਛਿਕੇ-ਖਿੱਚਕੇ ਕੱਸਕੇ ।

ਚੁਕੇ-ਉੱਕੇ ਹੋਏ, ਭੁੱਲੇ ਹੋਏ, ਵਿਛੁੜੇ ਹੋਏ, ਬੇਮੁਖ।

## [ਪਉੜੀ ਨੌਵੀਂ]

**ਮੂਲ**

ਸਲੋਕ ਮਃ ੪ ॥ ਹਰਿ ਪ੍ਰਭੁ ਕਾ ਸਭੁ ਖੇਤੁਹੈ ਹਰਿ ਆਪਿ ਕਿਰਸਾਣੀ ਲਾਇਆ ॥ ਗੁਰਮੁਖਿ ਬਖਸਿ ਜਮਾਈਅਨੁ ਮਨਮੁਖੀ ਮੂਲੁ ਗਵਾਇਆ॥ ਸਭੁ ਕੋ ਬੀਜੇ ਆਪਣੇ ਭਲੇ ਨੋ ਹਰਿ ਭਾਵੈ ਸੋ ਖੇਤੁ ਜਮਾਇਆ ॥ ਗੁਰਸਿਖੀ ਹਰਿ ਅੰਮ੍ਰਿਤੁ ਬੀਜਿਆ ਹਰਿ ਅੰਮ੍ਰਿਤ ਨਾਮੁ ਫਲੁ ਅੰਮ੍ਰਿਤੁ ਪਾਇਆ ॥ ਜਮੁ ਚੂਹਾ ਕਿਰਸ ਨਿਤ ਕੁਰਕਦਾ ਹਰਿ ਕਰਤੈ ਮਾਰਿ ਕਢਾਇਆ ॥ ਕਿਰਸਾਣੀ ਜੰਮੀ ਭਾਉ ਕਰਿ ਹਰਿ ਬੋਹਲ ਬਖਸ ਜਮਾਇਆ ॥ ਤਿਨ ਕਾ ਕਾੜਾ ਅੰਦੇਸਾ ਸਭੁ ਲਾਹਿਓਨੁ ਜਿਨੀ ਸਤਿਗੁਰੁ ਪੁਰਖੁ ਧਿਆ-ਇਆ ॥ ਜਨ ਨਾਨਕ ਨਾਮੁ ਅਰਾਧਿਆ ਆਪਿ ਤਰਿਆ ਸਭੁ ਜਗਤੁ ਤਰਾਇਆ ॥ ੧ ॥

**ਅਰਥ**

ਸਾਰਾ ਹਰੀ ਪ੍ਰਭੂ ਦਾ (ਇਕ) ਖੇਤ ਹੈ (ਜੀਵਾਂ ਨੂੰ) ਹਰੀ ਨੇ ਆਪ ਇਸ ਵਿਚ ਖੇਤੀ ਕਰਨ ਦੇ ਕੰਮ ਤੇ ਲਾਇਆ ਹੈ। (ਇਸ ਖੇਤੀ ਲਈ ਜੋ ਗੁਰੂ ਸ਼ਰਣ ਲੈਕੇ) ਗੁਰਮੁਖ (ਹੋਏ ਹਨ ਉਨ੍ਹਾਂ ਨੇ ਗੁਰੂ ਦੀ,ਬਖਸ਼ਿਸ਼ ਦਆਰਾ (ਖੇਤ) ਉਗਾ ਲਿਆ ਹੈ, (ਪਰ) ਮਨਮੁਖਾਂ ਨੇ (ਜੋ) ਮੂਲ ਸੀ (ਉਹ ਬੀ) ਗੁਆ ਲਿਆ ਹੈ। ਸਭ ਕੋਈ (ਜੋ ਕੁਛ) ਬੀਜਦਾ ਹੈ ਅਪਣੇ ਭਲੇ ਲਈ (ਬੀਜਦਾ) ਹੈ ਪਰ ਹਰੀ ਨੂੰ ਭਾਵੇ (ਤਾਂ) ਉਹੋ ਖੇਤ ਉਗਾ ਦੇਂਦਾ ਹੈ। (ਪਰ) ਗੁਰਸਿਖਾਂ ਨੇ ਹਰੀ ਨਾਮ ਰੂਪ ਅੰਮ੍ਰਿਤ (ਦਾ ਬੀਜ) ਬੀਜਿਆ ਹੈ (ਉਸਨੂੰ) ਪਿਆ ਹਰੀ ਰੂਪ ਅੰਮ੍ਰਤ ਫਲ, (ਜਿਸਤੋਂ ਉਨ੍ਹਾਂ ਨੇ) ਅਮਰਤਾ ਪ੍ਰਾਪਤ ਕੀਤੀ। ਜਮ ਰੂਪੀ ਚੂਹਾ (ਸਦਾ) ਖੇਤੀ ਨੂੰ ਕੁਤਰਦਾ ਸੀ ਉਸ ਨੂੰ ਕਰਤਾਰ ਨੇ ਮਾਰ ਦੂਰ ਕੀਤਾ ਹੈ । ਸੋ ਹੁਣ) ਪ੍ਰੇਮ ਦੇ ਕਾਰਣ ਖੇਤੀ ਉਗ ਪਈ (ਜਿਸਤੋਂ) ਹਰੀ ਦੀ ਬਖਸ਼ਸ ਦੇ ਬੋਹਲ ਜਮਾਂ ਹੋ ਗਏ ਹਨ। ਹਾਂ, ਜਿਨ੍ਹਾਂ ਨੇ ਸਤਿਗੁਰ ਪੁਰਖ ਦੀ ਅਰਾਧਨਾ ਕੀਤੀ ਹੈ ਉਨ੍ਹਾਂ ਦਾ ਝੋਰਾ ਤੇ ਤੌਖਲਾ ਸਭ ਦੂਰ ਕਰ ਦਿੱਤਾ ਹੈ। ਨਾਨਕ ਦਾਸ (ਆਖਦਾ ਹੈ ਕਿ ਜਿਸਨੇ) ਨਾਮ ਸਿਮਰਣ ਕੀਤਾ ਹੈ (ਉਹ) ਆਪ ਤਰ ਗਿਆ ਤੇ ਸਾਰੇ ਜਗਤ ਨੂੰ(ਉਸਨੇ) ਤਾਰ ਲਿਆ ॥ ੧ ॥

ਮਃ ੪ ॥ ਸਾਰਾ ਦਿਨੁ ਲਾਲਚਿ ਅਟਿਆ ਮਨਮੁਖਿ ਹੋਰੇ ਗਲਾ ॥ ਰਾਤੀ ਊਘੈ ਦਬਿਆ ਨਵੇ ਸੋਤ ਸਭਿ ਢਿਲਾ ॥ ਮਨਮੁਖਾ ਦੈ ਸਿਰਿ ਜੋਰਾ ਅਮਰੁ ਹੈ ਨਿਤ ਦੇਵਹਿ ਭਲਾ ॥ ਜੋਰਾ ਦਾ ਆਖਿਆ ਪੁਰਖ ਕਮਾਵਦੇ ਸੇ ਅਪਵਿਤ ਅਮੇਧ ਖਲਾ ॥ ਕਾਮਿ ਵਿਆਪੇ ਕੁਸੁਧ ਨਰ ਸੇ ਜੋਰਾ ਪੁਛਿ ਚਲਾ ॥ ਸਤਿਗੁਰ ਕੈ ਆਖਿਐ ਜੋ ਚਲੈ ਸੋ ਸਤਿ ਪੁਰਖੁ ਭਲ ਭਲਾ ॥ ਜੋਰਾ ਪੁਰਖ ਸਭਿ ਆਪਿ ਉਪਾਇਅਨੁ ਹਰਿ ਖੇਲ ਸਭਿ ਖਿਲਾ ॥ ਸਭ ਤੇਰੀ ਬਣਤ ਬਣਾਵਣੀ ਨਾਨਕ ਭਲ ਭਲਾ ॥ ੨ ॥

ਮਨਮੁਖ ਸਾਰਾ ਦਿਨ ਤਾਂ ਲਾਲਚ ਨਾਲ ਭਰਿਆ ਹੋਰ ਹੋਰ (ਨਿਕੰਮੀਆਂ) ਗੱਲਾਂ (ਵਿਚ ਰੁੱਝਾ) ਰਹਿੰਦਾ ਹੈ । ਰਾਤ ਨੂੰ ਉਹ ਨੀਂਦ੍ਰਾਂ ਵਿਚ ਦਬਿਆ ਹੋਇਆ ਨਵੇਂ ਸੋਤ (ਤੇ) ਸਾਰਾ (ਸਰੀਰ) ਢਿੱਲਾ (ਹੋ ਜਾਂਦਾ ਹੈ, ਭਾਵ ਸੁਸਤੀ ਵਿਚ ਨਿਢਾਲ ਹੋਣੇ ਵਾਙੂ ਪਿਆ ਰਹਿੰਦਾ ਹੈ । ਫਿਰ ਐਸੇ) ਮਨਮੁਖਾਂ ਦੇ ਸਿਰ ਤੇ ਵਹੁਟੀਆਂ ਦਾ ਹੁਕਮ ਚਲਦਾ ਹੈ; (ਜੋ ਹੁਕਮ ਇਸਤ੍ਰੀਆਂ) ਨਿੱਤ ਦੇਂਦੀਆਂ ਹਨ (ਸੋ ਉਨ੍ਹਾਂ ਨੂੰ) ਚੰਗਾ ਲਗਦਾ ਹੈ । (ਜੋ ਐਸੇ) ਪੁਰਖ ਇਸਤ੍ਰੀਆਂ ਦਾ ਆਖਿਆ (ਨੌਕਰ ਵਾਙੂ) ਕਮਾਉਂਦੇ ਹਨ ਓਹ ਅਪਵਿਤ੍ਰ ਹਨ, ਗੰਦੇ ਹਨ ਤੇ ਮੂਰਖ ਹਨ । (ਕਿਉਂਕਿ ਐਸੇ ਪੁਰਖ) ਕਾਮ ਵਿਚ ਅੱਟੇ ਹੋਏ ਹੁੰਦੇ ਹਨ (ਇਸ ਕਰਕੇ) ਅਪਵਿਤ੍ਰ ਹਨ, ਓਹ ਇਸਤ੍ਰੀਆਂ ਤੋਂ ਪੁੱਛਕੇ ਟੁਰਦੇ ਹਨ । ਪਰ ਜੋ ਕੋਈ ਸਤਿਗੁਰੂ ਦੇ ਆਖੇ ਤੇ ਟੁਰਦਾ ਹੈ ਉਹ ਸਤਿਪੁਰਖ ਹੈ, (ਉਹ) ਭਲੇ ਤੋਂ ਭਲਾ ਹੈ । (ਪਰ ਜੇ ਬ੍ਰਹਮ ਦ੍ਰਿਸ਼ਟੀ ਨਾਲ ਦੇਖੋ ਤਾਂ) ਵਹੁਟੀਆਂ ਗੱਭਰੂ ਸਭ (ਹਰੀ ਨੇ) ਆਪ ਪੈਦਾ ਕੀਤੇ ਹਨ, (ਏਹ) ਸਾਰਾ ਹਰੀ ਦਾ (ਇਕ) ਖੇਲ ਹੈ (ਜੋ ਆਪ) ਖੇਲ ਰਿਹਾ ਹੈ । (ਹੇ ਹਰੀ ! ਇਹ) ਸਾਰੀ ਬਣਤਰ ਤੇਰੀ ਬਣਾਈ ਹੋਈ ਹੈ, (ਕਹਿੰਦਾ ਹੈ) ਨਾਨਕ (ਤੂੰ) ਭਲੇ ਤੋਂ ਭਲਾ ਹੈਂ (ਸੋ ਜੋ ਕੁਛ ਕਰਦਾ ਹੈਂ ਭਲਾ ਹੈ) ॥ ੨ ॥

ਪਉੜੀ ॥ ਤੂੰ ਵੇਪਰਵਾਹੁ ਅਥਾਹੁ ਹੈ ਅਤੁਲੁ ਕਿਉ ਤੁਲੀਐ ॥ ਸੇ ਵਡਭਾਗੀ ਜਿ ਤੁਧੁ ਧਿਆਇਦੇ ਜਿਨ ਸਤਿਗੁਰੁ ਮਿਲੀਐ ॥ ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ ॥ ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ ਸੇ ਕੂੜਿਆਰ ਕੂੜੇ ਝੜਿ ਪੜੀਐ ॥ ਓਨ੍ਹਾ ਅੰਦਰਿ ਹੋਰੁ ਮੁਖਿ ਹੋਰੁ ਹੈ ਬਿਖੁ ਮਾਇਆ ਨੋ ਝਖਿ ਮਰਦੇ ਕੜੀਐ ॥ ੯ ॥

(ਹੇ ਹਰੀ !) ਤੂੰ (ਸਭ ਕੁਛ ਰਚ, ਬਣਾ, ਖੇਲ ਖੇਲ ਕੇ ਫੇਰ) ਬੇਪਰਵਾਹ ਹੈਂ, ਅਥਾਹ ਹੈਂ, ਅਤੋਲ ਹੈਂ (ਤੇਰਾ ਤੋਲ ਕਿਵੇਂ) ਤੋਲ ਸਕੀਏ । (ਪਰ) ਓਹ ਭਾਗਾਂ ਵਾਲੇ ਹਨ ਜੋ ਤੈਨੂੰ ਧਿਆਉਂਦੇ ਹਨ (ਭਾਵ ਸਿਮਰਦੇ ਹਨ, ਜਿਨ੍ਹਾਂ ਨੂੰ) ਸਤਿਗੁਰੂ ਮਿਲ ਪਿਆ ਹੈ । ਸਤਿਗੁਰੂ ਦੀ ਬਾਣੀ ਸਤਿ ਸਰੂਪ ਹੈ, ਗੁਰੂ ਦੀ ਬਾਣੀ ਨਾਲ ਹੀ (ਸਤ੍ਯ ਸਰੂਪ) ਬਣੀਦਾ ਹੈ । ਸਤਿਗੁਰ ਦੀ ਰੀਸ ਕਰਕੇ ਹੋਰ ਜੋ ਕੱਚੀ ਪਿੱਲੀ (ਬਾਣੀ) ਬੋਲਦੇ ਹਨ ਓਹ ਝੂਠੇ ਹਨ, (ਅਪਣੇ) ਝੂਠ ਕਰਕੇ ਹੀ ਝੜ ਪੈਂਦੇ ਹਨ, (ਭਾਵ ਬਿਰਥਾ ਚਲੇ ਜਾਂਦੇ ਹਨ ਜਿਵੇਂ ਕੱਚੇ ਫਲ ਡਿੱਗ ਕੇ ਜ਼ਾਇਆ ਹੋ ਜਾਂਦੇ ਹਨ) । ਉਨ੍ਹਾਂ ਦੇ ਅੰਦਰ (ਕੁਛ) ਹੋਰ ਹੁੰਦਾ ਹੈ, ਮੂੰਹ ਵਿਚ ਕੁਛ ਹੋਰ ਹੁੰਦਾ ਹੈ, ਉਹ ਵਿਹੁ ਰੂਪੀ ਮਾਇਆ ਨੂੰ (ਕੱਠਾ ਕਰਨੇ ਲਈ) ਝਖ ਝਖ ਮਰਦੇ ਤੇ ਦੁਖੀ ਹੁੰਦੇ ਹਨ ॥ ੯ ॥

**ਵ੍ਯਾਖ੍ਯਾ**—ਪਉੜੀ ਵਿਚ ਪਹਿਲੀਆਂ ਸਤਰਾਂ ਵਿਚ ਵਾਹਿਗੁਰੂ ਜੀ ਨੂੰ ਅਥਾਹ ਤੇ ਅਤੁਲ ਦੱਸਿਆ ਹੈ ਤੇ ਫੇਰ ਬੇਪਰਵਾਹ ਦੱਸਿਆ ਹੈ, ਜਿਸ ਤੋਂ ਉਸ ਦੇ ਜੀਵ ਨੂੰ ਪ੍ਰਾਪਤ ਹੋਣ ਦੀ ਅਸੰਭਵਤਾ ਦੀ ਝਲਕ ਵੱਜ ਜਾਂਦੀ ਹੈ । ਪਰ ਅਗਲੀਆਂ ਦੋ ਸਤਰਾਂ ਵਿਚ ਦੱਸਿਆ ਹੈ ਕਿ ਜੇ ਤੋਲਣ ਤੇ ਥਾਹ ਲੈਣ ਦਾ ਖ੍ਯਾਲ ਛਡ ਦਿਓ, ਕਿਉਂਕਿ ਤੁਸੀਂ ਅੰਤ ਵਿਚ ਹੋ ਤੇ ਉਹ ਅਨੰਤ ਹੈ, ਤੇ ਤੁਸੀਂ ਉਸ ਨੂੰ ਪ੍ਰਾਪਤ

ਹੋਣਾ ਚਾਹੋ ਤਾਂ ਰਸਤਾ ਖੁੱਲ੍ਹਾ ਹੈ ਕਿ ਸਤਿਗੁਰੂ ਨੂੰ ਮਿਲਕੇ ਪ੍ਰਭੂ ਨੂੰ ਸਿਮਰੋ, ਉਸ ਦੀ ਅਰਾਧਨਾ ਕਰੋ। ਸਤਿਗੁਰੂ ਦੀ ਬਾਣੀ ਉਸ ਦੇ ਸੱਚੇ ਹਿਰਦੇ ਵਿਚੋਂ ਨਿਕਲਦੀ ਹੈ, ਸਤਜ ਸਰੂਪ ਨਾਲ ਤਦਰੂਪ ਹੋਇਆਂ ਨਿਕਲਦੀ ਹੈ। ਉਹ ਬਾਣੀ ਬੀ ਸਚੋ ਸੱਚ ਸਤਜ ਸਰੂਪ ਹੈ, ਸਤਜ ਸਰੂਪ ਹੋਣ ਕਰਕੇ ਉਸ ਵਿਚ ਅਪਣੇ ਉਪਾਸ਼ਕ ਤੇ ਅਭਜਾਸੀ ਨੂੰ ਸਤਜ ਸਰੂਪ ਬਣਾ ਦੇਣ ਦੀ ਸ਼ਕਤੀ ਹੈ। ਸੋ ਉਪਦੇਸ਼ ਹੋਇਆ ਕਿ ਤੁਸੀਂ ਇਸ ਮਾਰਗ ਤੇ ਟੁਰ ਪਓ। ਇਸ ਉਪਦੇਸ਼ ਦੀ ਵਜਾਖਜਾ ਇਕ ਸੁਹਣੇ ਦ੍ਰਿਸ਼ਟਾਂਤ ਦੇ ਢੰਗ ਵਿਚ ਪਹਿਲੇ ਸਲੋਕ ਵਿਚ ਹੈ, ਜਿਸ ਕਰਕੇ ਉਹ ਸ਼ਲੋਕ ਇਸ ਅੰਕ ਵਿਚ ਦਿਤਾ ਹੈ।

ਪਉੜੀ ਦੀਆਂ ਅਖੀਰਲੀਆਂ ਦੋ ਤੁਕਾਂ ਵਿਚ ਕੂੜੇ ਬੰਦੇ ਦਾ ਜ਼ਿਕਰ ਹੈ ਜੋ ਗੁਰੂ ਦੀ ਰੀਸ ਕਰਕੇ ਪਖੰਡ ਟੋਰਦਾ ਹੈ, ਉਸ ਦਾ ਪ੍ਰਯੋਜਨ ਦੰਭ ਖਿਲਾਰ ਕੇ ਮਾਇਆ ਕੱਠੀ ਕਰਨੇ ਦਾ ਹੁੰਦਾ ਹੈ, ਅਸਲੀਅਤ ਤੇ ਸੱਚ ਉਸ ਦੇ ਅੰਦਰ ਨਹੀਂ ਹੁੰਦਾ, ਬਾਹਰੋਂ ਗੱਲਾਂ ਸਚ ਦੀਆਂ ਬਣਾਉਂਦਾ ਹੈ, ਅੰਦਰ ਝੂਠ ਤੇ ਫਰੇਬ ਹੁੰਦਾ ਹੈ, ਸੋ ਉਨ੍ਹਾਂ ਦਾ ਬੋਲਣਾ, ਉਪਦੇਸ਼, ਕੱਚੇ ਫਲਾਂ ਦੇ ਢੈ ਪੈਣ ਵਾਙੂ ਹੁੰਦਾ ਹੈ ਜੋ ਬੇ-ਅਸਰ ਤੇ ਨਿਕੰਮਾ ਹੁੰਦਾ ਹੈ, ਭਾਵ ਉਹ ਮਗਰ ਲਗਿਆਂ ਦੀ ਕਲਜਾਣ ਨਹੀਂ ਕਰਦਾ ਤੇ ਉਨਾਂ ਨੂੰ ਬੀ ਅੰਤ ਵਿਚ ਦੁਖਦਾਈ ਹੁੰਦਾ ਹੈ, ਓਹ ਜਨਮ ਮਰਨ ਦੇ ਗੇੜਾਂ ਵਿਚ ਕੁੜਦੇ ਸੜਦੇ ਫਿਰਦੇ ਹਨ। ਇਸ ਪਰ ਦੂਸਰਾ ਸਲੋਕ ਇਸ ਦੇ ਨਾਲ ਹੈ। ਸਲੋਕ ਵਿਚ ਦ੍ਰਿਸ਼ਟੀ ਜ਼ਰਾ ਵਧੇਰੇ ਖੁੱਲ੍ਹੀ ਹੈ, ਕੇਵਲ ਪਖੰਡੀ ਦਾ ਜ਼ਿਕਰ ਨਹੀਂ, ਪਰ ਪਖੰਡੀ ਤੇ ਉਨ੍ਹਾਂ ਸਿਖਾਂ ਦਾ ਜ਼ਿਕਰ ਹੈ ਜੋ ਬਣਦੇ ਤਾਂ ਸਿਖ ਹਨ, ਪਰ ਕਾਮੀ ਹੋਣ ਕਰਕੇ ਇਸਤ੍ਰੀਆਂ ਦੇ ਮਗਰ ਲਗ ਟੁਰਦੇ ਹਨ, ਨਾਂ ਤਾਂ ਅਪਣੀ ਅਕਲ ਵਰਤਦੇ ਹਨ ਨਾ ਗੁਰੂ ਦੀ ਮਤਿ ਤੇ ਟੁਰਦੇ ਹਨ।

ਹੁਣ ਸਲੋਕਾਂ ਦੀ ਆਪਣੀ ਵੀਚਾਰ ਇਸ ਪ੍ਰਕਾਰ ਹੈ:-

ਪਹਿਲੇ ਸਲੋਕ ਦੀ ਠੀਕ ਸਮਝ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਿਰੀ ਰਾਗੁ ਵਿਚ ਆਏ ਛਬੀਵੇਂ ਸ਼ਬਦ ਨੂੰ ਵਾਚਣਾ ਚਾਹੀਏ। (ਦੇਖੋ ਸੰਥਜਾ ਪੋਥੀ ਪਹਿਲੀ ਦਾ ਪੰਨਾ ੩੨੬) ਜਿਥੇ ਫੁਰਮਾਇਆ ਹੈ:-

ਇਹੁ ਤਨੁ ਧਰਤੀ ਬੀਜੁ ਕਰਮਾ ਕਰੋ ਸਲਿਲ ਆਪਾਉ ਸਾਰਿੰਗ ਪਾਣੀ॥
ਮਨੁ ਕਿਰਸਾਣੁ ਹਰਿ ਰਿਦੈ ਜੰਮਾਇਲੈ ਇਉ ਪਾਵਸਿ ਪਦੁ ਨਿਰਬਾਣੀ॥

ਚੌਥੀ ਪਾਤਸ਼ਾਹੀ ਦਾ ਇਥੇ ਪਹਿਲੇ ਆਇਆ ਸਲੋਕ ਮਾਨੋ ਗੁਰੂ ਨਾਨਕ ਸਾਹਿਬ ਦੇ ਉਪਰ ਦਿਤੇ ਸ਼ਬਦ ਦੀ ਵਜਾਖਜਾ ਹੈ। ਸਭ (ਅਰਥਾਤ ਹਰ ਮਾਨੁਖ ਦਾ ਸਰੀਰ) ਹਰੀ ਪ੍ਰਭੂ ਦਾ ਖੇਤ ਹੈ। ਸੋ ਤਨ ਧਰਤੀ ਹੋ ਗਿਆ, ਜਿਸ ਵਿਚ ਖੇਤ ਉਗਣਾ ਹੈ। ਹਰ ਜੀਵ ਨੂੰ ਪ੍ਰਭੂ ਨੇ ਮਾਨੋ ਇਸ ਖੇਤੀ ਤੇ ਲਾਇਆ ਹੈ ਕਿ 'ਅਧਜਾਤਮ ਕਰਮਾਂ' ਦੇ ਬੀਜ ਬੀਜੇ, ਉਸ ਬੀਜ ਖੇਤ ਨੂੰ ਸਾਰੰਗ ਪਾਣੀ ਦੇ ਨਾਮ ਦਾ ਜਲ ਸਿੰਚਨ ਕਰੇ, ਸਭ ਕੋਈ ਇਸ ਕਾਰੇ ਮਨ ਨੂੰ ਲਾਵੇ। ਇਸ ਦਾ ਫਲ 'ਨਿਰਬਾਣ ਪਦ' ਦੀ ਪ੍ਰਾਪਤੀ ਹੋਵੇਗਾ। ਗੁਰੂ ਰਾਮਦਾਸ ਜੀ ਇਸ ਸ਼ਲੋਕ ਵਿਚ ਦੱਸਦੇ ਹਨ ਕਿ ਇਹ ਖੇਤੀ ਗੁਰਮਤਿ ਦੁਆਰਾ ਗੁਰਮੁਖ ਹੋਕੇ ਕਰੇ, ਮਨਮੁਖ ਹੋਕੇ ਨਾ ਕਰੇ। ਫਲ ਇਸ ਦਾ 'ਅੰਮ੍ਰਿਤ' ਪਦ ਦੀ ਪ੍ਰਾਪਤੀ ਹੋਵੇਗਾ। ਫੇਰ ਸਭ ਕੋਈ ਬੀਜਦਾ ਹੈ ਅਪਣੇ ਭਲੇ ਲਈ। ਭਾਵ ਜੋ ਕਰਮ ਜੀਵ ਕਰਦਾ ਹੈ, ਉਸ ਵਿਚ ਅਪਣਾ ਭਲਾ ਖਿਆਲ ਕਰਕੇ ਹੀ ਕਰਦਾ ਹੈ, ਪਰ ਬੀਜ ਤਾਂ ਜੀਵ ਬੀਜ ਦੇਂਦਾ ਹੈ, ਉਗਾਉਣਾ ਪ੍ਰਭੂ ਦੇ ਅਧੀਨ ਹੈ। ਭਾਵ ਇਹ ਹੈ ਕਿ ਉਗੇਗਾ ਤਾਂ ਬੀਜਿਆ ਹੀ ਪਰ ਉਸ ਤੋਂ ਸੁਖ ਮਿਲ੍ਹੇ ਕਿ ਦੁਖ? ਇਹ ਵਾਹਿਗੁਰੂ ਦੇ ਵੱਸ ਹੈ। ਕਰਮ ਤਾਂ ਜੀਵ ਕਰਦਾ ਹੈ ਪਰ ਫਲ ਦੇਣੇ ਵਾਲਾ ਵਾਹਿਗੁਰੂ ਹੈ। ਗੁਰੂ ਕੇ ਸਿਖ ਜੋ ਸਿਖੀ ਧਾਰਨ ਕਰ ਚੁਕੇ ਹਨ, ਓਹ ਸਮਝਦੇ ਹਨ ਕਿ ਮਾੜੇ ਬੀਜ ਬੀਜ ਕੇ ਫੇਰ ਚੰਗੇ ਫਲ ਦੀ ਆਸ ਕਰਨੀ, ਅਰਥਾਤ ਕਰਮ ਤਾਂ ਕਰਨੇ ਮਾਯਕ, ਖੁਦੀ ਦੇ ਤੇ ਕਈ ਵੇਰ ਮਾੜੇ ਤੇ ਚਾਹੁਣਾ ਇਹ ਕਿ ਫਲ ਵਿਚ ਹਰ ਪ੍ਰਕਾਰ ਦਾ ਸੁਖ ਮਿਲੇ, ਜੇ ਨਾ ਮਿਲੇ ਤਾਂ ਕਰਮਾਂ ਵੱਲ ਨਾ ਤੱਕਣਾ ਤੇ ਰਬ ਜੀ ਤੇ ਉਲਾਂਭੇ

ਕੱਸਣੇ, ਮਾੜੀ ਗਲ ਹੈ। ਫਲ ਪ੍ਰਦਾਤਾ ਤੇ ਦੋਸ ਕਾਸਨੂੰ ? ਯਥਾ:-

ਨਾਰਾਇਣ ਨਿੰਦਸਿ ਕਾਇ ਭੂਲੀ ਗਵਾਰੀ ॥ ਦੁਕ੍ਰਿਤੁ ਸੁਕ੍ਰਿਤੁ ਥਾਰੋ ਕਰਮੁ ਰੀ ॥ ੧ ॥
[ਧਨਾਸਰੀ ਤ੍ਰਿਲੋਚਨ ਜੀ

ਇਸ ਲਈ ਓਹ ਅੰਮ੍ਰਿਤ ਬੀਜ ਬੀਜਦੇ ਹਨ। ਫਲ ਅੰਮ੍ਰਿਤ ਪੈਂਦਾ ਹੈ। ਉਹ ਕਿਵੇਂ ? ਇਥੇ ਤੁਕ ਦਾ ਅਨੁਯ ਨਾਲ ਅਰਥ ਲਗਦਾ ਹੈ:-

''ਗੁਰਸਿਖੀ ਬੀਜਿਆ ਹਰਿ ਅੰਮ੍ਰਿਤ ਨਾਮੁ'' (ਉਸ ਨੂੰ ਪਿਆ) 'ਹਰਿ ਅੰਮ੍ਰਿਤੁ ਫਲੁ' (ਜਿਸ ਤੋਂ ਉਨ੍ਹਾਂ ਨੇ) 'ਅੰਮ੍ਰਿਤੁ ਪਾਇਆ'। (ਅਰਥਾਤ ਉਨ੍ਹਾਂ ਨੇ ਅਮਰਤਾ ਯਾ ਅਮਰ ਪਦਵੀ ਪ੍ਰਾਪਤ ਕੀਤੀ) ਜੈਸਾ ਕਿ ਗੁਰੂ ਨਾਨਕ ਦੇਵ ਜੀ ਨੇ ਸਿਰੀ ਰਾਗ ਵਾਲੇ ਸ਼ਬਦ ਵਿਚ ਫੁਰਮਾਇਆ ਸੀ:-

ਇਉ ਪਾਵਸਿ ਪਦੁ ਨਿਰਬਾਣੀ ॥ [ਸਿਰੀ ਰਾਗੁ ਮ: ੧-੨੬

ਪੰਜਵੀਂ ਤੁਕ ਵਿਚ ਗੁਰੂ ਰਾਮਦਾਸ ਜੀ ਇਸ ਅਧਯਾਤਮ ਖੇਤੀ ਦੀ ਹਾਨੀ ਦਾ ਜ਼ਿਕਰ ਕਰਦੇ ਹਨ ਕਿ ਜਮ ਰੂਪੀ ਚੂਹਾ ਇਸ ਖੇਤੀ ਨੂੰ ਕੁਤਰਦਾ ਹੈ। ਜੋ ਗੁਰੂ ਆਸਰੇ ਨਾਮ ਜਪਦੇ ਹਨ ਤੇ ਵਾਹਿਗੁਰੂ ਦੀ ਸ਼ਰਣ ਨੂੰ ਪ੍ਰਾਪਤ ਹੁੰਦੇ ਹਨ,ਉਨ੍ਹਾਂ ਦੀ ਰਾਖੀ ਕਰਤਾ ਪੁਰਖ ਕਰਦਾ ਹੈ। ਭਾਵ ਇੰਞ ਹੈ ਕਿ ਇਸ ਖੇਤੀ ਨੂੰ ਜਮ ਕੁਤਰਦਾ ਹੈ। ਖੇਤੀ ਹੈ ਅਧਯਾਤਮ ਕਰਮ ਜੋ ਨਾਮ ਸਿਮਰਨ ਨਾਲ ਉੱਗ ਵਧ ਰਹੀ ਹੈ। ਗੋਯਾ ਨਾਮੀ ਪੁਰਖ ਦੇ ਸੁਆਸ ਸਫਲ ਹੋ ਰਹੇ ਹਨ। ਇਹ ਜੋ ਖੇਤੀ ਹੁਣ ਵਧ ਫੁਲ ਰਹੀ ਹੈ, ਪਹਿਲੋਂ ਇਸ ਨੂੰ ਜਮ ਕੁਤਰਦਾ ਸੀ, ਜੈਸੇ ਫੁਰਮਾਇਆ ਹੈ:-

ਜਮੁ ਨਿਹਾਰੈ ਸਾਸਾ ॥ [ਆਸਾ ਕਬੀਰ ਜੀ-੨੩

ਜਮ ਜੀਵ ਦੇ ਸੁਅ ਸਾਂਨੂੰ ਗਿਣਦਾ ਸੀਕਿ ਇਹ ਮਾੜੇ ਕਰਮ ਕਰਦਾ ਕਦ ਮਰੇ ਤੇ ਨਪੜ ਲਵਾਂ ਸੂ. ਹੁਣ ਸੁਆਸ ਨਾਮ ਨਾਲ ਸਫਲ ਹੋ ਰਹੇ ਹਨ, ਜਮ ਦੀ ਪਹਿਰੇਦਾਰੀ ਦੂਰ ਹੋ ਗਈ ਹੈ। ਜਮ ਹੁਣ ਨੇੜੇ ਨਹੀਂ ਫੜਕ ਸਕਦਾ। ਨਾਮ ਵਿਚ ਸੁਆਸ ਲਗਣ ਕਰਕੇ ਨਾਮੀ ਨੇ ਜਮ ਨੂੰ ਮਾਰ ਕੱਢਿਆ ਹੈ। ਕਈ ਦਾਨੇ ਐਉਂ ਬੀ ਭਾਵ ਲੈਂਦੇ ਹਨ ਕਿ ਨਾਮ ਦੀ ਖੇਤੀ ਨੂੰ ਅਹੰਕਾਰ ਰੂਪੀ ਚੂਹਾ ਖਾ ਜਾਂਦਾ ਸੀ। ਵਾਹਿਗੁਰੂ ਦੀ ਸ਼ਰਣ ਪਰਾਇਣ ਰਹਿਣੇ ਕਰਕੇ ਉਸ ਨੇ ਹੰਕਾਰ ਨੂੰ ਦੂਰ ਕਰ ਦਿਤਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਅਪਣੇ ਸਿਰੀ ਰਾਗ ਵਾਲੇ ਸ਼ਬਦ ਵਿਚ ਦੱਸਦੇ ਹਨ ਕਿ ਇਸ ਖੇਤੀ ਵਿਚ ਮਾੜੇ ਬੂਟੇ ਉਗ ਖੜੋਂਦੇ ਹਨ ਉਨਾਂ ਦੀ ਨਾਲਾਈ (ਗੋਡੀ) ਕਰਦੇ ਰਹੋ। ਗੁਰੂ ਰਾਮਦਾਸ ਜੀ ਇਸ ਅਵਸਥਾ ਨੂੰ 'ਹਰਿ ਬੋਹਲ ਬਖਸ ਜਮਾਇਆ' ਦੇ ਦ੍ਰਿਸ਼ਟਾਂਤ ਨਾਲ ਨਿਰੂਪਣ ਕਰਦੇ ਹਨ। ਗੁਰੂ ਨਾਨਕ ਦੇਵ ਜੀ ਅਖੀਰ ਵਿਚ ਦੱਸਦੇ ਹਨ ਕਿ ਇਕ ਵਾਹਿਗੁਰੂ ਐਉਂ ਤਾਰ ਲਏਗਾ। ਗੁਰੂ ਰਾਮਦਾਸ ਜੀ ਫੁਰਮਾਉਂਦੇ ਹਨ ਕਿ ਐਉਂ ਆਪ ਤਰ ਜਾਏਗਾ ਤੇ ਹੋਰਨਾਂ ਨੂੰ ਤਾਰੇਗਾ।

ਦੂਜੇ ਸਲੋਕ ਵਿਚ ਕਾਮ ਹਥ ਵਿਕੇ ਕਾਮੀ ਪੁਰਖ ਦਾ ਜ਼ਿਕਰ ਹੈ। ਜੋ ਇਸ ਵਿਸ਼ੇ ਵਿਚ ਇਤਨੇ ਝੜ ਜਾਂਦੇ ਹਨ ਕਿ ਅਪਣੀ ਵਾਗ ਡੋਰ ਕਾਮ ਵਿਚ ਵਜਾਪਤ ਰਖਣ ਵਾਲੀ ਇਸਤ੍ਰੀ ਦੇ ਹੱਥ ਸੌਂਪ ਦੇਂਦੇ ਹਨ। ਪਤੀ ਨੂੰ ਕਾਮ ਦੇ ਜ਼ੋਰ ਅਪਣਾ ਗੁਲਾਮ ਬਣਾਈ ਰਖਣ ਦੇ ਜਤਨ ਵਾਲੀ ਇਸਤ੍ਰੀ ਅਪਣੀ ਭਾਰੀ ਖ਼ੁਦਗਰਜੀ ਵਿਚ ਹੈ, ਓਹ ਪੁਰਖ ਨੂੰ ਭਲੇ ਪਾਸੇ ਨਹੀਂ ਲਗਣ ਦੇਂਦੀ। ਇਸ ਕਰਕੇ ਇਸ ਸਲੋਕ ਵਿਚ ਵਰਜਿਆ ਹੈ। ਨੇਕ,ਸਤਵੰਤੀ, ਪਤੀ ਦੇ ਭਲੇ ਵਿਚ ਰਾਜ਼ੀ, ਭਲੇ ਪਾਸੇ ਟੁਰਨ ਤੇ ਪਤੀ ਨੂੰ ਸਾਈਂ ਵਿਚ ਲਗਣੇ ਦੀ ਸਹਾਯਤਾ ਕਰਨ ਵਾਲੀ ਇਸਤ੍ਰੀ ਨੂੰ ਏਥੇ ਨਹੀਂ ਲਿਆ। ਸੁਮੱਤਿ ਇਹ ਦਿੱਤੀ ਹੈ ਕਿ ਸਤਿਗੁਰੂ ਤੇ ਕਾਮ ਪਰਾਇਣ ਇਸਤ੍ਰੀ ਵਿਚੋਂ ਸਤਿਗੁਰ ਦੇ ਆਖੇ ਲਗੋ, ਓਹ ਜਨਮ ਮਰਨ ਕਟੇਗਾ, ਮੁਕਤ ਪਦਾਰਥ ਦਏਗਾ, ਪਰ ਓਹ ਸਦਾ ਦੇ ਆਵਾ ਗਵਨ ਦੇ ਚਕ੍ਰ ਵਿਚ ਫਸਾਈ ਰਖੇਗੀ। ਕਿਉਂਕਿ ਇਕ ਤਾਂ ਉਹ ਕਾਮ ਦੇ ਵਿਕਾਰ ਵਿਚ ਹਦੋਂ ਵੱਧ ਗ਼ਰਕ ਰਖਦੀ ਹੈ, ਦੂਜੇ ਸਤਿਗੁਰੂ ਦੀ ਗੁਰਮਤਿ ਉਤੇ ਟੁਰਨੋਂ ਵਰਜਦੀ ਹੈ। ਅੰਤ ਦੀਆਂ ਦੋ ਤੁਕਾਂ ਵਿਚ ਅਪਣੀ ਉਚ ਦ੍ਰਿਸ਼ਟੀ ਨੂੰ

ਲਿਆ ਹੈ ਕਿ ਅਸੀਂ ਉਪਦੇਸ਼ ਦੇਣੇ ਨਮਿਤ ਯਥਾਰਥ ਵਾਕ ਜੀਵਾਂ ਦੇ ਭਲੇ ਲਈ ਆਖੇ ਹਨ। ਜਦ ਅਸੀਂ ਬ੍ਰਹਮ ਦ੍ਰਿਸ਼ਟੀ ਨਾਲ ਦੇਖੀਏ ਤਾਂ ਜਗਤ ਕਰਤੇ ਪੁਰਖ ਦਾ ਖੇਲ ਹੈ, ਇਸ ਵਿਚ ਸਭ ਕੋਈ ਆਪੇ ਆਪਣੀ ਖੇਲ ਕਰ ਰਿਹਾ ਹੈ, ਕਿਸੇ ਨੂੰ ਨਿੰਦਾ ਉਸਤੁਤਿ ਦੇ ਨੁਕਤੇ ਤੋਂ ਅਸੀਂ ਮਾੜਾ ਨਹੀਂ ਆਖਦੇ। ਉਸ ਦਾ ਸਭ ਖੇਲ ਹੈ, ਮਾੜਾ ਕਿਸ ਨੂੰ ਕਹੀਏ*।

**ਨਿਰਕ੍ਰ**–ਕਿਰਸਾਣੀ–[ਸੰਸ, ਕ੍ਰਿਖਿ:] ਖੇਤੀ ਦਾ ਕੰਮ। ਖੇਤੀ ਦੇ ਕਮਾਮ ਵਿਚ।

ਜਮਾਈਅਨੁ–ਜਮਾ ਲਿਆ ਹੈ, ਉਗਾ ਲਿਆ ਹੈ।

ਮਨਮੁਖੀ–ਮਨਮੁਖਾਂ ਨੇ। ਕਿਰਸ–ਖੇਤੀ, ਖੇਤੀ ਨੂੰ।

ਕੂਰਕਦਾ–ਕੁੜਕਾਉਂਦਾ ਹੈ, ਕੁਤਰਦਾ ਹੈ।

ਬੋਹਲ–[ਸੰਸ:, ਧਾ:–ਬਲ੍=ਅਨਾਜ ਇਕੱਠਾ ਕਰਨਾ। ਬਲਜੰ=ਖੇਤ, ਅਨਾਜ ਦਾ ਢੇਰ।] ਤੂੜੀ ਤੋਂ ਵਖਰੇ ਕੀਤੇ ਅੰਨ ਦੇ ਦਾਣਿਆਂ ਦਾ ਵਡਾ ਸਾਰਾ ਢੇਰ।

ਕਾੜਾ–[ਦੇਖੋ ਪੰਨਾ ੧੬੨੨] ਝੋਰਾ। ਅੰਦੇਸਾ–[ਫਾ:, ਅੰਦੇਸ਼ਹ] ਤੌਖਲਾ, ਫਿਕਰ।

ਅਟਿਆ–ਨਕਾ ਨਕ ਭਰਿਆ। ਊਘੈ–ਊਂਘਾਂ ਵਿਚ, ਨੀਂਦ ਵਿਚ।

ਨਵੇ ਸੋਤ–[ਸੰਸ:, ਨਵ+ਸ੍ਰੋਤ: (=ਗਿਆਨ ਇੰਦ੍ਰੀ ਜਾਂ ਕਰਮ ਇੰਦ੍ਰੀ) ] ਨੌਂ ਸੋਮੇ। ਨੌਂ ਦਰਵਾਜੇ ਸਰੀਰ ਦੇ, ਨੌਂ ਗੋਲਕਾਂ, ਅੱਖਾਂ, ਨਾਸਾਂ, ਮੂੰਹ ਆਦਿ।

ਜੋਰਾ–[ਹਿੰਦੀ, ਜੋਰੂ] ਇਸਤ੍ਰੀ। ਵਹੁਟੀ।

ਅਮੇਧ–[ਸੰਸ:, ਅਮੇਧ੍ਯ:†] ਅਪਵਿਤ੍ਰ, ਗੰਦੇ, ਮੈਲੇ।

ਖਲਾ–[ਸੰਸ:, ਖਲ:=ਦੁਸ਼ਟ ਆਦਮੀ ] ਮੂਰਖ।

ਖਿਲਾ– ਖੇਲਦਾ ਹੈ। ਬਣੀਐ–ਬਣੀਦਾ ਹੈ।

ਕਚੁ ਪਿਚੁ–[ਪੰਜਾ:,] ਕੱਚਾ ਪਿੱਲਾ। ਫਜ਼ੂਲ ਜੇਹੇ ਵਾਕ। ਬਣਾਵਟੀ ਗੱਲਾਂ।

ਕੜੀਐ–ਸੰਤਪਤ ਹੁੰਦੇ ਹਨ। ਦੁਖੀ ਹੁੰਦੇ ਹਨ।

## [ਪਉੜੀ ਦਸਵੀਂ]

| ਮੂਲ | ਅਰਥ |
|---|---|
| ਸਲੋਕ ਮਃ ੪ ॥ ਸਤਿਗੁਰ ਕੀ ਸੇਵਾ ਨਿਰਮਲੀ ਨਿਰਮਲ ਜਨੁ ਹੋਇ ਸੁ ਸੇਵਾ ਘਾਲੇ॥ਜਿਨ ਅੰਦਰਿ ਕਪਟੁ ਵਿਕਾਰੁ ਝੂਠੁ ਓਇ ਆਪੇ | ਸਤਿਗੁਰੂ ਦੀ ਸੇਵਾ ਨਿਰਮਲ (ਵਸਤੂ ਹੈ, ਉਸਦੀ) ਸੇਵਾ ਉਹੀ ਪੁਰਖ ਕਰ ਸਕਦਾ ਹੈ (ਜੋ ਅਪਣੇ ਸੇਵਾ ਭਾਵ ਵਿਚ) ਨਿਰਮਲ ਹੋਵੇ‡। (ਪਰ) ਜਿਨ੍ਹਾਂ ਦੇ ਅੰਦਰ ਕਪਟ ਹੈ, ਝੂਠ ਹੈ ਤੇ ਵਿਕਾਰ ਹੈ, ਓਹ ਨੇਕੀ ਤੋਂ ਹੀਣੇ ਸੱਚੇ (ਵਾਹਿਗੁਰੂ ਨੇ) ਵੱਖ ਕਰਕੇ ਅਲਗ ਕਰ ਦਿੱਤੇ ਹਨ (ਭਾਵ ਓਹ ਸੇਵਾ ਵਿੱਚੋਂ |

*ਜੈਸਾ ਕਿ ਪੰਚਮ ਗੁਰੂ ਜੀ ਨੇ ਫੁਰਮਾਇਆ ਹੈ:–

ਤਿਸਕੈ ਭਾਣੈ ਕੋਇ ਨ ਭੂਲਾ ਜਿਨਿ ਸਗਲੋ ਬ੍ਰਹਮੁ ਪਛਾਤਾ ॥ [ਸੋਰਠਿ ਮਹਲਾ ੫–੬

†ਜੋ ਯਗਜ਼ ਵਿਚ ਬਲੀ ਦੇ ਯੋਗ ਨਾ ਹੋਵੇ। 'ਮੇਧਾ ਰਹਤ' ਮੰਨਕੇ ਬੁਧੀ ਹੀਨ ਬੀ ਅਰਥ ਕਰ ਲੈਂਦੇ ਹਨ।

‡ਐਉਂ ਬੀ ਲਾ ਲੈਂਦੇ ਹਨ: ਜੋ ਸੇਵਾ ਕਰਦਾ ਹੈ ਨਿਰਮਲ ਹੋ ਜਾਂਦਾ ਹੈ; ਪਰ ਅਗਲੀਆਂ ਤੁਕਾਂ ਉਪਰਲੇ ਅਰਥ ਨੂੰ ਪ੍ਰਸੰਗਕ ਅਰਥ ਦੱਸਦੀਆਂ ਹਨ।

ਸਚੈ ਵਖਿ ਕਢੇ ਜਜਮਾਲੇ॥ ਸਚਿਆਰ ਸਿਖ ਬਹਿ ਸਤਿਗੁਰ ਪਾਸਿ ਘਾਲਨਿ ਕੂੜਿਆਰ ਨ ਲਭਨੀ ਕਿਤੈ ਥਾਇ ਭਾਲੇ ॥ ਜਿਨਾ ਸਤਿਗੁਰ ਕਾ ਆਖਿਆ ਸੁਖਾਵੈ ਨਾਹੀ ਤਿਨਾ ਮੁਹ ਭਲੇਰੇ ਫਿਰਹਿ ਦਯਿ ਗਾਲੇ॥ ਜਿਨ ਅੰਦਰਿ ਪ੍ਰੀਤਿ ਨਹੀ ਹਰਿ ਕੇਰੀ ਸੇ ਕਿਚਰਕੁ ਵੇਰਾਈਅਨਿ ਮਨਮੁਖ ਬੇਤਾਲੇ॥ ਸਤਿਗੁਰ ਨੋ ਮਿਲੈ ਸੁ ਆਪਣਾ ਮਨੁ ਥਾਇ ਰਖੈ ਓਹੁ ਆਪਿ ਵਰਤੈ ਆਪਣੀ ਵਥੁ ਨਾਲੇ ॥ ਜਨ ਨਾਨਕ ਇਕਨਾ ਗੁਰੁ ਮੇਲਿ ਸੁਖੁ ਦੇਵੈ ਇਕਿ ਆਪੇ ਵਖਿ ਕਢੈ ਠਗਵਾਲੇ ॥੧॥

ਮਃ ੪ ॥ ਜਿਨ੍ਾ ਅੰਦਰਿ ਨਾਮੁ ਨਿਧਾਨੁ ਹਰਿ ਤਿਨ ਕੇ ਕਾਜ ਦਯਿ ਆਦੇ ਰਾਸਿ ॥ ਤਿਨ ਚੂਕੀ ਮੁਹਤਾਜੀ ਲੋਕਨ ਕੀ ਹਰਿ ਪ੍ਰਭੁ ਅੰਗੁ ਕਰਿ ਬੈਠਾ ਪਾਸਿ ॥ ਜਾਂ ਕਰਤਾ ਵਲਿ ਤਾ ਸਭੁ ਕੋ ਵਲਿ ਸਭਿ ਦਰਸਨੁ ਦੇਖਿ ਕਰਹਿ ਸਾਬਾਸਿ ॥ ਸ਼ਾਹੁ ਪਾਤਿਸਾਹੁ ਸਭੁ ਹਰਿ ਕਾ ਕੀਆ ਸਭਿ ਜਨ ਕਉ ਆਇ ਕਰਹਿ ਰਹਰਾਸਿ ॥ ਗੁਰ ਪੂਰੇ ਕੀ ਵਡੀ ਵਡਿਆਈ ਹਰਿ ਵਡਾ ਸੇਵਿ ਅਤੁਲੁ ਸੁਖੁ ਪਾਇਆ ॥ ਗੁਰਿ ਪੂਰੈ ਦਾਨੁ ਦੀਆ ਹਰਿ ਨਿਹਚਲੁ ਨਿਤ ਬਖਸੇ ਚੜੈ ਸਵਾਇਆ ॥ ਕੋਈ ਨਿੰਦਕੁ ਵਡਿਆਈ ਦੇਖਿ ਨ ਸਕੈ

ਅਲਗ ਹੋ ਜਾਂਦੇ ਹਨ ਨਿਭਦੇ ਨਹੀਂ, ਵਾਹਿਗੁਰੂ ਆਪ ਉਨ੍ਹਾਂ ਨੂੰ ਕੱਢ ਦੇਂਦਾ ਹੈ, ਪਰ ਜੋ) ਸੱਚ ਨੂੰ ਧਾਰਨ ਕਰਨ ਵਾਲੇ ਸਿਖ ਹਨ ਓਹ) ਸਤਿਗੁਰੂ ਦੇ ਕੋਲ ਰਹਿਕੇ ਘਾਲ ਕਰਦੇ ਹਨ (ਓਥੇ) ਕੂੜੇ ਪੁਰਖ ਕਿਤੇ ਢੂੰਡੇ ਨਹੀਂ ਲੱਭਦੇ। ਜਿਨ੍ਹਾਂ ਨੂੰ ਸਤਿਗੁਰੂ ਦਾ ਆਖਿਆ ਸੁਖਾਉਂਦਾ ਨਹੀਂ ਉਨ੍ਹਾਂ ਦੇ ਮੂੰਹ ਭੈੜੇ ਹਨ,* (ਉਹ) ਰੱਬ ਵਲੋਂ ਗਾਲੇ ਹੋਏ ਫਿਰਦੇ ਹਨ। ਜਿਨ੍ਹਾਂ ਦੇ ਅੰਦਰ ਵਾਹਿਗੁਰੂ ਦਾ ਪ੍ਰੇਮ ਨਹੀਂ ਹੈ ਓਹ ਕਿੰਨਾ ਕੁ ਚਿਰ ਵਿਲਾਏ (ਪਰਚਾਏ) ਜਾ ਸਕਦੇ ਹਨ, ਓਹ ਮਨਮੁਖ ਭੂਤਨੇ (ਵਤ ਭਟਕਣਾ ਵਿਚ ਰਹਿੰਦੇ ਹਨ। ਪਰ ਜੋ ਸਤਿਗੁਰੂ ਨੂੰ ਮਿਲ ਪੈਂਦਾ ਹੈ ਉਹ ਅਪਣਾ ਮਨ ਟਿਕਾਣੇ ਰੱਖਦਾ ਹੈ (ਭਾਵ ਨਿਸਚੇ ਵਿਚ ਰਹਿੰਦਾ ਹੈ ਤੇ) ਓਹ ਅਪਣੀ (ਨਾਮ ਰੂਪੀ) ਵਸਤੂ ਨੂੰ (ਅਪਣੇ) ਨਾਲ (ਸੰਭਾਲ ਰਖਦਾ ਹੈ) ਤੇ ਆਪ ਵਿਚ ਵਰਤਦਾ ਹੈ (ਭਾਵ ਆਤਮ ਆਨੰਦ ਵਿਚ ਰਹਿੰਦਾ ਹੈ)। ਦਾਸ ਨਾਨਕ (ਆਖਦਾ ਹੈ ਕਿ) ਇਕਨਾ ਨੂੰ ਗੁਰੂ (ਅਪਣੇ ਨਾਲ) ਮੇਲਕੇ ਸੁਖ ਦੇਂਦਾ ਹੈ, ਇਕਨਾ ਠੱਗੀ ਵਾਲਿਆਂ ਨੂੰ ਆਪੇ ਵੱਖ ਕਰਕੇ ਕੱਢ ਦੇਂਦਾ ਹੈ ॥ ੧ ॥

ਜਿਨ੍ਹਾਂ ਦੇ ਅੰਦਰ ਹਰੀ (ਨਾਮ) ਰੂਪੀ ਖ਼ਜ਼ਾਨਾ (ਹੁੰਦਾ) ਹੈ ਉਨ੍ਹਾਂ ਦੇ ਕਾਰਜ ਪਰਮੇਸ਼ਰ ਆਪ ਰਾਸ ਕਰ ਦੇਂਦਾ ਹੈ। ਉਨ੍ਹਾਂ ਨੂੰ ਲੋਕਾਂ ਦੀ ਮੁਥਾਜੀ ਚੁੱਕ ਜਾਂਦੀ ਹੈ, ਹਰੀ ਪ੍ਰਭੂ ਉਨ੍ਹਾਂ ਦਾ ਪੱਖ ਕਰਕੇ (ਉਨ੍ਹਾਂ ਦੇ) ਪਾਸ ਬੈਠਾ ਹੁੰਦਾ ਹੈ (ਭਾਵ ਅੰਗ ਸੰਗ ਰਹਿੰਦਾ ਹੈ)। ਜਦੋਂ ਕਰਤਾਰ ਵਲ ਹੋਵੇ (ਭਾਵ ਪੱਖ ਕਰਨੇ ਵਾਲਾ ਹੋਵੇ) ਤਦ ਸਭ ਕੋਈ (ਉਸਦੇ) ਵੱਲ ਹੋ ਜਾਂਦਾ ਹੈ, ਸਾਰੇ ਦਰਸ਼ਨ ਵੇਖਦੇ ਹੀ (ਉਸ ਨੂੰ) ਸ਼ਾਬਾਸ਼ (ਸ਼ਾਬਾਸ਼) ਕਰਨ ਲੱਗ ਪੈਂਦੇ ਹਨ। ਕੀ ਸ਼ਾਹ ਤੇ ਕੀ ਪਾਤਸ਼ਾਹ ਸਭ ਵਾਹਿਗੁਰੂ ਦੇ ਬਣਾਏ ਹੋਏ ਹੁੰਦੇ ਹਨ, (ਇਸ ਕਰਕੇ) ਸਾਰੇ ਆ ਕੇ ਉਸ ਦਾਸ ਅੱਗੇ ਜੁਹਾਰ ਕਰਦੇ ਹਨ । ਸੋ ਵੱਡੀ ਵਡਿਆਈ ਪੂਰੇ ਗੁਰੂ ਦੀ ਹੈ (ਜਿਸਦੀ ਤੁਫੈਲ ਅਸਾਂ ਨੇ) ਅਤੋਲਵਾਂ ਸੁਖ ਸਭ ਤੋਂ ਵੱਡੇ ਹਰੀ ਨੂੰ ਸੇਵ ਕੇ ਪਾਇਆ ਹੈ, ਪੂਰੇ ਗੁਰੂ ਨੇ ਸਦਾ ਥਿਰ ਦਾਨ ਹਰੀ (ਦਾ ਨਾਮ) ਦਿਤਾ (ਉਹ ਦਾਨ ਹੋਰਨਾ ਨੂੰ) ਬਖਸ਼ਦਿਆਂ ਹੋਇਆਂ (ਘਟਦਾ ਨਹੀਂ ਸਗੋਂ) ਸਦਾ ਵਧਦਾ ਹੈ। ਜੇ ਕੋਈ ਨਿੰਦਕ (ਉਸ ਗੁਰਮੁਖ ਦੀ) ਵਡਿਆਈ ਵੇਖ ਨਹੀਂ ਸਕਦਾ (ਭਾਵ ਵੇਖਕੇ ਸੜਦਾ ਹੈ) ਉਹ (ਜਾਣੋ) ਕਰਤਾਰ ਨੇ ਆਪ ਨਾਸ਼ ਕਰ ਦਿੱਤਾ ਹੈ।

*ਭਲੇਰੇ ਦਾ ਅਰਥ ਉਲਟ ਲਗਦਾ ਹੈ: ਮੰਦੇ, ਭੈੜੇ, ਜਿਵੇਂ ਕਹੀਦਾ ਹੈ, 'ਕੱਲ ਮੁੱਖ ਆਉਣਾ' ਭਾਵ ਨਾ ਆਉਣਾ। ਉਂਞ ਸਿਧਾ ਅਰਥ ਬੀ ਲਗਦਾ ਹੈ: ਉਨ੍ਹਾਂ ਦੇ ਮੂੰਹ ਭਾਵੇਂ ਚੰਗੇ (ਬਣੇ ਹੋਏ ਹੋਣ ਵਿਚੋਂ ਉਹ) ਰਬ ਦੇ ਗਾਲੇ ਹੋਏ ਹੁੰਦੇ ਹਨ।

ਸੋ ਕਰਤੈ ਆਪਿ ਪਚਾਇਆ ॥ ਜਨੁ ਨਾਨਕੁ ਗੁਣਬੋਲੈ ਕਰਤੇ ਕੇ ਭਗਤਾ ਨੋ ਸਦਾ ਰਖਦਾ ਆਇਆ ॥੨॥

ਨਾਨਕ ਦਾਸ ਕਰਤਾਰ ਦੇ ਗੁਣ ਉਚਾਰ ਰਿਹਾ ਹੈ (ਤੇ ਦੱਸਦਾ ਹੈ ਕਿ ਓਹ ਅਪਣਿਆਂ) ਭਗਤਾਂ ਦੀ ਸਦਾ ਰਖਯਾ ਕਰਦਾ ਆਇਆ ਹੈ ॥ ੨ ॥

ਪਉੜੀ ॥ ਤੂ ਸਾਹਿਬੁ ਅਗਮ ਦਇਆਲੁ ਹੈ ਵਡ ਦਾਤਾ ਦਾਣਾ॥ ਤੁਧੁ ਜੇਵਡੁ ਮੈ ਹੋਰੁ ਕੋ ਦਿਸਿ ਨ ਆਵਈ ਤੂ ਹੈਂ ਸੁਘੜੁ ਮੇਰੈ ਮਨਿ ਭਾਣਾ॥ ਮੋਹੁ ਕੁਟੰਬੁ ਦਿਸਿਆਵਦਾ ਸਭੁ ਚਲਣਹਾਰਾ ਆਵਣ ਜਾਣਾ॥

[ਪਉੜੀ ਵਿਚ ਅਰਦਾਸ ਹੈ] (ਹੇ ਵਾਹਿਗੁਰੂ!) ਤੂੰ (ਸਭ ਕੁਛ ਦਾ) ਮਾਲਕ ਹੈਂ, ਜੀਵਾਂ ਦੇ ਗਯਾਨ ਗੰਮਤਾ ਤੋਂ ਪਰੇ ਹੈਂ, ਦਿਆਲੂ ਹੈਂ (ਪਰ ਤਨੂੰ ਅਸਾਂ) ਵੱਡਾ ਦਾਤਾ ਜਾਣਿਆ ਹੈ। ਤੇਰੇ ਜੇਡਾ ਵੱਡਾ ਮੈਨੂੰ ਹੋਰ ਕੋਈ ਨਹੀਂ ਦਿੱਸਦਾ ਤੂੰ (ਹਰ ਗੱਲੇ) ਪ੍ਰਬੀਨ ਹੈਂ (ਤੂੰ ਹੀ) ਮੇਰੇ ਮਨ ਨੂੰ ਪਿਆਰਾ ਲੱਗ ਰਿਹਾ ਹੈਂ। (ਹੋਰ ਕੁਛ ਨਹੀਂ ਭਾਉਂਦਾ ਇਸ ਕਰਕੇ ਕਿ ਇਹ ਜੋ ਕੁਟੰਬ (ਆਦਿ ਪਜਾਰ ਦਾ ਅਵਿਲੰਬ) ਦਿਸਦਾ ਹੈ ਸਾਰਾ ਚੱਲਣਹਾਰ ਹੈ (ਇਸ ਨਾਲ ਜੋ) ਮੋਹ ਹੈ(ਉਹ ਸਾਰਾ) ਆਵਣ ਜਾਣਾ (ਭਾਵ ਜਨਮ ਮਰਨ ਵਿਚ ਪਾਈ ਰੱਖਣ ਵਾਲਾ) ਹੈ।

ਜੋ ਬਿਨੁ ਸਚੇ ਹੋਰਤੁ ਚਿਤੁ ਲਾਇਦੇ ਸੇ ਕੂੜਿਆਰ ਕੂੜਾ ਤਿਨ ਮਾਣਾ ॥ ਨਾਨਕ ਸਚੁ ਧਿਆਇ ਤੂ ਬਿਨੁ ਸਚੇ ਪਚਿਪਚਿ ਮੁਏਅਜਾਣਾ॥੧੦॥

(ਇਸ ਕਰਕੇ) ਜੋ (ਲੋਕ) ਸੱਚੇ (ਵਾਹਿਗੁਰੂ ਤੋਂ) ਬਿਨਾ ਹੋਰ ਕਿਸੇ ਗੱਲ ਵਿਚ ਚਿੱਤ ਲਾਉਂਦੇ ਹਨ, ਓਹ ਕੂੜਿਆਰ ਹਨ ਤੇ ਉਨ੍ਹਾਂ ਦਾ (ਸਾਰਾ) ਮਾਣ ਝੂਠਾ ਹੁੰਦਾ ਹੈ। ਹੇ ਨਾਨਕ! ਤੂੰ ਸਤਯ ਸਰੂਪ (ਵਾਹਿਗੁਰੂ) ਨੂੰ ਸਿਮਰ (ਕਿਉਂਕਿ) ਸੱਚੇ (ਵਾਹਿਗੁਰੂ ਨੂੰ ਧਿਆਏ) ਬਿਨਾ ਮੂਰਖ ਲੋਕ ਸੜਦੇ ਕੁੜ੍ਹਦੇ ਮਰਦੇ ਹਨ ॥ ੧੦ ॥

**ਵਯਾਖਯਾ**—ਇਸ ਪਉੜੀ ਵਿਚ ਅਰਦਾਸ ਹੈ, ਸਨਮੁਖ ਉਸਤੁਤੀ ਦੇ ਰੂਪ ਵਿਚ। ਦੱਸਿਆ ਹੈ ਕਿ ਮੋਹ ਤੇ ਮੋਹ ਦੇ ਅਵਿਲੰਬ ਅਪਣੇ ਟੁਟੰਬੀ ਸਭ ਚੱਲਣਹਾਰ ਹਨ ਤੇ ਕਾਰਣ ਹਨ ਮੋਹ ਕਰਨ ਵਾਲ ਨੂੰ ਆਵਾ ਗਵਨ ਵਿਚ ਰਖਣ ਦੇ। ਇਸ ਲਈ ਹੇ ਸਚੇ ਵਾਹਿਗੁਰੂ! ਅਸਾਂ ਤੇਰੇ ਨਾਲ ਪਿਆਰ ਪਾਇਆ ਹੈ ਜੋ ਸਦਾ ਥਿਰ ਹੈ ਤੇ ਜਿਸ ਦਾ ਮੋਹ ਪਜਾਰ ਸਦਾ ਥਿਰ ਦੇ ਪਾਸ ਰਖਦਾ ਹੈ। ਭਾਵ ਅਮਰ ਕਰ ਦੇਂਦਾ ਹੈ।

ਹੁਣ ਦੋ ਸਲੋਕਾਂ ਦੇ ਭਾਵ ਐਉਂ ਜੁੜਦੇ ਹਨ ਕਿ ਪਹਿਲੇ ਸਲੋਕ ਵਿਚ ਉਨ੍ਹਾਂ ਦਾ ਜ਼ਿਕਰ ਹੈ ਜੋ ਕੂੜਿਆਰ ਤੇ ਕੂੜੇ ਮਾਣ ਵਾਲੇ ਹਨ। ਪਰ ਏਹ ਗਾਫਲ ਕੂੜਿਆਰ ਨਹੀਂ, ਏਹ ਸਤਿਗੁਰੂ ਨੂੰ ਮਿਲੇ ਹਨ, ਪਰੰਤੂ ਕਪਟ ਨਾਲ ਮਿਲੇ ਹਨ। ਇਸ ਸ਼ਲੋਕ ਵਿਚ ਪਦ ਕੂੜਿਆਰ ਵਰਤਿਆ ਹੋਇਆ ਹੈ, ਦੱਸਿਆ ਹੈ ਕਿ ਜੋ ਸਤਿਗੁਰੂ ਸ਼ਰਣ ਆਵੇ ਨਿਰਮਲ ਚਿਤ ਨਾਲ ਆਵੇ ਤੇ ਸੇਵਾ ਕਰੇ ਸੋ ਸਫਲ ਹੁੰਦਾ ਹੈ। ਜੋ ਕਪਟ ਨਾਲ ਆਉਂਦੇ ਹਨ, ਓਹ ਬਹੁਤ ਚਿਰ ਭੁਲੇਵਾ ਨਹੀਂ ਦੇ ਸਕਦੇ, ਓਹ ਉੱਘੜ ਜਾਂਦੇ ਹਨ ਤੇ ਵੱਖਰੇ ਹੋ ਜਾਂਦੇ ਹਨ ਯਾ ਵੱਖਰੇ ਕੀਤੇ ਜਾਂਦੇ ਹਨ।

ਦੂਜੇ ਸਲੋਕ ਵਿਚ ਉਨ੍ਹਾਂ ਦਾ ਹਾਲ ਹੈ ਜੋ ਨਿਰਮਲ ਚਿਤ ਨਾਲ ਸਤਿਗੁਰੂ ਦੀ ਸੇਵਾ ਕਰਦੇ ਹਨ, ਉਨ੍ਹਾਂ ਦੇ ਅੰਦਰ ਨਾਮ ਦਾ ਖ਼ਜ਼ਾਨਾ ਭਰਪੂਰ ਹੋ ਜਾਂਦਾ ਹੈ, ਫੇਰ ਉਨ੍ਹਾਂ ਦੇ ਸਾਰੇ ਕਾਰਜ ਸਉਰਦੇ ਜਾਂਦੇ ਹਨ। ਕਿਉਂਕਿ ਵਾਹਿਗੁਰੂ ਉਨ੍ਹਾਂ ਦਾ ਸਹਾਈ ਹੋ ਜਾਂਦਾ ਹੈ। ਸਭ ਕੁਛ ਸਾਈਂ ਦਾ ਹੈ ਸੋ ਸਭ ਕੁਛ ਉਹਨਾਂ ਦੇ ਅਨਕੂਲ ਹੋ ਜਾਂਦਾ ਹੈ। ਫੇਰ ਇਕ ਹੋਰ ਗਲ ਦੱਸੀ ਹੈ ਕਿ ਓਹ ਸੇਵਕ ਫੇਰ ਨਾਮ ਦਾਨ ਦੇਂਦੇ ਹਨ ਤੇ ਉਹਨਾਂ ਦਾ ਨਾਮ ਨਿਖੁਟਦਾ ਨਹੀਂ, ਕਿਉਂਕਿ ਸਿਰ ਤੇ ਅਮੁੱਕ ਦਾਤਾਰ ਬੈਠਾ ਹੁੰਦਾ ਹੈ। ਤੇ ਸਾਰੀ ਗਲ ਦੱਸਦੇ ਹਨ ਕਿ ਐਸੇ ਪੁਰਖਾਂ ਦਾ ਮਾਨ ਆਦਿ ਦੇਖਕੇ

ਦੀਰਘਾਲੂ ਪੈਦਾ ਹੋ ਜਾਂਦੇ ਹਨ। ਇਥੇ ਫੇਰ ਹੋਰ ਇਕ ਪਰਮਾਰਥਿਕ ਅਸੂਲ ਦੱਸਦੇ ਹਨ ਕਿ ਉਹਨਾਂ ਨੂੰ ਚਿੰਤਾ ਨਹੀਂ ਚਾਹੀਦੀ, ਵਾਹਿਗੁਰੂ ਉਨ੍ਹਾਂ ਦਾ ਆਪ ਰਖਵਾਲਾ ਹੁੰਦਾ ਹੈ। ਇਹ ਉਸ ਦੇ ਸਰਬ ਗੁਣਾਂ ਵਿਚੋਂ ਇਕ ਵਿਸ਼ੇਸ਼ ਗੁਣ ਹੈ।

**ਨਿਰੁਕ੍ਤ**—ਘਾਲੇ–ਕਰੇ। ਕਰਦਾ ਹੈ (ਦੇਖੋ ਪੰਨਾ ੧੬੨੯)।

ਜਜਮ ਲੇ–[ਅ:, ਜਜ਼ਮ=ਕੱਟਣਾ। ਇਕ ਨਿਸ਼ਾਨ ਜੋ ਸਾਕਨ ਪਦਾਂ ਤੇ ਲੱਗਦਾ ਹੈ] ਵੱਖ ਕੀਤੇ ਗਏ, ਕੱਟੇ ਗਏ। ਜਿਨ੍ਹਾਂ ਤੇ ਨਿਸ਼ਾਨ ਕੀਤਾ ਗਿਆ ਹੈ ਕਿ ਏਹ ਰੱਦ ਕਰ ਦਿਤੇ ਗਏ ਹਨ। (ਅ) [ਅ:, ਜੁਜ਼ਿਮ=ਕੋੜ ਦੇ ਰੋਗ ਵਾਲਾ, ਕੋੜ੍ਹੀ] ਕੋੜ੍ਹੀ ਲੋਕ ਵੱਖਰੇ ਰਖੇ ਜਾਂਦੇ ਹਨ, ਪਰ ਇਸਪਦ ਦਾ ਪਾਠ ਜੁਜ਼ਿਮ ਹੈ, ਜਜਮ ਨਹੀਂ।

ਘਾਲਨਿ–ਘਾਲ ਕਰਦੇ ਹਨ। ਕਮਾਈ ਕਰਦੇ ਹਨ। (ਦੇਖੋ ਪੰਨਾ ੧੬੨੯)।

ਭਲੇਰੇ–ਭਲੇਰੇ ਦਾ ਅਰਥ ਚੰਗੇ ਹੈ, ਪਰ ਏਥੇ 'ਮਾੜੇ' ਅਰਥ ਹੈ। ਕਦੇ 'ਵਿਧੀ' ਪਦ ਬੋਲਕੇ ਅਰਥ 'ਨਿਖੇਧੀ' ਲਈਦਾ ਹੈ, ਜਿਵੇਂ ਆਖੀਦਾ ਹੈ, 'ਕੱਲ ਤੁਸਾਂ ਸੱਖ ਆਉਣਾ'। ਮਤਲਬ ਹੁੰਦਾ ਹੈ ਨਾ ਆਉਣਾ। ਏਸੇ ਤਰ੍ਹਾਂ ਮੰਦੇਰੇ ਨੂੰ ਭਲੇਰੇ ਕਿਹਾ ਹੈ। ਪੰਚਮ ਸਤਿਗੁਰਾਂ ਨੇ ਬੀ ਇਹ ਪਦ ਐਉਂ ਹੀ ਵਰਤਿਆ ਹੈ:- ਕਰਤਬ ਕਰਹਿ ਭਲੇਰਿਆ ਮਦਿ ਮਾਇਆ ਸੁਤੇ ॥

[ਗਉੜੀ ਵਾਰ ਮਹਲਾ ੫–੧੨

ਦਯਿ–ਵਾਹਿਗੁਰੂ ਨੇ। ਵੇਰਾਈਅਨਿ–[ਸੰਸ:, ਵਿਰਮਨ੍=ਠਹਿਰਨਾ, ਖਲੋਣਾ, ਆਰਾਮ ਦੀ ਹਾਲਤ] ਵਿਲਾਏ ਜਾ ਸਕਦੇ ਹਨ। ਪਰਚਾਏ ਜਾ ਸਕਦੇ ਹਨ।

ਬੇਤਾਲੇ–[ਸੰਸ:, ਵੇਤਾਲ:=ਭੂਤ ਦੀ ਜੂਨ] ਭੂਤਨੇ।

ਨਾਲੇ–ਨਾਲ, ਸਾਥ। ਭਾਵ ਹੈ ਆਪਣੇ ਪਾਸ ਨਾਮ ਰੂਪੀ ਧਾਤੂ ਸੰਭਾਲੀ ਰਖਦਾ ਹੈ ਤੇ ਵਰਤਦਾ ਹੈ।

ਠਗਵਾਲੇ–[ਸੰਸ:, ਸ੍ਥਗ:=ਗੁੰਡਾ, ਬਦਮਾਸ਼, ਠੱਗ] ਠਗਣ ਵਾਲੇ, ਠੱਗ।

ਸਬਾਸਿ–[ਫਾ:, ਸ਼ਾਦ ਬਾਸ਼=ਖੁਸ਼ ਰਹੋ] ਚੰਗੇ ਕੰਮ ਤੇ ਤਾਰੀਫ ਹੋਣੀ। ਏਥੇ ਭਾਵ ਹੈ ਕਿ ਸਭ ਕੋਈ ਮਹਿਮਾ ਕਰਦਾ ਹੈ।

ਰਹਰਾਸਿ–[ਫਾ:, ਰਾਹੇ ਰਾਸਤ=ਸਿੱਧਾ ਰਸਤਾ] ਗੁਰਬਾਣੀ ਵਿਚ ਇਸ ਪਦ ਦੇ ਅਰਥ ਹਨ: ਅਰਦਾਸ,ਬੇਨਤੀ, ਨਮਸਕਾਰ,ਮਰਯਾਦਾ। ਇਸ ਥਾਵੇਂ ਇਸ ਪਦ ਦੇ ਅਰਥ ਹਨ ਨਮਸਕਾਰ, ਜੁਹਾਰ।

## [ਪਉੜੀ ਗਿਆਰਵੀਂ]

| ਮੂਲ | ਅਰਥ |
|---|---|
| ਸਲੋਕ ਮ: ੪ ॥ ਅਗੋ ਦੇ ਸਤ ਭਾਉ ਨ ਦਿਚੈ ਪਿਛੋ ਦੇ ਆਖਿਆ ਕੰਮਿ ਨ ਆਵੈ ॥ ਅਧ ਵਿਚਿ ਫਿਰੈ ਮਨਮੁਖੁ ਵੇਚਾਰਾ ਗਲੀ ਕਿਉ ਸੁਖੁ ਪਾਵੈ ॥ ਜਿਸੁ ਅੰਦਰਿ ਪ੍ਰੀਤਿ ਨਹੀ ਸਤਿਗੁਰ ਕੀ ਸੁ ਕੂੜੀ ਆਵੈ ਕੂੜੀ ਜਾਵੈ ॥ ਜੇ ਕ੍ਰਿਪਾ ਕਰੇ ਮੇਰਾ ਹਰਿ | ਪਹਿਲੋਂ ਸੱਚਾ ਪ੍ਰੇਮ (ਜੇ) ਨਾ ਦਿੱਤਾ ਜਾਵੇ (ਤਾਂ) ਪਿਛੋਂ ਦਾ (ਪਜਾਰ ਭਾਵ ਮੂੰਹ ਨਾਲ) ਦੱਸਿਆਂ (ਕਿਸੇ) ਕੰਮ ਨਹੀਂ ਆਉਂਦਾ। ਮਨਮੁਖ ਵਿਚਾਰਾ ਅਧਵਾਟੇ ਪਿਆ (ਰੁਲਦਾ) ਫਿਰਦਾ ਹੈ (ਉਹ) ਗੱਲਾਂ ( ਮਾਤ੍ਰ ) ਨਾਲ ਕੀਕੂੰ ਸੁਖ ਪਾਵੇ ? ਜਿਸਦੇ ਅੰਦਰ ਸਤਿਗੁਰੂ ਦੀ ਪ੍ਰੀਤਿ ਨਹੀਂ ਹੈ, (ਉਸਦਾ ਗੁਰੂ ਦੁਆਰੇ) ਆਉਣਾ ਬੀ ਕੂੜਾ ਹੈ ਤੇ ਜਾਣਾ ਬੀ ਕੂੜਾ ਹੈ। ਜੇ ਮੇਰਾ ਹਰੀ ਪ੍ਰਭੂ (ਜੋ) ਕਰਤਾਰ (ਹੈ) ਕਿਰਪਾ ਕਰੇ ਤਾਂ |

ਪ੍ਰਭੁ ਕਰਤਾ ਤਾਂ ਸਤਿਗੁਰੁ ਪਾਰਬ੍ਰਹਮੁ ਨਦਰੀ ਆਵੈ॥ ਤਾ ਅਪਿਉ ਪੀਵੈ ਸਬਦੁ ਗੁਰ ਕੇਰਾ ਸਭੁ ਕਾੜਾ ਅੰਦੇਸਾ ਭਰਮੁ ਚੁਕਾਵੈ ॥ ਸਦਾ ਅਨੰਦਿ ਰਹੈ ਦਿਨੁ ਰਾਤੀ ਜਨ ਨਾਨਕ ਅਨਦਿਨੁ ਹਰਿ ਗੁਣ ਗਾਵੈ ॥ ੧ ॥

(ਉਸ ਨੂੰ) ਸਤਿਗੁਰੂ ਪਾਰਬ੍ਰਹਮ ਨਦਰ ਆਵੇ । ਤਦ (ਉਹ) ਗੁਰੂ ਦੇ ਸ਼ਬਦ ਦਾ ਅੰਮ੍ਰਿਤ ਪੀਵੇਗਾ (ਫਿਰ) ਉਹ (ਅਪਣਾ) ਸਾਰਾ ਝੋਰਾ, ਫਿਕਰ, ਤੇ ਭਰਮ ਦੂਰ ਕਰ ਲਵੇਗਾ । ਹੇ ਨਾਨਕ! (ਫਿਰ ਉਹ) ਦਿਨੇ ਰਾਤ (ਕੀਹ) ਸਦਾ ਹੀ ਅਨੰਦ ਰਹੇਗਾ ਅਤੇ ਹਰ ਦਿਨ ਹਰੀ ਦੇ ਗੁਣ ਗਾਉਂਦਾ ਰਹੇਗਾ ॥ ੧ ॥

ਮਃ ੪ ॥ ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥ ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ ॥ ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥ ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ॥ ਜਿਸਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥ ਜਨ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ ੨ ॥

ਗੁਰੂ (ਹਾਂ) ਸੱਚੇ ਗੁਰੂ ਦਾ ਜੋ ਸਿੱਖ ਸਦਾਵੇ (ਉਸ ਨੂੰ ਚਾਹੀਦਾ ਹੈ ਕਿ ਹਰ ਰੋਜ਼) ਉਹ ਸਵੇਰੇ ਉਠਕੇ ਹਰੀ ਦਾ ਨਾਮ ਧਿਆਵੇ। (ਉਹ) ਸਵੇਰੇ ਬੜੀ ਤੜਕੇ (=ਅੰਮ੍ਰਿਤ ਵੇਲੇ) ਉੱਦਮ ਕਰੇ (ਭਾਵ ਜਾਗ ਉਠੇ ਤੇ) ਇਸ਼ਨਾਨ ਕਰ ਲਵੇ ਫੇਰ ਅੰਮ੍ਰਿਤ ਦੇ ਸਰੋਵਰ (=ਨਾਮ) ਵਿਚ ਨ੍ਹਾਵੇ । (ਅਰਥਾਤ) ਗੁਰੂ ਦੇ (ਦਿੱਤੇ) ਉਪਦੇਸ਼ (ਨਾਮ ਨੂੰ ਜੋ) ਹਰੀ ਹਰਿ ਦਾ ਜਾਪ ਹੈ ਜਪੇ (ਇਸ ਨਾਲ) ਉਸ ਦੇ ਸਾਰੇ ਪਾਪ (ਤੇ ਘੋਰ) ਪਾਪ ਉਤਰ ਜਾਣਗੇ। ਫੇਰ (ਜਦ) ਦਿਨ ਚੜ੍ਹੇ (ਤਾਂ ਉਹ) ਗੁਰੂ ਕੀ ਬਾਣੀ ਨੂੰ ਗਾਵੇ ਤੇ ਬਹਿੰਦਿਆਂ ਉਠਦਿਆਂ ਹਰੀ ਦਾ ਨਾਮ ਸਿਮਰੇ । (ਗੱਲ ਕੀ ਐਦਾਂ ਜੋ) ਹਰ ਸੁਆਸ ਤੇ ਹਰ ਗਿਰਾਸ (ਲੈਣੇ ਵੇਲੇ) ਮੇਰੇ ਹਰੀ ਹਰਿ (=ਵਾਹਿਗੁਰੂ) ਨੂੰ ਧਿਆਉਂਦਾ ਹੈ, ਉਹ ਗੁਰੂ ਕਾ ਸਿਖ ਗੁਰੂ ਦੇ ਮਨ ਨੂੰ ਭਾਉਂਦਾ ਹੈ । ਜਿਸ ਉਤੇ ਮੇਰਾ ਮਾਲਕ (ਵਾਹਿਗੁਰੂ) ਦਿਆਲ ਹੁੰਦਾ ਹੈ ਉਸ ਗੁਰ ਸਿਖ ਨੂੰ ਗੁਰੂ (ਅਪਣਾ ਇਹ) ਉਪਦੇਸ਼ ਦੇਂਦਾ ਹੈ। ਨਾਨਕ ਦਾਸ ਧੂੜ ਮੰਗਦਾ ਹੈ ਉਸ ਗੁਰੂ ਕੇ ਸਿਖ ਦੀ ਜੋ ਆਪ ਜਪਦਾ ਹੈ ਤੇ ਹੋਰਨਾ ਨੂੰ (ਰੱਬ ਜੀ ਦਾ) ਨਾਮ ਜਪਾਉਂਦਾ ਹੈ ॥ ੨ ॥

ਪਉੜੀ ॥ ਜੋ ਤੁਧੁ ਸਚੁ ਧਿਆਇਦੇ ਸੇ ਵਿਰਲੇ ਥੋੜੇ ॥ ਜੋ ਮਨਿ ਚਿਤਿ ਇਕੁ ਅਰਾਧਿਦੇ ਤਿਨ ਕੀ ਬਰਕਤਿ ਖਾਹਿ ਅਸੰਖ ਕਰੋੜੇ ॥ ਤੁਧਨੋ ਸਭ ਧਿਆਇਦੀ ਸੇ ਥਾਇ ਪਏ ਜੋ ਸਾਹਿਬ ਲੋੜੇ ॥ ਜੋ ਬਿਨੁ ਸਤਿਗੁਰ ਸੇਵੇ ਖਾਦੇ ਪੈਨਦੇ ਸੇ ਮੁਏ ਮਰਿ ਜੰਮੇ ਕੋੜ੍ਹੇ ॥

ਹੇ ਸੱਤਜ ਸਰੂਪ ( ਵਾਹਿਗੁਰੂ ! ) ਉਹ ਵਿਰਲੇ ਹਨ ਤੇ ਥੋਹੜੇ ਹਨ ਜੋ ਤੈਨੂੰ ਸਿਮਰਦੇ ਹਨ । ਜੋ ਮਨ ਕਰਕੇ ਤੇ ਚਿਤ ਕਰਕੇ (ਤੈਂ) ਇਕ ਦੀ ਅਰਾਧਨਾ ਕਰਦੇ ਹਨ ਉਹਨਾਂ ਦੀ ਬਰਕਤ ਕਰਕੇ ਕਰੋੜਾਂ (ਕੀਹ) ਅਣਗਿਣਤ ਲੋਕ ਪਏ ਖਾਂਦੇ ਹਨ । ( ਹੇ ਦਾਤਾ ! ) ਤੈਨੂੰ ਸਾਰੀ ਸ੍ਰਿਸ਼ਟੀ ਧਿਆਉਂਦੀ ਹੈ (ਪਰ) ਤੇਰੇ ਦਰ ਉਹ ਪਰਵਾਨ ਹੁੰਦੇ ਹਨ ਜੋ ਹੇ ਸਾਹਿਬ ! (ਤੈਨੂੰ)ਭਾਏ ਹਨ । ਜੋ ਸਤਿਗੁਰੂ ਨੂੰ ਸੇਵੇ ਬਿਨਾ ਖਾਂਦੇ ਤੇ ਪਹਿਨਦੇ ਹਨ ਉਹ ਮਰ ਮਰਕੇ ਜੰਮਦੇ ਰਹਿੰਦੇ ਹਨ (ਮਾਨੋ) ਕੋਹੜੇ ਹਨ । (ਜਿਨ੍ਹਾਂ ਦਾ ਕਰਮ ਕੋੜ੍ਹ ਦਾ ਵੱਡਾ ਰੋਗ ਕਿਸੇ ਜਨਮ ਦੂਰ

| | |
|---|---|
| ਓਇ ਹਾਜਰੁ ਮਿਠਾ ਬੋਲਦੇ ਬਾਹਰਿ ਵਿਸੁ ਕਢਹਿ ਮੁਖਿ ਘੋਲੇ॥ ਮਨਿ ਖੋਟੇ ਦਯਿ ਵਿਛੋੜੇ ॥੧੧॥ | ਨਹੀਂ ਹੁੰਦਾ)। ਓਹ ਹਾਜ਼ਰ (ਹੋਣ ਅਰਥਾਤ ਮੂੰਹ ਸਾਮਣੇ) ਤਾਂ ਮਿੱਠਾ ਬੋਲਦੇ ਹਨ (ਪਰ ਜਦ) ਬਾਹਰ (ਜਾਂਦੇ ਹਜ਼ੂਰੀ ਤੋਂ ਦੂਰ ਹੋ ਜਾਂਦੇ ਹਨ ਭਾਵ ਪਿੱਠ ਪਿੱਛੇ) ਮੂੰਹ ਵਿਚੋਂ ਜ਼ਹਿਰ ਘੋਲਕੇ ਕੱਢਦੇ ਹਨ (ਭਾਵ ਨਿੰਦਾ ਕਰਦੇ ਹਨ। ਐਸੇ ਲੋਕ) ਮਨੋ ਖੋਟੇ ਹੁੰਦੇ ਹਨ ਤੇ ਰੱਬ ਜੀ ਨੇ (ਅਪਣੇ) ਤੋਂ ਵਿਛੋੜੇ ਹੋਏ ਹੁੰਦੇ ਹਨ ॥ ੧੧ ॥ |

**ਵਯਾਖਯਾ**—ਇਸੇ ਵਾਰ ਦੀ ਤੀਹਵੀਂ ਪਉੜੀ ਵਿਚ ਅੱਗੇ ਇਕ ਸਲੋਕ ਆਵੇਗਾ ਜਿਸ ਵਿਚ ਤਪੇ ਦਾ ਹਾਲ ਹੈ। ਕਈ ਦਾਨਿਆਂ ਦਾ ਖ਼ਯਾਲ ਹੈ ਕਿ ਇਸ ੧੧ਵੀਂ ਪਉੜੀ ਦੇ ਪਹਿਲੇ ਸਲੋਕ ਵਿਚ ਬੀ ਇਸ਼ਾਰਾ ਉਸੇ ਤਪੇ ਵਲ ਹੈ। ਜੇ ਇਹ ਠੀਕ ਸਮਝੀਏ ਤਾਂ ਪਹਿਲੀ ਤੁਕ ਦਾ ਅਰਥ ਭਾਵ ਇਸ ਪ੍ਰਕਾਰ ਲਗਦਾ ਹੈ।

ਪਹਿਲੋਂ ਦੇ (ਸਤਿਗੁਰ ਦੇ ਦਿੱਤੇ ਸੱਦੇ ਨੂੰ) ਸ਼ੁਭ ਭਾਵ ਨਹੀਂ ਦੇਂਦਾ (ਭਾਵ ਸਤਿਕਾਰ ਨਾਲ ਸ੍ਵੀਕਾਰ ਨਹੀਂ ਕਰਦਾ, ਪਿਛੋਂ ਦੀ (ਲੋਕਾ ਪ੍ਰਤੀ) ਆਖਿਆ ਕੰਮ ਨਹੀਂ ਆਉਂਦਾ। (ਹੁਣ) ਮਨਮੁਖ ਵਿਚਾਰਾ ਅਧਵਾਟੇ (ਅਰਥਾਤ ਗਲੀਆਂ ਵਿਚ) ਪਿਆ ਫਿਰਦਾ ਹੈ (ਤੇ ਗੱਲਾਂ ਨਾਲ ਪਤਿਆਉਂਦਾ ਹੈ ਕਿ ਮੈਂ ਸ਼ਰਧਾਵਾਨ ਹਾਂ ਪਰ) ਗੱਲਾਂ ਨਾਲ ਸੁਖ ਕੀਕੂੰ ਪਾਵੇ।

ਪਰ ਤਪੇ ਪਰਥਾਇ ਪੂਰਾ ਸਲੋਕ ਅੱਗੇ ਪਉੜੀ ੩੦ ਵਿਚ ਇਸੇ ਵਾਰ ਵਿਚ ਹੈ। ਇਥੇ ਇਉਂ ਜਾਪਦਾ ਹੈ ਕਿ ਪਹਿਲੇ ਸਲੋਕ ਵਿਚ ਕਿਸੇ ਐਸੇ ਮਨਮੁਖ ਬਾਬਤ ਹੈ ਜੋ ਕੰਡੂ ਪਿਛੇ ਨਿੰਦਿਆ ਕਰਦਾ ਹੈ, ਤੇ ਸਾਹਮਣੇ ਆ ਕੇ ਯਾ ਗ਼ਰਜ਼ ਪੈਣ ਤੇ ਗੱਲਾਂ ਨਾਲ ਪੂਰਾ ਉਤਰਨਾ ਚਾਹੁੰਦਾ ਹੈ ਕਿ ਮੈਂ ਪ੍ਰੇਮੀ ਹਾਂ। ਇਸੇ ਦੇ ਟਾਕਰੇ ਤੇ ਦੂਜੇ ਸਲੋਕ ਵਿਚ ਸੱਚੇ ਗੁਰਸਿਖ ਦੀ ਕਰਣੀ ਤੇ ਰਹਿਣੀ ਰਹਿਤ ਦੱਸੀ ਹੈ। ਇਹ ਦੂਸਰਾ ਸਲੋਕ ਤਦ ਤੋਂ ਗੁਰਸਿਖੀ ਵਿਚ ਨਾਮ ਤੇ ਬਾਣੀ ਦੇ ਅਭਯਾਸ ਲਈ ਗੁਰਸਿਖਾਂ ਵਿਚ ਰਹਿਨੁਮਾਈ ਦਾ ਸਿਤਾਰਾ ਰਿਹਾ ਹੈ, ਇਸ ਸਮੇਂ ਬਹੁਤ ਵੇਰੀ ਛਪਕ ਇਸਦਾ ਪ੍ਰਚਾਰ ਹੋਇਆ ਹੈ।

ਪਹਿਲੇ ਸਲੋਕ ਵਿਚ ਪ੍ਰੇਤ ਹੀਣ ਸਿਖੀ ਦੇ ਕੂੜੇ ਦਾਅਵੇ ਦਾਰ ਨੂੰ ਕੂੜਾ ਦੱਸਕੇ ਦੂਜੇ ਵਿਚ ਉਸ ਸਿਖ ਦਾ ਆਦਰਸ਼ ਤੇ ਉੱਚ ਅਵਸਥਾ ਦੱਸੀ ਹੋਈ ਹੈ, ਜਿਸਦੇ ਅੰਦਰ ਸਚਾ ਪ੍ਰੇਮ ਹੁੰਦਾ ਹੈ, ਅਤੇ ਉਹ ਸਾਧਨਾ ਦੱਸੀ ਜਿਸ ਕਰਕੇ ਕਿ ਸਿਖ ਕਿਸਤਰ੍ਹਾਂ:–

ਸਦਾ ਅਨੰਦਿ ਰਹੈ ਦਿਨੁ ਰਾਤੀ ॥ [ਮਾਝ ਮਃ ੩ ਅਸਟ:–੨੬

ਹੁਣ ਦੋਹਾਂ ਸਲੋਕਾਂ ਦੇ ਭਾਵ ਪਉੜੀ ਨਾਲ ਕੀਕੂੰ ਢੁਕਦੇ ਹਨ? ਇਹ ਵੀਚਾਰ ਕਰਨੀ ਹੈ।

ਪਉੜੀ ਦੀਆਂ ਪਿਛਲੀਆਂ ਦੋ ਤੁਕਾਂ ਵਿਚ ਖੋਟੇ ਮਨਾਂ ਵਾਲੇ ਮੂੰਹ ਤੇ ਮਿੱਠਾਂ ਤੇ ਆਦਰ ਦਾ ਬਚਨ ਆਖਣ ਵਾਲੇ, ਕੰਡੂ ਪਿੱਛੇ, ਅਰਥਾਤ ਬਾਹਰ ਜਨਤਾ ਵਿਚ, ਨਿੰਦਾ ਕਰਨ ਵਾਲੇ ਦਾ ਜ਼ਿਕਰ ਹੈ। ਇਹ ਭਾਵ ਪਹਿਲੇ ਸਲੋਕ ਨਾਲ ਜਾ ਢੁੱਕਿਆ।

ਪਉੜੀ ਦੀਆਂ ਪਹਿਲੀਆਂ ਤ੍ਰੈ ਤੁਕਾਂ ਦਾ ਭਾਵ ਦੂਜੇ ਸਲੋਕ ਨਾਲ ਢੁਕਦਾ ਹੈ। ਸਲੋਕ ਵਿਚ ਜਾਚ ਦੱਸੀ ਹੈ ਤੇ ਲੱਛਣ ਕਹੇ ਹਨ ਸੱਚੇ ਸਿਖ ਦੇ, ਨਾਲੇ ਪਉੜੀ ਵਿਚ ਦੱਸਿਆ ਹੈ ਕਿ ਐਸੇ ਅੰਦਰੋਂ ਬਾਹਰੋਂ ਅਰਾਧਨਾ ਵਿਚ ਲੱਗੇ ਹੋਏ ਸਾਹਿਬ ਦੇ ਪ੍ਰੇਮੀ ਕਬੂਲ ਪੈਂਦੇ ਹਨ, ਪਰ ਐਸੇ ਥੋੜੇ ਹੁੰਦੇ ਹਨ।

**ਨਿਰੁਕ੍ਤ**—ਅਗੋ ਦੇ–ਅੱਗੋਂ ਦੇ, ਪਹਿਲੋਂ।

ਸਤ ਭਾਉ–[ਸੰਸ:, ਸਤ੍ ਭਾਵ:, ਜਾਂ ਸਦ੍ਭਾਵ:] ਸਚਾ ਪ੍ਰੇਮ। ਚੰਗਾ ਭਾਵ, ਸੁਹਣਾ ਸਲੂਕ ਆਦਰ, ਸਤਿਕਾਰ।

ਅਧ ਵਿਚਿ–ਅੱਧ ਵਿਚਾਲੇ। ਅਧਵਾਟੇ। ਭਾਵ ਦੁਚਿਤਾਈ ਵਿਚ।

ਅਪਿਉ–[ਦੇ: ਪੰ: ੧੪੩੬] ਅੰਮ੍ਰਿਤ ।

ਕਾੜ੍ਹਾ–ਕੁੜ੍ਹਨਾ, ਦੁਖ ਹੋਣ ਦੀ ਦਸ਼ਾ, ਚਿੰਤਾ, ਗ਼ਮ । (ਦੇ: ਪੰ ੧੯੨੨)। ਭਲਕੇ–ਸਵੇਰੇ।

ਅੰਮ੍ਰਿਤਸਰਿ–ਅੰਮ੍ਰਿਤ ਦੇ ਸਰੋਵਰ ਵਿਚ । ਭਾਵ ਹੈ ਸਤਿਸੰਗ ਵਿਚ । (੨) ਐਉਂ ਬੀ ਕਰਦੇ ਹਨ ਕਿ ਪਹਿਲੋਂ ਇਸ਼ਨਾਨ ਕਰੇ, (ਮਾਮੂਲੀ ਜਲ ਨਾਲ) ਫੇਰ ਸ੍ਰੀ ਦਰਬਾਰ ਸਾਹਿਬ ਦੇ ਅੰਮ੍ਰਿਤ ਸਰੋਵਰ ਵਿਚ ਨ੍ਹਾਵੇ। ਪੁਰਾਤਣ ਪ੍ਰੇਮੀ ਦੇਖੇ ਹਨ ਜੋ ਸ੍ਰੀ ਦਰਬਾਰ ਸਾਹਬ ਸਰੋਵਰ ਵਿਚ ਇਸ਼ਨਾਨ ਕਰਨ ਤੋਂ ਪਹਿਲੋਂ ਖੂਹ ਤੇ ਨ੍ਹਾਕੇ ਆਉਂਦੇ ਹੁੰਦੇ ਸਨ। ਪਰ ਤੁਕ ਦਾ ਭਾਵ ਇਹੋ ਸਹੀ ਹੁੰਦਾ ਹੈ ਕਿ ਪਿੰਡੇ ਨ੍ਹਾ ਲਵੇ ਤੇ ਸਤਿਸੰਗ ਵਿਚ ਅੱਪੜ ਕੇ ਕੀਰਤਨ ਜਲ ਵਿਚ ਮਨ ਨੂੰ ਸੁੱਧ ਕਰੇ।

ਕਿਲਵਿਖ–ਉੱਗਰ ਪਾਪ । ਵਡੇ ਪਾਪ । ਦੋਖ–ਦੂਸ਼ਨ, ਆਮ ਪਾਪ ।

ਬਰਕਤਿ–ਬਰਕਤ ਦੁਆਰਾ । ਸਦਕੇ, ਤੁਫੈਲ । ਹਾਜਰੁ–ਸਾਹਮਣੇ । ਰੋਬਰੂ ।

## [ਪਉੜੀ ਬਾਰ੍ਹਵੀਂ]

### ਮੂਲ

ਸਲੋਕ ਮਃ ੪॥ਮਲੁ ਜੂਈ ਭਰਿਆ ਨੀਲਾ ਕਾਲਾ ਖਿਧੋਲੜਾ ਤਿਨਿ ਵੇਮੁਖਿ ਵੇਮੁਖੈ ਨੋ ਪਾਇਆ॥ਪਾਸਿ ਨ ਦੇਈ ਕੋਈ ਬਹਣਿ ਜਗਤ ਮਹਿ ਗੂਹ ਪੜਿ ਸਗਵੀ ਮਲੁ ਲਾਇ ਮਨਮੁਖੁ ਆਇਆ॥ ਪਰਾਈ ਜੋ ਨਿੰਦਾ ਚੁਗਲੀ ਨੋ ਵੇਮੁਖੁ ਕਰਿਕੈ ਭੇਜਿਆ ਓਥੈ ਭੀ ਮੁਹੁ ਕਾਲਾ ਦੁਹਾ ਵੇਮੁਖਾ ਦਾ ਕਰਾਇਆ ॥ ਤੜ ਸੁਣਿਆ ਸਭਤੁ ਜਗਤ ਵਿਚਿ ਭਾਈ ਵੇਮੁਖੁ ਸਣੈ ਨਫਰੈ ਪਉਲੀ ਪਉਦੀ ਫਾਵਾ ਹੋਇਕੈ ਉਠਿ ਘਰਿ ਆਇਆ ॥ ਅਗੈ ਸੰਗਤੀ ਕੁੜਮੀ ਵੇਮੁਖੁ ਰਲਣਾ ਨ ਮਿਲੈ ਤਾ ਵਹੁਟੀ ਭਤੀਜੀਂ ਫਿਰਿ ਆਣਿ ਘਰਿ ਪਾਇਆ॥ ਹਲਤੁ ਪਲਤੁ ਦੋਵੈ ਗਏ ਨਿਤ ਭੁਖਾ ਕੂਕੇ ਤਿਹਾਇਆ ॥ ਧਨੁ ਧਨੁ ਸੁਆਮੀ ਕਰਤਾ ਪੁਰਖੁ ਹੈ ਜਿਨਿ ਨਿਆਉ ਸਚੁ ਬਹਿ ਆਪਿ ਕਰਾਇਆ॥ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ ਸੋ ਸਾਚੈ

### ਅਰਥ

ਮੈਲ ਤੇ ਜੂਆਂ ਨਾਲ ਭਰਿਆ ਨੀਲਾ ਕਾਲਾ ਜੁੱਲਾ (ਜਾ ਚੋਲਾ) ਉਸ ਵੇਮੁਖ (ਮਰਵਾਹੇ) ਨੇ ਬੇਮੁਖ (ਨੌਕਰ) ਦੇ (ਗਲੇ ਵਿਚ) ਪਾਇਆ। ਜਗਤ ਵਿਚ ਕੋਈ (ਉਸ ਮਨਮੁਖ ਨੂੰ) ਪਾਸ ਨਹੀਂ ਬੈਠਣ ਦੇਂਦਾ, (ਕਿਉਂਕਿ ਉਹ) ਮਨਮੁਖ ਗੰਦ ਵਿਚ ਪੈਕੇ ਉਲਟੀ ਹੋਰ ਮੈਲ ਲੁਆਕੇ (ਵਾਪਸ) ਆਇਆ ਸੀ। ਕਿ ਵੇਮੁਖ ਬਣਾਕੇ (ਨਫਰਤ) ਨੂੰ ਪਰਾਈ ਨਿੰਦਿਆ ਤੇ ਚੁਗਲੀ ਕਰਨ ਲਈ (ਪਾਤਸ਼ਾਹ ਪਾਸ) ਘੱਲਿਆ ਸੀ, ਓਥੇ (ਭਾਵ ਪਾਤਸ਼ਾਹ ਦੇ ਹਜ਼ੂਰ) ਭੀ ਦੋਹਾਂ ਬੇਮੁਖਾਂ ਦਾ ਮੂੰਹ ਕਾਲਾ ਕਰਾਇਆ। (ਇਹ ਗਲ ਕਿ ਓਥੇ ਦੋਹਾਂ ਨੂੰ ਸਜ਼ਾ ਮਿਲੀ ਹੈ) ਝਟ ਪਟ ਸਾਰੇ ਜਗਤ ਵਿਚ ਸੁਣੀ ਗਈ ਕਿ ਵੇਮੁਖ ਨਫਰ ਸਣੇ ਜੁੱਤੀਆਂ ਖਾਂਦਾ ਫਾਹਵਾ ਹੋਕੇ ਘਰ ਨੂੰ ਉਠ ਆਇਆ ਹੈ। (ਘਰ ਵਲ ਆਏ)ਵੇਮੁਖ ਨੂੰ ਅਗੋਂ ਸੰਗਤਾਂ ਵਿਚ ਕੁੜਮਾਂ (ਕੁਟੰਬੀਆਂ) ਵਿਚ ਰਲਣਾ ਨਾ ਮਿਲੇ (ਭਾਵ ਕੋਈ ਉਸ ਨੂੰ ਮੂੰਹ ਨਾ ਲਾਵੇ ਤਾਂ) ਭਤੀਜੀ ਤੇ ਵਹੁਟੀ ਨੇ ਫੇਰ ਘਰ ਵਿਚ ਲਿਆਕੇ ਪਾਇਆ। ਉਸ ਦੇ) ਲੋਕ ਤੇ ਪਰਲੋਕ ਦੋਵੇਂ ਗੁਆਤੇ ਗਏ, ਨਿਤ ਭੁੱਖਾ ਤਿਹਾਇਆ ਕੂਕਦਾ ਸੀ। (ਭਾਵ ਦਰਬਾਰੇ ਬੇਪਤੀ ਹੋਣ ਕਰਕੇ ਨੀਮ ਰੋਗੀ ਹੋ ਗਿਆ ਸੀ,ਖਾਧਾ ਪੀਤਾ ਘੱਟ ਜਾਂਦਾ ਸੀ ਤੇ ਢਾਹਾਂ ਮਾਰ ਮਾਰ ਰੋਂਦਾ ਸੀ)। ਕਰਤਾ ਪੁਰਖ (ਸਭ ਦਾ) ਮਾਲਕ ਧੰਨਤਾ ਯੋਗ ਹੈ, ਧੰਨਤਾ ਯੋਗ ਹੈ, ਜਿਸ ਨੇ ਆਪ ਬੈਠਕੇ ਸੱਚਾ ਨਿਆਉਂ (ਪਾਤਸ਼ਾਹ ਤੋਂ) ਕਰਵਾਇਆ ਹੈ। ਜੋ ਪੂਰੇ ਸਤਿਗੁਰੂ ਦੀ ਨਿੰਦਾ ਕਰੇਗਾ ਉਹ ਸਚੇ (ਵਾਹਿਗੁਰੂ) ਨੇ ਮਾਰਕੇ ਦੁਖੀ ਕੀਤਾ

ਮਾਰਿ ਪਚਾਇਆ ॥ ਏਹੁ ਅਖਰੁ ਤਿਨਿ ਆਖਿਆ ਜਿਨਿ ਜਗਤੁ ਸਭੁ ਉਪਾਇਆ ॥ ੧ ॥

ਹੈ। ਏਹ ਅਖਰ ਉਸ ਨੇ (ਮੈਨੂੰ) ਆਖਿਆ ਹੈ ਜਿਸ ਨੇ ਕਿ ਸਾਰਾ ਜਗਤ ਪੈਦਾ ਕੀਤਾ ਹੈ ॥ ੧ ॥

ਮਃ ੪ ॥ ਸਾਹਿਬੁ ਜਿਸਕਾ ਨੰਗਾ ਭੁਖਾ ਹੋਵੈ ਤਿਸਦਾ ਨਫਰੁ ਕਿਥਹੁ ਰਜਿ ਖਾਇ॥ ਜਿ ਸਾਹਿਬ ਕੈ ਘਰਿ ਵਥੁ ਹੋਵੈ ਸੁ ਨਫਰੈ ਹਥਿ ਆਵੈ ਅਣਹੋਦੀ ਕਿਥਹੁ ਪਾਇ॥ ਜਿਸਦੀ ਸੇਵਾ ਕੀਤੀ ਫਿਰਿ ਲੇਖਾ ਮੰਗੀਐ ਸਾ ਸੇਵਾ ਅਉਖੀ ਹੋਈ॥ ਨਾਨਕ ਸੇਵਾ ਕਰਹੁ ਹਰਿ ਗੁਰ ਸਫਲ ਦਰਸਨ ਕੀ ਫਿਰਿ ਲੇਖਾ ਮੰਗੈ ਨ ਕੋਈ ॥ ੨ ॥

ਜਿਸਦਾ ਮਾਲਕ ਨੰਗਾ ਭੁਖਾ ਹੋਵੇ ਉਸਦਾ ਨਫਰ ਰੱਜਕੇ ਕਿੱਥੋਂ ਖਾਵੇ। ਜੇ ਵਸਤੂ ਮਾਲਕ ਦੇ ਘਰ ਹੋਵੇ ਉਹ ਤਾਂ ਨੌਕਰ ਦੇ ਹੱਥ ਆ ਜਾਂਦੀ ਹੈ (ਜੋ ਸਾਹਿਬ ਦੇ ਘਰ) ਹੈ ਹੀ ਨਹੀਂ (ਉਹ ਨੌਕਰ) ਕਿਥੋਂ ਪ੍ਰਾਪਤ ਕਰ ਲਏਗਾ ? ਜਿਸਦੀ ਸੇਵਾ ਕਰਨ ਨਾਲ ਫੇਰ ਲੇਖਾ ਮੰਗਿਆ ਜਾਵੇ ਉਹ ਸੇਵਾ (ਸੁਖਦਾਈ ਨਹੀਂ ਸਗੋਂ) ਦੁਖਦਾਈ ਹੋਈ। ਹੇ ਨਾਨਕ! ਸੇਵਾ ਕਰੋ ਹਰੀ ਰੂਪ ਗੁਰੂ ਦੀ (ਜਿਸਦਾ) ਦਰਸ਼ਨ ਹੀ (ਸਭ) ਫਲ ਪ੍ਰਦਾਤਾ ਹੈ (ਤਾਂ ਜੋ) ਫੇਰ ਲੇਖਾ ਹੀ ਨਾ ਕੋਈ ਮੰਗੇ ॥ ੨ ॥

ਪਉੜੀ ॥ ਨਾਨਕ ਵੀਚਾਰਹਿ ਸੰਤਿ ਜਨ ਚਾਰਿ ਵੇਦ ਕਹੰਦੇ ॥ ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ ॥ ਪ੍ਰਗਟ ਪਹਾਰਾ ਜਾਪਦਾ ਸਭਿ ਲੋਕ ਸੁਣੰਦੇ ॥ ਸੁਖੁ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ ॥ ਓਇ ਲੋਚਨਿ ਓਨਾ ਗੁਣੈ ਨੋ ਓਇ ਅਹੰਕਾਰਿ ਸੜੰਦੇ ॥ ਓਇ ਵਿਚਾਰੇ ਕਿਆ ਕਰਹਿ ਜਾ ਭਾਗ ਧੁਰਿ ਮੰਦੇ ॥ ਜੋ ਮਾਰੇ ਤਿਨਿ ਪਾਰਬ੍ਰਹਮਿ ਸੇ ਕਿਸੈ ਨ ਸੰਦੇ ॥ ਵੈਰੁ ਕਰਹਿ ਨਿਰਵੈਰ ਨਾਲਿ ਧਰਮ ਨਿਆਇ ਪਚੰਦੇ॥ ਜੋ ਜੋ ਸੰਤਿ ਸਰਾਪਿਆ ਸੇ ਫਿਰਹਿ ਭਵੰਦੇ ॥ ਪੇਡੁ ਮੁੰਢਾਹੂ ਕਟਿਆ ਤਿਸੁ ਡਾਲ ਸੁਕੰਦੇ॥੧੨॥

ਹੇ ਨਾਨਕ ! ਸੰਤ ਜਨ ਵੀਚਾਰ ਕਰਦੇ ਹਨ ਤੇ ਚਾਰ ਵੇਦ ਬੀ ਆਖਦੇ ਹਨ, ਕਿ ਭਗਤ (ਜਨ ਜੋ ਬਚਨ) ਮੂੰਹ ਤੋਂ ਬੋਲਦੇ ਹਨ ਉਹ ਬਚਨ (ਸੱਚ) ਹੋ ਜਾਂਦੇ ਹਨ। ਸੰਸਾਰ ਵਿਚ ਪ੍ਰਗਟ ਦਿੱਸ ਪੈਂਦਾ ਹੈ ਤੇ ਸਾਰੇ ਲੋਕ ਸੁਣ ਲੈਂਦੇ ਹਨ ਕਿ ਓਹ ਮੂਰਖ ਲੋਕ ਸੁਖ ਨਹੀਂ ਪਾਉਂਦੇ ਜੋ ਸੰਤਾਂ ਨਾਲ ਖਹਿੰਦੇ ਹਨ (ਭਾਵ ਮੁਕਾਬਲਾ ਕਰਦੇ ਹਨ)। ਓਹ (ਸੰਤ) ਚਾਹੁੰਦੇ ਹਨ ਕਿ (ਇਨ੍ਹਾਂ ਨੂੰ) ਗੁਣ ਲੱਗ ਜਾਣ (ਭਾਵ ਭਲੇ ਹੋ ਜਾਣ, ਪਰ) ਓਹ (ਮੂਰਖ) ਹੰਕਾਰ ਵਿਚ ਸੜਦੇ ਹਨ। ਓਹ ਵਿਚਾਰੇ ਕੀ ਕਰਨ ਜਦ ਭਾਗ ਹੀ ਧੁਰੋਂ ਮੰਦੇ ਹਨ। ਜੋ ਉਸ ਪਾਰਬ੍ਰਹਮ ਨੇ ਮਾਰੇ (ਫਿਟਕਾਰੇ) ਹਨ ਓਹ ਕਿਸੇ (ਗੱਲ) ਜੋਗੇ ਨਹੀਂ (ਰਹਿੰਦੇ)।ਓਹ ਨਿਰਵੈਰ ਨਾਲ ਵੈਰ ਕਰਦੇ ਹਨ (ਓਹ) ਤਬਾਹ ਹੁੰਦੇ ਹਨ ਧਰਮ ਨਾਲ ਕੀਤੇ ਗਏ ਨਿਆਂ ਨਾਲ (ਭਾਵ ਉਨ੍ਹਾਂ ਦਾ ਤਬਾਹ ਹੋਣਾ ਪੂਰੇ ਧਰਮ ਦਾ ਨਿਆਂ ਹੈ)। ਜੋ ਜੋ ਸੰਤ ਕਰਕੇ ਸਰਾਪੇ ਜਾਂਦੇ ਹਨ ਓਹ ਭਟਕਦੇ ਰਹਿੰਦੇ ਹਨ। (ਜਿਵੇਂ ਜਿਸ) ਬੂਟੇ ਨੂੰ ਜੜ੍ਹੋਂ ਕੱਟ ਸੁੱਟੀਏ ਉਸਦੇ ਡਾਲ (ਸਾਰੇ) ਸੁੱਕ ਜਾਂਦੇ ਹਨ ॥ ੧੨ ॥

**ਵਤਾਖਯਾ**—ਏਹ ਦੁਇ ਸਲੋਕ ਤੇ ਪਉੜੀ ਇਕ ਹੋਏ ਵਾਕਿਆ ਨੂੰ ਦੱਸ ਰਹੇ ਹਨ। ਸ੍ਰੀ ਗੁਰੂ ਅਮਰ ਦਾਸ ਜੀ ਨੂੰ ਗੋਂਦਾ ਮਰਵਾਹਾ ਸ੍ਰੀ ਗੁਰੂ ਅੰਗਦ ਦੇਵ ਜੀ ਅੱਗੇ ਬੇਨਤੀਆਂ ਕਰਕੇ ਗੋਇੰਦਵਾਲ ਆਬਾਦ ਕਰਨ ਵਿਚ ਬਰਕਤ ਪੈਣ ਲਈ ਲੈ ਗਿਆ ਸੀ। ਗੁਰੂ ਜੀ ਓਥੇ ਜਾ ਰਹੇ ਤੇ ਲਕੜੀ ਆਦਿ ਸਾਮਾਨ ਮੰਗਵਾਕੇ ਮੁਫਤ ਵੰਡੇ। ਲੰਗਰ ਚਲਾਇਆ, ਜੇ ਕੋਈ ਜ਼ਿਮੀਂ ਲੀਤੀ ਤਾਂ ਮੁੱਲ ਦੇਕੇ, ਬਾਉਲੀ ਬਣਾਈ ਤਾਂ ਬੀ ਭੋਂ ਮੁੱਲ ਦੇਕੇ ਲਈ। ਪਰ ਗੋਂਦੇ ਦੇ ਮਰ ਜਾਣ ਮਗਰੋਂ ਉਸ ਦੇ ਪੁਤ੍ਰ ਨੇ

ਗੁਰੂ ਜੀ ਤੇ ਕਈ ਦੂਸ਼ਣ ਲਾਏ ਤੇ ਲਹੌਰ ਦੇ ਹਾਕਮ ਨੇ ਸਾਰੇ ਖਾਰਜ ਕੀਤੇ ਕਿ ਝੂਠੇ ਹਨ। ਫੇਰ ਉਸ ਨੇ ਫਰਯਾਦ ਅਕਬਰ ਕੋਲ ਪੁਚਾਈ ਕਿ ਮੇਰੇ ਤੇ ਜ਼ੁਲਮ ਹੋਇਆ ਹੈ, ਗੁਰੂ ਅਮਰ ਦਾਸ ਜੀ ਨੇ ਜ਼ਿਮੀਆਂ ਦਬਾ ਲਈਆਂ ਹਨ, ਤੁਹਾਡੇ ਹਾਕਮ ਨੇ ਅਨਯਾਯ ਕੀਤਾ ਹੈ; ਮੇਰੀ ਹੱਕ ਤਲਫੀ ਕਰ ਦਿਤੀ ਹੈ।

ਅਕਬਰ ਨੇ ਜਦ ਸਾਰੇ ਹਾਲ ਦੀ ਪੜਤਾਲ ਕਰਾਈ ਤਾਂ ਓਹ ਝੂਠ ਨਿਕਲਿਆ। ਹੁਕਮ ਹੋਇਆ 'ਇਸ ਝੂਠੇ ਨੂੰ ਨਿਕਾਲ ਦਿਓ ਔਰ ਜੁੱਤੇ ਲਗਾਓ। ਸਰਕਾਰੀ ਅਫਸਰਾਂ ਤੇ ਝੂਠੀਆਂ ਸ਼ਿਕਾਯਤਾਂ ਕਰਦਾ ਹੈ।'

ਗੁਰੂ ਰਾਮਦਾਸ ਜੀ ਨੇ ਇਸ ਸਲੋਕ ਦੁਆਰਾ ਦੁਨੀਆਂ ਦੇ ਲੋਕਾਂ ਨੂੰ ਉਪਦੇਸ਼ ਕੀਤਾ ਹੈ ਕਿ ਗੁਰਮੁਖਾਂ ਅਤੇ ਰੱਬ ਦੇ ਪਿਆਰਿਆਂ ਨਾਲ ਵੈਰ ਕਮਾਉਣਾ ਅਤੇ ਉਨਾਂ ਦੀ ਚੁਗਲੀ ਨਿੰਦਿਆ ਕਰਨੀ ਗੋਯਾ ਆਪਣੀ ਜ਼ਾਤ ਨੂੰ ਖੁਆਰ ਕਰਨਾ ਹੈ। ਐਸੇ ਗੁਰੂ ਘਰ ਦੇ ਈਰਖਾਲੂਆਂ ਨੂੰ ਦੁਨੀਆਂ ਦੇ ਲੋਗ ਅਤੇ ਅੰਗ ਸਾਕ ਵੀ ਨੇੜੇ ਨਹੀਂ ਬਹਿਣ ਦੇਂਦੇ। ਰਬ ਦੇ ਪਿਆਰਿਆਂ ਦੀ ਨਿੰਦਾ ਚੁਗਲੀ ਕਰਨੀ ਗੂੰਹ (ਗੰਦ) ਵਿਚ ਪੈਣ ਦੇ ਤੁੱਲ ਹੈ, ਯਥਾ:-

ਰਿਦੈ ਸੁਧ ਜਉ ਨਿੰਦਾ ਹੋਇ ॥ ਹਮਰੇ ਕਪਰੇ ਨਿੰਦਕੁ ਧੋਇ॥

[ਗਉੜੀ ਕਬੀਰ ਜੀ ੭੧

ਗੁਰੂ ਅਮਰ ਦਾਸ ਜੀ ਨਾਲ ਵੈਰ ਕਰਨ ਨਾਲ ਮਰਵਾਹੇ ਦਾ ਅਤੇ ਉਸ ਦੇ ਨੌਕਰ ਦਾ ਜੋ ਬੁਰਾ ਹਾਲ ਹੋਇਆ ਉਸ ਦੀ ਹੂਬਹੂ ਤਸਵੀਰ ਗੁਰੂ ਜੀ ਨੇ ਆਪਣੇ ਇਸ ਸਲੋਕ ਵਿਚ ਬੜੇ ਸੁਚੱਜੇ ਢੰਗ ਨਾਲ ਖਿੱਚੀ ਹੈ।

ਸਲੋਕ ਦੇ ਦੂਸਰੇ ਅੰਕ ਵਿਚ ਦੱਸਿਆ ਹੈ ਕਿ ਸੰਸਾਰੀ ਵੱਡੇ ਲੋਕਾਂ ਦੀ ਸੇਵ ਕਰਨੀ ਯਾ ਉਨ੍ਹਾਂ ਤੋਂ ਕੁਛ ਫਲ ਪ੍ਰਾਪਤੀ ਦੀ ਉਮੀਦ ਕਰਨੀ ਕਠਨ ਹੈ। ਜਿਸ ਦੀ ਸੇਵਾ ਕਰਕੇ ਬੀ ਦਰਗਾਹ ਵਿਚ ਲੇਖਾ ਦੇਣਾ ਪਵੈ ਉਸ ਦੀ ਸੇਵਾ ਨਿਸ਼ਫਲ ਹੈ। ਸੇਵਾ ਕਰਨੀ ਹੋਵੇ ਤਾਂ ਹਰਿ ਰੂਪ ਗੁਰੂ ਦੀ ਕਰਹੁ ਤਾਂ ਜੋ ਤੁਹਾਡਾ ਇਹ ਜਨਮ ਅਤੇ ਅਗਲਾ ਜਨਮ ਸੌਰ ਜਾਵੇ।

ਪਉੜੀ ਵਿਚ ਦੱਸਦੇ ਹਨ ਕਿ ਮੈਂ ਹੀ ਨਹੀਂ, ਵਡੇ ਵਡੇ ਪੁੱਗੇ ਸੰਤ ਅਤੇ ਵੇਦ ਸ਼ਾਸਤ੍ਰ ਬੀ ਇਹੋ ਉਚਾਰਦੇ ਹਨ: ਕਿ ਸੰਤਾਂ ਦੇ ਮੁਖੋਂ ਨਿਕਲੇ ਵਾਕ ਸਤਯ ਹੁੰਦੇ ਹਨ। ਜੋ ਮੂਰਖ ਲੋਕ ਸੰਤਾਂ ਨਾਲ ਖਹਿੰਦੇ ਹਨ, ਉਨ੍ਹਾਂ ਦੇ ਸਮਝੋ ਕਿ ਭਾਗ ਮੰਦੇ ਹਨ। ਉਹ ਸਰਾਪੇ ਹੋਏ ਜੂਨਾਂ ਵਿਚ ਭਉਂਦੇ ਹਨ, ਜਿਸ ਤਰ੍ਹਾਂ ਇਕ ਰੁੱਖ ਜੜ੍ਹੋਂ ਕਟਿਆ ਹੁੰਦਾ ਹੈ ਅਤੇ ਉਸ ਦੇ ਡਾਲ ਸੁੱਕ ਜਾਂਦੇ ਹਨ।

**ਨਿਰੁਕ੍ਤ**—ਮਲੁ-[ਸੰਸ:, ਮਲੰ] ਮੈਲ, ਬਦਬੋ, ਘੱਟਾ ਮਿੱਟੀ।

ਜੂਈ-[ਸੰਸ:, ਯੂਕਾ=ਜੂਆਂ] ਜੂਆਂ ਜੋ ਸਿਰ ਵਿਚ ਸਫਾਈ ਨਾ ਰੱਖਣ ਕਰਕੇ ਪੈ ਜਾਂਦੀਆਂ ਹਨ। ਖਿਧੋਲੜਾ—[ਸੰਸ:, ਕੰਥਾ। ਹਿੰਦੀ, ਖਿੰਦੜੀ, ਰਜ਼ਾਈ, ਲੇਫ। ਪੰ:, ਖਿੰਥਾ,ਖੀਧਾ, ਖਿਧੜਾ ] ਰਜ਼ਾਈ, ਲੇਫ। ਜੁੱਲਾ। ਗੋਦੜੀ।

ਵੇਮੁਖਿ—ਬੇਮੁਖ। ਬੇਮੁਖ ਨੇ। (ਗੁਰੂ ਜੀ ਦੇ) ਵਿਰੋਧੀ ਨੇ।

ਸਗਵੀ—ਸਗੋਂ, ਬਲਕਿ। ਤੜ-[ਸੰਸ:, ਧਾ:—ਤੁਰ੍=ਜਲਦੀ ਕਰਨਾ,ਜਲਦੀ ਚਲਨਾ, ਕਾਹਲ ਨਾਲ। ਹਿੰ:, ਤੁਰੰਤ=ਝਟ ਪਟ, ਫੌਰਨ। ਉਸੇ ਵੇਲੇ ] ਉਸੇ ਵੇਲੇ, ਛੇਤੀ ਹੀ।

ਨਫਰੈ- [ਫਾ:, ਨਫ਼ਰ] ਨੌਕਰ ਦ ਨਾਲ। ਸਮੇਤ ਨੌਕਰ ਦੇ।

ਪਉਲੀ—[ਸੰਸ:, ਪਾਦਕਾ=ਜੁੱਤੀ। ਹਿੰਦੀ, ਪਾਉਂ=ਪੈਰ+ਲੀ]=ਪੈਰ ਦੀ ਜੁੱਤੀ। ਪਉਲੀ=ਪਉਲੀਂ, ਬਹੁ ਵਚਨ। ਜੁੱਤੀਆਂ, ਜੁੱਤੀਆਂ ਦੀ ਮਾਰ।

ਰਲਣਾ ਨ ਮਿਲੈ–ਆਪਣੇ ਵਿਚ ਨਹੀਂ ਬਹਿਣ ਦੇਂਦੇ ਸਨ। ਨਫ਼ਰਤ ਕਰਦੇ ਸਨ।

ਘਰਿ ਪਾਇਆ–ਘਰ ਲੈ ਆਂਦਾ।

ਪਚਾਇਆ–[ਸੰਸ:, ਪਚਨੰ=ਪਕੌਣਾ, ਹਜ਼ਮ ਕਰਨਾ, ਸਾੜਨਾ] ਦੁਖੀ ਕੀਤਾ, ਦੁਖਾਂ ਦੀ ਅੱਗ ਵਿਚ ਸਾੜਿਆ। ਖੁਆਰ ਕੀਤਾ। ਨਫਰੁ–ਨੌਕਰ। ਆਦਮੀ।

ਅਣਹੋਦੀ–ਜੋ ਹੈ ਹੀ ਨਹੀਂ। ਜੋ ਉਸ ਦੀ ਤਾਕਤ ਤੋਂ ਬਾਹਰ ਹੈ।

ਪਹਾਰਾ–[ਸੰਸ:, ਪ੍ਰਸਾਰ:=ਵਿਸ੍ਤਾਰ। ਫੈਲਾਉ] ਪਸਾਰਾ, ਜਗਤ ਦਾ ਪਸਾਰਾ। ਦਿਸ ਰਿਹਾ ਦੁਨੀਆਂ ਦਾ ਪਸਾਰਾ। ਕਿਸੇ ਗੱਲ ਦਾ ਮਸ਼ਹੂਰ ਹੋ ਜਾਣਾ।

ਲੋਚਨਿ–[ਹਿੰ:, ਲੋਚਨ=ਅਭਿਲਾਖਾ ਕਰਨੀ, ਇੱਛਾ ਕਰਨੀ] ਚਾਹੁੰਦੇ ਹਨ।

ਗੁਣੈ ਨੋ–ਗੁਣ ਵਾਲੇ ਕਰਨ ਨੂੰ, ਗੁਣਵਾਨ ਬਨੌਣ ਨੂੰ।

ਸੈਦੇ–[ਸੰਸ:, ਸੰਬੰਧ:=ਸੰਜੋਗ, ਮੇਲ] ਮੇਲ ਵਾਲੇ, ਰਿਸ਼ਤੇ ਵਾਲੇ, ਇਕ ਸੁਭਾ ਵਾਲੇ। ਕਿਸੇ ਦੇ (ਸੰਬੰਧੀ)। ਕਿਸੇ ਦੇ ( ਮਿੱਤ੍ਰ )।

ਪਚੰਦੇ–ਖੁਆਰ ਹੁੰਦੇ ਹਨ। ਸੰਤਪਤ ਹੁੰਦੇ ਹਨ। ਦੁਖੀ ਹੁੰਦੇ ਹਨ।

ਪੇਡੁ–[ਹਿੰ:, ਪੇੜ=ਦਰਖਤ] ਰੁੱਖ ਦਰਖਤ। ਬ੍ਰਿੱਛ।

ਮੁੰਢਾਹੂ–ਮੁੱਢੋਂ। ਜੜ੍ਹ ਤੋਂ।

## [ਪਉੜੀ ਤੇਰ੍ਹਵੀਂ]

| ਮੂਲ | ਅਰਥ |
|---|---|
| ਸਲੋਕ ਮਃ ੪ ॥ ਅੰਤਰਿ ਹਰਿ ਗੁਰੂ ਧਿਆਇਦਾ ਵਡੀ ਵਡਿਆਈ॥ਤੁਸਿ ਦਿਤੀ ਪੂਰੈ ਸਤਿਗੁਰੂ ਘਟੈ ਨਾਹੀ ਇਕੁ ਤਿਲੁ ਕਿਸੈ ਦੀ ਘਟਾਈ ॥ ਸਚੁ ਸਾਹਿਬੁ ਸਤਿਗੁਰੂ ਕੈ ਵਲਿ ਹੈ ਤਾਂ ਝਖਿ ਝਖਿ ਮਰੈ ਸਭ ਲੋਕਾਈ ॥ ਨਿੰਦਕਾ ਕੇ ਮੁਹ ਕਾਲੇ ਕਰੇ ਹਰਿ ਕਰਤੈ ਆਪਿ ਵਧਾਈ ॥ ਜਿਉ ਜਿਉ ਨਿੰਦਕ ਨਿੰਦ ਕਰਹਿ ਤਿਉ ਤਿਉ ਨਿਤ ਨਿਤ ਚੜੈ ਸਵਾਈ॥ ਜਨ ਨਾਨਕ ਹਰਿ ਆਰਾਧਿਆ ਤਿਨਿ ਪੈਰੀ ਆਣਿ ਸਭ ਪਾਈ ॥ ੧ ॥ | ਗੁਰੂ (ਅਮਰਦਾਸ ਜੀ ਆਪਣੇ) ਅੰਤਹਕਰਣ ਵਿਚ ਹਰੀ ਨੂੰ ਧਿਆਉਂਦੇ ਹੈਨ, (ਉਨ੍ਹਾਂ ਦੀ) ਵਡਿਆਈ (ਇਸ ਨਾਮ ਅਰਾਧਣਾ ਕਰਕੇ) ਵਡੀ ਹੈ। ਇਹ ਵਡਿਆਈ (ਗੁਰੂ ਜੀ ਨੂੰ) ਪੂਰੇ ਸਤਿਗੁਰੂ (ਅੰਗਦ ਦੇਵ ਜੀ) ਨੇ ਤ੍ਰੁੱਠਕੇ ਦਿੱਤੀ ਸੀ (ਉਹ ਵਡਿਆਈ ਇਸ ਕਰਕੇ) ਕਿਸੇ ਦੀ ਘਟਾਈ ਹੋਈ ਇਕ ਤਿਲ ਜਿੰਨੀ ਵੀ ਨਹੀਂ ਘਟ ਸਕਦੀ। (ਜਦ) ਸੱਚਾ ਸਾਹਿਬ ਸਤਿਗੁਰੂ (ਜੀ) ਦੇ ਵੱਲ ਹੈ ਤਾਂ ਸਾਰੀ (ਨਿੰਦਾ ਕਰਨੇ ਵਾਲੀ) ਲੁਕਾਈ ਝਖ ਖਪਕੇ (ਆਪੇ) ਮਰ ਰਹੀ ਹੈ। ਹਰੀ ਕਰਤਾਰ ਨੇ ਨਿੰਦਕਾਂ ਦੇ ਮੂੰਹ ਕਾਲੇ ਕੀਤੇ ਹਨ (ਤੇ ਗੁਰੂ ਜੀ ਦੀ ਵਡਿਆਈ) ਆਪ ਵਧਾਈ ਹੈ। ਜਿਵੇਂ ਜਿਵੇਂ ਨਿੰਦਕ (ਲੋਕ) ਨਿੰਦਿਆ ਕਰਦੇ ਹਨ, ਤਿਉਂ ਤਿਉਂ (ਗੁਰੂ ਦੀ ਵਡਿਆਈ) ਸਦਾ ਸਦਾ ਸਵਾਈ ਹੋ ਹੋ ਵਧਦੀ ਹੈ। ਦਾਸ ਨਾਨਕ (ਆਖਦਾ ਹੈ ਕਿ ਗੁਰੂ ਅਮਰਦਾਸ ਜੀ ਨੇ) ਹਰੀ ਦੀ ਅਰਾਧਨਾ ਕੀਤੀ ਹੈ, ਉਸੇ (ਹਰੀ) ਨੇ ਸਾਰੀ (ਸ੍ਰਿਸ਼ਟੀ) ਲਿਆ (ਉਨ੍ਹਾਂ ਦੇ) ਪੈਰੀਂ ਪਾਈ ਹੈ ॥ ੧ ॥ |

ਮਃ ੪ ॥ ਸਤਿਗੁਰ ਸੇਤੀ ਗਣਤ ਜਿ ਰਖੈ ਹਲਤੁ ਪਲਤੁ ਸਭੁ ਤਿਸ ਕਾ ਗਇਆ ॥ ਨਿਤ ਝਹੀਆ ਪਾਏ ਝਗੂ ਸੁਟੇ ਝਖਦਾ ਝਖਦਾ ਝੜਿ ਪਇਆ ॥ ਨਿਤ ਉਪਾਵ ਕਰੈ ਮਾਇਆ ਧਨ ਕਾਰਣਿ ਅਗਲਾ ਧਨੁ ਭੀ ਉਡਿ ਗਇਆ॥ ਕਿਆ ਓਹੁ ਖਟੇ ਕਿਆ ਓਹੁ ਖਾਵੈ ਜਿਸੁ ਅੰਦਰਿ ਸਹਸਾ ਦੁਖੁ ਪਇਆ ॥ ਨਿਰਵੈਰੈ ਨਾਲਿ ਜਿ ਵੈਰੁ ਰਚਾਏ ਸਭੁ ਪਾਪੁ ਜਗਤੈ ਕਾ ਤਿਨਿ ਸਿਰਿ ਲਇਆ॥ ਓਸੁ ਅਗੈ ਪਿਛੈ ਢੋਈ ਨਾਹੀ ਜਿਸੁ ਅੰਦਰਿ ਨਿੰਦਾ ਮੁਹਿ ਅੰਬੁ ਪਇਆ ॥ ਜੇ ਸੁਇਨੇ ਨੋ ਓਹੁ ਹਥੁ ਪਾਏ ਤਾ ਖੇਹੂ ਸੇਤੀ ਰਲਿ ਗਇਆ ॥ ਜੇ ਗੁਰ ਕੀ ਸਰਣੀ ਫਿਰਿ ਓਹੁ ਆਵੈ ਤਾ ਪਿਛਲੇ ਅਉਗਣ ਬਖਸਿ ਲਇਆ॥ ਜਨ ਨਾਨਕ ਅਨਦਿਨੁ ਨਾਮੁ ਧਿਆਇਆ ਹਰਿ ਸਿਮਰਤ ਕਿਲਵਿਖ ਪਾਪ ਗਇਆ ॥੨॥

ਸਤਿਗੁਰੂ ਨਾਲ ਜੋ (ਨਿੰਦਾ ਪ੍ਰਯੋਜਨ ਵਾਲੀ) ਨੁਕਤਾਚੀਨੀ (ਦਾ ਸੰਬੰਧ) ਰਖਦਾ ਹੈ ਉਸ ਦਾ ਲੋਕ ਪ੍ਰਲੋਕ ਸਭ (ਵਿਗੜ) ਜਾਂਦਾ ਹੈ। (ਦੇਖੋ ਉਹ ਨਿੰਦਕ) ਨਿੱਤ (ਹਲਕੇ ਕੁੱਤੇ ਵਾਂਙੂ) ਝਹੀਆਂ ਲੈ ਲੈ ਪੈਂਦਾ ਸੀ, (ਤੇ ਨਿੰਦਾ ਕਰਦਾ ਕਰਦਾ ਮੂੰਹ ਤੋਂ ਹਲਕਾਏ ਕੁੱਤੇ ਵਾਂਙੂ) ਝੱਗ ਸੁੱਟਣ ਲੱਗ ਪੈਂਦਾ ਸੀ, (ਉਹ ਦੇਖੋ ਅੰਤ) ਖਪਦਾ ਖਪਦਾ (ਆਪੂੰ) ਝੜ ਪਿਆ ਹੈ। ਧਨ ਦੌਲਤ ਲਈ ਨਿਤ ਉਪਾਉ ਕਰਦਾ ਸੀ (ਪਰ ਪਾਪ ਕਰਨ ਕਰਕੇ) ਅਗਲਾ ਧਨ ਬੀ ਦੂਰ ਹੋ ਗਿਆ। ਉਹ (ਪੁਰਖ) ਕੀਹ ਖੱਟੇ ਤੇ ਕੀਹ ਖਾਵੇ ਜਿਸ ਦੇ ਅੰਦਰ ਤੌਖਲੇ ਦਾ ਦੁਖ ਪੈ ਗਿਆ ਹੈ। ਨਿਰਵੈਰ ਨਾਲ ਜੋ ਵੈਰ ਰਚਾਵੇ (ਸਮਝ ਲਓ) ਸਾਰੇ ਜਗਤ ਦਾ ਪਾਪ ਉਸ ਨੇ (ਆਪਣੇ) ਸਿਰ ਲੈ ਲਿਆ ਹੈ। ਓਸ ਨੂੰ ਲੋਕ ਪ੍ਰਲੋਕ ਵਿਚ (ਕਿਤੇ) ਢੋਈ ਨਹੀਂ (ਮਿਲਣੀ) ਜਿਸ ਦੇ ਅੰਦਰ (ਮਨ ਵਿਚ ਤਾਂ) ਨਿੰਦਾ ਵੱਸ ਰਹੀ ਹੈ, (ਤੇ ਮੂੰਹ ਨਾਲ ਨਿੰਦਾ ਕਰ ਕਰਕੇ) ਮੂੰਹ ਨੂੰ ਅੰਬ ਦਾ ਰੋਗ ਹੋ ਗਿਆ ਹੈ। ਉਹ ਤਾਂ ਜੇ ਸੋਨੇ ਨੂੰ ਹੱਥ ਪਾਏਗਾ ਤਾਂ (ਸੋਨਾ) ਖੇਹ ਨਾਲ ਰਲ ਜਾਏਗਾ। ਪਰ ਜੇ ਉਹ ਬੀ ਫੇਰ (ਮੁੜਕੇ) ਸਤਿਗੁਰੂ ਦੀ ਸ਼ਰਣੀ ਆ ਪਵੇ (ਤਾਂ ਗੁਰੂ ਉਸਦੇ) ਪਿਛਲੇ ਅਉਗੁਣ ਬਖ਼ਸ਼ ਲੈਂਦਾ ਹੈ। (ਕਹਿੰਦੇ ਹਨ) ਦਾਸ ਨਾਨਕ (ਜੀ, ਜਿਸਨੇ) ਦਿਨ ਪ੍ਰਤੀ ਦਿਨ ਨਾਮ ਧਿਆਇਆ ਹੈ, ਹਰੀ ਦਾ ਸਿਮਰਨ ਕਰਦਿਆਂ (ਉਸਦੇ) ਕਿਲਵਿਖ ਤੇ ਪਾਪ ਦੂਰ ਹੋ ਜਾਂਦੇ ਹਨ ॥ ੨ ॥

ਪਉੜੀ ॥ ਤੂ ਹੈ ਸਚਾ ਸਚੁ ਤੂ ਸਭ ਦੂ ਉਪਰਿ ਤੂ ਦੀਬਾਣੁ ॥ ਜੋ ਤੁਧੁ ਸਚੁ ਧਿਆਇਦੇ ਸਚੁ ਸੇਵਨਿ ਸਚੇ ਤੇਰਾ ਮਾਣੁ ॥ ਓਨ੍ਾ ਅੰਦਰਿ ਸਚੁ ਮੁਖ ਉਜਲੇ ਸਚੁ ਬੋਲਨਿ ਸਚੇ ਤੇਰਾ ਤਾਣੁ ॥ ਸੇ ਭਗਤ ਜਿਨੀ ਗੁਰਮੁਖਿ ਸਾਲਾਹਿਆ ਸਚੁ ਸਬਦੁ ਨੀਸਾਣੁ ॥ ਸਚੁ ਜਿ ਸਚੇ ਸੇਵਦੇ ਤਿਨ ਵਾਰੀ ਸਦ ਕੁਰਬਾਣੁ॥੧੩॥

ਹੇ ਵਾਹਿਗੁਰੂ ਤੂੰ ਸੱਚਾ ਹੈਂ ਤੂੰ (ਆਪ ਸੁਧਾ) ਸੱਚ ਹੈਂ; ਸਾਰਿਆਂ ਦੇ ਉਪਰ ਤੂੰ (ਸ਼ਿਰੋਮਣੀ) ਦੀਵਾਨ ਹੈਂ। ਜੋ ਤੈਨੂੰ ਸਤਯ ਸਰੂਪ ਨੂੰ ਧਿਆਉਂਦੇ ਹਨ (ਹਾਂ ਜੋ) ਨਿਸਚੇ ਤੈਨੂੰ ਸੇਂਵਦੇ ਹਨ (ਓਹ) ਹੇ ਸੱਚੇ! ਤੇਰੇ ਉਤੇ ਮਾਣ ਰਖਦੇ ਹਨ। ਉਨ੍ਹਾਂ ਦੇ ਅੰਦਰ ਸਤਯ ਸਰੂਪ ਵਸਦਾ ਹੈ, (ਉਨ੍ਹਾਂ ਦੇ) ਮੂੰਹ ਉੱਜਲੇ ਹੁੰਦੇ ਹਨ, (ਓਹ) ਸੱਚ ਬੋਲਦੇ ਹਨ (ਇਸ ਕਰਕੇ) ਹੇ ਸੱਚੇ ਤੇਰਾ ਤਾਣ ਤਕੀਆ ਉਨ੍ਹਾਂ ਨੂੰ ਹੁੰਦਾ ਹੈ। (ਹਾਂ) ਓਹੀ ਭਗਤ ਹਨ ਜਿਨ੍ਹਾਂ ਨੇ ਗੁਰੂ ਦੁਆਰਾ-(ਹੇ ਸੱਚੇ! ਤੈਨੂੰ) ਸਲਾਹਿਆ ਹੈ, (ਉਨ੍ਹਾਂ ਨੂੰ) ਸੱਚੇ ਸ਼ਬਦ ਦਾ ਨਿਸ਼ਾਨ ਪੈ ਜਾਂਦਾ ਹੈ। (ਤੇਂ) ਸੱਚੇ ਨੂੰ ਜੋ ਸਚ ਮੁਚ ਸੇਂਵਦੇ ਹਨ (ਮੈਂ ਉਨ੍ਹਾਂ ਤੋਂ) ਸਦਾ ਵਾਰੀ ਤੇ ਸਦਕੇ ਜਾਂਦਾ ਹਾਂ ॥ ੧੩ ॥

**ਵਯਾਖਯਾ**—ਪਉੜੀ ਵਿਚ ਸਤਯ ਸਰੂਪ ਅਗੇ ਅਰਦਾਸ ਹੈ। ਉਸ ਅਰਦਾਸ ਦੇ ਅੰਤਰ-ਗਤਿ ਦੋ ਪਖ ਹਨ: ਵਾਹਿਗੁਰੂ ਨੂੰ ਸਤਯ ਸਰੂਪ ਦੱਸਿਆ ਹੈ ਤੇ ਸੱਚਾ ਦੱਸਿਆ ਹੈ। ਸੱਚ ਤਾਂ ਉਸ ਦਾ ਸਰੂਪ ਹੈ ਪਰ ਉਸਦੇ ਹੋਣ ਕਰਕੇ ਉਸ ਦੇ ਹੁਕਮ, ਫੁਰਮਾਣ, ਬੀਚਾਰ ਬੀ ਸਾਰੇ ਸੱਚੇ ਹਨ, ਯਥਾ:–

ਸਚੇ ਤੇਰੇ ਕਰਣੇ ਸਰਬ ਬੀਚਾਰ॥ ਸਚਾ ਤੇਰਾ ਅਮਰੁ ਸਚਾ ਦੀਬਾਣੁ॥
ਸਚਾ ਤੇਰਾ ਹੁਕਮੁ ਸਚਾ ਫੁਰਮਾਣੁ॥ [ਆਸਾ ਵਾਰ ਮਹਲਾ ੧–੨

ਉਸ ਦੇ ਸੱਚੇ ਕਰਣਿਆਂ ਵਿਚੋਂ ਇਕ ਉਸ ਦਾ ਕਰਣਾ ਹੈ 'ਸਚ ਨਿਆਉ'। ਸਚਾ ਨਿਆਉ ਕਰਨ ਵਾਲਾ ਹੋਣ ਕਰਕੇ ਉਸ ਨੂੰ ਦੀਬਾਣ ਕਿਹਾ ਹੈ ਤੇ ਅਮਿਤ ਹੋਣ ਕਰਕੇ ਸਭ ਤੋਂ ਵਡਾ ਕਿਹਾ ਹੈ। ਇਹ ਦੱਸਕੇ ਉਹਨਾਂ ਦਾ ਹਾਲ ਦੱਸਿਆ ਹੈ ਜੋ ਉਸ 'ਸਚ' ਨੂੰ 'ਸਚ' ਕਰਕੇ ਧਿਆਉਂਦੇ ਹਨ। ਉਹਨਾਂ ਨੂੰ ਉਸ ਸਚ ਦਾ ਮਾਣ ਤੇ ਤਾਣ ਪ੍ਰਾਪਤ ਹੁੰਦਾ ਹੈ। ਇਹ ਉਹਨਾਂ ਦੀ ਪ੍ਰਾਪਤੀ ਹੈ। ਹੁਣ ਉਹਨਾਂ ਦੀ ਰਹਿਣੀ ਦੱਸਦੇ ਹਨ:-ਉਨ੍ਹਾਂ ਦੇ ਅਦਰ ਸੱਚ ਹੋਂਦਾ ਹੈ, ਸੱਚ ਬੋਲਦੇ ਹਨ, ਓਹ ਗੁਰੂ ਦੁਆਰਾ ਸਚੇ ਦੀ ਸਿਫਤ ਸਲਾਹ ਕਰਦੇ ਹਨ, ਸਚੇ ਸ਼ਬਦ ਦਾ ਨਿਸ਼ਾਨ ਪੈ ਜਾਂਦਾ ਹੈ। ਭਾਵ ਉਨਾਂ ਦੀ ਪਛਾਣ ਪ੍ਰਲੋਕ ਵਿਚ ਸਚ ਤੋਂ ਹੁੰਦੀ ਹੈ। ਇਸ ਕਰਕੇ ਉਨ੍ਹਾਂ ਦੇ ਮੂੰਹ ਉਜਲੇ ਹੁੰਦੇ ਹਨ। ਹੁਣ ਉਨ੍ਹਾਂ ਵਿਚ ਅਪਣੀ ਸ਼ਰਧਾ ਦੱਸਦੇ ਹਨਕਿ ਜੋ ਉਸ ਸਚੇ ਨੂੰ ਸਚ ਦੁਆਰਾ ਸੇਂਵਦੇ ਹਨ ਉਹਨਾਂ ਤੋਂ ਮੈਂ ਕੁਰਬਾਨ ਹਾਂ। ਭਾਵ ਸਚੇ ਨੂੰ ਸਚਿਆਈ ਨਾਲ ਸਿਮਰਦੇ ਜੋ ਸਤਯ ਸਰੂਪ ਨੂੰ ਅਨੁਭਵ ਕਰ ਲੈਂਦੇ ਹਨ ਉਹਨਾਂ ਦਾ ਮੈਨੂੰ ਪਰਮ ਸਤਿਕਾਰ ਹੈ। ਇਹ ਸਾਰਾ ਕੁਛ ਕਹਿਣ ਵੇਲੇ ਆਪ ਦੇ ਨੈਣਾਂ ਅਗੇ ਸਰੂਪ ਅਪਣੇ ਸਤਿਗੁਰੂ ਸ੍ਰੀ ਗੁਰੂ ਅਮਰ ਦਾਸ ਜੀ ਦਾ ਹੈ।

ਹੁਣ ਜੋ ਸਲੋਕ ਪਹਿਲੋਂ ਰਖੇ ਗਏ ਹਨ ਓਹ ਇਸ ਪਉੜੀ ਦੇ ਭਾਵ ਨਾਲ ਕਿਵੇਂ ਢੁੱਕਦੇ ਹਨ?

ਪਹਿਲੇ ਸਲੋਕ ਵਿਚ ਉਸ ਸਤਿਗੁਰੂ ਦੀ ਵਡਿਆਈ ਦੱਸੀ, ਜਿਸ ਦੀ ਵਡਿਆਈ ਪਉੜੀ ਦੀ ਦੂਜੀ ਤੁਕ ਤੋਂ ਆਈ ਹੈ। ਸਲੋਕ ਦੀ ਦੂਜੀ ਪਉੜੀ ਤੋਂ ਪਤਾ ਚਲ ਜਾਂਦਾ ਹੈ ਕਿ ਇਸ ਸਲੋਕ ਵਿਚ ਗੁਰੂ ਅਮਰ ਦਾਸ ਜੀ ਧਿਆਨ ਵਿਚ ਇਸਥਿਤ ਹੋਨ; ਕਿ ਉਹਨਾਂ ਨੂੰ ਜੋ 'ਵਡਿਆਈ' ਮਿਲੀ ਹੈ ਨਾਮ ਦੀ ਤੇ ਗੁਰਿਆਈ ਦੀ, ਉਹ ਸਭ ਤੋਂ ਵਡੀ ਵਸਤੂ ਹੈ, ਜੋ ਤ੍ਰੁੱਠ ਕੇ ਦਿਤੀ ਹੈ ਉਨ੍ਹਾਂ ਦੇ ਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ ਨੇ। ਪੂਰੇ ਦੀ ਦਿੱਤੀ ਹੋਣਕਰਕੇ ਕੋਈ ਘਟਾ ਨਹੀਂ ਸਕਦਾ ਕਿਉਂਕਿ ਸਾਹਿਬ ਜਿਸ ਦੇ ਵੱਲ ਹੈ ਤਾਂ ਘਟਾਉਣ ਵਾਲੇ ਪ੍ਰਲਾਪ ਵਿਚ ਰਹਿ ਜਾਂਦੇ ਹਨ, ਕਾਮਯਾਬ ਨਹੀਂ ਹੁੰਦੇ। ਤੀਸਰੀ ਤੁਕ ਤੋਂ ਅਖੀਰ ਤਕ ਨਿੰਦਕਾਂ ਦੀ ਨਾਕਾਮਯਾਬੀ ਦਿਖਾਈ ਹੈ, ਇਸ ਰੂਪ ਵਿਚ ਕਿ ਜਿਉਂ ਜਿਉਂ ਓਹ ਘਟਾਉਣ ਦਾ ਜਤਨ ਕਰਦੇ ਹਨ ਵਡਿਆਈ ਵਧਦੀ ਹੈ।

ਇਸ ਸਲੋਕ ਵਿਚ ਭਾਵ ਤਾਂ ਤੀਸਰੇ ਸਤਿਗੁਰਾਂ ਦੀ ਵਡਿਆਈ ਤੋਂ ਹੈ ਤੇ ਨਿੰਦਕ ਲਗ ਪਗ ਸਾਰੇ ਲਏ ਹਨ; ਪਰ ਦੂਸਰੇ ਸਲੋਕ ਵਿਚ ਜੋ ਨਿੰਦਕ ਦਾ ਵਰਣਨ ਹੈ ਉਹ ਇਕ ਵਚਨ ਵਿਚ ਹੈ। ਅਤੇ ਜੋ ਵਰਣਨ ਹੈ ਉਹ ਦੱਸਦਾ ਹੈ ਕਿ ਗੋਂਦੇ ਦੇ ਪੁਤ ਮਰਵਾਹੇ ਦਾ ਹੈ, ਜਿਸ ਨੇ ਗੁਰੂ ਸਾਹਿਬ ਤੇ ਝੂਠੇ ਮੁਕੱਦਮੇ ਬਣਾਕੇ ਲਾਹੌਰ ਤੋਂ ਜਾਫਰਬੇਗ ਹਾਕਮ ਦੇ ਤਹਕੀਕਾਤ ਤੇ ਆਉਣ ਦੀ ਨੌਬਤ ਆਂਦੀ। ਫੇਰ ਅਕਬਰ ਦੇ ਦਰਬਾਰ ਝੂਠੀ ਫਰਯਾਦ ਲੈਕੇ ਝੂਠਾ ਹੋਕੇ ਤੇ ਝੂਠ ਦੀ ਸਜ਼ਾ ਪਾਕੇ ਰੁਲਿਆ ਤੇ ਦੁਖ ਪਾਏ। ਉਸ ਦੀ ਯਥਾ ਯੋਗ ਦੰਡਿਤ ਤੇ ਪੀੜਿਤ ਦਸ਼ਾ ਦਿਖਾਲੀ ਹੈ ਕਿ ਜਗਤ ਨੂੰ ਸੋਝੀ ਆਵੇ ਕਿ ਝੂਠ ਪਾਪ ਦਾ ਫਲ ਅਪਣੀ ਤਬਾਹੀ ਹੁੰਦੀ ਹੈ ਤੇ ਨਿਰਵੈਰਾਂ ਨਾਲ ਰਚਾਏ ਵੈਰ ਅਪਣੇ ਤੇ ਪੈਂਦੇ ਹਨ। ਪਰੰਤੂ ਸਦਾ ਮੇਹਰ ਦੇ ਘਰ ਵਿਚ ਵਸਦੇ ਸਤਿਗੁਰੂ ਜੀ ਐਸੇ ਘੋਰ ਪਾਪੀ ਨੂੰ ਬੀ ਸਦਾ ਲਈ ਨਿਰਾਸਤਾ ਵਿਚ ਨਹੀਂ ਸਟਦੇ, ਉਸ ਪਰ ਬੀ ਤਰਸ ਕਰਦੇ ਹਨ ਤੇ ਮੁੜ ਸੁਖੀ ਹੋ ਜਾਣ ਦਾ ਰਾਹ ਦੱਸਦੇ ਹਨ ਕਿ ਜੇ ਉਹ ਬੀ ਹੁਣ ਹੀ ਗੁਰੂ ਕੀ ਸ਼ਰਣ ਆ ਪਵੇ ਤਾਂ ਗੁਰੂ ਉਸ ਦੇ ਕੀਤੇ ਨੂੰ ਬਖਸ਼ਕੇ ਭੁਲਾ ਦੇਵੇਗਾ। ਅਤੇ ਉਸ ਨੂੰ ਬੀ

ਨਾਮ ਦੇ ਮਾਰਗ ਤੇ ਪਾ ਦੇਵੇਗਾ ਜਿਸ ਨਾਲ ਉਸ ਦੇ ਪਾਪ ਤੇ ਕਿਲਵਿਖ ਅਰਥਾਤ ਘੋਰ ਪਾਪ ਸਾਰੇ ਦੂਰ ਹੋ ਜਾਣਗੇ।

ਗੁਰੂ ਰਾਮਦਾਸ ਜੀ ਦਾ ਕੋਮਲ ਦਿਲ ਸਹਿ ਨਹੀਂ ਸਕਦਾ ਕਿ ਜਦ ਦੰਡ ਯੋਗ ਯੋਗਤਾ ਨਾਲ ਦੰਡੇ ਗਏ ਪਾਪੀਆਂ ਦਾ ਵਰਣਨ ਕਰਦੇ ਹਨ ਤਾਂ ਉਸ ਵਿਚ ਖੁਸ਼ ਹੋਣ, ਓਹ ਉਨ੍ਹਾਂ ਲਈ ਦ੍ਰਵਦੇ ਤੇ ਬਚਣ ਦਾ ਉਪਾਉ ਦੱਸਦੇ ਹਨ। ਇਸ ਸਲੋਕ ਦੀ ਅਖੀਰਲੀ ਤੁਕ ਵਿਚ ਕੁਛ ਸੈਨਤ ਹੈ ਤੇ ਅਗਲੀ ਪਉੜੀ ਦੇ ਪਹਿਲੇ ਸਲੋਕ ਵਿਚ ਜੋ ਸਪਸ਼ਟ ਦੱਸਿਆ ਹੈ ਉਸ ਤੋਂ ਜਾਪਦਾ ਹੈ ਕਿ ਮਰਵਾਹਾ ਬੀ ਅੰਤ ਬਖਸ਼ਿਆ ਗਿਆ ਸੀ।

**ਨਿਰੁਕ੍ਤ**—ਇਕੁ ਤਿਲੁ—ਇਕ ਤਿਲ ਜਿੰਨੀ। ਭਾਵ ਥੋੜੀ ਬੀ।

ਝਖਿ ਝਖਿ-ਖਪ ਖਪ। ਚੜੈ ਸਵਾਈ—ਇਕ ਤੋਂ ਸਵਾ ਇਕ ਹੋਕੇ ਵਧਦੀ ਹੈ, ਭਾਵ ਬਹੁਤ ਵਧਦੀ ਹੈ। ਗਣਤ—[ਸੰਸ:, ਗਣਿਤੰ=ਹਿਸਾਬ] ਗੇਣਤੀ। ਇਥੇ ਭਾਵ ਨੁਕਤਾ ਚੀਨੀ ਤੋਂ ਹੈ। ਪੜਚੋਲ, ਜੋ ਨਿੰਦਾ ਦੀ ਕਿਸਮ ਦੀ ਹੁੰਦੀ ਹੈ।

ਹਲਤੁ ਪਲਤੁ ਲੋਕ ਪ੍ਰਲੋਕ।

ਝਹੀਆ—ਅਤਿ ਕ੍ਰੋਧ ਵਿਚ ਪੈਣਾ ਜਿਵੇਂ ਕੁੱਤਾ ਝਹੀਆਂ ਲੈ ਲੈ ਪੈਂਦਾ ਹੈ।

ਕਿਲਵਿਖ—ਘੋਰ ਪਾਪ।

## [ਪਉੜੀ ਚੌਦਵੀਂ]

**ਮੂਲ**

ਸਲੋਕ ਮਃ ੪ ॥ ਧੁਰਿ ਮਾਰੇ ਪੂਰੇ ਸਤਿਗੁਰੂ ਸੇਈ ਹੁਣਿ ਸਤਿਗੁਰਿ ਮਾਰੇ॥ ਜੇ ਮੇਲਣ ਨੋ ਬਹੁਤੇਰਾ ਲੋਚੀਐ ਨ ਦੇਈ ਮਿਲਣ ਕਰਤਾਰੇ ॥ ਸਤ ਸੰਗਤਿ ਢੋਈ ਨਾ ਲਹਨਿ ਵਿਚਿ ਸੰਗਤਿ ਗੁਰਿ ਵੀਚਾਰੇ॥ਕੋਈ ਜਾਇ ਮਿਲੈ ਹੁਣਿ ਓਨ੍ਹਾ ਨੋ ਤਿਸੁ ਮਾਰੇ ਜਮੁ ਜੰਦਾਰੇ ॥ ਗੁਰਿ ਬਾਬੈ ਫਿਟਕੇ ਸੇ ਫਿਟੇ ਗੁਰਿ ਅੰਗਦਿ ਕੀਤੇ ਕੂੜਿਆਰੇ ॥ ਗੁਰਿ ਤੀਜੀ ਪੀੜੀ ਵੀਚਾਰਿਆ ਕਿਆ ਹਥਿ ਏਨਾ ਵੇਚਾਰੇ॥ ਗੁਰੁ ਚਉਥੀ ਪੀੜੀ ਟਿਕਿਆ ਤਿਨਿ ਨਿੰਦਕ ਦੁਸਟ ਸਭਿ ਤਾਰੇ ॥ ਕੋਈ ਪੁਤੁ ਸਿਖੁ ਸੇਵਾ ਕਰੇ ਸਤਿਗੁਰੂ ਕੀ ਤਿਸੁ ਕਾਰਜ ਸਭਿ ਸਵਾਰੇ॥ ਜੋ ਇਛੈ ਸੋ

**ਅਰਥ**

ਧੁਰੋਂ (=ਮੁੱਢ ਤੋਂ) ਜੋ ਪੂਰੇ ਸਤਿਗੁਰੂ (ਨਾਨਕ ਦੇਵ ਜੀ) ਨੇ (ਬੇਮੁਖ ਕਰਕੇ) ਧ੍ਰਿਕਾਰ ਦਿੱਤੇ ਸਨ ਸੋਈ ਹੁਣ ਸਤਿਗੁਰੂ (ਅੰਗਦ ਦੇਵ ਜੀ) ਨੇ ਧ੍ਰਿਕਾਰ ਦਿੱਤੇ। ਜੇ (ਉਨ੍ਹਾਂ ਨੂੰ) ਮੇਲਣ ਲਈ ਬਥੇਰਾ ਪਏ ਚਾਹੀਏ ਪਰ ਉਨਾਂ ਨੂੰ ਕਰਤਾ ਪੁਰਖ ਮਿਲਣ ਨਹੀਂ ਦੇਂਦਾ। ਓਹ ਸਤਿਸੰਗ ਵਿਚ ਬੀ (ਕਿਧਰੇ) ਢੋਈ ਨਹੀਂ ਲੈ ਸਕਦੇ (ਕਿਉਂਕਿ) ਸੰਗਤ ਵਿਚ ਗੁਰੂ ਨੇ ਵਿਚਾਰ ਦੱਸ ਦਿੱਤੀ ਹੈ ਕਿ ਉਨ੍ਹਾਂ (ਗੁਰੂ ਧ੍ਰਿਕਾਰਿਆ) ਨੂੰ ਜੋ ਕੋਈ ਜਾਕੇ ਮਿਲੇਗਾ ਉਨ੍ਹਾਂ ਨੂੰ ਜਮ ਜੋ ਡਾਢਾ ਹੈ ਦੰਡੇਗਾ। ਸੋ ਭਾਈ! ਗੁਰੂ ਬਾਬੇ (=ਗੁਰੂ ਨਾਨਕ ਦੇਵ ਜੀ) ਨੇ ਜੋ ਧ੍ਰਿਕਾਰੇ ਸਨ ਉਹ (ਗੁਰੂ ਅੰਗਦ ਦੇਵ ਜੀ ਦੇ ਵੇਲੇ ਬੀ ਅਜੇ ਫਿਟੇ ਹੋਏ ਸਨ ਸੋ) ਗੁਰੂ ਅੰਗਦ ਦੇਵ ਜੀ ਨੇ ਬੀ ਓਹ ਕੂੜਿਆਰ (ਹੀ ਸਹੀ) ਕੀਤੇ। ਤੀਸਰੀ ਪੀਹੜੀ ਵਾਲੇ (ਸ੍ਰੀ ਗੁਰੂ ਅਮਰ ਦਾਸ ਜੀ) ਨੇ ਵੀਚਾਰ ਕੀਤੀ ਕਿ ਇਨ੍ਹਾਂ ਵਿਚਾਰਿਆਂ ਦੇ ਹੱਥ ਕੀ ਹੈ! ਸੋ ਉਸ) ਗੁਰੂ (ਅਮਰ ਦਾਸ ਜੀ) ਨੇ (ਜਿਸਨੇ ਮੈਨੂੰ) ਚਉਥੀ ਪੀੜੀ ਤੇ ਟਿਕਾ ਦੇ ਕੇ ਬਹਾਲਿਆ ਹੈ (ਹਾਂ) ਉਸ ਨੇ ਨਿੰਦਕ ਤੇ ਦੁਸ਼ਟ ਸਾਰੇ ਤਾਰ ਦਿੱਤੇ ਹਨ। ਕੋਈ (ਹੋਵੇ ਚਾਹੇ) ਪੁਤ੍ਰ (ਚਾਹੇ) ਸੇਵਕ (ਜੋ ਬੀ) ਸਤਿਗੁਰੂ ਦੀ ਸੇਵਾ ਕਰਦਾ ਹੈ ਉਸਦੇ ਸਾਰੇ ਕਾਰਜ ਗੁਰੂ ਸੰਵਾਰ ਦੇਂਦਾ ਹੈ। ਜੋ (ਕੁਛ ਉਹ)

ਫਲੁ ਪਾਇਸੀ ਪੁਤੁ ਧਨੁ ਲਖਮੀ ਖੜਿ ਮੇਲੇ ਹਰਿ ਨਿਸਤਾਰੇ॥ ਸਭਿ ਨਿਧਾਨ ਸਤਿਗੁਰੂ ਵਿਚਿ ਜਿਸੁ ਅੰਦਰਿ ਹਰਿ ਉਰਧਾਰੇ ॥ ਸੋ ਪਾਏ ਪੂਰਾ ਸਤਿਗੁਰੂ ਜਿਸੁ ਲਿਖਿਆ ਲਿਖਤੁ ਲਿਲਾਰੇ ॥ ਜਨੁ ਨਾਨਕੁ ਮਾਗੈ ਧੂੜਿ ਤਿਨ ਜੋ ਗੁਰਸਿਖ ਮਿਤ ਪਿਆਰੇ ॥ ੧ ॥

ਚਾਹੇਗਾ ਉਹੋਫਲ ਪਾ ਲਵੇਗਾ-ਪੁਤ ਧਨਦੌਲਤ,(ਹਾਂਗੁਰੂ ਉਸ ਨੂੰ ਇਨ੍ਹਾਂ ਤੋਂ ਬੀ ਉੱਚਾ) ਲਿਜਾਕੇ ਹਰੀ ਨਾਲ ਮੇਲੇਗਾ, (ਇਸ ਤਰ੍ਹਾਂ ਉਸਦਾ) ਨਿਸਤਾਰਾ ਕਰ ਦੇਵੇਗਾ। (ਭਾਈ!) ਸਾਰੇ ਖ਼ਜ਼ਾਨੇ ਸਤਿਗੁਰੂ ਵਿਚ ਹਨ ਜਿਸਦੇ ਅੰਦਰ ਦਿਲ ਵਿਚ ਹਰੀ ਟਿਕ ਰਿਹਾ ਹੈ। (ਐਸੇ) ਪੂਰੇ ਸਤਿਗੁਰੂ ਨੂੰ ਉਹ (ਪੁਰਖ) ਪਾ ਲੈਂਦਾ ਹੈ ਜਿਸਦੇ ਮੱਥੇ ਤੇ ਕਿ ਧੁਰੋਂ ਲੇਖ ਲਿਖਿਆ ਹੁੰਦਾ ਹੈ। ਨਾਨਕ ਦਾਸ ਉਨ੍ਹਾਂ ਸਿਖਾਂ ਦੀ ਧੂੜੀ ਮੰਗਦਾ ਹੈ ਜੋ ਗੁਰੂ ਕੇ ਪਿਆਰੇ ਹਨ (ਹਾਂ ਉਹੀ ਮੇਰੇ) ਮਿਤ੍ਰ ਹਨ ॥ ੧ ॥

ਮਃ ੪ ॥ ਜਿਨ ਕਉ ਆਪਿ ਦੇਇ ਵਡਿਆਈ ਜਗਤੁ ਭੀ ਆਪੇਆਣਿ ਤਿਨ ਕਉ ਪੈਰੀ ਪਾਏ ॥ ਡਰੀਐ ਤਾਂ ਜੇ ਕਿਛੁ ਆਪਦੂ ਕੀਚੈ ਸਭੁ ਕਰਤਾ ਆਪਣੀ ਕਲਾ ਵਧਾਏ ॥ ਦੇਖਹੁ ਭਾਈ ਏਹੁ ਅਖਾੜਾ ਹਰਿ ਪ੍ਰੀਤਮ ਸਚੇ ਕਾ ਜਿਨਿ ਆਪਣੈ ਜੋਰਿ ਸਭਿ ਆਣਿ ਨਿਵਾਏ ॥ ਆਪਣਿਆ ਭਗਤਾ ਕੀ ਰਖ ਕਰੇ ਹਰਿ ਸੁਆਮੀ ਨਿੰਦਕਾ ਦੁਸਟਾ ਕੇ ਮੁਹ ਕਾਲੇ ਕਰਾਏ ॥ ਸਤਿਗੁਰ ਕੀ ਵਡਿਆਈ ਨਿਤ ਚੜੈ ਸਵਾਈ ਹਰਿ ਕੀਰਤਿ ਭਗਤਿ ਨਿਤ ਆਪਿ ਕਰਾਏ ॥ ਅਨਦਿਨੁ ਨਾਮੁ ਜਪਹੁ ਗੁਰ ਸਿਖਹੁ ਹਰਿ ਕਰਤਾ ਸਤਿਗੁਰੁ ਘਰੀ ਵਸਾਏ॥ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰ ਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ॥ ਗੁਰਸਿਖਾ ਕੇ ਮੁਹ ਉਜਲੇ ਕਰੇ ਹਰਿ ਪਿਆਰਾ ਗੁਰ ਕਾ ਜੈਕਾਰੁ ਸੰਸਾਰਿ ਸਭਤੁ ਕਰਾਏ ॥ ਜਨੁਨਾਨਕੁ ਹਰਿਕਾ ਦਾਸੁ ਹੈ ਹਰਿ ਦਾਸਨ ਕੀ ਹਰਿ ਪੈਜ ਰਖਾਏ॥੨॥

ਜਿਨ੍ਹਾਂ ਨੂੰ (ਪਰਮੇਸੁਰ) ਆਪ ਵਡਿਆਈ ਦੇਂਦਾ ਹੈ ਜਗਤ ਨੂੰ ਆਪੇ ਲਿਆਕੇ ਉਨ੍ਹਾਂ ਦੇ ਪੈਰੀਂ ਪੁਆ ਦੇਂਦਾ ਹੈ। (ਅਸੀਂ) ਤਾਂ ਡਰੀਏ ਜੇ (ਅਪਣੀ ਵਡਿਆਈ ਲਈ) ਕੁਛ ਆਪ ਕਰੀਏ, (ਇਹ ਤਾਂ) ਕਰਤਾਰ ਸਭ ਆਪਣੀ ਸ਼ਕਤੀ ਵਧਾਕੇ (ਦਿਖਾ ਰਿਹਾ) ਹੈ। ਹੇ ਭਾਈ! ਦੇਖੋ ਇਹ ਖੇਲ (ਸਾਡੇ) ਸੱਚੇ ਪ੍ਰੀਤਮ ਦਾ ਜਿਸਨੇ ਆਪਣੇ ਜ਼ੋਰ ਨਾਲ ਸਾਰੇ (ਸਤਿਗੁਰੂ ਅੱਗੇ) ਲਿਆ ਨਿਵਾਏ ਹਨ। ਆਪਣਿਆਂ ਭਗਤਾਂ ਦੀ ਹਰੀ ਸੁਆਮੀ (ਸਦਾ) ਰਖ੍ਯਾ ਕਰਦਾ ਹੈ, (ਹੁਣ ਬੀ ਉਸ ਨੇ ਉਸੇ ਬਿਰਦ ਦੇ ਸਦਕੇ)ਨਿੰਦਕਾਂ ਤੇ ਦ੍ਵੈਖੀਆਂ ਦੇ ਮੂੰਹ ਕਾਲੇ ਕਰਾਏ ਹਨ। (ਦੇਖੋ; ਸਤਿਗੁਰੂ ਦੀ ਵਡਿਆਈ ਨਿਤ ਵੱਧ ਤੋਂ ਵੱਧ ਚੜ੍ਹਦੀ ਹੈ, (ਕਿਉਂਕਿ ਓਹ ਹਰੀ ਦੀ ਕੀਰਤੀ ਕਰਦੇ ਰਹਿੰਦੇ ਹਨ, ਪਰੰਤੂ) ਇਹ ਹਰੀ ਕੀਰਤਨ ਤੇ ਭਗਤੀ (ਬੀ) ਹਰੀ(ਉਨ੍ਹਾਂ ਤੋਂ)ਆਪ ਕਰਵਾਉਂਦਾ ਹੈ। (ਤਾਂਤੇ) ਹੇ ਗੁਰਸਿਖੋ! ਸਦਾ ਹਰੀ ਦਾ ਨਾਮ ਜਪੋ,(ਇਸ ਤਰ੍ਹਾਂ) ਸਤਿਗੁਰੂ ਹਰੀ ਕਰਤਾਰ ਨੂੰ (ਤੁਸਾਡੇ) ਦਿਲਾਂ ਵਿਚ ਵਸਾ ਦੇਵੇਗਾ। ਹੇ ਗੁਰੂ ਕੇ ਸਿਖੋ! ਸਤਿਗੁਰੂ ਦੀ ਬਾਣੀ ਨੂੰ ਸੱਚੋ ਸੱਚ ਕਰਕੇ ਜਾਣੋ, (ਜੋ ਕੁਛ ਉਹ ਕਹਿ ਰਿਹਾ ਹੈ) ਹਰੀ ਕਰਤਾਰ ਆਪ (ਉਸ ਦੇ) ਮੂੰਹੋਂ ਕਢਾ ਰਿਹਾ ਹੈ। ਪਿਆਰਾ ਹਰੀ ਗੁਰੂ ਦਾ ਜੈਕਾਰ ਸੰਸਾਰ ਵਿਚ ਸਭ ਥਾਂ ਕਰਵਾਉਂਦਾ ਹੈ ਅਤੇ ਸਿਖਾਂ ਦੇ ਮੂੰਹ ਉੱਜਲੇ ਕਰਦਾ ਹੈ। ਨਾਨਕ ਦਾਸ (ਉਸ) ਹਰੀ ਦਾ ਦਾਸ ਹੈ, ਜੋ ਹਰੀ ਕਿ ਹਰੀ ਦਾਸਾਂ ਦੀ ਸਦਾ ਪੈਜ ਬਚਾਉਂਦਾ ਹੈ ॥ ੨ ॥

ਪਉੜੀ॥ ਤੂ ਸਚਾ ਸਾਹਿਬੁ ਆਪਿ

ਹੇ ਸਾਡੇ ਸੱਚੇ ਸ਼ਾਹ! ਤੂੰ ਆਪ ਹੀ ਸੱਚਾ ਮਾਲਕ ਹੈਂ। ਹੇ

ਹੈ ਸਚੁ ਸਾਹ ਹਮਾਰੇ ॥ ਸਚੁ ਪੂੰਜੀ ਨਾਮੁ ਦ੍ਰਿੜਾਇ ਪ੍ਰਭ ਵਣਜਾਰੇ ਥਾਰੇ ॥ ਸਚੁ ਸੇਵਹਿ ਸਚੁ ਵਣੰਜਿ ਲੈਹਿ ਗੁਣ ਕਥਹ ਨਿਰਾਰੇ ॥ ਸੇਵਕ ਭਾਇ ਸੇ ਜਨ ਮਿਲੇ ਗੁਰ ਸਬਦਿ ਸਵਾਰੇ ॥ ਤੂ ਸਚਾ ਸਾਹਿਬੁ ਅਲਖੁ ਹੈ ਗੁਰ ਸਬਦਿ ਲਖਾਰੇ ॥੧੪॥

ਪ੍ਰਭੂ ! ਸਾਨੂੰ ਨਾਮ ਰੂਪੀ ਸਚ ਪੂੰਜੀ ਦ੍ਰਿੜ ਕਰਾ ਦੇਹ,(ਅਸੀਂ) ਤੇਰੇ ਵਣਜਾਰੇ ਹਾਂ। (ਜੋ ਪ੍ਰੇਮੀ ਤੈਂ) ਸੱਚ (ਸਤਯ ਸਰੂਪ) ਨੂੰ ਸੇਂਵਦੇ ਹਨ, ਸੱਚੇ ਨਾਮ ਦਾ ਵਣਜ ਕਰਦੇ ਹਨ, ਤੇਰੇ ਨਿਆਰੇ ਗੁਣ ਕਥਨ ਕਰਦੇ ਹਨ, ਓਹ ਪੁਰਖ ਗੁਰੂ ਸ਼ਬਦ ਕਰਕੇ ਸੁਆਰੇ ਹਏ ਸੇਵਕ ਭਾਵ ਨਾਲ (ਤੈਨੂੰ) ਮਿਲ ਪੈਂਦੇ ਹਨ। ਤੂੰ ਸੱਚਾ ਮਾਲਕ ਹੈਂ, (ਪਰ) ਅਲੱਖ ਹੈਂ (ਕਿੰਤੂ ਤੂੰ) ਗੁਰੂ ਕੇ ਸ਼ਬਦ ਦੁਆਰਾ ਲਖਿਆ (ਬੀ) ਜਾਂਦਾ ਹੈਂ ॥੧੪॥

**ਵਯਾਖਯਾ**—ਪਉੜੀ ਵਿਚ ਅਰਦਾਸ ਦੇ ਰੂਪ ਵਿਚ ਗੁਣ ਕਥਨ ਹਨ ਤੇ ਮੰਗ ਹੈ ਕਿ ਨਾਮ ਦਾਨ ਦੇਹੁ, ਨਾ ਕੇਵਲ ਦੇਹੁ, ਪਰ ਦ੍ਰਿੜ ਕਰਾ ਦੇਹੁ, ਨਾਮ ਦ੍ਰਿੜਤਾ ਲਿਵ ਲਾ ਦੇਂਦੀ ਹੈ, ਲਿਵ ਨਾਲ ਅਲਖ ਪ੍ਰਭੂ ਲਖਿਆ ਜਾਂਦਾ ਹੈ। ਇਹ ਨਾਮ ਤੇ ਲਿਵ ਦੀ ਪ੍ਰਾਪਤੀ ਗੁਰ ਸ਼ਬਦ ਗੁਰ ਉਪਦੇਸ਼ ਦੁਆਰਾ ਹੁੰਦੀ ਹੈ। ਸੋ ਉਸ ਦਾਤੇ ਦੀ ਬੀ ਮੰਗ ਹੈ।

ਜੋ ਸਲੋਕ ਇਸ ਪਉੜੀ ਨਾਲ ਜੋੜੇ ਗਏ ਹਨ ਉਨ੍ਹਾਂ ਵਿਚ ਸਚੇ ਸਤਿਗੁਰੂ ਅਮਰ ਦਾਸ ਜੀ ਦੀ ਵਡਿਆਈ ਦਾ ਕਥਨ ਹੈ ਤੇ ਕੋਈ ਇਤਿਹਾਸਕ ਹੋ ਬੀਤਿਆ ਵਾਕਿਆ ਲੈਕੇ ਗੁਣ ਕਥੇ ਹਨ।

ਪਹਿਲੇ ਸਲੋਕ ਵਿਚ ਉਹਨਾਂ ਬੇਮੁਖਾਂ ਦਾ ਜ਼ਿਕਰ ਹੈ, ਜਿਨ੍ਹਾਂ ਨੇ ਗੁਰੂ ਨਾਨਕ ਦੇ ਦੁਆਰੇ ਬੇਮੁਖਤਾਈਆਂ ਕੀਤੀਆਂ ਤੇ ਆਪ ਦੇ ਰਚੇ ਸਤਿਸੰਗ ਮੰਡਲ ਵਿਚ ਵਿਘਨਕਾਰੀ ਹੋਏ, ਪਰ ਉਸ ਕਦੇ ਨਾ ਹਾਰੀ ਕਦੇ ਨਾ ਅਝੱਵੀਂ ਪਰ ਸਦਾ ਅਨਕੂਲ ਵਯਕਤੀਨੇ ਕਾਂਪ ਨਾ ਖਾਧੀ ਤੇ ਚੁਣਕੇ ਵੱਖ ਕਰ ਦਿਤੇ ਸਾਰੇ ਤੇ ਸਤਿਸੰਗ ਮੰਡਲ ਅਪਣਾ ਨਿਰੋਲ ਰਖਿਆ। ਜਿਨ੍ਹਾਂ ਨੂੰ ਇਸ ਤਰ੍ਹਾਂ ਸਤਿਸੰਗ ਤੋਂ ਬਾਹਰ ਮਾਰਿਆ ਸੋ ਸੰਗਤਾਂ ਵਿਚ ਬੀ ਧ੍ਰਿਕਾਰੇ ਗਏ। ਦੂਸਰੇ ਸਤਿਗੁਰੂ ਅੰਗਦ ਦੇਵ ਜੀ ਦੇ ਵੇਲੇ ਜਾਪਦਾ ਹੈ ਉਹਨਾਂ ਨੂੰ ਮੁੜ ਲੈ ਲੀਤੇ ਜਾਣ ਦੀ ਕੋਈ ਕੋਸ਼ਸ਼ ਹੋਈ ਹੈ, ਪਰ ਉਹ ਕਾਮਯਾਬ ਨਾ ਹੋਈ। ਗੁਰੂ ਅੰਗਦ ਦੇਵ ਜੀ ਨੇ ਬੀ ਓਹ ਕੂੜ ਪਾਏ, ਕਿਵੇਂ ਕੂੜੇ ਪਾਏ ? ਇਸੇ ਪੰਜਵੀਂ ਤੁਕ ਵਿਚ ਇਕ ਪਦ ਇਸ ਪ੍ਰਸ਼ਨ ਦੇ ਉੱਤਰ ਦੀ ਕੁੰਜੀ ਹੈ। ਉਹ ਪਦ ਹੈ 'ਫਿਟੇ'। ਕਿ ਗੁਰੂ ਅੰਗਦ ਦੇਵ ਜੀ ਨੇ ਡਿੱਠਾ ਕਿ ਓਹ ਪਸ਼ਚਾਤਾਪ ਵਿਚ ਨਹੀਂ ਹਨ, ਉਹ ਅਜੇ ਬੀ ਅੰਦਰੋਂ ਫਿਟਿਹਾਣ ਵਿਚ ਹਨ ਹੰਕਾਰ ਵਿਚ ਹਨ, ਇਸ ਕਰਕੇ ਕੂੜਿਆਰ ਹਨ, ਜੋ ਕੁਛ ਕਹਣਿ ਸੁਣਨਿ ਮਾਤ੍ਰ ਕਰ ਰਹੇ ਹਨ ਸੋ ਬਨਾਉਟੀ ਹੈ, ਗੁਰੂ ਅੰਗਦ ਦੇਵ ਜੀ ਦੇ ਵਕਤ ਤਾਈਂ ਓਹ ਫਿਟੇ ਹੋਏ ਸਨ।

ਹੁਣ ਆਇਆ ਸਮਾਂ ਤੀਸਰੀ ਪੀਹੜੀ ਸ੍ਰੀ ਗੁਰੂ ਅਮਰ ਦਾਸ ਜੀ ਦਾ। ਹੁਣ ਫੇਰ ਕੋਈ ਯਤਨ ਉਹਨਾਂ ਦੇ ਬਖਸ਼ੌਣ ਦਾ ਹੋਇਆ ਹੈ। ਤਦ ਤੀਜੇ ਸਤਿਗੁਰੂ ਜੀਨੇ ਡਿਠਾ ਕਿ ਇਹ ਹੁਣ ਠੀਕ ਪਛੁਤਾਵੇ ਦੇ ਘਰ ਹਨ। ਅਪਣੇ ਆਪ ਨੂੰ ਬੇਚਾਰਾ ਸਮਝਦੇ ਹਨ। ਏਥੇ ਬੀ 'ਬੇਚਾਰੇ' ਪਦ ਵਿਚ ਮਟਕ ਹੈ, ਨਹੀਂ ਤਾਂ 'ਫਿਟਿਹਾਣ ਚੜ੍ਹੇ' ਗੁਰੂ ਬਾਬੇ ਦੀ ਗੁਸਤਾਖੀ ਕਰਨ ਵਾਲੇ ਨੂੰ ਤੀਜੇ ਗੁਰੂ ਕਦ ਬਖਸ਼ਦੇ ਸੇ। ਜਦ ਉਹਨਾਂ ਦੇ ਹਿਰਦੇ ਵਿਚ ਆ ਗਈ ਬੇਚਾਰਗੀ ਨੂੰ ਦੇਖਿਆ ਤਦ ਉਹਨਾਂ ਦੇ ਕੀਤੇ ਅਵਗੁਣਾਂ ਨੂੰ ਗੁਰੂ ਬਾਬੇ ਦੇ ਇਸ ਵਾਕ ਦੀ ਰੌਸ਼ਨੀ ਵਿਚ ਲਿਆ—ਨਕਿ ਨਥ ਖਸਮ ਹਥਿ ਕਿਰਤੁ ਧਕੇ ਦੇ ॥

[ਸੋਰਠਿ ਵਾਰ ਮਹਲਾ ੩–੨੮

ਹਾਂ ਇਨ੍ਹਾਂ ਵਿਚਾਰਿਆਂ ਦੇ ਹੱਥ ਕੀ ਹੈ ? ਤਦ ਉਸ ਗੁਰੂ ਜਯੋਤ ਨੇ, ਜੋ ਹੁਣ ਤੀਜੀ ਪੀਹੜੀ ਦੇ ਰੂਪ ਵਿਚ ਸੀ, ਸਾਰੇ ਤਾਰ ਦਿਤੇ। ਸਾਰੇ ਕਿਹੜੇ ? ਇਕ ਤਾਂ ਨਿੰਦਾ ਕਰਨ ਵਾਲੇ ਮੂੰਹ ਨਾਲ, ਦੂਜੇ ਦੁਸ਼ਟਤਾ ਕਰਨ ਵਾਲੇ, ਅਮਲ ਵਿਚ। ਤਾਰੇ ਕਿਉਂ ਕਿਹਾ ਹੈ ? ਕੇਵਲ ਮਾਫ ਹੀ ਨਹੀਂ ਕੀਤੇ ਓਹ ਬੀ ਨਾਮ ਦੇ ਰਸਤੇ ਪਾ ਦਿਤੇ। ਇਹ ਗਲ ਪਿਛਲੀ ਪਉੜੀ ਦੇ ਦੂਜੇ ਸਲੋਕ ਵਿਚ ਦਸ ਆਏ ਹਨ ਕਿ

ਗੁਰੂ ਨਾ ਕੇਵਲ 'ਪਿਛਲੇ ਅਉਗਣ ਬਖਸਿ ਲਇਆ' ਦੀ ਮੇਹਰ ਕਰਦਾ ਹੈ, ਸਗੋਂ 'ਅਨਦਿਨੁ ਨਾਮੁ ਧਿਆਇਆ' ਦੀ ਮੇਹਰ ਬੀ ਕਰਦਾ ਹੈ, ਜਿਸ ਕਰਕੇ ਉਨ੍ਹਾਂ ਦੇ 'ਹਰਿ ਸਿਮਰਤ ਕਿਲਵਿਖ ਪਾਪ ਗਇਆ' ਦੀ ਪ੍ਰਾਪਤੀ ਹੋ ਜਾਂਦੀ ਹੈ*, ਭਾਵ ਤਰ ਜਾਂਦੇ ਹਨ, ਇਸ ਕਰਕੇ ਇਥੇ ਇਕ ਪਦ 'ਤਾਰੇ' ਵਰਤਕੇ ਪਿਛੇ ਕਹੀ ਸਾਰੀ ਗਲ ਜਣਾ ਦਿਤੀ ਹੈ। ਇਸੇ ਸਲੋਕ ਵਿਚ ਹੁਣ ਸੱਤਵੀਂ ਸਤਰ ਤੋਂ ਫਿਟਕੇ ਬਖਸ਼ਿਆਂ ਦਾ ਜ਼ਿਕਰ ਨਹੀਂ, ਉਹ 'ਤਾਰੇ' ਪਦ ਤੇ ਮੁੱਕ ਚੁਕਾ ਹੈ। ਹੁਣ ਗੁਰੂ ਕੀ ਸੇਵਾ, ਜੋ ਸਨਮੁਖ ਰਹਿਕੇ ਸਿਖ ਯਾ ਗੁਰੂ ਕੇ ਵੰਸ਼ਜ ਕਰਦੇ ਹਨ ਉਹਨਾਂ ਦੀ ਕਰਨੀ ਤੇ ਉਸ ਦੇ ਫਲ ਤੇ ਗੁਰੂ ਕੀ ਮੇਹਰ ਪ੍ਰਤਿਪਾਦਨ ਕਰਦੇ ਹਨ।

ਦੂਸਰੇ ਸਲੋਕ ਵਿਚ ਫੇਰ ਅਪਣੇ ਗੁਰੂ ਦੀ ਵਡਿਆਈ ਦਾ ਜ਼ਿਕਰ ਹੈ, ਇਸ ਵਿਚ ਨਿੰਦਕਾਂ ਦੁਸ਼ਟਾਂ ਦਾ ਜ਼ਿਕਰ ਹੈ, ਜਿਨ੍ਹਾਂ ਦੇ ਮਾੜੇ ਯਤਨਾਂ ਨੂੰ ਕਰਤਾ ਪਰੇ ਸੱਟ ਕੇ ਅਪਣੇ ਪਜਾਰੇ ਭਗਤਾਂ ਦੀ ਤੇ ਖਾਸ ਕਰ ਸਤਿਗੁਰੂ ਦੀ ਵਡਿਆਈ ਆਪ ਕਰਾਉਂਦਾ ਹੈ। ਇਸ ਵਿਚ ਇਕ ਇਸ਼ਾਰਾ ਸੁੱਟਦੇ ਹਨ ਸਾਡੀ ਰਹਿਨੁਮਾਈ ਲਈ ਕਿ ਅਪਣੀ ਵਡਿਆਈ ਲਈ ਆਪ ਯਤਨ ਕਰੋ ਤਾਂ ਡਰੋ, ਜੇ ਆਪ ਪਰਵਾਹ ਨਾ ਕਰੋ ਤੇ ਸ਼ਰਨ ਪਏ ਹਰੀ ਨਾਮ ਜਪੋ ਤੇ ਕਰਤਾ ਆਪ ਵਡਿਆਈ ਬਖ਼ਸ਼ੇ ਤਦ ਓਹ ਸਰਬ ਸਮਰਥ ਆਪ ਜ਼ਿੰਮੇਵਾਰ ਹੈ ਅਪਣੀ ਕੀਤੀ ਦਾ, ਤੁਸੀਂ ਕਿਉਂ ਡਰੋ ? ਉਸ ਦਾ ਬਿਰਦ ਹੈ ਅਪਣਿਆਂ ਦੀ ਰਖਯਾ, ਭਗਤ ਉਸ ਦੇ ਆਸਰੇ ਪਰਨੇ ਹੋਏ ਉਸੇ ਦੇ ਪ੍ਰੇਮ, ਗੁਣ ਕਥਨ ਤੇ ਨਾਮ ਨੂੰ ਅਪਣੀ ਸ਼ੋਭਾ ਸਮਝਦੇ ਹਨ। ਇਸ ਕਰਕੇ ਸਪਸ਼ਟ ਉਪਦੇਸ਼ ਦੇਂਦੇ ਹਨ ਕਿ ਹੇ ਗੁਰ ਸਿਖੋ ਅਨਦਿਨ ਨਾਮ ਜਪੋ, ਕਰਤਾਰ ਤੁਹਾਨੂੰ ਸ੍ਵੈ ਸਰੂਪ ਵਿਚ ਟਿਕਾ ਦੇਵੇਗਾ। ਦਰਗਾਹੇ ਮੂੰਹ ਉਜਲੇ ਕਰੇਗਾ, ਜਗਤ ਵਿਚ ਪੈਜ ਰਖੇਗਾ।

ਇਨ੍ਹਾਂ ਸਲੋਕਾਂ ਤੋਂ ਨਾਮ ਨਹੀਂ ਪਤਾ ਲਗਦੇ ਕਿ ਇਹ ਕਿਨ੍ਹਾਂ ਪਰਥਾਇ ਉਚਾਰੇ ਗਏ ਸਨ। ਪਰ ਕੋਈ ਐਸੇ ਮਾੜੇ ਪੁਰਖ ਗੁਰੂ ਨਾਨਕਦੇਵ ਜੀਦੇ ਹੋਕੇ ਬੇਮੁਖਹੋਏ ਜੋ ਨਿੰਦਾਵਿਚ ਵਜਾਪੇ ਤੇਪ੍ਰਤਿਕੂਲ ਮੜੱਪਣ ਕਰਦੇ ਰਹੇ,ਐਸੀ ਗਲ ਅਦਰਜ ਨਹੀਂ।ਹਰ ਥਾਂ,ਜਿਥੇ'ਸ਼ਕਤੀ'ਹੋਵੇ,ਚਾਹੇ'ਆਤਮਕ' ਚਾਹੇ'ਰਾਜ ਭਾਗ'ਦੀ,ਐਸੇ ਆਦਮੀਦੁਆਲੇ ਆ ਹੀਜਾਂਦੇ ਹਨ, ਜੋ ਬਿਨਾਂ ਕਿਸੇ ਕਰਨੀ ਦੇ ਤੇ ਹੱਕ ਦੇ ਉਸ ਸ਼ਕਤੀਦੇ ਭਾਈਵਾਲ ਬਣਕੇ ਅਗੇ ਆਉਣਾ ਚਾਹੁੰਦੇ ਹਨ। ਸੰਸਾਰ ਵਿਚ ਤਾਂ ਇਹ ਸ਼ਕਤੀ ਵਾਲੇ ਦੀ ਅੰਤ ਹਾਨੀ ਕਰਦੇ ਹਨ ਤੇ ਫਕੀਰਾਂ ਸੰਤਾਂ ਦੇ ਦੁਆਰੇ ਇਹ ਸੰਗਤਾਂ ਲਈ ਖੇਚਲਾਂ ਦੇ ਕਾਰਣ ਬਣਦੇ ਹਨ, ਪਰ ਜੋ ਪਰਮੇਸ਼ੁਰ ਦੇ ਪਜਾਰੇ ਗੁਰਮੁਖ ਸੋਝੀ ਵਾਲੇ ਹੁੰਦੇ ਹਨ ਐਸਿਆਂ ਦੇ ਪੈਰ ਨਹੀਂ ਲਗਣ ਦੇਂਦੇ ਤੇ ਸੰਗਤਾਂ ਨੂੰ ਬਚਾ ਲੈਂਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਪਣੀਆਂ ਸੰਗਤਾਂ ਦੀ ਰਖਯਾ ਲਈ ਐਸੇ ਬਾਘਿਆਂ ਨੂੰ ਚੁਣਕੇ ਵੱਖ ਕੱਢ ਦਿਤਾ,ਤੇ ਦੂਜੇ ਗੁਰੂ ਜੀਨੇ ਨੇੜੇ ਨਾ ਫਟਕਣ ਦਿਤਾ,ਪਰ ਜਦ ਉਨ੍ਹਾਂ ਵਿਚ ਨਿੰਮ੍ਰਤਾ ਆ ਗਈ, ਸ਼ਰਾਰਤ ਹਟ ਗਈ, ਬੇਚਾਰਹ ਹੋ ਗਏ ਤਾਂ ਸਤਿਗੁਰੂ ਨਿਰਵੈਰ ਨੇ ਬਖਸ਼ ਦਿਤਾ। ਕਿਉਂਕਿ ਸਤਿਗੁਰੂ ਕਿਸੇ ਦਾ ਵਿਰੋਧੀ ਨਹੀਂ, ਓਹ ਅਵਗੁਣਾਂ ਨੂੰ ਸਾਡੇ ਵਿਚੋਂ ਕੱਢ ਦੂਰ ਕਰਦਾ ਹੈ। ਓਹ ਬਦੀ ਦਾ ਪ੍ਰਹਾਰਕ ਹੈ, ਬਦਾਂ ਦਾ ਸੁਧਾਰਕ ਹੈ।

**ਨਿਰਕੁ**—ਜੰਦਾਰੇ-[ਦੇਖੋ ਪੰਨਾ ੧੦੧੩] ਨਪੀੜਨ ਵਾਲਾ, ਜ਼ਾਲਮ, ਜਿੰਦ ਦਾ ਵੈਰੀ। ਜੰਤਰ ਵਿਚ ਪੀੜਨ ਵਾਲਾ। ਧਰਮਰਾਜ।

ਪੀੜੀ-[ਸੰਸ:, ਪੀਠਕਾ=ਪੀੜ੍ਹੀ। ਹਿੰ:, ਪੀੜ੍ਹਾ] ਬੈਠਣ ਦੀ ਕੁਰਸੀ ਵਾਂਙੂ ਪਰ ਨੀਵੀਂ ਉਣੀ ਹੋਈ ਸ਼ੈ। ਮੁਰਾਦ ਹੈ ਗੱਦੀ ਤੋਂ। ਇਕ ਗੱਦੀ ਤੇ ਪਹਿਲੇ ਬੈਠਾ ਪਹਿਲੀ ਪੀੜ੍ਹੀ, ਦੂਜਾ ਬੈਠਾ ਦੂਜੀ

*ਤਾਪ ਪਾਪ ਸੰਤਾਪ ਬਿਨਾਸੇ॥ ਹਰਿ ਸਿਮਰਤ ਕਿਲਵਿਖ ਸਭਿ ਨਾਸੇ॥    [ਬਿਲਾਵਲ ਮ: ੫ ੨੧

ਪੀੜ੍ਹੀ, ਤੀਜਾ ਬੈਠਾ ਤੀਜੀ ਪੀੜ੍ਹੀ।

ਟਿਕਿਆ—[ਹਿੰ:, ਟੀਕਨਾ, ਟਿੱਕਾ ਜਾਂ ਤਿਲਕ ਲੈਣਾ। ਸੰਸ:, ਤਿਲਕ:=ਟਿੱਕਾ।] ਤਿਲਕ ਦਿਤਾ। ਭਾਵ ਗੱਦੀ ਤੇ ਬਿਠਾਇਆ।

ਖੜਿ—ਲਿਜਾਕੇ, ਚੁਕਾਕੇ, ਉੱਚਾ ਕਰਕੇ।

ਨਿਸਤਾਰੇ—[ਸੰਸ:, ਨਿਸ੍ਤਰਣੰ=ਛੁਟਕਾਰਾ, ਮੁਕਤੀ] ਤਾਰ ਦਿੰਦਾ ਹੈ। ਮੁਕਤ ਕਰ ਦਿੰਦਾ ਹੈ। ਨਿਧਾਨ—ਖਜ਼ਾਨੇ।

ਲਿਖਤੁ—ਲਿਖੀ ਹੋਈ ਗੱਲ। ਲੇਖ।

ਲਿਲਾਰੇ—[ਸੰਸ:, ਲਲਾਟੰ=ਮੱਥਾ, ਮਸਤਕ] ਮੱਥੇ ਉਤੇ। ਲਿਲਾਟ ਤੇ।

ਗੁਰ ਸਿਖ ਮਿਤ ਪਿਆਰੇ—ਅਨ੍ਵਯ ਇਹ ਹੈ:-ਗੁਰੂ ਕੇ ਪਜਾਰੇ ਸਿਖ ਮਿਤ੍ਰ (ਹਨ ਸਾਡੇ)।

ਕਲਾ—ਸ਼ਕਤੀ, ਤਾਕਤ। ਅਖਾੜਾ—[ਸੰਸ:, ਅਕ੍ਸ਼ਵਾਟ:। ਹਿੰ:, ਅਖਾੜਾ] ਘੁਲਣ ਦਾ ਥਾਂ। ਤਮਾਸ਼ੇ ਕਰਨ ਦੀ ਜਗਾ। ਪਿੜ। ਖੇਲ, ਤਮਾਸ਼ਾ।

ਘਰੀ ਵਸਾਇ—ਘਰਾਂ ਵਿਚ ਵਸਾਏ, ਸਰੂਪ ਵਿਚ ਵਾਸਾ ਬਖਸ਼ੇ।

ਸਭਤੁ—ਸਭ ਥਾਵੇਂ। ਪੈਜ—ਇੱਜ਼ਤ।

## [ਪਉੜੀ ਪੰਦਰਵੀਂ]

**ਮੂਲ**

ਸਲੋਕ ਮਃ ੪॥ ਜਿਸੁ ਅੰਦਰਿ ਤਾਤਿ ਪਰਾਈ ਹੋਵੈ ਤਿਸਦਾ ਕਦੇ ਨ ਹੋਵੀ ਭਲਾ॥ ਓਸਦੈ ਆਖਿਐ ਕੋਈ ਨ ਲਗੈ ਨਿਤ ਓਜਾੜੀ ਪੂਕਾਰੇ ਖਲਾ॥ ਜਿਸੁ ਅੰਦਰਿ ਚੁਗਲੀ ਚੁਗਲੋ ਵਜੈ ਕੀਤਾ ਕਰਤਿਆ ਓਸਦਾ ਸਭੁ ਗਇਆ॥ ਨਿਤ ਚੁਗਲੀ ਕਰੇ ਅਣਹੋਦੀ ਪਰਾਈ ਮੁਹੁ ਕਢਿ ਨ ਸਕੈ ਓਸਦਾ ਕਾਲਾ ਭਇਆ॥ ਕਰਮ ਧਰਤੀ ਸਰੀਰੁ ਕਲਿਜੁਗ ਵਿਚਿ ਜੇਹਾ ਕੋ ਬੀਜੇ ਤੇਹਾ ਕੋ ਖਾਇ॥ਗਲਾ ਉਪਰਿ ਤਪਾਵਸੁ ਨ ਹੋਈ ਵਿਸੁ ਖਾਧੀ ਤਤਕਾਲ ਮਰਿ ਜਾਇ॥ਭਾਈ ਵੇਖਹੁ ਨਿਆਉ ਸਚੁ ਕਰਤੇ ਕਾ ਜੇਹਾ ਕੋਈ ਕਰੇ ਤੇਹਾ ਕੋਈ ਪਾਏ॥

**ਅਰਥ**

ਜਿਸ (ਮਾਨੁਖ) ਦੇ ਅੰਦਰ ਦੂਸਰਿਆਂ ਨਾਲ ਸਾੜਾ ਹੋਵੇਗਾ ਉਸਦਾ (ਅਪਣਾ) ਭਲਾ ਕਦੇ ਨਹੀਂ ਹੋਵੇਗਾ। ਉਸਦੇ ਆਖੇ ਕੋਈ ਨਹੀਂ ਲਗਦਾ (ਉਹ ਇਉਂ ਪਿਆ ਬੋਲਦਾ ਹੈ ਜਿਵੇਂ ਕੋਈ) ਸਦਾ ਉਜਾੜ ਵਿਚ ਪਿਆ ਪੁਕਾਰਦਾ ਹੈ (ਜਿਥੇ ਕੋਈ ਨਹੀਂ ਸੁਣਦਾ। ਭਾਵ ਉਸਦਾ ਬੋਲਿਆ ਬਿਰਥਾ ਜਾਂਦਾ ਹੈ ਜਿਵੇਂ ਉਜਾੜ ਵਿਚ ਬੋਲਿਆ ਬਿਰਥਾ ਜਾਂਦਾ ਹੈ)। ਜਿਸਦੇ ਅੰਦਰ ਚੁਗਲੀ (ਵਸਦੀ ਹੈ ਉਹ) ਚੁਗਲ ਹੀ ਮਸ਼ਹੂਰ ਹੋ ਜਾਂਦਾ ਹੈ, ਉਸਦਾ (ਪਹਿਲਾ ਚੰਗਾ) ਕਰਤਵ੍ਯ ਕੀਤਾ ਹੋਇਆ ਬੀ ਸਭ ਨਿਸਫਲ ਚਲਾ ਜਾਂਦਾ ਹੈ। (ਉਹ) ਸਦਾ ਅਣਹੋਂਦੀ(ਗੱਲ ਬਣਾਕੇ)ਪਰਾਈ ਚੁਗਲੀ ਕਰਦਾ ਹੈ,(ਇਉਂ) ਉਸਦਾ ਮੂੰਹ ਕਾਲਾ ਹੋ ਜਾਂਦਾ ਹੈ, (ਸੋ ਉਹ ਅਪਣਾ ਕਾਲਾ) ਮੂੰਹ ਬਾਹਰ ਕੱਢ ਨਹੀਂ ਸਕਦਾ (ਭਾਵ ਲੋਕਾਂ ਨੂੰ ਮੂੰਹ ਦਿਖਾਉਣ ਜੋਗਾ ਨਹੀਂ ਰਹਿੰਦਾ, ਅਪਣੀ ਸ਼ਰਮ ਪਿਛੇ ਆਪ ਲੁਕਦਾ ਫਿਰਦਾ ਹੈ। ਇਹ ਗੱਲ ਕੋਈ ਅਨਜਾਇ ਦੀ ਨਹੀਂ ਇਹ ਮਾਨੁੱਖਾ) ਸਰੀਰ (ਮਾਨੋਂ) ਕਰਮਾਂ ਦੀ ਧਰਤੀ ਹੈ (ਇਸ) ਕਲਜੁਗ ਵਿਚ ਜੇਹਾ ਕੁਛ ਕੋਈ ਬੀਜਦਾ ਹੈ ਤੇਹੋ ਜੇਹਾ (ਫਲ) ਖਾਂਦਾ ਹੈ। (ਮੂੰਹ ਦੀਆਂ ਕੀਤੀਆਂ) ਗੱਲਾਂ (ਮਾਤ੍ਰ) ਨਾਲ ਨਿਆਂ ਨਿਬੇੜਾ ਨਹੀਂ ਹੋਣਾ (ਜੋ) ਜ਼ਹਰ ਖਾਏਗਾ ਉਸੇ ਵੇਲੇ ਮਰ ਜਾਏਗਾ। ਹੇ ਭਾਈ! ਸੱਚੇ ਕਰਤੇ

ਜਨ ਨਾਨਕ ਕਉ ਸਭ ਸੋਝੀ ਪਾਈ ਹਰਿ ਦਰ ਕੀਆ ਬਾਤਾ ਆਖਿ ਸੁਣਾਏ ॥ ੧ ॥

ਦਾ ਨਿਆਂ ਦੇਖੋ 'ਜੇਹਾ ਕੋਈ ਕਰੇ ਤੇਹਾ ਪਾ ਲੈਂਦਾ ਹੈ" । ਦਾਸ ਨਾਨਕ ਨੂੰ ਸਾਰੀ ਸੋਝੀ ਪਾ ਦਿੱਤੀ ਹੈ (ਇਸ ਕਰਕੇ ਉਹ) ਹਰੀ ਦੇ ਦਰ ਦੀਆਂ ਗੱਲਾਂ ਆਖਕੇ ਸੁਣਾ ਰਿਹਾ ਹੈ ॥੧॥

ਮਃ ੪ ॥ ਹੋਦੈ ਪਰਤਖਿ ਗੁਰੂ ਜੋ ਵਿਛੁੜੇ ਤਿਨ ਕਉ ਦਰਿ ਢੋਈ ਨਾਹੀ ॥ ਕੋਈ ਜਾਇ ਮਿਲੈ ਤਿਨ ਨਿੰਦਕਾ ਮੁਹ ਫਿਕੇ ਥੁਕ ਥੁਕ ਮੁਹਿ ਪਾਹੀ ॥ ਜੋ ਸਤਿਗੁਰਿ ਫਿਟਕੇ ਸੇ ਸਭ ਜਗਤਿ ਫਿਟਕੇ ਨਿਤ ਭੰਭਲ ਭੂਸੇ ਖਾਹੀ ॥ ਜਿਨ ਗੁਰੁ ਗੋਪਿਆ ਆਪਣਾ ਸੇ ਲੈਦੇ ਢਹਾ ਫਿਰਾਹੀ ॥

ਗੁਰੂ ਦੇ ਪਰਤੱਖ ਹੁੰਦਿਆਂ ਜੋ (ਬੇਮੁਖ ਹੋਕੇ) ਵਿਛੁੜ ਗਏ ਉਨ੍ਹਾਂ ਨੂੰ (ਸਾਈਂ ਦੇ) ਦਰਬਾਰ ਵਿਚ ਢੋਈ ਨਹੀਂ ਮਿਲਦੀ। ਜੇ ਕੋਈ ਉਹਨਾਂ ਨਿੰਦਕਾਂ ਨੂੰ ਜਾ ਮਿਲੇ (ਭਾਵ ਉਨ੍ਹਾਂ ਦਾ ਸੰਗੀ ਜਾ ਬਣੇ ਤਾਂ ਉਨ੍ਹਾਂ ਦੇ) ਮੂੰਹ ਬੀ ਫਿੱਕੇ (ਜਾ ਪੈਂਦੇ ਹਨ ਕਿਉਂਕਿ ਉਨ੍ਹਾਂ ਦੇ ਮੂੰਹ ਤੇ ਬੀ) ਥੁੱਕਾਂ ਹੀ ਥੁੱਕਾਂ ਪੈਂਦੀਆਂ ਹਨ (ਭਾਵ ਉਨ੍ਹਾਂ ਨੂੰ ਫਿਟਕਾਰਾਂ ਮਿਲਦੀਆਂ ਹਨ, ਇਸ ਕਰਕੇ ਚਿਹਰੇ ਸ਼ਰਮ ਨਾਲ ਫਿੱਕੇ ਪੈ ਜਾਂਦੇ ਹਨ)। (ਸਮਝ ਲਓ ਕਿ) ਜੋ ਸਤਿਗੁਰ ਦੇ ਫਿਟਕਾਰੇ ਹੁੰਦੇ ਹਨ ਓਹ ਸਾਰੇ ਜਗਤ ਤੋਂ ਫਿਟਕਾਰੇ ਹੋ ਜਾਂਦੇ ਹਨ, ਓਹ (ਫੇਰ) ਸਦਾ ਭਟਕਦੇ ਹੀ ਫਿਰਦੇ ਹਨ। (ਹਾਂ) ਜਿਨ੍ਹਾਂ ਨੇ ਅਪਣਾ ਗੁਰੂ (ਧਾਰਕੇ ਫੇਰ ਨਿੰਦਾ ਕਰ ਕਰਕੇ ਉਸਨੂੰ ਅਪਣਾ ਗੁਰੂ ਮੰਨਣੋਂ) ਇਨਕਾਰ ਕੀਤਾ ਹੈ ਓਹ (ਥਾਂ ਥਾਂ ਹੋਰ ਹੋਰ) ਆਸਰੇ ਭਾਲਦੇ ਫਿਰਦੇ ਹਨ, (ਪਰ)ਉਨ੍ਹਾਂ ਦੀ (ਉਹ) ਭੁੱਖ (ਜੋ ਗੁਰੂ ਨੇ ਉਤਾਰੀ ਸੀ ਕਿਤੋਂ ਹੋਰਥੋਂ, ਕਦੇ ਨਹੀਂ ਉਤਰਦੀ ਉਹ ਸਦਾ ਭੁਖਾ ਭੁਖਾ ਹੀ ਕੂਕਦੇ ਰਹਿੰਦੇ ਹਨ। (ਫੇਰ) ਉਨ੍ਹਾਂ ਦਾ ਆਖਿਆ ਕੋਈ ਸੁਣਦਾ ਬੀ ਨਹੀਂ(ਓਹ)ਸਦਾ(ਦਿਲ ਵਿਚ)ਹੋਲਹੀ ਹੋਲ ਵਿਚ ਮਰਦੇ ਰਹਿੰਦੇ ਹਨ (ਭਾਵ ਮਨ ਦੇ ਤੌਖਲੇ ਵਿਚ ਰਹਿੰਦੇ ਹਨ। ਮੂਰਖ ਨਹੀਂ ਸਮਝਦੇ ਕਿ ਅਸੀਂ) ਸਤਿਗੁਰ ਦੀ ਵਡਿਆਈ ਵੇਖ ਨਹੀਂ ਸਕਦੇ, (ਇਸ ਕਰਕੇ,ਉਨ੍ਹਾਂ ਨੂੰ ਅੱਗੇ ਪਿਛੇ ਕੋਈ ਟਿਕਾਣਾ ਨਹੀਂ ਲੱਭਦਾ, (ਸਗੋਂ ਓਹ) ਸਤਿਗੁਰ ਦੇ ਫਿਟਕਾਰਿਆਂ ਨੂੰ ਜਾ ਮਿਲਦੇ ਹਨ (ਤੇ ਅਪਣੀ) ਰਹਿੰਦੀ ਖੂੰਧੀ ਪਤਿ ਬੀ ਸਾਰੀਗੁਆ ਲੈਂਦੇ ਹਨ।ਓਹ ਤਾਂ)ਅੱਗੇ ਹੀ ਗੁਰੂ ਦੇ ਫਿਟਕਾਰੇ ਹੋਏ ਕੋਹੜੀ ਸਨ ਜੋ ਉਨ੍ਹਾਂ ਨੂੰ ਮਿਲੇ ਉਸ ਨੂੰ ਬੀ ਕੋਹੜ ਲੱਗ ਜਾਂਦਾ ਹੈ। ਹੇ ਹਰੀ ! (ਮੈਨੂੰ ਤਾਂ) ਉਨ੍ਹਾਂ ਦਾ ਦਰਸ਼ਨ ਬੀ ਨਾ ਕਰਾਓ (ਜੋ ਇਕ ਗੁਰੂ ਤੋਂ ਬੇਮੁਖ ਹੋਕੇ) ਦੂਜੇ ਦੇ ਭਾਉ ਵਿਚ ਚਿਤ ਲਾਉਂਦੇ ਹਨ। (ਪਰ ਕੀਤਾ ਕੀਹ ਜਾਵੇ ਜਿਨ੍ਹਾਂ ਦੇ ਭਾ ਉਨ੍ਹਾਂ ਦੀ ਕਿਰਤ ਅਨੁਸਾਰ) ਧੁਰੋਂ ਕਰਤਾਰ ਆਪ ਲੇਖ ਲਿਖ ਪਾਉਂਦਾ ਹੈ ਉਸ ਨਾਲ ਕੀਹ ਪੇਸ਼ ਜਾਂਦੀ ਹੈ। (ਤਾਂਤੇ) ਹੇ ਦਾਸ ਨਾਨਕ ! ਤੂੰ (ਸਭ ਵਿਚਾਰਾਂ ਛੱਡ ਕੇ ਇਕ) ਨਾਮ ਦੀ ਆਰਾਧਨਾ ਕਰ ਜਿਸ (ਨਾਮ ਦੇ ਪ੍ਰਤਾਪ) ਨੂੰ ਕੋਈ ਪਹੁੰਚ ਨਹੀਂ ਸਕਦਾ (ਭਾਵ ਜੋ ਸਭ ਜਪ ਤਪ ਆਦਿ ਕਰਮਾਂ ਤੋਂ ਸ਼ਿਰੋਮਣਿ ਹੈ) । (ਉਸ) ਨਾਮ ਦੀ

ਤਿਨਕੀ ਭੁਖ ਕਦੇ ਨ ਉਤਰੈ ਨਿਤ ਭੁਖਾ ਭੁਖ ਕੂਕਾਹੀ ॥ ਓਨ੍ਹਾ ਦਾ ਆਖਿਆ ਕੋ ਨਾ ਸੁਣੈ ਨਿਤ ਹਉਲੇ ਹਉਲਿ ਮਰਾਹੀ ॥ ਸਤਿਗੁਰ ਕੀ ਵਡਿਆਈ ਵੇਖਿ ਨ ਸਕਨੀ ਓਨ੍ਹਾ ਅਗੈ ਪਿਛੈ ਥਾਉ ਨਾਹੀ॥ ਜੋ ਸਤਿ-ਗੁਰਿ ਮਾਰੇ ਤਿਨ ਜਾਇ ਮਿਲਹਿ ਰਹਦੀ ਖੁਹਦੀ ਸਭ ਪਤਿ ਗਵਾਹੀ ॥ ਓਇ ਅਗੈ ਕੁਸਟੀ ਗੁਰ ਕੇ ਫਿਟਕੇ ਜਿ ਓਸੁ ਮਿਲੈ ਤਿਸੁ ਕੁਸਟੁ ਉਠਾਹੀ ॥ ਹਰਿ ਤਿਨਕਾ ਦਰਸਨੁ ਨਾ ਕਰਹੁ ਜੋ ਦੂਜੈ ਭਾਇ ਚਿਤੁ ਲਾਹੀ ॥ ਧੁਰਿ ਕਰਤੈ ਆਪਿ ਲਿਖਿ ਪਾਇਆ ਤਿਸੁ ਨਾਲਿ ਕਿਹੁ ਚਾਰਾ ਨਾਹੀ ॥ ਜਨ ਨਾਨਕ ਨਾਮੁ ਅਰਾਧਿ ਤੂ ਤਿਸੁ ਅਪੜਿ ਕੋ ਨ ਸਕਾਹੀ ॥

ਨਾਵੈ ਕੀ ਵਡਿਆਈ ਵਡੀ ਹੈ ਨਿਤ ਸਵਾਈ ਚੜੈ ਚੜਾਹੀ ॥ ੨ ॥

ਵਡਿਆਈ (ਬਹੁਤ) ਵੱਡੀ ਹੈ ਉਹ ਸਦਾ ਵੱਧ ਤੋਂ ਵੱਧ ਚੜ੍ਹਦੀ ਹੀ ਚੜ੍ਹਦੀ ਹੈ ॥ ੨ ॥

ਮਃ ੪ ॥ ਜਿ ਹੋਂਦੈ ਗੁਰੂ ਬਹਿ ਟਿਕਿਆ ਤਿਸੁ ਜਨ ਕੀ ਵਡਿਆਈ ਵਡੀ ਹੋਈ ॥ ਤਿਸੁ ਕਉ ਜਗਤੁ ਨਿਵਿਆ ਸਭੁ ਪੈਰੀਪਇਆ ਜਸੁ ਵਰਤਿਆ ਲੋਈ ॥ ਤਿਸ ਕਉ ਖੰਡ ਬ੍ਰਹਮੰਡ ਨਮਸਕਾਰੁ ਕਰਹਿ ਜਿਸਕੈ ਮਸਤਕਿ ਹਥੁ ਧਰਿਆ ਗੁਰਿ ਪੂਰੈ ਸੋ ਪੂਰਾ ਹੋਈ ॥ ਗੁਰਕੀ ਵਡਿਆਈ ਨਿਤ ਚੜੈ ਸਵਾਈ ਅਪੜਿ ਕੋ ਨ ਸਕੋਈ॥ਜਨੁ ਨਾਨਕੁ ਹਰਿ ਕਰਤੈ ਆਪਿ ਬਹਿ ਟਿਕਿਆ ਆਪੇ ਪੈਜ ਰਖੈ ਪ੍ਰਭੁ ਸੋਈ ॥੩॥

ਜਿਸਨੂੰ (ਆਪ ਸਰੀਰ ਵਿਚ) ਹੁੰਦਿਆਂ ਗੁਰੂ (ਅੰਗਦ ਦੇਵ ਜੀ) ਨੇ ਤਿਲਕ ਦਿੱਤਾ ਸੀ ਉਸ (ਮਹਾਂ) ਪੁਰਖ ਦੀ ਵਡਿਆਈ ਵੱਡੀ (ਆਪੇ) ਹੋ ਗਈ। ਉਸ ਅੱਗ (ਸਾਰਾ) ਸੰਸਾਰ ਨੀਉਂ ਗਿਆ; ਸਭ ਕੋਈ ਆ) ਪੈਰੀਂ ਪੈ ਗਿਆ, ਸਾਰੇ ਲੋਕ ਵਿਚ (ਉਸਦਾ) ਜੱਸ ਫੈਲ ਗਿਆ। ਉਸਨੂੰ ਖੰਡ ਬ੍ਰਹਮੰਡ (ਦੇ ਲੋਕ) ਨਮਸਕਾਰ ਕਰਦੇ ਹਨ (ਕਿਉਂਕਿ) ਜਿਸਦੇ ਮੱਥੇ ਉਤੇ ਪੂਰੇ ਗੁਰੂ ਨੇ ਹੱਥ ਧਰਿਆ (ਸੀ ਉਹ) ਪੂਰਾ (ਗੁਰੂ) ਹੋ ਗਿਆ ਹੈ। (ਹੁਣ ਉਸ ਪੂਰੇ ਹੋ ਗਏ) ਗੁਰੂ ਦੀ ਵਡਿਆਈ ਵੱਡੀ ਹੈ (ਉਹ) ਨਿੱਤ ਵੱਧ ਤੋਂ ਵੱਧ ਵਧਦੀ ਹੈ (ਜਿਸ ਨੂੰ) ਕੋਈ ਪਹੁੰਚ ਨਹੀਂ ਸਕਦਾ। ਨਾਨਕ ਦਾਸ (ਆਖਦਾ ਹੈ ਕਿ) ਜਿਸਨੂੰ ਹਰੀ ਕਰਤਾਰ ਨੇ (ਗੁਰਤਾ ਗਾਦੀ ਤੇ) ਆਪ ਵਿਚ ਬੈਠਕੇ ਟਿੱਕਿਆ ਹੈ ਉਹ ਪ੍ਰਭੂ ਆਪ ਹੀ (ਟਿੱਕੇ ਗਏ ਗੁਰੂ ਅਮਰਦਾਸ ਦੀ) ਪੈਜ ਰਖੇਗਾ ॥੩ ॥

ਪਉੜੀ ॥ ਕਾਇਆ ਕੋਟੁ ਅਪਾਰੁ ਹੈ ਅੰਦਰਿ ਹਟ ਨਾਲੇ ॥ ਗੁਰਮੁਖਿ ਸਉਦਾ ਜੋ ਕਰੇ ਹਰਿ ਵਸਤੁ ਸਮਾਲੇ ॥ ਨਾਮੁ ਨਿਧਾਨੁ ਹਰਿ ਵਣਜੀਐ ਹੀਰੇ ਪਰਵਾਲੇ ॥ ਵਿਣੁ ਕਾਇਆ ਜਿ ਹੋਰਥੈ ਧਨੁ ਖੋਜਦੇ ਸੇ ਮੂੜ ਬੇਤਾਲੇ॥ ਸੇ ਉਝੜਿ ਭਰਮਿ ਭਵਾਈਅਹਿ ਜਿਉ ਝਾੜ ਮਿਰਗੁ ਭਾਲੇ ॥ ੧੫ ॥

(ਇਨਸਾਨ ਦਾ) ਸਰੀਰ (ਇਕ) ਵੱਡਾ ਕਿਲ੍ਹਾ ਹੈ (ਜਿਸਦੇ) ਅੰਦਰ ਬਜ਼ਾਰ ਹਨ। (ਇਥੇ) ਜੋ (ਕੋਈ) ਗੁਰੂ ਦੁਆਰਾ ਸਉਦਾ ਕਰਦਾ ਹੈ (ਉਹ) ਹਰੀ ਰੂਪੀ ਵਸਤੂ ਨੂੰ ਸੰਮਾਲ੍ਹਦਾ ਹੈ। (ਭਾਵ ਸਰੀਰ ਵਿਚ ਵੱਸਦਾ, ਇੰਦ੍ਰਿਆਂ ਨੂੰ ਸਰਬ ਓਰ ਤੇ ਸੰਕੋਚਦਾ ਹਰੀ ਪ੍ਰਾਪਤੀ ਵੱਲ ਲਾਉਂਦਾ ਹੈ; ਕੀਕੂੰ ? ਉੱਤਰ:-ਇੱਥੇ) ਹਰੀ ਨਾਮ ਰੂਪੀ ਖ਼ਜ਼ਾਨਾ (ਕੱਠਾ ਕਰੀਏ ਤੇ ਇਸ ਨਾਲ) ਹੀਰੇ ਤੇ ਮੋਤੀ ਖਰੀਦੀਏ। (ਭਾਵ ਸ੍ਵੈ ਸਰੂਪ ਦੀ ਪ੍ਰਾਪਤੀ ਰੂਪੀ ਮੋਤੀ ਖਰੀਦੀਏ ਤੇ ਪਰਮਾਤਮਾਂ ਦੀ ਪ੍ਰਾਪਤੀ ਰੂਪੀ ਹੀਰੇ ਖਰੀਦੀਏ; ਅਰਥਾਤ ਉਹ ਆਤਮ ਗੁਣ, ਜਿਨ੍ਹਾਂ ਕਰਕੇ ਪਰਮ ਪਦ ਦੀ ਪ੍ਰਾਪਤੀ ਹੋਵੇ)। ਕਾਇਆਂ ਤੋਂ ਬਿਨਾ ਜੋ ਲੋਕ ਹੋਰਥੇ (ਇਹ) ਧਨ ਲੋੜਦੇ ਹਨ ਓਹ ਮੂਰਖ ਹਨ ਤੇ ਭੂਤਨੇ ਹਨ। ਓਹ ਭਰਮ ਵਿਚ ਪੈ ਕੇ ਔਝੜਾਂ ਵਿਚ ਭਟਕਦੇ ਹਨ ਜਿਵੇਂ (ਕਸਤੂਰਾ) ਮ੍ਰਿਗ (ਅਪਣੇ ਅੰਦਰ ਕਸਤੂਰੀ ਨੂੰ ਨਹੀਂ ਪਛਾਣਦਾ ਤੇ) ਝਾੜੀਆਂ ਵਿਚ ਭਾਲਦਾ ਫਿਰਦਾ ਹੈ ॥ ੧੫ ॥

**ਵਯਾਖਯਾ**—ਇਸ ਪਉੜੀ ਦੇ ਤ੍ਰੈ ਸਲੋਕ ਹਨ। ਪਉੜੀ ਵਿਚ ਇਕ ਅਸੂਲ ਸਮਝਾਇਆ ਹੈ ਕਿ ਅਪਣੀ ਕਲਯਾਣ ਅਰਥ ਜੋ ਨਾਮ ਆਦਿ ਪਦਾਰਥ ਹਨ ਸੋ ਕਾਇਆਂ ਵਿਚ ਹੀ ਹਨ, ਬਾਹਰ ਭਾਲਣ ਦੀ ਲੜ ਨਹੀਂ ਹੈ। ਅੰਦਰ ਭਾਲਣ ਵਾਲੇ ਗੁਰਮੁਖ ਹਨ ਤ ਬਾਹਰ ਭਾਲਣ ਵਾਲੇ ਮੂਰਖ ਤੇ ਖਿੰਡੇ ਚਿੱਤਾਂ ਵਾਲੇ ਹਨ ਤੇ ਉਸ ਕਸਤੂਰੇ ਦੀ ਨਯਾਈਂ ਬਾਵਰੇ ਹਨ ਜੋ ਅਪਣੇ ਅੰਦਰ ਦੀ ਕਸਤੂਰੀ

ਦਾ ਜਾਣੂ ਨਹੀਂ ਤੇ ਝਾੜੀਆਂ ਵਿਚ ਬੂਬੀ ਦੇ ਦੇ ਸੁੰਘਦਾ ਤੇ ਭਟਕਦਾ ਫਿਰਦਾ ਹੈ। ਇਸ ਬਾਤ ਦੇ ਵਰਣਨ ਵਿਚ ਸਰੀਰ ਨੂੰ ਇਕ ਕੋਟ ਵਾਙੂ ਦੱਸਿਆ ਹੈ ਤੇ ਇਸ ਦੇ ਅੰਦਰ ਇੰਦ੍ਰਿਆਂ ਨੂੰ ਮੰਡੀ ਵਰਣਨ ਕੀਤਾ ਹੈ, ਜੋ ਕਈ ਪ੍ਰਕਾਰ ਦੀਆਂ ਇਕ ਦੂਜੇ ਨਾਲ ਅੰਦਰੋਂ ਸੰਬੰਧਿਤ ਹੋਣ ਕਰਕੇ ਪਦ 'ਹਟਨਾਲੇ' ਨਾਲ ਉਪਮਾ ਦਿਤੀ ਹੈ। ਨਾਲ ਨਾਲ ਹੱਟਾਂ ਵਾਲੇ ਥਾਂ ਨੂੰ ਬਾਜ਼ਾਰ ਯਾ ਮੰਡੀ ਆਖੀਦਾ ਹੈ। ਫੇਰ ਪਰਮਾਰਥਕ ਸਿੱਧੀ ਨੂੰ ਇਨ੍ਹਾਂ ਹੱਟਾਂ ਦਾ ਵਪਾਰ ਦੱਸਿਆ ਹੈ। ਮੁਰਾਦ ਇਹ ਹੈ ਕਿ ਅਪਣੇ ਮਨ ਨੂੰ ਜੋ ਵਡਾ ਇੰਦ੍ਰਿਯ ਹੈ ਤੇ ਬਾਕੀ ਸਭਨਾਂ ਨੂੰ ਹੁਣ ਤੁਸਾਂ ਹਉਮੈ ਦੇ ਸਫਲਾਉਣ ਵਿਚ ਲਾ ਰਖਿਆ ਹੈ। ਜੋ ਕੁਛ ਕਰਦੇ ਹੋ, ਖ਼ੁਦਗ਼ਰਜ਼ੀ ਦੇ ਨੁਕਤੇ ਤੋਂ ਕਰਦੇ ਹੋ। ਚਾਹੀਏ ਇਹ ਕਿ ਇਨ੍ਹਾਂ ਇੰਦ੍ਰਿਆਂ ਨਾਲ ਉਹ ਕੁਛ ਕਰੋ, ਜਿਸ ਨਾਲ ਕਿ ਨਾਮ ਦਾ ਵਪਾਰ ਸਿਰੇ ਚੜ੍ਹੇ। ਨਾਮ ਦੀ ਦਉਲਤ ਜਦ ਇਕੱਠੀ ਹੋ ਜਾਂਦੀ ਹੈ ਤਾਂ ਉਸ ਨਾਲ ਰਤਨ ਪ੍ਰਾਪਤ ਕਰੀਦਾ ਹੈ। ਨਾਮ ਨਿਧਾਨ ਹੈ, ਆਤਮ ਇਸਥਿਤੀ ਤੇ ਆਤਮਾ ਦਾ ਪਰਮਾਤਮਾ ਨਾਲ ਮਿਲ ਜਾਣਾ ਏਹ ਦੋ ਰਤਨ ਹਨ। ਪਰਵਾਲੇ (=ਮੋਂਗੇ ਯਾ ਗੁੱਲੀਆਂ ਤੇ) ਹੀਰਾ; ਇਨ੍ਹਾਂ ਦੋਹਾਂ ਦੀ ਗੇਣਤੀ ਨੌਂ ਰਤਨਾਂ ਵਿਚ ਹੈ। ਮੁਰਾਦ ਰਤਨ ਤੋਂ ਹੈ ਤੇ ਰਤਨ ਤੋਂ ਮੁਰਾਦ ਕਲਯਾਣ ਪ੍ਰਾਪਤੀ ਦੀ ਹੈ, ਪਰ ਜਿਸ ਤਰ੍ਹਾਂ ਨਾਮ ਨੂੰ ਪਦਾਰਥ ਤੇ ਨਿਧਾਨ ਕਿਹਾ ਹੈ, ਆਤਮ ਪਰਮਾਤਮ ਮੇਲ ਨੂੰ ਮੋਂਗੇ ਹੀਰੇ ਕਿਹਾ ਹੈ। ਕਈ ਦਾਨੇ ਪਰਵਾਲੇ ਦਾ ਅਰਥ ਕਰਦੇ ਹਨ ਗਯਾਨ। ਕਈ ਕਰਦੇ ਹਨ ਪਰੇ+ਵਾਲੇ (ਹੋਣਾ) ਅਰਥਾਤ ਮਾਇਆ ਤੋਂ ਪਰੇ ਯਾ ਅਤੀਤ ਹੋ ਜਾਣਾ ਤੇ ਗਯਾਨ ਰੂਪੀ ਹੀਰਾ ਪ੍ਰਾਪਤ ਕਰਨਾ।

ਹੁਣ ਇਸ ਪਉੜੀ ਨਾਲ ਤ੍ਰੇਹਾਂ ਸਲੋਕਾਂ ਦਾ ਸੰਬੰਧ ਇਤਨਾ ਕੁ ਹੀ ਹੈ ਕਿ ਪਉੜੀ ਵਿਚ ਗੁਰਮੁਖ ਤੇ ਮਰਖ ਦਾ ਜ਼ਿਕਰ ਹੈ ਤੇ ਦੋ ਸ਼ਲੋਕਾਂ ਵਿਚ ਦੋਹਾਂ ਦੀਆਂ ਮਿਸਾਲਾਂ ਇਤਿਹਾਸਕ ਹੋ ਬੀਤੇ ਵਾਕਿਆਤ ਮੌਜੂਦ ਹਨ। ਪਰ ਪਹਿਲੇ ਸ਼ਲੋਕ ਵਿਚ ਇਕ ਆਮ ਅਸੂਲ ਵਰਣਨ ਕੀਤਾ ਹੈ ਕਿ ਜੋ ਅੰਦਰੋਂ ਦੂਜਿਆਂ ਨਾਲ ਸੜੇਗਾ ਉਸ ਦਾ ਅਪਣਾ ਬੁਰਾ ਹੋਵੇਗਾ। ਸਾੜਾ ਯਾ ਬੁਰਾ ਚਿਤਵਨਾ ਇਹ ਵਿਹੁ ਦੱਸਿਆ ਹੈ ਜੋ ਖਾਣ ਵਾਲੇ ਨੂੰ ਮਾਰ ਦੇਂਦਾ ਹੈ।ਦੂਜੀ ਮਿਸਾਲ ਦਿੱਤੀ ਧਰਤੀ ਦੀ ਕਿਜੋ ਬੀਜ ਬੀਜੋ ਉਹੋ ਫਲ ਲਗਦਾ ਹੈ ਤਿਵੇਂ ਸਰੀਰ ਇਕ ਧਰਤੀ ਵਾਙੂ ਹੈ,ਜੋ ਕੁਛ ਇਸਦੇ ਅੰਦਰਬੀਜੋਗੇ ਭਾਵ ਚਿਤਵੋਗੇ ਉਹੀ ਉਗੇਗਾ, ਸਾੜਾ ਬੀਜੋਗੇ ਸਾੜਾ ਹੀ ਫਲ ਲੱਗੇਗਾ। ਜੋ ਲੋਕਾਂ ਨਾਲ ਦ੍ਵੈਖ ਦਿਲ ਵਿਚ ਰਖਦਾ ਹੈ, ਤੇ ਬੁਰੇ ਕੰਮਕਰਦਾ ਹੈ ਉਹ ਸਮਝਦਾ ਹੈ ਕਿ ਮੈਂ ਦੁਖ ਦੇਕੇ ਦ੍ਵੈਖ ਕਰਕੇ ਅਪਣੀ ਗਲ ਪੁਗਾਈ ਪਰ ਅਪਣੇ ਅੰਦਰ ਨਹੀਂ ਦੇਖਦਾ ਕਿ ਉਹ ਸੜਦਾ ਰਹਿੰਦਾ ਹੈ। ਫੇਰ ਜੋ ਬਾਹਰ ਲੋਕਾਂ ਵਿਚ ਅੰਦਰਲੇ ਸਾੜ ਕਾਰਨ ਚੁਗਲੀਆਂ ਤੇ ਨਿੰਦਿਆ ਕਰਦਾ ਰਹਿੰਦਾ ਹੈ ਉਸ ਦੀ ਲੋਕਾਂ ਵਿਚ ਬੀ ਇਜ਼ਤ ਕੋਈ ਨਹੀਂ ਰਹਿੰਦੀ। ਸੋ ਉਹ ਅੰਦਰੋਂ ਬਾਹਰੋਂ ਦੁਖ ਹੀ ਪਾਉਂਦਾ ਹੈ।

ਹੁਣ ਦੂਸਰੇ ਸਲੋਕ ਵਿਚ ਦੂਸਰੀ ਪਾਤਸ਼ਾਹੀ ਤੋਂ ਤੀਸਰੀ ਨੂੰ ਗੱਦੀ ਮਿਲਨ ਦਾ ਵਿਸ਼ਯ ਲੈਕੇ ਪਹਿਲੇ ਸਲੋਕ ਵਿਚ ਆਖੀ ਗਲ ਦੀ ਮਿਸਾਲ ਦੇਂਦੇ ਹਨ। ਕਿ ਜਦ ਗੁਰੂ ਅੰਗਦ ਦੇਵ ਜੀ ਨੇ ਆਪ ਗੱਦੀ ਦਿਤੀ ਤਦ ਜੋ ਸਿਖ ਇਹ ਗਲ ਨਾ ਮੰਨਕੇ ਗੁਰ ਅੰਗਦ ਦੇਵ ਜੀ ਨਾਲ ਬੇਮੁਖ ਹੋ ਗਏ ਉਨ੍ਹਾਂ ਨੂੰ ਢੋਈ ਕਿਤੇ ਨਹੀਂ ਮਿਲਦੀ। ਓਹ ਫਿਟਕੇ ਗਏ ਗੁਰੂ ਤੋਂ ਹੁਣ ਕਉਣ ਮੂੰਹ ਲਾਵੇ। ਜੇ ਓਹ ਸਤਿਗੁਰੂ ਦੇ ਅੱਗੇ ਫਿਟਕਾਰਿਆਂ ਨਾਲ ਜਾ ਮਿਲਦ ਹਨ ਤਾਂ ਉਹਨਾਂ ਨੂੰ ਕਲਯਾਣ ਨਹੀਂ ਮਿਲਦੀ, ਬੇਮੁਖਤਾਈ ਦਾ ਫਲ, ਰੋਲ ਆਦਿ ਕਸ਼ਟ ਪੱਲੇ ਪੈਂਦ ਹਨ।

ਅੰਤ ਵਿਚ ਆਪ ਗੁਰਸਿਖਾਂ ਨੂੰ ਮਨ੍ਹੇ ਕਰਦੇ ਹਨ ਕਿ ਐਸਿਆਂ ਦੀ ਸੰਗਤ ਨਾ ਕਰੋ ਤੇ ਉਪਦੇਸ਼ ਦੇਂਦੇ ਹਨ ਕਿ ਨਾਮ ਜਪੋ ਜੋ ਤੁਹਾਨੂੰ ਕੋਈ ਵਿਘਨ ਨਾ ਲਗੇ।

ਇਸੀ ਤਰ੍ਹਾਂ ਸਲੋਕ ਤੀਜੇ ਵਿਚ ਬੀ ਗੁਰੂ ਅੰਗਦ ਦੇਵ ਜੀ ਦੇ ਆਪ ਟਿੱਕਾ ਦੇਕੇ ਗੁਰੂ ਅਮਰ ਦਾਸ ਜੀ ਨੂੰ ਗੁਰੂ ਸਥਾਪਨ ਦਾ ਜ਼ਿਕਰ ਕੀਤਾ ਹੈ ਤੇ ਇਸ ਸਲੋਕ ਵਿਚ ਦੱਸਿਆ ਹੈ ਕਿ ਗੱਦੀ ਦਾ

ਦੇਣਾ ਨਿਰਾ ਗੁਰੂ ਦਾ ਅਪਣਾ ਕਰਤੱਵਜ ਹੀ ਨਹੀਂ, ਇਹ ਤਾਂ ਕਰਤਾਰ ਦਾ ਕਰਤੱਵਜ ਹੈ। ਕਰਤਾਰ ਦਾ ਕਰਤੱਵ ਹੋਣ ਕਰਕੇ ਅਪਣੇ ਕੀਤੇ ਦੀ ਪੈਜ ਰਖਣੀ ਉਸ ਦਾ ਅਪਣਾ ਬਿਰਦ ਹੋ ਜਾਂਦਾ ਹੈ. ਇਸ ਕਰਕੇ ਕਿਸੇ ਦੇ ਦ੍ਵੈਖ ਆਦਿ ਕਰਨੇ ਨਾਲ ਟਿੱਕੇ ਗਏ ਗੁਰੂ ਅਮਰ ਦਾਸ ਜੀ ਦਾ ਕੁਛ ਨਾ ਘਟਿਆ, ਸਗੋਂ ਵਧਿਆ ਹੀ ਵਧਿਆ।

ਪਿਛਲੀ ਪਉੜੀ ਵਿਚ ਗੁਰੂ ਨਾਨਕ ਦੇਵ ਤੋਂ ਬੇਮੁਖ ਹੋਇਆਂ ਦੇ ਜ਼ਿਕਰ ਸਨ ਜੋ ਤੀਜੇ ਸਤਿਗੁਰਾਂ ਨੇ ਬਖਸ਼ੇ। ਇਸ ਵਿਚ ਉਹਨਾਂ ਦਾ ਜ਼ਿਕਰ ਹੈ ਜੋ ਗੁਰੂ ਅੰਗਦ ਦੇਵ ਜੀ ਨੂੰ ਛੋੜ ਗਏ। ਇਹ ਸਮਝਣਾ ਠੀਕ ਨਹੀਂ ਕਿ ਇਹ ਸਦਾ ਲਈ ਫਿਟਕਾਰੇ ਗਏ। ਜਦ ੧੩ਵੀਂ ਪਉੜੀ ਵਿਚ ਬਖ਼ਸ਼ਿਸ਼ ਦਾ ਦਰਵਾਜ਼ਾ ਖੁੱਲ੍ਹਾ ਦੱਸ ਆਏ ਹਨ ਤਾਂ ਇਨ੍ਹਾਂ ਲਈ ਬੀ ਉਹ ਦਰ ਖੁੱਲ੍ਹਾ ਹੈ। ਜਦੋਂ ਓਹ ਪਸਚਾਤਾਪ ਦੀ ਅਗਨੀ ਵਿਚ ਇਸ਼ਨਾਨ ਕਰਕੇ ਸ਼ਰਣ ਆਉਣਗੇ, ਬਖਸ਼ੇ ਜਾਣਗੇ: ਚਾਹੇ ਦੂਜੇ ਚਾਹੇ ਤੀਜੇ,ਚੌਥੇ,ਪੰਜਵੇਂ ਮਗਰਲੇ ਕਿਸੇ ਗੁਰੂ ਦੀ ਸ਼ਰਣ ਸੱਚੇ ਦਿਲੋਂ ਆਉਣ ਬਖਸ਼ੀਵਣਗੇ, ਕਿਉਂਕਿ ਗੁਰੂ ਜਯੋਤੀ ਇਕੋ ਹੈ ਤੇ ਓਹ ਸਦਾ ਦਿਆਲੂ ਹੈ।

ਜਾਪਦਾ ਹੈ ਕਿ ਇਸ ਪਉੜੀ ਦੇ ਅਗਲੇ ਦੋ ਸਲੋਕਾਂ ਵਿਚ ਮਰਵਾਹੇ ਆਦਿ ਬੇਮੁਖਾਂ ਦੇ ਵਰਣਨ ਹਨ। ਪਰ ਉੱਥ ਨਾਮ ਪਤੇ ਆਦਿ ਨਹੀਂ ਦਿੱਤੇ ਹੋਏ।

ਇਹ ਸਲੋਕ ਇਸ ਵਾਰ ਦੇ ਸਿਲਸਿਲੇ ਵਿਚ ਰਚੇ ਗਏ ਸਹੀ ਨਹੀਂ ਹੁੰਦੇ। ਨਾ ਹੀ ਇਹ ਕਦੇ ਇਕ ਵੇਰ ਦੇ ਰਚੇ ਹੋਏ ਪ੍ਰਤੀਤ ਦੇਂਦੇ ਹਨ, ਇਹ ਕਦੇ ਕਦੇ ਦੇ ਕਿਸੇ ਕਿਸੇ ਵਾਕਿਆ ਸੰਬੰਧੀ ਰਚੇ ਗਏ ਸਹੀ ਹੁੰਦੇ ਹਨ। ਵਾਰ ਨੂੰ ਸਲੋਕਾਂ ਨਾਲ ਪੂਰਨ ਕਰਨ ਲਈ ਇਹ ਸਲੋਕ ਯਾ ਤਾਂ ਗਾਉਣ ਵਾਲੇ ਦ੍ਰਿਸ਼ਟਾਂਤ ਪ੍ਰਮਾਣ ਵਜੋਂ ਵਿਚ ਲਾਉਂਦੇ ਰਹੇ ਹਨ ਯਾ ਗੁਰੂ ਅਰਜਨ ਦੇਵ ਜੀ ਨੇ ਵਾਰ ਬੀੜ ਵਿਚ ਰਖਣ ਵੇਲੇ ਥਾਂ ਥਾਂ ਪਾਕੇ ਵਾਰ ਸਲੋਕਾਂ ਵਾਲੀ ਕਰ ਦਿਤੀ।

**ਨਿਰੁਕ੍ਤ**—ਤਾਤਿ–[ਸੰਸ:, ਤਾਪ:=ਗਰਮੀ, ਪੀੜ, ਦੁਖ] ਤਪਸ਼ ਸੇਕ,ਸਾੜ,ਬੁਰੀ ਚਿਤਵਨ।

ਓਜਾੜੀ–[ਉਜਾੜੀਂ] ਉਜਾੜਾਂ ਵਿਚ। ਉਜਾੜ ਵਿਚ ਬੋਲਿਆ ਕੋਈ ਸੁਣਦਾ ਨਹੀਂ, ਇਸ ਕਰਕੇ ਅਰਥ ਹੈ-ਬ੍ਰਿਥਾ ਜਾਂਦਾ ਹੈ।

ਚੁਗਲੋ–[ਅ਼:, ਚੁਗ਼ਲ] ਜੋ ਚੁਗਲੀ ਕਰੇ। ਕਿਸੇ ਪਾਸ ਕਿਸੇ ਨੂੰ ਮਾੜਾ ਕਹਿਕੇ ਉਸ ਦੇ ਵਿਰੁੱਧ ਭੜਕਾਵੇ।

ਕਰਮ ਧਰਤੀ–ਕਰਮ ਦੀ ਧਰਤੀ। ਜਿਸ ਵਿਚ ਕਰਮ ਬੀਜੇ ਤਾਂ ਉਹੋ ਫਲ ਉਗਦੇ ਹਨ।

ਤਪਾਵਸੁ–[ਸੰਸ:, ਤਪਸੁ=ਧਾਰਮਿਕ ਅਨੁਸ਼੍ਠਾਨ, ਪੁੰਨ ਕਰਮ। ਅ਼:, ਤਫ਼ਾਹੁਸ਼=ਨਿਆਂ] ਨਿਆਉਂ, ਇਨਸਾਫ।

ਵਿਸੁ–[ਸੰਸ:, ਵਿਖੰ] ਜ਼ਹਿਰ। ਹੌਲ–[ਅ਼:, ਹੌਲ] ਤੌਖਲਾ, ਦਿਲ ਦੀ ਧੜਕਣੀ। ਡਰ।

ਭੰਭਲ ਭੂਸੇ–[ਘਾਹ ਤੇ ਬੁਥਿਆਂ ਕਿ ਭੂਸੇ ਦੀਆਂ ਢੇਰੀਆਂ ਨਾਲ ਠੇਡੇ ਖਾ ਖਾ ਕੇ ਉਖੜ ਡਿੱਗਣ ਤੋਂ ਮੁਹਾਵਰਾ ਬਣਿਆ ਜਾਪਦਾ ਹੈ] ਠੇਡੇ ਠੁਹਕਰਾਂ ਖਾਣੀਆਂ। ਭਟਕਦੇ ਫਿਰਨਾ।

ਗੋਪਿਆ–ਲੁਕਾਇਆ। ਭਾਵ ਹੈ ਗੁਰੂ ਤੋਂ ਬੇਮੁਖ ਹੋਕੇ ਉਸ ਦੀ ਨਿੰਦਿਆ ਆਦਿਕ ਕਰਕੇ ਆਪਣੀ ਅਸਬੰਧਤਾ ਦੱਸਣੀ (ਦੇਖੋ 'ਗੋਪੇ' ਪੰਨਾ ੧੯੧੨)।

ਕੁਸਟੀ–[ਸੰਸ:, ਕੁਸ਼੍ਠੀ=ਕੋਹੜੀ] ਕੋਹੜੀ। ਕੁਸਟੁ–ਕੋਹੜ।

ਟਿਕਿਆ–ਤਿਲਕ ਦਿਤਾ। ਭਾਵ ਗੱਦੀ ਅਰਪਣ ਕੀਤੀ। (ਦੇਖੋ ਪਿਛਲੀ ਪਉੜੀ)।

ਕੋਟੁ–[ਸੰਸ:, ਕੋਟ:] ਕਿਲ੍ਹਾ। ਪਰ ਉਸ ਨਗਰ ਨੂੰ ਬੀ ਕਹਿੰਦੇ ਹਨ ਜਿਸ ਦੇ ਉਦਾਲੇ ਫਸੀਲ ਹੋਵੇ।

ਹਟ ਨਾਲੇ–[ਸੰਸ:, ਹਟ੍ਟ:=ਬਾਜ਼ਾਰ । ਹਿੰ:, ਹਾਟ, ਦੁਕਾਨ, ਬਾਜ਼ਾਰ] ਨਾਲ ਨਾਲ ਹੱਟਾਂ ਵਾਲਾ ਥਾਂ । ਮੰਡੀ, ਬਜ਼ਾਰ ।

ਨਿਧਾਨੁ- [ਸੰਸ:, ਨਿਧਾਨੰ] ਖਜ਼ਾਨਾ ।

ਹੀਰੇ–[ਸੰਸ:, ਹੀਰ:=ਹੀਰਾ] ਇਕ ਚਿੱਟੇ ਰੰਗ ਦਾ ਰਤਨ ।

ਪਰਵਾਲੇ–[ਸੰਸ:, ਪ੍ਰਬਾਲ:] ਮੋਂਗਾ, ਗੁਲੀਆਂ । ਇਕ ਮੱਧਮ ਜੇਹੇ ਲਾਲ ਰੰਗ ਦਾ ਰਤਨ । ਅੰਤ੍ਰੀਵ ਅਰਥ ਵਜਾਖਜਾ ਵਿਚ ਆ ਚੁਕੇ ਹਨ ।

ਬੇਤਾਲੇ–[ਸੰਸ:, ਵੈਤਾਲ ] ਭੂਤ । ਉਝੜਿ–ਔਝੜ ਵਿਚ । ਝਾੜੁ–ਝਾੜੀਆਂ ।

ਮਿਰਗੁ–[ਸੰਸ:, ਮ੍ਰਿਗ:] ਹਰਨ, ਪਰ ਮੁਰਾਦ ਕਸਤੂਰੇ ਮਿਰਗ ਤੋਂ ਹੈ ।

[ਪਉੜੀ ਸੋਲ੍ਹਵੀਂ]

**ਮੂਲ**

ਸਲੋਕ ਮਃ ੪ ॥ ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ ਸੁ ਅਉਖਾ ਜਗ ਮਹਿ ਹੋਇਆ ॥ ਨਰਕ ਘੋਰੁ ਦੁਖ ਖੂਹੁ ਹੈ ਓਥੈ ਪਕੜਿ ਓਹੁ ਢੋਇਆ ॥ ਕੂਕ ਪੁਕਾਰ ਕੋ ਨ ਸੁਣੇ ਓਹੁ ਅਉਖਾ ਹੋਇ ਹੋਇ ਰੋਇਆ ॥ ਓਨਿ ਹਲਤੁ ਪਲਤੁ ਸਭੁ ਗਵਾਇਆ ਲਾਹਾ ਮੂਲੁ ਸਭੁ ਖੋਇਆ ॥ ਓਹੁ ਤੇਲੀ ਸੰਦਾ ਬਲਦੁ ਕਰਿ ਨਿਤ ਭਲਕੇ ਉਠਿ ਪ੍ਰਭਿ ਜੋਇਆ ॥ ਹਰਿ ਵੇਖੈ ਸੁਣੈ ਨਿਤ ਸਭੁ ਕਿਛੁ ਤਿਦੂ ਕਿਛੁ ਗੁਝਾ ਨ ਹੋਇਆ ॥ ਜੈਸਾ ਬੀਜੇ ਸੋ ਲੁਣੈ ਜੇਹਾ ਪੁਰਬਿ ਕਿਨੈ ਬੋਇਆ ॥ ਜਿਸੁ ਕ੍ਰਿਪਾ ਕਰੇ ਪ੍ਰਭੁ ਆਪਣੀ ਤਿਸੁ ਸਤਿਗੁਰ ਕੇ ਚਰਣ ਧੋਇਆ ॥ ਗੁਰ ਸਤਿਗੁਰ ਪਿਛੈ ਤਰਿ ਗਇਆ ਜਿਉ ਲੋਹਾ ਕਾਠ ਸੰਗੋਇਆ ॥ ਜਨ ਨਾਨਕ ਨਾਮੁ ਧਿਆਇ ਤੂ ਜਪਿ ਹਰਿ ਹਰਿ ਨਾਮਿ ਸੁਖੁ ਹੋਇਆ ॥੧॥

**ਅਰਥ**

ਜੋ ਪੂਰੇ ਸਤਿਗੁਰੂ ਦੀ ਨਿੰਦਿਆ ਕਰਦਾ ਹੈ, ਓਹ ਜਗਤ ਵਿਚ ਔਖਾ ਹੁੰਦਾ ਹੈ । (ਫੇਰ ਮਰਣ ਉਪ੍ਰੰਤ) ਉਹ ਘੋਰ ਨਰਕ, (ਜੋ) ਦੁਖਾਂ ਦਾ ਖੂਹ ਹੈ, ਉਸ ਨੂੰ ਪਕੜ ਕੇ ਉਥੇ ਪੁਚਾਇਆ ਜਾਂਦਾ ਹੈ । ਓਥੇ ਉਹ ਔਖਾ ਹੋ ਹੋ ਕੇ ਰੋਂਦਾ ਹੈ (ਪਰ ਉਸਦੀ) ਕੂਕ ਪੁਕਾਰ ਕੋਈ ਨਹੀਂ ਸੁਣਦਾ । ਉਸਨੇ ਲੋਕ ਪ੍ਰਲੋਕ ਸਭੋ ਕੁਛ ਗੁਆ ਲਿਆ ਹੈ, ਮੂਲ ਤੇ ਲਾਹਾ (ਜੋ ਕੁਛ ਉਸ ਦੇ ਪੱਲੇ ਸੀ ਸਭ) ਖੋ ਦਿੱਤਾ ਹੈ । (ਹੁਣ) ਉਸ ਨੂੰ (ਫੇਰ ਜਨਮ ਦੇਕੇ) ਤੇਲੀ ਦੇ ਬਲਦ ਵਾਙੂ ਬਣਾਕੇ ਸਦਾ ਸਵੇਰੇ ਉਠਾਕੇ (ਕੋਹਲੂ ਅੱਗੇ) ਪ੍ਰਭੂ ਜੋ ਦੇਂਦਾ ਹੈ । (ਕੀਹ ਪ੍ਰਭੂ ਅਨਜਾਂ ਤਾਂ ਨਹੀਂ ਕਰਦਾ ? ਉੱਤਰ:) ਹਰੀ (ਪ੍ਰਭੂ ਆਪ) ਵੇਖਦਾ ਹੈ, ਸੁਣਦਾ ਹੈ, ਸਭੋ ਕੁਛ ਤੇ ਸਦਾ (ਵੇਖਦਾ ਸੁਣਦਾ ਹੈ) ਉਸ ਤੋਂ ਗੁੱਝਾ ਕੁਛ ਰਹਿ ਹੀ ਨਹੀਂ ਸਕਦਾ । (ਸੋ ਨਿਆਂ ਹੁੰਦਾ ਹੈ ਪੂਰਾ) ਜੇਹਾ (ਕੋਈ) ਬੀਜਦਾ ਹੈ ਉਹੋ ਹੀ ਕੁਛ ਉਹ ਵੱਢਦਾ ਹੈ, ਹਾਂ ਜੈਸਾ ਕਿਸੇ ਨੇ ਪਹਿਲੋਂ ਬੀਜਿਆ (ਮਗਰੋਂ ਵੈਸਾ–ਹੀ ਉਸ ਪ੍ਰਾਪਤ ਕੀਤਾ: ਪਰੰਤੂ) ਜਿਸ ਉਤੇ ਪ੍ਰਭੂ ਆਪਣੀ ਕ੍ਰਿਪਾ ਕਰਦਾ ਹੈ ਉਹ ਸਤਿਗੁਰੂ ਦੇ ਚਰਣ ਧੋਂਦਾ ਹੈ (ਭਾਵ ਸੇਵਾ ਕਰਦਾ ਹੈ । ਉਹ) ਸਤਿਗੁਰ ਦੇ ਪਿਛੇ ਤਰ ਜਾਂਦਾ ਹੈ ਜਿਵੇਂ ਲੋਹਾ ਕਾਠ ਦੇ ਸੰਗ ਕਰਕੇ ਤਰ ਜਾਂਦਾ ਹੈ । (ਤਾਂਤੇ) ਹੇ ਨਾਨਕ ਦਾਸ ! ਤੂੰ ਨਾਮ ਧਿਆ ਹਰੀ ਹਰ ਨਾਮ ਜਪ (ਤਾਂ ਤੈਨੂੰ) ਸੁਖ ਹੋਵੇਗਾ ॥ ੧ ॥

ਮਃ ੪ ॥ ਵਡਭਾਗੀਆ ਸੋਹਾਗਣੀ ਜਿਨਾ ਗੁਰਮੁਖਿ ਮਿਲਿਆ ਹਰਿ ਰਾਇ ॥ ਅੰਤਰ ਜੋਤਿ ਪ੍ਰਗਾਸੀਆ ਨਾਨਕ ਨਾਮਿ ਸਮਾਇ ॥੨॥

(ਓਹ) ਸੁਹਾਗਣਾਂ ਹਨ, ਵੱਡੇ ਭਾਗਾਂ ਵਾਲੀਆਂ ਹਨ ਜਿਨ੍ਹਾਂ ਨੂੰ ਹਰੀ ਰਾਜਾ ਗੁਰੂ ਦੁਆਰੇ ਮਿਲ ਪੈਂਦਾ ਹੈ। (ਉਨ੍ਹਾਂ ਦੇ) ਅੰਦਰ (ਗਯਾਨ ਰੂਪੀ) ਜੋਤ ਜਗ ਪੈਂਦੀ ਹੈ, ਓਹ ਨਾਮ ਦੁਆਰਾ (ਨਾਮੀ ਵਿਚ) ਸਮਾ ਜਾਂਦੇ ਹਨ*; ਹੇ ਨਾਨਕ ! ॥ ੨ ॥

ਪਉੜੀ ॥ ਇਹੁ ਸਰੀਰੁ ਸਭੁ ਧਰਮੁ ਹੈ ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ ॥ ਗੁਹਜ ਰਤਨ ਵਿਚਿ ਲੁਕਿ ਰਹੇ ਕੋਈ ਗੁਰਮੁਖਿ ਸੇਵਕੁ ਕਢੈ ਖੋਤਿ ॥ ਸਭੁ ਆਤਮ ਰਾਮੁ ਪਛਾਣਿਆ ਤਾਂ ਇਕੁ ਰਵਿਆ ਇਕੋ ਓਤਿ ਪੋਤਿ ॥ ਇਕੁ ਦੇਖਿਆ ਇਕੁ ਮੰਨਿਆ ਇਕੋ ਸੁਣਿਆ ਸ੍ਰਵਣ ਸਰੋਤਿ ॥ ਜਨ ਨਾਨਕ ਨਾਮੁ ਸਲਾਹਿ ਤੂ ਸਚੁ ਸਚੇ ਸੇਵਾ ਤੇਰੀ ਹੋਤਿ ॥ ੧੬ ॥

ਇਹ (ਮਾਨੁਖਾ) ਸਰੀਰ ਸਾਰਾ ਧਰਮ ਹੈ; (ਪ੍ਰਸ਼ਨ–ਸਰੀਰ ਨਿਰਾ ਤਾਂ ਜੜ੍ਹ ਹੈ, ਜੜ੍ਹ ਵਿਚ ਧਰਮ ਦੀ ਗਿਆਤ ਤੇ ਕਮਾਵਣ ਦੀ ਮੱਤਯਾ ਕਿਵੇਂ ਹੈ ? ਉੱਤਰ:) ਇਸਦੇ ਅੰਦਰਲੇ ਦੇ ਵਿਚ ਸੱਚੇ (ਚੇਤਨ ਪ੍ਰਭੂ ਦੀ) ਜੋਤ (ਦਾ ਨਿਵਾਸ) ਹੈ। (ਜੋਤ ਤੇ ਦੇਹ ਵਿਚਾਲੇ ਜੋ ਮਨ ਹੈ ਉਸ) ਵਿਚ ਗੁੱਝੇ ਰਤਨ ਲੁਕ ਰਹੇ ਹਨ (ਗਯਾਨ ਤੇ ਵੈਰਾਗ ਆਦਿ) ਉਨ੍ਹਾਂ ਨੂੰ ਕੋਈ ਗੁਰਮੁਖ ਸੇਵਕ ਹੀ ਖੋਤਰ ਕੇ (ਢੂੰਡ ਭਾਲਕੇ) ਕੱਢਦਾ ਹੈ। (ਤਦ ਉਸਨੂੰ ਕੀਹ ਦਿਸਦਾ ਹੈ ਕਿ) ਸਾਰੇ ਆਤਮਾ ਰਾਮ(=ਵਾਹਿਗੁਰੂ ਪਸਰ ਰਿਹਾ ਹੈ ਜਦ ਇਉਂ ਉਸ ਨੂੰ) ਪਛਾਣ ਲਿਆ ਤਾਂ (ਦਿਸਦਾ ਹੈ ਕਿ:ਉਹ) ਇਕੋ (ਸਾਰੇ) ਰਵ ਰਹਿਆ ਹੈ, ਤਾਣੇ ਪੇਟੇ ਵਾਂਙੂ ( ਉਹੋ ਵਯਾਪਕ ਹੈ । ਹਾਂ ਫੇਰ ਨੈਣਾਂ ਕਰਕੇ) ਇਕ ਦੇਖਿਆ, (ਮਨ ਕਰਕੇ) ਇਕ ਮੰਨਿਆ, ਕੰਨਾਂ ਦੀ ਸ੍ਰਵਣ ਸ਼ਕਤੀ ਕਰਕੇ ਇੱਕੋ ਸੁਣਿਆ ਜਾਂਦਾ। ਹੇ ਨਾਨਕ ਦਾਸ ! (ਇਸ ਪ੍ਰਾਪਤੀ ਲਈ) ਤੂੰ ਨਾਮ ਨੂੰ ਸਲਾਹ ਤਾਂ ਤੇਰੀ ਵਲੋਂ ਸੱਚੇ ਦੀ ਸੱਚੀ ਸੇਵਾ (ਅਪਣੇ) ਆਪ ਹੁੰਦੀ ਰਹੇਗੀ ॥ ੧੬ ॥

**ਵਯਾਖਯਾ**—ਇਸ ਪਉੜੀ ਵਿਚ ਦੋ ਸ਼ਲੋਕ ਤੇ ਇਕ ਪਉੜੀ ਹੈ। ਪਹਿਲੇ ਸ਼ਲੋਕ ਦੀਆਂ ਪਹਿਲੀਆਂ ਸੱਤ ਸਤਰਾਂ ਵਿਚ ਸਤਿਗੁਰੂ ਦੇ ਨਿੰਦਕ ਦਾ ਜ਼ਿਕਰ ਹੈ। ਉਸ ਨੂੰ ਤ੍ਰੈ ਥਾਈਂ ਦੁਖ ਭੋਗਦਾ ਦੱਸਿਆ ਹੈ, ੧. ਇਸ ਜਗਤ ਵਿਚ, ੨. ਸਰੀਰ ਛੋੜਕੇ ਨਰਕ ਘੋਰ ਵਿਚ, ੩. ਫੇਰ ਸਰੀਰ ਧਾਰਕੇ ਇਸ ਲੋਕ ਵਿਚ। ਇਹ ਦੁਖ ਸਾਈਂ ਵਲੋਂ ਉਸ ਦੇ ਕੀਤੇ ਦਾ ਫਲ ਹੁੰਦੇ ਹਨ। ਦੋ ਅਸੂਲ ਕੰਮ ਕਰਦੇ ਹਨ ਇਕ ਤਾਂ ਸਰੀਰ ਕਰਮ ਭੂਮੀ ਹੈ, ਜੋ ਬੀਜੋ ਉਗਦਾ ਹੈ; ਦੂਜੇ, ਜੋ ਕਰਮ ਫਲ ਦਾ ਪ੍ਰਦਾਤਾ ਵਾਹਿਗੁਰੂ ਹੈ ਸੋ ਅੰਤਰਯਾਮੀ ਹੈ, ਸਭ ਕੁਛ ਦੇਖਦਾ ਸੁਣਦਾ ਤੇ ਜਾਣਦਾ ਹੈ, ਸੋ ਪੂਰਾ ਨਿਆਂ ਤੋਲਦਾ ਹੈ ਤੇ ਭੁੱਲ ਕਦੇ ਨਹੀਂ ਕਰਦਾ। ਨਿੰਦਕ ਦੇ ਉਧਾਰ ਦਾ ਬੀ ਮੌਕਾ ਹੁੰਦਾ ਹੈ ਸੋ ਪਿੱਛੇ ਦੱਸ ਆਏ ਹਨ।

ਇਸੇ ਸ਼ਲੋਕ ਦੀ ਅੱਠਵੀਂ ਸਤਰ ਤੋਂ ਸਤਿਗੁਰ ਦੇ ਸਨਮੁਖ ਹੋਕੇ ਘਾਲ ਕਰਨ ਵਾਲੇ ਦਾ ਜ਼ਿਕਰ ਚਲਦਾ ਹੈ। ਉਹ ਨਾਮ ਜਪ ਜਪ ਸੁਹਾਗਣ ਦੀ ਤਰ੍ਹਾਂ ਗੁਰਮੁਖ ਹੋ ਜਾਂਦਾ ਹੈ। ਇਹ ਵਿਸ਼ਾ ਅਗਲੇ ਸਲੋਕ ਵਿਚ ਚਲਦਾ ਹੈ। ਉਹਨਾਂ ਨੂੰ ਗੁਰੂ ਮੇਹਰ ਤੇ ਨਾਮ ਅਰਾਧਣ ਨਾਲ ਪ੍ਰਕਾਸ਼ ਸਰੂਪ ਹਰੀ ਮਿਲ ਪੈਂਦਾ ਹੈ। ਉਸ ਪ੍ਰਕਾਸ਼ ਸਰੂਪ ਦੇ ਅੰਦਰ ਪ੍ਰਾਪਤ ਹੋ ਜਾਣ ਨਾਲ ਅੰਦਰ ਗਯਾਨ ਰੂਪੀ ਜੋਤਿ ਦਾ ਪ੍ਰਕਾਸ਼ ਹੋ ਜਾਂਦਾ ਹੈ, ਉਸ ਗਯਾਨ ਦੁਆਰਾ ਉਹ ਨਾਮੀ ਅਰਥਾਤ ਹਰੀ ਵਿਚ ਸਮਾ ਜਾਂਦਾ ਹੈ।

ਹੁਣ ਚਲਦੀ ਹੈ ਪਉੜੀ।

ਪਉੜੀ ਵਿਚ ਉਹ ਪ੍ਰਕਾਰ ਖੋਹਲਿਆ ਤੇ ਉਪਦੇਸ਼ਿਆ ਹੈ ਜਿਸ ਨਾਲ ਕਿ ਇਕ ਹਰੀ ਦੀ

*ਅਥਵਾ, ਨਾਮਿ=ਨਾਮੀ ਵਿਚ ਸਮਾ ਜਾਂਦੇ ਹਨ।

ਪਛਾਣ ਤੇ ਸਮਾਈ ਹੁੰਦੀ ਹੈ। ਤ੍ਰੈ ਗੱਲਾਂ ਫੁਰਮਾਉਂਦੇ ਹਨ:–

ਇਹ ਮਾਨੁਖੀ ਸਰੀਰ ਧਰਮ ਹੈ। ਅਰਥਾਤ ਇਸ ਦੀ ਸਫਲਤਾ ਧਰਮ ਵਿਚ ਹੈ। ਇਸ ਨੂੰ ਧਰਮ ਕਮਾਉਣਾ ਚਾਹੀਦਾ ਹੈ। ਨਿਰਾ ਸਰੀਰ ਹੋਵੇ ਤਾਂ ਜੜ੍ਹ ਹੋਵੇ, ਪਰ ਸਰੀਰ ਵਿਚ ਮਨ ਹੈ, ਮਨ ਵਿਚ ਆਤਮਾ ਹੈ ਜੋ ਜੋਤਿ ਸਰੂਪ ਹੈ। ਸੋ ਸਰੀਰ ਜੋ ਇਉਂ ਜੀਉਂਦਾ ਹੈ ਚੇਤਨਤਾ ਵਾਲਾ ਹੈ, ਉਸ ਦਾ ਕਰਮ ਹੈ ਧਰਮ ਕਮਾਉਣਾ, ਅਧਰਮ ਕਮਾਉਣ ਤੋਂ ਸਦਾ ਸੰਕੋਚ ਕਰਨਾ। ਫਿਰ ਮਨ ਵਿਚ ਮਨ ਨੂੰ ਖੋਜੇ ਤਾਂ ਉਸ ਨੂੰ ਧਰਮ ਤੋਂ ਉੱਚੀ ਵਸਤੂ ਵਾਹਿਗੁਰੂ ਤੇ ਵਾਹਿਗੁਰੂ ਪ੍ਰਾਪਤੀ ਦਿੱਸ ਪਊ। ਸੋ ਉਹ ਨਾਮ ਸਿਮਰਣ ਦੁਆਰਾ ਵਾਹਿਗੁਰੂ ਪ੍ਰੇਮ ਵਿਚ ਉੱਚਾ ਹੋਊ, ਅਨਾਤਮ ਵਲੋਂ ਵੈਰਾਗ ਹੁੰਦਾ ਜਾਊ, ਅੰਤ ਵਾਹਿਗੁਰੂ ਗਿਆਨ ਤੇ ਸਮਾਈ ਪ੍ਰਾਪਤ ਹੋਊ। ਇਸ ਪ੍ਰਕਾਰ ਦੇ ਰਤਨ ਅੰਤਹਕਰਨ ਵਿਚੋਂ ਹੀ ਲੱਭ ਪੈਣਗੇ। ਇਸ ਨਾਲ ਆਤਮ ਰਾਮ ਅਰਥਾਤ ਵਿਆਪਕ ਵਾਹਿਗੁਰੂ ਦੀ ਪਛਾਣ ਹੋ ਆਵੇਗੀ। ਇਸ ਨੂੰ ਸਾਰੇ ਉਸੇ ਦਾ ਪਸਾਰਾ ਨਜ਼ਰ ਪਏਗਾ। ਇਸ ਤਰ੍ਹਾਂ ਉਸ ਦੀ ਦ੍ਰਿਸ਼ਟੀ ਬ੍ਰਹਮ ਦ੍ਰਿਸ਼ਟੀ ਹੋ ਜਾਏਗੀ। ਪਰ ਇਸ ਦੀ ਪ੍ਰਾਪਤੀ ਲਈ ਅਖੀਰਲੀ ਤੁਕ ਵਿਚ ਮੁੱਢਲੀ ਗੱਲ ਫੇਰ ਦੁਹਰਾਉਂਦੇ ਹਨ ਕਿ ਨਾਮ ਜਪ, ਸਲਾਹੁਤ ਕਰ, ਇਹੋ ਸੇਵਾ ਹੈ ਸੱਚੇ ਪ੍ਰਕਾਸ਼ ਸਰੂਪ ਦੀ, ਇਹੋ ਵਸੀਲਾ ਹੈ ਉਸ ਦੀ ਪ੍ਰਾਪਤੀ ਦਾ।

**ਨਿਰੁਕ੍ਤ**–ਨਰਕ ਘੋਰੁ–[ਸੰਸ:, ਨਰਕ: + ਘੋਰ] ਘੋਰ ਨਰਕ।

ਦੁਖ ਖੂਹੁ–ਦੁਖਾਂ ਦਾ ਖੂਹ। ਜਿਥੇ ਦੁਖ ਹੀ ਦੁਖ ਹੋਣ।

ਢੋਇਆ–ਲਿਜਾਇਆ ਗਿਆ। ਪਹੁੰਚਾਇਆ ਜਾਂਦਾ ਹੈ।      ਭਲਕੇ–ਸਵੇਰੇ।

ਜੋਇਆ–[ਸੰਸ:, ਯੋਜਨੰ] ਹਲ, ਕੋਹਲੂ, ਖੂਹ ਅਗੇ ਬਲਦ ਦਾ ਜੋਏ ਜਾਣਾ।

ਲੁਣੈ–[ਸੰਸ:, ਲੂਨ=ਕਟਿਆ ਹੋਇਆ] ਵੱਢੇ।      ਸਗੋਇਆ–ਸੰਗ ਵਿਚ ਹੋਣੇ।

ਹਰਿ ਰਾਇ–ਪ੍ਰਕਾਸ਼ ਸਰੂਪ ਹਰੀ।   ਗੁਹਜ–[ਸੰਸ:, ਗੁਪ੍ਤ] ਗੁੱਝੇ। ਲੁਕਵੇਂ।

ਖੋਤਿ–[ਸੰਸ:, ਧਾ:-ਖਨ੍=ਖੋਤਰਨਾ] ਖੋਤਰਕੇ, ਖੁਣਕੇ, ਪੁੱਟਕੇ। ਭਾਵ ਢੂੰਡ ਭਾਲ ਕਰਕੇ।

ਓਤਿ ਪੋਤਿ–[ਸੰਸ:, ਓਤ ਪ੍ਰੋਤ=ਪਰਸਪਰ ਜੁੜਿਆ ਹੋਯਾ] ਤਾਣੇ ਪੇਟੇ ਵਿਚ।

ਸ੍ਰਵਣ ਸਰੋਤਿ–[ਸੰਸ:, ਸ੍ਰਵਣ:=ਕਾਨ। (੨) ਸ਼੍ਰੋਤਸ=ਕਾਨ, ਸੁਣਨ ਸ਼ਕਤੀ] ਕੰਨਾਂ ਦੀ ਸੁਣਨ ਸ਼ਕਤੀ ਦੁਆਰਾ।      ਸਚੁ–ਸਚ ਮੁਚ।

## [ਪਉੜੀ ਸਤਾਰਵੀਂ]

**ਮੂਲ**

ਸਲੋਕ ਮ:੪ ॥ ਸਭਿ ਰਸ ਤਿਨਕੈ ਰਿਦੈ ਹਹਿ ਜਿਨ ਹਰਿ ਵਸਿਆ ਮਨ ਮਾਹਿ ॥ ਹਰਿ ਦਰਗਹਿ ਤੇ ਮੁਖ ਉਜਲੇ ਤਿਨ ਕਉ ਸਭਿ ਦੇਖਣ ਜਾਹਿ ॥ ਜਿਨ ਨਿਰਭਉ ਨਾਮੁ ਧਿਆਇਆ ਤਿਨ ਕਉ ਭਉ ਕੋਈ ਨਾਹਿ॥ ਹਰਿ ਉਤਮੁ ਤਿਨੀ ਸਰੇਵਿਆ ਜਿਨ੍ ਕਉ ਧੁਰਿ

**ਅਰਥ**

ਜਿਨ੍ਹਾਂ ਦੇ ਮਨ ਵਿਚ ਹਰੀ ਵੱਸ ਜਾਂਦਾ ਹੈ (ਏਥੇ ਹੁੰਦਿਆਂ) ਉਨ੍ਹਾਂ ਦੇ ਮਨ ਵਿਚ ਸਾਰੇ ਆਨੰਦ ਆ ਜਾਂਦੇ ਹਨ। (ਜਦ ਓਹ) ਹਰੀ ਦੀ ਦਰਗਾਹ ਵਿਚ (ਜਾਂਦੇ ਹਨ ਤਾਂ) ਉਨ੍ਹਾਂ ਦੇ ਮੂੰਹ ਉਜਲੇ ਹੁੰਦੇ ਹਨ, ਸਭ (ਲੋਕੀ) ਉਨ੍ਹਾਂ ਦੇ ਦਰਸ਼ਨ ਕਰਨ ਨੂੰ ਜਾਂਦੇ ਹਨ। (ਹਾਂ) ਜਿਨ੍ਹਾਂ ਨੇ ਨਿਰਭਉ (ਹਰੀ) ਦਾ ਨਾਮ ਧਿਆਇਆ ਹੈ ਉਨ੍ਹਾਂ ਨੂੰ (ਓਥੇ ਜਾਕੇ) ਕੋਈ ਭਉ ਨਹੀਂ ਵਾਪਰਦਾ। (ਪਰੰਤੂ) ਉੱਤਮ (=ਚੰਗੇ) ਹਰੀ ਨੂੰ ਉਨ੍ਹਾਂ ਨੇ ਹੀ ਸੇਵਿਆ ਹੈ ਜਿਨ੍ਹਾਂ ਨੂੰ ਧੁਰੋਂ ਲਿਖਿਆ ਹੋਇਆ ਸੀ। (ਐਸੇ)

ਲਿਖਿਆ ਆਹਿ ॥ ਤੇ ਹਰਿ ਦਰਗਹਿ ਪੈਨਾਈਅਹਿ ਜਿਨ ਹਰਿ ਵੁਠਾ ਮਨ ਮਾਹਿ ॥ ਓਇ ਆਪਿ ਤਰੇ ਸਭ ਕੁਟੰਬ ਸਿਉ ਤਿਨ ਪਿਛੈ ਸਭੁ ਜਗਤੁ ਛਡਾਹਿ॥ ਜਨ ਨਾਨਕ ਕਉ ਹਰਿ ਮੇਲਿ ਜਨ ਤਿਨ ਵੇਖਿ ਵੇਖਿ ਹਮ ਜੀਵਾਹਿ ॥ ੧ ॥

ਪੁਰਖ) ਜਿਨ੍ਹਾਂ ਦੇ ਹਿਰਦੇ ਵਿਚ ਹਰੀ ਆ ਵਸਦਾ ਹੈ ਓਹ ਹਰੀ ਦੀ ਦਰਗਾਹ ਵਿਚ (ਸਨਮਾਨ ਦੇ ਸਿਰੋਪਾਉ ਨਾਲ) ਪਹਿਨਾਏ ਜਾਂਦੇ ਹਨ। ਓਹ (ਨਿਰੇ) ਆਪ (ਹੀ ਨਹੀਂ ਤਰਦੇ ਸਗੋਂ) ਕੁਟੰਬ ਸਮੇਤ ਤਰਦੇ ਹਨ, ਉਨ੍ਹਾਂ ਪਿਛੇ ਸਾਰਾ ਜਗਤ ਛੁਟਕਾਰਾ ਪਾਉਂਦਾ ਹੈ। ਹੇ ਹਰੀ ! ਨਾਨਕ ਦਾਸ ਨੂੰ (ਅਪਣੇ ਐਸੇ) ਜਨ ਮੇਲ (ਜੋ) ਉਨ੍ਹਾਂ ਨੂੰ ਵੇਖ ਵੇਖ ਕੇ ਅਸੀਂ ਜੀਵੀਏ ॥ ੧ ॥

ਮਃ ੪ ॥ ਸਾ ਧਰਤੀ ਭਈ ਹਰੀਆਵਲੀ ਜਿਥੈ ਮੇਰਾ ਸਤਿਗੁਰੁ ਬੈਠਾ ਆਇ ॥ ਸੇ ਜੰਤ ਭਏ ਹਰੀਆਵਲੇ ਜਿਨੀ ਮੇਰਾ ਸਤਿਗੁਰੁ ਦੇਖਿਆ ਜਾਇ ॥ ਧਨੁ ਧੰਨੁ ਪਿਤਾ ਧਨੁ ਧੰਨੁ ਕੁਲੁ ਧਨੁ ਧਨੁ ਸੁ ਜਨਨੀ ਜਿਨਿ ਗੁਰੂ ਜਣਿਆ ਮਾਇ ॥ ਧਨੁ ਧੰਨੁ ਗੁਰੂ ਜਿਨਿ ਨਾਮੁ ਅਰਾਧਿਆ ਆਪਿ ਤਰਿਆ ਜਿਨੀ ਡਿਠਾ ਤਿਨਾ ਲਏ ਛਡਾਇ ॥ ਹਰਿ ਸਤਿਗੁਰੁ ਮੇਲਹੁ ਦਇਆ ਕਰਿ ਜਨੁ ਨਾਨਕੁ ਧੋਵੈ ਪਾਇ॥੨॥

ਉਹ ਧਰਤੀ ਲਹਿ ਲਹਿ ਕਰ ਉਠਦੀ ਹੈ ਜਿੱਥੇ ਮੇਰਾ ਸਤਿਗੁਰੂ ਆ ਕੇ ਬੈਠ ਜਾਂਦਾ ਹੈ। ਓਹ ਜੀਵ ਪ੍ਰਫੁੱਲਤ ਹੋ ਜਾਂਦੇ ਹਨ ਜੋ ਮੇਰੇ ਸਤਿਗੁਰੂ ਦਾ ਜਾਕੇ ਦਰਸ਼ਨ ਕਰਦੇ ਹਨ। ਧੰਨ ਧੰਨ (ਉਹ) ਕੁਲ ਹੈ (ਜਿਸ ਵਿਚ ਤੇ) ਧੰਨ ਧੰਨ (ਉਹ) ਪਿਤਾ ਹੈ (ਜਿਸਦੇ ਗ੍ਰਿਹ ਵਿਚ ਤੇ) ਧੰਨ ਧੰਨ ਉਹ ਮਾਂ ਹੈ ਜਿਸ ਮਾਂ ਨੇ ਗੁਰੂ ਨੂੰ ਜਨਮ ਦਿੱਤਾ ਹੈ। ਧੰਨ ਧੰਨ (ਉਹ) ਗੁਰੂ (ਆਪ) ਹੈ ਜਿਸਨੇ ਨਾਮ ਦੀ ਅਰਾਧਨਾ ਕੀਤੀ ਹੈ, ਆਪ ਤਰਿਆ ਹੈ, ਤੇ ਜਿਨ੍ਹਾਂ ਨੇ ਉਸਦਾ ਦਰਸ਼ਨ ਕੀਤਾ ਹੈ ਉਨ੍ਹਾਂ ਨੂੰ (ਜਨਮ ਮਰਨ ਦੇ ਦੁੱਖ ਤੋਂ) ਛੁਡਾ ਲੈਂਦਾ ਹੈ। ਹੇ ਹਰੀ ! ਦਇਆ ਕਰਕੇ (ਓਹ) ਸਤਿਗੁਰੂ ਮੇਲੋ ਜੋ ਨਾਨਕ ਦਾਸ (ਉਸਦੇ) ਚਰਨ ਧੋਵੇ ॥ ੨ ॥

ਪਉੜੀ ॥ ਸਚੁ ਸਚਾ ਸਤਿਗੁਰੁ ਅਮਰੁ ਹੈ ਜਿਸੁ ਅੰਦਰਿ ਹਰਿ ਉਰਿਧਾਰਿਆ ॥ ਸਚੁ ਸਚਾ ਸਤਿਗੁਰੁ ਪੁਰਖੁ ਹੈ ਜਿਨਿ ਕਾਮੁ ਕ੍ਰੋਧੁ ਬਿਖੁ ਮਾਰਿਆ ॥ ਜਾ ਡਿਠਾ ਪੂਰਾ ਸਤਿਗੁਰੂ ਤਾਂ ਅੰਦਰਹੁ ਮਨੁ ਸਾਧਾਰਿਆ ॥ ਬਲਿਹਾਰੀ ਗੁਰ ਆਪਣੇ ਸਦਾ ਸਦਾ ਘੁਮਿ ਵਾਰਿਆ ਗੁਰਮੁਖਿ ਜਿਤਾ ਮਨਮੁਖਿ ਹਾਰਿਆ ॥ ੧੭ ॥

ਸੱਚ (ਇਹ ਹੈ ਕਿ ਐਸਾ) ਸੱਚਾ ਸਤਿਗੁਰੂ ਅਮਰ ਦਾਸ ਹੈ ਜਿਸਨੇ (ਸਾਡੇ) ਦਿਲ ਵਿਚ (ਧੁਰ) ਅੰਦਰ ਨਾਮ ਧਾਰਨ ਕਰਾ ਦਿੱਤਾ ਹੈ। (ਹਾਂ) ਸੱਚ (ਇਹ ਹੈ ਕਿ ਇਹ) ਪੁਰਖ ਸੱਚਾ ਸਤਿਗੁਰੂ ਹੈ ਜਿਸਨੇ (ਸਿਖਾਂ ਦੇ ਦਿਲਾਂ ਵਿਚੋਂ) ਕਾਮ ਕ੍ਰੋਧ ਰੂਪ ਜ਼ਹਰ ਨੂੰ ਮਾਰ ਦਿੱਤਾ ਹੈ। ਜਦੋਂ ਇਹ ਪੂਰਾ ਸਤਿਗੁਰੂ ਡਿੱਠਾ ਤਦੋਂ ਹੀ ਮਨ ਅੰਦਰੋਂ ਹੀ ਸਹਿਤ ਆਧਾਰ ਦੇ ਹੋ ਗਿਆ। (ਮੈਂ) ਅਪਣੇ (ਇਸ) ਗੁਰੂ ਤੋਂ ਬਲਿਹਾਰਨੇ ਜਾਂਦਾ ਹਾਂ ਤੇ ਸਦਾ ਸਦਾ (ਉਸ ਉਤੋਂ) ਘੋਲੀ ਵਾਰੀ ਹੁੰਦਾ ਹਾਂ। (ਇਸ ਗੁਰੂ ਦੀ ਸ਼ਰਣ ਪੈਕੇ) ਗੁਰਮੁਖ ਨੇ (ਜਨਮ) ਜਿੱਤ ਲਿਆ ਹੈ, (ਪਰ) ਮਨਮੁਖ ਨੇ (ਮਨ ਦੇ ਮਗਰ ਲੱਗਕੇ ਜਨਮ) ਹਾਰ ਲਿਆ ਹੈ ॥ ੧੭ ॥

**ਵਯਾਖਯਾ**—ਇਸ ਪਉੜੀ ਦੀ ਤਰਤੀਬ 'ਭਾਵ-ਧੂਨੀ' ਦੀ ਸੰਗਲੀ ਬੱਧ ਹੈ। ਪਹਿਲੇ ਸਲੋਕ ਵਿਚ ਉਹਨਾਂ ਜਨਾਂ ਦਾ ਜ਼ਿਕਰ ਹੈ ਜੋ ਦਰਗਾਹ ਪਰਵਾਣ ਹੈਨ। ਪਹਿਲੀ ਸਤਰ ਵਿਚ ਦੱਸਿਆ ਹੈ ਕਿ ਹਰੀ ਜਿਨ੍ਹਾਂ ਦੇ ਹਿਰਦੇ ਵਿਚ ਵਸ ਜਾਂਦਾ ਹੈ ਸਾਰੇ ਰਸ ਉਹਨਾਂ ਦੇ ਹਿਰਦੇ ਵਿਚ ਹੋ ਜਾਂਦੇ ਹਨ।

ਭਾਵ ਇਹ ਕਿ ਵਾਹਿਗੁਰੂ ਸਾਰੇ ਰਸਾਂ ਤੋਂ ਵਧੀਕ ਰਸਾਲ ਹੈ; ਜਿਸ ਹਿਰਦੇ ਵਿਚ ਰਸਾਲ, ਸਭ ਰਸ ਓਥੇ ਹੋ ਗਏ। ਮੁਰਾਦ ਇਹ ਹੈ ਕਿ ਜਿਨ੍ਹਾਂ ਨੂੰ ਹਰੀ-ਰਸ ਆ ਜਾਂਦਾ ਹੈ ਉਹਨਾਂ ਨੂੰ ਹੋਰ ਰਸਾਂ ਦੀ ਫੇਰ ਲੋੜ ਚੁਕ ਜਾਂਦੀ ਹੈ। ਯਥਾ:–

ਰਾਮ ਰਸੁ ਪੀਆ ਰੇ ॥ ਜਿਹ ਰਸ ਬਿਸਰਿ ਗਏ ਰਸ ਅਉਰ ॥ [ਗਉੜੀ ਕਬੀਰ ਜੀ ੬੪

ਹਰੀ ਦਾ ਅੰਦਰ ਵਸ ਜਾਣਾ, ਰਸਦਾਯਕ ਹੈ। ਇਹ ਖੁਸ਼ਕ,ਰਸ ਰਹਿਤ ਕੋਈ ਫਿੱਕੀ ਅਵਸਥਾ ਨਹੀਂ ਹੈ। ਏਹ ਰਾਮ ਰਸ ਐਤਨੀ ਰਸਦਾਯਕ ਵਸਤੂ ਹੈ ਕਿ ਇਸ ਦੇ ਮਾਣਨ ਵਾਲੇ ਨੂੰ ਸੰਸਾਰ ਦੇ ਰਸਾਂ ਤੋਂ ਵਾਂਜਿਆ ਗਿਆ ਨਹੀਂ ਸਮਝਣਾ ਚਾਹੀਏ, ਸਗੋਂ ਸਾਰੇ ਰਸ ਉਸ ਦੇ ਅੰਦਰ ਆ ਗਏ ਸਮਝਣੇ ਚਾਹੀਏ।

ਇਹ ਤਾਂ ਆਪ ਜੀ ਨੇ ਹਰੀਜਨ ਦੀ ਸੰਸਾਰਕ ਸੁਖਮਈ ਅਵਸਥਾ ਵਰਣਨ ਕੀਤੀ ਹੈ। ਅਗੋਂ ਦੂਸਰੀ ਸਤਰ ਤੋਂ ਉਹਨਾਂ ਦੀ ਪਾਰਲੌਕਿਕ ਸੁਖ ਦੀ ਅਵਸਥਾ ਵਰਣਨ ਕੀਤੀ ਹੈ। ਦਰਗਾਹ ਵਿਚ ਓਹ ਉੱਜਲ ਮੁਖ ਜਾਂਦੇ ਹਨ, ਓਥੇ ਓਹ ਪਹਿਨਾਏ ਜਾਂਦੇ ਹਨ, ਭਾਵ ਆਤਮ ਸਿਰੋਪਾਵਾਂ ਨਾਲ ਭੂਸ਼ਿਤ ਕੀਤੇ ਹੋਏ ਸਤਿਕਾਰੇ ਜਾਂਦੇ ਹਨ। ਪਾਪੀ ਨੰਗੇ ਜਾਂਦੇ ਹਨ, ਨਾਮੀ ਪੁਰਖ ਪਹਿਨਾਏ ਜਾਂਦੇ ਹਨ। ਤੇ ਪਾਰਲੇ ਲੋਕਾਂ ਦੇ ਵਾਸੀ ਉਹਨਾਂ ਦੇ ਦਰਸ਼ਨ ਕਰਕੇ ਪ੍ਰਸੰਨ ਹੁੰਦੇ ਹਨ। ਉਹਨਾਂ ਨੂੰ ਓਥੇ ਦੁਖ ਦਾ, ਜਮ ਦਾ, ਜਨਮ ਮਰਨ ਦਾ ਕੋਈ ਡਰ ਨਹੀਂ ਵਾਪਰਦਾ, ਕਿਉਂਕਿ ਸਿਮਰਨ ਨਾਲ ਓਹ ਨਿਸ਼-ਪਾਪ ਹੋਕੇ ਏਥੋਂ ਟੁਰਦ ਹਨ। ਵਾਹਿਗੁਰੂ ਉਹਨਾਂ ਦੇ ਅੰਦਰ ਤੇ ਵਾਹਿਗੁਰੂ ਵਿਚ ਓਹ ਟਿਕੇ ਹੁੰਦੇ ਹਨ, ਓਤ ਪੋਤ ਰਵੇ ਹੁੰਦੇ ਹਨ। ਇਸ ਕਰਕੇ ਸੱਚੇ ਆਨੰਦ ਵਿਚ ਹੁੰਦੇ ਹਨ ਤੇ ਮਹਾਨ ਸਤਿਕਾਰ ਨਾਲ ਸਤਿਕਾਰੇ ਜਾਂਦੇ ਹਨ। ਹਰੀ ਦਾ ਮਨ ਵਿਚ ਵੁੱਠਣਾ ਭਾਗੇ ਭਰੀ ਅਵਸਥਾ ਹੈ, ਕਿਉਂਕਿ ਹਰੀ ਪਰਮ ਉੱਤਮ ਹੈ, ਉਹ ਬੀ ਪਰਮ ਉੱਤਮ ਹੋ ਜਾਂਦੇ ਹਨ।

ਛੇਵੀਂ ਸਤਰ ਫੇਰ ਦੱਸਦੇ ਹਨ ਕਿ ਓਹ ਇਕੱਲੇ ਆਪਣੀ ਕਲਯਾਣ ਕਰਕੇ ਹੀ ਨਹੀਂ ਟੁਰ ਗਏ ਓਹ ਆਪਣੀ ਨਾਮ ਦੀ ਛੋਤ ਕੁਟੰਬ ਵਿਚ ਲਾਉਂਦੇ, ਉਨ੍ਹਾਂ ਨੂੰ ਬੀ ਲੈ ਤੁਰਦੇ ਹਨ। ਏਥੇ ਹੀ ਬਸ ਨਹੀਂ, ਓਹ ਜਗਤ ਵਿਚ ਹੋਰਨਾਂ ਨੂੰ ਬੀ ਰਾਮ ਰਸ ਦਾਨ ਕਰਦੇ ਉਨ੍ਹਾਂ ਦਾ ਨਿਸਤਾਰਾ ਕਰ ਜਾਂਦੇ ਹਨ। ਉਨ੍ਹਾਂ ਪਿਛੇ ਅਨੇਕਾਂ ਦਾ ਪਾਰ ਉਤਾਰਾ ਹੁੰਦਾ ਹੈ।

ਅਖੀਰਲੀ ਸਤਰ ਵਿਚ ਆਪਣੀ ਅਭਿਲਾਖ ਦੱਸਦੇ ਹਨ ਕਿ ਐਸੇ ਮਹਾਂ ਪੁਰਖਾਂ ਦਾ ਸਾਨੂੰ ਮੇਲ ਕਰਾਓ, ਉਨ੍ਹਾਂ ਨੂੰ ਵੇਖ ਵੇਖਕੇ ਅਸੀਂ ਜੀਵੀਏ।

ਐਉਂ ਜਾਪਦਾ ਹੈ ਕਿ ਇਹ ਸਾਰਾ ਕੁਛ ਮਹਾਂ ਪੁਰਖਾਂ ਬਾਬਤ ਕਿਹਾ ਹੈ, ਪਰ 'ਵੇਖਿ ਵੇਖਿ ਹਮ ਜੀਵਾਹਿ' ਵਿਚ ਜੋ ਧੁਨੀ ਹੈ ਅਗਲੇ ਸਲੋਕ ਤੋਂ ਖੁੱਲ੍ਹ ਜਾਂਦੀ ਹੈ; ਜਿਸ ਵਿਚ ਫੇਰ 'ਜਨ' ਦੀ ਥਾਵੇਂ 'ਮੇਰਾ ਸਤਿਗੁਰੁ' ਪਦ ਆ ਗਿਆ ਹੈ। ਇਹ ਚਾਉ ਭਰੀ ਸਤੁਤੀ ਅਪਣੇ ਗੁਰੂ ਦੀ ਕਰ ਰਹੇ ਹਨ, ਜਿਸ ਨੂੰ ਵੇਖ ਵੇਖ ਜੀਉਂਦੇ ਠਰਦੇ ਹਰਿ ਰਸ ਮਾਣਦੇ ਰਹੇ ਹਨ। ਪਹਿਲੀਆਂ ਸਤਰਾਂ ਵਿਚ ਦਰਸ਼ਨ ਕਰਨ ਵਾਲਿਆਂ ਨੂੰ, ਸਤਿਗੁਰੂ ਦੇ ਸਰੀਰ ਨੂੰ ਜਨਮ ਦੇਣ ਵਾਲੇ ਮਾਤਾ ਪਿਤਾ ਨੂੰ, ਕਿਸੇ ਡੁੱਲ੍ਹਵੇਂ ਚਾਉ ਵਿਚ ਧੰਨ ਧੰਨ ਆਖਦੇ ਫੇਰ ਨਾਮ ਤੇ ਆ ਜਾਂਦੇ ਹਨ ਤੇ ਪਿਛਲੇ ਸਲੋਕ ਵਾਲੇ ਖਯਾਲ ਲੈ ਆਉਂਦੇ ਹਨ ਕਿ ਨਾਮ ਅਰਾਧਣੇ ਤੇ ਜਗਤ ਨਿਸਤਾਰਣੇ ਵਾਲੇ ਗੁਰੂ ਨੂੰ ਮੇਰਾ ਧੰਨ ਧੰਨ ਹੈ। ਅਖੀਰਲੀ ਸਤਰ ਵਿਚ ਪਹਿਲੇ ਸ਼ਲੋਕ ਦੀ ਅਖੀਰਲੀ ਸਤਰ ਵਾਂਙੂ 'ਮੇਲਹੁ' ਦੀ ਯਾਚਨਾ ਹੈ, ਪਰ ਐਤਕੀ 'ਸਤਿਗੁਰੁ ਮੇਲਹੁ' ਯਾਚਨਾ ਕੀਤੀ ਹੈ ਤੇ ਸੇਵਾ ਮੰਗੀ ਹੈ ਉਸ ਸੁਹਣੇ ਸਤਿਗੁਰੂ ਦੀ।

ਹੁਣ ਪਉੜੀ ਆਈ, ਇਸ ਵਿਚ ਬੀ ਸਤਿਗੁਰੂ ਦਾ ਜ਼ਿਕਰ ਹੈ। ਪਰ ਏਥੇ ਸਾਫ ਸਤਿਗੁਰੂ 'ਅਮਰੁ' ਆਖਕੇ ਆਪਣੇ ਸਤਿਗੁਰੂ ਦਾ,ਜਿਸਦਾ ਯਸ਼ ਕਰ ਰਹੇ ਹਨ,'ਨਾਮ' ਲੈਕੇ ਨਿਰਸੰਸੇ ਕਰ ਦਿਤਾ ਹੈ। ਕਈ ਦਾਨੇ ਏਥੇ 'ਅਮਰੁ' ਪਦ ਨੂੰ ਵਿਸ਼ੇਸ਼ਣ ਲੈਂਦੇ ਹਨ ਕਿ ਉਹ ਸਚਾ ਸਤਿਗੁਰੂ ਅ+ਮਰ ਹੈ,

ਅਵਿਨਾਸ਼ੀ ਹੈ। ਪਰ ਖ਼ਿਆਲ ਰਹੇ ਕਿ ਇਹ ਵਾਰਤਕ ਇਬਾਰਤ ਨਹੀਂ, ਇਹ ਉੱਚੇ ਪਾਏ ਦੇ ਕਾਵਯ ਵਿਚ ਵਰਣਨ ਹੋ ਰਹੇ ਹਨ; ਜੇ ਇਹ ਅਭਿਧਾ ਬ੍ਰਿਤੀ ਵਿਚ ਸਪਸ਼ਟ ਨਾਮ ਨਹੀਂ ਤਾਂ ਇਹ ਸ਼ਲੇਖ ਵਿਚ ਪਦ ਵਰਤਿਆ ਹੈ ਕਿ ਨਾਮ ਬੀ ਆ ਜਾਵੇ ਤੇ ਨਾਮ ਦੀ ਵਿਤਪੱਤੀ (ਅ+ਮਰ) ਬੀ ਸਫਲ ਹੋ ਜਾਵੇ। ਸੋ ਹਰ ਹਾਲ ਵਿਚ ਆਪਣੇ ਸੱਚੇ ਸਤਿਗੁਰੂ ਦਾ ਪਤਾ ਦੇ ਰਹੇ ਹਨ। ਉਨ੍ਹਾਂ ਦੇ ਅੰਦਰ ਹਰੀ ਦਾ ਧਾਰਨ ਹੋ ਜਾਣਾ, ਅੰਦਰ ਵੱਸ ਵੁੱਠ ਜਾਣਾ, ਆਪ ਡਿੱਠੀ ਵਾਰਤਾ ਵਰਣਨ ਕੀਤੀ ਹੈ। ਫੇਰ ਆਪਣੇ ਦੇਖੇ ਤਜਰਬੇ ਦੱਸੇ ਹਨ ਕਿ ਜਗਤ ਜੀਵਾਂ ਦੇ, ਜੋ ਬੀ ਮਿਲੇ, ਕਾਮ ਕ੍ਰੋਧ ਰੂਪੀ ਜ਼ਹਿਰ ਆਪ ਨੇ ਦੂਰ ਕੀਤੇ। ਤਾਂ ਹੀ ਕਰਨੇ ਨੂੰ ਸਮਰਥ ਹੋਏ ਜੋ ਆਪ ਇਨ੍ਹਾਂ ਜ਼ਹਿਰਾਂ ਤੋਂ ਉੱਚੇ ਸੇ ਤੇ ਜਿਨ੍ਹਾਂ ਦਾ ਛੋਹ ਸਾਰੇ ਪਾਪਾਂ ਨੂੰ ਦੂਰ ਕਰਦੀ ਸੀ:–

ਕਰਿ ਹੁਕਮੁ ਮਸਤਕਿ ਹਥੁ ਧਰਿ ਵਿਚਹੁ ਮਾਰਿ ਕਢੀਆ ਬੁਰਿਆਈਆ ॥

[ਆ ਮਾ ਵਾਰ ਮ: ੧–੧੯

ਫੇਰ ਨਿਜੀ ਤਜਰਬਾ ਦੱਸਦੇ ਹਨ ਕਿ ਮੈਂ ਤਾਂ ਜਦੋਂ ਹੀ ਦਰਸ਼ਨ ਕੀਤਾ ਮੇਰੇ ਮਨ ਨੂੰ ਆਧਾਰ ਆ ਗਿਆ। ਨਾਮ ਅਤੇ ਪਰੀਪੂਰਣ ਸਤਿਗੁਰੂ ਦਾ ਦਰਸ਼ਨ ਆਸਰਾ ਰੂਪ ਹੋ ਗਿਆ। ਸੋ ਮੈਂ ਕ੍ਰਿਤ ਕ੍ਰਿਤ ਹੋਕੇ ਉਸ ਗੁਰੂ ਤੋਂ ਸਦਾ ਸਦਕੇ ਹੁੰਦਾ ਰਿਹਾ ਹਾਂ। ਅੰਤ ਵਿਚ ਸਰਬ ਕਾਲੀ ਸੱਚ ਅੱਧੀ ਸਤਰ ਵਿਚ ਦੱਸਦੇ ਹਨ ਕਿ ਐਸੇ ਸਤਿਗੁਰੂ ਦੀ ਸ਼ਰਣ ਲੈਕੇ ਜੋ ਗੁਰਮੁਖ ਹੋ ਗਏ ਓਹ ਜਿੱਤ ਗਏ, ਜੋ ਮਨਮੁਖ ਹੋਏ ਸੋ ਮਾਨੁੱਖਾ ਜਨਮ ਹਾਰ ਗਏ। ਇਸ ਤਰ੍ਹਾਂ ਇਹ ਅੰਕ ੧੭ ਸ੍ਰੀ ਗੁਰੂ ਅਮਰ ਦਾਸ ਜੀ ਦੀ ਸ਼ਾਨ ਵਿਚ ਉਚਾਰਿਆ ਗਿਆ ਹੈ।

**ਨਿਰੁਕਤ**– ਉਤਮੁ–[ਸੰਸ:, ਉਤ੍ਤਮ] ਚੰਗਾ, ਸਭ ਤੋਂ ਸ੍ਰੇਸ਼ਟ।

ਸਰੇਵਿਆ–ਸੇਵਿਆ। ਪੈਨ੍ਹਾਈਅਹਿ–ਪਹਿਨਾਏ ਜਾਂਦੇ ਹਨ। ਰੂਹਾਨੀ ਕਿਸਮਦੇ ਸਿਰੋਪਾਉ ਦਿੱਤੇ ਜਾਂਦੇ ਹਨ। ਭਾਵ ਸਤਿਕਾਰੇ ਜਾਂਦੇ ਹਨ। ਪਾਪੀ ਲਿਖਿਆ ਹੈ ਕਿ ਨੰਗੇ ਜਾਂਦੇ ਹਨ:–

ਨੰਗਾ ਦੋਜਕਿ ਚਾਲਿਆ ॥ [ਆਸਾ ਵਾਰ ਮ: ੧–੧੪

ਵੁਠਾ–[ਸੰਸ:, ਵਸਨੰ=ਵਸਣਾ, ਰਹਿਣਾ] ਵੱਸਿਆ।

ਹਰੀਅ ਵਲੀ–ਹਰੀ ਭਰੀ। ਸਰਸਬਜ਼। ਧਰਤੀ ਰੱਕੜ ਨਾ ਰਹੀ, ਸਰਵੀ ਹੋ ਗਈ।

ਹਰੀਆਵਲੇ–ਪ੍ਰਫੁੱਲਤ। ਜਾਂਵ ਖਿੜੇ ਫੁਲਾਂ ਵਾਂਗੂ ਲਹਿ ਲਹਿ ਕਰ ਉਠੇ।

ਜਨਨੀ–[ਸੰਸ:,] ਮਾਤਾ। ਅਮਰੁ ਗੁਰੂ ਅਮਰਦਾਸ ਜੀ। (ਵੇਖੋ ਵਯਾਖਯਾ)।

ਬਿਖੁ–ਵਿਹੁ, ਜ਼ਹਿਰ।

ਸਾਧਾਰਿਆ–[ਸ+ਆਧਾਰ:] ਸਹਿਤ ਆਧਾਰ ਦੇ ਹੋ ਗਿਆ। ਆਧਾਰ ਵਾਲਾ ਹੋਗਿਆ।

ਘੁੰਮਿ ਵਾਰਿਆ–ਘੁਮਾ ਘੁਮਾਕੇ ਵਾਰਿਆ। ਜੋ ਸ਼ੈ ਕੁਰਬਾਨ ਕਰੀਦੀ ਹੈ ਉਹ ਸਿਰ ਤੋਂ ਫੇਰ ਫੇਰ ਵਾਰ ਵਾਰਕੇ ਦੇਈਦੀ ਹੈ।

## [ਪਉੜੀ ਅਠਾਰਵੀਂ]

| ਮੂਲ | ਅਰਥ |
|---|---|
| ਸਲੋਕ ਮ: ੪ ॥ ਕਰਿ ਕਿਰਪਾ ਸਤਿਗੁਰੁ ਮੇਲਿਓਨੁ ਮੁਖਿ ਗੁਰਮੁਖਿ ਨਾਮੁ ਧਿਆਇਸੀ ॥ ਸੋ ਕਰੇ ਜਿ ਸਤਿਗੁਰ ਭਾਵਸੀ ਗੁਰੁ ਪੂਰਾ | (ਜਿਨ੍ਹਾਂ ਨੂੰ ਵਾਹਿਗੁਰੂ ਅਪਣੀ) ਕਿਰਪਾ ਕਰਕੇ ਸਤਿਗੁਰੂ ਮਿਲਾਉਂਦਾ ਹੈ (ਓਹ) ਗੁਰਮੁਖ ਹੋਕੇ ਮੂੰਹੋਂ (ਵਾਹਿਗੁਰੂ ਦੇ) ਨਾਮ ਨੂੰ ਧਿਆਏਗਾ। (ਨਾਮ ਧਿਆਉਂਦਾ ਹੋਇਆ ਉਹ ਪੁਰਖ) ਉਹ (ਕੁਛ ਜੋ) ਕਰਦਾ ਚਲੇਗਾ ਜੋ ਸਤਿਗੁਰੂ ਨੂੰ |

ਘਤੀ ਵਸਾਇਸੀ ॥ ਜਿਨ ਅੰਦਰਿ ਨਾਮੁ ਨਿਧਾਨੁ ਹੈ ਤਿਨ ਕਾ ਭਉ ਸਭੁ ਗਵਾਇਸੀ ॥ ਜਿਨ ਰਖਣ ਕਉ ਹਰਿ ਆਪਿ ਹੋਇ ਹੋਰ ਕੇਤੀ ਝਖਿ ਝਖਿ ਜਾਇਸੀ॥ਜਨ ਨਾਨਕ ਨਾਮੁ ਧਿਆਇ ਤੂ ਹਰਿ ਹਲਤਿ ਪਲਤਿ ਛਡਾਇਸੀ ॥੧॥

ਭਾਉਂਦਾ ਹੈ ਤਾਂ ਪੂਰਾ ਗੁਰੂ (ਉਸਦਾ) ਵਾਸਾ (ਉਸਦੇ ਨਿਜ) ਸਰੂਪ ਵਿਚ ਕਰਾ ਦੇਵੇਗਾ। (ਇਸਤਰ੍ਹਾਂ) ਜਿਨ੍ਹਾਂ ਦੇ ਅੰਦਰ ਨਾਮ (ਰੂਪ) ਖਜ਼ਾਨਾ (ਵੱਸ ਜਾਂਦਾ) ਹੈ, ਉਨ੍ਹਾਂ ਦਾ ਸਭ (ਤਰ੍ਹਾਂ) ਦਾ ਭੈ (ਗੁਰੂ) ਦੂਰ ਕਰ ਦੇਵੇਗਾ। ਜਿਨ੍ਹਾਂ ਨੂੰ ਰੱਖ ਲੈਣ ਵਾਸਤੇ ਹਰੀ ਆਪ (ਰਖਵਾਲਾ) ਹੋ ਜਾਵੇ (ਉਨ੍ਹਾਂ ਨੂੰ ਵਿਗਾੜ ਪਹੁੰਚਾਉਣ ਲਈ) ਹੋਰ ਕਿਤਨੀ ਲੁਕਾਈ (ਉਣ ਉਹ) ਖਪ ਖਪ ਕੇ ਚਲੀ ਜਾਏਗੀ। (ਗੁਰੂ ਜੀ ਫੁਰਮਾਉਂਦੇ ਹਨ) ਹੇ (ਪ੍ਰਭੂ ਦੇ) ਦਾਸ ਨਾਨਕ ! ਤੂੰ ਨਾਮ ਦੀ ਅਰਾਧਨਾ ਕਰ, ਹਰੀ (ਆਪ ਤੈਨੂੰ) ਲੋਕ ਪ੍ਰਲੋਕ ਵਿਚ (ਸਭ ਮੁਸ਼ਕਲਾਂ ਤੋਂ) ਛੁਡਾਏਗਾ ॥ ੧ ॥

ਮ: ੪ ॥ ਗੁਰਸਿਖਾ ਕੈ ਮਨਿ ਭਾਵਦੀ ਗੁਰ ਸਤਿਗੁਰ ਕੀ ਵਡਿਆਈ ॥ ਹਰਿ ਰਾਖਹੁ ਪੈਜ ਸਤਿਗੁਰੂ ਕੀ ਨਿਤ ਚੜੈ ਸਵਾਇ ॥ ਗੁਰ ਸਤਿਗੁਰ ਕੈ ਮਨਿ ਪਾਰਬ੍ਰਹਮੁ ਹੈ ਪਾਰਬ੍ਰਹਮੁ ਛਡਾਈ ॥ ਗੁਰ ਸਤਿਗੁਰ ਤਾਣੁ ਦੀਬਾਣੁ ਹਰਿ ਤਿਨਿ ਸਭ ਆਣਿ ਨਿਵਾਈ ॥ ਜਿਨੀ ਡਿਠਾ ਮੇਰਾ ਸਤਿਗੁਰੁ ਭਾਉ ਕਰਿ ਤਿਨਕੇ ਸਭਿ ਪਾਪ ਗਵਾਈ॥ ਹਰਿ ਦਰਗਹ ਤੇ ਮੁਖ ਉਜਲੇ ਬਹੁ ਸੋਭਾ ਪਾਈ ॥ ਜਨੁ ਨਾਨਕੁ ਮੰਗੈ ਧੂੜਿ ਤਿਨ ਜੋ ਗੁਰਕੇ ਸਿਖ ਮੇਰੇਭਾਈ॥੨॥

ਗੁਰੂ ਦੇ ਸਿਖਾਂ ਦੇ ਮਨ ਵਿਚ (ਅਪਣੇ) ਗੁਰੂ ਸਤਿਗੁਰੂ ਦੀ ਵਡਿਆਈ ਪਿਆਰੀ ਲਗਦੀ ਹੈ। (ਹੇ) ਹਰੀ ! (ਤੁਸੀਂ) ਸਤਿਗੁਰੂ ਦੀ ਪੈਜ (ਸਦਾ) ਰਖਦੇ ਹੋ ਜੋ ਸਦਾ ਸਵਾਈ ਹੋ ਹੋ ਵਧਦੀ ਹੈ। ਗੁਰੂ ਸਤਿਗੁਰੂ ਦੇ ਮਨ ਵਿਚ ਪਾਰਬ੍ਰਹਮ (ਵਸਦਾ) ਹੈ, ਉਸਨੂੰ ਹਰ ਮੁਸ਼ਕਲ ਤੋਂ) ਪਾਰਬ੍ਰਹਮ ਬਚਾ ਲੈਂਦਾ ਹੈ। ਗੁਰ ਸਤਿਗੁਰੂ ਦਾ ਜ਼ੋਰ ਤੇ (ਸਹਾਯਕ) ਹਾਕਮ ਹਰੀ (ਆਪ) ਹੈ ਉਸ (ਹਰੀ) ਨੇ ਸਾਰੀ (ਲੁਕਾਈ ਉਸ ਅੱਗੇ) ਲਿਆਕੇ ਨਿਵਾ ਦਿੱਤੀ ਹੈ। (ਹਾਂ) ਜਿਨ੍ਹਾਂ ਨੇ ਮੇਰਾ ਸਤਿਗੁਰੂ ਸ਼ਰਧਾ ਭਾਵਨੀ (ਦੀ ਨਜ਼ਰ) ਨਾਲ ਵੇਖਿਆ ਹੈ (ਹਰੀ) ਉਨ੍ਹਾਂ ਦੇ ਸਾਰੇ ਪਾਪ ਦੂਰ ਕਰ ਦੇਂਦਾ ਹੈ। ਓਹ ਮੂੰਹ ਹਰੀ ਦੀ ਦਰਗਾਹ ਵਿਚ ਉੱਜਲ (ਜਾਂਦੇ) ਹਨ ਤੇ ਬਹੁਤ ਸ਼ੋਭਾ ਪਾਉਂਦੇ ਹਨ। ਜੋ ਗੁਰੂ ਕੇ ਸਿਖ ਹਨ (ਓਹ) ਮੇਰੇ ਭਾਈ ਹਨ ਨਾਨਕ ਦਾਸ ਉਨ੍ਹਾਂ (ਦੇ ਚਰਨਾਂ) ਦੀ ਧੂੜ ਮੰਗਦਾ ਹੈ॥ ੨ ॥

ਪਉੜੀ॥ ਹਉ ਆਖਿ ਸਲਾਹੀ ਸਿਫਤਿ ਸਚੁ ਸਚੁ ਸਚੇ ਕੀ ਵਡਿਆਈ॥ ਸਾਲਾਹੀ ਸਚੁ ਸਲਾਹ ਸਚੁ ਸਚੁ ਕੀਮਤਿ ਕਿਨੈ ਨ ਪਾਈ ॥ ਸਚੁ ਸਚਾ ਰਸੁ ਜਿਨੀ ਚਖਿਆ ਸੇ ਤ੍ਰਿਪਤਿ ਰਹੇ ਆਘਾਈ ॥ ਇਹੁ ਹਰਿ ਰਸੁ ਸੇਈ ਜਾਣਦੇ ਜਿਉ ਗੂੰਗੈ ਮਿਠਿਆਈ ਖਾਈ ॥ ਗੁਰਿ ਪੂਰੈ ਹਰਿ ਪ੍ਰਭੁ ਸੇਵਿਆ ਮਨਿ ਵਜੀ ਵਾਧਾਈ ॥ ੧੮ ॥

ਮੈਂ (ਮੂੰਹੋਂ) ਆਖ ਕੇ ਸਿਫਤਿ (ਕਰਦਾ) ਤੇ ਸਲਾਹੁੰਦਾ ਹਾਂ (ਉਸ) ਸਤਜ ਸਰੂਪ ਨੂੰ, ਉਸ ਸੱਚੇ ਦੀ ਵਡਿਆਈ ਸੱਚ (ਸਰੂਪ ਬਣਾ ਦੇਂਦੀ) ਹੈ। (ਉਹ) ਸਲਾਹੁਣੇ ਯੋਗ (ਹਰੀ) ਸੱਚ (-ਸਰੂਪ ਹੈ, ਉਸ ਦੀ ਸਿਫਤ-) ਸਲਾਹ ਸੱਚ (ਹੈ ਜੋ ਸੱਚ ਵਿਚ ਲੈ ਜਾਂਦੀ ਹੈ, ਪਰ ਉਸ) ਸੱਚ (-ਸਰੂਪ ਦੀ) ਕੀਮਤ ਕਿਸੇ ਨੇ ਨਹੀਂ ਪਾਈ (ਭਾਵ ਥਾਹ ਨਹੀਂ ਲਿਆ)। (ਹਾਂ, ਉਸਦਾ) ਸੱਚਾ ਰਸ ਜੋ ਸੱਚ (ਸਰੂਪ) ਹੈ ਜਿਨ੍ਹਾਂ ਨੇ ਚਖਿਆ ਹੈ ਓਹ ਤ੍ਰਿਪਤ ਹੋਏ ਹਨ, (ਓਹ ਪੂਰੇ ਪੂਰੇ) ਤ੍ਰਿਪਤ ਹੋਏ ਹਨ। ਇਸ ਹਰੀ ਰਸ (ਦੇ ਸੁਆਦ ਨੂੰ) ਉਹੋ (ਮਾਣਨ ਵਾਲੇ ਹੀ) ਜਾਣਦੇ ਹਨ (ਐਉਂ ਕਿ) ਜਿਵੇਂ ਗੁੰਗੇ ਨੇ ਮਠਿਆਈ ਖਾਧੀ ਹੁੰਦੀ ਹੈ। (ਸੋ ਜਿਨ੍ਹਾਂ ਨੇ) ਪੂਰੇ ਗੁਰੂ ਦੁਆਰਾ ਹਰੀ ਪ੍ਰਭੂ ਦੀ ਸੇਵਾ ਕੀਤੀ ਹੈ (ਉਨ੍ਹਾਂ ਦੇ) ਮਨ ਵਿਚ ਵਧਾਈ ਵੱਜੀ ਹੈ

(ਭਾਵ ਉਸ ਆਨੰਦ ਨੂੰ ਉਹਨਾਂ ਨੇ ਮਾਣਿਆ ਹੈ ਪਰ ਅਕਹਿ ਰਹੇ ਹਨ) ॥ ੧੮ ॥

**ਵਯਾਖਯਾ**—ਪਉੜੀ ਵਿਚ ਫੁਰਮਾਇਆ ਹੈ ਕਿ ਵਾਹਿਗੁਰੂ ਸਚ ਹੈ, ਸਤਯ ਸਰੂਪ ਹੈ, ਉਸ ਦੀ ਸਿਫਤ ਸਚ ਹੈ, ਕਰਨੇ ਵਾਲੇ ਸਚ ਨੂੰ ਪ੍ਰਾਪਤ ਹੁੰਦੇ ਹਨ, ਅੰਤ ਨਹੀਂ ਪਾਉਂਦੇ, ਕਿਉਂਕਿ ਓਹ ਬੇਅੰਤ ਹੈ, ਸਿਫਤ ਕਰਨੇ ਵਾਲਾ ਅੰਤ ਵਿਚ ਹੈ। ਪਰ ਓਹ ਸਚ ਸਰੂਪ ਨੂੰ ਪ੍ਰਾਪਤ ਹੋਕੇ ਜੋ ਰਸ ਮਾਣਦੇ ਹਨ ਉਹ ਬੜਾ ਕੀਮਤੀ ਹੈ ਤੇ ਅਕਹਿ ਹੈ, ਜਿਸ ਦਾ ਵਰਣਨ ਨਹੀਂ ਹੋ ਸਕਦਾ। ਮਾਣਿਆਂ ਹੀ ਬਹੁ ਪੈਂਦਾ ਹੈ। ਅਖੀਰਲੀ ਤੁਕ ਵਿਚ ਦੱਸਦੇ ਹਨ ਕਿ ਜਿਨ੍ਹਾਂ ਨੇ ਪੂਰੇ ਗੁਰੂ ਦੁਆਰਾ ਹਰੀ ਪ੍ਰਭੂ ਦੀ ਸੇਵਾ ਕੀਤੀ ਹੈ ਇਹ ਆਨੰਦ ਉਨ੍ਹਾਂ ਨੇ ਪਾਇਆ ਹੈ।

ਸੋ ਪਹਿਲੇ ਸਲੋਕ ਵਿਚ ਸ਼ੁਕਰੀਆ ਹੈ ਕਿ ਜਿਨ੍ਹਾਂ ਨੂੰ ਗੁਰੂ ਮਿਲ ਪਿਆ ਹੈ ਉਹਨਾਂ ਨੂੰ ਸਭ ਕੁਛ ਪ੍ਰਾਪਤ ਹੋ ਜਾਏਗਾ। ਦੂਜੇ ਸਲੋਕ ਵਿਚ ਬੀ ਪਹਿਲੋਂ ਗੁਰੂ ਦੀ ਵਡਿਆਈ ਹੈ ਤੇ ਦੱਸਿਆ ਹੈ ਕਿ ਗੁਰੂ ਦੇ ਅੰਦਰ ਹਉਂ ਤੇ ਅਪਣਤ ਨਹੀਂ ਹੁੰਦੀ, ਉਥੇ ਪਾਰਬ੍ਰਹਮ ਹੀ ਪਾਰਬ੍ਰਹਮ ਵਸਦਾ ਹੈ, ਸੋ ਉਹ ਆਪ ਪੈਜ ਰਖਦਾ ਤੇ ਸਭੋ ਕੁਛ ਸੁਆਰਦਾ ਹੈ। ਫੇਰ ਦੱਸਿਆ ਹੈ ਕਿ ਇਸ ਪਾਰਬ੍ਰਹਮ ਰੂਪ ਹੋਏ ਗੁਰੂ ਤੋਂ ਜਿਨ੍ਹਾਂ ਨੇ ਕਲਯਾਣ ਪ੍ਰਾਪਤ ਕੀਤੀ ਹੈ ਓਹ ਮੁਕਤ ਹੋਏ ਹਨ ਤੇ ਮੈਂ ਉਹਨਾਂ ਦੀ ਧੂੜ ਮੰਗਦਾ ਹਾਂ। ਐਉਂ ਪਉੜੀ ਦੇ ਦੁਇ ਭਾਵਾਂ ਤੇ ਦੋਹਾਂ ਸਲੋਕਾਂ ਦੇ ਪ੍ਰਮਾਣ ਘਟਦੇ ਹਨ।

**ਨਿਰੁਕ੍ਤ**—ਘਰੀ—ਘਰ ਵਿਚ। ਅੰਤਹਕਰਣ ਵਿਚ। ਸਰੂਪ ਵਿਚ।

ਦੀਬਾਣੁ—[ਅ:, ਦੀਵਾਨ] ਵਡਾ ਹਾਕਮ। ਕੋਈ ਹਾਕਮ ਜਿਸ ਦੇ ਵੱਸ ਨਿਆਂ ਯਾ ਹੋਰ ਸ਼ਕਤੀਆਂ ਹੋਣ। ਮੁਰਾਦ ਹੈ ਕਿ ਦੁਨੀਆਂ ਦੇ ਹਾਕਮਾਂ ਦੀ ਥਾਂ ਹਰੀ ਸਾਡਾ ਸਹਾਈ ਹਾਕਮ ਹੈ ਤੇ ਸਾਡੀ ਵਲ ਹੈ।

ਆਘਾਈ-[ਸੰਸ:, ਆਘ੍ਰਾਣਮ੍] ਨੱਕ ਤੱਕ ਰੱਜਣਾ। ਪੂਰਨ ਤ੍ਰਿਪਤੀ ਹੋ ਜਾਣੀ।

[ਪਉੜੀ ਉਨ੍ਹੀਵੀਂ]

| ਮੂਲ | ਅਰਥ |
|---|---|
| ਸਲੋਕ ਮਃ ੪ ॥ ਜਿਨਾ ਅੰਦਰਿ ਉਮਰਥਲ ਸੇਈ ਜਾਣਨਿ ਸੂਲੀਆ ॥ ਹਰਿ ਜਾਣਹਿ ਸੇਈ ਬਿਰਹੁ ਹਉ ਤਿਨ ਵਿਟਹੁ ਸਦ ਘੁਮਿ ਘੋਲੀਆ ॥ ਹਰਿ ਮੇਲਹੁ ਸਜਣੁ ਪੁਰਖੁ ਮੇਰਾ ਸਿਰੁ ਤਿਨ ਵਿਟਹੁ ਤਲ ਰੋਲੀਆ॥ ਜੋ ਸਿਖ ਗੁਰ ਕਾਰ ਕਮਾਵਹਿ ਹਉ ਗੁਲਮੁ ਤਿਨਾ ਕਾ ਗੋਲੀਆ ॥ ਹਰਿ ਰੰਗਿ ਚਲੂਲੈ ਜੋ ਰਤੇ ਤਿਨ ਭਿੰਨੀ ਹਰਿ ਰੰਗਿ ਚੋਲੀਆ ॥ ਕਰਿ ਕਿਰਪਾ ਨਾਨਕ ਮੇਲਿ ਗੁਰ ਪਹਿ | ਜਿਨ੍ਹਾਂ ਦੇ (ਸਰੀਰ ਦੇ) ਅੰਦਰ ਉਮਰਥਲ ਹੁੰਦਾ ਹੈ, ਉਨ੍ਹਾਂ ਨੂੰ ਹੀ (ਉਸ ਦੀਆਂ ਤ੍ਰਿਖੀਆਂ) ਪੀੜਾਂ ਦਾ ਪਤਾ ਹੁੰਦਾ ਹੈ। ਉਹੋ ਜਾਣਦੇ ਹਨ ਹਰੀ ਦੇ ਬਿਰਹੇ (ਤੋਂ ਉਪਜੀ ਅੰਤਰ ਵਯਾਪ ਰਹੀ) ਪੀੜਾ ਨੂੰ, ਮੈਂ ਉਨ੍ਹਾਂ ਤੋਂ ਸਦਾ ਵਾਰੀ ਘੋਲੀ ਜਾਵਾਂ। ਹੇ ਹਰੀ ! (ਮੈਨੂੰ ਉਹ) ਸਜਣ ਪੁਰਖ (=ਗੁਰੂ) ਮੇਲ, ਜੋ ਮੇਰਾ ਸਿਰ ਉਨ੍ਹਾਂ ਉਤੋਂ (ਵਾਰਨੇ ਹੋਕੇ ਉਨ੍ਹਾਂ ਦੀਆਂ ਚਰਣ-) ਤਲੀਆਂ ਹੇਠ ਰੁਲੇ। (ਸਗੋਂ) ਮੈਂ ਤਾਂ (ਉਸ) ਗੁਰੂ ਦੀ ਜੋ ਸੇਵਾ ਕਰਨ ਵਾਲੇ ਸਿਖ ਹਨ ਉਨ੍ਹਾਂ ਦੇ ਗੁਲਾਮਾਂ ਦਾ ਗ਼ੁਲਾਮ ਹਾਂ। (ਕਿਉਂਕਿ) ਜੋ (ਬੀ ਪੁਰਖ ਗੁਰੂ ਦੀ ਸੇਵਾ ਕਰਕੇ) ਹਰੀ ਦੇ ਗੂੜ੍ਹੇ ਪ੍ਰੇਮ ਵਿਚ ਰੰਗੇ ਗਏ ਹਨ ਉਨ੍ਹਾਂ ਦੀ ਦੇਹੀ (ਬੀ) ਹਰੀ ਦੇ ਪ੍ਰੇਮ ਨਾਲ ਭਿੱਜੀ ਹੁੰਦੀ ਹੈ। ਹੇ ਨਾਨਕ ! (ਹਰੀ ਨੇ) ਕਿਰਪਾ ਕਰਕੇ (ਐਸਾ ਗੁਰੂ ਮੇਲ ਦਿੱਤਾ, ਉਸ) ਗੁਰੂ ਪਾਸ |

ਸਿਰੁ ਵੇਚਿਆ ਮੋਲੀਆ ॥ ੧ ॥

(ਮੈਂ) ਸਿਰ ਮੁੱਲ ਵੇਚ ਦਿੱਤਾ (ਤਦ ਗੁਰੂ ਨੇ) ਮੇਲ ਦਿੱਤਾ (ਹਰੀ ਨਾਲ)* ॥ ੧ ॥

ਮਃ ੪ ॥ ਅਉਗਣੀ ਭਰਿਆ ਸਰੀਰੁ ਹੈ ਕਿਉ ਸੰਤਹੁ ਨਿਰਮਲੁ ਹੋਇ ॥ ਗੁਰਮੁਖਿ ਗੁਣ ਵੇਹਾਝੀਅਹਿ ਮਲੁ ਹਉਮੈ ਕਢੈ ਧੋਇ ॥ ਸਚੁ ਵਣੰਜਹਿ ਰੰਗ ਸਿਉ ਸਚੁ ਸਉਦਾ ਹੋਇ ॥ ਤੋਟਾ ਮੂਲਿ ਨ ਆਵਈ ਲਾਹਾ ਹਰਿ ਭਾਵੈ ਸੋਇ ॥ ਨਾਨਕ ਤਿਨ ਸਚੁ ਵਣੰਜਿਆ ਜਿਨਾ ਧੁਰਿ ਲਿਖਿਆ ਪਰਾਪਤਿ ਹੋਇ ॥ ੨ ॥

[ਪ੍ਰਸ਼ਨ:] ਹੇ ਸੰਤੋ ! (ਇਹ) ਸਰੀਰ ਔਗੁਣਾਂ ਨਾਲ ਭਰਿਆ ਪਿਆ ਹੈ ਕਿਵੇਂ (ਧੋਤਾ ਜਾਕੇ) ਨਿਰਮਲ ਹੋ ਜਾਵੇ ? [ਉੱਤਰ:] ਗੁਰਮੁਖ ਤੋਂ ਗੁਣ ਖਰੀਦੀਏ (ਓਹ ਗੁਣ†) ਹਉਮੈਂ ਦੀ ਮੈਲ ਨੂੰ ਧੋਕੇ ਕੱਢ ਦੇਣਗੇ। (ਜੋ) ਪ੍ਰੇਮ ਨਾਲ (ਇਸ) ਸੱਚ ਦਾ ਵਣਜ ਕਰਦੇ ਹਨ (ਉਨ੍ਹਾਂ ਦਾ) ਸੌਦਾ ਸੱਚਾ (=ਸਦਾ ਥਿਰ) ਹੋ ਜਾਂਦਾ ਹੈ। (ਇਸ ਵਣਜ ਵਿਚ ਫੇਰ ਉਨ੍ਹਾਂ ਨੂੰ) ਘਾਟਾ ਮੂਲੋਂ ਨਹੀਂ ਪੈਂਦਾ, ਲਾਹਾ ਹੀ (ਪੱਲੇ ਪੈਂਦਾ) ਹੈ, (ਜਿਨ੍ਹਾਂ ਨੂੰ ਕਿ) ਉਹ ਹਰੀ ਭਾ ਜਾਂਦਾ ਹੈ। ਹੇ ਨਾਨਕ ! ਇਹ ਸੱਚ ਦਾ ਵਣਜ ਉਨ੍ਹਾਂ ਨੇ ਕੀਤਾ ਹੈ ਜਿਨ੍ਹਾਂ ਨੂੰ ਧੁਰੋਂ ਲਿਖਣਾ ਸੀ,(ਹਾਂ,ਇਹ) ਉਨ੍ਹਾਂ ਨੂੰ ਪ੍ਰਾਪਤ ਹੋਇਆ ਹੈ ॥ ੨ ॥

ਪਉੜੀ ॥ ਸਾਲਾਹੀ ਸਚੁ ਸਾਲਾਹਣਾ ਸਚੁ ਸਚਾ ਪੁਰਖੁ ਨਿਰਾਲੇ ॥ ਸਚੁ ਸੇਵੀ ਸਚੁ ਮਨਿ ਵਸੈ ਸਚੁ ਸਚਾ ਹਰਿ ਰਖਵਾਲੇ ॥ ਸਚੁ ਸਚਾ ਜਿਨੀ ਅਰਾਧਿਆ ਸੇ ਜਾਇ ਰਲੇ ਸਚ ਨਾਲੇ ॥ ਸਚੁ ਸਚਾ ਜਿਨੀ ਨ ਸੇਵਿਆ ਸੇ ਮਨਮੁਖ ਮੂੜ ਬੇਤਾਲੇ॥ ਓਹੁ ਆਲੁ ਪਤਾਲੁ ਮੁਹਹੁ ਬੋਲਦੇ ਜਿਉ ਪੀਤੈ ਮਦਿ ਮਤਵਾਲੇ॥੧੯॥

ਸਾਲਾਹੁਣ ਯੋਗ ਸੱਚ (ਸਰੂਪ) ਨੂੰ (ਹੀ ਮੈਂ) ਸਾਲਾਹੁਣਾ ਹੈ, (ਉਹ) ਨਿਸਚੇ ਕਰਕੇ ਸੱਚਾ ਪੁਰਖ (=ਸਦਾ ਰਹਿਣੇ [illegible] ਹਸਤੀ) ਹੈ ਤੇ ਅਦੁਤੀ ਹੈ। (ਉਸ) ਸੱਚ (ਸਰੂਪ ਨੂੰ) ਸੇਵਦਾਂ ਹਾਂ ਕਿ ਮਨ ਵਿਚ ਸੱਚ (-ਸਰੂਪ) ਵੱਸ ਜਾਵੇ (ਫੇਰ ਉਹ) ਸੱਚ (-ਸਰੂਪ) ਹਰੀ ਸੱਚ ਮੁਚ ਰਖਵਾਲਾ ਹੋ ਜਾਂਦਾ ਹੈ ! (ਸੱਚ ਜਾਣੋ) ਜਿਨ੍ਹਾਂ ਨੇ ਸੱਚੇ ਸੱਚ (ਸਰੂਪ) ਨੂੰ ਅਰਾਧਿਆ ਹੈ ਓਹ ਸੱਚ ਦੇ ਨਾਲ ਹੀ ਜਾ ਰਲੇ ਹਨ। (ਪਰ) ਜਿਨ੍ਹਾਂ ਨੇ ਸੱਚਾ ਸੱਚ (-ਸਰੂਪ) ਨਹੀਂ ਸੇਵਿਆ ਓਹ ਮਨਮੁਖ ਹਨ, ਮੂਰਖ ਹਨ ਤੇ ਭੂਤ ਹਨ। ਓਹ (ਜੋ ਕੁਛ) ਬੋਲਦੇ ਹਨ ਐਉਂ ਦਾ ਅਰਲ ਬਰਲ (=ਬੇਥਵਾ) ਹੁੰਦਾ ਹੈ, ਜਿਵੇਂ ਸ਼ਰਾਬ ਪੀਤੇ ਹੋਏ ਨਸ਼ਈ ਬੇਥਵਾ ਬੋਲਦੇ ਹਨ ॥ ੧੯ ॥

**ਵਯਾਖਯਾ**—ਪਉੜੀ ਵਿਚ ਵਾਹਿਗੁਰੂ ਨੂੰ 'ਸੱਚ' ਤੇ 'ਸੱਚਾ' ਆਖਿਆ ਹੈ, ਭਾਵ ਹੈ ਕਿ ਸਤਯ ਸਰੂਪ ਹੈ ਤੇ ਸਦਾ ਥਿਰ ਹੈ। ਨਿਰਾਲੇ ਕਹਿਕੇ ਜਤਾਇਆ ਕਿ ਉਹ ਅਦੁਤੀ ਹੈ, ਅਰਥਾਤ ਇਕੋ ਹੈ, ਉਸ ਵਰਗਾ ਹੋਰ ਕੋਈ ਨਹੀਂ। ਫੇਰ ਦੱਸਿਆ ਕਿ ਜੋ ਸਰਬ ਓਰ ਤੇ ਸੱਚ ਧਾਰਨ ਕਰਕੇ ਉਸਦੀ ਅਰਾਧਨਾ ਕਰਦੇ ਹਨ, ਜੋ ਕਿ 'ਸੱਚ' ਸਰੂਪ ਹੈ, ਓਹ ਉਸ ਨੂੰ ਜਾ ਮਿਲਦੇ ਹਨ। ਉਸਦੀ ਅਰਾਧਨਾ ਹੁੰਦੀ ਹੈ, ਉਸਦੀ ਸਿਫਤ ਸਲਾਹ ਕਰਨੇ ਨਾਲ, ਸੱਚ ਨਾਮ ਮਨ ਵਿਚ ਵਸਾਕੇ ਸਿਮਰਨ ਰੂਪੀ ਉਸਦੀ ਸੇਵਾ ਕਰਨੇ ਨਾਲ। ਫੇਰ ਦੱਸਦੇ ਹਨ ਕਿ ਜਿਨ੍ਹਾਂ ਨੇ ਇਸ ਸੱਚ ਸਰੂਪ ਸੱਚੇ ਨੂੰ ਨਹੀਂ ਸੇਵਿਆ, ਓਹ ਮਨਮੁਖ ਹਨ, ਭਾਵ ਗੁਰੂ ਵਿਹੂਣੇ ਮਨਮਤੀਏ ਹਨ ਤੇ ਸੁਰਤਾਂ ਉਨ੍ਹਾ ਦੀਆਂ ਖਿੰਡਾਉ ਵਿਚ ਹਨ ਜਿਵੇਂ

*ਅਖੀਰਲੀ ਤੁਕ ਦਾ ਅਨ੍ਵਯ ਐਉਂ ਹੈ:-"ਕਰਿ ਕਿਰਪਾ ਨਾਨਕ ਮੇਲਿ (ਗੁਰ), ਗੁਰ ਪਹਿ ਸਿਰ ਵੇਚਿਆ ਮੋਲੀਆ, (ਮੇਲਿ ਹਰਿ)।" ਭਾਵ ਕਿਰਪਾ ਕਰਕੇ ਹਰੀ ਨੇ ਮੇਲਿਆ ਗੁਰੂ, ਗੁਰੂ ਅਗੇ ਵਿਕ ਗਈ ਹਉਮੈ ਤੇ ਮੁੱਲ ਵਿਚ ਮਿਲ ਗਿਆ ਹਰੀ।

†ਭਰੀਐ ਮਤਿ ਪਾਪਾ ਕੈ ਸੰਗਿ ॥ ਓਹੁ ਧੋਪੈ ਨਾਵੈ ਕੈ ਰੰਗਿ ॥ [ਜਪੁਜੀ-੨੦

ਉਹ ਗੁਣ ਨਾਮ ਜਪ ਨਾਮ ਸਿਮਰਣ ਤੇ ਸਿਫਤ ਸਲਾਹ ਹੈਨ।

ਬੇਤਾਲਾਂ (ਭੂਤਾਂ) ਦੀਆਂ ਹੁੰਦੀਆਂ ਹਨ। ਉਨ੍ਹਾਂ ਦੀਆਂ ਗੱਲਾਂ ਬਾਤਾਂ ਸੁਣਕੇ ਯਕੀਨ ਨਹੀਂ ਕਰਨਾ ਚਾਹੀਦਾ,ਓਹ ਸ਼ਰਾਬ ਪੀਤੇ ਨਸ਼ਈ ਵਾਙੂ ਅਰਲ ਬਰਲ ਬਕਦੇ ਹਨ।

ਦੂਸਰੇ ਸਲੋਕ ਵਿਚ ਇਕ ਪ੍ਰਸ਼ਨ ਦਾ ਉੱਤਰ ਦੇਂਦੇ ਹਨ ਕਿ ਸਰੀਰ ਤਾਂ ਭਰਿਆ ਪਿਆ ਹੈ ਔਗੁਣਾਂ ਨਾਲ ਇਹ ਕਿਵੇਂ ਲੱਗੇ? ਕਿਉਂਕਿ ਲਗਣਾ ਨਿਰਮਲਤਾ ਹੈ ਤੇ ਔਗੁਣ ਮੈਲ ਹਨ। ਉੱਤਰ ਦੇਂਦੇ ਹਨ ਕਿ ਗੁਰੂ ਦੁਆਰਾ ਗੁਣਾਂ ਦੀ ਖਰੀਦ ਕਰੋ ਜੋ ਔਗੁਣ ਦੂਰ ਹੋ ਜਾਣ। ਇਉਂ ਮੈਲ ਦੂਰ ਹੁੰਦੀ ਹੈ। ਗੁਰੂ ਪਾਸੋਂ ਸੱਚ ਦਾ ਸੌਦਾ ਪ੍ਰੇਮ ਨਾਲ ਖਰੀਦ ਕਰੀਦਾ ਹੈ, ਫੇਰ ਤੋਟਾ ਨਹੀਂ ਆਉਂਦਾ, ਲਾਹਾ ਹੀ ਲਾਹਾ ਹੁੰਦਾ ਹੈ। ਇਸ ਸਲੋਕ ਵਿਚ ਆਖੇ 'ਰੰਗ ਸਿਉ' ਦੀ ਪ੍ਰਕ੍ਰਿਆ ਮਾਨੋ ਪਹਿਲੇ ਸਲੋਕ ਵਿਚ ਹੈ।

ਦੁਨੀਆਂ ਵਿਚ ਯਾ ਤਾਂ ਪਾਪ ਦਗ਼ਾ ਫਰੇਬ ਦਾ ਚਲਣ ਹੈ ਯਾ ਧਰਮ ਦੇ ਨਾਮ ਉਤੇ ਬਨਾਵਟ ਦਾ। ਅਸਲ ਬੜੀ ਘੱਟ ਹੈ। ਤਿਵੇਂ ਪ੍ਰੇਮ ਦੀ ਬੀ ਲੋਕ ਬਨਾਵਟ ਤੇ ਦਿਖਲਾਵਾ ਕਰਦੇ ਹਨ। ਅਸਲੀ ਪ੍ਰੇਮ ਨੂੰ ਨਿਰੂਪਣ ਕਰਦੇ ਹਨ ਇਕ ਡਾਢੀ ਕਰੜੀ ਮਿਸਾਲ ਦੇਕੇ। ਪ੍ਰੇਮ ਪਾਕੇ ਜੋ ਵਿਛੋੜੇ ਦਾ ਦੁਖ ਹੁੰਦਾ ਹੈ ਉਹ ਡਾਢੀ ਪੀੜਾ ਦਾ ਹੁੰਦਾ ਹੈ। ਹੋਰਥੇ ਸਤਿਗੁਰ ਨੇ ਫੁਰਮਾਯਾ ਹੈ:–

ਮੇਰੈ ਮਨਿ ਪ੍ਰੇਮੁ ਲਗੋ ਹਰਿ ਤੀਰ ॥ [ਗੋਂਡ ਮਹਲਾ ੪–੬

ਏਥੇ ਸਤਿਗੁਰ ਜੀ ਉਸ ਪੀੜ ਨੂੰ ਉਮਰਥਲ ਦੀ ਪੀੜ ਨਾਲ ਤਸ਼ਬੀਹ ਦੇਂਦੇ ਹਨ। ਮੁਰਾਦ ਕੇਵਲ ਬਿਰਹ ਪੀੜਾ ਦੀ ਅਤਿਸਯਤਾ ਦੱਸਣ ਤੋਂ ਹੈ। ਇਸ ਲਈ ਅਸਲੀ ਪ੍ਰੇਮ ਉਨ੍ਹਾਂ ਪਾਸ ਹੀ ਹੁੰਦਾ ਹੈ ਜੋ ਇਸ ਪੀੜ ਨੂੰ ਸਹੇੜਦੇ, ਸਹਿੰਦੇ ਤੇ ਜਰਦੇ ਹਨ:–

ਜਿਸੁ ਲਾਗੀ ਪੀਰ ਪਿਰੰਮ ਕੀ ਸੋ ਜਾਣੈ ਜਰੀਆ ॥ [ਆਸਾ ਮਹਲਾ ੪ ਛੰਤ–੮

ਫੇਰ ਆਪ ਜੀ ਫੁਰਮਾਉਂਦੇ ਹਨ ਕਿ ਐਸੇ ਪ੍ਰੇਮ ਵਾਲੇ ਦਾ ਮੈਨੂੰ ਮੇਲ ਕਰਾਓ ਮੈਂ ਉਸ ਤੋਂ ਸਦਕੇ ਹੋ ਹੋ ਜਾਵਾਂ ਤੇ ਹੰਕਾਰ ਛੋੜਕੇ ਉਨ੍ਹਾਂ ਦੀ ਸੇਵਾ ਕਰਾਂ। ਐਸੇ ਪ੍ਰੇਮੀਆਂ ਦੇ ਮਨ ਵਿਚ ਹੀ ਪ੍ਰੇਮ ਨਹੀਂ ਹੁੰਦਾ ਉਹ ਤਾਂ ਆਤਮ ਮਨ ਦੇਹ ਕਰਕੇ ਪ੍ਰੇਮ ਸਰੂਪ ਹੋਏ ਹੁੰਦੇ ਹਨ। ਉਨ੍ਹਾਂ ਦੀ ਸੇਵਾ ਨਾਲ ਪ੍ਰੇਮ ਦੀ ਛੂਤ ਲਗਦੀ ਹੈ, ਪ੍ਰੇਮ ਦੀ ਦਾਤ ਮਿਲਦੀ ਹੈ। ਮੈਨੂੰ ਕ੍ਰਿਪਾ ਕਰਕੇ ਮੇਲੋ, ਉਨ੍ਹਾਂ ਪਾਸ ਸਿਰ ਵੇਚਾਂ, ਭਾਵ ਆਪਾ ਭਾਵ ਅਰਪਨ ਕਰ ਦਿਆਂ ਤੇ ਇਸਦੇ ਬਦਲੇ ਮੈਨੂੰ ਹਰੀ ਦੀ ਪ੍ਰਾਪਤੀ ਹੋਵੇ। ਸੋ ਦੂਜੇ ਸਲੋਕ ਦੇ 'ਰੰਗ ਸਿਉ' ਦਾ ਭਾਵ ਖੁੱਲ੍ਹਿਆ ਕਿ ਪ੍ਰੇਮ ਸਰੂਪ ਮਹਾਨ ਹਸਤੀ ਵਾਲਿਆਂ ਦਾ ਸਤਿਸੰਗ ਕਰੋ।

**ਨਿਰੁਕ੍ਤ**– ਉਮਰਥਲ–[ਸੰਸ:, ਮਰ੍ਮਸ੍ਥਲੰ='ਸ਼ਰੀਰ ਦੇ ਅੰਦਰਲੇ ਨਾਜ਼ੁਕ ਅੰਗ' ਜਿਨ੍ਹਾਂ ਤੇ ਸੱਟ ਲੱਗਣ ਨਾਲ ਜ਼ਿਆਦਾ ਦਰਦ ਹੁੰਦੀ ਹੈ] ਅੰਦਰ ਦਾ ਫੋੜਾ, ਪੇਟ ਦਾ ਫੋੜਾ [ਸੰਪ੍ਰਦਾ।

ਸੂਲੀਆ–[ਸੰਸ:, ਸ਼ੂਲ:=ਵਾਈ ਗੋਲੇ ਦੀ ਪੀੜ। ਕੋਈ ਭੀ ਤੇਜ਼ ਦਰਦ। ਪੰ:, ਸੂਲ=ਕਲੇਜੇ ਦੀ ਪੀੜਾ। ਦਰਦ] ਦਰਦ, ਦੁਖ, ਪੀੜ। ਬਿਰਹੁ–[ਸੰਸ:, ਵਿਰਹ:] ਵਿਛੋੜਾ।

ਘੁਮਿ ਘੋਮੀਆ–[ਸੰਸ:, ਘੂਰ੍ਣਨੰ=ਚਾਰ ਚੁਫੇਰੇ ਫਿਰਨਾ। ਹਿੰਦੀ, ਘੂਮਨਾ; ਆਲੇ ਦਵਾਲੇ ਚੱਕਰ ਲਾਉਣਾ। ਤੁਰਨਾ ਫਿਰਨਾ। ਪੰ:, ਘੁਮਨਾ ਪਰਿਕ੍ਰਮਾ ਕਰਨੀ, ਵਾਰਨੇ ਜਾਣਾ, ਕੁਰਬਾਨ ਹੋਣਾ। ਹਿੰ:, ਘੁਲਨਾ=ਪਾਣੀ ਵਰਗੇ ਤਰਲ ਪਦਾਰਥ ਵਿਚ ਮਿਲ ਜਾਣਾ, ਹੱਲ ਹੋ ਜਾਣਾ। ਘੁਲ ਮਿਲ ਜਾਣਾ= ਪਰਸਪਰ ਮਿੱਤ੍ਰਤਾ ਹੋ ਜਾਣੀ। ਆਪਸ ਵਿਚ ਰਚ ਮਿਚ ਜਾਣਾ] ਵਾਰਨੇ ਜਾਂਦਾ ਹਾਂ, ਕੁਰਬਾਨ ਜਾਂਦਾ ਹਾਂ। (ਅ) ਵਾਰਨੇ ਜਾਵਾਂ,ਤਨ ਮਨ ਅਰਪਣ ਕਰਾਂ।

ਤਲ ਰੋਲੀਆ–ਤਲੀਆਂ (ਪੈਰਾਂ ਦੀਆਂ) ਵਿਚ ਰੁਲਾਵਾਂ, ਪੈਰਾਂ ਹੇਠ ਰੁਲਾਵਾਂ।

ਗੁਲਮੁ—[ਅ:, ਗ਼ੁਲਾਮ=ਲੜਕਾ। ਬੰਦਾ। ਨੌਕਰ] ਸੇਵਕ, ਦਾਸ, ਨੌਕਰ।

ਗੋਲੀਆ—[ਦੇਖੋ ਉਪਰ। ਪੰ:, ਗੋਲਾ ਬਹੁ ਵਚਨ, ਗੋਲੇ] ਗੋਲਿਆਂ ਦਾ, ਦਾਸਾਂ ਦਾ।

ਚਲੂਲੈ—ਦੇਖੋ ਪੰਨਾ ੪੩੯। ਚੋਲੀਆ—[ਸੰਸ:, ਚੋਲੀ=ਅੰਗੀਆ। ਹਿੰ:, ਚੋਲਾ। ਪੰ:, ਚੋਲਾ=ਸਾਧੂਆਂ ਦਾ ਢਿੱਲਾ ਅਤੇ ਲੰਮਾ ਚੋਗ਼ਾ, ਵਡਾ ਕੁੜਤਾ। ਦੇਹ, ਸਰੀਰ] (ਉਨ੍ਹਾਂ ਦੇ) ਸਰੀਰ ਰੂਪੀ ਚੋਲੇ। ਦੇਹ ਰੂਪ ਚੋਲੀਆਂ (ਰੰਗੀਆਂ ਗਈਆਂ ਹਨ ਹਰੀ ਦੇ ਪਿਆਰ ਵਿਚ)।

ਵੇਹਾਝੀਅਹਿ—[ਸੰਸ:, ਵਾਣਿਜਯੰ=ਵਣਜ, ਵਪਾਰ। ਪੰ:, ਵਿਹਾਝਣਾ=ਵਪਾਰ ਕਰਨਾ, ਸੌਦਾ ਕਰਨਾ। ਖ਼੍ਰੀਦਣਾ] ਖ਼੍ਰੀਦੀਏ, ਸੌਦਾ ਕਰਕੇ ਲੈ ਲਈਏ।

ਆਲੁ ਪਤਾਲੁ—[ਹਿੰਦੀ, ਆਲਜਾਲ=ਊਟਪਟਾਂਗ, ਊਲ ਜਲੂਲ। ਪੰ:, ਆਲ ਪਤਾਲ ਬੋਲਨਾ=ਬੇਹੂਦਾ ਗੱਲਾਂ ਕਰਨੀਆਂ। ਫ਼ਜ਼ੂਲ ਤੇ ਬੇਮਾਅਨੀ ਬਕਣਾ] ਫ਼ਜ਼ੂਲ ਗੱਲਾਂ, ਨਿਰਾਰਥਕ ਬੋਲ।

## [ਪਉੜੀ ਵੀਹਵੀਂ]

| ਮੂਲ | ਅਰਥ |
|---|---|
| ਸਲੋਕ ਮਹਲਾ੩ ॥ ਗਉੜੀ ਰਾਗਿ ਸੁਲਖਣੀ ਜੇ ਖਸਮੈ ਚਿਤਿ ਕਰੇਇ | ਗਉੜੀ ਰਾਗਣੀ ਭਾਗੋ ਭਰੀ ਹੈ (ਪਰ) ਜੇ (ਇਸ ਵਿਚ ਜਗਯਾਸੂ ਰੂਪੀ ਇਸਤ੍ਰੀ) ਮਾਲਕ (ਵਾਹਿਗੁਰੂ ਵਲ ਚਿੱਤ ਲਾਉਣ (ਦਾ ਸਾਮਾਨ ਕਰੇ। ਭਾਵ ਹਰੀ ਕੀਰਤਨ ਇਸ ਰਾਗਣੀ ਵਿਚ ਕਰੇ, ਵਿਕਾਰ ਮਈ ਬੋਲ ਬਾਣੀ ਇਸ ਵਿਚ ਨਾ ਗਾਵੇ ਕਿਉਂਕਿ ਇਸ ਦੀ ਅਪਣੀ ਤਾਸੀਰ ਸ਼ਾਂਤਿ ਮਈ ਹੈ। ਫਿਰ ਉਹ ਇਸਤ੍ਰੀ ਗਾਯਨ ਕਰਨ ਬੈਠਣ ਵੇਲੇ ਜੋ) |
| ॥ ਭਾਣੈ ਚਲੈ ਸਤਿਗੁਰੂ ਕੈ ਐਸਾ ਸੀਗਾਰੁ ਕਰੇਇ ॥ ਸਚਾ ਸਬਦੁ ਭਤਾਰੁ ਹੈ ਸਦਾ ਸਦਾ ਰਾਵੇਇ ॥ ਜਿਉ ਉਬਲੀ ਮਜੀਠੈ ਰੰਗੁ ਗਹ-ਗਹਾ ਤਿਉ ਸਚੇ ਨੋ ਜੀਉ ਦੇਇ ॥ ਰੰਗਿ ਚਲੂਲੈ ਅਤਿ ਰਤੀ ਸਚੇ ਸਿਉ ਲਗਾ ਨੇਹੁ ॥ ਕੂੜੁ ਠਗੀ ਗੁਝੀ ਨਾ ਰਹੈ ਕੂੜੁ ਮੁਲੰਮਾ ਪਲੇਟਿ ਧਰੇਹੁ ॥ ਕੂੜੀ ਕਰਨਿ ਵਡਾਈਆ ਕੂੜੇ ਸਿਉ ਲਗਾ ਨੇਹੁ ॥ ਨਾਨਕ ਸਚਾ ਆਪਿ ਹੈ ਆਪੇ ਨਦਰਿ ਕਰੇਇ ॥ ੧ ॥ | ਸੀਂਗਾਰ (ਯਾ ਲਿਬਾਸ ਪਹਿਨੀ ਦਾ ਹੈ ਉਹ) ਐਸਾ ਕਰੇ ਕਿ ਸਤਿਗੁਰੂ ਦੇ ਭਾਣੇ ਵਿਚ ਚੱਲਣ ਵਾਲਾ ਹੋਵੇ। ਸਤਯ ਸਰੂਪ (ਜੋ) ਸ਼ਬਦ ਹੈ ਉਸ ਨੂੰ ਪਤੀ (ਰੂਪ ਸਮਝਕੇ) ਸਦਾ ਸਦਾ ਮਾਣੇ। ਜਿਵੇਂ ਉੱਬਲੀ ਹੋਈ ਮਜੀਠ ਦਾ ਰੰਗ ਗੂੜਾ ਹੁੰਦਾ ਹੈ ਐਸ ਤਰ੍ਹਾਂ (ਦੇ ਗੂੜ੍ਹੇ ਪ੍ਰੇਮ ਵਾਲਾ) ਮਨ ਸੱਚੇ (ਪਤੀ ਵਾਹਿਗੁਰੂ) ਨੂੰ ਦੇਵੇ। (ਤਦ ਉਸ ਦਾ) ਪ੍ਰੇਮ ਸੱਚੇ (ਸਾਈਂ) ਨਾਲ ਲੱਗ ਗਿਆ (ਜਾਣਨਾ ਜਦ ਕਿ ਉਹ) ਪ੍ਰੇਮ ਦੇ ਗੂੜੇ ਰੰਗ ਵਿਚ ਅਤਿ ਦੀ ਰੰਗੀਜ ਜਾਵੇ। ਝੂਠ ਨੂੰ (ਸੱਚ ਦਾ) ਮੁਲੰਮਾ ਲਪੇਟ ਕੇ ਧਰ ਦਿਓ ਤਦ ਬੀ ਕੂੜ ਕਿ ਠੱਗੀ ਗੁੱਝੀ ਨਹੀਂ ਰਹਿੰਦੀ। (ਜਿਨ੍ਹਾਂ ਦਾ ਅੰਦਰੋਂ) ਨੇਹੁ (ਕਿਸੇ ਬੀ) ਕੂੜੇ (ਪਦਾਰਥ) ਨਾਲ ਲੱਗਾ ਹੋਵੇ (ਓਹ ਜੋ ਅਪਣੀਆਂ ਯਾ ਸਾਈਂ ਦੀਆਂ) ਵਡਿਆਈਆਂ ਕਰਨ ਸੋ ਕੂੜੀਆ ਹੁੰਦੀਆਂ ਹਨ (ਭਾਵ ਉਨ੍ਹਾਂ ਦਾ ਫਲ ਕਲਯਾਣ ਕਾਰੀ ਨਹੀਂ)। ਹੇ ਨਾਨਕ! (ਵਾਹਿਗੁਰੂ) ਆਪ ਸੱਚਾ ਹੈ, (ਉਹ) ਆਪ ਹੀ ਮੇਹਰ ਦੀ ਨਜ਼ਰ ਪਾਵੇ (ਤਾਂ ਸੱਚਾ ਪ੍ਰੇਮ ਪ੍ਰਾਪਤ ਹੁੰਦਾ ਹੈ) ॥ ੧ ॥ |

ਮਃ ੪ ॥ ਸਤਸੰਗਤਿ ਮਹਿ ਹਰਿ ਉਸਤਤਿ ਹੈ ਸੰਗਿ ਸਾਧੂ ਮਿਲੇ ਪਿਆਰਿਆ ॥ ਓਇ ਪੁਰਖ ਪ੍ਰਾਣੀ ਧੰਨਿ ਜਨ ਹਹਿ ਉਪਦੇਸੁ ਕਰਹਿ ਪਰਉਪਕਾਰਿਆ ॥ ਹਰਿ ਨਾਮੁ ਦ੍ਰਿੜਾਵਹਿ ਹਰਿ ਨਾਮੁ ਸੁਣਾਵਹਿ ਹਰਿ ਨਾਮੇ ਜਗੁ ਨਿਸਤਾਰਿਆ ॥ ਗੁਰ ਵੇਖਣ ਕਉ ਸਭੁ ਕੋਈ ਲੋਚੈ ਨਵਖੰਡ ਜਗਤਿ ਨਮਸਕਾਰਿਆ ॥ ਤੁਧੁ ਆਪੇਆਪੁ ਰਖਿਆ ਸਤਿਗੁਰ ਵਿਚਿ ਗੁਰੁ ਆਪੇ ਤੁਧੁ ਸਵਾਰਿਆ ॥ ਤੂ ਆਪੇ ਪੂਜਹਿ ਪੂਜ ਕਰਾਵਹਿ ਸਤਿਗੁਰ ਕਉ ਸਿਰਜਣਹਾਰਿਆ ॥ ਕੋਈ ਵਿਛੁੜਿ ਜਾਇ ਸਤਿਗੁਰੂ ਪਾਸਹੁ ਤਿਸੁ ਕਾਲਾ ਮੁਹੁ ਜਮਿ ਮਾਰਿਆ ॥ ਤਿਸੁ ਅਗੈ ਪਿਛੈ ਢੋਈ ਨਾਹੀ ਗੁਰਸਿਖੀ ਮਨਿਵੀਚਾਰਿਆ ॥ ਸਤਿਗੁਰੂ ਨੋ ਮਿਲੇ ਸੇਈ ਜਨ ਉਬਰੇ ਜਿਨ ਹਿਰਦੈ ਨਾਮੁ ਸਮਾਰਿਆ ॥ ਜਨ ਨਾਨਕ ਕੇ ਗੁਰਸਿਖ ਪੁਤਹਹੁ ਹਰਿ ਜਪਿਅਹੁ ਹਰਿ ਨਿਸਤਾਰਿਆ ॥ ੨ ॥

ਸਤਿਸੰਗ ਵਿਚ ਹਰੀ ਦੀ ਉਸਤੁਤਿ ਹੁੰਦੀ ਹੈ, (ਇਸ ਲਈ ਚਾਹੀਦਾ ਹੈ ਕਿ ਜੀਵ ਐਸੇ) ਪਿਆਰ ਵਾਲੇ ਸਾਧੂਆਂ ਦੇ ਸੰਗ ਵਿਚ (ਜਾ) ਮਿਲੇ । (ਹਾਂ), ਓਹ ਪ੍ਰਾਣੀ ਧੰਨਤਾ ਜੋਗ ਭਗਤ ਹਨ, (ਓਹ ਮਹਾਂ-)ਪੁਰਖ ਹਨ ਜੋ ਪਰਾਏ ਦੇ ਭਲੇ ਲਈ(ਨਾਮ ਦਾ) ਉਪਦੇਸ਼ ਕਰਦੇ ਹਨ । (ਹਾਂ, ਓਹ) ਹਰਿ ਨਾਮ ਦ੍ਰਿੜ ਕਰਾਉਂਦੇ ਹਨ, ਹਰੀ ਨਾਮ (ਤੋਂ ਅਪਣੇ ਤਜਰਬੇ ਵਿਚ ਆਏ ਲਾਭ) ਸੁਣਾਉਂਦੇ ਹਨ (ਐਉਂ) ਹਰੀ ਨਾਮ (ਵਿਚ ਲਾਕੇ) ਜਗਤ ਦਾ ਨਿਸਤਾਰਾ ਕਰਦੇ ਹਨ । (ਐਸੇ ਸਤਿ-) ਗੁਰੂ ਨੂੰ ਵਖਣ ਲਈ ਸਭ ਕੋਈ ਲੋਚਦਾ ਹੈ, ਜਗਤ ਦੇ ਨੌ ਖੰਡ ਹੀ ਮੱਥਾ ਟਕਦ ਹਨ । [ਅਰਦਾਸ] ਹੇ ਸਿਰਜਣਹਾਰ! ਤੂੰ ਆਪ ਹੀ (ਅਪਣਾ) ਆਪਾ ਸਤਿਗੁਰ ਵਿਚ ਰਖਿਆ ਹੈ, ਤੂੰ ਆਪ ਹੀ ਐਉਂ (ਸਤਿਗੁਰੂ ਨੂੰ) ਸੰਵਾਰਿਆ ਹੈ । ਹੇ ਸਿਰਜਣਹਾਰ ! ਤੂੰ ਆਪ ਹੀ (ਜਗਯਾਸੂ ਹੋਕੇ ਗੁਰੂ ਦੀ) ਪੂਜਾ ਕਰਦਾ ਹੈਂ (ਤੇ ਆਪ ਹੀ ਸਤਿਗੁਰੂ ਹੋਕੇ) ਪੂਜਾ ਕਰਾਉਂਦਾ ਹੈ । (ਪਰ ਜੋ) ਕੋਈ (ਐਸੇ) ਸਤਿਗੁਰੂ ਤੋਂ ਵਿਛੁੜ ਜਾਵੇ (ਭਾਵ ਬੇਮੁਖ ਹੋ ਜਾਵੇ ਤਾਂ ਓਹ) ਕਾਲ ਮੂੰਹ ਜਾਂਦਾ ਹੈ ਤੇ ਜਮ ਉਸ ਨੂੰ ਮਾਰਦਾ ਹੈ । ਗੁਰਸਿਖੀ ਨੇ ਮਨ ਵਿਚ (ਇਹ) ਵੀਚਾਰ ਕੀਤੀ ਹੈ ਕਿ ਉਸ ਨੂੰ ਲੋਕ ਪ੍ਰਲੋਕ (ਕਿਤੇ) ਢੋਈ ਨਹੀਂ । ਓਹ ਪੁਰਖ (ਭਵਸਾਗਰ ਤੋਂ) ਤਰਦੇ ਹਨ ਜੋ ਸਤਿਗੁਰੂ ਨੂੰ ਮਿਲਦੇ ਹਨ (ਤੇ) ਨਾਮ (ਲੈ ਕੇ) ਹਿਰਦੇ ਵਿਚ ਸਿਮਰਦੇ ਹਨ । ਹੇ ਨਾਨਕ ਦਾਸ ਦੇ ਗੁਰ ਸਿਖੋ ! ਤੇ ਪੁਤ੍ਰੋ ! ਹਰੀ ਦਾ ਜਪ ਕਰੋ (ਓਹੋ) ਹਰੀ ਨਿਸਤਾਰਾ ਕਰੇਗਾ (ਸਭਨਾਂ ਦਾ) ॥ ੨ ॥

ਮਹਲਾ ੩ ॥ ਹਉਮੈ ਜਗਤੁ ਭੁਲਾਇਆ ਦੁਰਮਤਿ ਬਿਖਿਆ ਬਿਕਾਰ ॥ ਸਤਿਗੁਰੁ ਮਿਲੈ ਤ ਨਦਰਿ ਹੋਇ ਮਨਮੁਖ ਅੰਧ ਅੰਧਿਆਰ॥ਨਾਨਕ ਆਪੇ ਮੇਲਿ ਲਏ ਜਿਸਨੋ ਸਬਦਿ ਲਾਇ ਪਿਆਰੁ ॥ ੩ ॥

ਜਗਤ ਨੂੰ ਹਉਮੈਂ ਨੇ (ਤੇ ਹਉਮੈਂ ਤੋਂ ਉਪਜੀ) ਖੋਟੀ ਬੁੱਧੀ ਨੇ ਵਿਖਯਾਂ ਵਿਕਾਰਾਂ ਵਿਚ ਭੁਲਾ ਛੱਡਿਆ ਹੈ । (ਇਸ ਤਰ੍ਹਾਂ ਜਗਤ) ਮਨਮੁਖ ਹੋ ਰਿਹਾ ਹੈ (ਤੇ ਅਗਯਾਨ ਦਾ) ਅੰਨ੍ਹਾ ਹਨੇਰਾ (ਛਾ ਰਿਹਾ) ਹੈ, ਜੇ ਸਤਿਗੁਰੂ ਮਿਲ ਪਵੇ ਤਾਂ (ਇਸਨੂੰ) ਨਜ਼ਰ ਪ੍ਰਾਪਤ ਹੋਵੇ (ਜੋ ਇਸਦਾ ਅਗਯਾਨ ਅੰਧੇਰਾ ਦੂਰ ਕਰ ਦੇਵੇ) । ਹੇ ਨਾਨਕ ! (ਵਾਹਿਗੁਰੂ) ਜਿਸ ਨੂੰ ਸ਼ਬਦ ਵਿਚ ਪਯਾਰ ਲਾ ਦੇਂਦਾ ਹੈ, (ਉਸ ਨੂੰ)ਆਪੇ ਮੇਲ ਲੈਂਦਾ ਹੈ ॥ ੩ ॥

ਪਉੜੀ ॥ ਸਚੁ ਸਚੇ ਕੀ ਸਿਫਤਿ ਸਲਾਹ ਹੈ ਸੋ ਕਰੇ ਜਿਸੁ ਅੰਦਰੁ ਭਿਜੈ ॥ ਜਿਨੀ ਇਕ ਮਨਿ ਇਕੁ ਅਰਾਧਿਆ ਤਿਨਕਾ ਕਦੇ ਨ ਕਬਹੂ ਛਿਜੈ ॥ ਧਨੁ ਧਨੁ ਪੁਰਖ

ਸੱਚੇ (ਵਾਹਿਗੁਰੂ) ਦੀ ਸਿਫਤ ਸਲਾਹ ਸੱਚੀ ਹੈ (ਪਰ) ਕਰਦਾ ਉਹ ਹੈ ਜਿਸਦਾ ਦਿਲ ਦ੍ਰਵਦਾ ਹੈ । ਜੋ ਇਕ ਮਨ ਹੋ ਕੇ ਇਕ (ਪ੍ਰਭੂ) ਨੂੰ ਅਰਾਧਦੇ ਹਨ ਉਨ੍ਹਾਂ ਦਾ ਸਰੀਰ ਕਦੇ ਛਿੱਜਦਾ ਨਹੀਂ (ਭਾਵ ਬ੍ਰਿਥਾ ਨਹੀਂ ਜਾਂਦਾ, ਸਫਲ ਹੁੰਦਾ ਹੈ) । ਉਹ ਪੁਰਖ ਧੰਨਤਾ ਯੋਗ ਹੈ (ਤੇ ਉਸ ਨੂੰ) ਸ਼ਾਬਾਸ਼ ਹੈ ਜੋ ਰਸਨਾ

ਸਾਬਾਸਿ ਹੈ ਜਿਨ ਸਚੁ ਰਸਨਾ ਅੰਮ੍ਰਿਤੁ ਪਿਜੈ ॥ ਸਚੁ ਸਚਾ ਜਿਨ ਮਨਿ ਭਾਵਦਾ ਸੇ ਮਨਿ ਸਚੀ ਦਰਗਹ ਲਿਜੈ ॥ ਧਨੁ ਧੰਨੁ ਜਨਮੁ ਸਚਿਆਰੀਆ ਮੁਖ ਉਜਲ ਸਚੁ ਕਰਿਜੈ ॥ ੨੦॥

ਨਾਲ ਸੱਚ (=ਨਾਮ ਦੇ) ਅੰਮ੍ਰਿਤ (ਰਸ) ਨੂੰ ਪੀਂਦਾ ਹੈ। ਜਿਨ੍ਹਾਂ ਦੇ ਮਨ ਵਿਚ ਸੱਚਾ (ਨਾਮ) ਸੱਚ ਮੁਚ ਭਾਉਂਦਾ ਹੈ ਓਹ ਸੱਚੀ ਦਰਗਾਹ ਵਿਚ ਮੰਨ ਲਏ ਜਾਂਦੇ ਹਨ (ਭਾਵ ਪਰਵਾਨ ਹੋ ਜਾਂਦੇ ਹਨ)। (ਉਨ੍ਹਾਂ) ਸਚਿਆਰਿਆਂ ਦਾ ਜਨਮ ਲੈਣਾ ਧੰਨਤਾ ਜੋਗ ਹੈ ਜੋ ਸੱਚ ਨੂੰ (ਸਿਮਰ ਸਿਮਰ ਕੇ ਅਪਣਾ) ਮੂੰਹ ਉੱਜਲ ਕਰ ਲੈਂਦੇ ਹਨ ॥ ੨੦ ॥

**ਵਯਾਖਯਾ—**ਪਉੜੀ ਵਿਚ ਇਹ ਭਾਵ ਹੈ:-ਵਾਹਿਗੁਰੂ ਸਚ ਸਰੂਪ ਹੈ ਸਚਾ, ਉਸ ਦੀ ਸਿਫਤ ਸਲਾਹ ਸਤਯ ਵਸਤੂ ਹੈ, ਉਸ ਦੀ ਨਾਮ ਦੁਆਰਾ ਅਰਾਧਨਾ ਸਤਯ ਵਸਤੂ ਹੈ, ਸੋ ਜੋ ਉਸ ਦੀ ਸਿਫਤ ਸਲਾਹ ਤੇ ਅਰਾਧਨਾ ਕਰਦੇ ਹਨ, ਤੇ ਦ੍ਰਵੀਭੂਤ ਹੋਕੇ ਕਰਦੇ ਹਨ, ਉਹਨਾਂ ਦਾ ਸਰੀਰ ਛਿਜਦਾ ਨਹੀਂ, ਭਾਵ ਹੈ ਬ੍ਰਿਥਾ ਨਹੀਂ ਜਾਂਦਾ, ਉਹ ਸਫਲ ਹੁੰਦਾ ਹੈ, ਕਿਉਂਕਿ ਉਹਨਾਂ ਦੀ ਰਸਨਾ ਅੰਮ੍ਰਿਤ ਪੀਂਦੀ ਰਹਿੰਦੀ ਹੈ। ਇਹ ਸੁਖ ਤਾਂ ਜੀਵਨ ਦਾ ਹੈ, ਮਗਰੋਂ ਓਹ ਦਰਗਾਹ ਜਾਂਦੇ ਹਨ ਤਾਂ ਉਜਲੇ ਮੂੰਹ ਜਾਂਦੇ ਹਨ ਤੇ ਦਰਗਾਹ ਵਿਚ ਓਹ ਪਰਵਾਨ ਹੁੰਦੇ ਹਨ।

ਸਲੋਕ ਪਹਿਲੇ ਵਿਚ ਐਉਂ ਜਾਪਦਾ ਹੈ ਕਿ ਜਿਵੇਂ ਕਿਸੇ ਨੇ ਡਿੱਠਾ ਹੈ ਕਿ ਗਉੜੀ ਰਾਗ ਵਿਚ ਸੰਸਾਰਕ ਪ੍ਰੀਤ ਦਾ ਕੋਈ ਗੀਤ ਬਣ ਠਣ ਕੇ ਬੈਠਾ ਗਾ ਰਿਹਾ ਹੈ, ਉਸ ਨੇ ਆਕੇ ਗੁਰੂ ਜੀ ਪਾਸ ਉਸ ਦੇ ਗਾਯਨ ਦੀ ਤਾਰੀਫ ਕੀਤੀ ਹੈ। ਕਈ ਵੇਰ ਗਵੱਯੇ ਰਾਗਨੀਆਂ ਦੇ ਰੂਪ ਵਾਰਕੇ ਓਹੀ ਲਿਬਾਸ ਪਹਿਨਕੇ ਉਸ ਰਾਗ ਨੂੰ ਗਾਯਾ ਕਰਦੇ ਸਨ।ਉਸ ਪਰਥਾਇ ਬਚਨ ਹੋਇਆ ਹੈ ਕਿ ਰਾਗਣੀ ਗਉੜੀ ਤਾਂ ਸੁਹਣੀ ਰਾਗਣੀ ਹੈ, ਇਸ ਦੀ ਤਾਸੀਰ ਸ਼ਾਂਤਮਈ ਹੈ ਪਰ ਜੇ ਇਸ ਵਿਚ ਵਾਹਿਗੁਰੂ ਸੁਆਮੀ ਵਿਚ ਚਿਤ ਜੋੜਨ ਵਾਲੀ ਬਾਣੀ ਗਾਵੀ ਜਾਵੇ ਤੇ ਗਾਉਣ ਵਾਲੇ ਦਾ ਸ਼ਿੰਗਾਰ 'ਕਪੜ-ਸ਼ਿੰਗਾਰ' ਨਾ ਹੋਵੇ ਪਰ ਸਤਿਗੁਰੂ ਦੀ ਆਗਿਆ ਪਾਲਣ ਦਾ ਸ਼ਿੰਗਾਰ ਹੋਵੇ। ਅਰਥਾਤ ਮਨ ਦੀ ਰੁਚੀ ਦੇ ਮਗਰ ਲੱਗਕੇ ਸੰਸਾਰਕ ਗੀਤ ਨਾ ਪਰ ਗੁਰੂ ਦੀ ਮਤਿ ਦੇ ਮਗਰ ਲਗਕੇ ਗੁਰਮਤਿ ਦੇ ਸ਼ਬਦ ਗਾਯਨ ਕੀਤੇ ਜਾਣ। ਮਜੀਠ ਲਾਲ ਹੁੰਦੀ ਹੈ ਪਰ ਉਬਲਣ ਨਾਲ ਉਸ ਦਾ ਰੰਗ ਬਹੁਤ ਗੂੜ੍ਹਾ ਹੋ ਨਿਕਲਦਾ ਤੇ ਕਪੜੇ ਰੰਗ ਦੇਂਦਾ ਹੈ, ਐਉਂ ਉਹ ਮਨ, ਜੋ ਵਾਹਿਗੁਰੂ ਦੇ ਪ੍ਰੇਮ ਵਿਚ ਪੰਘਰਕੇ ਉਸ ਦੀ ਸਿਫਤ ਸਲਾਹ ਰਾਗ ਵਿਚ ਗਾਂਵੇਂ, ਉਹ ਅਪਣੇ ਵਿਚ ਸੱਚੇ ਪਤੀ ਪਰਮੇਸ਼ੁਰ ਦੇ ਮਿਲਾਪ ਰਸ ਨੂੰ ਮਾਣੇਂਗਾ। ਪਰ ਜੇ ਕੂੜ ਨਾਲ ਪ੍ਰਭੂ ਦੀ ਉਸਤੁਤਿ ਗਾਵੇਂਗਾ ਤਦ ਮੁਲੰਮਾ ਲਹਿ ਜਾਵੇਗਾ ਤੇ ਅੰਤ ਕੂੜ ਪ੍ਰਗਟ ਹੋ ਜਾਏਗਾ। ਅੰਤ ਵਿਚ ਫੁਰਮਾਇਆ ਹੈ ਕਿ ਸੱਚਾ ਪ੍ਰੇਮ ਵਾਹਿਗੁਰੂ ਦੀ ਦਾਤ ਹੈ।

ਵਾਹਿਗੁਰੂ ਦੀ ਦਾਤ ਕਿਵੇਂ ਪ੍ਰਾਪਤ ਹੋਵੇ? ਇਹ ਵਿਸ਼ਯ ਅਗਲੇ ਸ਼ਲੋਕ ਵਿਚ ਹੈ; ਕਿ ਸਤਿਸੰਗਤ ਨੂੰ ਪ੍ਰਾਪਤ ਹੋਵੇ, ਉਥੇ ਵਾਹਿਗੁਰੂ ਦੀ ਉਸਤਤੀ ਗਾਂਵੀਂ ਜਾਂਦੀ ਹੈ, ਓਥੇ ਪਯਾਰ ਭਰੇ ਸੰਤ ਮਿਲਦੇ ਹਨ। ਓਥੇ ਹਰੀ ਨਾਮ ਦਾ ਉਪਦੇਸ਼ ਕਰਨ ਵਾਲੇ ਧੰਨਤਾ ਜੋਗ ਪੁਰਖ ਹੁੰਦੇ ਹਨ। ਓਹ ਹਰੀ ਨਾਮ ਦ੍ਰਿੜ ਕਰਾਉਂਦੇ ਹਨ, ਅਪਣੇ ਤੇ ਵਰਤੇ ਹਰੀ ਨਾਮ ਸਿਮਰਣ ਦੇ ਸੁਖ ਸੁਣਾਉਂਦੇ ਹਨ ਤੇ ਹਰੀ ਨਾਮ ਦਾਨ ਕਰਕੇ ਲੋਕਾਂ ਨੂੰ ਤਾਰਦੇ ਹਨ। ਫੇਰ ਓਥੇ ਸਤਿਗੁਰੂ ਹੁੰਦਾ ਹੈ। ਸਤਿਗੁਰੂ ਨੂੰ ਸਭ ਕੋਈ ਲੋਚਦਾ ਹੈ, ਮਿਲੇ ਤਾਂ ਨਮਸ਼ਕਾਰ ਕਰਦਾ ਹੈ। ਕਿਉਂਕਿ ਸਤਿਗੁਰੂ ਵਿਚ ਵਾਹਿਗੁਰੂ ਦਾ ਨਿਵਾਸ ਹੁੰਦਾ ਹੈ। ਸੋ ਜੋ ਪੂਜਾ ਸਤਿਗੁਰੂ ਦੀ ਹੁੰਦੀ ਹੈ ਉਹ ਵਾਹਿਗੁਰੂ ਦੀ ਹੈ, ਤੇ ਜੋ ਕਰਦੇ ਹਨ ਉਹਨਾਂ ਵਿਚ ਸਚੀ ਜਗਯਾਸਾ ਵਾਹਿਗੁਰੂ ਰੂਪ ਹੈ, ਸੋ ਓਤ ਪੋਤ ਆਪ ਹੀ ਰੰਗ ਲਾ ਰਿਹਾ ਹੈ। ਇਸ ਸਲੋਕ ਦੀ ਸਤਵੀਂ ਸਤਰ ਵਿਚ ਪਹਿਲੇ ਸਲੋਕ ਦੀ ਛੇਵੀਂ ਸਤਰ ਵਾਂਙੂ ਬੇਮੁਖ ਦਾ ਜ਼ਿਕਰ ਹੈ ਤੇ ਅੰਤ ਉਪਦੇਸ਼ ਦਿਤਾ ਹੈ ਇਕੋ ਜੇਹਾ ਸਿਖਾਂ ਤੇ ਪੁਤਾਂ ਨੂੰ ਕਿ ਸਤਿਗੁਰੂ ਨੂੰ ਮਿਲੋ, ਨਾਮ ਲਓ, ਨਾਮ ਜਪੋ, ਨਿਸਤਾਰਾ ਹੋਇਗਾ। ਤੀਸਰਾ

ਸ਼ਲੋਕ ਫੇਰ ਮਹਲੇ ੩ ਦਾ ਹੈ। ਜਿਸ ਵਿਚ ਭੁੱਲੇ ਹੋਏ ਗਾਫਲ ਜਗਤ ਦੇ ਉੱਧਾਰ ਦਾ ਪ੍ਰਕਾਰ ਵਰਣਨ ਹੈ। ਜਗਤ ਨੂੰ ਹਉਮੈਂ ਨੇ ਭੁਲਾਇਆ ਹੈ। ਹਉਮੈ ਤੋਂ ਖੋਟੀ ਬੁੱਧੀ ਉਪਜਦੀ ਹੈ ਜੋ ਮਾਯਾ ਵਿਚ ਤੇ ਮਾਯਾ ਪ੍ਰਾਪਤ ਹੋਣ ਵਾਲੇ ਵਿਕਾਰਾਂ ਵਿਚ ਲਾਉਂਦੀ ਹੈ। ਇਸ ਦਾ ਇਲਾਜ ਸਤਿਗੁਰੂ ਦੀ ਮੇਹਰ ਦ੍ਰਿਸ਼ਟੀ ਹੈ। ਜਿਸ ਨਾਲ ਸ਼ਬਦ ਦੀ ਪ੍ਰਾਪਤੀ ਹੁੰਦੀ ਹੈ ਤੇ ਸ਼ਬਦ ਨਿਸਤਾਰਾ ਕਰਦਾ ਹੈ।

**ਨਿਰੁਕ੍ਤ**–ਸੁਲਖਣੀ–[ਸੰਸ:, ਸੁਲਕ੍ਸ਼ਣ=ਚੰਗੇ ਲੱਛਣਾਂ ਵਾਲਾ, ਭਾਗਵਾਨ] ਚੰਗੇ ਲੱਛਣਾਂ ਵਾਲੀ, ਕਿਸਮਤ ਵਾਲੀ। ਸ਼ੁਭ ਗੁਣਾਂ ਵਾਲੀ।

ਭਤਾਰੁ–[ਸੰਸ:, ਭਰ੍ਤਾ=ਪਤੀ, ਪ੍ਰਭੂ, ਸ੍ਵਾਮੀ। ਪੁ: ਪੰ:, ਭਤਾਰ] ਪਤੀ, ਮਾਲਕ। ਸ਼ਬਦ ਰੂਪ ਪਤੀ।

ਗਹਗਹਾ–[ਸੰਸ:, ਧਾਤੂ–ਗਹੁ=(ਜੰਗਲ ਦੀ ਤਰ੍ਹਾਂ) ਸੰਘਣਾ ਹੋਣਾ। ਗਹਨੰ=ਗਹਿਰਾਈ, ਸੰਘਣਾਪਨ। ਗਹਨ (ਵਿ:)=ਗਾੜ੍ਹਾ, ਘਨਾ] ਗੂੜ੍ਹਾ, ਚੰਗਾ ਸ਼ੋਖ਼ (ਰੰਗ)। ਗੂੜ੍ਹਾ ਪੱਕਾ (ਰੰਗ)।

ਪਲੇਟਿ–ਲਪੇਟ [ਸੰਸ:, ਧਾਤੂ–ਲਿਪੁ=ਲੇਪ ਕਰਨਾ, ਮਾਲਿਸ਼ ਕਰਨੀ। ਹਿੰਦੀ, ਲਿਪਨਾ=ਲਿੰਬਣਾ, ਪੋਚਣਾ] ਲੇਪ ਕਰਕੇ, ਪਾਲਿਸ਼ ਕਰਕੇ।

ਦ੍ਰਿੜਾਵਹਿ–ਦ੍ਰਿੜ ਕਰਾਉਂਦੇ ਹਨ। ਯਾਦ ਕਰਾਉਂਦੇ ਹਨ।

ਨਮਸਕਾਰਿਆ–ਨਮਸਕਾਰ ਕਰਦੇ ਹਨ, ਮੱਥਾ ਟੇਕਦੇ ਹਨ।

ਗੁਰਸਿਖੀ–ਗੁਰ ਸਿਖਾਂ ਨੇ। ਸਮਾਰਿਆ–[ਵੇਖੋ 'ਸਿਮਰਉ' ਪੰਨਾ ੧੬੫੯] ਧਿਆਇਆ ਹੈ, ਸਿਮਰਨ ਕੀਤਾ ਹੈ। ਯਾਦ ਕੀਤਾ ਹੈ। ਪੁਤਹੁ–ਹੇ ਪੁਤ੍ਰੋ!

ਬਿਕਾਰ–[ਸੰਸ:, ਵਿਕਾਰ:=ਬੀਮਾਰੀ, ਰੋਗ, ਵਿਗਾੜ] ਤਕਲੀਫਾਂ, ਦੁੱਖ, ਬੀਮਾਰੀਆਂ।

ਕੰਧੁ–[ਸੰਸ:, ਸ੍ਕੰਧ:=ਮੋਢਾ, ਕੰਧਾ। ੨. ਸ਼ਰੀਰ] ਸਰੀਰ, ਦੇਹ। ਜਿਸਮ।

ਸਚਿਆਰੀਆ–ਸਚਿਆਰਿਆਂ ਦਾ [ਵੇਖੋ ਪੰਨਾ ੪੬]।

## [ਪਉੜੀ ਇਕੀਹਵੀਂ]

| ਮੂਲ | ਅਰਥ |
|---|---|
| ਸਲੋਕ ਮਃ ੪ ॥ ਸਾਕਤ ਜਾਇ ਨਿਵਹਿ ਗੁਰ ਆਗੈ ਮਨਿ ਖੋਟੇ ਕੂੜਿ ਕੂੜਿਆਰੇ ॥ ਜਾ ਗੁਰੁ ਕਹੈ ਉਠਹੁ ਮੇਰੇ ਭਾਈ ਬਹਿ ਜਾਹਿ ਘੁਸਰਿ ਬਗੁਲਾਰੇ ॥ ਗੁਰਸਿਖਾ ਅੰਦਰਿ ਸਤਿਗੁਰੁ ਵਰਤੈ ਚੁਣਿ ਕਢੇ ਲਧੋਵਾਰੇ ॥ ਓਇ ਅਗੈ ਪਿਛੈ ਬਹਿ ਮੁਹੁ ਛਪਾਇਨਿ ਨ ਰਲਨੀ ਖੋਟੇਆਰੇ ॥ ਓਨ੍ਾ ਦਾ ਭਖੁ ਸੁ ਓਥੈ ਨਾਹੀ ਜਾਇ ਕੂੜੁ ਲਹਨਿ ਭੇਡਾਰੇ | ਝੂਠ ਵਾਲੇ ਝੂਠੇ ਤੇ ਮਨ ਦੇ ਖੋਟੇ ਸਾਕਤ ਲੋਕ (ਬੀ) ਗੁਰੂ ਅੱਗੇ ਜਾ ਨੀਉਂਦੇ ਹਨ* (ਪਰ ਮਨੋ ਖੋਟੇ ਰਹਿੰਦੇ ਹਨ, ਕਿਉਂਕਿ) ਜਦੋਂ ਗੁਰੂ ਸਿਖਾਂ ਨੂੰ ਆਖੇ ਕਿ ਉਠੋ ਮੇਰੇ ਭਾਈ! (ਹੁਣ ਅਮਕਾ ਸੇਵਾ ਦਾ ਕੰਮ ਕਰੋ ਤਾਂ ਓਹ) ਬਗਲੇ (ਵਰਗੇ ਪਖੰਡੀ ਇਧਰ ਉਧਰ) ਘੁਸਰ ਘੁਸਰ ਕੇ ਬੈਠ ਰਹਿੰਦੇ ਹਨ (ਉਸ ਸੇਵਾ ਦੇ ਕੰਮ ਨੂੰ ਨਹੀਂ ਲਗਦੇ।ਪਰ) ਗੁਰੂ ਕੇ ਸਿਖਾਂ ਵਿਚ ਸਤਿਗੁਰੂ ਵਰਤਦਾ ਹੈ, (ਓਹ ਭੁਲੇਵੇ ਵਿਚ ਨਹੀਂ ਆ ਸਕਦੇ ਇਸ ਕਰਕੇ) ਲੱਭਣ ਵਾਲੇ (ਗੁਰਸਿਖ ਉਨ੍ਹਾਂ ਖੋਟਿਆਂ) ਨੂੰ ਚੁਣਕੇ ਵੱਖ ਕਰ ਦੇਂਦੇ ਹਨ। (ਭਾਵੇਂ) ਓਹ ਅੱਗੇ ਪਿਛੇ ਹੋ ਬਹਿੰਦੇ ਤੇ ਮੂੰਹ ਲੁਕਾਉਂਦੇ ਹਨ (ਪਰ ਓਹ) ਖੋਟੇ ਰਲਾਏ ਰਲਦੇ ਨਹੀਂ। ਉਨ੍ਹਾਂ ਦਾ ਖਾਜਾ (ਕੂੜ ਹੈ, ਸਤਿਸੰਗ–ਵਿਚ ਓਥੇ ਕੂੜ) ਹੈ ਨਹੀਂ (ਇਸ ਕਰਕੇ, ਓਹ ਭੇਡਾਂ ਵਾਙੂ (ਜਿਥੇ) ਕੂੜ |

*ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ ॥ [ਆਸਾ ਵਾਰ ਮਃ ੧–੧੪

॥ ਜੇ ਸਾਕਤੁ ਨਰੁ ਖਾਵਾਈਐ ਲੋਚੀਐ ਬਿਖੁ ਕਢੈ ਮੁਖ ਉਗਲਾਰੇ ॥ ਹਰਿ ਸਾਕਤ ਸੇਤੀ ਸੰਗੁ ਨ ਕਰਹੁ ਓਇ ਮਾਰੇ ਸਿਰਜਣਹਾਰੇ ॥ ਜਿਸ ਕਾ ਇਹੁ ਖੇਲੁ ਸੋਈ ਕਰਿ ਵੇਖੈ ਜਨ ਨਾਨਕ ਨਾਮੁ ਸਮਾਰੇ ॥ ੧ ॥

(ਦਾ ਖਾਜਾ ਹੁੰਦਾ ਹੈ ਓਥੇ) ਜਾਕੇ ਲੱਭ ਲੈਂਦੇ ਹਨ । ਜੇ ਚਾਹੀਏ ਕਿ ਸਾਕਤ ਪੁਰਖ ਨੂੰ ਖੁਆ ਪਿਲਾਕੇ (ਭਲੇ ਪਾਸੇ ਲਾ ਲਈਏ ਤਦ ਬੀ ਉਹ ਖਾ ਪੀ ਕੇ) ਮੂੰਹੋ ਵਿਹੁ ਹੀ ਕੱਢਣਗੇ (ਜਿਵੇਂ ਪਿਤ ਪਏ ਮਾਨੁਖ ਨੂੰ ਜੋ ਕੁਛ ਖੁਆਓ ਓਹ ਅੰਦਰਲੇ ਜ਼ਹਰ ਨਾਲ ਖਾਧੇ ਨੂੰ ਰਲਾ ਕੇ ਉਗਲੱਛ ਦੇਂਦੇ ਹਨ) । ਰੱਬ ਦੇ ਵਾਸਤੇ ! ਸਾਕਤ ਨਾਲ ਸੰਗ ਕਦੀ ਨਾ ਕਰਨਾ, ਓਹ ਕਰਤਾਰ ਦੇ ਮਾਰੇ ਹੋਏ ਹੁੰਦੇ ਹਨ । [ਪ੍ਰਸ਼ਨ:– ਇਹ ਕਿਉਂ ਹੁੰਦਾ ਹੈ ? ਉੱਤਰ:] ਜਿਸ (ਵਾਹਿਗੁਰੂ) ਦਾ ਇਹ (ਜਗਤ) ਖੇਲ ਹੈ ਉਹੀ (ਖੇਲ) ਕਰਕੇ ਦੇਖ ਰਿਹਾ ਹੈ (ਸੋ ਓਹੋ ਜਾਣਦਾ ਹੈ ਦਾਸ ਨਾਨਕ ਤਾਂ ਤਿਸਦੇ ਨਾਮ ਨੂੰ ਸਿਮਰਦਾ ਹੈ (ਤੁਸਾਂ ਬੀ ਨਾਮ ਸਿਮਰੋ ਤੇ ਸੁਖੀ ਹੋ ਜਾਓ) ॥ ੧ ॥

ਮਃ ੪ ॥ ਸਤਿਗੁਰੁ ਪੁਰਖੁ ਅਗੰਮੁ ਹੈ ਜਿਸੁ ਅੰਦਰਿ ਹਰਿ ਉਰਿਧਾਰਿਆ ॥ ਸਤਿਗੁਰੂ ਨੋ ਅਪੜਿ ਕੋਇ ਨ ਸਕਈ ਜਿਸੁ ਵਲਿ ਸਿਰਜਣਹਾਰਿਆ ॥ ਸਤਿਗੁਰੂ ਕਾ ਖੜਗੁ ਸੰਜੋਉ ਹਰਿ ਭਗਤਿ ਹੈ ਜਿਤੁ ਕਾਲੁ ਕੰਟਕੁ ਮਾਰਿ ਵਿਡਾਰਿਆ ॥ ਸਤਿਗੁਰੂ ਕਾ ਰਖਣਹਾਰਾ ਹਰਿ ਆਪਿ ਹੈ ਸਤਿਗੁਰੂ ਕੈ ਪਿਛੈ ਹਰਿ ਸਭਿ ਉਬਾਰਿਆ ॥ ਜੋ ਮੰਦਾ ਚਿਤਵੈ ਪੂਰੇ ਸਤਿਗੁਰੂ ਕਾ ਸੋ ਆਪਿ ਉਪਾਵਣਹਾਰੈ ਮਾਰਿਆ॥ਏਹ ਗਲ ਹੋਵੈ ਹਰਿ ਦਰਗਹ ਸਚੇ ਕੀ ਜਨ ਨਾਨਕ ਅਗਮੁ ਵੀਚਾਰਿਆ ॥੨॥

ਸਤਿਗੁਰੂ ਪੁਰਖ (ਸਾਡੀ) ਸਮਝ ਤੋਂ ਪਰੇ ਹੈ, (ਕਿਉਂਕਿ) ਉਸ ਨੇ (ਆਪਣੇ) ਮਨ ਦੇ ਅੰਦਰ ਹਰੀ ਨੂੰ ਧਾਰਨ ਕੀਤਾ ਹੋਇਆ ਹੈ (ਤੇ ਹਰੀ ਅਗੰਮ ਹੈ) । ਸਤਿਗੁਰੂ ਦੇ ਵਲ ਸਿਰਜਣਹਾਰ (ਆਪ) ਹੈ, (ਇਸ ਲਈ) ਉਸ ਨੂੰ (ਔਖ ਦੇਣ ਲਈ) ਕੋਈ (ਉਸ ਤਕ) ਪਹੁੰਚ ਨਹੀਂ ਸਕਦਾ । ਸਤਿਗੁਰੂ ਦਾ ਖੰਡਾ ਤੇ ਸੰਜੋਅ ਹਰੀ ਦੀ ਭਗਤੀ ਹੈ* ਜਿਸ ਨਾਲ ਕਿ ਕਾਲ (ਰੂਪ) ਵੈਰੀ ਨੂੰ ਮਾਰਕੇ ਦੂਰ ਕੀਤਾ ਹੈ । ਸਤਿਗੁਰੂ ਨੂੰ ਬਚਾਵਣ ਵਾਲਾ ਹਰੀ ਆਪ ਹੈ, ਸਤਿਗੁਰੂ ਦੇ ਪਿਛੇ ਹਰੀ ਨੇ ਸਭ ਨੂੰ ਬਚਾ ਲਿਆ ਹੈ । ਜੋ ਪੂਰੇ ਸਤਿਗੁਰੂ ਦਾ ਬੁਰਾ ਚਿਤਵਦਾ ਹੈ ਓਹ ਕਰਤਾਰ ਆਪ ਹੀ ਉਸ ਨੂੰ ਮਾਰਦਾ ਹੈ । ਇਹ ਗਲ ਸਚ ਹਰੀ ਦੀ ਦਰਗਾਹ ਵਿਚ ਹੁੰਦੀ ਹੈ, ਨਾਨਕ ਦਾਸ ਨੇ (ਇਹ) ਅਗਮਾਂ† ਦੀ ਗਲ ਵੀਚਾਰ (ਕੇ ਦੱਸੀ) ਹੈ । (ਭਾਵ ਜਿਨ੍ਹਾਂ ਗਲਾਂ ਦੇ ਜਾਣਨ ਦੀ ਹਰ ਕਿਸੇ ਦੀ ਪਹੁੰਚ ਨਹੀਂ ਉਹ ਗਲ ਦੱਸੀ ਹੈ) ॥ ੨ ॥

ਪਉੜੀ ॥ ਸਚੁ ਸੁਤਿਆ ਜਿਨੀ ਅਰਾਧਿਆ ਜਾ ਉਠੇ ਤਾ ਸਚੁ ਚਵੇ ॥ ਸੇ ਵਿਰਲੇ ਜੁਗ ਮਹਿ ਜਾਣੀਅਹਿ ਜੋ ਗੁਰਮੁਖਿ ਸਚੁ ਰਵੇ ॥ ਹਉ ਬਲਿਹਾਰੀ ਤਿਨ ਕਉ ਜਿ ਅਨਦਿਨੁ ਸਚੁ ਲਵੇ॥ ਜਿਨ ਮਨਿ

ਜੋ ਸੁਤਿਆਂ ਬੀ ਸਚਾ (ਨਾਮ) ਅਰਾਧਦੇ ਹਨ, ਜਦ ਉਠਦੇ ਹਨ ਤਦ ਬੀ ਸਚਾ (ਨਾਮ ਹੀ) ਉਚਾਰਦੇ ਹਨ । (ਇਸ) ਸਮੇਂ ਵਿਚ ਓਹ ਵਿਰਲੇ ਜਾਣੀਦੇ ਹਨ ਜੋ ਗੁਰਮੁਖ ਕਿ ਸਚ (ਨਾਮ) ਨੂੰ ਸਿਮਰਦੇ ਹਨ । ਮੈਂ ਉਨ੍ਹਾਂ ਤੋਂ ਸਦਕੇ ਹਾਂ ਜੋ ਹਰ ਦਿਨ ਸਚਾ (ਨਾਮ) ਉਚਾਰਦੇ ਹਨ । ਜਿਨ੍ਹਾਂ ਦੇ ਮਨ ਤੇ ਤਨ

*ਅਥਵਾ ਸਤਿਗੁਰ ਦਾ ਖੰਡਾ (ਗਿਆਨ ਹੈ) ਤੇ ਸੰਜੋਅ ਹਰੀ ਦੀ ਭਗਤੀ ਹੈ ।

†ਅਗਮ ਦਾ ਅਰਥ 'ਪਹਿਲੋਂ ਹੀ' ਬੀ ਕਰਦੇ ਹਨ ।

| | |
|---|---|
| ਤਿਨਿ ਸਚਾ ਭਾਵਦਾ ਸੇ ਸਚੀ ਦਰਗਹ ਗਵੇ॥ ਜਨੁ ਨਾਨਕੁ ਬੋਲੈ ਸਚੁ ਨਾਮੁ ਸਚੁ ਸਚਾ ਸਦਾ ਨਵੇ ॥ ੨੧ ॥ | ਨੂੰ ਸੱਚਾ ਭਾਉਂਦਾ ਹੈ ਉਹੀ ਸਚੀ ਦਰਗਾਹ ਨੂੰ ਜਾਂਦੇ ਹਨ। ਦਾਸ ਨਾਨਕ ਸਚਾ ਨਾਮ ਉਚਾਰਦਾ ਹੈ (ਉਸ ਦਾ ਕਿ ਜੋ) ਸਚਾ ਹੈ, ਸਤ੍ਯ ਸਰੂਪ ਹੈ ਤੇ ਸਦਾ ਨਵੀਨ ਹੈ ॥ ੨੧ ॥ |

**ਵ੍ਯਾਖ੍ਯਾ**—ਇਸ ਪਉੜੀ ਵਿਚ ਪਿਛਲੀਆਂ ਵਾਂਙੂ 'ਸਚ' ਸਰੂਪ ਪਰਮਾਤਮਾ ਦੇ ਸਿਮਰਨ ਦਾ ਉਪਦੇਸ਼ ਹੈ। 'ਸਚ' ਦੇ ਅਰਾਧਕਾਂ ਦੀ ਅਰਾਧਨਾ ਨੀਂਦ ਵਿਚ ਬੀ ਜਾਰੀ ਰਹਿੰਦੀ ਤੇ ਜਾਗ੍ਰਤ ਵਿਚ ਬੀ ਟੁਰੀ ਰਹਿੰਦੀ ਹੈ, ਪਰ ਐਸੀ ਪੱਕੀ ਲਿਵ ਵਾਲੇ ਵਿਰਲ਼ੇ ਹੁੰਦੇ ਹਨ। ਉਹਨਾਂ ਦੀ ਦਰਗਾਹ ਵਿਚ ਪਹੁੰਚ ਹੁੰਦੀ ਹੈ ਤੇ ਗੁਰੂ ਸਾਹਿਬ ਉਹਨਾਂ ਤੋਂ ਬਲਿਹਾਰ ਹੁੰਦੇ ਹਨ; ਪਰ ਇਹ ਸਾਰਾ ਕੁਛ ਨਾਮ ਦੇ ਬੋਲਣ ਉਚਾਰਣ ਨਾਲ ਪ੍ਰਾਪਤ ਹੁੰਦਾ ਹੈ।

ਪਹਿਲੇ ਸਲੋਕ ਵਿਚ ਸੱਚ ਤੋਂ ਕਟੇ ਹੋਏ ਝੂਠੇ ਤੇ ਝੂਠ ਦਾ ਸਰੂਪ ਹੋ ਗਏ ਸਾਕਤਾਂ ਦਾ ਜ਼ਿਕਰ ਹੈ; ਮਾਨੋ ਟਾਕਰਾ ਕਰਦੇ ਦੱਸਿਆ ਗਿਆ ਹੈ ਕਿ ਸਚਿਆਰਾਂ ਦੇ ਮੁਕਾਬਲੇ ਤੇ ਕੂੜਿਆਰਾਂ ਦਾ ਰੂਪ ਕੀ ਹੈ। ਖਾਸ ਗਲ ਇਹ ਦੱਸਦੇ ਹਨ ਕਿ ਏਹ ਸਾਕਤ ਇਕ ਪ੍ਰਕਾਰ ਦੇ ਐਸੇ ਹਨ ਕਿ ਜੋ ਅੰਦਰੋਂ ਤਾਂ ਕੂੜਿਆਰ ਹੀ ਹੁੰਦੇ ਹਨ ਪਰ ਸੰਗਤ ਵਿਚ ਆ ਘੁਸਦੇ ਹਨ, ਏਥੋਂ ਬੀ ਆਪਣਾ ਲਾਭ ਵਲ ਛਲ ਨਾਲ ਕੱਢਦੇ ਹਨ। ਐਸੇ ਪੁਰਖ ਜੋ ਕੁਛ ਵਲ ਛਲ ਬਨਾਵਟਾਂ ਕਰਕੇ ਗੁਰੂ ਅਮਰ ਦਾਸ ਦੀ ਸੰਗਤ ਵਿਚ ਆ ਛਿਪਦੇ ਸਨ ਉਹਨਾਂ ਦਾ ਸਿਞਾਣੇ ਜਾਣਾ ਤੇ ਵੱਖ ਕੀਤੇ ਜਾਣਾ ਦੱਸਿਆ ਹੈ, ਓਹ ਫੇਰ ਅਪਣੇ ਕੂੜ ਦੇ ਮੰਡਲਾਂ ਵਿਚ ਹੀ ਜਾ ਰਲਦੇ ਦੱਸੇ ਹਨ। ਫੇਰ ਗੁਰੂ ਰਾਮਦਾਸ ਜੀ ਤਾਕੀਦ ਕਰਦੇ ਹਨ ਕਿ ਸਾਕਤਾਂ ਦੀ ਸੰਗਤ ਨਾ ਕਰਨੀ, ਨਾ ਹੀ ਇਨ੍ਹਾਂ ਨੂੰ ਪਾਲ ਪੋਸਕੇ ਸੁਧਰਦੇ ਸਮਝਣਾ। ਫੇਰ ਪ੍ਰਸ਼ਨ ਹੁੰਦਾ ਹੈ ਕਿ ਐਸੇ ਸਾਕਤ ਹੈਨ ਹੀ ਕਿਉਂ ? ਤਾਂ ਆਪ ਅਪਣੀ ਸੁਭਾਵਕ ਰਹਿਮਤ ਫੁਰਮਾਉਂਦੇ ਹਨ ਕਿ ਸਿਰਜਣ-ਹਾਰ ਦੇ ਅਪਣੇ ਜਗਤ ਨਾਟ ਵਿਚ ਜੋ ਖੇਲ ਚਲ ਰਹੀ ਹੈ ਉਸ ਦੇ ਚੋਜ ਹਨ, ਜਿਨ੍ਹਾਂ ਨੂੰ ਓਹ ਆਪ ਜਾਣਦਾ ਹੈ। ਸਾਡਾ ਕੰਮ ਪੜਚੋਲ ਕਰਨਾ ਨਹੀਂ, ਪਰ ਨਾਮ ਜਪਕੇ ਅਪਣੀ ਕਲਜਾਣ ਕਰਨੀ ਹੈ।

ਫੇਰ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਕਿਆ ਐਸੇ ਪੁਰਖਾਂ ਦੀਆਂ ਬੇਈਮਾਨੀਆਂ ਤੇ ਚਲਾਕੀਆਂ ਨਾਲ ਗੁਰੂ ਜੀ ਨੂੰ ਕੋਈ ਹਾਨੀ ਨਾ ਪਹੁੰਚੇਗੀ ? ਇਸ ਸੰਸੇ ਨਵਿਰਤੀ ਲਈ ਅਗਲਾ ਸਲੋਕ ਏਥੇ ਰਖਿਆ ਗਿਆ ਹੈ। ਜਿਸ ਦਾ ਭਾਵ ਇਹ ਹੈ ਕਿ ਸਤਿਗੁਰੂ ਅਗੰਮ ਪੁਰਖ ਹੈ ਉਸ ਤਕ ਕਿਸੇ ਦੀ ਪਹੁੰਚ ਨਹੀਂ। ਭਾਵ ਇਹ ਕਿ ਉਸ ਨੂੰ ਹਾਨੀ ਕੋਈ ਨਹੀਂ ਪੁਚਾ ਸਕਦਾ ਕਿਉਂਕਿ ਉਸ ਦੀ ਬਰੱਬਰੀ ਤੇ ਕੋਈ ਅੱਪੜ ਨਹੀਂ ਸਕਦਾ। ਉਹ ਵਡਾ ਪਹੁੰਚ ਤੋਂ ਉਚਾ ਇਸ ਕਰਕੇ ਹੈ ਕਿ ਉਸ ਦੇ ਅੰਦਰ ਅਗੰਮ ਵਾਹਿਗੁਰੂ ਵੱਸਦਾ ਹੈ। ਜਿਵੇਂ ਸੋਨੇ ਦੇ ਗੋਲੇ ਵਿਚ ਵਸਦੀ ਅਗਨੀ ਸੋਨੇ ਨੂੰ ਅਗਨ ਰੂਪ ਕਰ ਦੇਂਦੀ ਹੈ। ਸ ਉਹ ਸਿਰਜਣਹਾਰ ਗੁਰੂ ਦੇ ਵੱਲ ਹੋਇਆ। ਫੇਰ ਅਪਣੀ ਰਖ੍ਯਾ ਲਈ ਸਤਿਗੁਰੂ ਪਾਸ ਤਲ-ਵਾਰ ਤ ਸੰਜੋਅ ਜੋ ਹੈ ਉਹ ਉਸੇ ਅਗੰਮ ਹਰੀ ਪ੍ਰਭੂ ਦੀ ਭਗਤੀ ਹੈ ਜੋ ਉਸ ਨੂੰ ਹਰੀ ਤੋਂ ਵਿੱਥ ਤੇ ਨਹੀਂ ਹੋਣ ਦੇਂਦੀ। ਇਸ ਭਗਤੀ ਦੇ ਕਾਰਣ ਜਨਮ ਮਰਨ ਦਾ ਚੱਕਰ ਜੋ ਕਾਲ ਦਾ ਵਡਾ ਸੰਦ ਹੈ ਨਸ਼ਟ ਹੋ ਜਾਂਦਾ ਹੈ, ਸੋ ਕਾਲ ਦਾ ਵਸੀਕਾਰ ਨਸ਼ਟ ਹੋ ਜਾਂਦਾ ਹੈ। ਹਰੀ ਫੇਰ ਸਤਿਗੁਰੂ ਦਾ ਹੀ ਰਖਵਾਲਾ ਨਹੀਂ ਉਸ ਦੇ ਸਿਖਾਂ ਦਾ ਬੀ ਰਖਵਾਲਾ ਹੋ ਜਾਂਦਾ ਹੈ। ਸਤਿਗੁਰੂ ਦੇ ਪਿੱਛੇ ਲੱਗੇ ਹਰ ਕਿਸੇ ਦਾ ਉਧਾਰ ਹੋ ਜਾਂਦਾ ਹੈ ਇਧਰ, ਤੇ ਸਾਈਂ ਵਲੋਂ ਰਖਵਾਲੀ ਹੁੰਦੀ ਹੈ। ਉਧਰ ਜੋ ਕੂੜਿਆਰੇ ਸਾਕਤ ਪੁਰਖ ਸਤਿਗੁਰੂ ਦੇ ਦਰੋਂ ਚੁਣਕੇ ਧੱਕੇ ਜਾਕੇ ਵੈਰ ਕਰਦੇ ਤੇ ਹਾਨੀਆਂ ਦੇ ਜਤਨ ਲਾਉਂਦੇ ਹਨ ਉਹਨਾਂ ਨੂੰ ਕਰਤਾਰ ਆਪ ਦੰਡਿਤ ਕਰਦਾ ਹੈ। ਮੰਦਾ ਕਰਨੇ ਦਾ ਅਤੇ ਨਿਰਵੈਰਾਂ ਨਾਲ ਵੈਰ ਰਚਾਉਣ ਦਾ ਡੰਡ ਉਹਨਾਂ ਦੇ ਗਲੇ ਪੈਂਦਾ ਹੈ; ਕਰਤਾਰ ਵਲੋਂ ਇਹ ਨਿਆਂ ਹੁੰਦਾ ਹੈ। ਇਹ ਗ਼ੈਬ ਵਿਚ, ਸਾਈਂ ਦੇ ਦਰ, ਹੁੰਦੀ

ਵਾਰਤਾ ਗੁਰੂ ਜੀ ਅਗਮ ਵਾਚਕੇ ਦੱਸ ਰਹੇ ਹਨ।

**ਨਿਰਕ**—ਪ੍ਰਾਕਤ—[ਦੇਖੋ ਪੰਨਾ ੧੬੦੯] ਈਸ਼੍ਵਰ ਬੇਮੁਖ, ਨਿਰਾ ਮਾਯਾ ਪ੍ਰੇਮੀ, ਕੂੜ ਕੁਮਤਿ ਵਿਚ ਵਰਤਣੇ ਵਾਲਾ ਪੁਰਖ।

ਕੂੜਿਆਰੇ—ਕੂੜ ਹੀ ਆਕਾਰ ਹੋ ਗਿਆ ਹੈ ਜਿਸਦਾ। ਮਹਾਨ ਕੂੜਾ। [ਦੇਖੋ ਪੰਨਾ ੨੩੯]।

ਬਗੁਲਾਰੇ—[ਸੰਸ:, ਬਕ:=ਬਗਲਾ] ਬਗੁਲੇ ਵਰਗੇ। ੨. ਇਸ ਦਾ ਅਰਥ 'ਬਗਲ' ਸਮਝਕੇ 'ਲਾਂਭੇ' ਬੀ ਕਰਦੇ ਹਨ। ਪਰ ਗਗੇ ਨੂੰ ਔਂਕੁੜ ਹੈ। ਗੁਰਬਾਣੀ ਵਿਚ 'ਬਗੁਲੇ' ਅਰਥ ਵੇਲੇ ਅਕਸਰ ਗਗੇ ਨੂੰ ਔਂਕੁੜ ਹੁੰਦਾ ਹੈ।

ਲਧੋਵਾਰੇ—ਜੋ ਲੱਧ ਯਾ ਲੱਭ ਪਵੇ। ਲਧੋਵਾਹੇ=ਲਭ ਲੈਣ ਵਾਲੇ।

ਭਖੁ—[ਸੰਸ:, ਭਕ੍ਸ਼ਯ] ਖਾਣੇ ਜੋਗ ਸ਼ੈ। ਖਾਜਾ।   ਭੇਡਾਰੇ—ਭੇਡਾਂ ਵਾਂਙੂ।

ਖਾਵਾਈਐ ਲੋਚੀਐ—ਖੁਆ ਪਿਲਾਕੇ ਚਾਹੀਏ (ਕਿ ਸੰਵਰ ਜਾਣ)।

ਓਗਲਾਰੇ—[ਸੰਸ:, ਉਦ੍ਗੀਰਣ=ਉਗਲਿਆ ਹੋਇਆ] ਉਗਲਕੇ। ਖੁਆਓ ਚੰਗੀ ਸ਼ੈ ਉਹ ਫੇਰ ਅੰਦਰੋਂ ਜ਼ਹਿਰ ਰਲਾਕੇ ਉਗਲੱਛ ਦੇਂਦੇ ਹਨ। ਚੰਗਾ ਖਾਜਾ ਅੰਦਰ ਵਸਦੇ ਜ਼ਹਿਰ ਨਾਲ ਮਿਲਕੇ ਉਲਟੀ ਹੋ ਜਾਂਦਾ ਹੈ ਜਿਵੇਂ ਪਿਤ ਪਏ ਤੇ ਹੁੰਦਾ ਹੈ। (ਅ) ਇਸ ਦਾ ਅਰਥ ਉਗਾਲੀ ਬੀ ਕਰ ਲੈਂਦੇ ਹਨ।   ਅਗੰਮੁ—ਗੰਮਤਾ ਤੋਂ ਪਰੇ।   ਖੜਗੁ—[ਸੰਸ:, ਖਡ੍ਗ:]=ਖੰਡਾ, ਤਲਵਾਰ।

ਸੰਜੋਉ—ਲੋਹੇ ਦਾ ਬਸਤਰ, ਜੋ ਸੂਰਮੇ ਤਲਵਾਰ ਦੇ ਘਾਉ ਤੋਂ ਬਚਣ ਲਈ ਪਹਿਨਦੇ ਹਨ।

ਕੰਟਕੁ—ਕੰਡਾ, ਮੁਹਾਵਰੇ ਦਾ ਅਰਥ ਹੈ ਵਿਰੋਧੀ (ਦੇਖੋ ਪੰਨਾ ੧੫੯੨)।

ਅਗਮੁ—ਜੋ ਆਮ ਲੋਕਾਂ ਦੇ ਜਾਣੇ ਜਾਣ ਤੋਂ ਪਰੇ ਹੈ।

ਚਵੇ—ਉਚਾਰੇ।   ਰਵੇ—ਸਿਮਰੇ (ਦੇਖੋ 'ਰਵਨ' ਪੰਨਾ ੧੭੯੪)। ਲਵੇ—ਬੋਲੇ, ਉਚਾਰੇ।

ਗਵੇ—[ਸੰਸ:, ਧਾਤੂ ਗਮ੍=ਜਾਣਾ, ਪਹੁੰਚਣਾ] ਜਾਣੇ, ਪਹੁੰਚੇ। ਜਾਂਦੇ ਹਨ।

## [ਪਉੜੀ ਬਾਈਵੀਂ]

**ਮੂਲ**

ਸਲੋਕੁ ਮਃ ੪ ॥ ਕਿਆ ਸਵਣਾ ਕਿਆ ਜਾਗਣਾ ਗੁਰਮੁਖਿ ਤੇ ਪਰਵਾਣੁ॥ ਜਿਨਾ ਸਾਸਿ ਗਿਰਾਸਿ ਨ ਵਿਸਰੈ ਸੇ ਪੂਰੇ ਪੁਰਖ ਪਰਧਾਨ ॥ ਕਰਮੀ ਸਤਿਗੁਰੁ ਪਾਈਐ ਅਨਦਿਨੁ ਲਗੈ ਧਿਆਨੁ॥ ਤਿਨਕੀ ਸੰਗਤਿ ਮਿਲਿ ਰਹਾ ਦਰਗਹ ਪਾਈ ਮਾਨੁ॥ ਸਉਦੇ ਵਾਹੁ ਵਾਹੁ ਉਚਰਹਿ ਉਠਦੇ ਭੀ ਵਾਹੁ ਕਰੇਨਿ ॥ ਨਾਨਕ ਤੇ ਮੁਖ ਉਜਲੇ ਜਿ ਨਿਤ ਉਠਿ ਸੰਮਾਲੇਨਿ ॥ ੧ ॥

**ਅਰਥ**

ਗੁਰਮੁਖ ਦਾ ਕੀ ਜਾਗਣਾ ਤੇ ਕੀਹ ਸੌਣਾ ਓਹ (ਹਰ ਹਾਲਤ ਵਿਚ) ਪਰਵਾਣ ਹੈ। (ਹਾਂ) ਜਿਨ੍ਹਾਂ ਨੂੰ (ਹਰ) ਸ੍ਵਾਸ ਵਿਚ (ਹਰ) ਗ੍ਰਾਹੀ (ਲੈਣੇ) ਵੇਲੇ (ਵਾਹਿਗੁਰੂ) ਨਹੀਂ ਭੁੱਲਦਾ ਓਹ ਸ੍ਰੇਸ਼ਟ ਪੁਰਖ ਹਨ, (ਓਹ) ਮੁਖੀਏ ਪੁਰਖ ਹਨ। (ਐਸਾ) ਹਰ ਵਕਤੀ ਧਿਆਨ (ਜਿਸ ਦੀ ਮੇਹਰ ਨਾਲ) ਲਗ ਜਾਵੇ (ਉਹ) ਸਤਿਗੁਰ ਭਾਗਾਂ ਨਾਲ ਪ੍ਰਾਪਤ ਹੁੰਦਾ ਹੈ। ਉਨ੍ਹਾਂ ਦੀ ਸੰਗਤ ਵਿਚ ਜੇ (ਮੈਂ) ਲੱਗਾ ਰਹਾਂ ਤਾਂ ਦਰਗਹ ਵਿਚ ਮਾਣ ਪਾਵਾਂਗਾ। (ਜੋ) ਸਉਂਦੇ ਹੋਏ ਵਾਹੁ ਵਾਹੁ ਉਚਾਰਦੇ ਹਨ ਤੇ ਉਠਦੇ ਹੋਏ ਬੀ ਵਾਹੁ ਕਰਦੇ ਹਨ। ਹੇ ਨਾਨਕ ! ਓਹ ਉੱਜਲੇ ਮੂੰਹ ਵਾਲੇ ਹਨ ਜੋ ਸਦਾ ਉਠਦੇ ਸਾਰ ਸਿਮਰਨ ਕਰਦੇ ਹਨ॥ ੧ ॥

ਮਃ ੪॥ਸਤਿਗੁਰੁ ਸੇਵੀਐ ਆਪਣਾ ਪਾਈਐ ਨਾਮੁ ਅਪਾਰੁ॥ ਭਉਜਲਿ ਡੁਬਦਿਆ ਕਢਿ ਲਏ ਹਰਿ ਦਾਤਿ ਕਰੇ ਦਾਤਾਰੁ॥ ਧੰਨੁ ਧੰਨੁ ਸੇ ਸਾਹ ਹੈ ਜਿ ਨਾਮਿ ਕਰਹਿ ਵਾਪਾਰੁ॥ ਵਣਜਾਰੇ ਸਿਖ ਆਵਦੇ ਸਬਦਿ ਲਘਾਵਣਹਾਰੁ ॥ ਜਨ ਨਾਨਕ ਜਿਨ ਕਉ ਕ੍ਰਿਪਾ ਭਈ ਤਿਨ ਸੇਵਿਆ ਸਿਰਜਣਹਾਰੁ ॥ ੨ ॥

ਪਉੜੀ ॥ ਸਚੁ ਸਚੇ ਕੇ ਜਨ ਭਗਤ ਹਹਿ ਸਚੁ ਸਚਾ ਜਿਨੀ ਅਰਾਧਿਆ ॥ ਜਿਨ ਗੁਰਮੁਖਿ ਖੋਜਿ ਢੰਢੋਲਿਆ ਤਿਨ ਅੰਦਰਹੁ ਹੀ ਸਚੁ ਲਾਧਿਆ ॥ਸਚੁ ਸਾਹਿਬੁ ਸਚੁ ਜਿਨੀਸੇਵਿਆ ਕਾਲੁਕਟਕੁ ਮਾਰਿ ਤਿਨੀ ਸਾਧਿਆ ॥ ਸਚੁ ਸਚਾ ਸਭ ਦੂ ਵਡਾ ਹੈ ਸਚੁ ਸੇਵਨਿ ਸੇ ਸਚਿ ਰਲਾਧਿਆ॥ ਸਚੁ ਸਚੇ ਨੋ ਸਾਬਾਸਿ ਹੈ ਸਚੁ ਸਚਾ ਸੇਵਿ ਫਲਾਧਿਆ ॥ ੨੨ ॥

(ਜੇ) ਆਪਣੇ ਸਤਿਗੁਰ ਦੀ ਸੇਵਾ ਕਰੀਏ ਤਾਂ ਅਪਾਰ ਨਾਮ ਨੂੰ ਪ੍ਰਾਪਤ ਕਰ ਲਈਦਾ ਹੈ। (ਤਦ) ਹਰੀ ਦਾਤਾਰ ਇਹ ਦਾਤ ਦੇਂਦਾ ਹੈ ਕਿ ਡੁਬਦਿਆਂ ਨੂੰ ਭਉਜਲ ਵਿੱਚੋਂ ਕੱਢ ਲੈਂਦਾ ਹੈ। ਓਹ ਸ਼ਾਹ (ਗੁਰੂ ਜੀ) ਧੰਨਤਾ ਦੇ ਜੋਗ ਹਨ ਜੋ ਨਾਮ ਦਾ ਵਪਾਰ ਕਰਦੇ ਹਨ। (ਉਨ੍ਹਾਂ ਪਾਸ) ਸਿਖ ਵਣਜਾਰੇ ਹੋ ਕੇ ਆਉਂਦੇ ਹਨ (ਉਨ੍ਹਾਂ ਨੂੰ ਓਹ) ਸ਼ਬਦ ਦੁਆਰਾ (ਪਾਰ) ਲੰਘਾ ਦੇਣੇ ਵਾਲਾ (ਨਾਮ ਦੇਂਦੇ) ਹਨ। (ਕੌਣ ਵਣਜਾਰੇ ਹੋ ਕੇ ਆਉਂਦੇ ਹਨ ? ਉੱਤਰ!) ਜਿਨ੍ਹਾਂ ਉਤੇ (ਅਪਾਰ) ਕਿਰਪਾ (ਸਾਂਈਂ ਦੀ) ਹੋ ਜਾਂਦੀ ਹੈ, ਨਾਨਕ ਦਾਸ (ਕਹਿੰਦਾ ਹੈ) ਓਹ (ਐਉਂ) ਕਰਤਾਰ ਨੂੰ ਸੇਂਵਦੇ ਹਨ ॥ ੨ ॥

(ਉਹ) ਪੁਰਖ ਸੱਚੇ (ਸਾਂਈਂ) ਦੇ ਸੱਚੇ ਭਗਤ ਹਨ, ਜਿਨ੍ਹਾਂ ਨੇ ਸਤਜ ਸਰੂਪ ਸੱਚੇ ਨੂੰ ਸਿਮਰਿਆ ਹੈ। ਜਿਨ੍ਹਾਂ ਨੇ ਗੁਰੂ ਦੁਆਰਾ (ਉਸ ਨੂੰ) ਢੂੰਡਿਆ ਹੈ ਉਨ੍ਹਾਂ ਨੇ (ਅਪਣੇ) ਅੰਦਰੋਂ ਹੀ ਸਤਜ ਸਰੂਪ ਨੂੰ ਲੱਭ ਲਿਆਂ ਹੈ। (ਹਾਂ) ਸੱਚੇ ਸਾਹਿਬ ਨੂੰ ਸੱਚ ਕਰਕੇ ਜਿਨ੍ਹਾਂ ਨੇ ਸੇਵਿਆ ਹੈ ਉਨ੍ਹਾਂ ਨੇ ਦੁਖ ਦਾਤੇ ਕਾਲ ਨੂੰ ਮਾਰ ਕੇ ਸਾਧ ਲਿਆ ਹੈ। ਸਤਜ ਸਰੂਪ ਸੱਚਾ ਸਭ ਤੋਂ ਵੱਡਾ ਹੈ (ਜੋ ਉਸ) ਸਤਜ ਸਰੂਪ ਨੂੰ ਸੇਂਵਦ ਹਨ ਓਹ (ਉਸ) ਸਤਜ ਸਰੂਪ ਵਿਚ ਰਲ ਜਾਂਦੇ ਹਨ। (ਉਸ) ਸਚ ਮੁਚ ਦੇ ਸੱਚੇ (ਪ੍ਰੇਮੀ) ਨੂੰ ਬੀ ਸ਼ਾਬਾਸ਼ ਹੈ, (ਜਿਸ ਨੇ) ਸਤਜ ਸਰੂਪ ਸੱਚੇ ਦੀ ਸੇਵਾ ਕਰਕੇ (ਉਪਰ ਕਥਿਆ) ਫਲ ਪ੍ਰਾਪਤ ਕੀਤਾ ਹੈ ॥ ੨੨ ॥

**ਵਜਾਖਜਾ**—ਪਉੜੀ ਵਿਚ ਗੁਰਮੁਖ ਦਾ ਵਰਣਨ ਹੈ, ਜਿਸ ਨੇ ਸਚੇ ਪ੍ਰਭੂ ਦੀ ਭਗਤੀ ਕਰਕੇ ਉਸ ਦੀ ਅਰਾਧਨਾ ਕੀਤੀ ਹੈ, ਉਹਨਾਂ ਉਤੇ ਕਾਲ ਚੱਕ੍ਰ ਹਾਵੀ ਨਹੀਂ ਰਹਿੰਦਾ। ਕਾਲ ਦਾ ਮਾਰਨਾ ਤੇ ਸਾਧਣਾ ਤੋਂ ਮੁਰਾਦ ਹੈ ਕਾਲ ਦੇ ਚਕ੍ਰ ਤੋਂ ਨਿਕਲ ਜਾਣਾ। ਜਨਮ ਮਰਨ ਨਾ ਰਹਿਣਾ, ਸਾਧਿਆ ਦੀ ਸੈਂਨਤ ਇਹ ਹੈ ਕਿ ਜੋ ਹਰ ਛਿਨ ਸਿਮਰਨ ਵਿਚ ਗੁਜ਼ਾਰੀਹੈ ਉਹ ਹਰ ਛਿਨ ਸਾਧ ਲਈ ਹੈ। ਛਿਨਛਿਨ ਤੋਂ ਕਾਲ ਬਣਦਾ ਹੈ, ਯਾ ਛਿਨ ਛਿਨ ਕਰਕੇ ਕਾਲ ਲੰਘਦਾ ਹੈ, ਸੋ ਹਰ ਛਿਨ ਸਾਧੀ ਜਾਣ ਕਰਕੇ ਸਾਰਾ ਕਾਲ ਹੀ ਸਾਧਿਆ ਗਿਆ। ਸਿਮਰਨ ਵਿਚ ਬੀਤਿਆ ਕਾਲ ਸਦੈਵੀ ਸਿਮਰਨ ਬਣ ਗਿਆ। ਕਾਲ ਦਾ ਗੇੜ ਮੁੱਕ ਕੇ ਅਮਰਤਾ ਹੋ ਗਈ। ਉਹਨਾਂ ਨੂੰ ਸਿਮਰਦਿਆਂ ਨਾਮੀ ਅੰਦਰੋਂ ਹੀ ਲੱਭ ਪੈਂਦਾ ਹੈ। ਨਾਮ ਦੀ ਲਗਾਤਾਰਤਾ, ਨਾਮੀ ਦੀ ਅਮਰ ਹੋਂਦ ਵਿਚ ਪਚਾ ਦੇਂਦੀ ਹੈ। ਫਿਰ ਓਹ ਸਤਜ ਸਰੂਪ ਵਿਚ ਮਿਲਕੇ ਸਤਜ ਰੂਪ ਹੋ ਜਾਂਦੇ ਹਨ। ਇਸ ਲਈ ਸਚੇ ਦੀ ਸਚੀ ਸੇਵਾ ਕਰਨ ਵਾਲੇ ਸ਼ਾਬਾਸ਼ ਜੋਗ ਹਨ।

ਹੁਣ ਵੇਖੋ ਪਹਿਲੇ ਸਲੋਕ ਨੂੰ, ਉਸ ਵਿਚ ਭਗਤੀ ਦਾ ਪ੍ਰਕਾਰ ਦੱਸਿਆ ਹੈ ਜੋ ਗੁਰਮੁਖ ਨੇ ਕੀਤੀ ਹੈ।

ਨਾਮ ਸਿਮਰਦੇ ਦਿਨੇ ਰਾਤ ਲਗੇ ਓਹ ਸਹਜ ਧਯਾਨੀ ਹੋ ਜਾਂਦੇ ਹਨ:–

ਗੁਰਮੁਖਿ ਲਾਗੈ ਸਹਜਿ ਧਿਆਨੁ ॥ [ਰਾਮਕਲੀ ਮਃ ੧, ਸਿਧ ਗੋਸਟਿ–੩੬

ਫੇਰ ਸਿਮਰਨ ਸੁਭਾਵ ਵਿਚ ਮਿਲਿਆ ਲਗਾਤਾਰੀ ਹੋ ਜਾਂਦਾ ਹੈ, ਸੁੱਤੇ ਜਾਗਦੇ ਸਾਸ ਗਿਰਾਸ ਕਦੇ ਨਹੀਂ ਭੁੱਲਦਾ ।

ਦੂਸਰੇ ਸ਼ਲੋਕ ਵਿਚ ਨਾਮ ਦੀ ਦਾਤ ਗੁਰੂ ਤੋਂ ਮਿਲਦੀ ਦੱਸੀ ਹੈ । ਨਾਮ ਦਾਤੇ ਨੂੰ ਸੱਚਾ ਸ਼ਾਹ ਦੱਸਿਆ ਹੈ ਤੇ ਸਿਖਾਂ ਨੂੰ ਵਣਜਾਰੇ ਦੱਸਿਆ ਹੈ ਜੋ ਉਸ ਤੋਂ ਨਾਮ ਦਾ ਸੌਦਾ ਲੈਕੇ ਵਪਾਰ ਕਰਦੇ ਹਨ ਤੇ ਆਪਣਾ ਹਰਿ ਧਨ ਵਧਾਉਂਦੇ ਹਨ । ਓਹ ਪਉੜੀ ਵਿਚ ਕਥੀ ਅਵਸਥਾ ਨੂੰ ਅੱਪੜਦੇ ਹਨ ।

**ਨਿਰੁਕ੍ਤ—** ਕਰਮੀ—ਭਾਗਾਂ ਨਾਲ । ਕਰਮ (ਮੇਹਰ) ਨਾਲ । (ਦੇਖੋ ਪੰਨਾ ੧੧੯) ।

ਸੰਮਾਲੇਨਿ—[ਸੰਸ:, ਸੁਮਾਰਣੰ=ਯਾਦ ਕਰਨਾ, ਸਿਮਰਨ ਕਰਨਾ] ਸੰਮ੍ਹਾਲਦੇ ਹਨ, ਚਿਤ ਕਰਦੇ ਹਨ, ਸਿਮਰਦੇ ਹਨ ।

ਕੰਟਕੁ—(ਦੇਖੋ ਪੰਨਾ ੧੫੯੨) ਕੰਡਾ । ਮੁਰਾਦ ਹੈ ਦੁਖਦਾਈ (ਚੁਭਣ ਵਾਲਾ , ਵਿਰੋਧੀ ।

ਸਾਧਿਆ—[ਸੰਸ:, ਸਾਧਨੰ=ਕਿਸੇ ਕੰਮ ਨੂੰ ਪੂਰਾ ਕਰ ਲੈਣਾ । ਠੀਕ ਕਰ ਲੈਣਾ] ਠੀਕ ਕਰ ਲਿਆ । ਕਿਸੇ ਅਵੈੜੇ ਨੂੰ ਠੀਕ ਕਰ ਲੈਣਾ । ਰਲਾਧਿਆ—ਰਲ ਜਾਂਦੇ ਹਨ ।

ਫਲਾਧਿਆ—ਫਲ ਪ੍ਰਾਪਤ ਕੀਤਾ ਹੈ ਯਾ ਕਰਦੇ ਹਨ ।

## [ਪਉੜੀ ਤੇਈਵੀਂ]

| ਮੂਲ | ਅਰਥ |
|---|---|
| ਸਲੋਕ ਮਃ ੪ ॥ ਮਨਮੁਖੁ ਪ੍ਰਾਣੀ ਮੁਗਧੁ ਹੈ ਨਾਮ ਹੀਣ ਭਰਮਾਇ ॥ ਬਿਨੁ ਗੁਰ ਮਨੂਆ ਨਾ ਟਿਕੈ ਫਿਰਿ ਫਿਰਿ ਜੂਨੀ ਪਾਇ ॥ ਹਰਿ ਪ੍ਰਭੁ ਆਪਿ ਦਇਆਲ ਹੋਹਿ ਤਾਂ ਸਤਿਗੁਰੁ ਮਿਲਿਆ ਆਇ ॥ ਜਨ ਨਾਨਕ ਨਾਮੁ ਸਲਾਹਿ ਤੂ ਜਨਮ ਮਰਣ ਦੁਖੁ ਜਾਇ ॥ ੧ ॥ | ਮਨਮੁਖ ਆਦਮੀ ਮੂਰਖ ਹੈ ਜੋ ਨਾਮ ਹੀਣਾ ਹੈ (ਇਸ ਕਰਕੇ) ਭਟਕਦਾ ਹੈ । ਗੁਰੂ ਤੋਂ ਬਿਨਾ ਮਨ ਨਹੀਂ ਟਿਕਦਾ (ਸੋ ਮਨਮੁਖ) ਮੁੜ ਮੁੜ ਜੂਨਾਂ ਵਿਚ ਪੈਂਦਾ ਹੈ । (ਉਸ ਉਤੇ ਬੀ ਜੇ) ਹਰੀ ਪ੍ਰਭੂ ਆਪ ਦਿਆਲ ਹੋ ਜਾਵੇ ਤਾਂ (ਉਸ ਨੂੰ ਬੀ) ਸਤਿਗੁਰੂ ਆ ਮਿਲਦਾ ਹੈ । (ਆਖਦੇ ਹਨ) ਦਾਸ ਨਾਨਕ ਜੀ, ਤੂੰ ਨਾਮ ਦੀ ਸਲਾਹੁਤ ਕਰ (ਤਾਂ ਜੋ) ਜਨਮ ਮਰਣ ਦਾ ਦੁਖ ਦੂਰ ਹੋ ਜਾਵੇ ॥ ੧ ॥ |
| ਮਃ ੪ ॥ ਗੁਰੁ ਸਾਲਾਹੀ ਆਪਣਾ ਬਹੁਬਿਧਿ ਰੰਗਿ ਸੁਭਾਇ ॥ ਸਤਿ-ਗੁਰ ਸੇਤੀ ਮਨੁ ਰਤਾ ਰਖਿਆ ਬਣਤ ਬਣਾਇ॥ਜਿਹਵਾ ਸਾਲਾਹਿ ਨ ਰਜਈ ਹਰਿ ਪ੍ਰੀਤਮ ਚਿਤੁ ਲਾਇ ॥ ਨਾਨਕ ਨਾਵੈ ਕੀ ਮਨਿ ਭੁਖ ਹੈ ਮਨੁ ਤ੍ਰਿਪਤੈ ਹਰਿ ਰਸੁ ਖਾਇ ॥ ੨ ॥ | (ਮੈਂ) ਆਪਣੇ ਗੁਰੂ ਨੂੰ ਸਲਾਹੁੰਦਾ ਹਾਂ, ਕਈ ਤਰ੍ਹਾਂ ਦੀ ਸ਼ੁਭ ਭਾਵਨਾ ਨਾਲ* ਪ੍ਰੇਮ ਵਿਚ ਆ ਕੇ । ਸਤਿਗੁਰ ਦੇ ਨਾਲ (ਇਹ) ਮਨ ਰਚਾਈ ਰਖਿਆ ਹੈ (ਕਈ ਤਰ੍ਹਾਂ ਦੀਆਂ) ਸਾਧਨਾ ਕਰ ਕਰਕੇ । (ਜੈਸਾ ਕਿ) ਰਸਨਾ ਨਾਲ (ਉਸ ਨੂੰ ਇੰਨਾਂ) ਸਲਾਹਿਆ ਹੈ (ਕਿ ਰਸਨਾ) ਰਜਦੀ ਹੀ ਨਹੀਂ ਤੇ ਚਿੱਤ ਹਰੀ ਪ੍ਰੀਤਮ ਵਿਚ ਲਾਈ ਰਖਿਆ ਹੈ । (ਫੇਰ) ਹੇ ਨਾਨਕ ! ਮਨ ਵਿਚ ( ਅਜੇ ਬੀ) ਨਾਮ ਦੀ ਭੁੱਖ ਹੈ, ਮਨ ਤ੍ਰਿਪਤ ਤਾਂ ਹੀ ਰਹਿੰਦਾ ਹੈ ਜੇ ਹਰੀ ਰਸ ਨੂੰ ਖਾਂਦਾ ਰਹਿੰਦਾ ਹੈ ॥ ੨ ॥ |

*ਸੁਭਾਇ ਦਾ ਅਰਥ—ਸੁਭਾਵਕ ਹੀ, ਸਹਜ ਸੁਭਾ ਬੀ ਲਾ ਲੈਂਦੇ ਹਨ ।

ਪਉੜੀ ॥ ਸਚੁ ਸਚਾ ਕੁਦਰਤਿ ਜਾਣੀਐ ਦਿਨੁ ਰਾਤੀ ਜਿਨਿ ਬਣਾਈਆ ॥ ਸੋ ਸਚੁ ਸਲਾਹੀ ਸਦਾ ਸਦਾ ਸਚੁ ਸਚੇ ਕੀਆ ਵਡਿਆਈਆ ॥ ਸਾਲਾਹੀ ਸਚੁ ਸਲਾਹ ਸਚੁ ਸਚੁ ਕੀਮਤਿ ਕਿਨੈ ਨ ਪਾਈਆ ॥ ਜਾ ਮਿਲਿਆ ਪੂਰਾ ਸਤਿਗੁਰੂ ਤਾ ਹਾਜਰੁ ਨਦਰੀ ਆਈਆ ॥ ਸਚੁ ਗੁਰਮੁਖਿ ਜਿਨੀ ਸਲਾਹਿਆ ਤਿਨਾ ਭੁਖਾ ਸਭਿ ਗਵਾਈਆ ॥ ੨੩ ॥

ਸਤਯ ਸਰੂਪ ਸੱਚਾ (ਵਾਹਿਗੁਰੂ ਅਪਣੀ) ਕੁਦਰਤ ਤੋਂ ਜਾਣਿਆ ਜਾਂਦਾ ਹੈ ਜਿਸਨੇ (ਅਪਣੇ ਪ੍ਰਬੰਧ ਰਚਕੇ) ਦਿਨ ਤੇ ਰਾਤਾਂ (ਆਦਿ) ਬਣਾਈਆਂ ਹਨ। ਉਸ ਸੱਚ ਨੂੰ ਸਦਾ ਸਦਾ ਸਲਾਹੁੰਦਾ ਹਾਂ (ਹਾਂ ਉਸ) ਸਤਯ ਸਰੂਪ ਸੱਚੇ ਦੀਆਂ ਵਡਿਆਈਆਂ (ਕਰਦਾ ਹਾਂ)। ਓਹ ਸਲਾਹੁਣੇ ਜੋਗ ਸੱਚ ਸਰੂਪ ਹੈ, ਉਸਦੀ ਸਲਾਹ ਸੱਚ ਹੈ, (ਪਰ ਉਸ) ਸਤਯ ਸਰੂਪ ਦੀ ਕੀਮਤ ਕਿਸੇ ਨੇ ਨਹੀਂ ਪਾਈ। (ਪਰ) ਜਦ ਪੂਰਾ ਸਤਿਗੁਰੂ ਮਿਲ ਪਿਆ ਤਾਂ (ਉਹ ਵਡਿਆਈਆਂ) ਪ੍ਰਤਖ (ਹੋ ਕੇ) ਦਿੱਸ ਪਈਆਂ। (ਸੋ) ਜਿਨ੍ਹਾਂ ਨੇ ਗੁਰੂ ਦੁਆਰੇ (ਉਸ) ਸਤਯ ਸਰੂਪ ਨੂੰ ਸਲਾਹਿਆ ਹੈ, ਉਨ੍ਹਾਂ ਨੇ (ਅਪਣੀਆਂ) ਸਾਰੀਆਂ ਭੁੱਖਾਂ ਦੂਰ ਕਰ ਲਈਆਂ ਹਨ ॥ ੨੩ ॥

**ਵਯਾਖਯਾ**–ਪਉੜੀ ਵਿਚ ਦੱਸਿਆ ਹੈ ਕਿ ਕਰਤਾਰ, ਜੋ ਸਤਯ ਸਰੂਪ ਹੈ, ਜੇ ਇਨ੍ਹਾਂ ਸਰੀਰਕ ਅੱਖਾਂ ਨਾਲ ਨਹੀਂ ਦਿੱਸਦਾ ਤਾਂ ਉਸ ਦੀ ਕੁਦਰਤ ਵਿਚੋਂ ਉਸ ਨੂੰ ਵੇਖ ਲਓ। ਇਕੋ ਗਲ ਲਓ: ਦਿਨ ਰਾਤ ਦੀ ਖੇਲ ਕਿ ਇਸ ਦੇ ਪਿਛੇ ਸੂਰਜ, ਉਸ ਦੀ ਆਪਣੀ ਤੇਜ਼ ਤੇ ਚਾਨਣੇ ਵਾਲੀ ਹਾਲਤ, ਉਸ ਦੇ ਉਦਾਲੇ ਧਰਤੀ ਦੀ ਘੁੰਮਣ ਕਿਸੇ ਵਿਉਂਤ ਸਿਰ ਚਲ ਰਹੀ ਹੈ ਕਿ ਜਿਸ ਤੋਂ ਦਿਨ ਰਾਤ ਬਣੇ ਹਨ ਤੇ ਪ੍ਰਾਣਧਾਰੀਆਂ ਨੂੰ ਕੰਮ ਕਰਨ ਤੇ ਫੇਰ ਆਰਾਮ ਦਾ ਅਵਸਰ ਮਿਲਦਾ ਹੈ। ਇਸ ਤਰ੍ਹਾਂ ਸਾਰੀ ਕੁਦਰਤ ਵਿਚ ਉਸ ਕਰਤਾਰ ਦੇ ਜਲਵੇ ਦਿੱਸ ਪੈਂਦੇ ਹਨ। ਆਦਿ ਗੁਰੂ ਜੀ ਨੇ ਫੁਰਮਾਇਆ ਹੈ:- ਕਰਤੇ ਕੁਦਰਤੀ ਮੁਸਤਾਕੁ ॥ [ਤਿਲੰਗ ਮਃ ੫–

ਸੋ ਕੁਦਰਤ ਤੱਕਕੇ ਕਾਦਰ ਦੀ ਸਿਫਤ ਕਰੇ।

ਉਸ ਦੀ ਸਿਫਤ ਸਲਾਹ ਦਾ ਫਲ ਦੱਸਕੇ ਫੇਰ ਦੱਸਦੇ ਹਨ ਕਿ ਇਹ ਸ਼ੈ ਗੁਰੂ ਤੋਂ ਮਿਲਦੀ ਹੈ ਤੇ ਉਸ ਦੇ ਰਸਤੇ ਪਾਉਣ ਨਾਲ ਕਰਤੇ ਦੀਆਂ ਵਡਿਆਈਆਂ ਪ੍ਰਤੱਖ ਹੋ ਜਾਂਦੀਆਂ ਹਨ।

ਇਸ ਮੂਜਬ ਪਹਿਲੇ ਸ਼ਲੋਕ ਵਿਚ ਗੁਰੂ ਤੋਂ ਨਾ ਵਰੋਸਾਏ ਜਾਕੇ ਮਨਮੁਖ ਰਹਿਣ ਵਾਲੇ ਨਾਮ ਹੀਣ ਪੁਰਖ ਨੂੰ ਮੂਰਖ ਰਹਿੰਦਾ ਦੱਸਿਆ ਹੈ ਜੋ ਕਰਤਾ ਪੁਰਖ ਦੇ ਗੁਣਾਨੁਵਾਦ ਵਿਚ ਨਹੀਂ ਆਉਂਦਾ।

ਫਿਰ ਦੂਸਰੇ ਸ਼ਲੋਕ ਵਿਚ ਆਪਣੇ ਸਤਿਗੁਰੂ ਦੀ ਮਹਿਮਾ ਕੀਤੀ ਹੈ, ਜਿਸ ਦੀ ਮੇਹਰ ਨਾਲ ਸੁਖ ਮਿਲਿਆ ਹੈ। ਉਸ ਦੀ ਮਹਿਮਾ ਪ੍ਰੇਮ ਨਾਲ ਕਰਨੀ ਦੱਸੀ ਹੈ ਸ਼ੁਭ ਭਾਵਨਾ ਨਾਲ। ਮਨ ਡੋਲਦਾ ਤੇ ਧਾਂਵਦਾ ਹੈ, ਇਸ ਨੂੰ ਫੇਰ ਬਿਧਾਂ ਨਾਲ ਯਾ ਸਾਧਨਾਂ ਨਾਲ ਫੜ ਫੜਕੇ ਰੋਕੀਦਾ ਹੈ ਤੇ ਨਾਮ ਅਰ ਸਿਫਤ ਸਲਾਹ ਵਿਚ ਰੱਖੀਦਾ ਹੈ। ਉਹ ਬਣਤ ਯਾ ਵਿਧੀ ਫੇਰ ਦੱਸੀ ਹੈ ਕਿ ਰਸਨਾ ਨਾਲ ਸਿਫਤ ਗਾਵੋ, ਸਲਾਹੁਤ ਕਰੇ, ਨਾਮ ਜਪੇ, ਮਨ ਨੂੰ ਉਸ ਵਿਚ ਮੋੜ ਮੋੜਕੇ ਲਾਈ ਰਖੇ। ਮਨ ਨੂੰ ਨਾਮ ਦੀ ਭੁੱਖ ਲਗੀ ਹੀ ਰਹੇ, ਤੇ ਇਹ ਭੁੱਖ ਹਰੀ ਰਸ ਨਾਲ, ਜੋ ਨਾਮ ਤੋਂ ਪ੍ਰਾਪਤ ਹੁੰਦਾ ਹੈ, ਤ੍ਰਿਪਤ ਹੁੰਦੀ ਹੈ।

**ਨਿਰੁਕ੍ਤ**–ਮੁਗਧੁ–(ਵੇਖੋ ਪੰਨਾ ੧੫੭੬) ਮੂਰਖ।

ਭਟਮਾਇ–(ਵੇਖੋ 'ਭਰਮੇ' ਪੰਨਾ ੩੧੨) ਫਿਰਦਾ ਹੈ, ਭਟਕਦਾ ਹੈ।

ਰੰਗਿ–[ਸੰਸ:, ਧਾਤੂ–ਰੰਜ੍=ਰੰਗਣਾਂ, ਲਾਲ ਹੋ ਜਾਣਾ, ਪਿਆਰ ਵਿਚ ਫਸ ਜਾਣਾ, ਖੁਸ਼ ਹੋਣਾ] ਪ੍ਰੇਮ ਨਾਲ।

ਸੁਭਾਇ–ਸ਼ੁਭ ਭਾਵਨਾ ਵਿਚ। (ਅ) ਸੁਭਾਵਕ ਅਰਥ ਬੀ ਕਰਦੇ ਹਨ।
ਹਾਜਰੁ–[ਅ:, ਹਾਜ਼ਿਰ=ਮੌਜੂਦ] ਸਾਹਮਣੇ, ਪ੍ਰਤੱਖ।

[ਪਉੜੀ ਚਉਵੀਵੀਂ]

| ਮੂਲ | ਅਰਥ |
|---|---|
| ਸਲੋਕ ਮਃ ੪ ॥ ਮੈ ਮਨੁ ਤਨੁ ਖੋਜਿ ਖੋਜੇਦਿਆ ਸੋ ਪ੍ਰਭੁ ਲਧਾ ਲੋੜਿ ॥ ਵਿਸਟੁ ਗੁਰੂ ਮੈ ਪਾਇਆ ਜਿਨਿ ਹਰਿ ਪ੍ਰਭੁ ਦਿਤਾ ਜੋੜਿ ॥੧॥ | ਮੈਂ ਮਨ ਨੂੰ ਤਨ ਨੂੰ ਖੋਜਦਿਆਂ ਖੋਜਦਿਆਂ ਉਹ ਪ੍ਰਭੂ ਢੂੰਡ ਕੇ ਲੱਭ ਹੀ ਲਿਆ। (ਪਰੰਤੂ) ਮੈਂ ਵਿਚ ਗੁਰੂ ਨੂੰ ਵਿਚੋਲਾ ਪਾਇਆ ਸੀ ਜਿਸ ਨੇ ਹਰੀ ਪ੍ਰਭੂ ਨੂੰ ਮਿਲਾ ਦਿੱਤਾ ॥ ੧ ॥ |
| ਮਃ ੩ ॥ ਮਾਇਆਧਾਰੀ ਅਤਿ ਅੰਨਾ ਬੋਲਾ ॥ ਸਬਦੁ ਨ ਸੁਣਈ ਬਹੁ ਰੋਲ ਘਚੋਲਾ ॥ ਗੁਰਮੁਖਿ ਜਾਪੈ ਸਬਦਿ ਲਿਵਲਾਇ ॥ ਹਰਿ ਨਾਮੁ ਸੁਣਿ ਮੰਨੇ ਹਰਿ ਨਾਮਿ ਸਮਾਇ ॥ ਜੋ ਤਿਸੁ ਭਾਵੈ ਸੁ ਕਰੇ ਕਰਾਇਆ ॥ ਨਾਨਕ ਵਜਦਾ ਜੰਤੁ ਵਜਾਇਆ ॥ ੨ ॥ | ਮਾਇਆ ਧਾਰੀ ਅਤਿ ਅੰਨ੍ਹਾ ਤੇ ਬੋਲਾ ਹੁੰਦਾ ਹੈ। ਉਹ ਸ਼ਬਦ ਨੂੰ ਨਹੀਂ ਸੁਣਦਾ ਹੁੰਦਾ, (ਕਿਉਂਕਿ ਉਸਦੇ ਮਨ ਵਿਚ ਮਾਇਆ ਸੰਬੰਧੀ ਸੰਕਲਪਾਂ ਵਿਕਲਪਾਂ ਦਾ) ਬਹੁਤਾ ਰੌਲਾ ਰੱਪਾ (ਪਿਆ)ਰਹਿੰਦਾ ਹੈ। (ਇਹ ਰੌਲਾ ਉਸ ਨੂੰ ਸ਼ਬਦ ਸੁਣਨ ਨਹੀਂ ਦੇਂਦਾ, ਸ਼ਬਦ ਨਾ ਸੁਣਨ ਕਰਕੇ ਨਾਮ ਨਹੀਂ ਜਪਦਾ, ਨਾਂ ਜਪਣ ਕਰਕੇ ਗਯਾਨ ਨੇਤ੍ਰ ਨਹੀਂ ਖੁਲ੍ਹਦੇ। ਪਰ) ਗੁਰਮੁਖ (ਐਉਂ) ਸਿਵਾਣਿਆ ਜਾਂਦਾ ਹੈ ਕਿ ਉਹ ਸ਼ਬਦ ਵਿਚ ਲਿਵ ਲਾਈ ਰਖਦਾ ਹੈ। ਹਰੀ ਦੇ ਨਾਮ ਨੂੰ (ਸੁਣਦਾ ਹੈ) ਸੁਣਕੇ ਮੰਨਦਾ ਹੈ ਤੇ ਹਰੀ ਨਾਮ ਦੁਆਰਾ ਸਮਾ ਜਾਂਦਾ ਹੈ(ਹਰੀ ਵਿਚ, ਫਿਰ ਉਸ ਦੀ ਅਵਸਥਾ ਹੁਕਮ ਵਿਚ ਹੋ ਜਾਂਦੀ ਹੈ, ਕਿਉਂਕਿ) ਜੋ ਕੁਛ ਉਸ (ਪ੍ਰਭੂ) ਨੂੰ ਭਾਉਂਦਾ ਹੈ ਉਹ ਉਸਦਾ ਕਰਾਇਆ (ਸਭੋ ਕੁਛ) ਕਰਦਾ ਹੈ। ਹੇ ਨਾਨਕ ! ਉਹ ਜੰਤ ਵਾਜੇ ਵਾਙੂ (ਹਰੀ ਦਾ) ਵਜਾਇਆ ਵਜਦਾ ਹੈ ॥ ੨ ॥ |
| ਪਉੜੀ ॥ ਤੂ ਕਰਤਾ ਸਭੁ ਕਿਛੁ ਜਾਣਦਾ ਜੋ ਜੀਆ ਅੰਦਰਿ ਵਰਤੈ ॥ ਤੂ ਕਰਤਾ ਆਪਿ ਅਗਣਤੁ ਹੈ ਸਭੁ ਜਗੁ ਵਿਚਿ ਗਣਤੈ ॥ ਸਭੁ ਕੀਤਾ ਤੇਰਾ ਵਰਤਦਾ ਸਭ ਤੇਰੀ ਬਣਤੈ ॥ ਤੂ ਘਟਿ ਘਟਿ ਇਕੁ ਵਰਤਦਾ ਸਚੁ ਸਾਹਿਬ ਚਲਤੈ ॥ ਸਤਿਗੁਰ ਨੋ ਮਿਲੇ ਸੁ ਹਰਿ ਮਿਲੇ ਨਾਹੀ ਕਿਸੈ ਪਰਤੈ ॥ ੨੪ ॥ | ਹੇ ਕਰਤਾਰ ! ਜੋ ਕੁਛ ਜੀਵਾਂ ਦੇ ਅੰਦਰ ਵਰਤਦਾ ਹੈ ਤੂੰ ਸਭੋ ਜਾਣਦਾ ਹੈਂ। ਹੇ ਕਰਤਾਰ ! ਤੂੰ ਆਪ ਗੇਣਤੀ (ਹੱਦ) ਤੋਂ ਬਾਹਰ ਹੈਂ (ਪਰ) ਸਾਰਾ ਜਗਤ ਗੇਣਤੀ ਵਿਚ ਹੈ। ਸਭ ਤੇਰਾ ਕੀਤਾ (ਜਗਤ ਵਿਚ) ਹੋ ਰਿਹਾ ਹੈ ਤੇ ਸਭ ਕੁਛ ਤੇਰੀ ਬਣਤਰ ਵਿਚ ਹੈ, ਤੂੰ ਇਕ ਹੈਂ ਪਰ ਹਰ ਘਟ ਵਿਚ (ਤੂੰਹੇਂ) ਵਰਤ ਰਿਹਾ ਹੈਂ (ਇਹ ਇਕ ਤੇ ਅਨੇਕਤਾ) ਹੇ ਸੱਚੇ ਸਾਹਿਬਾ ! (ਤੇਰੇ) ਚੋਜ ਹਨ ! ਜੋ ਸਤਿਗੁਰੂ ਨੂੰ ਮਿਲੇ ਹਨ ਸੋ ਹਰੀ ਨੂੰ ਮਿਲੇ ਹਨ, (ਓਹ) ਕਿਸੇ (ਹੋਰ ਦੇ ਆਸਰੇ) ਪਰਨੇ ਨਾਲ ਨਹੀਂ ਮਿਲੇ ॥ ੨੪ ॥ |

**ਵਯਾਖਯਾ**–ਪਉੜੀ ਵਿਚ ਵਾਹਿਗੁਰੂ ਅਗੇ ਅਰਦਾਸ ਹੈ, ਜਿਸ ਵਿਚ ਉਸ ਦੇ ਖੇਲ ਤੇ ਚੋਜਾਂ ਵਿਚ ਸਨਮੁਖ ਸਤੁਤੀ ਕੀਤੀ ਹੈ। ਉਸ ਨੂੰ ਕਰਤਾ, ਸਭ ਦੇ ਦਿਲ ਦੀ ਜਾਣਦਾ, ਸਭ ਵਿਚ ਵਰਤਦਾ, ਵਯਾਪਕ ਹੁੰਦਾ ਦੱਸਕੇ ਫੇਰ ਇਕ ਦਾ ਇਕੋ ਦੱਸਿਆ ਤੇ ਉਸ ਦੇ ਮਿਲਣੇ ਦਾ ਵਸੀਲਾ

ਸਤਿਗੁਰੂ ਦੱਸਿਆ। ਇਸੇ ਕਰਕੇ ਪਹਿਲਾ ਸਲੋਕ ਇਹੋ ਭਾਵ ਦ੍ਰਿੜ ਕਰਾਉਣ ਵਾਲਾ ਆਇਆ ਹੈ ਕਿ ਮੈਂ ਹਰੀ ਨੂੰ ਅੰਦਰੋਂ ਹੀ ਲੱਭ ਲਿਆ ਹੈ, ਪਰ ਲੱਭਾ ਗੁਰੂ ਦੀ ਮਦਦ ਨਾਲ ਹੈ। ਹੁਣ ਪ੍ਰਸ਼ਨ ਹੁੰਦਾ ਹੈ ਕਿ ਆਮ ਮਾਇਆਧਾਰੀ ਲੋਕ ਕਿਉਂ ਮਨ ਤਨ ਵਿਚੋਂ ਨਹੀਂ ਲੱਭ ਲੈਂਦੇ? ਇਸ ਪਰਥਾਇ ਦੂਜਾ ਸਲੋਕ ਹੈ, ਕਿ ਮਾਇਆਧਾਰੀ ਦੇ ਅੰਦਰ ਮਾਇਆ ਸੰਬੰਧੀ ਸੰਕਲਪਾਂ ਵਿਕਲਪਾਂ ਦਾ ਰੌਲਾ ਪਿਆ ਰਹਿੰਦਾ ਹੈ। ਉਸ ਰੌਲੇ ਵਿਚ ਉਹ ਗੁਰੂ ਦਾ ਸ਼ਬਦ ਨਹੀਂ ਸੁਣਦਾ। ਸੁਣੇ ਤਾਂ ਮੰਨੇ, ਮੰਨੇ ਤਾਂ ਗਿਆਨ ਉਪਜੇ, ਫੇਰ ਅੰਦਰੋਂ ਲਖ ਲਵੇ ਕਿ ਕਰਤਾ ਤਾਂ ਘਟ ਘਟ ਵਿਚ ਹੈ। ਜੋ ਸੁਣ ਲੈਂਦਾ ਹੈ ਉਹ ਗੁਰਮੁਖ ਹੋ ਜਾਂਦਾ ਹੈ। ਗੁਰਮੁਖ ਹਰੀ ਨਾਮ ਨੂੰ ਸੁਣਦਾ ਮੰਨਦਾ ਲਿਵਧਾਰੀ ਹੋਕੇ ਨਾਮੀ ਵਿਚ ਸਮਾਈ ਪ੍ਰਾਪਤ ਕਰਦਾ ਹੈ, ਫੇਰ ਉਹ ਜਦ ਤਕ ਜੀਉਂਦਾ ਹੈ ਰਜ਼ਾ ਨਾਲ ਇਕ ਸੁਰ ਹੋਇਆ ਜੀਉਂਦਾ ਹੈ, ਉਹ ਇਹ ਸਮਝਦਾ ਹੈ ਕਿ 'ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥' [ਬਿਲਾ: ਮ: ੫–੧੧੭]। ਉਹ ਜੀਵ ਵਾਜੇ ਵਾਂਙੂ ਵਾਹਿਗੁਰੂ ਦੇ ਹਥਾਂ ਵਿਚ ਆਪ ਨੂੰ ਪ੍ਰਤੀਤ ਕਰਦਾ ਹੈ, ਜੋ ਉਹ ਕਰਦਾ ਹੈ ਸਮਝਦਾ ਹੈ ਕਿ ਮੈਂ ਉਸ ਦਾ ਕਰਾਇਆ ਕਰ ਰਿਹਾ ਹਾਂ। ਭਾਵੇਂ ਕਿ ਉਹ ਹੁਕਮ ਨੂੰ ਬੁੱਝਕੇ ਹੁਕਮੀ ਕਾਰ ਕਰਦਾ ਹੈ, ਆਪਾ ਨਿਰਵਾਰ ਹੋ ਜਾਂਦਾ ਹੈ।

**ਨਿਰੁਕ੍ਤ**–ਲੋੜਿ–[ਸੰਸ:, ਲੋਲੰ=ਚਾਹੁਣਾ, ਇੱਛਾ ਕਰਨੀ। ਲਹਿੰਦਾ ਪੰ:, ਲੋੜਨਾ= ਲੱਭਣਾ। ਤਲਾਸ਼ ਕਰਨੀ] ਢੂੰਡਕੇ।

ਵਿਸਟੁ–[ਸੰਸ:, ਅਵਿਸ੍ਰਿਸ਼੍ਟ=ਭੇਜਿਆ ਹੋਇਆ ਦੂਤ। ਪ੍ਰਾ: ਅਵਿਸਿਠ। ਪੁ: ਪੰ:, ਵਸਿਠ, ਬਸੀਠ] ਵਿਚੋਲਾ, ਵਕੀਲ। (ਅ [ਸੰਸ:, ਵਿਸ਼੍ਣੁ] ਵਿਆਪਕ।

ਟੋਲ ਘਚੋਲਾ–ਰੌਲਾ ਰੱਪਾ। ਸ਼ੋਰ।

ਜੰਤੁ–[ਸੰਸ:, ਜੰਤੁ:=ਜੀਵ, ਪ੍ਰਾਣਧਾਰੀ] ਜੀਵ, (ਅ) ਵਾਜਾ। ਦੁਇ ਅਰਥ ਇਥੇ ਲਗਦੇ ਹਨ। ਉਹ ਜੰਤੁ (=ਜੀਵ), ਜੰਤੁ (ਵਾਜੇ ਵਾਂਙੂ) ਵਜਾਇਆ ਵਜਦਾ ਹੈ।

[ਪਉੜੀ ਪੰਝੀਵੀਂ]

| ਮੂਲ | ਅਰਥ |
|---|---|
| ਸਲੋਕੁ ਮਃ ੪ ॥ ਇਹੁ ਮਨੂਆ ਦ੍ਰਿੜੁ ਕਰਿ ਰਖੀਐ ਗੁਰਮੁਖਿ ਲਾਈਐ ਚਿਤੁ ॥ ਕਿਉ ਸਾਸਿ ਗਿਰਾਸਿ ਵਿਸਾਰੀਐ ਬਹਦਿਆ ਉਠਦਿਆ ਨਿਤ ॥ ਮਰਣ ਜੀਵਣ ਕੀ ਚਿੰਤਾ ਗਈ ਇਹੁ ਜੀਅੜਾ ਹਰਿ ਪ੍ਰਭ ਵਸਿ ॥ ਜਿਉ ਭਾਵੈ ਤਿਉ ਰਖੁ ਤੂ ਜਨ ਨਾਨਕ ਨਾਮੁ ਬਖਸਿ ॥ ੧ ॥ | ਇਸ (ਅਪਣੇ) ਮਨ ਨੂੰ (ਧਾਵਨ ਤੋਂ ਰੋਕ ਕੇ ਅਪਣੇ) ਵੱਸ ਵਿਚ ਰਖੀਏ ਤੇ ਚਿਤ ਨੂੰ ਗੁਰਮੁਖ ਵਿਚ ਲਾਈ ਰੱਖੀਏ। ਹਰ ਸਾਸ(ਲੈਂਦਿਆਂ,ਹਰ) ਗ੍ਰਾਹੀ (ਖਾਂਦਿਆਂ),ਤੇ ਸਦਾ ਬਹਿੰਦਿਆਂ ਉਠਦਿਆਂ (ਉਸ ਨੂੰ) ਕਦੇ ਨਾ ਭੁਲਾਈਏ। (ਇਉਂ ਕਰਦਿਆਂ) ਮਰਣ ਜੀਉਣ ਦਾ ਫਿਕਰ ਦੂਰ ਹੋ ਗਿਆ ਹੈ (ਕਿਉਂਕਿ) ਇਹ ਜੀਵ ਹਰੀ ਪ੍ਰਭੂ ਦੇ ਵੱਸ ਵਿਚ (ਦਿੱਸ ਪਿਆ ਹੈ। ਹੁਣ ਇਹ ਅਰਦਾਸ ਹੈ ਕਿ) ਜਿਵੇਂ ਤੈਨੂੰ ਭਾਵੇ ਤਿਵੇਂ (ਸਾਨੂੰ) ਰੱਖ (ਪਰ) ਨਾਮ ਬਖਸ਼ੀ ਰੱਖ (ਇਸ ਨਾਲ ਵਿੱਥ ਨਾ ਪਵੇ। ਬਿਨੈ ਕਰਦੇ ਹਨ ਸ੍ਰੀ ਗੁਰੂ) ਨਾਨਕ (ਦੇਵ ਜੀ) ॥ ੧ ॥ |
| ਮਃ ੩॥ ਮਨਮੁਖੁ ਅਹੰਕਾਰੀ ਮਹਲੁ ਨ ਜਾਣੈ ਖਿਨੁ ਆਗੈ ਖਿਨੁ ਪੀਛੈ ॥ | ਹੰਕਾਰ ਭਰਿਆ ਮਨਮੁਖ (ਅਸਲ ਟਿਕਾਣੇ ਭਾਵ) ਸਤਿਸੰਗ ਨੂੰ ਨਹੀਂ ਪਛਾਣਦਾ (ਭਾਵ ਕਦਰ ਨਹੀਂ ਕਰਦਾ) ਪਲ ਵਿਚ ਅੱਗੇ ਪਲ ਵਿਚ ਪਿਛੇ (ਭਾਵ ਹੋਰਥੇ ਹੋਰਥੇ ਭਟਕਦਾ ਫਿਰਦਾ) |

ਸਦਾ ਬੁਲਾਈਐ ਮਹਲਿ ਨ ਆਵੈ ਕਿਉ ਕਰਿ ਦਰਗਹ ਸੀਝੈ॥ ਸਤਿਗੁਰ ਕਾ ਮਹਲੁ ਵਿਰਲਾ ਜਾਣੈ ਸਦਾ ਰਹੈ ਕਰ ਜੋੜਿ ॥ ਆਪਣੀ ਕ੍ਰਿਪਾ ਕਰੇ ਹਰਿ ਮੇਰਾ ਨਾਨਕ ਲਏ ਬਹੋੜਿ ॥ ੨ ॥

ਹੈ। ਸਦਾ (ਉਹ) ਬੁਲਾਇਆ ਜਾਂਦਾ ਹੈ (ਪਰ)ਸਤਿਸੰਗ ਵਿਚ ਨਹੀਂ ਆਉਂਦਾ (ਉਹ) ਦਰਗਾਹ ਵਿਚ ਕੀਕੂੰ ਸਿਝੇਗਾ। ਸਤਿਗੁਰ ਦਾ ਸਤਿਸੰਗ (ਰੂਪ ਮਹਲ ਤੇ ਉਸ ਦੀ ਕਦਰ) ਕੋਈ ਵਿਰਲਾ ਪਛਾਣਦਾ ਹੈ, (ਜੋ ਜਾਣ ਲੈਂਦਾ ਹੈ ਉਹ ਫੇਰ) ਸਦਾ ਹੱਥ ਜੋੜੇ (ਅਰਥਾਤ ਅਦਬ ਵਿਚ) ਰਹਿੰਦਾ ਹੈ। (ਉਸ ਉੱਤੇ) ਮੇਰਾ ਹਰੀ ਅਪਣੀ ਕਿਰਪਾ ਕਰਦਾ ਹੈ, ਹੇ ਨਾਨਕ! (ਉਸ ਨੂੰ ਉਹ ਮਾਯਾ ਪ੍ਰੇਮ ਵਲੋਂ) ਮੋੜ ਕੇ (ਅਪਣੇ ਵਿਚ ਲਾ) ਲੈਂਦਾ ਹੈ ॥ ੨ ॥

ਪਉੜੀ ॥ ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ ॥ ਜਾ ਸਤਿਗੁਰ ਕਾ ਮਨੁ ਮੰਨਿਆ ਤਾ ਪਾਪ ਕਸੰਮਲ ਭੰਨੇ ॥ ਉਪਦੇਸੁ ਜਿ ਦਿਤਾ ਸਤਿਗੁਰੂ ਸੋ ਸੁਣਿਆ ਸਿਖੀ ਕੰਨੇ ॥ ਜਿਨ ਸਤਿਗੁਰ ਕਾ ਭਾਣਾ ਮੰਨਿਆ ਤਿਨ ਚੜੀ ਚਵਗਣਿ ਵੰਨੇ ॥ ਇਹ ਚਾਲ ਨਿਰਾਲੀ ਗੁਰਮੁਖੀ ਗੁਰ ਦੀਖਿਆ ਸੁਣਿ ਮਨੁ ਭਿੰਨੇ ॥ ੨੫ ॥

ਸੇਵਾ ਕਰਨੀ ਉਹ ਸਫਲੀ ਹੈ ਜਿਸ ਨਾਲ ਸਤਿਗੁਰਾਂ ਦਾ ਮਨ ਪ੍ਰਸੰਨ ਹੋ ਜਾਵੇ। ਜਦੋਂ ਸਤਿਗੁਰੂ ਦਾ ਮਨ ਪ੍ਰਸੰਨ ਹੋ ਜਾਂਦਾ ਹੈ ਤਾਂ ਪਾਪ ਤੇ ਭਾਰੀ ਪਾਪ ਸਾਰੇ ਤ੍ਰੁਟ ਜਾਂਦੇ ਹਨ। ਸਤਿਗੁਰੂ ਨੇ ਜੋ ਉਪਦੇਸ਼ ਦਿੱਤਾ ਹੈ ਉਹ (ਸਾਰੀ) ਸਿੱਖੀ ਨੇ ਕੰਨਾਂ ਨਾਲ ਸੁਣ ਤਾਂ) ਲਿਆ ਹੈ, (ਪਰ) ਜਿਨ੍ਹਾਂ ਨੇ ਸਤਿਗੁਰੂ ਦਾ ਭਾਣਾ ਮੰਨ ਲਿਆ ਹੈ ਉਨ੍ਹਾਂ ਨੂੰ ਚੌਗੁਣੀ ਰੰਗਤ ਚੜ੍ਹ ਗਈ ਹੈ। ਗੁਰਮੁਖਾਂ ਦੀ ਇਹ ਚਾਲ ਨਿਰਾਲੀ ਹੈ ਕਿ ਗੁਰੂ ਦੀ ਦੀਖਿਆ ਸੁਣ ਕੇ (ਉਨ੍ਹਾਂ ਦਾ) ਮਨ ਦ੍ਰਵ ਜਾਂਦਾ ਹੈ। (ਦ੍ਰਵੇ ਮਨ ਵਿਚ ਦੀਖਿਆ ਦਾ ਨਿਵਾਸ ਛੇਤੀ ਹੋ ਜਾਂਦਾ ਹੈ, ਜਿਵੇਂ ਪੰਘਰੀ ਲਾਖ ਵਿਚ ਮੋਹਰ ਦੀ ਛਾਪ ਠੀਕ ਲਗਦੀ ਹੈ) ।੨੫॥

**ਵ੍ਯਾਖ੍ਯਾ—** ਪਉੜੀ ਵਿਚ ਸਤਿਗੁਰੂ ਦੀ ਸੇਵਾ ਦਾ ਜ਼ਿਕਰ ਹੈ, ਜੋ ਪਿੱਛੇ ਬੀ ਕਰਦੇ ਆਏ ਹਨ। ਏਥੇ ਫੁਰਮਾਉਂਦ ਹਨ ਕਿ ਆਪਣੇ ਮਨ ਦੇ ਅੰਦਾਜ਼ ਦੀ ਸੇਵਾ ਨਹੀਂ, ਪਰ ਉਹ ਜੋ ਗੁਰੂ ਨੂੰ ਭਾਵੇ ਸੋ ਸੇਵਾ ਸਫਲੀ ਹੁੰਦੀ ਹੈ। ਫੇਰ ਗੁਰ ਉਪਦੇਸ਼ ਦਾ ਜ਼ਿਕਰ ਹੈ। ਇਥੇ ਵਿਸ਼ੇਸ਼ ਗੱਲ ਇਹ ਦੱਸਦੇ ਹਨ ਕਿ ਉਪਦੇਸ਼ ਸੁਣਕੇ ਜੋ ਸਤਿਗੁਰੂ ਦਾ ਭਾਵ ਹੈ ਉਸ ਦਾ ਮੰਨਣ ਕਰੇ ਤਦ ਚੌਣੀ ਰੰਗਤ ਚੜ੍ਹਦੀ ਹੈ। ਭਾਵ ਸਿਮਰਨ ਨੂੰ ਭਾਗ ਲਗਦਾ ਹੈ। ਇਸ ਸਲੋਕ ਵਿਚ ਪਹਿਲਾਂ ਗੁਰੂ ਕੇ ਉਪਦੇਸ਼ ਦਾ ਜ਼ਿਕਰ ਹੈ, ਇਹ ਗੁਰੂ ਕੀ ਸਿਖਿਆ ਯਾ ਹਿਦਾਇਤ ਹੈ। ਅਖੀਰਲੀ ਤੁਕ ਵਿਚ 'ਗੁਰਦੀਖਿਆ' ਪਦ ਵਰਤਿਆ ਹੈ, ਇਸ ਤੋਂ ਮੁਰਾਦ ਗੁਰ ਉਪਦੇਸ਼ ਯਾ ਸਿਖਿਆ ਨਹੀਂ, ਪਰ ਉਹ ਨਾਮ ਜੋ ਗੁਰੂ ਜੀ ਨੇ ਸਿਮਰਨ ਲਈ ਦੇਕੇ ਆਪਣੇ ਬੇੜੇ ਚਾੜ੍ਹਿਆ ਹੈ, ਜਿਸ ਦੇ ਜਪ ਸਿਮਰਨ ਦੀ ਘਾਲ ਕਰਨੀ ਹੈ।

ਦੂਸਰੇ ਸਲੋਕ ਵਿਚ ਮਨਮੁਖ ਦਾ ਜ਼ਿਕਰ ਹੈ ਜੋ ਗੁਰਦੀਖਿਆ ਵਿਹੂਣਾ ਹੈ, ਸਤਿਸੰਗ ਤੋਂ ਵਾਂਝਿਆ ਹੈ। ਸਲੋਕ ਦੇ ਦੂਜੇ ਹਿੱਸੇ ਵਿਚ ਇਕ ਮਨਮੁਖ ਦੇ ਟਾਕਰੇ ਤੇ ਗੁਰਮੁਖ ਦਾ ਵੇਰਵਾ ਹੈ। ਇਸ ਸਲੋਕ ਵਿਚ ਪਦ 'ਮਹਲ' ਵਰਤਿਆ ਹੈ। 'ਮਹਲ' ਦਾ ਅਰਥ ਹੈ ਟਿਕਾਣਾ, ਠਹਿਰਨੇ ਦਾ ਥਾਉਂ। ਗੁਰਬਾਣੀ ਵਿਚ ਇਹ ਸ਼ਬਦ 'ਸਤਿਗੁਰੂ' ਅਰਥਾਂ ਵਿਚ ਬੀ ਹੈ ਤੇ 'ਸਰੂਪ' ਦੇ ਅਰਥਾਂ ਵਿਚ ਵੀ ਹੈ, ਅਕਸਰ 'ਵਾਹਿਗੁਰੂ ਦਾ ਸਰੂਪ' ਅਰਥ ਦੇਂਦਾ ਹੈ। ਪਰ ਏਥੇ ਟਿਕਾਣਾ ਭਾਵ ਲੋਕ ਦਾਨੇ ਸਤਿਸੰਗ ਅਰਥ ਕਰਦੇ ਆਏ ਹਨ, ਕਿਉਂਕਿ ਪਦ 'ਸਤਿਗੁਰ ਕਾ ਮਹਲੁ' ਤੇ 'ਮਹਲਿ ਬੁਲਾਈਐ' ਆਦਿ ਸ਼ਬਦਾਂ ਤੋਂ ਅਰਥਾਂ ਦਾ ਰੌਂ 'ਸਤਿਸੰਗ' ਵਲ ਵਧੇਰੇ ਢੁਕਦਾ ਹੈ। ਇਉਂ ਸਲੋਕ ਪਉੜੀ ਦੇ ਪ੍ਰਮਾਣ ਲਈ ਵਰਤੇ ਗਏ ਸਹੀ ਹੁੰਦੇ ਹਨ।

**ਨਿਰਕ੍**-ਦ੍ਰਿੜੁ ਕਰਿ-[ਸੰਸ:, ਦ੍ਰਿਢ=ਮਜ਼ਬੂਤ, ਅਚਲ] ਪੱਕਾ ਕਰਕੇ । ਭਾਵ ਹੈ ਟਿਕਾਕੇ। ਇਕ ਪਾਸੇ ਲਾਕੇ। ਧਾਵਨੋ ਰੋਕਣ ਨੂੰ ਦ੍ਰਿੜ ਕਰਨਾ ਕਹਿੰਦੇ ਹਨ।

ਨਿਤ-ਸਦਾ, 'ਕਦੇ ਨਾ' ਭੁੱਲਣਾ, ਸਦਾ ਲਗੇ ਰਹਿਣਾ ਹੈ।

ਮਹਲੁ-[ਅ:, ਮਹੱਲ] ਉਤਰਨੇ ਦਾ ਥਾਂ, ਠਹਿਰਨੇ ਦਾ ਥਾਂ । ਟਿਕਾਣਾ। ਸਰੂਪ, ਵਾਹਿਗੁਰੂ ਸਰੂਪ, ਸਤਿਸੰਗ ।

ਬੁਲਾਈਐ-ਬੁਲਾਇਆ ਜਾਂਦਾ ਹੈ। ਭਾਵ ਹੈ ਉਨ੍ਹਾਂ ਮੌਕਿਆਂ ਤੋਂ, ਜਦੋਂ ਮਨਮੁਖ ਤੇ ਮਾਇਆਧਾਰੀ ਦੁਖਾਂ ਵਿਚ ਪੈਂਦ ਹਨ। ਮਰਨੇ, ਬੀਮਾਰੀਆਂ, ਘਾਟੇ ਆਦਿ ਵੇਖਦੇ ਹਨ, ਤਦੋਂ ਮਾਨੋ ਕੁਦਰਤ ਯਾ ਕਾਦਰ ਸੁਤੇ ਪਏ ਨੂੰ ਹੋਕੇ ਦੇਕੇ ਜਗਾਉਂਦਾ ਹੈ ਕਿ ਭਲ ਲੋਕ ਸਤਿਸੰਗ ਵਿਚ ਜਾਹ ਤੇ ਸੱਚੇ ਰਸਤੇ ਪਉ, ਜੋ ਦੁਖ ਦਰਦ ਨਵਿਰਤ ਹੋਣ ।

ਸੀਝੈ-(ਦੇਖੋ ਪੰਨਾ ੧੬੭੫) ਸਿਧੀ ਨੂੰ ਪ੍ਰਾਪਤ ਹੋਵੇਗਾ, ਸਿਰੇ ਚੜ੍ਹੇਗਾ, ਕਾਮਯਾਬ ਹੋਵੇਗਾ। ਪਰਵਾਣ ਪਵੇਗਾ। ਲਏ ਬਹੋੜ-ਮੁੜਕੇ ਮਿਲਾ ਲਵੇ। ਮੋੜਕੇ ਮਿਲਾ ਲੈਂਦਾ ਹੈ।

ਚਵਗਣਿ ਵੰਨੇ-ਚੋਣੀ ਰੰਗਤ । ਉੱਚੇ ਪ੍ਰੇਮ ਦੀ ਦਸ਼ਾ ।

ਭਿੰਨੇ-ਮਨ ਦਾ ਦ੍ਰਵੀਭੂਤ ਹੋਣਾ ।

## [ਪਉੜੀ ਛੱਬੀਵੀਂ]

| ਮੂਲ | ਅਰਥ |
|---|---|
| ਸਲੋਕੁ ਮਃ ੩ ॥ ਜਿਨਿ ਗੁਰੁ ਗੋਪਿਆ ਆਪਣਾ ਤਿਸੁ ਠਉਰ ਨ ਠਾਉ ॥ ਹਲਤੁ ਪਲਤੁ ਦੋਵੈ ਗਏ ਦਰਗਹ ਨਾਹੀ ਥਾਉ ॥ ਓਹ ਵੇਲਾ ਹਥਿ ਨ ਆਵਈ ਫਿਰਿ ਸਤਿਗੁਰ ਲਗਹਿ ਪਾਇ ॥ ਸਤਿਗੁਰ ਕੀ ਗਣਤੈ ਘੁਸੀਐ ਦੁਖੇਦੁਖਿ ਵਿਹਾਇ ॥ ਸਤਿਗੁਰੁ ਪੁਰਖੁ ਨਿਰਵੈਰੁ ਹੈ ਆਪੇ ਲਏ ਜਿਸੁ ਲਾਇ ॥ ਨਾਨਕ ਦਰਸਨੁ ਜਿਨਾਵੇਖਾਲਿਓਨੁ ਤਿਨਾ ਦਰਗਹ ਲਏ ਛਡਾਇ ॥ ੧ ॥ | ਜਿਸਨੇ (ਬੇਮੁਖ ਹੋਕੇ) ਆਪਣੇ ਗੁਰੂ ਨੂੰ ਛਿਪਾਇਆ ਹੈ ਉਸ ਨੂੰ (ਏਥੇ) ਥਾਂ ਨਹੀਂ ਤੇ (ਅੱਗੇ ਗਿਆਂ) ਠਉਰ ਨਹੀਂ । (ਉਸਦੇ) ਲੋਕ ਤੇ ਪ੍ਰਲੋਕ ਦੋਵੇਂ ਗਏ ਗੁਆਤੇ, ਦਰਗਾਹ ਵਿਚ (ਉਸ ਨੂੰ ਕੋਈ) ਥਾਂ ਨਹੀਂ ਲੱਭਣੀ । (ਅੱਗੇ ਗਿਆਂ) ਉਹ ਮੌਕਿਆ (ਫੇਰ) ਹੱਥ ਨਹੀਂ ਆਉਂਦਾ ਕਿ ਮੁੜ ਕੇ ਸਤਿਗੁਰੂ ਦੇ ਚਰਨੀ ਲੱਗ ਸਕੇ। (ਜੇ) ਸਤਿਗੁਰੂ (ਦੇ ਸਦਾਏ ਜਾਣ ਵਾਲੇ) ਗੇਣਤੀ ਵਿਚੋਂ ਗੁਆਚ ਜਾਈਏ ਤਾਂ ਦੁਖ ਹੀ ਦੁਖ ਵਿਚ (ਉਮਰਾ) ਬੀਤਦੀ ਹੈ । (ਇਹ ਦੁਖ ਸਤਿਗੁਰ ਨਹੀਂ ਦੇਂਦਾ, ਇਹ ਅਪਣੇ ਕੀਤੇ ਦਾ ਫਲ ਹੁੰਦਾ ਹੈ ਜਿਵੇਂ ਵਿਹੁ ਖਾਦੇ ਆਪੇ ਮਰੀਦਾ ਹੈ) ਸਤਿਗੁਰੂ ਤਾਂ ਵੈਰ ਤੋਂ ਰਹਿਤ (ਮਹਾਂ) ਪੁਰਖ ਹੈ, ਜਿਸ ਨੂੰ ਆਪੇ (ਚਾਹੇ ਨਾਮ ਵਿਚ) ਲਾ ਲੈਂਦਾ ਹੈ। (ਹਾਂ) ਜਿਨ੍ਹਾਂ ਨੂੰ (ਸਤਿਗੁਰੂ) ਦਰਸ਼ਨ ਵਿਖਾ ਦੇਂਦਾ ਹੈ ਉਨ੍ਹਾਂ ਨੂੰ ਦਰਗਾਹ ਵਿਚ ਛੁਡਾ ਲੈਂਦਾ ਹੈ (ਕਹਿੰਦੇ ਹਨ ਗੁਰੂ) ਨਾਨਕ ॥ ੧ ॥ |
| ਮਃ ੩ ॥ ਮਨਮੁਖੁ ਅਗਿਆਨੁ ਦੁਰਮਤਿ ਅਹੰਕਾਰੀ॥ ਅੰਤਰਿ ਕ੍ਰੋਧੁ ਜੂਐ ਮਤਿ ਹਾਰੀ ॥ ਕੂੜੁ ਕੁਸਤੁ ਓਹੁ ਪਾਪ ਕਮਾਵੈ ॥ | ਮਨਮੁਖ ਅਗਜਾਨੀ ਹੈ ਅਤੇ ਖੋਟੀ ਮਤਿ ਵਾਲਾ ਹੋਣ ਕਰਕੇ ਹੰਕਾਰੀ ਹੈ। (ਉਸਦੇ) ਅੰਦਰ ਕ੍ਰੋਧ ਹੁੰਦਾ ਹੈ, (ਉਸ ਦੀ ਸ਼ੁਭ) ਮਤਿ (ਕ੍ਰੋਧ ਤੇ ਹੰਕਾਰ ਕਰਕੇ ਐਉਂ ਨਾਸ਼ ਹੋ ਜਾਂਦੀ ਹੈ ਜਿਵੇਂ ਕਿ) ਜੂਏ ਵਿਚ ਹਾਰੀ ਗਈ ਹੈ। ਓਹ ਝੂਠ (ਬੋਲਦਾ) ਹੈ, ਕੁਸੱਤਿ (ਵਿਚ ਵਰਤਦਾ ਹੈ ਐਉਂ) ਪਾਪ ਕਮਾਉਂਦਾ ਹੈ। |

ਕਿਆ ਓਹੁ ਸੁਣੈ ਕਿਆ ਆਖਿ ਸੁਣਾਵੈ॥ ਅੰਨ੍ਹਾ ਬੋਲਾ ਖੁਇ ਉਝੜਿ ਪਾਇ ॥ ਮਨਮੁਖੁ ਅੰਧਾ ਆਵੈ ਜਾਇ ॥ ਬਿਨੁ ਸਤਿਗੁਰ ਭੇਟੇ ਥਾਇ ਨ ਪਾਇ ॥ ਨਾਨਕ ਪੂਰਬਿ ਲਿਖਿਆ ਕਮਾਇ ॥ ੨ ॥

ਉਹ (ਕਿਸੇ ਦੀ ਸ਼ੁਭ ਸਿਖਯਾ) ਕੀਹ ਸੁਣੇ ਤੇ (ਕਿਸੇ ਨੂੰ ਓਹ) ਕੀਹ (ਭਲੀ ਗੱਲ) ਆਖ ਸੁਣਾਵੇ। (ਓਹ ਆਤਮ ਉਪਦੇਸ਼ ਦੇ ਸੁਣਨ ਤੋਂ) ਬੋਲਾ ਹੈ (ਅਰ ਪ੍ਰਤੱਖ ਸਤਯਾ ਗੁਰੂ ਦੀ ਦੇਖਣ ਤੋਂ, ਅੰਨ੍ਹਾ ਹੈ, (ਇਸ) ਲਈ (ਮਾਇਆ ਦੇ ਭ੍ਰਮ ਰੂਪੀ ਬਨ ਵਿਚ) ਖੁੰਝ ਕੇ ਕੁਰਾਹੇ ਵਿਚ ਜਾ ਪੈਂਦਾ ਹੈ। (ਇਸ ਦੇ ਫਲ ਵਿਚ) ਅੰਨ੍ਹਾ ਮਨਮੁਖ ਜੰਮਦਾ ਮਰਦਾ ਰਹਿੰਦਾ ਹੈ। [ਪ੍ਰਸ਼ਨ: ਕੀ ਕਦੇ ਉਹ ਰਾਹੇ ਭੀ ਪੈ ਸਕਦਾ ਹੈ? ਉੱਤਰ:] ਸਤਿਗੁਰੂ ਨੂੰ ਮਿਲੇ ਬਿਨਾ (ਉਹ ਸ਼ੁਭ ਗਤੀ ਦਾ) ਟਿਕਾਣਾ ਨਹੀਂ ਪਾ ਸਕੇਗਾ (ਭਾਵੇਂ ਕਿ ਸਤਿਗੁਰੂ ਨੂੰ ਮਿਲਕੇ ਹੀ ਗਤੀ ਪਾਏਗਾ)। ਹੇ ਨਾਨਕ ! (ਓਹ) ਪਹਿਲੇ ਲਿਖੇ ਅਨੁਸਾਰ ਕਮਾਏਗਾ ॥ ੨ ॥

ਪਉੜੀ ॥ ਜਿਨਕੇ ਚਿਤ ਕਠੋਰ ਹਹਿ ਸੇ ਬਹਹਿ ਨ ਸਤਿਗੁਰ ਪਾਸਿ ॥ ਓਥੈ ਸਚੁ ਵਰਤਦਾ ਕੂੜਿਆਰਾ ਚਿਤ ਉਦਾਸਿ॥ ਓਇ ਵਲੁ ਛਲੁ ਕਰਿ ਝਤਿ ਕਢਦੇ ਫਿਰਿ ਜਾਇ ਬਹਹਿ ਕੂੜਿਆਰਾ ਪਾਸਿ ॥ ਵਿਚਿ ਸਚੇ ਕੂੜੁ ਨ ਗਡਈ ਮਨਿ ਵੇਖਹੁ ਕੋ ਨਿਰਜਾਸਿ ॥ ਕੂੜਿਆਰ ਕੂੜਿਆਰੀ ਜਾਇ ਰਲੇ ਸਚਿਆਰ ਸਿਖ ਬੈਠੇ ਸਤਿਗੁਰ ਪਾਸਿ ॥ ੨੬ ॥

ਜਿਨ੍ਹਾਂ ਦੇ ਦਿਲ ਕਰੜੇ ਹਨ ਓਹ ਸਤਿਗੁਰੂ ਦੇ ਪਾਸ ਨਹੀਂ ਬੈਠਦੇ। (ਕਿਉਂਕਿ) ਓਥੇ (ਤਾਂ) ਸੱਚ ਵਰਤਦਾ ਹੈ (ਓਥੇ) ਝੂਠਿਆਂ ਦਾ ਦਿਲ ਉਦਾਸ ਹੁੰਦਾ ਹੈ। (ਜੇ ਉਹਨਾਂ ਨੂੰ ਸਤਿਗੁਰੂ ਦੇ ਪਾਸ ਬੈਠਣਾ ਪੈ ਜਾਵੇ ਤਾਂ) ਓਹ ਵਲ ਛਲ ਕਰਕੇ (ਉਹ) ਵਕਤ ਗੁਜ਼ਾਰਦੇ ਹਨ, ਫੇਰ ਕੂੜਿਆਂ (ਲੋਕਾਂ) ਪਾਸ ਹੀ ਜਾ ਬੈਠਦ ਹਨ। (ਤੁਸੀਂ ਅਪਣੇ) ਮਨ ਵਿਚ ਨਿਰਣੈ ਕਰਕੇ ਵੇਖ ਲਵੋ ਕਿ ਸੱਚੇ (ਮੰਡਲ) ਵਿਚ ਝੂਠ ਰਲ ਹੀ ਨਹੀਂ ਸਕਦਾ। ਕੂੜਿਆਰੇ (ਲੋਕ) ਕੂੜਿਆਰਾਂ ਵਿਚ ਜਾ ਰਲਦੇ ਹਨ ਤੇ ਸਚਿਆਰ ਸਿਖ ਸਤਿਗੁਰੂ (ਸੱਚੇ) ਦੇ ਪਾਸ ਬੈਠਦੇ ਹਨ ॥ ੨੬ ॥

**ਵਯਾਖਯਾ**—ਪਉੜੀ ਵਿਚ ਮਨ ਦੇ ਕਠੋਰ ਤੇ ਕੂੜ ਵਿਚ ਵਰਤ ਰਹੇ ਮਨਮੁਖ ਦਾ ਵਰਣਨ ਹੈ। ਜੇ ਓਹ ਗੁਰੂ ਦੇ ਸਤਿਸੰਗ ਵਿਚ ਆ ਬੀ ਜਾਣ ਤਾਂ ਉਨ੍ਹਾਂ ਦਾ ਚਿੱਤ ਨਹੀਂ ਖੱਭਦਾ। ਅੰਦਰ ਕੂੜ ਦੀ ਰੁਚੀ ਪ੍ਰਬਲ ਹੋਣ ਕਰਕੇ ਓਹ ਕੂੜਿਆਰਾਂ ਪਾਸ ਹੀ ਖਿਚੀਂਦੇ ਰਹਿੰਦੇ, ਸਤਿਸੰਗ ਦੇ ਵਕਤ ਵਲ ਛਲ ਉਪਰੋਂ ਉਪਰੋਂ ਗੱਲਾਂ ਬਣਾ ਕੇ ਗੁਜ਼ਾਰਦੇ, ਅੰਤ ਅਪਣ ਕੂੜੇ ਕੁਸੰਗ ਵਿਚ ਜਾ ਬਹਿੰਦੇ ਹਨ। ਇਸ ਵਿਚਾਰ ਪਰ ਜੋ ਦੋ ਸਲੋਕ ਆਏ ਹਨ, ਪਹਿਲੇ ਵਿਚ ਉਸ ਮਨਮੁਖ ਦਾ ਜ਼ਿਕਰ ਹੈ ਜੋ ਸਤਿਸੰਗ ਵਿਚ ਆ ਕੇ ਗੁਰੂ ਧਾਰਣ ਕਰ ਲੈਂਦਾ ਹੈ। ਪਰ ਫੇਰ ਬੇਮੁਖ ਹੋ ਜਾਂਦਾ ਹੈ, ਤੇ ਇਨਕਾਰ ਕਰਦਾ ਹੈ ਕਿ ਮੈਂ ਕਦੇ ਗੁਰੂ ਕਾ ਸਿਖ ਸਾਂ। ਐਸੇ ਪੁਰਖਾਂ ਦਾ ਲੋਕ ਪ੍ਰਲੋਕ ਵਿਗੜ ਜਾਂਦਾ ਹੈ। ਪਰਲੋਕ ਜਾਕੇ ਫੇਰ ਸਤਿਗੁਰੂ ਦੀ ਸ਼ਰਣ ਲੈ ਕੇ ਸਿੱਧੇ ਰਸਤੇ ਪੈਣ ਦਾ ਮੌਕਾ ਬਣ ਨਹੀਂ ਸਕਦਾ, ਕਿਉਂਕਿ ਉਹ ਫਲ ਭੂਮੀ ਹੈ। ਕਰਮ ਭੂਮੀ ਇਹ ਧਰਤੀ ਤੇ ਮਨੁੱਖਾ ਜਨਮ ਹੈ। ਇਹ ਗੱਲ ਤਾਂ ਫੁਰਮਾਈ ਹੈ ਕਿ ਸਤਿਗੁਰੂ ਨਿਰਵੈਰ ਪੁਰਖ ਹੈ, ਉਹ ਕੋਈ ਸ੍ਰਾਪ ਨਹੀਂ ਦੇਂਦਾ; ਮਨੁੱਖ ਕੀਤੇ ਦਾ ਫਲ ਪਾਉਂਦਾ ਹੈ। ਸਤਿਗੁਰੂ ਤਾਂ ਬਖਸ਼ਿੰਦ ਹੈ; ਜੇ ਸ਼ਰਨ ਆ ਪੈਂਦਾ ਹੈ ਤਾਂ ਉਹ ਭੁੱਲੇ ਨੂੰ ਮੁੜ ਸਿੱਧੇ ਰਸਤੇ ਪਾ ਦੇਂਦਾ ਹੈ। ਸਤਿਗੁਰ ਤਾਂ 'ਹਰਿ ਦਰਗਹ ਕਾ ਬਸੀਠੁ' ਹੈ, ਉਹ ਤਾਂ ਸਾਰੇ ਮਗਰ ਲਗਿਆਂ ਨੂੰ ਛੁਡਾਉਂਦਾ ਹੈ।

ਦੂਸਰੇ ਸਲੋਕ ਵਿਚ ਬੀ ਏਹੋ ਗੱਲ ਦੱਸੀ ਹੈ ਕਿ ਮਨਮੁਖ ਦੀ ਕਲਯਾਣ ਗੁਰੂ ਕੀ ਸ਼ਰਣ ਹੈ, ਇਸ ਬਿਨਾ ਗਤੀ ਨਹੀਂ। ਮਨਮੁਖ ਦੇ ਮਾੜੇ ਕਰਮਾਂ ਦਾ ਕਾਰਣ ਦੱਸਿਆ ਹੈ: ਉਸ ਵਿਚ ਹੰਕਾਰ ਦਾ ਹੋਣਾ। ਜਿਸ ਤੋਂ ਖੋਟੀ ਮੱਤ ਉਪਜਦੀ ਹੈ ਰਾਗ ਦ੍ਵੈਖ ਵਿਕਾਰਾਂ ਦੀ। ਜਦ ਉਸ ਦੇ ਕੰਮ ਅਟਕਣ ਤਾਂ ਕ੍ਰੋਧ ਵਧਦਾ ਹੈ। ਐਉਂ ਪਰਮਾਰਥ ਨੂੰ ਲਖਣ ਵਾਲੀ ਬੁੱਧੀ ਨਸ਼ਟ ਹੁੰਦੀ ਹੈ, ਤੇ ਪਾਪ ਕਰਮ ਕਰਦਾ ਹੈ, ਐਉਂ ਕੁਰਾਹੇ ਪੈ ਜਾਂਦਾ ਹੈ। ਕੁਰਾਹ ਇਹ ਹੈ ਕਿ ਜੋ ਕੁਛ ਇਕ ਜਨਮ ਵਿਚ ਕੀਤਾ ਉਸ ਨੇ ਹੌਂ ਰੁਖ ਮਨ ਬੁਧੀ ਦਾ ਮਾੜੇ ਕਰਮਾਂ ਵਿਚ ਪਾ ਦਿੱਤਾ। ਇਹ ਹੌਂ ਰੁਖ ਲੈ ਕੇ ਫੇਰ ਜਨਮਿਆ, ਫੇਰ ਉਹੋ ਕਰਮ ਕਮਾਏ, ਐਉਂ ਪਹਿਲੇ ਪਹਿਲੇ ਕੀਤੇ ਜਨਮਾਂ ਦੇ ਕਰਮਾਂ ਅਨੁਸਾਰ ਜੋ ਲੇਖ ਪਾਏ ਗਏ ਓਹ ਲਈ ਫਿਰਦੇ ਹਨ। ਰਸਤਾ ਇਕੋ ਸੀ ਕਿ ਸਤਿਗੁਰੂ ਦੀ ਸ਼ਰਣ ਲੈ ਕੇ ਨਾਮ ਸਿਮਰਦਾ ਜਦ ਬੀ ਨਾਮ ਨੂੰ ਧਾਰਨ ਕਰੇਗਾ ਤਦੋਂ ਹੀ ਸੁਮਾਰਗ ਪੈ ਜਾਏਗਾ ਤੇ ਅੰਤ ਆਵਾ ਗਵਨ ਦਾ ਭਟਕਣਾ ਮਿੱਟ ਜਾਏਗਾ।

**ਨਿਰੁਕ੍ਤ**–ਗੋਪਿਆ–(ਦੇਖੋ ਪੰਨਾ ੧੮੧੮)।

ਪਾਇ–[ਸੰਸ:, ਪਦੰ=ਪੈਰ] ਪੈਰੀਂ। ਚਰਨੀਂ।

ਗਣਤੈ–[ਸੰਸ:, ਗਣਿਤੰ=ਗਿਣਤੀ] ਗਣਤੀ ਵਿਚੋਂ। ਉਸ ਫਹਿਰਿਸਤ ਵਿਚੋਂ ਜੋ ਗੁਰੂ ਕੇ ਸਨਮੁਖ ਸਿਖਾਂ ਦੀ ਹੈ। ਸਿਖਾਂ ਦੀ ਸੁਮਾਰੀ ਵਿਚੋਂ। (ਅ) ਗੁਰੂ ਦੀ ਮੰਮ੍ਯਾਲ ਵਿਚੋਂ ਬੀ ਅਰਥ ਕਰਦੇ ਹਨ। (ੲ) ਇਉਂ ਬੀ ਦਾਨੇ ਲਾਉਂਦੇ ਹਨ: ਆਤਮ ਅਨਾਤਮ ਦੀ (ਸਾਂਖ=) ਗੇਣਤੀ ਯਾ ਵੀਚਾਰ ਜੋ ਗੁਰੂ ਨੇ ਬਖ਼ਸ਼ੀ ਸੀ ਜੋ ਉਸ ਵਿਚੋਂ ਭੁੱਲ ਵਿਚ ਪੈ ਗਏ ਹਨ।

ਕੁਸਤੁ–ਕੁਸਤਿ ਬੀ ਨਾਮ ਕੂੜ ਦਾ ਹੀ ਹੈ। ਕੁ+ਸਤਿ=ਖੋਟਾ ਸੱਚ। ਭਾਵ ਝੂਠ ਪਰ ਮੁਹਾਵਰੇ ਵਿਚ ਕੂੜ ਦੇ ਨਾਲ ਰਲਾਕੇ ਭਾਰੇ ਕੂੜੇ ਨੂੰ ਕੂੜ ਕੁਸਤਿ ਵਾਲਾ ਆਖਦੇ ਹਨ। ਕਈ ਵੇਰ ਕੂੜਾ=ਝੂਠ ਬੋਲਣ ਵਾਲਾ ਤ ਕੁਸਤੀ=ਕੂੜ ਕਮਾਉਣ ਵਾਲ ਨੂੰ ਸਮਝ ਲੈਂਦੇ ਹਨ।

ਖੁਇ–ਗੁਆਚਕੇ। ਝਤਿ–ਝਟ, ਵਕਤ, ਥੋੜਾ ਵਕਤ।

ਗਡਈ–ਰਲਦਾ, ਮਿਲਦਾ। ਨਿਰਜਾਸਿ–ਨਿਰਣੈ (ਦੇਖੋ ਪੰਨਾ ੨੯੮)।

[ਪਉੜੀ ਸਤਾਈਵੀਂ]

**ਪ੍ਰਾਕ੍ਥਨ**–ਅਗਲੀ ਪਉੜੀ ੨੭ਵੀਂ ਸਲੋਕਾਂ ਸਮੇਤ ਮਹਲੇ ਪੰਜਵੇਂ ਦੀ ਹੈ, ਇਸ ਕਰਕੇ ਦੋਹਾਂ ਸਲੋਕਾਂ ਦੇ ਉਪਰ ਮः ੫ ਤੇ ਪਉੜੀ ਨਾਲ ਬੀ ਅੰਕ ੫ ਦਿਤਾ ਹੋਯਾ ਹੈ। ਦੂਸਰੀ, ਤੀਸਰੀ ਤੇ ਚੌਥੀ ਪਾਤਸ਼ਾਹੀ ਦੇ ਨਿੰਦਕਾਂ, ਜਿਨ੍ਹਾਂ ਨੇ ਸਤਿਗੁਰਾਂ ਦੇ ਪਯਾਨੇ ਮਗਰੋਂ ਕੀਤੇ ਦੇ ਫਲ ਪਾਏ ਹਨ, ਉਨ੍ਹਾਂ ਬਾਬਤ ਪੰਜਵੇਂ ਸਤਿਗੁਰੂ ਜੀ ਨੇ ਇਸ ਵਿਚ ਹਾਲ ਦੱਸਿਆ ਹੈ। ਇਸ ਵਿਚ ਓਹ ਲੋਕ ਬੜੇ ਨੀਵੇਂ ਆਚਰਨ ਵਾਲੇ ਦੱਸੇ ਹਨ।

| ਮੂਲ | ਅਰਥ |
|---|---|
| ਸਲੋਕ ਮः ੫ ॥ ਰਹਦੇ ਖੁਹਦੇ ਨਿੰਦਕ ਮਾਰਿਅਨੁ ਕਰਿ ਆਪੇ ਆਹਰੁ ॥ ਸੰਤ ਸਹਾਈ ਨਾਨਕਾ ਵਰਤੈ ਸਭ ਜਾਹਰੁ ॥ ੧ ॥ | (ਹਰੀ ਨੇ) ਆਪ ਹੀ ਉੱਦਮ ਕਰਕੇ ਬਾਕੀ ਦੇ ਨਿੰਦਕ ਬੀ ਮਾਰੇ ਹਨ (ਭਾਵ ਦੰਡੇ ਹਨ। ਓਹ ਹਰੀ) ਸੰਤਾਂ ਦਾ (ਸਦਾ) ਸਹਾਈ ਹੈ ਤੇ ਹੇ ਨਾਨਕ ! ਸਭ ਥਾਂ ਤੇ (ਇਹ ਵਰਤਾਉ) ਪ੍ਰਤੱਖ ਵਰਤ ਰਿਹਾ ਹੈ ॥ ੧ ॥ |

ਮਃ ੫ ॥ ਮੂੰਢਹੁ ਭੁਲੇ ਮੁੰਢ ਤੇ ਕਿਥੈ ਪਾਇਨਿ ਹਥੁ ॥ ਤਿੰਨੈ ਮਾਰੇ ਨਾਨਕਾ ਜਿ ਕਰਣ ਕਾਰਣ ਸਮਰਥੁ ॥ ੨ ॥

(ਓਹ ਜੋ) ਪਹਿਲੇ ਤੋਂ ਹੀ (ਅਪਣੇ) ਮੂਲ (ਵਾਹਿਗੁਰੂ) ਤੋਂ ਭੁੱਲੇ ਹੋਏ ਹਨ, (ਹੁਣ) ਕਿੱਥੇ ਹੱਥ ਪਾਣ, (ਭਾਵ ਕਿਸਦਾ ਆਸਰਾ ਲੈਣ ?) ਉਨ੍ਹਾਂ ਨੂੰ ਤਾਂ ਉਸੇ (ਉਨ੍ਹਾਂ ਦੇ ਮੂਲ ਵਾਹਿਗੁਰੂ) ਨੇ ਮਾਰਿਆ ਹੈ ਜੋ (ਸਾਰੇ) ਕਾਰਨਾ ਦੇ ਕਰਣ ਨੂੰ ਸਮਰੱਥ ਹੈ ॥ ੨ ॥

ਪਉੜੀ ਪ ॥ ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ॥ ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ ॥ ਸੰਨ੍ਹੀ ਦੇਨਿ ਵਿਖੰਮ ਥਾਇ ਮਿਠਾ ਮਦੁ ਮਾਣੀ ॥ ਕਰਮੀ ਆਪੋ ਆਪਣੀ ਆਪੇ ਪਛੁਤਾਣੀ ॥ ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ॥੨੭॥

ਫਾਹੇ ਯਾ ਕਮੰਦਾਂ ਲੈ ਕੇ ਰਾਤ ਨੂੰ ਫਿਰਦੇ ਹਨ ਪ੍ਰਭੂ (ਐਸੇ ਮਾੜੇ, ਮਨੁੱਖਾਂ ਨੂੰ ਜਾਣਦਾ ਹੈ। ਲੁਕਵੇਂ ਥਾਈਂ ਲੁਕ ਕੇ ਪਰਾਈਆਂ ਇਸਤ੍ਰੀਆਂ ਨੂੰ (ਉਨ੍ਹਾਂ ਦੇ ਗਹਿਣਿਆਂ ਵਿਚ) ਤਾੜਦੇ ਹਨ। (ਫਿਰ ਉਨ੍ਹਾਂ ਦੇ ਘਰਾਂ ਦੇ) ਕਠਨ ਥਾਵਾਂ ਵਿਚ ਸੰਨ੍ਹਾਂ ਲਾਉਂਦੇ ਹਨ; (ਇਸ ਤਰ੍ਹਾਂ ਧਨ ਹਿਰ ਕੇ) ਸ਼ਰਾਬ ਨੂੰ ਮਿਠਾ ਕਰਕੇ ਮਾਣਦੇ (ਭਾਵ ਪੀਂਦੇ ਹਨ)। ਆਪੋ ਆਪਣੀ ਕਰਨੀ ਅਨੁਸਾਰ (ਫਲ ਭੋਗਦੇ ਏਹ ਲੋਕ ਅੰਤ ਨੂੰ) ਆਪੇ ਪਛੁਤਾਉਂਦੇ ਹਨ। (ਜਦੋਂ ਕਿ) ਧਰਮਰਾਜ (ਐਸਿਆਂ ਨੂੰ ਐਉਂ ਨਪੀੜਦਾ ਹੈ ਜਿਵੇਂ) ਤਿਲਾਂ ਦੀ ਘਾਣੀ (ਕੋਲ੍ਹੂ) ਵਿਚ ਨਪੀੜੀ ਜਾਂਦੀ ਹੈ ॥ ੨੭ ॥

**ਵਯਾਖਯਾ**—ਪਉੜੀ ਵਿਚ ਐਸੇ ਮਨੁੱਖਾਂ ਦਾ ਹਾਲ ਦੱਸਿਆ ਹੈ ਜੋ ਕਮੰਦਾਂ ਲਾਕੇ ਕੋਠਿਆਂ ਤੇ ਚੜ੍ਹ ਜਾਂਦੇ ਤੇ ਚੋਰੀਆਂ ਕਰਦੇ ਹਨ। ਪਰਾਈਆਂ ਇਸਤ੍ਰੀਆਂ ਗਹਿਣੇ ਲੱਦੀਆਂ ਨੂੰ ਲੁਕਵੇਂ ਥਾਈਂ ਲੁਕ ਲੁਕਕੇ ਤਾੜਦੇ ਰਹਿੰਦੇ ਹਨ ਕਿ ਇਨ੍ਹਾਂ ਪਾਸ ਇੰਨਾ ਸੋਨਾ ਹੈ ਇਹ ਲੁਟਣਾ ਹੈ। ਇਸ ਮਨੋਰਥ ਨਾਲ ਬੜੇ ਕਠਨ ਥਾਂਵਾਂ, ਭਾਵ ਚੂਨੇ ਗਚ ਪਥਰੇਲੇ ਮਕਾਨਾਂ, ਨੂੰ ਵੀ ਸੰਨ੍ਹਾਂ ਲਾ ਲੈਂਦੇ ਹਨ ਤੇ ਧਨ ਚੁਰਾ ਲਿਜਾਂਦੇ ਹਨ। ਐਸੇ ਪਦਾਰਥਾਂ ਨਾਲ ਫੇਰ ਸ਼ਰਾਬਾਂ ਪੀਂਦੇ ਹਨ। ਇਸ ਸਭ ਕੁਛ ਨੂੰ ਮਿੱਠਾ ਮੰਨਦੇ ਹਨ; ਪਰ ਅੰਤ ਨੂੰ ਪਛੁਤਾਉਂਦੇ ਹਨ, ਜਦੋਂ ਕਰਮਾਂ ਅਨੁਸਾਰ ਦੰਡ ਭੁਗਤਣਾ ਪੈਂਦਾ ਹੈ। ਉਹ ਦੰਡ ਐਸਾ ਹੁੰਦਾ ਹੈ ਜਿਵੇਂ ਤਿਲਾਂ ਦੀ ਘਾਣੀ ਨੂੰ ਕੋਹਲੂ ਵਿਚ ਪਿਆਂ ਨਪੀੜ ਚੜ੍ਹਦੀ ਹੈ, ਤਿਵੇਂ ਉਨ੍ਹਾਂ ਨਾਲ ਧਰਮ ਰਾਜ ਕਰਦਾ ਹੈ। ਪਹਿਲੇ ਸ਼ਲੋਕ ਵਿਚ ਦੱਸਦੇ ਹਨ ਕਿ ਨਿੰਦਕਾਂ ਨੂੰ ਵਾਹਿਗੁਰੂ, ਜੋ ਸੰਤਾਂ ਦਾ ਪ੍ਰਤੱਖ ਸਦਾ ਸਹਾਈ ਹੈ, ਆਪ ਮਾਰਦਾ ਹੈ। ਦੂਜੇ ਵਿਚ ਦੱਸਦੇ ਹਨ ਕਿ ਉਹਨਾਂ ਦਾ ਉਸ ਵੇਲੇ ਵਾਹਰੂ ਕੋਈ ਨਹੀਂ ਬਣਦਾ, ਕਿਉਂਕਿ ਉਹ ਮੂਲ ਤੋਂ ਪਹਿਲੋਂ ਹੀ ਖੁੰਝ ਗਏ ਹਨ। ਮੂਲ ਵਾਹਿਗੁਰੂ ਸੀ, ਵਾਹਿਗੁਰੂ ਤੋਂ ਉਹ ਖੁੰਝ ਗਏ, ਵਾਹਿਗੁਰੂ ਨੇ ਹੁਣ ਦੰਡ ਦਿੱਤਾ ਤਾਂ ਹੱਥ ਹੁਣ ਕਿਥੇ ਪਾਉਣ। ਦੋ ਸ਼ਲੋਕਾਂ ਤੋਂ ਪਤਾ ਲੱਗਦਾ ਹੈ ਕਿ ਇਹ ਨਿੰਦਕਾਂ ਦਾ ਜ਼ਿਕਰ ਹੈ, ਪਰ ਪਉੜੀ ਦੱਸਦੀ ਹੈ ਕਿ ਓਹ ਨਿਰੇ ਨਿੰਦਕ ਨਹੀਂ ਓਹ ਬੜੇ ਨੀਚ ਕਰਮੀ ਹਨ। ਓਹ ਰਾਤ ਨੂੰ ਕਮੰਦਾਂ ਸੁੱਟਕੇ ਘਰਾਂ ਨੂੰ ਦੂਸਰੀ ਛੱਤ ਤੇ ਜਾ ਚੁਰਾਉਂਦੇ ਹਨ ਤੇ ਪਹਿਲੀ ਮੰਜ਼ਲ ਵਿਚ ਸੰਨ੍ਹਾਂ ਲਾਕ ਘਰ ਲੁੱਟਦੇ ਹਨ। ਗੋਯਾ ਚੋਰ, ਡਾਕੂ ਤੇ ਸ਼ਰਾਬੀ ਹੋਕੇ ਪਾਪ ਕਰਮ ਕਰਦੇ ਹਨ। ਐਸੇ ਘੋਰ ਪਾਪੀ ਨਿੰਦਕਾਂ ਨੂੰ ਪ੍ਰਭੂ ਆਪ ਦੰਡ ਦੇਂਦਾ ਹੈ।

ਦੋਵੇਂ ਸ਼ਲੋਕ ਤੇ ਪਉੜੀ, ਤ੍ਰੈਏ ਚੀਜ਼ਾਂ ਪੰਜਵੇਂ ਸਤਿਗੁਰ ਜੀ ਦੀਆਂ ਹਨ। ਇਸ ਲਈ ਸ਼੍ਰੇਣੀ ਬੱਧ ਹਨ। ਜਿਨ੍ਹਾਂ ਨਿੰਦਕਾਂ ਦਾ ਸ਼ਲੋਕਾਂ ਵਿਚ ਜ਼ਿਕਰ ਹੈ, ਪਉੜੀ ਵਿਚ ਉਨ੍ਹਾਂ ਦੇ ਹੋਰ ਪਾਪ ਕਰਮ ਦੱਸੇ ਹਨ। ਇਤਿਹਾਸ ਤੋਂ ਪਤਾ ਨਹੀਂ ਚੱਲਦਾ, ਪਰ ਏਥੋਂ ਸੂਹ ਪੈਂਦੀ ਹੈ ਕਿ ਬੇਮੁਖ ਤੇ ਮਨਮੁਖ ਬੜ ਬੜੇ ਉਪੱਦ੍ਰਵੀ ਲੋਕ ਸਨ, ਤਦੇ ਉਨ੍ਹਾਂ ਪਰਥਾਇ ਕਰੜੇ ਵਾਕ ਇਸ ਵਾਰ ਵਿਚ ਆਏ ਹਨ।

**ਨਿਰੁਕ੍ਤ**—ਆਹਰੁ-(ਵੇਖੋ ਪੰਨਾ ੧੯੬੩) ਉੱਦਮ। ਪ੍ਰਬੰਧ।

ਜਾਹਰੁ- [ਅ:, ਜ਼ਾਹਰ] ਪ੍ਰਤੱਖ। ਸਾਹਮਣੇ।

ਮੁੰਢਹੁ—ਪਹਿਲੇ ਤੋਂ। ਮੁੰਢ—ਮੂਲ, ਭਾਵ ਪਰਮੇਸ਼ੁਰ।

ਫਾਹੇ—ਫਾਂਸੀ। ਭਾਵ ਹੈ ਉਨ੍ਹਾਂ ਕਮੰਦਾਂ ਤੋਂ ਜੋ ਕੋਠਿਆਂ ਤੇ ਸੁੱਟਕੇ ਉਪਰ ਚੜ੍ਹ ਜਾਂਦੇ ਤੇ ਚੁਬਾਰੇ ਲੁੱਟਦੇ ਸਨ, ਯਾ ਕੱਲੀ ਦੁਕੱਲੀ ਸੁੱਤੀ ਪਈ ਗਹਿਣਿਆਂ ਲੱਦੀ ਜ਼ਨਾਨੀ ਨੂੰ ਮੂੰਹ ਬੁੱਜੇ ਦੇ ਕੇ ਚੁੱਕ ਲਿਜਾਂਦੇ ਸਨ। 'ਮੰਨ੍ਹੀ ਦੇਣ' ਤੋਂ ਪਤਾ ਚੱਲਦਾ ਹੈ ਕਿ ਸੰਨ੍ਹ ਲਾਉਣ ਵਾਲੇ ਤਾੜ ਰਖਦੇ ਸਨ ਕਿ ਕਿਸ ਘਰ ਬਹੁਤੇ ਸੋਨੇ ਵਾਲੀ ਬੀਬੀ ਰਹਿੰਦੀ ਹੈ। ਪ੍ਰੰਤੂ ਕਈ ਦਾਨੇ ਸਮਝਦੇ ਹਨ ਕਿ ਇਸ ਵਿਚ ਕਈ ਕਿਸਮ ਦੇ ਪਾਪੀ ਗਿਣੇ ਹਨ:-

੧. 'ਲੈ ਫਾਹੇ ਰਾਤੀ ਤੁਰਹਿ' ਵਿਚ ਡਾਕੂ ਲਏ ਹਨ, ਜੋ ਰਾਹਾਂ ਵਿਚ ਇਕੱਲੇ ਦੁਕੱਲੇ ਨੂੰ ਫੜਕੇ ਫਾਹੇ ਲਾਕੇ ਮਾਲ ਮਤਾ ਲੁੱਟ ਲਿਜਾਂਦੇ ਸਨ।

੨. ਪਰਾਈਆਂ ਇਸਤ੍ਰੀਆਂ ਕਾਬੂ ਕਰਕੇ ਲੁਕਵੇਂ ਥਾਈਂ ਭੋਗਣ ਵਾਲੇ।

੩. ਸੰਨ੍ਹ ਲਾਕੇ ਘਰ ਭੰਨਣ ਵਾਲੇ। ੪. ਸ਼ਰਾਬਾਂ ਪੀਣ ਵਾਲੇ।

ਮਿਠਾ—ਮਿੱਠਾ ਜਾਣਕੇ। ਸੁਆਦੀ ਸਮਝਕੇ। ਮਾਣੀ ਮਾਣਦੇ ਹਨ।

ਅਜਰਾਈਲੁ—[ਅ:, ਅਜ਼ਰਾਈਲ=ਮੌਤ ਦਾ ਫਰਿਸ਼ਤਾ] ਮੁਰਾਦ ਉਹੋ ਹੈ ਜੋ ਧਰਮਰਾਜ ਯਾ ਜਮਦੂਤ ਤੋਂ ਹੈ।

ਘਾਣੀ—[ਸੰਸ:, ਘਨ:=ਸਮੂਹ, ਸਮੁਦਾਇ। ਪ੍ਰਾ:, ਘਾਣ=ਘਾਣੀ, ਕੋਲ੍ਹੂ। ਹਿੰ:, ਅਤੇ ਪੰ:, ਘਾਣ=ਸਮੂਹ। ਇੰਨੀ ਸ਼ੈ ਜੋ ਇਕ ਵਾਰੀ ਕੋਲ੍ਹੂ ਵਿਚ ਪੈ ਸਕੇ, ਯਾ ਕੜਾਹੀ ਵਿਚ ਪੈ ਸਕੇ, ਪੂਰ] ਘਾਣ। ਤਿਲ ਘਾਣੀ=ਤਿਲ ਦੀ ਘਾਣੀ। ਇੰਨੇ ਤਿਲ ਜੋ ਇਕ ਵੇਰ ਕੋਲ੍ਹੂ ਵਿਚ ਪਾਕੇ ਨਪੀੜੇ ਜਾਣ। ਘਾਣੀ ਦਾ ਅਰਥ ਕੋਲ੍ਹੂ ਨਹੀਂ ਹੈ।

## [ਪਉੜੀ ਅਠਾਈਵੀਂ]

| ਮੂਲ | ਅਰਥ |
|---|---|
| ਸਲੋਕ ਮਃ ੫॥ ਸੇਵਕ ਸਚੇ ਸਾਹ ਕੇ ਸੇਈ ਪਰਵਾਣੁ॥ ਦੂਜਾ ਸੇਵਨਿ ਨਾਨਕਾ ਸੇ ਪਚਿ ਪਚਿ ਮੁਏ ਅਜਾਣ॥੧॥ | ਜੋ ਸੱਚੇ ਸ਼ਾਹ (ਅਕਾਲ ਪੁਰਖ) ਦੇ ਸੇਵਕ ਹਨ ਉਹੋ (ਇਥੇ ਓਥੇ) ਪਰਵਾਣ ਹਨ, (ਪਰ ਜੋ ਉਸ ਨੂੰ ਛੱਡ ਕੇ ਕਿਸੇ) ਦੂਸਰੇ ਨੂੰ ਸੇਂਵਦੇ ਹਨ,ਹੇ ਨਾਨਕ! ਓਹ ਅਗਜਾਨੀ ਖਪ ਖਪ ਮਰਦੇ ਹਨ॥੧॥ |
| ਮਃ ੫॥ ਜੋ ਧੁਰਿ ਲਿਖਿਆ ਲੇਖੁ ਪ੍ਰਭ ਮੇਟਣਾ ਨ ਜਾਇ॥ ਰਾਮ ਨਾਮੁ ਧਨੁ ਵਖਰੋ ਨਾਨਕ ਸਦਾ ਧਿਆਇ॥੨॥ | ਜੋ ਧੁਰੋਂ ਪ੍ਰਭੂ ਦਾ ਲਿਖਿਆ ਲੇਖ ਹੁੰਦਾ ਹੈ (ਉਹ) ਮੇਟਿਆ ਨਹੀਂ ਜਾ ਸਕਦਾ। ਰਾਮ ਦਾ ਨਾਮ (ਇਹ) ਧੰਨਤਾ ਯੋਗ ਸੌਦਾ ਹੈ (ਜੇ ਤੈਂ ਵਿਹਾਝਣਾ ਹੈ, ਸੋ ਇਸ ਰਾਮ ਨਾਮ ਦੀ) ਸਦਾ ਅਰਾਧਨਾ ਕਰ, (ਕਹਿੰਦੇ ਹਨ ਗੁਰੂ) ਨਾਨਕ ਜੀ॥੨॥ |
| ਪਉੜੀ ੫॥ ਨਾਰਾਇਣਿ ਲਇਆ ਨਾਠੂੰਗੜਾ ਪੈਰ ਕਿਥੈ ਰਖੈ॥ ਕਰਦਾ ਪਾਪ ਅਮਿਤਿਆ ਨਿਤ ਵਿਸੋ | (ਜਿਸਨੇ) ਵਾਹਿਗੁਰੂ (ਦੇ ਰਸਤੇ ਟੁਰਿਆਂ) ਠੱਡਾ ਖਾ ਲਿਆ ਹੈ (ਉਹ ਹੁਣ) ਪੈਰ ਕਿਥੇ ਟਿਕਾਵੇ। (ਉਹ ਪਾਪ ਦੇ ਰਸਤੇ ਪੈ ਕੇ ਅਮਿਤ(ਬਹੁਤੇ)ਪਾਪ ਕਰਦਾਹੈ(ਇਉਂ)ਸਦਾ ਵਿਹੁ(ਜ਼ਹਿਰ)ਹ |

ਚਖੈ ॥ ਨਿੰਦਾ ਕਰਦਾ ਪਚਿ ਮੁਆ ਵਿਚਿ ਦੇਹੀ ਭੁਖੈ ॥ ਸਚੈ ਸਾਹਿਬੁ ਮਾਰਿਆ ਕਉਣੁ ਤਿਸਨੋ ਰਖੈ ॥ ਨਾਨਕ ਤਿਸੁ ਸਰਣਾਗਤੀ ਜੋ ਪੁਰਖੁ ਅਲਖੈ ॥ ੨੮ ॥

ਪਿਆ ਖਾਂਦਾ ਹੈ। ਨਿੰਦਾ ਕਰਦਾ ਦੇਹ ਵਿਚ ਹੀ (ਕੋਲਿਆਂ ਦੀ ਅੱਗ ਵਾਙੂ) ਭਖਦਾ ਰਹਿੰਦਾ ਹੈ, (ਤੇ ਅੰਤ) ਸੜਦਾ ਹੀ ਮਰ ਜਾਂਦਾ ਹੈ। (ਉਸ ਨੂੰ) ਸੱਚੇ ਸਾਹਿਬ ਨੇ ਮਾਰਿਆ ਹੈ (ਹੁਣ) ਉਸ ਨੂੰ ਕੌਣ ਬਚਾਵੇ ? (ਇਸ ਲਈ) ਹੇ ਨਾਨਕ ! ਉਸੇ (ਸਾਹਿਬ) ਦੀ ਸ਼ਰਣ ਵਿਚ ਪਿਆ ਰਹੁ ਜੋ (ਅਕਾਲ-) ਪੁਰਖ (ਕਿ ਜੀਵ ਦੀ) ਲੱਖਤਾ ਤੋਂ ਪਰੇ ਹੈ ॥ ੨੮ ॥

**ਵਯਾਖਯਾ**—੨੮ਵੀਂ ਪਉੜੀ ਵਿਚ ਬੀ ਤਿੰਨੇ ਅੰਗ (ਦੋ ਸ਼ਲੋਕ ਤੇ ਪਉੜੀ) ਸ੍ਰੀ ਗੁਰੂ ਅਰਜਨ ਦੇਵ ਜੀ ਦੇ ਹੀ ਹਨ। ਪਹਿਲ ਸ਼ਲੋਕ ਵਿਚ ਫੁਰਮਾਇਆ ਹੈ ਕਿ ਇਕ ਅਕਾਲ ਪੁਰਖ ਦੇ ਜੋ ਸੇਵਕ ਹਨ, ਓਹੀ ਦਰ ਪਰਵਾਨ ਹੁੰਦੇ ਹਨ। ਜੋ ਉਸ ਨੂੰ ਛੋੜ ਦੂਜੇ ਦੀ ਸੇਵਾ ਕਰਦੇ ਹਨ ਓਹ ਦੁਖ ਪਾਉਂਦੇ ਹਨ। ਦੂਜ ਸ਼ਲੋਕ ਵਿਚ ਭਾਵ ਇਹ ਹੈ ਕਿ ਧੁਰ ਦੇ ਲੇਖ ਮਿਟਦੇ ਨਹੀਂ। ਤੈਨੂੰ ਜੋ ਸਾਈਂ ਦੀ ਸੋਝੀ ਪਈ ਹੈ ਤਾਂ ਉਸ ਦੇ ਨਾਮ ਦੀ ਅਰਾਧਨਾ ਕਰ, ਇਹ ਸੌਦਾ ਹੈ ਜੋ ਤੂੰ ਲੈਣ ਆਇਆ ਹੈਂ, ਤੇ ਇਹ ਸੌਦਾ ਧੰਨਯਤਾ ਯੋਗ ਹੈ, ਭਾਵ ਹੈ ਕਿ ਇਸ ਦਾ ਫਲ ਸ਼ਾਬਾਸ਼ ਹੈ। ਹੁਣ ਪਉੜੀ ਵਿਚ ਉਸੇ ਨੂੰ ਲੈਂਦੇ ਹਨ, ਜਿਸ ਨੂੰ ਪਹਿਲੇ ਸ਼ਲੋਕ ਵਿਚ ਦੂਜਾ ਸੇਵਨ ਵਾਲੇ ਕਿਹਾ ਹੈ। ਪਉੜੀ ਵਿਚ ਉਸ ਨੂੰ ਰੱਬ ਰਸਤਿਓਂ ਨੱਠਾ ਖਾ ਗਿਆ ਦੱਸਿਆ ਹੈ, ਭਾਵ ਜੋ ਇਸ ਰਾਹੋਂ ਉੱਖੜਕ ਕੁਰਾਹੇ ਪੈ ਗਿਆ ਹੈ, ਉਹ ਘੋਰ ਪਾਪ ਕਰਦਾ ਤੇ ਨਿੰਦਿਆ ਵਿਚ ਵਯਾਪਿਆ ਖਪ ਖਪ ਮਰਦਾ ਹੈ, ਕਿਉਂਕਿ ਜੀਵਨ ਪ੍ਰਯੰਤ ਉਹ ਸਦਾ ਵਿਹੁ ਹੀ ਚੱਖਦਾ ਰਹਿੰਦਾ ਹੈ। ਨਿੰਦਾ ਤੇ ਹੋਰ ਪਾਪ ਆਤਮ ਜੀਵਨ ਲਈ ਪਾਪ ਤੁੱਲ ਹਨ। ਇਸ ਵਿਹੁ ਕਰਕੇ ਉਸ ਦਾ ਅੰਦਰ ਐਉਂ ਸੜਦਾ ਰਹਿੰਦਾ ਹੈ ਜਿਵੇਂ ਅੰਦਰ ਕੋਲੇ ਭਖ ਰਹੇ ਹੁੰਦੇ ਹਨ। ਅਖੀਰਲੀ ਤੁਕ ਵਿਚ ਸਿੱਟਾ ਦੱਸਿਆ ਹੈ ਕਿ ਅਲਖ ਪੁਰਖ, ਜੋ ਸੱਚਾ ਸ਼ਾਹ ਹੈ, ਉਸ ਦੀ ਸ਼ਰਣ ਵਿਚ ਰਹੋ।

**ਨਿਰੁਕਤੁ**—ਧਨੁ ਵਖਰੋ-[ਸੰਸ:, ਵਸ੍ਤੁ]ਵੱਖਰ, ਸੌਦਾ। ਰਾਮ ਨਾਮ ਵਖਰ ਹੈ ਜੋ ਖਰੀਦਣਾ ਹੈ ਜੀਵਨ ਨੇ। 'ਧਨੁ' ਵਿਸ਼ੇਸ਼ਣ ਹੈ ਵੱਖਰ ਦਾ: ਧੰਨਯਤਾ ਯੋਗ ਵੱਖਰ। (ਅ) ਐਉਂ ਬੀ ਕਰਦੇ ਹਨ- ਧਨ ਬੀ ਇਹ ਹੈ ਤੇ ਸੌਦਾ ਬੀ ਇਹੀ ਹੈ।

ਨਾਠੂਗੜਾ—ਨੱਠਾ। (ਅ) ਐਉਂ ਬੀ ਲਾਉਂਦੇ ਹਨ—ਨਾਠੂ + ਗੜਾ=ਨੱਠਣ ਦਾ ਧੱਕਾ। ਜਿਸ ਨੇ ਵਾਹਿਗੁਰੂ ਵਲੋਂ ਨੱਠਣ ਦਾ ਧੱਕਾ ਭਾਵ ਬੇਮੁਖਤਾ ਧਾਰੀ ਹੈ।

ਅਮਿਤਿਆ—[ਸੰਸ: ਅਮਿਤ=ਬੇਹੱਦ, ਮਿਣਤੀ ਤੋਂ ਪਰੇ] ਗਿਣਤੀ ਤੋਂ ਪਰੇ। ਬਹੁਤੇ।

ਵਿਸੋ—[ਸਸ:, ਵਿਸ਼] ਵਿਸ਼, ਜ਼ਹਿਰ।

ਭੁਖੈ—[ਪੰ:, ਭਖਣਾ] ਕੋਲਿਆਂ ਵਾਂਙੂ ਲਾਲ ਹੋ ਤਪ ਉਠਣਾ, ਬਲਣਾ, ਸੜਨਾ।

[ਪਉੜੀ ਉਨੱਤੀਵੀਂ]

ਮੂਲ

ਸਲੋਕ ਮਃ ੫ ॥ ਨਰਕ ਘੋਰ ਬਹੁ ਦੁਖ ਘਣੇ ਅਕਿਰਤਘਣਾ ਕਾ ਥਾਨੁ ॥ ਤਿਨਿ ਪ੍ਰਭਿ ਮਾਰੇ ਨਾਨਕਾ ਹੋਇ ਹੋਇ ਮੁਏ ਹਰਾਮੁ ॥ ੧ ॥

ਅਰਥ

(ਜੋ ਨਰਕ ਕਿ) ਘੋਰ ਨਰਕ ਹੈ (ਜਿੱਥੇ) ਦੁਖ਼ ਬਹੁਤੇ ਹੀ ਬਹੁਤੇ ਹਨ, ਕੀਤਾ ਨਾ ਜਾਣਨ ਵਾਲਿਆਂ ਦਾ ਟਿਕਾਣਾ (ਓਹ) ਹੈ, (ਜੋ ਘੋਰ ਪਾਪ ਕਰਦੇ) ਅਬਗਤਿ ਮੌਤੇ ਮਰਦੇ ਹਨ, ਹੇ ਨਾਨਕ ! ਉਹਨਾਂ ਨੂੰ ਪ੍ਰਭੂ (ਓਥੇ ਪਾ ਕੇ) ਮਾਰ ਕਰਦਾ ਹੈ ॥ ੧ ॥

ਮਃ ੫ ॥ ਅਵਖਧ ਸਭੇ ਕੀਤਿਅਨੁ ਨਿੰਦਕ ਕਾ ਦਾਰੂ ਨਾਹਿ ॥ ਆਪਿ ਭੁਲਾਏ ਨਾਨਕਾ ਪਚਿ ਪਚਿ ਜੋਨੀ ਪਾਹਿ ॥ ੨ ॥

(ਨਿੰਦਕ ਦੀਆਂ) ਸਾਰੀਆਂ ਦਵਾਈਆਂ ਕੀਤੀਆਂ (ਪਰ) ਨਿੰਦਕ (ਨੂੰ ਪੋਹਣ ਵਾਲਾ) ਦਾਰੂ ਕੋਈ ਨਹੀਂ। (ਓਹ ਹੁਣ) ਆਪ (ਪ੍ਰਭੂ ਨੇ) ਭੁਲਾ ਦਿੱਤੇ ਹਨ, ਹੇ ਨਾਨਕ! (ਓਹ) ਸੜ ਖਪ ਕੇ ਜੂਨਾਂ ਵਿਚ ਪੈਂਦੇ ਹਨ ॥ ੨ ॥

ਪਉੜੀ ੫ ॥ ਤੁਸਿ ਦਿਤਾ ਪੂਰੈ ਸਤਿਗੁਰੂ ਹਰਿ ਧਨੁ ਸਚੁ ਅਖੁਟੁ ॥ ਸਭਿ ਅੰਦੇਸੇ ਮਿਟਿ ਗਏ ਜਮ ਕਾ ਭਉ ਛੁਟੁ ॥ ਕਾਮ ਕ੍ਰੋਧ ਬੁਰਿਆਈਆਂ ਸੰਗਿ ਸਾਧੂ ਤੁਟੁ ॥ ਵਿਣੁ ਸਚੇ ਦੂਜਾ ਸੇਵਦੇ ਹੁਇ ਮਰਸਨਿ ਬੁਟੁ ॥ ਨਾਨਕ ਕਉ ਗੁਰਿ ਬਖਸਿਆ ਨਾਮੈ ਸੰਗਿ ਜੁਟੁ ॥੨੯॥

(ਤੈਨੂੰ) ਪੂਰੇ ਸਤਿਗੁਰੂ ਨੇ ਤ੍ਰੁੱਠ ਕੇ ਸੱਚਾ ਤੇ ਅਖੁੱਟ ਹਰੀ ਧਨ ਦਿੱਤਾ ਹੈ। ਸਾਰੇ ਫਿਕਰ ਤੌਖਲੇ (ਇਸ ਨਾਲ) ਮਿਟ ਗਏ ਹਨ, ਤੇ ਜਮ ਦਾ ਡਰ (ਬੀ) ਦੂਰ ਹੋ ਗਿਆ ਹੈ। ਸਾਧੂ ਦੀ ਸੰਗਤ ਵਿਚ ਕਾਮ ਕ੍ਰੋਧ (ਆਦਿ ਸਭ) ਬੁਰਿਆਈਆਂ ਤ੍ਰੁਟ ਗਈਆਂ ਹਨ। (ਪਰ ਜੋ) ਸੱਚੇ ਵਾਹਿਗੁਰੂ) ਤੋਂ ਬਿਨਾਂ ਹੋਰ ਦੂਸਰੇ ਨੂੰ ਸੇਂਵਦੇ ਹਨ ਓਹ ਬੋਟ ਵਾਙੂ ਹੋਕੇ ਮਰਨਗੇ। (ਪਰ) ਨਾਨਕ ਨੂੰ ਵਾਹਿਗੁਰੂ ਨੇ ਬਖ਼ਸ਼ ਦਿੱਤਾ (ਕਿਉਂਕਿ ਉਸ ਨੂੰ ਉਸ ਨੇ) ਨਾਮ ਨਾਲ ਜੋੜ ਦਿੱਤਾ ਹੈ ॥ ੨੯ ॥

**ਵਯਾਖਯਾ**—ਇਸ ਪਉੜੀ ਵਿਚ ਬੀ ਤ੍ਰੈਏ ਅੰਕ ਪਾਤਸ਼ਾਹੀ ਪੰਜਵੀਂ ਦੇ ਹੀ ਹਨ। ਪਹਿਲੇ ਸਲੋਕ ਵਿਚ ਅਕਿਰਤਘਣਾਂ ਦੇ ਅੰਤ ਦਾ ਹਾਲ ਹੈ ਕਿ ਓਹ ਮਰਕੇ ਵੱਡੇ ਦੁਖਾਂ ਵਿਚ ਪੈਂਦੇ ਹਨ ਤੇ ਮਰਦੇ ਬੀ ਹਰਾਮ ਮੌਤੇ ਹਨ। ਹਰਾਮ ਮੌਤ ਅਰਬੀ ਵਿਚ ਉਸੇ ਨੂੰ ਆਖਦੇ ਹਨ ਜਿਸ ਨੂੰ ਹਿੰਦੀ ਵਿਚ ਅਵਗਤਿ ਮੌਤ ਕਹਿੰਦੇ ਹਨ। ਜਿਸ ਦਾ ਮਤਲਬ ਇਹ ਹੁੰਦਾ ਹੈ ਕਿ ਮਰਕੇ ਭੈੜੀ ਗਤੀ ਨੂੰ ਪ੍ਰਾਪਤ ਹੁੰਦੇ ਹਨ ਤੇ ਛੁੱਟ ਨਹੀਂ ਸਕਦੇ। ਉਂਞ ਅਰਬੀ ਵਿਚ ਖ਼ੁਦਕੁਸ਼ੀ ਕਰਨੇ ਨੂੰ ਬੀ ਹਰਾਮ ਮੌਤ ਆਖ ਲੈਂਦੇ ਹਨ। ਮੁਰਾਦ ਇਹ ਹੁੰਦੀ ਹੈ ਕਿ ਮਰਕੇ ਤਾਂ ਪਾਪ ਪੁੰਨ ਅਨੁਸਾਰ ਦੁਖ ਸੁਖ ਮਿਲਦੇ ਹਨ ਪਰ ਮਰਨੇ ਦਾ ਤ੍ਰੀਕਾ ਬੀ ਬਾਜ਼ੇ ਵੇਲੇ ਭਯਾਨਕ ਹੁੰਦਾ ਹੈ, ਜਿਸ ਤੋਂ ਮਰਨ ਦਾ ਤ੍ਰੀਕਾ ਬੀ ਗਤੀ ਨਾ ਹੋ ਸਕਣ ਦਾ ਸੂਚਕ ਹੋ ਜਾਂਦਾ ਹੈ, ਜਿਵੇਂ ਖ਼ੁਦਕੁਸ਼ੀ ਦੀ ਮੌਤ ਨੂੰ ਦੱਸੀਦਾ ਹੈ।

ਦੂਸਰੇ ਸਲੋਕ ਵਿਚ ਨਿੰਦਕ ਦੇ ਦੁਖਾਂ ਦਾ ਅੰਤ ਦੱਸਿਆ ਹੈ, ਉਹ ਕਸ਼ਟਾਂ ਵਾਲਾ ਹੈ, ਪਉੜੀ ਦੀ ਚੌਥੀ ਸਤਰ ਵਿਚ ਵਾਹਿਗੁਰੂ ਤੋਂ ਬੇਮੁਖਾਂ ਤੇ ਦੂਜੇ ਦੀ ਸੇਵਾ ਵਿਚ ਲੱਗਿਆਂ ਦੇ ਅੰਤ ਦਾ ਵੇਰਵਾ ਦੱਸਿਆ ਹੈ।

ਤ੍ਰੈਆਂ ਨੂੰ ਵਖ ਵਖ ਲਓ ਯਾ ਇਕ ਇਕ ਲਓ, ਜਿਸ ਵਿਚ ਤ੍ਰੈਏ ਪਾਪ ਵਯਾਪਤ ਸਨ, ਹਰ ਹਾਲ ਅੰਤ ਭੈੜਾ ਤੇ ਮਹਾਂ ਭੈੜਾ ਦੱਸਿਆ ਹੈ। ਬਾਕੀ ਦੀ ਪਉੜੀ ਵਿਚ ਇਸਦੇ ਉਲਟ ਉਸ ਦਾ ਹਾਲ ਕਿਹਾ ਹੈ ਜੋ ਬਖਸ਼ਿਸ਼ ਵਿਚ ਆ ਗਿਆ ਹੈ। ਉਸ ਨੂੰ ਪਹਿਲੋਂ ਸਤਿਗੁਰੂ ਨੇ ਨਾਮ ਦਾਨ ਤ੍ਰੁੱਠ ਕੇ ਦਿੱਤਾ ਹੈ। ਉਹ ਨਾਮ ਧਨ, ਸੱਚਾ ਧਨ ਹੈ ਤੇ ਅਖੁੱਟ ਧਨ ਹੈ। ਭਾਵੇਂ ਕਿ ਉਹ ਅਤਿ ਅਮੋਲਕ ਵਸਤੂ ਹੈ ਜੋ ਜੀਵ ਦੀ ਕਲਯਾਣ ਕਰ ਦੇਂਦੀ ਹੈ। ਉਸ ਨਾਲ ਮਨ ਤੇ ਸਰੀਰ ਦੀਆਂ ਬੁਰਿਆਈਆਂ ਕਾਮ ਕ੍ਰੋਧ ਆਦਿ ਦੂਰ ਹੋ ਜਾਂਦੀਆਂ ਹਨ, ਤੇ ਜੀਵਨ ਵਿਚ ਪੈਣ ਵਾਲੇ ਤੌਖਲੇ ਤੇ ਫਿਕਰ ਦੂਰ ਹੋ ਜਾਂਦੇ ਹਨ ਅਤੇ ਮਰਨ ਦਾ ਜੋ ਭੈ ਹੈ, ਉਹ ਬੀ ਦੂਰ ਹੋ ਜਾਂਦਾ ਹੈ।

**ਨਿਰਕੁ**—ਨਰਕ ਘੋਰ–[ਸੰਸ:, ਘੋਰ (ਭਯਾਨਕ)+ਨਰਕੰ=ਦੋਜ਼ਖ਼] ਉਹ ਨਰਕ ਜੋ ਬੜਾ ਭਿਆਨਕ ਹੈ। ਅਕਿਰਤਘਣਾ–[ਸੰਸ:, ਕ੍ਰਿਤਘ੍ਨ:] ਜੋ ਕੀਤੇ ਨੂੰ ਨਾ ਜਾਣੇ। ਨੇਕੀ ਦੇ ਬਦਲੇ ਬਦੀ ਕਰਨ ਵਾਲਾ।

ਮੁਏ ਹਰਾਮੁ–ਹਰਾਮ ਮੌਤ ਮੋਏ। ਹਰਾਮ ਮੌਤ ਦਾ ਵੇਰਵਾ ਵਯਾਖਯਾ ਵਿਚ ਆ ਚੁਕਾ ਹੈ।

ਤੁਮਿ—ਤੁੱਠਕੇ। ਅੰਦੇਸੇ—[ਫ਼ਾ:, ਅੰਦੇਸ਼ਹ] ਫ਼ਿਕਰ, ਤੌਖਲਾ।
ਛੂਟੁ— ਦੂਰ ਹੋ ਗਿਆ। ਤੁਟਿ—ਤੁਟ ਗਈਆਂ।
ਬੁਟੁ—[ਫ਼ਾ:, ਬੋਟੀ=ਮਾਸ ਦਾ ਟੁਕੜਾ, ਲੋਥੜਾ। ਪੰਜਾਬੀ, ਬੋਟ=ਚਿੜੀ ਦਾ ਛੋਟਾ ਬੱਚਾ, ਜਿਸ ਦੇ ਪਰ ਨਹੀਂ ਹੁੰਦੇ] ਬੋਟ ਵਾਂਙੂ। ਬੇਆਸਰਾ ਹੋਕੇ।

[ਪਉੜੀ ਤੀਹਵੀਂ]

**ਪ੍ਰਾਕ੍ਰਥਨ—** ਅਗੇ ਦੁਣ ਸਲੋਕ ਦੋਵੇਂ ਮਹਲੇ ਚੋਥੇ ਦੇ ਹਨ ਤੇ ਪਉੜੀ ਪਾਤਸ਼ਾਹੀ ਪੰਜਵੀਂ ਦੀ ਹੈ। ਪਹਿਲੇ ਸ਼ਲੋਕ ਵਿਚ ਇਕ ਤਪੇ ਦਾ ਹਾਲ ਹੈ। ਇਹ ਹਾਲ ਸਿਖ ਇਤਿਹਾਸ ਵਿਚ ਬੀ ਵਰਣਿਤ ਹੈ।

**ਮੂਲ**

ਸਲੋਕ ਮਃ ੪ ॥ ਤਪਾ ਨ ਹੋਵੈ ਅੰਦ੍ਰਹੁ ਲੋਭੀ ਨਿਤ ਮਾਇਆ ਨੋ ਫਿਰੈ ਜਜਮਾਲਿਆ ॥ ਅਗੋ ਦੇ ਸਦਿਆਂ ਸਤੈ ਦੀ ਭਿਖਿਆ ਲਏ ਨਾਹੀ ਪਿਛੋਦੇ ਪਛੁਤਾਇਕੈ ਆਣਿ ਤਪੈ ਪੁਤੁ ਵਿਚਿ ਬਹਾਲਿਆ॥ ਪੰਚ ਲੋਕ ਸਭਿ ਹਸਣ ਲਗੇ ਤਪਾ ਲੋਭਿ ਲਹਰਿ ਹੈ ਗਾਲਿਆ ॥ ਜਿਥੈ ਥੋੜਾ ਧਨੁ ਵੇਖੈ ਤਿਥੈ ਤਪਾ ਭਿਟੈ ਨਾਹੀ ਧਨਿ ਬਹੁਤੈ ਡਿਠੈ ਤਪੈ ਧਰਮੁ ਹਾਰਿਆ ॥ ਭਾਈ ਏਹੁ ਤਪਾ ਨ ਹੋਵੀ ਬਗੁਲਾ ਹੈ ਬਹਿ ਸਾਧ ਜਨਾ ਵੀਚਾਰਿਆ ॥ ਸਤ ਪੁਰਖ ਕੀ ਤਪਾ ਨਿੰਦਾ ਕਰੈ ਸੰਸਾਰੈ ਕੀ ਉਸਤਤਿ ਵਿਚਿ ਹੋਵੈ ਏਤੁ ਦੋਖੈ ਤਪਾ ਦਯਿ ਮਾਰਿਆ ॥ ਮਹਾ ਪੁਰਖਾਂ ਕੀ ਨਿੰਦਾ ਕਾ ਵੇਖੁ ਜਿ ਤਪੇ ਨੋ ਫਲੁ ਲਗਾ ਸਭੁ ਗਇਆ ਤਪੇ ਕਾ ਘਾਲਿਆ ॥ ਬਾਹਰਿ ਬਹੈ ਪੰਚਾ ਵਿਚਿ ਤਪਾ ਸਦਾਏ॥ਅੰਦਰਿ ਬਹੈ ਤਪਾ ਪਾਪ ਕਮਾਏ॥ਹਰਿ ਅੰਦਰਲਾ ਪਾਪੁ ਪੰਚਾ ਨੋ ਉਘਾ ਕਰਿ ਵੇਖਾ-

**ਅਰਥ**

(ਇਹ) ਤਪਾ ਨਹੀਂ ਹੋਵੇ, (ਇਹ ਤਾਂ) ਅੰਦਰੋਂ ਲੋਭੀ ਹੈ, (ਇਹ ਤਾਂ) ਸਦਾ ਮਾਇਆ ਲਈ (ਭੱਜਾ) ਫਿਰਦਾ ਹੈ (ਪਰ ਇਹ ਹੱਥ ਟੱਡ ਕੇ ਨਹੀਂ ਮੰਗਦਾ ਮਾਨੋ) ਹੱਥਲਦਾ ਹੈ, ਭਾਵ ਕਿ ਅੰਦਰੋਂ ਤਾਂ ਅਤਿ ਦਾ ਲੋਭੀ ਹੈ ਪਰ ਬਾਹਰੋਂ ਮੰਗਦਾ ਨਹੀਂ ਦਿੱਸਦਾ)। ਪਹਿਲੋਂ ਦੇ ਸੱਦ ਘੱਲਿਆਂ (ਆ ਕੇ) ਸਤਿਕਾਰ ਵਾਲੀ ਭਿਖਿਆ ਤਾਂ ਲਈ ਨਹੀਂ, ਪਿੱਛੋਂ ਦੀ ਪਛੁਤਾ ਕੇ ਤਪੇ ਨੇ ਆਪਣਾ ਪੁਤ ਲਿਆ ਕੇ ਵਿਚ ਬਹਾਲ ਦਿੱਤਾ। ਸਾਰੇ ਪੈਂਚ (ਤੇ) ਲੋਕੀਂ ਹੱਸਣ ਲੱਗ ਪਏ ਕਿ ਤਪੇ ਨੂੰ ਲੋਭ ਦੀ ਲਹਿਰ ਨੇ ਗਾਲ ਸੱਟਿਆ ਹੈ। ਜਿਥੇ ਥੋੜਾ ਧਨ ਦਖਦਾ ਹੈ ਉਥੇ ਤਪਾ ਨੇੜੇ ਨਹੀਂ ਫਟਕਦਾ, (ਪਰ) ਬਹੁਤਾ ਧਨ (ਮਿਲਦਾ) ਵੇਖ ਕੇ ਤਪੇ ਨੇ (ਅਪਣਾ ਧਾਰਿਆ) ਧਰਮ ਬੀ ਹਾਰ ਦਿੱਤਾ ਹੈ। (ਇਹ ਵੇਖ ਕੇ) ਭਲੇ ਲੋਕਾਂ ਨੇ ਬੈਠ ਕੇ ਏਹ ਵੀਚਾਰ ਕੀਤੀ ਹੈ ਕਿ ਭਰਾਵੋ ! ਇਹ ਤਪਾ ਨਹੀਂ ਹੋ ਸਕਦਾ (ਇਹ ਤਾਂ) ਬਗੁਲਾ (ਪਖੰਡੀ) ਹੈ। (ਇਹ) ਤਪਾ ਸਤਿ ਪੁਰਖ ਦੀ ਨਿੰਦਾ ਕਰਦਾ ਹੈ (ਅਤੇ) ਸੰਸਾਰੀ ਲੋਕਾਂ ਦੀ ਉਸਤਤੀ ਵਿਚ ਲਗਾ ਰਹਿੰਦਾ ਹੈ, ਇਸ ਦੂਖਣ ਕਰਕੇ ਪਰਮੇਸ਼ੁਰ ਨੇ ਤਪੇ ਨੂੰ ਮਾਰਿਆ। ਵੇਖੋ, ਤਪੇ ਨੂੰ ਮਹਾਂ ਪੁਰਖਾਂ ਦੀ ਨਿੰਦਾ ਦਾ (ਕੀਹ) ਫਲ ਲੱਗਾ ਕਿ ਤਪੇ ਦਾ ਕਮਾਇਆ (ਤਪ) ਸਾਰਾ ਨਾਸ਼ ਹੋ ਗਿਆ ਹੈ। ਬਾਹਰ (ਆ) ਬੈਠਦਾ ਹੈ ਤਾਂ ਪੈਂਚਾ ਵਿਚ 'ਤਪਾ' ਕਹਾਉਂਦਾ ਹੈ; ਅੰਦਰ ਬਹੇ ਤਾਂ ਤਪਾ ਪਾਪ ਕਮਾਉਂਦਾ ਹੈ। ਹਰੀ ਨੇ (ਉਸ ਦਾ) ਅੰਦਰਲਾ ਪਾਪ ਉੱਘਾ ਕਰਕੇ ਪੈਂਚਾ ਨੂੰ ਦਿਖਾ ਦਿੱਤਾ ਹੈ।

ਲਿਆ ॥ ਧਰਮਰਾਇ ਜਮ ਕੰਕਰਾ ਨੋ ਆਖਿ ਛਡਿਆ ਏਸੁ ਤਪੇ ਨੋ ਤਿਥੈ ਖੜਿ ਪਾਇਅਹੁ ਜਿਥੈ ਮਹਾ ਮਹਾਂ ਹਤਿਆਰਿਆ ॥ ਫਿਰਿ ਏਸੁ ਤਪੇ ਦੈ ਮੁਹਿ ਕੋਈ ਲਗਹੁ ਨਾਹੀ ਏਹੁ ਸਤਿਗੁਰਿ ਹੈ ਫਿਟਕਾਰਿਆ॥ ਹਰਿ ਕੈ ਦਰਿ ਵਰਤਿਆ ਸੁ ਨਾਨਕ ਆਖਿ ਸੁਣਾਇਆ ॥ ਸੋ ਬੂਝੈ ਜੁ ਦਯਿ ਸਵਾਰਿਆ ॥੧॥

ਧਰਮ ਰਾਜ ਨੇ ਬੀ ਜਮਦੂਤਾਂ ਨੂੰ ਕਹਿ ਛਡਿਆ ਹੈ ਕਿ (ਮਰਨੇ ਪਰ) ਏਸ ਤਪੇ ਨੂੰ ਓਥੇ ਲਿਜਾ ਕੇ ਪਾਇਆਜੇ ਜਿੱਥੇ ਵਡੇ ਤੋਂ ਵੱਡੇ ਹਤਿਆਰਿਆਂ ਨੂੰ ਪਾਉਂਦੇ ਹੋ। ਫੇਰ ਏਸ ਤਪੇ ਦੇ (ਤੁਸੀਂ ਬੀ) ਕੋਈ ਮੱਥੇ ਨਾ ਲੱਗਿਓ (ਕਿਉਂਕਿ) ਇਹ ਸਤਿਗੁਰੂ ਦਾ ਫਿਟਕਾਰਿਆ ਹੋਇਆ ਹੈ। ਜੋ ਕੁਛ ਵਾਹਿਗੁਰੂ ਦੀ ਦਰਗਾਹ ਵਿਚ ਵਰਤਿਆ ਹੈ ਉਹ ਨਾਨਕ ਨੇ ਆਖਕੇ (ਸਭ ਨੂੰ) ਸੁਣਾ ਦਿੱਤਾ ਹੈ। ਉਹ (ਇਸ ਗੱਲ ਨੂੰ) ਸਮਝ ਲਏਗਾ ਜਿਸ ਨੂੰ ਵਾਹਿਗੁਰੂ ਨੇ ਸੰਵਾਰਿਆ ਹੈ ॥ ੧ ॥

ਮ: ੪ ॥ ਹਰਿ ਭਗਤਾਂ ਹਰਿ ਆਰਾਧਿਆ ਹਰਿ ਕੀ ਵਡਿਆਈ ॥ ਹਰਿ ਕੀਰਤਨੁ ਭਗਤਿ ਨਿਤ ਗਾਂਵਦੇ ਹਰਿ ਨਾਮੁ ਸੁਖਦਾਈ ॥ ਹਰਿ ਭਗਤਾਂ ਨੋ ਨਿਤ ਨਾਵੈ ਦੀ ਵਡਿਆਈ ਬਖਸੀਅਨੁ ਨਿਤ ਚੜੈ ਸਵਾਈ ॥ ਹਰਿ ਭਗਤਾਂ ਨੋ ਥਿਰੁ ਘਰੀ ਬਹਾਲਿਅਨੁ ਅਪਣੀ ਪੈਜ ਰਖਾਈ ॥ ਨਿੰਦਕਾਂ ਪਾਸਹੁ ਹਰਿ ਲੇਖਾ ਮੰਗਸੀ ਬਹੁ ਦੇਇ ਸਜਾਈ॥ ਜੇਹਾ ਨਿੰਦਕ ਅਪਣੈ ਜੀਇ ਕਮਾਵਦੇ ਤੇਹੋ ਫਲੁ ਪਾਈ ॥ ਅੰਦਰਿ ਕਮਾਣਾ ਸਰਪਰ ਉਘੜੈ ਭਾਵੈ ਕੋਈ ਬਹਿ ਧਰਤੀ ਵਿਚਿ ਕਮਾਈ॥ ਜਨ ਨਾਨਕੁ ਦੇਖਿ ਵਿਗਸਿਆ ਹਰਿ ਕੀ ਵਡਿਆਈ ॥ ੨ ॥

ਹਰੀ ਦੇ ਭਗਤ ਹਰੀ ਨੂੰ ਧਿਆਉਂਦੇ ਹਨ ਤੇ ਹਰੀ ਦੀ ਵਡਿਆਈ (ਕਰਦੇ ਹਨ)। ਭਗਤ ਹਰੀ ਦਾ ਕੀਰਤਨ ਸਦਾ ਗਾਉਂਦੇ ਹਨ ਤੇ ਸੁਖਦਾਈ ਹਰੀ ਨਾਮ ਨੂੰ (ਸਿਮਰਦੇ ਹਨ)। ਹਰੀ ਨੇ ਭਗਤਾਂ ਨੂੰ ਸਦਾ ਨਾਮ ਦੀ ਵਡਿਆਈ ਬਖਸ਼ੀ ਹੈ, ਜੋ ਸਦਾ ਹੀ ਵਧਦੀ ਹੈ। ਹਰੀ ਨੇ ਭਗਤਾਂ ਨੂੰ ਟਿਕਾਕੇ ਆਪਣੇ ਘਰੀਂ ਬਹਾਲਿਆ ਹੈ ਤੇ ਆਪਣੀ ਪੈਜ ਰਖਾਈ ਹੈ। ਨਿੰਦਕਾਂ ਪਾਸੋਂ ਹਰੀ ਲੇਖਾ ਮੰਗੇਗਾ ਤੇ ਬਹੁਤ ਸਜ਼ਾਵਾਂ ਦੇਵੇਗਾ। ਨਿੰਦਕ ਲੋਕ ਜੋ ਕੁਛ ਆਪਣੇ ਮਨੋਂ ਕਮਾਉਂਦੇ ਹਨ ਉਹੋ ਜੇਹਾ ਫਲ ਪਾਉਂਦੇ ਹਨ। ਅੰਦਰ ਦਾ ਕਮਾਇਆ ਜ਼ਰੂਰ ਬਾਹਰ ਪ੍ਰਗਟ ਹੋਵੇਗਾ ਭਾਵੇਂ ਕੋਈ ਧਰਤੀ ਦੇ ਅੰਦਰ (ਲੁਕਕੇ) ਬੈਠਾ ਕਮਾਵੇ। ਦਾਸ ਨਾਨਕ ਹਰੀ ਦੀ ਵਡਿਆਈ ਵੇਖ (ਵੇਖ) ਖੁਸ਼ ਹੋ ਰਿਹਾ ਹੈ ॥ ੨ ॥

ਪਉੜੀ ਮ: ੫ ॥ ਭਗਤ ਜਨਾਂ ਕਾ ਰਾਖਾ ਹਰਿ ਆਪਿ ਹੈ ਕਿਆ ਪਾਪੀ ਕਰੀਐ ॥ ਗੁਮਾਨੁ ਕਰਹਿ ਮੂੜ ਗੁਮਾਨੀਆ ਵਿਸੁ ਖਾਧੀ ਮਰੀਐ ॥ ਆਇ ਲਗੇ ਨੀ ਦਿਹ ਥੋੜੜੇ ਜਿਉ ਪਕਾ ਖੇਤੁ ਲੁਣੀਐ ॥ ਜੇਹੇ ਕਰਮ ਕਮਾਵਦੇ ਤੇਵੇਹੋ ਭਣੀਐ॥ ਜਨ

ਭਗਤ ਜਨਾਂ ਦਾ ਰਾਖਾ ਹਰੀ ਆਪ ਹੈ, ਪਾਪੀ ਉਨ੍ਹਾਂ ਦਾ ਕੀਹ (ਵਿਗਾੜ) ਕਰ ਸਕਦਾ ਹੈ। ਹੇ ਹੰਕਾਰੀ! (ਕਿਸ ਗੱਲ ਦਾ) ਹੰਕਾਰ ਕਰਦਾ ਹੈਂ ? ਜ਼ਹਿਰ ਖਾਈਏ (ਤਾਂ ਆਪੇ) ਮਰ ਜਾਈਦਾ ਹੈ। ਥੋੜੇ ਦਿਨ (ਜੀਵਨ ਦੇ ਜੋ ਤੈਨੂੰ ਮਿਲੇ ਸਨ) ਪੁਗ ਗਏ ਹਨ, ਜਿਵੇਂ ਪੱਕਾ ਖੇਤ ਕੱਟਿਆ ਜਾਂਦਾ ਹੈ (ਤਿਵੇਂ ਕੱਟਿਆ ਜਾਏਂਗਾ)। (ਲੋਕ) ਜੇਹੇ ਜੇਹੇ ਕਰਮ ਕਮਾਂਵਦੇ ਹਨ ਉਹੋ ਜੇਹਾ ਨਾਉਂ (ਉਨ੍ਹਾਂ ਦਾ) ਕਿਹਾ ਜਾਂਦਾ ਹੈ। ਦਾਸ ਨਾਨਕ ਦਾ ਮਾਲਕ ਵੱਡਾ ਹੈ, (ਉਹੀ

ਨਾਨਕ ਕਾ ਖਸਮੁ ਵਡਾ ਹੈ ਸਭਨਾ ਦਾ ਧਣੀਐ ॥ ੩੦ ॥

ਜੋ) ਸਭਨਾਂ ਦਾ ਸੁਆਮੀ ਹੈ ॥ ੩੦ ॥

**ਵਯਾਖਯਾ—**ਪਉੜੀ ਪਾਤਸ਼ਾਹੀ ਪੰਜਵੀਂ ਦੀ ਹੈ, ਇਸ ਵਿਚ ਹੰਕਾਰੀ ਨਿੰਦਕ ਤੇ ਮਨਮੁਖ ਨੂੰ ਫੁਰਮਾ ਰਹੇ ਹਨ ਕਿ ਤੂੰ ਜੋ ਪਾਪ ਕਰਮ ਕਰ ਰਿਹਾ ਹੈਂ ਇਹ ਵਿਖੁ ਖਾ ਰਿਹਾ ਹੈਂ,ਇਸ ਨੇ ਤੈਨੂੰ ਆਪੇ ਹੀ ਮਾਰ ਘੱਤਣਾ ਹੈ, ਤੇਰੀ ਉਮਰਾ ਪੁੱਗ ਪਈ ਹੈ, ਕਿਸ ਜੀਉਣ ਲਈ ਪਾਪ ਕਰਮ ਕਰ ਰਿਹਾ ਹੈਂ ? ਭਾਵ ਹੈ ਹੁਣ ਹੀ ਸਮਝ। ਜੇਹੇ ਭੈੜ ਤੂੰ ਕਰਮ ਕੀਤੇ ਹਨ ਉਹੋ ਜੇਹਾ ਭੈੜਾ ਨਾਮ ਤੇਰਾ ਰਹਿ ਜਾਏਗਾ। ਭਗਤਾਂ ਦਾ ਤੂੰ ਕੁਛ ਨਹੀਂ ਵਿਗਾੜ ਸਕਦਾ, ਉਨ੍ਹਾਂ ਦਾ ਰਾਖਾ ਹਰੀ ਆਪ ਹੈ, ਹਰੀ ਸਭਨਾਂ ਦਾ ਮਾਲਕ ਹੈ, ਇਸ ਕਰਕੇ ਹਰੇਕ ਤੋਂ ਉਨ੍ਹਾਂ ਦੀ ਰਾਖੀ ਕਰਨੇ ਨੂੰ ਸਮਰੱਥ ਹੈ।

ਦੂਸਰਾ ਸਲੋਕ ਬੀ ਨਿੰਦਕਾਂ ਪਾਪੀਆਂ ਪਰਥਾਇ ਹ, ਕਿ ਓਹ ਕੀਤੇ ਦਾ ਫਲ ਪਾਉਣਗੇ, ਦੰਡ ਦੇਣ ਵਾਲਾ ਹਰੀ ਨਿਆਂ ਕਰੇਗਾ। ਜੇਹਾ ਨਿੰਦਕ ਕਰਮ ਕਰਦੇ ਰਹੇ ਹਨ ਉਹੋ ਜੇਹਾ ਫਲ ਪਾਉਣਗੇ। ਕੁਛ ਸਮਾ ਓਹ ਝੂਠ ਸੱਚ ਬੋਲਕੇ ਚੰਗੇ ਬਣ ਬਣ ਬਹਿਣਗੇ ਪਰ ਅੰਤ ਨੂੰ ਅੰਦਰ ਦਾ ਕਮਾਇਆ ਪਾਪ ਗੁੱਝਾ ਨਹੀਂ ਰਹੇਗਾ, ਸੋ ਦੁਨੀਆਂ ਵਿਚ ਬੀ ਭੈੜਾ ਨਾਮ ਛੱਡ ਕੇ ਜਾਣਗੇ। ਇਸ ਸਲੋਕ ਦੇ ਪਹਿਲੇ ਅੱਧ ਵਿਚ ਉਨ੍ਹਾਂ ਦਾ ਜ਼ਿਕਰ ਹੈ ਜਿਨ੍ਹਾਂ ਦੀ ਨਿੰਦਕ ਨਿੰਦਾ ਕਰਦੇ ਹਨ ਅਰਥਾਤ ਭਗਤਾਂ ਦਾ। ਭਾਵ ਇਹ ਹੈ ਕਿ ਭਗਤ ਅਪਣੀ ਨਿੰਦਾ ਉਸਤੁਤਿ ਦੀ ਪਰਵਾਹ ਨਹੀਂ ਕਰਦੇ ਓਹ ਘਰੀਂ ਬੈਠਕੇ ਸਾਂਈ ਦਾ ਨਾਮ ਜਪਦੇ ਤੇ ਹਰੀ ਕੀਰਤਨ ਵਿਚ ਮਗਨ ਰਹਿੰਦੇ ਹਨ ਵਾਹਿਗੁਰੂ ਨੇ ਉਨ੍ਹਾਂ ਨੂੰ ਨਾਮ ਦੀ ਵਡਿਆਈ ਬਖ਼ਸ਼ੀ ਹੈ ਓਹ ਦਿਨ ਦਿਨ ਵਧਦੀ ਹੈ। ਕਿਉਂਕਿ ਉਨ੍ਹਾਂ ਦਾ ਨਾਮ ਸਦੈਵੀ ਵਸਤੂ ਹੈ, ਸਾਂਈਂ ਨਾਲ ਨੇਹੁ ਵਧਦਾ ਹੀ ਵਧਦਾ ਹੈ। ਸੋ ਹਰੀ ਅਪਣੇ ਭਗਤਾਂ ਦੀ ਪੈਜ ਆਪਣੀ ਪੈਜ ਜਾਣ ਕੇ ਬਚਾਉਂਦਾ ਹੈ ਤੇ ਨਿੰਦਕਾਂ ਨੂੰ ਅਪਣੇ ਕੀਤੇ ਦੇ ਯਥਾ ਯੋਗ ਫਲ ਭੋਗਣ ਲਈ ਛੋੜਦਾ ਹੈ।

ਪਹਿਲਾ ਸਲੋਕ ਪ੍ਰਮਾਣ ਵਿਚ ਆਯਾ ਹੈ ਕਿ ਉਹ ਇਕ ਪ੍ਰਤੱਖ ਹੋ ਬੀਤੇ ਨਿੰਦਕ ਦਾ ਉਸ ਸਮੇਂ ਦਾ ਵਾਕਿਆ ਹੈ, ਜਿਸਦਾ ਜ਼ਿਕਰ ਸੂਰਜ ਪ੍ਰਕਾਸ਼ ਆਦਿ ਇਤਿਹਾਸਾਂ ਵਿਚ ਬੀ ਹੈ।

ਖਡੂਰ ਵਿਚ ਇਕ ਜੋਗੀ ਸੀ ਜਿਸਨੇ ਲੋਕਾਂ ਨੂੰ ਚੁੱਕ ਚੁਕਾ ਕੇ ਤੇ ਮੀਂਹ ਪਾਉਣ ਦਾ ਲਾਲਚ ਦੇਕੇ ਪਿੰਡੋਂ ਕੱਢ ਦੇਣ ਲਈ ਪ੍ਰੇਰਿਆ ਸੀ ਤੇ ਗੁਰੂ ਜੀ ਖਡੂਰ ਛੋੜ ਕੇ ਖਾਨ ਰਜਾਦੇ ਦੇ ਬਨ ਵਿਚ ਜਾ ਰਹੇ ਸਨ। ਇਸ ਜੋਗੀ ਦਾ ਮੇਲੀ ਇਕ ਬ੍ਰਹਮਣ ਸੀ ਜੋ ਤਪਾ ਸਦਾਉਂਦਾ ਸੀ, ਤੇ ਗੋਇੰਦਵਾਲ ਟਹਿੰਦਾ ਸੀ। ਇਹ ਗੋਇੰਦਵਾਲ ਵਾਲੇ ਗੋਂਦੇ ਦਾ ਪ੍ਰੋਹਿਤ ਸੀ। ਯਥਾ:—

ਤਪਾ ਹੁਤੇ ਇਕ ਗੋਇੰਦਵਾਲ ॥ ਸੁਨਿ ਜਸ ਜਰੈ ਹੋਤਿ ਬੇਹਾਲ ॥ ੩ ॥
ਮਰਵਾਹਨ ਕੋ ਪ੍ਰੋਧਾ ਜਾਨੋ ॥ ਉਸ ਜੋਗੀ ਕੋ ਮਿਤ੍ਰ ਸੁ ਮਾਨੋ ॥

[ਸੂ: ਪ੍ਰ. ਸਫ਼ਾ ੧੫੮੦—੮੧

ਇਹ ਤਪਾ ਸਤਿਗੁਰੂ ਅਮਰਦਾਸ ਜੀ ਦੀ ਨਾ ਕੇਵਲ ਨਿੰਦਾ ਕਰਦਾ ਸੀ ਸਗੋਂ ਇਸ ਨੇ ਹੀ ਮਰਵਾਹੇ ਗੋਂਦੇ ਦੇ ਪੁਤ੍ਰ ਨੂੰ ਚੁੱਕ ਚੁਕਾ ਕੇ ਲਹੌਰ ਭੇਜਿਆ ਤੇ ਹਾਕਮ ਜਾਫ਼ਰਬੇਗ ਪਾਸ ਦਾਅਵਾ ਕਰਵਾਇਆ ਸੀ ਕਿ ਸ੍ਰੀ ਗੁਰੂ ਜੀ ਸਾਡੀਆਂ ਭੋਆਂ ਦਬਾ ਬੈਠੇ ਹਨ। ਹਾਕਮ ਨੇ ਗੋਇੰਦਵਾਲ ਆ ਕੇ ਤਹਿਕੀਕਾਤ ਕੀਤੀ ਤੇ ਮਰਵਾਹੇ ਦੇ ਪੁਤ੍ਰ ਨੂੰ ਝੂਠਾ ਸਾਬਤ ਕੀਤਾ। ਤਵਾ. ਖਾ: (ਸਫ਼ਾ ੬੨੪) ਤੇ ਲਿਖਿਆ ਹੈ ਕਿ "ਫੇਰ ਤਪੇ ਦੇ ਚੁੱਕੇ ਹੋਏ ਖਤ੍ਰੀਆਂ ਨੇ ਦਿੱਲੀ ਅਪੀਲ ਜਾ ਕੀਤੀ, ਓਥੇ ਬੀ ਖਾਰਜ ਹੋਈ।"

ਇਸ ਪ੍ਰਕਾਰ ਦੇ ਉਪੱਦ੍ਰਵ ਤਪਾ ਕਰਦਾ ਰਹਿੰਦਾ ਸੀ। ਪਰ ਗੁਰੂ ਜੀ ਖਿਮਾ ਨਿਧਾਨ ਪਰਵਾਹ ਨਹੀਂ ਸਨ ਕਰਦੇ ਹੁੰਦੇ।

ਜਦੋਂ ਬਾਵਲੀ ਤਿਆਰ ਹੋ ਗਈ ਤਾਂ ਸ੍ਰੀ ਗੁਰੂ ਜੀ ਨੇ ਅੰਨ ਦਾਨ ਦਾ ਇਕ ਯੱਗ ਰਚਾਇਆ। ਗੋਇੰਦਵਾਲ ਖਡੂਰ ਤੇ ਹਰ ਥਾਂ ਤੋਂ ਸਾਧੂ ਸੰਤ ਮਹਾਤਮਾ, ਗੁਰੂ ਪ੍ਰੇਮੀ ਸਿਖ ਸਦਵਾਏ। ਨਿਰਵੈਰ ਦਾਤਾ ਜੀ ਨੇ ਸਭ ਅਵਗੁਣ ਭੁਲਾ ਕੇ ਏਸ ਤਪੇ ਨੂੰ ਬੀ ਬੁਲਾ ਘੱਲਿਆ, ਪਰ ਇਹ ਨਾ ਆਇਆ। ਦੋ ਇਕ ਵਾਰੀ ਫੇਰ ਨੇਉਤਾ ਗਿਆ, ਪਰ ਏਸ ਨੇ ਹੈਂਕੜ ਧਾਰੀ ਰੱਖੀ ਤੇ ਨਿੰਦਾ ਵਿਚ ਹੀ ਰਿਹਾ। ਪਿੱਛੋਂ ਇਸ ਨੂੰ ਪਤਾ ਲੱਗਾ ਕਿ ਗੁਰੂ ਕੇ ਇਸ ਅੰਨ ਯੱਗ ਵਿਚ ਗਏ ਪੁਰਖਾਂ ਨੂੰ ਮਾਯਾ ਬੀ ਮਿਲਨੀ ਹੈ ਤੇ ਉਹ ਚੋਖੀ ਹੋਣੀ ਹੈ। ਸ੍ਰੀ ਗੁਰੂ ਜੀ ਮਾਯਾ ਜਮਾ ਨਹੀਂ ਸਨ ਰਖਦੇ ਹੁੰਦੇ। ਬਾਵਲੀ ਲਈ ਆਈ ਹੋਈ ਖਰਚ ਹੁੰਦੀ ਕੁਛ ਜੋ ਬਚ ਰਹੀ ਸੀ, ਸ੍ਰੀ ਦਾਤਾ ਜੀ ਨੇ ਇਸ ਅੰਨ ਯੱਗ ਤੇ ਖਰਚ ਕਰਨੀ ਤੇ ਆਇਆਂ ਸੱਜਣਾਂ ਵਿਚ ਵੰਡ ਦੇਣ ਦੀ ਠਾਣੀ ਹੋਈ ਸੀ। ਜਦੋਂ ਤਪੇ ਨੂੰ ਪਤਾ ਪਿਆ ਕਿ ਯੱਗ ਵਿਚ ਤਾਂ ਮੋਹਰ ਮੋਹਰ ਕਿ ਵਧ ਕੁਛ ਮਿਲ ਪੈਣਾ ਹੈ ਤਾਂ ਹੋ ਰਹੇ ਸਮਾਗਮ ਵਿਚ ਆਪ ਤਾਂ ਨਾ ਗਿਆ ਪਰ ਅਪਣੇ ਪੁਤ੍ਰ ਨੂੰ ਵਲ ਛਲ ਨਾਲ ਅੰਦਰ ਪੁਚਾ ਦਿੱਤਾ। ਸੂ: ਪ੍ਰ: ਵਿਚ ਲਿਖਿਆ ਹੈ ਕਿ ਉਸ ਨੂੰ ਬੀ ਰਸਤੇ ਸਿਰ ਨਾ ਘੱਲਿਆ, ਸਗੋਂ ਜਿੱਥੇ ਭੋਜਨ ਛਕਾਇਆ ਜਾਣਾ ਸੀ ਉਸ ਦੀ ਕੰਧ ਉਤੇ ਚੜ੍ਹਾ ਕੇ ਅੰਦਰ ਨੂੰ ਟਪਾ ਦਿੱਤਾ, ਤੇ ਇਉਂ ਲੱਗੀ ਪੰਗਤਿ ਵਿਚ ਬਹਾਲ ਦਿੱਤਾ*; ਤਾਂ ਜੋ ਉਹ ਮਾਯਾ ਲੈ ਆਵੇ। ਗੋਯਾ ਸ਼ਰਮ ਕੁਸ਼ਰਮ ਧਰਮ ਸਭ ਇਸਦੇ ਮਾਯਾ ਪ੍ਰਾਪਤੀ ਲਈ ਸਨ।

ਇਸ ਹੋ ਬੀਤੇ ਵਾਕਿਆ ਨੂੰ ਇਸ ਸਲੋਕ ਵਿਚ ਸਤਿਗੁਰੂ ਜੀ ਨੇ ਨਿਰੂਪਣ ਕੀਤਾ ਹੈ; ਕਿ ਪਹਿਲੋਂ ਆਦਰ ਨਾਲ ਸੱਦਿਆ ਨਾ ਆਇਆ, ਪਿਛੋਂ ਲੋਭ ਲਹਿਰ ਦੇ ਵੱਸ ਹੋਕੇ ਪੁਤ ਪੰਗਤ ਵਿਚ ਬਹਾਲ ਦਿੱਤਾ। ਇਹ ਦੇਖ ਕੇ ਸਾਰੇ ਸ੍ਰੇਸ਼ਟ ਪੁਰਖਾਂ ਵਿਚ ਬਦਨਾਮੀ ਹੋ ਗਈ ਕਿ ਇਹ ਤਪਾ ਨਹੀਂ ਇਹ ਤਾਂ ਲੋਭ ਲਹਿਰ ਦੇ ਰੋਗ ਨਾਲ ਗਲਿਆ ਹੋਇਆ ਰੋਗੀ ਹੈ। ਇਹਦਾ ਤਪ ਦੰਭ ਹੈ ਬਗਲੇ ਵਰਗਾ, ਮਾਯਾ ਰੂਪੀ ਮੱਛੀਆਂ ਫੜਨ ਦਾ। ਫੇਰ ਇਹ ਤਪਾ ਸਤਿਪੁਰਖ ਦੀ ਨਿੰਦਾ ਕਰਦਾ ਹੈ ਤੇ ਦੁਨੀਆਂ ਦੇ ਝੂਠੇ ਲੋਕਾਂ ਦੀ ਮਹਿਮਾ ਕਰਦਾ ਹੈ, ਇਸ ਵਿਚ ਇਸ਼ਾਰਾ ਹੈ ਤਪੇ ਦੇ ਮਰਵਾਹੇ ਦੇ ਪੁਤ ਨਾਲ ਰਲਕੇ ਪਾਪ ਕਮਾਉਣ ਦਾ। ਇਸ ਪ੍ਰਕਾਰ ਦੇ ਪਾਪ ਕਰਮਾਂ ਦਾ ਇਕ ਫਲ ਤਾਂ ਇਹ ਲੱਗਾ ਕਿ ਜੋ ਕੁਛ ਸ਼ੁਰੂ ਵਿਚ ਉਸਨੇ ਤਪ ਕੀਤਾ ਸੀ ਉਸਦਾ ਫਲ ਨਸ਼ਟ ਹੋ ਗਿਆ। ਫੇਰ ਅਗਲੀਆਂ ਤੁਕਾਂ ਤੋਂ ਜਾਪਦਾ ਹੈ ਕਿ ਉਹ ਕੋਈ ਪਾਪ ਕਰਮ ਲੁਕ ਕੇ ਕਰਦਾ ਸਿਰੋਂ ਫੜਿਆ ਗਿਆ ਹੈ। ਜੈਸਾ ਕਿ ਲਿਖਿਆ ਹੈ "ਹਰਿ ਅੰਦਰਲਾ ਪਾਪੁ ਪੰਚਾ ਨੋ ਉਘਾ ਕਰਿ ਵੇਖਾਲਿਆ"। ਇਹ ਤਾਂ ਹੋਇਆ ਦੁਨੀਆਂ ਵਿਚ ਪਾਪ ਮਈ ਪਖੰਡੀ ਜੀਵਨ ਤੇ ਨਿਰਵੈਰ ਸਤਿਪੁਰਖ ਨਾਲ ਵਿਰੋਧ ਕਰਨ ਦਾ ਫਲ। ਅੱਗੇ ਇਹ ਹੋਇਆ ਕਿ ਧਰਮ ਰਾਜ ਨੇ ਏਡਾ ਕਰੜਾ ਹੁਕਮ ਦਿੱਤਾ ਕਿ ਜਦ ਇਹ ਮਰੇ, ਹੇ ਜਮਦੂਤੋ! ਇਸ ਨੂੰ ਕੁੰਭੀ ਨਰਕ ਵਿਚ ਪਾਉਣਾ, ਤੇ ਇਹ ਏਡਾ ਪਾਪੀ ਹੈ ਕਿ ਜਮਦੂਤੋ! ਫੇਰ ਕਦੇ ਤੁਸਾਂ ਬੀ ਏਸ ਦੇ ਮੱਥੇ ਨਾ ਲਗਣਾ। ਇਹ ਗੱਲ ਦੱਸ ਕੇ ਗੁਰੂ ਸਾਹਿਬ ਜੀ ਅਪਣੇ ਵਿਦਯਾ ਗਯਾਨ ਦੁਆਰਾ ਦੱਸਦੇ ਹਨ ਕਿ ਇਹ ਗੱਲ ਗ਼ੈਬ ਵਿਚ ਹਰੀ ਦੇ ਦੁਆਰੇ ਜਿਵੇਂ ਵਰਤੀ ਹੈ ਅਸੀਂ ਦੱਸੀ ਹੈ। ਇਥੇ ਸਹਿ ਸੁਭਾ ਨਿੰਮ੍ਰਤਾ ਦੇ ਪੁੰਜ ਸਤਿਗੁਰੂ ਜੀ ਦੇ ਮੂੰਹੋਂ ਅਪਣੀ ਦੈਵੀ ਸ਼ਕਤੀ ਦਾ ਜ਼ਿਕਰ ਨਿਕਲ ਗਿਆ ਹੈ।

ਸੋ ਇਸ ਪਹਿਲੇ ਸਲੋਕ ਵਿਚ ਪਉੜੀ ਦੇ ਪ੍ਰਮਾਣ ਲਈ ਇਕ ਹੋ ਬੀਤੇ ਵਾਕਿਆ ਦਾ ਜ਼ਿਕਰ ਹੈ ਜੋ ਸ੍ਰੀ ਗੁਰੂ ਰਾਮਦਾਸ ਜੀ ਦੇ ਸਾਹਮਣੇ ਵਰਤਿਆ ਤੇ ਉਨ੍ਹਾਂ ਨੇ ਕਲਮ ਬੰਦ ਕੀਤਾ।

**ਨਿਰੁਕ**—ਜਜਮਾਲਿਆ—[ਸੰਸ:, ਧਾਤੂ-ਜਜ੍=ਲੜਨਾ, ਯੁੱਧ ਕਰਨਾ] ਮਾਇਆ ਪ੍ਰਾਪਤੀ ਲਈ ਜੱਦੋ ਜਹਿਦ ਕਰਨ ਵਾਲਾ। ਤਮੋ ਗੁਣੀ, ਲਾਲਚੀ। (ਅ) [ਅ:, ਜਜ਼ਾਮ=ਕੋੜ੍ਹ। ਜਜਮਾਲਾ=ਕੋੜ੍ਹ ਵਾਲਾ।] ਕੋੜ੍ਹੀ, ਰੋਗੀ, ਛੂਤ ਦਾ ਰੋਗੀ ਜਿਸ ਨਾਲ ਸੰਗ ਕਰਨਾ ਖ਼ਤਰਨਾਕ ਹੈ।

*ਸੂ: ਪ੍ਰ: ਤੇ ਤਵਾ: ਖਾ: ਵਿਚ ਲਿਖਿਆ ਹੈ ਕਿ ਮੁੰਡੇ ਦੀ ਲੱਤ ਬੀ ਡਿਗ ਕੇ ਟੁੱਟ ਗਈ ਪਰ ਗੁਰੂ ਜੀ ਦੇ ਸਲੋਕ ਵਿਚ ਇਹ ਜ਼ਿਕਰ ਨਹੀਂ ਆਯਾ, ਜੋ ਇਸ ਪਉੜੀ ਦਾ ਪਹਿਲਾ ਸ਼ਲੋਕ ਹੈ।

ਅਗੋ ਦੇ—ਪਹਿਲੋਂ ਦੇ। ਸਤੈ ਦੀ—[ਸੰਸ:, ਸਤ੍ਯ=ਯਥਾਰਥ, ਠੀਕ] ਸਤਿਕਾਰ ਦੀ, ਇੱਜ਼ਤ ਦੀ। ਭਿਟੈ ਨਾਹੀ—ਲਾਗੇ ਨਹੀਂ ਆਉਂਦਾ, ਛੂਹੰਦਾ ਨਹੀਂ। ਨੇੜੇ ਨਹੀਂ ਢੁੱਕਦਾ।

ਬਗੁਲਾ—[ਸੰਸ:, ਬਕ:=ਬਗਲਾ, ਛਲੀਆ, ਕਪਟੀ] ਬਗਲਾ। ਪਾਣੀ ਦੇ ਕੰਢੇ ਰਹਿਣ ਵਾਲਾ ਇਕ ਚਿੱਟੇ ਰੰਗ ਦਾ ਪੰਛੀ। ਭਾਵ ਪਖੰਡੀ।

ਪੰਚਾ—(ਵੇਖੋ 'ਪੰਚ' ਪੰਨਾ ੮੫) ਸਰਪੰਚ। ਪੰਚਾਇਤ ਦੇ ਆਦਮੀ।

ਜਮ ਕੰਕਰਾ—(ਵੇਖੋ ਪੰਨਾ ੧੭੬੨) ਜਮ ਦੇ ਦੂਤਾਂ ਨੂੰ। ਜਮਦੂਤਾਂ ਨੂੰ।

ਖੜਿ ਪਾਇਅਨੁ—ਲੈ ਜਾਕੇ ਪਾਇਓ।

ਬਖਸੀਅਨੁ—ਉਸ ਨੇ ਬਖਸ਼ੀ ਹੈ। ਭਾਵ ਵਾਹਿਗੁਰੂ ਨੇ ਦਿੱਤੀ ਹੈ।

ਸਜਾਈ—ਸਜ਼ਾਵਾਂ। [ਫ਼ਾ:, ਸਜ਼ਾ=] ਦੰਡ, ਗੁਨਾਹ ਦਾ ਬਦਲਾ। ਬਦੀ ਦੀ ਸਜ਼ਾ। ਏਥੇ ਬਹੁ ਬਚਨ ਹੈ-ਸਜ਼ਾਵਾਂ ਦਾ ਪੁਰਾਤਨ ਰੂਪ ਹੈ 'ਸਜਾਈਂ'।

ਜੀਇ—ਜੀਅ ਵਿਚ, ਦਿਲ ਵਿਚ।

ਦਿਹ—ਦਿਨ। ਦਿਨ ਦਾ ਬਹੁ ਵਚਨ [ਸੰਸ:, ਦਿਵਸੰ]।

ਭਣੀਐ—[ਸੰਸ:, ਧਾਤੂ-ਭਣ੍=ਕਹਿਣਾ, ਬੋਲਣਾ] ਕਿਹਾ ਜਾਂਦਾ ਹੈ। ਆਖਿਆ ਜਾਂਦਾ ਹੈ।

## [ਪਉੜੀ ਇਕੱਤੀਵੀਂ]

| ਮੂਲ | ਅਰਥ |
|---|---|
| ਸਲੋਕ ਮਃ ੪ ॥ ਮਨਮੁਖ ਮੂਲਹੁ ਭੁਲਿਆ ਵਿਚਿ ਲਬੁ ਲੋਭੁ ਅਹੰਕਾਰੁ ॥ ਝਗੜਾ ਕਰਦਿਆ ਅਨਦਿਨੁ ਗੁਦਰੈ ਸਬਦਿ ਨ ਕਰਹਿ ਵੀਚਾਰੁ ॥ ਸੁਧਿ ਮਤਿ ਕਰਤੈ ਸਭ ਹਿਰਿ ਲਈ ਬੋਲਨਿ ਸਭੁ ਵਿਕਾਰੁ ॥ ਦਿਤੈ ਕਿਤੈ ਨ ਸੰਤੋਖੀਅਹਿ ਅੰਤਰਿ ਤਿਸਨਾ ਬਹੁ ਅਗਿਆਨੁ ਅੰਧਾਰੁ ॥ ਨਾਨਕ ਮਨਮੁਖਾ ਨਾਲੋ ਤੁਟੀ ਭਲੀ ਜਿਨ ਮਾਇਆ ਮੋਹ ਪਿਆਰੁ ॥ ੧ ॥ | ਮਨਮੁਖ ਮੂਲ (ਅਰਥਾਤ ਵਾਹਿਗੁਰੂ) ਤੋਂ ਭੁੱਲੇ ਹੋਏ ਹਨ (ਓਹ) ਲੱਬ ਲੋਭ ਤੇ ਹੰਕਾਰ ਵਿਚ (ਵਰਤਦੇ) ਹਨ। (ਉਨ੍ਹਾਂ ਦਾ) ਹਰ ਦਿਨ ਝਗੜਾ ਕਰਦਿਆਂ ਬੀਤਦਾ ਹੈ (ਓਹ ਕਦੇ) ਸ਼ਬਦ ਦੁਆਰਾ (ਮੂਲ ਦੀ) ਵੀਚਾਰ ਨਹੀਂ ਕਰਦੇ। (ਇਸ ਲਈ) ਕਰਤਾਰ ਨੇ ਉਨ੍ਹਾਂ ਦੀ ਸੁੱਧ ਮਤੀ ਸਾਰੀ ਹਿਰ ਲਈ ਹੈ (ਸੋ ਓਹ ਜੋ ਕੁਛ) ਬੋਲਦੇ ਹਨ ਸਭ ਵਿਕਾਰ (-ਮਈ) ਹੁੰਦਾ ਹੈ। (ਓਹ) ਕਿਸੇ ਬੀ ਦਿਤੇ (ਦਾਨ) ਨਾਲ ਨਹੀਂ ਰੱਜਦੇ, (ਉਨ੍ਹਾਂ ਦੇ) ਅੰਦਰ ਬਹੁਤੀ ਤ੍ਰਿਸ਼ਨਾ ਤੇ ਅਗਯਾਨ ਦਾ ਅਨ੍ਹੇਰਾ ਹੈ। ਹੇ ਨਾਨਕ! (ਐਸੇ) ਮਨਮੁਖਾਂ ਨਾਲੋਂ (ਪ੍ਰੀਤ) ਤ੍ਰੁੱਟ ਗਈ ਹੀ ਚੰਗੀ ਹੈ, ਜਿਨ੍ਹਾਂ ਨੂੰ ਕਿ ਪਿਆਰ ਮਾਇਆ ਮੋਹ ਦਾ ਹੈ ॥ ੧ ॥ |
| ਮਃ ੪ ॥ ਜਿਨਾ ਅੰਦਰਿ ਦੂਜਾ ਭਾਉ ਹੈ ਤਿਨ੍ਹਾ ਗੁਰਮੁਖਿ ਪ੍ਰੀਤਿ ਨ ਹੋਇ ॥ ਓਹੁ ਆਵੈ ਜਾਇ ਭਵਾਈਐ ਸੁਪਨੈ ਸੁਖੁ ਨ ਕੋਇ ॥ ਕੂੜੁ ਕਮਾਵੈ ਕੂੜੁ ਉਚਰੈ ਕੂੜਿ ਲਗਿਆ ਕੂੜੁ ਹੋਇ ॥ ਮਾਇਆ | ਜਿਨ੍ਹਾਂ ਦੇ ਅੰਦਰ ਦੂਜਾ ਭਾਉ ਹੈ ਉਨ੍ਹਾਂ ਦੀ ਪ੍ਰੀਤ ਗੁਰਮੁਖਾਂ ਨਾਲ ਨਹੀਂ ਹੁੰਦੀ। ਓਹ ਜਨਮ ਮਰਨ ਵਿਚ ਭੁਆਏ ਜਾਂਦੇ ਹਨ (ਉਨ੍ਹਾਂ ਨੂੰ) ਸੁਖ ਸੁਪਨੇ ਵਿਚ ਬੀ ਕੋਈ ਨਹੀਂ ਹੁੰਦਾ। ਓਹ ਕੂੜ ਦੀ ਕਮਾਈ ਕਰਦੇ ਹਨ, ਕੂੜ ਬੋਲਦੇ ਹਨ, ਸੋ ਕੂੜ ਨਾਲ ਲਗਿਆਂ (ਉਨ੍ਹਾਂ ਦੇ ਅੰਦਰ ਬਾਹਰ) ਕੂੜ ਵਰਤ ਜਾਂਦਾ ਹੈ। (ਸਿੱਧਾਂਤ ਦੀ ਬਾਤ ਹੈ ਕਿ) ਮਾਇਆ |

ਮੋਹੁ ਸਭੁ ਦੁਖੁ ਹੈ ਦੁਖਿ ਬਿਨਸੈ ਦੁਖੁ ਹੋਇ ॥ ਨਾਨਕ ਧਾਤੁ ਲਿਵੈ ਜੋੜੁ ਨ ਆਵਈ ਜੇ ਲੋਚੈ ਸਭੁ ਕੋਇ ॥ ਜਿਨ ਕਉ ਪੋਤੈ ਪੁੰਨੁ ਪਇਆ ਤਿਨਾ ਗੁਰ ਸਬਦੀ ਸੁਖੁ ਹੋਇ ॥ ੨ ॥

ਦਾ ਮੋਹ ਸਾਰਾ ਦੁਖ (-ਰੂਪ) ਹੈ, (ਇਸ) ਦੁਖ (ਰੂਪ ਮਾਇਆ) ਦੇ ਨਾਸ਼ ਹੋਇਆਂ ਬੀ ਦੁਖ (ਹੀ) ਹੁੰਦਾ ਹੈ। ਹੇ ਨਾਨਕ ! ਮਾਇਆ (ਤੇ ਸਾਈਂ ਵਿਚ) ਲਿਵ (ਅਰਥਾਤ ਮਾਇਕੀ ਤੇ ਸਾਈਂ ਪ੍ਰੇਮੀਆਂ*) ਦਾ ਮੇਲ ਕਦੇ ਨਹੀਂ ਬਣ ਪਿਆ, ਭਾਵੇਂ ਸਭ ਕੋਈ ਪਿਆ ਲੋਚੇ (ਭਾਵ ਹੈ, ਕੋਈ ਚਾਹਕੇ ਯਤਨ ਕਰਕੇ ਪਰਤਾ ਲਵੇ)। ਜਿਨ੍ਹਾਂ ਦੇ (ਕੀਤੇ ਕਰਮਾਂ ਦੇ) ਖ਼ਜ਼ਾਨੇ ਵਿਚ ਪੁੰਨ (ਕਰਮ) ਪਿਆ ਹੁੰਦਾ ਹੈ, ਉਨ੍ਹਾਂ ਨੂੰ (ਹੀ) ਗੁਰੂ ਦੇ ਸ਼ਬਦ ਦੁਆਰਾ ਸੁਖ ਹੁੰਦਾ ਹੈ ॥ ੨ ॥

ਪਉੜੀ ਮਃ ੫ ॥ ਨਾਨਕ ਵੀਚਾਰਹਿ ਸੰਤ ਮੁਨਿ ਜਨਾਂ ਚਾਰਿ ਵੇਦ ਕਹੰਦੇ ॥ ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ ॥ ਪਰਗਟ ਪਾਹਾਰੈ ਜਾਪਦੇ ਸਭਿ ਲੋਕ ਸੁਣੰਦੇ ॥ ਸੁਖੁ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ ॥ ਓਇ ਲੋਚਨਿ ਓਨਾ ਗੁਣੈ ਨੋ ਓਇ ਅਹੰਕਾਰਿ ਸੜੰਦੇ ॥ ਓਇ ਵੇਚਾਰੇ ਕਿਆ ਕਰਹਿ ਜਾਂ ਭਾਗ ਧੁਰਿ ਮੰਦੇ ॥ ਜੋ ਮਾਰੇ ਤਿਨਿ ਪਾਰਬ੍ਰਹਮਿ ਸੇ ਕਿਸੈ ਨ ਸੰਦੇ ॥ ਵੈਰੁ ਕਰਨਿ ਨਿਰਵੈਰ ਨਾਲਿ ਧਰਮਿ ਨਿਆਇ ਪਚੰਦੇ ॥ ਜੋ ਜੋ ਸੰਤ ਸਰਾਪਿਆ ਸੇ ਫਿਰਹਿ ਭਵੰਦੇ ॥ ਪੇਡੁ ਮੁੰਢਾਹੂ ਕਟਿਆ ਤਿਸੁ ਡਾਲ ਸੁਕੰਦੇ ॥ ੩੧ ॥

**ਸੂਚਨਾ**—ਪਿਛੇ ਇਸੇ ਵਾਰ ਵਿਚ ਜੋ ਬਾਰ੍ਹਵੀਂ ਪੌੜੀ ਮਃ੪ ਦੀ ਆ ਚੁਕੀ ਹੈ ਉਸ ਦਾ ਪਾਠ ਲਗਪਗ ਇਹੋ ਹੈ। ਕੁਛ ਕੁਛ ਅੱਖਰਾਂ ਤੇ ਮਾਤ੍ਰਾਂ ਦਾ ਆਪੋ ਵਿਚ ਫਰਕ ਹੈ। ਚਾਹੇ ਫਰਕ ਬਹੁਤ ਥੋੜਾ ਹੈ ਤਦ ਬੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਥੇ ਇਸ ਪਰ 'ਮਹਲਾ ੫' ਦਾ ਪਤਾ ਲਾ ਦਿੱਤਾ ਹੈ।

ਇਹ ਗਲ ਕਈ ਵੇਰ ਆਮ ਕਵੀਆਂ ਵਿਚ ਬੀ ਹੋ ਜਾਂਦੀ ਹੈ ਜੋ ਗੱਲ ਇਕ ਨੇ ਉਚਾਰੀ ਹੈ ਉਹ ਦੂਸਰੇ ਨੇ ਹੂਬਹੂ ਯਾ ਜ਼ਰਾ ਜ਼ਰਾ ਫਰਕ ਤੇ ਉਚਾਰੀ ਹੈ। ਇਸ ਨੂੰ ਫਾਰਸੀ ਵਾਲੇ 'ਤਵਾਰਦ' ਆਖਦੇ ਹਨ। ਇਥੇ ਤਾਂ ਦੁਇ ਲੇਖਕ ਦੈਵੀ ਅਨੁਭਵ ਵਾਲੇ ਹਨ, ਇਕ ਕਿਸਮ ਦੇ ਵਾਕਿਆ ਉਤੇ ਇਕੋ ਤਰ੍ਹਾਂ ਦੇ ਵਾਕ ਦੁਹਾਂ ਤੋਂ ਉਚਰੇ ਜਾਣੇ ਕੋਈ ਹੈਰਾਨੀ ਦੀ ਗੱਲ ਨਹੀਂ ਹੈ। ਇਹ ਸਾਹਿਤਕ ਦਯਾਨਤਦਾਰੀ ਦਾ ਕਮਾਲ ਹੈ ਕਿ ਸਾਹਿਬਾਂ ਨੇ ਅਪਣੇ ਤੇ ਵਾਰਦ ਹੋਈ ਪਉੜੀ ਦਾ ਪਾਠ ਜਿਵੇਂ ਦੀ ਉਤਰੀ ਤੇ ਉਸ ਉਤੇ ਅਪਣਾ ਪਤਾ ਦੇ ਦਿੱਤਾ ਹੈ। ਅਰਥ ਦੋਹਾਂ ਦੇ ਇਕੋ ਹਨ ਜ਼ਰਾ ਜ਼ਰਾ ਅਖਰੀ ਫਰਕ ਕਰਕੇ,ਇਸ ਲਈ ਇਸ ਪਉੜੀ ਦੇ ਅਰਥਾਂ ਲਈ ਦੇਖੋ ਪਿਛੇ ਪੰਨਾ ੧੮੨੩।

**ਵ੍ਯਾਖ੍ਯਾ**—ਪਉੜੀ ਦੇ ਅਖੀਰ ਦੱਸਿਆ ਹੈ 'ਪੇਡੁ ਮੁੰਢਾਹੂੰ ਕਟਿਆ' ਤੇ ਪਹਿਲੇ ਸਲੋਕ ਦੇ ਮੁੱਢ ਵਿਚ ਦੱਸਿਆ ਹੈ—ਮੂਲਹੁ ਭੁਲਿਆ। ਭਾਵ ਇਕੋ ਹੈ,ਜਿਸ ਪੁਰਖ ਦੇ ਮਨ ਦਾ ਰੁਖ ਵਾਹਿਗੁਰੂ ਪਰਾਇਣ ਨਹੀਂ ਤੇ ਮਾਯਕ ਹੈ ਉਹ ਲੱਬ ਲੋਭ ਹੰਕਾਰ ਵਿਚ ਹੈ, ਉਸ ਦੇ ਪੱਲੇ ਝਗੜੇ ਹੀ ਪੈਂਦੇ ਹਨ। ਭਲਾ ਜੇ ਉਨ੍ਹਾਂਨੂੰ ਕੁਛ ਦੇ ਦਿਵਾ ਕੇ ਰਿਝਾ ਲਈਏ ਤਾਂ ਬੀ ਨਹੀਂ ਪੁੱਗਦਾ ਕਿਉਂਕਿ ਅੰਦਰ ਉਨ੍ਹਾਂ ਦੇ ਬਹੁਤ ਤ੍ਰਿਸ਼ਨਾ ਹੈ ਤੇ ਉਹ ਦਿੱਸਦੀ ਨਹੀਂ,ਕਿਉਂਕਿ ਅਗ੍ਯਾਨ ਦਾ ਅੰਧਕਾਰ ਹੈ ਓਥੇ। ਭਾਵ ਇਹ ਹੈ ਕਿ ਉਪਦੇਸ਼ ਨਾਲ ਕਿ ਪਯਾਰ ਨਾਲ ਕਿ ਕੁਛ ਦੇਣ ਲੈਣ ਨਾਲ ਉਨ੍ਹਾਂ ਨੂੰ ਤੁਸੀਂ ਸੰਤੁਸ਼ਟ ਨਹੀਂ ਕਰ ਸਕਦੇ, ਇਸ ਲਈ ਨੇਹੁੰ ਹੀ ਨਾ ਲਾਓ, ਲੱਗਾ ਹੈ ਤਾਂ ਤੋੜ ਲਓ। ਕਿਉਂਕਿ ਦੂਜੇ ਸ਼ਲੋਕ ਵਿਚ ਦੱਸਿਆ ਹੈ ਕਿ ਜਿਨ੍ਹਾਂ ਦੇ ਅੰਦਰ ਵਾਹਿਗੁਰੂ ਵਲੋਂ ਬੇਮੁਖਾਈ ਹੈ ਤੇ ਉਨ੍ਹਾਂ ਦਾ ਭਾਉ (=ਪ੍ਰੇਮ) ਹੀ ਦੂਜੇ ਨਾਲ ਹੈ, ਓਹ ਦ੍ਵੈਤ ਭਾਵ ਵਿਚ ਵਰਤਦੇ ਹਨ, ਓਹ ਗੁਰਮੁਖਾਂ ਨਾਲ ਪ੍ਰੀਤ ਨਹੀਂ ਕਰਦੇ। ਓਹ

*ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ ॥ [ਮਾਝ ਵਾਰ ਮਃ ੧-੧੬

ਕੂੜ ਵਿਚ ਵਰਤਦੇ ਹਨ, ਕੂੜ ਬੋਲਦੇ ਹਨ, ਕੂੜ ਵਿਚ ਲੱਗੇ ਮੂਲੋਂ ਕੂੜ ਦਾ ਰੂਪ ਹੋ ਜਾਂਦੇ ਹਨ। ਓਹ ਮਾਇਆ ਕਮਾਉਂਦੇ ਦੁਖਾਂ ਨਾਲ ਹਨ, ਜੇ ਬਿਨਸੇ ਤਦ ਬੀ ਦੁਖੀ ਹੁੰਦੇ ਹਨ; ਸੋ ਜੀਵਨ ਹੀ ਦੁਖ-ਮਈ ਹੋ ਜਾਂਦਾ ਹੈ।

ਇਸ ਦਾ ਕਾਰਣ ਦੱਸਦੇ ਹਨ ਕਿ ਧਾਤ ਤੇ ਲਿਵ ਦਾ ਜੋੜ ਨਹੀਂ ਹੈ, ਜਿਵੇਂ ਪਾਰਾ ਤੇ ਪਾਣੀ ਆਪੋ ਵਿਚ ਰਲ ਨਹੀਂ ਹੋ ਸਕਦੇ, ਤਿਵੇਂ ਧਾਤ ਤੇ ਲਿਵ ਦਾ ਰਲਾਉ ਨਹੀਂ ਹੈ, ਜੈਸਾ ਕਿ ਤੀਸਰੇ ਸਤਿਗੁਰਾਂ ਨੇ ਫੁਰਮਾਇਆ ਹੈ:–

ਲਿਵ ਧਾਤੁ ਦੁਇ ਰਾਹ ਹੈ ਹੁਕਮੀ ਕਾਰ ਕਮਾਇ ॥ [ਵਾਰ ਸਿਰੀ ਰਾਗੁ ਮ: ੩–੧੨

ਪਹਿਲੋਂ ਫੁਰਮਾਇਆ ਹੈ:–

ਮਨਮੁਖ ਲੋਕ ਸਮਝਾਈਐ ਕਦਹੁ ਸਮਝਾਇਆ ਜਾਇ ॥
ਮਨਮੁਖੁ ਰਲਾਇਆ ਨਾ ਰਲੈ ਪਇਐ ਕਿਰਤਿ ਫਿਰਾਇ ॥
[ਵਾਰ ਸਿਰੀ ਰਾਗ ਮ: ੩–੧੨

ਲਿਵ ਵਾਲਾ ਮੂਲ ਗੱਲ ਇਹ ਕਰਦਾ ਹੈ ਕਿ ਮਨ ਵਿਚ ਵਾਹਿਗੁਰੂ ਜੀ ਦੀ ਹੋਂਦ ਦਾ ਧ੍ਰੁਵਾ ਬੰਨ੍ਹਦਾ ਹੈ, ਉਸ ਵਿਚ ਪਯਾਰ ਪਾਉਂਦਾ ਹੈ, ਉਸ ਦੀ ਸਿਫਤ ਸਲਾਹ ਤੇ ਨਾਮ ਨਾਲ ਲਿਵਧਾਰੀ ਹੋ ਜਾਂਦਾ ਹੈ। ਉਹ ਜੋ ਕੁਛ ਕਰਦਾ ਹੈ ਉਹ ਤਯਾਗ ਮਈ ਬ੍ਰਿਤੀ ਨਾਲ ਸੁਤੇ ਸਿਧ ਭਲੇ ਦਾ ਹੁੰਦਾ ਹੈ। ਜੋ ਮੁਢ ਤੋਂ ਹੀ ਘੁੱਥਾ ਹੈ, ਮਾਯਾ ਵਲ ਧਾਂਵਦਾ ਹੈ, ਉਸ ਦਾ ਮਨ ਧਾਵਨਾ ਵਿਚ ਰਹਿੰਦਾ ਹੈ, ਉਹ ਅਪਣੀ ਮੈਂ ਦੀ ਖ਼ਾਤਰ ਪਾਪ ਪੁੰਨ ਦੀ ਵੀਚਾਰ ਛੋੜ ਦੇਂਦਾ ਹੈ ਤੇ ਧਰਮ ਕੁਧਰਮ ਨਾਲ ਮਾਇਆ ਕੱਠੀ ਕਰਦਾ ਹੈ ਜਿਸ ਨਾਲ ਕਿ ਉਸਦਾ ਪਯਾਰ ਹੈ। ਸੋ ਇਕ ਲਿਵ ਵਿਚ ਟਿਕਿਆ ਤੇ ਏਕਾਗ੍ਰ, ਸੱਚ ਤੇ ਖੜਾ ਸਥਿਰ ਮਨ ਵਾਲਾ ਹੈ, ਦੂਜਾ ਤ੍ਰਿਸ਼ਨਾ ਵਿਚ ਭਟਕਦਾ, ਵਿਕਾਰਾਂ ਵਿਚ ਧਾਂਵਦਾ, ਝੂਠ ਸੱਚ ਦੀ ਪਰਵਾਹ ਨਾ ਕਰਦਾ ਪਰਮ ਖ਼ੁਦਗਰਜ਼ੀ ਵਿਚ ਹੈ, ਦੋਹਾਂ ਦਾ ਜੋੜ ਹੋ ਹੀ ਨਹੀਂ ਸਕਦਾ।

ਪਉੜੀ ਵਿਚ ਦੱਸਿਆ ਹੈ ਕਿ ਸੰਤਾਂ ਨਾਲ ਵੈਰ ਕਰਨ ਵਾਲੇ ਸੁਖ ਨਹੀਂ ਪਾਉਂਦੇ ਉਨ੍ਹਾਂ ਦਾ ਸੰਬੰਧ ਮੂਲ ਨਾਲ ਨਹੀਂ ਓਹ ਮੁੱਢੋਂ ਕੱਟੇ ਪੇੜ ਵਾਙੂ ਸੁਕਦੇ ਹਨ। ਇਹੋ ਭਾਵ ਸਲੋਕਾਂ ਵਿਚ ਹੈ, ਜੋ ਪਉੜੀ ਦੇ ਪ੍ਰਮਾਣ ਵਜੋਂ ਆਏ ਹਨ।

**ਨਿਰੁਕ**– ਗੁਦਰੈ–(ਗੁਜ਼ਰੈ) [ਫਾ:, ਗੁਜ਼ਸ਼ਤਨ=ਗੁਜ਼ਰਨਾ, ਬਿਤੀਤ ਹੋਣਾ] ਗੁਜ਼ਰਦਾ ਹੈ। ਲੰਘਦਾ ਹੈ। ਬਿਤੀਤ ਹੁੰਦਾ ਹੈ। ਅਨਦਿਨੁ–ਹਰ ਰੋਜ਼।

ਸੁਧਿ–[ਸੰਸ:, ਸੰਗਯਾਨੰ=ਸਮਝ, ਗਿਆਨ। ਹਿੰ:, ਸੁਝ ਬੂਝ=ਸਮਝ, ਅਕਲ] ਸੋਝੀ, ਹੋਸ਼ ਹਵਾਸ, ਬੁਧੀ। (ਅ) ਸੁਧਿ ਦੇ ਅਰਥ 'ਸ਼ੁਧ' ਕਰਨ ਦਾ ਬੀ ਜਤਨ ਹੁੰਦਾ ਹੈ, ਪਰ ਨਾਲ 'ਮਤਿ' ਪਈ ਹੈ, ਜਿਸ ਕਰਕੇ ਸਮਝ ਬੂਝ ਅਰਥ ਹੀ ਠੀਕ ਜਾਪਦਾ ਹੈ। (ਦੇਖੋ ਪੰਨਾ ੧੭੩)।

ਹਿਰਿ ਲਈ–ਖੋਹ ਲਈ, ਲੈ ਲਈ। ਵਿਕਾਰੁ–ਫਜ਼ੂਲ, ਬੇਹੂਦਾ।

ਦਿਤੈ–ਦੇਣ ਨਾਲ, ਦਾਨ ਦੇਣ ਨਾਲ।

ਤੁਟੀ–ਭਾਵ ਹੈ ਮਨਮੁਖਾਂ ਨਾਲੋਂ ਪ੍ਰੀਤੀ ਟੁੱਟੀ ਚੰਗੀ ਹੈ।

ਧਾਤੁ–(ਦੇਖੋ ਪੰਨਾ ੪੭੧) ਮਾਯਾ ਵਾਸਤੇ ਦੌੜ ਭੱਜ ਕਰਨ ਵਾਲੇ। ਮਾਇਆ ਸੇਵੀ।

ਲਿਵ–(ਦੇਖੋ ਪੰਨਾ ੨੧੪) ਸਾਈਂ ਵਿਚ ਜੁੜੀ ਅਵਸਥਾ।

ਪੋਤੈ–ਖ਼ਜ਼ਾਨੇ ਵਿਚ। ਕਰਮਾਂ ਰੂਪ ਖ਼ਜ਼ਾਨੇ ਵਿਚ।

ਪਾਹਾਰੈ–(ਦੇਖੋ ਪੰਨਾ ੧੮੨੫) ਸੰਸਾਰ ਵਿਚ।

ਪੇਡੁ–(ਦੇਖੋ ਪੰਨਾ ੧੮੨੫) ਪੇੜ, ਬੂਟਾ। ਮੁੰਢਾਹੂ–ਮੁੱਢ ਥੋਂ।

## [ਪਉੜੀ ਬੱਤੀਵੀਂ]

| ਮੂਲ | ਅਰਥ |
| --- | --- |
| ਸਲੋਕ ਮਃ ੫ ॥ ਗੁਰ ਨਾਨਕ ਹਰਿ ਨਾਮੁ ਦ੍ਰਿੜਾਇਆ ਭੰਨਣ ਘੜਨ ਸਮਰਥੁ ॥ ਪ੍ਰਭੁ ਸਦਾ ਸਮਾਲਹਿ ਮਿਤ੍ਰ ਤੂ ਦੁਖੁ ਸਬਾਇਆ ਲਥੁ ॥ ੧ ॥ | ਨਾਨਕ ਗੁਰੂ ਨੇ ਭੰਨਣ ਘੜਨ ਸਮਰਥ ਹਰੀ ਦਾ ਨਾਮ ਦ੍ਰਿੜ ਕਰਾ ਦਿੱਤਾ ਹੈ। ਹੇ ਮਿੱਤ੍ਰ ! ਉਸ ਪ੍ਰਭੂ ਨੂੰ ਜੇ ਤੂੰ ਸਦਾ ਯਾਦ ਕਰਦਾ ਰਹੇਂ, ਤਦ ਸਾਰਾ ਦੁਖ ਲਹਿ ਜਾਇਗਾ ॥ ੧ ॥ |

ਇਕ ਆਮ ਪ੍ਰਸ਼ਨ ਸਾਧਾਰਨ ਲੋਕ ਕਰਦੇ ਹਨ ਕਿ ਹਰ ਛਿਨ ਹਰੀ ਦਾ ਨਾਮ ਲੈ ਲੈ ਵਾਜਾਂ ਮਾਰਦਿਆਂ ਉਹ ਗੁੱਸੇ ਨਹੀਂ ਹੋ ਪੈਂਦਾ ? ਉਸ ਦਾ ਉੱਤਰ ਇਸ ਅਗਲੇ ਸਲੋਕ ਵਿਚ ਹੈ:–

| | |
| --- | --- |
| ਮਃ ੫ ॥ ਖੁਧਿਆਵੰਤੁ ਨ ਜਾਣਈ ਲਾਜ ਕੁਲਾਜ ਕੁਬੋਲੁ ॥ ਨਾਨਕੁ ਮਾਂਗੈ ਨਾਮੁ ਹਰਿ ਕਰਿ ਕਿਰਪਾ ਸੰਜੋਗੁ ॥ ੨ ॥ | (ਹੇ ਭਾਈ !) ਭੁੱਖੇ ਨੂੰ (ਆਪਣੇ ਮੰਗਣ ਵਿਚ) ਸ਼ਰਮ ਕੁਸ਼ਰਮ (ਕਿ ਅਗੋਂ ਦੇਣ ਵਾਲੇ ਦੇ) ਕੌੜੇ ਬਚਨ ਦੀ ਪਰਵਾਹ ਨਹੀਂ ਹੁੰਦੀ। (ਠੀਕ ਉਸ ਤਰ੍ਹਾਂ ਮੈਂ) ਨਾਨਕ (ਸਦਾ) ਹਰੀ ਨਾਮ ਮੰਗਦਾ ਹਾਂ (ਤੇ ਬਿਨੈ ਕਰਦਾ ਰਹਿੰਦਾ ਹਾਂ ਕਿ ਹੇ ਦਾਤਾ !) ਕਿਰਪਾ ਕਰਕੇ (ਆਪਣੇ ਨਾਲ ਮੇਲ ਲੈਣ ਦਾ) ਸ਼ੁਭ ਸਮਾਂ ਲੈ ਆਓ ॥ ੨ ॥ |
| ਪਉੜੀ ॥ ਜੇਵੇਹੇ ਕਰਮ ਕਮਾਵਦਾ ਤੇਵੇਹੇ ਫਲਤੇ ॥ ਚਬੇ ਤਤਾ ਲੋਹ ਸਾਰੁ ਵਿਚਿ ਸੰਘੈ ਪਲਤੇ ॥ ਘਤਿ ਗਲਾਵਾਂ ਚਾਲਿਆ ਤਿਨਿ ਦੂਤਿ ਅਮਲਤੇ ॥ ਕਾਈ ਆਸ ਨ ਪੁੰਨੀਆ ਨਿਤ ਪਰਮਲੁ ਹਿਰਤੇ ॥ ਕੀਆ ਨ ਜਾਣੈ ਅਕਿਰਤਘਣ ਵਿਚਿ ਜੋਨੀ ਫਿਰਤੇ ॥ ਸਭੇ ਧਿਰਾਂ ਨਿਖੁਟੀਅਸੁ ਹਿਰਿ ਲਈਅਸੁ ਧਰਤੇ ॥ ਵਿਝਣ ਕਲਹ ਨ ਦੇਵਦਾ ਤਾਂ ਲਇਆ ਕਰਤੇ ॥ ਜੋ ਜੋ ਕਰਤੇ ਅਹੰਮੇਉ ਝੜਿ ਧਰਤੀ ਪੜਤੇ ॥੩੨॥ | ਜੇਹੇ ਜੇਹੇ ਕਰਮ (ਕੋਈ) ਕਮਾਉਂਦਾ ਹੈ (ਉਸ ਨੂੰ) ਉਹੋ ਜੇਹੇ ਹੀ ਫਲ ਮਿਲਦੇ ਹਨ। (ਜੇ ਕੋਈ) ਲਾਲ ਗਰਮ ਲੋਹਾ ਚੱਬੇਗਾ (ਉਸ ਦੇ) ਸੰਘ ਦੇ ਵਿਚ ਸਾੜ ਪੈ ਜਾਣਗੇ। (ਇਸੇ ਤਰ੍ਹਾਂ ਮਾੜੇ) ਕਰਮਾਂ ਦੇ ਕਾਰਣ ਦੂਤਾਂ ਨੇ ਉਸ (ਪਾਪੀ) ਨੂੰ ਗਲਾਵਾਂ ਪਾਕੇ (ਨਾਲ) ਤੋਰ ਲਿਆ (ਤੇ ਉਸ ਦੀ) ਕੋਈ ਆਸ ਪੂਰੀ ਨਾ ਹੋਈ, (ਐਵੇਂ ਸਦਾ ਪਰਾਈ ਮੈਲ ਦੂਰ ਕਰਦੇ ਕਰਦੇ (ਉਮਰ ਬੀਤ ਗਈ, ਭਾਵ ਨਿੰਦਾ ਕਰ ਕਰ ਹੋਰਨਾਂ ਦੀ ਮੈਲ ਧੋਂਦਾ ਰਿਹਾ)। ਅਕਿਰਤਘਣ (ਕਿਸੇ ਦਾ) ਕੀਤਾ ਨਹੀਂ ਜਾਣਦਾ (ਸੀ, ਇਸ ਲਈ ਹੁਣ) ਜੂਨਾਂ ਵਿਚ (ਪਿਆ) ਭਟਕਦਾ ਹੈ। (ਉਸ ਦੇ) ਸਾਰੇ ਆਸਰੇ ਗੁਆਚ ਗਏ ਹਨ, (ਤੇ) ਆਸਰੇ ਦੇਣ ਵਾਲੇ ਬੀ ਮੁੱਕ (ਮਰ) ਗਏ ਹਨ। (ਇਹ ਦਸ਼ਾ ਕਿਉਂ ਹੋਈ ? ਕਿ ਜੀਉਂਦੇ ਜੀ ਉਹ) ਕਲਹਾ (ਝਗੜਿਆਂ) ਨੂੰ ਮੁੱਕਣ ਨਹੀਂ ਸੀ ਦੇਂਦਾ*, ਇਸ ਲਈ ਕਰਤਾਰ ਨੇ ਲੈ ਲਿਆ ਹੈ (ਭਾਵ ਸਮੇਟ ਲੀਤਾ ਹੈ)। (ਸਿੱਟਾ ਇਹ ਕਿ) ਜੋ ਜੋ ਅਹੰਕਾਰ ਕਰਦੇ ਹਨ (ਓਹ) ਧਰਤੀ ਉਤੇ ਟੁੱਟ ਕੇ ਢੈ ਪੈਂਦੇ ਹਨ ॥ ੩੨ ॥ |

*ਇਕ ਝਗੜਾ ਮੁਕਦਾ ਸੀ ਤਾਂ ਇਕ ਹੋਰ ਖੜਾ ਕਰ ਲੈਂਦਾ ਸੀ।

**ਵਯਾਖਯਾ**—ਇਸ ਪਉੜੀ ਦੇ ਸਲੋਕ ਪਾਤਸ਼ਾਹੀ ਪੰਜਵੀਂ ਦੇ ਹਨ ਤੇ ਪਉੜੀ ਚੌਥੇ ਪਾਤਸ਼ਾਹ ਜੀ ਦੀ ਹੈ।

ਪਉੜੀ ਵਿਚ ਭੈੜੇ ਅਮਲਾਂ ਵਾਲੇ ਅਕਿਰਤਘਣ ਸਦਾ ਲੜਾਈ ਝਗੜੇ ਜਾਰੀ ਰਖਣ ਵਾਲੇ ਪਾਪੀ ਦੇ ਮੰਦ ਕਮਾਉਂਦਿਆਂ, ਕੀਤੇ ਦਾ ਫਲ ਭੋਗਦਿਆਂ ਮਰਦਾ ਵੇਖਕੇ ਉਚਾਰੀ ਹੈ। ਹੋ ਸਕਦਾ ਹੈ ਉਸੇ ਤਪੇ ਦੀ ਸ਼ਰਮਨਾਕ ਮੌਤ ਦੇ ਸਮੇਂ ਦਾ ਉਚਾਰ ਹੋਵੇ। ਹੋ ਸਕਦਾ ਹੈ ਕਿ ਆਮ ਹਾਲਤਾਂ ਐਸੇ ਦੁਰਾਚਾਰੀਆਂ ਦੀਆਂ ਵੇਖਕੇ ਹੋਰਨਾਂ ਲਈ ਸਿੱਖਣ-ਵਿੱਦ ਲੈਣ ਲਈ ਪਉੜੀ ਰਚੀ ਗਈ ਹੋਵੇ।

ਦੋਹਾਂ ਸਲੋਕਾਂ ਵਿਚ ਤੇ ਪਉੜੀ ਵਿਚ ਦੱਸੇ ਮੜ੍ਹੱਪਣ ਦੇ ਟਾਕਰੇ ਤੇ ਨਾਮ ਵਾਲੇ ਉੱਤਮਜੀਵਨ ਦਾ ਜ਼ਿਕਰ ਹੈ, ਕਿ ਹੇ ਮਿੱਤ੍ਰ! ਜੇ ਤੂੰ ਨਾਮ ਨੂੰ ਸਦਾ ਸਮ੍ਹਾਲੇਂ ਤਾਂ ਸਾਰੇ ਦੁਖ ਲਹਿ ਜਾਣ। ਅਕਸਰ ਦੁਖ ਪਾਪਾਂ ਦਾ ਫਲ ਹੁੰਦੇ ਹਨ। ਸੋ ਨਾਮ ਨਾਲ ਪਾਪ ਦੂਰ ਹੁੰਦੇ ਹਨ। ਯਥਾ:—

ਝਰਹਿ ਕਸੰਮਲ ਪਾਪ ਤੇਰੇ ਮਨੂਆ॥ ਅੰਮ੍ਰਿਤ ਕਥਾ ਸੰਤ ਸੰਗਿ ਸੁਨੂਆ॥

[ਗਉੜੀ ਮ: ੫, ਬਾਵਨ ਅਖਰੀ-੨੫

ਦੂਸਰੇ ਸਲੋਕ ਵਿਚ ਇਕ ਸ਼ੰਕਾ ਦਾ ਉਧਾਰ ਹੈ ਕਿ ਨਾਮ ਦੀ ਮੰਗ ਵੀ ਤਾਂ ਮੰਗ ਹੈ। ਇਹ ਮੰਗ ਗੁਰੂ ਕਿ ਪਰਮੇਸ਼ੁਰ ਤੋਂ ਮੰਗਦਿਆਂ ਲਾਜ ਨਹੀਂ ਆਉਂਦੀ ? ਤਾਂ ਦੱਸਦ ਹਨ ਕਿ ਜਿਨ੍ਹਾਂ ਨੂੰ ਹਰੀ ਨਾਮ ਦੀ ਭੁੱਖ ਹੈ ਉਹ ਸਾਂਈਂ ਤੋਂ ਨਾਮ ਮੰਗਦੇ ਲਾਜ ਨਹੀਂ ਸਮਝਦੇ। ਜਿਸ ਨੂੰ ਨਾਮ ਦੀ ਭੁੱਖ ਹੁੰਦੀ ਹੈ ਉਹ ਤ੍ਰਿਸ਼ਨਾ ਤੋਂ ਉੱਚਾ ਉਠਦਾ ਹੈ ਤਾਂ ਇਹ ਭੁੱਖ ਲੱਗਦੀ ਹੈ। ਸੋ ਨਾਮ ਦਾ ਮੰਗਣਾ ਤ੍ਰਿਸ਼ਨਾ ਦੀ ਮੰਗ ਨਹੀਂ। ਇਹ ਤਾਂ ਵਾਸ਼ਨਾ ਤ੍ਰਿਸ਼ਨਾਂ ਤੋਂ ਖਲਾਸੀ ਦੀ ਮੰਗ ਹੈ। ਇਸੇ ਕਰਕੇ ਗੁਰੂ ਜੀ ਨੇ ਫੁਰਮਾਇਆ ਹੈ:—

ਜਿਸੁ ਜਨ ਕਉ ਪ੍ਰਭ ਦਰਸ ਪਿਆਸਾ॥ ਨਾਨਕ ਤਾਕੈ ਬਲਿ ਬਲਿ ਜਾਸਾ॥

[ਗਉੜੀ ਸੁਖਮਨੀ, ੩-੫

## [ਪਉੜੀ ਤੇਤੀਵੀਂ]

**ਮੂਲ**

ਸਲੋਕ ਮ:੩॥ ਗੁਰਮੁਖਿ ਗਿਆਨੁ ਬਿਬੇਕ ਬੁਧਿ ਹੋਇ॥ ਹਰਿ ਗੁਣ ਗਾਵੈ ਹਿਰਦੈ ਹਾਰੁ ਪਰੋਇ॥ ਪਵਿਤੁ ਪਾਵਨੁ ਪਰਮ ਬੀਚਾਰੀ॥ ਜਿ ਓਸੁ ਮਿਲੈ ਤਿਸੁ ਪਾਰਿ ਉਤਾਰੀ॥ਅੰਤਰਿ ਹਰਿ ਨਾਮੁ ਬਾਸਨਾ ਸਮਾਣੀ॥ਹਰਿ ਦਰਿ ਸੋਭਾ ਮਹਾ ਉਤਮ ਬਾਣੀ॥ ਜਿ ਪੁਰਖੁ ਸੁਣੈ ਸੁ ਹੋਇ ਨਿਹਾਲੁ॥ ਨਾਨਕ ਸਤਿਗੁਰ ਮਿਲਿਐ ਪਾਇਆ ਨਾਮੁ ਧਨੁ ਮਾਲੁ॥੧॥

**ਅਰਥ**

ਗੁਰਮੁਖ ਵਿਚ ਵਿਵੇਕਿਜ ਬੁਧੀ ਵਾਲਾ ਗਿਆਨ (ਉਦੇ) ਹੋ ਆਉਂਦਾ ਹੈ (ਕਿਉਂਕਿ ਉਹ) ਹਰੀ ਦੇ ਗੁਣ ਗਾਉਂਦਾ ਰਹਿੰਦਾ ਹੈ (ਗਾਯਨ ਮਾਤ੍ਰ ਨਹੀਂ ਉਹ ਤਾਂ ਅਪਣੇ) ਹਿਰਦੇ ਵਿਚ (ਹਰੀ ਦੇ ਗੁਣਾਂ ਦਾ) ਹਾਰ ਪ੍ਰੋਕ (ਪਾਈ ਰਖਦਾ ਹੈ)। (ਉਹ) ਪਰਮ ਵੀਚਾਰਵਾਨ ਹੁੰਦਾ ਹੈ (ਕਿਉਂਕਿ ਉਹ) ਪਾਵਨ ਹੋਕੇ (ਹੋਰ ਪਤਿਤਾਂ ਨੂੰ) ਪਵਿਤ੍ਰ ਕਰਦਾ ਰਹਿੰਦਾ ਹੈ। ਜੋ ਉਸ ਨੂੰ ਮਿਲ ਪਵੇ ਉਸ ਨੂੰ (ਭਉਜਲ ਤੋਂ) ਪਾਰ ਲੰਘਾ ਦੇਂਦਾ ਹੈ। (ਉਸਦੇ) ਅੰਦਰ (ਅੰਤਹ-ਕਰਨ ਵਿਚ) ਹਰੀ ਨਾਮ ਦੀ ਖੁਸ਼ਬੋ ਸਮਾਈ ਰਹਿੰਦੀ ਹੈ। ਹਰੀ ਦੇ ਦੁਆਰੇ ਉਨ੍ਹਾਂ ਦੀ ਸ਼ੋਭਾ ਹੁੰਦੀ ਹੈ, ਉਨ੍ਹਾਂ ਦੀ ਬਾਣੀ ਮਹਾਂ ਉੱਤਮ ਹੁੰਦੀ ਹੈ। ਜੇ ਕੋਈ (ਓਨ੍ਹਾਂ ਦੀ ਬਾਣੀ) ਸੁਣਦਾ ਹੈ ਨਿਹਾਲ ਹੋ ਜਾਂਦਾ ਹੈ। ਹੇ ਨਾਨਕ! ਐਸੇ ਸਤਿਗੁਰ ਦੇ ਮਿਲ ਪੈਣੇ ਨਾਲ (ਅਸਾਂ) ਨਾਮ ਰੂਪੀ ਮਾਲ ਤੇ ਧਨ ਪਾਇਆ ਹੈ॥੧॥

ਮਃ ੪ ॥ ਸਤਿਗੁਰ ਕੇ ਜੀਅ ਕੀ ਸਾਰ ਨ ਜਾਪੈ ਕਿ ਪੂਰੈ ਸਤਿਗੁਰ ਭਾਵੈ ॥ ਗੁਰਸਿਖਾਂ ਅੰਦਰਿ ਸਤਿ- ਗੁਰੂ ਵਰਤੈ ਜੋ ਸਿਖਾਂ ਨੋ ਲੋਚੈ ਸੋ ਗੁਰ ਖੁਸੀ ਆਵੈ ॥ ਸਤਿਗੁਰੁ ਆਖੈ ਸੋ ਕਾਰ ਕਮਾਵਨਿ ਸੁ ਜਪੁ ਕਮਾ- ਵਹਿ ਗੁਰਸਿਖਾਂ ਕੀ ਘਾਲ ਸਚਾ ਥਾਇ ਪਾਵੈ ॥ ਵਿਣੁ ਸਤਿਗੁਰ ਕੇ ਹੁਕਮੈ ਜਿ ਗੁਰਸਿਖਾਂ ਪਾਸਹੁ ਕੰਮੁ ਕਰਾਇਆ ਲੋੜੇ ਤਿਸੁ ਗੁਰਸਿਖੁ ਫਿਰਿ ਨੇੜਿ ਨ ਆਵੈ॥ਗੁਰ ਸਤਿ- ਗੁਰ ਅਗੈ ਕੋ ਜੀਉ ਲਾਇ ਘਾਲੈ ਤਿਸੁ ਅਗੈ ਗੁਰਸਿਖੁ ਕਾਰ ਕਮਾਵੈ॥ ਜਿ ਠਗੀ ਆਵੈ ਠਗੀ ਉਠਿ ਜਾਇ ਤਿਸੁ ਨੇੜੈ ਗੁਰਸਿਖੁ ਮੂਲਿ ਨ ਆਵੈ ॥ ਬ੍ਰਹਮੁ ਬੀਚਾਰੁ ਨਾਨਕੁ ਆਖਿ ਸੁਣਾਵੈ ॥ ਜਿ ਵਿਣੁ ਸਤਿ- ਗੁਰ ਕੇ ਮਨੁ ਮੰਨੇ ਕੰਮੁ ਕਰਾਇ ਸੋ ਜੰਤੁ ਮਹਾ ਦੁਖੁ ਪਾਵੈ ॥ ੨ ॥

ਸਤਿਗੁਰ ਦੇ ਮਨ ਦੀ ਸੋਝੀ ਪਤਾ ਨਹੀਂ ਲਗਦੀ ਕਿ ਪੂਰੇ ਸਤਿਗੁਰੂ ਨੂੰ ਕੀਹ ਕੁਛ ਭਾਉਂਦਾ ਹੈ, (ਪਰ ਇਹ ਪਤਾ ਲਗਦਾ ਹੈ ਕਿ) ਗੁਰੂ ਕੇ ਸਿਖਾਂ ਵਿਚ ਸਤਿਗੁਰੂ ਵਰਤਦਾ ਹੈ ਜੋ ਸਿਖਾਂ ਨੂੰ ਪਿਆਰ ਕਰਦਾ ਹੈ (ਉਹ ਗੁਰੂ ਦੀ ਖੁਸ਼ੀ ਵਿਚ ਆ ਜਾਂਦਾ ਹੈ। (ਓਹ ਸਿਖ ਜੋ) ਸਤਿਗੁਰੂ ਆਖਦਾ ਹੈ ਓਹ ਕਾਰ ਕਮਾਉਂਦੇ ਹਨ, ਓਹ (ਨਾਮ-) ਜਪ ਦੀ ਕਮਾਈ ਕਰਦੇ ਹਨ, (ਇਸ ਲਈ) ਗੁਰਸਿਖਾਂ ਦੀ ਘਾਲ ਵਾਹਿਗੁਰੂ ਥਾਂ ਪਾਉਂਦਾ ਹੈ । ਸਤਿਗੁਰੂ ਤੋਂ (ਇਹ) ਹੁਕਮ (ਮਿਲੇ) ਬਿਨਾ (ਕਿ ਤੂੰ ਸਿਖਾਂ ਤੋਂ ਕੰਮ ਕਰਾ) ਜੋ ਕੋਈ ਗੁਰੂ ਕੇ ਸਿਖਾਂ ਪਾਸੋਂ ਕੰਮ ਕਰਾਇਆ ਚਾਹੇ (ਤਾਂ) ਫੇਰ ਗੁਰ ਸਿਖ ਨੇੜੇ ਨਹੀਂ ਫਟਕਦੇ । (ਪਰ) ਗੁਰੂ ਸਤਿਗੁਰੂ ਅੱਗੇ (ਜੇ) ਕੋਈ ਜੀਉ ਲਾ ਕੇ ਘਾਲ ਕਰੇ ਉਸਦੇ ਐਗੇ ਗੁਰੂ ਕਾ ਸਿਖ ਕਾਰ ਕਮਾਵੇ। ਜੋ ਕੋਈ ਠੱਗੀ ਲਈ (ਭਾਵ ਅਪਣੇ ਕਿਸੇ ਸੁਆਰਥ ਸਿਧੀ ਲਈ ਪਖੰਡ ਰਚਕੇ) ਆਵੇ ਉਹ ਠੱਗੀ ਵਿਚ ਹੀ ਉਠ ਕੇ ਚਲਾ ਜਾਂਦਾ ਹੈ, ਗੁਰ ਸਿਖ ਉਸਦੇ ਨੇੜੇ ਮੂਲੋਂ ਨਹੀਂ ਆਉਂਦਾ। ਇਹ ਬ੍ਰਹਮ ਬੀਚਾਰ ਹੈ ਜੋ ਨਾਨਕ ਕਹਿ ਕੇ ਸੁਣਾ ਰਿਹਾ ਹੈ, (ਕਿ) ਜੇ (ਕੋਈ) ਬਿਨਾ ਸਤਿਗੁਰੂ ਦੇ (ਹੁਕਮ ਦੇ ਅਪਣੇ) ਮਨ ਦੇ ਮੰਨੇ ਕੰਮ (ਸਿਖਾਂ ਤੋਂ) ਕਰਾਏਗਾ, ਉਹ ਜੀਵ ਬਹੁਤ ਦੁਖ ਪਾਵੇਗਾ । ੨ ॥

ਪਉੜੀ ॥ ਤੂੰ ਸਚਾ ਸਾਹਿਬੁ ਅਤਿ ਵਡਾ ਤੁਹਿ ਜੇਵਡੁ ਤੂੰ ਵਡ ਵਡੇ ॥ ਜਿਸੁ ਤੂੰ ਮੇਲਹਿ ਸੋ ਤੁਧੁ ਮਿਲੈ ਤੂੰ ਆਪੇ ਬਖਸਿ ਲੈਹਿ ਲੇਖਾ ਛਡੇ ॥ ਜਿਸਨੋ ਤੂੰ ਆਪਿ ਮਿਲਾਇਦਾ ਸੋ ਸਤਿਗੁਰੁ ਸੇਵੇ ਮਨੁ ਗਡ ਗਡੇ ॥ ਤੂੰ ਸਚਾ ਸਾਹਿਬੁ ਸਚੁ ਤੂ ਸਭੁ ਜੀਉ ਪਿੰਡੁ ਚੰਮੁ ਤੇਰਾ ਹਡੇ ॥ ਜਿਉ ਭਾਵੈ ਤਿਉ ਰਖੁ ਤੂੰ ਸਚਿਆ ਨਾਨਕ ਮਨਿ ਆਸ ਤੇਰੀ ਵਡ ਵਡੇ ॥ ੩੩ ॥ ੧ ॥ ਸੁਧੁ ॥

(ਹੇ ਵਾਹਿਗੁਰੂ !) ਤੂੰ ਸੱਚਾ ਮਾਲਕ ਹੈਂ, ਅਤਿ ਦਾ ਵੱਡਾ ਹੈਂ, ਹੇ ਵਡਿਆਂ ਤੋਂ ਵੱਡੇ ! ਤੇਰੇ ਜੇਡਾ ਵੱਡਾ ਤੂੰਹੇਂ ਹੈਂ । ਜਿਸ ਨੂੰ ਤੂੰ (ਆਪ ਗੁਰੂ ਨਾਲ) ਮੇਲ ਲੈਂਦਾ ਹੈ ਉਹੀ ਤੈਨੂੰ ਮਿਲ ਪੈਂਦਾ ਹੈ, ਤੂੰ ਆਪੇ (ਉਨ੍ਹਾਂ ਦੇ ਕੀਤਿਆਂ ਦੇ) ਲੇਖੇ ਛੱਡ ਦੇਂਦਾ ਹੈ ਤੇ ਬਖਸ਼ ਲੈਂਦਾ ਹੈ । (ਐਉਂ ਬਖਸ਼ ਕੇ) ਜਿਸ ਨੂੰ ਤੂੰ ਆਪ ਮਿਲਾਉਂਦਾ ਹੈਂ (ਗੁਰੂ ਉਹ) ਸਤਿਗੁਰੂ ਦੀ ਸੇਵਾ (ਮਨ) ਜੋੜ ਜੋੜ ਕੇ ਕਰਦਾ ਹੈ। ਤੂੰ ਸੱਚਾ ਸਾਹਿਬ ਹੈਂ ਤੂੰ ਸਤਯ ਸਰੂਪ ਹੈਂ (ਅਸੀਂ ਦਾਸ ਹਾਂ, ਸਾਡਾ) ਜੀਉ, ਸਰੀਰ, ਚੰਮ ਹੱਡ ਸਭੋ ਕੁਛ ਤੇਰਾ (ਦਿੱਤਾ ਹੁਣ ਸਾਡੀ ਵਲੋਂ) ਤੇਰਾ ਹੀ ਹੈ। ਜਿਵੇਂ ਭਾਵੀ ਤੂੰ ਸਾਨੂੰ ਰੱਖ ਲੈ, ਹੇ ਸੱਚਿਆ, ਹੇ ਵੱਡੇ ਵਡਿਆ ! ਨਾਨਕ ਦੇ ਮਨ ਵਿਚ (ਇਕ) ਤੇਰੀ (ਹੀ) ਆਸ ਹੈ॥ ੩੩ ॥ ੧ ॥ ਸੁਧੁ ॥

**ਵ੍ਯਾਖ੍ਯਾ**—ਇਹ ਵਾਰ ਦੀ ਆਖਰੀ ਪਉੜੀ ਹੈ। ਇਸਵਿਚ ਇਕ ਤਾਂ ਸਨਮੁਖ ਉਸਤੁਤ ਹੈ ਵਾਹਿਗੁਰੂ ਜੀ ਸੱਚੇ ਸਾਹਿਬ ਦੀ। ਫੇਰ ਉਸ ਸਾਹਿਬ ਦੇ ਸਰਬ ਸ਼ਕਤੀਮਾਨਤਾ ਤੇ ਬਖ਼ਸ਼ਿੰਦ ਬਿਰਦ

ਦੇ ਵਰਣਨ ਵਿਚ ਉਸਤੁਤੀ ਹੈ। ਫਿਰ ਅਖੀਰਲੀਆਂ ਦੋ ਤੁਕਾਂ ਵਿਚ ਆਪਾ ਸਮਰਪਣ ਹੈ। ਇਕਰਾਰ ਕੀਤਾ ਹੈ ਕਿ ਸਰੀਰ ਤੇ ਸਾਡਾ ਜੀਵ ਤੇਰਾ ਦਿੱਤਾ ਹੋਇਆ ਹੈ, ਪਰ ਤੈਨੂੰ ਸਮਰਪਣ ਹੈ। ਉਹ ਜੋ ਪਕੜ ਸੀ ਕਿ 'ਇਹ ਸਾਡਾ ਹੈ' ਉਹ ਨਵਿਰਤ ਹੋ ਗਈ ਹੈ; ਹੁਣ ਸਭ ਕੁਛ ਤੇਰਾ ਹੈ, ਗੋਯਾ ਉਹ ਅਵਸਥਾ ਹੈ-ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥ [ਬਿਲਾਵਲ ਮ:੫-੧੧੭]। ਕਿਉਂਕਿ ਛੇਕੜਲੀ ਤੁਕ ਦੱਸ ਰਹੀ ਹੈ ਕਿ ਪਹਿਲੀ ਤੁਕ ਆਪਾ ਸਮਰਪਨ ਦੇ ਭਾਵ ਨੂੰ ਵਿਚ ਲਈ ਬੈਠੀ ਹੈ, ਜਿਸ ਵਿਚ ਬਿਨੈ ਕਰਦੇ ਹਨ ਕਿ ਜਿਵੇਂ ਤੈਨੂੰ ਭਾਵੇ ਰਖ ਲੈ, ਹੇ ਵਡਿਆਂ ਤੋਂ ਵਡੇ! ਤੇਰੇ ਹਾਂ ਤੇ ਆਸ ਸਭ ਤੇਰੇ ਤੇ ਟਿਕ ਰਹੀ ਹੈ ਕਿ ਤੂੰ ਆਪੇ ਆਪਣੇ ਨੂੰ ਸੰਭਾਲੇਂਗਾ ਜਿਵੇਂ ਕਿ ਤੈਨੂੰ ਭਾਵੇਗਾ।

ਪਹਿਲਾ ਸਲੋਕ ਹੁਣ ਐਉਂ ਪਉੜੀ ਦਾ ਪ੍ਰਮਾਣ ਹੋਕੇ ਢੁੱਕਦਾ ਹੈ ਕਿ ਉਸ ਵਿਚ ਉਸ ਗੁਰਮੁਖ ਦੇ ਜੀਵਨ ਦੀ ਤਸਵੀਰ ਖਿੱਚੀ ਹੈ ਕਿ ਜਿਸ ਨੇ ਆਪਾ ਸਾਈਂ ਦਾ ਲਖਕੇ ਉਸ ਨੂੰ ਸਮਰਪਨ ਕਰ ਦਿੱਤਾ ਹੈ ਤੇ ਹੁਣ ਉਸ ਦੇ ਨਾਲ ਲੱਗਾ ਉਸ ਦਾ ਹੋ ਰਿਹਾ ਹੈ ਤੇ ਜਿਸ ਦੀਆਂ ਆਸਾਂ ਉਸ ਜਗਤ ਕੇਂਦ੍ਰ ਤੋਂ ਉੱਠਕੇ ਹੋਰ ਪਾਸੇ ਨਹੀਂ ਜਾਂਦੀਆਂ। ਉਹ ਗੁਰਮੁਖ ਕਹੀਦਾ ਹੈ, ਉਸ ਦਾ ਮਨ ਗੁਰੂ ਮਤਿ ਨਾਲ ਗੁਰੂ ਦੇ ਰੰਗ ਰੰਗਿਆ ਜਾਕੇ ਮੈਂ ਮੇਰੀ ਤੋਂ ਛੁਟ ਗਿਆ ਹੈ। ਉਸ ਦਾ ਜੀਵਨ ਗੁਰੂ ਕੀ ਦੱਸੀ ਰੌਸ਼ਨੀ ਵਿਚ ਟੁਰਦਾ ਹੈ। ਉਹ ਫਿਰ ਕੋਈ ਜੜ੍ਹ ਵਸਤੂ ਦੀ ਨਿਆਈਂ ਅਚਲ ਨਹੀਂ ਹੋ ਗਿਆ, ਉਸ ਦੇ ਅੰਦਰ ਬੁੱਧੀ ਕੰਮ ਕਰਦੀ ਹੈ, ਪਰ ਉਹ ਬੁੱਧੀ ਵਿਵੇਕਜ ਬੁੱਧੀ ਹੈ। ਇਹ ਬਹੁਤੀ ਗੱਲੇ ਉਹੀ ਪਦ ਹੈ ਜੋ ਯੋਗ ਦਰਸ਼ਨ ਵਿਚ 'ਵਿਵੇਕਜ ਖ੍ਯਾਤਿ' ਕਰਕੇ ਆਇਆ ਹੈ, ਉਹ ਬੁੱਧੀ ਜੋ ਵਿਵੇਕ ਕਰਕੇ ਠੀਕ ਠੀਕ ਤਰ੍ਹਾਂ ਸਮਝਦੀ ਹੈ। ਸੋ ਗੁਰਮੁਖ ਦਾ ਗਯਾਨ ਜੋ ਹੁੰਦਾ ਹੈ ਨਿਰਾ ਪੜ੍ਹ ਸੁਣਕੇ ਜਾਣਨੇ ਮਾਤ੍ਰ ਨਹੀਂ, ਉਹ ਵਿਵੇਕ ਕਰਕੇ ਅਸਲੀ ਗਯਾਨ ਵਿਚ ਰੌਸ਼ਨ ਦਿਮਾਗ਼ ਹੁੰਦਾ ਹੈ। ਫਿਰ ਉਹ ਗਯਾਨ ਉਸ ਦੀਆਂ ਬ੍ਰਿਤੀਆਂ ਨੂੰ ਸੱਖਣਾ ਯਾ ਸੰਕਲਪਾਂ ਵਿਚ ਨਹੀਂ ਛੋੜਦਾ, ਉਸ ਦੀਆਂ ਬ੍ਰਿਤੀਆਂ ਵਿਚ ਹਰੀ ਦੀ ਸਿਫ਼ਤ ਸਲਾਹ ਗੁਣਾਨੁਵਾਦ ਭਰਪੂਰ ਹੁੰਦਾ ਹੈ। ਉਸ ਦਾ ਹਿਰਦਾ ਕਹੋ, ਅੰਤਹਕਰਣ ਕਹੋ, ਬ੍ਰਿਤੀਆਂ ਕਹੋ ਹਰੀ ਜਸ ਨਾਲ ਭਰਪੂਰ ਰਹਿੰਦਾ ਹੈ ਤਦਰੂਪ ਹੋਕੇ। ਫਿਰ ਉਸ ਦੀ ਵੀਚਾਰ ਯਾ ਗਯਾਨ 'ਪਰਮ ਗ੍ਯਾਨ' ਹੈ। ਪਰਮ ਗਯਾਨ ਉਹ ਹੈ ਜੋ ਕੇਵਲ ਆਪਣੇ ਲਈ ਨਹੀਂ, ਪਰ ਉਹ ਸਿਰੇ ਚੜ੍ਹੇ ਗੁਲਾਬ ਵਾਂਙੂ ਸੁਤੇ ਸਿਧ ਖ਼ੁਸ਼ਬੋਈ ਦਾ ਦਾਤਾ ਹੁੰਦਾ ਹੈ। ਪਰਮ ਬੀਚਾਰੀ ਆਖਕੇ ਆਪ ਟੀਕਾ ਕਰ ਦਿੱਤੀ ਹੈ 'ਪਤਿਤ ਪਾਵਨੁ'। ਉਹ ਗੁਰਮੁਖ ਪਾਪੀਆਂ ਨੂੰ ਪਵਿਤ੍ਰ ਕਰਦਾ ਹੈ, ਕੋਈ ਸੰਸਾ ਇਸ ਤੁਕ ਦੇ ਅਰਥ ਵਿਚ ਨਾ ਰਹਿ ਜਾਵੇ ਅਗਲੀ ਤੁਕ ਵਿਚ ਹੋਰ ਖੋਹਲ ਦੇਂਦੇ ਹਨ ਕਿ ਜੋ ਕੋਈ ਉਸ ਨੂੰ ਮਿਲੇਗਾ ਉਸ ਨੂੰ ਉਹ ਭਵਜਲ ਤੋਂ ਪਾਰ ਉਤਾਰੇਗਾ। ਉਹ ਨਿਰਾ ਨਿਜਾਨੰਦ ਵਿਚ ਮਗਨ ਨਹੀਂ ਹੋਵੇਗਾ, ਉਹ ਪਾਪੀਆਂ ਨੂੰ ਪੁਨੀਤ ਨਾਮ ਵਾਲੇ ਤੇ ਮੁਸਿਖ੍ਯਤ ਗਯਾਨੀ ਬਣਾਵੇਗਾ। ਪ੍ਰਸ਼ਨ ਹੋ ਜਾਂਦਾ ਹੈ ਕਿ ਜੀ ਜਿਸ ਨਾਲ ਉਹ ਇਸ ਦਰਜੇ ਪਹੁੰਚੇ ਉਹ ਤਾਂ ਫੇਰ ਛੱਡ ਦੇਂਦਾ ਹੋਵੇਗਾ? ਇਸ ਵਿਸ਼ੇ ਤੇ ਅਗਲੀ ਤੁਕ ਹੈ। ਚਾਹੇ ਪਹਿਲੋਂ ਫੁਰਮਾ ਆਏ ਸਨ ਕਿ ਉਸਦੇ ਹਿਰਦੇ ਵਿਚ ਹਰੀ ਜਸ ਪ੍ਰੋਤਾ ਰਹੇਗਾ, ਪਰ ਮਤੇ ਸੰਸਾ ਰਹੇ ਕਿ ਹਰੀ ਜਸ ਬਾਬਤ ਇਹ ਦੱਸਿਆ ਹੈ, ਹਰੀ ਨਾਮ ਬਾਬਤ ਨਹੀਂ ਦੱਸਿਆ, ਤਾਂ ਫੁਰਮਾਉਂਦੇ ਹਨ ਉਸਦੇ ਅੰਤਹ-ਕਰਣ ਵਿਚ, ਬ੍ਰਿਤੀ ਵਿਚ, ਹਰੀ ਨਾਮ ਦੀ ਖੁਸ਼ਬੋ ਸਮਾਈ ਰਹੇਗੀ; ਜਿਸ ਤਰ੍ਹਾਂ ਖਿੜੇ ਗੁਲਾਬ ਵਿਚ ਖੁਸ਼ਬੋ ਨਿਰਯਤਨ ਸੁਤੇ ਸਿਧ ਸਮਾਈ ਹੋਈ ਹੁੰਦੀ ਹੈ। ਜਿਵੇਂ ਜਨਮ ਸਾਖੀ ਵਿਚ ਦੱਸਿਆ ਹੈ ਕਿ ਗੁਰੂ ਨਾਨਕ ਦੇਵ ਜੀ ਬਾਬਤ ਲੋਕੀ ਆਖਦੇ ਸਨ, 'ਕਲਜੁਗ ਤਪਾ ਮੁਸ਼ਕਿਆ ਹੈ'। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪ ਬੀ ਫੁਰਮਾਇਆ ਹੈ:-

'ਰਤਾ ਸਚਿ ਨਾਮਿ ਤਲਹੀਅਲੁ ਸੋ ਗੁਰੁ ਪਰਮਲੁ ਕਹੀਐ' ॥ [ਪ੍ਰਭਾਤੀ ਮ: ੧-੬

ਏਥੇ ਪਦ 'ਬਾਸਨਾ' ਦਾ ਅਰਥ ਸੰਸਕ੍ਰਿਤ ਦਾ ਪਦ 'ਵਾਸਨਾ' (ਤ੍ਰਿਸ਼ਨਾ ਕਾਮਨਾ) ਕਰਨਾ

ਠੀਕ ਨਹੀਂ, ਕ੍ਰਮ ਭੰਗ ਦੂਸ਼ਣ ਪੈਂਦਾ ਹੈ, ਇਥੇ ਬਾਸਨਾ ਅਰਥ ਹੈ 'ਵਾਸਨ'=ਖੁਸ਼ਬੋ। ਪਿਛੇ ਗੁਰਮੁਖ ਦੇ ਲੱਛਣ ਦੱਸਦੇ ਆਏ ਹਨ ਕਿ ਉਹ ਵਿਵੇਕਜ ਗਯਾਨ ਵਾਲਾ ਪੂਰਨ ਵਿਚਾਰ ਵਾਲਾ ਹੁੰਦਾ ਹੈ, ਐਸੇ ਪੂਰਨ ਬ੍ਰਹਮ ਗਯਾਨੀ ਦੀਆਂ ਵਾਸ਼ਨਾ ਖੈ ਹੋ ਚੁਕੀਆਂ ਹੁੰਦੀਆਂ ਹਨ। ਇਨ੍ਹਾਂ ਦੇ ਨਾਸ਼ ਹੋਣ ਤੇ ਹੀ ਤਾਂ ਪੂਰਨ ਤੇ ਸਫਲ ਗਿਆਨ ਹੁੰਦਾ ਹੈ, ਸੋ 'ਵਾਸਨਾ ਸਮਾਣੀਆਂ' ਏਥੇ ਨਹੀਂ ਢੁੱਕਦਾ। ਏਥੇ ਹਿੰਦੀ ਦਾ ਪਦ 'ਬਾਸਨਾ' ਹੈ ਖੁਸ਼ਬੋ, ਤੇ ਇਸ ਸੰਸੇ ਨਵਿਰਤੀ ਲਈ ਆਇਆ ਹੈ ਕਿ ਨਾਮ ਉਸਦੇ ਅੰਦਰ 'ਖੁਸ਼ਬੋ ਵਾਙੂ' ਸੂਤੇ ਸਿਧ ਨਿਰਯਤਨ ਸਮਾਇਆ ਹੁੰਦਾ ਹੈ। ਜਦ ਤਕ ਜੀਉਂਦਾ ਹੈ, ਬ੍ਰਿਤੀਆਂ ਕੰਮ ਕਰਦੀਆਂ ਹਨ, ਉਸ ਦੀਆਂ ਬ੍ਰਿਤੀਆਂ ਫੇਰ ਖਿੰਡਾਉ ਵਿਚ ਨਹੀਂ ਉਡਦੀਆਂ, ਉਨ੍ਹਾਂ ਵਿਚ ਹਰੀ ਨਾਮ ਖੁਸ਼ਬੋ ਦਾ ਰੂਪ ਲੈ ਕੇ ਸਮਾਇਆ ਰਹਿੰਦਾ ਹੈ। ਜੇ ਬ੍ਰਿਤੀਆਂ ਸੰਕਲਪ ਵਿਕਲਪ ਨਾਲ ਭਰੀਆਂ ਰਹਿਣ ਤਾਂ ਗਯਾਨ ਸਫਲ ਨਹੀਂ। ਜੇ ਗਯਾਨ ਹੋਕੇ ਬ੍ਰਿਤੀਆਂ ਸੁੰਨ ਹੋ ਜਾਣਗੀਆਂ ਤਾਂ ਸਰੀਰ ਨੂੰ ਸੱਤਾ ਨਾ ਦੇਣਗੀਆਂ ਤਾਂ ਉਹ ਸਰੀਰ ਮੁੱਕ ਜਾਏਗਾ। ਜੇ ਸਰੀਰ ਚਲਦਾ ਹੈ ਤਾਂ ਬ੍ਰਿਤੀਆਂ ਕੰਮ ਕਰਦੀਆਂ ਹਨ ਪਰ ਓਹ ਅਗਯਾਨੀਆਂ ਵਾਙੂ ਮੈਂ ਮੇਰੀ ਮੋਹ ਮਾਯਾ ਨਾਲ ਭਰੀਆਂ ਨਹੀਂ ਹੁੰਦੀਆਂ, ਉਨ੍ਹਾਂ ਵਿਚ ਬੀ ਬ੍ਰਹਮ ਅਰੂੜ ਰਹਿੰਦਾ ਹੈ। ਹਾਂ 'ਸਿਮ੍ਰਤੀ ਬ੍ਰਿਤੀ' ਵਿਚ ਬ੍ਰਹਮ ਯਾ ਨਾਮ ਅਰੂੜ ਰਹਿੰਦਾ ਹੈ ਤੇ ਉਹ ਸੁਗੰਧੀ ਵਿਚ ਮੁਸ਼ਕਾਂ ਮਾਰਦਾ ਹੈ। ਸਗੋਂ ਇਕ ਗੁਰਬਾਣੀ ਦੇ ਪ੍ਰੇਮੀ ਜੋ ਪਹਿਲੇ ਯੋਗੀ ਸਨ, ਜਿਨ੍ਹਾਂ ਨੂੰ 'ਬੁੰਦਿਆਂ ਵਾਲੇ ਸੰਤ' ਕਿਹਾ ਕਰਦੇ ਸਨ, ਇਕ ਦਿਨ ਆਖਣ ਲੱਗੇ ਕਿ 'ਮਨ ਬ੍ਰਹਮਾਂਕਾਰ ਭਇਆ ਤੋ ਕਿਆ ਭਇਆ, ਇੰਦ੍ਰੀਏ ਬ੍ਰਹਮਾਂ-ਕਾਰ ਹੋ ਜਾਏਂ ਤਉ ਕਛੂ ਭਇਆ'। ਏਹ ਸੱਜਣ ਗੁਰਬਾਣੀ ਤੇ ਨਾਮ ਦੀ ਗਯਾਨ ਅਵਸਥਾ ਨੂੰ ਪਾ ਕੇ ਪੂਰੇ ਪ੍ਰੇਮੀ ਸਨ।

ਇਹ ਗੱਲਾਂ ਦੱਸ ਕੇ ਉਨ੍ਹਾਂ ਦੀ ਹਰੀ ਦੇ ਦ੍ਵਾਰ ਵਿਚ ਪ੍ਰਭਾਇਮਾਨਤਾ ਦੀ ਅਵਸਥਾ ਦੱਸਦੇ ਹਨ। ਅੱਗੋਂ ਫੇਰ ਉਨ੍ਹਾਂ ਦੀ ਬਾਣੀ ਦੀ ਉੱਤਮਤਾ ਦੱਸਦੇ ਹਨ। ਇਸ ਵਿਚ ਕਟਾਖਯ ਇਹ ਹੈ ਕਿ ਉਹ ਜੋ ਬਾਣੀ ਉਚਾਰਦੇ ਹਨ ਉੱਤਮ ਹੁੰਦੀ ਹੈ। ਬਾਣੀ ਉੱਤਮ ਉਹ ਹੁੰਦੀ ਹੈ ਜੋ ਧੁਰ ਦੇ ਗਯਾਨ ਦਾਨ ਨਾਲ ਉਚਰੀਵੇ। ਸੋ ਦੱਸਿਆ ਕਿ ਉਹ ਕਿਉਂਕਿ ਦਰਗਾਹ ਵਿਚ ਪਰਵਾਣ ਹੁੰਦੇ ਹਨ, ਜੋ ਬਾਣੀ ਉਚਾਰਦੇ ਹਨ ਉਹ ਧੁਰ ਤੋਂ ਅਨੁਭਵੀ ਹੁੰਦੀ ਹੈ, ਇਸ ਕਰਕੇ ਉਸਨੂੰ ਉੱਤਮ ਕਿਹਾ ਹੈ। ਇਹ ਤਾਂ ਬਾਣੀ ਦਾ ਉਸਦੇ ਅਸਲੇ ਦਾ ਪਤਾ ਦਿੱਤਾ। ਹੁਣ ਉਸਦੀ ਤਾਸੀਰ ਦੱਸਦੇ ਹਨ ਕਿ ਉਸ ਦੀ ਬਾਣੀ ਸੁਣਨ ਵਾਲੇ ਨੂੰ ਨਿਹਾਲ ਕਰਦੀ ਹੈ। ਏਥੇ ਆ ਕੇ ਥਹੁ ਪੈਂਦਾ ਹੈ ਕਿ ਜਿਸ ਗੁਰਮੁਖ ਦਾ ਇਸ ਸਲੋਕ ਵਿਚ ਜ਼ਿਕਰ ਹੈ, ਉਹ ਆਪ ਦੇ ਅੰਤ੍ਰੀਵ ਨੈਣਾਂ ਅੱਗੇ ਗੁਰੂ ਅੰਗਦ ਦੇਵ ਜੀ ਪਰਮ ਗੁਰੂ ਜੀ ਹਨ। ਕਿਉਂਕਿ ਅਖੀਰਲੀ ਤੁਕ ਵਿਚ ਪਦ 'ਸਤਿਗੁਰ' ਵਰਤਿਆ ਹੈ ਤੇ ਦੱਸਿਆ ਹੈ ਕਿ ਇਸ ਪਰਮ ਗੁਰੂ ਨੂੰ ਮਿਲਕੇ ਨਾਮ ਦੇ ਦਾਨ ਤੇ ਮਾਲ ਦਾ ਖ਼ਜ਼ਾਨਾ ਪ੍ਰਾਪਤ ਹੋਇਆ ਹੈ। ਇਸੇ ਕਰਕੇ ਪਹਿਲੀ ਤੁਕ ਵਿਚ ਬਾਣੀ ਤੋਂ ਮੁਰਾਦ ਉਨ੍ਹਾਂ ਦੇ ਬਚਨ ਮਾਤ੍ਰ ਨਹੀਂ, ਪਰ ਗੁਰੂ ਦੀ ਉਚਾਰੀ ਗੁਰਬਾਣੀ ਤੋਂ ਹੈ।

ਦੂਸਰਾ ਸਲੋਕ-ਹੁਣ ਦੂਸਰਾ ਸਲੋਕ ਜੋ ਏਥੇ ਰਖਿਆ ਗਿਆ ਹੈ, ਚੌਥੀ ਪਾਤਸ਼ਾਹੀ ਦਾ ਹੈ। ਪਹਲੇ ਸਲੋਕ ਦੇ ਅੰਤਲਾ ਪਦ ਸਤਿਗੁਰੂ ਨੂੰ ਧਯਾਨ ਵਿਚ ਰੱਖ ਕੇ ਵੀਚਾਰੋ ਕਿ ਇਹ ਸਲੋਕ ਸ਼ੁਰੂ ਹੀ ਸਤਿਗੁਰੂ ਤੋਂ ਹੁੰਦਾ ਹੈ। ਇਸ ਵਿਚ ਉਹ ਪ੍ਰਕਾਰ ਦੱਸਦੇ ਹਨ ਕਿ ਸਤਿਗੁਰੂ ਪਾਸੋਂ ਹਰੀ ਨਾਮ ਦਾ ਧਨ ਮਾਲ ਕਿਵੇਂ ਪ੍ਰਾਪਤ ਹੁੰਦਾ ਹੈ। ਕਿਉਂਕਿ ਗੁਰੂ ਅੰਦਰੋਂ ਅਗੰਮ ਨਾਲ ਜੁੜਕੇ ਅਗੰਮ ਹੋ ਰਿਹਾ ਹੈ, ਉਸਦੇ ਜੀਅ ਦੀ ਸਾਰ ਨਹੀਂ ਲੈ ਸਕੀਦੀ। ਪਰ ਇਕ ਗੱਲ ਦਿੱਸ ਪੈਂਦੀ ਹੈ ਕਿ ਗੁਰੂ ਸਿਖਾਂ ਵਿਚ ਵਰਤਦਾ ਹੈ। ਜਿਸ ਨੂੰ ਗੁਰੂ ਕੇ ਸਿਖ ਭਾਉਂਦੇ ਹਨ ਉਹ ਗੁਰੂ ਨੂੰ ਭਾਉਂਦਾ ਹੈ। ਓਹ ਸਿਖ ਸਤਿਗੁਰੂ ਦੀ ਆਖੀ ਕਾਰ ਦੀ ਕਮਾਈ ਕਰਦੇ ਹਨ, ਓਹ ਸਿਮਰਨ ਕਰਦੇ ਹਨ ਜੋ ਗੁਰੂ ਫੁਰਮਾਉਂਦਾ ਹੈ, ਭਾਵ ਨਾਮ ਦੀ ਘਾਲ ਕਰਦੇ ਹਨ। ਐਸੇ ਗੁਰਸਿਖਾਂ ਦੀ ਕੀਤੀ ਘਾਲ ਵਾਹਿਗੁਰੂ ਪਰਵਾਨ ਕਰਦਾ ਹੈ।

ਹੁਣ ਏਥੇ ਇਕ ਇਹਤਿਯਾਤ ਗੁਰੂ ਜੀ ਸਿਖਾਂ ਨੂੰ ਦੱਸਦੇ ਹਨ। ਕਈ ਲੋਕ ਗੁਰੂ ਦਰ ਪਰਵਾਨ ਹੋਏ ਬਿਨ, ਗੁਰੂ ਸਿਖਾਂ ਤੋਂ, ਆਪਣੀ ਮਨਮਤਿ ਨਾਲ ਕੁਛ ਕਰਵਾਇਆ ਚਾਹੁੰਦੇ ਹਨ। ਐਸੇ ਲੋਕ ਹਰ ਸਤਿਸੰਗ ਵਿਚ ਆ ਰਲਦੇ ਹਨ, ਜੋ ਵੈਰਾਗੀ ਕਿ ਪ੍ਰੇਮੀ ਨਹੀਂ ਹੁੰਦੇ, ਪਰ ਵਡਾ ਬਣਨਾ ਚਾਹੰਦੇ ਹਨ। ਓਹ ਸਤਿਸੰਗ ਵਿਚ ਰਲਕੇ ਚੌਧਰਾਯਤ ਟੋਰਨੀ ਚਾਹੁੰਦੇ ਹਨ। ਐਸੇ ਪੁਰਖ ਛੇਤੀ ਹੀ ਉੱਘੜ ਆਉਂਦੇ ਹਨ। ਫੇਰ ਸਿਖ ਉਨ੍ਹਾਂ ਦੇ ਨੇੜੇ ਨਹੀਂ ਢੁੱਕਦੇ। ਇਸ ਲਈ ਗੁਰਸਿਖੀ ਵਿਚ ਉਸ ਸਮੇਂ ਇਹ ਨੇਮ ਟੁਰਿਆ ਕਿ ਸਭ ਸਿਖ ਗੁਰੂ ਜੀ ਅੱਗੇ ਆਕੇ ਝੁਕਦੇ ਤੇ ਹੁਕਮ ਲੈਕੇ ਘਾਲ ਕਰਦੇ ਸਨ। ਉਨ੍ਹਾਂ ਵਿਚੋਂ ਪਰਵਾਨ ਹੋਇਆਂ ਨੂੰ ਗੁਰੂ ਜੀ ਮੰਜੀ ਆਦਿ ਬਖਸ਼ਕੇ ਗੁਰਸਿਖਾਂ ਵਿਚ ਨਾਮ ਬਾਣੀ ਦੇ ਪ੍ਰਚਾਰ ਦੇ ਕੰਮ ਤੇ ਲਾਉਂਦੇ ਸਨ। ਉਨ੍ਹਾਂ ਦੀ ਦੱਸੀ ਘਾਲ ਕਮਾਈ ਗੁਰਸਿਖ ਖੁਸ਼ੀ ਨਾਲ ਕਰਦੇ ਸਨ, ਕਿਉਂਕਿ ਉਨ੍ਹਾਂਦਾ ਦੱਸਿਆ ਗੁਰਮਤਿ ਹੁੰਦਾ ਸੀ ਤੇ ਗੁਰੂ ਕੀ ਆਗਿਆ ਵਿਚ ਹੁੰਦਾ ਸੀ। ਸੋ ਅਗਲੀ ਤੁਕ ਵਿਚ ਮਨ ਮਤਿ ਵਾਲੇ ਪੁਰਖਾਂ ਨੂੰ 'ਠੱਗ' ਆਖਕੇ ਉਨ੍ਹਾਂ ਦੀ ਸੰਗਤਤੋਂ ਵਰਜ ਦਿੱਤਾ ਹੈ, ਤੇ ਫੇਰ ਦਸ ਦਿੱਤਾ ਹੈ ਕਿ ਐਸੇ ਠੱਗ ਲੋਕ ਜੋ ਆਪੂੰ ਆਗੂ ਬਣ ਬੈਠਦੇ ਹਨ ਉਨ੍ਹਾਂਦਾ ਆਪਣਾ ਅੰਤ ਬੀ ਮਾੜਾ ਹੋਵੇਗਾ। ਇਹ ਗੱਲ ਆਪ ਸਤਿਗੁਰੂ ਜੀ ਨੇ ਨਿਰੀ ਆਪਣੀ ਰਾਇ ਨਹੀਂ ਦਿੱਤੀ; ਫੁਰਮਾਉਂਦੇ ਹਨ ਕਿ ਇਹ ਵੀਚਾਰ ਜੋ ਅਸਾਂ ਦੱਸੀ ਹੈ ਇਹ ਬ੍ਰਹਮ ਦੇ ਦਰ ਦੀ ਵੀਚਾਰ ਹੈ, ਜੋ ਅਗਮ ਵਾਚਕੇ ਅਸਾਂ ਦੱਸਿਆ ਹੈ। ਜੈਸਾ ਕਿ ਪਿਛੇ ਬੀ ਕਈ ਥਾਂ ਇਸ ਵਾਰ ਵਿਚ ਦੱਸ ਆਏ ਹਨ ਕਿ ਮੈਂ ਹਰੀ ਦੇ ਦਰ ਵਰਤੀ ਗੱਲ ਹੀ ਦੱਸ ਰਿਹਾ ਹਾਂ।

**ਨਿਰੁਕ੍ਤ**—ਬਿਬੇਕ ਬੁਧਿ- ਬਿਬੇਕ ਵਾਲੀ ਬੁਧੀ, ਗਿਆਨ ਵਾਲੀ ਬੁਧੀ, ਵਿਚਾਰ ਵਾਲੀ ਸਮਝ (ਦੇਖੋ ਪੰਨਾ ੬੧੮ ਤੇ 'ਬੁਧੀ' ਪੰਨਾ ੧੭੨)।

ਨਿਹਾਲੁ–[ਫ਼ਾ:,] ਜੋ ਹਰ ਤਰ੍ਹਾਂ ਨਾਲ ਸੰਤੁਸ਼ਟ ਅਤੇ ਪ੍ਰਸੰਨ ਹੋਵੇ। ਖ਼ੁਸ਼, ਆਨੰਦ।

ਬ੍ਰਹਮੁ ਬੀਚਾਰੁ–[ਸੰਸ:, ਬ੍ਰਹੁਮੰ=ਪਰਮਾਤਮਾ] ਬ੍ਰਹਮ ਦੀ ਵੀਚਾਰ। ਈਸ਼੍ਵਰੀ ਵੀਚਾਰ। ਓਹ ਵੀਚਾਰ ਜਿਸ ਦਾ ਦ੍ਰਿਸ਼ਟੀਕੋਣ ਹੀ ਬ੍ਰਹਮ ਦੀ ਖੋਜ ਤੇ ਨਿਰਭਰ ਹੋਵੇ।

ਗਡਗਡੇ–ਗਡ ਕੇ, ਤਨੋਂ ਮਨੋਂ ਟੇਕੇ, ਜੋੜਕੇ।

ਹਡੇ–[ਸੰਸ:, ਹਡ੍ਡ=ਹੱਡੀ] ਹੱਡੀ। ਅਸਥੀ।

ਸੁਧੁ–ਸੰਸ:, ਸ਼ੁਦ੍ਧ] ਸ਼ੁਧ, ਠੀਕ, ਦਰੁਸਤ। ਜਿਸ ਵਿਚ ਭੁੱਲਾਂ ਜਾਂ ਤ੍ਰੁਟੀਆਂ ਨਾਂ ਹੋਣ, ਖਾਲਸ, ਨਿਰਦੋਖ। (ਅ) ਸੰਗੀਤ ਵਿਚ ਰਾਗ ਦੇ ਭੇਦਾਂ ਵਿਚੋਂ ਇਕ।

ਏਥੇ ਵਾਰ ਦੇ ਅੰਤ ਜੋ ਪਦ 'ਸੁਧੁ' ਆਇਆ ਹੈ, ਇਸਦਾ ਇਥੇ ਕੀ ਭਾਵ ਹੈ? ਇਸ ਗੱਲ ਦਾ ਕੁਝ ਭੇਦ ਪੰਚਮ ਪਾਤਸ਼ਾਹ ਜੀ ਦੀ ਸਿਰਜੀ ਪਵਿਤ੍ਰ ਆਦਿ ਬੀੜ, ਜੋ ਸ੍ਰੀ ਕਰਤਾਰ ਪੁਰ ਸਾਹਿਬ ਬਿਰਾਜਮਾਨ ਹੈ, ਦੇ ਦਰਸ਼ਨ ਤੋਂ ਐਸ ਪ੍ਰਕਾਰ ਖੁੱਲ੍ਹ ਸਕਦਾ ਹੈ:–

ਪਹਿਲੇਂ ਜਿਸ ਵੇਲੇ ਵਾਰਾਂ ਰਚੀਆਂ ਗਈਆਂ ਸਨ ਤਾਂ ਓਹ ਕੇਵਲ ਪਉੜੀਆਂ ਦੇ ਰੂਪ ਵਿਚ ਸਨ, ਜੈਸੀ ਸੂਰਤ ਕਿ ਬਸੰਤ ਦੀ ਵਾਰ ਤੇ ਸਤੇ ਬਲਵੰਡ ਦੀ ਵਾਰ ਦੀ ਹੈ। ਪੰਚਮ ਪਾਤਸ਼ਾਹ ਜੀ ਨੇ ਬੀੜ ਦੀ ਸਿਰਜਣਾ ਵੇਲੇ ਰਾਗੀਆਂ ਦੇ ਗਾਉਣ ਦੇ ਸੁਭੀਤੇ ਲਈ ਪਉੜੀਆਂ ਦੇ ਨਾਲ ਭਾਵ ਅਨੁਕੂਲ ਸ਼ਲੋਕਾਂ ਦੀ ਜੜਤ ਕੀਤੀ, ਜੋ ਸਲੋਕ ਕਿ ਅੱਡ ਅੱਡ ਮਹਲਿਆਂ ਦੀ ਰਚਨਾਂ ਸਨ। ਪਾਵਨ ਆਦਿ ਬੀੜ ਲਈ ਵਾਰਾਂ ਦੀਆਂ ਪਹਿਲੀਆਂ ਕਾਪੀਆਂ ਲਿਖਣ ਵੇਲ ਪੰਚਮ ਪਾਤਸ਼ਾਹ ਜੀ ਦੀ ਨਿਯਤ ਕੀਤੀ ਇਸ ਵਿਉਂਤ ਅਨੁਸਾਰ ਪਉੜੀਆਂ ਨਾਲ ਸ਼ਲੋਕ ਤਾਂ ਲਿਖੇ ਗਏ ਪਰ ਜਾਪਦਾ ਹੈ ਕਿ ਉਨ੍ਹਾਂ ਪਰ ਮਹਲਾ ਨਹੀਂ ਸੀ ਲਿਖਿਆ ਗਿਆ, ਜਿਸ ਤੋਂ ਨਿਸਚੇ ਨਹੀਂ ਸੀ ਹੋ ਸਕਦਾ ਕਿ ਓਹ ਸਲੋਕ ਕਿਸ ਸਤਿਗੁਰੂ ਜੀ ਦੀ ਰਚਨਾ ਹੈ। ਪ੍ਰਤੀਤ ਹੁੰਦਾ ਹੈ ਕਿ ਵਾਰਾਂ ਦੇ ਇਉਂ ਲਿਖੇ ਜਾਣ

ਪਿਛੋਂ ਪੰਚਮ ਪਾਤਸ਼ਾਹ ਜੀ ਨੇ ਅਪਣੇ ਲਿਖਾਰੀ ਭਾਈ ਗੁਰਦਾਸ ਜੀ ਨੂੰ ਹਦਾਇਤ ਕੀਤੀ ਕਿ ਕੇਵਲ ਵਾਰਾਂ ਦੇ ਸ਼ੁਰੂ ਵਿਚ ਮਹਲਾ ਦਿੱਤੇ ਹੋਏ ਹੋਣਨਾਲ ਤਾਂ ਕੇਵਲ ਪਉੜੀਆਂ ਦਾ ਹੀ ਪਤਾ ਲੱਗੇਗਾ ਕਿ ਏਹ ਕਿਸ ਮਹਲੇ ਦੀਆਂ ਹਨ ਪਰ ਸਲੋਕ ਅੱਡ ਅੱਡ ਮਹਲਿਆਂ ਦੇ ਵਰਤੇ ਗਏ ਹਨ, ਇਨ੍ਹਾਂ ਪਰ ਬੀ ਮਹੱਲਿਆਂ ਦਾ ਪਤਾ ਦੇਣਾ ਜ਼ਰੂਰੀ ਹੈ ਤਾਕਿ ਮਲੂਮ ਹੋ ਸਕੇ ਕਿ ਉਹ ਸਲੋਕ ਕਿਸ ਪਾਤਸ਼ਾਹੀ ਦਾ ਹੈ। ਇਸ ਅਨੁਸਾਰ ਭਾਈ ਗੁਰਦਾਸ ਜੀ ਨੇ ਪ੍ਰਾਪਤ ਮਸੌਦਿਆਂ ਨਾਲ ਮਿਲਕੇ ਸਲੋਕ ਦੇ ਸ਼ੁਰੂ ਵਿਚ ਮਹਲੇ ਲਿਖਣੇ ਆਰੰਭੇ, ਪਰ ਜਿਥੇ ਮਹਲਾ ਲਿਖਣਾ ਸੀ ਓਥੇ ਪਹਿਲੇ ਵਾਰ ਲਿਖਣ ਵੇਲੇ ਖਾਲੀ ਥਾਂ ਸਤਰ ਵਿਚ ਨਹੀਂ ਸੀ ਛੱਡੀ ਗਈ। ਸੋ ਉਨ੍ਹਾਂ ਨੇ ਦੋ ਸਤਰਾਂ ਦੇ ਵਿਚਕਾਰ ਜੋ ਸਫੈਦ ਜਗਾ ਖਾਲੀ ਹੁੰਦੀ ਹੈ, ਉਸ ਵਿਚ ਥਾਉਂ ਥਾਈਂ ਬ੍ਰੀਕ ਕਲਮ ਨਾਲ ਮਹਲੇ ਲਿਖ ਦਿੱਤੇ। ਮਗਰੋਂ ਜਾਪਦਾ ਹੈ ਕਿ ਸਤਿਗੁਰੂ ਜੀਨੇ ਆਪ ਸਾਰੀਆਂ ਵਾਰਾਂਦੀ ਨਿਰੀਖਣਾ ਕੀਤੀ।ਜਦ ਇਹ ਤਸੱਲੀ ਹੋ ਜਾਂਦੀ ਰਹੀ ਕਿ ਕਿਸੇ ਵਾਰ ਦੇ ਸਾਰੇ ਸਲੋਕਾਂ ਪਰ ਮਹਲੇ ਲੱਗ ਗਏ ਹਨ ਤੇ ਓਹ ਗੁਰੂ ਸਾਹਿਬਾਂ ਦੀ ਰਚਨਾ ਅਨੁਸਾਰ ਸ਼ੁਧ ਹਨ ਤਾਂ ਆਪ ਜੀ ਵਾਰ ਦੇ ਅਖੀਰ ਇਹ ਟੂਕ 'ਸੁਧੁ' ਦੀ ਲਿਖਦੇਂਦੇ ਰਹੇ।ਭਾਵ ਇਹੋ ਜਾਪਦਾ ਹੈ ਕਿ ਇਸ ਵਾਰ ਵਿਚ ਦੇ ਸਲੋਕਾਂ ਪਰ ਮਹੱਲਿਆਂ ਦੀ ਸੂਚਨਾਂ ਰਚਨਹਾਰ ਸਤਿਗੁਰਾਂ ਦੀ ਠੀਕ ਠੀਕ ਲੱਗ ਗਈ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਤ੍ਰੈ ਚਾਰ ਵਾਰਾਂ ਤੋਂ ਛੁੱਟ ਇਹ ਸੂਚਨਾ ਲਗ ਪਗ ਸਭ ਵਾਰਾਂ ਦੇ ਅਖੀਰ ਮੌਜੂਦ ਹੈ। ਬਸੰਤ ਕੀ ਵਾਰ ਤੇ ਸਤੇ ਬਲਵੰਡ ਦੀ ਰਾਮਕਲੀ ਵਾਰ, ਇਨ੍ਹਾਂ ਦੋਹਾਂ ਵਿਚ ਸਲੋਕ ਨਹੀਂ ਜੋੜੇ ਗਏ, ਇਸ ਲਈ ਇਨ੍ਹਾਂ ਦੇ ਅਖੀਰ ਨਹੀਂ ਹੈ। ਜੈਤਸਰੀ ਦੀ ਵਾਰ ਦੇ ਸਲੋਕ ਤੇ ਪਉੜੀਆਂ ਦੇ ਪਾਠ ਤੋਂ ਸਹੀ ਹੁੰਦਾ ਹੈ ਕਿ ਪੰਚਮ ਪਾਤਸ਼ਾਹ ਜੀ ਨੇ ਇਹ ਵਾਰ ਇਕਵਾਰਗੀ ਹੀ ਰਚੀ ਹੈ, ਉਸ ਵਿਚ ਅੱਗੋਂ ਪਿਛੋਂ ਦੀ ਰਚਨਾਂ ਦੇ ਸਲੋਕ ਨਹੀਂ ਜੋੜੇ ਗਏ, ਇਸ ਲਈ ਉਸ ਦੇ ਅਖੀਰ ਬੀ ਇਹ ਇਹ ਸੂਚਨਾ ਨਹੀਂ ਹੈ। ਗਉੜੀ ਰਾਗ ਦੀ ਦੂਸਰੀ ਵਾਰ, ਜੋ ਅੱਗੇ ਸ਼ੁਰੂ ਹੋ ਰਹੀ ਹੈ, ਉਸਦੇ ਅਖੀਰ ਪਦ 'ਸੁਧੁ ਕੀਚੇ' ਹੈ, ਜਾਪਦਾ ਹੈ ਕਿ ਉਸ ਵਿਚ ਸਤਿਗੁਰੂ ਜੀ ਦੀ ਨਿਰੀਖਣਾ ਵੇਲੇ ਕੁਝ ਸਲੋਕਾਂ ਪਰ ਮਹਲੇ ਸੂਚਕ ਪਤੇ ਲਾਉਣੇ ਰਹਿੰਦੇ ਸਨ ਯਾ ਦੁਬਾਰਾ ਗਹੁ ਨਾਲ ਕੋਈ ਸਲੋਕ ਮੁੜ ਤਸੱਲੀ ਕਰਨ ਜੋਗ ਸੇ ਤੇ ਸਤਿਗੁਰੂ ਜੀ ਨੇ ਭਾਈ ਗੁਰਦਾਸ ਜੀ ਨੂੰ ਆਗਯਾ ਕੀਤੀ ਹੈ ਕਿ ਪੁਨਰ ਸੁਧਾਈ ਕਰੋ। ਉਨ੍ਹਾਂ ਨੇ ਗੁਰੂ ਆਗਯਾ ਅਨੁਸਾਰ ਤਸੱਲੀ ਕੀਤੀ, ਥੁੜਦੇ ਮਹੱਲਿਆਂ ਦੇ ਪਤੇ ਲਾ ਦਿੱਤੇ ਪਰ ਸਤਿਗੁਰੂ ਜੀ ਦੀ ਟੂਕ ਜਿਉਂ ਕੀ ਤਿਉਂ ਕਾਇਮ ਰਹੀ। ਇਸ ਤੋਂ ਇਲਾਵਾ ਜੇ ਕੋਈ ਹੋਰ ਮਤਲਬ ਇਸ 'ਸੁਧੁ' ਯਾ 'ਸੁਧੁ ਕੀਚੇ' ਸੂਚਨਾਂ ਦਾ ਹੈ ਤਾਂ ਗੁਰੂ ਕੀ ਗਤਿ ਗੁਰੂ ਜਾਣੇ।

## ਵਾਰ ਦੀ ਸਮੁੱਚੀ ਸੰਖੇਪ ਵਯਾਖਯਾ

ਜੈਸਾ ਕਿ ਦੱਸ ਆਏਹਾਂ ਵਾਰ ਦੇ ਆਰੰਭਵਿਚਜੋ ਮਹਲਾ ਲਿਖਿਆ ਹੁੰਦਾਹੈ,ਪਉੜੀਆਂ ਉਸੇ ਮਹੱਲੇ ਦੀਆਂ ਹੁੰਦੀਆਂ ਹਨ। ਇਸ ਵਾਰ ਤੇ 'ਮਹਲਾ ੪' ਦਿਤਾ ਹੈ, ਸੋ ਪਉੜੀਆਂ ਮਹਲੇ ਚਉਥੇ ਦੀਆਂ ਸਮਝਣੀਆਂ ਚਾਹੀਏ। ਪਰ ਇਸ ਵਿਚ ੩੩ ਪਉੜੀਆਂ ਹਨ, ਜਿਨ੍ਹਾਂ ਵਿਚੋਂ ੫ ਪੰਜਵੇਂ ਮਹਲੇ ਦੀਆਂ ਹਨ-੨੭, ੨੮, ੨੯, ੩੦ ਤੇ ੩੧। ਇਸ ਕਰਕੇ ਗੁਰੂ ਜੀ ਨੇ ਇਨ੍ਹਾਂ ਉੱਤੇ 'ਪਉੜੀ' ਸਿਰਲੇਖ ਨਾਲ 'ਮਃ ੫' ਯਾ ਅੰਕ '੫' ਦੇ ਦਿੱਤਾ ਹੈ, ਜੋ ਵਿਵੇਕ ਨਾਲ ਸਮਝ ਪੈ ਜਾਵੇ। ਸਲੋਕ, ਵਾਰਾਂ ਵਿਚ ਹੋਰ ਮਹਲਿਆਂ ਦੇ ਬੀ ਹੁੰਦੇ ਹਨ। ਇਸ ਵਿਚ ਬੀ ਮਹਲੇ ੪ ਤੋਂ ਵਖਰੇ ਮਃ ੩ ਤੇ ਮਃ ੫ ਦੇ ਸਲੋਕ ਹਨ। ਏਹ ਪਿਛੋਂ ਪਾਏ ਜਾਂਦੇ ਹਨ; ਯਾ ਤਾਂ ਗਾਉਣ ਵਾਲੇ ਗੁਰਬਾਣੀ ਵਿਚੋਂ ਸਲੋਕ ਲੈ ਲੈ ਕੇ ਗਾਯਨ ਵੇਲੇ ਪ੍ਰਮਾਣ ਵਜੋਂ ਗਾਉਂਦੇ ਹਨ, ਯਾ ਵਾਰਾਂ ਚੜ੍ਹਾਉਣ ਵੇਲੇ ਪੰਚਮ ਗੁਰੂ ਜੀ ਸਲੋਕ ਪਾ ਕੇ ਵਾਰ ਨੂੰ ਮਹਲਿਆਂ ਸਣੇ ਸਿਰੇ ਚਾੜ੍ਹ ਦੇਂਦੇ ਹਨ। ਪਉੜੀਆਂ ਵਿਚ ਮਹਲੇ ਚੌਥੇ ਜੀ ਨੇ ਵਾਹਿਗੁਰੂ ਜੀ

ਦੀ ਸਨਮੁਖ ਉਸਤੁਤੀ ਕੀਤੀ ਹੈ। ਜਿਸ ਵਿਚ ਵਾਹਿਗੁਰੂ ਦੇ ਸਰੂਪ ਲੱਛਣ, ਤਟਸਥ ਲੱਛਣ, ਗੁਣ, ਕਰਮ, ਬਿਰਦ ਆਦਿ ਵਰਣਨ ਕੀਤੇ ਹਨ। ਇਨ੍ਹਾਂ ਵਿਚ ਸਿਫਤ ਸਲਾਹ ਬੀ ਪ੍ਰਭੂ ਜੀ ਦੀ ਸੁਹਣੀ ਕੀਤੀ ਹੋਈ ਹੈ। ਫੇਰ ਜਿਸ ਪਰ ਇਸ ਪ੍ਰਭੂ ਦੀ ਕ੍ਰਿਪਾ ਦ੍ਰਿਸ਼ਟੀ ਹੈ ਉਸ ਦੀ ਸਿਫਤ ਸਲਾਹ ਹੈ, ਅਰਥਾਤ ਸਤਿਗੁਰੂ ਦੀ। ਇਸ ਦੇ ਨਾਲ ਗੁਰਮੁਖ ਤੇ ਸਤਿਸੰਗ ਦੀ ਮਹਿਮਾ ਹੈ। ਫੇਰ ਉਪਦੇਸ਼ ਹੈ ਕਿ ਧੁਰੋਂ ਘੱਲੇ ਸਤਿਗੁਰੂ ਤੇ ਉਸ ਦੇ ਸਾਜੇ ਗੁਰਮੁਖ ਦਾ ਸਤਿਸੰਗ ਕਰੋ।

ਪਉੜੀਆਂ ਵਿਚ ਫਿਰ ਇਹ ਬੀ ਆਇਆ ਹੈ ਕਿ ਜੋ ਲੋਕ ਐਸੇ ਵਾਹਿਗੁਰੂ ਦੇ ਪਜ਼ਾਰੇ ਸਤਿਗੁਰੂ ਤੋਂ ਬਿਨਾਂ ਆਪ ਨੂੰ ਵੱਡਾ ਬਣਾਉਂਦੇ ਹਨ ਓਹ ਕੂੜਿਆਰ ਹਨ, ਦੇਖੋ ਪਉੜੀ ੮। ਫੇਰ ਗੁਰਬਾਣੀ ਦੀ ਮਹਿਮਾ ਕਹੀ ਹੈ, ਦੇਖੋ ਪਉੜੀ ੯। ਫੇਰ ਵਾਰ ਵਿਚ ਉਸ ਪ੍ਰਭੂ ਨੂੰ ਧਿਆਉਣ ਵਾਲਿਆਂ ਪਰਥਾਇ ਬੀ ਬਚਨ ਹਨ ਜੈਸੇ ਕਿ ਪਉੜੀ ੧੧ ਵਿਚ ਕਿ ਸੱਚੇ ਦਿਲੋਂ ਸਿਮਰਨ ਵਾਲੇ ਗੁਰ-ਸਿਖ ਬੀ ਵਿਰਲੇ ਹਨ।

ਉਪਰ ਕਥੇ ਅਨੁਸਾਰ ਸਿਮਰਨ ਵਾਲੇ ਸਤਿਪੁਰਖਾਂ, ਸੰਤਾਂ ਨਾਲ ਵੈਰ ਕਰਨ ਵਾਲੇ ਦੁਖੀ ਹੋਣਗੇ। ਕਾਰਨ ਦੱਸਿਆ ਹੈ ਕਿ ਸੰਤ ਨਿਰਵੈਰ ਹੁੰਦੇ ਹਨ, ਵੈਰ ਕਰਨ ਵਾਲਿਆਂ ਦਾ ਵੈਰ ਉਨ੍ਹਾਂ ਤੇ ਵਾਰ ਕਰਨੋਂ ਰਹਿ ਜਾਂਦਾ ਹੈ ਤੇ ਉਲਟ ਕੇ ਵੈਰ ਕਰਨੇ ਵਾਲੇ ਦੇ ਆਪਣੇ ਤੇ ਪੈਂਦਾ ਹੈ। ਦੇਖੋ ਪਉੜੀ ੧੨ ਤੇ ਪਉੜੀ ੩੧।

ਗੁਰੂ ਤੋਂ ਵਰੋਸਾਏ ਨਾਮ ਬਾਣੀ ਨਾਲ ਤਰੇ ਹਨ, ਗੁਰਮੁਖ ਹਨ, ਭਗਤ ਹਨ, ਉਨ੍ਹਾਂ ਤੋਂ ਸਦਕੇ ਹਾਂ, ਭਾਵ ਓਹ ਸਲਾਹੁਤ ਯੋਗ ਹਨ ਤੇ ਸਤਿਸੰਗ ਕਰਨੇ ਲਾਯਕ ਹਨ (ਦੇਖੋ ਪਉੜੀ ੧੩ ਤੇ ੧੪)। ਪਉੜੀ ੧੫ ਤੇ ੧੬ ਵਿਚ ਇਕ ਨੁਕਤਾ ਦੱਸਿਆ ਹੈ: ਵਾਹਿਗੁਰੂ ਸਰੀਰ ਦੇ ਅੰਦਰ ਵਸਦਾ ਹੈ, ਬਾਹਰ ਭਾਲ ਕਰਨੀ ਬ੍ਰਿਥਾ ਜਾਂਦੀ ਹੈ। ਪਉੜੀ ੧੭ ਵਿਚ ਸਾਫ ਅੱਖਰਾਂ ਵਿਚ ਆਪਣੇ ਗੁਰੂ ਸ੍ਰੀ ਗੁਰੂ ਅਮਰਦਾਸ ਜੀ ਦੇ ਆਪਣੇ ਨਿਜ ਤਜਰਬੇ ਤੋਂ ਦੇਖੇ ਉਨ੍ਹਾਂ ਦੇ ਦੈਵੀ ਗੁਣਾਂ ਦਾ ਵਰਣਨ ਹੈ। ਅਗੋਂ ਫੇਰ ੨੫ਵੀਂ ਪਉੜੀ ਤਕ ਵਾਹਿਗੁਰੂ, ਗੁਰੂ, ਗੁਰਮੁਖ, ਗੁਰਸਿਖ ਦੀ ਘਾਲ, ਗੁਰੂ ਦੀਖਿਆ ਦੀ ਕਮਾਈ, ਗੁਰ ਸੇਵਾ ਦੁਆਰਾ ਗੁਰੂ ਤੋਂ ਸਫਲਤਾ, ਆਦਿ ਵਿਸ਼ੇ ਹਨ। ੨੬ਵੀਂ ਪਉੜੀ ਵਿਚ ਕੂੜਿਆਰਾਂ ਦਾ ਜ਼ਿਕਰ ਹੈ ਜੋ ਗੁਰੂ ਸੰਗਤ ਵਿਚ ਆਕੇ ਲਾਭ ਨਹੀਂ ਲੈਂਦੇ; ਸਮਾਂ ਟਪਾਕੇ ਫੇਰ ਕੂੜਿਆਰਾਂ ਵਿਚ ਜਾ ਰਲਦੇ ਹਨ।

ਅੰਕ ੨੭, ੨੮, ੨੯, ੩੦ ਤੇ ੩੧ ਪਉੜੀਆਂ ਮਹਲੇ ਪੰਜਵੇਂ ਦੀਆਂ ਹਨ, ਇਨ੍ਹਾਂ ਵਿਚ ਵਿਸ਼ਯ ਉਸੇ ਵਾਲਾ ਹੀ ਹੈ, ਨਿੰਦਕਾਂ, ਬੇਮੁਖਾਂ, ਕੂੜਿਆਰਾਂ ਤੇ ਪਾਪੀਆਂ ਦੇ ਮਾੜੇ ਕਰਮਾਂ ਤੇ ਫਲਾਂ ਦਾ ਜ਼ਿਕਰ ਹੈ। ਪਉੜੀ ੩੨ ਮਹਲੇ ਚਉਥੇ ਦੀ ਹੈ, ਪਰ ਇਸ ਦਾ ਵਿਸ਼ਯ ਇਸ ਤੋਂ ਪਹਿਲੀਆਂ ਪੰਜ ਪਉੜੀਆਂ ਵਾਲਾ ਹੀ ਹੈ। ਪਉੜੀ ੩੩, ਮਹਲੇ ੪ ਦੀ ਹੈ ਤੇ ਵਾਰ ਵਿਚ ਸ਼ੁਰੂ ਕੀਤੇ ਆਪਣੇ ਮਜ਼ਮੂਨ ਦੀ ਸਿਧਾਂਤਾਤਮਕ ਹੈ, ਜਿਸ ਵਿਚ ਪੂਰਨ ਹਉਮੈ ਦੀ ਤਯਾਗ ਅਵਸਥਾ ਤੇ ਆਪਾ 'ਸਾਂਈਂ' ਸਮਰਪਨ ਅਵਸਥਾ ਵਿਚ ਪਹੁੰਚਕੇ ਸਾਂਈਂ ਮੇਲ ਵਿਚ ਮਿਲ ਜਾਣ ਦਾ ਸੁਹਣਾ ਭਗਤੀ ਭਾਵ ਵਰਣਨ ਕੀਤਾ ਹੈ।

ਸਲੋਕ ਜੋ ਵਿਚ ਵਿਚ ਆਏ ਹਨ, ਉਨ੍ਹਾਂ ਵਿਚ ਪਉੜੀਆਂ ਦੇ ਮਜ਼ਮੂਨਾਂ ਦੀ ਪ੍ਰੋਢਤਾ ਹੈ ਤੇ ਮਨਮੁਖਾਂ, ਪਾਪੀਆਂ, ਕੂੜਿਆਰਾਂ, ਬੇਮੁਖਾਂ ਤੇ ਹਰ ਪ੍ਰਕਾਰ ਦੇ ਮਾੜਿਆਂ ਦੇ ਹਾਲ ਦੱਸੇ ਹਨ। ਕਈ ਸਲੋਕਾਂ ਵਿਚ ਸਤਿਗੁਰਾਂ ਦੇ ਸਾਹਮਣੇ ਵਰਤੇ ਬੇਮੁਖਾਂ ਤੇ ਦੁਸ਼ਟਾਂ ਦੇ ਹਾਲ ਤੇ ਉਨ੍ਹਾਂ ਦੇ ਅੰਤ ਨੂੰ ਦੁਖ ਪ੍ਰਾਪਤ ਹੋਣ ਦੇ ਵੇਰਵੇ ਹਨ। ਜੋ ਇਤਿਹਾਸਕ ਵਾਕਿਆਤ ਦੇ ਦ੍ਰਿਸ਼ਟਾਂਤ ਪ੍ਰਮਾਣ ਹਨ, ਉਹ ਉਸ ਵਲੋਂ ਸਤਿਗੁਰਾਂ ਨੂੰ ਪਹੁੰਚੇ ਤਸੀਹਿਆਂ ਤੇ ਖੇਚਲਾਂ ਦੇ ਵਾਹਿਗੁਰੂ ਸਹਾਇਤਾ ਨਾਲ ਨਿਵਰ ਜਾਣ ਦੇ ਸਬੂਤ ਹਨ, ਜੋ ਸਲੋਕਾਂ ਦੇ ਲਿਖਣ ਵਾਲੇ ਸਤਿਗੁਰਾਂ ਨੇ ਆਪਣੇ ਸਤਿਗੁਰੂ ਦੇ ਪਰਮ ਪ੍ਰੇਮ ਵਿਚ ਤੇ ਦੁਖਾਂ ਦੇ ਖੇਦਾਂ ਨੂੰ ਆਪ ਪ੍ਰਤੀਤ ਕਰ ਕਰਕੇ ਲਿਖੇ ਹਨ। ਉਨ੍ਹਾਂ ਦਾ ਭਾਵ ਜੀਵਾਂ ਨੂੰ ਸੁਮਤਿ ਦੇਣ

ਦਾ ਹੈ, ਕਿ ਐਸਾ ਕਿਸੇ ਨੂੰ ਨਹੀਂ ਕਰਨਾ ਚਾਹੀਏ। ਜੈਸੇ ਕਿ ਫੁਰਮਾਯਾ ਹੈ:–ਹਰਿ ਸਾਕਤ ਸੇਤੀ ਸੰਗੁ ਨ ਕਰੀਅਹੁ ॥ [ਪਉੜੀ ੨੧ ਦਾ ਸਲੋਕ ੧] । ਐਸੇ ਮਾੜੇ ਕਰਮੀਆਂ ਦੇ ਲੋਕ ਪ੍ਰਲੋਕ ਦੁਖੀ ਹੋਣ ਦੇ ਫਲ ਦਰਸਾਏ ਹਨ। ਪਰ ਸਦਾ ਦਯਾਲ ਮੂਰਤੀ ਜੀ ਨੇ ਇਸੇ ਵਾਰ ਦੇ ਕਈ ਅੰਕਾਂ ਵਿਚ ਉਨ੍ਹਾਂ ਨੂੰ ਬੀ ਸਦਾ ਲਈ ਦੰਡ ਜਾਣ ਤੋਂ ਬਚਾਉਣ ਲਈ ਮੁੜ ਤਰ ਜਾਣੇ ਦਾ ਟਿਕਾਣਾ ਦੱਸਿਆ ਹੈ ਤੇ ਉਹ ਹੈ ਸਤਿਗੁਰ ਦੀ ਸ਼ਰਣ, ਤੇ ਸਤਿਗੁਰ ਤੋਂ ਨਾਮ ਦੀ ਪ੍ਰਾਪਤੀ। ਯਥਾ:-

ਜੇ ਗੁਰ ਕੀ ਸਰਣੀ ਫਿਰਿ ਓਹੁ ਆਵੈ ਤਾ ਪਿਛਲੇ ਅਉਗਣ ਬਖਸਿ ਲਇਆ ॥
ਜਨ ਨਾਨਕ ਅਨਦਿਨੁ ਨਾਮੁ ਧਿਆਇਆ ਹਰਿ ਸਿਮਰਤ ਕਿਲਵਿਖ ਪਾਪ ਗਇਆ ॥
[ਪਉੜੀ ੧੩ ਦਾ ਸਲੋਕ ੨

ਇਹ ਦੱਸਕੇ ਫੇਰ ਪ੍ਰਤੱਖ ਮਿਸਾਲ ਗੁਰੂ ਘਰ ਹੀ ਵਰਤੀ ਦੱਸੀ ਹੈ, ਜੋ ਪਉੜੀ ੧੪ ਦੇ ਸਲੋਕ ੧ ਵਿਚ ਹੈ, ਜਿਸ ਵਿਚ ਦੱਸਿਆ ਹੈ ਕਿ 'ਗੁਰੁ ਚਉਥੀ ਪੀੜੀ ਟਿਕਿਆ ਤਿਨਿ ਨਿੰਦਕ ਦੁਸਟ ਸਭਿ ਤਾਰੇ ॥'

—o—

# ਗਉੜੀ ਕੀ ਵਾਰ ਮਹਲਾ ੫

ਗਉੜੀ ਕੀ ਵਾਰ ਜੋ ਪੰਜਵੇਂ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਰਚੀ।

## ਰਾਇ ਕਮਾਲਦੀ ਮੋਜਦੀ ਕੀ ਵਾਰ ਕੀ ਧੁਨਿ ਉਪਰਿ ਗਾਵਣੀ

(ਇਹ ਗਉੜੀ ਦੀ ਵਾਰ) ਰਾਇ ਕਮਾਲ ਦੀਨ ਮੌਜ ਦੀਨ ਦੀ ਵਾਰ ਦੀ ਧੁਨਿ ਉਪਰ ਗਾਉਣੀ।

ਰਾਇ ਕਮਾਲ ਦੀਨ ਤੇ ਮੌਜ ਦੀਨ ਕੌਣ ਸਨ ਤੇ ਉਨ੍ਹਾਂ ਦੀ ਵਾਰ ਕਿਸ ਤਰ੍ਹਾਂ ਦੀ ਸੀ, ਇਸ ਪਰ ਪੂਜਨੀਕ ਪਿਤਾ, ਸ੍ਰੀ ਮਾਨ ਡਾਕਟਰ ਚਰਨ ਸਿੰਘ ਜੀ, ਨੇ ਆਪਣੇ ਰਚਿਤ 'ਬਾਣੀ ਬਿਉਰੇ' ਵਿਚ ਇਸ ਪ੍ਰਕਾਰ ਚਾਨਣਾ ਪਾਇਆ ਹੈ:–

ਇਕ ਰਾਇ ਕਮਾਲ ਦੀਂ ਅਤੇ ਦੂਜੇ ਭਿਰਾਉ ਦਾ ਨਾਉਂ ਰਾਇ ਸਾਰੰਗ ਸੀ, ਇਹ ਦੋਵੇਂ ਸੱਕੇ ਭਾਈ ਸਨ। ਪਿਉ ਦੇ ਵਿਰਸੇ ਵੰਡਣ ਤੋਂ ਕੁਝ ਖਟਪਟ ਹੋ ਗਈ, ਜਿੰਨਾ ਕੁ ਬਾਰ ਦੇਸ ਦਾ ਇਲਾਕਾ ਹਿੰਮਤ ਨਾਲ ਮੱਲ ਸਕੇ ਮੱਲ ਲਿਆ, ਪਰ ਕਮਾਲ ਵੱਡਾ ਟਿੱਕਾ ਹੋਣ ਦੇ ਕਾਰਨ ਚਾਹੁੰਦਾ ਸੀ ਕਿ ਭਿਰਾਉ ਨੂੰ ਕੁਝ ਨਾਂ ਦਿਆਂ, ਪਰ ਭਿਰਾਉ ਦੇ ਬਹਾਦਰ ਹੋਣੇ ਤੋਂ ਕੁਝ ਨਾ ਕਰ ਸਕਿਆ। ਜਦ ਪਾਤਸ਼ਾਹੀ ਟਕੇ ਦੇਣ ਦਾ ਵੇਲਾ ਪੁੱਜਾ ਤਾਂ ਪਾਤਸ਼ਾਹ ਪਾਸ ਚੁਗਲੀ ਕਰਕੇ ਭਿਰਾਉ ਸਾਰੰਗ ਨੂੰ ਬਗ਼ਾਵਤ ਦੀ ਤੁਹਮਤ ਲਾਕੇ ਕੈਦ ਕਰਾ ਦਿੱਤਾ। ਕੁਝ ਚਿਰ ਮਗਰੋਂ ਪਾਤਸ਼ਾਹ ਨੂੰ ਮਲੂਮ ਹੋ ਗਿਆ ਕਿ ਰਾਇ ਸਾਰੰਗ ਬੇਕਸੂਰ ਨਿਰੇ ਅਦਾਵਤ ਦੇ ਜੁਰਮ ਵਿਚ ਕੈਦ ਹੈ, ਤਾਂ ਉਸ ਨੂੰ ਸਿਰੋਪਾਉ ਸ਼ਾਹੀ ਦੇ ਕੇ ਇੱਜ਼ਤ ਆਦਰ ਨਾਲ ਆਪਣੇ ਇਲਾਕੇ ਨੂੰ ਭੇਜ ਦਿੱਤਾ।

ਇਹ ਕਮਾਲ ਦੀਂ ਨੂੰ ਬਹੁਤ ਔਖੀ ਬਣੀ, ਜੇ ਭਰਾ ਦਾ ਦਬਾਇਆ ਹੋਇਆ ਰਾਜ ਕੀਕੁਰ ਮੋੜ ਕੇ ਦੇਵੇ, ਜੇ ਨਾ ਦੇਵੇ ਤਾਂ ਪਾਤਸ਼ਾਹੀ ਮੁਜਰਮ ਬਣੇ। ਇਸ ਔਕੜ ਵਿਚ ਫਾਬੇ ਨੇ ਆਉਂਦੇ ਭਿਰਾਉ ਦੀ ਵੱਡੀ ਆਗਤ ਭਾਗਤ ਕੀਤੀ ਅਤੇ ਆਪਣੀ ਵਧੀਕੀ ਦੀ ਮੁਆਫੀ ਮੰਗੀ, ਗ਼ਲਤੀ ਹੋਣਹਾਰ ਦੇ ਮੱਥੇ ਮਲੀ। ਫਿਰ ਭਿਰਾ ਭਿਰਾਵਾਂ ਦੇ ਕਾਂ ਕਾਵਾਂ ਦੇ ਵਾਲੀ ਗੱਲ ਬਣ ਗਈ। ਰਲ ਬੈਠੇ, ਪਰ ਕਮਾਲ ਦੀ ਨਿਯਤ ਵਿਚ ਜਿਹੜੀ ਖੁਟਿਆਈ ਸੀ, ਓਹ ਸ਼ਰਾਬ ਦੀ ਸ਼ਕਲ ਬਣ ਕੇ ਸਾਰੰਗ ਦੇ ਪੇਸ਼ ਆਈ। ਵੱਡੇ ਪਿਆਰ ਅਤੇ ਚਾਉ ਨਾਲ ਦੁਹਾਂ ਨੇ ਰਲਕੇ ਪੀਤੀ। ਇਹ ਸ਼ਰਾਬ ਸ਼ਰਾਬ ਨਹੀਂ ਸੀ ਇਹ ਤਾਂ ਮੌਤ ਦਾ ਪਿਆਲਾ ਸੀ, ਪੀਤਾ ਤਾਂ ਸਹੀ ਪਰ ਫੇਰ ਹੋਰ ਕਦੀ ਨਾਂ ਲੀਤਾ। ਕਮਾਲ ਦੀਂ ਦੇ ਦਿਲ ਵਿਚੋਂ ਸਾਰਾ ਫਿਕਰ ਦੂਰ ਕਰ ਦਿੱਤਾ। ਲੋਕਾਚਾਰੀ ਰੋਂਦੇ ਪਿਟਦੇ ਨੇ

ਮ੍ਰਿਤਕ ਸੰਸਕਾਰ ਕਰਾ ਦਿੱਤੇ। ਇਸ ਕੌਤਕ ਨੂੰ ਵੇਖ ਕੇ ਰਾਇ ਸਾਰੰਗ ਦੀ ਇਸਤ੍ਰੀ, ਜਿਸਦੇ ਕੁੱਛੜ ਮੌਜ ਦੀਂ ਨਾਮੀ ਇਕ ਬਾਲਕ ਸੀ, ਰਾਤੋ ਰਾਤ ਨੱਸ ਕੇ ਆਪਣੇ ਪੇਕੇ ਜਾ ਠਹਿਰੀ। ਕੋਈ ਕਾਲ ਉਸ ਰਣਧੀਰ* ਦੇ ਪਾਲਣ ਪੋਸਣ ਤੇ ਸ਼ਸਤ੍ਰ (ਧਨੁਖ) ਵਿਦਯਾ ਸਿਖਾਉਣ ਵਿਚ ਕੱਟਿਆ, ਪ੍ਰੰਤੂ ਜਦ ਉਹ ਬਾਲਕ ਜਵਾਨ ਹੋ ਗਿਆ ਤਾਂ ਪਿਉ ਦਾ ਵੈਰ ਸੰਭਾਲਿਆ। ਮਾਮਿਆਂ ਦੀ ਫੌਜ ਲੈ ਕੇ ਕਮਾਲ ਦੀਂ ਤੇ ਚੜ੍ਹਾਈ ਕਰਕੇ ਆਣ ਢੁੱਕਾ ਅਤੇ ਮੈਦਾਨ ਜੰਗ ਵਿਚ ਤਾਏ ਨੂੰ ਚੰਗੀ ਤਰ੍ਹਾਂ ਤਾਇਆ ਅਤੇ ਇਸ ਖ਼ੂਬੀ ਨਾਲ ਲੜਿਆ ਕਿ ਕਮਾਲਦੀਂ ਆਪਣਾ ਆਪ ਕਿਸੇ ਪਹਿਲੂ ਤੋਂ ਨਾਂ ਸੰਭਾਲ ਸਕਿਆ। ਜਦ ਆਹਮੋ ਸਾਹਮਣੇ ਜੰਗ ਵਿਚ ਜੁੱਟੇ ਤਾਂ ਕਮਾਲਦੀਂ ਹੁਰੀਂ ਮਾਰੇ ਗਏ ਅਰ ਰਣਧੀਰੇ ਨੇ ਆਪਣੇ ਦਾਦੇ ਦਾ ਮੁਲਕ ਅਤੇ ਮਾਲ ਸਾਰਾ ਸਾਂਭਿਆ ਅਤੇ ਆਪ ਰਾਜਾ ਹੋ ਗਿਆ। ਇਨ੍ਹਾਂ ਦੋਹਾ ਬਹਾਦਰਾਂ ਦੀ ਲੜਾਈ ਦੀ ਵਾਰ ਢਾਡੀਆਂ ਨੇ ਬਣਾ ਕੇ ਗਾਵੀਂ ਅਤੇ ਮੌਜਦੀਂ ਨੂੰ ਸੁਣਾਈ, ਬਹੁਤ ਇਨਾਮ ਤੇ ਮਨਸਬ ਪਾਏ। ਜਿਸ ਧੁਨਿ ਰਾਗ ਵਿਚ ਇਹ ਵਾਰ ਢਾਡੀਆਂ ਨੇ ਗਾਵੀਂ ਓਸੇ ਧੁਨਿ ਵਿਚ ਇਹ ਗਉੜੀ ਦੀ ਵਾਰ ਵੀ ਗਾਉਣੀ ਚਾਹੀਏ, ਇਹ ਸੂਚਨਾ ਹੈ। ਉਸ ਵਾਰ ਦੀ ਪਉੜੀ ਨਮੂਨੇ ਮਾਤ੍ਰ ਇਹ ਹੈ:–

ਰਾਣਾ ਰਾਇ ਕਮਾਲ ਦੀਂ ਰਣ ਭਾਰਾ ਬਾਹੀ।
ਮੌਜਦੀਂ ਤਲਵੰਡੀਓਂ ਚੜਿਆ ਸਾਬਾਹੀ।
ਢਾਲੀਂ ਅੰਬਰ ਛਾਇਆ ਢੁੱਲੇ ਅਨਕਾਹੀ।
ਜੁਟੇ ਆਹਮੋ ਸਾਹਮਣੇ ਨੇਜ਼ੇ ਝਲਕਾਹੀ।
ਮੌਜੇ† ਘਰ ਵਧਾਈਆਂ ਘਰ ਚਾਚੇ ਧਾਂਹੀ।

ਗਉੜੀ ਦੀ ਵਾਰ ਦੀ ਤੁਕ ਹੈ:–
ਜੋ ਤੁਧੁ ਭਾਵੈ ਸੋ ਭਲਾ
ਸਚੁ ਤੇਰਾ ਭਾਣਾ ॥

[ਬਾਣੀ ਬਿਉਰਾ।

## ੧ ਓ ਸਤਿਗੁਰ ਪ੍ਰਸਾਦਿ ॥

### [ਪਉੜੀ ਪਹਿਲੀ]

**ਮੂਲ**

ਸਲੋਕ ਮਃ ੫ ॥ ਹਰਿ ਹਰਿ ਨਾਮੁ ਜੋ ਜਨੁ ਜਪੈ ਸੋ ਆਇਆ ਪਰਵਾਣੁ ॥ ਤਿਸੁ ਜਨ ਕੈ ਬਲਿਹਾਰਣੈ ਜਿਨਿ ਭਜਿਆ ਪ੍ਰਭੁ ਨਿਰਬਾਣੁ ॥ ਜਨਮ ਮਰਨ ਦੁਖੁ ਕਟਿਆ ਹਰਿ ਭੇਟਿਆ ਪੁਰਖੁ ਸੁਜਾਣੁ ॥ ਸੰਤ ਸੰਗਿ ਸਾਗਰੁ ਤਰੇ ਜਨ ਨਾਨਕ ਸਚਾ ਤਾਣੁ ॥ ੧ ॥

**ਅਰਥ**

ਜੋ ਪੁਰਸ਼ ਪਰਮੇਸੁਰ ਦਾ ਨਾਮ ਜਪਦਾ ਹੈ ਉਹ (ਜਗਤ ਪਰ) ਆਇਆ ਪਰਵਾਣ ਹੈ। (ਹਾਂ) ਜਿਸ ਜਨ ਨੇ ਨਿਰਬਾਣ (ਨਿਰਲੇਪ) ਪ੍ਰਭੂ ਨੂੰ ਸਿਮਰਨ ਕੀਤਾ ਹੈ ਉਸ ਪੁਰਖ ਤੋਂ (ਮੈਂ) ਸਦਕੇ ਹਾਂ। (ਉਸ ਨੇ ਅਪਣਾ) ਜਨਮ ਮਰਨ ਦਾ ਦੁਖ ਮੇਟ ਲਿਆ ਹੈ (ਕਿਉਂਕਿ ਉਸ ਨੂੰ) ਸੁਜਾਣ ਪੁਰਖ ਹਰੀ (ਦਾ ਮੇਲਿਆ) ਮਿਲ ਪਿਆ ਹੈ। (ਉਹ) ਸੰਤ ਦੇ ਸੰਗ ਨਾਲ (ਭਵ-) ਸਾਗਰ ਨੂੰ ਤਰ ਲੈਂਦਾ ਹੈ, ਹੇ ਨਾਨਕ (ਸਤਿਸੰਗ ਇਸ ਕੰਮ ਲਈ) ਸੱਚਾ ਬਲ ਹੈ ॥ ੧ ॥

*ਇਹ ਮੌਜ ਦੀਂ ਦਾ ਦੂਜਾ ਨਾਮ ਹੈ ਜੋ ਨਾਨਕਿਆਂ ਰਖਿਆ ਸੀ।

†ਚਾਚੇ ਤਾਏ ਦਾ ਕੋਈ ਭੇਦ ਨਹੀਂ ਹੁੰਦਾ, ਭਟਈ ਭਾਖਾ ਵਿਚ ਇਹ ਗੱਲਾਂ ਖੁੱਲ੍ਹੀਆਂ ਹਨ।

ਮਃ ੫ ॥ ਭਲਕੇ ਉਠਿ ਪਰਾਹੁਣਾ ਮੇਰੈ ਘਰਿ ਆਵਉ ॥ ਪਾਉ ਪਖਾਲਾ ਤਿਸਕੇ ਮਨਿ ਤਨਿ ਨਿਤ ਭਾਵਉ॥ ਨਾਮੁ ਸੁਣੇ ਨਾਮੁ ਸੰਗ੍ਰਹੈ ਨਾਮੇ ਲਿਵ ਲਾਵਉ ॥ ਗ੍ਰਿਹੁ ਧਨੁ ਸਭੁ ਪਵਿਤ੍ਰੁ ਹੋਇ ਹਰਿ ਕੇ ਗੁਣ ਗਾਵਉ ॥ ਹਰਿ ਨਾਮ ਵਾਪਾਰੀ ਨਾਨਕਾ ਵਡਭਾਗੀ ਪਾਵਉ ॥੨॥

ਪਉੜੀ ॥ ਜੋ ਤੁਧੁ ਭਾਵੈ ਸੋ ਭਲਾ ਸਚੁ ਤੇਰਾ ਭਾਣਾ ॥ ਤੂ ਸਭ ਮਹਿ ਏਕੁ ਵਰਤਦਾ ਸਭ ਮਾਹਿ ਸਮਾਣਾ ॥ ਥਾਨ ਥਨੰਤਰਿ ਰਵਿ ਰਹਿਆ ਜੀਅ ਅੰਦਰਿ ਜਾਣਾ ॥ ਸਾਧਸੰਗਿ ਮਿਲਿ ਪਾਈਐ ਮਨਿ ਸਚੇ ਭਾਣਾ॥ ਨਾਨਕ ਪ੍ਰਭ ਸਰਣਾਗਤੀ ਸਦ ਸਦ ਕੁਰਬਾਣਾ ॥ ੧ ॥

(ਐਸਾ ਸੰਤ) ਪ੍ਰਾਹੁਣਾ ਹੋ ਕੇ (ਜੋ) ਸਵੇਰੇ ਹੀ ਉਠ ਕੇ ਮੇਰੇ ਘਰ ਆ ਜਾਵੇ (ਤਾਂ ਮੈਂ) ਉਸਦੇ ਪੈਰ ਧੋਵਾਂ (ਤੇ) ਮਨ ਕਰਕੇ ਤਨ ਕਰਕੇ ਸਦਾ (ਉਸ ਨੂੰ) ਪਿਆਰ ਕਰਾਂਗਾ, (ਕਿਉਂਕਿ ਉਸ ਤੋਂ) ਨਾਮ ਸੁਣਿਆਂ, ਨਾਮ ਕੱਠਾ ਕਰ ਲਈਦਾ ਹੈ, (ਉਸ ਤੋਂ ਫੇਰ ਮੈਂ) ਨਾਮ ਵਿਚ ਲਿਵ ਲਾ ਲਵਾਂਗਾ। (ਉਸ ਨਾਲ ਮਿਲਕੇ ਮੈਂ) ਹਰੀ ਦੇ ਗੁਣ ਗਾਵਾਂਗਾ (ਜਿਸ ਕਰਕੇ ਮੇਰਾ) ਘਰ ਤੇ ਧਨ ਸਭ ਪਵਿਤ੍ਰ ਹੋ ਜਾਏਗਾ। ਹੇ ਨਾਨਕ ! ਹਰੀ ਨਾਮ ਦਾ ਵਪਾਰੀ (ਸੰਤ) ਵੱਡੇ ਭਾਗਾਂ ਨਾਲ (ਮੈਂ) ਪਾਉਂਦਾ ਹਾਂ (ਭਾਵ ਪ੍ਰਾਪਤ ਹੁੰਦਾ ਹੈ) ॥ ੨ ॥

(ਹੇ ਵਾਹਿਗੁਰੂ !) ਜੋ ਤੈਨੂੰ ਭਾਉਂਦਾ ਹੈ ਸੋ ਭਲਾ ਹੈ, ਤੇ ਭਾਣਾ ਤੇਰਾ ਸੱਤਯ ਹੈ, (ਭਾਵ ਅਟੱਲ ਹੈ)। ਤੂੰ ਇਕੋ ਹੀ ਸਭਨਾਂ ਵਿਚ ਵਰਤ ਰਿਹਾ ਹੈਂ; (ਤੂੰ ਇਕ ਸਮਾਨ) ਸਾਰਿਆਂ ਵਿਚ ਸਮਾ ਰਿਹਾ ਹੈਂ। ਥਾਂਵਾਂ ਤੇ ਥਾਂਵਾਂ ਵਿਚਾਲੇ ਵਯਾਪਕ ਹੋ ਰਿਹਾ ਹੈਂ, (ਤੂੰਹੇਂ) ਜੀਵਾਂ ਦੇ ਅੰਦਰ ਪ੍ਰਤੀਤ ਹੋ ਰਿਹਾ ਹੈਂ। ਸਾਧ ਦੇ ਸੰਗ ਵਿਚ ਮਿਲਕੇ (ਉਸ ਨੂੰ) ਪਾ ਲਈਦਾ ਹੈ, ਸੱਚੇ ਦਾ ਭਾਣਾ ਮੰਨਕੇ। (ਇਸ ਲਈ ਫੁਰਮਾਉਂਦੇ ਹਨ ਗੁਰੂ) ਨਾਨਕ (ਦੇਵ ਜੀ) ਪ੍ਰਭੂ ਦੀ ਸ਼ਰਣ (ਪੈ ਜਾਓ ਤੇ) ਸਦਾ ਸਦਾ ਸਦਕੇ ਹੁੰਦੇ ਰਹੋ ॥ ੧ ॥

**ਵਯਾਖਯਾ**—ਪਉੜੀ ਵਿਚ ਸਨਮੁਖ ਉਸਤੁਤੀ ਦੇ ਰੂਪ ਵਿਚ ਗੁਣ ਗਾਏ ਹਨ ਵਾਹਿਗੁਰੂ ਜੀ ਦੇ। ਵਾਹਿਗੁਰੂ ਨੂੰ ਸਾਰੇ ਵਯਾਪਕ ਦੱਸਿਆ ਹੈ ਪਰ ਵਯਾਪਕ ਹੋ ਮਿਲਦਾ ਨਹੀਂ? ਇਸ ਸ਼ੰਕਾ ਦਾ ਉੱਤਰ ਦਿੱਤਾ ਹੈ ਕਿ ਸਾਧ ਸੰਗ ਵਿਚ ਮਿਲਕੇ ਪਾਈਦਾ ਹੈ। ਓਹ ਨਾਮ ਜਪ, ਲਿਵ ਤੇ ਭਾਣਾ ਮੰਨਣ ਦੀ ਜਾਚ ਦੱਸਦੇ ਹਨ, ਜਿਸ ਨਾਲ ਉਸ ਦੀ ਲੱਖਤਾ ਹੋ ਆਉਂਦੀ ਹੈ। ਇਸ ਲਈ ਉਪਦੇਸ਼ ਦੇਂਦੇ ਹਨ ਕਿ ਉਸ ਦੀ ਸ਼ਰਣ ਲਓ। ਇਸ ਪਰ ਪਹਿਲਾ ਸਲੋਕ ਹੈ, ਜਿਸ ਵਿਚ ਨਾਮ ਦੀ ਉਸਤੁਤਿ ਕਰਦੇ ਸਤਿਸੰਗ ਦਾ ਉਪਦੇਸ਼ ਦੇਂਦੇ ਹਨ, ਤੇ ਦੂਜੇ ਸਲੋਕ ਵਿਚ ਐਸੇ ਸੰਤ ਦੇ ਦਰਸ਼ਨ ਤੇ ਸੇਵਾ ਦਾ ਲਾਭ ਦੱਸਦੇ ਹਨ ਕਿ ਉਸ ਦੇ ਦਰਸ਼ਨ ਦਣ ਨਾਲ ਹਰੀ ਦੇ ਗੁਣ ਗਾਇਨ ਤੇ ਨਾਮ ਦਾ ਸਿਮਰਨ ਤੇ ਲਿਵ ਪ੍ਰਾਪਤ ਹੁੰਦੀ ਹੈ। ਇਸ ਪ੍ਰਾਪਤੀ ਨਾਲ ਭਵ ਸਾਗਰ ਤਰ ਜਾਈਦਾ ਹੈ।

**ਨਿਰੁਕ੍ਤ**—ਨਿਰਬਾਣੁ—(ਵੇਖੋ ਪੰਨਾ ੧੨੫੪) ਨਿਰਲੇਪ (ਪ੍ਰਭੂ)।

ਪੁਰਖੁ ਸੁਜਾਣੁ—(ਵੇਖੋ 'ਸੁਜਾਨ' ਪੰਨਾ ੧੭੩੬) ਪੂਰੀ ਤਰ੍ਹਾਂ ਜਾਣਨ ਵਾਲਾ ਪੁਰਖ, ਮੁਰਾਦ ਗੁਰੂ ਤੋਂ ਹੈ।

ਤਾਣੁ—ਬਲ।

ਭਲਕੇ ਸਵੇਰੇ।

ਪਖਾਲਾ [ਸੰਸ:, ਪ੍ਰਕ੍ਸ਼ਾਲਨੰ=ਧੋਣਾ, ਸਾਫ ਕਰਨਾ, ਪ੍ਰਾ: ਪੰ:, ਪਖਾਲ=ਧੋਣਾ, ਸਾਫ਼ ਕਰਨਾ] ਧੋਵਾਂ, ਸਾਫ ਕਰਾਂ।

ਭਾਵਉ—ਮੇਰੇ ਮਨ ਨੂੰ ਭਾਵੇਗਾ, ਮੈਨੂੰ ਭਾਉਂਦਾ ਰਹੇਗਾ, ਭਾਵ ਹੈ, ਮੈਂ ਉਸਨੂੰ ਪਯਾਰ ਕਰਾਂਗਾ।

ਸੰਗ੍ਰਹੈ—[ਸੰਸ:, ਸੰਗ੍ਰਹਣੰ=ਕੱਠਾ ਕਰਨਾ, ਇਕੱਤ੍ਰ ਕਰਨਾ] ਕੱਠਾ ਕਰ ਲਈਦਾ ਹੈ। ਕੱਠਾ ਹੁੰਦਾ ਹੈ।

ਥਨੰਤਰਿ—(ਵੇਖੋ ਪੰਨਾ ੧੬੯੧) ਥਾਂਵਾਂ ਦੇ ਅੰਤਰ ਗਤਿ। ਥਾਂਵਾਂ ਦੇ ਵਿਚਾਲੇ।

ਜਾਣਾ—ਜਾਣੀਦਾ ਹੈ, ਜਾਣ ਲਵਾਂ, ਭਾਵ ਹੈ ਜਾਣਿਆ ਜਾਂਦਾ ਹੈ, ਯਾ ਪ੍ਰਤੀਤ ਹੁੰਦਾ ਹੈ।

## [ਪਉੜੀ ਦੂਜੀ]

| ਮੂਲ | ਅਰਥ |
| --- | --- |
| ਸਲੋਕ ਮਃ ੫ ॥ ਚੇਤਾਈ ਤਾਂ ਚੇਤਿ ਸਾਹਿਬੁ ਸਚਾ ਸੋ ਧਣੀ॥ ਨਾਨਕ ਸਤਿਗੁਰੁ ਸੇਵਿ ਚੜਿ ਬੋਹਿਥਿ ਭਉਜਲੁ ਪਾਰਿ ਪਉ॥੧॥ | (ਹੇ ਜੀਵ! ਜੇ ਤੈਨੂੰ) ਅਕਲ ਹੈ ਤਾਂ ਉਸ ਸੱਚੇ ਮਾਲਕ ਤੇ ਸੁਆਮੀ ਨੂੰ ਯਾਦ ਕਰ। ਹੇ ਨਾਨਕ ! ਸਤਿਗੁਰੂ ਨੂੰ ਸੇਵ, (ਹਾਂ ਸਤਿਗੁਰ ਰੂਪੀ) ਜਹਾਜ਼ ਤੇ ਚੜ੍ਹਕੇ (ਭਵ) ਸਾਗਰ ਤੋਂ ਪਾਰ ਹੋ ਜਾਹ ॥ ੧ ॥ |
| ਮਃ ੫ ॥ ਵਾਉ ਸੰਦੇ ਕਪੜੇ ਪਹਿਰਹਿ ਗਰਬਿ ਗਵਾਰ ॥ ਨਾਨਕ ਨਾਲਿ ਨ ਚਲਨੀ ਜਲਿ ਬਲਿ ਹੋਏ ਛਾਰੁ ॥ ੨ ॥ | ਮੂਰਖ ਤੇ ਹੰਕਾਰੀ (ਮਾਨੁਖ) ਹਵਾ ਦੇ ਕੱਪੜੇ ਪਹਿਨਦਾ ਹੈ। ਹੇ ਨਾਨਕ ! (ਓਹ) ਨਾਲ ਨਹੀਂ ਜਾਂਦੇ (ਪਰ) ਸੜ ਬਲਕੇ ਸੁਆਹ ਹੋ ਜਾਂਦੇ ਹਨ ॥ ੨ ॥ |
| ਪਉੜੀ ॥ ਸੇਈ ਉਬਰੇ ਜਗੈ ਵਿਚਿ ਜੋ ਸਚੈ ਰਖੇ ॥ ਮੁਹਿ ਡਿਠੈ ਤਿਨਕੈ ਜੀਵੀਐ ਹਰਿ ਅੰਮ੍ਰਿਤੁ ਚਖੇ ॥ ਕਾਮੁ ਕ੍ਰੋਧੁ ਲੋਭੁ ਮੋਹੁ ਸੰਗਿ ਸਾਧਾ ਭਖੇ॥ ਕਰਿ ਕਿਰਪਾ ਪ੍ਰਭਿ ਆਪਣੀ ਹਰਿ ਆਪਿ ਪਰਖੇ ॥ ਨਾਨਕ ਚਲਤ ਨ ਜਾਪਨੀ ਕੋ ਸਕੈ ਨ ਲਖੇ ॥ ੨ ॥ | ਸੰਸਾਰ ਵਿਚ ਓਹੀ ਬਚੇ ਹਨ, ਜੋ ਸੱਚੇ (ਵਾਹਿਗੁਰੂ) ਨੇ (ਆਪ ਬਚਾਏ ਹਨ। ਉਨ੍ਹਾਂ ਦੇ ਮੂੰਹ ਵੇਖ ਵੇਖ ਜੀਵੀਦਾ ਹੈ ਜੋ ਹਰੀ (ਨਾਮ ਰੂਪੀ) ਅੰਮ੍ਰਿਤ ਨੂੰ ਛਕਦੇ ਹਨ । (ਐਸੇ) ਸਾਧੂਆਂ ਦੇ ਸੰਗ ਵਿਚ ਕਾਮ ਕ੍ਰੋਧ ਲੋਭ ਮੋਹ ਦੂਰ ਹੋ ਜਾਂਦੇ ਹਨ ।(ਐਸਿਆਂ ਨੂੰ) ਹਰੀ ਪ੍ਰਭੂ ਆਪਣੀ ਕਿਰਪਾ ਕਰਕੇ ਆਪੇ ਪਰਖ ਲੈਂਦਾ ਹੈ। ਹੇ ਨਾਨਕ! (ਉਸਦੇ)ਚੋਜਾਂ ਦਾ ਪਤਾ ਨਹੀਂ ਲਗਦਾ, ਕੋਈ ਪਛਾਣ ਨਹੀਂ ਕਰ ਸਕਦਾ ॥ ੨ ॥ |

**ਵ੍ਯਾਖ੍ਯਾ**–ਪਉੜੀ ਵਿਚ ਨਾਮ ਅੰਮ੍ਰਿਤ ਪੀਣ ਵਾਲੇ ਹਰੀ ਜਨਾਂ ਦਾ ਭਵ ਸਾਗਰ ਤੋਂ ਉਧਾਰ ਹੋਣਾ ਦੱਸਿਆ ਹੈ। ਉਨ੍ਹਾਂ ਨੂੰ ਆਪ ਰਖਦਾ ਹੈ ਤੇ ਸਿਰੇ ਚੜ੍ਹਿਆਂ ਨੂੰ ਪਰਖਕੇ ਚੁਣ ਲੈਂਦਾ ਹੈ। ਪਰ ਕੀਕੂੰ ਕਰਦਾ ਹੈ ? ਉਸ ਦੇ ਇਨ੍ਹਾਂ ਚੋਜਾਂ ਨੂੰ ਓਹ ਆਪ ਹੀ ਜਾਣਦਾ ਹੈ। ਦੋਹਾਂ ਸਲੋਕਾਂ ਵਿਚ ਦੋ ਉਪਦੇਸ਼ ਹਨ ਕਿ ਸਤਿਗੁਰੂ ਦੀ ਸ਼ਰਣ ਲੇ ਤੇ ਸਾਈਂ ਨੂੰ ਚੇਤ । ਦੂਜੇ ਵਿਚ ਉਪਦੇਸ਼ ਹੈ ਕਿ ਨਾਸ਼ਮਾਨ ਦਾ ਗਰਬ ਕਾਸਨੂੰ ਕਰਦਾ ਹੈਂ,ਏਹ ਤਾਂ ਏਥੇ ਹੀ ਰਹਿ ਜਾਣੇ ਹਨ,ਅਗੇ ਨਾਲ ਨਹੀਂ ਜਾਣੇ।

**ਨਿਰੁਕ੍ਤ**–ਚੇਤਾਈ–ਜੇ ਤੈਨੂੰ ਚੇਤਨਤਾ ਭਾਵ ਬੁਧੀ ਯਾ ਅਕਲ ਹੈ। (ਅ) ਇਸ ਨੂੰ ਐਉਂ ਬੀ ਲਾਉਂਦੇ ਹਨ ਕਿ ਤੂੰ ਸਾਈਂ ਨਾਲ ਇਕਰਾਰ ਕਰਕੇ ਆਇਆ ਸੈਂ ਕਿ ਨਾਮ ਜਪਸਾਂ । ਉਹ ਚੇਤਾ ਹਈ ? ਚੇਤਾਈ ਤਾਂ ਚੇਤਿ=ਤਾਂ (ਅਸਾਂ ਇਹ ਗੱਲ ਤੈਨੂੰ) ਯਾਦ ਕਰਾਈ ਕਿ (ਹੁਣ ਵੇਲਾ ਹਈ) ਚੇਤ ਲੈ; ਸਿਮਰ ਲੇ।

ਵਾਉ ਸੰਦੇ ਕਪੜੇ–[ਵਾਉ=ਵਾ, ਹਵਾ। ਸੰਦੇ=ਦੇ] ਹਵਾ ਦੇ ਕਪੜੇ। ਨਾਸ਼ਮਾਨ ਸਰੀਰ। ਜੋ ਹਵਾ ਦੀ ਫੂਕ ਨਾਲ ਚਲਦਾ ਤੇ ਹਵਾ ਨਿਕਲਣ ਨਾਲ ਮਰ ਜਾਂਦਾ ਹੈ । (ਅ) ਨਾਸ਼ਮਾਨ ਪਦਾਰਥ। (ੲ) ਹਵਾ ਪਦ ਹੰਕਾਰ ਵਾਸਤੇ ਬੀ ਵਰਤਦੇ ਹਨ। ਹਵਾ ਦੇ ਕਪੜੇ=ਹਉਂ ਤੋਂ ਬਣੇ ਸਰੀਰ। (ਸ) ਹਵਾ ਵਰਗੇ ਬ੍ਰੀਕ ਕਪੜੇ।

ਭਖੇ–[ਸੰਸਃ, ਧਾਤੂ–ਭਕ੍ਸ਼੍=ਖਾਣਾ, ਭੱਖਛਣ ਕਰਨਾ। ਖਰਾਬ ਕਰਨਾ, ਨਾਸ਼ ਕਰਨਾ]

ਖਾਧੇ ਭਾਵ ਦੂਰ ਕੀਤੇ ।

ਪਰਖੈ–ਪਰਖ ਲਵੇ, ਪਰਖ ਲੈਂਦਾ ਹੈ। ਭਾਵ ਹੈ ਕਿ ਫਿਕਰ ਨਹੀਂ. ਉਹ ਸ਼ੁੱਧ ਹੋਇਆਂ ਨੂੰ ਆਪੇ ਪਰਖ ਕੇ (ਚੁਣ ਲੈਂਦਾ ਹੈ) ।

[ਪਉੜੀ ਤੀਜੀ]

| ਮੂਲ | ਅਰਥ |
|---|---|
| ਸਲੋਕ ਮਃ ੫ ॥ ਨਾਨਕ ਸੋਈ ਦਿਨਸੁ ਸੁਹਾਵੜਾ ਜਿਤੁ ਪ੍ਰਭੁ ਆਵੈ ਚਿਤਿ ॥ ਜਿਤੁ ਦਿਨਿ ਵਿਸਰੈ ਪਾਰਬ੍ਰਹਮੁ ਫਿਟੁ ਭਲੇਰੀ ਰੁਤਿ॥੧॥ | ਹੇ ਨਾਨਕ ! ਉਹੋ ਦਿਨ ਸੁਹਾਵਣਾ ਹੈ ਜਿਸ ਦਿਨ ਪ੍ਰਭੂ ਚਿੱਤ ਆਵੇ। ਜਿਸ ਦਿਨ ਪਾਰਬ੍ਰਹਮ ਵਿਸਰ ਜਾਵੇ (ਉਸ) ਭੈੜੀ ਰੁਤ ਨੂੰ ਫਿਟਕਾਰ ਹੈ ॥ ੧ ॥ |
| ਮਃ ੫ ॥ ਨਾਨਕ ਮਿਤ੍ਰਾਈ ਤਿਸੁ ਸਿਉ ਸਭ ਕਿਛੁ ਜਿਸ ਕੈ ਹਾਥਿ ॥ ਕੁਮਿਤ੍ਰਾ ਸੇਈ ਕਾਂਢੀਅਹਿ ਇਕ ਵਿਖ ਨ ਚਲਹਿ ਸਾਥਿ ॥ ੨ ॥ | ਹੇ ਨਾਨਕ ! ਦੋਸਤੀ ਉਸ ਨਾਲ (ਪਾਓ) ਜਿਸ ਦੇ ਹੱਥ ਵਿਚ ਸਭ ਕੁਛ ਹੈ। (ਪਰ) ਓਹ ਖੋਟੇ ਮਿਤ੍ਰ ਕਹਿਣੇ ਚਾਹੀਏ (ਜੋ ਚਲਦਿਆਂ ਦੇ) ਨਾਲ ਇਕ ਕਦਮ ਬੀ ਨਹੀਂ ਚੱਲ ਸਕਦੇ ॥ ੨ ॥ |
| ਪਉੜੀ ॥ ਅੰਮ੍ਰਿਤੁ ਨਾਮੁ ਨਿਧਾਨੁ ਹੈ ਮਿਲਿ ਪੀਵਹੁ ਭਾਈ ॥ ਜਿਸੁ ਸਿਮਰਤ ਸੁਖੁ ਪਾਈਐ ਸਭ ਤਿਖਾ ਬੁਝਾਈ ॥ ਕਰਿ ਸੇਵਾ ਪਾਰਬ੍ਰਹਮ ਗੁਰ ਭੁਖ ਰਹੈ ਨ ਕਾਈ ॥ ਸਗਲ ਮਨੋਰਥ ਪੁੰਨਿਆ ਅਮਰਾਪਦੁ ਪਾਈ ॥ ਤੁਧੁ ਜੇਵਡੁ ਤੂ ਹੈ ਪਾਰਬ੍ਰਹਮ ਨਾਨਕ ਸਰਣਾਈ ॥ ੩ ॥ | (ਹਰੀ ਦਾ) ਨਾਮ ਅੰਮ੍ਰਿਤ ਹੈ (ਤੇ ਇਕ) ਅਮੁੱਕ ਕੋਸ਼ ਹੈ, ਹੇ ਭਾਈ ! (ਆਓ ਰਲ) ਮਿਲਕੇ (ਇਸ ਤੋਂ) ਪੀਓ। ਹਾਂ, ਇਸ (ਨਾਮ) ਨੂੰ ਸਿਮਰਦਿਆਂ ਸੁਖ ਪਾਈਦਾ ਹੈ ਤੇ (ਤ੍ਰਿਸ਼ਨਾ ਰੂਪੀ) ਤ੍ਰੇਹ (ਸਾਰੀ) ਬੁਝ ਜਾਂਦੀ ਹੈ। (ਹਾਂ ਸਿਮਰਣ ਸਹਾਯਤਾ ਲਈ) ਸੇਵਾ ਕਰ ਪਾਰਬ੍ਰਹਮ ਰੂਪ ਗੁਰੂ ਦੀ (ਫੇਰ) ਕੋਈ (ਬੀ) ਭੁੱਖ ਬਾਕੀ ਨਾ ਰਹੇਗੀ। (ਜਿਸ ਨਾਲ) ਸਾਰੇ ਮਨੋਰਥ ਪੂਰੇ ਹੋ ਜਾਂਦੇ ਹਨ (ਤੇ ਉਹ ਥਾਂ) ਪਾ ਲਈਦਾ ਹੈ ਜਿਥੋਂ ਫੇਰ ਮਰਨਾ ਨਹੀਂ ਹੁੰਦਾ । ਹੇ ਪਾਰਬ੍ਰਹਮ ! ਤੇਰੇ ਜੇਡਾ ਤੂੰਹੋਂ ਹੀ ਹੈਂ, ਨਾਨਕ (ਤੇਰੀ) ਸਰਣ ਵਿਚ ਆਇਆ ਹੈ ॥ ੩ ॥ |

**ਵ੍ਯਾਖ੍ਯਾ**–ਪਉੜੀ ਵਿਚ ਵਾਹਿਗੁਰੂ ਜੀ ਦੀ ਸ਼ਰਣ ਲਈ ਹੈ ਤੇ ਉਸ ਦੇ ਨਾਮ ਸਿਮਰਣ ਦਾ ਉਪਦੇਸ਼ ਦਿੱਤਾ ਹੈ। ਪਹਿਲੇ ਸਲੋਕ ਵਿਚ ਸਿਮਰਣ ਵਾਲੇ ਦਿਨ ਨੂੰ ਸੁਹਾਵਣਾ ਕਿਹਾ ਹੈ ਤੇ ਵਿਸਾਰੇ ਵਾਲੇ ਨੂੰ ਫਿਟਕਾਰਿਆ ਹੈ। ਉਪਦੇਸ਼ ਇਹ ਹੈ ਕਿ ਨਾਮ ਸਿਮਰੋ ਜੋ ਹਰ ਦਿਨ ਅੰਦਰ ਦੀ ਸੁੰਦਰਤਾ ਦੇ ਅਹਿਸਾਸ ਵਿਚ ਬੀਤੇ। ਦੂਸਰੇ ਸਲੋਕ ਵਿਚ ਨਾਮ ਸਿਮਰਣ ਵਿਚ ਵਿਘਨਕਾਰੀ ਹੋਣ ਵਾਲਿਆਂ ਦਾ ਜ਼ਿਕਰ ਹੈ ਕਿ ਓਹ ਕਹਾਉਂਦੇ ਤਾਂ ਮਿਤ੍ਰ ਹਨ, ਪਰ ਸਾਈਂ ਸਿਮਰਣ ਵਲੋਂ ਸੁਰਤ ਨੂੰ ਕੱਢਕੇ ਆਪਣੇ ਵਲ ਪਾਉਂਦੇ ਹਨ; ਪਰ ਜਦ ਚੱਲਣ ਦਾ ਸਮਾਂ ਆਉਂਦਾ ਹੈ ਤਾਂ ਇਕ ਕਦਮ ਬੀ ਨਾਲ ਨਹੀਂ ਚੱਲ ਸਕਦੇ ਤੇ ਕਿਵੇਂ ਬੀ ਸਹਾਈ ਨਹੀਂ ਹੋ ਸਕਦੇ। ਭਾਵ ਇਹ ਹੈ ਕਿ ਇਨ੍ਹਾਂ ਥੋੜੇ ਕਾਲ ਦੇ ਮਿਤ੍ਰਾਂ ਨਾਲੋਂ ਸਦੀਵੀ ਤੇ ਸਰਬ ਸਮਰੱਥ ਨਾਲ ਮਿਤ੍ਰਾਈ ਪਾਓ, ਜੋ ਸਿਮਰਣ ਨਾਲ ਪੈਂਦੀ ਹੈ।

**ਨਿਰੁਕ੍ਤ**–ਸੁਹਾਵੜਾ–ਸੁਹਾਵਣਾ। ਮਨ ਭਾਉਣਾ ਲਗਣ ਵਾਲਾ, ਖੁਸ਼ਗਵਾਰ।

ਭਲੇਰੀ–ਮੰਦੀ, ਭੈੜੀ (ਦੇਖੋ ਪੰਨਾ ੧੯੧੯)।

ਰੁਤਿ–[ਸੰਸ:, ਰਿਤੁ=ਮੌਸਮ, ਬਹਾਰ] ਬਹਾਰ, ਰੁੱਤ।

ਕੁਮਿਤ੍ਰਾ-[ਕੁ+ਮਿਤ੍ਰ=] ਖੋਟੇ ਮਿਤ੍ਰ।
ਕਾਂਢੀਅਹਿ-ਕਹੀਦੇ, ਗਿਣੀਦੇ । ਕਹੇ ਜਾਂਦੇ ।
ਵਿਖ-[ਸਿੰਧੀ] ਕਦਮ, ਪੈਰ ।
ਪੂੰਨਿਆ-[ਸੰਸ:, ਪੂਰਣੰ=ਕਿਸੇ ਕੰਮ ਨੂੰ ਪੂਰਾ ਕਰਨਾ] ਸੰਪੂਰਨ ਹੋਏ। ਪੂਰੇ ਹੋਏ। ਪੁੱਜੇ।
ਅਮਰਾ ਪਦੁ-[ਸੰਸ:, ਅਮਰ+ਪਦੰ] ਨਾ ਮਰਨੇ ਦੀ ਪਦਵੀ। ਉਹ ਟਿਕਾਣਾ ਯਾ ਅਵਸਥਾ ਜਿਥੇ ਜਾਕੇ ਜਨਮ ਮਰਨ ਰਹਿਤ ਹੋਕੇ ਅਮਰ ਹੋ ਜਾਈਦਾ ਹੈ।

## [ਪਉੜੀ ਚੌਥੀ]

| ਮੂਲ | ਅਰਥ |
|---|---|
| ਸਲੋਕ ਮਃ ੫ ॥ ਡਿਠੜੇ ਹਭ ਠਾਇ ਊਣ ਨ ਕਾਈ ਜਾਇ ॥ ਨਾਨਕ ਲਧਾ ਤਿਨ੍ ਸੁਆਉ ਜਿਨ੍ਹਾ ਸਤਿਗੁਰੁ ਭੇਟਿਆ ॥ ੧ ॥ | ਹੇ ਨਾਨਕ! ਦੇਖੀਆਂ ਹਨ ਸਾਰੀਆਂ ਥਾਵਾਂ ਕੋਈ ਥਾਂ (ਉਸ ਪਾਰਬ੍ਰਹਮ ਤੋਂ) ਖਾਲੀ ਨਹੀਂ। [ਪ੍ਰਸ਼ਨ: ਫੇਰ ਸਭ ਕਿਸੇ ਨੂੰ ਮੇਲ ਦਾ ਸੁਆਦ ਕਿਉਂ ਨਹੀਂ? ਉੱਤਰ:] (ਪਰ ਉਸ ਦੇ) ਲੱਭ ਪੈਣ ਦਾ ਸੁਆਦ ਉਨ੍ਹਾਂ ਨੂੰ ਲੱਭਦਾ ਹੈ ਜਿਨ੍ਹਾਂ ਨੂੰ ਸਤਿਗੁਰੂ ਮਿਲਿਆ ਹੈ (ਭਾਵ ਵਰਤਾਪਕ ਨੂੰ ਲਖਣ ਦੀ ਜਾਚ ਉਹ ਦੱਸਦਾ ਹੈ) ॥ ੧ ॥ |
| ਮਃ ੫ ॥ ਦਾਮਨੀ ਚਮਤਕਾਰ ਤਿਉ ਵਰਤਾਰਾ ਜਗ ਖੇ ॥ ਵਥੁ ਸੁਹਾਵੀ ਸਾਇ ਨਾਨਕ ਨਾਉ ਜਪੰਦੋ ਤਿਸੁ ਧਣੀ ॥ ੨ ॥ | (ਜੇ ਦੁਨੀਆਂ ਨੂੰ ਨਿਸ਼ਾਨਾ ਬਨਾਓ ਪ੍ਰਾਪਤੀ ਦਾ ਤਾਂ ਬਿਰਥਾ ਹੈ ਕਿਉਂਕਿ) ਦੁਨੀਆਂ ਦਾ ਵਰਤਾਰਾ ਬਿਜਲੀ ਦੇ ਚਮਤਕਾਰ ਵਾਂਙੂ (ਖਿਨ ਭੰਗਰ) ਹੈ; (ਪਰ) ਹੇ ਨਾਨਕ! ਉਸ ਮਾਲਕ ਦਾ ਨਾਮ ਜਪਣਾ ਇਹੋ ਸੁਹਾਵੀ ਤੇ ਸਦਾ ਰਹਣੇ ਵਾਲੀ ਵਸਤੂ ਹੈ ॥ ੨ ॥ |
| ਪਉੜੀ ॥ ਸਿਮ੍ਰਿਤਿ ਸਾਸਤ੍ਰ ਸੋਧਿ ਸਭਿ ਕਿਨੈ ਕੀਮ ਨ ਜਾਣੀ ॥ ਜੋ ਜਨੁ ਭੇਟੈ ਸਾਧ ਸੰਗਿ ਸੋ ਹਰਿ ਰੰਗੁ ਮਾਣੀ ॥ ਸਚੁ ਨਾਮੁ ਕਰਤਾ ਪੁਰਖੁ ਏਹ ਰਤਨਾ ਖਾਣੀ ॥ ਮਸਤਕਿ ਹੋਵੈ ਲਿਖਿਆ ਹਰਿ ਸਿਮਰਿ ਪਰਾਣੀ ॥ ਤੋਸਾ ਦਿਚੈ ਸਚੁ ਨਾਮੁ ਨਾਨਕ ਮਿਹਮਾਣੀ ॥ ੪ ॥ | ਸਿਮ੍ਰਤੀਆਂ ਤੇ ਸ਼ਾਸਤ੍ਰ ਸਾਰੇ ਘੋਖ ਘੋਖ ਕੇ ਕਿਸੇ ਨੇ (ਬੇਅੰਤ ਦੀ) ਕੀਮਤ ਨਹੀਂ ਪਾਈ (ਭਾਵ ਉਸ ਨੂੰ ਜਾਚ ਜੋਖ ਕੇ ਦ੍ਰਿਸ਼ਟਮਾਨ ਪਦਾਰਥਾਂ ਵਾਂਙੂ ਉਸ ਨੂੰ ਜਾਣ ਨਹੀਂ ਲਿਆ)। (ਪ੍ਰੰਤੂ) ਜੋ ਪੁਰਖ ਸਾਧੂ ਦੇ ਸੰਗ ਵਿਚ ਮਿਲ ਪੈਂਦਾ ਹੈ ਉਹ ਵਾਹਿਗੁਰੂ ਦੇ ਆਨੰਦ ਨੂੰ ਮਾਣ ਲੈਂਦਾ ਹੈ। 'ਸਚੁ ਨਾਮੁ ਕਰਤਾ ਪੁਰਖੁ' ਏਹ ਰਤਨਾਂ ਦੀ ਖਾਣ (ਜਿਸ) ਮਾਨੁਖ ਦੇ ਮੱਥੇ ਤੇ ਲਿਖਿਆ ਹੋਵੇਗਾ (ਉਹ) ਹਰੀ ਨੂੰ ਸਿਮਰੇਗਾ। (ਹੇ ਪ੍ਰਾਣੀ! ਤੇਰਾ ਜੀਵ ਏਥੇ ਪ੍ਰਾਹੁਣਾ ਹੈ ਇਸ ਨੂੰ ਅਗਲੇ ਸਫਰ ਲਈ) ਤੋਸਾ ਦੇਹ ਸੱਚੇ ਨਾਮ ਦਾ (ਇਹ ਸੱਚੀ) ਪ੍ਰਾਹੁਣਚਾਰੀ ਹੋਵਗੀ (ਫੁਰਮਾਉਂਦੇ ਹਨ ਗੁਰੂ) ਨਾਨਕ ਦੇਵ ਜੀ ॥ ੪ ॥ |

**ਵਰਾਖਜਾ**-ਪਉੜੀ ਵਿਚ ਫੁਰਮਾਇਆ ਹੈ ਕਿ ਵਾਹਿਗੁਰੂ ਨੂੰ ਐਉਂ ਜਾਣਨ ਪਛਾਣਨ ਲਈ ਜਿਵੇਂ ਦ੍ਰਿਸ਼ਟਮਾਨ ਪਦਾਰਥ ਜਾਚ ਮਿਣਕੇ ਜਾਣ ਲਈਦੇ ਹਨ, ਸਿੰਮ੍ਰਤੀਆਂ ਸ਼ਾਸਤ੍ਰ ਘੋਖੇ ਪਰ ਕੀਮਤ ਨਾ ਪਾਈ ਜਾ ਸਕੀ। ਕਈ ਜਗਾ ਗੁਰੂ ਜੀ ਨੇ ਦੱਸਿਆ ਹੈ ਕਿ ਅਮਿਤ ਦੀ ਜਾਚ ਪੜਤਾਲ ਮਿਤ ਵਾਲੇ ਤੋਂ ਹੋ ਨਹੀਂ ਸਕਦੀ। ਇਸ ਦੇ ਟਾਕਰੇ ਤੇ ਦੱਸਦੇ ਹਨ ਕਿ ਜਿਨ੍ਹਾਂ ਨੇ ਸਾਧ ਸੰਗਿ ਕੀਤਾ

ਹੈ ਉਨ੍ਹਾਂ ਨੇ ਵਾਹਿਗੁਰੂ ਜੀ ਦੀ ਸ਼ਰਣ ਪ੍ਰਾਪਤੀ ਤੋਂ ਰਸ ਰੰਗ ਮਾਣ ਲਿਆ ਹੈ। ਜਿਵੇਂ ਸਮੁੰਦਰ ਦਾ ਅੰਤ ਲੈਣਾ ਹੋਰ ਗਲ ਹੈ ਪਰ ਸਮੁੰਦਰ ਦੇ ਕਿਨਾਰੇ ਪਹੁੰਚਕੇ ਉਸ ਦੇ ਦਰਸ਼ਨ, ਇਸ਼ਨਾਨ, ਠੰਢੀ ਹਵਾ ਦਾ ਸੁਆਦ ਜ਼ਰੂਰ ਪ੍ਰਾਪਤ ਹੋ ਜਾਂਦਾ ਹੈ। ਉਹ ਕੀਕੂੰ ?

ਜੇ ਭਾਗ ਹੋਣ ਤਾਂ ਉਸ ਹਰੀ ਦਾ ਸਿਮਰਨ ਕਰੋ। ਹਰੀ ਜਿਸ ਦਾ ਸਰੂਪ ਹੈ 'ਸਚੁ ਨਾਮੁ ਕਰਤਾ ਪੁਰਖੁ', ਉਹ ਰਤਨਾਂ ਦੀ ਖਾਣ ਹੈ। ਰਤਨਾਂ ਦੀ ਖਾਣ ਨਾਮ ਸਮੁੰਦਰ ਦਾ ਹੈ, ਭਾਵ ਉਸ ਵਿਚ ਸਭੋ ਕੁਛ ਹੈ। ਸੋ ਉਸ ਸਰਬ ਗੁਣ ਸਾਗਰ ਸਾਂਈਆਂ ਜੀ ਦਾ ਮਿਲਾਪ ਉਸ ਦੇ ਨਾਮ ਸਿਮਰਣ ਵਿਚ ਹੈ। ਕਈ ਸਜਣ 'ਸਚੁ ਨਾਮੁ ਕਰਤਾ ਪੁਰਖੁ' ਦਾ ਅਰਥ ਕਰਦੇ ਹਨ: 'ਕਰਤਾ ਪੁਰਖ' ਇਹ ਸਚਾ ਨਾਮ ਰਤਨਾਂ ਦੀ ਖਾਣ ਹੈ। ਕਈ ਐਉਂ ਕਰਦੇ ਹਨ ਕਿ ਸਚੁ ਨਾਮੁ ਕਰਤਾ ਪੁਰਖ ਉਪਲਖਤ ਗੁਰੂ ਗ੍ਰੰਥ ਸਾਹਿਬ ਜੀ ਦਾ ਮੂਲ ਮੰਤ੍ਰ ਯਾ ਜੋ ਗੁਰੂ ਕੀ ਬਾਣੀ ਹੈ, ਉਹ ਰਤਨਾਂ ਦੀ ਖਾਣ ਹੈ।

ਅਖੀਰਲੀ ਤੁਕ ਵਿਚ ਹਰੀ ਨਾਮ ਲਈ ਅਰਦਾਸ ਹੈ। ਇਹ ਇਕ ਦ੍ਰਿਸ਼ਟਾਂਤ ਵਿਚ ਰੂਪ ਬੱਧਾ ਹੈ ਕਿ ਮਾਨੁਖ ਯਾ ਪ੍ਰਾਣੀ ਇਕ ਪ੍ਰਾਹੁਣਚਾਰੀ ਕਰਨ ਵਾਲਾ ਹੈ ਤੇ ਜੀਵ ਪ੍ਰਾਹੁਣਾ ਹੈ, ਉਹ ਜੀਵ ਕਹਿੰਦਾ ਹੈ ਕਿ ਮੈਂ ਇਥੋਂ ਟੁਰਨਾ ਹੈ;ਏਥੇ ਤਾਂ ਮੇਰੇ ਸੁਖ ਦੇ ਉਪਰਾਲੇ ਕੀਤੇ ਅੱਗੇ ਮੇਰੇ ਸਫਰ ਲਈ ਮੈਨੂੰ ਤੋਸ਼ਾ ਦੇਹ, ਜੋ ਮੇਰੇ ਕੰਮ ਅੱਗੇ ਆਵੇ। 'ਤੋਸ਼ਹ' ਫਾਰਸੀ ਲਫ਼ਜ਼ ਹੈ, ਮੁਸਾਫਰੀ ਵਿਚ ਜੋ ਨਾਲ ਲੈ ਚੱਲੀਏ ਉਹ ਤੋਸ਼ਹ ਕਹੀਦਾ ਹੈ।

ਇਸ ਤੁਕ ਦਾ ਅਰਥ ਵਾਹਿਗੁਰੂ ਜੀ ਵਲ ਬੀ ਲਗ ਜਾਂਦਾ ਹੈ ਕਿ ਹੇ ਵਾਹਿਗੁਰੂ! ਮੈਨੂੰ ਇਸ ਜਗਤ ਵਿਚ ਖਾਣ ਪਹਿਰਨ ਨੂੰ ਤੂੰ ਸਭੋ ਕੁਛ ਦਿਤਾ ਹੈ, ਪਰ ਇਹ ਥਾਂ ਸਦਾ ਰਹਿਣੇ ਦੀ ਨਹੀਂ। ਮੈਂ ਇਥੇ ਮਿਹਮਾਨ ਹਾਂ। ਮੈਨੂੰ ਏਥੇ ਅਗਲੇ ਸਫਰ ਲਈ ਤੋਸ਼ਾ ਬੀ ਦੇਹ। ਤੇਰੀ ਮਿਹਮਾਣੀ ਅਰਥਾਤ ਮਿਹਮਾਨ ਨਿਵਾਜ਼ੀ ਤਾਂ ਹੀ ਸਫਲ ਹੈ ਜੇ ਸੱਚੇ ਨਾਮ ਦਾ ਤੋਸ਼ਾ ਬੀ ਮੈਨੂੰ ਦੇਂਦਾ ਰਹੇਂ।

**ਨਿਰੁਕ੍ਤ**—ਦਾਮਨੀ–[ਸੰਸ:, ਦਾਮਿਨੀ] ਬਿਜਲੀ। ਚਮਤਕਾਰ=ਲਿਸ਼ਕਾਰ।
ਖੇ–ਦਾ। ਵਥੁ–[ ਸੰਸ:, ਵਸ੍ਤੁ] ਕੋਈ ਸ਼ੈ ਜੋ ਅਸਲੀ ਤੇ ਰਹਿਣ ਵਾਲੀ ਹੋਵੇ।
ਸੋਧਿ–[ਸੰਸ:, ਸ਼ੋਧਨੰ=ਸਾਫ ਕਰਨਾ, ਦਰੁਸਤ ਕਰਨਾ] ਸੋਧਕੇ, ਚੰਗੀਤਰ੍ਹਾਂ ਵਿਚਾਰਕੇ।ਘੋਖਕੇ।
ਕੀਮ–(ਦੇਖੋ ਪੰਨਾ ੨੨੮) ਕੀਮਤ। ਵੇਰਵਾ ਵਯਾਖਯਾ ਵਿਚ ਆ ਚੁਕਾ ਹੈ।
ਤੋਸਾ–(ਦੇਖੋ ਪੰਨਾ ੧੯੬੫) ਵੇਰਵਾ ਵਯਾਖਯਾ ਵਿਚ ਆ ਚੁਕਾ ਹੈ।
ਮਿਹਮਾਣੀ–ਪ੍ਰਾਹੁਣਚਾਰੀ। ਤੁਕ ਦਾ ਵੇਰਵਾ ਵਯਾਖਯਾ ਵਿਚ ਆ ਚੁਕਾ ਹੈ।

[ਪਉੜੀ ਪੰਜਵੀਂ]

| ਮੂਲ | ਅਰਥ |
|---|---|
| ਸਲੋਕ ਮਃ ੫ ॥ ਅੰਤਰਿ ਚਿੰਤਾ ਨੈਣੀ ਸੁਖੀ ਮੂਲਿ ਨ ਉਤਰੈ ਭੁਖ॥ ਨਾਨਕ ਸਚੇ ਨਾਮ ਬਿਨੁ ਕਿਸੈ ਨ ਲਥੋ ਦੁਖੁ ॥ ੧ ॥ | ਅੰਦਰ (ਦਿਲ ਵਿਚ ਤਾਂ ਹੋਵੇ) ਚਿੰਤਾ ਤੇ ਦਿੱਸਣ ਨੂੰ ਲੱਗਣ ਸੁਖੀ, (ਉਨ੍ਹਾਂ ਦੀ) ਭੁਖ ਮੂਲੋਂ ਦੂਰ ਨਹੀਂ ਹੁੰਦੀ। ਹੇ ਨਾਨਕ! ਸੱਚੇ ਨਾਮ ਨੂੰ (ਧਾਰਨ ਕੀਤੇ) ਬਿਨਾ ਕਿਸੇ ਦਾ (ਚਿੰਤਾ ਰੂਪੀ) ਦੁੱਖ (ਕਦੇ) ਦੂਰ ਨਹੀਂ ਹੋਇਆ ॥ ੧ ॥ |
| ਮਃ ੫ ॥ ਮੁਠੜੇ ਸੇਈ ਸਾਥ ਜਿਨੀ ਸਚੁ ਨ ਲਦਿਆ॥ ਨਾਨਕ ਸੇ | ਓਹਨਾਂ ਦੇ (ਸੰਗਾਂ ਦੇ) ਸੰਗ ਲੁੱਟੇ ਗਏ ਜਿਨ੍ਹਾਂ ਨੇ (ਜੀਉਂਦੇ ਜੀ) ਸੱਚ (ਦਾ ਵੱਖਰ) ਨਹੀਂ ਸੀ ਲੱਦਿਆ। ਹੇ ਨਾਨਕ! |

| | |
|---|---|
| ਸਾਬਾਸਿ ਜਿਨੀ ਗੁਰ ਮਿਲਿ ਇਕੁ ਪਛਾਣਿਆ ॥ ੨ ॥ | ਉਨ੍ਹਾਂ ਨੂੰ ਸ਼ਾਬਾਸ਼ ਮਿਲੀ ਹੈ ਜੋ ਗੁਰੂ ਨੂੰ ਮਿਲ ਕੇ(ਜੀਉਂਦੇ ਜੀ) ਇਕ ਨੂੰ ਪਛਾਣ ਲੈਂਦੇ ਹਨ ॥ ੨ ॥ |
| ਪਉੜੀ ॥ ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ ॥ ਓਇ ਸੇਵਨਿ ਸੰਮ੍ਰਿਥੁ ਆਪਣਾ ਬਿਨਸੈ ਸਭੁ ਮੰਦਾ ॥ ਪਤਿਤ ਉਧਾਰਣ ਪਾਰ-ਬ੍ਰਹਮ ਸੰਤ ਬੇਦੁ ਕਹੰਦਾ ॥ ਭਗਤਿ ਵਛਲੁ ਤੇਰਾ ਬਿਰਦੁ ਹੈ ਜੁਗਿ ਜੁਗਿ ਵਰਤੰਦਾ ॥ ਨਾਨਕੁ ਜਾਚੈ ਏਕੁ ਨਾਮੁ ਮਨਿ ਤਨਿ ਭਾਵੰਦਾ ॥ ੫ ॥ | ਜਿਥੇ (ਐਸੇ) ਸਾਧੂ ਜਨ ਬੈਠਦੇ ਹਨ ਉਹ ਥਾਉਂ ਸ਼ੋਭਨੀਕ ਹੁੰਦਾ ਹੈ। ਓਹ ਆਪਣੇ ਸਮਰਥ (ਪ੍ਰਭੂ) ਨੂੰ ਸੇਂਵਦੇ ਹਨ (ਇਸ ਲਈ) ਉਨ੍ਹਾਂ ਦਾ ਸਾਰਾ ਬੁਰਾ ਦੂਰ ਹੋ ਜਾਂਦਾ ਹੈ। ਪਾਰਬ੍ਰਹਮ ਪਤਿਤਾਂ ਦਾ ਉਧਾਰ ਕਰਨ ਵਾਲਾ ਹੈ (ਇਹ ਗੱਲ ਕਿ ਪਾਰਬ੍ਰਹਮ ਪਤਿਤਾਂ ਦਾ ਉਧਾਰ ਕਰਨੇ ਵਾਲਾ ਹੈ) ਸ਼ੰਤ (ਬੀ ਕਹਿੰਦੇ ਹਨ ਤੇ)ਵੇਦ ਬੀ ਕਹਿੰਦਾ ਹੈ। (ਹਾਂ,ਹੇ ਵਾਹਿਗੁਰੂ! ਅਮਲ ਵਿਚ ਬੀ ਦੇਖੀਦਾ ਹੈ ਕਿ) ਭਗਤਿ ਵੱਛਲ ਤੇਰਾ ਬਿਰਦ ਹੈ, (ਤੇ ਤੂੰ ਇਸੇ ਤਰ੍ਹਾਂ ਹਾਂ) ਸਦਾ ਵਰਤਦਾ ਰਿਹਾ ਹੈਂ। ਸੋ ਨਾਨਕ (ਆਪ ਤੋਂ ਆਪ ਦਾ) ਇਕ ਨਾਮ (ਹੀ) ਮੰਗਦਾ ਹੈ, (ਜੋ ਇਸਦੇ) ਮਨ ਤੇ ਤਨ ਨੂੰ ਭਾਉਂਦਾ ਹੈ ॥ ੫ ॥ |

**ਵ੍ਯਾਖ੍ਯਾ**—ਪਿਛਲੀ ਪਉੜੀ ਦੇ ਅੰਤ ਤੇ ਆਕੇ ਪ੍ਰਸ਼ਨ ਹੋ ਸਕਦਾ ਹੈ ਕਿ ਜਗਤ ਦੇ ਆਮ ਲੋਕ ਨਾਮ ਵਿਹੂਣੇ ਸੁਖੀ ਦਿੱਸਦੇ ਹਨ। ਉਸ ਦਾ ਉੱਤਰ ਪਹਿਲੇ ਸ਼ਲੋਕ ਵਿਚ ਹੈ ਕਿ ਜੋ ਤੁਸਾਂ ਨੂੰ ਨੈਣਾਂ ਨਾਲ ਵੇਖਣ ਵਿਚ ਸੁਖੀ ਦਿੱਸਦੇ ਹਨ ਜੇ ਉਨ੍ਹਾਂ ਦੇ ਅੰਦਰ ਝਾਤ ਮਾਰੋ ਤਾਂ ਓਹ ਦੁਖੀ ਹਨ ਕਿਉਂਕਿ ਉਨ੍ਹਾਂ ਦੇ ਅੰਦਰ ਚਿੰਤਾ ਹੁੰਦੀ ਹੈ ਕਮਾਏ ਨੂੰ ਸੁਰਖ੍ਯਤ ਰੱਖਣ ਦੀ, ਅਨ ਕਮਾਏ ਨੂੰ ਕਮਾਉਣ ਦੀ, ਆਗੰਤਕ ਹੋਣੀਆਂ ਦੀ। ਸੋ ਚਿੰਤਾ ਦੁਖ ਅੰਦਰ ਕੁਰ ਕੁਰ ਕਰਦਾ ਰਹਿੰਦਾ ਹੈ। (ਅੰਕ ੨) ਸੋ ਨਾਮ ਜਪਕੇ ਸਤ੍ਯ ਵਸਤੂ ਦੀ ਲੱਖਤਾ ਰੂਪੀ ਪਦਾਰਥ ਜਿਸ ਨੇ ਕਮਾ ਲਿਆ ਉਹੀ ਸੁਖੀ ਹੁੰਦਾ ਹੈ ਅੰਦਰੋਂ। ਅੰਤਲੀ ਤੁਕ ਵਿਚ ਗੁਰੂ ਨੂੰ ਮਿਲਕੇ ਇਕ ਦੀ ਸਿਆਣ ਵਾਲੇ ਨੂੰ ਸ਼ਾਬਾਸ਼ ਕਿਹਾ ਹੈ। ਪਉੜੀ ਵਿਚ ਉਨ੍ਹਾਂ ਸ਼ਾਬਾਸ਼ ਵਾਲਿਆਂ ਦਾ ਸੁਖ ਨਿਰੂਪਣ ਕਰਦੇ ਹਨ ਤੇ ਵਾਹਿਗੁਰੂ ਦਾ ਬਿਰਦ ਪਤਿਤ ਪਾਵਨ ਤੇ ਭਗਤ ਵੱਛਲ ਦੱਸਦੇ ਹਨ। ਓਸ ਲਈ ਵੇਦ ਤੇ ਸੰਤਾਂ ਦੀ ਉਗਾਹੀ ਦੇ ਨਾਲ ਪ੍ਰਤੱਖ ਵਰਤਾਰਾ ਇਹੋ ਰਿਹਾ ਹੈ, ਹਰ ਜੁਗ ਵਿਚ ਇਹ ਸਾਖ ਭਰੀ ਹੈ, ਅਖੀਰ ਤੇ ਨਾਮ ਦਾਨ ਮੰਗਿਆ ਹੈ। ਐਉਂ ਪਉੜੀ ਨਾਲ ਸਲੋਕ ਢੁੱਕੇ ਖੜੇ ਹਨ।

**ਨਿਰੁਕ੍ਤ**—ਨੈਣੀ—ਨੈਣਾਂ ਨਾਲ ਦੇਖਣੇ ਕਰਕੇ। ਏਥੇ ਨੈਣੀ ਦਾ ਅਰਥ ਦੁਨੀਆਂ ਦੇ ਲੋਕਾਂ ਦੇ ਨੈਣਾਂ ਵਿਚ ਨਹੀਂ, ਪਰ 'ਸਾਡੇ ਉਨ੍ਹਾਂ ਦੇ ਦੇਖਣੇ ਕਰਕੇ ਉਨ੍ਹਾਂ ਦਾ ਸੁਖੀ ਲਗਣਾ' ਅਰਥ ਹੈ।

ਮੁਠੜੇ—ਲੁਟੇ ਗਏ। ਸਾਥ—ਸੰਗ। ਬਹੁਤ ਆਦਮੀਆਂ ਦੀ ਭੀੜ ਜੋ ਕੱਠੇ ਹੋਕੇ ਸਫ਼ਰ ਕਰਨ। ਪੂਰ—ਟੋਲੇ।

ਮੰਦਾ- ਬੁਰਾ। ਭਾਵ ਹੈ ਉਨ੍ਹਾਂ ਨਾਲ ਜੋ ਬੁਰਾ ਹੋ ਸਕਦਾ ਸੀ ਉਹ ਨਹੀਂ ਹੁੰਦਾ। ਯਾ ਉਨ੍ਹਾਂ ਵਿਚ ਜੋ ਬੁਰਾਈ ਸੀ ਦੂਰ ਹੋ ਜਾਂਦੀ ਹੈ।

ਭਗਤਿ ਵਛਲੁ—(ਦੇਖੋ ਪੰਨਾ ੧੫੯੧) ਜਿਸ ਨੂੰ ਭਗਤੀ ਪਯਾਰੀ ਹੈ, ਭਾਵ ਜੋ ਭਗਤਾਂ ਨੂੰ ਪਯਾਰ ਕਰਦਾ ਹੈ। ਭਗਤੀ ਵਾਲਿਆਂ ਨੂੰ ਪਯਾਰ ਕਰਨੇ ਵਾਲਾ।

ਬਿਰਦੁ—[ਅ:, ਵਿਰਦ=ਨਿਤ ਦਾ ਕੰਮ, ਨਿਤ ਦਾ ਨੇਮ। ਸੰਸ:, ਵਿਰੁਦ:=ਜਸ ਦਾ ਕੀਰਤਨ, ਉਸਤਤਿ] ਧਰਮ, ਸੁਭਾਵ। ਭਾਵੰਦਾ—ਭਾਉਂਦਾ ਹੈ।

## [ਪਉੜੀ ਛੀਵੀਂ]

**ਮੂਲ**

ਸਲੋਕ ਮਃ ੫ ॥ ਚਿੜੀ ਚੁਹਕੀ ਪਹੁ ਫੁਟੀ ਵਗਨਿ ਬਹੁਤੁ ਤਰੰਗ ॥ ਅਚਰਜ ਰੂਪ ਸੰਤਨ ਰਚੇ ਨਾਨਕ ਨਾਮਹਿ ਰੰਗ ॥ ੧ ॥

ਮਃ੫ ॥ ਘਰ ਮੰਦਰ ਖੁਸੀਆ ਤਹੀ ਜਹ ਤੂ ਆਵਹਿ ਚਿਤਿ ॥ ਦੁਨੀਆ ਕੀਆ ਵਡਿਆਈਆ ਨਾਨਕ ਸਭਿ ਕੁਮਿਤ ॥ ੨ ॥

ਪਉੜੀ॥ ਹਰਿ ਧਨੁ ਸਚੀ ਰਾਸਿ ਹੈ ਕਿਨੈ ਵਿਰਲੈ ਜਾਤਾ ॥ ਤਿਸੈ ਪਰਾਪਤਿ ਭਾਇਰਹੁ ਜਿਸੁ ਦੇਇ ਬਿਧਾਤਾ ॥ ਮਨ ਤਨ ਭੀਤਰਿ ਮਉਲਿਆ ਹਰਿ ਰੰਗਿ ਜਨੁ ਰਾਤਾ

॥ ਸਾਧ ਸੰਗਿ ਗੁਣ ਗਾਇਆ ਸਭਿ ਦੋਖਹ ਖਾਤਾ ॥ ਨਾਨਕ ਸੋਈ ਜੀਵਿਆ ਜਿਨਿ ਇਕੁ ਪਛਾਤਾ॥੬।

**ਅਰਥ**

ਪਹ ਫੁਟਾਲਾ ਹੋ ਆਇਆ ਹੈ, ਚਿੜੀਆਂ ਚੁਹ ਚੁਹ ਕਰ ਉਠੀਆਂ ਹਨ, ਮਿੱਠੀ ਹਵਾ ਦੇ ਬੁਲੇ ਵੱਗ ਰਹੇ ਹਨ, ਹੇ ਨਾਨਕ! ਇਸ ਵੇਲੇ ਅਚਰਜ ਰੂਪ ਵਾਲੇ ਸੰਤ ਜਨ ਨਾਮ ਦੇ ਰੰਗਾਂ ਵਿਚ ਰਚੇ (ਭਾਵ ਮਗਨ) ਬੈਠੇ ਹਨ ॥ ੧ ॥

ਘਰ (ਹੋਣ ਕਿ) ਮੰਦਰ ਖੁਸ਼ੀਆਂ ਓਥੇ ਹੀ ਹੁੰਦੀਆਂ ਹਨ ਜਿਥੇ (ਹੇ ਹਰੀ !) ਤੂੰ ਚਿਤ ਆ ਰਿਹਾ ਹੈਂ । ਹੇ ਨਾਨਕ ! ਦੁਨੀਆਂ ਦੀਆਂ ਵਡਿਆਈਆਂ ਸਾਰੀਆਂ ਖੋਟੇ ਮਿਤ੍ਰ (ਹਨ, ਜੋ ਛਲ ਜਾਂਦੇ ਹਨ) ॥ ੨ ॥

(ਇਨ੍ਹਾਂ ਛਲ ਰੂਪ ਵਡਿਆਈਆਂ ਦੇ ਟਾਕਰੇ ਤੇ ਨਾਮ ਸਿਮਰਣ ਰੂਪੀ) ਹਰਿ ਧਨ ਸੱਚੀ ਰਾਸ ਹੈ (ਪਰ ਇਹ ਗੱਲ) ਕਿਸੇ ਵਿਰਲੇ ਨੇ ਜਾਣੀ ਹੈ। (ਹਾਂ, ਪਰ ਇਹ ਦਾਤ) ਹੇ ਭਾਈਓ ! ਉਸੇ ਨੂੰ ਪ੍ਰਾਪਤ ਹੁੰਦੀ ਹੈ ਜਿਸ ਨੂੰ ਕਰਤਾਰ (ਆਪ) ਦੇਂਦਾ ਹੈ। [ਪ੍ਰਸ਼ਨ: ਹਰੀ ਦਾਸ ਵਿਚ ਹਰੀ ਦੇ ਧਨ ਦਾ ਕੀਹ ਰੂਪ ਹੁੰਦਾ ਹੈ ? ਉੱਤਰ:] (ਹਰੀ ਦਾ) ਦਾਸ ਹਰੀ ਦੇ ਰੰਗ ਵਿਚ ਰੱਤਾ ਹੋਇਆ ਮਨ ਤੇ ਤਨ (ਦੋਹਾਂ) ਵਿਚ ਖਿੜਿਆ ਰਹਿੰਦਾ ਹੈ। [ਪ੍ਰਸ਼ਨ: ਜੀਵ ਦੋਸ਼ੀ ਹਨ, ਦੋਸ਼ ਖੇੜੇ ਦੇ ਵੈਰੀ ਹਨ, ਹਰੀ ਜਨ ਕਿਵੇਂ ਖਿੜ ਜਾਂਦਾ ਹੈ ? ਉੱਤਰ:] ਸਾਧ ਦੇ ਸੰਗ ਵਿਚ (ਹਰੀ ਜਨ ਹਰੀ ਦੇ) ਗੁਣ ਗਾਉਂਦਾ ਹੈ (ਇਸ ਤਰ੍ਹਾਂ ਉਹ ਅਪਣੇ) ਸਾਰੇ ਦੋਖਾਂ ਦਾ ਨਾਸ਼ ਕਰ ਲੈਂਦਾ ਹੈ। (ਐਸਾ ਕਰਨੇ ਨਾਲ ਇਕ ਹਰੀ ਦੀ ਪਛਾਣ ਹੋ ਆਉਂਦੀ ਹੈ ਸੋ ਐਉਂ) ਜੋ ਇਕ ਨੂੰ ਪਛਾਣ ਲੈਂਦਾ ਹੈ ਉਹੀ (ਰੂਹਾਨੀ ਜੀਵਨ ਵਿਚ) ਜੀਉ ਉਠਿਆ (ਕਹੀਦਾ ਹੈ ਕਹਿੰਦੇ ਹਨ ਗੁਰੂ) ਨਾਨਕ ਜੀ ॥ ੬ ॥

**ਵਯਾਖਯਾ**—ਦੋਹਾਂ ਸ਼ਲੋਕਾਂ ਤੇ ਪਉੜੀ ਦਾ ਭਾਵ ਸ਼੍ਰੇਣੀ ਬੱਧ ਸਹੀ ਹੁੰਦਾ ਹੈ ਸਿੱਧਾ। ਪਹਿਲੇ ਸਲੋਕ ਵਿਚ ਉਹ ਸ਼ੈ ਦਿਖਾਈ ਹੈ ਜੋ ਹੋਰ ਦੁਖ ਰੂਪ ਦੁਨੀਆਂ ਨੂੰ ਦੁਖ ਰੂਪ ਦੇਖਣਵਿਚ ਨਹੀਂ ਦਿੱਸਦੀ। ਉਹ ਇਹ ਕਿ ਕਾਦਰ ਦੀ ਕੁਦਰਤ ਵਿਚ ਖੇੜਾ ਹੈ ਤੇ ਵਿਸਮਾਦੀ ਰੰਗ ਹੈ, ਜਿਸ ਤੋਂ ਵਿਸਮਾਦੀ ਛੁਹ ਮਿਲਦੀ ਹੈ। ਸਵੇਰ ਸਾਰ ਦਾ ਵੇਲਾ ਲੈਂਦੇ ਹਨ ਜਦੋਂ ਨੂਰ ਦਾ ਤੜਕਾ ਹੁੰਦਾ ਹੈ। ਅਰਥਾਤ ਪਹ ਯਾ ਪਹੁ ਫਟਦੀ ਹੈ, ਉਹ ਵੇਲਾ ਅਤਿ ਸੁਹਾਵਣਾ ਹੁੰਦਾ ਹੈ। ਪੰਛੀ ਦੁਨੀਆਂ ਉਸ ਵੇਲੇ ਜਾਗ ਉਠਦੀ ਹੈ ਤੇ ਅਪਣੀ ਖ਼ੁਸ਼ੀ ਭਰੀ ਚਿਹ ਚਿਹ ਯਾ ਚੁਹ ਚੁਹ ਅਰੰਭ ਕਰ ਦਿੰਦੀ ਹੈ। ਮਿੱਠੀ ਮਿੱਠੀ ਹਵਾ ਦੇ ਬੁੱਲੇ ਉਠਦੇ ਹਨ ਤੇ ਐਉਂ ਗਲੇ ਲਗਦੇ ਹੈਨ ਕਿ ਮਾਨੋ ਜੱਫੀਆਂ ਪਾ ਰਹੇ ਹਨ। ਉਸ ਵੇਲੇ ਗ਼ਾਫ਼ਲ ਸੁੱਤੇ ਪਏ ਹੁੰਦੇ ਹਨ ਪਰ ਪਰਮੇਸ਼ੁਰ ਦੇ ਪ੍ਰੇਮੀ ਉਸ ਸੁਹਾਵਣੇ ਸਮੇਂ ਉਸ ਦੇ ਪ੍ਰੇਮ ਵਿਚ ਰਚੇ ਹੋਏ ਹੁੰਦੇ ਹਨ। ਉਹਨਾਂ ਦਾ ਉਹ ਰੱਤੜਾ ਸਰੂਪ ਅਚਰਜ ਰੂਪ ਹੁੰਦਾ ਹੈ, ਅਰਥਾਤ ਵਿਸਮਾਦ ਹੁੰਦਾ ਹੈ ਤੇ ਵਿਸਮਾਦੀ ਛੋਹ ਲਾਉਂਦਾ ਹੈ।

ਉਪਦੇਸ਼ ਇਹ ਹੈ ਕਿ ਦੁਨੀਆਂ ਵਿਚ ਦੁਖ ਹੈ। ਪਰ ਕੋਈ ਪਹਿਲੂ ਸੁਖ ਦਾ ਬੀ ਹੈ, ਉਹ ਹੈ ਕੁਦਰਤ ਵਿਚ ਵਿਸਮਾਦੀ ਰੰਗ, ਜੀਅ ਜੰਤ ਵਿਚ ਉਸ ਦੀ ਛੁਹ ਤੋਂ ਖੁਸ਼ੀਆਂ ਤੇ ਪਰਮੇਸ਼ੁਰ ਦੇ ਪਿਆਰਿਆਂ ਵਿਚ ਉਸ ਦੇ ਪ੍ਰੇਮ ਤ੍ਰੰਗਾਂ ਵਿਚ ਵਿਸਮਾਦੀ ਝੂਟੇ, ਵਿਸਮਾਦ ਰੂਪਤਾ। ਵਾਹਿਗੁਰੂ ਦਾ ਬੀ ਰੂਪ ਵਿਸਮਾਦ ਹੈ:–

ਅਚਰਜ ਰੂਪੰ ਰਹੰਤ ਜਨਮੰ ॥   [ਸਲੋਕ ਸਹਸਕ੍ਰਿਤੀ ਮਃ ੫– ੭

ਉਸ ਦੇ ਪ੍ਰੇਮ ਰੰਗ ਰੰਗੇ ਬੀ ਉਸ ਦੀ ਛੁਹ ਤੋਂ ਵਿਸਮਾਦ ਰੂਪ ਹੁੰਦੇ ਹਨ, ਜੈਸੇ ਕਿ ਸਾਲਸ ਰਾਇ ਨੇ ਗੁਰੂ ਨਾਨਕ ਦੇਵ ਜੀ ਨੂੰ ਵਿਸਮਾਦ ਰੂਪ ਸਿਆਣਿਆ ਸੀ।

ਦੂਸਰੇ ਸਲੋਕ ਵਿਚ ਇਸੇ ਭਾਵ ਦੀ ਲੜੀ ਚਲਦੀ ਹੈ, ਇਸ ਤਰ੍ਹਾਂ ਕਿ ਪ੍ਰਸ਼ਨ ਹੁੰਦਾ ਹੈ ਕਿ ਜੀ, ਜੀਵਾਂ ਨੂੰ ਖ਼ੁਸ਼ੀਆਂ ਵਿਚ ਘੱਟ ਹੀ ਦੇਖੀਦਾ ਹੈ, ਘਰ ਘਰ ਚਿੰਤਾ ਹੀ ਦਿੱਸਦੀ ਹੈ, ਤਾਂ ਫੁਰਮਾਉਂਦੇ ਹਨ ਕਿ ਘਰ ਘਰ ਤਾਂ ਖ਼ੁਸ਼ੀ ਹੋਵੇ,ਜੇ ਘਰ ਘਰ ਨਾਮ ਚਿੰਤਨ ਹੋਵੇ। ਸਰੀਰ ਦੇ ਅੰਦਰ ਜੋ ਜੀਵਤ ਵਸਤੂ ਹੈ ਉਹ ਅਚਰਜ ਰੂਪ ਹੈ। ਉਸ ਨੂੰ ਅਪਣੇ ਰੂਪ ਵਿਚ ਲਿਆਓ, ਨਾਮ ਨਾਲ ਤੇ ਹਰੀ ਗੁਣ ਗਾਇਨ ਨਾਲ ਉਸ ਤੋਂ ਗ਼ਮ ਲਾਉਣ ਵਾਲੀ ਮੈਲ ਕੱਟ ਦਿਓ ਤਾਂ ਖ਼ੁਸ਼ੀ ਦੇਖ ਲਓ। ਉਹ ਅੰਦਰਲਾ ਜੀਵਤ ਕਿਣਕਾ ਤਾਂ ਤੁਸਾਂ ਜਗਤ ਦੀਆਂ ਵਡਿਆਈਆਂ ਪ੍ਰਾਪਤ ਕਰਨ ਦੇ ਫਿਕਰਾਂ ਵਿਚ ਲਾ ਛੱਡਿਆ ਹੈ, ਖ਼ੁਸ਼ੀ ਕਿੱਥੋਂ ਆਵੇ? ਇਹੋ ਵਿਸ਼ਯ ਵੇਤ ਪਉੜੀ ਵਿਚ ਚਲ ਰਿਹਾ ਹੈ ਕਿ ਦੁਨੀਆਂ ਦੀਆਂ ਵਡਿਆਈਆਂ ਧਨ ਨਾਲ ਪ੍ਰਾਪਤ ਹੁੰਦੀਆਂ ਹਨ, ਗੁਰੂ ਜੀ ਦੱਸਦੇ ਹਨ ਕਿ ਇਹ ਧਨ ਕੂੜਾ ਹੈ, ਸੱਚੀ ਰਾਸ ਹਰੀ ਦਾ ਨਾਮ ਹੈ। ਜਿਸ ਦੇ ਪ੍ਰਾਪਤ ਹੋਣ ਨਾਲ ਮਨ ਤੇ ਤਨ ਖੇੜੇ ਵਿਚ ਆ ਜਾਂਦਾ ਹੈ। ਕਿਉਂਕਿ ਖੇੜੇ ਦੇ ਵੈਰੀ ਅਪਣੇ ਦੋਖ ਦੁਸ਼ਣ ਹਰੀ ਗੁਣ ਗਾਉਂਦਿਆਂ ਦੂਰ ਹੋ ਜਾਂਦੇ ਹਨ। ਫੇਰ ਐਸਾ ਕਰਦਿਆਂ ਕੀਹ ਹੁੰਦਾ ਹੈ? ਕਿ ਇਕ ਜੋ ਹੈ ਵਯਾਪਕ ਵਾਹਿਗੁਰੂ ਉਸ ਦੀ ਪਛਾਣ ਹੋ ਆਉਂਦੀ ਹੈ। ਐਸੇ ਪਛਾਣ ਵਾਲੇ ਨੂੰ ਜੀਉਂਦਾ ਕਹੀਦਾ ਹੈ। ਯਥਾ:–

ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥
ਨਾਨਕ ਅਵਰੁ ਨ ਜੀਵੈ ਕੋਇ॥ [ਮਾਝ ਵਾਰ ਮਃ ੧–੧੦

**ਨਿਰੁਕ੍ਤ–** ਚੁਹਕੀ–[ਹਿੰ:, ਚਹਕਨਾ=ਪੰਛੀਆਂ ਦਾ ਖੁਸ਼ ਹੋਕੇ ਬੋਲਣਾ] ਚੁਹ ਚੁਹ ਕੀਤੀ। ਬੋਲੀ, ਖ਼ੁਸ਼ੀ ਵਿਚ ਬੋਲੀ।

ਪਹੁ ਫੁਟੀ–[ਸੰਸ:, ਪਾਦ:=ਰੌਸ਼ਨੀ ਦੀ ਕਿਰਣ। ਹਿੰ:, ਪੌਫਟਨਾ=ਸਵੇਰੇ ਦਾ ਉਜਾਲਾ ਹੋਣਾ] ਉਹ ਸਵੇਰ ਦਾ ਵੇਲਾ ਜਦੋਂ ਪੂਰੇ ਵਲੋਂ ਚਾਨਣ ਦੀ ਲਾਸ ਪੈਂਦੀ ਹੈ। ਜਦੋਂ ਨੂਰ ਤਿੜਕਦਾ ਹੈ, ਇਸੇ ਕਰਕੇ ਤੜਕਾ ਬੀ ਕਹਿੰਦੇ ਹਨ।

ਵਗਨਿ ਬਹੁਤੁ ਤਰੰਗ–ਵਗਨਿ=ਵਗਦੇ ਹਨ, ਚਲਦੇ ਹਨ। ਬਹੁਤੁ=ਬੇਅੰਤ, ਅਧਿਕ। ਤਰੰਗ [ਸੰਸ:, ਤਰੰਗ:=ਲਹਿਰ। ਪਾਣੀ ਦੀ ਲਹਿਰ] ਲਹਿਰਾਂ। ਅੰਮ੍ਰਿਤ ਵੇਲੇ ਮਿੱਠੀ ਮਿੱਠੀ ਹਵਾ ਦੇ ਬੁਲੇ। ਪੌਣ ਦੇ ਪਜਾਰੇ ਪਜਾਰੇ ਹੁਲਾਰੇ, ਜੋ ਪੰਜਾਬ ਵਿਚ ਸਵੇਰ ਵੇਲੇ ਅਕਸਰ ਹੁੰਦੇ ਤੇ ਪਜਾਰੇ ਲਗਦੇ ਹਨ। (ਅ) ਤਰੰਗ ਪਦ ਹੋਣ ਕਰਕੇ ਕਈ ਸੱਜਣ ਪਾਣੀ ਦੇ ਤ੍ਰੰਗ ਭਾਵ ਲੈਕੇ ਕਿਸੇ ਸਰੋਵਰ ਦਾ ਖਿਆਲ ਕਰ ਲੈਂਦੇ ਹਨ ਯਾ ਸ੍ਰੀ ਦਰਬਾਰ ਸਾਹਿਬ ਦੇ ਸਰੋਵਰ ਦੇ ਤਰੰਗ ਤੇ ਵਿਚ ਬੈਠੇ ਸੰਤ ਜਨ ਭਾਵ ਘਟਾਉਂਦੇ ਹਨ।

'ਅਚਰਜ ਰੂਪ ਸੰਤਨ ਰਚੇ' ਦਾ ਅਰਥ–ਅਚਰਜ ਰੂਪ (ਵਾਹਿਗੁਰੂ) ਵਿਚ ਸੰਤ ਰਚੇ ਬੈਠੇ ਹਨ। ਪਰ 'ਰੂਪ' ਪਦ ਨੂੰ ਵਿਭਗਤੀ ਦਾ ਚਿੰਨ੍ਹ ਨਹੀਂ, ਇਸ ਕਰਕੇ 'ਅਚਰਜ ਰੂਪ ਵਾਲੇ ਸੰਤ' ਅਰਥ ਠੀਕ ਢੁੱਕਦਾ ਹੈ।ਇਸਦਾ ਭਾਵ ਇਹ ਹੈ ਕਿ ਜਿਸ ਦੇ ਪ੍ਰੇਮ ਵਿਚ ਰਚੇ ਹੋਏ ਹਨਓਹ 'ਅਚਰਜ ਰੂਪ' ਹੈ,

ਉਸ ਦੀ ਛੁਹ ਨਾਲ ਅਚਰਜ ਰੂਪ ਹੋ ਰਹੇ ਹਨ, ਕਿਉਂਕਿ ਹੁਣ ਇਨ੍ਹਾਂ ਦੇ ਦਰਸ਼ਨ ਤੋਂ ਵਿਸਮਾਦੀ ਛੁਹ ਲਗਦੀ ਹੈ। ਪਰ ਜੇ 'ਰਚੇ' ਦਾ ਅਰਥ ਪੈਂਦਾ ਕੀਤਾ ਕਰੀਏ ਤਾਂ 'ਅਚਰਜ ਰੂਪ' ਦਾ ਅਰਥ ਕਰਮ ਕਾਰਕ ਵਿਚ ਲਗ ਜਾਂਦਾ ਹੈ ਤੇ ਐਸ ਤਰ੍ਹਾਂ ਲਗਦਾ ਹੈ:-ਕਿ ਸੰਤ ਨਾਮ ਦੇ ਰੰਗ ਵਿਚ ਅਚਰਜ ਰੂਪ ਰਚਦੇ ਹਨ। ਭਾਵ ਇਹ ਕਿ ਓਹ ਨਾਮ ਦੇ ਪ੍ਰੇਮ ਦੁਆਰਾ ਅੰਤ੍ਰੀਵ ਅਵਸਥਾ 'ਸਰਮ ਖੰਡ' ਵਿਚ ਚਲੇ ਜਾਂਦੇ ਹਨ, ਜਿੱਥੋਂ ਦਾ ਵਜੂਦ 'ਰੂਪ' ਹੈ ਤੇ ਓਥੇ ਘਾੜਤ ਘੜੀਂਦੀ ਹੈ ਸੁੰਦਰਤਾ ਦੀ। ਓਥੇ ਘੜੀਂਦੀ ਹੈ ਸੁਰਤਿ ਮਤਿ ਮਨ ਬੁੱਧੀ ਤੇ ਸੁਧਿ। ਜੈਸਾ ਕਿ ਜਪੁਜੀ ਸਾਹਿਬ ਵਿਚ ਦੱਸਿਆ ਹੈ:-

ਸਰਮ ਖੰਡ ਕੀ ਬਾਣੀ ਰੂਪੁ॥ ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ ॥ ਤਾਕੀਆ ਗਲਾ ਕਥੀਆ ਨਾ ਜਾਹਿ। ਜੇ ਕੋ ਕਹੈ ਪਿਛੈ ਪਛੁਤਾਇ॥ ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ॥ ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ॥ [ਜਪੁਜੀ-੩੬

ਭਾਵ ਇਹ ਕਿ ਸੰਤ ਜਨ ਉਸ ਵੇਲੇ ਨਾਮ ਦੇ ਪ੍ਰੇਮ ਵਿਚ ਰੰਗ ਰੱਤੜੇ ਹੋਕੇ ਵਿਸਮਾਦ ਦੇ ਰੰਗਾਂ ਵਿਚ ਹੋ ਜਾਂਦੇ ਹਨ, ਜਿੱਥੇ ਉਨ੍ਹਾਂ ਨੂੰ ਰੂਪ ਹੀ ਰੂਪ, ਸੁੰਦਰਤਾ ਹੀ ਸੁੰਦਰਤਾ ਦਾ ਅਹਿਸਾਸ ਮਿਲਦਾ ਹੈ।

ਹੋਰ ਦਾਨੇ ਇਥੇ ਅੰਤ੍ਰੀਵ ਅਰਥਾਂ ਵਲ ਰੁਖ ਕਰਦੇ ਹਨ ਤਾਂ ਇਸ ਪ੍ਰਕਾਰ ਦੇ ਭਾਵ ਖੋਹਲਦੇ ਹਨ:-

ਚਿੜੀ=ਬੁੱਧੀ।    ਚੁਹਕੀ=ਬੋਲੀ, ਭਾਵ ਸਤਿ ਅਸਤਿ ਦੀ ਵੀਚਾਰਵਾਨ ਹੋ ਗਈ।

ਵਗਨਿ ਤਰੰਗ=ਤਦ ਚਲੇ ਜਾਂਦੇ ਹਨ ਬਹੁਤ ਤਰ੍ਹਾਂ ਦੇ ਤਰੰਗ, ਸੰਕਲਪ ਵਿਕਲਪ, ਭਾਵ ਸੰਕਲਪ ਵਿਕਲਪ ਦੂਰ ਹੋ ਜਾਂਦੇ ਹਨ।    ਪਹੁ ਫੁਟੀ=ਤਦ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ। (ਇਹ ਪ੍ਰਕਾਸ਼ ਪਾਕੇ ਬੀ ਜੋ)।    ਸੰਤਨ=ਸੰਤ ਜਨ।    ਨਾਮਹਿ ਰੰਗ=ਨਾਮ ਦੇ ਰੰਗ ਵਿਚ (ਰਚੇ ਰਹਿੰਦੇ ਹਨ ਓਹ)।    ਅਚਰਜ ਰੂਪ=ਵਾਹਿਗੁਰੂ ਦਾ ਰੂਪ ਹਨ।

(ਅ) ਸਾਰੇ ਦਾ ਐਉਂ ਅਰਥ ਲਾਉਂਦੇ ਹਨ:-

ਜਦ ਪਹੁ ਫੁਟੀ, ਚਿੜੀ ਬੋਲੀ, (ਤਦ ਦੁਨੀਆਂਦਾਰ ਜਾਗੇ ਤੇ ਉਨ੍ਹਾਂ ਦੇ ਅੰਦਰ) ਅਨੇਕਾਂ ਸੰਕਲਪ ਵਿਕਲਪ ਰੂਪੀ ਤਰੰਗ ਉਠੇ, ਪਰ ਸੰਤ ਜਨ ਅਚਰਜ ਰੂਪ ਵਾਲੇ ਹਰੀ ਦੇ ਪ੍ਰੇਮ ਦੇ ਰੰਗ ਵਿਚ ਰਚ ਜਾਂਦੇ ਹਨ।

ਇਸ ਪ੍ਰਕਾਰ ਕਈ ਪ੍ਰਯਤਨ ਹੁੰਦੇ ਹਨ, ਪਰ ਸਪਸ਼ਟ ਗੱਲ ਇਹ ਜਾਪਦੀ ਹੈ ਕਿ ਗੁਰੂ ਜੀ ਇਸ ਦੁਖ ਰੂਪ ਜਗਤ ਵਿਚ ਜੀਵਾਂ ਨੂੰ ਕੁਦਰਤ ਦਾ ਖੇੜਾ, ਜੀਵ ਸ੍ਰਿਸ਼ਟੀ ਦਾ ਉਮਾਹ ਦਰਸ਼ਨ ਤੇ ਖੇੜੇ ਦੇ ਮਾਲਕ ਸਾਂਈਆਂ ਜੀ ਵਿਚ ਰਚ ਰਹੇ ਸੰਤਾਂ ਦੇ ਵਿਸਮਾਦੀ ਰੂਪ ਵਾਲੇ ਅੰਤ੍ਰੀਵ ਖੇੜੇ ਦਾ ਦਰਸ਼ਨ ਕਰਾਕੇ ਆਸਾ ਦਾ ਲੱਕ ਬਨ੍ਹਾ ਰਹੇ ਹਨ ਤੇ ਨਿਰੇ ਵੈਰਾਗੀ ਮਹਾਤਮਾ ਦੀ ਪਾਈ ਨਿਰਾਸਤਾ ਨੂੰ ਵਿਸਮਾਦੀ ਤੁਲਹਾ ਦੇ ਰਹੇ ਹਨ।

ਕੁਮਿਤ-[ਕੁ=ਖੋਟੇ+ਮਿਤ=ਮਿਤ੍ਰ]=ਖੋਟੇ ਮਿਤ੍ਰ।

ਭਾਇਰਹੁ-ਹੇ ਭਾਈਓ! ਹੇ ਭਰਾਵੋ!

ਬਿਧਾਤਾ-[ਸੰਸ:, ਵਿਧਾਤ੍ਰਿ=ਕਰਮ ਫਲ ਪ੍ਰਦਾਤਾ] ਏਥੇ ਵਾਹਿਗੁਰੂ ਦਾ ਭਾਵ ਹੈ।

ਮਉਲਿਆ-ਖਿੜਿਆ (ਦੇਖੋ ਪੰਨਾ ੩੩੭)।

ਖਾਤਾ-ਖਾ ਜਾਂਦਾ ਹੈ। ਭਾਵ,ਨਾਸ਼ ਕਰ ਲੈਂਦਾ ਹੈ।

## [ਪਉੜੀ ਸੱਤਵੀਂ]

| ਮੂਲ | ਅਰਥ |
|---|---|
| ਸਲੋਕ ਮਃ ੫ ॥ ਖਖੜੀਆ ਸੁਹਾਵੀਆ ਲਗੜੀਆ ਅਕ ਕੰਠਿ॥ | ਅੱਕ (ਦੇ ਬੂਟੇ ਦੇ) ਗਲੇ ਨਾਲ ਲੱਗੀਆਂ ਹੀ (ਉਸ ਦੀਆਂ) ਕਕੜੀਆਂ ਸੁਹਣੀਆਂ ਲਗਦੀਆਂ ਹਨ। (ਜਦੋਂ ਉਹਨਾਂ ਦਾ |

ਬਿਰਹ ਵਿਛੋੜਾ ਧਣੀ ਸਿਉ ਨਾਨਕ ਸਹਸੈ ਗੰਠਿ ॥ ੧ ॥

ਅਪਣੇ) ਮਾਲਕ (ਅੱਕ ਦੇ ਪੇੜ) ਨਾਲ ਵਿਛੋੜਾ ਹੋ ਜਾਂਦਾ ਹੈ (ਤਦ ਉਹਦੇ) ਜੋੜ (ਖੁੱਲਕੇ) ਹਜ਼ਾਰਾਂ (ਤੂੰਬੇ ਹੋ ਉਡਦੀਆਂ ਡਿਗਦੀਆਂ ਰੁਲ ਜਾਂਦੀਆਂ)ਹਨ,ਹੇ ਨਾਨਕ! (ਤਿਵੇਂ ਆਦਮੀ ਦੀ ਸੁਰਤ ਜੇ ਵਾਹਿਗੁਰੂ ਨਾਲ ਜੁੜੀ ਰਹੇ ਤਾਂ ਆਦਮੀ ਸੁਹਣਾ ਹੈ, ਜੇ ਸੁਰਤ ਅਪਣੇ ਮਾਲਕ ਵਾਹਿਗੁਰੂ ਤੋਂ ਟੁੱਟ ਜਾਵੇ ਤਾਂ ਹਜ਼ਾਰਹਾਂ ਸੰਕਲਪਾਂ ਵਿਕਲਪਾਂ ਵਿਚ ਸੁਰਤ ਉਡਦੀ ਫੈਂਦੀ ਰੁਲਦੀ ਹੈ) ॥ ੧ ॥

ਮ: ੫ ॥ ਵਿਸਾਰੇਦੇ ਮਰਿ ਗਏ ਮਰਿ ਭਿ ਨ ਸਕਹਿ ਮੂਲਿ॥ ਵੇਮੁਖ ਹੋਏ ਰਾਮ ਤੇ ਜਿਉ ਤਸਕਰ ਉਪਰਿ ਸੂਲਿ ॥ ੨ ॥

(ਆਪਣੇ ਧਣੀ ਵਾਹਿਗੁਰੂ ਨੂੰ) ਵਿਸਾਰਨ ਵਾਲੇ ਮਰ ਜਾਂਦੇ ਹਨ (ਤਦੋਂ ਕੀਹ ਮੂਲੋਂ ਹੀ ਮਰ ਮੁੱਕ ਜਾਂਦੇ ਹਨ ? ਨਹੀਂ, ਓਹ) ਬਿਲਕੁਲ ਮਰ ਬੀ ਨਹੀਂ ਸਕਦੇ। (ਓਹ) ਵਾਹਿਗੁਰੂ ਤੋਂ ਬੇਮੁਖ ਹੋਏ (ਐਉਂ ਦੁਖੀ ਹੁੰਦੇ ਹਨ) ਜਿਵੇਂ ਸੂਲੀ ਉਪਰ ਚੋਰ ॥ ੨ ॥

ਪਉੜੀ ॥ ਸੁਖ ਨਿਧਾਨੁ ਪ੍ਰਭੁ ਏਕੁ ਹੈ ਅਬਿਨਾਸੀ ਸੁਣਿਆ ॥ ਜਲਿ ਥਲਿ ਮਹੀਅਲਿ ਪੂਰਿਆ ਘਟਿ ਘਟਿ ਹਰਿ ਭਣਿਆ॥ ਊਚ ਨੀਚ ਸਭ ਇਕ ਸਮਾਨਿ ਕੀਟ ਹਸਤੀ ਬਣਿਆ ॥ ਮੀਤ ਸਖਾ ਸੁਤ ਬੰਧਿਪੋ ਸਭਿ ਤਿਸਦੇ ਜਣਿਆ ॥ ਤੁਸਿ ਨਾਨਕ ਦੇਵੈ ਜਿਸੁ ਨਾਮੁ ਨ ਹਰਿ ਰੰਗੁ ਮਣਿਆ ॥੭॥

(ਹੇ ਭਾਈ! ਉਹ) ਇਕੋ ਨਾਸ਼ ਰਹਿਤ ਪ੍ਰਭੂ ਹੀ ਸੁਖਾਂ ਦਾ ਖ਼ਜ਼ਾਨਾ ਹੈ (ਇਹ ਭੇਤ ਮੈਂ ਅਪਣੇ ਸਤਿਗੁਰੂ ਤੋਂ) ਸੁਣਿਆ ਹੈ। (ਉਹ) ਜਲ ਵਿਚ ਥਲ ਵਿਚ ਤੇ ਧਰਤ ਅਕਾਸ਼ ਵਿਚ (ਸਾਰੇ)ਪਰੀ ਪੂਰਣ ਹੈ, (ਸਤਿਗੁਰੂ ਨੇ) ਆਖਿਆ (ਉਹੋ) ਹਰੀ ਘਟ ਘਟ ਵਿਚ (ਵਯਾਪਕ ਹੋ ਰਿਹਾ ਹੈ । ਉਹੋ ਹਾਂ, ਕੀਹ) ਕੀੜੀ (ਕੀਹ) ਹਾਥੀ, ਉਚ ਨੀਚ ਸਭ (ਜੂਨਾਂ ਵਿਚ) ਇਕ ਤੁੱਲ ਬਣ ਬਣ ਪੈ ਰਿਹਾ ਹੈ (ਭਾਵ ਸ਼ੋਭਨੀਕ ਹੋ ਰਿਹਾ ਹੈ। ਹੇ ਜੀਵ ! ਤੇਰੇ) ਮਿਤ੍ਰ, ਸਖਾ, ਪੁਤ, ਸਾਕ ਸਾਰੇ ਉਸਦੇ ਪੈਦਾ ਕੀਤੇ ਹੋਏ ਹਨ; (ਪਰ) ਹੇ ਨਾਨਕ! ਜਿਸ ਨੂੰ (ਉਹ) ਤ੍ਰੱਠ ਕੇ ਅਪਣਾ ਨਾਮ ਦੇਂਦਾ ਹੈ, ਹਰੀ ਦਾ ਆਨੰਦ ਉਸੇ ਨੇ ਮਾਣਿਆ ਹੈ ॥ ੭ ॥

**ਵਯਾਖਯਾ**—ਪਹਿਲੇ ਸ਼ਲੋਕ ਵਿਚ ਇਕ ਦ੍ਰਿਸ਼ਟਾਂਤ ਦੇਕੇ ਇਕ ਸੱਚ ਨੂੰ ਪ੍ਰਤਿਪਾਦਨ ਕੀਤਾ ਹੈ। ਅੱਕ ਦੇ ਬੂਟੇ ਨੂੰ ਜੋ ਫਲ ਲਗਦੇ ਹਨ ਉਨ੍ਹਾਂ ਦੀ ਸ਼ਕਲ ਕੁਛ ਅੰਬਾਂ ਵਰਗੀ ਰਤਾ ਲੰਮੇਰੀ ਜੇਹੀ ਹੁੰਦੀ ਹੈ। ਉਹ ਅੱਕਨਾਲ ਲੱਗੇ ਸੁਹਣੇ ਲਗਦੇ ਹਨ।ਪਰ ਜਦ ਅੱਕ ਨਾਲੋਂ ਤੁਟਦੇ ਹਨ ਤਾਂ ਸੁੱਕ ਕੇ ਫਟ ਜਾਂਦੇ ਹਨ,ਵਿੱਚੋਂ ਹਜ਼ਾਰਾਂ ਰੂੰ ਦੇ ਤੂੰਬਿਆਂ ਵਰਗੇ ਤੂੰਬੇ ਇਕ ਕਾਲੇ ਜੇਹੇ ਤਿੱਲ ਨਾਲ ਗੱਠੇ ਹੋਏ ਨਿਕਲ ਕੇ ਹਵਾ ਵਿਚ ਉਡ ਪੈਂਦੇ ਹਨ,ਫੇਰ ਡਿਗਦੇ ਤੇ ਧਰਾ ਤੇ ਰੁਲਦੇ ਹਨ। ਕਿਸ ਖੂਬਸੂਰਤੀ ਨਾਲ ਇਨਸਾਨ ਦੀ ਸੁਰਤ ਦਾ ਸਾਈਂ ਤੋਂ ਵਿਛੁੜੀ ਹਾਲਤ ਵਿਚ ਹਜ਼ਾਰਾਂ ਸੰਕਲਪਾਂ ਵਿਕਲਪਾਂ ਦੇ ਖਿੰਡਾਉ ਵਿਚ ਖਿੰਡ ਜਾਣ ਦਾ ਰੂਪਕ ਬੱਧਾ ਹੈ। ਜੇ ਸੁਰਤ ਸਾਂਈਂ ਨਾਲ ਜੁੜੀ ਹੋਵੇ ਤਾਂ ਸਾਂਈਂ ਰਸ ਮਾਣਦੀ ਹੈ ਤੇ ਇਨਸਾਨ ਵਿਚ ਆਤਮ ਸੁਹਣੱਪ ਆ ਜਾਂਦਾ ਹੈ।

ਇਸ ਸਲੋਕ ਦਾ ਇਕ ਹੋਰ ਤਰ੍ਹਾਂ ਦਾ ਦ੍ਰਿਸ਼ਟਾਂਤ ਬੀ ਵਿਚਾਰ ਗੋਚਰਾ ਹੁੰਦਾ ਹੈ । ਅੱਕ ਦੇ ਫਲ ਦੀ ਸ਼ਕਲ ਅੰਬ ਦੀ ਹੁੰਦੀ ਹੈ। ਜਦੋਂ ਅੰਬ-ਅਪਣੇ ਧਣੀ-ਅੰਬ ਦੇ ਪੇੜ ਨਾਲ ਲੱਗਾ ਹੁੰਦਾ ਹੈ ਤਦ ਇਹ ਅੰਦਰੋਂ ਸੁਆਦੀ ਰਸ ਨਾਲ ਭਰਿਆ, ਬਾਹਰੋਂ ਠੀਕ ਸ਼ੋਭਨੀਕ ਹੁੰਦਾ ਹੈ। ਜਦੋਂ ਇਸੇ ਅੰਬੀ ਰੂਪ ਫਲ ਨੇ ਅੱਕ ਨਾਲ ਜਾ ਨੇਹੁੰ ਲਾਇਆ ਤੇ ਅਪਣੇ ਅਸਲੀ ਸਰੂਪ ਦਾਤਾ ਧਣੀ ਨਾਲੋਂ ਵਿਛੋੜਾ ਪਾਇਆ ਤਾਂ ਹਜ਼ਾਰਾਂ ਦਿਲ ਗੰਢਾਂ ਵਾਲਾ ਇਕ ਅੱਕ ਦੀ ਖਖੜੀ ਬਣ ਗਿਆ । ਇਹ

ਰੂਪਕ ਜਰਾ ਦੂਰਵਾਂ ਹੈ, ਪਰ ਹੈ ਸੁਾਦੀਕ। ਭਾਵ ਇਕੋ ਹੈ ਕਿ ਅਪਣੇ ਮਾਲਕ ਨਾਲ ਸੁਰਤ ਦਾ ਸ਼ੋਭਨੀਕ ਰਹਿਣਾ ਹੀ ਅਸਲੀ ਸੁਭਾਇਮਾਨਤਾ ਹੈ।

ਦੂਸਰੇ ਸਲੋਕ ਵਿਚ ਮਾਨੋ ਇਕ ਪ੍ਰਸ਼ਨ ਦਾ ਉੱਤਰ ਹੈ। ਕਿ ਜੀਓ ! ਜਿਵੇਂ ਖਖੜੀ ਧਣੀ ਤੋਂ ਵਿਛੜਕੇ ਰੁਲ ਗਈ, ਕਿਆ ਇਨਸਾਨ ਬੀ ਸਾਈਂ ਤੋਂ ਸੁਰਤ ਵਿਛੋੜ ਕੇ ਜਦ ਮਰਦਾ ਹੈ ਤਾਂ ਮਰ ਮੁਕ ਜਾਂਦਾ ਹੈ ? ਪ੍ਰਸ਼ਨ ਕਰਤਾ ਦਾ ਭਾਵ ਹੈ ਕਿ ਚਲੋ ਮਰ ਮੁਕ ਗਏ ਤਦ ਬੀ ਪਿੱਟਣਾ ਮੁੱਕਾ।

ਸ੍ਰੀ ਗੁਰੂ ਜੀ ਫੁਰਮਾਉਂਦੇ ਹਨ ਕਿ ਨਹੀਂ, ਉਹ ਮਰਦਾ ਮੁਕਦਾ ਨਹੀਂ, ਉਹ ਦੁਖੀ ਹੁੰਦਾ ਹੈ। ਦੁਖ ਬੀ ਉਸ ਤਰ੍ਹਾਂ ਦਾ ਜਿਸ ਤਰ੍ਹਾਂ ਦਾ ਕਿ ਸੂਲੀ ਉਤੇ ਵਿੰਨ੍ਹੇ ਚੋਰ ਨੂੰ ਹੁੰਦਾ ਹੈ। ਉਸ ਨੂੰ ਪੀੜਾ ਹੁੰਦੀ ਹੈ, ਹੋਸ਼ ਬੇਹੋਸ਼ੀ ਤੜਫਾਉਂਦੀ ਹੈ ਤੇ ਫਾਸੀਂ ਲਟਕੇ ਵਾਂਙੂ ਇਕ ਦਮ ਜਾਨ ਨਹੀਂ ਨਿਕਲਦੀ। ਮੁਰਾਦ ਇਹ ਹੈ ਕਿ ਮਾਨੁਖ ਵਿਚ ਜੋ ਜੀਵਨ ਕਲਾ ਹੈ ਅਮਰ ਹੈ, ਉਹ ਮੁੜ ਮੁੜ ਜੰਮਦੀ ਮਰਦੀ ਕੀਤੇ ਕਰਮਾਂ ਤੇ ਬਣੇ ਸੁਭਾਵਾਂ ਦੇ ਦੁਖ ਸੁਖ ਭੋਗਦੀ ਰਹਿੰਦੀ ਹੈ, ਪਰ ਮਰ ਮੁੱਕ ਨਹੀਂ ਜਾਂਦੀ। ਮਰ ਜਾਣਾ ਕੋਈ ਇਲਾਜ ਨਹੀਂ, ਸਾਂਈਂ ਨਾਲ ਸੁਰਤ ਲਾਈ ਰੱਖਣੀ ਇਲਾਜ ਹੈ। ਹਾਂ ਇਲਾਜ ਬੇਮੁਖਾਈ ਨਹੀਂ ਪਰ ਪ੍ਰੇਮ ਹੈ।

ਇਹੋ ਭਾਵ-ਹਰੀ ਰੰਗ-ਮਾਣਨ ਦਾ ਪਉੜੀ ਵਿਚ ਚਲਦਾ ਹੈ,ਜਿਵੇਂ ਕਿ ਤਿੰਨੇ ਅੰਕ ਸ਼੍ਰੇਣੀ ਬੱਧ ਹਨ। ਪਉੜੀ ਵਿਚ ਉਸ ਨੂੰ, ਜਿਸ ਨੂੰ ਧਣੀ, ਰਾਮ ਕਹਿੰਦੇ ਆਏ ਹਨ, ਪ੍ਰਭੂ ਆਖ ਕੇ, ਨਾਸ਼ ਰਹਿਤ, ਘਟ ਘਟ ਦਾ ਵਾਸੀ ਤੇ ਹਰ ਥਾਂ ਵਯਾਪਕ ਦੱਸਦੇ ਊਚ ਨੀਚ ਸਭ ਵਿਚ ਸਮਾਨ ਪਰੀ ਪੂਰਣ ਦੱਸਦੇ ਹਨ।

ਜਿਨ੍ਹਾਂ ਮਿਤ੍ਰਾਂ ਪੁਤ੍ਰਾਂ ਸਾਕਾਂ ਦੇ ਮੋਹ ਵਿਚ ਉਸ ਨੂੰ ਅਸੀਂ ਭੁਲਾਉਂਦੇ ਹਾਂ, ਉਨ੍ਹਾਂ ਦਾ ਕਰਤਾਰ ਬੀ ਉਹੋ ਹੈ, ਸੈਨਤ ਇਹ ਹੈ ਕਿ ਤੂੰ ਉਸ ਨੂੰ ਪਯਾਰੇਂ ਤਾਂ ਸਾਰੇ ਸੁਖ ਦੇ ਸਕਦਾ ਹੈ। ਤੂੰ ਉਸ ਨੂੰ ਪਯਾਰ ਕਰ। ਸੁਰਤ ਉਸ ਨਾਲ ਜੋੜ। ਫੇਰ ਤੂੰ ਇਕ ਆਨੰਦ ਮਾਣੇਂਗਾ। ਉਹ ਆਨੰਦ ਕੀ ਹੈ ? ਹਰੀ ਰੰਗ, ਹਰੀ ਦੇ ਪ੍ਰੇਮ ਦਾ ਰਸ, ਜੋ ਹਰੀ ਨਾਮ ਜਪਕੇ ਹਰੀ ਨਾਲ ਜੁੜੇ ਰਿਹਾਂ ਹਰੀ ਪ੍ਰੇਮੀਆਂ ਨੂੰ ਅਨੁਭਵ ਹੁੰਦਾ ਹੈ। ਇਸ ਪਉੜੀ ਵਿਚ ਜੋ ਪਦ ਹਨ 'ਸੁਣਿਆ', ਤੇ 'ਭਣਿਆ', ਉਨ੍ਹਾਂ ਦਾ ਮਤਲਬ ਇਹ ਨਹੀਂ ਕਿ ਮੈਂ ਨਹੀਂ ਜਾਣਦਾ, ਮੈਂ ਐਵੇਂ ਸੁਣਿਆ ਹੈ ਤੇ ਕਿਸੇ ਨੇ ਉਚਾਰਿਆ ਹੈ। ਪ੍ਰਸੰਗ ਦੀ ਲੜੀ ਸਪਸ਼ਟ ਕਰਦੀ ਹੈ ਕਿ ਇਸ ਦਾ ਭਾਵ ਆਪਣੇ ਕਥਨ ਨੂੰ ਕੋਈ ਪ੍ਰੋਢਤਾ ਦੇਣ ਦੀ ਹੈ, ਜੋ ਇਹ ਹੈ ਕਿ ਮੈਂ ਹੀ ਨਹੀਂ ਆਖਦਾ, ਮੇਰੇ ਸਤਿਗੁਰ ਦੇਵ ਜੀ ਇਸੀ ਪ੍ਰਕਾਰ ਆਖਦੇ ਸਨ। ਕਈ ਦਾਨੇ ਇਉਂ ਅਰਥ ਕਰਦੇ ਹਨ ਕਿ ਮੈਂ ਪ੍ਰਮਾਣੀਕ ਈਸ਼੍ਵਰੀਯ ਗ੍ਰੰਥਾਂ ਤੋਂ ਸੁਣਿਆਂ ਹੈ ਤੇ ਮਹਾਂ ਪੁਰਖਾਂ, ਸਾਈਂ ਪਯਾਰਿਆਂ ਨੇ, ਹਰ ਯੁਗ ਹਰ ਸਮੇਂ ਇਸੇ ਤਰ੍ਹਾਂ ਕਥਨ ਕੀਤਾ ਹੈ। ਮਤਲਬ ਇਸ ਦਾ ਬੀ ਇਹੋ ਹੈ ਕਿ ਆਪਣੇ ਕਥਨ ਦੀ ਪ੍ਰੋਢਤਾ ਵਿਚ ਏਹ ਵਾਕ ਉਚਾਰ ਰਹੇ ਹਨ।

**ਨਿਰੁਕ੍ਤ**—ਖਖੜੀਆ—ਅੱਕ ਦੀਆਂ ਅੰਬੀਆਂ, ਅੱਕ ਦਾ ਫਲ।

ਧਣੀ—ਮਾਲਕ, ਸੁਆਮੀ। ਸਹੰਸੈ—ਹਜ਼ਾਰਾਂ।

ਤਸਕਰ—ਚੋਰ। ਸੂਲਿ—ਸੂਲੀ। ਜਣਿਆ—ਪੈਦਾ ਕੀਤੇ ਹੋਏ।

[ਪਉੜੀ ਅੱਠਵੀਂ]

| ਮੂਲ | ਅਰਥ |
|---|---|
| ਸਲੋਕ ਮਃ ੫ ॥ ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ | ਜਿਨ੍ਹਾਂ ਨੂੰ ਹਰਿ ਨਾਮ ਰੂਪੀ ਮੰਤ੍ਰ ਮਨ ਵਿਚੋਂ ਹਰ ਸੁਆਸ (ਲੈਂਦਿਆਂ) ਹਰ ਗਿਰਾਸ (ਲੰਘਾਉਂਦਿਆਂ) ਨਹੀਂ ਭੁੱਲਦਾ: |

ਮਨਿ ਮੰਤੁ॥ ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥ ੧ ॥

ਹੇ ਨਾਨਕ ਐਸਾ ਪੁਰਖ ਹੀ ਧਨਤਾ ਯੋਗ ਹੈ, ਉਹੋ ਪੂਰਾ ਸੰਤ ਹੈ ॥ ੧ ॥

ਮਃ ੫ ॥ ਅਠੇ ਪਹਰ ਭਉਦਾ ਫਿਰੈ ਖਾਵਣ ਸੰਦੜੈ ਸੂਲਿ॥ਦੋਜਕਿ ਪਉਦਾ ਕਿਉ ਰਹੈ ਜਾ ਚਿਤਿ ਨ ਹੋਇ ਰਸੂਲਿ ॥ ੨ ॥

ਜੋ ਪੁਰਖ ਅੱਠੇ ਪਹਿਰ ਖਾਵਣ ਦੀ ਪੀੜਾ ਵਿਚ ਪਿਆ ਭਟਕਦਾ ਫਿਰਦਾ ਹੈ। ਉਹ ਨਰਕ ਵਿਚ ਪੈਣੋਂ ਕਿਵੇਂ ਬਚ ਸਕਦਾ ਹੈ ਜਦ (ਉਸ ਨੂੰ) ਪੀੜਾ ਨਾਸ਼ਕ ਚਿੱਤ ਹੀ ਨਹੀਂ ਆਉਂਦਾ ਹੈ ॥ ੨ ॥

ਪਉੜੀ ॥ ਤਿਸੈ ਸਰੇਵਹੁ ਪ੍ਰਾਣੀਹੋ ਜਿਸਦੈ ਨਾਉ ਪਲੈ ॥ ਐਥੈ ਰਹਹੁ ਸੁਹੇਲਿਆ ਅਗੈ ਨਾਲਿ ਚਲੈ ॥ ਘਰੁ ਬੰਧਹੁ ਸਚ ਧਰਮ ਕਾ ਗਡਿ ਥੰਮੁ ਅਹਲੈ ॥ ਓਟ ਲੈਹੁ ਨਾਰਾਇਣੈ ਦੀਨ ਦੁਨੀਆ ਝਲੈ ॥ ਨਾਨਕ ਪਕੜੇ ਚਰਣ ਹਰਿ ਤਿਸੁ ਦਰਗਹ ਮਲੈ ॥ ੮ ॥

ਉਸਦੀ ਸੇਵਾ ਕਰੋ, ਹੇ ਜੀਵੋ ! ਜਿਸਦੇ ਨਾਉਂ ਨਾਲ (ਜੀਵ) ਪਲਦਾ ਹੈ। (ਫੇਰ) ਐਥੇ (ਤੁਸੀਂ) ਸੁਖੀ ਰਹੋਗੇ (ਤੇ ਉਹ) ਅੱਗੇ ਬੀ (ਤੁਹਾਡੇ) ਨਾਲ ਜਾਏਗਾ। (ਭਗਤੀ ਰੂਪੀ) ਸੱਚੇ ਧਰਮ ਦਾ ਘਰ ਬਣਾਓ (ਉਸ ਨੂੰ ਉਸਾਰੋ) ਪੱਕੇ ਥੰਮ (ਸਿਦਕ) ਨੂੰ ਗੱਡ ਕੇ। ਉਸ ਉਤੇ, (ਇਸ ਕਾਰਜ ਵਿਚ) ਓਟ ਲਓ ਵਾਹਿਗੁਰੂ ਦੀ(ਉਹ ਤੁਹਾਡੀ ਰਖਯਾ ਕਰੇਗਾ ਜੋ, ਦੁਨੀਆਂ ਵਿਚ ਦੀਨਾਂ ਦੀ ਰਖਯਾ ਕਰਦਾ ਹੈ। ਹੇ ਨਾਨਕ ! (ਜਿਸ ਨੇ) ਹਰੀ ਦੇ ਚਰਣ ਪਕੜ ਲਏ ਹਨ ਉਸ ਨੇ (ਜਾਣੋ ਹਰੀ ਦੀ) ਦਰਗਾਹ ਮੱਲ ਲਈ ॥ ੮ ॥

**ਵਯਾਖਯਾ—**ਜਿਨ੍ਹਾਂ ਨੂੰ ਨਾਮ ਨਾ ਵਿੱਸਰੇ ਉਨ੍ਹਾਂ ਨੂੰ ਧੰਨਤਾ ਯੋਗ ਕਿਹਾ ਹੈ, ਫੇਰ ਉਨ੍ਹਾਂ ਨੂੰ ਸੰਤ ਕਿਹਾ ਹੈ। ਸੋ ਜਿਸ ਨੂੰ ਵਾਹਿਗੁਰੂ ਜੀ ਦਾ ਨਾਮ ਅਠੇ ਪਹਿਰ ਨਹੀਂ ਭੁੱਲਦਾ ਉਹ ਸੰਤ ਹੈ, ਇਸ ਦੇ ਮੁਕਾਬਲੇ ਤੇ ਦੂਸਰੇ ਸਲੋਕ ਵਿਚ ਗ਼ਾਫ਼ਲ ਦਾ ਜ਼ਿਕਰ ਕੀਤਾ ਹੈ।ਜਿਸਨੂੰ ਵਾਹਿਗੁਰੂ ਚਿਤ ਨਹੀਂ,ਉਸਨੂੰ ਇਕੋ ਸੂਲ(=ਪੀੜਾ=ਫਿਕਰ) ਖਾ ਰਿਹਾਹੈ ਕਿ ਖਾਵਣ,ਪਹਿਨਣ,ਭੋਗਣ ਦਾ ਸਾਮਾਨ ਹੋਰ ਜੁੜੇਹੋਰ ਜੁੜੇ। ਜੋ ਇਸੇ ਫਿਕਰ ਵਿਚ ਜੀਉਂਦਾ ਤੇ ਮਰ ਜਾਂਦਾ ਹੈ,ਉਸਦਾਇਹੋ ਸੁਭਾਵ ਤੇਇਹੋ ਵਾਸ਼ਨਾ ਉਸਦੇ ਨਾਲ ਜਾਂਦੀ ਹੈ,ਜੋ ਉਸਨੂੰ ਸੁਖਦਾਈਪ੍ਰਭੂ ਪਾਸਨਹੀਂ ਪਰ ਦੁਖਾਂਦੇ ਟਿਕਾਣੇਨਰਕ ਵਿਚ ਲੈਜਾਂਦੀ ਹੈ। ਪਉੜੀ ਵਿਚ ਫੇਰ ਉਹੋ ਵਿਸ਼ਯ ਜਾਰੀ ਹੈ ਦੋਹਾਂ ਦੇ ਸਿੱਟੇ ਵਿਚ ਉਪਦੇਸ਼ ਰੂਪ ਵਿਚ, ਕਿ ਹੇ ਪ੍ਰਾਣੀਓ ! ਜਿਸਦੇ ਨਾਮ ਵਿਚ ਮਨ ਤੇ ਸਰੀਰ ਦੋਹਾਂ ਨੂੰ ਪਾਲਣ ਦੀ ਸ਼ਕਤੀ ਹੈ, ਉਸ ਦੀ ਸੇਵਾ ਕਰੋ, ਭਾਵ ਉਸ ਨੂੰ ਸਿਮਰੋ, ਏਥੇ ਸੁਖੀ ਰਹੋਗੇ ਤੇ ਅਗੇ ਉਹ ਸਹਾਈ ਹੋਵੇਗਾ। ਏਥੇ ਛਡ ਜਾਣੇ ਘਰ ਨਾ ਬਣਾਓ, ਸਚੇ ਧਰਮ ਦਾ ਘਰ ਉਸਾਰੋ, ਉਹ ਹੈ ਭਗਤੀ ਰੂਪੀ ਘਰ, ਉਸ ਘਰ ਨੂੰ ਉਸਾਰੋ ਪੱਕੇ ਥੰਮ੍ਹ ਤੇ, ਉਹ ਥੰਮ੍ਹ ਹੈ ਸਿਦਕ। ਇਹ ਕੰਮ ਬੀ ਅਪਣੀ ਹਉਂ ਦੇ ਆਸਰੇ ਨਾ ਕਰੋ, ਪਰ ਪ੍ਰਭੂ ਦੀ ਓਟ ਲੈਕੇ ਕਰੋ। ਉਹੀ ਦੁਨੀਆਂ ਵਿਚ ਦੀਨਾਂ ਦਾ ਰਖਯਕ ਹੈ। ਤੁਸੀਂ ਅਪਣੀ ਦੀਨਤਾਈ ਕਰਕੇ ਨਿਰਾਸ ਨਾ ਹੋਵੋ ਉਹ ਦੀਨਾਂ ਦਾ ਸਹਾਈ ਹੈ। ਉਸ ਦੀ ਓਟ ਲੈਣੀ ਨਿੱਕੀ ਜੇਹੀ ਗਲ ਨਹੀਂ। ਉਪਰ ਕਹੇ ਮੂਜਬ ਸਿਦਕ ਦੇ ਥਮ੍ਹ ਗੱਡਕੇ, ਜਿਸ ਨੇ ਭਗਤੀ ਧਾਰਨ ਕਰਕੇ ਸਾਈਂ ਦੀ ਓਟ ਲਈ ਹੈ, ਉਹ ਜਾਣੋ ਦਰਗਾਹ ਵਿਚ ਜਾ ਬੈਠਾ ਹੈ। ਹੁਣੇ ਹੀ ਉਸ ਨੇ ਦਰਗਾਹ ਵਿਚ ਥਾਂ ਮੱਲ ਲਈ ਹੈ।

**ਨਿਰੁਕ੍ਤ—**ਹਰਿ ਨਾਮਾਂ ਮਨਿ ਮੰਤੁ—ਹਰਿ ਨਾਮ ਮੰਤ੍ਰ ਮਨ ਵਿਚੋਂ।

ਸਿ—ਅਸਿ=ਉਹ ਹੈ, (ਅ) ਉਹੋ ਹੀ।

ਖਾਵਣ ਸੰਦੜੈ ਸੂਲਿ—ਮੁਹਾਵਰਾ ਹੈ ਕਿ ਸਿਵਾ ਖਾਣ ਪੀਣ ਅਰਥਾਤ ਭੋਗਣ ਦੇ ਜਿਸ ਨੂੰ ਹੋਰ ਪੀੜਾ ਯਾ ਫਿਕਰ ਚਿੰਤਾ ਨਹੀਂ ਹੈ। ਸੂਲਿ—[ਸੰਸ:, ਸ਼ੂਲ:=ਦੁਖ, ਦਰਦ। ਪੰ:, ਪੀੜਾ]

ਪੰਜਾਬੀ ਵਿਚ ਸੂਲ ਦੇ ਅਰਥ ਹਨ ਪੇਟ ਦੀ ਤ੍ਰਿਖੀ ਪੀੜਾ।

ਦੋਜਕਿ-[ਫਾ:, ਦੋਜ਼ਖ਼] ਨਰਕ।

ਰਸੂਲਿ-[ਸੰਸ:, ਰ:=ਅੱਗ, ਸਾੜ+ਸੂਲ:=ਦੁਖ। ਪੀੜਾ। ਰਸੂਲ=ਦੁਖ ਹਰਤਾ। ੨. ਅ:, ਰਸੂਲ=ਪੈਗ਼ੰਬਰ। ਮੁਸਲਮਾਨਾਂ ਦਾ ਅਵਤਾਰ] ਪੈਗ਼ੰਬਰ, ਗੁਰੂ। (ਅ) ਪੀੜਾ ਨਾਸ਼ਕ, ਦੁਖ ਹਰਤਾ। ਭਾਵ ਰੱਬ। ਪਹਿਲੀ ਤੁਕ ਦਾ ਤੁਕਾਂਤ ਹੈ ਸੂਲਿ, ਦੂਜੀ ਦਾ ਹੈ ਰਸੂਲਿ, ਦੋਹਾਂ ਵਿਚ ਮਟਕ ਰਖੀ ਹੈ। 'ਖਾਣ ਦੇ ਸੂਲ' ਵਿਚ ਫਿਰਦਾ ਹੈ, ਪਰ (ਰ+ਸੂਲਿ=) ਪੀੜਾ ਨਾਸ਼ਕ ਹਰੀ ਉਸ ਦੇ ਚਿਤ ਹੀ ਨਹੀਂ। (ਅ) ਰਸੂਲ ਦਾ ਅਰਥ ਰਸੀਆ ਬੀ ਢੁਕਦਾ ਹੈ। 'ਰਸ' ਦੇ ਅਗੇ 'ਊਲ' ਪ੍ਰਤੇ। ਪੰਜਾਬੀ ਵਿਚ ਈ, ਆ, ਊਆ, ਆਲ, ਊਲ, ਈਲ ਆਦਿ ਪ੍ਰਤੇ ਸੰਗਯਾ ਨਾਲ ਤੱਧਤ ਹੋਕੇ ਆ ਲਗਦੇ ਹਨ। (ੲ) ਇਸ ਦਾ ਅਰਥ ਅਰਬੀ ਪਦ 'ਰਸੂਲ' ਲੈਕੇ 'ਗੁਰੂ' ਬੀ ਕਰਦੇ ਹਨ। ਅਰਬੀ ਵਿਚ ਰਸੂਲ ਦੇ ਅਰਥ ਹਨ-ਘੱਲਿਆ ਹੋਇਆ, ਯਾ ਪੈਗ਼ੰਬਰ, ਜੋ ਰੱਬ ਦਾ ਘੱਲਿਆ ਆਉਂਦਾ ਹੈ, ਇਸ ਤੋਂ ਗਯਾਨੀ ਭਾਵ ਗੁਰੂ ਦਾ ਲੈਂਦੇ ਹਨ, ਜਿਵੇਂ ਗੁਰਬਾਣੀ ਵਿਚ ਦਮੋਦਰ, ਮੁਰਾਰੀ ਆਦਿ ਪਦਾਂ ਦਾ ਭਾਵ ਵਾਹਿਗੁਰੂ ਲਈਦਾ ਹੈ। ਪਰ ਇਕ ਗੱਲ ਧਯਾਨ ਵਾਲੀ ਹੈ ਕਿ ਇਥੇ 'ਰਸੂਲਿ' ਪਦ ਨੂੰ ਸਿਆਰੀ ਹੈ, ਜੋ ਅਰਬੀ ਵਿਚ ਨਹੀਂ ਹੈ, ਨਾ ਹੀ ਪੰਜਾਬੀ ਉਚਾਰਣ ਵਿਚ ਰਸੂਲ ਪਦ ਵਿਚ ਸਿਆਰੀ ਉਚਾਰੀ ਜਾਂਦੀ ਹੈ। ਜੇ ਸਿਆਰੀ ਇਸਤ੍ਰੀ ਲਿੰਗ ਦਾ ਚਿੰਨ੍ਹ ਸਮਝੀਏ ਤਾਂ ਅਰਥ ਨਹੀਂ ਢੁਕਦਾ।ਜੇ 'ਵਿਚ' ਅਰਥ ਲਈਏ ਤਾਂ ਬੀ ਨਹੀਂ ਢੁਕਦਾ। ਇਸ ਲਈ ਇਹ ਪਦ ਅਰਬੀ ਦਾ 'ਰਸੂਲ' ਪਦ ਨਹੀਂ ਜਾਪਦਾ; ਪਰ ਇਹ 'ਸੂਲਿ' ਪਦ ਨੂੰ ਕਟਾਖਯ ਸੁੱਟਣ ਲਈ ਨਵਾਂ ਬਣਾਕੇ 'ਰਸੂਲਿ' ਪਦ ਵਰਤਿਆ ਗਿਆ ਜਾਪਦਾ ਹੈ। 'ਕਵਯ: ਨਿਰਾਂਕੁਸ਼:' ਸਾਹਿਤ ਦਾ ਅਸੂਲ ਹੈ। 'ਨਵੇਂ ਸਮਾਸ', 'ਨਵੇਂ ਪਦ', 'ਨਵੇਂ ਛੰਦ' ਰਚਣੇ ਕਵੀਆਂ ਦੇ ਵੱਸ ਵਿਚ ਹਨ। ਸੋ ਜੇ ਗੁਰੂ ਜੀ ਨੇ ਇਹ ਕਟਾਖਯਮਈ 'ਨਵਾਂ' ਪਦ ਰਚਿਆ ਹੈ ਤਾਂ ਅਸਚਰਜ ਹੋਣ ਦੀ ਥਾਂ ਨਹੀਂ। ਪੁਰਾਣੇ ਠੁੱਕ ਬੱਧੇ ਪਦ ਹੀ ਵਰਤਣ ਦੀ ਬੰਦਸ਼ ਕਵੀਆਂ ਤੇ ਨਹੀਂ ਢੁੱਕਦੀ, ਤੇ ਗੁਰੂ ਜੀ ਤਾਂ ਸ੍ਵੈਛੰਦ ਛੰਦਾਂ ਤੇ ਪਦਾਂ ਦੇ ਰਚਣਹਾਰ ਹਨ।

ਪਲੈ-ਪਲਦਾ ਹੈ। (ਅ) ਇਸ ਦਾ ਅਰਥ 'ਪੱਲੈ' ਸਮਝਕੇ 'ਪਾਸ' ਬੀ ਕਰਦੇ ਹਨ, 'ਜਿਸ ਦੇ ਪੱਲੇ ਨਾਮ ਹੈ'-ਭਾਵ ਗੁਰੂ। ਪਰ ਪਿਛੇ ਜੋ ਪਦ 'ਖਾਵਣ ਸੰਦੜੈ ਸੂਲਿ' ਆਯਾ ਸੀ ਇਸ ਦੀ ਸੈਨਤ ਬੀ ਉਸੇ ਵਲ ਹੈ ਕਿ ਪ੍ਰਭੂ ਦੇ ਨਾਮ ਨਾਲ ਜੀਵ ਪਲਦਾ ਹੈ, ਉਸੇ ਦੀ ਸੇਵਾ ਕਰੋ। ਅਗਲੀ ਤੁਕ ਵਿਚ ਦੱਸਿਆ ਹੈ ਕਿ ਏਥੇ ਸੁਖੀ ਰਹੋਗੇ। ਇਹ ਬੀ ਸੈਨਤ ਖਾਣ ਪੀਣ ਆਦਿ ਸੰਸਾਰਕ ਲੋੜਾਂ ਵਲ ਹੈ। 'ਸੱਚ ਧਰਮ ਦਾ ਘਰ' ਤੋਂ ਮੁਰਾਦ ਭਗਤੀ ਦੀ ਲਈਦੀ ਹੈ। 'ਅਹਲੈ ਥੰਮੁ' ਤੋਂ ਮੁਰਾਦ ਸਿਦਕ ਦੀ ਲਈਦੀ ਹੈ।

ਦੀਨ ਦੁਨੀਆ-ਦੁਨੀਆਂ ਵਿਚ (ਜੋ) ਦੀਨ ਹਨ। (ਅ) ਦੀਨ ਦੁਨੀਆਂ ਦਾ ਅਰਥ ਦੀਨ ਦੁਨੀਆਂ ਵਿਚ ਬੀ ਕਰੀਦਾ ਹੈ।

ਝਲੈ- ਝਲ ਲਵੇ। ਮੁਹਾਵਰਾ ਹੈ, ਆਸਰਾ ਦੇਣ ਤੇ ਬਚਾ ਲੈਣ ਦਾ।

## [ਪਉੜੀ ਨੌਵੀਂ]

| ਮੂਲ | ਅਰਥ |
|---|---|
| ਸਲੋਕ ਮਃ ੫ ॥ ਜਾਚਕੁ ਮੰਗੈ ਦਾਨੁ ਦੇਹਿ ਪਿਆਰਿਆ ॥ ਦੇਵਣ-ਹਾਰੁ ਦਾਤਾਰੁ ਮੈ ਨਿਤ ਚਿਤਾਰਿਆ | ਹੇ ਪਿਆਰੇ! ਮੰਗਤਾ ਦਾਨ ਮੰਗਦਾ ਹੈ (ਨਾਮ ਦਾ ਤੂੰ) ਦੇਹਿ। ਮੈਂ ਸਦਾ ਦੇਵਣ ਜੋਗ ਦਾਤੇ ਨੂੰ (ਇਸੇ ਭਾਵ ਲਈ) ਚਿਤਾਰਿਆ ਹੈ, (ਤੇਰੇ) ਭੰਡਾਰੇ (ਖ਼ਜ਼ਾਨੇ) ਅਤੋਲਵੇਂ ਹਨ |

॥ ਨਿਖੁਟਿ ਨ ਜਾਈ ਮੂਲਿ ਅਤੁਲ ਭੰਡਾਰਿਆ ॥ ਨਾਨਕ ਸਬਦੁ ਅਪਾਰੁ ਤਿਨਿ ਸਭੁ ਕਿਛੁ ਸਾਰਿਆ ॥੧॥

(ਭਾਵ ਬੇਹੱਦ ਹਨ ਓਹ) ਮੂਲੋਂ (=ਰਤਾ ਭਰ ਬੀ) ਮੁੱਕਣ ਨਹੀਂ ਲੱਗੇ। ਹੇ ਨਾਨਕ! ਸ਼ਬਦ ਅਮੁੱਕ ਵਸਤੂ ਹੈ ਜਿਸ ਨੇ ਸਭ ਕੁਛ (ਸਾਜਿਆ) ਸੰਵਾਰਿਆ ਹੈ॥੧॥

ਮਃ ੫॥ ਸਿਖਹੁ ਸਬਦੁ ਪਿਆਰਿਹੋ ਜਨਮ ਮਰਨ ਕੀ ਟੇਕ ॥ ਮੁਖ ਊਜਲ ਸਦਾ ਸੁਖੀ ਨਾਨਕ ਸਿਮਰਤ ਏਕ ॥੨॥

ਹੇ ਪਿਆਰਿਓ! ਸ਼ਬਦ ਨੂੰ ਸਿੱਖੋ (ਜੋ ਜੀਵ ਦੀ) ਜਨਮ ਮਰਨ ਦੀ ਟੇਕ ਹੈ, (ਕਿਉਂਕਿ ਇਸ ਨਾਲ ਜੀਉਂਦੇ ਜੀ ਜਗਤ ਵਿਚ) ਸਦਾ ਸੁਖੀ ਰਹੀਦਾ ਹੈ (ਤੇ ਮਰਕੇ ਦਰਗਾਹ ਵਿਚ) ਮੂੰਹ ਉੱਜਲਾ ਹੁੰਦਾ ਹੈ, (ਹੇ ਨਾਨਕ!) ਇਕ (ਹਰੀ) ਨੂੰ ਸਿਮਰਦਿਆਂ (ਇਹ ਫਲ ਪ੍ਰਾਪਤ ਹੁੰਦੇ ਹਨ)॥੨॥

ਪਉੜੀ॥ ਓਥੈ ਅੰਮ੍ਰਿਤੁ ਵੰਡੀਐ ਸੁਖੀਆ ਹਰਿ ਕਰਣੇ ॥ ਜਮ ਕੈ ਪੰਥਿ ਨ ਪਾਈਅਹਿ ਫਿਰਿ ਨਾਹੀ ਮਰਣੇ ॥ ਜਿਸਨੋ ਆਇਆ ਪ੍ਰੇਮ ਰਸੁ ਤਿਸੈ ਹੀ ਜਰਣੇ ॥ ਬਾਣੀ ਉਚਰਹਿ ਸਾਧ ਜਨ ਅਮਿਉ ਚਲਹਿ ਝਰਣੇ ॥ ਪੇਖਿ ਦਰਸਨੁ ਨਾਨਕੁ ਜੀਵਿਆ ਮਨ ਅੰਦਰਿ ਧਰਣੇ ॥੯॥

[ਪ੍ਰਸ਼ਨ: ਸ਼ਬਦ ਨੂੰ ਕਿੱਥੋਂ ਸਿੱਖੀ ਦਾ ਹੈ? ਉੱਤਰ:–ਸਤਿਸੰਗ ਵਿਚੋਂ;] ਓਥੇ (ਭਾਵ ਸਤਿਸੰਗ ਵਿਚ) ਹਰੀ ਨਾਮ ਦਾ ਸੁਖੀ ਕਰਨੇ ਵਾਲਾ, ਅੰਮ੍ਰਿਤ ਵੰਡੀਂਦਾ ਹੈ। (ਜੋ ਉਥੋਂ ਏਸ ਨੂੰ ਪੀਂਦੇ ਹਨ ਓਹ) ਜਮ ਦੇ ਰਸਤੇ ਵਿਚ ਨਹੀਂ ਪਾਏ ਜਾਂਦੇ ਨਾ (ਉਹਨਾਂ ਨੂੰ) ਫੇਰ (ਜੰਮਣੇ) ਮਰਣੇ ਹੀ ਹੁੰਦੇ ਹਨ। (ਪਰ ਇਕ ਗੱਲ ਜ਼ਰੂਰੀ ਹੈ ਕਿ) ਜਿਸ ਨੂੰ (ਸਤਿਸੰਗ ਵਿਚੋਂ ਇਹ) ਪ੍ਰੇਮ ਰਸ ਪ੍ਰਾਪਤ ਹੁੰਦਾ ਹੈ ਉਸ ਨੂੰ (ਇਸਦਾ) ਜਰਣਾ (ਹੀ ਬਣਦਾ) ਹੈ। (ਓਥੇ ਸਾਧ ਸੰਗ ਵਿਚ) ਸਾਧੂ ਜਨ (ਐਸੀ) ਬਾਣੀ ਉਚਾਰਦੇ ਹਨ ਕਿ ਅੰਮ੍ਰਿਤ ਦੇ (ਮਾਨੋ) ਫੁਹਾਰੇ ਛੁਟ ਰਹੇ ਹਨ। ਏਹ ਦਰਸ਼ਨ ਦੇਖ ਕੇ ਤੇ ਇਸ ਨੂੰ ਮਨ ਦੇ ਅੰਦਰ ਧਰਣੇ ਕਰਕੇ ਨਾਨਕ ਜੀਉ ਜੀਉ ਪਿਆ ਹੈ॥੯॥

**ਵਯਾਖਯਾ**—ਦੁਇ ਸਲੋਕ ਤੇ ਪਉੜੀ ਸਿਲਸਲੇ ਬੱਧ ਚਲ ਰਹੇ ਹਨ। ਪਹਿਲਾ ਸਲੋਕ ਇਕ ਅਰਦਾਸ ਹੈ, ਜਿਸ ਵਿਚ ਇਕ ਦਾਨ ਮੰਗਿਆ ਹੈ ਪਰ ਦਾਨ ਏਥੇ ਦੱਸਿਆ ਨਹੀਂ, ਧੁਨੀ ਵਿਚ ਦਾਨ ਨਾਮ ਦਾ ਮੰਗਿਆ ਹੈ, ਜੋ 'ਨਿਤ ਚਿਤਾਰਿਆ' ਤੋਂ ਸੈਨਤ ਦੇ ਜਾਂਦਾ ਹੈ। ਪਰ ਹੋਰਥੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਦੱਸਿਆ ਹੈ ਕਿ ਦਾਨ ਨਾਮ ਹੈ। ਯਥਾ:–

ਜਾਚਕ ਜਨੁ ਜਾਚੈ ਪ੍ਰਭ ਦਾਨੁ ॥ ਕਰਿ ਕਿਰਪਾ ਦੇਵਹੁ ਹਰਿ ਨਾਮੁ ॥

[ਗਉੜੀ ਮਹਲਾ ੫, ਸੁਖਮਨੀ, ੨੦-੧

ਫੇਰ 'ਦੇਵਣਹਾਰ ਦਾਤਾਰ' ਦੱਸਿਆ ਹੈ ਜਿਸ ਤੋਂ ਦਾਨ ਮੰਗ ਰਹੇ ਹਨ। ਇਸ ਦੀ ਟੋਹ 'ਅਤੁਲ ਭੰਡਾਰਿਆਂ' ਤੋਂ ਸਹੀ ਹੋ ਜਾਂਦੀ ਹੈ ਕਿ ਅਨੰਤ ਹਰੀ ਤੋਂ ਹੈ। ਤੇ ਸੈਨਤ ਇਹ ਜਾਪਦੀ ਹੈ ਕਿ ਦਾਤਾ! ਮੈਨੂੰ ਦਾਨ ਦੇਹੁ ਅਤੁੱਲ ਭੰਡਾਰਿਆਂ ਤੋਂ, ਜੋ ਦੇਂਦਿਆਂ ਦੇਂਦਿਆਂ ਕਦੇ ਖੁੱਟਦੇ ਨਹੀਂ। ਜੇ ਖੁੱਟਣੇ ਨਹੀਂ ਤਾਂ ਦੇਣ ਵਿਚ ਬਿਲੰਬ ਕਿਉਂ? ਦੇਣ ਵਾਲਾ ਦਾਤਾ ਅਨੰਤ ਹੈ, ਉਸ ਦੇ ਭੰਡਾਰੇ ਅਤੁੱਲ ਹਨ, ਦਾਤ ਜੋ ਮਿਲਣੀ ਹੈ ਉਹ ਅਖੁੱਟ ਭੰਡਾਰੇ ਤੋਂ ਅਨੰਤ ਦੀ ਹੋਣ ਕਰਕੇ ਅਪਾਰ ਭਾਵ ਅਮੁੱਕ ਹੋਣੀ ਹੈ। ਫਿਰ ਉਹ ਦਾਤ ਐਸੀ ਵੈਸੀ ਨਹੀਂ, ਉਹ ਸਭੋ ਕੁਛ ਸੁਆਰਨ ਵਾਲੀ ਹੈ। ਇਹ ਕੁਛ ਅਰਦਾਸ ਵਿਚ ਸ਼ਬਦ ਦੀ ਸਬਲਤਾ ਦੱਸਕੇ, ਹੁਣ ਦੂਜੇ ਸਲੋਕ ਵਿਚ ਸਿਖਾਂ ਪ੍ਰਤੀ ਉਪਦੇਸ਼ ਹੈ ਕਿ ਇਹ ਸ਼ਬਦ ਸਿਖੋ। ਇਹ ਤੁਹਾਨੂੰ ਏਥੇ ਸੁਖੀ ਤੇ ਅੱਗੇ ਉਜਲੇ ਮੁਖ ਲੈ ਜਾਏਗਾ। ਇਸ ਸ਼ਬਦ ਨੇ ਤੁਸਾਂ ਨੂੰ ਸਭ ਤੋਂ ਛੁਡਾਕੇ ਇਕ ਦੇ ਸਿਮਰਣ ਵਿਚ ਪਾਉਣਾ ਹੈ।

ਹੁਣ ਸੁਤੇ ਸੁਆਲ ਪੈਦਾ ਹੁੰਦਾ ਹੈ ਕਿ ਸ਼ਬਦ ਕਿਥੋਂ ਸਿੱਖੀਏ? ਤਾਂ ਜਵਾਬ ਹੈ: ਸਤਿਸੰਗ ਵਿਚੋਂ।

ਇਹ ਜਵਾਬ ਚੌਥੀ ਤੁਕ ਤੋਂ ਸੰਭਾਵਿਤ ਹੋ ਜਾਂਦਾ ਹੈ ਕਿ ਜਿਥੇ ਸਾਧੂ ਜਨ ਅੰਮ੍ਰਿਤ ਰੂਪ ਬਾਣੀ ਦੇ ਫੁਹਾਰੇ ਚਲਾ ਰਹੇ ਹਨ ਉਹ ਸਤਿਸੰਗ ਹੋਇਆ। ਸਾਰੀ ਪਉੜੀ ਵਿਚ ਫੇਰ ਸਤਿਸੰਗ ਦਾ ਹਾਲ ਦੱਸਿਆ ਹੈ ਕਿ ਓਥੇ ਨਾਮ ਤੇ ਬਾਣੀ ਦਾ ਪ੍ਰਵਾਹ ਚਲਦਾ ਹੈ। ਜਿਸ ਤੋਂ ਪ੍ਰੇਮ ਰਸ ਪ੍ਰਾਪਤ ਹੁੰਦਾ ਹੈ। ਇਹ ਪ੍ਰੇਮ ਰਸ ਅਜਰ ਵਸਤੂ ਹੈ, ਇਸ ਨੂੰ ਜਰਨਾ ਬਣਦਾ ਹੈ, ਨਾ ਜਰੇ ਤਾਂ ਹਾਨੀ ਹੁੰਦੀ ਹੈ। ਜਰ ਲੈਣ ਦਾ ਫਲ ਇਹ ਹੁੰਦਾ ਹੈ ਕਿ ਮੁੜਕੇ ਜਨਮ ਮਰਨ ਨਹੀਂ ਹੁੰਦਾ। ਇਹ ਕੁਛ ਗਲ ਬਾਤ ਵਰਤਦੀ ਹੈ, ਤੇ ਇਸ ਦਾ ਦਰਸ਼ਨ ਜੀਵਨ ਦਾਤਾ ਹੈ; ਪਰ ਸ਼ਰਤ ਇਹ ਹੈ ਕਿ ਜੋ ਕੁਛ ਸਤਿਸੰਗ ਵਿਚੋਂ ਪ੍ਰਾਪਤ ਹੋਵੇ ਉਸ ਨੂੰ ਮਨ ਵਿਚ ਧਾਰਨ ਕੀਤਾ ਜਾਵੇ।

**ਨਿਰੁਕ੍ਤ**–ਜਾਚਕੁ–[ਸੰਸ:, ਯਾਚਕ.] ਮੰਗਣ ਵਾਲਾ, ਮੰਗਤਾ, ਭਿਖਾਰੀ।

ਚਿਤਾਰਿਆ–[ਸੰਸ:, ਧਾਤੂ-ਚਿੰਤ੍=ਸੋਚਣਾਂ, ਵਿਚਾਰਨਾ, ਯਾਦ ਕਰਨਾ] ਯਾਦ ਕੀਤਾ।

ਮੂਲਿ–ਮੂਲੋਂ ਹੀ, ਭਾਵ ਬਿਲਕੁਲ ਨਹੀਂ ਮੁੱਕੇਗਾ। ਰਤਾ ਨਹੀਂ ਘਟੇਗਾ।

ਅਤੁਲ–ਜਿਸ ਦਾ ਤੋਲ ਨਹੀਂ। ਹੱਦ ਮਿਣਤੀ ਤੋਂ ਪਰੇ।

ਅਪਾਰੁ–ਪਾਰ ਰਹਿਤ, ਬਹੁਤ, ਅਮੁੱਕ।

ਸਾਰਿਆ–ਸੁਆਰਿਆ ਦਾ ਦੂਜਾ ਰਪ। (ਅ ਸਾਰਿਆ ਦਾ ਅਰਥ ਸੰਭਾਲਿਆ ਬੀ ਹੁੰਦਾ ਹੈ, ਪਰ ਏਥੇ 'ਸੰਵਾਰਿਆ' ਠੀਕ ਢੁੱਕਦਾ ਹੈ।

ਜਰਣੇ–ਜਰਨਾ, ਸਹਾਰਨਾ ਬਣਦਾ ਹੈ। ਅੰਮਿਉ–ਅੰਮ੍ਰਿਤ।

ਝਰਣੇ–[ਸੰਸ:, ਝਰ:=ਝਰਨਾ, ਆਬਸ਼ਾਰ। ਪੰਜਾਬੀ ਝਰਣਾ ਤੋਂ ਝਰਣਾ=ਸੰਗਯਾ ਹੈ] ਪਾਣੀ ਜਿਥੋਂ ਝਰੇ। ਫੁਹਾਰੇ।

[ਪਉੜੀ ਦਸਵੀਂ]

**ਮੂਲ**

ਸਲੋਕ ਮਃ ੫ ॥ ਸਤਿਗੁਰਿ ਪੂਰੈ ਸੇਵਿਐ ਦੂਖਾ ਕਾ ਹੋਇ ਨਾਸੁ ॥ ਨਾਨਕ ਨਾਮਿ ਅਰਾਧਿਐ ਕਾਰਜੁ ਆਵੈ ਰਾਸਿ ॥ ੧ ॥

ਮਃ ੫ ॥ ਜਿਸੁ ਸਿਮਰਤ ਸੰਕਟ ਛੁਟਹਿ ਅਨਦ ਮੰਗਲ ਬਿਸ੍ਰਾਮ ॥ ਨਾਨਕ ਜਪੀਐ ਸਦਾ ਹਰਿ ਨਿਮਖ ਨ ਬਿਸਰਉ ਨਾਮੁ ॥੨॥

ਪਉੜੀ ॥ ਤਿਨ੍ ਕੀ ਸੋਭਾ ਕਿਆ ਗਣੀ ਜਿਨੀ ਹਰਿ ਹਰਿ ਲਧਾ ॥ ਸਾਧਾਸਰਣੀ ਜੋ ਪਵੈ ਸੋ ਛੁਟੈ ਬਧਾ॥ ਗੁਣ ਗਾਵੈ ਅਬਿਨਾਸੀਐ ਜੋਨਿ

**ਅਰਥ**

ਪੂਰੇ ਸਤਿਗੁਰੂ ਦੀ ਸੇਵਾ ਕਰਨੇ ਨਾਲ ਦੁਖਾਂ ਦਾ ਨਾਸ਼ ਹੋ ਜਾਂਦਾ ਹੈ। ਹੇ ਨਾਨਕ! ਨਾਮ ਦਾ ਅਰਾਧਣ ਕਰਨੇ ਨਾਲ (ਸਭ) ਕਾਰਜ ਰਾਸ ਆ ਜਾਂਦਾ ਹੈ ॥ ੧ ॥

ਜਿਸ ਨੂੰ ਸਿਮਰਨੇ ਨਾਲ ਕਰੜੇ ਦੁਖ ਦੂਰ ਹੋ ਜਾਂਦੇ ਹਨ, ਆਨੰਦਾਂ ਤੇ ਖੁਸ਼ੀਆਂ ਵਿਚ ਆਰਾਮ ਪਾਈਦਾ ਹੈ, ਹੇ ਨਾਨਕ! (ਐਸੇ) ਹਰੀ ਨੂੰ ਸਦਾ ਜਪੀਏ, (ਹਾਂ, ਉਸਦਾ) ਨਾਮ (ਸਾਨੂੰ) ਅੱਖ ਫਰਕਣੇ ਦੇ ਸਮੇਂ ਜਿੰਨਾਂ ਚਿਰ ਬੀ ਨਾ ਭੁੱਲੇ ॥ ੨ ॥

(ਇਸ ਤਰ੍ਹਾਂ) ਜਿਨ੍ਹਾਂ ਨੇ ਹਰੀ ਹਰਿ (ਨਾਮ) ਲੱਭ ਲਿਆ ਹੈ ਉਨ੍ਹਾਂ ਦੀ ਸ਼ੋਭਾ ਮੈਂ ਕੀ ਗਿਣਾਂ? ਜੋ ਬੀ ਸਾਧਾਂ ਦੀ ਸਰਣੀ ਜਾ ਪਏਗਾ ਉਹ (ਕਰਮ ਜਾਲ ਵਿਚ) ਬੱਧਾ (ਹੋਇਆ) ਛੁੱਟ ਜਾਏਗਾ। (ਜੋ) ਅਵਿਨਾਸ਼ੀ (ਪ੍ਰਭੂ) ਦੇ ਗੁਣ ਗਾਉਂਦਾ ਹੈ ਉਹ ਗਰਭ ਜੋਨਿ ਵਿਚ (ਪੈ ਕੇ) ਸੜਦਾ ਨਹੀਂ. (ਦੁਖੀ ਨਹੀਂ

ਗਰਭਿ ਨ ਦਧਾ ॥ ਗੁਰੁ ਭੇਟਿਆ ਪਾਰਬ੍ਰਹਮੁ ਹਰਿ ਪੜਿ ਬੁਝਿ ਸਮਧਾ ॥ ਨਾਨਕ ਪਾਇਆ ਸੋ ਧਣੀ ਹਰਿ ਅਗਮ ਅਗਾਧਾ॥੧੦॥

ਹੁੰਦਾ)। ਜੋ ਪਾਰਬ੍ਰਹਮ (ਰੂਪ) ਗੁਰੂ ਨੂੰ ਮਿਲ ਪੈਂਦਾ ਹੈ, (ਉਹ) ਪੜ੍ਹ ਤੇ ਗੁੜ੍ਹ ਕੇ ਹਰੀ ਵਿਚ ਲਿਵਲੀਨ ਹੋ ਜਾਂਦਾ ਹੈ। ਹੇ ਨਾਨਕ! (ਐਸੇ ਲਿਵਲੀਨ ਹੋਏ ਨੇ ਹੀ ਸਮਝੋ ਕਿ) ਅਗਮ ਤੇ ਅਗਾਧ ਉਸ ਹਰੀ ਮਾਲਕ ਨੂੰ ਪਾ ਲਿਆ ਹੈ॥੧੦॥

**ਵਯਾਖਯਾ**--ਤ੍ਰੈਹਾਂ ਵਿਚ ਸ਼੍ਰੇਣੀ ਬੱਧਵਾਂ ਭਾਵ ਚਲਦਾ ਹੈ ਪਹਿਲੇ ਸ਼ਲੋਕ ਵਿਚ ਗੁਰੂ ਪੂਰੇ ਦੀ ਸੇਵਾ ਦੱਸਕੇ ਉਸ ਤੋਂ ਮਿਲਣੇ ਵਾਲੇ ਨਾਮ ਦੀ ਲੋੜ ਦੱਸੀ ਹੈ। ਉਸ ਨਾਮ ਨਾਲ ਸਾਰੇ ਕਾਰਜ ਰਾਸ ਹੁੰਦੇ ਵਰਣਨ ਕੀਤੇ ਹਨ। ਦੂਸਰੇ ਸ਼ਲੋਕ ਵਿਚ ਹੋਰ ਖੋਹਲਿਆ ਹੈ ਕਿ ਜੀਵਨ ਦੀਆਂ ਮੁਸ਼ਕਲਾਂ ਯਾ ਕਰਕੇ ਦੁੱਖ ਇਸੇ ਨਾਮ ਨਾਲ ਦੂਰ ਹੁੰਦੇ ਹਨ। ਨਾ ਨਿਰੀ ਦੁਖ ਨਵਿਰਤੀ ਹੁੰਦੀ ਹੈ, ਸਗੋਂ ਆਨੰਦ ਮੰਗਲ ਪ੍ਰਾਪਤ ਹੁੰਦਾ ਹੈ। ਨਾਮ ਨਾਲ ਦੁਖ ਨਵਿਰਤੀ ਇਉਂ ਨਹੀਂ ਜਿਵੇਂ ਚੁੱਲ੍ਹੇ ਦੀ ਅੱਗ ਬੁਝ ਗਿਆਂ ਚੁੱਲ੍ਹਾ ਸ਼ਾਂਤ ਹੋ ਜਾਂਦਾ ਹੈ: ਪਰ ਇਸ ਸ਼ਾਂਤਿ ਦੇ ਉਪ੍ਰੰਤ ਉਸ ਨੂੰ ਆਨੰਦ, ਸਚ ਮੁਚ ਦਾ ਆਨੰਦ, ਪ੍ਰਾਪਤ ਹੁੰਦਾ ਹੈ। ਫੇਰ ਉਪਦੇਸ਼ ਦਿੱਤਾ ਹੈ ਕਿ ਐਸੇ ਨਾਮ ਨੂੰ ਕਦੇ ਨਹੀਂ ਭੁੱਲਣਾ ਬਣਦਾ, ਸਦਾ ਹੀ ਜਪਦੇ ਰਹੀਏ। ਅਗੋਂ ਪਉੜੀ ਵਿਚ ਜਿਨ੍ਹਾਂ ਨੇ ਗੁਰੂ ਸੇਵਾ ਕਰਕੇ ਨਾਮ ਲੈਕੇ ਤੇ ਅਰਾਧਕੇ ਸੁਖ ਪਾਇਆ ਹੈ, ਉਹਨਾਂ ਦਾ ਵਰਣਨ ਹੈ। ਉਨ੍ਹਾਂ ਨੂੰ ਹਰੀ ਲੱਭ ਪੈਂਦਾ ਹੈ, ਉਹਨਾਂ ਦਾ ਜਨਮ ਮਰਨ ਮਿਟ ਜਾਂਦਾ ਹੈ, ਉਹ ਪੜ ਗੁੜ ਕੇ ਹਰੀ ਵਿਚ ਲਿਵਲੀਨ ਹੋ ਜਾਂਦੇ ਹਨ। ਇਹ ਲਿਵਲੀਨਤਾ ਹੀ ਹਰੀ ਦੀ ਪ੍ਰਾਪਤੀ ਹੈ। ਭਾਵ ਇਹ ਕਿ ਹਰੀ ਦੀ ਪ੍ਰਾਪਤੀ ਐਉਂ ਦੀ ਨਹੀਂ ਹੁੰਦੀ ਜਿਵੇਂ ਕਿ ਵਿਹਾਰੀ ਨੂੰ ਖੱਟੀ ਦੇ ਰੁਪਏ ਹਥ ਵਿਚ ਆ ਜਾਂਦੇ ਹਨ, ਪਰ ਐਉਂ ਕਿ ਓਹ ਹਰੀ ਵਿਚ ਤਦਰੂਪਤਾ ਨੂੰ ਪ੍ਰਾਪਤ ਹੋ ਜਾਂਦੇ ਹਨ ਕਿਉਂਕਿ ਹਰੀ ਦ੍ਰਿਸ਼ਟਮਾਨ ਨਹੀਂ ਜੋ ਕਬਜ਼ੇ ਵਿਚ ਆਵੇ, ਉਸ ਨੂੰ ਪ੍ਰਾਪਤ ਹੋਕੇ ਉਸ ਵਿਚ ਸਮਾ ਜਾਣਾ ਪ੍ਰਾਪਤੀ ਹੈ।

**ਨਿਰੁਕਤ**—ਸੇਵਿਐ—ਸੇਵਨੇ ਨਾਲ।

ਅਰਾਧਿਐ—[ਸੰਸ:, ਆਰਾਧਨਮ੍=ਪੂਜਾ ਕਰਨੀ, ਸੇਵਾ ਕਰਨੀ, ਪ੍ਰਸੰਨ ਕਰਨ ਦਾ ਉਪਾ] ਅਰਾਧਣੇ ਨਾਲ। ਸੰਕਟ—[ਸੰਸ:, ਸਕਣ੍ਟਕੰ=ਕੰਡਿਆਂ ਵਾਲਾ, ਦੁਖਦਾਈ] ਦੁੱਖ ਤਕਲੀਫਾਂ, ਮੁਸੀਬਤਾਂ, ਕਲਿ ਕਲੇਸ਼ ਆਦਿਕ।

ਵਿਸਰਉ—[ਸੰਸ:, ਵਿਸ੍ਮਰਣੰ=ਭੁੱਲਣਾ, ਯਾਦ ਨਾ ਰਹਿਣਾ] ਵਿਸਰੇ, (ਅ) ਵਿਸਾਰੇ।

ਦਧਾ—[ਸੰਸ:, ਦਗ੍ਧ=ਸੜਿਆ ਹੋਇਆ। ਧਾ:,—ਦਹ੍=ਸਾੜਨਾ, ਨਾਸ਼ ਕਰਨਾ] ਸੜਿਆ। ਭਾਵ ਦੁਖ ਨਹੀਂ ਪਾਉਂਦਾ। ਸਮਧਾ—[ਸੰਸ: ਸਮਾਧਾਨੰ=ਬਾਹਰਲੇ ਵਿਸ਼ਿਆਂ ਤੋਂ ਇੰਦ੍ਰਿਆਂ ਨੂੰ ਰੋਕ ਕੇ ਲੀਨ ਰਹਿਣਾ] ਲਿਵਲੀਨ ਹੋਣਾ। ਟਿਕ ਜਾਣਾ। ਸਮਾਧੀ ਵਿਚ ਹੋਣਾ।

ਅਗਮ—ਪਹੁੰਚ ਤੋਂ ਪਰੇ। ਸਮਝ ਤੋਂ ਪਰੇ।

ਅਗਾਧਾ—[ਸੰਸ:, ਅਗਾਧ=ਜਿਸ ਦੀ ਹੱਦ ਨਹੀਂ] ਅਥਾਹ। ਜਿਸ ਦਾ ਅੰਤ ਨਾ ਲੈ ਸਕੀਏ।

[ਪਉੜੀ ਗਿਆਰਵੀਂ]

ਮੂਲ — ਅਰਥ

ਸਲੋਕ ਮਃ ੫ ॥ ਕਾਮੁ ਨ ਕਰਹੀ ਆਪਣਾ ਫਿਰਹਿ ਅਵਤਾ ਲੋਇ ॥

(ਦੁਨੀਆਂ ਦਾ) ਲੋਕ ਆਪਣਾ ਕੰਮ ਨਹੀਂ ਕਰ ਰਿਹਾ (ਸਗੋਂ ਆਪਣੇ ਭਲੇ ਦੇ) ਉਲਟ ਟੁਰ ਰਿਹਾ ਹੈ। (ਆਪਣਾ ਭਲਾ

ਨਾਨਕ ਨਾਇ ਵਿਸਾਰਿਐ ਸੁਖੁ ਕਿਨੇਹਾ ਹੋਇ ॥ ੧ ॥

ਨਾਮ ਵਿਚ ਹੈ, ਦੁਨੀਆਂ ਦਾ ਲੋਕ ਵਿਸਾਰੇ ਵਿਚ ਹੈ)। ਹੇ ਨਾਨਕ! ਨਾਮ ਦੇ ਵਿਸਾਰ ਦੇਣ ਨਾਲ (ਨਿਜ ਦਾ) ਸੁਖ ਕਿਵੇਂ ਹੋ ਸਕਦਾ ਹੇ (ਭਾਵ ਨਹੀਂ ਹੋ ਸਕਦਾ) ॥ ੧ ॥

ਮਃ੫ ॥ ਬਿਖੈ ਕਉੜਤਣਿ ਸਗਲ ਮਾਹਿ ਜਗਤਿ ਰਹੀ ਲਪਟਾਇ ॥ ਨਾਨਕ ਜਨਿ ਵੀਚਾਰਿਆ ਮੀਠਾ ਹਰਿ ਕਾ ਨਾਉ ॥ ੨ ॥

(ਨਾਮ ਦੇ ਵਿਸਾਰੇ ਕਰਕੇ ਮਾਇਆ ਰੂਪੀ) ਵਿਹੁ ਦੀ ਕਉੜੱਤਣ ਸਭਨਾ ਵਿਚ ਹੈ,(ਸਭਨਾਂ ਵਿਚ ਹੋਣ ਕਰਕੇਸਮਝੋ) ਜਗਤ ਨੂੰ ਹੀ ਲਪਟ ਰਹੀ ਹੈ । (ਪਰ) ਹੇ ਨਾਨਕ! (ਵਾਹਿਗੁਰੂ ਦੇ) ਦਾਸ ਨੇ (ਅਰਥਾਤ ਮੈਂ) ਵੀਚਾਰਿਆ ਹੈ ਕਿ ਹਰੀ ਦਾ ਨਾਮ ਮਿੱਠਾ (ਅੰਮ੍ਰਿਤ ਤੁੱਲ) ਹੈ ॥ ੨ ॥

ਪਉੜੀ ॥ ਇਹ ਨੀਸਾਣੀ ਸਾਧ ਕੀ ਜਿਸੁ ਭੇਟਤ ਤਰੀਐ ॥ ਜਮ ਕੰਕਰੁ ਨੇੜਿ ਨ ਆਵਈ ਫਿਰਿ ਬਹੁੜਿ ਨ ਮਰੀਐ ॥ ਭਵ ਸਾਗਰੁ ਸੰਸਾਰੁ ਬਿਖੁ ਸੋ ਪਾਰਿ ਉਤਰੀਐ ॥ ਹਰਿ ਗੁਣ ਗੁੰਫਹੁ ਮਨਿ ਮਾਲ ਹਰਿ ਸਭ ਮਲੁ ਪਰਹਰੀਐ ॥ ਨਾਨਕ ਪ੍ਰੀਤਮ ਮਿਲ ਰਹੇ ਪਾਰਬ੍ਰਹਮ ਨਰਹਰੀਐ ॥ ੧੧ ॥

(ਜਿਨ੍ਹੇ ਇਹ ਹਰਿ ਨਾਮ ਰੂਪੀ ਮਿੱਠਾ ਅੰਮ੍ਰਿਤ ਪੀਤਾ ਹੈ ਉਸ) ਸਾਧੂ ਦੀ ਇਹ ਨਿਸ਼ਾਨੀ ਹੁੰਦੀ ਹੈ ਕਿ ਉਸਦੇ ਮਿਲਨੇ ਕਰਕੇ ਤਰ ਜਾਈਦਾ ਹੈ, ਜਮਦੂਤ ਫੇਰ ਨੇੜੇ ਨਹੀਂ ਢੁੱਕਦਾ, ਸੋ ਮੁੜਕੇ ਮਰੀਦਾ ਨਹੀਂ । (ਇਹ) ਸੰਸਾਰ ਜੋ ਜੀਵਨ ਦਾ ਸਮੁੰਦਰ ਹੈ (ਤੇ) ਮਾਇਆ (ਰੂਪ) ਹੈ ਉਸ ਤੋਂ ਪਾਰ ਲੰਘ ਜਾਈਦਾ ਹੈ। (ਇਸ ਲਈ ਭਾਈ ਜਨੋ! ਅਪਣੇ) ਮਨ ਵਿਚ ਹਰੀ ਦੇ ਗੁਣਾਂ (ਰੂਪੀ ਫੁਲਾਂ ਦੀ) ਮਾਲਾ ਗੁੰਦਦੇ ਰਹੋ (ਜੋ) ਸਾਰੀ ਮੈਲ (ਮਾਇਆ ਤੇ ਵਿਕਾਰਾਂ ਦੀ) ਦੂਰ ਹੋ ਜਾਵੇ। ਹੇ ਨਾਨਕ! (ਐਸੇ ਗੁਣ ਮਾਲ ਗੁੰਫਣ ਵਾਲਿਆਂ ਨੂੰ) ਪ੍ਰੀਤਮ ਜੀ ਮਿਲ ਰਹੇ ਹੁੰਦੇ ਹਨ, [ਪ੍ਰਸ਼ਨ: ਕਿਹੜੇ ਪ੍ਰੀਤਮ ? ਉੱਤਰ:—ਜੋ] ਪਾਰਬ੍ਰਹਮ ਹੈ ਤੇ ਭਗਤ ਰਖਯਕ ਹੈ ॥ ੧੧ ॥

**ਵਯਾਖਯਾ**—ਤ੍ਰੈਏ ਅੰਕ ਸ਼੍ਰੇਣੀ ਬੱਧ ਹਨ। ਪਹਿਲੇ ਸਲੋਕ ਵਿਚ ਕਿਸ ਸੁੰਦਰਤਾ ਨਾਲ ਇਨਸਾਨ ਦੀ ਸੰਸਾਰ ਵਿਚ ਗਾਫਲੀ ਨੂੰ ਅਪਣੇ ਭਲੇ ਦੇ ਆਪ ਹੀ ਵਿਰੁੱਧ ਜਾਣਾ ਦੱਸਿਆ ਹੈ। 'ਅਵਤਾ' ਦਾ ਅਰਥ ਹੈ: ਅ=ਉਲਟ, ਵਤਣ=ਜਾਣਾ। ਉਲਟੇ ਪਾਸੇ ਜਾਣਾ। ਸੰਸਾਰ ਜੋ ਕੰਮ ਕਰ ਰਿਹਾ ਹੈ ਅਪਣੇ ਭਲੇ ਲਈ ਸਮਝਕੇ ਕਰ ਰਿਹਾ ਹੈ, ਪਰ ਓਹ ਅਸਲ ਵਿਚ ਆਪਣੇ ਭਲੇ ਦੇ ਉਲਟ ਜਾ ਰਿਹਾ ਹੈ, ਕਿਉਂਕਿ ਜੋ ਕੁਛ ਜਮਾ ਕਰ ਰਿਹਾ ਹੈ, ਛੱਡ ਜਾਣਾ ਹੈ ਤੇ ਦੂਸਰਿਆਂ ਨੇ ਸਾਂਭਣਾ ਹੈ। ਤੇ ਅਪਣੇ ਉਲਟ ਉਹ ਐਉਂ ਪੈਣਾ ਹੈ ਕਿ ਨਾਮ ਜਪਣ ਦਾ ਸਮਾਂ ਉਨ੍ਹਾਂ ਰੋਝਿਆਂ ਵਿਚ ਲੰਘ ਜਾਣਾ ਹੈ। ਇਸ ਲਈ ਐਸੇ ਸੰਸਾਰ ਨੂੰ ਨਿਜ ਸੁਖ ਕੀਕੂੰ ਹੋ ਸਕਦਾ ਹੈ ? ਅਗਲੇ ਸਲੋਕ ਵਿਚ ਇਸ ਦਾ ਕਾਰਣ ਦੱਸਦੇ ਹਨ ਕਿ ਮਾਯਾ ਰੂਪੀ ਕੁੜੱਤਣ ਯਾ ਵਿਸ਼ਿਆਂ ਦੇ ਰਸਾਂ ਦੀ ਗੁੱਝੀ ਕੁੜੱਤਣ ਜਗਤ ਨੂੰ ਲਿਪਟ ਰਹੀ ਹੈ, ਉਹ ਉਸ ਨੂੰ ਦਰੁਸਤੀ ਨਾਲ ਵੇਖਣ ਨਹੀਂ ਦੇਂਦੀ ਕਿ ਮੇਰਾ ਨਿਜ ਸੁਖ ਕਿਸ ਗੱਲ ਵਿਚ ਹੈ, ਫਿਰ ਦੱਸਦੇ ਹਨ ਕਿ ਜਿਨ੍ਹਾਂ ਨੂੰ ਵਿਸ਼ੇ ਰਸ ਯਾ ਮਾਯਕ ਰਸ ਮਿੱਠੇ ਲਗਦੇ ਹਨ ਓਹ ਗ਼ਲਤੀ ਤੇ ਹਨ, ਅਸਲੀ ਮਿਠਾਸ ਅਸਾਂ ਨੇ ਵਿਚਾਰ ਕੇ ਨਿਰਣੇ ਕਰ ਲਿਆ ਹੈ ਕਿ ਨਾਮ ਵਿਚ ਹੈ। ਫੇਰ ਅਸਾਂ ਤਜਰਬੇ ਨਾਲ ਬੀ ਡਿੱਠਾ ਹੈ ਕਿ ਐਸੇ ਪੁਰਖ, ਜੋ ਇਸ ਨਾਮ ਦੀ ਮਿਠਾਸ ਦੇ ਰਸੀਏ ਹੋ ਜਾਂਦੇ ਹਨ, ਉਨ੍ਹਾਂ ਦੇ ਮਿਲਾਪ ਨਾਲ ਜੀਵ ਤਰ ਜਾਂਦੇ ਹਨ। ਇਥੋਂ ਪਉੜੀ ਆਰੰਭ ਹੋ ਜਾਂਦੀ ਹੈ। ਉਨ੍ਹਾਂ ਨੂੰ ਹੋਰ ਲਾਭ ਨਿਜ ਸੁਖ ਦੇ ਏਹ ਹੁੰਦੇ ਹਨ ਕਿ ਯਮ ਉਨ੍ਹਾਂ ਦੇ ਨੇੜੇ ਨਹੀਂ ਫਟਕਦਾ, ਤੇ ਉਨ੍ਹਾਂ ਦਾ ਜਨਮ ਮਰਨ ਮਿਟ ਜਾਂਦਾ ਹੈ। ਇਹ ਸੰਸਾਰਕ ਜੀਵਨ ਜੋ ਹੈ ਜੋ ਮਾਯਾ ਕਰਕੇ ਬਣਿਆ ਹੈ ਤੇ ਭੁਲੇਵੇ ਵਿਚ ਪਾਉਂਦਾ ਹੈ ਸੋ ਉਸ ਤੋਂ ਪਾਰ ਹੋ ਜਾਈਦਾ ਹੈ । ਇਸ ਲਈ ਉਪਦੇਸ਼ ਦੇਂਦੇ ਹਨ ਕਿ ਹਿਰਦੇ ਵਿਚ ਹਰੀ ਦੇ ਗੁਣਾਨੁਵਾਦ ਨੂੰ ਵਸਾਓ। ਐਉਂ ਵਸਾਉਂਦੇ ਰਹੋ ਕਿ ਜਿਵੇਂ ਮਾਲਾ ਵਿਚ ਫੁਲ ਪ੍ਰੋਂਦੇ ਰਹੀਦਾ

ਹੈ। ਹਰੀ ਗੁਣ ਗਾਯਨ ਨਾਲ ਸਭ ਪ੍ਰਕਾਰ ਦੀਆਂ ਮਾਯਕ ਮੈਲਾਂ, ਵਿਕਾਰਾਂ ਤੋਂ ਲੈ ਕੇ ਹਉਮੈਂ ਤਕ ਦੀਆਂ ਦੂਰ ਹੋ ਜਾਣਗੀਆਂ ਯਥਾ:–

"ਗੁਨ ਗਾਵਤ ਤੇਰੀ ਉਤਰਸਿ ਮੈਲੁ"॥ [ਗਉੜੀ ਮ: ੫ ਸੁਖਮਨੀ,੧੯–੭

ਮੈਲ ਉਤਰਨੇ ਤੇ ਹਰੀ ਦੀ ਪ੍ਰਾਪਤੀ ਹੋ ਜਾਏਗੀ। ਜੋ ਹੈ ਤਾਂ ਪਾਰਬ੍ਰਹਮ ਪਰਮੇਸੁਰ ਸਾਡੀ ਸਮਝ ਪਹੁੰਚ ਤੋਂ ਪਰੇ ਪਰ ਭਗਤ ਵੱਛਲ ਹੈ।

**ਨਿਰੁਕ੍ਤ–**ਕਾਮੁ ਨ ਕਰਹੀ ਆਪਣਾ–ਨਿਜ ਸੁਖ ਦਾ ਕੰਮ ਨਹੀਂ ਕਰਦਾ।

ਅਵਤਾ–[ਅ=ਉਲਟ+ਵਤਣ=ਫਿਰਨਾਂ] ਉਲਟੇ ਫਿਰਨਾ, ਭਾਵ ਹੈ ਅਪਣੇ ਭਲੇ ਦੇ ਵਿਰੁਧ ਆਪ ਹੀ, ਕੰਮ ਕਰਨੇ। (ਅ) [ਸੰਸ:, ਅ (ਨਹੀਂ)+ਵਤ੍=ਸਮਾਨ, ਤੁੱਲ। ਅਵਤਾ=ਜੋ ਸਮਾਨ ਨਹੀਂ, ਬੇ ਅਸੂਲਾ] ਅਵੈੜਾ, ਬੇਮੁਹਾਰਾ।

ਜਨਿ–[ਸੰਸ:, ਜਨ: ਦੇਖੋ ਪੰਨਾ ੧੭੪੬] ਜਨ ਨੇ, ਦਾਸ ਨੇ; ਭਾਵ ਮੈਂ। (ਅ) 'ਜਨਿ' ਨੂੰ 'ਜਨੀ' ਸਮਝਕੇ 'ਜਨਾਂ ਨੇ' ਬੀ ਅਰਥ ਕਰਦੇ ਹਨ।

ਜਮ ਕੰਕਰੁ–ਜਮ ਦਾ ਦਾਸ, ਭਾਵ, ਜਮਦੂਤ। ਗੁੰਫਹੁ–ਗੁੰਦੋ, ਪ੍ਰੋਵੋ।

ਨਰਹਰੀਐ–[ਸੰਸ:, ਨਰਹਰਿ:=ਨਰਸਿੰਘ ਅਵਤਾਰ] ਨਰ+ਹਰੀ=ਨਾਲੇ ਮਾਨੁਖ ਨਾਲੇ ਸ਼ੇਰ, ਨਰ ਸਿੰਘ ਅਵਤਾਰ। ਜਿਸਨੇ ਪ੍ਰਹਲਾਦ ਦੀ ਰਖ੍ਯਾ ਕੀਤੀ ਸੀ–ਇਸ ਲਈ ਇਸ ਦਾ ਭਾਵ ਅਰਥ ਭਗਤਾਂ ਦੀ ਰਖ੍ਯਾ ਕਰਨ ਵਾਲਾ, ਭਗਤ ਵਛਲ ਕਹੀਦਾ ਹੈ।

## [ਪਉੜੀ ਬਾਰ੍ਹਵੀਂ]

| ਮੂਲ | ਅਰਥ |
|---|---|
| ਸਲੋਕ ਮਹਲਾ ੫ ॥ ਨਾਨਕ ਆਏ ਸੇ ਪਰਵਾਣੁ ਹੈ ਜਿਨ੍ ਹਰਿ ਵੁਠਾ ਚਿਤਿ ॥ ਗਾਲ੍ਹੀ ਅਲ ਪਲਾਲੀਆ ਕੰਮਿ ਨ ਆਵਹਿ ਮਿਤ ॥੧॥ | ਹੇ ਨਾਨਕ! (ਜਗਤ ਪਰ) ਆਏ ਓਹ ਪਰਵਾਣ ਹਨ ਜਿਨ੍ਹਾਂ ਦੇ ਚਿੱਤ ਵਿਚ ਹਰੀ ਵਸ ਗਿਆ ਹੈ। ਵਾਧੂ ਤੇ ਬਨਾਵਟੀ ਗੱਲਾਂ (ਕਿਸੇ) ਕੰਮ ਨਹੀਂ ਆਉਂਦੀਆਂ, ਹੇ ਮਿਤ੍ਰ! ॥ ੧ ॥ |
| ਮਃ੫ ॥ ਪਾਰਬ੍ਰਹਮੁ ਪ੍ਰਭੁ ਦ੍ਰਿਸਟੀ ਆਇਆ ਪੂਰਨ ਅਗਮ ਬਿਸਮਾਦ ॥ ਨਾਨਕ ਰਾਮ ਨਾਮੁ ਧਨੁ ਕੀਤਾ ਪੂਰੇ ਗੁਰਪਰਸਾਦਿ ॥੨॥ | (ਜਿਨ੍ਹਾਂ ਨੇ) ਪੂਰੇ ਗੁਰੂ ਦੀ ਮੇਹਰ ਪਾ ਕੇ ਰਾਮ ਨਾਮ ਰੂਪੀ ਧਨ (ਕੱਠਾ) ਕੀਤਾ ਹੈ (ਉਨ੍ਹਾਂ ਨੂੰ) ਪਾਰਬ੍ਰਹਮ ਪ੍ਰਭੂ ਜੋ (ਇੰਦ੍ਰਿਆਂ ਦੀ) ਗੰਮਤਾ ਤੋਂ ਪਰੇ ਹੈ (ਸਾਰੇ) ਪੂਰਣ ਦਿੱਸ ਪਿਆ ਹੈ, [ਪ੍ਰਸ਼ਨ ਕਿਸ ਰੂਪ ਵਿਚ ? ਉੱਤਰ:] ਅਸਚਰਜ ਰੂਪ* ॥ ੨ ॥ |
| ਪਉੜੀ ॥ ਧੋਹੁ ਨ ਚਲੀ ਖਸਮ ਨਾਲਿ ਲਬਿ ਮੋਹਿ ਵਿਗੁਤੇ ॥ ਕਰਤਬ ਕਰਨਿ ਭਲੇਰਿਆ ਮਦਿ ਮਾਇਆ ਸੁਤੇ॥ ਫਿਰਿ ਫਿਰਿ ਜੂਨਿ ਭਵਾਈਅਨਿ੍ ਜਮ ਮਾਰਗਿ ਮੁਤੇ ॥ ਕੀਤਾ ਪਾਇਨਿ ਆਪਣਾ ਦੁਖ | ਲਾਲਚ ਤੇ ਮੋਹ ਵਿਚ ਜੋ ਖ਼ਰਾਬ ਹੋ ਚੁਕੇ ਹਨ ਉਨ੍ਹਾਂ ਦੀ ਠੱਗੀ ਮਾਲਕ (ਵਾਹਿਗੁਰੂ) ਨਾਲ ਨਹੀਂ ਚੱਲ ਸਕਦੀ; (ਕਿਉਂਕਿ ਜੋ) ਮਾਇਆ ਦੇ ਮਦ ਵਿਚ ਸੁੱਤੇ ਹੋਏ ਹਨ ਓਹ ਕਰਮ ਮੰਦੇ ਕਰਦੇ ਹਨ। (ਇਸ ਕਰਕੇ ਓਹ) ਜਮ ਮਾਰਗ ਤੇ ਛੱਡੇ ਗਏ ਹੋਏ ਮੁੜ ਮੁੜ ਜੂਨਾਂ ਵਿਚ ਭਵਾਏ ਜਾਂਦੇ ਹਨ, ਓਹ ਦੁਖਾਂ ਨਾਲ (ਇਸ ਲਈ) ਜੋਏ ਹੋਏ ਹਨ ਕਿ ਆਪਣੇ |

*ਜੈਸਾ ਕਿ ਫੁਰਮਾਇਆ ਹੈ: ਅਸ੍ਰਜ ਰੂਪੰ ਰਹੰਤ ਜਨਮੰ॥ [ਸਲੋਕ ਸਹਸਕ੍ਰਿਤੀ ਮਹਲਾ ੫–੫੭

ਸੇਤੀ ਜੁਤੇ॥ ਨਾਨਕ ਨਾਇ ਵਿਸਾਰਿਐ ਸਭ ਮੰਦੀ ਰੁਤੇ ॥ ੧੨ ॥

(ਮੰਦੇ) ਕੀਤੇ ਦਾ ਫਲ ਪਾਉਣ। ਹੇ ਨਾਨਕ ! ਪ੍ਰਭੂ ਦਾ ਨਾਮ ਵਿਸਾਰਣੇ ਨਾਲ (ਉਨ੍ਹਾਂ ਲਈ) ਸਾਰੀਆਂ ਰੁਤਾਂ ਮਾੜੀਆਂ ਹਨ (ਭਾਵ ਸਦੀਵ ਕਾਲ ਦੁੱਖ ਹੈ) ॥ ੧੨ ॥

**ਵਜਾਖਜਾ**—ਭਾਵ ਤਿੰਨਾਂ ਹੀ ਅੰਕਾਂ ਦਾ ਸ਼੍ਰੇਣੀ ਬੱਧ ਚਲਦਾ ਹੈ। ਪਹਿਲੇ ਸ਼ਲੋਕ ਦੀ ਪਹਿਲੀ ਸਤਰ ਤੇ ਦੂਜੇ ਦੀਆਂ ਦੁਇ ਸਤਰਾਂ ਵਿਚ ਜਗਤ ਵਿਚ ਸਫਲ ਆਇਆਂ ਮਹਾਂ ਪੁਰਖਾਂ ਦਾ ਵਰਣਨ ਹੈ। ਉਹਨਾਂ ਦੇ ਮਨ ਵਿਚ ਵਾਹਿਗੁਰੂ ਵਸ ਜਾਂਦਾ ਹੈ। ਅੰਦਰ ਨਾਮ ਵਸ ਜਾਣ ਨਾਲ ਉਨਾਂ ਨੂੰ ਪਾਰਬ੍ਰਹਮ ਪ੍ਰਭੂ ਦਿੱਸ ਪੈਂਦਾ ਹੈ। ਪ੍ਰਸ਼ਨ ਹੁੰਦਾ ਹੈ ਕਿ ਜੋ ਪਾਰਬ੍ਰਹਮ ਹੈ ਉਹ ਅੱਖਾਂ ਦਾ ਵਿਸ਼ਯ ਕੀਕੂੰ ਬਣ ਜਾਂਦਾ ਹੈ ? ਤਾਂ ਫੁਰਮਾਉਂਦੇ ਹਨ ਕਿ ਉਸ ਦਾ ਰੂਪ ਹੈ ਬਿਸਮਾਦ=ਅਸਚਰਜ। ਉਹਨਾਂ ਨੂੰ ਅਸਚਰਜ ਰੂਪ ਦੀ ਲੱਖਤਾ ਹੋ ਆਉਂਦੀ ਹੈ। ਅਸਚਰਜ ਰੂਪ ਸੁੰਦਰਤਾ ਦੇ ਕਮਾਲ ਦਾ ਹੈ, ਜਿਥੇ ਸੁੰਦਰਤਾ ਅਤਿਸ਼ਯ ਤੇ ਅਮਿਤ ਹੋ ਜਾਂਦੀ ਹੈ ਉਥੇ ਬਿਸਮਾਦ ਹੈ। ਸਾਂਈਂ ਦਾ ਪਿਆਰਾ ਅਪਣੇ ਆਤਮਾ ਦੀ ਸੁੰਦਰਤਾ ਦੇ ਅਨੁਭਵ ਵਿਚ ਉਦਯਤ ਹੋਇਆ ਪਾਰਬ੍ਰਹਮ ਦੀ ਸੁੰਦਰਤਾ ਵਿਚ ਖਿੱਚਿਆ ਜਾਂਦਾ ਵਿਸਮਾਦ ਹੀ ਵਿਸਮਾਦ ਲਖਦਾ ਹੈ। ਇਹ ਵਿਸਮਾਦ ਲੱਖਤਾ ਦੇਸ਼ ਕਾਲ ਤੋਂ ਪਰੇ ਤੇ ਦੇਸ਼ ਕਾਲ ਵਿਚ ਸਾਰੇ ਪਰੀਪੂਰਣ ਹੁੰਦੀ ਹੈ।

ਇਸ ਅਸਲੀਅਤ ਦੇ ਟਾਕਰੇ ਤੇ ਹੁਣ ਬਨਾਵਟੀ ਲੋਕਾਂ ਦੀ ਹਾਲਤ ਲੈਂਦੇ ਹਨ। ਪਹਿਲੇ ਸ਼ਲੋਕ ਦੀ ਦੂਜੀ ਸਤਰ ਵਿਚ ਦੱਸਦੇ ਹਨ ਕਿ ਜੋ ਲੋਕ ਸੋਹਣੀਆਂ ਗਲਾਂ ਮਾਤ੍ਰ ਨਾਲ ਜਗਤ ਜੀਵਾਂ ਨੂੰ ਮਗਰ ਲਾ ਲੈਂਦੇ ਹਨ, ਓਹ ਅਸਲੀ ਬੰਦੇ ਨਹੀਂ। ਉਨ੍ਹਾਂ ਦੀਆਂ ਗਲਾਂ ਫਜ਼ੂਲ, ਤੇ ਬਨਾਵਟੀ ਹੁੰਦੀਆਂ ਹਨ, ਉਹਨਾਂ ਗਲਾਂ ਵਿਚ ਅਸਲੀਅਤ ਕੁਛ ਨਹੀਂ ਹੁੰਦੀ, ਇਸ ਲਈ ਓਹ ਨਿਕੰਮੀਆਂ ਕਹੀਦੀਆਂ ਹਨ। ਇਸੇ ਦੀ ਮਾਨੋ ਟੀਕਾ ਤੁਰਦੀ ਹੈ ਪਉੜੀ ਵਿਚ। ਅਲਪਲਾਲੀ ਗਲਾਂ ਕਰਨ ਵਾਲੇ ਕਿਉਂ ਕਰਦੇ ਹਨ ? ਇਸ ਲਈ ਕਿ ਓਹ ਲਾਲਚ ਵਿਚ ਹੁੰਦੇ ਹਨ। ਲਾਲਚ ਵਿਚ ਕਿਉਂ ਹੁੰਦੇ ਹਨ ? ਕਿ ਓਹ ਅਪਣੇ ਤਨ ਨਾਲ, ਅਪਣੇ ਸਨਬੰਧੀਆਂ ਤੇ ਮਿਤ੍ਰਾਂ ਨਾਲ ਮੋਹ ਵਿਚ ਹੁੰਦੇ ਹਨ। ਏਹ ਲਾਲਚ ਮੋਹ ਵਿਚ ਕਿਉਂ ਹੁੰਦੇ ਹਨ ? ਕਿਉਂਕਿ ਓਹ ਮਾਇਆ ਦੇ ਨਸ਼ੇ ਵਿਚ ਮਨ ਕਰਕੇ ਸੁੱਤੇ ਹੋਏ ਹੁੰਦੇ ਹਨ। ਇਸ ਤਰ੍ਹਾਂ ਓਹ ਮਾਨੋਂ ਜਮ ਦੇ ਰਸਤੇ ਤੇ ਹੀ ਛਡੇ ਗਏ ਹਨ ਜੋ ਜੰਮਦੇ ਮਰਦੇ ਤੇ ਮਰਦੇ ਜੰਮਦੇ ਰਹਿੰਦੇ ਹਨ। ਇਸ ਆਵਾ ਗਵਣ ਵਿਚ ਉਹਨਾਂ ਨੂੰ ਦੁਖ ਹੁੰਦਾ ਹੈ। ਦੁਖ ਕਿਉਂ ਹੁੰਦਾ ਹੈ ਕਿ ਹਰ ਜਨਮ ਵਿਚ ਓਹ ਪਾਪ ਕਰਮ ਕਰਦੇ ਹਨ, ਪਾਪਾਂ ਦਾ ਫਲ ਸੁਤੇ ਹੀ ਦੁਖ ਹੁੰਦਾ ਹੈ। ਅੰਤ ਵਿਚ ਫੇਰ ਮੂਲ ਦੀ ਗਲ ਯਾਦ ਕਰਾਉਂਦੇ ਹਨ ਕਿ ਨਾਮ ਵਿਸਾਰਨੇ ਕਰਕੇ ਉਹਨਾਂ ਨੇ ਅਪਣਾ ਕਾਲ ਚਕ੍ਰ ਹੀ ਖਰਾਬ ਕਰ ਲਿਆ ਹੈ। ਉਨ੍ਹਾਂ ਲਈ ਸਾਰੀਆਂ ਹਾਲਤਾਂ ਦੁਖ ਵਿਹਤ ਹੋ ਗਈਆਂ ਹਨ। ਇਸ ਯਾਦ ਕਰਾਉਣ ਦੀ ਸੈਨਤ ਇਹ ਹੈ ਕਿ ਦੁਖ ਸਦੀਵੀ ਨਹੀਂ, ਕਿਉਂਕਿ ਦੁਖ ਨਵਿਰਤੀ ਦਾ ਉਪਰਾਲਾ ਨਾਮ ਹੈ, ਇਹ ਉਪਰਾਲਾ ਨਾ ਹੋਣ ਕਰਕੇ ਹਰ ਹਾਲਤ ਯਾ ਹਰ ਸਮਾਂ ਮਾੜਾ ਹੋ ਜਾਂਦਾ ਹੈ। ਉਲਟਵਾਂ ਅਰਥ ਹੋਇਆ ਕਿ ਜੇ ਓਹ ਨਾਮ ਵਿਚ ਆ ਜਾਣ ਤਾਂ ਸਭ ਰੁਤਾਂ ਚੰਗੀਆਂ ਹੋ ਜਾਣਗੀਆਂ।

**ਨਿਰੁਕ੍ਤ**—ਪਰਵਾਣੁ–[ਦੇਖੋ ਪੰਨਾ ੮੫] ਕਬੂਲ। ਭਾਵ ਹੈ ਸਫਲ।

ਵੁਠਾ–[ਸੰਸ:, ਵਸਨੰ=ਵਸਣਾ, ਰਹਿਣਾ] ਵੱਸ ਪਿਆ।

ਅਲਪਲਾਲੀਆ–[ਅਲ=ਵਾਧੂ। ਪਲਾਲੀਆ=ਬਨਾਵਟੀ। (ਅ) ਫਜ਼ੂਲ] ਪਲਾਲ ਜੇ ਪਰਾਲੀ ਦਾ ਰੂਪ ਸਮਝੀਏ ਤਾਂ ਅਰਥ ਹੈ ਨਿਕੰਮੀਆਂ, ਫਜ਼ੂਲ। ਕਿਉਂਕਿ ਪਰਾਲੀ ਉਸ ਭੋਹ ਨੂੰ ਕਹਿੰਦੇ ਹਨ ਜੋ ਝੋਨਾ ਝਾੜ ਲੈਣ ਮਗਰੋਂ ਨਾੜ ਜੇਹਾ ਬਾਕੀ ਰਹਿ ਜਾਂਦਾ ਹੈ।ਪਰ ਪਲਾਲ ਦਾ ਅਰਥ ਬਨਾਵਟ ਬੀ ਹੈ। ਜੈਸੇ ਕਹੀਦਾ ਹੈ ਨਵਾਂ ਹੀ ਪਲਾਲ ਕਰ ਬੈਠਾ ਹੈ। ਇਹ ਅਰਥ ਵਧੀਕ ਨੇੜੇ ਢੁੱਕਦਾ ਹੈ,

ਕਿਉਂਕਿ ਪਉੜੀ ਵਿਚ ਇਸੇ ਪਦ ਦੇ ਅਰਥ ਕੀਤੇ ਹੀ ਸਹੀ ਹੁੰਦੇ ਹਨ ਜਿਥੇ ਧੋਹ ਪਦ ਵਰਤਿਆ ਹੈ, ਜੋ ਧੋਖੇ, ਧ੍ਰੋਹ ਤੇ ਠੱਗੀ ਦੇ ਅਰਥ ਰਖਦਾ ਹੈ, ਜੋ ਅੰਦਰੋਂ ਮੰਦੇ ਤੇ ਬਾਹਰੋਂ ਚੰਗੇ ਦੀ ਬਨਾਵਟ ਹੁੰਦੀ ਹੈ।

ਵਿਗੁਤੇ–(ਦੇਖੋ ਪੰਨਾ ੨੩੭) ਖਰਾਬ ਕੀਤੇ ਯਾ ਖਰਾਬ ਹੋਏ ਹੋਏ।

ਭਲੇਰਿਆ–ਮੰਦੇ, ਮਾੜੇ, ਫਿਟਕਾਰ ਯੋਗ। ਜੈਸੇ ਫੁਰਮਾਇਆ ਹੈ:–

ਜਿਤੁ ਦਿਨਿ ਵਿਸਰੈ ਪਾਰਬ੍ਰਹਮੁ ਫਿਟੁ ਭਲੇਰੀ ਰੁਤਿ ॥

[ਇਸੇ ਵਾਰ ਦੀ ਪਉੜੀ ਤੀਜੀ।

ਪੁਨਾ:–ਜਿਨਾ ਸਤਿਗੁਰ ਕਾ ਆਖਿਆ ਸੁਖਾਵੈ ਨਾਹੀ ਤਿਨਾ ਮੁਹ ਭਲੇਰੇ ਫਿਰਹਿ ਦਯਿ ਗਾਲੇ ॥

[ਵਾਰ ਗਉੜੀ ਮਹਲਾ ੪–੧੦

ਇਨ੍ਹਾਂ ਸਾਰੀਆ ਤੁਕਾਂ ਵਿਚ 'ਭਲੇਰੇ' ਦਾ ਅਰਥ ਭਲੇ ਬੀ ਲਾਉਂਦੇ ਹਨ। ਦੇਖੋ ਪੰਨਾ੧੮੩੯।

ਜੁਤ–[ਸੰਸ:, ਯੁਕ੍ਤ=ਜੁੜਿਆ ਹੋਇਆ, ਲੱਗਾ ਹੋਇਆ] ਜੋਏ ਹੋਏ।

ਮੰਦੀ ਰੁਤੇ–ਸਾਰੀਆਂ ਰੁੱਤਾਂ ਮੰਦ ਹਨ। ਸਾਰੀਆਂ ਰੁੱਤਾਂ ਮੰਦੀਆਂ ਤੋਂ ਮੁਰਾਦ ਸਰਬ ਹਾਲਤਾਂ ਯਾ ਸਰਬ ਕਾਲ ਹੈ।

## [ਪਉੜੀ ਤੇਰਵੀਂ]

| ਮੂਲ | ਅਰਥ |
|---|---|
| ਸਲੋਕ ਮਃ ੫ ॥ ਉਠੰਦਿਆ ਬਹੰਦਿਆ ਸਵੰਦਿਆ ਸੁਖੁ ਸੋਇ ॥ ਨਾਨਕ ਨਾਮਿ ਸਲਾਹਿਐ ਮਨੁ ਤਨੁ ਸੀਤਲੁ ਹੋਇ ॥ ੧ ॥ | ਹੇ ਨਾਨਕ ! ਨਾਮ ਦੇ ਸਲਾਹੁਣੇ ਨਾਲ ਮਨ ਤਨ ਠੰਢਾ ਹੋ ਜਾਂਦਾ ਹੈ, (ਫੇਰ) ਉਠਦਿਆਂ ਬਹਿੰਦਿਆਂ ਸੌਂਦਿਆਂ ਓਹੋ ਸੁਖ (ਬਣਿਆ ਰਹਿੰਦਾ) ਹੈ ॥ ੧ ॥ |
| ਮਃ ੫ ॥ ਲਾਲਚਿ ਅਟਿਆ ਨਿਤ ਫਿਰੈ ਸੁਆਰਥੁ ਕਰੇ ਨ ਕੋਇ ॥ ਜਿਸੁ ਗੁਰੁ ਭੇਟੈ ਨਾਨਕਾ ਤਿਸੁ ਮਨਿ ਵਸਿਆ ਸੋਇ ॥ ੨ ॥ | (ਜੇ ਕੋਈ) ਨਿਤ ਲਾਲਚ ਦਾ ਭਰਿਆ ਹੋਇਆ ਪਿਆ ਫਿਰਦਾ ਹੈ (ਉਹ ਜਾਪਦਾ ਤਾਂ ਹੈ ਕਿ ਅਪਣਾ ਕੰਮ ਕਰ ਰਿਹਾ ਹੈ, ਪਰ ਉਹ ਅਸਲ ਵਿਚ) ਅਪਣਾ ਕਮ ਕੋਈ ਨਹੀਂ ਕਰ ਰਿਹਾ ਹੁੰਦਾ। (ਪਰ) ਹੇ ਨਾਨਕ ! ਜਿਸ ਨੂੰ ਗੁਰੂ ਮਿਲ ਪੈਂਦਾ ਹੈ ਉਸ ਦੇ ਮਨ ਵਿਚ ਉਹ (ਸੁਆਰਥ ਅਰਥਾਤ) ਆਪਣਾ (ਅਸਲੀ) ਕੰਮ ਆ ਵਸਦਾ ਹੈ (ਜੋ ਹੈ ਪਿਛਲੇ ਸਲੋਕ ਵਿਚ ਦੱਸਿਆ ਨਾਮ ਸਿਮਰਣ) ॥ ੨ ॥ |
| ਪਉੜੀ ॥ ਸਭੇ ਵਸਤੂ ਕਉੜੀਆ ਸਚੇ ਨਾਉ ਮਿਠਾ ॥ ਸਾਦੁ ਆਇਆ ਤਿਨ ਹਰਿ ਜਨਾਂ ਚਖਿ ਸਾਧੀ ਡਿਠਾ ॥ ਪਾਰਬ੍ਰਹਮਿ ਜਿਸੁ ਲਿਖਿਆ ਮਨਿ ਤਿਸੈ ਵੁਠਾ ॥ ਇਕੁ ਨਿਰੰਜਨੁ ਰਵਿ ਰਹਿਆ ਭਾਉ ਦੁਯਾ ਕੁਠਾ ॥ ਹਰਿ ਨਾਨਕੁ ਮੰਗੈ ਜੋੜਿ ਕਰਿ ਪ੍ਰਭੁ ਦੇਵੈ ਤੁਠਾ ॥ ੧੩ ॥ | ਸਾਰੀਆਂ ਵਸਤਾਂ ਕਉੜੀਆਂ ਹਨ (ਇਕ) ਸੱਚੇ (ਪ੍ਰਭੂ) ਦਾ ਨਾਮ ਮਿਠਾ ਹੈ। (ਪਰ ਉਸ ਦਾ) ਸੁਆਦ ਉਨ੍ਹਾਂ ਹਰੀ ਦੇ ਜਨਾਂ ਨੂੰ ਆਉਂਦਾ ਹੈ ਜੋ ਸਾਧੂ ਦੁਆਰਾ ਉਸ ਨੂੰ ਚੱਖ ਕੇ ਵੇਖਦੇ ਹਨ। (ਫੇਰ) ਮਨ ਵਿਚ ਉਹ ਉਸਦੇ ਵਸਦਾ ਹੈ ਜਿਸ ਦੇ (ਭਾਗ ਵਿਚ) ਪਾਰਬ੍ਰਹਮ ਨੇ ਲਿਖਿਆ ਹੁੰਦਾ ਹੈ। (ਫਲ ਕੀਹ ਹੁੰਦਾ ਹੈ ? ਕਿ ਉਨ੍ਹਾਂ ਦਾ) ਦੂਜਾ ਭਾਵ ਨਸ਼ਟ ਹੋ ਜਾਂਦਾ ਹੈ ਤੇ ਇਕ ਮਾਇਆ ਰਹਿਤ (ਪ੍ਰਭੂ ਉਨ੍ਹਾਂ ਨੂੰ ਸਾਰੇ) ਵਯਾਪਕ ਹੋ ਰਿਹਾ (ਦਿੱਸ ਪੈਂਦਾ ਹੈ। ਇਸ ਲਈ) ਹਰੀ ਪਾਸੋਂ ਨਾਨਕ (ਦੁਇ ਹਥ) ਜੋੜਕੇ (ਇਹ ਦਾਨ) ਮੰਗਦਾ ਹੈ, ਕਿ ਪ੍ਰਭੂ ਪ੍ਰਸੰਨ ਹੋ ਕੇ (ਇਹ ਦਾਨ) ਦੇਵੇ ॥ ੧੩ ॥ |

**ਵਯਾਖਯਾ**—ਤਿੰਨਾਂ ਦਾ ਭਾਵ ਸਿਲਸਿਲੇ ਵਾਰ ਚਲਦਾ ਹੈ। ਪਹਿਲੇ ਵਿਚ ਦੱਸਿਆ ਹੈ ਕਿ ਨਾਮ ਸਲਾਹੁਣ ਨਾਲ ਮਨ ਤਨ ਦੀ ਸੀਤਲਤਾ ਪ੍ਰਾਪਤ ਹੁੰਦੀ ਹੈ। ਫਿਰ ਇਸ ਸੀਤਲਤਾ ਦਾ ਸੁਖ ਸਦੈਵੀ ਹੋ ਜਾਂਦਾ ਹੈ, ਉਠਦੇ ਬਹਿੰਦੇ ਸੁੱਤੇ ਬਣਿਆ ਰਹਿੰਦਾ ਹੈ। ਦੂਜੇ ਵਿਚ ਦੱਸਿਆ ਕਿ ਇਹ ਨਾਮ ਮਨ ਵਿਚ ਗੁਰੂ ਕ੍ਰਿਪਾ ਨਾਲ ਵਸਦਾ ਹੈ। ਇਸੇ ਸਲੋਕ ਦੀ ਪਹਿਲੀ ਸਤਰ ਵਿਚ ਟਾਕਰੇ ਤੇ ਦੱਸਿਆ ਕਿ ਜੋ ਆਦਮੀ ਲਾਲਚ ਦਾ ਮਾਰਿਆ ਸਾਰਾ ਦਿਨ ਧੰਦਿਆਂ ਵਿਚ ਪਿਆ ਭਟਕਦਾ ਹੈ ਉਹ ਜਾਪਦਾ ਹੈ ਕਿ ਅਪਣਾ ਨਿਜ ਦਾ ਭਲਾ ਪਿਆ ਕਰਦਾ ਹੈ, ਪਰ ਉਹ ਨਿਜ ਦਾ ਭਲਾ ਨਹੀਂ ਕਰ ਰਿਹਾ ਹੁੰਦਾ, ਕਿਉਂਕਿ ਉਸ ਦਾ ਨਿਜ ਦਾ ਅਮਲੀ ਭਲਾ ਤਾਂ ਨਾਮ ਸਿਮਰਣ ਵਿਚ ਹੈ ਜੋ ਉਸਦੇ ਨਾਲ ਜਾਂਦਾ ਹੈ। ਲਾਲਚ ਅਟੱਕੇ ਜੋ ਕੁਛ ਜਮਾ ਜੋੜਦਾ ਹੈ ਛੱਡ ਟੁਰਦਾ ਹੈ, ਸੋ ਜੁਆਰੀਏ ਵਾਂਙੂ ਦੋ ਹਥ ਝਾੜਕੇ ਟੁਰਦਾ ਹੈ, ਅਗੇ ਭੁੱਖਾ ਭਟਕਦਾ ਹੈ, ਤਾਂ ਸਾਫ ਹੈ ਕਿ ਉਹ ਸੁਆਰਥ ਨਹੀਂ ਸੀ।

ਪਉੜੀ ਨਾਲ ਰਲਵੀਂ ਹੈ, ਇਕ ਲੁਪਤੀ ਨਾਲ ਕਿ ਉਹ ਲਾਲਚ ਅਟਿਆ ਕਿਉਂ ਹੈ? ਉੱਤਰ ਹੈ: ਸੰਸਾਰ ਦੇ ਭੋਗ ਮਿੱਠੇ ਲਗਦੇ ਹਨ, ਓਹ ਮਾਇਆ ਨਾਲ ਪ੍ਰਾਪਤ ਹੁੰਦੇ ਹਨ, ਇਸ ਕਰਕੇ ਮਾਇਆ ਦਾ ਲਾਲਚ ਲਗ ਜਾਂਦਾ ਹੈ। ਹੁਣ ਓਹ ਭੋਗ, ਜਿਨ੍ਹਾਂ ਖਾਤਰ ਲਾਲਚ ਵਿਚ ਅਟਦਾ ਹੈ, ਅਸਲ ਵਿਚ ਕੌੜੇ ਹਨ। ਜੈਸਾ ਕਿ ਵਾਕ ਹੈ:-

ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ ॥

[ਬਾਰਹ ਮਾਹਾ ਮਾਝ ਮਹਲਾ ੫-੯

ਭੋਗਾਂ ਦਾ ਫਲ ਦੁਖ ਹੈ, ਆਵਾਗਵਨ ਹੈ, ਨਿਜ ਸਰੂਪ ਤੋਂ ਗੁਆਚਣ ਹੈ। ਇਸੇ ਕਰਕੇ ਕਉੜਾ ਸੁਆਦ ਹੈ ਅਮਲ ਵਿਚ ਤੇ ਰਬ ਦਾ ਨਾਮ ਮਿੱਠਾ ਹੈ। ਉਸ ਦੀ ਮਿਠਾਸ ਐਵੇਂ ਨਹੀਂ ਭਾਸਦੀ ਉਹ ਤਾਂ ਭਾਸਦੀ ਹੈ ਕਿ ਸਤਿਸੰਗ ਦੁਆਰਾ ਉਸ ਨੂੰ ਚੱਖਿਆ ਜਾਵੇ। ਭਾਵ ਸਤਿਸੰਗ ਵਿਚ ਨਾਮ ਅਰਾਧਨ ਕੀਤਾ ਜਾਵੇ। ਹਰ ਕਿਸੇ ਨੂੰ ਕਿਉਂ ਨਹੀਂ ਇਹ ਪ੍ਰਾਪਤ ਹੁੰਦਾ? ਤਾਂ ਫੁਰਮਾਉਂਦੇ ਹਨ ਕਿ ਇਹ ਮਿਹਰ ਦੀ ਵਸਤੂ ਹੈ, ਸਾਈਂ ਜਿਨ੍ਹਾਂ ਨੂੰ ਬਖਸ਼ਦਾ ਹੈ ਮਿਲਦੀ ਹੈ। ਜਿਨ੍ਹਾਂ ਨੂੰ ਨਾਮ ਰਸ ਮਿੱਠਾ ਲਗ ਜਾਂਦਾ ਹੈ ਉਹਨਾਂ ਦਾ ਪਹਿਲਾਂ ਤਾਂ ਦ੍ਵੈਤ ਭਾਵ ਮਿਟ ਜਾਂਦਾ ਹੈ ਤੇ ਸਾਰੇ ਵਯਾਪਕ ਇਕ ਪ੍ਰਭੂ ਦੀ ਲੱਖਤਾ ਹੋ ਜਾਂਦੀ ਹੈ। ਅਖੀਰਲੀ ਸਤਰ ਵਿਚ ਇਸ ਨਾਮ ਤੇ ਨਾਮ ਰਸ ਦੀ ਪ੍ਰਾਪਤੀ ਲਈ ਅਰਦਾਸ ਹੈ।

**ਨਿਰੁਕ੍ਤ**—ਸੋਇ-ਉਹ। ਇਸ ਸੋਇ ਦੀ ਸੈਨਤ ਸੁਖ ਵਲ ਹੈ, ਉਹ ਸੁਖ ਜੋ ਦੂਜੀ ਸਤਰ ਵਿਚ 'ਮਨੁ ਤਨੁ ਸੀਤਲੁ' ਕਰਕੇ ਦੱਸਿਆ ਹੈ। (ਅ) ਸੋਇ ਦਾ ਅਰਥ 'ਉਨ੍ਹਾਂ ਜੋਗ' ਕਰਨਾ ਅਪ੍ਰਸੰਗਕ ਹੈ।

ਅਟਿਆ—[ਸੰਸ:, ਧਾਤੂ—ਅਟ੍=ਅਧਿਕ ਹੋਣਾ] ਭਰਿਆ ਹੋਇਆ।

ਸੁਆਰਥੁ—ਆਪਣਾ ਅਸਲੀ ਕਾਰਜ ਯਾ ਮਨੋਰਥ। ਭੇਟੈ—ਮਿਲ ਪੈਂਦਾ ਹੈ।

ਸਾਧੀ—(ਦੇਖੋ 'ਸਾਧ' ਪੰਨਾ ੧੬੦੪) ਸਾਧੀਂ=ਸਾਧੂ ਦੁਆਰਾ।

ਵੁਠਾ—(ਦੇਖੋ ਪਿਛਲੀ ਪਉੜੀ) ਵਸਿਆ।

ਕੁਠਾ—ਕੋਹਿਆ (ਦੇਖੋ 'ਕੁਸਾ' ਪੰਨਾ ੨੨੮) ਨਾਸ਼ ਕੀਤਾ।

ਤੁਠਾ—ਤ੍ਰੁੱਠਕੇ, ਮੇਹਰਬਾਨ ਹੋਕੇ।

[ਪਉੜੀ ਚੌਧਵੀਂ]

| ਮੂਲ | ਅਰਥ |
|---|---|
| ਸਲੋਕ ਮਃ ੫ ॥ ਜਾਚੜੀ ਸਾ ਸਾਰੁ ਜੋ ਜਾਚੰਦੀ ਹੇਕੜੋ ॥ ਗਾਲ੍ਹੀ ਬਿਆ ਵਿਕਾਰ ਨਾਨਕ ਧਣੀ ਵਿਹੂਣੀਆ ॥ ੧ ॥ | ਉਹ ਮੰਗ ਉੱਤਮ ਹੈ ਜੋ ਇਕ (ਪ੍ਰਭੂ) ਨੂੰ ਹੀ ਮੰਗਦੀ ਹੈ, ਹੋਰ ਗੱਲਾਂ ਬੇਅਰਥ ਹਨ ਜੋ (ਵਾਹਿਗੁਰੂ) ਪਤੀ (ਦੀ ਨਾਮ-ਮੰਗ) ਤੋਂ ਸੱਖਣੀਆਂ ਹਨ ॥ ੧ ॥ |
| ਮਃ ੫ ॥ ਨੀਹਿ ਜਿ ਵਿਧਾ ਮੰਨੁ ਪਛਾਣੂ ਵਿਰਲੋ ਥਿਓ ॥ ਜੋੜਣਹਾਰਾ ਸੰਤੁ ਨਾਨਕ ਪਾਧਰੁ ਪਧਰੋ ॥ ੨ ॥ | (ਇਸ ਸੁਮਤੀ ਦਾ ਦਾਤਾ ਸੰਤ ਹੁੰਦਾ ਹੈ ਐਸਾ ਸੰਤ ਕਿ ਜਿਸਦਾ) ਮਨ ਹਰੀ ਦੇ) ਪ੍ਰੇਮ ਨਾਲ ਵਿੰਨ੍ਹ ਹੋ ਗਿਆ ਹੋਵੇ (ਐਸਾ ਪ੍ਰੇਮੀ ਵਾਹਿਗੁਰੂ ਨੂੰ) ਪਛਾਣਨ ਵਾਲਾ ਵਿਰਲਾ ਹੁੰਦਾ ਹੈ, (ਤੇ ਉਹ, ਸੰਤ, ਹੇ ਨਾਨਕ ! ਪੱਧਰੇ ਰਾਹ ਟੋਰ ਕੇ ਜੋੜਦਾ ਹੈ, (ਭਾਵ ਸਹਜ ਦੇ ਸੁਗਮ ਮਾਰਗ ਤੇ ਟੋਰ ਕੇ ਸਾਈਂ ਨਾਲ ਮੇਲਦਾ ਹੈ) ॥ ੨ ॥ |
| ਪਉੜੀ ॥ ਸੋਈ ਸੇਵਿਹੁ ਜੀਅੜੇ ਦਾਤਾ ਬਖਸਿੰਦੁ ॥ ਕਿਲਵਿਖ ਸਭਿ ਬਿਨਾਸੁ ਹੋਨਿ ਸਿਮਰਤ ਗੋਵਿੰਦੁ ॥ ਹਰਿ ਮਾਰਗੁ ਸਾਧੂ ਦਸਿਆ ਜਪੀਐ ਗੁਰ ਮੰਤੁ ॥ ਮਾਇਆ ਸੁਆਦ ਸਭਿ ਫਿਕਿਆ ਹਰਿ ਮਨਿ ਭਾਵੰਦੁ ॥ ਧਿਆਇ ਨਾਨਕ ਪਰਮੇਸਰੈ ਜਿਨਿ ਦਿਤੀ ਜਿੰਦੁ ॥੧੪॥ | ਹੇ ਜੀਉ ! ਉਸੇ ਦੀ ਸੇਵਾ ਕਰੋ ਜੋ ਦਾਤਾ ਹੈ ਤੇ ਬਖਸ਼ਣੇ ਵਾਲਾ ਹੈ । (ਉਸ) ਗੋਬਿੰਦ ਨੂੰ ਸਿਮਰਨੇ ਕਰਕੇ ਸਾਰੇ ਪਾਪ ਨਾਸ਼ ਹੋ ਜਾਂਦੇ ਹਨ । ਹਰੀ (ਸਿਮਰਨ ਦਾ ਪੱਧਰਾ) ਮਾਰਗ ਜੋ ਸਾਧੂ ਨੇ ਦੱਸਿਆ ਹੈ (ਉਹ ਇਹ ਹੈ ਕਿ ਅਸੀਂ ਸਾਰ) ਗੁਰੂ ਦੇ ਮੰਤ੍ਰ ਦਾ ਜਾਪ ਕਰੀਏ । (ਇਸ ਮਾਰਗ ਤੇ ਟੁਰਨੇ ਨਾਲ) ਮਾਇਆ ਦੇ ਸਾਰੇ ਸੁਆਦ (ਹੁਣ) ਫਿੱਕੇ ਲੱਗ ਰਹੇ ਹਨ ਤੇ ਹਰੀ (ਨਾਮ ਹੀ) ਮਨ ਵਿਚ ਭਾਉਂਦਾ ਹੈ (ਭਾਵ ਮਿੱਠਾ ਲਗਦਾ ਹੈ) । ਹੇ ਨਾਨਕ ! ਪਰਮੇਸੁਰ ਨੂੰ ਧਿਆ ਜਿਸ ਨੇ (ਕਿ ਤੈਨੂੰ) ਜਿੰਦ ਦਿੱਤੀ ਹੈ ॥ ੧੪ ॥ |

**ਵਯਾਖਯਾ**—ਪਹਿਲੇ ਸਲੋਕ ਵਿਚ ਦੱਸਿਆ ਕਿ ਵਾਹਿਗੁਰੂ ਤੋਂ ਇਕੋ ਨਾਮ ਦੀ ਦਾਤ ਮੰਗਿਆ ਕਰੋ, ਹੋਰ ਗਲਾਂ ਬ੍ਰਿਥਾ ਹਨ, ਜਿਨ੍ਹਾਂ ਵਿਚ ਕਿ ਹਰੀ ਦੇ ਨਾਮ ਦੀ ਮੰਗ ਨਹੀਂ । ਜੈਸਾ ਕਿ ਫੁਰਮਾਨ ਹੈ:-

ਜਉ ਮਾਗਹਿ ਤਉ ਮਾਗਹਿ ਬੀਆ ॥ ਜਾ ਤੇ ਕੁਸਲ ਨ ਕਾਹੂ ਥੀਆ ॥
ਮਾਗਨਿ ਮਾਗ ਤ ਏਕਹਿ ਮਾਗ ॥ [ਗਉੜੀ ਮਹਲਾ ੫, ਬਾ: ਅ:-੪੧

ਹੁਣ ਪ੍ਰਸ਼ਨ ਹੁੰਦਾ ਹੈ ਕਿ 'ਇਕੋ ਮੰਗ ਮੰਗੀਏ', ਇਹ ਜਾਚ ਕੀਕੂੰ ਆਵੇ ? ਦੂਸਰੇ ਸਲੋਕ ਵਿਚ ਫੁਰਮਾਉਂਦੇ ਹਨ ਕਿ ਇਹ ਜਾਚ ਸੰਤ ਦੱਸਦਾ ਹੈ । ਫੇਰ ਉਸ ਸੰਤ ਦੇ ਲੱਛਣ ਦੱਸਦੇ ਹਨ । ਨਿਰਾ ਗਲਾਂ ਦਾ ਗਜਾਨੀ ਕਿ ਸੋਚਾਂ ਦਾ ਗਜਾਨੀ ਨਹੀਂ ਇਹ ਜਾਚ ਦੱਸ ਸਕਦਾ । ਜੋ ਸੰਤ ਪ੍ਰੇਮੀ ਹੋਵੇ, ਪ੍ਰੇਮ ਵਿਚ ਵਿੰਨ੍ਹਿਆ ਹੋਕੇ ਅਪਣੇ ਵਾਹਿਗੁਰੂ ਨੂੰ ਸਿਆਣਨ ਵਾਲਾ ਹੋਵੇ, ਉਹ ਇਹ ਜਾਚ ਸਿਖਾ ਸਕਦਾ ਹੈ। ਉਹ ਸੰਤ ਸਿੱਧਾ ਰਾਹ ਭਾਵ ਸਹਜ ਮਾਰਗ ਤੇ ਤੋਰੇਗਾ ਤੇ ਵਾਹਿਗੁਰੂ ਨਾਲ ਮੇਲ ਦੇਵੇਗਾ । ਪ੍ਰਸ਼ਨ ਹੁੰਦਾ ਹੈ ਕਿ ਉਹ ਪੱਧਰਾ ਮਾਰਗ ਕੀ ਹੈ ਜੋ ਉਹ ਦੱਸੇਗਾ ? ਪਉੜੀ ਵਿਚ ਉੱਤਰ ਦੇਂਦੇ ਹਨ: ਸਾਧੂ ਉਹ ਮਾਰਗ ਦੱਸਦਾ ਹੈ ਜੋ ਇਹ ਹੈ ਕਿ ਗੁਰੂ ਮੰਤ੍ਰ ਦਾ ਜਾਪ ਕਰੋ ਨਾਮ ਜਪੋ ਤੇ ਮਾਇਆ ਦੇ ਸੁਆਦਾਂ ਵਿਚ ਰੁੜ੍ਹਨੇ ਅਪਣੇ ਆਪ ਨੂੰ ਬਚਾਕੇ ਨਾਮ ਜਪੋ । ਫੇਰ ਕਿਲਵਿਖ ਨਾਸ਼ ਹੋ ਜਾਣਗੇ । ਤੁਸੀਂ ਸੁਖੀ ਹੋ

ਜਾਓਗੇ। ਇਸ ਕਰਕੇ ਅਖੀਰਲੀ ਤੁਕ ਵਿਚ ਉਪਦੇਸ਼ ਦੇਂਦੇ ਹਨ ਕਿ ਜੀਅ ਪ੍ਰਾਣ ਦਾਤੇ ਨੂੰ ਸਦਾ ਧਿਆਵੋ।

**ਨਿਰੁਕ੍ਤ—** ਜਾਚੜੀ—[ਸੰਸ:, ਯਾਚਨਾ ਤੋਂ ਸਿੱਧੀ ਪਦ ਬਣਦਾ ਹੈ ਜਾਚੜੀ=ਯਾਚਨਾ]ਮੰਗ।
ਹੇਕੜੋ—[ਲਹਿੰਦੀ ਪੰਜਾਬੀ, ਹੇਕੜੋ। ਇਕ ਤੋਂ] ਇਕ ਨੂੰ।
ਗਾਲ੍ਹੀ—ਗੱਲਾਂ। ਬਿਆ—(ਵੇਖੋ ਪੰਨਾ ੩੫੩) ਦੂਜੀਆਂ, ਵਿਕਾਰ, ਫਜ਼ੂਲ।
ਧਣੀ—[ਸੰਸ:, ਧਨਿਕ.=ਧਨੀ ਪੁਰਸ਼, ਮਹਾਜਨ। ੨.ਪਤਿ] ਪਤੀ,ਭਾਵ ਵਾਹਿਗੁਰੂ ਸੁਆਮੀ।
ਨੀਹਿ—[ਸੰਸ:, ਸ੍ਨੇਹ:। ਪੰਜਾ:, ਨੇਹ। ਦਖ: ਪੰਜਾਬੀ, ਨੀਂਹ] ਪਿਆਰ, ਪ੍ਰੇਮ।
ਮੰਨੁ—ਮਨ, ਦਿਲ। ਪਾਧਰੁ—ਰਸਤਾ।
ਪਧਰੋ—ਪਧਰਾ, ਸਾਫ, ਸਿੱਧਾ। ਭਾਵ ਹੈ ਸਹਜ ਮਾਰਗ।
ਕਿਲਵਿਖ—ਪਾਪ। ਭਾਵੈਦੁ—ਭਾਉਂਦਾ ਹੈ।

## [ਪਉੜੀ ਪੰਦ੍ਰਵੀਂ]

| ਮੂਲ | ਅਰਥ |
|---|---|
| ਸਲੋਕ ਮ: ੫ ॥ ਵਤ ਲਗੀ ਸਚੇ ਨਾਮ ਕੀ ਜੋ ਬੀਜੇ ਸੋ ਖਾਇ ॥ ਤਿਸਹਿ ਪਰਾਪਤਿ ਨਾਨਕਾ ਜਿਸ ਨੋ ਲਿਖਿਆ ਆਇ ॥ ੧ ॥ | (ਹੁਣ) ਸੱਚੇ ਨਾਮ (ਦੇ ਬੀਜਣ) ਦਾ ਵੱਤਰ ਲੱਗ ਪਿਆ ਹੈ (ਇਸ ਵੇਲੇ) ਜੋ (ਕੋਈ ਨਾਮ) ਬੀਜ ਲਏਗਾ ਸੋ (ਨਾਮੀ ਦੀ ਵੀ ਪ੍ਰਾਪਤੀ ਦਾ ਫਲ) ਖਾਏਗਾ, (ਪਰ ਇਹ) ਪ੍ਰਾਪਤੀ ਹੇ ਨਾਨਕ ! ਉਸ ਨੂੰ ਹੁੰਦੀ ਹੈ ਜਿਸ ਨੂੰ (ਧੁਰੋਂ) ਲਿਖਿਆ ਆਉਂਦਾ ਹੈ ॥ ੧ ॥ |
| ਮ: ੫ ॥ ਮੰਗਣਾ ਤ ਸਚੁ ਇਕੁ ਜਿਸੁ ਤੁਸਿ ਦੇਵੈ ਆਪਿ ॥ ਜਿਤੁ ਖਾਧੈ ਮਨੁ ਤ੍ਰਿਪਤੀਐ ਨਾਨਕ ਸਾਹਿਬ ਦਾਤਿ ॥ ੨ ॥ | ਮੰਗਣਾ ਤਾਂ ਇਕ ਸੱਚ (-ਨਾਮ ਦਾ ਠੀਕ ਹੈ ਜੋ ਉਸ ਨੂੰ ਪ੍ਰਾਪਤ ਹੁੰਦਾ ਹੈ) ਜਿਸ ਨੂੰ ਤ੍ਰੁਠਕੇ (ਹਰੀ) ਆਪ ਦੇਂਦਾ ਹੈ। ਹੇ ਨਾਨਕ ! ਇਹ ਸਾਹਿਬ ਦੀ ਦਾਤ ਐਸੀ ਹੈ ਕਿ ਜਿਸਦੇ ਖਾਣ ਨਾਲ ਮਨ ਤ੍ਰਿਪਤ ਹੋ ਜਾਂਦਾ ਹੈ ॥ ੨ ॥ |
| ਪਉੜੀ ॥ ਲਾਹਾ ਜਗ ਮਹਿ ਸੇ ਖਟਹਿ ਜਿਨ ਹਰਿ ਧਨੁ ਰਾਸਿ ॥ ਦੁਤੀਆ ਭਾਉ ਨ ਜਾਣਨੀ ਸਚੇ ਦੀ ਆਸ ॥ ਨਿਹਚਲੁ ਏਕੁ ਸਰੇਵਿਆ ਹੋਰੁ ਸਭ ਵਿਣਾਸੁ ॥ ਪਾਰਬ੍ਰਹਮੁ ਜਿਸੁ ਵਿਸਰੈ ਤਿਸੁ ਬਿਰਥਾ ਸਾਸੁ ॥ ਕੰਠਿ ਲਾਇ ਜਨ ਰਖਿਆ ਨਾਨਕ ਬਲਿ ਜਾਸੁ॥੧੫॥ | ਜਿਨ੍ਹਾਂ ਕੋਲ ਹਰੀ(-ਨਾਮ) ਧਨ ਦੀ ਰਾਸ (ਕੱਠੀ ਹੋ ਜਾਂਦੀ) ਹੈ, ਉਹੀ (ਪੁਰਖ) ਜਗਤ ਵਿਚੋਂ (ਪਰਮੇਸੁਰ ਪ੍ਰਾਪਤੀ ਰੂਪੀ) ਲਾਹਾ ਲੈ ਜਾਂਦੇ ਹਨ। ਓਹ ਫੇਰ ਦ੍ਵੈਤ ਭਾਵਨਾ ਨਹੀਂ ਜਾਣਦੇ (ਕਿਉਂਕਿ ਓਹ ਇਕ) ਸੱਚੇ (ਵਾਹਿਗੁਰੂ) ਦੀ ਆਸ (ਵਿਚ ਟਿਕ ਜਾਂਦੇ ਹਨ। ਉਨ੍ਹਾਂ ਨੇ) ਹੋਰ ਸਭ ਕੁਛ ਨੂੰ ਨਾਸ਼ ਰੂਪ (ਸਮਝ ਕੇ) ਇਕ ਸਦਾ ਅਟੱਲ (ਪ੍ਰਭੂ) ਨੂੰ ਸੇਵਿਆ ਹੈ। (ਸੋ ਭਾਈ ਸਮਝ ਕਰੋ ਕਿ) ਜਿਸ ਨੂੰ ਪਾਰਬ੍ਰਹਮ ਵਿਸਰ ਜਾਂਦਾ ਹੈ ਉਸ ਦੇ ਸੁਆਸ ਬਿਰਥੇ ਜਾਂਦੇ ਹਨ। (ਪ੍ਰਭੂ ਨੇ ਅਪਣੇ) ਜਨਾਂ ਨੂੰ ਕੰਠ ਲਾਕੇ (ਸਦਾ) ਬਚਾਇਆ ਹੈ, ਨਾਨਕ (ਉਨ੍ਹਾਂ ਜਨਾਂ ਤੋਂ) ਸਦਕੇ ਜਾਂਦਾ ਹੈ ॥ ੧੫ ॥ |

**ਵਿਆਖਿਆ—** ਪਹਿਲੇ ਸਲੋਕ ਵਿਚ ਫੁਰਮਾਇਆ ਹੈ ਕਿ ਇਹ ਮਨੁੱਖਾ ਜਨਮ ਇਨਸਾਨ ਦੇ

ਲੰਮੇ ਸਫਰ ਵਿਚ ਇਕ ਉੱਤਮ ਮੌਕਿਆ ਹੈ, ਜਦੋਂ ਕਿ ਹਰੀ ਨਾਮ ਬੀਜਿਆ ਉਗਦਾ ਤੇ ਫਲ ਤਕ ਅੱਪੜਦਾ ਹੈ। ਇਹ ਨਾਮ ਤੇ ਇਸ ਦਾ ਬੀਜਣਾ ਸਾਈਂ ਦੀ ਮੇਹਰ ਨਾਲ ਪ੍ਰਾਪਤ ਹੁੰਦਾ ਹੈ। ਹੁਣ ਜੋ ਸ਼ੈ ਅਪਣੇ ਵੱਸ ਨਹੀਂ ਪਰ ਵਾਹਿਗੁਰੂ ਜੀ ਦੇ ਵੱਸ ਹੈ ਉਸ ਲਈ ਮੰਗ ਤੇ ਅਰਦਾਸ ਕਰੀਦੀ ਹੈ। ਉਹ ਮੰਗ ਇੱਕੋ ਸਦ ਨਾਮ ਦੀ ਹੋਵੇ ਤੇ ਹੋਵੇ ਵਾਹਿਗੁਰੂ ਜੀ ਤੋਂ, ਉਸ ਨੇ ਉਹ ਸ਼ੈ ਤ੍ਰੁੱਠ ਕੇ ਦੇਣੀ ਹੈ। ਉਸ ਦਾ ਤ੍ਰੁੱਠਣਾ ਸਾਡੇ ਵੱਸ ਨਹੀਂ ਪਰ ਉਸ ਅਗੇ ਅਰਦਾਸ ਕਰਦੇ ਰਹਿਣਾ ਸਾਡਾ ਧਰਮ ਹੈ, ਪਤਾ ਨਹੀਂ ਕਿਸ ਵੇਲੇ ਤ੍ਰੁੱਠ ਪਵੇ ਤੇ ਦੇ ਦੇਵੇ। ਯਥਾ:–

ਕਬੀਰ ਕਸੌਟੀ ਕੇਸੋ ਕੂਕੀਐ ਨ ਸੋਈਐ ਅਸਾਰ ॥
ਰਾਤਿ ਦਿਵਸ ਕੇ ਕੂਕਨੇ ਕਬਹੂ ਕੇ ਸੁਨੈ ਪੁਕਾਰ ॥ ੨੨੩ ॥
[ਸਲੋਕ ਕਬੀਰ ਜੀ

ਅਖੀਰਲੀ ਤੁਕ ਵਿਚ ਇਸ ਦਾਤ ਦਾ ਲਾਹਾ ਦੱਸਦੇ ਹਨ ਕਿ ਸਾਹਿਬ ਦੀ ਇਸ ਦਾਤ ਦੇ ਪ੍ਰਾਪਤ ਹੋਇਆਂ ਮਨ ਤ੍ਰਿਪਤ ਹੋ ਜਾਂਦਾ ਹੈ। ਪਉੜੀ ਵਿਚ ਪਹਿਲੇ ਸਲੋਕ ਵਿਚ ਦੱਸੇ ਵਾਹਿਗੁਰੂ ਨਾਮ ਦਾ ਪ੍ਰਕਰਣ ਚਲਦਾ ਹੈ ਕਿ ਹਰੀ ਨਾਮ ਰੂਪੀ ਧਨ ਜਮਾ ਕਰੋ, ਇਹ ਰਾਸ ਮੂੜੀ ਬਣ ਜਾਏਗੀ, ਇਸ ਨਾਲ ਫੇਰ ਵਾਹਿਗੁਰੂ ਜੀ ਦੀ ਪ੍ਰਾਪਤੀ ਰੂਪੀ ਨਫਾ ਮਿਲੇਗਾ। ਕਿਉਂਕਿ ਨਾਮੀ ਪੁਰਖ ਇਕੋ ਵਾਹਿਗੁਰੂ ਦੀ ਟੇਕ ਧਾਰਕੇ ਟੁਰਦੇ ਹਨ, ਦੂਜੇ ਤੇ ਆਸ ਨਹੀਂ ਰਖਦੇ, ਦੂਤੀਆ ਭਾਵ ਮਿਟਾ ਦੇਂਦੇ ਹਨ, ਕਿਉਂਕਿ ਇਕੋ ਦੇ ਜੁ ਆਸਰੇ ਪਰਨੇ ਹੋ ਜਾਂਦੇ ਹਨ। ਫੇਰ ਓਹ ਨਿਹਚਲ ਹੋ ਜਾਂਦੇ ਹਨ ਕਿਉਂਕਿ ਨਾਸ਼ਮਾਨ ਤੋਂ ਬ੍ਰਿਤੀ ਚੁੱਕ ਕੇ ਸਦਾ ਥਿਰ ਦੇ ਧਯਾਨ ਮਗਨ ਹੋ ਜਾਂਦੇ ਹਨ। ਇਸ ਤੋਂ ਸਿੱਟਾ ਇਹ ਨਿਕਲਿਆ ਕਿ ਜਿਸ ਨੂੰ ਨਾਮ ਦੀ ਥਾਂ ਵਾਹਿਗੁਰੂ ਦਾ ਵਿਸਾਰਾ ਪੱਲੇ ਪਿਆ ਹੈ, ਉਸ ਨੇ ਅਪਣੇ ਸਾਸ ਬਿਰਥਾ ਗੁਆਏ, ਭਾਵ ਸਮਾ ਬ੍ਰਿਥਾ ਗੁਆ ਲਿਆ। ਪਰ ਵਾਹਿਗੁਰੂ ਅਪਣੇ ਜਨਾਂ ਨੂੰ, ਜੋ ਉਸ ਨੂੰ ਧਿਆਉਂਦੇ ਹਨ, ਅਪਣੇ ਪਿਆਰ ਵਿਚ ਰਖਦਾ ਹੈ ਤੇ ਮੈਂ ਐਸੇ ਹਰੀ ਦੇ ਜਨਾਂ ਤੋਂ ਸਦਕੇ ਹਾਂ।

**ਨਿਰੁਕਤ**—ਵੱਤਰ। ਜਦੋਂ ਜ਼ਿਮੀ ਨੂੰ ਦਿਤੇ ਪਾਣੀ ਦੀ ਗਿੱਲ ਇਤਨੀ ਕੁ ਰਹਿ ਜਾਵੇ ਕਿ ਜ਼ਮੀਨ ਵਿਚ ਹਲ ਫਿਰ ਸਕੇ ਉਸ ਨੂੰ ਵੱਤਰ* ਆਖਦੇ ਹਨ। [ਤਰ=ਗਿੱਲਾ, ਵਤਰ=ਗਿੱਲ ਵਾਲਾ] ਸੁੱਕੀ ਭੋਂ ਵਿਚ ਹਲ ਚਲਾਉਣਾ ਔਖਾ ਹੁੰਦਾ ਹੈ ਜਦੋਂ ਉਸ ਵਿਚ ਥੋੜੀ ਨਮੀ ਹੋਵੇ ਤਦੋਂ ਹਲ ਸੌਖਾ ਫਿਰ ਸਕਦਾ ਹੈ ਤੇ ਨਮੀ ਯਾ ਗਿੱਲ ਵਾਲੀ ਜ਼ਮੀਨ ਵਿਚ ਹੀ ਬੀਜਿਆਂ ਬੀਜ ਗਿੱਲ ਨਾਲ ਫੁੱਲ ਕੇ ਫੁੱਟਦਾ ਹੈ। ਜਿਵੇਂ ਵੱਤਰ ਆਏ ਤੇ ਹਲ ਵਾਹੀ ਤੇ ਬੀਜੀ ਦਾ ਹੈ, ਇਵੇਂ ਹਰ ਗਲ ਦੇ ਕਰਨ ਦਾ ਉਪਯੋਗੀ ਮੌਕਾ ਆ ਬਣੇ ਤਾਂ ਆਖਦੇ ਹਨ ਹੁਣ ਇਸ ਕੰਮ ਲਈ ਵੱਤਰ ਹੈ। ਇਸ ਤਰ੍ਹਾਂ ਵੱਤਰ ਦਾ ਅਰਥ ਭਾਵ 'ਉਪਯੋਗੀ ਮੌਕਿਆ' ਬਣ ਜਾਂਦਾ ਹੈ। ਇਸ ਪਦ ਦਾ ਅੱਖਰੀ ਅਰਥ ਵਕਤ ਨਹੀਂ ਹੈ। ਭਾਵ ਇਸ ਤੋਂ ਗੁਰਬਾਣੀ ਵਿਚ ਮਨੁੱਖਾ ਜਨਮ ਲੈਂਦੇ ਹਨ।

ਤੁਸਿ-ਤ੍ਰੁਠ ਕੇ। ਸਰੇਵਿਆ—ਸੇਵਿਆ ਹੈ। ਸੇਵਾ ਕੀਤੀ ਹੈ।

[ਪਉੜੀ ਸੋਲ੍ਹਵੀਂ]

| ਮੂਲ | ਅਰਥ |
|---|---|
| ਸਲੋਕ ਮ: ੫ ॥ ਪਾਰਬ੍ਰਹਮਿ ਫੁਰਮਾਇਆ ਮੀਹੁ ਵੁਠਾ ਸਹਜਿ | ਪਾਰਬ੍ਰਹਮ ਨੇ (ਮੇਘਾਂ ਨੂੰ) ਹੁਕਮ ਦਿੱਤਾ ਤਾਂ ਸਹਜ ਸੁਭਾਵ ਮੀਂਹ ਵੱਸ ਪਿਆ। (ਜਿਸਦੇ ਅਸਰ ਨਾਲ) ਪ੍ਰਿਥਵੀ ਰੱਜੀ |

*ਜਰਮਨ ਜ਼ਬਾਨ ਦਾ ਪਦ ਵਾਸਰ 'ਪਾਣੀ' ਅਰਥਾਂ ਵਿਚ ਹੈ ਤੇ ਇਸੇ ਪਦ ਦਾ ਅੰਗ੍ਰੇਜ਼ੀ ਰੂਪ ਵਾਟਰ ਹੈ, ਅਰਥ ਜਿਸ ਦਾ ਪਾਣੀ ਹੈ।

ਸੁਭਾਇ ॥ ਅੰਨੁ ਧੰਨੁ ਬਹੁਤੁ ਉਪਜਿਆ ਪ੍ਰਿਥਮੀ ਰਜੀ ਤਿਪਤਿ ਅਘਾਇ॥ ਸਦਾ ਸਦਾ ਗੁਣ ਉਚਰੈ ਦੁਖੁ ਦਾਲਦੁ ਗਇਆ ਬਿਲਾਇ ॥ ਪੂਰਬਿ ਲਿਖਿਆ ਪਾਇਆ ਮਿਲਿਆ ਤਿਸੈ ਰਜਾਇ ॥ ਪਰਮੇਸਰਿ ਜੀਵਾਲਿਆ ਨਾਨਕ ਤਿਸੈ ਧਿਆਇ ॥ ੧ ॥

ਤੇ ਰੱਜਕੇ ਤ੍ਰਿਪਤ ਹੋ ਗਈ ਤੇ ਨਕਾ ਨਕ ਰਜ ਗਈ(ਫੇਰ) ਅੰਨ ਬਹੁਤ ਪੈਦਾ ਹੋਇਆ (ਬਹੁਤੇ ਅੰਨ ਕਰਕੇ ਬਹੁਤਾ) ਧਨ ਪੈਦਾ ਹੋਇਆ। (ਹੁਣ ਚਾਹੀਦਾ ਹੈ ਕਿ ਜੀਵ) ਸਦਾ ਸਦਾ ਉਸਦੇ ਗੁਣ ਗਾਵੇ (ਕਿਉਂਕਿ) ਦੁਖ ਤੇ ਗ਼ਰੀਬੀ ਦੁਇ ਦੂਰ ਹੋ ਗਏ ਹਨ। ਪਾਇਆ ਤਾਂ ਇਹ ਪੂਰਬਲੇ ਲਿਖੇ ਮੂਜਬ ਹੈ ਪਰ ਮਿਲਿਆ ਉਸ ਹਰੀ ਦੇ) ਹੁਕਮ ਨਾਲ ਹੈ। ਹੇ ਨਾਨਕ! (ਜਿਸ) ਪਰਮੇਸੁਰ ਨੇ (ਜੀਵਾਂ ਨੂੰ) ਜੀਵਾਲਿਆ ਹੈ ਉਸ ਨੂੰ ਧਿਆਉ ॥ ੧ ॥

ਮਃ ੫ ॥ ਜੀਵਨ ਪਦੁ ਨਿਰਬਾਣੁ ਇਕੋ ਸਿਮਰੀਐ॥ ਦੂਜੀ ਨਾਹੀ ਜਾਇ ਕਿਨਿ ਬਿਧਿ ਧੀਰੀਐ॥ ਡਿਠਾ ਸਭੁ ਸੰਸਾਰੁ ਸੁਖੁ ਨ ਨਾਮ ਬਿਨੁ ॥ ਤਨੁ ਧਨੁ ਹੋਸੀ ਛਾਰੁ ਜਾਣੈ ਕੋਇ ਜਨੁ ॥ ਰੰਗ ਰੂਪ ਰਸ ਬਾਦਿ ਕਿ ਕਰਹਿ ਪਰਾਣੀਆ ॥ ਜਿਸੁ ਭੁਲਾਏ ਆਪਿ ਤਿਸੁ ਕਲ ਨਹੀ ਜਾਣੀਆ ॥ ਰੰਗਿ ਰਤੇ ਨਿਰਬਾਣੁ ਸਚਾ ਗਾਵਹੀ॥ ਨਾਨਕ ਸਰਣਿ ਦੁਆਰਿ ਜੇ ਤੁਧੁ ਭਾਵਹੀ।੨।

(ਜੇ) ਇੱਕੋ (ਵਾਹਿਗੁਰੂ) ਨੂੰ ਸਿਮਰੀਏ ਤਾਂ ਨਿਰਬਾਣ ਜੀਵਨ ਪਦਵੀ ਨੂੰ (ਪਹੁੰਚ ਪਈਦਾ) ਹੈ। (ਸਿਮਰਣ ਤੋਂ ਬਾਝ) ਦੂਜੀ (ਹੋਰ ਕੋਈ, ਥਾਂ ਹੈ ਹੀ ਨਹੀਂ, (ਤਦ) ਕਿਸ ਪ੍ਰਕਾਰ ਟਿਕਾਉ ਪ੍ਰਾਪਤ ਹੋਵੇ? ਸੰਸਾਰ ਸਾਰਾ ਦੇਖ ਲਿਆ ਹੈ ਨਾਮ ਬਿਨਾ ਸੁਖ ਨਹੀਂ ਹੈ। (ਇਹ) ਤਨ ਤੇ ਧਨ (ਜਿਸ ਨੂੰ ਸੁਖ ਰੂਪ ਮੰਨ ਰਹੇ ਹਾਂ ਇਕ ਦਿਨ) ਮਿੱਟੀ ਸੁਆਹ ਹੋ ਜਾਏਗਾ (ਪਰ ਇਸ ਗੱਲ ਨੂੰ) ਕੋਈ ਵਿਰਲਾ ਪੁਰਖ ਹੀ (ਅਮਲੀ ਤੌਰ ਤੇ) ਜਾਣਦਾ ਹੈ। ਹੇ ਪ੍ਰਾਣੀ! (ਏਹ ਬਾਹਰਲੇ) ਰੰਗ ਰੂਪ ਤੇ ਸੁਆਦ ਬ੍ਰਿਥਾ (ਚਲੇ ਜਾਣਗੇ, ਇਨ੍ਹਾਂ ਤੇ) ਕੀਹ (ਭਰੋਸਾ) ਕਰ ਰਿਹਾ ਹੈਂ। (ਇਨ੍ਹਾਂ ਵਿਚ) ਜਿਸ ਨੂੰ ਆਪ (ਪ੍ਰਭੂ) ਭੁਲਾਉਂਦਾ ਹੈ, ਉਹ ਉਸ ਦੀ ਸ਼ਕਤੀ ਨੂੰ ਨਹੀਂ ਪਛਾਣਦਾ। ਜੋ ਸੱਚੇ (ਪ੍ਰਭੂ) ਨੂੰ ਗਾਉਂਦੇ ਹਨ (ਉਹੀ ਉਸਦੇ) ਪ੍ਰੇਮ ਵਿਚ ਰੰਗੇ ਜਾਂਦੇ ਨਿਰਬਾਣ ਹੁੰਦੇ (ਭਾਵ ਮੁਕਤ ਹੁੰਦੇ) ਹਨ। (ਸ੍ਰੀ ਗੁਰੂ) ਨਾਨਕ (ਦੇਵ ਜੀ ਅਰਜ਼ ਕਰਦੇ ਹਨ: ਹੇ ਪ੍ਰਭੂ! ਜੇ ਤੈਨੂੰ ਭਾਵੇ (ਤਾਂ ਅਪਣੇ) ਦੁਆਰੇ (ਅਪਣੀ) ਸ਼ਰਣ ਵਿਚ (ਮੈਨੂੰ ਪਿਆ ਰਹਿਣ ਦੇ) ॥ ੨ ॥

ਪਉੜੀ ॥ ਜੰਮਣੁ ਮਰਣੁ ਨ ਤਿੰਨ ਕਉ ਜੋ ਹਰਿ ਲੜਿ ਲਾਗੇ॥ ਜੀਵਤ ਸੇ ਪਰਵਾਣੁ ਹੋਏ ਹਰਿ ਕੀਰਤਨਿ ਜਾਗੇ ॥ ਸਾਧ ਸੰਗੁ ਜਿਨ ਪਾਇਆ ਸੇਈ ਵਡਭਾਗੇ ॥ ਨਾਇ ਵਿਸਰਿਐ ਧ੍ਰਿਗੁ ਜੀਵਣਾ ਤੂਟੇ ਕਚ ਧਾਗੇ ॥ ਨਾਨਕ ਧੂੜਿ ਪੁਨੀਤ ਸਾਧ ਲਖ ਕੋਟਿ ਪਿਰਾਗੇ ॥ ੧੬ ॥

ਜੋ ਹਰੀ ਦੇ ਲੜ ਲਗ ਗਏ ਹਨ (ਉਨ੍ਹਾਂ ਨੂੰ ਹੁਣ) ਜੰਮਣਾ ਮਰਣਾ (ਮੁੜਕੇ) ਨਹੀਂ ਹੋਣਾ। (ਹਾਂ ਜੋ) ਹਰੀ ਕੀਰਤਨ ਵਿਚ ਜਾਗ ਪਏ ਹਨ ਓਹ ਜੀਉਂਦੇ (ਹੀ ਹਰੀ ਦਰ) ਪਰਵਾਨ ਹੋ ਗਏ ਹਨ। (ਹਾਂ) ਉਹੋ ਵੱਡੇ ਭਾਗਾਂ ਵਾਲੇ ਹਨ, ਜਿਨ੍ਹਾਂ ਨੂੰ ਸਾਧੂ ਦਾ ਸੰਗ ਪ੍ਰਾਪਤ ਹੋ ਗਿਆ ਹੈ। ਪਰ ਨਾਮ ਦੇ ਵਿਸਰ ਗਿਆਂ (ਜੋ ਜੀਉਣਾ ਹੈ ਉਹ) ਜੀਉਣ ਧ੍ਰਿਗ ਹੈ, ਉਹ ਟੁਟ ਜਾਂਦਾ ਹੈ ਕੱਚੇ ਧਾਗੇ ਵਾਙੂ। ਹੇ ਨਾਨਕ! ਸਾਧੂ (ਦੇ ਚਰਨਾਂ ਦੀ) ਧੂੜੀ ਲਖਾਂ ਕ੍ਰੋੜਾਂ ਪ੍ਰਯਾਗਾਂ ਤੋਂ (ਵਧੀਕ) ਪਵਿਤ੍ਰ ਹੈ ॥ ੧੬ ॥

**ਵਯਾਖਯਾ**—ਪਹਿਲੇ ਸਲੋਕ ਵਿਚ ਮੀਂਹ ਦੇ ਰੂਪਕ ਵਿਚ ਪ੍ਰੇਮੀ ਪੁਰਖ ਉਪਰ ਗੁਰੂ ਜੀ ਦੀ ਮਿਹਰ ਦਾ ਨਕਸ਼ਾ ਬੱਧਾ ਹੈ। ਵਾਹਿਗੁਰੂ ਨੇ ਹੁਕਮ ਦਿਤਾ ਤਾਂ ਗੁਰੂ ਰੂਪੀ ਬਦਲ ਮਿਹਰਬਾਨ ਹੋ ਗਿਆ

ਤੇ ਉਸ ਨੇ ਨਾਮ ਬਾਣੀ ਦੀ ਦਾਤ ਬਖਸ਼ ਦਿਤੀ। ਉਸ ਨਾਲ ਹਿਰਦੇ ਵਿਚ ਸ਼ੁਭ ਗੁਣਾਂ ਰੂਪੀ ਅੰਨ ਤੇ ਨਾਮ ਰਸ ਰੂਪੀ ਧਨ ਪੈਦਾ ਹੋ ਗਿਆ; ਜਿਸ ਨਾਲ ਸੰਸਿਆਂ ਵਿਚ ਰਹਿਣ ਵਾਲੀ ਬ੍ਰਿਤੀ ਰੱਜ ਗਈ। ਭਾਵ ਨਿਹਚੇ ਦੇ ਘਰ ਆ ਗਈ। ਕੇਵਲ ਨਿਹਚੇ ਦੇ ਘਰ ਹੀ ਨਹੀਂ ਆਈ,ਤ੍ਰਿਪਤ ਹੋ ਗਈ। ਅਰਥਾਤ ਐਸੀ ਰੱਜੀ ਕਿ ਮੁੜ ਭੁੱਖ ਨਹੀਂ ਲਗਦੀ।

ਮੈ ਬਹੁੜਿ ਨ ਤ੍ਰਿਸਨਾ ਭੁਖੜੀ ਹਉ ਰਜਾ ਤ੍ਰਿਪਤਿ ਅਘਾਇ ਜੀਉ ॥

[ਸੂਹੀ ਮਹਲਾ ੫,ਗੁਣਵੰਤੀ।

ਤ੍ਰਿਪਤੀ ਗਜ਼ਾਨਵਾਨ ਦੀ ਅਵਸਥਾ ਦਾ ਨਾਮ ਹੈ। ਤ੍ਰਿਪਤੀ ਹੋਕੇ ਫੇਰ ਕੀਹ ਕਸਰ ਹੋ ਗਈ ਜੋ ਅਘਾਇ ਕਹਿਣਾ ਪਿਆ? ਕਸਰ ਕੋਈ ਨਹੀਂ ਹੋਈ; ਤ੍ਰਿਪਤੀ ਦੀ ਇਕ ਹੋਰ ਅਵਸਥਾ ਦੱਸੀ ਹੈ। ਅਘਾਇ ਕਹਿੰਦੇ ਹਨ (ਆਘ੍ਰਾਣ) ਨੱਕ ਤੱਕ ਰੱਜ ਜਾਣ ਨੂੰ। ਦ੍ਰਿਸ਼ਟਾਂਤ ਚਲ ਰਿਹਾ ਹੈ ਧਰਤੀ ਤੇ ਮੀਂਹ ਦਾ। ਜਦ ਧਰਤੀ ਨੱਕ ਤੱਕ ਰਜਦੀ ਹੈ ਤਾਂ ਸੋਮੇ ਫੁਟਦੇ ਹਨ ਜੋ ਵਹਿ ਵਹਿ ਕੇ ਹੋਰ ਬੰਜਰ ਧਰਤੀ ਨੂੰ ਸੈਰਾਬ ਕਰਦੇ ਹਨ। ਇਸ ਤੋਂ ਸੈਂਨਤ ਇਹ ਦਿੱਤੀ ਕਿ ਉਹ ਤ੍ਰਿਪਤੀ ਵਾਨ ਮਹਾਂ ਪੁਰਖ ਫੇਰ ਦੂਸਰਿਆਂ ਨੂੰ ਅਪਣੀ ਤ੍ਰਿਪਤੀ ਦੀ ਛੋਹ ਲਾਉਂਦਾ ਹੈ। ਉਹ ਸੋਮੇ ਵਾਙੂ ਡੁਲ੍ਹ ਡੁਲ੍ਹ ਪੈਂਦਾ ਹੈ, ਜਿਸ ਤੋਂ ਉਪਕਾਰ ਹੁੰਦਾ ਹੈ।

ਤੀਸਰੀ ਸਤਰ ਵਿਚ ਹੋਰ ਅਗਲੀ ਕਿਸੇ ਅਵਸਥਾ ਦਾ ਜ਼ਿਕਰ ਨਹੀਂ। ਨਾਮ ਰਸੀਏ ਤ੍ਰਿਪਤ ਮਹਾਂ ਪੁਰਖ ਦੀ ਫੇਰ ਜੀਉਂਦੇ ਜੀ ਦੀ ਨਿਤ ਕ੍ਰਿਯਾ ਦੱਸੀ ਹੈ ਕਿ ਹੁਣ ਕਿਉਂਕਿ ਉਸ ਦੇ ਮਾਨਸਿਕ ਦੁੱਖ ਦਲਿਦਰ ਦੂਰ ਹੋ ਚੁਕੇ ਹਨ ਤੇ ਉਹ ਤ੍ਰਿਪਤੀ ਵਿੱਚ ਹੈ, ਕੀਹ ਉਹ ਅਕ੍ਰੈ ਹੋਕੇ ਸੁੰਨ ਹੋ ਗਿਆ ਹੈ? ਨਹੀਂ, ਉਸ ਦੀ ਬ੍ਰਿਤੀ ਕਿਸੇ ਹੋਰ ਆਹਰ ਵਿਚ ਖਚਿਤ ਹੋਕੇ ਵਿਸਾਰੇ ਵਿਚ ਨਹੀਂ ਜਾਂਦੀ, ਉਹ ਹਰੀ ਗੁਣ ਗਾਇਨ ਵਿਚ ਰਹਿੰਦੀ ਹੈ, ਜਿਸ ਦੀ ਮੇਹਰ ਨਾਲ ਤ੍ਰਿਪਤੀ ਮਿਲੀ ਹੈ।

ਅਗਲੀਤੁਕ ਵਿਚ ਫੇਰ ਪਹਿਲੀ ਨਾਲ ਸਮਾਧਾਨ ਹੈ ਕਿ ਪ੍ਰਭੂ ਵਲੋਂ ਦਾਨਉਸਦੀ ਰਜ਼ਾ ਨਾਲ ਉਸ ਦੇ ਹੁਕਮ ਨਾਲ ਮਿਲਿਆ ਹੈ। ਅਖੀਰਲੀ ਵਿਚ ਉਪਦੇਸ਼ ਹੈ ਸਰਬ ਕਾਲ ਦੇ ਜੀਵਾਂ ਨੂੰ ਕਿ ਜਿਸ ਪ੍ਰਭੂ ਵਿਚ ਇਹ ਦਇਆਲਤਾ ਹੈ ਤੁਸੀਂ ਬੀ ਉਸ ਨੂੰ ਧਿਆਵੋ।

ਪਹਿਲੇ ਵਿਚ ਜੋ ਪੂਰਨ ਅਵਸਥਾ ਕਾਵਯ ਰਸੀ ਬੋਲੀ ਵਿਚ ਵਿਸਮਾਦੀ ਢੰਗ ਤੇ ਵਰਣਨ ਕੀਤੀ ਸੀ ਉਸ ਨੂੰ ਦਾਰਸ਼ਨਿਕ ਪਦਾਂ ਵਿਚ ਵਰਣਨ ਕਰਦੇ ਹਨ। ਜੀਵਨ ਪਦਵੀ ਉਸ ਦਾ ਨਾਮ ਹੈ ਜੋ ਜਨਮ ਮਰਨ ਤੋਂ ਰਹਿਤ ਆਤਮ ਲੱਖਤਾ ਵਿਚ ਅਮਰ ਕਰ ਦੇਂਦੀ ਹੈ। ਨਿਰਬਾਣ ਉਸ ਅਵਸਥਾ ਨੂੰ ਕਹਿੰਦੇ ਹਨ ਜਿਸ ਵਿਚ ਕੋਈ ਸੰਭਾਵਨਾ ਮੁੜ ਜੀਵਤ ਭਾਵ ਵਲ ਆਉਣ ਦੀ ਨਹੀਂ ਰਹਿੰਦੀ, ਪੂਰਨ ਮੁਕਤ ਅਵਸਥਾ। ਦੋਹਾਂ ਨੂੰ ਮੇਲ ਕੇ ਦੱਸਿਆ ਕਿ ਉਹ ਅਵਸਥਾ ਨਿਰਬਾਣਤਾ ਹੈ ਪਰ ਸਦੀਵੀ ਜੀਵਨ ਵਾਲੀ ਹੈ, ਉਹ ਸੁੰਨ ਅਵਸਥਾ ਨਹੀਂ ਜੈਸੀ ਕਿ ਬੋਧੀ ਮੰਨਦੇ ਹਨ। ਫੇਰ ਓਹ ਜੀਵਨ ਪਦਵੀ ਤਾਂ ਹੈ ਪਰ ਉਹ ਨਹੀਂ ਜੋ ਜੀਵਨ ਨੂੰ ਫੇਰ ਕਾਲ ਚੱਕ੍ਰ ਵਿਚ ਲਿਆ ਸਕਦੀ ਹੈ, ਪਰ ਉਹ ਜੋ ਨਿਰਬਾਣ ਹੈ, ਸਦਾ ਮੁਕਤ ਹੈ। ਇਹੋ ਨਿਰਬਾਣ ਪਦ ਫੇਰ ਅਖੀਰਲੀ ਤੋਂ ਪਹਿਲੀ ਤੁਕ ਵਿਚ ਵਰਤਿਆ ਹੈ, ਓਥੇ ਬੀ ਨਿਰਬਾਣ ਪਦਵੀਤੋਂ ਮੁਰਾਦ ਹੈ ਕਿ ਓਹ ਸੁੰਨ ਅਵਸਥਾ ਵਿਚ ਨਹੀਂ,ਪਰ ਪ੍ਰਭੂ ਦੇ ਰੰਗ(ਪ੍ਰੇਮ) ਵਿਚ ਰਤੇ ਹੋਏ ਨਿਰਬਾਣ (ਮੁਕਤ) ਹੁੰਦੇ ਹਨ। ਬਾਕੀ ਸ਼ਲੋਕ ਵਿਚ ਨਾਮ ਵਾਲੇ ਤੇ ਨਾਮ ਬਿਨ ਜੀਵਨਾਂ ਦਾ ਵੇਰਵਾ ਹੈ। ਹੁਣ ਪਉੜੀ ਆਈ। ਇਸ ਵਿਚ ਚਾਰੇ ਰੁਕਨ ਅਪਣੇ ਉਪਦੇਸ਼ ਦੇ ਲਏ ਹਨ: ਸਾਧੂ, ਨਾਮ, ਕੀਰਤਨ ਤੇ ਪ੍ਰਭੂ। ਸਾਧੂ ਦੇ ਸੰਗ ਕਰਕੇ ਕੀਰਤਨ, ਨਾਮ, ਤੇ ਨਾਮ ਕਰਕੇ ਪ੍ਰਭੂ ਦੀ ਪ੍ਰਾਪਤੀ ਦੱਸੀ ਹੈ। ਮਾਨੋ ਪਿਛਲੇ ਸ਼ਲੋਕਾਂ ਵਿਚ ਕਥੀ ਅਵਸਥਾ ਦੀ ਪ੍ਰਾਪਤੀ ਦਾ ਪ੍ਰਕਾਰ ਹੀ ਖੋਹਲ ਕੇ ਦੱਸਿਆ ਹੈ।

**ਨਿਰੁਕ—** ਅਘਾਇ-[ਆਘ੍ਰਾਣਮ੍=ਰੱਜਣਾ, ਤ੍ਰਿਪਤ ਹੋਣਾ] ਅਤਿ ਰਜਿਆ। ਭਾਵ ਵਜਾਖਜਾ ਵਿਚ ਆ ਚੁਕਾ ਹੈ। ਪ੍ਰਿਥਵੀ ਆਦਿ ਦੇ ਭਾਵ ਬੀ ਵਜਾਖਜਾ ਵਿਚ ਆ ਗਏ ਹਨ।

ਦਾਲਦੁ—[ਸੰਸ: ਦਰਿਦ੍ਰਤਾ=ਗਰੀਬੀ, ਨਿਰਧਨਤਾ] ਆਲਸ ਕਰਕੇ ਵਾਪਰੀ ਗ੍ਰੀਬੀ ਤੇ ਮੈਲਾ ਜੀਵਨ।

ਨਿਰਬਾਣੁ—(ਦੇਖੋ ਪੰਨਾ ੫੫੧) ਸਦਾ ਮੁਕਤ। ਭਾਵ ਤੇ ਅਰਥ ਵਜਾਖਜਾ ਵਿਚ ਵਿਸਥਾਰ ਨਾਲ ਆ ਚੁਕਾ ਹੈ। ਧੀਰੀਐ—ਧੀਰਜ ਪਕੜੀਏ। ਟਿਕੀਏ।

ਛਾਰੁ—ਸੁਆਹ। ਮਿੱਟੀ। ਬਾਦਿ—(ਦੇਖੋ ਪੰਨਾ ੨੬੪) ਬ੍ਰਿਥਾ। ਅਕਾਰਥ।

ਕਲ—(ਦੇਖੋ ਪੰਨਾ ੧੫੯੨) ਸ਼ਕਤੀ। ਪੁਨੀਤ—(ਦੇਖੋ ਪੰਨਾ ੧੫੯੧) ਪਵਿਤ੍ਰ।

ਪਿਰਾਗੋ—[ਸੰਸ:, ਪ੍ਰਯਾਗ:] ਜਿਸ ਨੂੰ ਅਲਾਹਾਬਾਦ ਬੀ ਆਖਦੇ ਹਨ। ਪੁਰਾਤਨ ਹਿੰਦੂ ਤੀਰਥ ਹੈ, ਜਿਥੇ ਗੰਗਾ ਜਮਨਾ ਦਾ ਸੰਗਮ ਹੈ ਤੇ ਧਰਤੀ ਦੇ ਹੇਠੋਂ ਹੇਠ ਜਾ ਕੇ ਸੁਰਸਤੀ ਦਾ ਸੰਗਮ ਬੀ ਮੰਨਿਆ ਹੈ। ਜੋ ਫਲ ਇਥੋਂ ਦੇ ਇਸ਼ਨਾਨ ਦਾ ਮੰਨਿਆ ਹੈ, ਐਸੇ ਲੱਖਾਂ ਕ੍ਰੋੜਾਂ ਅਸਥਾਨ ਦੇ ਇਸ਼ਨਾਨ ਤੋਂ ਪ੍ਰਾਪਤ ਹੋਣ ਵਾਲੇ ਮੰਨੇ ਫਲ ਸਾਧੂ ਦੀ ਸ਼ਰਣ ਲੈਣ ਤੋਂ ਪ੍ਰਾਪਤ ਹੁੰਦੇ ਹਨ, ਇਹ ਭਾਵ ਹੈ। ਕਿਉਂਕਿ ਸਾਧੂ ਮੁਕਤ ਪਦਵੀ ਨੂੰ ਪਹੁੰਚਾ ਦੇਂਦਾ ਹੈ।

## [ਪਉੜੀ ਸਤਾਰ੍ਹਵੀਂ]

| ਮੂਲ | ਅਰਥ |
|---|---|
| ਸਲੋਕੁ ਮਃ ੫ ॥ ਧਰਣਿ ਸੁਵੰਨੀ ਖੜ ਰਤਨ ਜੜਾਵੀ ਹਰਿ ਪ੍ਰੇਮ ਪੁਰਖੁ ਮਨਿ ਵੁਠਾ ॥ ਸਭੇ ਕਾਜ ਸੁਹੇਲੜੇ ਥੀਏ ਗੁਰੁ ਨਾਨਕੁ ਸਤਿਗੁਰੁ ਤੁਠਾ ॥ ੧ ॥ | (ਜਦੋਂ ਤੇ ਜਿਸ ਉਤੇ) ਸਤਿਗੁਰੂ ਗੁਰੂ ਨਾਨਕ ਦੇਵ ਤ੍ਰੁੱਠ ਪਿਆ (ਤਾਂ) ਸਾਰੇ ਕਾਰਜ ਸੁਖ ਪੂਰਬਕ ਸਿਰੇ ਚੜ੍ਹ ਗਏ, (ਉਸਦੀ ਬੁੱਧੀ ਰੂਪ) ਧਰਤੀ ਖੂਬਸੂਰਤ ਹੋ ਗਈ, (ਉਸ ਵਿਚ ਹੁਣ ਜੋ 'ਪ੍ਰੇਮ ਭਾਵ' ਰੂਪੀ) ਘਾਹ ਉਗ ਰਿਹਾ ਹੈ ਉਹ(ਮਾਨੋ ਨਾਮ ਰਸ ਰੂਪੀ) ਰਤਨਾਂ ਦੀ ਜੜਤ ਵਾਲੀ ਹੋ ਰਹੀ ਹੈ, (ਕਿਉਂਕਿ ਉਥੇ ਹੁਣ) 'ਪ੍ਰੇਮ ਸਰੂਪ ਵਾਲਾ ਹਰੀ ਪੁਰਖ' (=ਵਾਹਿਗੁਰੂ) ਵੱਸ ਰਿਹਾ ਹੈ ॥ ੧ ॥ |
| ਮਃ ੫ ॥ ਫਿਰਦੀ ਫਿਰਦੀ ਦਹ-ਦਿਸਾ ਜਲ ਪਰਬਤ ਬਨਰਾਇ ॥ ਜਿਥੈ ਡਿਠਾ ਮਿਰਤਕੋ ਇਲ ਬਹਿਠੀ ਆਇ ॥ ੨ ॥ | (ਪਰ ਦੇਖੋ) ਇੱਲ (ਵੱਲ ਕਿ ਉਹ) ਦਸੋ ਦਿਸ਼ਾ ਵਿਚ, ਜਲਾਂ, ਜੰਗਲਾਂ ਤੇ ਪਹਾੜਾਂ (ਉਤੋਂ ਉਚੀ) ਉਡਦੀ ਉਡਦੀ ਜਿਥੇ ਮੁਰਦਾਰ ਨੂੰ ਦੇਖ ਲੈਂਦੀ ਹੈ (ਉਥੇ ਹੀ ਹੇਠਾਂ ਉਤਰ ਕੇ) ਆ ਬੈਠਦੀ ਹੈ ॥ ੨ ॥ |
| ਪਉੜੀ ॥ ਜਿਸੁ ਸਰਬ ਸੁਖਾ ਫਲ ਲੋੜੀਅਹਿ ਸੋ ਸਚੁ ਕਮਾਵਉ ॥ ਨੇੜੈ ਦੇਖਉ ਪਾਰਬ੍ਰਹਮੁ ਇਕੁ ਨਾਮੁ ਧਿਆਵਉ ॥ ਹੋਇ ਸਗਲ ਕੀ ਰੇਣੁਕਾ ਹਰਿ ਸੰਗਿ ਸਮਾਵਉ ॥ ਦੂਖੁ ਨ ਦੇਈ ਕਿਸੈ ਜੀਅ ਪਤਿ ਸਿਉ ਘਰਿ ਜਾਵਉ ॥ ਪਤਿਤ | (ਤਾਂਤੇ ਹੇ ਭਾਈ!) ਜਿਸ ਨੂੰ ਸਾਰੇ ਸੁਖ (ਤੇ ਸੁਖਾਂ ਦੇ) ਫਲਾਂ ਦੀ ਲੋੜ ਹੈ ਓਹ (ਸੱਭੇ) ਸੱਚ ਕਮਾਵੇ। ਪਾਰਬ੍ਰਹਮ ਨੂੰ ਨੇੜੇ ਦੇਖੋ (ਤੇ ਇਸ ਪ੍ਰਾਪਤੀ ਲਈ) ਇਕ ਨਾਮ ਦੀ ਅਰਾਧਨਾ ਕਰੋ। ਸਾਰਿਆਂ ਦੇ (ਚਰਨਾਂ ਦੀ) ਧੂੜੀ ਹੋ ਕੇ ਹਰੀ ਦੇ ਨਾਲ ਸਮਾਏ ਰਹੋ। ਕਿਸੇ (ਬੀ) ਜੀਵ ਨੂੰ ਦੁਖ ਨਾ ਦਿਓ (ਤਦ ਤੁਸੀਂ ਵਾਹਿਗੁਰੂ ਜੀ ਦੇ ਦਰਬਾਰ ਰੂਪੀ) ਘਰ ਨੂੰ ਪਤ ਨਾਲ ਜਾਓਗੇ। "ਕਰਤਾ ਪੁਰਖ ਪਾਪੀਆਂ ਨੂੰ ਤਾਰਨ ਵਾਲਾ ਹੈ" (ਇਹ ਸੁਖ ਸੋਹਿਲਾ ਹਰ ਪ੍ਰਾਣੀ ਨੂੰ) ਸੁਣਾਓ (ਫੁਰਮਾਉਂਦੇ |

ਪੁਨੀਤ ਕਰਤਾ ਪੁਰਖੁ ਨਾਨਕ ਸੁਣਾਵਉ ॥ ੧੭॥ | ਹਨ ਗੁਰੂ) ਨਾਨਕ ਦੇਵ ਜੀ (ਭਾਵ ਹੈ ਕਿ ਆਪ ਜਪੈ ਤੇ ਹੋਰਨਾਂ ਨੂੰ ਜਪਾਓ*) ॥ ੧੭ ॥

**ਵਯਾਖਯਾ**—ਪਹਿਲੇ ਸਲੋਕ ਵਿਚ ਉਸ ਆਦਮੀ ਦਾ ਰੂਪਕ ਬੱਧਾ ਹੈ ਜਿਸ ਦੇ ਮਨ ਵਿਚ ਪ੍ਰੇਮ ਰੂਪ ਵਾਹਿਗੁਰੂ ਵਸ ਪਿਆ ਹੈ। ਉਸ ਉਤੇ ਗੁਰੂ ਕ੍ਰਿਪਾਲ ਹੋਇਆ ਹੈ, ਉਸ ਨੇ ਨਾਮ ਦਿੱਤਾ ਹੈ ਤੇ ਮੇਹਰ ਕੀਤੀ ਹੈ, ਜਿਸ ਨਾਲ ਉਸ ਦੇ ਮਨ ਵਿਚ, ਜਿਸ ਦਾ ਕਿ ਸਿਮਰਨ ਕਰਦਾ ਸੀ, ਉਹ ਵਾਹਿਗੁਰੂ ਆਪ ਵਸ ਪਿਆ ਹੈ। ਉਸ ਦਾ ਫਲ ਕੀ ਹੋਇਆ ਹੈ? ਉਸ ਦੀ ਅੰਤਹਕਰਣ ਰੂਪੀ ਧਰਤੀ ਸੋਹਣੀ ਹੋ ਗਈ ਹੈ। ਧਰਤੀ ਘਾਹ ਵਾਲੀ* ਸੋਹਣੀ ਲਗਦੀ ਹੈ, ਤੇ ਘਾਹ ਉਤੇ ਤ੍ਰੇਲ ਪਈ ਹੋਵੇ, ਜਿਸ ਦੇ ਕਿਣਕੇ ਹੀਰਿਆਂ ਮੋਤੀਆਂ ਵਾਙੂ ਚਮਕਦੇ ਹਨ, ਤਾਂ ਧਰਤੀ ਹੋਰ ਬੀ ਸੋਹਣੀ ਲਗਦੀ ਹੈ। ਵਾਹਿਗੁਰੂ ਜਿਸ ਹਿਰਦੇ ਵਿਚ ਵਸਿਆ ਹੈ ਉਹ ਸ਼ੁਭ ਗੁਣਾਂ ਨਾਲ ਬੀ ਭੂਸ਼ਿਤ ਹੋ ਗਿਆ ਹੈ। ਸਰਬ ਅਨਾਤਮ ਤੋਂ ਸੁਤੇ ਵੈਰਾਗ ਤੇ ਸਤਯ ਵੀਚਾਰ ਆਦਿ ਸ਼ੁਭ ਗੁਣ ਉਸ ਵਿਚ ਸੁਤੇ ਹੀ ਆ ਵਸਦੇ ਹਨ; ਜਿਵੇਂ ਤ੍ਰੇਲ ਬਿੰਦੂ ਰਤਨਾਂ ਦੀ ਝਾਲ ਵਾਲੇ ਘਾਹ ਉਤੇ ਸੁਤੇ ਹੀ ਆ ਪੈਂਦੇ ਹਨ। ਫਿਰ ਦੂਜੀ ਤੁਕ ਵਿਚ ਦੱਸਦੇ ਹਨ ਕਿ ਐਸੇ ਪੁਰਖ ਦੇ ਸਾਰੇ ਕਾਰਜ ਸੁਖੱਲੇ ਸਿਰੇ ਚੜ੍ਹ ਜਾਂਦੇ ਹਨ।

ਦੂਜੇ ਸਲੋਕ ਵਿਚ ਇਸ 'ਪ੍ਰੇਮ ਪੁਰਖੁ ਮਨਿ ਵੁਠਾ' ਵਾਲੇ ਦੇ ਟਾਕਰੇ ਤੇ, ਕਿ ਜਿਸ ਤੇ ਸਤਿਗੁਰੂ ਤ੍ਰੁਠਾ ਹੈ, ਉਸ ਆਦਮੀ ਦਾ ਵਰਣਨ ਹੈ ਜਿਸ ਨੂੰ ਪੂਰਾ ਸਤਿਗੁਰੂ ਨਹੀਂ ਮਿਲਿਆ ਉਸ ਦਾ ਰੂਪਕ 'ਇਲ' ਨਾਲ ਬੰਨ੍ਹਦੇ ਹਨ। ਇੱਲ ਉੱਚੀ ਉੱਡਦੀ ਹੈ: ਬਨਾਂ, ਝੀਲਾਂ, ਸਮੁੰਦਰਾਂ ਤੇ ਉੱਚੇ ਉੱਚੇ ਪਹਾੜਾਂ ਤੇ ਬੀ ਜਾ ਉਡਦੀ ਹੈ ਪਰ ਉਹ ਕੁਦਰਤ ਦੇ ਨਜ਼ਾਰੇ ਮਾਣਨ ਦੀ ਇੱਛਾ ਨਾਲ ਯਾ ਸਾਈਂ ਦੀ ਭਾਲ ਵਿਚ ਨਹੀਂ ਉਡਦੀ, ਉਹ ਤਾਂ ਉਪਰੋਂ ਨਜ਼ਰ ਹੇਠ ਨੂੰ ਰੱਖਦੀ ਹੈ, ਜਿਥੇ ਮੁਰਦਾਰ ਦੇਖਦੀ ਹੈ ਝਪਟ ਕੇ ਹੇਠਾਂ ਉਤਰਦੀ ਤੇ ਮੁਰਦਾਰ ਦੇ ਸਿਰ੍ਹਾਣੇ-ਖਾਣੇ ਲਈ ਆ ਬੈਠਦੀ ਹੈ।

ਇਹ ਮਿਸਾਲ ਦੇਕੇ ਆਪ ਜੀ ਦੀ ਮੁਰਾਦ ਇਹ ਹੈ ਕਿ ਜੋ ਪੁਰਖ ਸਚ ਮੁਚ ਮਾਰਗ ਤੇ ਨਹੀਂ ਟੁਰਿਆ ਬ੍ਰਿਤੀ ਵਿਚ ਲੋਭ ਲਾਲਚ ਮੋਹ ਮਾਇਆ ਕਾਇਮ ਹੈ, ਉਹ ਤਿਆਗੀ ਤੇ ਸਾਧੂ ਹੋਕੇ ਬੀ ਜਿੱਥੇ ਏਹ ਮਨੋ ਵਾਂਛਤ ਪਦਾਰਥ ਦੇਖਦਾ ਹੈ ਢਹਿ ਪੈਂਦਾ ਹੈ ਤੇ ਫਸ ਜਾਂਦਾ ਹੈ। ਸ੍ਰੀ 'ਪੰਡਿਤ ਤੇ ਗਯਾਨੀ' ਭਾਈ ਹਜ਼ਾਰਾ ਸਿੰਘ ਜੀ, ਜੋ ਪ੍ਰਸਿਧ ਭਾਈ ਚੰਦਾ ਸਿੰਘ ਜੀ ਸੰਪ੍ਰਦਾਈ ਗਯਾਨੀ ਤੋਂ ਸਿਖੇ ਹੋਏ ਓਹਨਾਂ ਦੇ ਮੁੱਖ ਚਾਟੜੇ ਸਨ†, ਕਿਹਾ ਕਰਦੇ ਸਨ ਕਿ ਇਹ ਮੰਦ ਵੈਰਾਗ ਵਾਲੀ ਬ੍ਰਿਤੀ ਵਾਲਿਆਂ ਪਰਥਾਇ ਬਚਨ ਹੋਇਆ ਹੈ। ਮੰਦ ਵੈਰਾਗ ਵਾਲਾ ਸਾਧੂ ਹੋਕੇ ਬਨਾਂ ਵਿਚ ਵਿਚਰਦਾ ਹੈ, ਜਲਾਂ ਦੇ ਕਿਨਾਰੇ ਤੀਰਥਾਂ ਉਤੇ ਤੇ ਪਰਬਤਾਂ ਤੇ ਬਣੇ ਤੀਰਥਾਂ ਤੇ ਜਾਕੇ ਯਾਤ੍ਰਾ ਕਰਦਾ ਤੇ ਤਪ ਸਾਧਦਾ ਹੈ, ਪਰ ਜਦ ਕਿਧਰੇ ਮਾਇਆ ਮਿਲਦੀ ਦਿੱਸਦੀ ਹੈ ਯਾ ਕੋਈ ਸੁੰਦਰ ਇਸਤ੍ਰੀ ਹੱਥ ਲਗਦੀ ਭਾਸਦੀ ਹੈ, ਓਥੇ ਹੀ ਵੈਰਾਗ ਛੱਡ ਕੇ ਮੁੜ ਉਸੇ ਪਕੜ ਵਿਚ ਪੈਕੇ ਵਿਕਾਰੀ ਹੋਕੇ ਰੁੱਝ ਜਾਂਦਾ ਹੈ। ਇਸ ਸਲੋਕ ਦੇ ਪਦਾਂ 'ਮਿਰਤਕ' ਤੇ 'ਇਲ' ਵਿਚ ਆਪ ਨੇ ਦੱਸ ਦਿੱਤਾ ਹੈ ਕਿ ਮੰਦ ਵੈਰਾਗੀ ਤੇ ਨੀਵੀਂਆਂ ਰੁਚੀਆਂ ਅੰਦਰ ਰੱਖਕੇ ਉਡਾਰੀਆਂ ਮਾਰਨ ਵਾਲੇ ਦਾ ਅੰਤ ਕੀ ਹੈ: ਅਸਲੀ ਆਤਮ ਜੀਵਨ ਤੋਂ ਵਿਰਵੇ ਰਹਿਕੇ ਮਾਇਆ ਦੇ ਵਿਚ ਫਸੇ ਰਹਿਣਾ।

ਹੁਣ ਪਉੜੀ ਵਿਚ ਦੋਹਾਂ ਤਸਵੀਰਾਂ ਦਾ ਫਰਕ ਦੱਸਿਆ ਹੈ ਤੇ ਉਹ ਉਪਦੇਸ਼ ਰੂਪ ਵਿਚ

*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰ ਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥
[ਗਉੜੀ ਵਾਰ ਮਹਲਾ ੪–੧੧

†ਆਪ ਜੀ ਨੇ ਹੀ ਪਹਿਲੀ ਟੀਕਾ ਵਾਰਾਂ ਭਾਈ ਗੁਰਦਾਸ ਤੇ ਗੁਰੂ ਗ੍ਰੰਥ ਕੋਸ਼ ਰਚਿਆ ਸੀ।

ਦੱਸਿਆ ਹੈ। ਉਪਦੇਸ਼ ਐਸਾ ਕੀਤਾ ਹੈ ਕਿ ਜੋ ਸਰਬ ਨੂੰ ਸਰਬ ਕਾਲ ਵਿਚ ਆਤਮਿਕ ਉੱਚ ਜੀਵਨ ਦੀ ਪ੍ਰਾਪਤੀ ਲਈ ਸਹਾਈ ਹੋਵੇ। 'ਸਭੇ ਕਾਜ ਸੁਹੇਲੜੇ ਥੀਏ' ਨੂੰ 'ਸਰਬ ਸੁਖਾ ਫਲ ਲੋੜੀਅਹਿ' ਕਹਿਕੇ ਫੁਰਮਾਇਆ ਹੈ–ਕਿ ਜੇ ਸਾਰੇ ਸੁਖਾਂ ਦੀ ਲੋੜ ਹੈ ਤਾਂ ਐਉਂ ਕਰੋ:–

੧. ਸੱਚ ਦੀ ਕਮਾਈ ਕਰੋ।

੨. ਨਾਮ ਦੀ ਅਰਾਧਨਾ ਕਰੋ।

੩. ਪਾਰਬ੍ਰਹਮ ਪਰਮੇਸ਼ੁਰ ਦੀ ਹਜ਼ੂਰੀ ਵਿਚ ਵੱਸੋ। (ਨਾਮ ਅਰਾਧਣ ਨਾਲ ਹਜ਼ੂਰੀ ਵਾਸਾ ਹੁੰਦਾ ਹੈ। ਹਜ਼ੂਰੀ ਦਾ ਭਾਵ ਚਿਤ ਵਿਚ ਰੱਖਕੇ ਨਾਮ ਜਪਿਆਂ ਨਾਮ ਨਾਮੀ ਵਿਚ ਲੈ ਜਾਂਦਾ ਹੈ)।

੪. ਹੁਣ ਰਿਹਾ ਦੁਨੀਆਂ ਦਾ ਵਰਤਾਰਾ; ਉਸ ਬਾਬਤ ਫੁਰਮਾਉਂਦੇ ਹਨ ਕਿ ਨਿੰਮ੍ਰਤਾ ਧਾਰਣ ਕਰੋ। (ਨਿੰਮ੍ਰਤਾ ਨਾਲ ਹਉਮੈ ਘਟਦੀ ਹੈ, ਹਉਮੈ ਘਟਣ ਤੇ ਹਟਣ ਨਾਲ ਵਾਹਿਗੁਰੂ ਵਿਚ ਸਮਾਈ ਹੁੰਦੀ ਹੈ)।

੫, ਫਿਰ ਦੱਸਦੇ ਹਨ ਕਿ ਸਿਰਫ ਨਿੰਮ੍ਰਤਾ ਕਾਫੀ ਨਹੀਂ, ਚਾਹੀਦਾ ਹੈ ਕਿ ਕਿਸੇ ਨੂੰ ਦੁਖ ਨਾ ਦਿਓ। ਇਸ ਵਿਚ ਇਸ਼ਾਰਾ ਹੈ ਕਿ ਸਰਬੱਤ ਦੇ ਭਲੇ ਵਿਚ ਰਹੋ।

੬. ਹੁਣ ਰਿਹਾ ਉਹ ਆਖ਼ਰੀ ਨੁਕਤਾ ਕਿ ਨਾਮ ਅਭਯਾਸੀ ਨੂੰ ਅਕਸਰ ਲੋਕੀ ਐਸੇ ਮਿਲਦੇ ਹਨ ਜੋ ਮਾਂਈਂ ਦੇ ਪਾਸੇ ਲਗਦੇ ਨਹੀਂ, ਇਸ ਕਰਕੇ ਕਿ ਅਸੀਂ ਪਾਪੀ ਹਾਂ, ਸਾਨੂੰ ਰਬ ਜੀ ਤੋਂ ਸ਼ਰਮ ਆਉਂਦੀ ਹੈ। ਤਾਂ ਫੁਰਮਾਉਂਦੇ ਹਨ ਕਿ ਉਹਨਾਂ ਨੂੰ ਡੰਕ ਦੀ ਚੋਟ ਦੱਸ ਦਿਓ ਕਿ ਵਾਹਿਗੁਰੂ ਵੈਰੀ ਨਹੀਂ, ਦੁਖ ਦੇਕ ਰਾਜ਼ੀ ਨਹੀਂ, ਓਹ ਪ੍ਰੇਮ-ਸਰੂਪ ਹੈ ਜੈਸਾ ਕਿ ਪਹਿਲੇ ਸਲੋਕ ਵਿਚ ਉਸ ਨੂੰ ਪ੍ਰੇਮ ਪੁਰਖੁ ਕਹਿ ਆਏ ਹਨ। ਏਥੇ ਉਸ ਨੂੰ 'ਪਤਿਤਾਂ ਨੂੰ ਪਾਵਨ ਕਰਨ ਵਾਲਾ' ਦੱਸਿਆ ਹੈ ਤੇ ਨਾਲ ਕਾਰਣ ਦਾ ਇਸ਼ਾਰਾ ਦਿਤਾ ਹੈ ਕਿ ਉਹ (ਕਰਤਾਰ=) ਸਾਡਾ ਰਚਨੇ ਵਾਲਾ ਹੈ, ਉਹ ਕਦੇ ਸਖਤੀ ਕਰਨ ਵਿਚ ਸੁਖੀ ਨਹੀਂ ਹੋ ਸਕਦਾ। ਓਹ ਪਤਿਤ ਪਾਵਨ ਹੈ। ਕਰਤਾ ਪੁਰਖ ਹੋਕੇ ਪਿਤਾ ਹੈ, ਪਿਤਾ ਪੁਤ੍ਰ ਦੇ ਅਪਰਾਧ ਬਖ਼ਸ਼ਦਾ ਹੈ।

ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ॥
ਕਰਿ ਉਪਦੇਸੁ ਝਿੜਕੇ ਬਹੁ ਭਾਤੀ ਬਹੁੜਿ ਪਿਤਾ ਗਲਿ ਲਾਵੈ॥
[ਸੋਰਠਿ ਮਹਲਾ ੫–੬੨

**ਵਿਸ਼ੇਸ਼**–ਇਸ ਪਉੜੀ ਵਿਚ ਜੇਕਰ ਭਾਵ-ਧੁਨੀ ਵਾਲੀ ਨਜ਼ਰ ਮਾਰੀਏ ਤਾਂ ਐਉਂ ਜਾਪਦਾ ਹੈ ਕਿ ਸਾਹਿਬ ਬੈਠੇ ਹਨ, ਕਿਸੇ ਨੇ ਆਕੇ ਦੱਸਿਆ ਹੈ ਕਿ ਜੀ ਅਮਕਾ ਆਦਮੀ ਜੋ ਵੈਰਾਗ ਕਰਕੇ ਘਰੋਂ ਚਲਾ ਗਿਆ ਸੀ ਤੇ ਕੁਛ ਚਿਰ ਬਨਾਂ ਵਿਚ ਵਿਚਰਕੇ ਫੇਰ ਤੀਰਥਾਂ ਤੇ ਘੁੰਮਿਆ ਸੀ ਫੇਰ ਅਮਰ ਨਾਥ, ਬਦ੍ਰੀ ਨਾਰਾਇਣ ਤੇ ਮਾਨ ਸਰੋਵਰ ਆਦਿ ਥਾਈਂ ਵਿਚਰਿਆ ਹੈ, ਅਖੀਰ ਦਿੱਲੀ ਆਕੇ ਇਕ ਜ਼ਨਾਨੀ ਕਰ ਬੈਠਾ ਤੇ ਉਸ ਦੀ ਮਾਇਆ ਤੇ ਉਸ ਨੂੰ ਨਾਲ ਲੈਕੇ ਅਪਣੇ ਘਰ ਆ ਗਿਆ ਹੈ। ਤਦ ਸਤਿਗੁਰਾਂ ਨੇ ਮੁਸਕ੍ਰਾ ਕੇ ਕਿਹਾ ਕਿ ਹਠ ਜਪ ਤਪ, ਤਿਆਗ ਵੈਰਾਗ ਜੋ ਕਾਹਲੀ ਵਿਚ ਤੇ ਏਸਮਝੇ ਕਰੀਦੇ ਹਨ ਓਹ ਕਲਯਾਣ ਨਹੀਂ ਕਰਦੇ। ਉਨ੍ਹਾਂ ਦਾ ਫਲ 'ਗਿਰਾਉ' ਹੁੰਦਾ ਹੈ, ਕਿਉਂਕਿ ਅੰਦਰ ਪਦਾਰਥਕ ਭੁੱਖ ਲਗੀ ਹੋਈ ਸੀ ਜਦੋਂ ਘਰ ਬਾਰ ਛੱਡਕੇ ਅਤੀਤ ਹੋਏ ਸਨ:–

ਗ੍ਰਿਹੁ ਤਜਿ ਬਨਖੰਡ ਜਾਈਐ ਚੁਨਿ ਖਾਈਐ ਕੰਦਾ॥
ਅਜਹੁ ਬਿਕਾਰ ਨ ਛੋਡਈ ਪਾਪੀ ਮਨੁ ਮੰਦਾ॥੧॥
[ਬਿਲਾਵਲ ਕਬੀਰ ਜੀ–੩

ਇਹ ਸਮਝਾਕੇ ਤੇ ਫੇਰ ਆਪ ਨੇ ਸਤਿਗੁਰੂ ਨਾਨਕ ਦੇਵ ਜੀ ਦੀ ਮੇਹਰ ਦਾ ਜ਼ਿਕਰ ਕਰਕੇ ਸਿੱਖਾਂ ਨੂੰ ਸਮਝਾਇਆ ਕਿ ਸ਼ੁਕਰ ਕਰੋ, ਦੇਖੋ ਸਤਿਗੁਰੂ ਨਾਨਕ ਨੇ ਘਰੀਂ ਬੈਠਿਆਂ ਸਿੱਖਾਂ ਉਤੇ ਤ੍ਰੁਠਕੇ

ਸਭ ਦੇ ਅੰਤਸ਼ਕਰਨ ਸ਼ੁੱਧ ਕਰ ਦਿਤੇ ਹਨ, ਜਿਨ੍ਹਾਂ ਵਿਚ ਸਾਰੇ ਸ਼ੁਭ ਗੁਣ ਆ ਗਏ ਹਨ। ਸਭਨਾਂ ਦਾ ਸੁਤੇ ਹੀ ਸਹਜ ਵਿਚ ਨਿਵਾਸ ਹੋ ਗਿਆ ਹੈ, ਕਿਉਂਕਿ ਨਾਮ ਦੇ ਜ਼ਰੀਏ ਉਨ੍ਹਾਂ ਨੇ ਸਿਖਾਂ ਦੇ ਦਿਲਾਂ ਵਿਚ ਉਹ ਵਾਹਿਗੁਰੂ, ਜੋ ਪ੍ਰੇਮ ਦਾ ਸਰੂਪ ਹੈ, ਜਿਸ ਦਾ ਵਜੂਦ ਪ੍ਰੇਮ ਹੈ, ਵਸਾ ਦਿਤਾ ਹੈ। ਵਾਹਿਗੁਰੂ ਦੇ ਅੰਦਰ ਵਸ ਜਾਣ ਨਾਲ ਮਾਇਆ ਨਾਲ ਸੁਤੇ ਵੈਰਾਗ ਹੋ ਗਿਆ ਹੈ, ਇਹ ਦੱਸਕੇ ਪਉੜੀ ਵਿਚ ਫੇਰ ਓਸ ਜੀਵਨ ਦੀ ਪ੍ਰਾਪਤੀ, ਕਾਇਮੀ ਤੇ ਅਮਲ ਦੀ ਜਾਚ ਸਿਖਲਾਈ ਹੈ।

## [ਪਉੜੀ ਅਠਾਰਵੀਂ]

| ਮੂਲ | ਅਰਥ |
|---|---|
| ਸਲੋਕ ਦੋਹਾ ਮਃ ੫ ॥ ਏਕੁ ਜਿ ਸਾਜਨੁ ਮੈ ਕੀਆ ਸਰਬ ਕਲਾ ਸਮਰਥੁ ॥ ਜੀਉ ਹਮਾਰਾ ਖੰਨੀਐ ਹਰਿ ਮਨ ਤਨ ਸੰਦੜੀ ਵਥੁ ॥੧॥ | ਮੈਂ ਜੋ ਇਕ (ਅਪਣਾ) ਸਜਣ ਬਣਾਇਆ ਹੈ, (ਉਹ) ਸਰਬ ਤਾਕਤਾਂ ਵਿਚ ਤਾਕਤ ਵਰ ਹੈ। (ਉਸ ਉਤੋਂ) ਸਾਡਾ ਦਿਲ ਕੁਰਬਾਨ (ਹੋ ਰਿਹਾ ਹੈ ਕਿਉਂਕਿ ਸਾਡੇ) ਮਨ ਤਨ ਨੂੰ ਭਾਉਣ ਵਾਲਾ (ਉਹੀ) ਹਰੀ (ਇਕ) ਅਟਲ ਪਦਾਰਥ ਹੈ ॥ ੧ ॥ |
| ਮਃ ੫॥ ਜੇ ਕਰੁ ਗਹਹਿ ਪਿਆਰੜੇ ਤੁਧੁ ਨ ਛੋਡਾ ਮੂਲਿ ॥ ਹਰਿ ਛੋਡਨਿ ਸੇ ਦੁਰਜਨਾ ਪੜਹਿ ਦੋਜਕ ਕੈ ਸੂਲਿ ॥ ੨ ॥ | [ਅਰਦਾਸ:] ਹੇ ਪਿਆਰੇ ( ਹਰੀ ! ) ਜੇ (ਤੂੰ ਮੇਰਾ) ਹੱਥ ਫੜ ਲਵੇਂ (ਤਾਂ ਮੈਂ) ਤੈਨੂੰ ਕਦੇ ਨਾ ਛੱਡਾਂ। (ਜੋ) ਹਰੀ ਨੂੰ ਛਡ ਦੇਂਦੇ ਹਨ ਓਹ ਖੋਟੇ ਪੁਰਖ (ਕਹੀਦੇ ਹਨ, ਓਹ) ਨਰਕ ਕਿ ਦੁਖ ਵਿਚ ਪੈਂਦੇ ਹਨ ॥ ੨ ॥ |
| ਪਉੜੀ ॥ ਸਭਿ ਨਿਧਾਨ ਘਰਿ ਜਿਸ ਦੈ ਹਰਿ ਕਰੇ ਸੁ ਹੋਵੈ ॥ ਜਪਿ ਜਪਿ ਜੀਵਹਿ ਸੰਤ ਜਨ ਪਾਪਾ ਮਲੁ ਧੋਵੈ ॥ ਚਰਨ ਕਮਲ ਹਿਰਦੈ ਵਸਹਿ ਸੰਕਟ ਸਭਿ ਖੋਵੈ ॥ ਗੁਰੁ ਪੂਰਾ ਜਿਸੁ ਭੇਟੀਐ ਮਰਿ ਜਨਮਿ ਨ ਰੋਵੈ ॥ ਪ੍ਰਭ ਦਰਸ ਪਿਆਸ ਨਾਨਕ ਘਣੀ ਕਿਰਪਾ ਕਰਿ ਦੇਵੈ ॥ ੧੮ ॥ | [ਪ੍ਰਸ਼ਨ: ਉਹ ਹਰੀ ਕਿਹੜਾ ਹੈ ? ਉੱਤਰ:] ਜਿਸ ਦੇ ਘਰ ਵਿਚ ਸਾਰੇ ਭੰਡਾਰ (ਭਰੇ ਪਏ) ਹਨ (ਤੇ ਜੋ) ਕਰਦਾ ਹੈ ਸੋ ਹੋ ਜਾਂਦਾ ਹੈ (ਉਹ) ਹਰੀ (ਹੈ। ਜਿਸ ਨੂੰ) ਜਪ ਜਪ ਕੇ ਸੰਤ ਜਨ ਜੀਉਂਦੇ ਹਨ (ਤੇ ਜੋ ਉਹਨਾਂ ਦੀ) ਪਾਪਾਂ ਦੀ ਮੈਲ ਧੋ ਦੇਂਦਾ ਹੈ। (ਹਾਂ, ਜਿਸਦੇ) ਕਮਲਾਂ (ਵਰਗੇ ਕੂਲੇ) ਚਰਨ (ਜੇ) ਹਿਰਦੇ ਵਿਚ ਵੱਸ ਜਾਣ ਤਾਂ ਸਾਰੇ ਕਸ਼ਟ ਕਲੇਸ਼ ਦੂਰ ਹੋ ਜਾਂਦੇ ਹਨ। [ਪਰ ਉਹ ਮਿਲਦਾ ਕਿਸ ਨੂੰ ਹੈ ? ਉੱਤਰ:] ਜਿਸ ਨੂੰ ਪੂਰਾ ਗੁਰੂ ਮਿਲ ਪਵੇ (ਓਹ ਫੇਰ) ਜਨਮ ਜਨਮਾਤ੍ਰਾਂ ਵਿਚ ਪੈ ਪੈ ਕੇ ਰੋਂਦਾ ਨਹੀਂ। (ਉਸ) ਪ੍ਰਭੂ ਦੀ ਦਰਸ਼ਨ ਪਿਆਸਾ ਬੜੀ ਲੱਗ ਰਹੀ ਹੈ, ਕਿਰਪਾ ਕਰਕੇ (ਉਹੀ ਸਾਨੂੰ) ਦੇਵੇ, ਹੇ ਨਾਨਕ ! ॥ ੧੮ ॥ |

**ਵਜਾਖਜਾ**—ਭਾਵ ਸੰਗਲੀ ਬੱਧ ਹੈ। ਪਹਿਲੇ ਫੁਰਮਾਉਂਦੇ ਹਨ ਕਿ ਮੈਂ ਇਕ ਸਜਣ ਬਣਾਇਆ ਹੈ, ਉਹ ਸਰਬ ਸ਼ਕਤੀਮਾਨ ਹੈ, ਉਹ ਵਸਤੂ ਹੈ। ਵਸਤੂ ਨਾਮ ਹੈਂ ਸਦਾ ਰਹਣੇ ਵਾਲੇ ਦਾ। ਤੇ ਉਹ ਐਂਵੇ ਕਿਵੇਂ ਦੀ (ਭਾਵ ਸਾਦੀ) ਵਸਤੂ ਨਹੀਂ; ਉਹ ਮਨ ਤੇ ਤਨ ਦੋਹਾਂ ਜੀਵਨ ਕਲਾ ਦੀ ਟੇਕ ਯਾ ਪਜਾਰੀ ਲਗਣੇ ਵਾਲੀ ਜੀਵਨ ਸ਼ਕਤੀ ਹੈ। ਉਸ ਨਾਲ ਮੇਰਾ ਪਜਾਰ ਪੈ ਗਿਆ ਹੈ, ਐਸਾ ਕਿ ਸਾਡਾ ਦਿਲ ਉਸ ਤੋਂ ਵਾਰੀ ਘੋਲੀ ਜਾ ਰਿਹਾ ਹੈ। ਉਸ ਪਜਾਰੇ ਦੀ ਮਹਿਮਾ ਕਰਦੇ ਸਦਾ ਹਜ਼ੂਰੀ ਵਿਚ ਮਨ ਰੱਖਣ ਵਾਲੇ ਝੱਟ ਅਰਦਾਸ ਵਿਚ ਚਲੇ ਜਾਂਦੇ ਹਨ। [ਦੂਸਰਾ ਸਲੋਕ] ਹੇ ਪਜਾਰੇ ਜੇ ਤੂੰ ਮੇਰਾ ਹੱਥ ਫੜੀ ਰੱਖੇਂ ਤਾਂ ਤੈਨੂੰ ਕਦੇ ਨਾ ਛੱਡਾਂ। ਇਸ ਵਿਚ ਕਮਾਲ ਦੀ ਈਸ਼੍ਵਰ ਪਰਾਇਣਤਾ

ਦੱਸੀ ਹੈ। ਜੇ ਤੂੰ ਫੜੀ ਰੱਖੇਂ ਤਾਂ ਮੈਂ ਕਦੇ ਨਾ ਛੱਡਾਂ। ਭਾਵ ਇਹ ਕਿ ਮੇਰੀ ਭਗਤੀ, ਮੇਰਾ ਪਿਆਰ ਆਪ ਦੀ ਦਾਤ ਤੇ ਆਪ ਦੇ ਆਸ੍ਰਿਤ ਹੈ। ਇਹ ਮੇਹਰ ਪਾ ਕੇ ਫੇਰ ਮੈਂ ਕਦੇ ਨਾ ਤੈਨੂੰ ਛੱਡਾਂ। 'ਮੈ ਕੀਆਂ' ਵਿਚ ਲੇਸ਼ ਮਾਤ੍ਰ ਆਈ ਹਉਂ ਦਾ ਇਸ ਕਹਿਣੇ ਵਿਚ 'ਜੇ ਕਰੁ ਗਹਹਿ ਪਿਆਰੜੇ' ਅਭਾਵ ਹੋ ਗਿਆ ਹੈ। ਪਰ ਫੜੇ ਰੱਖਣ ਦੀ ਤਾਕੀਦ ਫੇਰ ਸਫੁਟ ਹੈ। ਅੱਗੇ ਫੇਰ ਹਰੀ ਦਾ ਤਯਾਗ ਕਰਨੇ ਦਾ ਫਲ ਦਿਖਲਾਇਆ ਹੈ ਜੋ ਨਰਕ ਦਾ ਦੁਖ ਕਿਹਾ ਹੈ। ਹੋਰ ਥਾਂ ਫੁਰਮਾਇਆ ਹੈ:- ਹਰਿ ਬਿਸਰਤ ਸਦਾ ਖੁਆਰੀ ॥ [ਟੋਡੀ ਮਹਲਾ ੫-੨

ਪਉੜੀ ਵਿਚ, ਪਹਿਲੇ ਸਲੋਕ ਵਿਚ ਦੱਸੇ ਹਰੀ ਦੇ ਗੁਣ ਹੋਰ ਦਿਖਲਾਏ ਹਨ। (੧) ਉਹ ਸਰਬ ਸ਼ਕਤੀਮਾਨ ਹੈ। (੨) ਉਸ ਦੇ ਭੰਡਾਰ ਦਾਤਾਂ ਦੇਣ ਵਾਲੀਆਂ ਨਾਲ ਸਦਾ ਭਰੇ ਪਏ ਹਨ। (੩) ਉਹ ਪਾਪਾਂ ਦੀ ਮੈਲ ਧੋ ਦੇਂਦਾ ਹੈ ਪਰ ਜੇ ਉਸ ਦਾ ਜਪ ਕਰੀਏ ਤਾਂ। ਧੋਤੇ ਮਨਾਂ ਵਾਲੇ ਸੰਤ ਹੋ ਜਾਂਦੇ ਹਨ। (੪) ਫੇਰ ਜੋ ਕਸ਼ਟ ਕਲੇਸ਼ ਯਾ ਦੁਖ ਤੇ ਮੁਸ਼ਕਲਾਂ ਸੰਤਾਂ ਨੂੰ ਪੈਣ ਉਹ ਆਪ ਦੂਰ ਕਰਦਾ ਹੈ। ਹੁਣ ਉਸਦੀ ਪ੍ਰਾਪਤੀ ਲਈ ਜ਼ਰੂਰੀ ਗੱਲ ਦੱਸਦੇ ਹਨ ਕਿ ਪੂਰੇ ਗੁਰੂ ਦੇ ਮਿਲਣੇ ਦੀ ਲੋੜ ਹੈ ਤੇ ਫਲ ਹੈ ਜਨਮ ਮਰਨ ਦੇ ਕਲੇਸ ਦੂਰ ਹੋ ਜਾਣੇ। ਅਖੀਰਲੀ ਤੁਕ ਵਿਚ ਅਭਿਲਾਖਾ ਤੇ ਅਰਦਾਸ ਹੈ। ਦਰਸ਼ਨ ਦੀ ਅਭਿਲਾਖਾ ਹੈ ਤੇ ਇਹ ਦਰਸ਼ਨ ਕਿਵੇਂ ਮਿਲੇ, ਇਸ ਦੀ ਪ੍ਰਾਪਤੀ ਲਈ ਅਰਦਾਸ ਹੈ।

**ਨਿਰੁਕ**—ਖਨੀਐ—[ਸੰਸ:, ਖੰਡ:=ਟੁਕੜਾ] ਖੰਡ ਖੰਡ ਹੋਵੀਏ, ਟੁਕੜੇ ਟੁਕੜੇ ਹੋਵੀਏ, ਭਾਵ ਹੈ ਕੁਰਬਾਨ ਯਾ ਸਦਕੇ ਹੋਵੀਏ।

ਵਥੁ—[ਸੰਸ:, ਵਸਤੁ=ਅਸਲੀ ਯਾ ਰਹਿਣੇ ਵਾਲੀ ਸ਼ੈ] ਸਦਾ ਰਹਿਣੇ ਵਾਲਾ ਪਦਾਰਥ। ਅਟੱਲ ਹਸਤੀ। ਦੁਰਜਨਾ—ਮਾੜੇ ਜਨ। ਖੋਟੇ ਪੁਰਖ।

ਦੋਜਕ—[ਅ:, ਦੋਜ਼ਖ਼] ਨਰਕ। ਸੂਲਿ—ਪੀੜਾ ਵਿਚ। ਦੁਖ ਵਿਚ।

ਨਿਧਾਨ—ਭੰਡਾਰ। ਖ਼ਜ਼ਾਨੇ। ਸੰਕਟ—ਡਾਢੇ ਦੁਖ, ਮੁਸ਼ਕਲਾਂ, ਕਸ਼ਟ ਕਲੇਸ਼।

ਭੇਟੀਐ—ਮਿਲ ਪਵੇ। ਘਣੀ—[ਸੰਸ:, ਘਨ=ਗਾੜ੍ਹਾ, ਸੰਘਣਾ] ਬਹੁਤੀ।

ਦੋਹਾ—ਇਸ ਪਉੜੀ ਦੇ ਸ਼ੁਰੂ ਵਿਚ ਸਲੋਕ ਦੇ ਨਾਲ 'ਦੋਹਾ' ਪਦ ਬੀ ਲਿਖਿਆ ਹੈ। ਜਿਸ ਦਾ ਮਤਲਬ ਇਹ ਹੈ ਕਿ ਜੇ ਪਿੰਗਲ ਵਿਚ ਇਨ੍ਹਾਂ ਸਲੋਕਾਂ ਦਾ ਤੋਲ ਲੱਭਣਾ ਚਾਹੋ ਤਾਂ ਦੋਹੇ ਦਾ ਹੈ। ਦੋਹੇ ਦਾ ਰੂਪ ਹੈ:—੧੩+੧੧=੨੪ ਮਾਤ੍ਰਾ। ਇਹ ਛੰਦ ਦੇ ਸਤਰਾਂ ਦਾ ਹੁੰਦਾ ਹੈ।

## [ਪਉੜੀ ਉਨੀਵੀਂ]

[ਪ੍ਰਸ਼ਨ ਹੁੰਦਾ ਹੈ ਕਿ ਤੁਹਾਨੂੰ ਕਿਵੇਂ ਪ੍ਰਭੂ ਮਿਲ ਪਿਆ, ਸਾਨੂੰ ਨਹੀਂ ਦੀਹਦਾ। ਉੱਤਰ:]

| ਮੂਲ | ਅਰਥ |
|---|---|
| ਸਲੋਕ ਡਖਣਾ ਮਃ ੫ ॥<br>ਭੋਰੀ ਭਰਮੁ ਵਞਾਇ ਪਿਰੀ ਮੁਹਬਤਿ ਹਿਕੁ ਤੂ ॥ ਜਿਥਹੁ ਵੰਞੈ ਜਾਇ ਤਿਥਾਊ ਮਉਜੂਦੁ ਸੋਇ॥੧॥ | (ਹੇ ਭਾਈ! ਤੇਰੇ ਅੰਦਰ ਜੋ ਸਹਿੰਸਾ ਤੇ) ਭਰਮ (ਹੈ ਇਸ ਨੂੰ) ਜ਼ਰਾ ਦੂਰ ਕਰ ਦੇਹ ਤੇ ਇਕ (ਉਸ) ਪ੍ਰਭੂ ਨਾਲ ਤੂੰ ਪ੍ਰੀਤੀ ਪਾ ਲੈ। (ਫੇਰ ਦੇਖ ਕਿ ਤੂੰ) ਜਿੱਥੋਂ (ਤੇ ਜਿੱਥੇ) ਚਲ ਚਲ ਜਾਂਦਾ ਹੈਂ ਉਥੇ ਹੀ ਉਹ ਮੌਜੂਦ (ਵਿਦਮਾਨ) ਹੈ॥੧॥ |

ਮਃ ੫ ॥ ਚੜਿਕੈ ਘੋੜੜੈ ਕੁੰਦੇ ਪਕੜਹਿ ਖੂੰਡੀ ਦੀ ਖੇਡਾਰੀ॥ ਹੰਸਾ ਸੇਤੀ ਚਿਤੁ ਉਲਾਸਹਿ ਕੁਕੜ ਦੀ ਓਡਾਰੀ ॥ ੨ ॥

[ਸੰਸੇ ਕਰਨ ਵਾਲੇ ਦੀ ਕਮਜ਼ੋਰੀ ਨੂੰ ਅਗਲੇ ਸਲੋਕ ਵਿਚ ਇਕ ਦ੍ਰਿਸ਼ਟਾਂਤ ਨਾਲ ਨਿਰੂਪਣ ਕਰਦੇ ਹਨ:] (ਜੋ ਲੋਕ) ਟੱਟੂ ਉਤੇ ਚੜਕੇ ਹੰਨੇ ਪਕੜਦੇ ਹਨ (ਭਾਵ ਹੰਨੇ ਨੂੰ ਪਕੜੇ ਬਿਨਾ ਬਹਿ ਨਹੀਂ ਸਕਦੇ ਉਹ ਜੇ) ਖੂੰਡੀ ਦੀ ਖੇਡ ਖੇਡਣਾ ਚਾਹੁਣ ਤਾਂ (ਡਿੱਗ ਪੈਣਗੇ। ਇਸੇ ਤਰ੍ਹਾਂ ਜਿਨ੍ਹਾਂ ਦੀ) ਉਡਾਰੀ ਕੁੱਕੜ ਜਿੰਨੀ ਹੋਵੇ (ਉਹ ਜੇ) ਹੰਸਾਂ ਨਾਲ (ਉੱਡਣ ਦਾ) ਹੁਲਾਸ (ਲੈ ਕੇ ਤਾਣ ਲਾਉਣ ਤਾਂ ਢ ਪੈਣਗੇ। ਇਸ ਤਰ੍ਹਾਂ ਜਿਨ੍ਹਾਂ ਅੰਦਰ ਭਰਮ ਰੂਪੀ ਕਮਜ਼ੋਰੀ ਹੈ ਉਨ੍ਹਾਂ ਨੂੰ ਹਰ ਥਾਂ ਮਉਜੂਦ ਪ੍ਰਭੂ ਕਿਵੇਂ ਅਨੁਭਵ ਹੋ ਸਕਦਾ ਹੈ?) ॥ ੨ ॥

ਪਉੜੀ ॥ ਰਸਨਾ ਉਚਰੈ ਹਰਿ ਸ੍ਰਵਣੀ ਸੁਣੈ ਸੋ ਉਧਰੈ ਮਿਤਾ ॥ ਹਰਿ ਜਸੁ ਲਿਖਹਿ ਲਾਇ ਭਾਵਨੀ ਸੇ ਹਸਤ ਪਵਿਤਾ ॥ ਅਠਸਠਿ ਤੀਰਥ ਮਜਨਾ ਸਭਿ ਪੁੰਨ ਤਿਨਿ ਕਿਤਾ ॥ ਸੰਸਾਰ ਸਾਗਰ ਤੇ ਉਧਰੇ ਬਿਖਿਆ ਗੜੁ ਜਿਤਾ ॥ ਨਾਨਕ ਲੜਿ ਲਾਇ ਉਧਾਰਿਅਨੁ ਦਯੁ ਸੇਵਿ ਅਮਿਤਾ ॥ ੧੯ ॥

ਜੋ ਰਸਨਾ ਨਾਲ ਹਰੀ (=ਨਾਮ) ਉਚਾਰਦਾ ਹੈ ਤੇ ਕੰਨਾਂ ਨਾਲ ਸੁਣਦਾ ਹੈ, ਉਹ (ਸੰਸਾਰ ਸਾਗਰ ਨੂੰ ਤਰ ਜਾਂਦਾ ਹੈ। ਹਰੀ ਜਸ ਨੂੰ ਜੋ ਪ੍ਰੇਮ ਲਾ ਕੇ ਲਿਖਦੇ ਹਨ ਓਹ (ਮਨ ਕੀਹ) ਹੱਥ ਬੀ ਪਵਿਤ੍ਰ ਹੋ ਜਾਂਦੇ ਹਨ। ਤਿੰਨਾਂ ਤਰ੍ਹਾਂ (ਨਾਲ ਹਰੀ ਜਸ ਕਰਨ ਵਾਲਿਆਂ ਨੇ) ਅਠਾਹਠ ਤੀਰਥਾਂ ਦੇ ਇਸ਼ਨਾਨ ਤੇ ਸਾਰੇ ਪੁੰਨ ਕਰ ਲਏ (ਜਾਣੋ, ਭਾਵ ਇਹ ਕਿ ਉਨ੍ਹਾਂ ਨੂੰ ਸਾਰੇ ਪੁੰਨਾਂ ਤੇ ਇਸ਼ਨਾਨਾਂ ਦਾ ਜੋ ਫਲ ਲਿਖਿਆ ਹੈ ਹਰੀ ਜਸ ਨਾਲ ਪ੍ਰਾਪਤ ਹੋ ਜਾਂਦਾ ਹੈ)। ਉਨ੍ਹਾਂ ਨੇ ਵਿਸ਼ਿਆਂ ਦੇ ਕਿਲ੍ਹੇ (ਇਸ ਸਰੀਰ ਤੇ ਮਨ ਨੂੰ ਜਿੱਤ ਲਿਆ ਹੈ ਤੇ ਸੰਸਾਰ ਸਾਗਰ ਤੋਂ ਉਧਰ ਗਏ ਹਨ। (ਇਹ ਕਰਨੀ ਅਪਣੀ ਹਉਂ ਦੀ ਨਾ ਸਮਝੋ ਇਹ ਤਾਂ ਹਰੀ ਨੇ ਅਪਣੇ) ਲੜ ਲਾਕੇ (ਆਪ) ਉਧਾਰੇ ਹਨ(ਤੂੰ ਬੀ ਉਸ)ਅਮਿਤ ਹਰੀ ਦੀ(ਹਰੀ ਜਸ ਦੁਆਰਾ) ਸੇਵਾ ਕਰ*, ਹੇ ਨਾਨਕ ! ॥ ੧੯ ॥

**ਵਯਾਖਯਾ**—ਪਿਛਲੇ ਸਲੋਕ ਵਿਚ ਦੱਸੀ ਪ੍ਰੇਮ ਦੀ ਬਹੁੱਲਤਾ ਦੀ ਅਵਸਥਾ ਪਰ ਜਗਯਾਸੂ ਪ੍ਰਸ਼ਨ ਕਰਦਾ ਹੈ ਕਿ ਸਾਡਾ ਚਿਤ ਹਰੀ ਪ੍ਰੇਮ ਵਿਚ ਕਿਉਂ ਨਹੀਂ ਤ੍ਰਿਬੁਡ ਹੁੰਦਾ? ਉਸ ਦਾ ਮਾਨੋ ਕਾਰਣ ਦੱਸਦੇ ਹਨ ਤੇ ਉਸ ਦੇ ਦੂਰ ਕਰਨ ਦਾ ਉਪਰਾਲਾ। ਉਹ ਹੈ ਸੰਸੇ ਬ੍ਰਿਤੀ, ਚਿਤ ਵਿਚ ਕਿਸੇ ਨਾ ਕਿਸੇ ਅੰਸ਼ ਵਿਚ ਭਰਮ ਹੋਣਾ। ਇਹ ਸੂਕਮ ਪਰਪੱਕ ਨਿਸ਼ਚੇ ਦੇ ਘਰ ਨਹੀਂ ਅੱਪੜਨ ਦੇਂਦਾ। ਪਰਪੱਕ ਨਿਸ਼ਚਾ ਤੇ ਤਤੂ ਗਯਾਨ ਨਾਲੋ ਨਾਲ ਵੱਸਦੇ ਹਨ:-

ਜਾਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥ ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥

[ਗਉੜੀ ਮਹਲਾ ੫-ਸੁਖਮਨੀ, ੧੭-੨

ਸੋ ਪਹਿਲੇ ਸਲੋਕ ਵਿਚ ਦੱਸਿਆ ਹੈ ਕਿ ਇਹ ਜੋ ਭਰਮ ਦੀ ਅੰਸ਼ ਤੇਰੇ ਨਿਸ਼ਚੇ ਵਿਚ ਹੈ, ਇਹ ਦੂਰ ਕਰ, ਫਿਰ ਤੈਨੂੰ ਹਰ ਥਾਂ ਮੌਜੂਦ ਭਾਵ ਪਰੀਪੂਰਣ ਹਰੀ ਦੀ ਲੱਖਤਾ ਹੋ ਆਵੇਗੀ।

ਹੁਣ ਦੂਸਰੇ ਸਲੋਕ ਵਿਚ ਉਸ ਥੋੜੀ ਭਰਮ ਦਾ ਅਸਰ ਦੱਸਣੇ ਲਈ ਦੋ ਮਿਸਾਲਾਂ ਦੇਂਦੇ ਹਨ; ਕਿ ਜੋ ਆਦਮੀ ਛੋਟੇ ਜੇਹੇ ਘੋੜੇ ਤੇ ਚੜ੍ਹਕੇ ਰਾਣ ਪਟੜੀ ਜਮਾਕੇ ਨਿਸਚਿੰਤ ਨਹੀਂ ਬੈਠ ਸਕਦਾ ਡਿੱਗ ਨਾ ਪੈਣੇ ਦੀ ਸੰਸੇ ਬ੍ਰਿਤੀ ਕਰਕੇ ਹੰਨੇ ਨੂੰ ਘੁੱਟ ਘੁੱਟ ਫੜਦਾ ਹੈ, ਉਹ ਪੋਲੋ ਦੀ ਖੇਡ ਕੀਕੂੰ ਖੇਡ ਸਕਦਾ

*ਐਉਂ ਬੀ ਲਾਉਂਦੇ ਹਨ (ਹਰੀ ਜਸ ਦੁਆਰਾ ਸੇਵਾ ਕਰਨੇ ਵਾਲੇ) ਅਮਿਤ ਹਰੀ ਨੂੰ ਸੇਂਵਦੇ ਹੋਏ (ਨਾ ਕੇਵਲ ਆਪ ਤਰਦੇ ਹਨ ਸਗੋਂ ਹੋਰਨਾਂ ਨੂੰ ਬੀ) ਲੜ ਲਾਕੇ ਉਧਾਰ ਲੈਂਦੇ ਹਨ।

ਹੈ। ਪੋਲੋ ਦੇ ਖਿਲਾੜੀ ਘੋੜੜਿਆਂ ਤੇ ਨਹੀਂ ਪਰ ਚਲਾਕ ਤੋਂ ਚਲਾਕ ਘੋੜਿਆਂ ਤੇ ਚੜ੍ਹਕੇ ਨਿਰਸੰਸੇ ਬੈਠੇ ਪੋਲੋ ਖੇਡਦੇ ਹਨ। ਘੋੜੇ ਭਜਦੇ, ਲਿਫਦੇ, ਉਛਲਦੇ, ਮੁੜਦੇ ਹਨ ਪਰ ਸਵਾਰ ਬੈਠੇ ਕਦੇ ਸੰਸੇ ਦੀ ਕਿਸੇ ਅੰਸ਼ ਵਿਚ ਨਹੀਂ ਜਾਂਦੇ ਕਿ ਮਤਾਂ ਡਿਗ ਪਵੀਏ; ਉਹ ਪੂਰਨ ਵਿਸ਼ਵਾਸ਼, ਨਿਰਦ੍ਵੰਦ ਨਿਸ਼ਚੇ ਵਿਚ ਅਚਿੰਤ ਹੁੰਦੇ, ਮਾਨੋ ਘੋੜੇ ਦੀ ਚਾਲ ਨਾਲ ਅਭੇਦ ਵਰਤ ਰਹੇ ਹਨ। ਸੋ ਹੇ ਜਗਜਾਸੂ ! ਤੂੰ ਆਪ ਨੂੰ ਉਸ ਨਿਸ਼ਭ੍ਰਮ ਨਿਸ਼ਚੇ ਵਿਚ ਸਮਾ, ਜਿਸ ਵਿਚ ਅੰਸ਼ ਮਾਤ੍ਰ ਨਾ ਭ੍ਰਮ ਦੀ ਹੋਵੇ। ਦੂਸਰੀ ਮਿਸਾਲ ਦੇਕੇ ਦੱਸਦੇ ਹਨ ਕਿ ਤੇਰਾ 'ਸਹ ਭ੍ਰਮ ਨਿਸਚਾ' ਹੈ ਤਾਂ ਨਿਸਚਾ, ਜਿਵੇਂ ਕੁੱਕੜ ਦੀ ਉਡਾਰੀ ਹੈ ਤਾਂ ਉਡਾਰੀ, ਪਰ ਉਸ ਦੀ ਉਡਾਰੀ ਦੋ ਚਾਰ ਗਜ਼ ਹੀ ਹੈ। ਜੇ ਤੂੰ ਇਸ ਨਿੱਕੀ ਉਡਾਰੀ ਵਾਲਾ ਹੋਕੇ ਹੰਸਾਂ ਦੀ ਅਤਯੰਤ ਤੇ ਨਿਸ਼ਭ੍ਰਮ ਉਡਾਰੀ ਦੀ ਰੀਸ ਕਰੇਂ ਤਾਂ ਨਿਰੀ ਰੀਸ ਨਾਲ ਉਹ ਨਿਰਦ੍ਵੰਦ ਨਿਸ਼ਚੇ ਵਾਲੀ ਉਡਾਰੀ ਪ੍ਰਾਪਤ ਨਹੀਂ ਹੋ ਸਕਦੀ।

ਇਹ ਕੁਛ ਦੋ ਦ੍ਰਿਸ਼ਟਾਂਤਾਂ ਵਿਚ ਦਿਖਾਕੇ ਡਾਢੀ ਸੁੰਦਰਤਾ ਨਾਲ ਅਪਣਾ ਭਾਵ ਕਾਵਯ ਦੇ ਰੂਪਕ ਵਿਚ ਨਿਰੂਪਣ ਕਰਕੇ ਹੁਣ ਪਉੜੀ ਵਿਚ ਉਹ ਪ੍ਰਕਾਰ ਦੱਸਦੇ ਹਨ ਕਿ ਜਿਸ ਨਾਲ 'ਭੋਰੀ ਭਰਮ' ਸੰਸੇ ਬ੍ਰਿਤੀ ਦੀ ਅੰਸ਼ ਮਾਤ੍ਰ ਬੀ ਦੂਰ ਹੋ ਜਾਵੇ। ਉਹ ਹੈ ਹਰੀ ਜਸ ਦਾ ਆਪ ਉਚਾਰਨ ਕਰਨਾ, ਹਰੀ ਜਸ ਦਾ ਸੁਣਨਾ ਤੇ ਹਰੀ ਜਸ ਦਾ ਲਿਖਣਾ। ਨਾਲ ਹਦਾਇਤ ਦਿਤੀ ਹੈ ਕਿ ਏਹ ਹਰੀ ਜਸ ਦੇ ਤ੍ਰੈਏ ਕਾਰਜ ਭਾਵਨੀ ਲਾਕੇ ਕਰਨੇ ਹਨ, ਪ੍ਰੇਮ ਭਾਵਨਾ ਨਾਲ ਕਰਨੇ ਹਨ। ਲਾਇ ਭਾਵਨੀ ਤਿੰਨਾਂ ਤੇ ਹਾਵੀ ਹੈ, ਕਿਉਂਕਿ ਲਿਖਣ ਵਾਲਾ ਤਾਂ ਲਿਖੇ ਭਾਵਨੀ ਨਾਲ ਤੇ ਉਚਾਰਨ ਸੁਣਨ ਵਾਲਾ ਬਿਨਾ ਭਾਵਨੀ ਦੇ ਕਰੇ ਤਾਂ ਅਰਥ ਭਾਵ ਅਟਪਟਾ ਹੋ ਜਾਏਗਾ। ਅੰਤ ਵਿਚ ਦੱਸਿਆ ਹੈ ਕਿ ਤ੍ਰੈ ਤਰ੍ਹਾਂ ਦਾ ਹਰੀ ਜਸ ਕਰਦਿਆਂ ਯਾ ਤ੍ਰੈਹਾਂ ਵਿਚੋਂ ਕਿਸੇ ਇਕ ਨੂੰ ਕਰਦਿਆਂ ਇਹ ਨਾ ਹੰਕਾਰ ਕਰੀਂ ਕਿ ਮੈਂ ਕਰ ਰਿਹਾ ਹਾਂ, ਇਹ ਹਰੀ ਆਪ ਕਰਵਾ ਰਿਹਾ ਹੈ, ਇਸ ਨਿਰ ਅਭਿਮਾਨ ਪ੍ਰੇਮ ਭਾਵਨਾ ਵਿਚ ਹਰੀ ਜਸ ਹਰੀ ਦੀ ਮੇਹਰ ਸਮਝਕੇ ਕਰ। ਇਹ ਉਪਦੇਸ਼ ਹੈ।

**ਨਿਰੁਕ੍ਤ–**ਭੋਰੀ–ਭੋਰਾ ਕੁ। ਜ਼ਰਾ ਕੁ। ਭੋਰੀ ਭਰਮੁ- ਅੰਸ਼ ਮਾਤ੍ਰ ਭਰਮ। (ਅ) ਭੋਰੀ ਦਾ ਅਰਥ ਭੋਲਿਆ, ਭੋਲੀ ਬੁੱਧੀ ਵਾਲਿਆ ਬੀ ਕਰ ਲੈਂਦੇ ਹਨ।

ਪਿਰੀ–ਪਿਆਰੇ ਦੀ। ਘੋੜੜੈ–ਘੋੜੇ + ੜੈ=ਛੋਟੇ ਘੋੜੇ, ਭਾਵ ਟੱਟੂ ਤੋਂ ਹੈ। ਘੋੜੇ ਪਦ ਦੇ ਅਗੇ 'ੜੈ' ਪ੍ਰਤੇ ਲਾਕੇ ਉਸ ਨੂੰ ਨਿੰਮ੍ਰ ਵਾਚ ਕੀਤਾ ਹੈ।

ਕੁੰਦੇ–[ਫਾ:, ਕੁੰਦਾ=ਟੁੱਟ ਬ੍ਰਿਛ ਦਾ ਬਾਕੀ ਰਹਿ ਗਿਆ ਟੁੰਡ। ਇਕ ਪ੍ਰਕਾਰ ਦੀ ਬੇੜੀ, ਕੈਦੀ ਨੂੰ ਬੰਨ੍ਹ ਰਖਣ ਲਈ। ਬੰਦੂਕ ਦੀ ਪਿੱਠ। ਕਸਾਈ ਦਾ ਕੀਮੇ ਕਰਨ ਵਾਲਾ–ਲਕੜੀ ਦਾ ਮੁੱਢ, ਮੂਰਖ, ਆਦਿ ਕਈ ਅਰਥ ਹਨ। ਪੰਜਾਬੀ ਵਿਚ, ਕੁੰਦਾ=ਲਕੜੀ ਦਾ ਟੁੰਡ। ਪਜਾਮੇ ਯਾ ਸੁਥਣ ਦਾ ਹੇਠਲਾ ਹਿੱਸਾ ਪੌਂਚੇ ਕੋਲ ਦਾ। ਕਾਠੀ ਦਾ ਹੰਨਾ ਆਦਿ] ਹੰਨਾ।

ਖੂੰਡੀ ਦੀ ਖੇਡ–ਘੋੜੇ ਚੜ੍ਹਕੇ ਲੰਮੀ ਖੂੰਡੀ ਨਾਲ ਖਿੱਦੂ ਨੂੰ ਰੇੜ੍ਹਦੇ ਤੇ ਜਿੱਤਦੇ ਹਾਰਦੇ ਹਨ, ਇਸ ਨੂੰ ਖੂੰਡੀ ਦੀ ਖੇਡ ਆਖਦੇ ਸਨ। ਇਹ ਖੇਡ ਹਿੰਦ ਆਦਿ ਦੇਸਾਂ ਤੋਂ ਪ੍ਰਚਲਤ ਹੋਈ। ਹੁਣ ਯੂਰਪ ਅਮੇਰਿਕਾ ਵਿਚ ਬੀ ਚਲ ਰਹੀ ਹੈ, ਜਿਸ ਨੂੰ ਪੋਲੋ ਆਖਦੇ ਹਨ। (ਅ) ਜੇ ਖੂੰਡੀ ਦੀ ਖੇਡ ਦਾ ਅਰਥ ਗੁੱਲੀ ਡੰਡਾ ਕਰ ਲਈਏ ਤਾਂ ਇਸ ਤੁਕ ਦੇ ਅਰਥ ਐਉਂ ਸਫਲ ਹੁੰਦੇ ਹਨ:- ਕਿ ਹੈ ਤਾਂ ਗੁੱਲੀ ਡੰਡਾ ਖੇਡਣ ਵਾਲਾ, ਪਰ ਬੰਦੂਕ ਦਾ ਕੁੰਦਾ ਫੜਕੇ ਘੋੜੇ ਤੇ ਚੜ੍ਹ ਬੈਠਦਾ ਹੈ, ਉਹ ਕੀਕੂੰ ਸੂਰਮਾ ਹੋ ਸਕਦਾ ਹੈ ? ਅੰਤ੍ਰੀਵਾਰਥ–ਭ੍ਰਮ ਸਮੇਤ ਗਜਾਨੀ ਜੋ 'ਕਥਨੀ ਦੇ ਗਜਾਨ ਰੂਪੀ ਘੋੜੇ' ਤੇ ਚੜ੍ਹ ਬੈਠਦਾ ਹੈ ਤੇ ਉਪਦੇਸ਼ ਰੂਪੀ ਬੰਦੂਕ ਦੇ ਕੁੰਦੇ ਫੜ ਲੈਂਦਾ ਹੈ ਕੈਸੇ ਕਾਮਯਾਬ ਹੋ ਸਕਦਾ ਹੈ ? ਉਹ ਤਾਂ ਖੂੰਡੀ ਦਾ ਖੇਡਾਰੀ ਅਰਥਾਤ ਸੰਸਾਰ ਦੀ ਵਿਵਹਾਰਕ ਬੁੱਧੀ ਦਾ ਚਾਤੁਰ ਹੈ, ਫੇਰ ਉਹ ਤਤ ਮਿਥਯਾ ਦੇ

ਨਿਖੇੜਨਹਾਰ ਹੰਸ ਰੂਪੀ ਸੰਤਾਂ ਦੀ ਰੀਸ ਕਰਦਾ ਹੈ, ਪਰ ਕੈਸੇ ਹੋ ਸਕੇ? ਉਹ ਤਾਂ ਕੂਕੜ ਦੀ ਉਡਾਰੀ ਅਰਥਾਤ ਕਰਨੀ ਵਿਚ ਸਕਾਮ ਕਰਮਾਂ ਵਿਚ ਮਸਾਂ ਮਸਾਂ ਟੁਰਦਾ ਹੈ, ਉਹ ਆਤਮ ਆਨੰਦ ਨੂੰ ਕਿਵੇਂ ਪਹੁੰਚੇ ?

ਉਲਾਸਹਿ–[ਸੰਸ:, ਉਲਾਸ:=ਖੁਸ਼ੀ, ਆਨੰਦ, ਖਿੜਾਉ] ਹੁਲਾਸ ਵਿਚ ਆਉਂਦਾ ਹੈ, ਉੱਛਲਦਾ ਹੈ, ਰੀਸ ਕਰਦਾ ਹੈ।

ਭਾਵਨੀ–ਭਾਵਨਾ, ਪਯਾਰ, ਪ੍ਰੇਮ। ਹਸਤ–ਹਥ।

ਮਜਨਾ–[ਸੰਸ:, ਮਜ੍ਜਨੰ] ਇਸ਼ਨਾਨ।

ਬਿਖਿਆ ਗੜੁ– ਵਿਸ਼ਿਆਂ ਦਾ ਗੜ (=ਕਿਲ੍ਹਾ)। ਇਹ ਸਰੀਰ ਇਕ ਕਿਲ੍ਹੇ ਸਮਾਨ ਹੈ, ਜਿਸ ਵਿਚ ਮਨ ਹੈ ਜੋ ਇੰਦ੍ਰਿਆਂ ਨੂੰ ਵਿਸ਼ਿਆਂ ਵਲ ਪ੍ਰੇਰਦਾ ਤੇ ਲਗਾਉਂਦਾ ਹੈ। ਸਰੀਰ ਜੋ ਵਿਸ਼ੇ ਵਿਕਾਰਾਂ ਦਾ ਮਾਨੋ ਕੋਟ ਹੈ।ਭਾਵ ਹੈ ਮਨ ਤੇ ਇੰਦ੍ਰੈ ਤੇ ਇੰਦ੍ਰਿਆਂ ਦੀਆਂ ਸੁਭਾਵਭੂਤ ਹੋਈਆਂ ਰੁਚੀਆਂ।

ਦਯੁ ਸੇਵਿ ਅਮਿਤਾ-(ਉਸ) ਅਮਿਤ ਪ੍ਰਭੂ ਦੀ ਸੇਵਾ ਕਰ। (ਅ) ਹਰੀ ਨੂੰ ਸੇਵਕੇ ਅਣਗਿਣਤ (ਹੋਰਨਾਂ ਨੂੰ ਤਾਰਦੇ) ਹਨ। (ੲ) (ਉਪਰ ਕਥੇ ਅਨੁਸਾਰ ਜਿਨ੍ਹਾਂ ਨੇ) ਦਯੁ ਸੇਵਿਆ ਹੈ (ਉਨ੍ਹਾਂ ਨੂੰ) ਬੇਅੰਤ ਹਰੀ ਨੇ ਲੜ ਲਾਕੇ ਉਧਾਰ ਲਿਆ ਹੈ।

## [ਪਉੜੀ ਵੀਹਵੀਂ]

| ਮੂਲ | ਅਰਥ |
|---|---|
| ਸਲੋਕੁ ਮਃ ੫ ॥ ਧੰਧੜੇ ਕੁਲਾਹ ਚਿਤਿ ਨ ਆਵੈ ਹੇਕੜੋ ॥ ਨਾਨਕ ਸੇਈ ਤੰਨ ਫੁਟੰਨਿ ਜਿਨਾ ਸਾਂਈ ਵਿਸਰੈ ॥ ੧ ॥ | (ਹੇ ਭਾਈ! ਸੰਸਾਰ ਦੇ) ਧੰਦੇ ਨੁਕਸਾਨ ਪਹੁੰਚਾਉਣ ਵਾਲੇ ਹਨ (ਇਨ੍ਹਾਂ ਕਰਕੇ ਹੀ) ਇਕ ਪ੍ਰਭੂ) ਚੇਤੇ ਨਹੀਂ ਆਉਂਦਾ, (ਧੰਦਿਆਂ ਵਿਚ ਖਚਿਤ) ਜਿਨ੍ਹਾਂ ਨੂੰ ਸਾਈਂ ਵਿਸਰ ਜਾਂਦਾ ਹੈ ਓਹ ਸਰੀਰ ਫੁਟ ਜਾਂਦੇ ਹਨ (ਭਾਵ ਦੁਖ ਰਵਾਣੇ ਹੋ ਜਾਂਦੇ ਹਨ, ਕਹਿੰਦੇ ਹਨ ਗੁਰੂ) ਨਾਨਕ ਜੀ ॥ ੧ ॥ |
| ਮਃ ੫ ॥ ਪਰੇਤਹੁ ਕੀਤੋਨੁ ਦੇਵਤਾ ਤਿਨਿ ਕਰਣੈਹਾਰੇ ॥ ਸਭੇ ਸਿਖ ਉਬਾਰਿਅਨੁ ਪ੍ਰਭਿ ਕਾਜ ਸਵਾਰੇ ॥ ਨਿੰਦਕ ਪਕੜਿ ਪਛਾੜਿਅਨੁ ਝੂਠੇ ਦਰਬਾਰੇ ॥ ਨਾਨਕ ਕਾ ਪ੍ਰਭੁ ਵਡਾ ਹੈ ਆਪਿ ਸਾਜਿ ਸਵਾਰੇ ॥ ੨ ॥ | ਉਸ ਕਰਨਹਾਰ (ਪ੍ਰਭੂ) ਨੇ (ਜੀਵਾਂ ਨੂੰ) ਪ੍ਰੇਤ ਤੋਂ ਦੇਵਤਾ ਬਣਾ ਦਿਤਾ ਹੈ, (ਐਸੇ ਦੇਵਤਾ ਬਣੇ) ਸਾਰੇ ਸਿਖਾਂ ਨੂੰ ਪ੍ਰਭੂ ਨੇ ਬਚਾ ਲਿਆ ਹੈ (ਤੇ ਉਨ੍ਹਾਂ ਦੇ ਸੰਸਾਰਕ) ਕੰਮ ਬੀ ਸੰਵਾਰ ਦਿੱਤੇ ਹਨ। ਨਿੰਦਕਾਂ ਨੂੰ ਦਰਬਾਰ ਵਿਚ ਝੂਠੇ ਕੀਤਾ ਹੈ (ਤੇ ਫੇਰ) ਫੜਕੇ (ਧਰਤੀ ਨਾਲ) ਪਟਕਾ ਪਟਕਾ ਕੇ ਮਾਰੇ ਹਨ। ਜੋ ਆਪੇ ਸਾਜਕੇ (ਫੇਰ) ਸੰਵਾਰਦਾ ਹੈ, ਉਹ ਨਾਨਕ ਦਾ ਪ੍ਰਭੂ (ਸਭ ਤੋਂ) ਵੱਡਾ ਹੈ ॥ ੨ ॥ |
| ਪਉੜੀ ॥ ਪ੍ਰਭੁ ਬੇਅੰਤੁ ਕਿਛੁ ਅੰਤੁ ਨਾਹਿ ਸਭੁ ਤਿਸੈ ਕਰਣਾ ॥ ਅਗਮ ਅਗੋਚਰੁ ਸਾਹਿਬੋ ਜੀਆਂ ਕਾ ਪਰਣਾ ॥ ਹਸਤ ਦੇਇ ਪ੍ਰਤਿਪਾਲਦਾ ਭਰਣ ਪੋਖਣੁ ਕਰਣਾ ॥ ਮਿਹਰਵਾਨੁ ਬਖਸਿੰਦੁ ਆਪਿ ਜਪਿ ਸਚੇ | ਪ੍ਰਭੂ ਬੇਅੰਤ ਹੈ (ਅਤੇ) ਉਸ ਦੇ ਸਾਰੇ ਕਰਨਿਆਂ ਦਾ ਬੀ ਅੰਤ ਨਹੀਂ। ਉਹ ਅਗੰਮ ਹੈ, ਅਗੋਚਰ ਹੈ (ਪਰ) ਜੀਆਂ ਦਾ ਆਸਰਾ (ਬੀ ਉਹੀ) ਮਾਲਕ ਹੈ। ਉਹ (ਅਪਣਾ) ਹੱਥ ਦੇਕੇ ਪ੍ਰਤਿਪਾਲਾ ਕਰਦਾ ਹੈ, (ਸਭ ਜੀਆਂ ਦਾ) ਭਰਣ ਪੋਖਣ ਕਰਦਾ ਹੈ, (ਉਹ ਅਪਣੇ ਦਾਸਾਂ ਤੇ) ਕ੍ਰਿਪਾਲੂ ਹੈ, (ਪਤਿਤਾਂ ਨੂੰ) ਬਖਸ਼ਣ ਵਾਲਾ ਹੈ (ਉਸ) ਸਚੇ ਨੂੰ ਜਪਕੇ (ਜੀਵਾਂ ਨੇ ਭਉਜਲ ਤੋਂ) ਆਪ ਤਰ ਜਾਣਾ ਹੈ। (ਹੇ ਬਖਸ਼ਿੰਦ ਪ੍ਰਭੂ!) ਜੋ ਤੈਨੂੰ |

| | |
|---|---|
| ਤਰਣਾ॥ ਜੋ ਤੁਧੁ ਭਾਵੈ ਸੋ ਭਲਾ ਨਾਨਕ ਦਾਸ ਸਰਣਾ ॥ ੨੦ ॥ | ਭਾਵੇ ਉਹੀ ਭਲਾ ਹੈ, ਨਾਨਕ (ਵਰਗੇ) ਦਾਸਾਂ ਨੇ (ਸਦਾ ਤੇਰੀ) ਸ਼ਰਣ ਲੈਣੀ ਹੈ ॥ ੨੦ ॥ |

**ਵਯਾਖਯਾ**—ਐਉਂ ਜਾਪਦਾ ਹੈ ਕਿ ਕੋਈ ਅਦਾਲਤੀ ਭੀੜ ਸਿਖਾਂ ਤੇ ਪਈ ਹੈ, ਓਹ ਸਾਈਂ ਮੇਹਰ ਨਾਲ ਬਰੀ ਹੋਏ ਹਨ ਤੇ ਓਹ ਨਿੰਦਕ ਜੋ ਸਦਾ ਧੰਦਿਆਂ ਵਿਚ ਫਾਥੇ ਰੱਬ ਸਾਈਂ ਨੂੰ ਭੁਲਾਏ ਹੋਏ ਦੁੱਖ ਦੇ ਰਹੇ ਸਨ ਝੂਠੇ ਹੋਏ ਤੇ ਦੁਖ ਰੰਞਾਣੇ ਹੋਏ ਹਨ। ਇਹ ਦੱਸ ਕੇ ਦੂਜੇ ਸਲੋਕ ਵਿਚ ਫਿਰ ਖੁਹਲਿਆ ਹੈ ਕਿ ਸਿੱਖ ਤਾਂ ਸਾਈਂ ਨੇ ਦੇਵਤੇ ਬਣਾ ਦਿੱਤੇ ਹਨ, ਨਾਮ ਦੇ ਕੇ ਉਨ੍ਹਾਂ ਨੂੰ ਸਾਈਂ ਸਦਾ ਬਚਾਉਂਦਾ ਹੈ, ਆਪੇ ਸਾਜਿਆ ਤੇ ਨਾਮ ਦੇ ਕੇ ਉਨ੍ਹਾਂ ਨੂੰ ਸੰਵਾਰਿਆ। ਸੁਤੇ ਆਪੇ ਉਨ੍ਹਾਂ ਦੇ ਕੰਮ ਸੰਵਾਰਦਾ ਹੈ ਪਰ ਉਨ੍ਹਾਂ ਦੇ ਯਾ ਗੁਰੂ ਦੇ ਨਿੰਦਕਾਂ ਨੂੰ ਜੋ ਉਪੱਦ੍ਰਵ ਕਰਦੇ ਹਨ, ਅਦਾਲਤਾਂ ਵਿਚ ਗਿਆਂ ਨੂੰ ਬੀ ਝੂਠੇ ਕਰਦਾ ਤੇ ਧੋਬੀ ਦੇ ਪਟੜੇ ਤੇ ਪਛੜੀਂਦੇ ਕੱਪੜੇ ਵਾਙੂ ਪਟਕਾ ਪਟਕਾ ਪਛਾੜਦਾ ਹੈ।

ਪਉੜੀ ਵਿਚ ਇਹੋ ਗੱਲ ਸਰਬ ਕਾਲੀ ਸੱਚ ਦੇ ਰੂਪ ਵਿਚ ਉਚਾਰੀ ਹੈ। ਵਾਹਿਗੁਰੂ ਗੰਮਤਾ ਤੋਂ ਪਰੇ ਹੈ,ਇੰਦਰਿਆਂ ਦਾ ਵਿਸ਼ਾ ਨਹੀਂ ਤੇ ਬੇਅੰਤ ਹੈ, ਫੇਰ ਕਰਣਹਾਰ ਉਹੀ ਹੈ ਤੇ ਜੀਵਾਂ ਦਾ ਆਸਰਾ ਪਰਣਾ ਬੀ ਉਹੀ ਹੈ; ਉਹ ਜੀਵਾਂ ਨੂੰ ਪਾਲਦਾ ਪੋਸਦਾ ਹੈ। ਉਹੀ ਭਗਤਾਂ ਤੇ ਮੇਹਰਬਾਨ ਹੈ ਤੇ ਪਤਿਤਾਂ ਦਾ ਉਧਾਰ ਕਰਨੇ ਵਾਲਾ ਹੈ। ਉਸ ਬਖ਼ਸ਼ਿੰਦ ਦੇ ਸਿਮਰਣ ਨਾਲ ਸਭ ਕਿਸੇ ਨੇ ਸਦਾ ਤਰਣਾ ਹੈ। ਅਖੀਰ ਵਿਚ ਅਰਦਾਸ ਕਰਦੇ ਹਨ ਕਿ ਅਸੀਂ ਤੇਰੀ ਸ਼ਰਣ ਹਾਂ ਤੇ ਤੇਰੀ ਰਜ਼ਾ ਵਿਚ ਰਾਜ਼ੀ ਹਾਂ, ਜੋ ਭਾਵੇ ਸੋ ਕਰ।

**ਨਿਰੁਕ੍ਤ**—ਕੁਲਾਹ—ਕੁ+ਲਾਹ [ਸੰਸ:, ਲਾਭ:=ਨਫਾ, ਫਾਇਦਾ] ਮਾੜਾ ਲਾਹਾ=ਘਾਟਾ, ਨੁਕਸਾਨ। (ਅ) ਕੁਲਾਹ ਦਾ ਅਰਥ ਐਉਂ ਬੀ ਲਾਉਣ ਦਾ ਜਤਨ ਹੁੰਦਾ ਹੈ: ਧੰਧੜੇ ਕੁਲਾਹ= ਧੰਧੜੇ+ਕੂ+ਲਾਹ=ਧੰਦਿਆਂ ਨੂੰ ਲਾਹ ਦੇ, ਦੂਰ ਕਰ ਦੇ।

ਹੇਕੜੋ—ਇਕੋ ਹੈ ਜੋ। ਫੁਟੰਨਿ- ਫੁਟ ਜਾਣ। ਦਰਦ ਰਞਾਣੇ ਹੋ ਜਾਣ।

ਪਰੇਤਹੁ—[ਸੰਸ:, ਪ੍ਰੇਤ:] ਇਕ ਪ੍ਰਕਾਰ ਦੇ ਭੂਤ।

ਉਬਾਰਿਅਨੁ—(ਦੇਖੋ 'ਉਬਾਰਿਆ' ਪੰਨਾ ੧੯੭੫)। ਤਾਰੇ ਬਚਾਏ।

ਪਛਾੜਿਅਨੁ—ਪਛਾੜੇ ਹਨ (ਉਸ ਨੇ)। ਪਟਕਾ ਪਟਕਾ ਮਾਰੇ।

ਅਗਮ—ਗੰਮਤਾ ਤੋਂ ਪਰੇ। ਅਗੋਚਰੁ—ਮਨ ਬਾਣੀ ਤੋਂ ਪਰੇ।

ਪਰਣਾ—ਆਸਰਾ। ਹਸਤੁ—ਹਥ।

ਭਰਣ ਪੋਖਣੁ—[ਸੰਸ:, ਭਰਣਜੋ=ਭਰਣ ਪੋਖਣ] ਪਾਲਣਾ। ਪੋਖਣੁ=ਪਾਲਣਾ ਤੇ ਭਰਣ= ਪਲੇ ਹੋਏ ਨੂੰ ਕਾਯਮ ਰਖਣਾ।

[ਪਉੜੀ ਇੱਕੀਵੀਂ]

| ਮੂਲ | ਅਰਥ |
|---|---|
| ਸਲੋਕ ਮਃ ੫ ॥ ਤਿਨ੍ਹਾ ਭੁਖ ਨ ਕਾ ਰਹੀ ਜਿਸ ਦਾ ਪ੍ਰਭੁ ਹੈ ਸੋਇ ॥ ਨਾਨਕ ਚਰਣੀ ਲਗਿਆ ਉਧਰੈ ਸਭੋ ਕੋਇ ॥ ੧ ॥ | ਜਿਸ ਜਿਸ ਦਾ ਉਹ ਪ੍ਰਭੂ (ਆਪਣਾ) ਹੋ ਗਿਆ ਹੈ, ਉਨ੍ਹਾਂ ਨੂੰ ਕੋਈ ਭੁੱਖ (ਬਾਕੀ) ਨਹੀਂ ਰਹੀ। ਹੇ ਨਾਨਕ ! (ਉਸ ਪ੍ਰਭੂ ਦੇ) ਚਰਨੀਂ ਲਗਿਆਂ ਸਭ ਕਿਸੇ ਦਾ ਉਧਾਰ ਹੋ ਜਾਂਦਾ ਹੈ ॥ ੧ ॥ |

ਮਃ ੫ ॥ ਜਾਚਿਕੁ ਮੰਗੈ ਨਿਤ ਨਾਮੁ ਸਾਹਿਬੁ ਕਰੇ ਕਬੂਲੁ ॥ ਨਾਨਕ ਪਰਮੇਸਰੁ ਜਜਮਾਨੁ ਤਿਸਹਿ ਭੁਖ ਨ ਮੂਲਿ ॥ ੨ ॥

ਮੰਗਤਾ ਸਦਾ ਨਾਮ ਮੰਗਦਾ ਹੈ (ਉਹ) ਮਾਲਕ (ਸਦਾ ਦੀ ਮੰਗ ਨੂੰ ਅੰਤ) ਕਬੂਲ ਕਰੇਗਾ। (ਕਿਉਂਕਿ ਮਾਲਕ) ਪਰਮੇਸੁਰ (ਸਦਾ ਦੇਣੇ ਵਾਲਾ) ਜਜਮਾਨ ਹੈ, ਹੇ ਨਾਨਕ! (ਉਸ ਨੇ ਦੇਣਾ ਹੀ ਦੇਣਾ ਹੈ, ਉਸ ਨੂੰ) ਮੂਲੋਂ ਕੋਈ ਭੁੱਖ ਨਹੀਂ (ਜੋ ਉਸ ਦੇ ਦਾਤਾ ਹੋਣ ਤੇ ਸਾਨੂੰ ਸੰਸੇ ਵਿਚ ਪਾਵੇ) ॥ ੨ ॥

ਪਉੜੀ ॥ ਮਨੁ ਰਤਾ ਗੋਵਿੰਦ ਸੰਗਿ ਸਚੁ ਭੋਜਨੁ ਜੋੜੇ ॥ ਪ੍ਰੀਤਿ ਲਗੀ ਹਰਿ ਨਾਮ ਸਿਉ ਏ ਹਸਤੀ ਘੋੜੇ ॥ ਰਾਜ ਮਿਲਖ ਖੁਸੀਆ ਘਣੀ ਧਿਆਇ ਮੁਖੁ ਨ ਮੋੜੇ ॥ ਢਾਢੀ ਦਰਿ ਪ੍ਰਭ ਮੰਗਣਾ ਦਰੁ ਕਦੇ ਨ ਛੋੜੇ ॥ ਨਾਨਕ ਮਨਿ ਤਨਿ ਚਾਉ ਏਹੁ ਨਿਤ ਪ੍ਰਭ ਕਉ ਲੋੜੇ ॥੨੧॥ ੧ ॥ ਸੁਧੁ ਕੀਚੇ ॥

ਮਨ ਪ੍ਰਭੂ (ਪ੍ਰੇਮ) ਨਾਲ ਰੰਗਿਆ ਗਿਆ ਹੈ, (ਇਹੀ ਸਾਡਾ) ਸੱਚਾ ਭੋਜਨ ਹੈ (ਇਹੀ ਸਾਡੇ ਕਪੜਿਆਂ ਦੇ ਸੱਚੇ) ਜੋੜੇ ਹਨ। ਹਰੀ ਨਾਮ ਨਾਲ ਪ੍ਰੀਤ ਲੱਗ ਗਈ ਹੈ, ਇਹ (ਸਾਡੇ ਲਈ ਸੱਚੇ) ਹਾਥੀ ਤੇ ਘੋੜੇ ਹਨ। (ਪ੍ਰਭੂ ਨੂੰ) ਧਿਆਉਂਦਿਆਂ ਜੋ ਮੂੰਹ ਨਹੀਂ ਮੋੜਨਾ (ਭਾਵ ਪਿਛੇ ਨਹੀਂ ਹਟਣਾ ਇਹੀ ਸਾਡੇ ਲਈ) ਰਾਜ ਤੇ ਜਾਇਦਾਦਾਂ ਹਨ (ਤੇ ਏਹੋ) ਬਹੁਤੀਆਂ ਖੁਸ਼ੀਆਂ ਹਨ। (ਮੈਂ) ਢਾਡੀ (ਹੋਕੇ) ਪ੍ਰਭੂ ਦੇ ਦਰ ਤੇ ਮੰਗਦੇ ਰਹਿਣਾ ਹੈ; (ਹੇ ਪ੍ਰਭੂ! ਮੇਹਰ ਕਰ ਇਹ ਤੇਰਾ) ਦਰ ਕਦੇ ਨਾ ਛੱਡੇ। ਨਾਨਕ ਦੇ ਮਨ ਵਿਚ ਤੇ ਤਨ ਵਿਚ ਇਹੋ ਉਮਾਹ (ਭਰਿਆ ਰਹਿੰਦਾ ਹੈ ਕਿ ਇਹ ਦਾਸ) ਸਦਾ ਪ੍ਰਭੂ ਨੂੰ ਹੀ ਲੋਚਦਾ ਰਹੇ ॥ ੨੧ ॥ ੧ ॥

**ਵਯਾਖਯਾ**—ਪਹਿਲੇ ਸਲੋਕ ਵਿਚ ਪ੍ਰਭੂ ਨੂੰ ਦਾਤਾ ਵਰਣਨ ਕੀਤਾ ਹੈ, ਉਸਦੇ ਯਾਚਕਾਂ ਦੇ ਸਦਾ ਤ੍ਰਿਪਤ ਰਹਿਣੇ ਦਾ ਸਬੂਤ ਦੇਕੇ। ਦੂਸਰੀ ਤੁਕ ਵਿਚ ਉਪਦੇਸ਼ ਹੈ ਕਿ ਯਾਚਕ ਦੀ ਤਰ੍ਹਾਂ ਚਰਨੀਂ ਲੱਗੇ ਰਹੋ। ਦੂਸਰੇ ਸਲੋਕ ਵਿਚ ਦੱਸਿਆ ਕਿ ਮੰਗਣਾ ਕੀ ਹੈ? ਕਿ ਇਸ ਦਰ ਦਾ ਮੰਗਤਾ ਸਦਾ ਨਾਮ ਦਾਨ ਮੰਗੇ। ਫੇਰ ਵਰੰਗ ਨਾਲ ਦੱਸਿਆ ਕਿ ਨਾਮ ਮੰਗਤੇ ਨੂੰ ਜ਼ਰੂਰ ਮਿਲੇਗਾ; ਕਿਉਂਕਿ ਉਹ ਦਾਤਾ ਕਿਸੇ ਸ਼ੈ ਦੇ ਬਦਲੇ ਦਾਨ ਨਹੀਂ ਦੇਂਦਾ ਹੈ, ਉਹ ਯਜਮਾਨ ਹੈ। ਯਜਮਾਨ ਹੁੰਦਾ ਹੈ ਪ੍ਰੋਹਿਤਾਂ ਨੂੰ ਦਾਨ ਦਣੇ ਵਾਲਾ, ਉਹ ਆਪ ਕਦੇ ਕੁਛ ਨਹੀਂ ਲੈਂਦਾ, ਜੇ ਲਏ ਤਾਂ ਯਜਮਾਨ ਨਹੀਂ ਰਹਿੰਦਾ। ਗੁਰਬਾਣੀ ਵਿਚ ਹੋਰ ਬੀ ਕਈ ਜਗਾ ਪਰਮੇਸ਼ੁਰ ਨੂੰ ਯਜਮਾਨ ਆਖਿਆ ਹੈ:–

ਕਰਤਾ ਤੂ ਮੇਰਾ ਜਜਮਾਨੁ ॥ ਇਕ ਦਖਿਣਾ ਹਉ ਤੈ ਪਹਿ ਮਾਗਉ ਦੇਹਿ ਆਪਣਾ ਨਾਮੁ ॥

[ਪ੍ਰਭ ਤੀ ਮਹਲਾ ੧–੭

ਫੇਰ ਦੱਸਿਆ ਕਿ ਇਸ ਯਜਮਾਨ ਦੇ ਮੰਗਤੇ ਨੂੰ ਕੋਈ ਕਮੀ ਨਹੀਂ ਰਹਿ ਜਾਂਦੀ। ਇਸ ਵਿਚ ਜਣਾਇਆ ਕਿ ਉਸ ਦੇ ਭੰਡਾਰ ਅਖੁਟ ਹਨ:–

ਸਿਫਤੀ ਭਰੇ ਤੇਰੇ ਭੰਡਾਰਾ ॥ ਜਿਸੁ ਤੂ ਦੇਹਿ ਤਿਸੈ ਕਿਆ ਚਾਰਾ ॥ [ਆਸਾ ਮਹਲਾ ੧

ਪਉੜੀ ਵਿਚ ਸਾਈਂ ਦੇ ਦਰ ਦੇ ਮੰਗਤੇ ਦੀ ਤ੍ਰਿਪਤੀ ਦੀ ਅਵਸਥਾ ਦਾ ਇਕ ਸੁੰਦਰ ਨਕਸ਼ਾ ਖਿੱਚਿਆ ਹੈ।

ਮਨ ਜੋ ਸਿਮਰਨ ਵਿਚ ਲਗਾ ਸੀ ਮੰਗਤਾ ਹੋਕੇ ਉਸ ਦੇ ਸਿਮਰਨ ਦਾ ਜਤਨ ਸਿਮਰਨ ਦੀ ਲਟਕ ਹੋਕੇ 'ਸਿਮਰਨ ਪ੍ਰੀਤੀ' ਬਣ ਗਿਆ ਹੈ। ਇਹੀ ਸਿਮਰਨ ਪ੍ਰੀਤੀ ਗੋਬਿੰਦ ਨਾਲ ਮਨ ਦਾ ਰੰਗੇ ਜਾਣਾ ਬਣ ਗਿਆ ਹੈ; 'ਨਾਮ ਪ੍ਰੀਤੀ' 'ਗੋਬਿੰਦ ਪ੍ਰੀਤੀ' ਬਣ ਗਈ ਹੈ।

ਹੁਣ ਇਕ ਮਾਨਸਿਕ ਮੁਸ਼ਕਲ ਦਾ ਜ਼ਿਕਰ ਕਰਦੇ ਹਨ ਕਿ ਜੀਵਨ ਵਿਚ ਦੁਖਾਂ, ਵਿਪਦਾਂ, ਮੁਸ਼ਕਲਾਂ ਦੇ ਆਇਆਂ ਕਈ ਵੇਰ ਕਈਆਂ ਦੀ ਨਾਮ ਪ੍ਰੀਤੀ ਸੱਟ ਖਾ ਜਾਂਦੀ ਤੇ ਬੇਮੁਖ ਕਰ ਜਾਂਦੀ

ਹੈ। ਇਸ ਪਰ ਫੁਰਮਾਉਂਦੇ ਹਨ ਕਿ ਪ੍ਰਭੂ ਦੇ ਨਾਮ ਸਿਮਰਨ, ਸਿਮਰਨ ਪ੍ਰੀਤੀ ਤੇ ਹਰੀ ਪ੍ਰੀਤੀ ਵਲੋਂ ਜੀਵ ਕਦੇ ਕੋਈ ਸੱਟ ਖਾਕੇ ਮੂੰਹ ਨਾ ਮੋੜੇ। ਹਰ ਮੁਸ਼ਕਲ ਤੇ ਹੋਣੀ ਨੂੰ ਅਪਣੇ ਕਰਮਾਂ ਦਾ ਫਲ ਸਮਝੇ ਤੇ ਰਜ਼ਾ ਜਾਣੇ; ਜਿਸ ਦੀ ਜੀਵ ਨੂੰ ਸਮਝ ਨਹੀਂ ਹੈ। ਇਸ ਦਾ ਦਾਰੂ ਕੀਹ ਦੱਸਿਆ ? ਅਰਦਾਸ; ਕਿ ਸਭ ਮੁਸ਼ਕਲਾਂ ਦੇ ਦੂਰ ਕਰਨੇ ਲਈ, ਮੁਸ਼ਕਲਾਂ ਦੇ ਆ ਪਿਆਂ ਅਪਣੇ ਨਿਸ਼ਚੇ ਭਰੋਸੇ ਦੀ ਅਡੋਲਤਾ ਲਈ ਅਤੇ ਲਗੇ ਰਹਿਣ ਦੀ ਸਲਾਮਤੀ ਲਈ ਅਰਦਾਸ ਕਰੇ ਕਿ ਹੇ ਦਾਤਾ ਮੈਂ ਤੇਰੇ ਗੁਣ ਗਾਉਣ ਵਾਲਾ ਤੇ ਦਰ ਤੇ ਖੜਾ ਮੰਗਤਾ ਇਕ ਢਾਡੀ ਦੀ ਨਿਆਈਂ ਹਾਂ, ਮੈਨੂੰ ਇਹ ਦਾਨ ਦੇਹ ਕਿ ਨਿਸ਼ਚਾ ਅਡੋਲ ਰਹੇ, ਸਿਮਰਨ ਅਛਲ ਰਹੇ, ਪ੍ਰੀਤ ਅਟੁੱਟ ਰਹੇ, ਦਰ ਕਦੇ ਨਾ ਛੋੜਾਂ। ਸਦਾ ਮਨ ਤੇ ਤਨ ਵਿਚ ਚਾਉ ਭਰਿਆ ਰਹੇ ਤੇ ਆਪ ਦੇ ਮਿਲਾਪ ਦੀ ਲੋਚਾ ਸਦਾ ਲਗੀ ਰਹੇ।

**ਨਿਰਕੁ**–ਭਾ–ਕੋਈ। [ਲਹਿੰਦਾ ਪੰਜਾਬੀ]।

ਜਾਚਿਕੁ–[ਸੰਸ:, ਯਾਚਕ:] ਮੰਗਤਾ । ਮੰਗਣ ਵਾਲਾ।

ਕਬੂਲੁ [ਅ:, ਕ਼ਬੂਲ] ਪਰਵਾਣ । ਮਨਜ਼ੂਰ।

ਜਜਮਾਨੁ -[ਸੰਸ:, ਯਜਮਾਨ:=ਜੋ ਯੱਗ ਕਰੇ ਤੇ ਸਾਰਾ ਖਰਚ ਝੱਲੇ । ਪ੍ਰੋਹਿਤਾਂ ਨੂੰ ਦਖਣਾਂ ਦੇ ਦੇਕੇ ਯਗ ਕਰਾਉਣ ਵਾਲਾ] ਜਿਸ ਤੋਂ ਦਾਨ ਲਿਆ ਜਾਵੇ । ਪ੍ਰੋਹਿਤ ਯਾ ਬ੍ਰਾਹਮਣ ਨੂੰ ਦਾਨ ਦੇਣੇ ਵਾਲਾ । ਜੋ ਦੇਂਦਾ ਹੈ, ਪਰ ਲੈਂਦਾ ਨਹੀਂ ।

ਜੋੜੇ–[ਪੰ:] ਜੋੜਾ ਦਾ ਬਹੁ ਬਚਨ। ਸਰੀਰ ਦੇ ਸਾਰੇ ਕਪੜਿਆਂ ਦੇ ਸਮੁਦਾਇ ਨੂੰ ਜੋੜਾ ਕਹੀਦਾ ਹੈ, ਜਿਸ ਨੂੰ ਅਜ ਕਲ ਸੂਟ ਆਖਦੇ ਹਨ।

ਹਸਤੀ–[ਸੰਸ:, ਹਸ੍ਤੀ] ਹਾਥੀ। ਮਿਲਖ–[ਅ:, ਮਿਲਕ] ਜਾਇਦਾਦ। ਗ਼ੈਰ ਮਨਕੂਲਾ ਜਾਇਦਾਦਾਂ, ਮਹਲ ਮਾੜੀਆਂ ਨੂੰ ਆਖਦੇ ਹਨ।

ਲੋੜੇ–ਲੱਭੇ, ਚਾਹੇ। ਇੱਛਾ ਕਰੇ। ਲੋਚੇ।

ਸੁਧੁ ਕੀਚੈ–ਦੇਖੋ ਪਿਛੇ ਪੰਨਾ ੧੯੭੯।

—o—

## ਰਾਗੁ ਗਉੜੀ ਭਗਤਾਂ ਕੀ ਬਾਣੀ

## ੧ ਓ ਸਤਿਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ ॥

ਅਰਥ ਦੇਖੋ ਜਪੁਜੀ ਦੇ ਆਦਿ ਵਿਚ।

## ਗਉੜੀ ਗੁਆਰੇਰੀ ਸ੍ਰੀ ਕਬੀਰ ਜੀਉ ਕੇ ਚਉਪਦੇ ੧੪ ॥

ਸ੍ਰੀ ਕਬੀਰ ਜੀ ਰਚਿਤ ਸ਼ਬਦ ਜੋ ਗਉੜੀ ਗੁਆਰੇਰੀ ਵਿਚ ਗਾਏ ਗਏ ਸਨ। ਆਉਣ ਵਾਲੇ ੧੪ ਵਿਚੋਂ ਹਰ ਸ਼ਬਦ ਵਿਚ ਚਾਰ ਚਾਰ ਪਦੇ ਆਉਣਗੇ (ਫੇਰ ਅਗੋਂ ਵਧ ਘਟ ਪਦੇ ਹੋਣਗੇ)।

## [ਗਉੜੀ ਕਬੀਰ ਜੀ, ਚਉਪਦਾ—੧]

**ਪ੍ਰਾਕ੍ਰਥਨ—**ਤ੍ਰਿਸ਼ਨਾ ਨਵਿਰਤੀ ।

| ਮੂਲ | ਅਰਥ |
|---|---|
| ਅਬ ਮੋਹਿ ਜਲਤ ਰਾਮ ਜਲੁ ਪਾਇਆ ॥ ਰਾਮ ਉਦਕਿ ਤਨੁ ਜਲਤ ਬੁਝਾਇਆ ॥੧॥ਰਹਾਉ॥ | ਹੁਣ ਮੈਂ (ਤ੍ਰਿਸ਼ਨਾ ਰੂਪੀ ਅਗਨੀ ਵਿਚ) ਜਲਦੇ ਹੋਏ ਨੇ ਰਾਮ (ਨਾਮ ਰੂਪੀ) ਜਲ ਪ੍ਰਾਪਤ ਕੀਤਾ ਹੈ। (ਉਸ) ਰਾਮ (ਨਾਮ ਰੂਪੀ) ਜਲ ਨੇ (ਮੇਰੇ) ਜਲ ਰਹੇ ਤਨ (ਮਨ) ਨੂੰ ਠਾਰ ਦਿੱਤਾ ਹੈ ॥ ੧ ॥ ਰਹਾਉ ॥ |
| ਮਨੁ ਮਾਰਣ ਕਾਰਣਿ ਬਨ ਜਾਈਐ ॥ ਸੋ ਜਲੁ ਬਿਨੁ ਭਗਵੰਤ ਨ ਪਾਈਐ ॥ ੧ ॥ | (ਤ੍ਰਿਸ਼ਨਾਲੂ) ਮਨ ਨੂੰ (ਤ੍ਰਿਸ਼ਨਾ ਵਲੋਂ) ਮਾਰਨ ਲਈ ਬਨਾਂ ਨੂੰ ਜਾਈਦਾ ਹੈ, (ਪਰ ਮਨ ਨੂੰ ਤ੍ਰਿਸ਼ਨਾ ਤੋਂ ਰਹਿਤ ਕਰਨੇ ਵਾਲਾ) ਉਹ (ਰਾਮ ਨਾਮ ਰੂਪੀ) ਜਲ ਬਿਨਾ ਭਗਵੰਤ (ਦੀ ਮੇਹਰ ਦੇ) ਨਹੀਂ ਪਾ ਸਕੀਦਾ ॥ ੧ ॥ |
| ਜਿਹ ਪਾਵਕ ਸੁਰਿ ਨਰ ਹੈ ਜਾਰੇ ॥ ਰਾਮ ਉਦਕਿ ਜਨ ਜਲਤ ਉਬਾਰੇ ॥ ੨ ॥ | ਜਿਸ (ਤ੍ਰਿਸ਼ਨਾ ਰੂਪੀ) ਅਗਨੀ ਨੇ ਸੁਰ ਨਰ (ਸਭ) ਸਾੜ ਘੱਤੇ ਹਨ (ਉਸ ਅਗਨੀ ਤੋਂ) ਰਾਮ (ਨਾਮ ਰੂਪੀ) ਜਲ ਨੇ ਜਲਦੇ ਹੋਏ (ਭਗਤ) ਜਨ ਬਚਾ ਲਏ ਹਨ ॥ ੨ ॥ |
| ਭਵ ਸਾਗਰ ਸੁਖ ਸਾਗਰ ਮਾਹੀ ॥ ਪੀਵਿ ਰਹੇ ਜਲ ਨਿਖੁਟਤ ਨਾਹੀ॥੩॥ | (ਐਸਾ ਕਿ ਭਗਤ ਜਨ) ਭਵ ਸਾਗਰ ਵਿਚ (ਵਸਦਿਆਂ ਹੋਇਆਂ ਬੀ ਹੁਣ) ਸੁਖ ਸਾਗਰ ਵਿਚ ਵੱਸ ਰਹੇ ਹਨ ਤੇ ਉਸ ਰਾਮ ਨਾਮ ਰੂਪੀ) ਜਲ ਨੂੰ ਪੀ ਰਹੇ ਹਨ (ਤੇ ਉਹ) ਮੁੱਕਦਾ ਨਹੀਂ ਹੈ ॥ ੩ ॥ |
| ਕਹਿ ਕਬੀਰ ਭਜੁ ਸਾਰਿੰਗਪਾਨੀ ॥ ਰਾਮ ਉਦਕਿ ਮੇਰੀ ਤਿਖਾ ਬੁਝਾਨੀ ॥ ੪ ॥ ੧ ॥ | ਕਹਿੰਦੇ ਹਨ ਕਬੀਰ ਜੀ, (ਹੇ ਸੁਣਨ ਵਾਲੇ ਜੀਵ ! ਤੂੰ ਬੀ) ਵਾਹਿਗੁਰੂ ਦਾ ਭਜਨ ਕਰ, (ਦੇਖ ਉਸ) ਰਾਮ (ਨਾਮ ਰੂਪੀ) ਜਲ ਨੇ ਮੇਰੀ (ਤ੍ਰਿਸ਼ਨਾ ਰੂਪੀ) ਤ੍ਰੇਹ ਬੁਝਾ ਦਿੱਤੀ ਹੈ ॥੪॥੧॥ |

**ਵਯਾਖਯਾ—**ਸ੍ਰੀ ਕਬੀਰ ਜੀ ਅਪਣਾ ਨਿਜ ਤਜਰਬਾ ਦੱਸਕੇ ਉਪਦੇਸ਼ ਦੇਂਦੇ ਹਨ ਕਿ ਰਾਮ ਨਾਮ ਰੂਪੀ ਜਲ ਨੇ ਮੇਰੀ ਤ੍ਰਿਸ਼ਨਾ ਰੂਪੀ ਅਗਨੀ ਦੀ ਭੜਕ ਬੁਝਾ ਦਿਤੀ ਹੈ। ਇਹ ਰਾਮ ਨਾਮ ਰੂਪੀ ਜਲ ਭਗਵੰਤ ਦੀ ਕ੍ਰਿਪਾ ਨਾਲ ਮਿਲਦਾ ਹੈ। ਬਨਾਂ ਵਿਚ ਜਾਕੇ ਹੋਰ ਕੀਤੇ ਤਪ ਆਦਿ ਸਾਧਨ ਤ੍ਰਿਸ਼ਨਾਂ ਨੂੰ ਨਵਿਰਤ ਨਹੀਂ ਕਰਦੇ, ਨਾਂ ਹੀ ਰਾਮ ਨਾਮ ਰੂਪੀ ਜਲ ਬਨਾਂ ਵਿਚੋਂ ਲੱਭ ਪੈਂਦਾ ਹੈ। ਇਸ ਵਿਚ ਕਟਾਖਯ ਇਹ ਹੈ ਕਿ ਭਗਵੰਤ ਅੱਗੇ ਸਿੱਧੀ ਪ੍ਰਾਰਥਨਾ ਕਰੋ। 'ਰਾਮ ਦੇ ਨਾਮ-ਜਲ ਦੀ' ਤ੍ਰਿਸ਼ਨਾ ਨਵਿਰਤੀ ਦਾ ਗੁਣ ਦੱਸਕੇ ਉਸ ਜਲ ਦੀ ਅਖੁੱਟਤਾ ਦੱਸਦੇ ਹਨ, ਕਿ ਜਿਸ ਦਾ ਨਾਮ ਹੈ ਉਹ ਸਦੈਵੀ ਤੇ ਅਨੰਤ ਹੈ, ਕਦੇ ਮੁੱਕਦਾ ਨਹੀਂ, ਇਸ ਕਰਕੇ ਉਸ ਦਾ ਨਾਮ-ਜਲ ਬੀ ਅਖੁੱਟ ਹੈ। ਫੇਰ ਉਸ ਸੰਸਾਰ ਰੂਪੀ ਸਾਗਰ ਵਿਚ, ਜਿਸ ਦਾ ਜਲ ਖਾਰਾ ਹੈ ਤੇ ਜੋ ਤਿਖਾ ਨਵਿਰਤੀ ਨਹੀਂ ਕਰ ਸਕਦਾ, ਵਸਦਿਆਂ ਹੀ ਇਹ ਰਾਮ ਉਦਕ ਪੀ ਲਈਦਾ ਹੈ ਤੇ ਤ੍ਰਿਖਾ ਦੂਰ ਹੋ ਜਾਂਦੀ ਹੈ। ਇਹ ਸਭ ਕੁਛ ਦੱਸਕੇ ਫੇਰ ਉਪਦੇਸ਼ ਕਰਦੇ ਹਨ ਕਿ ਉਸ ਪਰਮੇਸ਼ੁਰ ਦਾ ਭਜਨ ਕਰੋ ਜਿਸ ਦਾ ਇਹ ਨਾਮ ਹੈ ਤੇ ਜਿਸ ਦੀ ਮੈਂ ਉਗਾਹੀ ਦੇਂਦਾ ਹਾਂ ਕਿ ਮੇਰੀ ਤ੍ਰਿਸ਼ਨਾ ਉਸੇ ਨੇ ਦੂਰ ਕੀਤੀ ਹੈ।

**ਨਿਰੁਕ੍ਤ**–ਮੋਹਿ ਜਲਤ–[ਸੰਸ:, ਜ੍ਵਲਤ=ਸੜਦਾ ਹੋਇਆ, ਬਲਦਾ ਹੋਇਆ] ਮੈਂ ਜਲਦੇ ਹੋਏ ਨੇ, ਮੈਂ ਜਲ ਰਹੇ ਨੇ।

ਰਾਮ ਜਲੁ–[ਸੰਸ:, ਰਾਮ:+ਜਲਮ੍] ਰਾਮ ਦਾ ਜਲ, ਰਾਮ ਨਾਮ ਰੂਪੀ ਜਲ। ਜਲ ਇਸ ਕਰਕੇ ਕਿਹਾ ਹੈ ਕਿ ਮਨ ਨੂੰ ਠੰਡ ਪਾਉਂਦਾ ਹੈ, ਤ੍ਰਿਸ਼ਨਾ ਦੀ ਅੱਗ ਨੂੰ ਬੁਝਾਉਂਦਾ ਹੈ।

ਉਦਕਿ–[ਸੰਸ:, ਉਦਕੰ=ਪਾਣੀ] ਜਲ ਨੇ। ਤਨੁ–ਸਰੀਰ। ਪਰ ਸਰੀਰ ਤੋਂ ਛੜਾ ਸਰੀਰ ਮੁਰਾਦ ਨਹੀਂ, ਅੰਤਹਕਰਣ ਸੰਯੁਕਤ ਸਰੀਰ ਹੈ।

ਪਾਵਕ–(ਦੇਖੋ ਪੰਨਾ ੧੫੯੧) ਅਗਨੀ, ਭਾਵ ਤ੍ਰਿਸ਼ਨਾ।

ਜਾਰੇ–[ਸੰਸ:, ਜ੍ਵਲ੍–(ਧਾਤੂ)=ਸੜਨਾ, ਜਲਨਾ। ਹਿੰਦੀ, ਜਲਾਨਾ, ਜਾਰਨਾ=ਸਾੜਨਾ] ਸਾੜੇ ਹਨ। ਜਨ–ਦਾਸ, ਭਾਵ ਭਗਤ ਜਨ। ਉਬਾਰੇ–ਬਚਾਏ ਹਨ।

ਭਵ ਸਾਗਰ–[ਸੰਸ:, ਭਵ ਸਾਗਰ:] ਸਸਾਰ ਰੂਪੀ ਸਮੁੰਦਰ। ਸਮੁੰਦਰ ਦਾ ਪਾਣੀ ਪੀਓ ਤਾਂ ਤ੍ਰੇਹ ਵਧਾਉਂਦਾ ਹੈ, ਤ੍ਰੇਹ ਨੂੰ ਸ਼ਮਨ ਨਹੀਂ ਕਰਦਾ। ਪਰ ਇਹ ਰਾਮ ਨਾਮ ਸੁਖ ਸਾਗਰ ਹੈ, ਭਵ ਸਾਗਰ ਵਿਚ ਵਸਦਿਆਂ ਤ੍ਰਿਸ਼ਨਾ ਦੀ ਤ੍ਰੇਹ ਬੁਝਾ ਦੇਣ ਨੂੰ ਸਮਰੱਥ ਹੈ।

ਨਿਖੁਟਤ–ਮੁੱਕਦਾ। ਸਾਰਿੰਗਪਾਨੀ–(ਦੇਖੋ ਪੰਨਾ ੩੨੮) ਜਿਸ ਦੇ ਹਥ ਵਿਚ ਧਨੁਖ ਯਾ ਧਰਤੀ ਹੈ। ਵਾਹਿਗੁਰੂ। (ਅ) ਜੋ ਪਪੀਹੇ ਨੂੰ ਪਾਣੀ ਵਤ ਹੈ। ਐਉਂ ਬੀ ਲਾ ਲੈਂਦੇਹਨ।

## [ਗਉੜੀ ਕਬੀਰ ਜੀ, ਚਉਪਦਾ–੨]

**ਪ੍ਰਾਕ੍ਥਨ**–ਰਾਮ ਜਲ ਨੂੰ ਹੁਣ 'ਮਾਧਉ ਜਲ' ਆਖਕੇ ਉਸ ਦਾ ਹੋਰ ਅਸਰ ਦੱਸਦੇ ਹਨ ਕਿ ਇਸ ਨੇ ਨਾ ਨਿਰੀ ਤ੍ਰਿਸ਼ਨਾ ਦੂਰ ਕੀਤੀ ਹੈ, ਤ੍ਰਿੱਖਾ ਪ੍ਰੇਮ ਉਤਪਤ ਕਰ ਦਿੱਤਾ ਹੈ।

| ਮੂਲ | ਅਰਥ |
|---|---|
| ਗਉੜੀ ਕਬੀਰ ਜੀ ॥ ਮਾਧਉ ਜਲ ਕੀ ਪਿਆਸ ਨ ਜਾਇ॥ ਜਲ ਮਹਿ ਅਗਨਿ ਉਠੀ ਅਧਿਕਾਇ ॥ ੧ ॥ ਰਹਾਉ ॥<br>ਤੂੰ ਜਲਨਿਧਿ ਹਉ ਜਲ ਕਾ ਮੀਨੁ ॥ ਜਲ ਮਹਿ ਰਹਉ ਜਲਹਿ ਬਿਨੁ ਖੀਨੁ ॥ ੧ ॥<br>ਤੂੰ ਪਿੰਜਰੁ ਹਉ ਸੂਅਟਾ ਤੋਰ॥ ਜਮੁ ਮੰਜਾਰੁ ਕਹਾ ਕਰੈ ਮੋਰ ॥ ੨ ॥<br>ਤੂੰ ਤਰਵਰੁ ਹਉ ਪੰਖੀ ਆਹਿ॥ ਮੰਦ ਭਾਗੀ ਤੇਰੋ ਦਰਸਨੁ ਨਾਹਿ ॥ ੩ ॥ | ਹੇ ਮਾਧੋ ! (ਹੁਣ) ਤੇਰੇ (ਇਸ) ਮਾਧੋ ਜਲ (ਭਾਵ ਰਾਮ ਜਲ) ਦੀ ਤ੍ਰਿਖਾ ਦੂਰ ਨਹੀਂ ਹੁੰਦੀ; (ਇਸ) ਜਲ ਵਿਚ (ਜਿਸ ਵਿਚ ਕਿ ਤ੍ਰਿਸ਼ਨਾ ਰੂਪੀ ਅਗਨੀ ਬੁਝੀ ਸੀ ਤੇਰੇ 'ਨਾਮ ਜਲ' ਦੀ ਹੋਰ ਅਗਨੀ ਭਾਵ) ਪਿਆਸਾ ਵਧੇਰੇ ਹੋ ਭੜਕੀ ਹੈ (ਭਾਵ ਤੇਰੇ ਨਾਲ ਪਿਆਰ ਦੀ ਲਾਲਸਾ ਉਪਜੀ ਤੇ ਵਧੀ ਹੈ। ਐਤਨੀ ਕਿ) ਤੂੰ (ਤਾਂ ਇਕ) ਸਮੁੰਦ੍ਰ (ਹੋ ਰਿਹਾ) ਹੈਂ (ਤੇ) ਮੈਂ ਜਲ ਦਾ ਮਛ (ਬਣ ਰਿਹਾ) ਹਾਂ ਜਲ ਵਿਚ ਤਾਂ (ਸੁਖੀ) ਰਹਿੰਦਾ ਹਾਂ (ਪਰ) ਜਲ ਤੋਂ ਬਿਨਾਂ ਨਾਸ਼ ਹੁੰਦਾ ਹਾਂ। (ਹਾਂ) ਜੇ ਤੂੰ ਪਿੰਜਰਾ (ਹੋਵੇਂ ਤਾ ਮੈਂ ਉਸ ਵਿਚ ਵੱਸਣ ਵਾਲਾ ਤੇਰਾ) ਤੋਤਾ ਹਾਂ। (ਫਿਰ) ਜਮ (ਰੂਪੀ) ਬਿੱਲਾ ਮੇਰਾ ਕੀਹ ਵਿਗਾੜ ਕਰ ਸਕਦਾ ਹੈ। (ਫੇਰ ਜੇ) ਤੂੰ ਬ੍ਰਿਛ ਹੋਵੇਂ ਤਾਂ ਮੈਂ (ਤੇਰੇ ਆਸਰੇ ਰਹਿਣ ਵਾਲਾ) ਪੰਛੀ ਹਾਂ; (ਪਰ ਐਤਨੀ ਨਿਕਟਤਾ ਦੇ ਹੁੰਦਿਆਂ, ਮੈਂ ਮੰਦ ਭਾਗੀ ਹਾਂ ਜੋ ਤੇਰਾ ਦਰਸ਼ਨ ਨਹੀਂ ਹੁੰਦਾ। (ਇਸ ਨਿਰਾਸਤਾ ਵਿਚ ਬੀ ਮੇਰਾ ਚਾਉ ਨਹੀਂ |

| | |
|---|---|
| ਤੂੰ ਸਤਿਗੁਰੁ ਹਉ ਨਉਤਨੁ ਚੇਲਾ॥ ਕਹਿ ਕਬੀਰ ਮਿਲੁ ਅੰਤ ਕੀ ਬੇਲਾ॥ ੪ ॥ ੨ ॥ | ਘਟਦਾ ਹੁਣ ਬੀ) ਤੂੰ (ਮੇਰਾ) ਸਤਿਗੁਰੂ ਹੈ ਤੇ ਮੈਂ ਤੇਰਾ (ਚਾਉ ਭਰਿਆ) ਨਵਾਂ ਨਵਾਂ ਚੇਲਾ ਹਾਂ । ਕਬੀਰ (ਬੇਨਤੀ) ਕਹਿੰਦਾ ਹੈ ਕਿ ਹੁਣ ਅੰਤ ਸਮੇਂ ਤਾਂ ਆ ਮਿਲ (ਭਾਵ ਸਾਖਜਾਤ ਦਰਸ਼ਨ ਦੇਕੇ ਅਪਣੇ ਵਿਚ ਮੇਲ ਲੈ ) ॥ ੪ ॥੨॥ |

**ਵਯਾਖਯਾ**—ਪਿਛਲੇ ਸ਼ਬਦ ਦਾ ਖਿਆਲ ਜਾਰੀ ਹੈ। ਓਥੇ 'ਰਾਮ ਜਲ', 'ਰਾਮ ਉਦਕਿ' ਜਿਸ ਨੂੰ ਕਿਹਾ ਸੀ ਉਸ ਨੂੰ ਹੁਣ 'ਮਾਧਉ ਜਲ' ਆਖਦੇ ਹਨ। ਸ਼ਬਦ ਇਕ ਸਨਮੁਖ ਉਸਤਤੀ ਵਾਙੂ ਹੈ। 'ਮਾਧਉ' ਦੋਹਰੇ ਅਰਥ ਰਖਦਾ ਹੈ, 'ਹੇ ਮਾਧੋ' ਅਤੇ 'ਮਾਧੋ ਜਲ'। ਜਿਸ ਜਲ ਨੇ ਤ੍ਰਿਸ਼ਨਾ ਨਾਲ ਸੜਦੇ ਦੀ ਅੱਗ ਬੁਝਾਈ ਸੀ, ਜਿਸ ਜਲ ਨੇ ਪਦਾਰਥਕ ਤੇ ਮਾਇਕ ਤ੍ਰਿਖਾ ਸ਼ਮਨ ਕਰ ਦਿਤੀ ਸੀ, ਉਸੇ 'ਰਾਮ ਉਦਕਿ' ਯਾ 'ਮਾਧਉ ਜਲ' ਨੇ ਇਕ ਹੋਰ ਤ੍ਰਿਖਾ ਭੜਕਾ ਦਿਤੀ ਹੈ, ਜੋ ਉਸ ਤੋਂ ਵਧੀਕ ਤੀਖਣ ਹੈ। ਉਹ ਪਿਆਸਾ ਹੈ ਉਸੇ 'ਰਾਮ ਉਦਕਿ' ਦੀ। ਉਹ ਹੈ: ਹੇ ਮਾਧੋ। ਤੇਰੇ ਨਾਲ ਤ੍ਰਿਖੇ ਪਿਆਰ ਦੀ, ਜੋ ਤੈਥੋਂ ਦੂਰ ਹੋਣਾ ਮੌਤ ਤੁੱਲ ਹੋ ਗਿਆ ਹੈ। ਉਸ ਦਾ ਵਰਣਨ ਫੇਰ ਤ੍ਰੈ ਦ੍ਰਿਸ਼ਟਾਂਤਾਂ ਵਿਚ ਕਰਦੇ ਹਨ। ਇਕ ਮੱਛੀ ਦਾ, ਜੋ ਜਲ ਦੀ ਇੰਨੀ ਪਿਆਰੀ ਹੋ ਜਾਂਦੀ ਹੈ ਕਿ ਉਸ ਬਿਨਾਂ ਮਰਦੀ ਹੈ। ਦੂਜਾ ਪਿੰਜਰੇ ਪਲੇ ਤੋਤੇ ਦੀ, ਜੋ ਪਿੰਜਰੇ ਵਿਚ ਰਹਿ ਕੇ ਹੀ ਸਲਾਮਤ ਹੁੰਦਾ ਹੈ, ਬਾਹਰ ਨਿਕਲੇ ਤਾਂ ਬਿੱਲਾ ਖਾ ਜਾਂਦਾ ਹੈ। ਸੋ ਬਿੱਲੇ ਤੋਂ ਡਰਦੇ ਤੋਤੇ ਨੂੰ ਅਤਿ ਤ੍ਰਿਖਾ ਪ੍ਰੇਮ ਪਿੰਜਰੇ ਨਾਲ ਹੋ ਜਾਂਦਾ ਹੈ। ਤਿਵੇਂ ਰਾਮ ਨਾਮ ਭਗਤ ਦੀ ਰਸਨਾਂ ਤੇ ਮਨ ਵਿਚ ਵੱਸਦਾ ਉਸ ਦੇ ਚੁਫੇਰੇ ਆਤਮਕ ਪ੍ਰਭਾਵ ਦੇਂਦਾ ਹੈ। ਜਿਸ ਵਿਚ ਭਗਤ ਆਪ ਨੂੰ ਕਾਲ ਚਕ੍ਰ ਵਿਚ ਪਾਏ ਜਾਣ ਤੋਂ ਸੁਰਖਯਤ ਅਨੁਭਵ ਕਰ ਲੈਂਦਾ ਹੈ। ਏਥੇ ਪਿੰਜਰੇ ਦੇ ਦ੍ਰਿਸ਼ਟਾਂਤ ਤੋਂ ਕੈਦ ਦੀ ਕਠਨਤਾ ਦਾ ਭਾਵ ਨਹੀਂ ਲੇਣਾ ਪਰ 'ਸੁਰਖਯਤਾ' ਦਾ ਭਾਵ ਲੇਣਾ ਹੈ। ਰਾਮ ਨਾਮ ਦੇ ਆਲੇ ਦੁਆਲੇ ਵਿਚ ਸੁਰੱਖਯਤ ਹੋਣਾ ਸੋਹਣੀ ਕੈਦ ਹੈ। ਤੀਸਰਾ ਦ੍ਰਿਸ਼ਟਾਂਤ ਪੰਛੀ ਦਾ ਲਿਆ ਹੈ, ਜੋ ਬ੍ਰਿੱਛਾਂ ਦੇ ਆਸਰੇ ਬਿੱਲੇ, ਸ਼ੇਰ, ਮਨੁੱਖ ਆਦਿ ਵੈਰੀਆਂ ਤੋਂ ਅਪਣਾ ਬਚਾਉ ਕਰਦਾ ਤੇ ਉਹਨਾਂ ਦਾ ਆਸਾਨੀ ਨਾਲ ਸ਼ਿਕਾਰ ਨਹੀਂ ਬਣਦਾ। ਬ੍ਰਿੱਛਾਂ ਤੋਂ ਪੰਛੀਆਂ ਨੂੰ ਫਲ ਖਾਣ, ਛਾਯਾ ਤੇ ਆਲ੍ਹਣੇ ਬਨਾਕੇ ਸੁਖ ਰਹਿਣ ਦਾ ਸਹਾਰਾ ਮਿਲਦਾ ਹੈ। ਇਸ ਕਰਕੇ ਉਨ੍ਹਾਂ ਦਾ ਪ੍ਰੇਮ ਬ੍ਰਿਛਾਂ ਨਾਲ ਹੋ ਜਾਂਦਾ ਹੈ।

ਹੁਣ ਇਕ ਧ੍ਵਨੀ ਵਾਲਾ ਕਟਾਖਯ ਹੈ, ਜਿਸ ਤੋਂ ਪਤਾ ਚਲਦਾ ਹੈ ਕਿ ਭਗਤਾਂ ਨੂੰ ਵਾਹਿਗੁਰੂ ਦੀ ਹਜ਼ੂਰੀ ਦਾ ਅਨੁਭਵ ਹੋ ਜਾਂਦਾ ਹੈ, ਜੀਵਨ ਉਸ ਦੇ ਆਸ਼੍ਰਿਤ ਹੋ ਜਾਂਦਾ ਹੈ, ਪਰ ਸਰੀਰਕ ਦਰਸ਼ਨ ਨਹੀਂ ਹੁੰਦਾ ਜਿਵੇਂ ਕਿ ਦ੍ਰਿਸ਼ਟਮਾਨ ਪਦਾਰਥਾਂ ਦਾ ਹੁੰਦਾ ਹੈ, ਪਰ ਭਗਤ ਨੂੰ ਪ੍ਰੇਮੀ ਹੋਣ ਕਰਕੇ ਇਹ ਆਸਾ ਲਗੀ ਰਹਿੰਦੀ ਹੈ। ਇਸ ਬਿਰਹ ਦੀ ਹਾਲਤ ਨੂੰ ਕਿਸ ਤ੍ਰਿੱਖੇ ਵਲਵਲੇ ਵਿਚ ਆਪ ਨੂੰ ਮੰਦਭਾਗੀ ਕਹਿਕੇ, ਜਤਾਇਆ ਹੈ।

ਅਖੀਰਲੇ ਅੰਕ ਵਿਚ ਹੁਣ ਹੋਰ ਦ੍ਰਿਸ਼ਟਾਂਤ ਲੈਂਦੇ ਹਨ ਜੋ ਦ੍ਰਿਸ਼ਟਾਂਤ ਬੀ ਹੈ ਤੇ ਅਸਲ ਬੀ ਹੈ। ਮਾਧਉ ਨੂੰ ਸਤਿਗੁਰੂ ਤੇ ਆਪ ਨੂੰ ਚੇਲਾ ਦੱਸਦੇ ਹਨ। ਚੇਲੇ ਨੂੰ ਗੁਰੂ ਨਾਲ ਪ੍ਰੇਮ ਹੁੰਦਾ ਹੈ ਤੇ ਗੁਰੂ ਨੂੰ ਚੇਲੇ ਦੀ ਰਖਯਾ ਦਾ ਬਿਰਦ ਹੁੰਦਾ ਹੈ। ਅਪਣਾ ਪ੍ਰੇਮ ਤਾਂ ਉਪਰਲੇ ਦ੍ਰਿਸ਼ਟਾਂਤਾਂ ਵਿਚ ਦੱਸ ਆਏ ਹਨ, ਹੁਣ ਉਸ ਦੇ ਬਿਰਦ ਅਗੇ ਵਾਸਤਾ ਪਾਉਂਦੇ ਹਨ ਕਿ ਤੂੰ ਮੇਹਰ ਕਰ ਤੇ ਦਰਸ਼ਨ ਦੇਹ, ਫੇਰ ਚੇਲਾ ਨੂਤਨ (ਨਵਾਂ) ਆਖਦੇ ਹਨ। ਨਵਾਂ ਕਹਿਣ ਵਿਚ ਦੋ ਗੱਲਾਂ ਜਣਾਈਆਂ ਹਨ। ਨਵੇਂ ਚੇਲੇ ਨੂੰ ਬੜਾ ਚਾਉ ਹੁੰਦਾ ਹੈ; ਨਵੇਂ ਚੇਲੇ ਦੀ ਗੁਰੂ ਨੂੰ ਰਖਯਾ ਵਧੇਰੇ ਕਰਨੀ ਪੈਂਦੀ ਹੈ, ਕਿਉਂਕਿ ਬੱਚੇ ਵਾਙੂ ਉਹ ਅਪਣੀ ਰਖਯਾ 'ਵਿਘਨਾਂ' ਤੋਂ ਨਹੀਂ ਕਰ ਸਕਦਾ; ਸੁਹਣੇ ਬਿਰਦ ਵਾਲਾ ਗੁਰੂ ਉਸ ਦੀ ਰਖਯਾ ਸਿਆਣੇ ਹੋ ਗਏ ਚੇਲਿਆਂ ਤੋਂ ਵਧੀਕ ਕਰਦਾ ਹੈ। ਇਸ ਲਈ 'ਨਉਤਨੁ ਚੇਲਾ' ਕਿਹਾ। ਇਹ ਕਹਿਕੇ ਮੰਗ ਕੀਤੀ ਹੈ, 'ਮਿਲੁ ਅੰਤ ਕੀ ਬੇਲਾ'। ਮਿਲ ਵਿਚ ਇਸ਼ਾਰਾ ਉਸੇ ਤੁਕ ਵਲ ਹੈ, ਜਿਸ ਵਿਚ ਕਿਹਾ ਹੈ: 'ਮੰਦ

ਭਾਗੀ ਤੇਰੋ ਦਰਸਨੁ ਨਾਹਿ' ਭਾਵ ਇਹ ਕਿ ਦਰਸ਼ਨ ਦੇਹ, ਤੇਰਾ ਮੈਨੂੰ ਸਾਖਸ਼ਾਤਕਾਰ ਹੋ ਜਾਵੇ। 'ਅੰਤ ਕੀ ਬੇਲਾ' ਦਾ ਭਾਵ ਹੈ ਕਿ ਹੁਣ ਸ਼ਰੀਰ ਬ੍ਰਿਧ ਹੋ ਗਿਆ ਹੈ, ਦਿਨ ਨੇੜੇ ਹਨ ਸਰੀਰ ਅੰਤ ਹੋਣ ਦੇ, ਹੁਣ ਤਾਂ ਮੇਹਰ ਕਰੋ ਤੇ ਆ ਮਿਲੋ* । ਦਾਨੇ ਲੋਕ ਅੰਤ ਕੀ ਬੇਲਾ ਦਾ ਭਾਵ ਮਨੁੱਖਾ ਜਨਮ ਬੀ ਲੈਂਦੇ ਹਨ ਕਿ ਮੇਰਾ ਇਹ ਮਨੁੱਖਾ ਜਨਮ, ਜੋ ਅੰਤਲਾ ਮੌਕਾ ਹੈ, ਦਰਸ਼ਨ ਦੇਕੇ ਸਫਲਾ ਦਿਓ। ਨਾਮ ਸਿਮਰਣ ਦਾ ਇਹ ਅਸਰ ਦੱਸਿਆ ਕਿ ਇਹ ਮਾਯਕ ਮੈਲ ਧੋ ਦੇਂਦਾ ਹੈ ਇਥੇ ਹੀ ਬੱਸ ਨਹੀਂ ਇਹ ਨਾਮੀ ਦਾ ਪ੍ਰੇਮ ਪੈਦਾ ਕਰ ਦੇਂਦਾ ਹੈ, ਪ੍ਰੇਮ ਫੇਰ ਦਰਸ਼ਨ ਮੰਗਦਾ ਹੈ ਤੇ ਅਰਦਾਸਾਂ ਕਰਦਾ ਹੈ ਪ੍ਰੇਮ ਦੇ ਵਾਸਤੇ ਪਾ ਪਾਕੇ ਕਿ ਕਿਵੇਂ ਦਰਸ਼ਨ ਦੇਹ।

**ਨਿਰੁਕ੍ਤ—** ਮਾਧਉ—[ਸੰਸ:, ਮਾਧਵ:] ਮਾਇਆ ਦਾ ਸੁਆਮੀ, ਪਰਮੇਸ਼ੁਰ।

ਮਾਧਉ ਜਲ—[ਸੰਸ:, ਮਾਧਵ:+ ਜਲਮੁ=ਪਾਣੀ] ਪਰਮੇਸ਼ੁਰ ਦਾ ਨਾਮ ਰੂਪੀ ਜਲ, ਜੈਸੇ 'ਰਾਮ ਜਲੁ' ਤੇ 'ਰਾਮ ਉਦਕਿ' ਪਿਛਲੇ ਸ਼ਬਦ ਵਿਚ ਆਖਿਆ ਹੈ। ਇਸ ਨੂੰ 'ਮਾਧਉ' ਤੇ 'ਮਾਧਉ ਜਲ' ਸਮਝਕੇ ਅਰਥ ਕਰਨੇ ਹਨ ।

ਅਗਨਿ—ਪਯਾਸ, ਏਥੇ ਭਾਵ ਨਾਮ ਜਲ ਦੀ ਪਯਾਸ ਹੈ। ਇਸ ਸਤਰ ਵਿਚ ਵਿਰੋਧ ਭਾਸਦਾ ਹੈ ਕਿ ਜਲ ਵਿਚ ਕੀਕੂੰ ਅੱਗ ਭੜਕੀ ? ਪਰ ਭਾਵ ਹੈ ਕਿ ਇਸ ਜਲ ਵਿਚ ਜਲ ਦੀ ਤ੍ਰਿਖਾ ਵਧੀ ਹੈ। ਨਾਮ ਸਿਮਰਣ ਨੇ ਨਾਮ ਸਿਮਰਣ ਦਾ ਪ੍ਰੇਮ ਅਧਿਕ ਕੀਤਾ ਹੈ, ਜੈਸਾ ਕਿ ਗੁਰੂ ਜੀ ਦਾ ਵਾਕ ਹੈ:-

ਜਿਸੁ ਜਨ ਕਉ ਪ੍ਰਭੁ ਦਰਸ ਪਿਆਸਾ॥ ਨਾਨਕ ਤਾਕੈ ਬਲਿ ਬਲਿ ਜਾਸਾ॥
[ਗਉੜੀ ਮ: ੫, ਸੁਖਮਨੀ ੩-੫

ਨਾਮ ਜਲ ਤੋਂ ਨਾਮੀ ਦੇ ਦਰਸ਼ਨ ਦੀ ਪਯਾਸ ਵਧਦੀ ਹੈ, ਉਹ ਪਯਾਸ ਪ੍ਰੇਮ ਹੈ।

ਖੀਨੁ—[ਸੰਸ:, ਕ੍ਸ਼ੀਣਤਾ=ਦੁਬਲਾਪਨ] ਨਾਸ਼।

ਪਿੰਜਰੁ—[ਸੰਸ:, ਪਿੰਜਰੰ] ਪਿੰਜਰਾ। ਸੂਅਟਾ-(ਦੇਖੋ ਪੰਨਾ ੧੬੨੧ 'ਸੂਆ') ਤੋਤਾ।

ਮੰਜਾਰੁ—[ਸੰਸ:, ਮਾਰੁਜਾਰ:]ਬਿੱਲਾ। ਮੋਰ—ਮੇਰਾ।

ਤਰਵਰੁ—[ਸੰਸ:, ਤਰੁ:] ਬਿਛ। ਨਉਤਨੁ—(ਦੇਖੋ ਪੰਨਾ ੧੫੮੬) ਨਵਾਂ।

ਅੰਤ ਕੀ ਬੇਲਾ—ਅੰਤ ਦਾ ਸਮਾਂ, ਮੌਕਾ, ਬੁਢਾਪਾ। (ਅ) ਮਨੁੱਖਾ ਜਨਮ।

## [ਗਉੜੀ ਕਬੀਰ ਜੀ, ਚਉਪਦਾ—੩]

**ਪ੍ਰਾਕ੍ਕਥਨ—** ਅਗਲੇ ਸ਼ਬਦ ਵਿਚ ਇਕ ਅਦੁਤੀ ਪਰਮਾਤਮਾ ਦੀ ਪੂਜਾ ਤੇ ਉਸ ਪੂਜਾ ਕਰਦਿਆਂ ਨਿੰਦਿਆ ਦੀ ਪਰਵਾਹ ਨਾ ਕਰਨੀ ਸਿਖਾਈ ਹੈ।

| ਮੂਲ | ਅਰਥ |
| --- | --- |
| ਗਉੜੀ ਕਬੀਰ ਜੀ॥ ਜਬ ਹਮ ਏਕੋ ਏਕੁ ਕਰਿ ਜਾਨਿਆ॥ ਤਬ ਲੋਗਹ ਕਾਹੇ ਦੁਖੁ ਮਾਨਿਆ ॥੧॥ | ਜਦ ਅਸਾਂ ਇਕੋ (ਹਰੀ) ਨੂੰ (ਅਪਣਾ) ਇਕੋ ਹੀ (ਪੂਜ) ਕਰਕੇ ਸਮਝ ਲਿਆ ਹੈ (ਤੇ ਹੋਰ ਕਿਸੇ ਦੀ ਪੂਜਾ ਨਹੀਂ ਕਰਦੇ) ਤਦ ਲੋਕਾਂ ਨੇ ਕਿਸ ਲਈ ਦੁਖ ਮੰਨਿਆ ਹੈ॥੧॥ |

*ਕਾਗ ਉਡਾਵਤ ਭੁਜਾ ਪਿਰਾਨੀ॥ ਕਹਿ ਕਬੀਰ ਇਹ ਕਥਾ ਸਿਰਾਨੀ॥ [ਸੂਹੀ ਕਬੀਰ ਜੀ-੨

ਹਮ ਅਪਤਹ ਅਪੁਨੀ ਪਤਿ ਖੋਈ॥ ਹਮਰੈ ਖੋਜਿ ਪਰਹੁ ਮਤਿ ਕੋਈ ॥ ੧ ॥ ਰਹਾਉ ॥

ਅਸਾਂ ਬੇ-ਪਤਿਆਂ ਨੇ (ਜੇ ਐਸਾ ਕਰਨੇ ਨਾਲ) ਅਪਣੀ ਪਤ ਗੁਆ ਲਈ ਹੈ (ਤਾਂ ਭਾਈ !) ਸਾਡੇ ਪਿੱਛੇ ਕੋਈ ਨਾ ਲੱਗੋ ॥ ੧ ॥ ਰਹਾਉ ॥

ਹਮ ਮੰਦੇ ਮੰਦੇ ਮਨ ਮਾਹੀ॥ ਸਾਝ ਪਾਤਿ ਕਾਹੂ ਸਿਉ ਨਾਹੀ ॥੨॥

ਅਸੀਂ ਜੇ ਮੰਦੇ ਹਾਂ (ਤਾਂ ਅਸੀਂ ਅਪਣੇ) ਮਨ ਵਿਚ ਮੰਦੇ ਹਾਂ, (ਇਸੇ ਕਰਕੇ ਅਸਾਂ) ਕਿਸੇ ਨਾਲ ਸਾਂਝ ਭਾਈਚਾਰਾ ਨਹੀਂ (ਪਾਇਆ) ॥ ੨ ॥

ਪਤਿ ਅਪਤਿ ਤਾਕੀ ਨਹੀ ਲਾਜ ॥ ਤਬ ਜਾਨਹੁਗੇ ਜਬ ਉਘਰੈਗੋ ਪਾਜ ॥ ੩ ॥

(ਤੁਹਾਡੀ ਦੁਨੀਆਂਦਾਰਾਂ ਦੀ ਦਿੱਤੀ ਹੋਈ) ਪਤ ਯਾ (ਕੀਤੀ ਹਈ) ਬੇਪਤੀ (ਜੋ ਹੈ) ਉਸ ਦੀ (ਸਾਨੂੰ ਕੋਈ) ਸ਼ਰਮ ਨਹੀਂ, (ਤੁਸੀਂ ਅਸਲ ਪਤਿਵੰਤਤਾ ਤੇ ਬੇਪਤੀ ਨੂੰ) ਓਦੋਂ ਜਾਣੋਗੇ ਜਦੋਂ ਪੜਦਾ ਉਘੜੇਗਾ (ਭਾਵ ਜਦੋਂ ਪਰਲੋਕ ਜਾਓਗੇ) ॥੩॥

ਕਹੁ ਕਬੀਰ ਪਤਿ ਹਰਿ ਪਰਵਾਨੁ॥ ਸਰਬ ਤਿਆਗਿ ਭਜੁ ਕੇਵਲ ਰਾਮੁ ॥ ੪ ॥ ੩ ॥

ਕਬੀਰ ਜੀ ਕਹਿੰਦੇ ਹਨ ( ਹੇ ਮਨ ! ) ਪਤਿ (ਓਹ) ਪਰਵਾਣ ਹੈ (ਜੋ) ਹਰੀ (ਨੂੰ ਪਰਵਾਣ ਹੋਵੇ; ਇਸ ਲਈ) ਸਭ ਦਾ ਤਿਆਗ ਕਰਕੇ (ਤੂੰ) ਕੇਵਲ ਰਾਮ ਦਾ ਭਜਨ ਕਰ (ਜੋ ਤੈਨੂੰ ਹਰੀ ਦੀ ਪਤਿ ਮਿਲੇ) ॥ ੪ ॥ ੩ ॥

**ਵਯਾਖਯਾ**—ਇਸ ਸ਼ਬਦ ਦੀ ਉਥਾਨਕਾ ਲਈ ਗੁਣੀ ਜਨ ਕਬੀਰ ਜੀ ਦਾ ਚੋਰ ਦੀ ਰਾਖੀ ਕਰਨੀ ਤੇ ਲੋਈ ਅਪਣੀ ਇਸਤ੍ਰੀ ਨੂੰ ਸੰਤ ਸੇਵਾ ਲਈ ਬਣੀਏ ਦੇ ਘਰ ਟਹਿਲ ਤੇ ਲਾ ਦੇਣਾ ਆਦਿ ਲੰਮੀਆਂ ਵਾਰਤਾਂ ਵਰਣਨ ਕਰਦ ਹਨ। ਪਰ ਸ਼ਬਦ ਦੇ ਵਿਚੋਂ ਨਿਰਸੰਸੇ ਸਾਬਤ ਹੋ ਰਿਹਾ ਹੈ ਕਿ ਜਦ ਕਬੀਰ ਜੀ ਨੇ ਅਨੇਕ ਦੇਵਾਂ ਦੀ ਪੂਜਾ ਦੇ ਮਤਿ ਨੂੰ ਸ੍ਵੀਕਾਰ ਨਾ ਰਖਿਆ ਤੇ ਕੇਵਲ ਇਕੋ ਅਦੁਤੀ ਪਰਮਾਤਮਾ ਦੀ ਭਗਤੀ ਵਿਚ ਤਤਪਰ ਹੋ ਗਏ ਤਦ ਲੋਕਾਂ ਨੇ ਨਿੰਦਾ ਸ਼ੁਰੂ ਕਰ ਦਿੱਤੀ ਤੇ ਅਨਾਦਰ ਦੇ ਵਾਕ ਕਹਿਣੇ ਲਗ ਪਏ, ਕਿਉਂਕਿ ਸਪਸ਼ਟ ਕਰਿ ਰਹੇ ਹਨ ਕਿ ਲੋਕਾਂ ਨੇ ਕਿਉਂ ਦੁਖ ਮੰਨਿਆ ਹੈ ਸਾਡੇ ਇਕੋ ਇਕ ਦੀ ਪੂਜਾ ਕਰਨੇ ਤੇ; ਇਸ ਲਈ ਲੋੜ ਨਹੀਂ ਭਾਸਦੀ ਕਿ ਕਿਸੇ ਹੋਰ ਕਹਾਣੀ ਦੀ ਯੋਜਨਾ ਕੀਤੀ ਜਾਵੇ।

ਇਹ ਕਹਿਕੇ ਨਿੰਦਕਾਂ ਨੂੰ ਨਿੰਦਾ ਦਾ ਦਾਨ ਨਹੀਂ ਦੇਂਦੇ, ਸਗੋਂ ਅਪਣੇ ਆਪ ਨੂੰ ਨਿੰਮ੍ਰਤਾ ਵਿਚ ਲਿਜਾਕੇ ਆਪ ਨੂੰ ਮੰਦਾ ਆਖਕੇ ਸਮਝਾਉਂਦੇ ਹਨ ਕਿ ਜੇ ਅਸੀਂ ਤੁਹਾਡੀ ਨਜ਼ਰ ਵਿਚ ਮਾੜੇ ਹਾਂ ਤਾਂ ਮਾੜੇ ਹੀ ਸਹੀ, ਅਸੀਂ ਆਪ ਤੁਸਾਂ ਦੁਨੀਆਂਦਾਰਾਂ ਨਾਲ ਕੋਈ ਅਪਣਾ ਸੰਬੰਧ ਪੈਦਾ ਕਰਨੇ ਦਾ ਜਤਨ ਨਹੀਂ ਕਰ ਰਹੇ ਤੁਸੀਂ ਬੀ ਸਾਡੇ ਮਗਰ ਨਾ ਲਗੋ। ਅਸਲੀਅਤ ਇਸ ਨਿੰਮ੍ਰਤਾ ਵਿਚ ਗੁੰਮ ਨਾ ਹੋ ਜਾਵੇ,.ਇਸ ਲਈ 'ਸੱਚ' ਬੀ ਆਖ ਦੇਂਦੇ ਹਨ ਕਿ ਭਾਈ ਵਕਤ ਆ ਰਿਹਾ ਹੈ ਕਿ ਜਿਸ ਵੇਲੇ ਪਰਦੇ ਉਘੜ ਜਾਣਗੇ, ਦਰਗਾਹੇ ਜਾਕੇ ਕਰਮ ਖੁੱਲ੍ਹ ਪੈਣਗੇ, ਤਦੋਂ ਨਿਰਣਾ ਹੋਊ ਅਸਲੀ ਬੇਪਤੀ ਦੇ ਕੰਮ ਕਿਸਦੇ ਹਨ, ਮੇਰੇ ਕਿ ਤੁਸਾਡੇ ? ਹਾਂ ਤਦੋਂ ਪਤਾ ਲੱਗਸੀ ਕਿ ਅਸਲੀ ਪਤਿ ਦੇ ਕੰਮ ਕੇਹੜੇ ਹਨ ਜੋ ਮੈਂ ਕੀਤੇ ਹਨ ਕਿ ਤੁਸਾਂ ? ਕਟਾਖਯ ਇਹ ਹੈ ਕਿ ਉਪਰੋਂ ਨੇਕ ਬਣੇ ਰਹਿਣਾ, ਪਤਿ ਅਬਰੋ ਬਣਾ ਲੈਣੀ ਤੇ ਚੰਗਾ ਨਾਉਂ ਲੈਕੇ ਟੁਰ ਜਾਣਾ, ਅਗੇ ਜਾਕੇ ਨੰਗੇ ਹੋ ਜਾਣਾ ਤੇ ਬੇਪਤੀ ਹੋਣੀ, ਕੋਈ ਪਤਿ ਨਹੀਂ ਹੈ। ਏਥੇ ਨਿਰਭੈ ਸੱਚ ਤੇ ਵਰਤਣਾ, ਜਗਤ ਤੋਂ ਬਦਨਾਮੀ ਲੈਣੀ ਤੇ ਔਗੇ ਜਾਕੇ ਆਦਰ ਪਾਉਣਾ ਇਹ ਹੈ ਪਤਿ। ਫੇਰ ਸਪਸ਼ਟ ਉਪਦੇਸ਼ ਦੇਂਦੇ ਹਨ ਕਿ ਪਤਿ ਉਹ ਹੈ ਜੋ ਦਰਗਾਹੇ ਜਾਕੇ ਹਰੀ ਨੂੰ ਪਰਵਾਣ ਹੋਸੀ। ਇਕ ਹਰੀ ਦੀ ਅਨਿੰਨ ਭਗਤੀ ਅਸਲ ਪਤਵੰਤਾ ਕੰਮ ਹੈ। ਅਨੇਕ ਦੇਵਾਂ ਦੀ ਪੂਜਾ, ਉਹ ਬੀ ਸਵਾਰਥ ਹਿਤ ਤੇ ਨਾਲ ਛਲ ਫਰੇਬ ਤੇ ਖ਼ੁਦਗ਼ਰਜੀ ਦੇ ਕੰਮ ਅੱਗੇ ਜਾਕੇ ਪਤ ਨਹੀਂ ਪਾਉਣਗੇ। ਸਿੱਧਾਂਤ ਵਿਚ

ਅੰਤਲੀ ਤੁਕ ਹੈ ਕਿ ਹੇ ਮਨ ਯਾ ਹੇ ਜਗਤ! ਇੱਕੋ ਕੇਵਲ ਇੱਕੋ ਦਾ ਹੀ ਭਜਨ ਕਰ। 'ਸਰਬ ਤਿਆਗਿ' ਦਾ ਮਤਲਬ ਹੈ ਕਿ ਆਨ ਦੇਵਾਂ ਦੀ ਪੂਜਾ ਤੇ ਕਰਮ ਕਾਂਡ ਦੇ ਕਰਮ ਤੇ ਲੋਕ ਦੀ ਪਰਵਾਹ ਸਭ ਕੁਛ ਛੱਡਕੇ ਇਕ ਰਬ, ਅਦੁਤੀ ਪਰਮਾਤਮਾ, ਦੀ ਬੰਦਗੀ ਕਰ। ਇਸ ਸ਼ਬਦ ਦਾ ਭਾਵ ਕਬੀਰ ਜੀ ਦੇ ਗੋਂਡ ਰਾਗ ਦੇ ਸ਼ਬਦ 'ਕੂਟਨ ਸੋਇ ਜੁ ਮਨ ਕਉ ਕੂਟੈ' ਦੇ ਭਾਵ ਨਾਲ ਬੀ ਕਈ ਦਾਨੇ ਮੇਲਦੇ ਹਨ।

**ਨਿਰੁਕ੍ਤ**- ਅਪਤਹ-[ਸੰਸ:, ਅਪਤ੍ਰਪ:=ਨਿਰਲਜ, ਬੇਸ਼ਰਮ] ਪਤ ਤੋਂ ਰਹਿਤਾਂ ਨੇ। ਬੇ-ਪਤਿਆਂ ਨੇ। ਖੋਜਿ-[ਹਿੰ,] ਤਲਾਸ਼ ਕਰਨਾ, ਢੂੰਡਣਾਂ। ਪੈਣ,ਪੈਰਾਂ ਦੇ ਨਿਸ਼ਾਨ। ਭਾਵ ਹੈ ਮੇਰੇ ਮਗਰ ਨਾ ਲੱਗੋ। ਮੇਰੀ ਪੈਰਵੀ ਨਾ ਕਰੋ।

ਪਾਤਿ–ਸਾਂਝ ਦਾ ਤਾਬਿਆ ਮੁਹਮਲ। ਸਾਂਝ ਬਿਆਲੀ। (ਅ) ਪਾਤਿ=ਪੰਕਤੀ, ਪੰਕਤ ਅਰਥਾਤ ਖਾਣ ਪੀਣ ਦੀ ਵਰਤਣ।

ਪਜ–ਪਰਦਾ, ਮੁਲੰਮਾ, ਨੀਵੀਂ ਧਾਤ ਨੂੰ ਲੁਕਾਉਣ ਲਈ ਜੋ ਉਸ ਦੇ ਉਪਰ ਚੰਗੀ ਦਾ ਵਰਕ ਯਾ ਪਰਦਾ ਲਾ ਦੇਈਦਾ ਹੈ।

[ਗਉੜੀ ਕਬੀਰ ਜੀ, ਚਉਪਦਾ–੪]

**ਪ੍ਰਾਕ੍ਥਨ**–ਭੇਖਾਂ ਨਾਲ ਗਤੀ ਨਹੀਂ, ਗਤੀ ਨਾਮ ਨਾਲ ਹੈ।

| ਮੂਲ | ਅਰਥ |
|---|---|
| ਗਉੜੀ ਕਬੀਰ ਜੀ ॥ ਨਗਨ ਫਿਰਤ ਜੌ ਪਾਈਐ ਜੋਗੁ ॥ ਬਨ ਕਾ ਮਿਰਗੁ ਮੁਕਤਿ ਸਭੁ ਹੋਗੁ ॥ ੧ ॥ ਕਿਆ ਨਾਗੇ ਕਿਆ ਬਾਧੇ ਚਾਮ ॥ ਜਬ ਨਹੀ ਚੀਨਸਿ ਆਤਮ ਰਾਮ ॥ ੧ ॥ ਰਹਾਉ ॥ | ਜੇ ਨੰਗੇ (ਹੋਕੇ) ਫਿਰਨ ਨਾਲ ਹੀ ਜੋਗ ਮਿਲ ਜਾਂਦਾ ਹੈ ਤਾਂ ਬਨ ਦੇ ਸਾਰੇ ਮ੍ਰਿਗ (ਹਰਣ ਆਦਿ) ਮੁਕਤ ਹੋ ਜਾਣਗੇ (ਭਾਵ, ਹੋ ਜਾਣਾ ਉਚਿਤ ਹੈ। ਪਰ ਹਰਣ ਆਦਿ ਨੰਗੇ ਵਿਚਰਨ ਵਾਲੇ ਜੀਵ ਕੋਈ ਮੁਕਤਿ ਨਹੀਂ ਹੋਏ। ਭਾਈ!) ਕੀਹ ਨੰਗੇ (ਵਿਚਰਨ ਵਾਲੇ ਤੇ) ਕੀਹ ਮ੍ਰਿਗਾਨ (ਆਦਿ ਖੱਲਾਂ) ਬੰਨ੍ਹਕੇ (ਵਿਚਰਨ ਵਾਲੇ ਸਾਰੇ ਅਮੁਕਤ ਰਹਿੰਦੇ ਹਨ) ਜਦ ਤਕ ਕਿ (ਸਾਰੇ) ਵਯਾਪਕ ਆਤਮਾ ਨੂੰ ਨਹੀਂ ਪਛਾਣ ਲੈਂਦੇ ॥ ੧ ॥ ਰਹਾਉ ॥ |
| ਮੂਡ ਮੁੰਡਾਏ ਜੋ ਸਿਧਿ ਪਾਈ ॥ ਮੁਕਤੀ ਭੇਡ ਨ ਗਈਆ ਕਾਈ ॥੨॥ | ਜੇ ਸਿਰ ਮੁਨਾਕੇ ਹੀ ਸਿੱਧੀ ਪ੍ਰਾਪਤ ਹੋ ਜਾਂਦੀ ਹੈ (ਤਾਂ ਅਜ ਤਕ) ਕੋਈ ਭੇਡ ਮੁਕਤ ਹੋਕੇ (ਦੇਖੋਂ ਅੱਗੇ ਨੂੰ) ਨਹੀਂ ਗਈ ॥ ੨ ॥ |
| ਬਿੰਦੁ ਰਾਖਿ ਜੌ ਤਰੀਐ ਭਾਈ ॥ ਖੁਸਰੈ ਕਿਉ ਨ ਪਰਮ ਗਤਿ ਪਾਈ ॥ ੩ ॥ | ਜੇ (ਨਿਰਾ) ਬਿੰਦ ਦੀ ਰਖਯਾ ਕਰਨੇ ਨਾਲ (ਭਾਵ ਜਤੀ ਰਹਿਣੇ ਨਾਲ ਹੀ ਭਵ ਸਾਗਰ ਨੂੰ) ਤਰ ਜਾਈਦਾ ਹੈ ਤਾਂ (ਕਿਸੇ) ਖੁਸਰੇ ਨੇ ਪਰਮ ਗਤੀ ਕਿਉਂ ਨਹੀਂ ਪਾ ਲਈ ॥੩॥ |
| ਕਹੁ ਕਬੀਰ ਸੁਨਹੁ ਨਰ ਭਾਈ ॥ ਰਾਮ ਨਾਮ ਬਿਨੁ ਕਿਨਿ ਗਤਿ ਪਾਈ ॥ ੪ ॥ ੪ ॥ | ਕਹਿੰਦੇ ਹਨ ਕਬੀਰ ਜੀ, ਸੁਣੋ ਹੇ ਭਾਈਓ! ਹੇ ਪੁਰਸ਼ੋ! ਰਾਮ ਦੇ ਨਾਮ (ਦੀ ਅਰਾਧਨਾ ਕੀਤੇ) ਬਿਨਾ ਕਿਸਨੇ (ਕਦੇ) ਮੁਕਤੀ ਪਾਈ ਹੈ? (ਭਾਵ ਨਹੀਂ ਪਾਈ) ॥ ੪ ॥ ੪ ॥ |

**ਵ੍ਯਾਖ੍ਯਾ**–ਉਥਾਨਕਾ ਦੱਸਦੇ ਹਨ ਕਿ ਇਹ ਵੀਚਾਰ ਕਈ ਭੇਖਾਂ ਦੇ ਸਾਧੂਆਂ ਨਾਲ

ਹੋਈ ਸੀ। ਵਾਹਿਗੁਰੂ ਜੀ ਦੇ ਨਾਮ ਜਪਣੇ ਨਾਲ ਕਲਯਾਣ ਹੁੰਦੀ ਹੈ, ਹੋਰ ਉਪਾਉ ਜੋ ਕਰੀਦੇ ਹਨ ਮੁਕਤੀ ਲਈ ਸਮਰਥ ਨਹੀਂ ਹਨ। ਕਪੜੇ ਪਹਿਨਣੇ ਛੱਡ ਕੇ ਜੋ ਮਹਾਂ ਤਯਾਗੀ ਸਾਧੂ ਕਈ ਮਤਾਂ ਦੇ ਨੰਗੇ ਹੋ ਕੇ ਵਿਚਰਦੇ ਹਨ ਓਹ ਨੰਗੇ ਫਿਰਨ ਨਾਲ ਹੀ ਜੇ ਮੁਕਤਿ ਹੁੰਦੇ ਸਮਝੀਏ ਤਾਂ ਬਨ ਪਸ਼ੂ ਸਾਰੇ ਨੰਗੇ ਫਿਰਦੇ ਮੁਕਤ ਕੋਈ ਨਹੀਂ ਹੋਏ, ਤਿਵੇਂ ਉਹ ਬੀ ਨਹੀਂ ਹੋ ਸਕਦੇ। ਜੇ ਜੈਨੀ ਸਾਧੂਆਂ ਤੇ ਸਨਯਾਸੀਆਂ ਆਦਿ ਵਾਂਙੂ ਸਿਰ ਮੁਨਾ ਕੇ ਮੁਕਤੀ ਹੁੰਦੀ ਹੋਵੇ ਤਾਂ ਭੇਡਾਂ ਦੀ ਕਿਉਂ ਨਹੀਂ ਹੁੰਦੀ, ਜਿਨ੍ਹਾਂ ਦੀ ਉੱਨ ਸਾਰੀ ਸਦਾ ਕਤ੍ਰੀਂਦੀ ਹੀ ਰਹਿੰਦੀ ਹੈ। ਜੇ ਕੇਵਲ ਇਸਤ੍ਰੀ ਸੰਸਰਗ ਤੋਂ ਬਚਣੇ ਵਿਚ ਹੀ ਮੁਕਤੀ ਹੈ ਤਾਂ ਖਸਰੇ ਜੈਸਾ ਜਤੀ ਕਉਣ ਹੋ ਸਕਦਾ ਹੈ, ਉਸ ਦੀ ਮੁਕਤੀ ਕਾਮ ਭੋਗ ਤੋਂ ਰਹਿਤ ਹੋਣ ਵਿਚ ਕੋਈ ਨਹੀਂ ਹੁੰਦੀ। ਅਪਣਾ ਸਿੱਧਾਂਤ ਦੱਸਦੇ ਹਨ ਕਿ ਮੁਕਤੀ 'ਰਾਮ ਨਾਮ' ਨਾਲ ਹੁੰਦੀ ਹੈ, ਜਿਸ ਦ੍ਵਾਰਾ ਕਿ ਆਤਮ ਰਾਮ ਦੀ ਪਛਾਣ ਹੋ ਜਾਂਦੀ ਹੈ ਇਸ ਲਈ ਕੋਈ ਭੇਖੀ ਵਲਕਲ(ਭੋਜ ਪਤ੍ਰ), ਚਮੜਾ ਆਦਿ ਲੱਕ ਨੂੰ ਲਪੇਟ ਕੇ ਚਾਹੇ ਨਗਨ ਰਹਿਣ ਆਦਿ ਕ੍ਰਿਯਾ ਕਰਕੇ ਵਿਚਰੇ, ਇਨ੍ਹਾਂ ਗਲਾਂ ਨਾਲ ਗਤੀ ਨਹੀਂ ਹੁੰਦੀ*।

**ਨਿਰੁਕ੍ਤ**—ਬਾਧੇ ਚਾਮ—ਚਮੜਾ ਬੰਨ੍ਹੇ। ਮੁਰਾਦ ਹੈ ਸ਼ੇਰ ਯਾ ਮ੍ਰਿਗ ਆਦਿ ਦੀ ਖਲ ਲੱਕ ਨਾਲ ਲਪੇਟਣੀ ਯਾ ਭੋਜ ਪਤ੍ਰ ਆਦਿ ਲਪੇਟ ਲੈਣਾ। (ਅ) ਨੰਗੇ ਰਹਿਣ ਨਾਲ ਯਾ ਸਰੀਰ ਦੇ ਚਮੜੇ ਨੂੰ ਕਪੜੇ ਆਦਿ ਨਾਲ ਲਪੇਟ ਲੈਣ ਕਰਕੇ ਮੁਕਤੀ ਨਹੀਂ।

ਮੂੰਡ—[ ਸੰਸ:, ਮੁੰਡ:] ਸਿਰ।

ਬਿੰਦੁ—[ਸੰਸ:, ਬਿੰਦੁ:=ਬੂੰਦ] ਬੂੰਦ, ਭਾਵ ਹੈ ਵੀਰਯ ਦੀ ਬੂੰਦ।

ਬਿੰਦੁ ਰਾਖਿ—ਬੀਰਯ ਦੀ ਰਖ੍ਯਾ ਕਰਨੇ ਤੇ ਭਾਵ ਜਤੀ ਰਹਿਣੇ ਤੇ।

## [ਗਉੜੀ ਕਬੀਰ ਜੀ, ਚਉਪਦਾ—੫]

**ਪ੍ਰਾਕ੍ਕਥਨ**—ਪਿਛੇ ਭਗਤਿ ਹੀਨ ਅੱਡ ਅੱਡ ਭੇਖੀ ਲੋਕਾਂ ਦੇ ਕਰਤਵ੍ਯ ਨਿਸ਼ਫਲ ਦਰਸਾਏ ਸਨ, ਹੁਣ ਅਗਲੇ ਸ਼ਲੋਕ ਵਿਚ ਭਗਤਿ ਹੀਨ ਕਰਮਾਚਾਰੀ ਆਦਿ ਲੋਕਾਂ ਦੇ ਕਰਤੱਵਾਂ ਦੀ ਨਿਸ਼ਫਲਤਾ ਦਰਸਾਉਂਦੇ ਹਨ।

| ਮੂਲ | ਅਰਥ |
| --- | --- |
| ਗਉੜੀ ਕਬੀਰ ਜੀ ॥ ਸੰਧਿਆ ਪ੍ਰਾਤ ਇਸ੍ਨਾਨੁ ਕਰਾਹੀ ॥ ਜਿਉ ਭਏ ਦਾਦੁਰ ਪਾਨੀ ਮਾਹੀ ॥੧॥ | (ਜੋ ਲੋਕ) ਤੜਕੇ ਤੇ ਸੰਝਾਂ ਵੇਲੇ ਇਸ਼ਨਾਨ ਕਰਦੇ ਹਨ (ਪਰ ਭਗਤੀ ਤੋਂ ਹੀਨ ਹਨ, ਓਹ ਐਉਂ ਜਾਣੋ) ਜਿਵੇਂ ਡੱਡੂ ਪਾਣੀ ਵਿਚ (ਇਸ਼ਨਾਨ ਪਏ ਕਰਦੇ) ਹਨ ॥ ੧ ॥ |
| ਜਉਪੈ ਰਾਮ ਰਾਮ ਰਤਿ ਨਾਹੀ ॥ ਤੇ ਸਭਿ ਧਰਮ ਰਾਇ ਕੈ ਜਾਹੀ ॥ ੧ ॥ ਰਹਾਉ ॥ | ਜੇਕਰ (ਓਹ) ਰਾਮ ਰਾਮ (ਨਾਮ) ਦੀ ਪ੍ਰੀਤ ਵਿਚ ਨਹੀਂ ਹਨ, ਓਹ ਸਾਰੇ ਧਰਮ ਰਾਇ ਦੇ ਪਾਸ ਜਾਣਗੇ ॥੧॥ ਰਹਾਉ॥ |

*ਇਸੇ ਭਾਵ ਦਾ ਕਬੀਰ ਜੀ ਦਾ ਸੋਰਠਿ ਰਾਗ ਦਾ ਇਹ ਸ਼ਬਦ ਹੈ:—
ਬੁਤ ਪੂਜਿ ਪੂਜਿ ਹਿੰਦੂ ਮੂਏ ਤੁਰਕ ਮੂਏ ਸਿਰੁ ਨਾਈ ॥.........
ਹਰਿ ਕੇ ਨਾਮ ਬਿਨੁ ਕਿਨਿ ਗਤਿ ਪਾਈ ਕਹਿ ਉਪਦੇਸੁ ਕਬੀਰਾ ॥ ੪ ॥ ੧ ॥

| | |
|---|---|
| ਕਾਇਆ ਰਤਿ ਬਹੁ ਰੂਪ ਰਚਾਹੀ ॥ ਤਿਨ ਕਉ ਦਇਆ ਸੁਪਨੈ ਭੀ ਨਾਹੀ ॥ ੨ ॥ | (ਜੋ ਲੋਕ ਰਾਮ ਨਾਮ ਦੀ ਪ੍ਰੀਤ ਤੋਂ ਸੱਖਣੇ ਹਨ ਤੇ ਅਪਣੇ) ਸਰੀਰ ਦੀ ਪ੍ਰੀਤਿ ਵਿਚ (ਲੱਗੇ ਹੋਏ) ਬਹੁਤੇ ਰੂਪ ਧਾਰਨ ਕਰਦੇ ਹਨ (ਉਨ੍ਹਾਂ ਨੂੰ) ਸੁਪਨੇ ਵਿਚ ਵੀ ਦਇਆ ਨਹੀਂ ਉਪਜਦੀ ॥ ੨ ॥ |
| ਚਾਰਿ ਚਰਨ ਕਹਹਿ ਬਹੁ ਆਗਰ ॥ ਸਾਧੂ ਸੁਖੁ ਪਾਵਹਿ ਕਲਿ ਸਾਗਰ ॥ ੩ ॥ | (ਇਸੇ ਕਰਕੇ) ਵੱਡੇ ਦਾਨੇ ਲੋਕ (ਉਨ੍ਹਾਂ ਨੂੰ) ਚਉਣਾ (ਅਰਥਾਤ ਪਸ਼ੂ) ਆਖਦੇ ਹਨ। (ਸੱਚ ਇਹ ਹੈ ਕਿ ਇਸ) ਕਲ੍ਹਾ ਕਲੇਸ਼ ਦੇ ਸਮੁੰਦਰ ਵਿਚ (ਕੇਵਲ-ਨਾਮ ਜਪਣੇ ਵਾਲੇ) ਸਾਧੂ ਹੀ ਸੁਖ ਪਾਉਂਦੇ ਹਨ ॥ ੩ ॥ |
| ਕਹੁ ਕਬੀਰ ਬਹੁ ਕਾਇ ਕਰੀਜੈ ॥ ਸਰਬਸੁ ਛੋਡਿ ਮਹਾ ਰਸੁ ਪੀਜੈ ॥ ੪ ॥ ੫ ॥ | ਕਹਿੰਦੇ ਹਨ ਕਬੀਰ ਜੀ (ਐਸੇ) ਬਹੁਤੇ (ਸਾਧਨ) ਕਾਹਦੇ ਲਈ ਕਰਨੇ ਹਨ, ਸਭ ਕੁਛ ਛੋੜਕੇ (ਇਕ-ਨਾਮ) ਮਹਾਂ ਰਸ ਪੀਵੋ (ਐਸਾ ਕਰਨੇ ਨਾਲ ਧਰਮਰਾਜ ਦੇ ਨਹੀਂ ਜਾਓਗੇ ਤੇ ਸੁਖ ਪਾਓਗੇ) ॥ ੪ ॥ ੫ ॥ |

**ਵਿਆਖਿਆ—**ਕਈ ਲੋਕ ਤੜਕੇ ਦੁਪਹਿਰੇ ਤੇ ਸੰਝਾਂ ਨੂੰ ਨਿਰਾ ਇਸ਼ਨਾਨ ਕਰਨਾ ਹੀ ਮੁਕਤੀ ਦਾ ਵਸੀਲਾ ਸਮਝਦੇ ਹਨ, ਉਹਨਾਂ ਨੂੰ ਕਬੀਰ ਜੀ ਪਾਣੀ ਵਿਚ ਸਦਾ ਇਸ਼ਨਾਨ ਕਰਨ ਵਾਲੇ ਡੱਡੂਆਂ ਦੀ ਤੁੱਲਤਾ ਦੇਂਦੇ ਹਨ। ਕਿਉਂਕਿ ਇਸ਼ਨਾਨ ਨੇ ਸਰੀਰ ਨੂੰ ਸੁਖੀ ਕਰਨਾ ਹੈ, ਮਨ ਨੂੰ ਪਾਪ ਰਹਿਤ ਨਹੀਂ ਕਰਨਾ। ਸਰੀਰ ਧੋ ਧੋ ਕੇ ਮਨ ਨੂੰ ਪਾਪਾਂ ਨਾਲ ਮੈਲਾ ਰੱਖਕੇ ਜੋ ਲੋਕ ਜੀਵਨ ਬਸਰ ਕਰਨਗੇ ਓਹ ਸੱਭੇ ਧਰਮਰਾਜ ਪਾਸ ਜਾਣਗੇ ਅਤੇ ਅਪਣੇ ਕੀਤੇ ਪਾਪਾਂ ਨੂੰ ਲੱਗੇ ਫਲ ਦਾ ਦੁਖ ਪਾਉਣਗੇ। ਫੇਰ ਫੁਰਮਾਉਂਦੇ ਹਨ ਕਿ ਜੋ ਲੋਕ ਨ੍ਹਾ ਧੋਕੇ ਤਰ੍ਹਾਂ ਤਰ੍ਹਾਂ ਦੇ ਟਿੱਕੇ ਲਗਾਉਂਦੇ ਹਨ, ਤਰ੍ਹਾਂ ਤਰ੍ਹਾਂ ਦੇ ਰੰਗਾਂ ਦੇ ਪੀਲੇ, ਕਖਾਯ, ਭਗਵੇ ਬਸਤ੍ਰ ਪਹਿਨਦੇ ਹਨ ਤੇ ਇਸ ਤਰ੍ਹਾਂ ਕਈ ਵੇਸ ਧਾਰਨ ਕਰਦੇ ਹਨ, ਪਰ ਜਿਨ੍ਹਾਂ ਦੇ ਦਿਲ ਵਿਚ 'ਰਾਮ ਨਾਮ' ਦੀ ਪ੍ਰੀਤਿ ਨਹੀਂ, ਉਹਨਾਂ ਦੇ ਅੰਦਰ ਦਇਆ ਆਦਿਕ ਸ਼ੁਭ ਗੁਣ ਪੈਦਾ ਨਹੀਂ ਹੁੰਦੇ, ਜਿਨ੍ਹਾਂ ਨਾਲ ਕਿ ਪਾਪਾਂ ਦੀ ਮੈਲ ਧੋਤੀ ਜਾਂਦੀ ਹੈ। ਐਸੇ ਪੁਰਸ਼ਾਂ ਨੂੰ ਵਡੇ ਜੋ ਸਿਆਣੇ ਲੋਕ ਹਨ ਚੌਹਾਂ ਪੈਰਾਂ ਵਾਲੇ ਅਰਥਾਤ ਪਸ਼ੂ ਆਖਦੇ ਹਨ*। ਇਸ ਕਲ੍ਹਾ ਕਲੇਸ਼ ਵਾਲੇ ਸੰਸਾਰ ਵਿਚ ਕੇਵਲ ਸਾਧੂ ਲੋਕ ਹੀ ਸੁਖ ਪਾਉਂਦੇ ਹਨ। ਇਥੇ ਸਾਧੂ ਕਹਿਣ ਤੋਂ ਭਾਵ ਉਨ੍ਹਾਂ ਸੰਤਾਂ ਦਾ ਹੈ ਜੋ ਰਾਮ ਦਾ ਨਾਮ ਜਪਦੇ ਰਾਮ ਦੀ ਪ੍ਰੀਤਿ ਵਿਚ ਲਿਵਲੀਨ ਹੋ ਜਾਂਦੇ ਹਨ। ਅੰਤ ਵਿਚ ਕਬੀਰ ਜੀ ਸਪਸ਼ਟ ਉਪਦੇਸ਼ ਦੇਂਦੇ ਹਨ ਕਿ ਐਹੋ ਜਿਹੇ ਹੋਰ ਸਾਧਨ, ਜੋ ਬਥੇਰੇ ਹਨ, ਤਿਆਗ ਦਿਓ, ਉਹਨਾਂ ਸਾਰਿਆਂ ਨੂੰ ਛੱਡ ਕੇ ਪਰਮੇਸਰ ਦੇ ਨਾਮ ਦਾ ਮਹਾਂ ਰਸ ਪੀਓ। ਭਾਵ ਇਹ ਕਿ ਨਾਮ ਵਾਲੀ 'ਪ੍ਰੇਮਾ ਭਗਤੀ' ਵਿਚ ਆ ਜਾਓ।

**ਨਿਰੁਕਤ—**ਸੰਧਿਆ—[ਸੰਸ:, ਸੰਧਯਾ] ਸੰਝਾਂ ਦਾ ਵੇਲਾ। ਦੋ ਕਾਲਾਂ ਦੇ ਮਿਲਨ ਦਾ ਸਮਾ। ਸੰਧਯਾ ਤ੍ਰੈ ਮੰਨਦੇ ਹਨ: ਇਕ ਪ੍ਰਾਤ ਸੰਧਯਾ, ਦੂਜੀ ਮਧ੍ਯਾਨ ਸੰਧਯਾ, ਤੀਜੀ ਸਾਯੰ ਸੰਧਯਾ।

ਪ੍ਰਾਤ—[ਸੰਸ:, ਪ੍ਰਾਤਰ੍=ਤੜਕੇ, ਸਵੇਰੇ] ਪ੍ਰਾਤਹਕਾਲ, ਤੜਕੇ ਦਾ ਵੇਲਾ।

ਇਸ੍ਨਾਨੁ—[ਸੰਸ:, ਸ੍ਨਾਨੰ] ਪਿੰਡੇ ਨਹਾਉਣਾ। ਕਈ ਲੋਕ ਵਰਣਾਸ਼੍ਰਮੀ ਧਰਮਾਂ ਅਨੁਸਾਰ ਸਵੇਰੇ, ਦੁਪਹਿਰੇ, ਸ਼ਾਮਾਂ ਨੂੰ ਤ੍ਰੈ ਵੇਰ ਇਸ਼ਨਾਨ ਕਰਦੇ ਹਨ ਤੇ ਇਸੇ ਇਸ਼ਨਾਨ ਮਾਤ੍ਰ ਨੂੰ ਕਲਯਾਨ ਦਾ ਸਾਧਨ ਸਮਝਦੇ ਹਨ।

ਦਾਦੁਰ—[ਸੰਸ:, ਦਰ੍ਦੁਰ:] ਡੱਡੂ।

*ਇਸ ਤੁਕ ਦੇ ਹੋਰ ਅਰਥ ਇਸੇ ਸ਼ਬਦ ਦੀ ਨਿਰੁਕਤ ਵਿਚ ਵੇਖੋ।

ਰਤਿ—[ਸੰਸ:, ਰਤਿ:, ਪ੍ਰੇਮ, ਆਨੰਦ, ਪਿਆਰ] ਪ੍ਰੀਤਿ।

ਰੂਪ ਰਚਾਹੀ } ਭੇਖ ਧਾਰਨ ਕਰਦੇ ਹਨ। ਪੀਲੇ, ਚਿੱਟੇ, ਕਖਾਯ ਭਗਵੇ, ਅੱਡ ਅੱਡ
ਚਾਰਿ ਚਰਨ } ਰੰਗਾਂ ਦੇ ਬਸਤ੍ਰ ਪਹਿਨਕੇ ਇਸ ਪ੍ਰਕਾਰ ਦੇ ਭੇਖਾਂ ਨੂੰ ਕਲਯਾਣਕਾਰੀ ਸਮਝਦੇ ਹਨ ਜਾਂ ਵਖੋ ਵਖਰੇ ਸੰਪ੍ਰਦਾਇਕ ਤਿਲਕ ਆਦਿ ਲਗਾਕੇ ਕਲਯਾਨ ਦਾ ਕਾਰਣ ਸਮਝਦੇ ਹਨ। ਓਹ ਇਨ੍ਹਾਂ ਬਨਾਵਟਾਂ ਵਿਚ ਹੀ ਰਹਿ ਜਾਂਦੇ ਹਨ, ਉਨ੍ਹਾਂ ਦੇ ਅੰਦਰ ਕਰੁਣਾ, ਮੈਤ੍ਰੀ, ਮੁਦਤਾ ਆਦਿ ਦਇਆ ਧਰਮ ਦੇ ਗੁਣ ਪੈਦਾ ਨਹੀਂ ਹੁੰਦੇ, ਜੋ ਗੁਣ ਕਿ ਨਾਮ ਸਿਮਰਨ ਨਾਲ ਪੈਦਾ ਹੁੰਦੇ ਹਨ ਤੇ ਨਾਮ ਸਿਮਰਨ ਦੁਆਰਾ ਪ੍ਰਭੂ ਨਾਲ ਪ੍ਰੀਤ ਕਰਨ ਵਿਚ ਉਪਜਦੇ ਹਨ ਤੇ ਜੋ ਪਾਪਾਂ ਨੂੰ ਦੂਰ ਕਰਕੇ ਜੀਵਨ ਸ਼ੁਧ ਕਰ ਦੇਂਦੇ ਹਨ। ਐਸੇ ਪੁਰਸ਼ਾਂ ਨੂੰ, ਜੋ ਇਨ੍ਹਾਂ ਸ਼ੁਭ ਗੁਣਾਂ ਤੋਂ ਤੇ ਨਾਮ ਤੋਂ ਹੀਨ ਹਨ, ਕਬੀਰ ਜੀ ਦੱਸਦੇ ਹਨ ਕਿ ਦਾਨੇ ਲੋਕ (ਚਾਰਿ ਚਰਨ=ਚਾਰ ਚਰਨਾਂ ਵਾਲੇ ਭਾਵ) ਪਸ਼ੂ ਆਖਦੇ ਹਨ। ਜੈਸੇ ਕਿ ਗੁਰੂ ਜੀ ਦਾ ਬੀ ਵਾਕ ਹੈ:—

ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ ॥

[ਗਉੜੀ ਮ: ੫, ਬਾਵਨ ਅਖਰੀ-੬

(ਅ) ਇਸ ਤੁਕ ਦੇ ਹੋਰਵੇਂ ਅਰਥ ਬੀ ਲਾਉਂਦੇ ਹਨ:—

ਬਹੁਤੇ ਸਿਆਣੇ ਕਹਿੰਦੇ ਹਨ ਕਿ ਧਰਮ ਦੇ ਚਾਰ ਚਰਣਾਂ ਨੂੰ ਧਾਰਨ ਵਾਲੇ ਸਾਧੂ ਲੋਕ ਕਲਿ ਸਾਗਰ ਵਿਚ ਸੁਖ ਪਾਉਂਦੇ ਹਨ।

ਚਾਰ ਚਰਣ ਧਰਮ ਦੇ ਅੱਡ ਅੱਡ ਦੱਸੇ ਐਉਂ ਗਿਣਦੇ ਹਨ:—

੧. ਸਤਯ, ਤਪ, ਦਯਾ, ਦਾਨ।

੨. ਸੰਤੋਖ, ਜਤ, ਤਪ, ਕੀਰਤਨ (ਨਾਮ)।

੩. ਸਤਯ, ਯਗਯ, ਪੂਜਾ, ਨਾਮ ਸਿਮਰਣ। [ਵਿਸ਼ਨੂ ਪੁਰਾਣ ੬.੨.

੪. ਇਸ਼ਨਾਨ, ਦਾਨ, ਨਾਮ, ਗਯਾਨ। [ਭਾਈ ਮਨੀ ਸਿੰਘ

ਆਗਰ—[ਸੰਸ:, ਅਗ੍ਰ:] ਸ੍ਰੇਸ਼ਟ। ਸ੍ਰੇਸ਼ਟ ਲੋਕ। ਦਾਨੇ। ਤੱਤਵੇਤਾ ਲੋਕ।

ਕਲਿ ਸਾਗਰ—[ਸੰਸ:, ਕਲਿ+ਸਾਗਰ:] ਕਲ੍ਹਾ ਕਲੇਸ਼ ਦਾ ਸਮੁੰਦ੍ਰ। ਇਸ ਜਗਤ ਨੂੰ, ਜਿਸ ਵਿਚ ਕਲ੍ਹਾ ਪ੍ਰਧਾਨ ਹੈ, ਕਲਿ ਸਾਗਰ ਕਿਹਾ ਹੈ।

ਸਰਬਨੁ—[ਸੰਸ:, ਸਰ੍ਵਸ਼ਸ੍=ਪੂਰੀ ਤਰ੍ਹਾਂ, ਸਮੁਚੇ ਤੌਰ ਤੇ] ਸਭ ਕੁਛ। ਹੋਰ ਕਰਮ ਆਦਿ ਜੋ ਕਰਮ ਕਾਂਡੀ ਤ੍ਰੀਕੇ ਤੇ ਕੀਤੇ ਜਾਂਦੇ ਹਨ, ਪਰ ਮਨ ਵਿਚ ਭਗਤੀ ਭਾਵ ਨਹੀਂ ਹੁੰਦਾ।

## [ਗਉੜੀ ਕਬੀਰ ਜੀ, ਚਉਪਦਾ-੬]

**ਪ੍ਰਾਕ੍ਥਨ**—ਪਿਛੇ ਕਹੇ ਵਾਙੂ ਭਗਤੀ ਹੀਣ ਕਰਮਾਂ ਦੀ ਨਿਸ਼ਫਲਤਾ ਦਿਖਾਲਦੇ ਹਨ, ਜਿਨ੍ਹਾਂ ਵਿਚ ਦ੍ਵੈਤ ਭਾਵਨਾ ਬਣੀ ਰਹਿੰਦੀ ਹੈ।

| ਮੂਲ | ਅਰਥ |
|---|---|
| ਕਬੀਰ ਜੀ ਗਉੜੀ ॥ ਕਿਆ ਜਪੁ ਕਿਆ ਤਪੁ ਕਿਆ ਬ੍ਰਤ ਪੂਜਾ ॥ ਜਾਕੈ ਰਿਦੈ ਭਾਉ ਹੈ ਦੂਜਾ ॥ ੧ ॥ | ਜਿਸਦੇ ਹਿਰਦੇ ਵਿਚ ਦੂਤੀਆ ਭਾਉ ਹੈ, (ਉਸਦੇ) ਕੀਤੇ ਜਪ, ਤਪ ਬ੍ਰਤ ਤੇ ਪੂਜਾ (ਆਦਿ ਕਰਮ) ਕੀਹ ਹਨ? (ਭਾਵ ਕੁਛ ਨਹੀਂ ਹਨ) ॥ ੧ ॥ |

ਰੇ ਜਨ ਮਨੁ ਮਾਧਉ ਸਿਉ ਲਾਈਐ ॥ ਚਤੁਰਾਈ ਨ ਚਤੁਰ ਭੁਜੁ ਪਾਈਐ ॥ ੧ ॥ ਰਹਾਉ ॥

[ਹੁਣ 'ਇਕ ਭਾਉ' ਤੇ ਦੂਜੇ ਭਾਉ ਦੀ ਵਯਾਖਯਾ ਕਰਦੇ ਹਨ] (ਭਲਿਓ) ਲੋਕੋ ! (ਇਸ ਅਪਣੇ) ਮਨ ਨੂੰ ਪਰਮੇਸੁਰ ਨਾਲ ਲਾਉਣਾ (ਚਾਹੀਦਾ) ਹੈ । ਚਤੁਰਾਈ (ਮਾਤ੍ਰ) ਨਾਲ ਪਰਮੇਸੁਰ ਨੂੰ ਨਹੀਂ ਪਾ ਸਕੀਦਾ ॥੧॥ ਰਹਾਉ॥

ਪਰਹਰੁ ਲੋਭੁ ਅਰੁ ਲੋਕਾਚਾਰੁ ॥ ਪਰਹਰੁ ਕਾਮੁ ਕ੍ਰੋਧੁ ਅਹੰਕਾਰੁ ॥੨॥

ਤਿਆਗ ਦਿਓ ਲੋਭ ਤੇ ਲੋਕਾਚਾਰੀ, ਕਾਮ, ਕ੍ਰੋਧ, ਤੇ ਅਹੰਕਾਰ ਬੀ ਤਯਾਗ ਦਿਓ ॥ ੨ ॥

ਕਰਮ ਕਰਤ ਬਧੇ ਅਹੰਮੇਵ॥ਮਿਲਿ ਪਾਥਰ ਕੀ ਕਰਹੀ ਸੇਵ॥੩॥

(ਕਈ ਲੋਕ) ਰਲਕੇ ਪੱਥਰ ਪੂਜਾ ਕਰਦੇ ਹਨ, (ਐਸੇ ਸਾਰੇ) ਕਰਮਾਂ ਦੇ ਕਰਨੇ ਨਾਲ ਅਹੰਕਾਰ ਵਧਦਾ ਹੈ ॥ ੩ ॥

ਕਹੁ ਕਬੀਰ ਭਗਤਿ ਕਰਿ ਪਾਇਆ ॥ ਭੋਲੇ ਭਾਇ ਮਿਲੇ ਰਘੁਰਾਇਆ ॥ ੪ ॥ ੬ ॥

ਕਹਿਦੇ ਹਨ ਕਬੀਰ ਜੀ (ਜਿਸਨੇ ਪ੍ਰਭੁ ਪਾਇਆ ਹੈ) ਭਗਤੀ ਕਰਕੇ ਪਾਇਆ ਹੈ, ਹਾਂ ਪਰਮੇਸੁਰ ਭੋਲੇ ਭਾ ਨਾਲ ਹੀ ਮਿਲਦਾ ਹੈ (ਭਾਵ, ਨਿਰਛਲ ਤੇ ਸਰਲ ਭਗਤੀ ਭਾਵ ਨਾਲ ਪ੍ਰਭੁ ਮਿਲਦਾ ਹੈ ) ॥ ੪ ॥ ੬ ॥

**ਵਯਾਖਯਾ**–ਇਸ ਸ਼ਬਦ ਵਿਚ ਪਿਛਲੇ ਸ਼ਬਦਾਂ ਵਾਙੂ ਭਗਤੀ ਦੀ ਪ੍ਰੋੜਤਾ ਹੈ। ਉਸ ਦੇ ਸਾਹਮਣੇ ਜਪ ਤਪ ਬ੍ਰਤ ਪੂਜਾ-ਮੂਰਤੀ ਪੂਜਾ-ਆਦਿ ਕਰਮਾਂ ਦੀ ਨਿਖੇਧੀ ਹੈ।

ਹਰਿ ਬਿਨੁ ਅਵਰ ਕ੍ਰਿਆ ਬਿਰਥੇ॥
ਜਪ ਤਪ ਸੰਜਮ ਕਰਮ ਕਮਾਣੇ ਇਹਿ ਓਰੈ ਮੂਸੇ॥ [ਗਉੜੀ ਮ: ੫-੨੬੪

ਇਨ੍ਹਾਂ ਨੂੰ ਅਹੰਕਾਰ ਦੇ ਵਧਾਉਣ ਵਾਲੇ ਦੱਸਿਆ ਹੈ ਜੋ ਏਹ ਦੂਜੇ ਭਾਉ ਨਾਲ ਕੀਤੇ ਜਾਂਦੇ ਹਨ, ਇਹ ਦਿਖਾਕੇ ਉਪਦੇਸ਼ ਦੇਂਦੇ ਹਨ ਕਿ:–

(੧) ਮਨ ਭੀ ਲਾਓ ਵਾਹਿਗੁਰੂ ਅਕਾਲ ਪੁਰਖ ਨਾਲ ਸਿੱਧਾ, ਭਾਵ ਹੈ ਕਿ ਉਸ ਨੂੰ ਅਪਣੇ ਪਿਆਰ ਦਾ ਨਿਸ਼ਾਨਾ ਬਣਾਓ। ਇਧਰ ਉਧਰ ਹੋਰ ਕਰਮਾਂ ਦੇਵਾਂ ਆਸਰਿਆਂ ਦੀ ਝਾਕ ਨਾ ਰਖੋ।

(੨) ਲੋਕਾਚਾਰੀ, ਅਰਥਾਤ ਲੋਕਾਂ ਵਿਚ ਪ੍ਰਵਿਰਤ ਕਰਮ ਰੀਸੋ ਰੀਸੀ ਕਰਨੇ ਛਡ ਦਿਓ ਅਤੇ ਲੋਭ, ਕਾਮ, ਕ੍ਰੋਧ ਅਹੰਕਾਰ ਆਦਿ ਮਾੜੇ ਕੰਮ ਤਿਆਗ ਦਿਓ।

(੩) ਜਿਸ ਇਕ ਅਦੁਤੀ ਅਕਾਲ ਪੁਰਖ ਨੂੰ ਪਿਆਰ ਦਾ ਨਿਸ਼ਾਨਾ ਬਣਾਇਆ ਹੈ, ਉਸੇ ਦੀ ਭਗਤੀ ਕਰੋ। ਭਗਤੀ ਦਾ ਸਰੂਪ ਪਿੱਛੇ ਦੱਸਦੇ ਆਏ ਹਨ: ਨਾਮ ਸਿਮਰਣ, ਹਰੀ ਕੀਰਤਨ, ਸਿਦਕ, ਭਰੋਸਾ, ਪ੍ਰੇਮ।

**ਨਿਰੁਕਤ**–ਦੂਜਾ ਭਾਉ–ਦ੍ਵੈਤ। ਚਤੁਰ ਭੁਜ–[ਸੰਸ:, ਚਤੁਰ ਭੁਜ:=ਵਿਸ਼ਨੂੰ ਦਾ ਨਾਮ] ਵਿਸ਼ਨੂੰ। ਪਰ ਏਥੇ ਭਾਵ ਅਕਾਲ ਪੁਰਖ ਹੈ। ਚਾਰੇਂ ਦਿਸ਼ਾ ਜਿਸ ਦੀਆਂ ਭੁਜਾ ਹਨ।

ਪਰਹਰੁ–[ਵੇਖੋ 'ਪਰਹਰੀ' ਪੰਨਾ ੧੨੯੮] ਤਿਆਗ ਦੇਹ। ਛਡ ਦੇਹ।

ਅਹੰਮੇਵ–[ਸੰਸ:, ਅਹਙ੍ਕਾਰ:] ਅਹੰਕਾਰ।

ਭੋਲੇ ਭਾਇ–ਨਿਰਛਲ ਭਾਵ ਨਾਲ। ਸਰਲਤਾ ਨਾਲ।

ਰਘੁਰਾਇਆ–[ਸੰਸ:, ਰਘੁ:+ਰਾਜਾ] ਰਾਘਵਾਂ ਦਾ ਰਾਜਾ। ਭਾਵ ਪਰਮੇਸ਼ੁਰ ਜੀ ਤੋਂ ਹੈ।

## [ਗਉੜੀ ਕਬੀਰ ਜੀ, ਚਉਪਦਾ-੭]

**ਪ੍ਰਾਕ੍ਰਥਨ**—ਜੀਕੂੰ ਪਿਛਲੇ ਸ਼ਬਦਾਂ ਵਿਚ ਵਰਣਾਸ਼੍ਰਮ, ਭੇਖ,ਕਰਮ ਕਾਂਡੀ ਅਹੰਮੇਵੀ ਕਰਮਾਂ ਦੀ ਅਸਮਰਥਾ ਦਿਖਾਈ ਹੈ, ਤਿਵੇਂ ਹੁਣ ਕੁਲ ਅਭਿਮਾਨ ਦੀ ਨਿਸ਼ਫਲਤਾ ਦਰਸਾਉਂਦੇ ਹਨ।

| ਮੂਲ | ਅਰਥ |
| --- | --- |
| ਗਉੜੀ ਕਬੀਰ ਜੀ ॥ ਗਰਭ ਵਾਸ ਮਹਿ ਕੁਲੁ ਨਹੀ ਜਾਤੀ ॥ ਬ੍ਰਹਮ ਬਿੰਦੁ ਤੇ ਸਭ ਉਤਪਾਤੀ ॥ ੧ ॥ | (ਪ੍ਰਾਕ੍ਰਿਤ ਪਹਿਲੂ* ਵੱਲ ਤੱਕੋ ਤਾਂ ਮਾਤਾ ਦੇ) ਗਰਭਾਸ਼ਯ ਵਿਚ ਜਾਤ ਕੁਲ ਦੀ ਪਛਾਣ (ਕਿਸੇ ਨੂੰ ਕੋਈ) ਨਹੀਂ ਹੁੰਦੀ। (ਆਤਮ ਅੰਸ਼ ਵਲ ਤੱਕੋ ਤਾਂ) ਸਾਰੀ ਉਤਪਤੀ ਬ੍ਰਹਮ ਅੰਸ਼ ਤੋਂ ਹੁੰਦੀ ਹੈ ॥ ੧ ॥ |
| ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ ॥ ਬਾਮਨ ਕਹਿ ਕਹਿ ਜਨਮੁ ਮਤ ਖੋਏ ॥ ੧ ॥ ਰਹਾਉ ॥ | ਦੱਸ ਹੇ ਪੰਡਿਤ ! (ਤੁਸੀਂ) ਬ੍ਰਾਹਮਣ ਕਦ ਤੋਂ ਹੋਏ ਹੋ ? (ਆਪ ਨੂੰ) ਬ੍ਰਹਮਣ ਆਖ ਆਖ ਕੇ ਜਨਮ ਨਾ ਬ੍ਰਿਥਾ ਗੁਆਓ ॥ ੧ ॥ ਰਹਾਉ ॥ |
| ਜੌ ਤੂੰ ਬ੍ਰਾਹਮਣੁ ਬ੍ਰਹਮਣੀਜਾਇਆ ॥ ਤਉ ਆਨ ਬਾਟ ਕਾਹੇ ਨਹੀ ਆਇਆ ॥ ੨ ॥ | (ਭਲਾ) ਜੇ ਤੂੰ ਬ੍ਰਹਮਣੀ ਦਾ ਜਾਇਆ ਹੋਣ ਕਰਕੇ ਬ੍ਰਾਹਮਣ (ਬਣਦਾ ਹੈਂ) ਤਾਂ ਫਿਰ ਤੂੰ ਦੂਸਰੇ ਰਸਤੇ ਕਿਉਂ ਨਹੀਂ ਆਇਆ। (ਭਾਵ ਤੇਰਾ ਜਨਮ ਬੀ ਹੋਰਨਾ ਵਾਙੂ ਹੀ ਹੋਇਆ ਹੈ) ॥ ੨ ॥ |
| ਤੁਮ ਕਤ ਬ੍ਰਾਹਮਣ ਹਮ ਕਤ ਸੂਦ ॥ ਹਮ ਕਤ ਲੋਹੂ ਤੁਮ ਕਤ ਦੂਧ ॥ ੩ ॥ | (ਜਦ ਸਭ ਕੁਛ ਇਕੋ ਜੇਹਾ ਹੈ ਤਾਂ) ਤੂੰ ਕਿਧਰੋਂ ਬ੍ਰਾਹਮਣ (ਬਣ ਗਿਆ ਤੇ) ਅਸੀਂ ਕਿਧਰੋਂ ਸ਼ੂਦ੍ਰ ਬਣ ਗਏ ? (ਤੂੰ) ਕਿਧਰੋਂ (ਅਪਣੀਆਂ ਨਾੜਾਂ ਵਿਚ) ਦੁੱਧ ਵਾਲਾ (ਹੋ ਗਿਆ ਤੇ ਅਸੀਂ) ਕਿਧਰੋਂ ਲਹੂ ਵਾਲੇ ਹੋ ਗਏ ? (ਭਾਵ ਦੋਹਾਂ ਦੀਆਂ ਨਾੜਾਂ ਵਿਚ ਲਹੂ ਹੀ ਵਹਿੰਦਾ ਹੈ) ॥ ੩ ॥ |
| ਕਹੁ ਕਬੀਰ ਜੋ ਬ੍ਰਹਮੁ ਬੀਚਾਰੈ ॥ ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ ॥ ੪ ॥ ੭ ॥ | ਕਬੀਰ ਜੀ ਆਖਦੇ ਹਨ: ਜੋ ਬ੍ਰਹਮ ਦੀ ਬੀਚਾਰ ਕਰੇ ਸਾਡੇ ਵਿਚ ਤਾਂ ਓਹੋ ਬ੍ਰਾਹਮਣ ਕਹੀਦਾ ਹੈ ॥ ੪ ॥ ੭ ॥ |

**ਵਯਾਖਯਾ**—ਕਹਿੰਦੇ ਹਨ ਕਿ ਕਬੀਰ ਜੀ ਦੇ ਸਾਰ ਉਪਦੇਸ਼ ਜੈਸੇ ਕਿ ਪਿਛਲੇ ਸ਼ਬਦਾਂ ਵਿਚ ਆਏ ਹਨ ਸੁਣਕੇ ਕਿਸੇ ਬ੍ਰਾਹਮਣ ਨੇ ਕਬੀਰ ਜੀ ਪਾਸ ਕੁਛ ਉੱਤਰ ਪ੍ਰਸ਼ਨ ਕੀਤੇ ਤੇ ਬਾਜ਼ੇ ਸ਼ਾਸਤ੍ਰਾਂ ਮੂਜਬ ਸ਼ੂਦਰ ਨੂੰ ਉਪਦੇਸ਼ ਲੈਣ ਦੇਣ ਤੋਂ ਅਨ-ਅਧਿਕਾਰੀ ਦੱਸਿਆ। ਤਦ ਕਬੀਰ ਜੀ ਨੇ ਏਹ ਖਿਆਲ ਪ੍ਰਗਟ ਕੀਤੇ ਤੇ ਅਪਣੇ ਭਗਤੀ ਮਾਰਗ ਦਾ ਆਦਰਸ਼ ਦੱਸਿਆ ਕਿ ਸਾਡੇ ਵਿਚ ਬ੍ਰਾਹਮਣ ਉਹੋ ਕਹੀਦਾ ਹੈ ਜੋ ਵਾਹਿਗੁਰੂ ਜੀ ਸੰਬੰਧੀ ਵੀਚਾਰ ਵਿਚ ਵਸਦਾ ਗਿਆਨ ਦੇ ਰਾਹੇ ਟੁਰਦਾ ਹੈ। ਭਾਵ, ਗੁਣ, ਕਰਮ, ਗਿਆਨ ਹੈ ਪਛਾਣ ਬ੍ਰਾਹਮਣ ਦੀ ਨਾ ਕਿ ਬ੍ਰਾਹਮਣ ਦੀ ਬਿੰਦ ਤੋਂ ਯਾ ਬ੍ਰਾਹਮਣੀ ਦੇ ਪੇਟ ਤੋਂ ਜਨਮਣਾ। ਗਰਭਵਾਸ ਵਿਚ ਗਰਭਾਸ਼ਯ ਵਿਚ ਅਥਵਾ ਗਰਭ ਵਿਚ ਵੱਸਣ ਦੇ ਸਮੇਂ ਨਾ ਤਾਂ ਗਰਭ ਵਿਚਲੇ ਜੀਵ ਨੂੰ ਸੋਝੀ ਹੁੰਦੀ ਹੈ ਕਿ ਮੇਰੀ ਕੁਲ ਕੀ ਹੈ, ਨਾਹੀ ਜੇ ਉਹ ਬਾਹਰ ਆ ਜਾਏ ਤਾਂ ਕੋਈ ਕਹਿ ਸਕਦਾ ਹੈ ਕਿ ਇਹ ਬ੍ਰਾਹਮਣ ਹੈ ਕਿ ਸ਼ੂਦ੍ਰ ? ਭਾਵ ਇਹ ਕਿ ਪ੍ਰਾਕ੍ਰਿਤਕ ਯਾ ਮਾਦੀ ਰਚਨਾ

*ਪ੍ਰਕ੍ਰਿਤੀ ਵਾਲਾ ਪਾਸਾ। ਭਾਵ ਸਰੀਰ ਜਿਸ ਮਾਦੇ ਯਾ matter ਤੋਂ ਬਣਿਆਂ ਹੈ ਉਹ ਬੀ ਸਭ ਦਾ ਇਕੋ ਹੈ।

ਸਰੀਰ ਦੀ ਸਭ ਇਕ ਸਮਾਨ ਹੈ, ਅਤੇ ਸਭ ਦਾ ਮੂਲ ਕਾਰਣ ਬ੍ਰਹਮ ਹੈ, ਉਸੇ ਦੀ ਅੰਸ਼ ਪ੍ਰਕ੍ਰਿਤੀ ਕਿ ਮਾਇਆ ਨੂੰ ਸਜੀਵ ਕਰਦੀ ਹੈ, ਉਹ ਮੂਲ ਬੀ ਸਭ ਦਾ ਬ੍ਰਹਮ ਹੈ। ਫੇਰ ਸਰੀਰਾਂ ਸਾਰਿਆਂ ਵਿਚ ਲਹੂ ਵਹਿ ਰਿਹਾ ਹੈ ਇਹ ਵਿਖਮਤਾ ਨਹੀਂ ਹੈ ਕਿ ਕਿਸੇ ਵਿਚ ਤਾਂ ਲਹੂ ਹੋਵੇ ਤੇ ਕਿਸੇ ਵਿਚ ਦੁੱਧ ਹੋਵੇ। ਫੇਰ ਬ੍ਰਾਹਮਣ ਨੂੰ ਇਕ ਹੋਰ ਸਮਝੌਤੀ ਦੇਂਦੇ ਹਨ ਕਿ ਜੇ ਤੈਨੂੰ ਬ੍ਰਾਹਮਣੀ ਤੋਂ ਜਨਮ ਲੈਣ ਕਰਕੇ ਬ੍ਰਾਹਮਣ ਹੋਣ ਦਾ ਅਭਿਮਾਨ ਹੈ ਤਾਂ ਤੇਰਾ ਜਨਮ ਵੀ ਹੋਰਨਾਂ ਵਾਙੂ ਹੋਇਆ ਹੈ। ਚਾਹੀਦਾ ਸੀ ਕਿ ਤੂੰ ਮਾਤਾ ਦੇ ਮੂੰਹ ਰਸਤੇ ਪੈਦਾ ਹੁੰਦਾ ਕਿਉਂਕਿ ਲਿਖਿਆ ਹੈ ਕਿ ਬ੍ਰਾਹਮਣ ਦੀ ਉਤਪਤੀ ਬ੍ਰਹਮਾ ਦੇ ਮੁਖ ਤੋਂ ਹੈ। ਇਸ ਪ੍ਰਕਾਰ ਦੀਆਂ ਸੂਮੱਤਾਂ ਦਿਖਾ ਕੇ ਉਪਦੇਸ਼ ਦੇਂਦੇ ਹਨ ਕਿ ਅਪਣੇ ਆਪ ਨੂੰ ਬ੍ਰਾਹਮਣਪੁਣੇ ਦੇ ਅਭਿਮਾਨ ਵਿਚ ਰੱਖਕੇ ਜਨਮ ਨਾਂ ਬਿਰਥਾ ਗੁਆ, ਨੀਵਾਂ ਹੋ, ਉਪਦੇਸ਼ ਲੈ, ਨਾਮ ਜਪ, ਭਗਤੀ ਕਰ, ਬ੍ਰਹਮ ਬੀਚਾਰ ਨਾਲ ਗਿਆਨ ਪ੍ਰਾਪਤ ਕਰ ਤੇ ਮੁਕਤ ਹੋ। ਸਾਡਾ ਮਤਿ ਤਾਂ ਇਹ ਹਈ ਕਿ ਜੋ ਇਸ ਪ੍ਰਕਾਰ ਵੀਚਾਰ ਵਿਚ ਆ ਗਿਆ ਉਹੋ ਬ੍ਰਾਹਮਣ ਹੈ, ਜਾਤ ਜਨਮ ਕਰਕੇ ਬ੍ਰਾਹਮਣ ਕੋਈ ਨਹੀਂ। ਨੀਚ ਕਰਮੀ ਬ੍ਰਾਹਮਣ ਨੀਵੇਂ ਕਰਮਾਂ ਕਰਕੇ ਸ਼ੂਦਰ ਹੋ ਜਾਂਦਾ ਹੈ, ਸ਼ੁਭ ਕਰਮੀ ਨੀਵੀਂ ਜਾਤ ਵਾਲਾ ਗੁਣ, ਕਰਮ, ਨਾਮ, ਗਿਆਨ ਕਰਕੇ ਬ੍ਰਾਹਮਣ ਹੋ ਜਾਂਦਾ ਹੈ।

ਹਿੰਦ ਵਿਚ ਜਾਤ ਅਭਿਮਾਨ ਬੁਧ ਮਤਿ ਨੇ ਤੇ ਫੇਰ ਭਗਤੀ ਮਤਿ ਨੇ ਬਿਰਥਾ ਦੱਸਿਆ, ਪਰ ਅਮਲੀ ਤੌਰ ਤੇ ਸਿਖੀ ਮਾਰਗ ਨੇ ਇਸ ਨੂੰ ਹਟਾਇਆ ਤੇ ਕਮਜ਼ੋਰ ਕੀਤਾ। ਉਂਞ ਹਿੰਦੂ ਮਤਿ ਵਿਚ ਬੀ ਗੁਣ ਕਰਮ ਗਿਆਨ ਕਰਕੇ ਕਈ ਰਿਸ਼ੀ ਨੀਵੀਂ ਜਾਤੀ ਤੋਂ ਉੱਚ ਜਾਤੀ ਮੰਨੇ ਗਏ ਸਨ; ਪਰ ਅਮਲੀ ਤੌਰ ਤੇ ਜਾਤੀ ਦਾ ਵਖੇਵਾਂ ਜਾਰੀ ਰਿਹਾ ਤੇ ਹੈ। ਇਹੋ ਉਲਾਮ੍ਹੇ ਤੇ ਘ੍ਰਿਣਾ ਦੇ ਵਰਤਾਉ ਸ੍ਰੀ ਕਬੀਰ ਜੀ, ਸ੍ਰੀ ਨਾਮਦੇਵ ਜੀ, ਸ੍ਰੀ ਰਵਿਦਾਸ ਜੀ ਆਦਿ ਸ੍ਰੇਸ਼ਟ ਭਗਤਾਂ ਨੂੰ ਬੀ ਪ੍ਰਾਪਤ ਹੁੰਦੇ ਰਹੇ।

**ਨਿਰਕ੍ਤ**—ਗਰਭ ਵਾਸ—[ਸੰਸ:, ਗਰ੍ਭਵਾਸ:=ਗਰ੍ਭਾਸ਼ਯ] ਗਰਭ ਰੂਪੀ ਵਸਣ ਦਾ ਥਾਂ, ਮਾਤਾ ਦੀ ਕੁੱਖ। (ਅ) ਮਾਤਾ ਦੇ ਗਰਭ ਵਿਚ ਜਦੋਂ ਵਾਸਾ ਹੁੰਦਾ ਹੈ।

ਬ੍ਰਹਮ ਬਿੰਦੁ—ਬ੍ਰਹਮ ਦੀ ਅੰਸ਼। (ਅ) ਜੋ ਸਜਣ ਬਿੰਦੁ ਦਾ ਅਰਥ 'ਅੰਸ਼' ਨਹੀਂ ਕਰਨਾ ਚਾਹੁੰਦੇ ਓਹ ਬ੍ਰਹਮ ਬਿੰਦੁ ਨਾਮ 'ਜਲ' ਦਾ ਕਰਦੇ ਹਨ ਤੇ ਭਾਵ ਲੈਂਦੇ ਹਨ ਕਿ ਵਿਰਾਟ ਦੇ ਬੀਰਯ ਰੂਪ ਜਲ ਤੋਂ ਸਭ ਦੀ ਉਤਪਤੀ ਹੈ। ਪਰੰਤੂ ਕਬੀਰ ਜੀ ਸਰੀਰਕ ਉਤਪਤੀ ਦੀ ਏਕਤਾ ਪਹਿਲੀ ਤੁਕ ਵਿਚ ਦੱਸ ਚੁਕੇ ਹਨ, ਗਰਭ ਵਾਸ ਦਾ ਜ਼ਿਕਰ ਆ ਚੁਕਾ ਹੈ; ਇਸ ਲਈ ਏਥੇ ਉਤਪਤੀ ਵਿਚ ਆਤਮਿਕ ਏਕਤਾ ਦਰਸਾ ਰਹੇ ਹਨ।

ਆਨ ਬਾਟ—[ਸੰਸ:, ਅਨ੍ਯ ਵਾਟ:=(ਰਸਤਾ)] ਹੋਰ ਰਸਤੇ। ਭਾਵ ਹੋਰਨਾਂ ਲੋਕਾਂ ਵਾਂਗੂ ਹੀ ਤੇਰਾ ਜਨਮ ਹੋਇਆ ਹੈ। 'ਬ੍ਰਾਹਮਣ ਬ੍ਰਹਮਾ ਦੇ ਮੂੰਹ ਤੋਂ ਉਪਜਿਆ' ਇਸ ਕਹਾਵਤ ਅਨੁਸਾਰ ਤੂੰ ਬ੍ਰਾਹਮਣੀ ਮਾਤਾ ਦੇ ਮੁਖ ਤੋਂ ਨਹੀਂ ਜੰਮਿਆ।

ਸੂਦ—[ਸੰਸ:, ਸ਼ੂਦ੍ਰ:=ਅਛੂਤ ਜਾਤੀ ਅਥਵਾ ਅਤਿ ਨੀਵੀਂ ਜ਼ਾਤ ਦਾ] 'ਸ਼ੂਦ੍ਰ' ਪਦ ਦਾ ਸੰਖੇਪ ਹੈ।

## [ਗਉੜੀ ਕਬੀਰ ਜੀ, ਚਉਪਦਾ—੮]

**ਪ੍ਰਾਕ੍ਥਨ**—ਇਸ ਸ਼ਬਦ ਵਿਚ ਭਗਤ ਜੀ ਸੰਸਾਰ ਦੀ ਅਸਾਰਤਾ ਦੱਸਕੇ ਗਜ਼ਾਨ ਹੀਨ ਨਿਰਧਨ ਤੇ ਧਨੀ ਦੋਹਾਂ ਦੀ ਅਵਸਥਾ ਤਰਸ ਯੋਗ ਦਿਖਾਲਦੇ ਹਨ ਤੇ ਨਾਮ ਸਿਮਰਨ ਦਾ ਉਪਦੇਸ਼ ਕਰਦੇ ਹਨ।

| ਮੂਲ | ਅਰਥ |
|---|---|
| ਗਉੜੀ ਕਬੀਰ ਜੀ ॥ ਅੰਧਕਾਰ ਸੁਖਿ ਕਬਹਿ ਨ ਸੋਈ ਹੈ ॥ ਰਾਜਾ ਰੰਕੁ ਦੋਊ ਮਿਲਿ ਰੋਈ ਹੈ ॥੧॥ | (ਮਨ ਉਤੇ) ਅਗਿਆਨ (ਰੂਪੀ ਅੰਧਕਾਰ) ਦੇ ਛਾਏ ਹੋਇਆਂ ਕਦੇ ਸੁਖ ਵਿਚ (ਪੈ ਕੇ) ਨਹੀਂ ਸਉਂ ਸਕੀਦਾ। (ਅਗਯਾਨ ਵੱਸ ਹੋਏ ਕੀਹ) ਰਾਜਾ (ਕੀਹ) ਕੰਗਾਲ ਦੋਵੇਂ (ਅੰਤ ਨੂੰ ਇੱਕੋ ਟਿਕਾਣੇ) ਮਿਲਕੇ ਰੋਂਦੇ ਹਨ (ਭਾਵ ਵਿਹਾਣੇ ਵਕਤ ਨੂੰ ਯਾਦ ਕਰ ਕਰ ਪਛੋਤਾਉਂਦੇ ਹਨ) ॥੧॥ |
| ਜਉਪੈ ਰਸਨਾ ਰਾਮੁ ਨ ਕਹਿਬੋ ॥ ਉਪਜਤ ਬਿਨਸਤ ਰੋਵਤ ਰਹਿਬੋ ॥ ੧ ॥ ਰਹਾਉ ॥ | ਜਦ ਤਕ (ਚਾਹੇ ਤੂੰ ਰਾਜਾ ਹੈਂ ਚਾਹੇ ਰੰਕ) ਰਸਨਾ ਨਾਲ ਰਾਮ ਦੇ ਨਾਮ ਦਾ ਉਚਾਰਨ ਨਹੀਂ ਕਰੇਂਗਾ, (ਤਦ ਤਕ) ਜੰਮਦਾ ਮਰਦਾ ਰੋਂਦਾ ਰਹੇਂਗਾ ॥ ੧ ॥ ਰਹਾਉ ॥ |
| ਜਸ ਦੇਖੀਐ ਤਰਵਰ ਕੀ ਛਾਇਆ ॥ ਪ੍ਰਾਨ ਗਏ ਕਹੁ ਕਾਂ ਕੀ ਮਾਇਆ ॥ ੨ ॥ | (ਜਿਸ ਮਾਇਆ ਮਮਤਾ ਵਿਚ ਲੱਗੇ ਹੋਏ ਤੂੰ ਨਾਮ ਨਹੀਂ ਸਿਮਰਦਾ, ਉਹ ਮਾਇਆ ਐਸੀ ਹੈ) ਜੈਸੀ ਬ੍ਰਿਛ ਦੀ ਛਾਯਾ ਦੇਖੀਦੀ ਹੈ (ਜੋ ਇਕ ਥਾਵੇਂ ਬੜਾ ਥੁਹੜਾ ਸਮਾ ਠਹਿਰਦੀ ਹੈ, ਤਿਵੇਂ) ਪ੍ਰਾਣ ਅੰਤ ਹੋਇਆਂ ਤੇ ਦੱਸ ਮਾਇਆ ਕਿਸਦੀ ਹੁੰਦੀ ਹੈ, (ਭਾਵ ਮੌਤ ਹੋਇਆਂ ਮਾਇਆ ਨਾਲ ਨਹੀਂ ਜਾਂਦੀ। 'ਸਰੀਰ ਮਰ ਗਿਆ, ਮਾਇਆ ਪਰਾਈ ਹੋ ਗਈ')॥ ੨ ॥ |
| ਜਸ ਜੰਤੀ ਮਹਿ ਜੀਉ ਸਮਾਨਾ ॥ ਮੂਏ ਮਰਮੁ ਕੋ ਕਾ ਕਰ ਜਾਨਾ॥੩॥ | (ਇਹ ਦੱਸਕੇ ਹੁਣ 'ਜੀਵ' ਦੀ ਦਸ਼ਾ ਤੇ ਇਕ ਪ੍ਰਸ਼ਨ—ਕਰਕੇ ਅਪਣਾ ਭਾਵ ਦੱਸਦੇ ਹਨ) ਵੱਜਣ ਵਾਲੇ ਸਾਜ਼ ਦੀ ਜਿੰਦ ਜਿਵੇਂ ਵਜੰਤ੍ਰੀ ਵਿਚ ਸਮਾਈ ਹੋਈ ਹੁੰਦੀ ਹੈ (ਪਰ ਸਮਝਦਾ ਕੋਈ ਨਹੀਂ, ਤਿਵੇਂ) ਮੋਏ ਦੇ ਭੇਤ ਨੂੰ ਕਿਸ ਨੇ ਕੀਹ ਕਰਕੇ ਜਾਣਿਆ ਹੈ (ਭਾਵ ਕਿਸੇ ਨੇ ਉਸ ਤਰ੍ਹਾਂ ਨਹੀਂ ਜਾਣਿਆ ਕਿ ਸਰੀਰ ਵਿਚ ਜਿੰਦ ਕਲਾ ਸਰੀਰ ਨੂੰ ਚਲਾਉਣ ਵਾਲੇ ਆਤਮਾ ਦੀ ਹੈ ਜਿਵੇਂ ਸਾਜ਼ ਦੀ ਬੋਲਣ ਸ਼ਕਤੀ ਵਜਾਉਣ ਵਾਲੇ ਦੀ ਹੁੰਦੀ ਹੈ)॥ ੩ । |
| ਹੰਸਾ ਸਰਵਰੁ ਕਾਲੁ ਸਰੀਰ॥ ਰਾਮ ਰਸਾਇਨ ਪੀਉ ਰੇ ਕਬੀਰ॥੪॥੮॥ | (ਸਰੀਰ ਤੋਂ ਆਤਮਾਂ ਨੂੰ ਵਿਛੋੜਨ ਵਾਲਾ) ਕਾਲ ਸਰੀਰ ਉਤੇ (ਇਂਵ ਮੰਡਲਾਂਦਾ ਰਹਿੰਦਾ) ਹੈ (ਜਿਸ ਤਰ੍ਹਾਂ ਮਾਨ-) ਸਰੋਵਰ ਉਤੇ ਹੰਸ (ਮੰਡਲਾਂਦੇ) ਹਨ। (ਇਸ ਲਈ) ਹੇ ਕਬੀਰ ! ਤੂੰ ਰਾਮ (-ਨਾਮ ਰੂਪੀ) ਰਸਾਇਣ ਨੂੰ ਪੀਂਦਾ ਰਹੁ (ਜੋ ਅਗਯਾਨ ਰੂਪੀ ਅੰਧਕਾਰ ਵਿਚ ਹੀ ਕਾਲ ਨਾ ਆ ਦਬਾਵੇ) । ੪ ॥ ੮ ॥ |

**ਵ੍ਯਾਖ੍ਯਾ—** ਪਹਿਲੀ ਤੁਕ ਵਿਚ ਗ੍ਯਾਨ ਹੀਨ ਦਸ਼ਾ ਨੂੰ ਲਿਆ ਹੈ ਕਿ ਅਗ੍ਯਾਨ ਅਵਸਥਾ ਦੁਖ ਮਈ ਹੈ, ਰਾਉ ਰੰਕ ਸਭ ਲਈ। ਗ੍ਯਾਨ ਪ੍ਰਾਪਤੀ ਦਾ ਸਾਧਨ 'ਨਾਮ ਸਿਮਰਨ' ਹੈ, ਇਹ ਕਈ ਥਾਂ ਭਗਤ ਜੀ ਦੱਸ ਚੁਕੇ ਹਨ, ਇਸ ਲਈ ਨਾਮ ਨਾ ਜਪਣੇ ਕਰਕੇ ਦੁਖੀ ਪੁਰਖ ਦੀ ਪਸਚਾਤਾਪੀ ਅਵਸਥਾ 'ਰੋਵਤ ਰਹਿਬੋ' ਕਹਿਕੇ ਜਣਾਈ ਹੈ। ਜੇ ਕਹੋ ਕਿ ਰਾਜਾ ਯਾ ਧਨੀ ਪੁਰਖ ਤਾਂ ਸੰਸਾਰ ਵਿਚ ਦੁਖੀ ਨਹੀਂ ਦੇਖੀਦਾ ਤਾਂ ਦੱਸਦੇ ਹਨ (ਅੰਕ ੨ ਵਿਚ) ਕਿ ਮਾਯਾ ਤਾਂ ਭੁਲੇਵਾ ਹੈ, ਮਰਨ ਤੇ ਨਾਲ ਨਹੀਂ ਜਾਂਦੀ, ਸੋ ਜੋ ਇਸੇ ਦੇ ਆਹਰ ਵਿਚ ਲੱਗੇ ਜੀਵਨ ਗੁਆਇਆ ਕਰਦੇ ਹਨ ਓਹ

(ਮਗਰੋਂ) ਪਛੋਤਾਉਂਦੇ ਹਨ, ਜਿਵੇਂ ਬ੍ਰਿਛ ਦੀ ਛਾਯਾ ਨੂੰ ਇਕੋ ਥਾਂ ਸਾਰਾ ਦਿਨ ਰਹਿਣੇ ਵਾਲੀ ਸਮਝ ਕੇ ਛਾਯਾ ਢਲ ਜਾਣੇ ਤੇ ਲੋਕੀ ਪਛੁਤਾਉਂਦੇ ਹਨ।

ਅੰਕ ੩–ਮਾਇਆ ਨੂੰ ਤਰਵਰ ਦੀ ਛਾਯਾ ਦੱਸਿਆ, ਸਰੀਰ ਨੂੰ ਮਰਨ ਹਾਰ ਦੱਸ ਕੇ ਮਾਇਆ ਲਈ ਅਗਯਾਨ ਵਿਚ ਜੀਵਨ ਬਸਰ ਕਰਨ ਨੂੰ ਦੁਖ ਮਈ ਦੱਸਿਆ ਤੇ ਗ੍ਰੀਬ ਅਮੀਰ ਸਭ ਦੀ ਹਾਲਤ ਇਸ ਪਹਿਲੂ ਵਿਚ ਇਕੋ ਜੇਹੀ ਦਰਸਾਈ, ਅਗਯਾਨ ਦੂਰ ਕਰਨੇ ਦਾ ਉਪਾਉ ਨਾਮ ਦਾ ਸਿਮਰਣ ਦੱਸਿਆ। ਹੁਣ ਇਕ ਪ੍ਰਸ਼ਨ ਕਰਕੇ ਗ੍ਯਾਨ ਉਪਦੇਸ਼ ਦੇਂਦੇ ਹਨ ਕਿ ਜਿਵੇਂ ਵਾਜਾ ਜਦ ਵਜਦਾ ਹੈ ਐਉਂ ਜਾਪਦਾ ਹੈ ਕਿ ਇਸ ਵਿਚ ਰਾਗ ਕਲਾ ਜੀਵ ਦੇ ਪ੍ਰਾਣੀ ਵਾਙੂ ਹੈ ਪਰ ਵਜੰਤ੍ਰੀ ਦੇ ਛੱਡ ਦਿੱਤਿਆਂ ਉਹ ਜੀਵਤ ਕਲਾ ਵਾਜੇ ਵਿਚੋਂ ਅਪਣਾ ਆਪਾ ਕੋਈ ਨਹੀਂ ਦਿਖਾਲਦੀ। ਉਹ ਰਾਗ ਕਲਾ, ਜੋ ਜੀਵਨ ਕਲਾ ਵਾਙੂ ਬੋਲਦੀ ਸੀ, ਵਜੰਤ੍ਰੀ ਦੇ ਵਜਾਉਣ ਕਰਕੇ ਸੀ, ਤਾਂਤੇ ਓਹ ਵਾਜੇ ਵਿਚ ਨਹੀਂ ਵਜੰਤ੍ਰੀ ਵਿਚ ਸਮਾਈ ਹੋਈ ਸੀ। ਇਸੇ ਤਰ੍ਹਾਂ ਮਰ ਜਾਣੇ ਪਰ ਸਰੀਰ ਸੁੰਞਾ ਹੋ ਜਾਂਦਾ ਹੈ ਵਜਾਵਣਹਾਰ ਟੁਰ ਜਾਂਦਾ ਹੈ। ਉਹ ਆਤਮਾ ਸੀ ਜਿਸਦੀ ਜੀਵਨ ਚੇਤਨਾ ਸਰੀਰ ਨੂੰ ਚੇਤਨਾ ਵਾਲਾ ਦਿਖਾ ਰਹੀ ਸੀ। ਇਹ ਭੇਤ ਦੀ ਗੱਲ ਹੈ, ਇਸ ਰੌਸ਼ਨੀ ਵਿਚ ਕਿਸ ਨੇ ਮਰਨ ਦੇ ਭੇਤ ਨੂੰ ਲਖਿਆ ਹੈ ਕਿ ਜਦ ਆਤਮਾ ਸਰੀਰ ਨੂੰ ਚਲਾਉਣਾ ਛੱਡ ਦੇਂਦੀ ਹੈ ਤਾਂ ਸਰੀਰ ਜੜ੍ਹਤਾ ਨੂੰ ਪ੍ਰਾਪਤ ਹੋਕੇ ਜੀਵਨ ਕਲਾ ਤੋਂ ਸੂਨ ਦਿਸ ਪੈਂਦਾ ਹੈ। ਜੀਵਨ ਕਲਾ ਆਤਮਾ ਵਿਚ ਹੀ ਚਲੀ ਗਈ ਜੋ ਸਰੀਰ ਨੂੰ ਛੋੜ ਗਿਆ ਹੈ। ਇਸ ਖ੍ਯਾਲ ਨੂੰ ਸ੍ਰੀ ਕਬੀਰ ਜੀ ਨੇ ਅਪਣੇ ਇਕ ਸਲੋਕ ਵਿਚ ਖੋਹਲਕੇ ਦੱਸਿਆਹੈ। ਯਥਾ:–

ਕਬੀਰ ਜੋ ਹਮ ਜੰਤੁ ਬਜਾਵਤੇ ਟੂਟਿ ਗਈਂ ਸਭ ਤਾਰ ॥
ਜੰਤੁ ਬਿਚਾਰਾ ਕਿਆ ਕਰੈ ਚਲੇ ਬਜਾਵਨ ਹਾਰ ॥
[ਸਲੋਕ ਕਬੀਰ ਜੀ–੧੦੩

ਇੱਥੇ ਜਿਸ ਨੂੰ ਬਜਾਵਨਹਾਰ ਕਿਹਾ ਹੈ ਉਪਰਲੇ ਸ਼ਬਦ ਵਿਚ ਉਸ ਨੂੰ ਜੰਤੀ ਕਿਹਾ ਹੈ। ਜੰਤੁ ਏਥੇ ਸਰੀਰ ਨੂੰ ਕਿਹਾ ਹੈ ਤੇ 'ਜੀਉ' ਆਤਮਾ ਨੂੰ ਬਜਾਵਣਹਾਰ ਕਿਹਾ ਹੈ।

ਅੰਕ ੪–ਕਬੀਰ ਜੀ ਦਾ ਭਾਵ ਇਹ ਸਹੀ ਹੁੰਦਾ ਹੈ ਕਿ ਜੇ ਕੋਈ ਸਮਝ ਲਵੇ ਕਿ ਸਰੀਰ ਆਤਮਾ ਦੇ ਚਲਾਇਆਂ ਚਲਦਾ ਹੈ ਤੇ ਆਤਮਾ ਸਦਾ ਸਰੀਰ ਨੂੰ ਨਹੀਂ ਚਲਾਉਂਦਾ ਅਤੇ ਇਸ ਚਲ ਰਹੇ ਸਰੀਰ ਦੇ ਸਿਰ ਤੇ ਕਾਲ ਘੁੰਮਦਾ ਹੈ ਜਿਵੇਂ ਮਾਨ ਸਰੋਵਰ ਤੇ ਹੰਸ, ਤਾਂ ਉਹ ਜੀਵ ਫਿਰ ਉਪਾਉ ਕਰੇ ਗ੍ਯਾਨ ਪ੍ਰਾਪਤੀ ਦਾ, ਜਿਸਦਾ ਸਾਧਨ ਅੰਕ ਇਕ ਵਿਚ ਨਾਮ ਸਿਮਰਨ ਦੱਸ ਆਏ ਹਨ ਤੇ ਹੁਣ ਫੇਰ ਦੁਹਰਾਉਂਦੇ ਹਨ 'ਰਾਮ ਰਸਾਇਨ ਪੀਉ ਰੇ ਕਬੀਰ।'

**ਨਿਰੁਕ੍ਤ**–ਅੰਧਕਾਰ–[ਸੰਸ:, ਅੰਧਕਾਰ:] ਹਨੇਰਾ। ਭਾਵ ਹੈ ਅਗਯਾਨ ਤੋਂ, ਜੈਸਾ ਕਿ ਵਾਕ ਹੈ:- ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ ॥
[ਗਉੜੀ ਮ: ੫, ਸੁਖਮਨੀ ੨੩ ਸਲੋਕ

ਕਬੀਰ ਜਗੁ ਕਾਜਲ ਕੀ ਕੋਠਰੀ ਅੰਧ ਪਰੇ ਤਿਸ ਮਾਹਿ ॥ [ਸਲੋਕ ਕਬੀਰ ਜੀ–੨੬

ਰਾਜਾ ਰੰਕੁ–[ਸੰਸ:, ਰਾਜਾ+ਰੰਕ] ਰਾਉ ਤੇ ਕੰਗਾਲ। ਭਾਵ ਹੈ ਗ੍ਰੀਬ ਅਮੀਰ, ਧਨੀ ਨਿਰਧਨ। ਰਸਨਾ–[ਸੰਸ:,] ਰਸਨਾ (ਨਾਲ)। ਜੀਭ (ਨਾਲ)।

ਤਰਵਰ–[ਸੰਸ:, ਤਰੁ:] ਬ੍ਰਿਛ। ਪ੍ਰਾਨ ਗਏ–ਪ੍ਰਾਨਾਂ ਦੇ ਸ਼ਾਂਤ ਹੋ ਗਿਆਂ। ਭਾਵ ਮਰ ਗਿਆਂ। ਜਸ–ਜੈਸੇ।

ਜੰਤੀ–[ਸੰਸ:, ਯੰਤ੍ਰੀ] ਯੰਤ੍ਰ ਨੂੰ ਚਲਾਉਣ ਵਾਲਾ। 'ਯੰਤ੍ਰ' ਦਾ ਅਰਥ ਹੈ ਕੋਈ ਕਲਾ ਦੀ ਕਿਸਮ ਦੀ ਸ਼ੈ। ਮਸ਼ੀਨ, ਵਾਜੇ, ਸਭੋ ਕੁਛ ਇਸ ਵਿਚ ਆ ਜਾਂਦੇ ਹਨ। ਜੰਤੁ ਯਾ ਯੰਤ੍ਰ ਨੂੰ ਚਲਾਉਣ

ਵਾਲਾ। ਵਾਜਾ ਵਜਾਉਣ ਵਾਲਾ। ਤੁਕ ਦਾ ਭਾਵ ਹੈ ਕਿ ਵਾਜੇ ਵਿਚ ਜੀਉ ਯਾ ਜਿੰਦ ਬੋਲਣੇ ਵਾਲੀ ਨਹੀਂ ਹੈ, ਉਹ ਜੰਤੀ (=ਜੰਤ੍ਰੀ) ਵਿਚ ਹੈ। ਉਹ ਜਦ ਸਾਜ਼ ਯਾ ਵਾਜੇ ਨੂੰ ਛੋੜਦਾ ਹੈ ਤਾਂ ਵਾਜਾ ਮਜੀਵ ਹੋ ਜਾਂਦਾ ਹੈ। ਉਹ ਛੱਡੇ ਤਾਂ ਮੁਰਦਾ। ਇਨ੍ਹਾਂ ਤੁਕਾਂ ਦਾ ਜੋ ਅਰਥ ਅਸਾਂ ਉਪਰ ਕੀਤਾ ਹੈ ਉਸ ਦੀ ਪ੍ਰੋੜਤਾ ਸ੍ਰੀ ਕਬੀਰ ਜੀ ਦੇ ਅਪਣੇ ਇਸ ਸਲੋਕ ਤੋਂ ਹੋ ਜਾਂਦੀ ਹੈ:-

ਕਬੀਰ ਜੋ ਹਮ ਜੰਤੁ ਬਜਾਵਤੇ ਟੂਟਿ ਗਈਂ ਸਭ ਤਾਰ॥
ਜੰਤੁ ਬਿਚਾਰਾ ਕਿਆ ਕਰੈ ਚਲੇ ਬਜਾਵਨ ਹਾਰੁ॥

[ਸਲੋਕ ਕਬੀਰ ਜੀ-੧੦੩

ਇਥੇ ਜਿਸ ਨੂੰ ਬਜਾਵਨਹਾਰ ਕਿਹਾ ਹੈ, ਉਸ ਨੂੰ ਉਪਰਲੇ ਸ਼ਬਦ ਵਿਚ 'ਜੰਤੀ' ਕਿਹਾ ਹੈ।

(ਅ) ਕਈ ਦਾਨੇ 'ਜੰਤੀ' ਨੂੰ 'ਜੰਤ' ਪਦ ਦਾ ਅਰਥ ਦੇਕੇ ਇਨ੍ਹਾਂ ਤੁਕਾਂ ਦਾ ਭਾਵ ਹੋਰ ਤਰ੍ਹਾਂ ਲੈਂਦੇ ਹਨ:- ਜਿਵੇਂ ਜੰਤੀ ਅਰਥਾਤ 'ਵਾਜੇ' ਵਿਚ (ਜੀਉ=) ਸ਼ਬਦ ਸਮਾ ਜਾਂਦਾ ਹੈ। ਅਰਥਾਤ ਜਿਵੇਂ ਵਾਜੇ ਦੇ ਚੁਪ ਹੋ ਜਾਣ ਤੇ ਸ਼ਬਦ ਉਸੇ ਵਿਚ ਸਮਾ ਜਾਂਦਾ ਹੈ ਤਿਵੇਂ ਦੇਹ ਦੇ ਨਾਸ਼ ਹੋਣੇ ਪਰ ਸੁਖੁਪਤੀ ਸਮੇਂ ਵਾਙੂ ਜੀਉ ਅਪਣੇ ਬਿੰਬ ਸਰੂਪ ਵਿਚ ਲੈ ਹੋ ਜਾਂਦਾ ਹੈ। ਮਗਰੋਂ ਉਹ ਵਾਸ਼ਨਾ ਅਨੁਸਾਰ ਹੋਰ ਦੇਹਾਂ ਧਾਰਨ ਕਰਦਾ ਹੈ। ਇਸ ਤੋਂ ਪਤਾ ਲਗਾ ਕਿ ਦੇਹ ਦੇ ਮਰਨੇ ਦੇ ਬਾਦ 'ਜੀਵ' ਦੇ ਮਰਨ ਦਾ ਮਰਮ ਕਿਸੇ ਨੇ ਕਿਸੇ ਤਰ੍ਹਾਂ ਨਹੀਂ ਜਾਣਿਆ, ਭਾਵ ਇਹ ਕਿ ਕਿਸੇ ਨੇ ਨਹੀਂ ਸਹੀ ਕੀਤਾ ਕਿ ਜੀਵਾਤਮਾ ਬੀ ਮਰ ਜਾਂਦਾ ਹੈ; ਤਾਂਤੇ ਜੀਵ ਨਹੀਂ ਮੋਇਆ ਉਹ ਅਬਿਨਾਸ਼ੀ ਹੈ। ਸੋ ਜੀਵ ਅਬਿਨਾਸ਼ੀ ਸਿੱਧ ਹੋ ਗਿਆ ਤੇ ਮਰਨਹਾਰ ਹੁਣ (ਅੰਕ ੪ ਵਿਚ) ਦੱਸਦੇ ਹਨ ਕਿ ਸਰੀਰ ਹੈ। ਸੋ ਹੁਣ ਸਰੀਰ ਤੇ ਜੀਵਾਤਮਾ ਫੇਰ ਨਾ ਮਿਲਣ ਤੇ ਨਾ ਮਰਨਾ ਹੋਵੇ।ਇਸ ਲਈ ਦੱਸਦੇ ਹਨ ਕਿ 'ਰਾਮ ਰਸਾਇਨ ਪੀਉ'।

ਇਸ ਪ੍ਰਕਾਰ ਥੋੜੇ ਥੋੜੇ ਫਰਕ ਤੇ ਜੰਤੀ ਦਾ ਅਰਥ ਜੰਤ (=ਵਾਜਾ) ਲਾਕੇ ਹੋਰ ਬੀ ਅਰਥ ਕਰਦੇ ਹਨ। ਪਰ ਜੰਤੀ ਦਾ ਅਰਥ ਵਜਾਵਣਹਾਰ ਹੈ, ਜੋ ਕਬੀਰ ਜੀ ਦੇ ਉਪਰ ਦਿੱਤੇ ਅਪਣੇ ਸਲੋਕ ਤੋਂ ਵਿਦਿਤ ਹੈ।

ਹੰਸਾ-[ਸੰਸ:, ਹੰਸ:=ਇਕ ਮਸ਼ਹੂਰ ਪੰਛੀ] ਹੰਸ (ਬਹੁ ਬਚਨ ਹੈ)। ਹੰਸਾ ਸਰਵਰੁ=(ਜਿਵੇਂ) ਸਰੋਵਰ ਉਪਰ ਹੰਸ ਹਨ।

(ਅ) ਇਸ ਦਾ ਹੋਰਵੇਂ ਬੀ ਭਾਵ ਲੈਂਦੇ ਹਨ:-'ਹੰਸਾ' ਨਾਮ ਹੈ ਤਤ ਮਿਥਜਾ ਦੇ ਵਿਵੇਕੀ ਗਯਾਨਵਾਨ ਦਾ, ਸੋ ਓਹ ਹੰਸ ਰੂਪ ਗਯਾਨੀ ਤਾਂ (ਸਰੋਵਰ=) ਬ੍ਰਹਮ ਰੂਪ ਸਰੋਵਰ ਨੂੰ ਪ੍ਰਾਪਤ ਹੁੰਦੇ ਹਨ ਤੇ ਸਰੀਰ (ਦਾ ਅਭਿਮਾਨ ਧਾਰਨੇ ਵਾਲੇ) ਕਾਲ ਦੇ ਵੱਸ ਵਿਚ ਰਹਿੰਦੇ ਹਨ।

## [ਗਉੜੀ ਕਬੀਰ ਜੀ, ਚਉਪਦਾ-੯]

**ਪ੍ਰਾਕ੍ਰਥਨ**-ਇਸ ਸ਼ਬਦ ਵਿਚ ਸ੍ਰੀ ਕਬੀਰ ਜੀ ਸਭ ਪ੍ਰਕਾਰ ਦੇ ਗੁਣਾਂ ਅਵਗੁਣਾਂ ਤੋਂ ਉੱਚਾ ਚੁੱਕ ਕੇ ਅਭੈ ਪਦ ਵਿਚ ਲੈ ਜਾਂਦੇ ਹਨ।

| ਮੂਲ | ਅਰਥ |
|---|---|
| ਗਉੜੀ ਕਬੀਰ ਜੀ॥ ਜੋਤਿ ਕੀ ਜਾਤਿ ਜਾਤਿ ਕੀ ਜੋਤੀ॥ ਤਿਤੁ ਲਾਗੇ ਕੰਚੂਆ ਫਲ ਮੋਤੀ॥ ੧॥ | ਜੋਤਿ (ਰੂਪ ਪਰਮਾਤਮਾ) ਦੀ (ਜਾਤਿ=) ਉਤਪਤ ਕੀਤੀ ਹੋਈ ਹੈ (ਸ੍ਰਿਸ਼ਟੀ, ਉਸ) ਉਪਜੀ (ਹੋਈ ਸ੍ਰਿਸ਼ਟੀ ਦੀ ਬੁੱਧੀ ਰੂਪੀ ਇਕ) ਜੋਤੀ ਹੈ, ਉਸ (ਬੁਧੀ ਰੂਪ ਵੇਲ) ਨੂੰ (ਦੋ) ਫਲ ਲੱਗੇ ਹਨ (ਇਕ-ਹਨ) ਕੱਚਕਾਂ, (ਦੂਜੇ ਹਨ ਸੁੱਚੇ) ਮੋਤੀ (ਭਾਵ ਬੁੱਧੀ ਨੂੰ ਅਵਗੁਣ ਤੇ ਗੁਣ ਰੂਪੀ ਦੋ ਫਲ ਲੱਗੇ ਹਨ। |

ਜੀਵ ਅਪਣੀ ਬੁਧੀ ਨਾਲ ਦੋ ਤਰ੍ਹਾਂ ਦੇ ਕਰਮ ਕਰਦੇ ਹਨ ਗੁਣ ਰੂਪ ਜੋ ਸ਼ੁਭ ਹਨ ਤੇ ਅਵਗੁਣ ਰੂਪ ਜੋ ਅਸ਼ੁਭ ਹਨ। ਇਥੇ ਇਕ ਲੁਪਤੀ ਹੈ ਕਿ ਦੁਇ ਤਰ੍ਹਾਂ ਦੇ ਭਾਵ ਵਾਲੇ ਹਿਰਦੇ ਭੈ ਸੰਯੁਕਤ ਦੇਖੀਦੇ ਹਨ, ਸਾਨੂੰ ਲੋੜ ਨਿਰਭੈ ਪਦ ਦੀ ਹੈ, ਸੋ ਆਪ ਹੀ ਅਪਣਾ ਪ੍ਰਸ਼ਨ ਕਰਕੇ ਪੁੱਛਦੇ ਹਨ ਕਿ)

ਕਵਨੁ ਸੁ ਘਰੁ ਜੋ ਨਿਰਭਉ ਕਹੀਐ॥ ਭਉ ਭਜਿ ਜਾਇ ਅਭੈ ਹੋਇ ਰਹੀਐ ॥ ੧ ॥ ਰਹਾਉ ॥

ਉਹ ਕਿਹੜਾ ਟਿਕਾਣਾ ਹੈ ਜਿਸ ਨੂੰ ਭੈ ਰਹਿਤ ਆਖੀਏ, (ਜਿਥੇ ਅੱਪੜਿਆਂ) ਭਉ ਦੂਰ ਹੋ ਜਾਵੇ ਤੇ ਅਭੈ ਹੋ ਕੇ ਰਹੀਏ॥ ੧ ॥ ਰਹਾਉ ॥

ਤਟਿ ਤੀਰਥਿ ਨਹੀ ਮਨੁ ਪਤੀਆਇ ॥ ਚਾਰ ਅਚਾਰ ਰਹੇ ਉਰਝਾਇ ॥ ੨ ॥

(ਹੁਣ ਉਹ ਟਿਕਾਣੇ ਗਿਣਦੇ ਹਨ ਜ ਆਮ ਤੌਰ ਤੇ ਅਭੈ ਪਦ ਦ ਦਾਤੇ ਸਮਝੇ ਜਾਂਦੇ ਹਨ। ਦਰਯਾਵਾਂ ਆਦਿ ਦੇ) ਕਿਨਾਰਿਆਂ ਤੇ (ਵਸਦੇ) ਤੀਰਥਾਂ ਤੇ ਜਾਕੇ ਮਨ ਨਹੀਂ ਪਤੀਜਦਾ (ਕਿ ਇਹ ਨਿਰਭੈ ਟਿਕਾਣੇ ਹਨ ਯਾ ਨਿਰਭੈ ਪਦ ਦੇ ਦਾਤਾ ਹਨ। ਇਸੇ ਤਰ੍ਹਾਂ) ਚੋਹਾਂ (ਵੇਦਾਂ) ਦੇ (ਦੱਸੇ ਯੱਗ ਆਦਿ) ਕਰਮਾਂ ਵਿਚ ਲੱਗੇ (ਤਾਂ ਉਨ੍ਹਾਂ ਵਿਚ-ਹੀ) ਉਲਝੇ ਰਹਿ ਗਏ ॥ ੨ ॥

(ਗੱਲ ਕੀਹ ਨਿਰਭੈ ਪਦ ਦੀ ਪ੍ਰਾਪਤੀ ਲਈ ਕਰਮ ਕਾਂਡ ਦੇ ਦੱਸੇ

ਪਾਪ ਪੁੰਨ ਦੁਇ ਏਕ ਸਮਾਨ ॥ ਨਿਜ ਘਰਿ ਪਾਰਸੁ ਤਜਹੁ ਗੁਨ ਆਨ ॥ ੩ ॥

ਪਾਪ ਪੁੰਨ ਦੋਵੇਂ ਇਕ ਤੁੱਲ ਹਨ (ਭਾਵ ਦੁਇ ਨਿਰਭੈ ਪਦ ਦੇ ਦਾਤਾ ਨਹੀਂ ਹਨ। ਪ੍ਰਸ਼ਨ: ਫਿਰ ਕਿਹੜਾ ਕੰਮ ਨਿਰਭੈਤਾ ਦਾ ਦਾਤਾ ਹੈ? ਉੱਤਰ: ਹੇ ਜੀਵ! ਤੇਰੇ) ਅਪਣੇ ਹਿਰਦੇ ਵਿਚ (ਨਿਰਭੈ ਕਰਨੇ ਵਾਲਾ ਅਕਾਲ ਪੁਰਖ ਰੂਪੀ) ਪਾਰਸ (ਮੌਜੂਦ) ਹੈ (ਉਸ ਨੂੰ ਲੱਗ ਪਉ ਤੇ) ਹੋਰ ਗੁਣ (ਜੋ ਟੇਟਥੇ ਫਸਾਉਣ ਵਾਲੇ ਹਨ) ਤਯਾਗ ਦੇਹ ॥੩ ॥

ਕਬੀਰ ਨਿਰਗੁਣ ਨਾਮ ਨ ਰੋਸੁ ॥ ਇਸੁ ਪਰਚਾਇ ਪਰਚਿ ਰਹੁ ਏਸੁ ॥ ੪ ॥ ੯ ॥

(ਪ੍ਰਸ਼ਨ: ਉਸ ਨਿਰਗੁਣ ਵਿਚ ਕੀਕੂੰ ਲੱਗਾਂ? ਉੱਤਰ:) ਹੇ ਕਬੀਰ! ਨਿਰਗੁਣ (ਪਰਮਾਤਮਾ) ਦੇ ਨਾਮ ਨੂੰ (ਲਗ ਪਉ ਤੇ ਉਸ) ਨਾਲ (ਕਦੇ) ਰੋਸ ਨਾਂ ਧਾਰ, (ਭਾਵ ਕਦੇ ਨਾਮ ਤੋਂ ਬੇਮੁਖ ਨਾ ਹੋ ਸਗੋਂ ਨਾਮ ਦੇ) ਇਸ ਪਰਚੇ ਵਿਚ ਇਸ (ਮਨ) ਨੂੰ (ਸਦਾ) ਪਰਚਾਈ ਰੱਖ ॥ ੪ ॥ ੯ ॥

**ਵਯਾਖਯਾ**—ਇਸ ਸ਼ਬਦ ਵਿਚ ਸ੍ਰੀ ਕਬੀਰ ਜੀ ਪਿੱਛੇ ਕਹੇ ਸ਼ਬਦ ਵਿਚ ਦਿੱਤੇ ਇਸ਼ਾਰੇ ਵਾਲੀ ਗਯਾਨ ਅਵਸਥਾ ਦਾ ਪ੍ਰਤਿਪਾਦਨ ਕਰਦੇ ਹਨ।

ਸ੍ਰਿਸ਼ਟੀ ਨੂੰ ਅਰਥਾਤ ਮਾਨੁਖ ਨੂੰ ਜਯੋਤੀ ਸਰੂਪ ਸਰਬ ਚੇਤਨ ਸਰੂਪ ਪਰਮਾਤਮਾ ਦੀ ਰਚੀ ਹੋਈ ਦੱਸਦੇ ਹਨ। ਉਸ ਵਿਚ ਪ੍ਰਕਾਸ਼ ਸਰੂਪ ਰਹਿਬਰ ਇਕ ਜੋਤੀ ਹੈ। ਉਹ ਬੁੱਧੀ ਹੈ। ਇਸ ਬੁਧੀ ਨੇ ਦੋ ਪ੍ਰਕਾਰ ਦੇ ਕਰਮ ਨਿਰਣੇ ਕੀਤੇ ਹਨ, ਸ਼ੁਭ ਤੇ ਅਸ਼ੁਭ। ਪਰ ਦੋਹਾਂ ਪ੍ਰਕਾਰਾਂ ਦੇ ਕਰਮ ਕਰਨੇ ਵਾਲੇ ਭੈ ਵਿਚ ਦੇਖੀਦੇ ਹਨ। ਦੁਇ ਜਨਮ ਮਰਨ ਵਿਚ, ਅਰਥਾਤ ਕਾਲ ਦੇ ਚੱਕਰ ਵਿਚ ਹਨ, ਸ਼ੁਭ ਕਰਮਾਂ ਵਾਲੇ ਸ਼ੁਭ ਜਨਮਾਂ ਵਿਚ ਜੰਮਦੇ ਮਰਦੇ ਹਨ, ਅਸ਼ੁਭ ਵਾਲੇ ਅਸ਼ੁਭ ਦੇ ਫਲ ਭੋਗਦੇ ਜੰਮਦੇ ਮਰਦੇ ਹਨ। ਸੋ ਕਾਲ ਚਕ੍ਰ ਵਿਚ ਫਸੇ ਰਹਿਣੇ ਲਈ ਸ਼ੁਭ ਅਸ਼ੁਭ ਦੁਇ ਪਕਾਰ ਦੇ ਕਰਮ ਇਕ ਤੁੱਲ ਹਨ। 'ਚਾਰ ਅਚਾਰ' ਕਹਿਣੇ ਤੇ ਪ੍ਰਤੀਤ ਦੇਂਦਾ ਹੈ ਕਿ ਕਬੀਰ ਜੀ ਦਾ ਭਾਵ ਕਰਮ ਕਾਂਡ ਦੇ ਦੱਸੇ ਸ਼ੁਭ ਅਸ਼ੁਭ

ਕਰਮਾਂ* ਤੋਂ ਵਿਸ਼ੇਸ਼ ਹੈ ਜਿਨ੍ਹਾਂ ਦੇ ਕਰਣੇ ਤੇ ਸੁਖ ਭੋਗ ਯਾ ਦੁਖ ਭੋਗ ਮਿਲਦੇ ਹਨ। ਆਪ ਪ੍ਰਸ਼ਨ ਕਰਕੇ ਦੱਸਦੇ ਹਨ ਕਿ ਲੋੜ ਹੈ ਜੀਵ ਨੂੰ ਨਿਰਭੈ ਪਦ ਦੀ, ਜਿਥੇ ਕਾਲ ਦਾ ਭੈ ਦੂਰ ਹੋਵੇ ਤੇ ਸਭ ਪ੍ਰਕਾਰ ਦੇ ਭੈਆਂ ਤੋਂ ਨਿਰਭੈਤਾ ਪ੍ਰਾਪਤ ਹੋਵੇ। ਉਸ ਦਾ ਉੱਤਰ ਦੇਂਦੇ ਹਨ 'ਨਿਜ ਘਰਿ'=ਤੇਰੇ ਅਪਣੇ ਹਿਰਦੇ ਵਿਚ ਪਾਰਸ ਹੈ, ਉਹ ਹੈ ਵਾਹਿਗੁਰੂ 'ਅਕਾਲ ਪੁਰਖ', ਉਸ ਨੂੰ ਲਗ ਪਉ; ਭਾਵ ਸਿਮਰਨ ਦੁਆਰਾ ਬ੍ਰਿਤੀ ਨੂੰ ਵਾਹਿਗੁਰੂ ਵਿਚ ਲਾ ਦੇਹ, ਤੇ ਹੋਰ 'ਗੁਣ' ਜੋ (ਆਨ=ਈਸ਼ਵਰ ਤੋਂ ਇਤਰ=) ਹੋਰ ਪਾਸੇ ਬ੍ਰਿਤੀ ਨੂੰ ਲਾਉਂਦੇ ਹਨ ਤਿਆਗ ਦੇਹ। ਹੁਣ ਪ੍ਰਸ਼ਨ ਹੁੰਦਾ ਹੈ ਕਿ ਮਨ ਵਿਚ ਵੱਸਦਾ 'ਪਾਰਸ' ਤਾਂ 'ਨਿਰਗੁਣ ਪਰਮਾਤਮਾ' ਹੈ, ਉਸ ਵਿਚ ਕਿਵੇਂ ਲਗੀਦਾ ਹੈ ? ਇਸ ਦਾ ਉੱਤਰ ਦੇਂਦੇ ਹਨ ਕਿ ਉਸ ਨਿਰਗੁਣ ਦੇ ਨਾਮ ਨੂੰ ਲਗ ਪਉ ਤੇ ਐਸਾ ਲਗ ਕਿ ਉਸ ਤੋਂ ਕਦੇ ਉਦਾਸੀ ਨਾ ਧਾਰਨ ਕਰ। ਇਹ ਨਾਮ ਸਿਮਰਨ ਦਾ ਜੋ ਪਰਚਾ ਹੈ ਇਸ ਵਿਚ ਇਸ ਅਪਣੇ ਮਨ ਨੂੰ ਪਰਚਾਈ ਰਖ। ਐਸਾ ਕਰਨੇ ਤੇ ਸਦੈਵੀ ਲਗਨ ਪਰਮਾਤਮਾ ਨਾਲ ਲਗੀ ਰਹਿਣੇ ਤੇ ਉਸ ਨਾਲ ਤਦਰੂਪਤਾ ਪ੍ਰਾਪਤ ਹੋਵੇਗੀ, ਉਹ ਟਿਕਾਣਾ ਨਿਰਭੈ ਪਦ ਹੋਵੇਗਾ। ਉਹ ਪ੍ਰਭੂ 'ਕਾਲ ਰਹਿਤ ਅਨਕਾਲ ਸਰੂਪਾ' [ਚੌਪਈ ਪਾ: ੧੦ ਅਕਾਲ ਉਸਤਤ] ਨਿਰਭਉ ਹੈ। ਉਸ ਦੇ ਸਿਮਰਨ ਨਾਲ 'ਨਿਰਭਉ ਜਪੈ ਸਗਲ ਭਉ ਮਿਟੈ' [ਗਉੜੀ ਮ: ੫ ਸੁਖਮਨੀ ੨੨-੭] ਵਾਲੀ ਹਾਲਤ ਪ੍ਰਾਪਤ ਇੰਵ ਹੁੰਦੀ ਹੈ।

**ਨਿਰੁਕ੍ਤ**—ਜੋਤਿ–[ਸੰਸ:, ਜ੍ਯੋਤਿ=ਪ੍ਰਕਾਸ਼, ਰੋਸ਼ਨੀ] ਪ੍ਰਕਾਸ਼। ਪ੍ਰਕਾਸ਼ ਸਰੂਪ। ਭਾਵ ਸਰਵ ਚੇਤਨ ਪ੍ਰਭੂ। ਜਾਤਿ–[ਸੰਸ:, ਜਾਤਿ:] ਜਾਤਿ, ਜੋ ਉਪਜੀ ਹੈ। ਰਚੀ ਗਈ ਹੈ। ਸ੍ਰਿਸ਼ਟੀ। ਭਾਵ ਮਾਨੁਖ ਤੋਂ ਹੈ।

ਜੋਤੀ (ਦੇਖੋ ਪੰਨਾ ੩੦੬) ਪ੍ਰਕਾਸ਼। ਏਥੇ 'ਜਾਤਿ ਕੀ ਜੋਤੀ' ਅਰਥਾਤ ਮਾਨੁਖ ਵਿਚ ਦਾ ਪ੍ਰਕਾਸ਼ ਮਤਲਬ ਹੈ, ਮਾਨੁਖ ਵਿਚ ਪ੍ਰਕਾਸ਼ ਦੇਣ ਵਾਲੀ ਸ਼ੈ ਬੁੱਧੀ ਹੈ, ਸੋ ਭਾਵ 'ਬੁੱਧੀ' ਤੋਂ ਹੈ।

ਕੰਚੂਆ–[ਸੰਸ:, ਕੰਚਿਕਾ=ਰੱਤਕਾਂ। ਗੁੰਜਾ] ਰੱਤੀਆਂ। ਇਕ ਵੇਲ ਨੂੰ ਲਾਲ ਜਿਹੇ ਨਿੱਕੇ ਨਿੱਕੇ ਫਲ ਲਗਦੇ ਹਨ ਜੋ ਤੋਲ ਵਿਚ ਮਾਸ਼ੇ ਬਰਾਬਰ ਅੱਠ ਕੁ ਹੁੰਦੇ ਹਨ। ਇਹ ਸ਼ੈ ਕੀਮਤ ਵਿਚ ਬੇ-ਕੀਮਤ ਸਮਝੀ ਜਾਂਦੀ ਹੈ। ਕੰਚੂਆਂ ਨੂੰ ਕੱਚ ਸਮਝਕੇ 'ਕਚ' ਬੀ ਅਰਥ ਕਰਦੇ ਹਨ। ਕਚ ਦਾ ਮਤਲਬ ਬੀ ਬੇਕੀਮਤ ਤੇ ਨਿਕੰਮਾ ਹੈ। ਭਾਵ ਹੈ ਅਸ਼ੁਭ ਗੁਣਾਂ, ਆਦਤਾਂ ਤੇ ਕਰਮਾਂ ਤੋਂ।

ਮੋਤੀ–[ਸੰਸ:, ਮੁਕ੍ਤਾ] ਮੋਤੀ, ਇਕ ਰਤਨ ਬੇਸ਼ਕੀਮਤ। ਭਾਵ ਹੈ ਸ਼ੁਭ ਗੁਣਾਂ, ਸ਼ੁਭ ਆਦਤਾਂ ਤੇ ਸ਼ੁਭ ਕਰਮਾਂ ਤੋਂ। ਘਰੁ–ਅਸਥਾਨ, ਟਿਕਾਣਾ। ਪਦ।

ਅਭੈ–[ਸੰਸ:, ਅਭਯ] ਭੈ ਰਹਤ। ਡਰ ਤੋਂ ਉਪਰ।

ਤਟਿ–[ਸੰਸ:, ਤਟ:=ਨਦੀ ਕਿਨਾਰਾ] ਕਿਨਾਰਾ। ਤਟਿ ਤੀਰਥਿ, (ਨਦੀਆਂ ਦੇ) ਕਿਨਾਰਿਆਂ ਦੇ ਤੀਰਥਾਂ ਉਤੇ। (ਅ) 'ਨਦੀਆਂ ਦੇ ਕਿਨਾਰੇ ਅਤੇ ਤੀਰਥਾਂ ਉਤੇ' ਬੀ ਅਰਥ ਕਰਦੇ ਹਨ।

ਚਾਰ ਅਚਾਰ–(ਦੇਖੋ 'ਆਚਾਰ ਬਿਉਹਾਰੀ' ਪੰਨਾ ੧੬੮੫) ਚੌਹਾਂ ਦੇ ਆਚਾਰ (=ਕਰਮ) ਭਾਵ ਚਹੁੰ ਵੇਦਾਂ ਦੇ ਦੱਸੇ ਕਰਮ ਧਰਮ। (ਅ) (ਸ਼ਾਸਤ੍ਰਾਂ ਦੇ ਦੱਸੇ) ਕਰਮ ਤੇ ਧਰਮ ਬੀ ਅਰਥ ਕਰਦੇ ਹਨ। ਉਰਝਾਇ–ਉਲਝੇ ਰਹੇ। ਫਸੇ ਰਹੇ।

ਏਕ ਸਮਾਨ–ਇਕ ਤੁੱਲ। ਬਰੱਬਰ। ਇਥੇ ਇਖ਼ਲਾਕੀ ਕਰਮਾਂ ਵਿਚ ਮੰਦੇ ਚੰਗੇ ਨੂੰ ਇਖ਼-ਲਾਕੀ ਮੰਡਲ ਵਿਚ ਇਕ ਤੁੱਲ ਨਹੀਂ ਦੱਸ ਰਹੇ। ਏਥੇ ਤਾਂ ਅਭੈ ਪਦ ਦੀ ਪ੍ਰਾਪਤੀ ਲਈ ਦੋਹਾਂ ਕਰਮਾਂ ਨੂੰ ਹਉਮੈ ਤੋਂ ਹੁੰਦੇ ਦੱਸਕੇ ਹਉਮੈ ਤੋਂ ਨਿਰਬੰਧ ਕਰਕੇ ਅਭੈਤਾ ਵਿਚ ਲੈ ਜਾਣੇ ਅਸਮਰਥ ਦੱਸ ਰਹੇ

*ਸਿਮ੍ਰਿਤਿ ਸਾਸਤ ਪੁੰਨ ਪਾਪ ਬੀਚਾਰਦੇ ਤਤੈ ਸਾਰ ਨ ਜਾਣੀ॥ [ਰਾਮਕਲੀ ਮ: ੩ ਅਨੰਦੁ–੨੭

ਹਨ ਅਤੇ 'ਚਾਰ ਅਚਾਰ' ਕਹਿਣ ਤੋਂ ਧੁਨੀ ਉਨ੍ਹਾਂ ਕਰਮਾਂ ਵਲ ਜਾਂਦੀ ਹੈ ਜੋ ਕਰਮ ਕਾਂਡ ਵਿਚ 'ਯੱਗ ਆਦਿ' ਦੱਸੇ ਹਨ। ਓਹ ਸਾਰੇ ਕਰਮ ਸ਼ੁਭ ਜਨਮ, ਸ੍ਵਰਗ ਪ੍ਰਾਪਤੀ ਆਦਿ ਦੇ ਦਾਤਾ ਮੰਨੇ ਗਏ ਹਨ, ਅਭੈ ਪਦ ਦੇ ਦਾਤਾ ਨਹੀਂ ਮੰਨੇ ਗਏ।

ਨਿਜ ਘਰਿ–[ਸੰਸ:, ਨਿਜ (ਅਪਨਾ) + ਗ੍ਰਿਹੰ (=ਘਰ)] ਆਪਣੇ ਘਰ ਵਿਚ। ਆਪਣੇ ਮਨ ਵਿਚ। ਮਨ ਵਿਚ ਹੈ ਪਰਮਾਤਮਾ, ਸੋ ਭਾਵ ਨਿਰਗੁਣ ਪਰਮਾਤਮਾ ਤੋਂ ਹੈ ਜੋ ਅਗਲੀ ਤੁਕ ਤੋਂ ਪਤਾ ਲਗ ਜਾਂਦਾ ਹੈ। ਨਿਜ ਘਰ ਦਾ ਜੇ ਮਤਲਬ ਏਥੇ ਨਿਜ ਸਰੂਪ ਹੁੰਦਾ ਤਾਂ ਪਾਠ ਹੁੰਦਾ 'ਨਿਜ ਘਰੁ'। ਪਾਰਸੁ–[ਸੰਸ:, ਸ੍ਪਰਸ਼: ਹਿੰ:, ਪੰ:, ਪਾਰਸ] ਉਹ ਸ਼ੈ ਜਿਸ ਦੀ ਛੁਹ ਨਾਲ ਨਿੰਮ੍ਰ ਧਾਤੂ ਸ੍ਵਰਨ ਹੋ ਜਾਂਦੀ ਹੈ। ਨਿਜ ਘਰ ਵਿਚ ਐਸਾ ਨੀਚੋਂ ਊਚ ਕਰਨੇ ਵਾਲਾ ਪਰਮਾਤਮਾ ਹੈ। ਸੋ ਪਾਰਸੁ ਤੋਂ ਭਾਵ ਪਰਮਾਤਮਾ ਹੈ, ਜਿਸ ਦੀ ਨਾਮ ਦੁਆਰਾ ਲੱਖਤਾ ਤੋਂ ਜੀਵ ਉੱਚ ਵਸਤੂ ਪਰਮਾਤਮ ਸਰੂਪ ਹੋ ਜਾਂਦਾ ਹੈ।

ਤਜਹੁ ਗੁਨ ਆਨ–ਹੋਰ ਗੁਣਾਂ ਨੂੰ ਛਡ ਦਿਓ। ਇਸ ਦਾ ਭਾਵ ਇਖ਼ਲਾਕੀ ਸ਼ੁਭ ਗੁਣਾਂ ਦਾ ਤਯਾਗ ਨਹੀਂ, ਪਰ ਉਨ੍ਹਾਂ ਗੁਣਾਂ ਦਾ ਜੋ ਈਸ਼੍ਵਰ ਲੱਖਤਾ ਤੇ ਆਸਰੇ ਤੋਂ ਉਕਾ ਕੇ ਹੋਰ ਪਾਸੀਂ ਪਰਚਾਉਂਦੇ ਹਨ ਤੇ ਸੁਖਾਂ ਤੇ ਭੋਗਾਂ ਦਾ ਲਾਲਚੀ ਬਣਾਉਂਦੇ ਹਨ।

ਨਿਰਗੁਣ ਨਾਮੁ–ਨਿਰਗੁਣ ਦਾ ਨਾਮ। ਪਰਮਾਤਮਾ ਜੋ ਤ੍ਰਿਗੁਣਾਤੀਤ ਹੈ ਉਸ ਦਾ ਨਾਮ।

ਨ ਰੋਸ–(ਉਸ ਨਾਲ) ਰੋਸ ਨਾ ਕਰ। ਕਦੇ ਉਦਾਸ ਨਾ ਹੋ। ਏਥੇ 'ਉਸ ਨੂੰ ਸਿਮਰ' ਨਹੀਂ ਕਿਹਾ, 'ਨਾ ਰੋਸ' ਕਿਹਾ ਹੈ। ਮਟਕ ਇਹ ਹੈ ਕਿ ਕਦੇ 'ਉਸ ਨੂੰ ਨਾ ਤਯਾਗ'। 'ਉਸ ਨੂੰ ਲੱਗ' ਤਾਂ ਵਿੱਚੇ ਆ ਗਿਆ। ਲਗੇ ਹੋਏ ਨੂੰ ਕਹੀਦਾ ਹੈ ਕਿ 'ਨਾ ਤਯਾਗ'। ਭਾਵ ਇਹ ਹੈ ਕਿ ਗਯਾਨ ਪ੍ਰਾਪਤ ਹੋਕੇ ਬੀ ਬ੍ਰਿਤੀਆਂ ਨੂੰ ਨਾਮ ਤੋਂ ਸੱਖਣਾ ਨਾ ਹੋਣ ਦੇਹ। ਇਹ ਨਾਮ ਦਾ ਪਰਚਾ, ਜਦ ਤਕ ਮਨ ਹੈ, ਬ੍ਰਿਤੀਆਂ ਕੰਮ ਕਰਦੀਆਂ ਹਨ ਤਦ ਤਕ ਮਨ ਵਿਚ ਰਹੇ। ਨਹੀਂ ਤਾਂ ਮਨ ਸੰਕਲਪ ਵਿਕਲਪ ਵਿਚ ਫੇਰ ਦੌੜੇਗਾ, ਫੁਰਨਾ ਫੇਰ ਪ੍ਰਬਲ ਹੋ ਜਾਏਗਾ। ਇਸ ਕਰਕੇ ਜਦ ਤਕ ਮਨ ਚਲਦਾ ਹੈ ਮਨ ਨੂੰ ਸੱਖਣਾ ਹੋਕੇ ਦੌੜਨ ਭੱਜਣ ਦੇਣ ਦੀ ਥਾਂ ਨਾਮ ਦੇ ਪਰਚੇ ਨਾਲ ਸਾਈਂ ਵਿਚ ਮੇਲੀ ਰਖ, ਵਿੱਥ ਨਾ ਪੈਣ ਦੇਹ ਜੋ ਫੁਰਨਾ ਪਾਉਂਦਾ ਰਹਿੰਦਾ ਹੈ।

ਚਿੰਤਤ ਹੀ ਦੀਸੈ ਸਭੁ ਕੋਇ ॥ ਚੇਤਹਿ ਏਕੁ ਤਹੀ ਸੁਖੁ ਹੋਇ ॥
[ਰਾਮਕਲੀ ਮ: ੧, ਓਅੰਕਾਰੁ–੨੩

ਏਸੁ–ਏਸ ਨੂੰ, ਭਾਵ ਹੈ ਮਨ ਨੂੰ।

## [ਗਉੜੀ ਕਬੀਰ ਜੀ, ਚਉਪਦਾ–੧੦]

**ਪ੍ਰਾਕ੍ਥਨ–**ਪਿਛਲੇ ਸ਼ਬਦ ਵਿਚ 'ਅਭੈ ਪਦ' ਦੀ ਪ੍ਰਾਪਤੀ ਦਾ ਰਾਹ ਦੱਸਿਆ ਸਾਨੇ, ਹੁਣ ਲੋਕਾਂ ਦੀ 'ਬੈਕੁੰਠ ਪ੍ਰਾਪਤੀ' ਦੀ ਚਾਹ ਨੂੰ ਹੰਸੀ ਯੋਗ ਦੱਸਦੇ ਹਨ। 'ਉਸੇ ਪਦ' ਨੂੰ ਸੱਚੇ ਬੈਕੁੰਠ ਦੇ ਰੂਪ ਵਿਚ ਵਰਣਨ ਕਰਦੇ ਹਨ।

| ਮੂਲ | ਅਰਥ |
|---|---|
| ਗਉੜੀ ਕਬੀਰ ਜੀ ॥ ਜੋ ਜਨ ਪਰਮਿਤਿ ਪਰਮਨੁ ਜਾਨਾ॥ਬਾਤਨ ਹੀ ਬੈਕੁੰਠ ਸਮਾਨਾ ॥ ੧ ॥ | ਜਿਨ੍ਹਾਂ ਜਨਾਂ ਨੇ ਮਿਤਿ ਤੋਂ ਪਰੇ ਤੇ ਮਨ (ਦੀ ਗੰਮਤਾ) ਤੋਂ (ਬੀ) ਪਰੇ (ਪਰਮਾਤਮਾ ਨੂੰ ਗੱਲਾਂ ਨਾਲ ਹੀ) ਜਾਣ ਲਿਆ ਹੈ, ਓਹ ਗੱਲਾਂ ਨਾਲ ਹੀ ਬੈਕੁੰਠ ਵਿਚ ਸਮਾਏ ਹੋਏ (ਸਮਝ ਲਓ) ॥ ੧ ॥ |

| | |
|---|---|
| ਨਾ ਜਾਨਾ ਬੈਕੁੰਠ ਕਹਾ ਹੀ ॥ ਜਾਨੁ ਜਾਨੁ ਸਭਿ ਕਹਹਿ ਤਹਾਹੀ ॥ ੧ ॥ ਰਹਾਉ ॥ | (ਇਹ ਲੋਕਾਂ ਦਾ ਕਲਪਿਤ) ਬੈਕੁੰਠ ਕਿੱਥੇ ਹੈ (ਮੈਂ) ਨਹੀਂ ਜਾਣਦਾ, ਪਰ ਸਾਰੇ ਉਥੇ ਹੀ 'ਜਾਣਾ' 'ਜਾਣਾ' ਕੂਕਦੇ ਹਨ। ॥ ੧ ॥ ਰਹਾਉ ॥ |
| ਕਹਨ ਕਹਾਵਨ ਨਹ ਪਤੀਅਈ ਹੈ ॥ ਤਉ ਮਨੁ ਮਾਨੈ ਜਾਤੇ ਹਉਮੈ ਜਈ ਹੈ ॥ ੨ ॥ | ਕਿਸੇ ਦੇ ਕਹਿਣ ਕਹਾਵਣ ਤੇ (ਮੇਰਾ) ਮਨ ਨਹੀਂ ਪਤੀਜਦਾ। ਤਦ ਮਨ (ਉਸ ਉਤੇ) ਤਸੱਲੀ ਪਕੜੇਗਾ ਜਿਸ ਵਿਚੋਂ ਹਉਮੈਂ ਦੂਰ ਹੋਈ ਹੋਈ (ਦਿੱਸੇਗੀ) ॥ ੨ ॥ |
| ਜਬ ਲਗੁ ਮਨਿ ਬੈਕੁੰਠ ਕੀ ਆਸ॥ ਤਬ ਲਗੁ ਹੋਇ ਨਹੀ ਚਰਨ ਨਿਵਾਸੁ ॥ ੩ ॥ | ( ਸੁਣੋ ਭਾਈ ! ) ਜਦ ਤਕ (ਕਿਸੇ ਦੇ) ਮਨ ਵਿਚ (ਕਲਪਿਤ) ਬੈਕੁੰਠ ਦੀ ਆਸਾ ਲੱਗ ਰਹੀ ਹੈ ਤਦ ਤਕ ਉਸ ਦਾ (ਹਰੀ ਦੇ) ਚਰਨਾਂ ਵਿਚ ਨਿਵਾਸ ਨਹੀਂ ਹੋ ਸਕਦਾ ॥ ੩ ॥ |
| ਕਹੁ ਕਬੀਰ ਇਹ ਕਹੀਐ ਕਾਹਿ ॥ ਸਾਧ ਸੰਗਤਿ ਬੈਕੁੰਠੈ ਆਹਿ ॥ ੪ ॥ ੧੦ ॥ | ਕਬੀਰ ਜੀ ਆਖਦੇ ਹਨ ਕਿ ਇਹ ਕਿਸ ਨੂੰ ਦੱਸੀਏ (ਕਿ ਭਾਈ !) ਸਾਧ ਸੰਗਤਿ ਬੈਕੁੰਠ ਹੀ ਹੈ ॥ ੪ ॥ ੧੦ ॥ |

**ਵਯਾਖਯਾ**—ਬੈਕੁੰਠ ਸ੍ਵਰਗ ਆਦਿ ਪਦ ਆਮ ਲੋਕ ਵਰਤਦੇ ਹਨ। ਮਰਨ ਤੋਂ ਮਗਰੋਂ ਸ੍ਵਰਗ ਵਿਚ ਯਾ ਬੈਕੁੰਠ ਵਿਚ ਜਾਣੇ ਦੀ ਆਸ਼ਾ ਸਭ ਕੋਈ ਧਾਰਦਾ ਹੈ, ਇਸ ਦੀ ਪ੍ਰਾਪਤੀ ਲਈ ਸ਼ਾਸਤ੍ਰਾਂ ਵਿਚ ਦੱਸੇ ਅਨੇਕ ਪ੍ਰਕਾਰ ਦੇ ਕਰਮ ਬੀ ਕਰਦੇ ਹਨ।

ਸ੍ਰੀ ਕਬੀਰ ਜੀ ਪਿਛਲੇ ਸ਼ਬਦ ਵਿਚ 'ਅਭੈ ਪਦ' ਦਾ ਜ਼ਿਕਰ ਕਰ ਆਏ ਹਨ। ਉਸ ਦੇ ਟਾਕਰੇ ਤੇ ਲੋਕੋਕਤੀ ਦੇ ਬੈਕੁੰਠ ਦੀ ਹਕੀਕਤ ਦੱਸਦੇ ਹਨ ਤੇ ਫੇਰ ਸਚ ਮੁਚ ਦੇ ਬੈਕੁੰਠ ਦਾ ਪਤਾ ਦੇਂਦੇ ਹਨ। ਸ੍ਵਰਗ ਪਦ ਦੇ ਅੱਖਰੀ ਅਰਥ ਹਨ:–ਖੁਸ਼ੀ ਦਾ ਥਾਉਂ। ਸ੍ਵਰਗ ਅਕਸਰ ਕਰਕੇ ਇੰਦਰ ਦਾ ਲੋਕ ਮੰਨਿਆ ਜਾਂਦਾ ਹੈ। ਇਹ ਥਾਂ ਬੀ ਮਾਨੋ ਇਕ ਭੋਗ ਭੂਮੀ ਹੈ। ਬੈਕੁੰਠ ਇਸ ਤੋਂ ਉਪਰ ਮੰਨੀ ਦਾ ਹੈ। ਉਹ ਅਕਸਰ ਵਿਸ਼ਨੂੰ ਦਾ ਲੋਕ ਦੱਸਦੇ ਹਨ ਤੇ ਓਥੇ ਬੀ ਸਰੀਰਕ ਸੁਖਾਂ ਵਰਗੇ ਸੁਖਾਂ ਦੀ ਆਸ ਰਖਦੇ ਹਨ। ਸਗੋਂ ਕਈ ਵੇਰ ਤਾਂ ਬੈਕੁੰਠ ਦਾ ਟਿਕਾਣਾ ਮੇਰੂ ਪਹਾੜ ਦੀ ਪੂਰਬਲੀ ਚੋਟੀ ਉਤੇ ਯਾ ਉਤਰੀ ਸਾਗਰ ਵਿਚ ਬੀ ਦੱਸਿਆ ਹੈ।

ਬੈਕੁੰਠ ਤੇ ਸ੍ਵਰਗ ਦੀ ਪ੍ਰਾਪਤੀ ਲਈ ਕਰਮ ਕਰੀਦੇ ਹਨ। ਕਬੀਰ ਜੀ ਨੇ ਦੱਸਿਆ ਹੈ:–

ਕਰਮ ਕਰਤ ਬਧੇ ਅਹੰਮੇਵ ॥ [ਗਉੜੀ ਕਬੀਰ ਜੀ–੬

ਇੰਦ੍ਰ ਲੋਕ ਸਿਵ ਲੋਕਹਿ ਜੈਬੋ ॥ ਓਛੇ ਤਪ ਕਰਿ ਬਾਹੁਰਿ ਐਬੋ ॥

[ਧਨਾਸਰੀ ਕਬੀਰ ਜੀ ੪

ਸੋ ਜੋ ਸ਼ੈ ਹਉਮੈਂ ਨਾਲ ਪ੍ਰਾਪਤ ਹੁੰਦੀ ਹੈ ਓਹ ਕਾਲ ਚਕ੍ਰ ਵਿਚ ਰਖੇਗੀ! ਕਹਿਣ ਮਾਤ੍ਰ ਨਾਲ ਜੋ ਕਹਿ ਦੇਂਦੇ ਹਨ ਓਹ ਬੈਕੁੰਠ ਜਾਣਗੇ ਉਹ ਕਹਿਣ ਮਾਤ੍ਰ ਹੀ ਹੈ, ਉਹ ਬੈਕੁੰਠ ਵਿਚ ਪ੍ਰਵੇਸ਼ ਨਹੀਂ ਹੈ। ਇਹ ਕਲਪਿਤ ਬੈਕੁੰਠ ਯਾ ਥੋੜਾ ਕਾਲ ਸੁਖ ਦੇਕੇ ਫੇਰ ਗਿਰਾ ਦੇਣ ਵਾਲੇ ਬੈਕੁੰਠ ਦਾ ਯਾ 'ਮੇਰੂ' ਕਿ 'ਸਾਗਰ' ਵਿਚ ਦੇ ਬੈਕੁੰਠ ਦਾ ਕਬੀਰ ਜੀ ਅਮੰਨਾ ਨਹੀਂ ਕਰਦੇ ਕਿਉਂਕਿ ਬੈਕੁੰਠ ਪਦ ਦੇ ਅਰਥ ਲਓ ਤਾਂ ਏਹ ਹਨ:-'ਜਿਥੇ ਵਿਨਾਸ਼ ਨਹੀਂ ਹੈ।' ਪਰ ਜਿਥੋਂ ਗਿਰਾਉ ਮਿਲੇ ਯਾ ਜੋ ਸਾਗਰ ਕਿ ਮੇਰੂ ਪਹਾੜ ਤੇ ਹੋਵੇ; ਜੋ ਕਿ ਪ੍ਰਿਥਵੀ ਤੇ ਹਨ ਤੇ 'ਪ੍ਰਿਥਵੀ ਨਾਸ਼ਮਾਨ ਹੈ', ਸੋ ਕਹਿਣਾ ਕਿ ਅਸਾਂ ਬੈਕੁੰਠ ਜਾਣਾ ਹੈ ਤੇ 'ਨਾਸ਼ ਰਹਿਤ ਨਾ ਹੋਣਾ' ਇਹ ਇਕ ਹੰਸੀ ਦੀ ਬਾਤ ਹੋਈ।

ਫੇਰ ਲੋਕਾਂ ਦੇ ਦੱਸੇ ਬੈਕੁੰਠ ਵਿਚ ਜਾਣਾ ਸ੍ਵਰਗ ਆਦਿ ਦੇ ਪਦਾਰਥਾਂ ਨਾਲ ਮੋਹ ਹੀ ਹੈ

ਜਿਵੇਂ ਏਥੇ ਦੁਨੀਆਂ ਵਿਚ ਧਨ ਪਦਾਰਥ ਨਾਲ ਮੋਹ ਹੈ ਸੋ ਜਿਵੇਂ ਇਹ ਦੁਨਿਆਵੀ ਪਦਾਰਥਾਂ ਦਾ ਮੋਹ ਵਾਹਿਗੁਰੂ ਨਾਲ ਮੋਹ ਨਹੀਂ ਹੈ, ਅਰਥਾਤ ਕਰਤਾ ਨਾਲ ਨਹੀਂ ਕ੍ਰਿਤ ਨਾਲ ਹੈ, ਸੋ ਇਹ ਦੁਇ ਕਰਤਾ ਤੋਂ ਦੂਰ ਰੱਖਣਗੇ।

ਹੁਣ ਆਪ ਜੀ ਅੰਕ ੨ ਤੇ ੩ ਵਿਚ ਅਸਲੀ ਬੈਕੁੰਠ ਨੂੰ ਲੈਂਦੇ ਹਨ ਕਿ ਜਿਸ ਦੀ ਬਾਬਤ ਜੋ ਕੁਛ ਫੁਰਮਾਉਂਦੇ ਹਨ ਉਸ ਦਾ ਭਾਵ ਇਹ ਹੈ ਕਿ 'ਹਰੀ ਚਰਣਾਂ ਦਾ ਮਨ ਵਿਚ ਹੋਵੇ ਨਿਵਾਸ'। ਜਿਸ ਦੇ ਮਨ ਵਿਚ ਹਰੀ ਚਰਨ ਵੱਸਦੇ ਹਨ ਉਸ ਦੇ ਮਨ ਵਿਚ ਸੁਤੇ ਹੀ ਲੋਕ ਪ੍ਰਲੋਕ ਦੇ ਪਦਾਰਥਾਂ ਤੋਂ ਵੈਰਾਗ ਹੋ ਜਾਏਗਾ। ਅਰਥਾਤ ਉਸ ਦੀ ਹਉਮੈਂ ਨਵਿਰਤ ਹੋ ਗਈ ਹੋਵੇਗੀ। ਪਰਮੇਸ਼ੁਰ ਪ੍ਰੇਮੀ 'ਪਦਾਰਥਾਂ ਤੋਂ ਵੈਰਾਗੀ ਤੇ ਹਉਮੈਂ ਤੇ ਬਿਜਈ' ਹੋ ਜਾਂਦਾ ਹੈ। ਐਸੇ ਪੁਰਖ ਨੂੰ ਮਿਤਿ ਤੋਂ ਪਰੇ ਤੇ ਮਨ ਬੁੱਧੀ ਦੀ ਗੰਮਤਾ ਤੋਂ ਪਰੇ ਪਰਮਾਤਮਾ ਦਾ ਅਨੁਭਵ ਹੋ ਜਾਂਦਾ ਹੈ। ਉਹ ਪੁਰਖ ਸਦਾ ਸੁਖ ਦੀ ਹਾਲਤ ਵਿਚ ਵੱਸਦਾ ਹੈ। ਇਹ ਸਦਾ ਸੁਖ ਤੇ ਨਾਸ਼ ਰਹਿਤ ਯਥਾਰਥ ਦੀ ਪ੍ਰਾਪਤੀ ਅਸਲ 'ਬੈਕੁੰਠ' ਹੈ, ਜਦੋਂ ਤੇ ਜਿੱਥੇ 'ਕੁੰਠਤਾ' ਅਰਥਾਤ ਨਾਸ਼ਮਾਨਤਾ, (ਵਿ=) ਨਹੀਂ ਰਹਿੰਦੀ।

ਹੁਣ ਰਹੀ ਇਹ ਗਲ ਕਿ ਉਹ ਪ੍ਰਾਪਤ ਕਿਵੇਂ ਹੋਵੇ ? ਉਸ ਲਈ ਅਖੀਰਲੀ ਤੁਕ ਉਚਾਰੀ ਹੈ ਕਿ ਦੂਸਰਾ ਬੈਕੁੰਠ ਸਾਧ ਸੰਗਤ ਹੈ।

ਇਹ ਕੀਕੂੰ ਬੈਕੁੰਠ ਹੈ ? ਇਥੇ ਉਸ ਬੈਕੁੰਠ ਦੀ,ਜੋ ਈਸ਼੍ਵਰ ਪ੍ਰੇਮ ਤੇ ਹਉਮੈਂ ਦੀ ਨਵਿਰਤੀ ਨਾਲ ਪ੍ਰਾਪਤ ਹੁੰਦਾ ਹੈ, ਤਿਆਰੀ ਹੁੰਦੀ ਹੈ। ਇਹ ਬੈਕੁੰਠ ਉਸ ਬੈਕੁੰਠ ਵਿਚ ਲੈ ਜਾਂਦਾ ਹੈ, ਅਤੇ ਇਸ ਬੈਕੁੰਠ ਵਿਚ ਉਹ ਬੈਕੁੰਠ ਵੱਸਦਾ ਹੈ। ਏਥੇ ਹਰੀ ਪ੍ਰੇਮ ਪ੍ਰਧਾਨ ਹੈ, ਏਥੇ ਵੈਰਾਗ ਤੇ ਵਿਵੇਕ ਦਾ ਉਪਦੇਸ਼ ਹੈ, ਏਥੇ ਹਰੀ ਦੀ ਕੀਰਤੀ ਦਾ ਨਿਵਾਸ ਹੈ, ਏਥੇ ਹਰੀ ਨਾਮ ਦਾ ਵਾਯੂ ਮੰਡਲ ਹੈ। ਏਥੋਂ ਦਾ ਪ੍ਰਭਾਵ ਆਤਮ ਸੁਖ ਦਾ ਦਾਤਾ ਹੈ। ਏਥੇ ਲਿਵਲੀਨਤਾ ਪ੍ਰਾਪਤ ਹੁੰਦੀ ਹੈ, ਤਦ ਗੁਪਤਾ ਦੇ ਭੇਤ ਮਿਲਦੇ ਹਨ ਤੇ ਅਨੁਭਵ ਖੁੱਲ੍ਹਦਾ ਹੈ। ਇਹ ਬੈਕੁੰਠ ਪ੍ਰਤੱਖ ਹੈ, ਅੱਖਾਂ ਨਾਲ ਦਿੱਸਦਾ ਏਸ ਜਗਤ ਵਿਚ ਵਿਦਮਾਨ ਹੈ।

**ਨਿਰੁਕ੍ਤ**—ਪਰਮਿਤਿ—(ਦੇਖੋ ਪੰਨਾ ੧੬੩੨) ਮਿਤ ਤੋਂ ਪਰੇ। ਜੋ ਗਣਤੀ ਮਿਣਤੀ, ਤੋਲ, ਹੱਦ, ਕਲੁ ਕਲੇਸ਼ ਤੋਂ ਪਰੇ ਹੈ। ਪਾਰਬ੍ਰਹਮ, ਪਰਮੇਸ਼ਰ।

ਪਰ ਮਨੁ—[ਸੰਸ:, ਪਰ=ਪਰੇ, (ਦੂਰ)+ਮਨ।] ਜੋ ਮਨ ਦੀ ਗੰਮਤਾ ਗਯਾਨ ਤੋਂ ਪਰੇ ਹੈ। ਪਾਰਬ੍ਰਹਮ ਪਰਮੇਸ਼ੁਰ।

**ਸੂਚਨਾ**—ਪਾਠ ਹੈ ਪਰਮਨੁ। ਪ੍ਰੰਤੂ ਅਕਸਰ ਦਾਨਿਆਂ ਨੇ ਨਨੇ ਦੇ ਔਂਕੜ ਨੂੰ ਗਉਲਿਆ ਨਹੀਂ ਤੇ 'ਨਨਾ' ਮੁਕਤਾ ਸਮਝ ਕੇ ਪਾਠ ਕੀਤਾ ਹੈ 'ਪਰਮ ਨ ਜਾਨਾ'। ਇਹ ਪਾਠ ਸਮਝਕੇ ਫਿਰ ਤੁਕ ਦੇ ਅਰਥ ਕੀਤੇ ਹਨ:-ਜਿਨ੍ਹਾਂ ਨੇ ਮਿਤਿ ਤੋਂ ਪਰੇ ਜੋ ਪਰਮ (ਪੂਰਾ ਯਾ ਵੱਡਾ ਪਰਮਾਤਮਾ ਹੈ ਉਸ) ਨੂੰ ਨਹੀਂ ਜਾਣਿਆ। ਫਿਰ ਕਈ ਪੁਰਾਤਣ ਦਾਨਿਆਂ ਨੇ 'ਨੁ' ਦੇ ਔਂਕੜ ਨੂੰ ਵੇਖਕੇ ਅਰਥ ਨੂੰ ਹੋਰਵੇਂ ਰੂਪ ਦਿੱਤਾ ਹੈ। ਉਨ੍ਹਾਂ ਨੇ 'ਬਾਤਨ ਹੀ' ਪਦ ਨੂੰ 'ਬਾਤ+ਨਹੀ' ਦਾ ਅਰਥ ਰੰਗ ਦਿੱਤਾ ਹੈ ਕਿ ਜਿਨ੍ਹਾਂ ਨੇ 'ਪਰਮਿਤਿ ਪਰਮਨੁ' ਨੂੰ ਜਾਣ ਲਿਆ ਹੈ ਉਨ੍ਹਾਂ ਨੂੰ ਬੈਕੁੰਠ ਵਿਚ ਸਮਾਉਣ ਦੀ ਇੱਛਾ ਹੀ ਨਹੀਂ ਰਹੀ। 'ਬਾਤ' ਪਦ ਦਾ ਅਰਥ ਹੈ 'ਵਾਉ।' 'ਵਾਤਾ' ਪਦ ਦਾ ਅਰਥ ਕੀਤਾ 'ਚਾਹਿਆ ਗਿਆ'; ਇਸ ਤੋਂ 'ਇੱਛਾ' ਅਰਥ ਲੈ ਕੇ ਅਰਥ ਵਿਧੀ ਪੱਖ ਵਿਚ ਕੀਤੇ ਹਨ ਕਿ ਜਿਨ੍ਹਾਂ ਨੇ ਪਰਮਿਤ ਪਰ ਮਨ ਨੂੰ ਜਾਣਿਆ ਹੈ ਉਹ ਬੈਕੁੰਠ ਦੀ ਇੱਛਾ ਨਹੀਂ ਕਰਦੇ। ਹੋਰ ਪੁਰਾਤਨ

ਇਹ ਬੀ ਹੋਇਆ ਹੈ ਕਿ 'ਬਾਤਨ' ਪਦ ਨੂੰ ਫਾਰਸੀ ਪਦ 'ਬਾ+ਤਨ' ਸਮਝ ਲਿਆ ਜਾਵੇ ਕਿ 'ਸਰੀਰ ਸਮੇਤ'। ਤੁਕ ਦਾ ਅਰਥ ਫੇਰ ਇਹ ਢੁਕਾਉਂਦੇ ਹਨ:–ਉਹ ਸਰੀਰ ਦੇ ਹੁੰਦੇ ਹੀ ਬੈਕੁੰਠ ਵਿਚ ਸਮਾ ਗਏ ਹਨ।

ਬੈਕੁੰਠ–[ਸੰਸ: ਵੈਕੁਣ੍ਠੰ। ਵਿ=ਨਹੀਂ ਹੈ, ਕੁਣ੍ਠ=ਵਿਨਾਸ਼] ਜਿਸਦਾ ਵਿਨਾਸ਼ ਨਹੀਂ ਹੈ, ਅਬਿਨਾਸ਼ੀ। (ਅ) ਜਿਥੇ ਵਿਨਾਸ਼ ਨਹੀਂ ਹੈ। ਨਾਸ਼ ਰਹਿਤ, ਯਥਾਰਥ। ਵਿਸ਼ੇਸ਼ ਵਿਵੇਚਨਾ ਇਸੇ ਸ਼ਬਦ ਦੀ ਵ੍ਯਾਖ੍ਯਾ ਵਿਚ ਆ ਚੁਕੀ ਹੈ।

ਨਹ ਪਤੀਅਈ ਹੈ–ਪਤੀਜਣਾ ਨਹੀਂ ਆਉਂਦੀ। (ਮੇਰਾ ਮਨ) ਨਹੀਂ ਪਤੀਜਦਾ, ਭਾਵ ਨਿਸ਼ਾ ਯਾ ਤਸੱਲੀ ਨਹੀਂ ਹੁੰਦੀ।

ਚਰਨ ਨਿਵਾਸੁ–[ਸੰਸ:, ਚਰਣ:+ਨਿਵਾਸ:] ਚਰਨਾਂ ਦਾ ਨਿਵਾਸ ਭਾਵ ਹੈ ਈਸ਼੍ਵਰ ਚਰਣਾਂ ਵਿਚ ਵਾਸਾ। ਕਾਹਿ–ਕਿਸ ਨੂੰ। ਆਹਿ–ਹੈ।

## [ਗਉੜੀ ਕਬੀਰ ਜੀ, ਚਉਪਦਾ–੧੧]

**ਪ੍ਰਾਕ੍ਕਥਨ**–ਸਾਧ ਸੰਗਤ ਰੂਪੀ ਬੈਕੁੰਠ ਵਿਚ ਜਾਣੋਂ ਨਾ ਰੁਕੋ। ਇਸ ਹਿਤ ਏਸ ਸ਼ਬਦ ਵਿਚ ਸੰਸਾਰ ਦੀ ਅਸਾਰਤਾ ਦਿਖਾਲਦੇ ਹਨ ਅਤੇ ਵੈਰਾਗ ਦਾ ਉਪਦੇਸ਼ ਕਰਦੇ ਹਨ ਕਿ ਕਿਵੇਂ ਜੀਵ ਵੈਰਾਗੀ ਹੋਣ ਤੇ ਦਾਰੂ ਲਈ ਸਾਧ ਸੰਗਤ ਵਿਚ ਜਾਣ।

| ਮੂਲ | ਅਰਥ |
| --- | --- |
| ਗਉੜੀ ਕਬੀਰ ਜੀ ॥ ਉਪਜੈ ਨਿਪਜੈ ਨਿਪਜਿ ਸਮਾਈ॥ ਨੈਨਹ ਦੇਖਤ ਇਹੁ ਜਗੁ ਜਾਈ ॥੧॥ | ਉਪਜਦਾ ਹੈ, ਵੱਡਾ ਹੁੰਦਾ ਹੈ (ਪੱਕਦਾ ਹੈ), ਪੱਕ ਕੇ (ਫੇਰ) ਸਮਾਪਤ ਹੋ ਜਾਂਦਾ ਹੈ। ਅੱਖਾਂ ਨਾਲ ਵੇਖਦਿਆਂ (ਵੇਖਦਿਆਂ) ਇਹ ਜਗਤ (ਤੁਰਿਆ) ਜਾਂਦਾ ਹੈ ॥ ੧ ॥ |
| ਲਾਜ ਨ ਮਰਹੁ ਕਹਹੁ ਘਰੁ ਮੇਰਾ ॥ ਅੰਤ ਕੀ ਬਾਰ ਨਹੀ ਕਛੁ ਤੇਰਾ ॥ ੧ ॥ ਰਹਾਉ ॥ | (ਹੇ ਭਾਈ! ਤੂੰ) ਸ਼ਰਮ ਨਾਲ ਮਰ ਨਹੀਂ ਜਾਂਦਾ (ਕਿ ਇਸ ਜਗਤ ਨੂੰ ਤੂੰ) 'ਅਪਣਾ ਘਰ' ਆਖਦਾ ਹੈਂ, ਅੰਤ ਸਮੇਂ (ਇਸ ਜਗਤ ਦੇ ਪਦਾਰਥਾਂ ਵਿਚੋਂ) ਕੁਛ ਬੀ ਤੇਰਾ ਨਹੀਂ ਰਹੇਗਾ। ॥ ੧ ॥ ਰਹਾਉ ॥ |
| ਅਨਿਕ ਜਤਨ ਕਰਿ ਕਾਇਆ ਪਾਲੀ ॥ ਮਰਤੀ ਬਾਰ ਅਗਨਿ ਸੰਗਿ ਜਾਲੀ ॥ ੨ ॥ | ਅਨੇਕਾਂ ਜਤਨ ਕਰਕੇ (ਇਹ) ਦੇਹ ਪਾਲੀ ਹੈ, ਮਰਦੀ ਵਾਰੀ ਇਹ ਬੀ ਅੱਗ ਨਾਲ ਸਾੜ ਦਿੱਤੀ ਜਾਂਦੀ ਹੈ ॥ ੨ ॥ |
| ਚੋਆ ਚੰਦਨੁ ਮਰਦਨ ਅੰਗਾ ॥ ਸੋ ਤਨੁ ਜਲੈ ਕਾਠ ਕੈ ਸੰਗਾ ॥ ੩ ॥ | (ਜਿਸ ਸਰੀਰ ਦੇ) ਅੰਗਾਂ ਨਾਲ (ਤੂੰ) ਚੰਦਨ ਅਤਰ ਮਲਦਾ ਹੈਂ, ਉਹ ਸਰੀਰ ਲੱਕੜਾਂ ਨਾਲ ਸੜਦਾ ਹੈ ॥ ੩ ॥ |
| ਕਹੁ ਕਬੀਰ ਸੁਨਹੁ ਰੇ ਗੁਨੀਆ ॥ ਬਿਨਸੈਗੋ ਰੂਪੁ ਦੇਖੈ ਸਭ ਦੁਨੀਆ ॥ ੪ ॥ ੧੧ ॥ | ਕਹਿੰਦੇ ਹਨ ਕਬੀਰ ਜੀ! ਹੇ ਗੁਣਵਾਨ (ਲੋਕੋ) ਸੁਣੋਂ! ਰੂਪ ਬਿਨਸ ਜਾਏਗਾ (ਤੇ ਇਹ ਬਿਨਾਸ) ਸਾਰੀ ਦੁਨੀਆਂ ਦੇਖੇਗੀ ॥ ੪ ॥ ੧੧ ॥ |

**ਵ੍ਯਾਖ੍ਯਾ**–ਇਸ ਸਾਰੇ ਸ਼ਬਦ ਵਿਚ ਵੈਰਾਗ ਦਾ ਉਪਦੇਸ਼ ਹੈ। ਸੰਸਾਰ ਦੀ ਅਸਾਰਤਾ;

ਮਨੁਖ ਦਾ ਆਦਿ, ਮੱਧ ਤੇ ਅੰਤ ਵਿਨਾਸ਼ ਵਿਚ ਦੱਸਦੇ ਹੋਏ ਧੁਨੀ ਵਿਚ ਇਹ ਉਪਦੇਸ਼ ਦੇਂਦੇ ਹਨ ਕਿ ਇਸ ਨੂੰ ਨਾ ਲਿਪਟ, ਇਸ ਵਿਚ ਗ਼ਾਫ਼ਲ ਨਾ ਹੋ, ਬੈਕੁੰਠ ਦਾ ਰਾਹ ਫੜ, ਸਤਿਸੰਗ ਵਿਚ ਜਾਹ ਤੇ ਅਭੈ ਪਦ ਤੇ ਪਹੁੰਚਣ ਦਾ ਜਤਨ ਕਰ।

**ਨਿਰੁਕ੍ਤ–** ਉਪਜੈ–[ਸੰਸ:, ਉਤ੍ਪਾਦਨਮ੍=ਜਨਮ ਲੈਣਾ। ਪੰ:, ਉਪਜਨਾ] ਪੈਦਾ ਹੁੰਦਾ ਹੈ।

ਨਿਪਜੈ–[ਸੰਸ:, ਨਿਸ਼੍ਪਨੰ੍ਨ। ਪ੍ਰਾ:, ਨਿਪਜਇ। ਹਿੰਦੀ, ਨਿਪਜਨਾ। ਪੰ:, ਨਿਪਜਨਾ] ਇਸ ਪਦਦੇ ਤ੍ਰੈ ਅਰਥਹਨ–੧. ਉਪਜਨਾ ਅਰਥਾਤ ਪੈਦਾ ਹੋਣਾ। ੨. ਪਲਨਾ। ੩. ਪੱਕ ਜਾਣਾ, ਮੁਕੰਮਲ ਹੋ ਜਾਣਾ*। ਏਥੇ 'ਪੈਦਾ ਹੋਣ ਵਾਸਤੇ' ਪਦ ਆਇਆ ਹੈ 'ਉਪਜੈ', 'ਪਲਨ ਯਾ ਪੁਸ਼ਟ ਹੋਣ' ਵਾਸਤੇ ਆਇਆ ਹੈ 'ਨਿਪਜੈ'; ਸੋ ਪੱਕ ਜਾਣ ਯਾ 'ਮੁਕੰਮਲ ਹੋ ਜਾਣ' ਵਾਸਤੇ ਆਇਆ ਹੈ 'ਨਿਪਜਿ'। ਸ੍ਰਿਸ਼ਟੀ ਉਪਜਦੀ ਹੈ, ਪਲਦੀ ਹੈ, ਮੁਕੰਮਲ ਹੁੰਦੀ ਹੈ ਤੇ (ਅੰਤ ਨੂੰ) ਸਮਾ (ਮਰ) ਜਾਂਦੀ ਹੈ।

(ਅ) ਪੁਰਾਤਣ ਦਾਨਿਆਂ ਨੇ 'ਉਪਜੈ ਨਿਪਜੈ ਨਿਪਜਿ' ਨੂੰ ਐਉਂ ਬੀ ਵਰਣਨ ਕੀਤਾ ਹੈ:–

ਉਪਜੈ–ਪਹਿਲਾਂ ਖੇਤੀਆਂ ਵਿਚ ਅੰਨ ਹੋਕੇ ਉਪਜਦਾ ਹੈ।

ਨਿਪਜੈ–ਫੇਰ ਮਾਤਾ ਪਿਤਾ ਓਹ ਅੰਨ ਖਾਂਦੇ ਹਨ ਤਾਂ ਜੀਵ ਮਾਤ ਗਰਭ ਵਿਚ ਰਕਤ ਬੀਜ ਦੁਆਰਾ ਉਪਜਦਾ ਹੈ।

ਨਿਪਜਿ–ਫੇਰ ਮਾਤ ਗਰਭ ਤੋਂ ਬਾਹਰ ਆਉਂਦਾ ਹੈ, ਇਹ ਤੀਸਰਾ ਉਪਜਣਾ ਹੈ।

ਇਸ ਪ੍ਰਕਾਰ ਤੇ ਵੇਰੀ 'ਉਪਜੈ ਨਿਪਜੈ ਨਿਪਜਿ' ਦਾ ਅਰਥ 'ਉਪਜਣਾ' ਸਫਲਾਇਆ ਜਾਂਦਾਹੈ।

(ੲ) ਐਉਂ ਬੀ ਕਰ ਲੈਂਦੇ ਹਨ: ਉਪਜੈ=ਉਪਜਦਾ ਹੈ ਮਾਂ ਦੇ ਗਰਭ ਵਿਚ। ਫੇਰ ਜੰਮਦਾ ਹੈ ਜਦੋਂ ਗਰਭ ਤੋਂ ਬਾਹਰ ਆਉਂਦਾ ਹੈ, ਇਹ ਹੈ 'ਨਿਪਜੈ'। ਫੇਰ 'ਨਿਪਜਿ' ਅਰਥਾਤ ਐਉਂ ਜੰਮ ਕੇ, ਸਮਾਈ=ਸਮਾ ਜਾਂਦਾ ਹੈ।

(ਸ) ਅਥਵਾ, ਪਿਤਾ ਦੀ ਬਿੰਦ ਵਿਚ ਆਉਣਾ 'ਉਪਜਣਾ' ਹੈ, ਮਾਤ ਗਰਭ ਵਿਚ ਧਾਰਨ ਹੋਣਾ 'ਨਿਪਜਣਾ' ਹੈ। ਮਾਤ ਗਰਭ ਵਿਚੋਂ 'ਜੰਮ ਪੈਣਾ' ਨਿਪਜਿ ਹੈ। ਏਹ ਸਾਰੇ ਯਤਨ ਤਿੰਨਾਂ ਪਦਾਂ ਦਾ ਅਰਥ 'ਉਪਜਣਾ' ਕਰਨੇ ਕਰਕੇ ਹੈ। ਪਰ ਉਪਰ ਹਿੰਦੀ ਵਿਚ ਨਿਪਜਣਾ ਦੇ ਤ੍ਰੈ ਅਡ ਅਡ ਅਰਥ ਦੱਸਕੇ ਤੇ ਕਬੀਰ ਜੀ ਦੇ ਅਪਣੇ ਪ੍ਰਮਾਣਾਂ ਤੋਂ ਸਿੱਧ ਹੁੰਦੇ (ਟੂਕ ਵਿਚ) ਦੱਸਕੇ ਅਰਥ ਕੀਤੇ ਗਏ ਹਨ।

ਸਮਾਈ–[ਸੰਸ:, ਸਮਾਵੇਸ਼:=ਇਕ ਥਾਂ ਰਹਿਣਾ, ਆਕੇ ਮਿਲ ਜਾਣਾ] ਸਮਾ ਜਾਂਦੀ ਹੈ। ਸਮਾਪਤ ਹੋ ਜਾਂਦੀ ਹੈ, ਮਰ ਜਾਂਦੀ ਹੈ।

ਜਾਈ–ਜਾਂਦਾ ਹੈ। ਤੁਰਿਆ ਜਾਂਦਾ ਹੈ। ਮਰਦਾ ਜਾਂਦਾ ਹੈ।

ਚੋਆ ਚੰਦਨੁ–(ਦੇਖੋ ਪੰਨਾ ੨੭੮) ਚੰਦਨ ਦਾ ਅਤਰ। (ਅ) ਅਗਰ ਤੇ ਚੰਦਨ।

ਮਰਦਨ–[ਸੰਸ:, ਮਰਦਨੰ] ਮਲਨਾ। ਲਾਉਣਾ।

ਕਾਠ–(ਦੇਖੋ 'ਕਾਸਟ' ਪੰਨਾ ੧੯੩) ਬਾਲਣ ਵਾਲੀਆਂ ਲੱਕੜਾਂ। ਲੱਕੜਾਂ। ਬਾਲਣ।

ਗੁਨੀਆ–[ਸੰਸ:, ਗੁਣੀ] ਗੁਣਵਾਨੋ ! ਗੁਣਵਾਨ ਲੋਕੋ ! ਸੋਚ ਵੀਚਾਰ ਵਾਲਿਓ ! (ਅ) ਇਸ ਦਾ ਭਾਵ ਗੇਣਤੀ ਵਾਲੇ ਕਰਕੇ 'ਦੁਨੀਆਵੀ ਹਿਸਾਬਾਂ ਗੇਣਤੀਆਂ ਵਿਚ ਫਸੇ ਲੋਕੋ!' ਬੀ ਕਰ ਲੈਂਦੇ ਹਨ।

---

*੧. ਉਪਜਨਾ:–ਜੈਸੇ ਉਲਟਾ ਪੁਲਟਾ ਨੀਪਜੈ ਜਿਉਂ ਖੇਤਨ ਮਹਿ ਬੀਜ ॥ [ਕਬੀਰ, ਬਾਹਰਲਾ

੨. ਪਲਨਾ:–ਭਲੀ ਬੁਧਿ ਤੇਰੇ ਜੀਅ ਉਪਜੀ। ਜਿਉਂ ਜਿਉਂ ਦਿਨੀ ਭਈ ਤਿਉਂ ਤਿਉਂ ਨਿਪਜੀ। [ਸੂਰ

੩. ਮੁਕੰਮਲ ਹੋ ਜਾਣਾ:–ਸਬਦ ਸਹੈ ਸਨਮੁਖ ਰਹੈ, ਨਿਪਜੈ ਸਿਖ ਸੁਜਾਨ ॥ [ਕਬੀਰ, ਬਾਹਰਲਾ

## [ਗਉੜੀ ਕਬੀਰ ਜੀ, ਚਉਪਦਾ–੧੨]

**ਪ੍ਰਾਕ੍ਥਨ**–ਮਰਨੇ ਦੇ ਸ਼ੋਕ ਤੋਂ ਚੁੱਕਕੇ ਸੱਚੇ ਵੈਰਾਗ ਤੇ ਗ੍ਯਾਨ ਵਿਚ ਲੈ ਚਲਦੇ ਹਨ।

| ਮੂਲ | ਅਰਥ |
|---|---|
| ਗਉੜੀ ਕਬੀਰ ਜੀ ॥ ਅਵਰ ਮੂਏ ਕਿਆ ਸੋਗੁ ਕਰੀਜੈ ॥ ਤਉ ਕੀਜੈ ਜਉ ਆਪਨ ਜੀਜੈ ॥ ੧ ॥ | ਹੋਰਨਾਂ ਦੇ ਮਰਨੇ ਤੇ ਕੀਹ ਸੋਗ ਕਰੀਏ, ਤਾਂ ਕਰੀਏ ਜੇ ਆਪ (ਸਦਾ) ਜੀਉਣਾ ਹੋਵੇ ॥ ੧ ॥ |
| ਮੈ ਨ ਮਰਉ ਮਰਿਬੋ ਸੰਸਾਰਾ ॥ ਅਬ ਮੋਹਿ ਮਿਲਿਓ ਹੈ ਜੀਆਵਨਹਾਰਾ ॥ ੧ ॥ ਰਹਾਉ ॥ | (ਹਾਂ ਸੱਚੀਂ) ਮੈਂ ਤਾਂ (ਹੁਣ) ਨਹੀਂ ਮਰਨਾ, ਸੰਸਾਰ ਪਿਆ ਮਰੇਗਾ। (ਕਿਉਂਕਿ) ਮੈਨੂੰ ਹੁਣ (ਆਤਮ ਜੀਵਨ ਵਿਚ) ਜਿਵਾਉਣ ਵਾਲਾ ਮਿਲ ਪਿਆ ਹੈ ॥ ੧ ॥ ਰਹਾਉ ॥ |
| ਇਆ ਦੇਹੀ ਪਰਮਲ ਮਹਕੰਦਾ ॥ ਤਾ ਸੁਖ ਬਿਸਰੇ ਪਰਮਾਨੰਦਾ ॥੨॥ | (ਉਸ ਜਿਵਾਲਣਹਾਰ ਨੇ ਦੱਸਿਆ ਹੈ ਕਿ) ਇਸ ਦੇਹੀ ਨੂੰ (ਜੀਵ) ਚੰਦਨ (ਆਦਿ ਸੁਗੰਧੀਆਂ ਮਲਕੇ) ਮਹਕਾਉਂਦੇ ਹਨ (ਤੇ ਭੋਗਾਂ ਵਿਚ ਪਾਉਂਦੇ ਹਨ), ਉਨ੍ਹਾਂ (ਭੋਗ-) ਸੁਖਾਂ ਕਰਕੇ ਪਰਮਾਨੰਦ (ਸਰੂਪ ਵਾਲਾ ਪਰਮਾਤਮਾ) ਭੁੱਲ ਜਾਂਦਾ ਹੈ (ਇਸ ਕਰਕੇ ਜੀਵ ਕਾਲ-ਚੱਕ੍ਰ ਵਿਚ ਰਹਿੰਦੇ ਹਨ) ॥ ੨ ॥ |
| ਕੂਅਟਾ ਏਕੁ ਪੰਚ ਪਨਿਹਾਰੀ ॥ ਟੂਟੀ ਲਾਜੁ ਭਰੈ ਮਤਿ ਹਾਰੀ ॥੩॥ | (ਫਿ ਸਾਨੂੰ ਸਮਝ ਆ ਗਈ ਕਿ ਸੰਸਾਰ) ਇਕ ਖੂਹ ਹੈ (ਇਸ ਵਿਚ ਵਿਸ਼ੇ ਸੁਖ ਰੂਪੀ ਪਾਣੀ ਹੈ,) ਪੰਜ (ਗ੍ਯਾਨ-ਇੰਦ੍ਰੀਆਂ ਇਹ) ਪਾਣੀ ਭਰਨ ਵਾਲੀਆਂ ਹਨ, (ਵਿਸ਼ਿਆਂ ਦੀ ਵਾਸ਼ਨਾ ਰੂਪੀ ਇਕ ਲੱਜ ਹੈ ਜਿਸ ਨਾਲ ਪਾਣੀ ਖਿੱਚਦੀਆਂ ਹਨ। ਇਹ ਸਮਝ ਆਉਣ ਤੇ ਮੇਰੀ ਵਿਸ਼ੇ ਵਾਸ਼ਨਾ ਰੂਪ) ਲੱਜ ਟੁੱਟ ਗਈ (ਪਨਿਹਾਰੀਆਂ ਇਹ ਵਿਸ਼ੇ-ਸੁਖ ਦਾ ਪਾਣੀ ਬੁੱਧੀ ਰੂਪ ਭਾਂਡੇ ਵਿਚ) ਭਰਦੀਆਂ ਸਨ (ਉਹ ਮਤਿ=) ਬੁੱਧੀ ਬੀ ਹਾਰ ਗਈ ਹੈ ॥ ੩ ॥ |
| ਕਹੁ ਕਬੀਰ ਇਕ ਬੁਧਿ ਬੀਚਾਰੀ ॥ ਨਾ ਓਹੁ ਕੂਅਟਾ ਨਾ ਪਨਿਹਾਰੀ ॥ ੪ ॥ ੧੨ ॥ | ਕਬੀਰ ਜੀ ਕਹਿੰਦੇ ਹਨ: (ਹੁਣ ਇਹ) ਬੁੱਧੀ (ਵਿਸ਼ੇ ਸੁਖਾਂ ਤੋਂ ਵਿਹਲੀ ਹੋਕੇ) 'ਇਕ' (ਅਦੁਤੀ ਪਰਮਾਤਮਾਂ) ਦੀ ਵੀਚਾਰਵਾਨ ਹੋ ਗਈ ਹੈ, (ਹੁਣ) ਨਾ ਉਹ ਖੂਹ ਰਿਹਾ ਨਾ ਪਾਣੀ ਭਰਨ ਵਾਲੀਆਂ (ਰਹੀਆਂ। ਭਾਵ ਇਹ ਕਿ ਪੂਰਨ-ਗ੍ਯਾਨ ਹੋ ਗਿਆ ਹੈ, ਹੁਣ ਨਾਂ ਸੰਸਾਰ ਸੱਤ੍ਯ ਭਾਸਦਾ ਹੈ ਨਾ ਅਪਣੇ ਇੰਦ੍ਰੇ। ਇਸ ਕਰਕ ਮੇਰੀ ਬੁਧੀ ਵਿਸ਼ੇ ਸੁਖਾਂ ਵਿਚ ਜਾਕੇ ਪਰਮਾਨੰਦ ਤੋਂ ਭੁੱਲ ਵਿਚ ਨਹੀਂ ਪੈਂਦੀ ਸਦਾ ਸ਼ੁਧ ਗ੍ਯਾਨ ਵਿਚ ਰਹਿੰਦੀ ਹੈ) ।੪॥ ੧੨। |

**ਵ੍ਯਾਖ੍ਯਾ**—ਪਿਛਲੇ ਸ਼ਬਦ ਵਿਚ ਸੰਸਾਰ ਦੀ ਅਸਾਰਤਾ ਤੇ ਦੇਹੀ ਮਰਨਾਉ ਦੱਸੀ ਸੀ, ਹੁਣ ਦੱਸਦੇ ਹਨ ਕਿ ਅਪਣਾ ਤੇ ਜਗਤ ਦਾ ਮਰਨਾ ਦੇਖਕੇ ਸ਼ੋਕ ਵਿਚ ਨਾ ਪਓ ਪਰ ਗ੍ਯਾਨ ਵੀਚਾਰ ਵਿਚ ਪਓ। ਗ੍ਯਾਨ ਦੀ ਵੀਚਾਰ ਇਹ ਹੈ ਕਿ ਸੁਗੰਧੀਆਂ ਆਦਿ ਲਾ ਕੇ ਤੇ ਉਸ ਤੋਂ ਉਪਲਖਤ ਹੋਰ

ਭੋਗਾਂ ਦੇ ਸਾਮਾਨ ਕਰਕੇ ਜੋ ਵਿਸ਼ੇ ਸੁਖਾਂ ਵਿਚ ਬੁੱਧੀ ਖਚਿਤ ਕਰ ਦੇਈਦੀ ਹੈ ਇਹ ਹੈ ਸ਼ੋਕ ਲਾਇਕ ਮਤਿ, ਕਿਉਂਕਿ ਇਸ ਨਾਲ ਜੰਮਦੇ ਮਰਦੇ ਕਾਲ ਚੱਕ੍ਰ ਵਿਚ ਫਾਥੇ ਰਹੀਦਾ ਹੈ। ਸੋ ਪੰਜ ਗਯਾਨ ਇੰਦ੍ਰਿਆਂ ਨੂੰ ਵਿਸ਼ੇ ਵਾਸ਼ਨਾ ਤੋਂ ਰੋਕੋ। ਜਦ ਵਿਸ਼ੇ ਵਾਸ਼ਨਾ ਤੋਂ ਗਯਾਨ ਇੰਦ੍ਰੀਆਂ ਨੂੰ ਰੋਕੋਗੇ ਤਾਂ ਕਰਮ ਇੰਦ੍ਰੀਆਂ ਆਪੇ ਵਿਕਾਰਾਂ ਤੋਂ ਰੁਕ ਜਾਣਗੀਆਂ। ਜਦ ਕਰਮ ਤੇ ਗਯਾਨ ਇੰਦ੍ਰੇ ਵਿਸ਼ਿਆਂ ਤੋਂ ਸੂਛ ਹੋ ਗਏ ਤਾਂ ਬੁਧੀ ਦੀ ਉਲਝਣ ਦੂਰ ਹੋ ਗਈ, ਹੁਣ ਜਿਵਾਲਣਹਾਰ ਦੀ ਮੇਹਰ ਨਾਲ ਇਕ ਅਦੁਤੀ ਪਰਮੇਸ਼ਰ ਦੇ ਵੀਚਾਰ ਵਿਚ ਬੁੱਧੀ ਲਗਾ ਦਿਓ, ਜਦ ਉਸ ਦੇ ਪ੍ਰੇਮ ਵਿਚ ਲਗੋਗੇ ਤਾਂ ਉਸ ਨਾਲ ਤਦਰੂਪ ਹੋ ਜਾਓਗੇ। ਫੇਰ ਕੀਹ ਦੇਖੋਗੇ ਕਿ ਉਹੋ ਸੰਸਾਰ ਤੇ ਉਹੋ ਵਿਸ਼ੇ ਸੁਖ ਤੁਸਾਨੂੰ ਅਸਤਿ ਨਜ਼ਰ ਪੈਣਗੇ, ਇਕੋ ਪਰਮਾਤਮ ਦੇਵ ਸਤਯ ਸਰੂਪ ਲਖੋਗੇ ਤੇ ਆਪ ਨੂੰ ਉਸ ਦੇ ਪਰਮਾਨੰਦ ਸਰੂਪ ਵਿਚ ਲਿਵਲੀਨ ਅਨੁਭਵ ਕਰੋਗੇ।

**ਨਿਰੁਕ੍ਤ**—ਆਪਨ—ਆਪ। ਖ਼ੁਦ।

ਪਰਮਲ— ਦੇਖੋ ਪੰਨਾ ੨੩੭) ਚੰਦਨ ਆਦਿ ਸੁਗੰਧੀ।

ਤਾ ਸੁਖ—ਉਨ੍ਹਾਂ ਸੁਖਾਂ ਕਰਕੇ। ਉਨ੍ਹਾਂ ਵਿਸ਼ੇ ਸੁਖਾਂ ਕਰਕੇ।

ਪਰਮਾਨੰਦਾ—[ਸੰਸ:, ਪਰਮਾਨੰਦ:] ਪਰਮ ਆਨੰਦ ਸਰੂਪ ਵਾਲਾ ਪਰਮਾਤਮ ਦੇਵ (ਅ) 'ਅਪਣਾ ਸ੍ਵੈ ਸਰੂਪ ਜੋ ਪਰਮ ਆਨੰਦ ਸਰੂਪ ਹੈ' ਬੀ ਅਰਥ ਲਾਉਂਦੇ ਹਨ।

ਕੂਅਟਾ—[ਸੰਸ:, ਕੂਪ:। ਹਿੰ:, ਕੂਆ। ਪੰ:, ਖੂਹ] ਖੂਹ। ਭਾਵ ਸਰੀਰ ਤੋਂ ਹੈ।

ਪੰਚ—ਪੰਜ। ਭਾਵ ਪੰਜ ਗਯਾਨ ਇੰਦ੍ਰਿਆਂ ਤੋਂ ਹੈ।

ਪਨਿਹਾਰੀ—[ਸੰਸ:, ਪਾਨੀਯ+ਹਾਰੀ (ਹਿੰਦੀ)] ਪਾਣੀ ਭਰਨ ਵਾਲੀਆਂ। ਇੰਦ੍ਰੀਆਂ।

ਲਾਜੁ—ਲੱਜ, ਰੱਸੀ। ਭਾਵ ਵਿਸ਼ੇ ਵਾਸ਼ਨਾ।

ਭਰੈ—ਭਰਦੀਆਂ ਹਨ। ਪਾਣੀ ਖਿੱਚਦੀਆਂ ਹਨ।

ਮਤਿ—[ਸੰਸ:, ਮਤਿ:] ਬੁਧੀ। ਭਾਵ ਇੰਦ੍ਰੀਆਂ ਵਿਸ਼ੇ ਰਸਾਂ ਦਾ ਪਾਣੀ ਬੁੱਧੀ ਰੂਪੀ ਬਰਤਨ ਵਿਚ ਭਰਦੀਆਂ ਹਨ। ਉਹ ਬੁੱਧੀ ਫੇਰ ਮੈਲੀ ਹੋਈ ਪਰਮਾਤਮਾ ਨੂੰ ਅਨੁਭਵ ਨਹੀਂ ਕਰਦੀ।

ਹਾਟੀ—ਉਹ ਬੁੱਧੀ ਹੁਣ ਵਿਸ਼ੇ ਸੁਖਾਂ ਨੂੰ ਭੋਗਣੋਂ ਹਟ ਖਲੋਂਦੀ ਹੈ।

ਇਕ—ਇਕ, ਅਦੁਤੀ ਪਰਮਾਤਮਾ।

ਬੁਧਿ ਬੀਚਾਰੀ—[ਸੰਸ:, ਬੁਦ੍ਧਿ (=ਅਕਲ, ਸਮਝ)+ਵਿਚਾਰੀ (=ਵਿਚਾਰ ਵਾਲੀ)] ਬੁੱਧੀ ਵਿਚਾਰ ਵਾਲੀ (ਹੋ ਗਈ)।

ਇਕ ਬੁਧਿ ਬੀਚਾਰੀ—ਬੁੱਧੀ 'ਇਕ ਪਰਮਾਤਮਾ ਦੀ' ਵੀਚਾਰ ਵਾਲੀ ਹੋ ਗਈ।

**ਸੂਚਨਾ**—ਅੰਕ ੩ ਦਾ ਅਰਥ, ਦੂਜੇ ਪੱਖ ਵਿਚ ਬੀ ਲਾਉਂਦੇ ਹਨ। ਯਥਾ—ਮਤਿ ਮਾਰੀ ਵਾਲੀਆਂ ਪੰਜ ਗਿਆਨ ਇੰਦ੍ਰੀਆਂ ਟੁਟੀ ਹੋਈ ਲੱਜ ਨਾਲ ਬੀ ਜਲ ਭਰੀ ਜਾਂਦੀਆਂ ਹਨ। ਭਾਵ ਬੁਢਾਪੇ ਵਿਚ ਸਿਥਲ ਹੋਕੇ ਬੀ ਇੰਦ੍ਰੀਆਂ ਵਿਸ਼ਿਆਂ ਵਲ ਤਾਂਘਦੀਆਂ ਹਨ*। ਪਰ ਉਪਰ ਕੀਤੇ ਗਏ ਅਰਥ ਪ੍ਰਸੰਗ ਨਾਲ ਵਿਸ਼ੇਸ਼ ਯੋਜਨਾ ਖਾਂਦੇ ਹਨ। ਜਦੋਂ ਲੱਜ ਹੀ ਟੁਟ ਗਈ, ਉਮਰਾ ਮੁੱਕ ਗਈ, ਯਾ ਸੁਆਸਾਂ ਰੂਪੀ ਲੱਜ ਟੁੱਟ ਗਈ† ਤਦ ਵਿਸ਼ੇ ਵਾਸ਼ਨਾਂ ਵਲ ਇੰਦ੍ਰੀਆਂ ਕਿਵੇਂ ਧਾਵਨਗੀਆਂ ?

---

*ਲੋਚਨ ਸੁਮਹਿ ਬੁਧਿ ਬਲ ਨਾਠੀ ਤਾ ਕਾਮੁ ਪਵਸਿ ਮਾਧਾਣੀ॥ [ਸਿਰੀ ਰਾਗੁ ਬੇਣੀ ਜੀ।

†ਵਾਕ ਹੈ—ਨਿਤਿ ਮੂਸਾ ਲਾਜੁ ਟੁਕਾਇ। [ਸਿਰੀ ਰਾਗੁ ਮ: ੪-੭੦]। ਲਾਜ ਦਾ ਭਾਵ ਉਮਰਾ ਯਾ ਸੁਆਸ ਹਨ।

[ਗਉੜੀ ਕਬੀਰ ਜੀ, ਚਉਪਦਾ-੧੩]

**ਪ੍ਰਾਕ੍ਰਥਨ**—ਪਿਛਲੀਆਂ ਭੋਗੀਆਂ ਜੂਨਾਂ ਉੱਤੇ ਅਤੇ ਮਾਨੁੱਖਾ ਜਨਮ ਲੈਕੇ ਭੇਖਾਂ ਆਦਿਕਾਂ ਦੀਆਂ ਭਟਕਣਾਂ ਦਿਖਾਕੇ ਪ੍ਰਭੂ ਦੀ ਸ਼ਰਨ ਦਾ ਉਪਦੇਸ਼ ਦੇਂਦੇ ਹਨ।

| ਮੂਲ | ਅਰਥ |
|---|---|
| ਗਉੜੀ ਕਬੀਰ ਜੀ ॥ ਅਸਥਾਵਰ ਜੰਗਮ ਕੀਟ ਪਤੰਗਾ ॥ ਅਨਿਕ ਜਨਮ ਕੀਏ ਬਹੁ ਰੰਗਾ ॥ ੧ ॥ | ਚੱਲ ਨਾ ਸਕਣ ਵਾਲੇ (ਬ੍ਰਿੱਛ ਆਦਿ) ਲੱਤਾਂ ਵਾਲੇ (ਅਰਥਾਤ ਚੱਲ ਸਕਣ ਵਾਲੇ ਪਸ਼ੂ ਆਦਿ, ਰਿੜ੍ਹਨ ਵਾਲੇ) ਕੀੜੇ ਆਦਿ, (ਉੱਡਣ ਵਾਲੇ) ਪਤੰਗੇ ਆਦਿ, ਬਹੁਤੇ ਰੰਗਾਂ ਦੇ (ਅਸਾਂ) ਅਨੇਕਾਂ ਜਨਮ ਧਾਰਨ ਕੀਤੇ ਸਨ ॥ ੧ ॥ |
| ਐਸੇ ਘਰ ਹਮ ਬਹੁਤੁ ਬਸਾਏ ॥ ਜਬ ਹਮ ਰਾਮ ਗਰਭ ਹੋਇ ਆਏ ॥ ੧ ॥ ਰਹਾਉ ॥ | (ਹਾਂ) ਐਹੋ ਜੇਹੇ ਕਈ ਸਰੀਰਾਂ ਨੂੰ ਅਸਾਂ ਵਸਾਇਆ ਸੀ (ਅੰਤ) ਜਦੋਂ (ਕਿ ਅਸੀਂ) ਇਸਤ੍ਰੀ ਦੇ ਗਰਭ ਵਿਚ ਆਏ (ਤਾਂ |
| ਜੋਗੀ ਜਤੀ ਤਪੀ ਬ੍ਰਹਮਚਾਰੀ ॥ ਕਬਹੂ ਰਾਜਾ ਛਤ੍ਰਪਤਿ ਕਬਹੂ ਭੇਖਾਰੀ ॥ ੨ ॥ | ਕਦੇ) ਜੋਗੀ (ਕਦੇ) ਜਤੀ (ਕਦੇ) ਤਪੀ (ਕਦੇ) ਬ੍ਰਹਮਚਾਰੀ (ਕਦੇ) ਛਤ੍ਰ ਧਾਰਨ ਕਰਨ ਵਾਲੇ ਰਾਜਨ (ਤੇ) ਕਦੇ ਮੰਗਤਾ (ਬਣੇ) ॥ ੨ ॥ |
| ਸਾਕਤ ਮਰਹਿ ਸੰਤ ਸਭਿ ਜੀਵਹਿ ॥ ਰਾਮ ਰਸਾਇਨੁ ਰਸਨਾ ਪੀਵਹਿ ॥ ੩ ॥ | (ਇਸ ਜਨਮ ਵਿਚ ਆ ਕੇ ਸਾਨੂੰ ਪਤਾ ਲੱਗਾ ਕਿ ਜੋ) ਸਾਕਤ (ਹਨ ਅਰਥਾਤ ਮਾਇਆ ਵਿਚ ਖਚਿਤ ਹਨ ਓਹੀ) ਮੌਤ ਨੂੰ ਪ੍ਰਾਪਤ ਹੁੰਦੇ ਰਹਿੰਦੇ ਹਨ ਤੇ ਸੰਤ (ਅਰਥਾਤ ਈਸ਼੍ਵਰ ਪ੍ਰੇਮੀ) ਸਾਰੇ (ਸਦਾ) ਜੀਉਂਦੇ ਹਨ, (ਕਿਉਂਕਿ ਓਹ ਰਸਨਾ ਦੁਆਰਾ ਰਾਮ ਨਾਮ ਰੂਪੀ ਅੰਮ੍ਰਿਤ ਪੀਂਦੇ ਰਹਿੰਦੇ ਹਨ ॥ ੩ ॥ |
| ਕਹੁ ਕਬੀਰ ਪ੍ਰਭ ਕਿਰਪਾ ਕੀਜੈ ॥ ਹਾਰਿ ਪਰੇ ਅਬ ਪੂਰਾ ਦੀਜੈ ॥ ੪ ॥ ੧੩ ॥ | (ਇਸ ਲਈ) ਕਬੀਰ (ਅਰਦਾਸ ਕਰਕੇ) ਕਹਿੰਦਾ ਹੈ, ਹੇ ਪ੍ਰਭੂ ਕਿਰਪਾ ਕਰੋ, ਹਾਰ ਕੇ ਤੁਸਾਂ ਦੇ ਦੁਆਰੇ ਆ ਪਏ ਹਾਂ ਹੁਣ ਪੂਰਣ ਪਦ (ਬਖਸ਼) ਦਿਓ ॥ ੪ ॥ ੧੩ ॥ |

**ਵਜਾਖਜਾ**—ਇਸ ਸ਼ਬਦ ਵਿਚ ਮਾਨੁਖ ਤਨ ਧਾਰਨ ਤੋਂ ਪਹਿਲਾਂ ਅਨੇਕ ਜੂਨੀਆਂ ਵਿਚ ਭ੍ਰਮ ਕੇ ਮਾਨੁਖ ਜਨਮ ਮਿਲਣ ਦਾ ਜ਼ਿਕਰ ਕਰਕੇ ਦੱਸਦੇ ਹਨ ਕਿ ਏਹ ਉੱਤਮ ਦੇਹ ਧਾਰਕੇ ਬੀ ਮਨੁੱਖ ਦੀਆਂ ਅਨੇਕਾਂ ਹਾਲਤਾਂ ਦੇ ਭੇਖਾਂ ਵਿਚ ਭਟਕਦੇ ਰਹੇ। ਹੁਣ ਆਕੇ ਸਮਝ ਪਈ ਹੈ ਕਿ ਪਰਮੇਸ਼ੁਰ ਦੇ ਪਿਆਰੇ, ਜਿਨ੍ਹਾਂ ਨੂੰ ਸੰਤ ਕਹੀਦਾ ਹੈ, ਸਦਾ ਜੀਉਂਦੇ ਹਨ ਤੇ ਪਰਮੇਸ਼ੁਰ ਤੋਂ ਬੇਮੁਖ ਮਾਇਆ ਪ੍ਰੇਮੀ, ਜਿਨ੍ਹਾਂ ਨੂੰ ਸਾਕਤ ਕਹੀਦਾ ਹੈ, ਕਾਲ ਦੇ ਵੱਸ ਵਿਚ ਰਹਿੰਦੇ ਹਨ। ਇਹ ਸਮਝ ਆਕੇ ਅਸਾਂ ਹੁਣ ਅਵਿਨਾਸ਼ੀ ਪ੍ਰਭੂ ਦੀ ਸ਼ਰਨ ਲੈ ਲਈ ਹੈ ਤੇ ਅਰਦਾਸ ਕਰਦੇ ਹਾਂ ਕਿ ਹੇ ਪ੍ਰਭੂ! ਕ੍ਰਿਪਾ ਕਰੋ ਤੇ ਪੂਰਨ ਪਦ ਤੇ ਅਪੜਾ ਦਿਓ।

**ਨਿਰੁਕ੍ਤ**—ਅਸਥਾਵਰ-[ਸੰਸ:, ਸ੍ਥਾਵਰੰ=ਜੋ ਚੱਲੇ ਨਾ] ਟਿਕੇ ਰਹਿਣ ਵਾਲੀਆਂ ਵਸਤਾਂ, ਪਹਾੜ ਆਦਿ। ਬ੍ਰਿੱਛ ਬੀ ਇਸ ਗੇਣਤੀ ਵਿਚ ਲੈਂਦੇ ਹਨ।

ਜੰਗਮ-[ਸੰਸ:, ਜਙ੍ਗਮੰ=ਲੱਤਾਂ ਵਾਲਾ] ਟੁਰਨ ਫਿਰਨ ਵਾਲੇ ਜੀਵ ਜੰਤੂ ਮਾਨੁਖ ਆਦਿ ਜਿਨ੍ਹਾਂ

ਨੂੰ ਲੱਤਾਂ ਲਗੀਆਂ ਹੋਈਆਂ ਹਨ। ਕੀਟ—[ਸੰਸ:, ਕੀਟ:] ਕੀੜੇ।

ਪਤੰਗਾ—[ਸੰਸ:, ਪਤਙ੍ਗ] ਉੜਣ ਵਾਲੇ ਕੀੜੇ, ਭੰਬਟ ਆਦਿ।

ਘਰ—ਰਹਿਣ ਦਾ ਥਾਂ। ਭਾਵ ਸਰੀਰ।

ਰਾਮ ਗਰਭ—[ਸੰਸ: ਰਾਮਾ=ਇਸਤ੍ਰੀ। ਗਰਭ:=ਹਮਲ] ਇਸਤ੍ਰੀ ਦੇ ਗਰਭ (ਵਿਚ ਆਏ)। 'ਰਾਮਾ ਗਰਭ' ਏਥੇ ਛੰਦ ਦੇ ਵਜ਼ਨ ਕਰਕੇ 'ਰਾਮ ਗਰਭ' ਦੇ ਸੰਖੇਪ ਰੂਪ ਵਿਚ ਲਿਖਿਆਂ ਸਹੀ ਹੁੰਦਾ ਹੈ।

(ਅ) ਰਾਮ ਪਦ ਨੂੰ ਸੰਬੋਧਨ ਲੈਕੇ ਐਉਂ ਬੀ ਕਰਦੇ ਹਨ, ਹੇ ਰਾਮ ਜਦ ਅਸੀਂ (ਇਸਤ੍ਰੀ ਦੇ) ਗਰਭ ਵਿਚ ਆਏ। ਐਸਾ ਕਰਨੇ ਲਈ 'ਇਸਤ੍ਰੀ ਦੇ' ਪਦ ਦਾ ਅਧਜ਼ਾਹਾਰ ਕਰੀਦਾ ਹੈ।

(ੲ) 'ਹੇ ਰਾਮ' ਅਰਥ ਕਰਕੇ 'ਗਰਭ' ਦਾ ਅਰਥ ਪਿਛੇ ਕਹੇ ਜਨਮਾਂ ਵਲ ਹੀ ਭਾਵ ਨੂੰ ਲੈ ਜਾਂਦੇ ਹਨ ਕਿ ਜਦੋਂ ਦੇ ਅਸੀਂ ਗਰਭ ਵਿਚ ਆਏ ਤਾਂ ਕਈ ਜੂਨਾਂ ਵਿਚੋਂ ਲੰਘੇ ਹਾਂ। ਗਰਭ ਦਾ ਏਥੇ ਭਾਵ ਅਵਿਦਜਾ ਦਾ ਗਰਭ ਬੀ ਕਰ ਲੈਂਦੇ ਹਨ।

ਛਤ੍ਰਪਤਿ—[ਸੰਸ:, ਛਤ੍ਰਪਤਿ:=ਮਹਾਰਾਜਾ] ਛਤ੍ਰ ਦਾ ਮਾਲਕ ਭਾਵ ਰਾਜਾ। ਜਿਸ ਦੇ ਸਿਰ ਤੇ ਛਤ੍ਰ ਝੁਲਦਾ ਹੋਵੇ। ਭਿਖਾਰੀ—[ਸੰਸ:, ਭਿਕ੍ਸ਼ੁ:] ਮੰਗਤਾ।

ਸਾਕਤ—(ਵੇਖੋ ਪੰਨਾ ੧੬੯) ਭਾਵ ਹੈ ਮਾਯਾ ਵਿਚ ਖਚਿਤ ਤੇ ਈਸ਼੍ਵਰ ਤੋਂ ਬੇਮੁਖ।

ਰਸਾਇਨੁ—[ਸੰਸ:, ਰਸਾਯਨੰ] ਰਸਾਂ ਦਾ ਘਰ। ਅਕਸੀਰ। ਭਾਵ ਹੈ ਅੰਮ੍ਰਿਤ। ਰਸਨਾ ਦੁਆਰੇ ਨਾਮ ਰੂਪੀ ਅੰਮ੍ਰਿਤ ਪੀਂਦੇ ਹਨ।

## [ਗਉੜੀ ਕਬੀਰ ਜੀ, ਚਉਪਦਾ—੧੪]

**ਪ੍ਰਾਕ੍ਥਨ—**ਮਾਇਆ ਦਾ ਬਿਸਮਾਦ ਮਾਨੁੱਖਾ ਜਨਮ ਨੂੰ ਬ੍ਰਿਥਾ ਗੁਆ ਰਿਹਾ ਹੈ। ਨਾਮ ਸਿਮਰਣ ਨਾਲ ਇਹ ਮਾਇਆ ਦਾ ਭੁਲੇਵਾ ਦੂਰ ਹੋ ਜਾਂਦਾ ਹੈ।

| ਮੂਲ | ਅਰਥ |
|---|---|
| ਗਉੜੀ ਕਬੀਰ ਜੀ ਕੀ ਨਾਲਿ ਰਲਾਇ ਲਿਖਿਆ ਮਹਲਾ ੫ ॥ | ਮਹੱਲਾ ਪੰਜਵਾਂ (ਸ੍ਰੀ ਗੁਰੂ ਅਰਜਨ ਦੇਵ ਜੀ ਨੇ) ਕਬੀਰ ਦੇ ਇਸ ਗਉੜੀ ਰਾਗ ਦੇ ਸ਼ਬਦ ਨਾਲ ਅਪਣੇ ਰਚੇ ਪਦ ਮੇਲਕੇ ਲਿਖਿਆ। (ਭਾਵ ਇਸ ਵਿਚ ਕੁਛ ਤੁਕਾਂ ਸ੍ਰੀ ਗੁਰੂ ਜੀ ਰਚਿਤ ਹਨ ਤੇ ਕੁਛ ਕਬੀਰ ਜੀ ਦੀਆਂ। ਸਤਿਗੁਰੂ ਜੀ ਜਦੋਂ ਕੋਈ ਐਸੀ ਖੁੱਲ੍ਹ ਲੈਂਦੇ ਹਨ ਅਪਨੀ ਤੁਕ ਦੇ ਦੇਂਦੇ ਹਨ ਕਿ ਪਾਠਕ ਨੂੰ ਕੋਈ ਸੰਸਾ ਨਾ ਰਹੇ)। |
| ਐਸੋ ਅਚਰਜੁ ਦੇਖਿਓ ਕਬੀਰ ॥ ਦਧਿ ਕੈ ਭੋਲੈ ਬਿਰੋਲੈ ਨੀਰੁ ॥ ੧ ॥ ਰਹਾਉ ॥ | ਹੇ ਕਬੀਰ! ਮੈਂ ਐਸਾ ਅਚਰਜ (ਕੌਤਕ) ਵੇਖਿਆ ਹੈ (ਕਿ ਬਿਲੋਵਨ ਹਾਰ) ਦਹੀਂ ਦੇ ਭੁਲੇਖੇ ਪਾਣੀ ਰਿੜਕ ਰਹੀ ਹੈ। ॥ ੧ । ਰਹਾਉ ॥ |
| ਹਰੀ ਅੰਗੂਰੀ ਗਦਹਾ ਚਰੈ ॥ ਨਿਤ ਉਠਿ ਹਾਸੈ ਹੀਗੈ ਮਰੈ ॥ ੧ ॥ | (ਇਕ) ਖੋਤਾ (ਵੇਖਿਆ ਜੋ) ਹਰੀ ਅੰਗੂਰੀ ਚਰਦਾ ਹੈ, (ਚਰਕੇ) ਨਿਤ ਉਠ ਕੇ ਹੱਸਦਾ ਹੈ, ਹੀਂਗਦਾ ਹੈ (ਤੇ ਹੀਂਗਦਾ ਹੀ) ਮਰ ਜਾਂਦਾ ਹੈ ॥ ੧ ॥ |

ਮਾਤਾ ਭੈਸਾ ਅੰਮੁਹਾ ਜਾਇ॥ ਕੁਦਿ ਕੁਦਿ ਚਰੈ ਰਸਾਤਲਿ ਪਾਇ ॥੨॥

(ਫਿਰ ਇਕ) ਸੰਢਾ (ਡਿੱਠਾ ਜੋ) ਮਸਤਿਆ ਹੋਇਆ ਅਮੋੜ ਹੀ ਵਿਚਰਦਾ ਹੈ, ਕੁੱਦ ਕੁੱਦ ਕੇ ਚਰਦਾ ਹੈ (ਪਰ ਕੁੱਦਦਾ ਕੁੱਦਦਾ) ਧਰਤੀ ਹੇਠ ਜਾ ਪੈਂਦਾ ਹੈ॥ ੨ ॥

ਕਹੁ ਕਬੀਰ ਪਰਗਟੁ ਭਈ ਖੇਡ ॥ ਲੇਲੇ ਕਉ ਚੂਘੈ ਨਿਤ ਭੇਡ ॥੩॥

ਕਬੀਰ ਜੀ ਆਖਦੇ ਹਨ ਕਿ (ਇਹ ਸਾਰੀ, ਖੇਡ (ਹੁਣ ਸਾਨੂੰ) ਜ਼ਾਹਰ ਹੋ ਗਈ ਹੈ। (ਕਿ ਇਹ ਤਾਂ) ਲੇਲੇ ਨੂੰ ਭੇਡ ਸਦਾ ਚੁੰਘ ਰਹੀ ਹੈ॥ ੩ ॥

ਰਾਮ ਰਮਤ ਮਤਿ ਪਰਗਟੀ ਆਈ ॥ ਕਹੁ ਕਬੀਰ ਗੁਰਿ ਸੋਝੀ ਪਾਈ॥ ੪ ॥ ੧ ॥ ੧੪ ॥

[ਇਹ ਕੀਕੂੰ ਖੇਡ ਪਰਗਟ ਹੋਈ ? ਉੱਤਰ:] ਰਾਮ (ਦਾ ਨਾਮ) ਸਿਮਰਦਿਆਂ (ਇਹ ਉੱਜਲ) ਮਤਿ ਪ੍ਰਗਟ ਹੋ ਆਈ, (ਹਾਂ) ਇਹ ਸੋਝੀ (ਰਾਮ ਰਮਣ ਦੀ) ਗੁਰੂ ਨੇ ਪਾਈ ਹੈ ਹੇ ਕਬੀਰ॥ ੧ ॥ ੧੪ ॥

**ਵਯਾਖਯਾ**—ਇਸ ਸ਼ਬਦ ਦੇ ਅਰਥ ਭਾਵ ਵਿਸ਼ੇਸ਼ ਕਰਕੇ 'ਲੱਛਣਾ ਬ੍ਰਿਤੀ' ਦੁਆਰਾ ਖੁੱਲ੍ਹਦੇ ਹਨ। ਇਹ ਬੁਝਾਰਤ ਵਾਂਙੂ ਹੈ ਤੇ ਲੱਛਣਾ ਤੇ ਅਸਚਰਜਤਾ ਦਾ ਰੂਪ ਬੰਨ੍ਹਕੇ ਮਿਸਾਲਾਂ ਦੇਂਦੇ ਹਨ, ਜਿਨ੍ਹਾਂ ਤੋਂ ਭਾਵ ਨੂੰ ਸਮਝਣਾ ਹੈ। ਦਹੀਂ ਦੇ ਭੁਲੇਖੇ ਪਾਣੀ ਰਿੜਕਣਾ ਭੁਲਵੇ ਵਿਚ ਪਏ ਹੋਏ ਦਾ ਕੰਮ ਹੁੰਦਾ ਹੈ ਤੇ ਉਸਦਾ ਫਲ ਹੈ ਕੀਤੇ ਸ਼੍ਰਮ ਦਾ ਨਿਸ਼ਫਲ ਜਾਣਾ*। ਇਨ੍ਹਾਂ ਲਛਣਾਂ ਤੋਂ ਉਹ ਮਾਨੁਖ ਮੁਰਾਦ ਹੈ ਜੋ ਪਦਾਰਥਾਂ ਦੀ ਪ੍ਰਾਪਤੀ ਤੇ ਮਾਯਕ ਭੋਗਾਂ ਲਈ ਸਾਰਾ ਬਲ ਖਰਚ ਕਰ ਦੇਂਦਾ ਹੈ ਤੇ ਮਰਨ ਸਮੇਂ ਨਾਂ ਤਾਂ ਪਦਾਰਥ ਨਾਲ ਜਾਂਦੇ ਹਨ ਨਾ ਭੋਗਾਂ ਦਾ ਰਸ ਕੋਈ ਪੱਲੇ ਰਹਿੰਦਾ ਹੈ। ਉਸਦਾ ਸਾਰੀ ਉਮਰ ਦਾ ਸ਼੍ਰਮ ਪਾਣੀ ਰਿੜਕਣ ਵਾਙੂ ਬ੍ਰਿਥਾ ਚਲਾ ਜਾਂਦਾ ਹੈ। ਜੇ ਓਹ ਨਾਮ, ਹਰੀ ਕੀਰਤਨ ਤੇ ਗਯਾਨ ਪ੍ਰਾਪਤੀ ਉਤੇ ਸਮਾਂ ਲਾਉਂਦਾ ਤਾਂ ਉਸ ਦਾ ਫਲ ਪਰਮ ਪਦ ਦੀ ਪ੍ਰਾਪਤੀ ਹੁੰਦਾ ਤੇ ਸ਼੍ਰਮ ਸਫਲ ਹੁੰਦਾ।

ਅੰਕ ੧—ਫੇਰ ਖੋਤਾ ਲਿਆ ਹੈ, ਇਹ ਪਸ਼ੂ ਮੂਰਖਤਾ ਦਾ ਨਮੂਨਾ ਹੈ ਤੇ ਗਦਹਾ ਪਦ ਮੂਰਖ ਲਈ ਮਾਨੋ ਰੂੜੀ ਹੋ ਗਿਆ ਹੈ, ਕਿਸੇ ਨੂੰ ਮੂਰਖ ਕਹਿਣਾ ਹੋਵੇ ਤਾਂ ਗਧਾ ਕਹਿ ਦਿਓ ਤਾਂ ਕਾਫੀ ਹੈ। ਮੂਰਖ ਗਧੇ ਨੂੰ ਹਰੀ ਖੇਤੀ ਮਿਲੇ ਤਾਂ ਖਾ ਕੇ ਖੁਸ਼ ਹੁੰਦਾ ਹੈ ਤੇ ਫੇਰ ਹੀਂਗਦਾ ਹੈ ਤੇ ਕਈ ਵਰ ਹੀਂਗਦਾ ਹੀਂਗਦਾ ਮਰ ਹੀ ਜਾਂਦਾ ਹੈ। ਇਸਦੇ ਏਹ ਲੱਛਣ ਕਾਮੀ ਜੀਵ ਪਰ ਘਟਦੇ ਹਨ ਜੋ ਅਨੇਕਾਂ ਵੇਰ ਸਾਰੀ ਉਮਰ ਕਾਮ ਨੂੰ ਭੋਗਦਾ ਹੋਇਆ ਕਦੇ ਰਜਦਾ ਹੀ ਨਹੀਂ, ਹਰ ਭੋਗ ਵੇਲ ਉਸ ਨੂੰ ਐਉਂ ਲਪਟਦਾ ਹੈ ਜਿਵੇਂ ਕੋਈ ਨਵੀਂ ਸ਼ੈ ਲੱਭੀ ਹੈ। ਭੋਗਾਂ ਵਿਚ ਹੀ ਸਦਾ ਖੁਸ਼ੀ ਮਨਾਉਂਦਾ ਹੈ ਪਰ ਭੋਗਾਂ ਦਾ ਅੰਤਮ ਫਲ ਸਰੀਰ ਦਾ ਥੱਕਣਾ, ਰੋਗੀ ਹੋਣਾ ਤੇ ਮਰਨਾ ਹੈ†। ਜੋ ਭੋਗ ਜੋ ਸਰੀਰ ਖਾਰ ਦੇਂਦੇ ਹਨ ਉਨ੍ਹਾਂ ਵਿਚ ਅਤਿ ਲੰਪਟ ਹੋ ਹੱਸਣਾ ਹੀਂਗਣਾ ਤੇ ਮਰਨਾ ਇਹ ਕਾਮੀ ਪੁਰਖ ਦੀ ਮੂਰਖਤਾ ਹੈ।

ਖਸਮੁ ਵਿਸਾਰਿ ਕੀਏ ਰਸ ਭੋਗ ॥ ਤਾਂ ਤਨਿ ਉਠਿ ਖਲੋਏ ਰੋਗ ॥

[ਮਲਾਰ ਮ: ੧ ੭

ਅੰਕ ੨ ਵਿਚ ਲਿਆ ਹੈ ਮਸਤਿਆ ਭੈਂਸਾ=ਸੰਢਾ। ਇਹ ਪਸ਼ੂ ਅਪਣੀ ਜੁਆਨੀ ਵਿਚ ਬੜਾ ਅਮੋੜ ਹੁੰਦਾ ਹੈ। ਜਿੱਧਰੋਂ ਰੋਕੋ ਜ਼ਰੂਰ ਉੱਧਰ ਨੂੰ ਜਾਂਦਾ ਹੈ ਤੇ ਅੰਤ ਕੁੱਦਦਾ ਟੱਪਦਾ ਬੇਮੁਹਾਰ ਭੱਜਦਾ ਕਿਸੇ ਟੋਏ ਵਿਚ ਡਿੱਗ ਮਰਦਾ ਹੈ। ਇਹ ਲੱਛਣ ਘਟਦੇ ਹਨ ਮਹਾਂ ਹੰਕਾਰੀ ਤੇ ਫਿੱਟੇ ਹੋਏ ਹੰਕਾਰੀ ਉਤੇ। ਜੋ ਹੈਂਕੜ ਭਰਿਆ ਕਿਸੇ ਵਡੇ, ਦਾਨੇ, ਸੰਤ, ਯਾ ਸੱਤਿ ਸ਼ਾਸਤ੍ਰ ਦੇ ਉਪਦੇਸ਼ ਦੀ ਪਰਵਾਹ ਨਾ ਕਰਕੇ ਅਵੈੜੇ ਰਾਹੀਂ ਹੀ ਭਜ ਭਜ ਮਨ ਮੰਨੇ ਭੋਗ ਭੋਗਦਾ ਤੇ ਹੈਂਕੜਾਂ ਕਰ ਕਰ ਬਲ ਬੁਧਿ ਜ਼ਾਇਆ

*ਨੀਰੁ ਬਿਲੋਵੈ ਅਤਿ ਸ੍ਰਮੁ ਪਾਵੈ ਨੈਨੂ ਕੈਸੇ ਰੀਸੈ॥ [ਸਾਰਗ ਮ: ੫-੧੧

†ਵਾਕ ਹੈ: ਭੋਗੀ ਕਉ ਦੁਖੁ ਰੋਗ ਵਿਆਪੈ। [ਬਸੰਤ ਮ: ੧, ਅਸਟ:-੪

ਕਰਦਾ ਹੈ। ਓਹ ਕਿਸੇ ਨ ਕਿਸੇ ਵੇਲੇ ਅਪਣੇ ਹੀ ਅਵੈੜ ਪੁਣੇ ਦਾ ਸ਼ਿਕਾਰ ਹੋ ਕੇ ਮਰਦਾ ਨਰਕਾਂ ਨੂੰ ਪ੍ਰਾਪਤ ਹੁੰਦਾ ਹੈ।

ਅੰਕ ੩—ਹੁਣ ਲੈਂਦੇ ਹਨ ਭੇਡ ਤੇ ਲੇਲਾ। ਲੇਲਾ ਭੇਡ ਦੇ ਬੱਚੇ ਨੂੰ ਆਖੀਦਾ ਹੈ। ਭੇਡ ਬੱਚਾ ਜਣਕੇ ਲੇਲੇ ਨੂੰ ਅਪਣਾ ਦੁੱਧ ਚੁੰਘਾ ਕੇ ਪਾਲਦੀ ਹੈ। ਪਰ ਆਪ ਦੱਸਦੇ ਹਨ ਕਿ ਏਥੇ ਭੇਡ ਲੇਲੇ ਨੂੰ ਚੁੰਘ ਰਹੀ ਹੈ। ਇਹ ਅਚਰਜ ਹੈ। ਵੀਚਾਰ ਕੀਤਿਆਂ ਇਹ ਲੱਛਣ ਘਟਦਾ ਹੈ ਮਾਯਾ ਉਤੇ ਕਿ ਮਾਯਾ ਪੈ ਕੇ ਬਣਿਆ ਸੀ ਜੀਵ। ਇਸ ਹਿਸਾਬ ਮਾਯਾ ਨੇ ਜੀਵ ਜਣਿਆ ਸੀ ਸੋ ਜੀਵ ਇਸਦਾ ਲੇਲਾ ਯਾ ਬੱਚਾ ਹੋਇਆ। ਚਾਹੀਦਾ ਸੀ ਕਿ ਇਸ ਨੂੰ ਮਾਯਾ ਪਾਲਦੀ। ਪਰ ਹੋ ਉਲਟ ਰਿਹਾ ਹੈ ਕਿ ਮਾਯਾ ਇਸ ਨੂੰ ਚੁੰਘ ਰਹੀ ਹੈ। ਇਹ ਮਾਯਾ ਕਿਹੜੀ ਹੋਈ ? 'ਜੀਵ ਦੀ ਭੇਦ ਬੁੱਧੀ'। ਇਸਨੇ 'ਆਤਮਾ' ਨੂੰ 'ਜੀਵ' ਬਣਾਇਆ ਸੀ, ਇਹ ਉਲਟਾ ਜੀਵ ਨੂੰ ਹੀ ਹੋਰ ਨੀਵਾਂ ਕਰ ਰਹੀ ਹੈ, ਵਿਸ਼ੇ ਵਾਸ਼ਨਾ ਤੇ ਵਿਕਾਰਾਂ ਵਿਚ ਪਾ ਪਾ ਕੇ ਅਤੇ ਜੀਵ ਦੇ ਦੈਵੀ ਗੁਣਾਂ ਨੂੰ ਖਾ ਖਾ ਕੇ। ਭੇਦ ਬੁੱਧੀ ਵਾਲਾ ਜੀਵ ਵਾਸ਼ਨਾ ਅਧੀਨ ਹੋ ਕੇ ਵਿਸ਼ੇ ਲੋਚਦਾ, ਵਿਸ਼ੇ ਭੋਗਦਾ, ਵਿਕਾਰਾਂ ਵਿਚ ਪੈ ਪੈ ਹੋਰ ਨੀਵਾਂ ਹੁੰਦਾ ਅੰਤ ਹਾਰ ਹੁੱਟ ਬ੍ਰਿਥਾ ਸ਼੍ਰਮਾਂ ਵਿਚ ਜੀਵਨ ਬਿਤਾਕੇ ਮਰ ਜਾਂਦਾ ਹੈ। ਇਸ ਅਚਰਜ ਵਿਚ ਫਾਥੇ ਜੀਵ ਨੂੰ ਦੇਖਕੇ ਕਬੀਰ ਜੀ ਸੋਚਦੇ ਹਨ ਕਿ ਇਹ ਖੇਡ ਕੀ ਹੈ ? ਤਾਂ ਇਸਦਾ ਕਾਰਣ ਆਪਨੂੰ ਪਤਾ ਲੱਗ ਜਾਂਦਾ ਹੈ ਕਿ ਮਾਯਾ ਹੀ ਕਾਰਣ ਹੈ ਜੋ ਜੀਵ ਨੂੰ ਨੀਵੇਂ ਤੋਂ ਨੀਵਾਂ ਲਿਜਾ ਰਹੀ ਹੈ ਤੇ ਇਸ ਨੂੰ ਅਪਣੇ ਅਸਲੇ ਤੋਂ ਭੁਲਾਕੇ ਇਸ ਉਤੇ ਅਸਲੀਅਤ ਨਹੀਂ ਖੁੱਲ੍ਹਣ ਦੇਂਦੀ। ਐਉਂ ਬੀ ਦਾਨੇ ਭਾਵ ਲੈਂਦੇ ਹਨ ਕਿ 'ਮੰਦ ਬੁਧੀ' ਤਾਂ ਹੈ 'ਭੇਡ', 'ਪਦਾਰਥ' ਹਨ 'ਲੇਲੇ'। ਕਿ ਬੁਧੀ ਸਦਾ ਪਦਾਰਥਾਂ ਵਿਚ ਲੱਗੀ ਰਹਿੰਦੀ ਹੈ ਜੋ ਪਦਾਰਥ ਇਸੇ ਨੇ ਰਚੇ ਯਾ ਮਿਥੇ ਸਨ।

ਏਥੋਂ ਤਾਈਂ ਕਬੀਰ ਜੀ ਨੇ ਜੋ ਕੁਛ ਜੀਵਾਂ ਵਿਚ ਪ੍ਰਵਿਰਤ ਦੇਖਿਆ ਉਸ ਦੀ ਵਿਥਯਾ ਵਰਣਨ ਹੋ ਗਈ। ਫੇਰ ਏਹ ਅਚਰਜ ਖੇਲ ਪ੍ਰਗਟ ਹੋ ਗਈ, ਅਰਥਾਤ ਇਹ ਅਚਰਜ ਖੇਡ ਹੈਰਾਨ ਕਰਨ ਹਾਰੀ ਨਹੀਂ ਰਹੀ।

ਅੰਕ ੪—ਖੇਡ ਕੀਕੂੰ ਪ੍ਰਗਟ ਹੋ ਗਈ ? ਐਵੇਂ ਕਿ ਕੋਈ ਕਾਰਣ ਵਰਤਿਆ ? ਇਹ ਗੱਲ ੩ ਅੰਕਾਂ ਵਿਚ ਨਹੀਂ ਆਈ, ਜਿਵੇਂ ਕਿ ਪਿਛਲੇ ਸ਼ਬਦ ਵਿਚ ਸੰਤਾਂ ਦੇ ਜੀਉਣ ਦਾ ਕਾਰਣ 'ਰਾਮ ਰਸਾਇਨੁ ਰਸਨਾ ਪੀਵਹਿ' ਆਇਆ ਸੀ। ਅੰਕ ੩ ਦੇ ਅੰਤ 'ਕਬੀਰ' ਜੀ ਦੀ ਛਾਪ ਆ ਗਈ ਜਿਸ ਤੋਂ ਸੰਭਾਵਨਾ ਹੁੰਦੀ ਹੈ ਕਿ ਕਬੀਰ ਜੀ ਦਾ ਸ਼ਬਦ ਮੁੱਕ ਚੁਕਾ ਹੈ ਪਰ ਅੱਗੇ ਅੰਕ ੪ ਚਲਦਾ ਹੈ ਤੇ ਉਸ ਵਿਚ ਕਾਰਣ ਦੱਸਿਆ ਹੈ ਖੇਡ ਦੇ ਖੁੱਲ੍ਹ ਜਾਣਦਾ। ਉਹ ਕਾਰਣ ਹੈ 'ਰਾਮ ਰਮਤ' ਅਰਥਾਤ ਰਾਮ ਨਾਮ ਦੇ ਸਿਮਰਨ ਨਾਲ ਮਤਿ ਪ੍ਰਕਾਸ਼ ਮਈ ਹੋ ਗਈ ਯਾ ਪ੍ਰਕਾਸ਼ ਮਤੀ (ਆਤਮ ਵਿਸ਼ੈਣੀ ਬੁੱਧੀ) ਪ੍ਰਗਟ ਹੋ ਗਈ। ਇਹ ਸੋਝੀ ਯਾ 'ਪ੍ਰਕਾਸ਼-ਮਈ ਬੁੱਧੀ' ਨਾਮ ਦੇ ਸਿਮਰਣ ਵਸੀ 'ਗੁਰੂ' ਦੀ ਮੇਹਰ ਨਾਲ ਪ੍ਰਾਪਤ ਹੋਈ। ਗੁਰੂ ਤੇ ਗੁਰੂ ਦੀ ਮਤਿ-ਰਾਮ ਰਮਤਿ ਨੇ ਭੇਤ ਖੁਹਲ ਦਿੱਤਾ। ਹੋ ਸਕਦਾ ਹੈ ਇਹ ਚਉਥਾ ਪਦਾ ਮਹਲਾ ੫ ਦਾ ਹੋਵੇ।

ਤ੍ਰੈ ਦ੍ਰਿਸ਼ਟਾਂਤਾਂ ਵਿਚ ਮਾਇਆ ਵਿਸਮਾਦ ਦੀ ਮੂਰਤ ਦਿਖਾਈ ਸੀ ਜਿਸ ਬਾਬਤ ਸ੍ਰੀ ਗੁਰੂ ਅਰਜਨ ਦੇਵ ਜੀ ਲਿਖਦੇ ਹਨ:—

ਮਨੁ ਮੋਹਿਆ ਮਾਇਆ ਬਿਸਮਾਦਿ ॥　[ਗਉੜੀ ਗੁਆ: ਮ: ੫ -੯੯

ਇਹ ਵਿਸਮਾਦ ਟੁੱਟਾ ਤੇ ਇਸ 'ਵਿਸਮਾਦ ਦਾ ਕਾਰਣ ਮਾਇਆ' ਦਿੱਸ ਪਈ। ਅੰਕ ੪ ਵਿਚ ਜੋ ਸੋਝੀ ਪਈ ਹੈ ਉਹ ਹੈ ਜੋ ਤੀਸਰੇ ਸਾਹਿਬਾਂ ਦੱਸਿਆ ਹੈ:—

ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ ॥
[ਰਾਮਕਲੀ ਮਹਲਾ ੩, ਅਨੰਦ—੩੬

ਇਹ 'ਬ੍ਰਹਮ ਵਿਸਮਾਦ' ਹੈ, ਇਸ ਪਰ ਫੁਰਮਾਉਂਦੇ ਹਨ:-

ਗਉੜੀ ਗੁਆਰੇਰੀ ਮਹਲਾ ੩ ॥ ਏਕਸੁ ਤੇ ਸਭਿ ਰੂਪ ਹਹਿ ਰੰਗਾ ॥ ਪਉਣੁ ਪਾਣੀ ਬੈਸੰਤਰੁ ਸਭਿ ਸਹਲੰਗਾ ॥ ਭਿੰਨ ਭਿੰਨ ਵੇਖੈ ਹਰਿ ਪ੍ਰਭੁ ਰੰਗਾ ॥ ੧ ॥ ਏਕੁ ਅਚਰਜੁ ਏਕੋ ਹੈ ਸੋਈ ॥ ਗੁਰਮੁਖਿ ਵੀਚਾਰੇ ਵਿਰਲਾ ਕੋਈ ॥ ੧ ॥ ਰਹਾਉ ॥ ਸਹਜਿ ਭਵੈ ਪ੍ਰਭੁ ਸਭਨੀ ਥਾਈ ॥ ਕਹਾ ਗੁਪਤੁ ਪ੍ਰਗਟੁ ਪ੍ਰਭਿ ਬਣਤ ਬਣਾਈ ॥ ਆਪੇ ਸੁਤਿਆ ਦੇਇ ਜਗਾਈ ॥ ੨ ॥ ਤਿਸ ਕੀ ਕੀਮਤਿ ਕਿਨੈ ਨ ਹੋਈ ॥ ਕਹਿ ਕਹਿ ਕਥਨੁ ਕਹੈ ਸਭੁ ਕੋਈ ॥ ਗੁਰ ਸਬਦਿ ਸਮਾਵੈ ਬੂਝੈ ਹਰਿ ਸੋਈ ॥ ੩ ॥ ਸੁਣਿ ਸੁਣਿ ਵੇਖੈ ਸਬਦਿ ਮਿਲਾਏ ॥ ਵਡੀ ਵਡਿਆਈ ਗੁਰ ਸੇਵਾ ਤੇ ਪਾਏ ॥ ਨਾਨਕ ਨਾਮਿ ਰਤੇ ਹਰਿ ਨਾਮਿ ਸਮਾਏ ॥ ੪ ॥ ੯ ॥ ੨੯ ॥

ਸੋ ਗੁਰੂ ਤੇ ਨਾਮ ਅਭਯਾਸ ਨੇ 'ਬ੍ਰਹਮ ਵਿਸਮਾਦ' ਲਾ ਦਿਤਾ ਤੇ ਇਸ ਦੇ ਲਗਣ ਨਾਲ 'ਮਾਇਆ ਵਿਸਮਾਦ' ਦੂਰ ਹੋ ਗਿਆ।

**ਨਿਰੁਕ੍ਤ**-ਨਾਲਿ ਰਲਾਇ ਲਿਖਿਆ-ਕਬੀਰ ਜੀ ਦੇ ਸ਼ਬਦ ਨਾਲ ਰਲਾਕੇ ਲਿਖਿਆ, ਭਾਵ ਹੈ ਸ਼ਬਦ ਦਾ ਕੁਛ ਹਿੱਸਾ ਕਬੀਰ ਜੀ ਦਾ ਹੈ ਤੇ ਕੁਛ ਸਤਰਾਂ ਗੁਰੂ ਜੀ ਨੇ ਪਾਈਆਂ ਹਨ। ਦਿਆਨਤਦਾਰੀ ਦਾ ਇਤਨਾ ਕਮਾਲ ਹੈ ਕਿ ਸ਼ਬਦ ਦੇ ਉਤੇ ਅਪਣੇ ਰਲਾਉਣ ਦੀ ਵਿਥਯਾ ਲਿਖ ਦਿਤੀ ਹੈ।

ਅਚਰਜੁ-[ਸੰਸ:, ਆਸ਼੍ਚਰੁਯਮੁ] ਅਚੰਭਾ। ਹੈਰਾਨ ਕਰਨੇ ਵਾਲੀ ਗਲ।

ਦਧਿ-[ਸੰਸ:, ਦਧਿ] ਦਹੀਂ।

ਭੋਲੈ-[ਹਿੰਦੀ, ਭੁਲਾਵਾ। ਭੂਲਨਾ ਤੋਂ] ਭੁਲਾਵੇ ਕਰਕੇ, ਭੁਲੇਖੇ ਵਿਚ।

ਬਿਰੋਲੈ-[ਸੰਸ:, ਵਿਲੋਡਨੰ=ਹਿਲੋਣਾ, ਮਥਨਾ ਆਦਿ] ਰਿੜਕਨਾ, ਮਥਨਾ। ਤੁਕ ਦਾ ਭਾਵ ਲੈਂਦੇ ਹਨ ਨਿਕੰਮੇ ਕੰਮ ਕਰਨੇ। ਜਿਨ੍ਹਾਂ ਦਾ ਫਲ ਕੁਛ ਨਹੀਂ। ਸੰਸਾਰ ਵਿਚ ਮੱਤੇ ਰਖਣ ਵਾਲੇ ਕੰਮ, ਜਿਨ੍ਹਾਂ ਦਾ ਫਲ ਮਰਨ ਵੇਲੇ ਕੁਛ ਨਹੀਂ ਮਿਲਦਾ, ਬ੍ਰਿਥਾ ਸ਼੍ਰਮ ਹੁੰਦਾ ਹੈ।

(ਅ) ਕਈ ਦਾਨੇ 'ਸਕਾਮ ਕਰਮ' ਭਾਵ ਲੈਂਦੇ ਹਨ, ਜੋ ਮੁਕਤੀ ਪ੍ਰਾਪਤੀ ਲਈ ਅਸਮਰਥ ਹਨ, ਮੁਕਤੀ ਰੂਪੀ ਮੱਖਣ ਜਿਨ੍ਹਾਂ ਤੋਂ ਨਹੀਂ ਮਿਲਦਾ।

ਅੰਗੂਰੀ-[ਸੰਸ:, ਅੰਕੁਰ:] ਬੀਜ ਤੋਂ ਨਵੀਂ ਫੁੱਟੀ ਸਾਵੀ ਸਾਵੀ ਪੁੰਗਰਨ।

ਗਦਹਾ-ਖੋਤਾ। ਭਾਵ ਹੈ ਕਾਮੀ ਤੇ ਮੂਰਖ ਪੁਰਖ।

ਹੀਗੈ-[ਹੀਂਗਨਾ ਤੋਂ] ਹੀਂਗਦਾ ਹੈ, ਲੰਮੀ ਲੰਮੀ ਹੇਕ ਕੱਢਕੇ ਉੱਚਾ ਸ਼ਬਦ ਕਰਦਾ ਹੈ।

ਮਾਤਾ-[ਸੰਸ:, ਮਤ੍ਤ] ਮਸਤਿਆ ਹੋਇਆ।

ਭੈਸਾ-[ਸੰਸ, ਮਹਿਸ਼ =ਭੈਸਾ] ਸੰਢਾ। ਮਹਿੰ ਦਾ ਨਰ।

ਅਮਹਾ-ਅਮੋੜ। ਰਸਾਤਲਿ-[ਸੰਸ:, ਰਸਾਤਲੰ] ਧਰਤੀ ਹੇਠ।

(ਅ) ਧਰਤੀ ਹੇਠਾਂ ਸਤਵੇਂ ਥਾਂ ਜੋ ਨਰਕ ਹੈ ਉਸ ਦਾ ਨਾਮ ਰਸਾਤਲ ਹੈ। ਭੈਸਾ ਤਾਂ ਧਰਤੀ ਤੇ ਨੀਵੇਂ ਟੋਇਆਂ ਵਿਚ ਡਿੱਗ ਮਰਦਾ ਹੈ ਤੇ ਮਦਮੱਤਾ ਮਾਨੁਖ ਮੰਦੇ ਕਰਮੀ ਰਸਾਤਲ ਨਰਕ ਨੂੰ ਪ੍ਰਾਪਤ ਹੁੰਦਾ ਹੈ।

ਲੇਲੋ-[ਸੰਸ:, ਧਾ·ਲਿਹ=ਚਟਣਾ, ਚੂਸ ਚੂਸ ਕੇ ਪੀਣਾ। ਲੇਹੀ=ਚਟਣ ਵਾਲਾ, ਪੀਣ ਵਾਲਾ] ਭੇਡ ਦਾ ਬੱਚਾ। ਭੇਡ ਤੋਂ ਮੁਰਾਦ ਮਾਇਆ ਦੀ ਹੈ ਤੇ ਲੇਲੇ ਤੋਂ ਮੁਰਾਦ ਜੀਵ ਦੀ ਹੈ ਜੋ ਮਾਇਆ ਕਰਕੇ ਬਣਿਆ ਹੈ। ਮਾਇਆ ਦੀ 'ਭੇਦ ਬੁੱਧੀ' ਰੂਪ ਅਗਯਾਨਤਾ ਨੇ ਬ੍ਰਹਮ ਅੰਸ਼ੀ ਜੀਵ ਨੂੰ ਨਾਮ ਰੂਪ ਸਰੀਰ

ਵਾਲਾ ਮਾਨੁੱਖ ਬਣਾ ਦਿਤਾ ਹੈ। ਮਾਯਾ ਇਸ ਨੂੰ ਵਿਕਾਰਾਂ ਵਿਚ ਲਾਕੇ ਤਤ ਸਰੂਪ ਦੀ ਹੋਸ਼ ਨਹੀਂ ਆਉਣ ਦੇਂਦੀ। (ਅ) ਜੀਵ ਦੇ ਦੈਵੀ ਗੁਣਾਂ ਨੂੰ ਮਾਇਆ ਚੁੰਘਦੀ ਭਾਵ ਖਾਈ ਜਾਂਦੀ ਹੈ।

ਰਮਤ–[ਸੰਸ:, ਰਵਣੰ=ਨਾਦ ਕਰਨ] ਰਮਣ ਕਰਦਿਆਂ। ਸਿਮਰਦਿਆਂ।

ਮਤਿ–[ਸੰਸ: ਮਤਿ:] ਬੁੱਧੀ।　　ਸੋਝੀ–[ਵੇਖੋ ਪੰਨਾ ੧੭੩। ਸੰਸ:, ਸੰਗਯਾਨੰ] ਸੁੱਧ, ਹੋਸ਼, ਸਮਝ, ਮਤਿ, ਬੁਧੀ, ਗਯਾਨ।

**ਹੋਰ ਅਰਥ**–ਸੰਪ੍ਰਦਾਈ ਅਰਥਾਂ ਵਿਚ ਕਈ ਸਜਣਾਂ ਨੇ ਅਪਣੀ ਬੁੱਧੀ ਦੇ ਚਮਤਕਾਰ ਰਲਾਏ ਹਨ, ਇਸੇ ਕਰਕੇ ਸੰਪ੍ਰਦਾਈ ਸੁਧ ਅਰਥ ਮਿਲਨੇ ਕਠਿਨ ਹੋ ਗਏ ਸਨ। ਇਸ ਸ਼ਬਦ ਦੇ ਅਰਥ ਕਰਨ ਵਿਚ ਬੀ ਬਹੁਤ ਖਿੱਚੋ ਤਾਣ ਪੈਦਾ ਕਰਕੇ ਅਰਥ ਕਰਨ ਦੇ ਜਤਨ ਹੋਏ ਹਨ। ਨਮੂਨੇ ਮਾਤ੍ਰ ਇਸ ਸ਼ਬਦ ਦੇ ਅਰਥ ਲਿਖਦੇ ਹਾਂ। ਐਸੇ ਅਰਥ ਕਰਨੇ ਦਾ ਪ੍ਰਯੋਜਨ ਵਕਤਾ ਜੀ ਦੇ 'ਆਸ਼ੇ ਖੋਜਣ' ਦਾ ਘੱਟ ਹੁੰਦਾ ਹੈ, ਅਪਣੀ ਵਿਦਵੱਤਾ ਦਸਣੀ ਵਧੇਰੇ ਮੁੱਖ ਹੁੰਦੀ ਹੈ:–

(੧) (ਅਚਰਜੁ=) ਅਸਚਰਜ ਰੂਪ* (ਕਬੀਰ=) ਵੱਡਾ (ਪਰਮਾਤਮਾ ਅਸਾਂ) ਐਸਾ ਹੀ ਕਰਕੇ ਦੇਖ ਲਿਆ ਹੈ (ਅਰਥਾਤ ਵੱਡਾ ਤੇ ਅਸਚਰਜ ਰੂਪ ਕਰਕੇ ਹੀ ਦੇਖ ਲਿਆ ਹੈ। ਇਸ ਤੋਂ ਪਹਿਲਾਂ ਅਸੀਂ ਸਕਾਮ ਕਰਮ ਰੂਪੀ) ਜਲ ਰਿੜਕਦੇ ਰਹੇ, ਉਸ ਜਲ ਰਿੜਕਣ ਨੂੰ (ਅਸੀਂ) ਦਹੀਂ (ਤਤ ਸਰੂਪ ਰੂਪੀ ਮੱਖਣ ਦੀ ਦਾਤੀ) ਸਮਝਕੇ ਪਾਣੀ ਵਾਙੂ ਰਿੜਕਦੇ ਸਾਂ (ਪਰ ਕਾਮਯਾਬ ਨਾ ਹੋਏ।)

ਇਸੇ ਢੰਗ ਦਾ ਇਸ ਸਤਰ ਦਾ ਦੂਸਰਾ ਅਰਥ ਐਉਂ ਕਰਦੇ ਹਨ:–ਕਿ ਜਦ ਅਸਾਂ ਅਸਚਰਜ ਰੂਪ ਨੂੰ ਵੇਖ ਲਿਆ ਤਦ ਦਹੀਂ ਦੇ ਭੁਲਖੇ ਪਾਣੀ ਰਿੜਕਣਾ ਸਾਨੂੰ ਭੁੱਲ ਗਿਆ (ਭਾਵ ਸਕਾਮ ਕਰਮ ਕਰਨੇ ਸਾਥੋਂ ਛੁਟ ਗਏ ਜੋ ਅਸੀਂ ਮੁਕਤੀ ਫਲ ਦਾਤਾ ਸਮਝ ਕੇ ਕਰਦੇ ਸਾਂ। ਅਰਥਾਤ ਹੁਣ ਅਸੀਂ ਉਸੇ ਅਸਚਰਜ ਅਵਸਥਾ ਵਿਚ ਰਹਿ ਪਏ ਹਾਂ)।

(੨) ਗਦ+ਹਾ=ਗਦ=ਰੋਗ+ਹਾ=ਨਾਸ਼ ਕਰਨੇ ਵਾਲਾ। ਉਹ ਅਸਚਰਜ ਰੂਪ ਸਰਬ ਰੋਗਾਂ ਦਾ ਨਾਸ਼ ਕਰਨੇ ਵਾਲਾ (ਪਰਮਾਤਮਾ ਹੁਣ) ਮੇਰੇ (ਅੰਗ+ਉਰੀ=ਹਿਰਦੇ ਰੂਪੀ ਅੰਗ) ਵਿਚ (ਚਰ=) ਵਿਚਰ ਰਿਹਾ ਹੈ। ਯਾ ਅਪਣੇ ਹਿਰਦੇ ਵਿਚ ਹੀ ਮੈਂ ਉਸ ਵਿਚ ਵਿਚਰ ਰਿਹਾ ਹਾਂ।

(੩) ਨਿਤ ਉਠਿ=(ਸੰਸਾਰ ਵਿਚ ਮੇਰੀ ਬੁਧੀ) 'ਨਿਤਯ' ਸੀ ਕਿ ਇਹ ਸਦਾ ਰਹੇਗਾ ਪਰ ਹੁਣ ਉਹ ਉਠ ਗਈ ਹੈ ਇਸ ਕਰਕੇ ਮੈਂ ਹਸਦਾ ਹਾਂ ਕਿਉਂਕਿ ਹੀਂਗੋ=ਜੋ ਹੰਕਾਰ ਸੀ, ਸਾਡੇ ਵਿਚ ਸੋ (ਮਰੇ=) ਮਰ ਗਿਆ ਹੈ।

ਹੁਣ ਪ੍ਰਸ਼ਨ ਹੁੰਦਾ ਹੈ ਕਿ ਐਸੀ ਅਵਸਥਾ ਕੀਕੂੰ ਪ੍ਰਾਪਤ ਹੋਈ ? ਤਾਂ ਉੱਤਰ ਦੇਂਦੇ ਹਨ ਕਿ:–

(੩) ਭੈਸਾ=(ਮੈਂ ਈਸ਼੍ਵਰ ਦ) ਭੈ ਦੇ ਸਹਿਤ ਹੋ ਕੇ (ਵੈਰਾਗ ਵਿਚ ਮਾਤਾ=) ਮਸਤ ਹੋ ਗਿਆ ਸਾਂ, (ਉਸ ਦਾ ਫਲ ਇਹ ਹੋਇਆ ਕਿ ਮੈਂ ਹਰੀ ਦੇ ਪ੍ਰੇਮ ਵਿਚ) ਮਸਤ ਹੋ ਗਿਆ। ਫੇਰ (ਜਾਇ=ਸਭ ਪਦਾਰਥਾਂ ਨੂੰ) ਜਾਣਨਹਾਰ (ਜਾਣਕੇ ਮੈਂ ਸਭ ਕਿਛ ਦੇ ਪਜਾਰ ਤੋਂ) ਅ+ਮੁਹਾ=ਮੋਹ ਰਹਿਤ ਹੋ ਗਿਆ। ਅਥਵਾ -ਅਮੁਹਾ=ਮੋਹ ਤੋਂ ਰਹਿਤ=ਅਗਯਾਨ ਸ਼ੂਨ ਸਰੂਪ ਵਿਚ ਮੈਂ (ਜਾਇ) ਚਲਾ ਗਿਆ। (ਹੁਣ ਮੈ ਰਸਾ=ਸਾਰੇ ਮਨ ਤੇ ਸਰੀਰ ਦੇ) ਰਸਾਂ ਨੂੰ 'ਤਲ ਪਾਇ' (=ਵੈਰਾਗ ਰੂਪੀ) ਚਰਨਾਂ ਦੇ ਤਲੇ ਕਰ ਦਿੱਤਾ ਹੈ (ਤੇ ਸ੍ਵੈ ਸਰੂਪ ਅਨੁਭਵਤਾ ਦੇ ਚਾਉ ਵਿਚ) ਉਛਲ ਉਛਲ ਕੇ (ਚਰੈ=) ਵਿਚਰਦਾ ਹਾਂ।

(੪) ਹੇ ਕਬੀਰ ! ਹੁਣ ਸਾਰੀ ਰਚਨਾਂ ਦੀ ਲੀਲਾ ਪ੍ਰਗਟ ਹੋ ਗਈ ਹੈ, (ਭਾਵ ਦ੍ਰਿਸ਼ਟਮਾਨ ਲੀਲਾ ਮਾਤ੍ਰ ਹੈ ਤੇ ਪਰਮਾਤਮ ਦੇਵ ਹੀ ਸਤਯ ਵਸਤੂ ਹੈ ਤੇ ਮੇਰੀ ਬੁੱਧੀ ਹੁਣ) ਉਸ ਅਚਰਜ ਤੇ ਪਰਮ ਆਨੰਦ ਸਰੂਪ ਪਰਮਾਤਮਾਂ ਨੂੰ ਆਪਣੇ ਵਿਚ (ਲੇਲੇ=) ਲੈ ਲੈਕੇ ਉਸ ਨਾਲ (ਭੇਡ=) ਮਿਲ

---

*ਅਸ੍ਚਰਜ ਰੂਪੰ ਰਹੰਤ ਜਨਮੇ।　　[ਸਲੋਕ ਸਹਸ ਕ੍ਰਿਤੀ ਮਹਲਾ ੫–੫੭

ਮਿਲਕੇ ਰਸ ਮਾਣ ਰਹੀ ਹੈ। ਅਥਵਾ ਭੇਡ ਦਾ ਭਾਵ 'ਬੁਧੀ' ਲੈਕੇ, ਬੁੱਧੀ ਰਸ ਚੁੰਘ ਚੁੰਘਕੇ (ਲੇਲੇ=) ਸੁਆਦ ਲੈ ਰਹੀ ਹੈ।

(੫) ਰਾਮ ਨੂੰ ਜਪਣੇ ਕਰ ਇਹ ਬੁੱਧੀ ਪ੍ਰਗਟ ਹੋਈ ਹੈ, ਕਹਿੰਦੇ ਹਨ ਕਬੀਰ ਜੀ ਇਹ ਸੋਝੀ ਸਾਨੂੰ ਗੁਰੂ ਨੇ ਪਾਈ ਹੈ।

ਇਸ ਪ੍ਰਕਾਰ ਦੇ ਅਰਥ ਇਕ ਨਮੂਨਾ ਮਾਤ੍ਰ ਹੈਨ ਕਿ ਪਵਿਤ੍ਰ ਵਕਤਿਆਂ ਦੇ ਭਾਵ ਨੂੰ ਆਪਣੀ ਮਰਜ਼ੀ ਅਨੁਕੂਲ ਕਰਨੇ ਲਈ ਟੀਕਾਕਾਰ ਕੀਹ ਕੀਹ ਕੁਛ ਆਜ਼ਾਦੀ ਨਹੀਂ ਲੈ ਸਕਦੇ।

## [ਗਉੜੀ ਕਬੀਰ ਜੀ, ਚਉਪਦਾ—੧੫]

**ਪ੍ਰਾਕ੍ਰਥਨ**—ਇਸ ਸ਼ਬਦ ਵਿਚ ਕਬੀਰ ਜੀ ਭਗਤੀ ਭਾਵ ਤੇ ਨਾਮ ਨੂੰ ਮੁਕਤੀ ਦਾ ਵਸੀਲਾ ਦੱਸਦੇ ਹਨ ਅਤੇ ਆਮ ਜਨਤਾ ਦੇ ਇਸ ਵਿਸ਼ਵਾਸ਼ ਨੂੰ ਖੰਡਨ ਕਰਦੇ ਹਨ ਕਿ ਕਾਸ਼ੀ ਵਿਚ ਮਰਨ ਮਾਤ੍ਰ ਨਾਲ ਸੁਰਗ ਤੇ ਮਗਹਰ ਵਿਚ ਮਰਨ ਮਾਤ੍ਰ ਨਾਲ ਖੋਤੇ ਦੀ ਜੂਨ ਮਿਲਦੀ ਹੈ। ਪਰ ਖੰਡਨ ਕਰਨ ਦਾ ਢੰਗ ਬਹੁਤ ਅਜੀਬ ਹੈ।

| ਮੂਲ | ਅਰਥ |
|---|---|
| ਗਉੜੀ ਕਬੀਰ ਜੀ ਪੰਚਪਦੇ ॥ | |
| ਜਿਉ ਜਲ ਛੋਡਿ ਬਾਹਰਿ ਭਇਓ ਮੀਨਾ॥ ਪੂਰਬ ਜਨਮ ਹਉ ਤਪ ਕਾ ਹੀਨਾ॥੧॥ ਅਬ ਕਹੁ ਰਾਮ ਕਵਨ ਗਤਿ ਮੋਰੀ ॥ ਤਜੀ ਲੇ ਬਨਾਰਸ ਮਤਿ ਭਈ ਥੋਰੀ॥੧॥ ਰਹਾਉ ॥ | [ਰਹਾਉ ਦਾ ਅਰਥ ਪਹਿਲੋਂ] ਹੇ ਰਾਮ! ਦੱਸ, ਤੂੰ ਮੇਰੀ ਕੀਹ ਗਤੀ ਹੋਵੇਗੀ, (ਮੈਂ, ਜੋ) ਬਨਾਰਸ ਛੱਡ ਦਿਤੀ ਹੈ, ਕੀ ਮੇਰੀ ਮਤਿ ਥੋੜੀ ਹੋ ਗਈ ਹੈ? (ਯਾ) ਮੈਂ ਪਿਛਲੇ ਜਨਮ ਵਿਚ ਤਪ ਵਿਹੂਣਾ ਰਿਹਾ ਹਾਂ? (ਤੇ ਮੈਂ ਇਸ ਤਪ ਵਿਹੂਣਤਾ ਕਰਕੇ ਐਉਂ ਬਨਾਰਸ ਤੋਂ ਬਾਹਰ ਜਾ ਪਿਆ ਹਾਂ) ਜਿਵੇਂ ਪਾਣੀ ਛੱਡ ਕੇ ਬਾਹਰ ਜਾ ਪਈ ਮੱਛੀ ਹੁੰਦੀ ਹੈ*। |
| ਸਗਲ ਜਨਮੁ ਸਿਵਪੁਰੀ ਗਵਾਇਆ॥ ਮਰਤੀ ਬਾਰ ਮਗਹਰਿ ਉਠਿ ਆਇਆ॥ ੨॥ | (ਹਾਂ, ਲੋਕੀ ਆਖਦੇ ਹਨ ਕਿ ਦੇਖੋ ਭਲੇ ਲੋਕ ਨੇ) ਸਾਰਾ ਜਨਮ ਸ਼ਿਵ ਪੁਰੀ (=ਕਾਸ਼ੀ) ਵਿਚ (ਰਹਿ ਰਹਿ ਕੇ) ਗੁਜ਼ਾਇਆ ਕਰ ਲਿਆ (ਹੁਣ ਦੇਖੋ ਹੈਰਾਨੀ) ਮਰਨ ਸਮੇਂ ਮਗਹਰ ਨੂੰ ਉਠ ਆਇਆ ਹੈ॥ ੨॥ |
| ਬਹੁਤੁ ਬਰਸ ਤਪੁ ਕੀਆ ਕਾਸੀ॥ ਮਰਨੁ ਭਇਆ ਮਗਹਰ ਕੀ ਬਾਸੀ॥ ੩॥ | (ਕਈ ਲੋਕ ਆਖਦੇ ਹਨ: ਦੇਖੋ ਕਬੀਰ ਨੇ) ਬਹੁਤੇ ਵਰ੍ਹੇ ਕਾਸ਼ੀ (ਵਿਚ ਬੈਠਕੇ) ਤਪ ਕੀਤਾ ਸੀ, ਹੁਣ ਇਸ ਦਾ ਮਰਨਾ ਮਗਹਰ ਦਾ ਵਾਸੀ (ਹੋਕੇ) ਹੋਣ ਲਗਾ ਜੇ॥ ੩॥ |
| ਕਾਸੀ ਮਗਹਰ ਸਮ ਬੀਚਾਰੀ॥ ਓਛੀ ਭਗਤਿ ਕੈਸੇ ਉਤਰਸਿ ਪਾਰੀ॥ ੪॥ | (ਪਰ ਹੇ ਰਾਮ! ਮੈਂ ਤਾਂ) ਕਾਸ਼ੀ ਤੇ ਮਗਹਰ ਨੂੰ ਇਕੋ ਜਿਹਾ ਸਮਝਦਾ ਹਾਂ। (ਜਿਸ ਦੀ) ਭਗਤੀ ਨਿਕੰਮੀ ਹੋਵੇਗੀ (ਉਹ ਚਾਹੇ ਕਾਸ਼ੀ ਮਰੇ ਚਾਹੇ ਮਗਹਰ ਉਹ ਭਵਜਲ ਤੋਂ) ਕਿਵੇਂ ਪਾਰ ਉਤਰ ਸਕਦਾ ਹੈ? (ਭਾਵ ਨਹੀਂ ਉਤਰ ਸਕਦਾ)॥੪॥ |

*ਮੱਛੀ ਵਾਲੀ ਮੂਰਖਤਾ ਮੈਂ ਕੀਤੀ ਹੈ ਜੋ ਜਲ ਤੋਂ ਬਾਹਰ ਪਈ ਤੜਫਦੀ ਹੈ।

ਕਹੁ ਗੁਰ ਗਜਿ ਸਿਵ ਸਭੁ ਕੋ ਜਾਨੈ ॥ ਮੂਆ ਕਬੀਰੁ ਰਮਤ ਸ੍ਰੀ ਰਾਮੈ ॥ ੫ ॥ ੧੫ ॥

ਕਹਿੰਦਾ ਹੈ (ਕਬੀਰ ਕਿ ਵ੍ਯਾਸ ਆਦਿ) ਗੁਰੂ (ਤੇ ਮਹਾਂਦੇਵ ਆਦਿ) ਸ਼ਿਵ (ਤੇ ਖ਼ੁਦ) ਗਣੇਸ਼ ਤੇ (ਹੋਰ) ਸਭ ਕਿਸੇ ਨੇ (ਥੋੜੇ ਚਿਰ ਨੂੰ) ਜਾਣ ਲੈਣਾ ਹੈ ਕਿ ਕਬੀਰ ਸ੍ਰੀ ਰਾਮ ਸਿਮਰਦਾ ਮਰਿਆ ਹੈ (ਭਾਵ ਇਹ ਕਿ ਪੂਰਨ ਭਗਤੀ ਵਿਚ ਮੋਇਆ ਹੈ, ਇਸ ਕਰਕੇ ਉਹ ਮਗਹਰ ਵਿਚ ਮਰਕੇ ਬੀ ਜਨਮ ਮਰਨ ਰਹਿਤ ਹੋ ਗਿਆ ਹੈ ॥ ੫ ॥ ੧੫ ॥

**ਵ੍ਯਾਖ੍ਯਾ**—ਸ੍ਰੀ ਕਬੀਰ ਜੀ ਕਾਸ਼ੀ ਛੱਡਕੇ ਬੁਢਾਪੇ ਵਿਚ ਮਗਹਰ ਜਾ ਬਸੇ ਤਾਂ ਲੋਕਾਂ ਵਿਚ ਨਿੰਦਾ ਹੋਈ ਕਿ ਸਾਰੀ ਉਮਰ ਕਾਸ਼ੀ ਤਪ ਕਰਕੇ ਮਰਨ ਸਮੇਂ ਮਗਹਰ ਚਲੇ ਗਏ ਹਨ ਜਿਥੇ ਮਰਿਆ ਪ੍ਰਾਣੀ ਗਧੇ ਦੀ ਜੂਨ ਵਿਚ ਜਾ ਪੈਂਦਾ ਹੈ। ਕਬੀਰ ਜੀ ਇਸ ਨਿੰਦਾ ਨੂੰ ਤ੍ਰਿਸਕਾਰਦੇ ਨਹੀਂ, ਸਗੋਂ ਸ੍ਵੀਕਾਰਤਾ ਦੀ ਰਮਜ਼ ਵਿਚ ਲੈਕੇ ਉਦਾਸੀ ਤੋਂ ਉੱਚੇ ਉਠਦੇ ਹਨ। ਜਿਵੇਂ ਬਾਬੇ ਬੁੱਲ੍ਹੇ ਨੇ ਕਿਹਾ ਸੀ—'ਬੁੱਲ੍ਹਿਆ! ਤੈਨੂੰ ਕਾਫ਼ਰ ਕਾਫ਼ਰ ਆਖਣ, ਤੂੰ ਆਹੋ ਆਹੋ ਆਖ'*। ਸ੍ਰੀ ਕਬੀਰ ਜੀ ਨੇ ਕਈ ਵੇਰ ਇਹ ਢੰਗ ਵਰਤਿਆ ਹੈ। ਯਥਾ:-

ਨਿੰਦਉ ਨਿੰਦਉ ਮੋਕਉ ਲੋਗੁ ਨਿੰਦਉ ॥ ਨਿੰਦਾ ਜਨ ਕਉ ਖਰੀ ਪਿਆਰੀ ॥
ਨਿੰਦਾ ਬਾਪੁ ਨਿੰਦਾ ਮਹਤਾਰੀ ॥ [ਗਉੜੀ ਕਬੀਰ-੭੧

ਕੁਛ ਇਸੇ ਸ੍ਵੀਕਾਰਤਾ ਦੇ ਰਉਂ ਵਿਚ ਲੋਕਾਂ ਦੀ ਨਿੰਦਾ ਲੈਕੇ ਫੇਰ ਅਜੀਬ ਕਟਾਖ੍ਯ ਨਾਲ ਲੋਕਾਂ ਦੇ ਵਹਿਮੀ ਖ੍ਯਾਲ ਨੂੰ ਸਹਿਜੇ ਹੀ ਰੱਦ ਕਰ ਦੇਂਦੇ ਹਨ ਤੇ ਅਸਲੀਅਤ ਪ੍ਰਤਿਪਾਦਨ ਹੋ ਜਾਂਦੀ ਹੈ। ਅੰਕ ਤਿੰਨ ਦੇ ਅੰਤ ਤੱਕ ਤਾਂ ਲੋਕਾਂ ਦੀ ਨਿੰਦਾ ਤੇ ਪੜਚੋਲ ਨੂੰ ਆਪਣੇ ਤੇ ਲੈਕੇ ਅਪਣੀ ਵੱਲੋਂ ਬਿਆਨ ਕਰੀ ਚੱਲਦੇ ਹਨ।

ਅੰਕ ੪ ਵਿਚ ਦੱਸਦੇ ਹਨ ਕਿ ਕਾਸ਼ੀ ਤੇ ਮਗਹਰ ਨੂੰ ਮੈਂ ਇਕ ਤੁੱਲ ਜਾਣਦਾ ਹਾਂ। ਮੁਕਤੀ ਥਾਵਾਂ ਵਿਚ ਵੱਸਣ ਤੇ ਖਾਸ ਥਾਵਾਂ ਤੇ ਮਰਨ ਨਾਲ ਨਹੀਂ, ਉਹ ਤਾਂ ਭਗਤੀ ਕਰਨ ਵਾਲਿਆਂ ਨੂੰ ਪ੍ਰਾਪਤ ਹੁੰਦੀ ਹੈ, ਸੋ ਜਿਸ ਦੀ ਭਗਤੀ ਪੂਰੀ ਹੈ ਉਸ ਨੂੰ ਮਿਲੇਗੀ, ਜਿਸ ਦੀ ਭਗਤੀ ਹੋਛੀ ਹੈ, ਭਾਵ ਜਿਸ ਵਿਚ ਪਾਏਦਾਰੀ ਤੇ ਨਿਬਾਹ ਨਹੀਂ, ਓਹ ਕੱਚੀ ਭਗਤੀ ਕਬੂਲ ਨਹੀਂ ਪੈਣੀ। ਜੈਸਾ ਕਿ ਹੋਰਥੇ ਬੀ ਕਬੀਰ ਜੀ ਨੇ ਫੁਰਮਾਇਆ ਹੈ:-

ਮਨਹੁ ਕਠੋਰੁ ਮਰੈ ਬਾਨਾਰਸਿ ਨਰਕੁ ਨ ਬਾਂਚਿਆ ਜਾਈ ॥
ਹਰਿ ਕਾ ਸੰਤੁ ਮਰੈ ਹਾੜੰਬੈ† ਤ ਸਗਲੀ ਸੈਨ ਤਰਾਈ ॥
[ਆਸਾ ਕਬੀਰ-੩੭

ਅੰਕ ੫ ਵਿਚ ਇਕ ਸਹਜ ਕਥਨ ਦੁਆਰਾ ਆਪਣੀ ਭਗਤੀ ਦੇ ਪੂਰੀ ਹੋਣ ਦਾ ਤੇ ਗੰਭੀਰ ਹੋਣ ਦਾ ਇਕਰਾਰ ਹੈ ਕਿ ਕਬੀਰ ਮਰਨ ਪ੍ਰਯੰਤ ਸਿਮਰਣ ਵਿਚ ਰਹੇਗਾ। ਇਹ ਗਲ ਸਭ ਕੋਈ ਜਾਣ ਲਏਗਾ ਅਰ ਸਭ ਤੋਂ ਵਧਕੇ ਬ੍ਯਾਸ, ਗਣੇਸ਼ ਤੇ ਸ਼ਿਵ ਸਾਰੇ ਜਾਣ ਲੈਣਗੇ, ਕਿਉਂਕਿ ਕਾਸ਼ੀ ਸ਼ਿਵ ਨੇ ਵਸਾਈ, ਉਸ ਨੂੰ ਅੰਤ੍ਰਯਾਮੀ ਮੰਨਦੇ ਹਨ। ਸ਼ਿਵ ਦਾ ਜ਼ਿਕਰ ਏਸੇ ਵਾਸਤੇ ਕੀਤਾ ਹੈ ਨੇ ਕਿ ਕਾਸ਼ੀ ਸ਼ਿਵ ਜੀ ਨੇ ਵਸਾਈ ਮੰਨੀ ਜਾਂਦੀ ਹੈ। ਇਸ ਨੂੰ ਸ਼ਿਵ ਪੁਰੀ ਬੀ ਆਖਦੇ ਹਨ। ਸੋ ਉਸ ਨੂੰ ਪਤਾ ਲਗ

*ਪ੍ਰਸਿੱਧ ਕਵੀ ਖੁਸਰੋ ਨੇ ਬੀ ਕਿਹਾ ਸੀ—

ਖ਼ਲਕ ਮੇ ਗੋਯਦ ਕਿ ਖੁਸਰੋ ਬੁਤ ਪਰਸਤੀ ਮੇ ਕੁਨੱਦ,
ਆਰੇ ਆਰੇ ਮੇ ਕਨੰਮ ਬਾ ਕੁਫਰੋ ਈਮਾਂ ਕਾਰ ਨੇਸਤ।

ਅਰਥ-ਲੋਕੀਂ ਆਖਦੇ ਹਨ ਕਿ ਖੁਸਰੋ ਬੁਤ ਪ੍ਰਸਤੀ ਕਰਦਾ ਹੈ, ਮੈਂ ਅਗੋਂ 'ਹਾਂ ਹਾਂ' ਕਰੀ ਜਾਂਦਾ ਹਾਂ, ਪਰ ਮੇਰਾ ਨਾ ਕੁਫਰ ਨਾਲ ਸੰਬੰਧ ਹੈ ਨਾ ਈਮਾਨ ਨਾਲ।

†ਹਾੜੰਬਾ-ਮਗਹਰ ਦੇ ਆਸ ਪਾਸ ਦੇ ਇਲਾਕੇ ਨੂੰ ਆਖਦੇ ਹਨ।

ਜਾਇਗਾ ਕਿ ਕਬੀਰ ਕਾਸ਼ੀ ਛਡਕੇ ਮਗਹਰ ਜਾ ਮੋਇਆ ਹੈ ਤੇ ਫੇਰ ਮੁਕਤ ਗਿਆ ਹੈ, ਕਿਉਂਕਿ ਹਰੀ ਸਿਮਰਨ ਵਿਚ ਸੀ। ਫੇਰ ਨਾਮ ਹੈ 'ਗੁਰ' ਦਾ, ਗੁਰ ਤੋਂ ਮੁਰਾਦ ਵਯਾਸ ਜੀ ਦੀ ਹੈ ਜੋ ਮੁੱਢਲੇ ਗੁਰੂ ਮੰਨੇ ਜਾਂਦੇ ਹਨ। 'ਬਯਾਸ ਪੂਜਾ' ਅਜ ਤਕ ਹਾੜ ਪੂਰਨਮਾਸ਼ੀ ਨੂੰ ਹੁੰਦੀ ਹੈ, ਜਦੋਂ ਸਭ ਕੋਈ ਗੁਰੂ ਪੂਜਨ ਕਰਦਾ ਹੈ। ਇਹ ਪੂਜਨ ਵਯਾਸ ਜੀ ਦੇ ਨਾਮ ਤੇ ਹੁੰਦਾ ਹੈ ਜੋ ਸਨਾਤਨ ਗੁਰੂ ਮੰਨੇ ਜਾਂਦੇ ਹਨ। ਕਟਾਖਯ ਇਹ ਹੈ ਕਿ ਬਯਾਸ ਜੀ ਨੇ 'ਮਗਹਰ' ਬੈਠਕੇ ਤਪ ਕੀਤਾ ਸੀ, ਇਸ ਲਈ ਕਿ ਇਥੋਂ ਦੇ ਮਰੇ ਲੋਕੀ ਸੁਰਗਾਂ ਨੂੰ ਜਾਣ। ਮਰੇ ਕੀਹ ਜੋ ਮਗਹਰ ਵਿਚੋਂ ਲੰਘ ਜਾਵੇ ਉਹ ਬੀ ਸੁਰਗਾਂ ਨੂੰ ਚਲਾ ਜਾਵੇ। ਇਹ ਤਪ ਗਣੇਸ਼ ਨੇ ਭੰਗ ਕੀਤਾ ਸੀ। ਇਸ ਲਈ ਗੁਰੂ ਦਾ ਭਾਵ 'ਵਯਾਸ ਜੀ' ਤੋਂ ਲੈਣਾ ਹੈ, ਹੋਰ ਕਿਸੇ ਗੁਰੂ ਤੋਂ ਨਹੀਂ। ਤੀਸਰਾ ਹੈ ਗਣੇਸ਼, ਜਿਸ ਨੇ ਮਗਹਰ ਵਿਚ ਹੋ ਰਹੇ ਵਯਾਸ ਜੀ ਦੇ ਤਪ ਵਿਚ ਭੰਗ ਪਾਇਆ ਤੇ ਵਯਾਸ ਦੇ ਮੂੰਹੋਂ ਹੀ ਕ੍ਰੋਧ ਵਿਚ ਲਿਆਕੇ ਏਹ ਵਾਕ ਉਚਰਵਾ ਦਿੱਤੇ ਸਨ ਕਿ ਜੋ ਮਗਹਰ ਵਿਚ ਮਰੇਗਾ ਸੋ ਗਧੇ ਦੀ ਜੂਨ ਪਾਏਗਾ। ਤਿੰਨਾਂ ਬਾਬਤ ਉਚਾਰਦੇ ਹਨ ਕਿ ਇਨ੍ਹਾਂ ਨੂੰ ਪਤਾ ਲਗ ਜਾਏਗਾ ਕਿ ਮੈਂ ਕਬੀਰ ਰਾਮ ਨਾਮ ਵਿਚ ਪ੍ਵਿਰਤ ਮਰਾਂਗਾ ਅਤੇ ਤ੍ਰੈਏ ਜਾਣਦੇ ਹਨ ਕਿ ਨਾਮੀ ਪੁਰਖ ਉਤੇ ਨਰਕ ਤੇ ਪੁਨਰ ਜਨਮ ਹਰਾਮ ਹੈ। ਸੋ ਕਾਸ਼ੀ ਤੇ ਮਗਹਰ ਦੀ ਰਵਾਯਤ ਜੋ ਲੋਕਾਂ ਵਿਚ ਪ੍ਰਸਿਧ ਸੀ ਉਸ ਨਾਲ ਸੰਬੰਧ ਤਿੰਨਾਂ ਦਾ ਸੀ, ਸ਼ਿਵ,ਵਯਾਸ ਤੇ ਗਣੇਸ਼ ਦਾ, ਸੋ ਇਸ ਤੁਕ ਵਿਚ ਇਨ੍ਹਾਂ ਤਿੰਨਾਂ ਤੋਂ ਹੀ ਮੁਰਾਦ ਲੈਣੀ ਹੈ। ਕਬੀਰ ਜੀ ਨੇ ਇਨ੍ਹਾਂ ਤ੍ਰੈਹਾਂ ਨੂੰ ਹੀ ਲੈਕੇ ਸੈਨਤ ਸੱਟੀ ਹੈ ਕਿ ਏਹ ਤਿੰਨੇ ਇਸ ਗਲ ਤੋਂ ਇਨਕਾਰ ਨਹੀਂ ਕਰ ਸਕਦੇ ਕਿ ਹਰੀ ਨਾਮ ਸਿਮਰਦਾ ਪੁਰਖ ਚਾਹੇ ਕਿਧਰੇ ਮਰੇ ਉਹ ਕਿਸੇ ਜੂਨ ਵਿਚ ਯਾ ਨਰਕ ਵਿਚ ਨਹੀਂ ਜਾ ਸਕਦਾ। ਉਸ ਦਾ ਜਨਮ ਮਰਨ ਜੀਉਂਦੇ ਜੀ ਹੀ ਕਟ ਹੋ ਜਾਂਦਾ ਹੈ। ਨਾਮ ਦੀ ਮਹਿਮਾ ਵਯਾਸ ਨੂੰ ਪਤਾ ਹੈ, ਉਪਨਿਸ਼ਦਾਂ ਵਿਚ ਲਿਖੀ ਹੈ। ਵਯਾਸ ਦੇ ਸੰਕਲਤ ਕੀਤੇ ਵੇਦ ਦੇ ਦੱਸੇ ਯੱਗ ਬੀ ਨਾਮ ਲੈ ਲੈ ਅਹੂਤੇ ਜਾਂਦੇ ਸਨ। ਸ਼ਿਵ ਦਾ ਤਾਂ ਅਪਣਾ ਸਹੰਸਰ ਨਾਮਾ ਪ੍ਰਸਿੱਧ ਹੈ, ਜਿਸ ਵਿਚ ਉਸ ਦੇ ਹਜ਼ਾਰ ਨਾਮ ਲਿਖੇ ਹਨ। ਗਣੇਸ਼ ਨੇ ਦੇਵਤਿਆਂ ਦੀ ਦੌੜ ਵਿਚ ਅਪਣਾ ਜਿੱਤਣਾ ਅਸੰਭਵ ਜਾਣਕੇ ਕਿ ਉਸ ਦਾ ਵਾਹਨ ਚੂਹਾ ਹੈ ਜੋ ਸਭ ਤੋਂ ਸੁਸਤ ਚਾਲ ਦਾ ਹੈ ਧਰਤੀ ਉਤੇ ਰਾਮ ਦਾ ਨਾਮ ਲਿਖਕੇ ਪਰਕਰਮਾ ਕੀਤੀ ਤਾਂ ਉਹ ਸਭ ਤੋਂ ਮੂਹਰੇ ਪਹੁੰਚ ਗਿਆ।

ਮਹਿਮਾ ਤਾਸ ਜਾਨ ਗਣ ਰਾਊ॥ ਪ੍ਰਿਥਮ ਪੂਜੀਅਤ ਨਾਮ ਪ੍ਰਭਾਊ॥
ਰਾਮ ਏਕ ਤਾਪਸ ਤੀਆ ਤਾਰੀ॥ ਨਾਮ ਕੋਟ ਖਲ ਕੁਮਤਿ ਉਧਾਰੀ॥

[ਰਾਮ ਚਰਿਤ ਮਾਨਸ, ਬਾਲਕਾਂਡ

ਇਸ ਤਰ੍ਹਾਂ ਤ੍ਰੈਏ ਰਵਾਇਤਾਂ ਤੇ ਕਥਾਵਾਂ ਮੂਜਬ ਨਾਮ ਦੀ ਮਹਿੰਮਾ ਦੇ ਜਾਣੂ ਹਨ, ਇਸ ਕਰਕੇ ਕਬੀਰ ਜੀ ਨੇ 'ਰਮਤ ਸ੍ਰੀ ਰਾਮੈ' ਤ੍ਰੈ ਪਦ ਕਹਿਕੇ ਤ੍ਰੈਹਾਂ ਦੀ ਉਗਾਹੀ ਵਿਚ ਅਪਣਾ ਵਿਸ਼ਾਲ ਅਭਿਪ੍ਰਾਯ ਗੁੰਥਨ ਕਰ ਦਿਤਾ ਹੈ; ਜਿਸ ਉਗਾਹੀ ਤੋਂ ਓਹ ਤ੍ਰੈਏ ਇਨਕਾਰ ਨਹੀਂ ਕਰ ਸਕਦੇ।

**ਨਿਰੁਕ**—ਮੀਨਾ—[ਸੰਸ:, ਮੀਨ:=ਮੱਛੀ] ਮੱਛ। 'ਭਇਓ' ਸੰਗਯਾ ਪੁਲਿੰਗ ਹੋਣ ਕਰਕੇ 'ਮੱਛ' ਅਰਥ ਕਰੀਦਾ ਹੈ। ਤਪਹੀਨਾ—ਜਿਸ ਨੇ ਤਪੱਸਯਾ ਨਾ ਕੀਤੀ ਹੋਈ ਹੋਵੇ।

ਗਤਿ—(ਦੇਖੋ ਪੰਨਾ ੧੫੬੩) ਹਾਲਤ, ਦਸ਼ਾ।

ਬਨਾਰਸ, ਕਾਸੀ, ਸਿਵਪੁਰੀ—[ਸੰਸ:, ਸ਼ਿਵ: + ਪੁਰੀ] ਸ਼ਿਵ ਦੀ ਵਸਾਈ ਨਗਰੀ, ਕਾਸ਼ੀ। ਬਨਾਰਸ, ਕਾਸ਼ੀ, ਸ਼ਿਵਪੁਰੀ ਇਕੋ ਸ਼ਹਿਰ ਦੇ ਨਾਮ ਹਨ।

ਮਗਹਰਿ—[ਸੰਸ:, ਮਗਧ:] ਇਕ ਸ਼ਹਿਰ ਤੇ ਇਲਾਕਾ ਜੋ ਗੰਗਾ ਤੋਂ ਪਾਰ ਹੈ। ਹਿੰਦੂ ਰਵਾਯਤ ਹੈ ਕਿ ਜਦ ਸ਼ਿਵ ਜੀ ਨੇ ਕਾਸ਼ੀ ਵਸਾਈ ਸੀ ਤਾਂ ਵਰ ਦਿਤਾ ਸੀ ਕਿ ਜੋ ਏਥੇ ਮਰੇਗਾ ਉਸ

ਦੀ ਸਦਗਤੀ ਹੋਵੇਗੀ। ਤਦੋਂ ਹੀ ਵਯਾਸ ਜੀ ਨੇ ਮਗਹਰ ਧਰਤੀ ਵਿਚ ਤਪ ਸ਼ੁਰੂ ਕੀਤਾ ਕਿ ਜੋ ਏਥੋਂ ਦੀ ਲੰਘ ਹੀ ਜਾਵੇ ਉਸ ਦੀ ਸਦਗਤੀ ਹੋ ਜਾਏ। ਸ਼ਿਵ ਜੀ ਨੇ ਆਪਣੇ ਪੁਤ੍ਰ ਗਣੇਸ਼ ਨੂੰ ਘੱਲਿਆ ਕਿ ਵਯਾਸ ਦੇ ਤਪ ਵਿਚ ਭੰਗ ਪਾ। ਜੇ ਉਸ ਦਾ ਤਪ ਸੰਪੂਰਨ ਹੋ ਗਿਆ ਤਾਂ ਕਾਸ਼ੀ ਉੱਜੜ ਜਾਏਗੀ, ਸਭ ਲਕ ਮਗਹਰ ਚਲੇ ਜਾਣਗੇ। ਗਣੇਸ਼ ਨੇ ਜਾਕੇ ਵਯਾਸ ਜੀ ਨੂੰ ਬਾਰ ਬਾਰ ਸੁਆਲ ਕੀਤਾ ਕਿ ਸੁਆਮੀ ਜੀ ਤਪ ਕਿਉਂ ਕਰ ਰਹੇ ਹੋ ? ਪਹਿਲੋਂ ਤਾਂ ਵਯਾਸ ਜੀ ਨੇ ਸ਼ਾਂਤੀ ਨਾਲ ਉੱਤਰ ਦਿੱਤਾ, ਪਰ ਬਾਰ ਬਾਰ ਦਿੱਕ ਕੀਤੇ ਜਾਣ ਤੇ ਕ੍ਰੋਧਾਤੁਰ ਹੋ ਗਏ, ਜ਼ੁਬਾਨ ਵਿਫਲ ਗਈ ਤੇ ਮੂੰਹੋਂ ਨਿਕਲ ਗਿਆ– ਤਪ ਕਰਦਾ ਹਾਂ ਕਿ ਜੋ ਏਥੇ ਮਰੇ ਗਧਾ ਬਣੇ। ਗਣੇਸ਼ ਜੀ, ਜੋ ਵਿਘਨ ਵਿਨਾਸ਼ਨ ਕਹੇ ਜਾਂਦੇ ਹਨ, ਝਟ ਕਹਿ ਦਿਤਾ: ਤਥਾਸਤੁ=ਚੰਗਾ ਇਸੇ ਤਰ੍ਹਾਂ ਹੋਵੇ। ਵਿਘਨ ਵਿਨਾਸ਼ਨ ਨੇ ਕਾਮਯਾਬੀ ਨਾਲ ਵਿਘਨ ਪਾ ਦਿੱਤਾ। ਇਸ ਰਵਾਯਤ ਅਨੁਸਾਰ ਕਬੀਰ ਜੀ ਦਾ ਮਗਹਰ ਜਾ ਰਹਿਣਾ ਨਿੰਦਿਆ ਗਿਆ, ਜਿਸ ਪਰ ਇਹ ਸ਼ਬਦ ਉਚਾਰ ਹੋਇਆ। ਇਹ ਨਗਰ ਤਹਿਸੀਲ ਖਲੀਲਾਬਾਦ ਵਿਚ ਦੱਸੀਦਾ ਹੈ, ਜ਼ਿਲਾ ਗੋਰਖ ਪੁਰ ਹੈ।

ਓਛੀ-ਹੋਛੀ। ਜੋ ਨਿਭਣ ਵਾਲੀ ਤੇ ਪੱਕੀ ਨਾ ਹੋਵੇ। ਕੱਚੀ, ਦਿਖਾਵੇ ਦੀ।

ਗੁਰ ਗਜਿ ਸਿਵ—ਗੁਰ ਦਾ ਅਰਥ ਹੈ ਗੁਰੂ। ਗੁਰੂ ਤੋਂ ਮੁਰਾਦ ਹੈ ਵਯਾਸ ਜੀ ਦੀ। ਜੋ ਸਨਾਤਨ ਗੁਰੂ ਹਨ। ਹਾੜ ਸੁਦੀ ੧੫ ਨੂੰ ਬਯਾਸ ਜੀ ਦੀ ਪੂਜਾ ਹੁੰਦੀ ਹੈ, ਜਦੋਂ ਹਰ ਕੋਈ ਆਪਣੇ ਗੁਰੂ ਦਾ ਪੂਜਨ ਕਰਦਾ ਹੈ, ਅਸਲ ਵਿਚ ਉਹ 'ਬਯਾਸ ਗੁਰੂ' ਦੀ ਪੂਜਾ ਦੀ ਯਾਦਗਾਰ ਹੈ ਤੇ ਨਿਜ ਗੁਰੂ ਦੀ ਪੂਜਾ ਵਿਚ ਹਿੰਦੂ ਸ਼ਿਸ਼ ਵਯਾਸ ਦੀ ਪੂਜਾ ਕਰਦੇ ਹਨ। ਸੋ ਗੁਰੂ ਤੋਂ ਭਾਵ 'ਵਯਾਸ' ਜੀ ਹੈਨ। ਵਯਾਸ ਜੀ ਹੀ ਮਗਹਰ ਵਿਚ ਤਪ ਕਰਦੇ ਸੇ, ਇਸ ਕਰਕੇ ਗੁਰ ਤੋਂ ਮੁਰਾਦ ਵਯਾਸ ਦੇ ਸਿਵਾ ਹੋਰ ਗੁਰੂ ਦੀ ਨਹੀਂ ਹੋ ਸਕਦੀ। ਬ੍ਰਹਸਪਤ ਬੀ ਗੁਰੂ ਹੈ, ਸ਼ੁਕ੍ਰ ਬੀ ਗੁਰੂ ਹੈ, ਬ੍ਰਹਮਾਦਿਕ ਵੀ ਗੁਰੂ ਮੰਨੇ ਜਾਂਦੇ ਹਨ, ਪਰ ਏਥੇ ਮੁਰਾਦ ਮਗਹਰ ਦੀ ਰਵਾਯਤ ਕਰਕੇ ਨਿਸਚੇ 'ਵਯਾਸ' ਜੀ ਦੀ ਹੈ। ਏਥੇ ਪਦ 'ਗੁਰ' ਬਹੁ ਬਚਨ ਵਿਚ ਪਿਆ ਹੈ, ਇਸ ਕਰਕੇ ਕਿ ਵਯਾਸ ੨੮ ਹੋਏ ਹਨ। ਇਹ ਲੱਛਣ ਬੀ ਗੁਰੂ ਤੋਂ ਮੁਰਾਦ ਵਯਾਸ ਦੀ ਹੋਣ ਦੇ ਹਨ।

ਗਜਿ—[ਸੰਸ:, ਗਜ:] ਗਜ ਦਾ ਅਰਥ ਹੈ ਹਾਥੀ। ਪਰ ਏਥੇ ਹਾਥੀ ਦੇ ਮੂੰਹ ਵਾਲਾ 'ਗਣੇਸ਼' ਮੁਰਾਦ ਹੈ। ਗਜ ਨੂੰ ਸਿਆਰੀ ਹੈ, ਜਿਸ ਦਾ ਭਾਵ ਹਾਥੀ (ਦੇ ਆਕਾਰ) ਵਾਲਾ ਜਾਪਦਾ ਹੈ, ਪਰ ਵਿਸ਼ੇਸ਼ ਠੀਕ ਇਹ ਹੈ ਕਿ ਗਜ ਤੋਂ ਮੁਰਾਦ ਗਣੇਸ਼ ਹੈ ਤੇ ਸਿਆਰੀ ਕਰਤਾ ਕਾਰਕ ਦੀ ਨਿਸ਼ਾਨੀ ਹੈ, ਜੈਸੇ ਕਿ ਗੁਰਬਾਣੀ ਵਿਚ ਕਈ ਥਾਂ ਹੈ। ਸੋ ਠੀਕ ਅਰਥ ਐਉਂ ਲਗਦਾ ਹੈ:–(ਵਯਾਸ ਆਦਿ) ਗੁਰੂ, (ਮਹਾਂਦੇਵ ਆਦਿ) ਸ਼ਿਵ (ਅਤੇ ਖ਼ੁਦ) ਗਣੇਸ਼ ਨੇ ਜਾਣ ਲੈਣਾ ਹੈ ਕਿ ਕਬੀਰ ਰਾਮ ਸਿਮਰਦਾ ਪ੍ਰਲੋਕ ਗਿਆ ਹੈ।

ਸਿਵ—[ਸੰਸ:, ਸ਼ਿਵ:=ਮਹਾਂਦੇਵ, ਸ਼ਿਵਜੀ] ਪ੍ਰਸਿਧ ਦੇਵਤਾ ਸ਼ਿਵ ਜੀ। ਮਹਾਂ ਦੇਵ। ਰੁਦ੍ਰ। ਏਥੇ ਸ਼ਿਵ ਪੱਦ ਬੀ ਬਹੁ ਬਚਨ ਵਿਚ ਪਿਆ ਹੈ, ਕਿਉਂਕਿ ਸ਼ਿਵਜੀ ਇਕ ਨਹੀਂ, ਪਰ ਯਾਰਾਂ ਮੰਨੇ ਜਾਂਦੇ ਹਨ। ਰੁਦ੍ਰ ੧੧ ਹਨ, ਸ਼ਿਵ ਤੇ ਰੁਦ੍ਰ ਇਕੋ ਮੰਨੇ ਜਾਣ ਕਰਕੇ ਸ਼ਿਵ ਬੀ ੧੧ ਹੋਏ।

ਜਾਨੈ—[ਪੰ:, ਜਾਣਨਾ ਤੋਂ 'ਜਾਨੈ' ਪਦ ਮੁਜ਼ਾਰਿਆ ਦਾ ਸੀਗਾ ਹੈ] ਮੁਜ਼ਾਰਿਆ ਕ੍ਰਿਯਾ ਦੇ ਅਰਥ ਵਰਤਮਾਨ ਤੇ ਭਵਿਖਯਤ ਦੋਹਾਂ ਵਿਚ ਲਗ ਸਕਦੇ ਹਨ। ਇਹ ਗਲ ਵਯਾਕਰਣੀਆਂ ਨੇ ਮੰਨੀ ਹੈ। ਇਥੇ ਭਵਿਖਯਤ ਦੇ ਅਰਥ ਲਾਉਣੇ ਹਨ ਕਿਉਂਕਿ ਜਿਸ ਵੇਲੇ ਕਬੀਰ ਜੀ ਵਾਕ ਕਹਿ ਰਹੇ ਹਨ ਉਸ ਵੇਲੇ ਜੀਉਂਦੇ ਹਨ, ਮਰ ਨਹੀਂ ਚੁਕੇ ਹੋਏ, ਜੈਸਾ ਕਿ 'ਮੂਆ' ਪਦ ਤੋਂ ਹੋ ਬੀਤੇ ਅਰਥਾਤ ਭੂਤ ਕਾਲ ਦਾ ਅਰਥ ਸਪਸ਼ਟ ਹੁੰਦਾ ਹੈ। ਇਸ ਕਰਕੇ 'ਜਾਨੈ' ਦਾ ਅਰਥ ਲਾਉਣਾ ਹੈ:–ਜਾਣ ਲੈਣਾ ਹੈ। ਅਰਥਾਤ

ਭਵਿਖਤ ਵਿਚ ਅਰਥ ਕਰਨਾ ਹੈ ਕਿ ਗੁਰੂ ਸ਼ਿਵ ਤੇ ਗਜ ਨੇ ਜਾਣ ਲੈਣਾ ਹੈ (ਥੋੜੇ ਚਿਰ ਨੂੰ ਕਿ) ਕਬੀਰ ਰਾਮ ਸਿਮਰਦਾ ਗੁਜ਼ਰ ਗਿਆ ਹੈ।

ਜੇ 'ਜਾਨੈ' ਦਾ ਅਰਥ ਵਰਤਮਾਨ ਵਿਚ ਲਾਈਏ ਕਿ ਗੁਰੂ, ਸ਼ਿਵ, ਗਜ ਤੇ ਸਭ ਕੋਈ ਜਾਣਦਾ ਹੈ ਕਿ ਕਬੀਰ ਰਾਮ ਸਿਮਰਦਾ ਮਰ ਗਿਆ ਹੈ ਤਦ ਫੇਰ ਇਹ ਭਾਵ ਲੈਣਾ ਹੈ ਕਿ ਕਬੀਰ ਜੀ ਅਪਣੇ 'ਅਹੰਭਾਵ' ਦੇ ਮਰਨ ਨੂੰ ਕਹਿ ਰਹੇ ਹਨ ਕਿ ਕਬੀਰ ਨਾਮ ਸਿਮਰਦਾ ਜੀਵਤ ਹੀ 'ਅਹੰ' ਤੋਂ ਮਰ ਚੁਕਾ ਹੈ, ਭਾਵ ਜੀਵਨ ਮੁਕਤਿ ਹੋ ਗਿਆ ਹੈ, ਜੀਵਨ ਮੁਕਤਿ ਨੂੰ ਜਨਮ ਮਰਨ ਨਹੀਂ ਹੋਇਆ ਕਰਦਾ। ਜੋ ਜੀਵਨ ਮੁਕਤਿ ਹੈ ਓਹ ਸਰੀਰਕ ਮੌਤ ਕਰਕੇ ਬੀ ਮੁਕਤਿ ਹੈ, ਉਸ ਨੂੰ ਮੁੜਕੇ ਜਨਮ ਹੀ ਫਿਰ ਨਹੀਂ ਤਾਂ ਉਸ ਨੇ ਕਿਸੇ ਜੂਨ ਵਿਚ ਕਿਉਂ ਪੈਣਾ ਹੈ? ਕਬੀਰ ਜੀ ਦਾ ਅਪਣਾ ਵਾਕ ਹੈ:-

ਕਹੁ ਕਬੀਰ ਤਾਕਉ ਪੁਨਰਪਿ ਜਨਮੁ ਨਹੀ ਖੇਲਿ ਗਇਓ ਬੈਰਾਗੀ ॥

[ਗਉੜੀ ਕਬੀਰ ਜੀ–੫੩

## [ਗਉੜੀ ਕਬੀਰ ਜੀ, ਚਉਪਦਾ–੧੬]

| ਮੂਲ | ਅਰਥ |
| --- | --- |
| ਗਉੜੀ ਕਬੀਰ ਜੀ ॥ ਚੋਆ ਚੰਦਨ ਮਰਦਨ ਅੰਗਾ ॥ ਸੋ ਤਨੁ ਜਲੈ ਕਾਠ ਕੈ ਸੰਗਾ ॥ ੧ ॥ | (ਜਿਸ) ਸਰੀਰ ਨੂੰ ਅਤਰ ਚੰਦਨ ਮਲਦੇ ਹਨ ਉਹ ਸਰੀਰ (ਅੰਤ) ਲੱਕੜੀਆਂ ਨਾਲ ਸੜਦਾ ਹੈ* ॥ ੧ ॥ |
| ਇਸੁ ਤਨ ਧਨ ਕੀ ਕਵਨ ਬਡਾਈ ॥ ਧਰਨਿ ਪਰੈ ਉਰਵਾਰਿ ਨ ਜਾਈ ॥ ੧ ॥ ਰਹਾਉ ॥ | ਇਸ ਤਨ ਦਾ (ਤੇ ਇਸ ਦੇ ਨਾਲ) ਧਨ ਦਾ ਕੀਹ ਮਾਣ? (ਜੋ ਧਨ ਕਿ) ਇਥੇ ਧਰਤੀ ਵਿਚ (ਹੀ) ਪਿਆ ਰਹਿੰਦਾ ਹੈ (ਤੇ) ਪਰਲੋਕ ਵਿਖੇ (ਨਾਲ) ਨਹੀਂ ਜਾਂਦਾ ॥ ੧ ॥ ਰਹਾਉ ॥ |
| ਰਾਤਿ ਜਿ ਸੋਵਹਿ ਦਿਨ ਕਰਹਿ ਕਾਮ ॥ ਇਕੁ ਖਿਨੁ ਲੇਹਿ ਨ ਹਰਿ ਕੋ ਨਾਮ ॥ ੨ ॥ | (ਇਸ ਤਨ ਦੇ ਸੁਖ ਮਾਣਨ ਹਿਤ ਧਨ ਇਕੱਠਾ ਕਰਨੇ ਲਈ ਲੋਕ) ਜੋ ਦਿਨ ਨੂੰ ਤਾਂ ਕੰਮ ਕਰਦੇ ਹਨ ਤੇ ਰਾਤ ਨੂੰ ਸਉਂ ਰਹਿੰਦੇ ਹਨ, ਤੇ ਇਕ ਖਿਨ ਮਾਤ੍ਰ ਲਈ (ਬੀ) ਹਰੀ ਦਾ ਨਾਮ ਨਹੀਂ ਲੈਂਦੇ ॥ ੨ ॥ |
| ਹਾਥਿ ਤ ਡੋਰ ਮੁਖਿ ਖਾਇਓ ਤੰਬੋਰ ॥ ਮਰਤੀ ਬਾਰ ਕਸਿ ਬਾਧਿਓ ਚੋਰ ॥ ੩ ॥ | (ਯਾ ਜੋ ਕੰਮ ਨਹੀਂ ਕਰਦੇ ਅਮੀਰੀ ਠਾਠ ਵਿਚ ਹਨ) ਹਥ ਵਿਚ (ਘੋੜਿਆਂ ਦੀਆਂ) ਰਾਸਾਂ ਹਨ ਤੇ ਮੂੰਹ ਵਿਚ ਪਾਨ ਚਬ ਰਹੇ ਹਨ (ਤੇ ਨਾਮ ਕਦੇ ਨਹੀਂ ਲੈਂਦੇ, ਏਹ ਸਾਰ) ਮਰਨ ਸਮੇ ਚੋਰ (ਵਾਂਙੂ) ਕੱਸਕੇ ਬੰਨ੍ਹ ਲਏ ਜਾਂਦੇ ਹਨ ॥ ੩ ॥ |
| ਗੁਰਮਤਿ ਰਸਿ ਰਸਿ ਹਰਿ ਗੁਨ ਗਾਵੈ ॥ ਰਾਮੈ ਰਾਮ ਰਮਤ ਸੁਖੁ ਪਾਵੈ ॥ ੪ ॥ | (ਪਰੰਤੂ ਜੋ ਪੁਰਖ) ਗੁਰੂ ਦੀ (ਦਿਤੀ) ਮਤਿ ਅਨੁਸਾਰ ਹਰੀ ਦੇ ਗੁਣ ਸੁਆਦ ਲਾ ਲਾਕੇ ਗਾਉਂਦਾ ਹੈ, ਉਹ ਰਾਮ ਹੀ ਰਾਮ ਸਿਮਰਦਾ ਸੁਖ ਪਾਉਂਦਾ ਹੈ ॥ ੪ ॥ |
| ਕਿਰਪਾ ਕਰਿਕੈ ਨਾਮੁ ਦ੍ਰਿੜਾਈ ॥ ਹਰਿਹਰਿ ਬਾਸੁ ਸੁਗੰਧ ਬਸਾਈ ॥ ੫ ॥ | ਜਿਸ ਨੂੰ (ਹਰੀ) ਕ੍ਰਿਪਾ ਕਰਕੇ ਨਾਮ ਦੀ ਦ੍ਰਿੜਤਾ ਕਰਾ ਦੇਂਦਾ ਹੈ (ਉਸ ਦੇ ਅੰਦਰ) ਹਰੀ ਹਰਿ (ਨਾਮ) ਦੀ ਸੁਗੰਧੀ ਤੇ ਮਹਿਕ ਮਹਿਕਾ ਦੇਂਦਾ ਹੈ ॥ ੫ ॥ |

*ਇਹ ਪਹਿਲੀਆਂ ਦੋ ਤੁਕਾਂ ਪਿਛੇ ਕਬੀਰ ਜੀ ਦੇ ੧੧ਵੇਂ ਸ਼ਬਦ ਦੇ ਤੀਜੇ ਪਦੇ ਵਿਚ ਬੀ ਆ ਚੁਕੀਆਂ ਹਨ।

| | |
|---|---|
| ਕहਤ ਕਬੀਰ ਚੇਤਿ ਰੇ ਅੰਧਾ ॥ ਸਤਿ ਰਾਮੁ ਝੂਠਾ ਸਭੁ ਧੰਧਾ ॥ ੬ ॥ ੧੬ ॥ | (ਇਸ ਕਰਕੇ ਉਪਰ ਦੱਸੀ ਸੋਝੀ ਤੋਂ) ਅਖਾਂ ਮੀਟੇ ਹੋਏ ਹੇ ਪੁਰਖ ! ਕਬੀਰ ਕਹਿੰਦਾ ਹੈ ਉਸ ਰਾਮ ਨੂੰ ਯਾਦ ਕਰ, (ਉਹ ਇਕ) ਰਾਮ ਸਤ੍ਯ ਹੈ, ਹੋਰ ਸਭ ਧੰਧਾ ਹੈ (ਤੇ) ਝੂਠਾ ਹੈ ॥ ੬ ॥ ੧੬ ॥ |

**ਵ੍ਯਾਖ੍ਯਾ**–ਇਸ ਸ਼ਬਦ ਵਿਚ ਸ੍ਰੀ ਕਬੀਰ ਜੀ ਸਰੀਰ ਨੂੰ ਭੋਗਾਂ ਤੇ ਐਸ਼ਾਂ ਵਿਚ ਪਾ ਕੇ ਸਮਾ ਖਰਚ ਕਰਨੇਂ ਤੇ ਉਨ੍ਹਾਂ ਲਈ ਮਾਇਆ ਇਕੱਠੀ ਕਰਨ ਵਿਚ ਵਕਤ ਅਸਫਲ ਕਰਨੋ ਉੱਚੀ ਨਜ਼ਰ ਪਾਉਣ ਲਈ ਪ੍ਰੇਰਦੇ ਹਨ। ਫੇਰ ਜਿਨ੍ਹਾਂ ਨੂੰ ਕੰਮ ਕਰਨ ਦੀ ਲੋੜ ਨਹੀਂ, ਕਮਾਈ ਹੋਈ ਮਿਲ ਗਈ ਹੈ, ਪਾਨਾਂ ਦੇ ਬੀੜੇ ਚਬਦੇ ਤੇ ਘੋੜਿਆਂ ਤੇ ਚੜ੍ਹੇ ਫਿਰਦੇ ਹਨ ਉਨ੍ਹਾਂ ਨੂੰ ਸੁਚੇਤ ਕਰਦੇ ਹਨ ਕਿ ਅੰਤ ਸਮੇਂ ਤੁਸੀਂ ਬੱਝ ਵਿਚ ਸੁਰਤ ਲੈ ਕੇ ਚੋਰ ਵਾਙੂ ਕੈਦੀ ਹੋ ਕੇ ਜਾਓਗੇ। ਅੰਕ ੩ ਤਕ ਇਹ ਮਾਯਕ ਗ਼ਾਫਲੀ ਤੇ ਅਸਲੀਅਤ ਵਲੋਂ ਨੈਣ ਮੁੰਦੀ ਹਾਲਤ ਦਾ ਨਕਸ਼ਾ ਖਿੱਚ ਕੇ ਅੰਕ ਚਾਰ ਤੋਂ ਸੱਚੇ ਸੁਖ ਦੀ ਪ੍ਰਾਪਤੀ ਤੇ ਸਦਗਤੀ ਦੀ ਜਾਚ ਦੱਸਦੇ ਹਨ ਕਿ ਜੋ (੧) ਗੁਰੂ ਦੀ ਮਤਿ ਲਵੇ, (੨) ਹਰੀ ਦੇ ਗੁਣ ਗਾਵੇ, ਪ੍ਰੇਮ ਨਾਲ ਸੁਆਦ ਲੈ ਲੈ ਕੇ (੩) ਰਾਮ ਨਾਮ ਸਿਮਰੇ, ਐਸਾ ਕਿ ਰਾਮ ਹੀ ਰਾਮ ਸਿਮਰਨ ਵਿਚ ਖਚਿਤ ਰਹੇ, ਉਹ ਅਸਲੀ ਤੇ ਸਦੈਵੀ ਸੁਖ ਪਾਏਗਾ।

ਅੰਕ ੫ ਵਿਚ ਉਹੋ ਵਿਸ਼ਾ ਜਾਰੀ ਹੈ। ਇਸ ਵਿਚ ਨਾਮ ਦੀ ਦ੍ਰਿੜਤਾ ਹੋਜਾਣ ਵਾਲੀ ਅਵਸਥਾ ਨੂੰ ਲੈਂਦੇ ਹਨ। ਜਿਵੇਂ ਸ੍ਰੀ ਗੁਰੂ ਜੀ ਨੇ ਬੀ ਫੁਰਮਾਇਆ ਹੈ:–

ਕਹੁ ਨਾਨਕ ਗੁਰਿ ਮੰਤ੍ਰੁ ਦ੍ਰਿੜਾਇਆ ॥ [ਗਉੜੀ ਮਹਲਾ ੫–੧੧੧

ਜਦ ਰਾਮ ਹੀ ਰਾਮ ਰਮਤ ਰਮਤ ਦ੍ਰਿੜਤਾ ਨੂੰ ਅੱਪੜਦਾ ਹੈ ਤਾਂ ਅੰਤਹਕਰਣ ਵਿਚ ਇਕ ਦਿੱਬ ਸੁਗੰਧੀ ਉਪਜਦੀ ਹੈ, ਉਹ ਫਿਰ ਨਿਜ ਸੁਗੰਧੀ ਹੀ ਨਹੀਂ ਰਹਿੰਦੀ, ਉਹ 'ਬਾਸ ਬਸਾਏ' ਹੋ ਕੇ ਮਹਿਕ ਉਠਦੀ ਹੈ। ਭਾਵ ਹੋਰਨਾਂ ਨੂੰ ਬੀ ਪ੍ਰਤੀਤ ਦੇਂਦੀ ਹੈ। ਜਿਵੇਂ ਸਤਿਗੁਰ ਨਾਨਕ ਦੇਵ ਜੀ ਦੇ ਪ੍ਰਗਟ ਹੋਣ ਤੇ ਲੋਕੀ ਕਿਹਾ ਕਰਦੇ ਸਨ ਕਿ ਕਲਜੁਗ ਵਿਚ ਇਕ ਤਪਾ ਮੁਸ਼ਕਿਆ ਹੈ। ਜੋ ਮੁਸ਼ਕਦਾ ਹੈ ਉਹ ਸੁਗੰਧੀ ਰੂਪ ਹੋ ਜਾਂਦਾ ਹੈ, ਫੇਰ ਉਸਦੀ ਖ਼ੁਸ਼ਬੂ ਹੋਰਨਾ ਨੂੰ ਆਉਂਦੀ ਹੈ ਤਦ ਓਹ ਆਖਦੇ ਹਨ–ਮੁਸ਼ਕਿਆ ਹੈ। ਗੁਰਬਾਣੀ ਵਿਚ ਬੀ ਆਉਂਦਾ ਹੈ:–

ਰਤਾ ਸਚਿ ਨਾਮਿ ਤਲਹੀਅਲੁ ਸੋ ਗੁਰੁ ਪਰਮਲੁ ਕਹੀਐ ॥
ਜਾ ਕੀ ਵਾਸੁ ਬਨਾਸਪਤਿ ਸਉਰੈ ਤਾਸੁ ਚਰਣ ਲਿਵ ਰਹੀਐ ॥
[ਪ੍ਰਭਾਤੀ ਮਹਲਾ ੧–੬

ਅੰਕ ੬ ਵਿਚ ਆਪ ਜੀ ਉਪਦੇਸ਼ ਕਰਦੇ ਹਨ। ਪਹਿਲੇ ੩ ਅੰਕਾਂ ਵਿਚ ਸੰਬੋਧੇ ਗਾਫਲ ਬੰਦੇ ਨੂੰ ਜਿਸਨੇ ਮੌਤ ਤੇ ਮੌਤ ਤੋਂ ਮਗਰਲੇ ਜੀਵਨ ਵਲੋਂ ਅੱਖਾਂ ਮੀਟ ਛੱਡੀਆਂ ਹਨ ਤੇ ਦਿੱਸਦੇ ਨੂੰ ਹੀ ਸੱਤਯ ਮੰਨ ਛੱਡਿਆ ਹੈ ਉਸ ਨੂੰ 'ਅੰਧਾ' ਕਹਿਕੇ ਸੰਬੋਧ ਕਰਦੇ ਹਨ ਕਿ ਸਤ੍ਯ ਵਸਤੂ ਤਾਂ ਇਕ ਪਰਮੇਸੁਰ ਹੈ, ਹੋਰ ਜਿਸ ਧੰਦਾਲ ਵਿਚ ਤੂੰ ਗਾਫਲ ਹੈਂ ਉਹ ਝੂਠਾ ਹੈ, ਬਿਲਾ ਜਾਣ ਵਾਲਾ ਹੈ, ਹੋਸ਼ ਕਰ ਤੇ ਸੱਤਯ ਵਸਤੂ ਦੀ ਪ੍ਰਾਪਤੀ ਨੂੰ ਲੱਗ ਪਉ। ਉਸ ਦੀ ਪ੍ਰਾਪਤੀ ਦਾ ਰਸਤਾ ਹੈ ਉਸ ਨੂੰ ਚੇਤਨਾ, ਉਸ ਦਾ ਸਿਮਰਨ ਕਰਨਾ।

**ਨਿਰੁਕ੍ਤ**–ਚੋਆ–(ਦੇਖੋ ਪੰਨਾ ੨੭੮) ਅਤਰ। (ਅ) ਅਗਰ ਦਾ ਅਤਰ।

ਮਰਦਨ–[ਸੰਸ:, ਮਰ्दनं] ਮਲਨਾ । ਭਾਵ ਹੈ ਭੋਗਾਂ ਲਈ ਸਰੀਰ ਨੂੰ ਖਿੱਚ ਵਾਲਾ ਬਨਾਉਣਾਂ। ਕਾਠ–(ਦੇਖੋ ਪੰਨਾ ੧੯੩ 'ਕਾਸਟੁ') ਲਕੜੀ। ਬਾਲਣ।

ਬਡਾਈ–ਮਾਨ। ਆਕੜ।

ਧਰਨਿ-(ਦੇਖੋ 'ਧਰਨਾ' ਪੰਨਾ ੧੬੬੧) ਧਰਤੀ ਵਿਚ। ਧਰਤੀ ਉਤੇ।

ਉਰਵਾਰਿ ਉਰਲੇ ਪਾਸੇ, ਇਸ ਲੋਕ ਵਿਚ (ਹੀ ਰਹੇਗਾ)।

ਨ ਜਾਈ-ਨਹੀਂ ਜਾਏਗਾ ਭਾਵ ਹੈ ਪਰਲੋਕ ਵਿਚ ਨਾਲ ਨਹੀਂ ਜਾਏਗਾ।

ਤਡੋਰ-ਤ+ਡੋਰ [ਸੰਸ:, ਡੋਰੰ]=(ਹੱਥ ਵਿਚ) ਤਾਂ ਡੋਰੇ ਹਨ । ਡੋਰ ਦਾ ਅਰਥ ਹੈ ਧਾਗਾ। ਬਾਜਾਂ ਬੁਲਬੁਲਾਂ ਨੂੰ ਪਾਏ ਧਾਗੇ ਡੋਰੇ ਕਹੀਦੇ ਹਨ। ਗੁਡੀ ਨਾਲ ਬੱਧੇ ਧਾਗੇ ਨੂੰ ਬੀ ਡੋਰ ਕਹੀਦਾ ਹੈ। ਬਾਜ਼ੇ ਵੇਲੇ ਘੋੜੇ ਦੀਆਂ ਰਾਸਾਂ ਨੂੰ ਡੋਰੇ ਕਹਿ ਲਈਦਾ ਹੈ। ਕਬੀਰ ਜੀ ਕਿਸੇ ਮਾਯਾ ਧਾਰੀ, ਬਿਨਾ ਕਮਾਏ, ਐਸ਼ਾਂ ਕਰਨ ਵਾਲੇ ਦਾ ਨਕਸ਼ਾ ਖਿੱਚ ਰਹੇ ਹਨ, ਚਾਹੇ ਉਸ ਨੂੰ ਪਾਨ ਚਬਦਿਆਂ ਗੁਡੀਆਂ ਉਡਾਂਦਿਆਂ ਡਿੱਠਾ ਹੈ, ਚਾਹੇ ਬੁਲਬੁਲਾਂ ਬਾਜ ਰਖਦੇ ਖੇਲਦੇ ਯਾ ਸ਼ਿਕਾਰ ਕਰਦੇ ਡਿੱਠਾ ਹੈ। ਚਾਹੇ ਰੇਸ਼ਮ ਦੀਆਂ ਡੋਰਾਂ ਵਾਲੀਆਂ ਰਾਸਾਂ ਹੱਥ ਵਿਚ ਫੜੀ ਘੋੜੇ ਚੜੇ ਪਾਨ ਚਬਾਉਂਦੇ ਹੈਂਕੜ ਨਾਲ ਟੁਰੇ ਜਾਂਦੇ ਨੂੰ ਡਿੱਠਾ ਹੈ। ਇਹ ਛੇਕੜਲੀ ਸੂਰਤ ਵਧੇਰੇ ਅਗ਼ਲਬ ਜਾਪਦੀ ਹੈ। (ਅ) ਤਡੋਰ ਦਾ ਅਰਥ ਦਾਨੇ (ਹੱਥ) ਤਡਣਾ ਬੀ ਕਰਦੇ ਹਨ। ਭਾਵ ਲੈਣ ਲਈ ਓਹ ਲੋਕ ਹੱਥ ਪਸਾਰੀ ਰਖਦੇ ਹਨ।

ਚੋਰ -[ਸੰਸ: ਚੋਰ.=ਚੋਰ] ਚੋਰ, ਚੋਰਾਂ ਵਾਙੂ।

ਰਸਿ ਰਸਿ-ਰਸ ਲੈ ਲੈ ਕੇ, ਸੁਆਦ ਨਾਲ।

ਸੁਗੰਧ-[ਸੰਸ:, ਸੁਗੰਧਿ:=ਚੰਗੀ ਖੁਸ਼ਬੋ] ਖੁਸ਼ਬੋ ।

ਬਾਸ ਬਸਾਈ-[ਸੰਸ:, ਧਾਤੂ-ਵਾਸ੍=ਖੁਸ਼ਬੂ ਪੈਦਾ ਕਰਨਾ । ਮਹਿਕੌਣਾ] ਮਹਕ ਮਹਕਾ ਦੇਂਦਾ ਹੈ।

## [ਗਉੜੀ ਕਬੀਰ ਜੀ, ਚਉਪਦਾ-੧੭]

**ਪ੍ਰਾਕ੍ਕਥਨ**-ਇਸ ਸ਼ਬਦ ਵਿਚ ਸ੍ਰੀ ਕਬੀਰ ਜੀ ਮੁਕਤ ਪੁਰਖ ਦੀ ਗਯਾਨ ਅਵਸਥਾ ਸੌਖੇ ਸਾਦੇ ਆਮ ਬੋਲੇ ਜਾਣ ਵਾਲੇ ਪਦਾਂ ਵਿਚ ਵਰਣਨ ਕਰਦ ਹਨ।

| ਮੂਲ | ਅਰਥ |
|---|---|
| ਗਉੜੀ ਕਬੀਰ ਜੀ ਤਿਪਦੇ ਚਾਰ ਤੁਕੇ ॥ | ਹਰ ਸ਼ਬਦ ਵਿਚ ਤ੍ਰੈ ਪਦੇ ਹਨ ਤੇ ਹਰ ਪਦੇ ਵਿਚ ਚਾਰ ਚਾਰ ਤੁਕਾਂ ਹਨ। |
| ਜਮ ਤੇ ਉਲਟਿ ਭਏ ਹੈ ਰਾਮ॥ ਦੁਖ ਬਿਨਸੇ ਸੁਖ ਕੀਓ ਬਿਸਰਾਮ ॥ ਬੈਰੀ ਉਲਟਿ ਭਏ ਹੈ ਮੀਤਾ ॥ ਸਾਕਤ ਉਲਟਿ ਸੁਜਨ ਭਏ ਚੀਤਾ ॥ ੧ ॥ ਅਬ ਮੋਹਿ ਸਰਬ ਕੁਸਲ ਕਰਿ ਮਾਨਿਆ ॥ ਸਾਂਤਿ ਭਈ ਜਬ ਗੋਬਿਦੁ ਜਾਨਿਆ॥੧॥ਰਹਾਉ॥ | [ਰਹਾਉ ਦਾ ਅਰਥ ਪਹਿਲੋਂ ਲਗੇਗਾ] ਜਦ ਤੋਂ (ਮੈਂ) ਪਰਮੇਸ਼ੁਰ ਜੀ ਨੂੰ ਜਾਣ (=ਪਛਾਣ) ਲਿਆ ਹੈ (ਤਦੋਂ ਤੋਂ ਚਿਤ ਨੂੰ) ਸ਼ਾਂਤੀ ਹੋ ਗਈ ਹੈ। (ਇਸ ਲਈ) ਹੁਣ ਮੈਂ ਸਭ (ਪਾਸਿਓਂ)ਸੁਖ ਹੀ ਸੁਖ ਕਰਕੇ ਮੰਨ ਲਿਆ ਹੈ ॥੧॥ਰਹਾਉ॥ (ਕਿਉਂਕਿ ਪਰਮੇਸ਼ੁਰ ਨੂੰ ਜਾਣਨ ਤੋਂ ਮਗਰੋਂ ਜੋ ਪਹਿਲਾਂ) ਜਮ (ਸਨ) ਓਹ (ਹੁਣ ਜਮਪੁਣੇ ਤੋਂ) ਉਲਟਕੇ ਰਾਮ (ਸਰੂਪ) ਹੋ ਗਏ ਹਨ। (ਹੁਣ) ਦੁਖ ਦੂਰ ਹੋ ਗਏ ਹਨ ਤੇ ਸੁਖਾਂ ਨੇ ਟਿਕਾਣਾ ਆ ਕੀਤਾ ਹੈ। ਹਾਂ, ਵੈਰੀ ਉਲਟਕੇ ਮਿਤ੍ਰ ਹੋ ਗਏ ਹਨ, ਸਾਕਤ (ਦੁਖਦਾਈ ਲੋਕ) ਉਲਟਕੇ ਦਿਲੋਂ ਸੱਜਣ ਬਣ ਗਏ ਹਨ ॥ ੧ ॥ |

ਤਨ ਮਹਿ ਹੋਤੀ ਕੋਟਿ ਉਪਾਧਿ ॥ ਉਲਟਿ ਭਈ ਸੁਖ ਸਹਜਿ ਸਮਾਧਿ ॥ ਆਪੁ ਪਛਾਨੈ ਆਪੈ ਆਪ॥ਰੋਗੁ ਨ ਬਿਆਪੈ ਤੀਨੌ ਤਾਪ ॥੨॥

(ਇਹ ਤਾਂ ਰਾਮ ਪਛਾਣਨ ਦਾ ਬਾਹਰ ਅਸਰ ਪਿਆ ਹੈ ਅੰਦਰ ਦਾ ਹੁਣ ਇਹ ਹਾਲ ਹੈ ਕਿ ਮੇਰੇ) ਸਰੀਰ ਦੇ ਅੰਦਰ ਕ੍ਰੋੜਾਂ ਉਪਾਧੀਆਂ ਹੁੰਦੀਆਂ ਸਨ, (ਓਹ ਸਭ) ਉਲਟ ਗਈਆਂ ਹਨ (ਤੇ ਇਕ) 'ਸਹਜ ਸੁਖ ਸਮਾਧਿ' ਬਣ ਗਈ ਹੈ। (ਸਿੱਟੇ ਦੀ ਗਲ ਇਹ ਹੈ ਕਿ) ਆਪੇ ਨੂੰ ਪਛਾਣ ਲੈਣ ਕਰਕੇ(ਦਿੱਸ ਪਿਆ ਹੈ ਕਿ) ਆਪ ਹੀ ਆਪ (ਵ੍ਯਾਪਕ ਹੋ ਰਿਹਾ ਹੈ ਭਾਵ ਸਰਬ ਵ੍ਯਾਪੀ ਪਰਮਾਤਮਾ ਆਪੇ ਦਾ ਆਪਾ ਅਨੁਭਵ ਹੋ ਆਇਆ ਹੈ; ਹੁਣ ਕੋਈ) ਰੋਗ ਨਹੀਂ ਲਗਦਾ, (ਸਗੋਂ) ਤ੍ਰੈਏ ਤਾਪ ਹੀ (ਨਹੀਂ) ਵ੍ਯਾਪਦੇ ॥ ੨ ॥

ਅਬ ਮਨੁ ਉਲਟਿ ਸਨਾਤਨੁ ਹੂਆ ॥ ਤਬ ਜਾਨਿਆ ਜਬ ਜੀਵਤ ਮੂਆ ॥

(ਹਾਂ ਭਾਈ !) ਹੁਣ (ਮੇਰਾ) ਮਨ ਉਲਟ ਕੇ (ਅਪਣੇ) ਪੁਰਾਤਨ (ਰੂਪ ਵਾਲਾ) ਹੋ ਗਿਆ ਹੈ। (ਮਨ 'ਮਨ ਬਣਨ' ਤੋਂ ਪਹਿਲਾਂ ਆਤਮ ਸਰੂਪ ਸੀ ਸੋ ਆਤਮ ਸਰੂਪ ਹੋ ਗਿਆ ਹੈ। ਇਹ ਗਲ ਮਨ ਦੇ ਜੀਉਂਦਿਆਂ ਨਹੀਂ ਹੋਈ ਪਰ) ਜਦੋਂ (ਮੈਂ) ਜੀਵਤ ਭਾਵ ਤੋਂ ਮਰ ਗਿਆ ਤਦੋਂ (ਮੈਂ) ਜਾਣਿਆ (=ਅਨੁਭਵ ਕਰ ਲਿਆ ਅਪਣੇ ਸਨਾਤਨ ਅਰਥਾਤ ਆਤਮ ਸਰੂਪ ਨੂੰ)।

ਕਹੁ ਕਬੀਰ ਸੁਖਿ ਸਹਜਿ ਸਮਾਵਉ ॥ ਆਪਿ ਨ ਡਰਉ ਨ ਅਵਰ ਡਰਾਵਉ ॥ ੩ ॥ ੧੭ ॥

ਕਬੀਰ ਜੀ ਕਹਿੰਦੇ ਹਨ (ਹੁਣ ਮੈਂ) ਸਹਿਜ ਸੁਖ ਵਿਚ (ਭਾਵ ਆਨੰਦ ਵਿਚ ਜੋ ਆਤਮਾ ਦਾ ਸੁਭਾਵਕ ਹੀ ਸਰੂਪ ਹੈ) ਸਮਾਇਆ ਰਹਿੰਦਾ ਹਾਂ, ਨਾ (ਕਿਸੇ ਤੋਂ ਹੁਣ) ਆਪ ਡਰਦਾ ਹਾਂ ਨਾ ਕਿਸੇ ਨੂੰ ਡਰਾਉਂਦਾ ਹਾਂ ॥ ੩ ॥ ੧੭ ॥

**ਵ੍ਯਾਖ੍ਯਾ**—ਇਸ ਸ਼ਬਦ ਵਿਚ ਕਬੀਰ ਜੀ ਵਾਹਿਗੁਰੂ ਜੀ ਨੂੰ ਜਾਣ ਲੈਣ ਅਰਥਾਤ ਪਛਾਣ ਲੈਣ ਵਾਲੀ ਅਵਸਥਾ ਦਾ ਵਰਣਨ ਕਰਦੇ ਹਨ, ਅਰਥਾਤ ਦੱਸਦੇ ਹਨ ਕਿ ਪਰਮਾਤਮ ਦੇਵ ਦੇ ਗ੍ਯਾਨ ਨੂੰ ਸੱਚ ਮੁਚ ਪ੍ਰਾਪਤ ਹੋਏ ਪੁਰਖ ਦੇ ਕੀਹ ਲੱਛਣ ਹੋਣਗੇ। ਇਸ ਅਵਸਥਾ ਨੂੰ ਕਿਸੇ ਦੇ ਸੁਣੇ ਤਜਰਬੇ ਤੋਂ ਯਾ ਕਿਸੇ ਪੋਥੀ ਵਿਚ ਪੜ੍ਹੇ ਤੋਂ ਵਰਣਨ ਨਹੀਂ ਕਰਦੇ ਪਰ ਅਪਣੇ ਨਿਜ ਦੇ ਤਜਰਬੇ ਵਿਚ ਆਏ ਤੋਂ ਨਿਰੂਪਣ ਕਰਦੇ ਹਨ। ਇਸ ਕਰਕੇ ਅਪਣੀ ਬੋਲੀ ਜਾਣ ਵਾਲੀ ਬੋਲੀ ਦੇ ਸਾਦੇ ਸਾਦੇ ਲਫ਼ਜ਼ਾਂ ਵਿਚ ਉੱਚ ਗ੍ਯਾਨ ਵਰਣਨ ਕਰਦੇ ਹਨ।

ਰਹਾਉ ਵਿਚ ਮੂਲ ਗੱਲ ਕਹਿੰਦੇ ਹਨ ਕਿ ਜਦੋਂ ਗੋਬਿੰਦ ਦਾ ਗ੍ਯਾਨ ਪ੍ਰਾਪਤ ਹੋਇਆ ਤਦੋਂ ਕੀਹ ਹੋਇਆ ਕਿ ਘਬਰਾ ਤੇ ਬੇਚੈਨੀ ਮਿਟ ਗਈ ਤੇ ਸ਼ਾਂਤੀ ਵਰਤ ਗਈ। ਉਹ ਸ਼ਾਂਤੀ ਚੁੱਲ੍ਹੇ ਦੀ ਅੱਗ ਬੁਝਣ ਵਾਂਙੂ ਮਨ ਦੀ ਤਪਤ ਮਿਟਣ ਮਾਤ੍ਰ ਨਹੀਂ ਸੀ, ਸਗੋਂ ਉਹ ਮਿਟਕੇ ਸੁਖ ਸਰੂਪ ਕਰ ਗਈ। ਉਹ ਸੱਚ ਮੁਚ ਆਨੰਦ ਰੂਪਾ ਸੀ।

'ਉਸ ਦੀ ਪ੍ਰਾਪਤੀ ਤੋਂ ਬਾਹਰ ਤੇ ਅੰਦਰ ਕੀਹ ਕੀਹ ਅਸਰ ਹੋਏ, ਫੇਰ ਇਹ ਗੱਲ ਦੱਸਦੇ ਹਨ। ਪਹਿਲੋਂ ਬਾਹਰ ਦੇ ਅਸਰ ਲੈਂਦੇ ਹਨ ਤੇ ਦੱਸਦੇ ਹਨ ਕਿ ਅੰਦਰੋਂ ਮੌਤ ਦਾ ਡਰ ਮਿਟ ਗਿਆ। ਅਰਥਾਤ ਜਮਦਾ ਜੋ ਵੱਡਾ ਭੈ ਹੈ, ਉਹ ਦੂਰ ਹੋ ਗਿਆ, ਉਸ ਭੈ ਦੀ ਥਾਂ ਵ੍ਯਾਪਕ ਰਾਮ ਦੇ ਸੁਭਾਉ ਵਾਲਾ ਸੁਭਾਵ ਹੋ ਗਿਆ। ਸਾਡਾ ਸੁਭਾਵ ਸੀ ਜਮ* ਵਾਙੂ ਪਕੜਾਂ ਵਾਲਾ, ਉਹ ਰਾਮ† ਅਰਥਾਤ ਕ੍ਰੀੜਾ ਕਰਨੇ ਵਾਲਾ, ਖੁਸ਼ੀ ਵਾਲਾ ਹੋ ਗਿਆ। ਇਸ ਤੁਕ ਦਾ ਸੰਪ੍ਰਦਾਇਕ ਅਰਥ ਐਉਂ ਬੀ ਹੈ ਕਿ

*ਧਾਤੂ 'ਯਮ' ਦਾ ਅਰਥ ਹੈ–ਰੋਕਣਾ, ਪਕੜ ਲੈਣਾ।
†'ਰਮੁ' ਧਾਤ ਦਾ ਅਰਥ ਹੈ:–ਕ੍ਰੀੜਾ ਕਰਨੀ, ਖੇਲਣਾ ਆਦਿ।

ਅਸੀਂ ਮਾੜੇ ਕਰਮਾਂ ਕਰਕੇ ਜਮ ਦੀ ਸਰਕਾਰ ਵਿਚ ਸਾਂ, ਹੁਣ ਰਾਮ ਦੀ ਸਰਕਾਰ ਵਿਚ ਹੋ ਗਏ ਹਾਂ। ਅਰਥਾਤ ਸਾਨੂੰ ਸਾਡੇ ਮਾੜੇ ਕਰਮਾਂ ਕਰਕੇ ਜਮਗਣਾਂ ਨੇ ਲੈ ਜਾਣਾ ਸੀ, ਹੁਣ ਸਾਨੂੰ ਰਾਮਗਣ ਲੈਣ ਆਉਣਗੇ। ਫੇਰ ਦੱਸਦੇ ਹਨ ਕਿ ਹੋਰ ਜੋ ਦੁਖ ਵਾਪਰਦੇ ਸਨ ਦੂਰ ਹੋ ਗਏ ਤੇ ਸੁਖ ਨੇ ਟਿਕਾਣਾ ਕਰ ਲਿਆ। ਫੇਰ ਦੱਸਦੇ ਹਨ: ਵੈਰੀ ਉਲਟਕੇ ਮਿੱਤ੍ਰ ਬਣ ਗਏ ਹਨ । ਇਸ ਤੁਕ ਦਾ ਭਾਵ ਉਹੋ ਹੈ ਜੋ ਇਸ ਤੁਕ ਵਿਚ ਹੈ:-

'ਮਨ ਅਪੁਨੇ ਤੇ ਬੁਰਾ ਮਿਟਾਨਾ ॥ ਪੇਖੈ ਸਗਲ ਸ੍ਰਿਸਟਿ ਸਾਜਨਾ ॥'

[ਗਉੜੀ ਮ: ੫, ਸੁਖਮਨੀ ੩-੬

ਪਰ ਐਉਂ ਬੀ ਭਾਵ ਲੈਂਦੇ ਹਨ ਕਿ ਕਾਮ ਕ੍ਰੋਧ ਆਦਿ ਸ਼ਤ੍ਰੂ ਹੁਣ ਦੁਖ ਨਹੀਂ ਦੇਂਦੇ, ਸਜਨਾਈ ਕਰਦੇ ਹਨ ।

ਅੰਕ ੨ ਤੋਂ ਅੰਦਰਲੀ ਪ੍ਰਾਪਤੀ ਦੱਸਣੀ ਆਰੰਭ ਕਰਦੇ ਹਨ ਕਿ ਮਨ ਵਿਚ ਕੂੜਾਂ ਉਪਾਧੀਆਂ ਸਨ। ਭਾਵ ਐਸੇ ਭੁਲੇਵੇ ਸਨ ਜਿਨ੍ਹਾਂ ਕਰਕੇ ਹੋਰ ਦਾ ਹੋਰ ਕੁਛ ਭਾਸਦਾ ਸੀ ਤੇ ਮਾੜੇ ਪਾਸੇ ਲੈ ਜਾਂਦਾ ਸੀ ਤੇ ਓਹ ਚੰਬੜੇ ਹੋਏ ਲਹਿਦੇ ਨਹੀਂ ਸਨ। ਓਹ ਸਾਰੇ ਉਪੱਦ੍ਰਵੀ ਸੁਭਾਵ ਮਿਟਕੇ ਉਹਨਾਂ ਦੀ ਥਾਂਵੇਂ ਅੰਦਰ ਜੋ ਅਵਸਥਾ ਹੋ ਗਈ ਹੈ ਉਹ ਸਮਾਧੀ ਅਵਸਥਾ ਹੈ। ਸਮਾਧੀ ਹਠ ਯੋਗ ਦੀ ਨਹੀਂ ਪਰ ਸਹਿਜ ਸਮਾਧੀ, ਜੋ ਨਾਮ ਸਿਮਰਣ ਤੇ ਲਿਵ ਲੱਗਣ ਤੋਂ ਪ੍ਰਾਪਤ ਹੁੰਦੀ ਹੈ, ਅਰ ਉਸ ਵਿਚ ਸੁਖ ਹੀ ਸੁਖ ਹੁੰਦਾ ਹੈ। ਹਾਂ, ਚਿੱਤ ਬ੍ਰਿਤੀਆਂ ਦਾ ਟਿਕਾਉ ਜੋ ਵਾਹਿਗੁਰੂ ਦਰੋਯ ਵਿਚ ਲਗਦਾ ਹੈ ਤੇ ਜੋ ਆਨੰਦ ਰੂਪ ਹੁੰਦਾ ਹੈ, ਇਸ ਨੂੰ ਗੁਰਬਾਣੀ ਵਿਚ ਸਹਿਜ ਧਿਆਨ ਆਖਿਆ ਹੈ* । ਫੇਰ ਇਸ ਦਾ ਰੂਪ ਹੋਰਵੇਂ ਖੋਹਲਕੇ ਦੱਸਦੇ ਹਨ, ਕਿ 'ਆਪਾ' ਪਛਾਣ ਹੋ ਗਿਆ ਹੈ; ਅਰਥਾਤ ਨਿਜ ਸਰੂਪ ਨੂੰ ਮਨ ਤੇ ਸਰੀਰ ਤੋਂ ਵੱਖ ਲਖ ਲਿਆ ਹੈ। ਇਹ ਸਮਾਧੀ ਰਾਜ ਯੋਗ ਨਾਲ ਮਿਲਦੀ ਹੈ, ਭਗਤੀ ਦੀ ਸਮਾਧੀ ਇਸ ਤੋਂ ਅਗੇਰੇ ਹੈ; ਤਾਂ ਦੱਸਦੇ ਹਨ 'ਆਪੈ ਆਪ' ਕਿ ਆਪਾ ਪਰਮ ਆਪੇ ਨਾਲ ਤਦਰੂਪ ਹੋ ਗਿਆ ਹੈ। ਆਪ ਪਛਾਣ ਕੇ, 'ਜੀਵ-ਤਤ' ਨਿਜ ਨੂੰ ਸਰੀਰ ਮਨ ਆਦਿ ਤੋਂ ਵੱਖਰਾ ਲਖ ਕੇ ਆਪੈ ਆਪ='ਪਰਮ ਤਤ' ਵਿਚ ਲੀਨ ਹੋ ਗਿਆ ਹੈ।

ਇਹ ਅਵਸਥਾ ਐਸੀ ਨਹੀਂ ਕਿ ਹੁਣ ਕਦੇ ਗਿਰਾਉ ਹੋ ਸਕੇ, ਹੁਣ ਮੁੜਕੇ ਕੋਈ ਅਧ੍ਯਾਤਮਕ ਰੋਗ ਨਹੀਂ ਲਗ ਸਕਦਾ। ਨਹੀਂ ਨਹੀਂ, ਤਿੰਨੇ ਹੀ ਤਾਪ ਮਿਟ ਗਏ ਹਨ, ਤਿੰਨ ਤਾਪ ਹਨ:-

੧. ਆਧਿਦੈਵਿਕ=ਜੋ ਮੀਂਹ,ਹਨੇਰੀ,ਬਿਜਲੀ,ਗੜੇ,ਸਰਦੀ,ਗਰਮੀ ਆਦਿ ਕਰਕੇ ਦੁਖ ਵ੍ਯਾਪਣ।

੨. ਆਧਿਭੌਤਿਕ=ਸ਼ੇਰ, ਸੱਪ, ਮਛਰ ਆਦਿ ਜੀਵਾਂ ਤੋਂ ਮਿਲਣ ਵਾਲੇ ਦੁੱਖ।

੩. ਅਧ੍ਯਾਤਮਿਕ=ਦੇਹ ਦੇ ਰੋਗ ਅਤੇ ਮਨ ਦੇ ਵਿਕਾਰ-ਕ੍ਰੋਧ ਆਦਿਕ।

ਇਨ੍ਹਾਂ ਨੂੰ ਆਧਿ (=ਮਨ ਦਾ ਦੁਖ), ਬ੍ਯਾਧ (=ਰੋਗ ਆਦਿ), ਉਪਾਧਿ (=ਬਾਹਰੋਂ ਪਏ ਦੁੱਖ; ਆ ਚੰਬੜੇ ਦੁੱਖ) ਬੀ ਆਖਦੇ ਹਨ। ਭਾਵ ਹੈ ਕਿ ਸਾਰੇ ਪ੍ਰਕਾਰ ਦੇ ਦੁਖ ਮਿਟ ਗਏ ਹਨ।

ਫਿਰ ਹੋਰ ਤਰ੍ਹਾਂ ਵਰਣਨ ਕਰਦੇ ਹਨ ਕਿ ਹੁਣ ਮਨ ਉਲਟ ਕੇ ਸਨਾਤਨ ਹੋ ਗਿਆ ਹੈ। ਮਨ ਦੇ ਮਨ ਬਣ ਜਾਣ ਤੋਂ ਪਹਿਲਾਂ ਜੋ ਉਸ ਦਾ ਰੂਪ ਸੀ ਉਹ ਸੀ ਸਨਾਤਨ=ਪੁਰਾਣਾ। ਅਰਥਾਤ ਅਸਲੀ ਸ਼ੁੱਧ ਆਤਮਾ। ਮਨ ਬਣਿਆ ਸੀ ਆਤਮ ਸਰੂਪਤਾ ਤੋਂ,ਜਦੋਂ ਇਸ ਨੇ ਅਪਣੇ ਆਪ ਨੂੰ ਜੁਦਾ ਤੇ ਜੀਵ ਤੇ ਹਦ ਬੰਦੀ ਵਾਲਾ ਮੰਨ ਲਿਆ ਸੀ। ਹੁਣ ਇਹ ਮਨ ਦਾ 'ਮਨਪਨਾ' ਦੂਰ ਹੋ ਗਿਆ ਹੈ ਤੇ ਇਹ ਪੌਰਾਤਨ ਸਰੂਪ ਵਾਲਾ ਸ਼ੁਧ ਆਤਮਾ ਰੂਪ ਹੋ ਗਿਆ ਹੈ, ਇਸ ਨੇ ਆਪ ਨੂੰ ਪਰੀਪੂਰਣ ਪਾਰਬ੍ਰਹਮ ਨਾਲ ਅਭੇਦ ਲਖ ਲਿਆ ਹੈ। ਇਹ ਜਾਣਨਾ ਜਾਣਨ ਮਾਤ੍ਰ ਨਹੀਂ ਜੋ ਪੜ੍ਹਨ ਸੁਣਨ ਨਾਲ 'ਮਨੋ ਗ੍ਯਾਨ' ਮਾਤ੍ਰ ਹੁੰਦਾ ਹੈ। ਦੱਸਦੇ ਹਨ ਕਿ ਇਹ ਮੈਨੂੰ ਮੇਰੇ 'ਅਹੰ' ਦੇ ਜੀਵਤ ਭਾਵ ਤੋਂ ਮਰਨੇ ਤੇ ਪ੍ਰਾਪਤ

*ਗੁਰਮੁਖਿ ਲਾਗੈ ਸਹਜਿ ਧਿਆਨੁ ॥ [ਰਾਮਕਲੀ ਮਹਲਾ ੧, ਸਿਧ ਗੋਸ਼ਟਿ-੪੧

ਹੋਇਆ ਸ਼ੁੱਧ ਗਯਾਨ ਹੈ। ਫਿਰ ਦੱਸਦੇ ਹਨ ਕਿ ਇਸ ਦਾ ਅਸਰ ਮੇਰੀ ਵਰਤੋਂ ਤੇ ਕੀਹ ਪਿਆ ਹੈ? ਕਿ ਹੁਣ ਮੈਂ ਕਿਸ ਨੂੰ ਡਰਾਉਂਦਾ ਨਹੀਂ ਤੇ ਕਿਸੇ ਤੋਂ ਡਰਦਾ ਬੀ ਨਹੀਂ। ਇਸ ਸਹਿਜ ਸੁਖ ਦੀ ਅਵਸਥਾ ਨਿਰਭਉ ਦੇ ਵਿਚ ਪ੍ਰਾਪਤ ਹੋਣ ਨਾਲ ਹੋਈ ਹੈ। ਭੈ ਰਹਿਤ ਵਿਚ ਮਿਲਣਕਰਕੇ ਭੈ ਨਹੀਂ ਰਿਹਾ। ਇਸ ਲਈ ਮੈਂ ਡਰਦਾ ਨਹੀਂ ਤੇ ਕਿਸੇ ਨਾਲ ਮੇਰਾ ਰਾਗ ਦ੍ਵੈਖ ਨਹੀਂ ਰਿਹਾ, ਕੋਈ ਓਪਰਾ ਨਹੀਂ ਰਿਹਾ, ਸਭ ਕੋਈ ਅਪਣਾ ਆਪਾ ਹੋਕੇ ਸਭ ਵਿਚ ਆਪਾ ਭਾਸ ਰਿਹਾ ਹੈ; ਸੋ ਹੁਣ ਮੈਂ ਡਰਾਉਣਾ ਕਿਸ ਨੂੰ ਹੋਇਆ?

**ਨਿਰੁਕ੍ਤ**—ਜਮ–[ਸੰਸ:, ਧਾਤੂ ਯਮ=ਰੋਕਣਾ, ਘੁੱਟਣਾ। ਯਮ*=ਰੋਕ ਥਾਮ। ੨. ਸੂਰਜ ਦਾ ਪੁਤ੍ਰ ਯਮ, ਧਰਮਰਾਜ।(ਦੇਖੋ ਪੰਨਾ ੧੬੨੪)। ਇਸ ਦੇ ਦੂਤ-ਯਮ ਦੂਤ ਨੂੰ ਬੀ ਕਈ ਵੇਰ 'ਯਮ' ਕਹਿ ਦੇਂਦ ਹਨ] ਜਮ। (ਅ) ਯਮ ਵਰਗਾ ਪਕੜਾਂ ਤੇ ਰੋਕਾਂ ਵਾਲਾ ਸੁਭਾਵ। (ੲ)ਯਮ ਤੋਂ ਮੁਰਾਦ ਯਮ ਰਾਜ ਯਾ ਯਮ ਦੂਤ ਬੀ ਲੈ ਲਈਦੀ ਹੈ ਕਿ 'ਯਮਗਣਾ' ਦੇ ਹੋਣ ਦੀ ਥਾਂ ਹੁਣ 'ਰਾਮਗਣਾ' ਦੇ ਯੋਗ ਹੋਗਏ ਹਾਂ।

ਬਿਸਰਾਮ–[ਸੰਸ:, ਵਿਸ਼੍ਰਾਮ:] ਟਿਕਾਣਾ।

ਸਾਕਤ–(ਦੇਖੋ ਪੰਨਾ ੧੬੦੯) ਵਾਹਿਗੁਰੂ ਤੋਂ ਉਲਟ ਮਾਯਕ ਲੋਕ। ਮਾੜੇ ਤੇ ਦ੍ਵੈਖੀ ਸੁਭਾਵ ਵਾਲੇ ਸਾਈਂ ਤੋਂ ਬੇਮੁਖ ਲੋਕ। ਕੁਸਲ=ਸੁਖ।

ਉਪਾਧਿ–[ਸੰਸ:, ਉਪਾਧਿ:] ਛਲ, ਭੁਲੇਵਾ। ਭੁਲੇਵੇ ਤੋਂ ਉਪਜੇ ਦੁੱਖ। ਵਹਬਤਾਂ। ਆ ਦੰਬੜੇ ਰੋਗ ਯਾ ਦੁੱਖ। ਏਥੇ ਮੁਰਾਦ ਹੈ ਸਰੀਰ ਦੇ ਦੁਖ ਤੇ ਮਨ ਦੀਆਂ ਪੱਕ ਗਈਆਂ ਮਾੜੀਆਂ ਵਹਬਤਾਂ।

ਰੋਗੁ–(ਦੇਖੋ ਪੰਨਾ ੩੦੫) ਬੀਮਾਰੀ, ਦੁਖ।

ਤੀਨੋ ਤਾਪ–ਤ੍ਰਿੰਨ ਤਾਪ। ਵੇਰਵਾ ਵ੍ਯਾਖ੍ਯਾ ਵਿਚ ਆ ਚੁਕਾ ਹੈ।

ਸਨਾਤਨੁ–[ਸੰਸ:, ਸਨਾਤਨੰ=ਸਦੈਵੀ] ਜੋ ਸਦਾ ਤੋਂ ਹੈ ਜੋ ਆਦਿ ਤੋਂ ਹੈ। ਜੋ ਪੁਰਾਣਾ ਯਾ ਪਰੰਪਰਾ ਤੋਂ ਹੈ। ਆਤਮ ਸਰੂਪਤਾ ਤੋਂ ਭਾਵ ਹੈ।

## [ਗਉੜੀ ਕਬੀਰ ਜੀ, ਚਉਪਦਾ–੧੮]

**ਪ੍ਰਾਕ੍ਕਥਨ**—ਸਰੀਰ ਵਿਚ ਵਸਦਿਆਂ 'ਜੀਵਨ ਮੁਕਤ ਗਯਾਨੀ' ਦੀ ਅਵਸਥਾ ਦੱਸ ਚੁਕੇ ਹਨ। ਹੁਣ ਪ੍ਰਸ਼ਨ ਹੁੰਦਾ ਹੈ ਕਿ ਮਰਕੇ ਉਸ ਦੀ ਕੀਹ ਅਵਸਥਾ ਹੁੰਦੀ ਹੈ? ਇਸ ਦਾ ਉੱਤਰ ਇਸ ਅਠਾਰੁਵੇਂ ਸ਼ਬਦ ਵਿਚ ਦੇਂਦੇ ਹਨ ਤੇ ਗਯਾਨ ਪ੍ਰਾਪਤੀ ਦੀ ਵਿਉਂਤ ਸਿਖਾਲਦੇ ਹਨ।

| ਮੂਲ | ਅਰਥ |
|---|---|
| ਗਉੜੀ ਕਬੀਰ ਜੀ ॥ ਪਿੰਡਿ ਮੂਐ ਜੀਉ ਕਿਹ ਘਰਿ ਜਾਤਾ ॥ ਸਬਦਿ ਅਤੀਤਿ ਅਨਾਹਦਿ ਰਾਤਾ॥ ਜਿਨਿ ਰਾਮੁ ਜਾਨਿਆ ਤਿਨਹਿ ਪਛਾਨਿਆ ॥ ਜਿਉ ਗੂੰਗੇ ਸਾਕਰ ਮਨੁ ਮਾਨਿਆ ॥ ੧ ॥ | [ਪ੍ਰਸ਼ਨ:] (ਜੋ ਸਤਿ ਪੁਰਖ) ਸ਼ਬਦ ਦੁਆਰਾ (ਭਾਵ ਨਾਮ ਅਭ੍ਯਾਸ ਕਰਕੇ ਮਾਯਾ ਤੋਂ) ਅਤੀਤ ਹੋ ਗਿਆ ਤੇ ਅਨੰਤ (ਪ੍ਰਭੂ) ਵਿਚ ਰੱਤਾ ਰਹਿੰਦਾ ਹੈ, ਸਰੀਰ ਦੇ ਮਰਨੇ ਤੇ (ਉਸ ਦਾ) ਜੀਉ ਕਿਸ ਟਿਕਾਣੇ (ਚਲਾ) ਜਾਂਦਾ ਹੈ? [ਉੱਤਰ:] (ਇਹ ਗੱਲ ਵਰਣਨ ਕਰਨ ਤੇ ਸੁਣਨ ਮਾਤ੍ਰ ਨਾਲ ਸਮਝਣੇ ਦੀ ਨਹੀਂ) ਜਿਸ ਨੇ ਰਾਮ ਨੂੰ (ਜੀਉਂਦਾ ਜੀਉ) ਜਾਣ ਲਿਆ (ਉਸ ਟਿਕਾਣੇ ਨੂੰ) ਉਸੇ ਨੇ ਪਛਾਣ ਲਿਆ (ਤੇ ਉਸ ਦਾ ਸੁਆਦ ਉਸੇ ਨੇ ਜਾਣਿਆ) ਹੈ, ਜਿਵੇਂ ਕਿ ਗੂੰਗੇ ਨੇ ਸ਼ਕਰ |

*ਯਮ ਪਦ ਦੇ ਸੰਸਕ੍ਰਿਤ ਵਿਚ ਨੌਂ ਦਸ ਅਰਥ ਹਨ।

(ਨੂੰ ਖਾਕੇ ਜੋ ਉਸ ਦਾ ਸੁਆਦ ਹੈ) ਮਨ ਹੀ ਮਨ ਮਾਣਿਆ ਹੈ (ਪਰ ਉਹ ਦੱਸ ਨਹੀਂ ਸਕਿਆ ਕਿ ਰਸ ਕੈਸਾ ਹੈ) ॥੩॥

(ਪ੍ਰਸ਼ਨ ਹੁੰਦਾ ਹੈ: ਕਿ ਜੇ ਉਹ ਜਾਣਨਾ ਕਥਨ ਸੁਣਨ ਦਾ ਵਿਸ਼ਾ ਨਹੀਂ ਪ੍ਰਾਪਤ ਕਰਕੇ ਹੀ ਪ੍ਰਛਾਣਿਆਂ ਜਾਂਦਾ ਹੈ ਤਾਂ ਉਸ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ ? ਤਾਂ ਉੱਤਰ ਦੇਂਦੇਹਨ ਕਿ)

ਐਸਾ ਗਿਆਨੁ ਕਥੈ ਬਨਵਾਰੀ ॥ ਮਨ ਰੇ ਪਵਨ ਦ੍ਰਿੜ ਸੁਖਮਨ ਨਾਰੀ ॥ ੧ ॥ ਰਹਾਉ ॥

ਐਸਾ (ਹੀ) ਗਯਾਨ (ਜੋ ਅਸਾਂ ਕਿਹਾ ਹੈ) ਬਨਮਾਲੀ ਕਥਨ ਕਰਦਾ ਹੈ (ਅਤੇ ਉਸ ਦੀ ਪ੍ਰਾਪਤੀ ਲਈ ਪਹਿਲਾ ਕੰਮ) ਹੇ ਮੇਰੇ ਮਨ ! (ਇਹ ਹੈ ਕਿ) ਸੁਆਸਾਂ ਨੂੰ ਸੁਖਮਨ ਨਾੜੀ ਵਿਚ ਟਿਕਾਓ ॥ ੧ ॥ ਰਹਾਉ ॥

(ਪ੍ਰਸ਼ਨ ਹੁੰਦਾ ਹੈ ਕਿ ਇਹ ਜਾਚ ਪ੍ਰਾਣ ਟਿਕਾਉਣ ਦੀ ਕਿਵੇਂ ਆਵੇ ? ਤਾਂ ਦੱਸਦੇ ਹਨ ਕਿ ਗੁਰੂ ਕਰੋ, ਪਰ)

ਸੋ ਗੁਰੁ ਕਰਹੁ ਜਿ ਬਹੁਰਿ ਨ ਕਰਨਾ ॥ ਸੋ ਪਦੁ ਰਵਹੁ ਜਿ ਬਹੁਰਿ ਨ ਰਵਨਾ ॥ ਸੋ ਧਿਆਨੁ ਧਰਹੁ ਜਿ ਬਹੁਰਿ ਨ ਧਰਨਾ ॥ ਐਸੇ ਮਰਹੁ ਜਿ ਬਹੁਰਿ ਨ ਮਰਨਾ ॥ ੨ ॥

ਗੁਰੂ ਐਸਾ ਕਰੋ ਕਿ ਫੇਰ (ਕੋਈ ਹੋਰ ਗੁਰੂ) ਨਾ ਧਾਰਨ ਕਰਨਾ ਪਵੇ। ਉਸ (ਪਦ=ਲਫਜ਼) ਵਚਨ (=ਨਾਮ) ਨੂੰ ਉਚਾਰਣ ਕਰੋ (=ਜਪੋ) ਕਿ ਫੇਰ (ਬਦਲਕੇ ਹੋਰ) ਨਾ ਜਪਣਾ ਪਵੇ। ਧਿਆਨ ਉਹ ਧਰੋ ਕਿ ਫੇਰ (ਬਦਲਕੇ ਹੋਰ ਧਿਆਨ) ਨਾ ਧਰਨਾ ਪਵੇ। (ਏਹ ਸਾਧਨ ਸਾਵਧਾਨੀ ਨਾਲ ਕਰੋ ਐਸੇ ਕਿ ਜਦ ਸਰੀਰ ਕਰਕੇ ਮਰੋ ਤਾਂ) ਐਸੀ (ਤਰ੍ਹਾਂ) ਮਰੋ ਕਿ ਫੇਰ ਨਾ ਮਰਨਾ ਪਵੇ ॥ ੨ ॥

[ਇਹ ਗੁਰੂ ਦੇ ਦੱਸੇ ਨਾਮ ਤੇ ਧਿਆਨ ਦੀ ਕਮਾਈ ਨੂੰ ਸਾਵਧਾਨਤਾ ਨਾਲ ਕਰਨ ਦਾ ਉਪਦੇਸ਼ ਦੇਕੇ ਹੁਣ ਪ੍ਰਾਣਾ-ਯਾਮ ਅੰਤਰਮੁਖ ਇਸ਼ਨਾਨ ਤੇ ਹੋਰ ਰਹਿਣੀਆਂ ਦਾ ਉਪਦੇਸ਼ ਕਰਦ ਹਨ ਅਤੇ ਉੱਤਮ ਪੁਰਖ ਵਿਚ ਬੋਲਦੇ ਹਨ:– ਜਿਵੇਂ ਕਹਿ ਰਹੇ ਹਨ ਕਿ ਮੈਂ ਐਉਂ ਕਰਦਾ ਹਾਂ]

ਉਲਟੇ ਗੰਗ ਜਮੁਨ ਮਿਲਾਵਉ ॥

ਗੰਗਾ ਨੂੰ ਜਮਨਾ ਵਿਚ (ਤੇ ਜਮੁਨਾ ਨੂੰ ਗੰਗਾ ਵਿਚ) ਉਲਟਾ (ਪਲਟਾਕੇ) ਮਿਲਾਉਂਦਾ ਹਾਂ (ਭਾਵ-ਖੱਬੀ ਸੁਰ ਜੋ ਇੜਾ ਕਹੀਦੀ ਹੈ, ਜਿਸ ਨੂੰ ਏਥੇ ਗੰਗਾ ਕਿਹਾ ਹੈ, ਸੱਜੀ ਵਿਚ, ਜਿਸ ਨੂੰ ਪਿੰਗਲਾ ਕਹੀਦਾ ਹੈ ਤੇਏਥੇ ਜਮਨਾ ਕਿਹਾ ਹੈ,ਮਿਲਾਉਂਦਾ ਹਾਂ ਅਰਥਾਤ ਸਜੀ ਤੋਂ ਖੱਬੀ ਤੇ ਖੱਬੀ ਤੋਂ ਸਜੀ ਵਿਚ ਸੁਆਸਾਂ ਦਾ ਉਲਟਾ ਪਲਟਾ ਕਰਦਿਆਂ ਸੁਖਮਨਾ ਖੁੱਲ੍ਹ ਜਾਂਦੀ ਤੇ ਪਵਨ=ਸੁਆਸ ਦੀ ਗਤੀ ਉਸ ਵਿਚ ਚਲੀ ਜਾਂਦੀ ਹੈ। ਜਿਵੇਂ ਗੰਗਾ ਜਮਨਾ ਸੁਰਸਤੀ ਨਦੀਆਂ ਪ੍ਰਯਾਗ ਵਿਚ ਮਿਲਦੀਆਂ ਹਨ, ਉਥੇ ਤ੍ਰੈਹਾਂ ਦਾ 'ਜਲ ਸਗਮ' ਹੈ ਪਰ ਇਥੇ)

ਬਿਨੁ ਜਲ ਸੰਗਮ ਮਨ ਮਹਿ ਨ੍ਹਾਵਉ ॥

ਬਿਨਾ ਜਲ ਤੋਂ (ਤ੍ਰੈ ਨਾੜੀਆਂ ਦਾ) ਸੰਗਮ (ਸਥਾਨ ਹੈ, ਜਿਥੇ ਹੁਣ ਮਨ ਟਿਕ ਰਿਹਾ ਹੈ ਉਸ ਟਿਕੇ ਮਨ ਵਿਚ ਮੈਂ ਇਸ਼ਨਾਨ ਕਰਦਾ* ਹਾਂ।

*ਸੁਣਿਆ ਮੰਨਿਆ ਮਨਿ ਕੀਤਾ ਭਾਉ ॥ ਅੰਤਰ ਗਤਿ ਤੀਰਥਿ ਮਲਿ ਨਾਉ ॥ [ਜਪੁਜੀ-੨੧

[ਪ੍ਰਸ਼ਨ: ਇਸ ਤਰ੍ਹਾਂ ਅੰਤਰ ਮੁਖ ਹੋਏ ਰਹਿਣ ਨਾਲ ਜਗਤ ਬਿਵਹਾਰ ਕਿਵੇਂ ਟੁਰਦਾ ਹੈ ? ਉੱਤਰ:]

ਲੋਚਾ ਸਮਸਰਿ ਇਹੁ ਬਿਉਹਾਰ॥ ਤਤੁ ਬੀਚਾਰਿ ਕਿਆ ਅਵਰਿ ਬੀਚਾਰਾ ॥ ੩ ॥

ਇਹ (ਜੋ ਜਗਤ) ਬਿਵਹਾਰ ਹੈ (ਇਸ ਵਿਚ) ਦ੍ਰਿਸ਼ਟੀ ਇਕ ਤੁਲਨਾ ਵਾਲੀ (ਰਖੀ ਹੋਈ) ਹੈ (ਭਾਵ ਸਮਦ੍ਰਿਸ਼ਟਾ ਹੋਕੇ ਵਰਤ ਰਹੇ ਹਾਂ) ਹੋਰ (ਕਿਸੇ) ਵੀਚਾਰ ਦੀ (ਹੁਣ) ਕੀਹ (ਲੋੜ ਬਾਕੀ ਹੈ ਜਦ) ਤੱਤ ਦੀ ਵੀਚਾਰ (ਪ੍ਰਾਪਤ ਹੋ ਗਈ ਹੈ। ਭਾਵ ਜਦ ਜਗਤ ਦੇ ਮੂਲ ਪਰਮਾਤਮਾ ਦੀ ਵੀਚਾਰ ਪ੍ਰਾਪਤ ਹੋ ਗਈ ਹੈ ਤੇ ਸਭ ਵਿਚ ਉਹੋ ਤੱਤ ਨਜ਼ਰੀਂ ਪੈ ਰਿਹਾ ਹੈ, ਫੇਰ ਸਭ ਨਾਲ ਵਰਤੋਂ ਬੀ ਸਮ ਭਾਵ ਦੀ ਹੋ ਗਈ ਹੈ*; ਹੋਰ ਹੁਣ ਕਿਸ ਵੀਚਾਰ ਦੀ ਲੋੜ ਬਾਕੀ ਹੈ ? ਅਤੇ ਬੁਰਾ ਭਲਾ ਦੋਹਾਂ ਨੂੰ ਸਮਸਰ ਸਹਿਣ ਦੀ ਜਾਚ ਬੀ ਆ ਗਈ ਹੈ†) ॥ ੩ ॥

[ਪ੍ਰਸ਼ਨ ਹੁੰਦਾ ਹੈ ਕਿ ਸਮਦ੍ਰਿਸ਼ਟੇ ਹੋਣਾ ਤੇ ਅੰਤਰ ਮੁਖ ਰਹਿਣਾ ਕਠਨ ਹੈ ਤੁਸੀਂ ਵਿਚੇ ਰਹਿਕੇ ਕੀਕੂੰ ਦੀ ਰਹਿਤ ਰੱਖਦੇ ਹੋ ਜੋ ਸਮਦਰਸ਼ਤਾ ਨਿਭ ਆਉ ਦੀ ਹੈ ? ਤਾਂ ਉੱਤਰ ਦੇਂਦੇ ਹਨ:-]

ਅਪੁ ਤੇਜੁ ਬਾਇ ਪ੍ਰਿਥਮੀ ਅਕਾਸਾ ॥ ਐਸੀ ਰਹਤ ਰਹਉ ਹਰਿ ਪਾਸਾ

ਪਾਣੀ, ਅਗਨੀ, ਪੌਣ, ਧਰਤੀ, ਆਕਾਸ਼ (ਜੈਸੀ ਰਹਿਤ ਕਿ ਇਨ੍ਹਾਂ ਪੰਜਾਂ ਤੱਤਾਂ ਦੀ ਹੈ ਮੈਂ) ਐਸੀ ਰਹਿਤ ਰਹਿੰਦਾ ਹਾਂ (ਤਦ ਅੰਦਰੋਂ ਮੈਂ) ਹਰੀ ਦੇ ਪਾਸ (ਬੀ ਰਹਿੰਦਾ ਹਾਂ; ਭਾਵ ਮੇਰੀ ਲਿਵ ਸਾਈਂ ਨਾਲ ਨਹੀਂ ਟੁੱਟਦੀ)। [ਪ੍ਰਸ਼ਨ ਹੁੰਦਾ ਹੈ ਕਿ ਏਹ ਦੁਇ ਕੰਮ ਕੀਕੂੰ ਸਰ ਆ ਸਕਦੇ ਹਨ ?] (ਤਾਂ) ਕਬੀਰ

॥ ਕਹੈ ਕਬੀਰ ਨਿਰੰਜਨ ਧਿਆਵਉ ॥ ਤਿਤੁ ਘਰਿ ਜਾਉ ਜਿ ਬਹੁਰਿ ਨ ਆਵਉ ॥੪॥੧੮॥

ਜੀ ਆਖਦੇ ਹੈਨ ਕਿ ਮੈਂ) ਮਾਇਆ ਰਹਿਤ (ਪ੍ਰਭੂ) ਨੂੰ ਧਿਆਉਂਦਾ (ਰਹਿੰਦਾ) ਹਾਂ, (ਐਉਂ) ਉਸ ਟਿਕਾਣੇ ਚਲਾ ਜਾ ਰਿਹਾ ਹਾਂ ਕਿ ਜਿਥੋਂ ਮੁੜਕੇ ਨਹੀਂ ਆਵਾਂਗਾ ॥੪॥੧੮॥

**ਵਯਾਖਯਾ**—ਪਿਛਲੇ ਸ਼ਬਦ ਵਿਚ ਜੀਵਨ ਮੁਕਤਿ ਅਵਸਥਾ ਦਾ ਵਰਣਨ ਸੀ, ਹੁਣ 'ਮਰਨ ਮਗਰੋਂ ਜੀਵਨ ਮੁਕਤ ਕਿਸ ਅਵਸਥਾ ਵਿਚ ਹੁੰਦਾ ਹੈ', ਉਸ ਦਾ ਵਰਣਨ ਪ੍ਰਸ਼ਨ ਉੱਤਰ ਕਰਕੇ ਇਸ ਸ਼ਬਦ ਦੇ ਅੰਕ ੧ ਵਿਚ ਦੱਸਿਆ ਹੈ। ਪ੍ਰਸ਼ਨ ਹੈ ਕਿ ਜੋ ਸ਼ਬਦ ਦੁਆਰਾ ਮਾਯਾ ਦੇ ਅਸਰਾਂ ਤੋਂ ਅਤੀਤ ਹੋ ਗਿਆ ਹੈ, ਭਾਵ ਛੁੱਟ ਗਿਆ ਹੈ ਤੇ (ਅਨਹਦ=) ਅਨੰਤ ਪ੍ਰਭੂ ਵਿਚ ਰਚਿਆ ਰਹਿੰਦਾ ਹੈ, ਭਾਵ ਅਨੰਤ ਤੇ ਅਵਿਨਾਸ਼ ਪ੍ਰਭੂ ਨਾਲ ਅਖੰਡ ਮੇਲ ਵਿਚ ਹੈ, ਜਦ ਉਸ ਦਾ ਸਰੀਰ ਮਰ ਜਾਂਦਾ ਹੈ ਤਾਂ ਉਸ ਦਾ ਜੀਵ ਕਿਸ ਟਿਕਾਣੇ ਜਾਂਦਾ ਹੈ ? ਘਰ ਤੋਂ ਮੁਰਾਦ ਹੈ ਕਿਸੇ ਹੋਰ ਸਰੀਰ ਵਿਚ, ਬੈਕੁੰਠ ਆਦਿ ਕਿਸੇ ਟਿਕਾਣੇ ਵਿਚ ਯਾ ਕਿਸੇ ਅਵਸਥਾ ਵਿਚ ? ਤਾਂ ਉੱਤਰ ਆਪ ਹੀ ਦੇਂਦੇ ਹਨ ਕਿ ਮੈਂ ਦੱਸ ਨਹੀਂ ਸਕਦਾ, ਤੁਸੀਂ ਸਮਝ ਨਹੀਂ ਸਕਦੇ ॥ ੧ ॥ ਰਹਾਉ ॥ ਉਹ ਗੱਲ ਮਨ ਇੰਦ੍ਰਿਆਂ ਦਾ ਵਿਸ਼ਯ ਨਹੀਂ ਪਰ ਅਪਣੇ ਕਰਕੇ ਆਪ ਹੀ ਅਨੁਭਵ ਕਰੀਦੀ ਹੈ। ਹਾਂ, ਉਹ ਕੋਈ ਆਨੰਦਮਯਤਾ ਹੈ ਕਿ ਆਨੰਦ ਸਰੂਪਤਾ ਹੈ ਉਹ 'ਦੇਖਾ ਹੀ ਪਰਵਾਨ' ਹੈ। ਮਿਸਾਲ ਦੇਂਦੇ ਹਨ ਗੁੰਗੇ ਦੇ ਸ਼ੱਕਰ ਖਾਣ ਦੀ। ਉਹ ਖਾਂਦਾ ਹੈ, ਆਨੰਦ ਮਾਣਦਾ ਹੈ ਪਰ ਦੱਸ

*ਸਭ ਮਹਿ ਰਵਿ ਰਹਿਆ ਪ੍ਰਭੁ ਏਕੈ ਪੇਖਿ ਪੇਖਿ ਨਾਨਕ ਬਿਗਸਾਈ ॥ [ਕਾਨੜਾ ਮ: ੫-੮

†ਬੁਰਾ ਭਲਾ ਦੁਇ ਸਮਸਰਿ ਸਹੀਐ ॥ [ਮਾਰੂ ਮਹਲਾ ੫, ਸੋਲਹਾ ੫-੧੩

ਨਹੀਂ ਸਕਦਾ। ਇਸ ਤੋਂ ਪਤਾ ਲੱਗਾ ਹੈ ਕਿ ਜੋ ਕੁਛ ਬੀ ਉਹ ਹੈ ਆਨੰਦਮਯ ਯਾ ਆਨੰਦ ਸਰੂਪ ਹੈ। ਫੇਰ ਫੁਰਮਾਉਂਦੇ ਹਨ ਕਿ ਉਸ ਗਯਾਨ ਨੂੰ ਕੇਵਲ ਬਨਵਾਰੀ (=ਵਾਹਿਗੁਰੂ ਹੀ*) ਜਾਣਦਾ ਹੈ ਜੋ ਉਹ ਰਸ ਦੇਂਦਾ ਹੈ ਤੇ ਉਹ ਗਯਾਨਵਾਨ ਜਾਣਦਾ ਹੈ ਜੋ ਉਸ ਆਨੰਦ ਸਰੂਪ ਨੂੰ ਜਾ ਮਿਲਿਆ ਹੋਯਾ ਹੈ। ਕਿਉਂ ਕੋਈ ਵਰਣਨ ਨਹੀਂ ਕਰ ਸਕਦਾ ? ਇਸ ਦਾ ਉੱਤਰ ਹੈ ਕਿ ਮਨ 'ਦੇਸ਼ਕਾਲ' ਦਾ ਬਣਿਆ ਹੋਣ ਕਰਕੇ ਦੇਸ਼ ਕਾਲ ਦੇ ਰਸਾਂ ਕਸਾਂ ਨੂੰ ਵਰਣਨ ਕਰ ਸਕਦਾ ਹੈ, ਪਰ ਪਰਮਾਤਮ ਮੇਲ ਦਾ ਆਨੰਦ ਦੇਸ਼ਕਾਲ ਤੋਂ ਉੱਪਰ ਲੈ ਜਾਂਦਾ ਹੈ, ਮਨ ਦੀ ਓਥੇ ਗੰਮਤਾ ਨਹੀਂ, ਵਰਣਨ ਕੌਣ ਕਰੇ ਤੇ ਸਮਝੇ ਕੌਣ ? ਦੇਸ਼ਕਾਲ ਤੋਂ ਉਪਰ ਥਿਰ ਪਦਵੀ ਪਾਰਬ੍ਰਹਮ ਪਰਮੇਸ਼ੁਰ ਹੈ, ਜਾਂ ਉਹ ਸੇਵਕ ਹੈ ਜੋ ਓਥੇ ਪਹੁੰਚ ਪਿਆ ਹੈ ਜੈਸਾ ਕਿ ਗੁਰੂ ਜੀ ਦਾ ਵਾਕ ਹੈ:–

ਥਿਰੁ ਪਾਰਬ੍ਰਹਮੁ ਪਰਮੇਸਰੋ ਸੇਵਕੁ ਥਿਰੁ ਹੋਸੀ ॥ [ਵਾਰ ਮਾਰੂ ਡਖਣੇ ਮ: ੫–੧੮

ਇਸ ਲਈ ਕਬੀਰ ਜੀ ਨੇ ਕਿਹਾ: ਉਸ ਨੂੰ ਮਾਣਨ ਵਾਲਾ ਜਾਣਦਾ ਹੈ ਯਾ ਉਸ ਨੂੰ ਰਸ ਦਾ ਦਾਤਾ ਪ੍ਰਭੂ ਕਥਨ ਕਰਦਾ ਹੈ। ਪ੍ਰਸ਼ਨ ਹੁੰਦਾ ਹੈ ਕਿ ਜਿਸ ਗਯਾਨ ਨੂੰ ਪਾਰਬ੍ਰਹਮ ਹੀ ਦੱਸ ਸਕਦਾ ਹੈ ਉਸ ਦੀ ਪ੍ਰਾਪਤੀ ਤੁਹਾਨੂੰ ਕਿਵੇਂ ਹੋ ਗਈ ? ਤਾਂ ਦੱਸਦੇ ਹਨ ਕਿ ਉਸ ਦੀ ਇਕ ਵਿਧੀ ਹੈ: ਸੁਖਮਨਾ ਨਾੜੀ ਵਿਚ ਸੁਆਸਾਂ ਨੂੰ ਦ੍ਰਿੜਾਉਣਾ, ਜਿਸਦੇ ਦ੍ਰਿੜਾਉਣ ਨਾਲ ਮਨ ਟਿਕਦਾ ਹੈ।

ਇਹ ਕਹਿ ਕੇ ਸੁਖਮਨਾ ਨਾੜੀ ਦੀ ਕ੍ਰਿਆ ਅੰਕ ੩ ਲਈ ਛੱਡ ਦੇਂਦੇ ਹਨ ਤੇ ਏਥੋਂ ਹੋਰ ਵਿਸ਼ਯ ਸ਼ੁਰੂ ਕਰਦੇ ਹਨ ਜੋ ਅੰਕ ੨ ਵਿਚ ਹੈ।

ਸੁਆਸਾਂ ਨੂੰ ਇਕ ਬੱਝਵੀਂ ਚਾਲ ਵਿਚ ਚਲਾ ਕੇ ਸੁਖਮਨ ਨਾੜੀ ਵਿਚ ਦ੍ਰਿੜਾਉਣਾ ਪ੍ਰਾਣਾਯਾਮ ਕਹੀਦਾ ਹੈ। ਇਸ ਕ੍ਰਿਯਾ ਦਾ ਬੜਾ ਵਿਸਥਾਰ ਹੈ ਤੇ ਇਹ ਪੜ੍ਹ ਸੁਣਕੇ ਕਰਨਾ ਠੀਕ ਨਹੀਂ, ਪ੍ਰਾਣਾਯਾਮੀ ਪੁਰਖ ਤੋਂ ਸਿੱਖਣਾ ਚਾਹੀਏ। ਇਸ ਲਈ ਮਤਿ ਦੇਂਦੇ ਹਨ ਕਿ ਗੁਰੂ ਕਰੋ। ਪਰ ਗੁਰੂ ਨਿਰਾ ਪ੍ਰਾਣਾਯਾਮੀ ਬੀ ਬਣ ਸਕਦਾ ਹੈ ਜੋ ਨਾਟਕਾਂ ਚੇਟਕਾਂ ਲਈ ਪ੍ਰਾਣਾਯਾਮ ਕਰਦਾ ਕਰਾਉਂਦਾ ਹੋਵੇ। ਇਸ ਲਈ ਦੱਸਦੇ ਹਨ ਕਿ ਗੁਰੂ ਓਹ ਕਰੋ ਜੋ ਪ੍ਰਾਣਾਯਾਮ ਕੇਵਲ 'ਮਨ ਦੇ ਟਿਕਾਉ' ਲਈ ਸਿਖਾਵੇ। ਤੇ ਮਨ ਦਾ ਟਿਕਾਉ ਕੇਵਲ ਮਨ ਦੇ ਟਿਕਾਉ ਵਿਚ ਹੀ ਨਾ ਸਿਖਾਲਦਾ ਹੋਵੇ ਪਰ ਮਨ ਨੂੰ ਪਰਮਾਤਮ ਦੇ ਪ੍ਰੇਮ ਵਿਚ ਪਾ ਕੇ ਉਸ ਵਿਚ ਲਿਵਲੀਨ ਹੋਣਾ ਸਿਖਾਉਣਾ ਜਾਣਦਾ ਹੋਵੇ। ਇਹ ਪ੍ਰਤੱਖ ਹੈ ਕਿ ਜੋ ਆਪ 'ਬੀਤ ਰਾਗ' ਹੋਵੇਗਾ, ਆਪ ਲਿਵਲੀਨ ਹੋਵੇਗਾ, ਉਸ ਦਾ ਸਤਿਸੰਗ ਬ੍ਰਹਮ ਵਿਚ ਲੀਨ ਕਰੇਗਾ। ਐਸਾ ਗੁਰੂ ਧਾਰਨ ਕਰਕੇ ਫੇਰ ਹੋਰ ਦੀ ਲੋੜ ਨਾ ਰਹੇਗੀ। ਐਸਾ ਗੁਰੂ ਨਿਰਾ ਪ੍ਰਾਣਾਯਾਮ ਨਹੀਂ ਸਿਖਲਾਏਗਾ, ਉਹ ਨਾਲ ਕਿਸੇ ਪਦ (ਵਾਕ, ਲਫ਼ਜ਼) ਦਾ ਉਚਾਰਨ ਬੀ ਸਿਖਾਏਗਾ। ਓਹ ਪਦ ਐਸਾ ਚਾਹੀਏ ਜੋ ਫੇਰ ਬਦਲਨਾ ਨਾ ਪਏ। ਜੇ ਪਹਿਲੋਂ ਕਿਸੇ ਦੇਵਤਾ ਦਾ ਜਪ ਕੀਤਾ ਜਾਏ ਤਾਂ ਮਗਰੋਂ ਈਸ਼ੁਰ ਦੇ ਕਿਸੇ ਨਾਮ ਵਿਚ ਬਦਲਨਾ ਪਵੇਗਾ ਕਿਉਂਕਿ ਅੰਤ ਤਾਂ ਪਾਰਬ੍ਰਹਮ ਪਰਮੇਸ਼ੁਰ ਵਿਚ ਅੱਪੜਨਾ ਹੈ ਸੋ ਪਹਿਲੋਂ ਹੀ ਪਰਮਾਤਮਾ ਦਾ ਲਖਾਯਕ ਨਾਮ ਸਿਮਰਨ ਕਰਨਾ ਸ਼ੁਰੂ ਕਰੇ।

ਨਾਮ ਅਭਯਾਸ ਦੇ ਨਾਲ ਧਯਾਨ ਬੀ ਭਗਤੀ ਵਿਚ ਇਕ ਅੰਗ ਹੁੰਦਾ ਹੈ। ਧਯਾਨ ਹੋ ਸਕਦਾ ਹੈ ਪਹਿਲੇ ਕਿਸੇ ਸਾਕਾਰ ਮੂਰਤੀ ਯਾ ਬੁਤ ਦਾ, ਫੇਰ ਦੇਵਤਾ ਦਾ ਤੇ ਅੰਤ ਪ੍ਰਭੂ ਦਾ, ਐਉਂ ਅੰਤ ਪ੍ਰਭੂ ਦਾ ਬਦਲ ਬਦਲ ਕੇ ਸਿੱਖਣਾ ਪਵੇਗਾ। ਸੋ ਫੁਰਮਾਉਂਦੇ ਹਨ ਕਿ ਮੁੱਢ ਤੋਂ ਹੀ ਐਸਾ ਧਯਾਨ ਧਰੋ ਜੋ ਅੱਗੇ ਚਲ ਕੇ ਬਦਲਨਾ ਨਾ ਪਵੇ; ਸੋ ਹੈ ਨਿਰਗੁਣ ਦਾ ਧਯਾਨ। ਕਬੀਰ ਜੀ ਆਪ ਨਿਰਗੁਣ ਦੇ ਉਪਾਸ਼ਕ ਸਨ, ਇਸ ਲਈ ਮੁੱਢ ਤੋਂ ਹੀ ਨਿਰਗੁਣ ਦਾ ਆਦਰਸ਼-ਉਸੇ ਦਾ ਨਾਮ ਤੇ ਧਿਆਨ, ਉਸੇ

*ਬਨਵਾਰੀ ਦਾ ਅਰਥ ਦਾਨੇ ਇਥੇ ਅਕਾਲ ਪੁਰਖ ਕਰਦੇ ਆਏ ਹਨ, ਜਿਵੇਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਘੁਨਾਥ, ਰਾਮ, ਦਮੋਦਰ, ਮੁਰਾਰੀ ਆਦਿ ਪਦਾਂ ਦਾ ਅਰਥ ਅਕਾਲ ਪੁਰਖ ਹੈ।

ਦਾ ਪਰਕਾਰ ਸਿਖਾ ਰਹੇ ਹਨ।

ਅਖੀਰ ਵਿਚ ਕਹਿੰਦੇ ਹਨ:-ਐਸਾ ਮਰੋ ਕਿ ਮੁੜਕੇ ਨਾ ਮਰਨਾ ਪਵੇ। ਭਾਵ ਹੈ ਕਿ ਨਾਮ ਧਿਆਨ ਦੁਆਰਾ ਐਸੇ ਲਿਵਲੀਨ ਹੋਵੋ ਕਿ ਬੇਅੰਤ ਪਰਮੇਸ਼ੁਰ ਜੀ ਵਿਚ ਪਹੁੰਚ ਪਵੇ,ਅਰਥਾਤ ਅਨਾਹਦ ਰਾਤੇ ਹੋ ਜਾਓ। ਜਦ ਪਾਰਬ੍ਰਹਮ ਵਿਚ ਸਮਾਈ ਪ੍ਰਾਪਤ ਹੋ ਜਾਏਗੀ ਤਾਂ ਜਨਮ ਮਰਨ ਕੱਟ ਜਾਏਗਾ। ਇਕ ਵੇਰ ਤਾਂ ਦੇਹ ਧਾਰੀ ਨੇ, ਚਾਹੇ ਪੂਰਨ ਭਗਤ ਗਯਾਨੀ ਹੈ, ਦੇਹ ਦਾ ਤਯਾਗ ਕਰਨਾ ਹੀ ਹੈ, ਪਰ ਦੂਜੀ ਵੇਰ ਨਾ ਕਰਨਾ ਪਵੇ। ਦੂਜੀ ਵੇਰ ਤਾਂ ਹੀ ਨਾ ਮਰੇਗਾ ਜੇ ਮੁੜਕੇ ਜਨਮ ਨਾ ਲਏਗਾ। ਸੋ ਭਾਵ ਸਪਸ਼ਟ ਹੈ ਕਿ ਐਸਾ ਜੀਵਨ ਲਿਵ ਵਾਲਾ ਪਰਮਾਤਮਾ ਵਿਚ ਯੁਕਤ ਬਸਰ ਕਰੇ ਕਿ ਮਰਕੇ ਬ੍ਰਹਮ ਯੁਕਤ ਰਹੇ ਤੇ ਮੁੜਕੇ ਭਵਜਲ ਫੇਰਾ ਨਾ ਪਵੇ।

ਇਸ ਉਪਦੇਸ਼ ਵਿਚ ਇਕ ਤਾਕੀਦ ਜਗਯਾਸੂ ਨੂੰ ਅਪਣੀ ਕਰਨੀ ਵਲ ਬੀ ਹੈ, ਉਹ ਇਹ ਹੈ ਕਿ ਤੂੰ ਐਸੀ ਦ੍ਰਿੜਤਾ ਨਾਲ 'ਨਾਮ ਤੇ ਧਿਆਨ' ਵਿਚ ਲੱਗ ਕਿ ਮੁੜਕੇ ਜਨਮ ਨਾ ਧਾਰਨਾ ਪਵੇ।

ਅੰਕ ੩–ਹੁਣ 'ਮਨ ਰੇ ਪਵਨ ਦ੍ਰਿੜ ਸੁਖਮਨ ਨਾਰੀ' ਵਾਲੀ ਪਹਿਲੀ ਸੰਥਾ ਦੇ ਕੇ 'ਭਗਤੀ ਗਯਾਨ' ਦੀ ਰਹਿਣੀ ਵਰਣਨ ਕਰਦੇ ਹਨ। ਇਹ ਬਯਾਨ ਇਸ ਤਰ੍ਹਾਂ ਕਰਦੇ ਹਨ ਜਿਸ ਤਰ੍ਹਾਂ ਕਿ ਅਪਣੀ ਨਿਜ ਦੀ ਕਮਾਈ ਤੇ ਰਹਿਣੀ ਰਹਿਤ ਦੱਸ ਰਹੇ ਹਨ। ਜਦ ਫੁਰਮਾਉਂਦੇ ਹਨ:– ਮਿਲਾਵਉ, ਨ੍ਹਾਵਉ, ਰਹਉ, ਆਵਉ, ਐਸਾ ਕਹਿਣੇ ਵਿਚ ਆਪ ਉੱਤਮ ਪੁਰਖ ਦੀਆਂ ਕ੍ਰਿਯਾ ਵਰਤ ਰਹੇ ਹਨ। ਪਹਿਲੀ ਗੱਲ ਦੱਸਦੇ ਹਨ ਗੰਗਾ ਉਲਟਾ ਕੇ ਜਮਨਾ ਵਿਚ ਮਿਲਾਵਾਂ। ਅਰਥਾਤ ਇੜਾ (ਖੱਬੀ ਯਾ ਗੰਗਾ) ਨਾੜੀ ਵਿਚ ਅੰਦਰ ਨੂੰ ਜਾ ਰਹੇ ਸੁਆਸ ਨੂੰ ਸੱਜੀ (ਪਿੰਗਲਾ ਯਾ ਜਮਨਾ) ਦੇ ਰਸਤਿਓਂ ਬਾਹਰ ਕੱਢਾਂ ਤੇ ਖੱਬੀ ਨਾਸਕਾ ਉਸ ਵੇਲੇ ਬੰਦ ਰੱਖਾਂ। ਇਥੇ ਹੁਣ ਲੁਪਤੀ ਹੈ, ਉਹ ਇਹ ਹੈ ਕਿ ਇਸੀ ਤਰ੍ਹਾਂ ਸੱਜੀ (ਪਿੰਗਲਾ) ਤੋਂ ਅੰਦਰ ਲਏ ਸੁਆਸ ਨੂੰ ਉਸੀ ਤਰ੍ਹਾਂ ਖੱਬੀ ਦੇ ਰਸਤਿਓਂ ਬਾਹਰ ਕੱਢਾਂ ਤੇ ਸੱਜੀ ਨਾਸਕਾ ਨੂੰ ਉਂਗਲ ਨਾਲ ਬੰਦ ਰੱਖਾਂ। ਇਹ ਪ੍ਰਾਣਾਯਾਮ ਦੇ ਤ੍ਰੀਕੇ ਤੋਂ ਲੁਪਤੀ ਪੂਰੀ ਕਰੀ ਦੀ ਹੈ। ਇਸ ਪ੍ਰਕਾਰ ਦੇ ਪ੍ਰਾਣਾਯਾਮ ਨਾਲ ਕੁਛ ਸਮਾ ਪਾ ਕੇ 'ਸੁਖਮਨ' ਦਾ ਰਾਹ ਖੁੱਲ੍ਹ ਜਾਂਦਾ ਹੈ ਤੇ ਪ੍ਰਾਣਵਾਯੂ ਸੁਖਮਨ ਵਿਚ ਪਵੇਸ਼ ਕਰ ਜਾਂਦੀ ਹੈ। ਏਥੇ ਆ ਕੇ ਸੰਗਮ ਲਫ਼ਜ਼ ਵਰਤਦੇ ਹਨ। ਜਿਸ ਦਾ ਦ੍ਰਿਸ਼ਟਾਂਤ ਵਰਤ ਰਹੇ ਹਨ ਉਸੇ ਦਾ ਲਫ਼ਜ਼ ਵਰਤਦੇ ਹਨ। ਗੰਗਾ ਜਮਨਾ ਸੁਰਸਤੀ ਦਰਯਾ ਹਨ ਜਿਨ੍ਹਾਂ ਦਾ 'ਸੰਗਮ' ਸਥਾਨ ਪ੍ਰਯਾਗ ਹੈ। ਸੋ ਆਪ ਬੀ ਸੰਗਮ ਪਦ ਵਰਤਦੇ ਹਨ। ਏਥੇ ਹੁਣ ਗੰਗਾ (=ਇੜਾ), ਜਮਨਾ (=ਪਿੰਗਲਾ), ਸੁਰਸਤੀ (ਸੁਖਮਨਾ) ਤ੍ਰੈਹਾਂ ਦਾ ਸੰਗਮ ਹੋ ਗਿਆ ਹੈ। ਉਸ 'ਸੰਗਮ ਸਥਾਨ' ਦਾ ਕੀ ਨਾਮ ਹੈ ? ਸੋ ਕਬੀਰ ਜੀ ਨੇ ਹੋਰਥੇ ਆਪ ਦੱਸਿਆ ਹੈ:–

ਕਬੀਰ ਗੰਗ ਜਮੁਨ ਕੇ ਅੰਤਰੇ ਸਹਜ ਸੁੰਨ ਕੇ ਘਾਟ ॥
ਤਹਾ ਕਬੀਰੈ ਮਟੁ ਕੀਆ ਖੋਜਤ ਮੁਨਿ ਜਨ ਬਾਟ ॥ [ਸਲੋਕ ਕਬੀਰ-੧੫੨

ਇਸ ਸਹਜ ਸੁੰਨ ਦਾ ਘਾਟ ਦੇ ਨਾਲ ਪਦ 'ਮਨ' ਵਰਤਦੇ ਹਨ*। ਮਨ ਪਦ ਕਿਉਂ ਵਰਤਿਆ ਹੈ ? ਕਿ ਸੁਖਮਨ ਵਿਚ ਪਵਨ ਦ੍ਰਿੜਾਉਣ ਨਾਲ ਮਨ ਸੁਤੇ ਸਿਧ ਸੁਖਮਨ ਦਾ ਗਾਮੀ ਹੁੰਦਾ ਹੈ ਤੇ ਟਿਕ ਜਾਂਦਾ ਹੈ, ਇਸ ਲਈ ਕਿਹਾ ਹੈ ਕਿ ਉਸ ਸੰਗਮ ਵਿਚ ਇਸ਼ਨਾਨ ਕਰੇ।

ਏਥੇ ਆ ਕੇ ਪਤਾ ਲੱਗ ਗਿਆ ਕਿ ਆਪ ਜੀ ਨਿਰੇ ਹਠ ਯੋਗ ਦੀ ਪ੍ਰਕ੍ਰਿਯਾ ਮਾਤ੍ਰ ਨਹੀਂ ਦੱਸ ਰਹੇ, ਉਸਦੇ ਇਕ ਅੰਗ ਪ੍ਰਾਣਾਯਾਮ ਦੀ ਇਕ ਡੌਲ ਨੂੰ ਲੈ ਕੇ ਮਨ ਇਸਥਿਤੀ ਦਾ ਕੰਮ ਲੈ ਰਹੇ ਹਨ। ਕਿਉਂਕਿ ਮਨ ਦੇ ਟਿਕਿਆਂ ਪ੍ਰਾਣ (ਸੁਆਸ) ਇਕ ਟਿਕਾਉ ਤੇ ਤੋਲਵੀਂ ਲੈ ਵਿਚ ਤੁਰ ਪੈਂਦੇ ਹਨ, ਤੇ ਜੇ ਪ੍ਰਾਣਾਂ ਨੂੰ ਉਲਟਾ ਪਲਟਾ ਕਰਦੇ ਕਰਦੇ ਟਿਕਾਉ ਤੇ ਇਕ ਲਯ ਵਿਚ ਟਿਕਵੇਂ ਚਲਾ ਲਓ

*ਬਿਨੁ ਜਲ ਸੰਗਮ 'ਮਨ' ਮਹਿ ਨ੍ਹਾਵਉ ॥

ਤਾਂ ਉਸਦਾ ਅਸਰ ਮਨ ਦੀ ਏਕਾਗ੍ਰਤਾ ਉਤੇ ਸੁਖਦਾਈ ਪੈਂਦਾ ਹੈ*। ਜਦ ਪ੍ਰਾਣਵਾਯੂ ਦੀ ਧਾਰਾ ਟਿਕਵੀਂ ਤੇ ਲੈ ਬੱਝਵੀਂ ਟੁਰ ਪਈ ਹੈ ਤੇ ਮਨ ਤੇ ਟਿਕਾਉ ਦਾ ਅਸਰ ਹੋ ਗਿਆ ਹੈ ਤਾਂ ਫੁਰਮਾਉਂਦੇ ਹਨ ਕਿ ਉਸ ਟਿਕੇ ਮਨ ਵਿਚ ਇਸ਼ਨਾਨ ਕਰੇ। ਕੀਕੂੰ ਕਰਨਾ ਹੈ ਉਹ ਇਸ਼ਨਾਨ ? ਕਿ ਓਥੇ ਨਾਮ ਦਾ ਸਿਮਰਨ ਕਰਨਾ ਹੈ, ਜੈਸਾ ਕਿ ਗੁਰੂ ਨਾਨਕ ਦੇਵ ਜੀ ਨੇ ਫੁਰਮਾਯਾ ਹੈ:-

ਸੁਣਿਆ ਮੰਨਿਆ ਮਨਿ ਕੀਤਾ ਭਾਉ ॥
ਅੰਤਰ ਗਤਿ ਤੀਰਥਿ ਮਲਿ ਨਾਉ ॥ [ਜਪੁਜੀ-੨੧

ਨਾਮ ਨੂੰ ਸੁਣਕੇ ਨਾਮ ਨੂੰ ਮੰਨਨ ਕਰੇ, ਮੰਨਨ ਕਰਕੇ ਸ਼੍ਰਧਾ ਨਾਲ-ਪ੍ਰੇਮ ਨਾਲ-ਅੰਦਰ ਜੋ ਤੀਰਥ ਹੈ, ਅੰਤਹਕਰਣ ਵਿਚ, ਓਥੇ ਇਸ਼ਨਾਨ ਕਰੇ। ਜਪ ਜੋ ਸਿਮਰਨ ਤੇ ਅਜਪਾ ਰੂਪ ਵਿਚ ਆ ਗਿਆ ਹੈ ਉਹ ਹੈ ਇਸ਼ਨਾਨ। ਸੰਕਲਪ ਵਿਕਲਪ ਦੀ ਲਹਰ ਮੱਧਮ ਅਜੇ ਬੀ ਜੇ ਉਠੇ ਤਾਂ ਉਸ ਨੂੰ ਦੂਰ ਕਰ ਕਰ ਕੇ, ਸਮ ਭਾਵ ਵਿਚ ਟਿਕ ਕੇ, ਪਰਮਾਤਮ ਦੇਵ ਵਿਚ ਲਿਵਲੀਨ ਹੋਣਾ, ਇਹ ਹੈ ਅੰਤਰ ਗਤਿ ਇਸ਼ਨਾਨ। ਹਾਂ ਬ੍ਰਿਤੀਆਂ ਵਿਚ ਬ੍ਰਹਮ ਨੂੰ ਆਰੂੜ ਰੱਖਣਾ ਤੇ ਹੋਰ ਕੁਛ ਨੂੰ ਬ੍ਰਿਤੀਆਂ ਵਿਚ ਪ੍ਰਵੇਸ਼ ਕਰਨੋ ਵਰਜਦੇ ਰਹਿਣਾ ਹੈ ਇਸ਼ਨਾਨ ਕਰਦੇ ਰਹਿਣਾ ਅੰਤਰ ਗਤਿ ਤੀਰਥ ਵਿਚ। ਹਾਂ, 'ਬਿਨੁ ਜਲ ਸੰਗਮ ਮਨ' ਵਿਚ ਨ੍ਹਾਉਣਾ ਇਹ ਹੈ। ਅੰਤ ਓਥੇ ਮਠ ਕਰ ਲੈਣਾ, ਟਿਕ ਜਾਣਾ ਇਹ ਹੈ ਇਸ਼ਨਾਨ ਦੀ ਸਫਲਤਾ। ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ:-

ਮਾਘਿ ਪੁਨੀਤ ਭਈ ਤੀਰਥੁ ਅੰਤਰਿ ਜਾਨਿਆ ॥......
ਗੰਗ ਜਮੁਨ ਤਹ ਬੇਣੀ ਸੰਗਮ ਸਤ ਸਮੁੰਦ ਸਮਾਵਾ ॥
[ਤੁਖਾਰੀ ਛੰਤ ਮ: ੧, ਬਾਰਹਮਾਹਾ-੧੫

ਬੇਣੀ ਭਗਤ ਜੀ ਦਾ ਵਾਕ ਹੈ:-

ਇੜਾ ਪਿੰਗੁਲਾ ਅਉਰ ਸੁਖਮਨਾ ਤੀਨਿ ਬਸਹਿ ਇਕ ਠਾਈ ॥
ਬੇਣੀ ਸੰਗਮੁ ਤਹ ਪਿਰਾਗੁ ਮਨੁ ਮਜਨੁ ਕਰੇ ਤਿਥਾਈ ॥ ੧ ॥
ਸੰਤਹੁ ਤਹਾ ਨਿਰੰਜਨ ਰਾਮੁ ਹੈ ॥ ਗੁਰ ਗਮਿ ਚੀਨੈ ਬਿਰਲਾ ਕੋਇ ॥
ਤਹਾਂ ਨਿਰੰਜਨੁ ਰਮਈਆ ਹੋਇ ॥ [ਰਾਮਕਲੀ ਬੇਣੀ ਜੀਉ-੧

ਨਾਮਦੇਵ ਜੀ ਦਾ ਵਾਕ ਹੈ:-

ਸਬਦਿ ਅਤੀਤ ਅਨਾਹਦਿ ਰਾਤਾ ਆਕੁਲ ਕੈ ਘਰਿ ਜਾਉਗੋ ॥ ੧ ॥ ਰਹਾਉ ॥
ਇੜਾ ਪਿੰਗੁਲਾ ਅਉਰੁ ਸੁਖਮਨਾ ਪਉਨੈ ਬੰਧਿ ਰਹਾਉਗੋ ॥
ਚੰਦੁ ਸੂਰਜੁ ਦੁਇ ਸਮ ਕਰਿ ਰਾਖਉ ਬ੍ਰਹਮ ਜੋਤਿ ਮਿਲਿ ਜਾਉਗੋ ॥
[ਰਾਮਕਲੀ ਨਾਮਦੇਵ ੫

ਪ੍ਰਸ਼ਨ ਹੁੰਦਾ ਹੈ ਕਿ ਜਦ ਇਹ ਪ੍ਰਾਪਤੀ ਹੋ ਗਈ ਤਾਂ ਆਪ ਦਾ ਭਗਤ ਯੋਗੀ ਜਗਤ ਬਿਵਹਾਰ ਵਿਚ ਬ੍ਰਿਤੀ ਨਹੀਂ ਦੇ ਸਕੇਗਾ। ਆਪ ਜੀ ਇਸ ਦਾ ਜੋ ਉੱਤਰ ਦੇਂਦੇ ਹਨ ਉਸ ਤੋਂ ਬੀ ਨਿਖੇੜਵਾਂ ਫਰਕ ਦਿੱਸ ਪੈਂਦਾ ਹੈ ਕਿ ਆਪ 'ਭਗਤੀ ਗਯਾਨ' ਦਾ ਮਾਰਗ ਦੱਸ ਰਹੇ ਹਨ ਨਾਕਿ ਨਿਰਾ ਹਠ ਯੋਗ ਦੀਆਂ ਪ੍ਰਕ੍ਰਿਯਾਵਾਂ ਮਾਤ੍ਰ ਦਾ।

ਫੁਰਮਾਉਂਦੇ ਹਨ ਕਿ ਇਹ ਜੋ ਜਗਤ ਬਿਵਹਾਰ ਹੈ ਇਹ ਉਸ ਭਗਤ ਗਯਾਨੀ ਨੂੰ ਯਾ ਸਾਨੂੰ (ਲੋਚਾ ਸਮਸਰਿ=) ਸਮਸਰ ਲੋਚਾ ਵਾਲਾ (=ਸਮਦ੍ਰਿਸ਼ਟੀ ਵਾਲਾ ਹੋ ਗਿਆ ਹੈ)। ਅਰਥਾਤ ਜਗਤ ਵਰਤੋਂ ਵਿਚ ਸਮ ਵਰਤਦੇ ਹਾਂ, ਸਭ ਵਿਚ ਇਕੋ ਰਵ ਰਿਹਾ ਦੇਖਦੇ ਹਾਂ, ਇਸ ਕਰਕੇ ਦ੍ਰਿਸ਼ਟੀ ਸਮ ਹੋ

*ਹਠ ਯਗ ਪ੍ਰਦੀਪਿਕਾ ੪-੧੬-੨੧ ਵਿਚ ਲਿਖਯਾ ਹੈ: ਜਿਸਨੇ ਪ੍ਰਾਣ ਸਾਧ ਲਏ ਹਨ ਉਸਨੇ ਮਨ ਦੀ ਚਾਲ ਨੂੰ ਬੀ ਸਾਧ ਲਿਆ ਹੈ, ਅਥਵਾ ਜਿਸਨੇ ਮਨ ਦੀ ਚਾਲ ਨੂੰ ਸਾਧ ਲਿਆ ਹੈ ਉਸ ਦੇ ਪ੍ਰਾਣ ਬੀ ਸਾਧੇ ਜਾਂਦੇ ਹਨ।

ਗਈ ਹੈ। ਇਹ ਭਾਵ ਐਉਂ ਬੀ ਨਿਕਲ ਆਉਂਦਾ ਹੈ ਕਿ ਸਮ ਭਾਵ ਵਿਚ ਦ੍ਰਿਸ਼ਟੀ ਦਾ ਰਹਿਣਾ ਵਿਖਮ ਭਾਵ ਵਿਚ ਨ ਜਾਣਾ, ਇਹ ਉਨ੍ਹਾਂ ਦਾ ਬਿਵਹਾਰ ਰਿਆ ਨਿਤ ਦੀ ਵਰਤੋਂ ਹੋ ਜਾਂਦੀ ਹੈ।

ਇਥੇ ਆਕੇ ਦੱਸਦੇ ਹਨ ਕਿ ਭਗਤ ਗਿਆਨੀ ਨੇ ਹੋਰ ਵੀਚਾਰ ਕੀਹ ਕਰਨੀ ਹੈ, ਜਦ ਉਸ ਨੂੰ 'ਤਤ ਦੀ ਬੀਚਾਰ' ਪ੍ਰਾਪਤ ਹੋ ਗਈ ਹੈ ਕਿ ਉਸ ਨੂੰ ਸੰਸਾਰ ਦੇ 'ਤਤੁ'=ਪਰਮਾਤਮਾ ਦਾ ਗਿਆਨ ਹੋ ਗਿਆ ਹੈ। ਇਸ ਮਾਯਕ ਭੁਲਾਵੇ ਵਾਲੇ ਸੰਸਾਰ ਵਿਚ ਉਸ ਨੂੰ ਇਸ ਦੇ 'ਮੂਲ' (=ਤੱਤ) ਦੀ ਸੋਝੀ ਪੈ ਗਈ ਹੈ; ਤਦ ਹੋਰ ਸੋਚਾਂ ਵੀਚਾਰਾਂ ਦੀ ਕੀਹ ਲੋੜ ਬਾਕੀ ਰਹਿ ਗਈ ਹੈ, ਭਾਵ ਨਹੀਂ ਰਹੀ।

ਅੰਕ ੪-ਹਰੀ ਦੇ ਨਾਲ ਸਦਾ ਲੱਗੇ ਰਹਿਣਾ ਤੇ ਜਗਤ ਵਿਚ ਬੀ ਵਰਤਣਾ ਕਠਨ ਗੱਲ ਹੈ। ਉਹ ਕਿਹੜੀ ਰਹਿਣੀ ਹੋ ਸਕਦੀ ਹੈ ਜੋ ਭਗਤ ਗਯਾਨੀ ਰੱਖੇ ਤੇ ਫੇਰ ਸਾਈਂ ਤੋਂ ਵਿੱਥ ਬੀ ਨਾ ਪਵੇ? ਤਦ ਦੱਸਦੇ ਹਨ ਕਿ ਮੈਂ ਐਸੀ ਰਹਿਣੀ ਰਹਿੰਦਾ ਹਾਂ ਜੈਸੇ ਰਹਿਣੀ ਕਿ ਜਲ, ਅਗਨੀ, ਵਾਯੂ, ਪ੍ਰਿਥਵੀ ਤੇ ਆਕਾਸ਼ ਰਹਿੰਦੇ ਹਨ।

ਇਨ੍ਹਾਂ ਪੰਜਾਂ ਤੱਤਾਂ ਦੀ ਰਹਿਣੀ ਰਹਿਤ ਯਾ ਸੁਭਾਵ ਇਸ ਤਰ੍ਹਾਂ ਦੇ ਹੈਨ:-

ਜਲ (ਅਪੁ)-ਨਿਰਮਲ ਹੈ ਤੇ ਨਿਰਮਲ ਕਰਦਾ ਹੈ, ਪਰ ਆਪ ਮੈਲ ਅੰਗੀਕਾਰ ਕਰਦਾ ਠੰਢਾ ਹੈ ਤੇ ਠੰਢਕ ਦੇਂਦਾ ਹੈ, ਫੇਰ ਨਿਰਲੇਪ ਹੈ। ਜੇ ਜਲ ਨੂੰ ਗਰਮ ਕਰ ਦਿਓ ਅਗਨੀ ਨੂੰ ਫੇਰ ਬੀ ਬੁਝਾਉਂਦਾ ਹੈ।

ਅਗਨੀ (ਤੇਜੁ)-ਸਮ ਵਰਤਦੀ ਹੈ, ਸ਼ੁੱਧ ਅਸ਼ੁੱਧ ਸਭ ਵਸਤੂ ਨੂੰ ਇਕੋ ਜਿਹਾ ਸੁਕਾ ਦੇਂਦੀ ਹੈ। ਆਪ ਪ੍ਰਕਾਸ਼ ਤੇ ਨਿੱਘ ਵਾਲੀ ਹੈ, ਪ੍ਰਕਾਸ਼ ਤੇ ਨਿੱਘ ਦੀ ਦਾਤੀ ਹੈ, ਦੇ ਕੇ ਨਿਰਲੇਪ ਹੈ।

ਵਾਯੂ (ਬਾਇ)- ਸਭ ਨੂੰ ਇਕੋ ਜਿਹਾ ਸੁਆਸਾਂ ਦਾ ਆਧਾਰ ਹੋ ਰਹੀ ਹੈ, ਗਲੇ ਲੱਗ ਕੇ ਠੰਢ ਪਾ ਰਹੀ ਹੈ। ਸੁਥਰੇ ਕੋਥਰੇ ਸਭ ਥਾਂ ਚਲਦੀ ਹੈ। ਫਿਰ ਨਿਰਲੇਪ ਰਹਿੰਦੀ ਹੈ।

ਪ੍ਰਿਥਵੀ (ਪ੍ਰਿਥਮੀ)-ਸਭ ਦੀ ਪਾਲਕ ਹੈ। ਸਭ ਦਾ ਟਿਕਾਣਾ ਹੈ। ਕੋਈ ਪੱਟੇ, ਖੋਦੇ, ਕੋਈ ਚੰਦਨ ਛਿੜਕਾਵੇ, ਕੋਈ ਮੈਲਾ ਸੁੱਟੇ; ਸਭ ਨੂੰ ਸੁਖ ਤੇ ਆਸਰਾ ਦੇਂਦੀ, ਫੇਰ ਨਿਰਲੇਪ ਰਹਿੰਦੀ ਹੈ।

ਆਕਾਸ਼ (ਅਕਾਸਾ)-ਪ੍ਰਿਥਵੀ ਤਾਰੇ ਸੂਰਜ ਸਭ ਨੂੰ ਧਾਰਨ ਕੀਤੇ ਹੋਏ ਹੈ, ਅਪਣੇ ਵਿਚ ਪ੍ਰਕਾਸ਼ ਨੂੰ ਖੁਲੇ ਵਿਦਰਨ ਦੇਂਦਾ ਹੈ। ਮੀਂਹ, ਹਨੇਰੀ, ਬਰਫ, ਗੜ ਕਿਸੇ ਦੇ ਸੁਭਾਵ ਨੂੰ ਗ੍ਰਹਣ ਨਹੀਂ ਕਰਦਾ ਤੇ ਨਿਰਲੇਪ ਰਹਿੰਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬੀ ਬ੍ਰਹਮ ਗਯਾਨੀ ਦੀ ਰਹਿਣੀ ਦਾ ਤੱਤਾਂ ਦੀ ਰਹਿਣੀ ਨਾਲ ਦ੍ਰਿਸ਼ਟਾਂਤ ਦੇ ਕੇ ਦੱਸਿਆ ਹੈ। ਯਥਾ:-

ਵਾਯੂ-ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ ॥
ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ ॥
ਪ੍ਰਿਥਵੀ-ਬ੍ਰਹਮ ਗਿਆਨੀ ਕੈ ਧੀਰਜੁ ਏਕ ॥
ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ ॥
ਅਗਨੀ-ਬ੍ਰਹਮ ਗਿਆਨੀ ਕਾ ਇਹੈ ਗੁਨਾਉ ॥
ਨਾਨਕ ਜਿਉ ਪਾਵਕ ਕਾ ਸਹਜ ਸੁਭਾਉ ॥ ੧ ॥
ਜਲ-ਬ੍ਰਹਮ ਗਿਆਨੀ ਨਿਰਮਲ ਤੇ ਨਿਰਮਲਾ ॥
ਜੈਸੇ ਮੈਲੁ ਨ ਲਾਗੈ ਜਲਾ ॥
ਆਕਾਸ-ਬ੍ਰਹਮ ਗਿਆਨੀ ਕੈ ਮਨਿ ਹੋਇ ਪ੍ਰਗਾਸੁ ॥
ਜੈਸੇ ਧਰ ਊਪਰਿ ਆਕਾਸੁ ॥ [ਗਉੜੀ ਮ:੫ ਸੁਖਮਨੀ ੮-੧,੨

ਸਿੱਧਾਂਤ ਇਹ ਦੱਸਦੇ ਹਨ ਕਿ:-

ਬ੍ਰਹਮ ਗਿਆਨੀ ਸਦਾ ਨਿਰਲੇਪ ॥ ਜੈਸੇ ਜਲ ਮਹਿ ਕਮਲ ਅਲੇਪ ॥ [ਸੁਖਮਨੀ ੮-੧

ਅੰਤਲੀਆਂ ਦੋ ਤੁਕਾਂ ਵਿਚ ਹੁਣ ਅਪਣੇ ਭਗਤੀ ਮਾਰਗ ਦਾ ਇਕ ਗੁੱਝਾ ਪਰ ਪ੍ਰਗਟ ਭੇਤ ਦੱਸਦੇ ਹਨ ਕਿ ਐਸੀ ਅਲੇਪ ਅਵਸਥਾ, ਜੈਸੀ ਕਿ ਤੱਤਾਂ ਦੀ ਰਹਿਣੀ ਦੀ ਦੱਸੀ ਹੈ, ਕਿਵੇਂ ਕਾਇਮ ਰਹਿ ਸਕਦੀ ਹੈ ਅਤੇ ਕਿਵੇਂ ਫੇਰ ਤੁਸੀਂ ਹਰੀ ਦੇ ਪਾਸ ਹਰੀ ਵਿਚ ਲਿਵਲੀਨ ਰਹਿੰਦੇ ਹੋ। ਜਗਤ ਦੇ ਦੁਖ, ਜਗਤ ਦੇ ਧੰਦਾਲ ਹਰ ਵੇਲੇ ਇਉਂ ਠੁਹਕਰਾਂ ਮਾਰਦੇ ਹਨ ਜਿਵੇਂ ਸਾਗਰ ਦੀਆਂ ਲਹਿਰਾਂ ਚਿਟਾਨਾਂ ਨੂੰ ਮਰਦੀਆਂ ਹਨ।

ਆਪ ਦੱਸਦੇ ਹਨ ਕਿ ਮੈਂ ਪ੍ਰਭੂ ਨੂੰ ਧਿਆਉਂਦਾ ਰਹਿੰਦਾ ਹਾਂ, ਕਿਸ ਪ੍ਰਭੂ ਨੂੰ? ਜੋ ਨਿਰ+ਅੰਜਨ ਹੈ, ਮਾਯਾ ਰਹਿਤ ਹੈ। ਮਾਯਾ ਰਹਿਤ ਦੀ ਅਰਾਧਨਾ ਕਰਨ ਕਰਕੇ ਉਸ ਦੀ ਅਨੁਗ੍ਰਹੁ ਕਰਕੇ ਤੇ ਉਸ ਦੇ 'ਨਿਰਮਾਯ ਧਿਆਨ' ਦੇ ਅਸਰ ਨਾਲ ਮੇਰੀ ਅਲੇਪ ਤੇ ਨਿਰਲੇਪ ਅਵਸਥਾ ਬਣੀ ਰਹਿੰਦੀ ਹੈ। ਉਸ ਦੇ ਧਜਾਉਣ ਕਰਕੇ ਉਸ ਨਾਲ ਵਿੱਥ, ਵਿਛੋੜਾ, ਭੇਦਤਾ ਨਹੀਂ ਵਾਪਰਦੀ। ਇਸੇ ਨਿਰੰਜਨ ਨੂੰ ਧਿਆਉਂਦੇ ਰਹਿਣੇ ਕਰਕੇ ਹੁਣ ਮੈਂ ਉਸ ਘਰ ਜਾਣਾ ਹੈ ਕਿ ਜਿਸ ਘਰ ਤੋਂ ਮੈਂ ਮੁੜਕੇ ਨਹੀਂ ਆਉਣਾ।

**ਇਸ ਕਥਨ ਵਿਚ ਕਬੀਰ ਜੀ ਨੇ ਸਪਸ਼ਟ ਕਰ ਦਿੱਤਾ** ਹੈ ਕਿ ਨਾ ਤਾਂ ਓਹ ਨਿਰੇ ਹਠਯੋਗੀ ਹਨ, ਨਾ ਨਿਰੇ ਵਾਚ ਗਿਆਨੀ ਹਨ, ਨਾ ਦਿਖਾਵੇ ਮਾਤ੍ਰ ਦੇ ਭਗਤ ਹਨ। ਓਹ ਸਾਂਈਂ ਨਾਲ ਜੁੜੇ ਜੋਗੀ ਹਨ, ਓਹ ਭਗਤ ਗਜਾਨੀ ਹਨ, ਓਹ ਬ੍ਰਹਮ ਗਿਆਨੀ ਹਨ, ਸਫਲ ਗਿਆਨੀ।

ਨਿਰੇ ਜਾਣਨ ਮਾਤ੍ਰ ਦੇ ਗਿਆਨੀ, ਗਿਆਨ ਹੋਏ ਤੇ ਕਰਮ ਧਰਮ ਦੀ ਅਲੋੜ ਦੱਸਦਿਆਂ, ਸਾਂਈਂ ਦੇ ਧਿਆਉਣ,ਅਰਾਧਣ,ਸਿਮਰਣ ਤੋਂ ਹੋੜਦੇ ਹਨ। ਪਰ ਭਗਤੀ ਪ੍ਰੇਮ ਵਾਲੇ ਗਿਆਨੀ, ਸਾਈਂ ਨਾਲ ਪ੍ਰੇਮ ਤੇ ਉਸ ਦਾ ਸਿਮਰਣ ਅਰਥਾਤ ਉਸ ਨੂੰ ਧਿਆਉਣਾ ਗਿਆਨਵਾਨ ਹੋਕੇ ਬੀ ਨਹੀਂ ਛੋੜਦੇ। ਜੈਸੇ ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ:-

ਬ੍ਰਹਮ ਗਿਆਨੀ ਕੈ ਨਾਮੁ ਅਧਾਰੁ॥ ਬ੍ਰਹਮ ਗਿਆਨੀ ਕੈ ਨਾਮੁ ਪਰਵਾਰੁ॥-੫॥
ਪੁਨਾ:-ਬ੍ਰਹਮ ਗਿਆਨੀ ਬ੍ਰਹਮ ਕਾ ਬੇਤਾ॥ ਬ੍ਰਹਮ ਗਿਆਨੀ ਏਕ ਸੰਗਿ ਹੇਤਾ॥-੬॥
ਪੁਨਾ:-ਬ੍ਰਹਮ ਗਿਆਨੀ ਕਾ ਭੋਜਨੁ ਗਿਆਨ॥ ਨਾਨਕ ਬ੍ਰਹਮ ਗਿਆਨੀ ਕਾ ਬ੍ਰਹਮ ਧਿਆਨੁ॥੩॥
ਪੁਨਾ:-ਬ੍ਰਹਮ ਗਿਆਨੀ ਕੈ ਗਰੀਬੀ ਸਮਾਹਾ॥ ਬ੍ਰਹਮ ਗਿਆਨੀ ਪਰਉਪਕਾਰ ਉਮਾਹਾ॥-੪॥
[ਗਉੜੀ ਸੁਖਮਨੀ ੮

**ਵਿਸ਼ੇਸ਼**-ਇਸ ਸ਼ਬਦ ਵਿਚ ਹਠ ਯੋਗ ਦੇ ਪ੍ਰਾਣ ਯਾਮ ਦਾ ਜ਼ਿਕਰ ਆਉਣ ਕਰਕੇ, ਭੁਲੇਵਾ ਪੈਂਦਾ ਹੈ ਕਿ ਸ੍ਰੀ ਕਬੀਰ ਜੀ ਦਾ ਭਾਵ ਪ੍ਰਾਣਾਯਾਮ ਤੋਂ ਨਹੀਂ ਹੋਣਾ, ਜੇ ਹੈ ਤਾਂ ਓਹ ਹਠਯੋਗੀ ਹੋ ਗਏ। ਪਰ ਅਸਲੀਅਤ ਇਹ ਸਹੀ ਹੁੰਦੀ ਹੈ ਕਿ ਆਪ ਜੀ ਛੜੇ ਮੁੜੇ ਹਠਯੋਗੀ ਨਹੀਂ ਸੇ। ਆਪ ਹਠਯੋਗ, ਰਾਜਯੋਗ ਸਭ ਪ੍ਰਕਾਰ ਦੇ ਹੋਰ ਯੋਗਾਂ ਦੇ ਜਾਣੂ ਸੇ। ਨਾ ਕੇਵਲ ਜਾਣੂ ਸੇ ਕਰ ਬੀ ਸਕਦੇ ਸੇ ਪਰ ਆਪ ਦਿਲ ਟਿਕੇ ਯੋਗ ਦੇ ਨਿਰੇ ਪੈਰੋਕਾਰ ਨਹੀਂ ਸੋ ਜੈਸਾ ਕਿ ਗਉੜੀ ਰਾਗ ਦੇ ੩੪ਵੇਂ ਸ਼ਬਦ ਵਿਚ ਆਪ ਸਾਫ ਲਿਖਦੇ ਹਨ:-

ਨਾ ਮੈ ਜੋਗ ਧਿਆਨ ਚਿਤੁ ਲਾਇਆ॥ [ਗਉੜੀ ਕਬੀਰ ਜੀ-੩੪

ਸਭ ਕੁਛ ਕਰ ਵੇਖਕੇ ਆਪ ਸਨ ਭਗਤੀ ਭਾਵ ਨਾਲ ਸਾਈਂਆਂ ਜੀ ਪਾਸ ਪਹੁੰਚਣ ਵਾਲੇ ਭਗਤ। ਜੈਸਾ ਕਿ ਆਪ ਦਾ ਕਥਨ ਹੈ:-

ਕੈਸੇ ਜੀਵਨੁ ਹੋਇ ਹਮਾਰਾ॥ ਜਬ ਨ ਹੋਇ ਰਾਮ ਨਾਮ ਅਧਾਰਾ॥
[ਗਉੜੀ ਕਬੀਰ ਜੀ-੩੪

ਪਰ ਆਪ ਹਰ ਸ਼ੈ ਨੂੰ ਉਸ ਦੀ ਥਾਂ ਸਿਰ ਰਖਦੇ ਹਨ, ਯਥਾ:-

ਕਬੀਰ ਮੈ ਜਾਨਿਓ ਪੜਿਬੋ ਭਲੋ ਪੜਿਬੇ ਸਿਉ ਭਲ ਜੋਗੁ॥
ਭਗਤਿ ਨ ਛਾਡਉ ਰਾਮ ਕੀ ਭਾਵੈ ਨਿੰਦਉ ਲੋਗੁ॥ [ਸਲੋਕ ਕਬੀਰ ਜੀ-੪੫

ਉਹਨਾਂ ਦਾ ਪ੍ਰਾਣਾਯਾਮ ਦਾ ਵਰਤਾਉ ਹਠ ਯੋਗੀ ਬਣਨ ਲਈ ਨਹੀਂ ਪਰ ਮਨ ਤੇ ਏਕਾਗ੍ਰਤਾ ਦਾ ਅਸਰ ਪਾਉਣ ਵਾਸਤੇ ਹੈ। ਕਾਰਣ ਇਹ ਹੈ ਕਿ ਮਨ ਜੇ ਏਕਾਗਰ ਹੋਵੇ ਤਾਂ ਸੁਆਸਾਂ ਤੇ ਆਪੇ ਅਸਰ ਪੈ ਜਾਂਦਾ ਹੈ ਤੇ ਓਹ ਧੀਮੇ ਹੋਕੇ ਇਕ ਤਾਰ ਬੱਝਵੀਂ ਲੈ ਵਿਚ ਟੁਰ ਪੈਂਦੇ ਹਨ। ਤੇ ਜੇ ਕਿਸੇ ਕਿਸਮ ਦਾ ਪ੍ਰਾਣਾਯਾਮ ਕਰ ਕਰਕੇ ਸੁਆਸਾਂ ਦੀ ਰੌ ਧੀਮੀ ਤੇ ਬੱਝਵੀਂ ਲੈ ਵਿਚ ਟੁਰ ਪਵੇ ਤਾਂ ਮਨ ਤੇ ਟਿਕਾਉ ਦਾ ਅਸਰ ਪੈਂਦਾ ਹੈ*। ਇਸ ਕਰਕੇ ਭਗਤੀ ਮਾਰਗ ਵਾਲੇ ਬੀ ਸਹਿਜ ਭਾਵ ਵਾਲੇ ਪ੍ਰਾਣਾਯਾਮ ਨੂੰ ਕਈ ਵੇਰ ਵਰਤ ਲੈਂਦੇ ਹਨ। ਜਿਵੇਂ ਕਿ:–

੧. ਨਾਮ ਜੋ ਸਿਮਰਿਆ ਜਾ ਰਿਹਾ ਹੈ, ਉਸ ਨੂੰ ਦੋ ਹਿੱਸੇ ਕਰਕੇ ਸੁਆਸ ਆਉਂਦੇ ਜਾਂਦੇ ਨਾਲ ਅੱਧਾ ਅੱਧਾ ਮੇਲਕੇ ਜਪਣਾ, ਠਹਿਰਾ ਠਹਿਰਾਕੇ। ਇਸ ਤਰ੍ਹਾਂ ਇਕ ਸਹਿਜ ਰੌ ਦੀ ਲਯ ਸੁਆਸਾਂ ਦੀ ਬਣ ਜਾਂਦੀ ਹੈ ਤੇ ਸਿਮਰਨ ਵਿਚ ਪ੍ਰੋ ਹੋਕੇ ਚਲਦਾ ਰਹਿੰਦਾ ਹੈ ਤੇ ਟਿਕਾਉ ਬੀ ਸਹਿਜ ਸਹਿਜ ਵਧਦਾ ਜਾਂਦਾ ਹੈ।

੨. ਨਾਮ ਇਸੇ ਤਰ੍ਹਾਂ ਅੱਧਾ ਅੰਦਰ ਜਾਂਦਿਆਂ ਅੱਧਾ ਸੁਆਸ ਦੇ ਬਾਹਰ ਆਉਂਦਿਆਂ ਸਿਮਰਣਾ ਪਰ ਸੁਆਸ ਨੂੰ ਮਸਤਕ ਤਕ ਜਾਂਦਾ ਤੇ ਓਥੋਂ ਹੀ ਮੁੜ ਪੈਂਦਾ ਖਿਆਲ ਕਰਨਾ ਤੇ ਸੁਆਸ ਦੇ ਰੌ ਨੂੰ ਹੋਰ ਮੱਧਮ ਕਰੀ ਜਾਣਾ।

੩. ਸੁਆਸ ਜੋ ਬਾਹਰ ਗਿਆ ਹੈ ਬਾਹਰੇ ਰੋਕਣਾ, ਸਹਿਜ ਭਾ ਨਾਲ, ਜਿੰਨਾ ਚਿਰ ਕਿ ਬਿਨਾ ਖੇਚਲ ਰੁਕ ਸਕੇ। ਉਤਨਾ ਚਿਰ ਨਾਲ ਨਾਮ ਸਿਮਰੀ ਜਾਣਾ। ਫੇਰ ਸਹਿਜ ਨਾਲ ਸੁਆਸ ਅੰਦਰ ਨੂੰ ਲੈਂਧੇ, ਫਿਫੜੇ ਦੀ ਲੋੜ ਪੂਰੀ ਕਰਕੇ ਸੁਆਸ ਨੂੰ ਧੀਰੇ ਧੀਰੇ ਬਾਹਰ ਕੱਢਕੇ ਬਾਹਰੇ ਰੋਕਣਾ, ਪਰ ਕਦੇ ਜ਼ੋਰ ਲਾਕੇ ਬਾਹਰ ਨਹੀਂ ਰੋਕੀ ਰੱਖਣਾ ਕਿ ਫਿਫੜੇ ਨੂੰ ਖੇਚਲ ਵਾਪਰੇ। ਇਸ ਨੂੰ ਸਹਿੰਦੇ ਸਹਿੰਦੇ ਤੇ ਸੁਖ ਪੂਰਬਕ ਵਧਾਉਣਾ।

ਇਸ ਪ੍ਰਕਾਰ ਦੇ ਦੋ ਤ੍ਰੈ ਪ੍ਰਾਣਾਯਾਮ ਸਹਿਜ ਮਾਰਗ ਦੇ ਤੁਰਾਊ ਭਗਤੀ ਭਾਵ ਵਾਲੇ ਬੀ ਕਈ ਵੇਰ ਵਰਤ ਲੈਂਦੇ ਹਨ, ਇਨ੍ਹਾਂ ਨੂੰ 'ਸਹਿਜ ਪ੍ਰਾਣਾਯਾਮ' ਆਖਦੇ ਹਨ। ਸ੍ਰੀ ਕਬੀਰ ਜੀ ਬੀ ਇਸ ਸ਼ਬਦ ਵਿਚ ਪ੍ਰਾਣਾਯਾਮ ਦਾ ਜ਼ਿਕਰ ਕਰ ਰਹੇ ਹਨ ਤੇ ਉਸ ਪ੍ਰਾਣਾਯਾਮ ਦਾ ਤਰੀਕਾ ਲੈ ਰਹੇ ਹਨ ਜੋ ਉਪਰਲਿਆਂ ਤੋਂ ਵੱਖਰਾ ਹੈ ਤੇ ਹਠਯੋਗ ਦੇ ਤਰੀਕੇ ਦਾ ਵਿਸ਼ੇਸ਼ ਹੈ। ਪਰੰਤੂ ਇਸ ਤਰੀਕੇ ਵਿਚ ਬੀ ਭਗਤ ਜੀ ਨਾਮ ਧਿਆਨ ਨੂੰ ਨਾਲ ਪਰੋਈ ਰਖ ਰਹੇ ਹਨ। ਜੈਸਾ ਕਿ 'ਰਵਹੁ' (ਨਾਮ ਉਚਾਰੋ), 'ਧਿਆਨ ਧਰਹੁ', 'ਧਿਆਵਉ' ਆਦਿ ਪਦਾਂ ਤੋਂ ਵਿਦਤ ਹੁੰਦਾ ਹੈ। ਕਿਉਂਕਿ ਆਪ ਪ੍ਰਾਣਾਯਾਮ ਨੂੰ ਨਾਮ ਦਾ ਸਹਾਯਕ ਦੱਸ ਰਹੇ ਹਨ ਨਾ ਕਿ ਨਿਰੀ ਸੁਆਸ ਸਾਧਣ ਦੀ ਪ੍ਰਕ੍ਰਿਆ। ਇਸ ਸ਼ਬਦ ਵਿਚ ਜੋਗ ਤੇ ਭਗਤੀ ਦੇ ਦੋ ਪੱਖਾਂ ਦੇ ਨਾਲ ਫੇਰ ਗਿਆਨ ਮਾਰਗ ਦਾ ਬੀ ਜ਼ਿਕਰ ਹੈ; ਕਿਉਂਕਿ 'ਤਤੁ ਬੀਚਾਰਿ', 'ਤਤਾਂ ਦੀ ਰਹਿਤ', ਆਦਿ ਲਫ਼ਜ਼ ਗਿਆਨ ਮਾਰਗ ਦੇ ਹਨ। ਸੋ ਆਪ ਜੀ 'ਭਗਤੀ ਗਿਆਨ' ਯਾ 'ਪਰਾ ਭਗਤੀ' ਦਾ ਵਿਸ਼ਾ ਬੀ ਇਸ ਸ਼ਬਦ ਵਿਚ ਲੈ ਰਹੇ ਹਨ ਤੇ ਅਪਣਾ ਸਿਧਾਂਤ ਨਿਰੂਪਣ ਕਰ ਰਹੇ ਹਨ।

ਪਰ ਜੋ ਸਜਣ ਉਸ ਪ੍ਰਾਣਾਯਾਮ ਤੋਂ, ਜੋ ਕਬੀਰ ਜੀ ਨੇ ਕਿਹਾ ਹੈ, ਦੂਰ ਰਹਿਣਾ ਚਾਹੁੰਦੇ ਹਨ ਤੇ ਨਿਰਾ ਗਿਆਨ ਦਾ ਪੱਖ ਲੈਂਦੇ ਹਨ ਓਹ ਫੇਰ ਪਦਾਂ ਦੇ ਅਰਥਾਂ ਦ ਭਾਵ ਹੋਰਵੇਂ ਲੈਂਦੇ ਹਨ, ਯਥਾ:–

'ਮਨਰੇ ਪਵਨ ਦ੍ਰਿੜ ਸੁਖਮਨ ਨਾਰੀ'=ਸੁਖ ਦੇਣ ਵਾਲੀ ਜੋ ਨਾਰੀ (=ਇਸਤ੍ਰੀ ਹੈ, ਇਸਤ੍ਰੀ ਉਪਲਖਤ) ਭਗਤੀ ਹੈ ਉਸ ਵਿਚ ਮਨ ਦੀ (ਪਵਨ=) ਵਾਸ਼ਨਾ ਨੂੰ ਰੋਕ ਦਿਓ, ਭਾਵ ਉਠਦੀਆਂ ਵਾਸ਼ਨਾਂ ਨੂੰ ਮਨ ਵਿਚ ਹੀ ਰੋਕ ਦਿਓ।

'ਉਲਟੀ ਗੰਗਾ ਜਮੁਨ ਮਿਲਾਵਉ'=ਗੰਗਾ (=ਬ੍ਰਿਤੀ) ਨੂੰ ਸੰਸਾਰ ਵਲੋਂ ਉਲਟਾਕੇ (ਜਮੁਨ=)

*ਹਠ ਯੋਗ ਪ੍ਰਦੀਪਿਕਾ, ੪–੧੬–੨੧।

ਜਿਥੇ ਜਮ ਨਹੀਂ (ਭਾਵ ਅਵਿਨਾਸ਼ੀ ਪਦ ਹੈ ਉਥੇ) ਮਿਲਾਓ। ਅਤੇ–

'ਬਿਨੁ ਜਲ ਸੰਗਮ ਮਨ ਮਹਿ ਨ੍ਹਾਵਉ'=ਜਿਥੇ ਵਿਸ਼ੇ ਰੂਪੀ ਜਲ ਨਹੀਂ ਹੈ, ਐਸੇ ਸ੍ਵਛ ਤੇ ਸ਼ੁਧ ਹੋਏ ਮਨ ਵਿਚ ਜੋ ਪਰਮਾਤਮਾ ਵਸਦਾ ਹੈ ਉਸ ਵਿਚ ਨ੍ਹਾਓ। ਪਰੰਤੂ ਇਸ ਪ੍ਰਕਾਰ ਦੇ ਅਰਥ ਖਿੱਚਾਂ ਨਾਲ ਲਗਦੇ ਹਨ ਤੇ ਪਵਿਤ੍ਰ ਲੇਖਕ ਜੀ ਦੇ ਆਸ਼ਯ ਦੀ ਖੋਜ ਵਿਚ ਸਹਾਯਕ ਘੱਟ ਹੁੰਦੇ ਹਨ।

**ਨਿਰੁਕ੍ਤ**–ਪਿੰਡਿ–[ਸੰਸ:, ਪਿਣ੍ਡ:=ਸਰੀਰ, ਕਾਯਾ। ਪ੍ਰਾ:, ਪਿੰਡ=ਇਕੱਠਾ ਕਰਨਾ, ਵੱਟਣਾ। ਪਿੰਡੁ=ਢੇਰ, ਗੋਲ ਸ਼ੈ, ਚਾਵਲਾਂ ਆਦਿ ਦਾ ਗੋਲਾ ਪਿਤ੍ਰਾਂ ਨਮਿਤ ਅਰਪਿਆ। ਸਰੀਰ *] ਸਰੀਰ। ੨. ਘਰ। ੩. ਘਰਾਂ ਦਾ ਸਮੂਹ=ਗਿਰਾਂ। ਪਰ ਏਥੇ ਅਰਥ ਸਰੀਰ ਲੈਣਾ ਹੈ।

ਜੀਉ–ਜੀਵ। ਰੂਹ। ਆਤਮਾ।

ਸਬਦਿ–ਸਬਦ ਦੁਆਰਾ। ਸਬਦ ਦੇ ਅਭ੍ਯਾਸ ਕਰਨ ਨਾਲ। (ਅ) ਇਸਦਾ ਅਰਥ 'ਸਬਦ ਤੋਂ ਅਤੀਤ' ਕਰਨਾ ਯਾ 'ਜੋ ਸਬਦ ਰੂਪ ਹੈ' ਕਰਨਾ ਠੀਕ ਨਹੀਂ, ਕਿਉਂਕਿ ਸਬਦਿ ਦੇ 'ਦ' ਨੂੰ ਸਿਆਰੀ ਹੈ=ਸਬਦ ਦੁਆਰਾ।

ਅਤੀਤਿ–[ਸੰਸ:, ਅਤੀਤ=ਲੰਘ ਗਿਆ ਹੋਇਆ] ਮਾਯਾ ਯਾ ਤ੍ਰੈ ਗੁਣਾਂ ਤੋਂ ਲੰਘ ਜਾਣ ਦੀ ਅਵਸਥਾ।

ਸਬਦਿ ਅਤੀਤਿ–ਸਬਦ ਦੁਆਰਾ (ਪ੍ਰਾਪਤ) ਅਤੀਤਤਾਈ। ਭਾਵ ਹੈ, ਉਹ ਜੋ ਸਬਦ ਅਭ੍ਯਾਸ ਕਰਕੇ ਅਤੀਤ ਪਦ ਨੂੰ ਪਹੁੰਚ ਚੁਕਾ ਹੈ, ਮਾਯਾ ਦੀ ਪਕੜ ਤੋਂ ਉਪਰ ਉਠ ਗਿਆ ਹੈ। (ਅ) ਸਬਦ ਦੁਆਰਾ ਅਤੀਤ ਹੋਕੇ।

ਅਨਾਹਦਿ–(ਦੇਖੋ ਪੰਨਾ ੨੯੯) ਅਨਾਹਦ ਵਿਚ, ਜਿਸਦੀ ਹੱਦ ਨਾ ਹੋਵੇ ਉਸ ਵਿਚ। ਅਨੰਤ ਵਿਚ। ਭਾਵ ਪਰਮਾਤਮਾ ਵਿਚ।

ਰਾਤਾ ਰੱਤਾ ਗਿਆ ਹੈ, ਰੰਗਿਆ ਗਿਆ ਹੈ, ਰਚ ਰਿਹਾ ਹੈ, ਤਦਰੂਪ ਹੋ ਗਿਆ ਹੈ। ਜੇ ਸਬਦਿ ਦੀ ਸਿਆਰੀ ਤੇ ਪਦ ਅਨਾਹਦਿ ਦੀ ਸਿਆਰੀ ਦੀ ਪਰਵਾਹ ਨਾ ਕਰਕੇ ਅਰਥ ਕਰੀਏ: ਸਬਦ ਸਪਰਸ਼ ਆਦਿ ਵਿਸ਼ਿਆਂ ਤੋਂ ਰਹਿਤ ਹੈ, ਅਤੇ ਜੋ ਅਨਾਹਦ ਸਭ ਪ੍ਰਕਾਰ ਦੀ ਹਦਬੰਦੀ ਤੋਂ ਰਹਿਤ ਹੈ, ਐਸਾ ਜੋ 'ਪਰਮਾਤਮਾ' ਹੈ ਉਸ ਵਿਚ ਜੀਵ 'ਰਾਤਾ' ਹੋ ਜਾਂਦਾ ਹੈ, ਤਾਂ ਦੂਸ਼ਣ ਆਵੇਗਾ ਕਿ ਹਰੇਕ ਜੀਵ ਕਿਸ ਤਰ੍ਹਾਂ 'ਅਨਾਹਦਿ ਰਾਤਾ' ਹੋ ਸਕਦਾ ਹੈ? ਫੇਰ ਨਾਮ, ਯੋਗ ਗਯਾਨ ਕਰਮ ਕਿਸੇ ਸ਼ੈ ਦੀ ਲੋੜ ਨਹੀਂ। 'ਜੀਉ' ਪਦ ਨਾਲ ਕੋਈ ਹੋਰ ਵਿਸ਼ੇਸ਼ਣ ਪਦ ਨਹੀਂ ਹੈ ਤੇ 'ਸਬਦਿ ਅਤੀਤਿ' ਤੇ 'ਅਨਾਹਦਿ ਰਾਤਾ' ਵਿਸ਼ੇਸ਼ਣ ਬਣ ਗਏ ਪਰਮਾਤਮਾ ਦੇ। ਸੋ ਇਸ ਅਰਥ ਨਾਲ ਪਾਪੀ ਪੁੰਨੀ ਸਭ ਹੀ ਜੀਵ ਮਰਕੇ ਪਰਮਾਤਮਾ ਵਿਚ ਲੀਨ ਹੋ ਜਾਂਦਾ ਭਾਵ ਨਿਕਲੇਗਾ, ਜੋ ਠੀਕ ਨਹੀਂ। ਇਸ ਤਰ੍ਹਾਂ ਪੁੰਨ ਕਰਮ, ਭਗਤੀ ਕਿਸੇ ਸ਼ੈ ਦੀ ਲੋੜ ਹੀ ਨਾ ਰਹੀ।

ਸਾਕਰ–[ਸੰਸ:, ਸ਼ਰ੍ਕਰਾ। ਪ੍ਰਾ: ਸਕ੍ਕਰਾ। ਹਿੰਦੀ ਪੰਜਾਬੀ, ਸ਼ੱਕਰ। ਫਾ:, ਸ਼ੱਕਰ। ਇਸੇ ਤੋਂ ਬਣਿਆ ਅੰਗ੍ਰੇਜ਼ੀ ਦਾ 'ਸ਼ੂਗਰ' ਪਦ] ਗੁੜ ਤੇ ਖੰਡ ਦੇ ਵਿਚਕਾਰ ਇਕ ਚੂਰਨ ਰੂਪ ਵਿਚ ਮਿੱਠਾ। ਲਾਲ ਰੰਗ ਦੀ ਖੰਡ। (ਅ) ਖੰਡ।

ਮਨੁ ਮਾਨਿਆ–(ਗੁੰਗੇ ਦੇ) ਮਨ ਨੇ (ਸ਼ੱਕਰ ਨੂੰ) ਮਾਣਿਆ ਹੈ, ਭਾਵ ਖਾ ਕੇ ਪ੍ਰਸੰਨ ਹੋਇਆ ਹੈ। (ਅ) ਮੁਹਾਵਰੇ ਵਿਚ 'ਮਨ ਮੰਨੀ' ਗੱਲ ਹੋਣ ਦੇ ਬੀ ਅਰਥ ਹਨ:–ਬਹੁਤ ਪਸੰਦ ਦੀ ਗੱਲ ਹੋ ਗਈ ਹੈ।

*ਇਸ ਪਦ ਦੇ ਸੰਸਕ੍ਰਿਤ ਵਿਚ ਕੋਈ ੧੮ ਦੇ ਲਗ ਪਗ ਅਰਥ ਹਨ।

ਐਸਾ-ਇਹੋ ਜਿਹਾ। ਭਾਵ ਐਸਾ ਗਿਆਨ ਜੈਸਾ ਕਿ ਇਸ ਤੋਂ ਪਹਿਲੀਆਂ ਸਤਰਾਂ ਵਿਚ ਵਰਣਨ ਹੋਇਆ ਹੈ ਕਿ ਜੀਵਨ ਮੁਕਤ ਮਰਕੇ ਬੀ ਮੁਕਤ ਹੈ। (ਅ) 'ਐਸਾ ਗਿਆਨ' ਦਾ ਭਾਵ ਅੱਗੇ ਆਉਣ ਵਾਲੀਆਂ ਸਤਰਾਂ ਵਲ ਬੀ ਲੈ ਜਾਂਦੇ ਹਨ ਕਿ 'ਮਨ ਰੇ ਪਵਨ ਦ੍ਰਿੜ ਸੁਖਮਨ ਨਾਰੀ' ਕਿ ਬਨਵਾਰੀ ਇਸ ਪ੍ਰਕਾਰ ਦਾ ਗਿਆਨ ਕਥਦਾ ਹੈ: ਮਨ ਰੇ ਪਵਨ ਦ੍ਰਿੜ ਸੁਖਮਨ ਨਾਰੀ, ਤੇ ਨਾਲ ਅੰਕ ੩ ਤੇ ੪ ਮਿਲਾ ਲੈਂਦੇ ਹਨ।

ਬਨਵਾਰੀ-[ਸੰਸ: ਬਨਮਾਲੀ=ਜਿਸਦੇ ਗਲੇ ਵਿਚ ਬਨ ਯਾ ਬਨਸਪਤੀ ਮਾਲਾ ਵਾਙੂ ਹੈ] ਅਕਾਲ ਪੁਰਖ। ਜਿਵੇਂ ਰਾਮ, ਰਘੁਨਾਥ, ਦਮੋਦਰ, ਮੁਰਾਰੀ ਆਦਿ ਪਦ ਸ੍ਰੀ ਗੁਰੂ ਗ੍ਰੰਥ ਵਿਚ ਅਕਾਲ ਪੁਰਖ ਦੇ ਵਾਚਕ ਹਨ ਤਿਵੇਂ 'ਬਨਵਾਰੀ' ਦਾ ਅਰਥ ਬੀ ਅਕਾਲ ਪੁਰਖ ਹੈ। (ਅ) ਸਾਰੇ ਬਨਾਂ ਨੂੰ ਮਾਲਾ ਵਤ ਧਾਰਨ ਕੀਤੇ ਹੋਏ ਹੈ-ਅਕਾਲ ਪੁਰਖ-ਪਰਮਾਤਮ ਦੇਵ। (ੲ) ਜਿਸਦੇ ਗਲੇ ਵਿਚ ਬਨਮਾਲਾ ਹੈ, ਸੋ ਵਿਸ਼ਨੂੰ ਜੀ ਯਾ ਸ੍ਰੀ ਕ੍ਰਿਸ਼ਨ ਜੀ ਜੋ ਬਨਮਾਲਾ ਪਹਿਨਿਆ ਕਰਦੇ ਸਨ। ਬਨ ਦੇ ਜੰਗਲੀ ਫੁੱਲਾਂ ਦੀ ਮਾਲਾ। ਪੰਜ ਪ੍ਰਕਾਰ ਦੇ ਫੁੱਲਾਂ ਤੋਂ ਬਣੀ ਮਾਲਾ ਨੂੰ ਬੀ ਬਨਮਾਲਾ ਆਖਦੇ ਹਨ:- ਕਮਲ ਫੁਲ, ਹਾਰ ਸ਼ਿੰਗਾਰ, ਕੁੰਦ, ਤੁਲਸੀ, ਮੰਦਾਰ।

ਐਸਾ ਗਿਆਨੁ ਕਥੈ ਬਨਵਾਰੀ-ਪਹਿਲੇ ਅਰਥ (ਬਨਵਾਰੀ=) ਪਰਮਾਤਮ ਦੇਵ ਕਰਨ ਤੋਂ ਸਪਸ਼ਟ ਹੈ ਕਿ ਇਸ ਪ੍ਰਕਾਰ ਦਾ ਗਯਾਨ ਪਰਮਾਤਮ ਦੇਵ ਆਪ ਹੀ ਜਾਣਦਾ ਤੇ ਆਪ ਹੀ ਕਥਨ ਕਰਦਾ ਹੈ। ਕਿਵੇਂ ? ਉੱਤਰ: ਪ੍ਰਭੂ ਐਉਂ ਕਥਨ ਕਰਦਾ ਹੈ ਕਿ ਅਪਣੇ ਸਰੂਪ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਇਸ ਗੱਲ ਦਾ ਗਯਾਨ ਬਖਸ਼ਦਾ ਹੈ, ਜੈਸਾ ਕਿ ਗੁਰੂ ਜੀ ਨੇ ਸਾਨੂੰ ਦੱਸਿਆ ਹੈ:-

ਹਰਖ ਅਨੰਤ ਸੋਗ ਨਹੀ ਬੀਆ ॥ ਸੋ ਘਰੁ ਗੁਰਿ ਨਾਨਕ ਕਉ ਦੀਆ ॥
[ਗਉੜੀ ਮ: ੫-੧੮੪

ਇਸੀ ਤਰ੍ਹਾਂ ਅਕਾਲ ਪੁਰਖ ਅਪਣੇ ਭਗਤਾਂ ਦੁਆਰੇ ਯਾ ਸਤਯ ਸ਼ਾਸਤ੍ਰਾਂ ਵਿਚ ਜੋ ਕੁਛ ਦੱਸਦਾ ਹੈ ਓਹ ਮਾਨੋ ਕਥਨ ਹੀ ਕਰ ਰਿਹਾ ਹੈ।

ਜੇ 'ਬਨਵਾਰੀ' ਦਾ ਅਰਥ ਸ੍ਰੀ ਕ੍ਰਿਸ਼ਨ ਜੀ ਲੈਣਾ ਹੋਵੇ ਤਾਂ ਸਮਝੋ ਕਿ ਸ੍ਰੀ ਕਬੀਰ ਜੀ ਅਪਣੀ ਕਥੀ ਗਲ ਦੀ ਉਗਾਹੀ ਕ੍ਰਿਸ਼ਨ ਜੀ ਵੱਲੋਂ ਦਿਵਾਉਂਦੇ ਹਨ ਕਿ ਉਹ ਬੀ ਐਸਾ ਹੀ ਕਥਨ ਕਰਦੇ ਹਨ ਜੈਸਾ ਕਿ ਮੈਂ ਕਿਹਾ ਹੈ। ਸੋ ਜੇ ਇਸ ਪਾਸੇ ਟੋਲ ਕਰੀਏ ਤਾਂ ਸ੍ਰੀ ਕ੍ਰਿਸ਼ਨ ਜੀ ਦੀ ਗੀਤਾ ਵਿਚ ਕਈ ਪ੍ਰਮਾਣ ਮਿਲ ਜਾਂਦੇ ਹਨ ਵੰਨਗੀ ਲਈ ਵਾਚੋ:-

ਏਸ਼ਾ ਬ੍ਰਾਹਮੀ ਸਿਥਤਿ ਪਾਰਥ ਨੈਨਾਂ ਪ੍ਰਾਪਯ ਵਿਮੁਹਯਤਿ ॥
ਸਿਥਤ੍ਵਾ ਸਯਾਮੁ ਅੰਤਕਾਲੇ 'ਪਿ ਬ੍ਰਹਮ ਨਿਰਵਾਣਮ੍ ਰਿਛਤੀ ॥ [ਗੀਤਾ-੨.੭੨

ਅਰਥਾਤ-ਹੇ ਅਰਜਨ! ਇਹ ਹੈ 'ਬ੍ਰਹਮ ਸਥਿਤੀ' ਇਸ ਨੂੰ ਪ੍ਰਾਪਤ ਕਰਕੇ (ਪਾਉਣ ਵਾਲਾ) ਫਿਰ ਭੁਲੇਵੇ ਵਿਚ ਨਹੀਂ ਪੈਂਦਾ, ਇਸੇ (ਸਥਿਤੀ) ਵਿਚ ਟਿਕਿਆ ਹੋਇਆ (ਉਹ) ਅੰਤਕਾਲ ਵਿਚ ਬੀ ਬ੍ਰਹਮ ਨਿਰਵਾਣ ਅਰਥਾਤ ਬ੍ਰਹਮ ਵਿਚ ਮਿਲ ਜਾਣ ਦੇ ਸਰੂਪ ਵਾਲੀ ਮੁਕਤੀ ਨੂੰ ਪ੍ਰਾਪਤ ਹੁੰਦਾ ਹੈ।

ਮੋਟੇ ਪਦਾਂ ਵਿਚ ਇਹ ਭਾਵ ਹੈ ਕਿ ਜੋ ਜੀਉਂਦੇ ਜੀ ਬ੍ਰਹਮ ਵਿਚ ਟਿਕ ਚੁਕਾ ਹੈ, ਮਰਕੇ ਬੀ ਉਹ ਉਸ ਸੁਖ ਸਰੂਪ ਬ੍ਰਹਮ ਨੂੰ ਪ੍ਰਾਪਤ ਹੁੰਦਾ ਹੈ।

ਪੁਨਾ:-ਅਭਯਾਸ ਯੋਗ ਯੁਕ੍ਤੇਨ ਚੇਤਸਾ ਨਾਨਯ ਗਾਮਿਨਾ।
ਪਰਮੰ ਪੁਰਖੰ ਦਿਵਯੰ ਯਾਤਿ ਪਾਰਥਾ ਨੁਚਿਨ੍ਤਯਨ।
[ਗੀਤਾ-੮.੮

(ਜੋ ਦਿਵਜ ਪੁਰਖ ਪਰਮਾਤਮਾ ਦਾ ਧਜਾਨ) ਇਧਰ ਉਧਰ ਨਾ ਭਟਕਣ ਵਾਲੇ ਚਿਤ ਨਾਲ ਤੇ ਯੋਗ ਵਿਚ ਜੁੜੇ ਅਭਜਾਸ ਨਾਲ (ਅਨੁਚਿੰਤਜਨ=) ਸਿਮਰਣ ਕਰਦੇ ਹੋਏ ਕਰਦਾ ਹੈ, ਉਹ ਪ੍ਰਕਾਸ਼-ਸਰੂਪ ਪਰਮ ਪੁਰਖ ਨੂੰ ਪਹੁੰਚਦਾ ਹੈ। ਜੇ ਸਮਝੀਏ ਕਿ ਸ੍ਰੀ ਕਬੀਰ ਜੀ 'ਐਸਾ ਗਿਆਨੁ ਕਥੁ ਬਨਵਾਰੀ' ਦੇ ਪਦ 'ਐਸਾ' ਦਾ ਭਾਵ ਇਸ ਤੋਂ ਅਗਲੀ ਤੁਕ ਵਿਚ ਦੱਸ ਰਹੇ ਹਨ: 'ਮਨ ਰੇ ਪਵਨ ਦ੍ਰਿੜ ਸੁਖਮਨ ਨਾਰੀ' ਤਾਂ ਇਸ ਪਰਥਾਇ ਕ੍ਰਿਸ਼ਨ ਜੀ ਦਾ ਇਹ ਵਾਕ ਮਿਲਦਾ ਹੈ:-

ਅਪਾਨੇ ਜੁਹਵਤਿ ਪ੍ਰਾਣਮ੍ ਪ੍ਰਾਣੇ, 'ਪਾਨਮ੍ ਤਥਾ, ਪਰੇ।
ਪ੍ਰਾਣਾਪਾਨਗਤੀ ਰੁਦਧ੍ਵਾ ਪ੍ਰਾਣਾਯਾਮ ਪ੍ਰਾਯਣਾ:। [ਗੀਤਾ-੪.੨੯

ਅਰਥ ਐਸੇ ਹੀ ਹੋਰ (ਲੋਕ ਹਨ ਜੋ) ਪ੍ਰਾਣ (ਬਾਹਰ ਜਾਂਦੇ ਸੁਆਸ) ਨੂੰ ਅਪਾਨ (ਅੰਦਰ ਜਾਂਦੇ ਸਵਾਸ) ਵਿਚ ਹੋਮ ਕਰਦੇ ਹਨ (ਮਿਲਾਉਂਦੇ ਹਨ ਅਤੇ ਇਸਤਰ੍ਹਾਂ) ਅਪਾਨ ਨੂੰ ਪ੍ਰਾਣ ਵਿਚ, ਅਤੇ ਪ੍ਰਾਣ ਤੇ ਅਪਾਨ ਦੀ ਗਤੀ ਨੂੰ ਰੋਕ ਰੋਕ ਕੇ ਪ੍ਰਾਣਾਯਾਮ ਵਿਚ ਤਤਪਰ ਹਨ।

ਪਵਨ-[ਦੇਖੋ ਪੰਨਾ ੧੭੦੬] ਹਵਾ, ਵਾਯੂ। ਮਤਲਬ ਸੁਆਸਾਂ ਵਿਚ ਚਲ ਰਹੀ ਹਵਾ ਤੋਂ ਹੈ। ਸੁਆਸ।

ਸੁਖਮਨ ਨਾਰੀ-[ਸੰਸ: ਸੁਸ਼ੁਮਣਾ। ਸੰਸ:, ਨਾਡੀ=ਨਾੜੀ, ਜਿਸ ਵਿਚ ਲਹੂ ਦੌਰਾ ਕਰਦਾ ਹੈ। ਹਿੰਦੀ ਪੰਜਾਬੀ, ਨਾੜਿ। ਨਾੜੀ] ਨਾੜੀ ਦਾ ਦੂਸਰਾ ਰੂਪ ਨਾੜ ਹੈ। ਸਰੀਰ ਵਿਚ ਚਲ ਰਹੀ ਰੁਧ੍ਰ ਧਾਰਾ ਦੀਆਂ ਨਾੜਾਂ, ਸਨਾਯੂ ਸ਼੍ਰੇਣੀ ਦੀਆਂ ਨੂੰ ਬੀ ਨਾੜੀ ਕਹਿ ਲੈਂਦੇ ਹਨ। ਏਥੇ ਮੁਰਾਦ ਇੜਾ ਪਿੰਗਲਾ ਸੁਖਮਨਾ ਨੂੰ ਨਾਰੀ ਕਿਹਾ ਹੈ।

ਪਦ-[ਸੰ:, ਪਦੰ=ਪੈਰ, ਲਫ਼ਜ਼, ਵਾਕ, ਮਜ਼ਮੂਨ। ਥਾਂ, ਦਰਜਾ, ਪਦਵੀ, ਚਿੰਨ੍ਹ ਆਦਿ] ਏਥੇ ਪਦ ਦਾ ਅਰਥ ਲਫ਼ਜ਼ ਹੈ, ਲਫ਼ਜ਼ ਤੋਂ ਮੁਰਾਦ ਜਪੇ ਜਾਣ ਵਾਲੇ ਲਫ਼ਜ਼ ਦੀ ਹੈ, ਇਸ ਲਈ 'ਨਾਮ' ਭਾਵ ਹੈ ਜੋ ਜਪੀਦਾ ਹੈ। ਅੱਗੇ ਕ੍ਰਿਯਾ ਪਈ ਹੈ: ਰਵਹੁ=ਜਪੋ, ਉਚਾਰੋ। ਇਸ ਕਰਕੇ 'ਸੋ ਪਦ ਰਵਹੁ' ਦਾ ਅਰਥ ਹੈ, ਉਹ ਨਾਮ ਜਪੋ ਯਾ ਸਿਮਰੋ।

(ਅ) ਪਦ ਦਾ ਅਰਥ 'ਪਦਵੀ' ਹੋਣ ਕਰਕੇ ਐਉਂ ਬੀ ਕਰਦੇ ਹਨ:-ਉਸ ਪਦ ਵਿਚ ਰਮਣ ਕਰੋ, ਉਸ ਆਤਮ ਪਦ ਵਿਚ ਕ੍ਰੀੜਾ ਕਰੋ। ਭਾਵ ਲੈਂਦੇ ਹਨ: 'ਮਨਨ ਕਰੋ'। ਇਹ ਅਰਥ ਸਮਝਣ ਲਈ 'ਰਵਹੁ' ਨੂੰ 'ਰਮਹੁ' ਸਮਝਣਾ ਪੈਂਦਾ ਹੈ। ਰਮਹੁ ਦਾ ਪਹਿਲਾ ਅਰਥ ਹੈ ਕ੍ਰੀੜਾ ਕਰੋ, ਰਵਹੁ ਦਾ ਅਰਥ ਹੈ ਉਚਾਰੋ।

ਮਰਹੁ-[ਪੰਜਾ:, ਹਿੰਦੀ] ਤੁਸੀਂ ਮਰੋ। ਐਸਾ ਜੀਵਨ ਬਸਰ ਕਰਕੇ ਮਰੋ। ਕਿ ਫੇਰ ਨਾ ਮਰਨਾ ਪਵੇ, ਮੁੜ ਨਾ ਜਨਮ ਹੋਵੇ। ਇਹ ਭਾਵ ਐਉਂ ਬੀ ਲੈ ਲਈਦਾ ਹੈ ਕਿ ਐਸੀ ਤਰ੍ਹਾਂ ਜੀਵੱਤ ਭਾਵ ਵਲੋਂ ਮਰ ਜਾਓ ਕਿ ਫੇਰ (ਜਨਮ) ਮਰਨ ਨਾ ਹੋਵੇ, ਕਿਉਂਕਿ ਜੀਵਤ ਭਾਵ (=ਹਉਮੈ) ਵਲੋਂ ਮਰ ਜਾਣ ਨਾਲ ਪੁਨਰ ਜਨਮ ਨਹੀਂ ਹੁੰਦਾ।

ਕਹੁ ਕਬੀਰ ਤਾਕਉ ਪੁਨਰਪਿ ਜਨਮੁ ਨਹੀ ਖੇਲਿ ਗਇਓ ਬੈਰਾਗੀ॥ [ਗਉੜੀ ਕਬੀਰ ਜੀ-੮੩

ਉਲਟੀ ਗੰਗਾ-ਗੰਗਾ ਨੂੰ ਉਲਟੀ ਕਰਕੇ, ਭਾਵ ਸੱਜੀ ਨਾਸਕਾ ਵਿਚ ਚਲ ਰਹੀ ਸੁਆਸ ਵਾਯੂ ਨੂੰ ਉਲਟੀ ਕਰ ਦਿਓ, ਅਰਥਾਤ ਖੱਬੀ ਨਾਸਕਾ ਦੁਆਰਾ ਕੱਢੋ। ਪ੍ਰਾਣਾਯਾਮ ਦੇ ਕਾਇਦੇ ਮੂਜਬ ਫੇਰ ਖੱਬੀ ਦੁਆਰਾ ਸੁਆਸ ਲੈ ਕੇ ਸੱਜੀ ਦੁਆਰਾ ਕਢੋ।

ਬਿਨੁ ਜਲ-ਜਲ ਬਿਨਾ। ਭਾਵ ਨਦੀਆਂ ਦੇ ਸੰਗਮ 'ਜਲ ਸੰਗਮ' ਹਨ, ਏਥੇ ਬਿਨਾ ਜਲ ਦੇ ਸੰਗਮ ਹੈ।

ਸੰਗਮ-[ਸੰਸ:, ਸੰਗਮ:] ਮਿਲਨੇ ਦਾ ਥਾਂਉਂ, ਇਕ ਯਾ ਵਧੀਕ ਨਦੀਆਂ ਦੇ ਮਿਲਨੇ ਦਾ ਟਿਕਾਣਾ। ਜੈਸਾ ਗੰਗਾ ਜਮਨਾ ਸੁਰਸਤੀ ਦਾ ਸੰਗਮ 'ਪ੍ਰਯਾਗ'

ਹੈ। ਏਥੇ ਇੜਾ ਪਿੰਗਲਾ ਸੁਖਮਨਾ ਦੇ ਮੇਲ ਨੂੰ ਸੰਗਮ ਕਿਹਾ ਹੈ।

ਲੋਚਾ–ਦ੍ਰਿਸ਼ਟੀ। ਸਮਸਰਿ–[ਸੰਸ:, ਸਮਸਰਿ ਹੋ ਸਕਦਾ ਹੈ ਸਦ੍ਰਿਸ਼ ਤੋਂ ਬਣਿਆ ਹੋਵੇ] ਤੁੱਲ, ਸਮ, ਬਰਾਬਰ। ੨. [ਸੰਸ: ਸਮ=ਬਰਾਬਰ+ਸਰ:=ਤੀਰ] ਤੀਰਵਾਂਙ ਸਿੱਧਾ।

ਲੋਚਾ ਸਮਸਰਿ–ਸਮਸਰ=[ਸਮ ਤੁੱਲ+ਲੋਚਾ=ਦ੍ਰਿਸ਼ਟੀ] ਸਮ ਦ੍ਰਿਸ਼ਟੀ। ਇਹ ਪਦ ਸਮਸਰ 'ਸਮ' ਦੇ ਅਰਥਾਂ ਵਿਚ ਗੁਰਬਾਣੀ ਵਿਚ ਕਈ ਥਾਂ ਆਇਆ ਹੈ। ਯਥਾ:-

ਤੁਮ ਸਮਸਰਿ ਅਵਰੁ ਕੋ ਨਾਹੀ ॥ [ਆਸਾ ਮਹਲਾ ੧, ਅਸਟ:-੯

ਬੁਰਾ ਭਲਾ ਦੁਇ ਸਮਸਰਿ ਸਹੀਐ॥ [ਮਾਰੂ ਮਹਲਾ ੫, ਸੋਲਹਾ ੫ ੧੩

ਲੋਚਾ ਦਾ ਅਰਥ ਦ੍ਰਿਸ਼ਟੀ ਹੈ, ਪਰ ਲੋਚਾ ਦਾ ਅਰਥ ਲੋਚਣਾ, ਚਾਹ ਯਾ ਇੱਛਾ ਕਰਨੀ ਬੀ ਹੈ। ਤਦ ਅਰਥ ਐਉਂ ਲਾ ਲਈਦਾ ਹੈ ਕਿ ਉਹਨਾਂ ਦੀ ਚਾਹ ਯਾ ਇੱਛਾ ਪਦਾਰਥਾਂ ਵਿਚ ਸਮ ਹੋ ਗਈ ਹੈ, ਕਿਸੇ ਸ਼ੈ ਵਿਚ ਖਿੱਚ ਯਾ ਪਕੜ ਨਹੀਂ ਰਹੀ। ਮੁਰਾਦ ਲੈਂਦੇ ਹਨ ਕਿ ਤ੍ਰਿਸ਼ਨਾ ਮਿਟ ਜਾਂਦੀ ਹੈ। ਯਥਾ ਲਾਭ ਖੁਸ਼ ਰਹਿੰਦੇ ਹਨ।

ਤਤ–[ਸੰਸ:, ਤੱਤ੍ਵ=ਅਸਲੀ। ਅਸਲੀ ਮੂਲ। ਜੋ ਕਾਯਮ ਰਹੇ, ਬਦਲੇ ਯਾ ਨਾਸ਼ ਨਾ ਹੋਵੇ। ਪਰਮ ਆਤਮਾ, ਬ੍ਰਹਮ*] ਸਾਰੇ ਵਿਸ਼੍ਵ ਦਾ ਮੂਲ ਅਸਲਾ ਜੋ ਅਵਿਨਾਸ਼ ਹੈ। ਪਾਰਬ੍ਰਹਮ ਪਰਮੇਸ਼ੁਰ।

ਅਪੁ–[ਸੰਸ:, ਅਪ੍] ਪਾਣੀ, ਜਲ। ਤੇਜੁ–[ਸੰਸ:, ਤੇਜਸ੍] ਅਗਨੀ।

ਬਾਇ–[ਸੰਸ:, ਵਾਯੁ:] ਹਵਾ, ਪੌਣ। ਰਹਤ–ਰਹਿਣੀ। ਵਰਤਾਉ।

ਹਰਿ ਪਾਸ'–ਹਰੀ ਦੇ ਕੋਲ। ਹਰੀ ਦੇ ਨਾਲ, ਵਿਥਿ ਤੋਂ ਰਹਿਤ ਰਹਿਣੇ ਵਾਲੀ ਸਮੀਪਤਾ। ਹਰੀ ਨਾਲ ਮੇਲ।

ਨਿਰੰਜਨ–[ਨਿਰ+ਅੰਜਨ:] ਮਾਇਆ ਤੋਂ ਰਹਿਤ। ਪਰਮਾਤਮਾ।

## [ਗਉੜੀ ਕਬੀਰ ਜੀ, ਚਉਪਦਾ–੧੯]

**ਪ੍ਰਾਕ੍ਥਨ**–ਪਿਛਲੀ ਕਹੀ ਪ੍ਰਾਪਤੀ ਬੁੱਧੀ ਦੀ ਚੰਚਲਤਾ, ਅਥਵਾ ਕਥਨੀ ਵਕਤ੍ਰਤਾ ਦੀ ਬਾਹੁਲਤਾ ਨਾਲ ਨਹੀਂ ਹੁੰਦੀ ਨਾ ਹੀ ਧਨ ਪਦਾਰਥ ਨਾਲ, ਉਸ ਦਾ ਮੁੱਲ ਮਨ ਅਰਪਣ ਹੈ, ਇਹ ਗਲ ਅਗਲੇ ਸ਼ਬਦ ਵਿਚ ਹੈ:–

| ਮੂਲ | ਅਰਥ |
|---|---|
| ਗਉੜੀ ਕਬੀਰ ਜੀ ਤਿਪਦੇ ੧੫ ॥ | |
| ਕੰਚਨ ਸਿਉ ਪਾਈਐ ਨਹੀ ਤੋਲਿ॥ ਮਨੁ ਦੇ ਰਾਮੁ ਲੀਆ ਹੈ ਮੋਲਿ॥੧॥ | †(ਉਹ ਨਿਰੰਜਨ ਤੇ ਅਨਾਹਦ ਰਾਮ) ਸੋਨੇ ਨਾਲ ਤੋਲਕੇ ਬੀ ਨਹੀਂ ਮਿਲਦਾ। (ਮੈਂ ਤਾਂ ਅਪਣਾ) ਮਨ ਦੇਕੇ (ਮਨ ਦੇ ਬਦਲੇ ਉਹ) ਰਾਮ ਮੁੱਲ ਲੀਤਾ ਹੈ (ਭਾਵ ਪ੍ਰਾਪਤ ਕੀਤਾ ਹੈ) ॥ ੧ ॥ |
| ਅਬ ਮੋਹਿ ਰਾਮੁ ਅਪੁਨਾ ਕਰਿ ਜਾਨਿਆ ॥ ਸਹਜ ਸੁਭਾਇ ਮੇਰਾ ਮਨੁ ਮਾਨਿਆ ॥੧॥ਰਹਾਉ॥ | (ਮਨ ਦੇ ਦੇਣ ਨਾਲ) ਹੁਣ ਮੈਂ ਰਾਮ ਨੂੰ ਅਪਣਾ ਕਰਕੇ ਜਾਣ ਲਿਆ ਹੈ ਤੇ ਸਹਿਜ ਸੁਭਾਵ (ਹੀ) ਮੇਰਾ ਮਨ ਪਤੀਜ ਗਿਆ ਹੈ ॥ ੧ ॥ ਰਹਾਉ ॥ |

*ਤਤੁ ਦਾ ਐਉਂ ਬੀ ਅਰਥ ਲਾਉਂਦੇ ਹਨ: ਤਦੁ=ਓਹ ਭਾਵ ਬ੍ਰਹਮ, ਤੂ=ਤੂੰ। ਉਹ ਬ੍ਰਹਮ ਤੂੰ ਹੈ।

†ਸਿਰਲੇਖ 'ਤਿਪਦੇ' ਹੇਠ ਜੋ ਬਰੀਕ ਅੰਕ ੧੫ ਹੈ ਉਸਦਾ ਮਤਲਬ ਇਹ ਹੈ ਕਿ ਇਥੋਂ ਅੱਗੇ ਤਿਪਦੇ ਸ਼ਬਦ ਕਬੀਰ ਜੀ ਦੇ ੧੫ ਲਗਾਤਾਰ ਹਨ।

| | |
|---|---|
| ਬ੍ਰਹਮੈ ਕਥਿ ਕਥਿ ਅੰਤੁ ਨ ਪਾਇਆ ॥ ਰਾਮ ਭਗਤਿ ਬੈਠੇ ਘਰਿ ਆਇਆ ॥ ੨ ॥ | ਬ੍ਰਹਮਾ (ਵਰਗੇ ਵਿਦਵਾਨ ਨੇ ਪਰਮਾਤਮਾ ਦਾ ਵੇਦਾਂ ਵਿਚ) ਵਰਣਨ ਕਰ ਕਰਕੇ (ਬੀ ਉਸ ਦਾ) ਅੰਤ ਨਹੀਂ ਪਾਇਆ। (ਪਰ ਦੇਖੋ) ਰਾਮ ਦੀ ਭਗਤੀ ਕਰਨ ਵਾਲੇ (ਭਗਤ ਦੇ ਪਾਸ) ਘਰ ਵਿਚ (ਬੈਠੇ) ਬਿਠਾਏ ਆ ਗਿਆ ਹੈ ॥ ੨ ॥ |
| ਕਹੁ ਕਬੀਰ ਚੰਚਲ ਮਤਿ ਤਿਆਗੀ ॥ ਕੇਵਲ ਰਾਮ ਭਗਤਿ ਨਿਜ ਭਾਗੀ ॥ ੩ ॥ ੧੯ ॥ | ਕਬੀਰ ਜੀ ਕਹਿੰਦੇ ਹਨ ਕਿ (ਧਨ ਤੇ ਵਿਦਯਾ ਆਦਿ ਵਾਲੀ) ਚੰਚਲ ਮਤਿ ਤਿਆਗ ਦਿਤੀ (ਤਦ ਤੋਂ ਹੀ) ਰਾਮ ਦੀ ਕੇਵਲ ਭਗਤੀ (ਮੇਰੇ) ਅਪਣੇ ਹਿੱਸੇ (ਯਾ ਭਾਗਾਂ ਵਿਚ) ਆਈ ਹੈ ॥ ੩ ॥ ੧੯ ॥ |

**ਵ੍ਯਾਖ੍ਯਾ—**ਪਿਛਲੇ ਸ਼ਬਦ ਵਿਚ ਜੋਗ ਗਿਆਨ ਭਗਤੀ ਦੇ ਮਿਲਵੇਂ ਵਾਕਾਂ ਵਿਚ ਕੋਈ ਭੁਲੇਵਾ ਨਾ ਰਹਿ ਜਾਏ, ਇਸ ਸ਼ਬਦ ਵਿਚ ਸਪਸ਼ਟ ਕਰਦੇ ਹਨ ਕਿ ਮੈਂ ਤਾਂ ਰਾਮ ਨੂੰ ਅਪਣਾ ਮਨ ਦੇਕੇ ਅਪਣਾਂ ਬਣਾ ਲਿਆ ਹੈ; ਇਸ ਤਰ੍ਹਾਂ ਮੇਰੇ ਹਿੱਸੇ ਵਿਚ ਤਾਂ ਆਪਾ ਅਰਪ ਕੇ ਪ੍ਰੀਤਮ ਨੂੰ ਅਪਣਾ ਲੈਣ ਦੀ ਕੇਵਲ ਭਗਤੀ ਆਈ ਹੈ।

ਅੰਕ ੧-੨- ਇਸ ਆਪਾ ਸਮਰਪਨ ਤੇ ਕੇਵਲ ਭਗਤੀ ਤੋਂ ਛੁਟ ਜੇ ਕੋਈ ਸਮਝੇ ਕਿ ਅਪਣਾ ਧਨ ਪਦਾਰਥ ਈਸ਼੍ਵਰ ਅਰਪਨ ਕੀਤਿਆਂ ਉਹ ਅਪਣਾ ਬਣ ਜਾਂਦਾ ਹੈ ਤਾਂ ਨਾ ਮੇਰਾ ਉਹ ਵਿਸ਼ਵਾਸ਼ ਹੈ ਨਾ ਮੇਰਾ ਉਹ ਮਾਰਗ। ਜੇ ਕਹੋ ਕਿ ਸ਼ਾਸਤ੍ਰ ਵੇਦ ਆਦਿ ਬ੍ਰਹਮ ਵਿਦਯਾ ਦੇ ਪੁਸਤਕਾਂ ਦਾ ਅਧਯੇਨ ਕਿ ਉਹਨਾਂ ਦੀ ਕਥਾ ਵ੍ਯਾਖ੍ਯਾ ਕਰਨੀ ਕਿ ਲਿਖਣੀ ਕੋਈ ਸ਼ੈ, ਜਿਸ ਵਿਚ ਬੁੱਧੀ ਦੀ ਚੰਚਲਤਾ ਹਉਂ ਨੂੰ ਸਾਵਧਾਨ ਰੱਖ ਸਕਦੀ ਹੈ, ਮੈਂ ਨਹੀਂ ਧਾਰਨ ਕੀਤੀ। ਓਹ ਪ੍ਰਭੂ ਬੇਅੰਤ ਹੈ,ਉਸ ਨੂੰ ਪ੍ਰਾਪਤ ਕਰੀਦਾ ਹੈ,ਅੰਤ ਨਹੀਂ ਪਾਈਦਾ,ਅੰਤ ਪਾਉਣੇਦਾ ਸ਼੍ਰਮ ਬ੍ਰਿਥਾ ਹੁੰਦਾਹੈ ਜੈਸਾ ਕਿ ਬ੍ਰਹਮਾ ਵਰਗਾ ਬੀ ਅੰਤ ਨਾ ਪਾ ਸਕਿਆ। ਤੇ ਅਸਾਂ ਰਾਮ ਦੇ ਭਗਤਾਂ ਨੂੰ ਉਹ ਸਹਿਜ ਸੁਭਾਵ ਬਿਨਾ ਯਤਨ ਬਿਨਾ ਬਨੀਂ ਜੰਗਲੀਂ ਜਾਂ ਹਠ ਤਪ ਕੀਤੇ, ਬਿਨਾਂ ਤੀਰਥੀਂ ਭਵੇਂ ਘਰ ਬੈਠੇ ਬਿਠਾਏ ਆ ਮਿਲਿਆ।

ਅੰਕ ੩—'ਮਨ ਦੇਕੇ ਰਾਮ ਮੁਲ ਲਿਆ' ਤਾਂ ਮਨ ਹੀ ਨਾ ਅਪਣਾ ਰਿਹਾ, ਫੇਰ ਕਹਿੰਦੇ ਹਨ ਕਿ 'ਮੇਰਾ ਮਨ ਮਾਨਿਆ'। ਜੇ ਮਨ ਮੁੱਲ ਵਿਕ ਗਿਆ ਤਾਂ 'ਮੇਰਾ ਮਨ ਮਾਨਿਆ' ਕਹਿਣਾ ਅਪਣਾ ਆਪ ਖੰਡਨ ਕਰ ਦੇਣਾ ਹੈ। ਇਸ ਸ਼ੰਕਾ ਦਾ ਉਧਾਰ ਅੰਕ ੩ ਵਿਚ ਹੈ।

ਮਨ ਦਾ ਮਰਨਾ ਹੈ ਮਨ ਦੀ ਚੰਚਲ ਮਤਿ ਦਾ ਦੂਰ ਹੋ ਜਾਣਾ। ਮਨ, ਜੋ ਹਉਂ ਦੀ ਲਪੇਟ ਲੈ ਕੇ ਚੰਚਲ ਰਹਿੰਦਾ ਹੈ ਤੇ ਚੰਚਲਤਾ ਦੇ ਅਨੇਕ ਚਿੰਤਨ ਵਿਚ ਭਟਕਦਾ ਹੈ ਉਹ ਤਿਆਗ ਕੇ ਰਾਮ ਨੂੰ ਪ੍ਰੀਤਮ ਜਾਣਕੇ ਉਸ ਦੇ ਪ੍ਰੇਮ ਵਿਚ ਲਾ ਦਿੱਤਾ, ਉਸੇ ਦੀ ਕੇਵਲ ਭਗਤੀ ਵਿਚ। ਇਹ ਮਨ ਜੋ ਹੁਣ ਅਪਣਾ ਨਹੀਂ ਰਾਮ ਦਾ ਹੋ ਗਿਆ ਹੈ; ਮੇਰਾ ਮਨ ਬੀ ਹੈ, ਕਿਉਂਕਿ ਮੈਂ ਸਾਰਾ ਰਾਮ ਦਾ ਹੋ ਗਿਆ ਹਾਂ। ਇਸ ਕਰਕੇ ਇਹ ਰਾਮ ਦਾ ਹੋ ਗਿਆ ਮਨ ਦੋਹਾਂ ਦੇ ਪ੍ਰੇਮ ਨਾਲ ਤਦਰੂਪ ਹੋ ਜਾਣ ਕਰਕੇ ਮੇਰਾ ਮਨ ਬੀ ਹੈ। ਪਰ ਇਸ ਦੀ ਮੈਂ ਮੇਰੀ ਹੁਣ ਹਉਮੈ ਵਾਲੀ ਨਹੀਂ, ਇਹ ਤਾਂ 'ਕੇਵਲ-ਭਗਤੀ', ਸੁਧਾ ਪਿਆਰ ਹੀ ਪਿਆਰ ਹੈ।

**ਨਿਰੁਕਤ**—ਕੰਚਨ—[ਸੰਸ:, ਕਾਂਚਨਮ੍=ਸੋਨਾ] ਸੋਨਾ, ਭਾਵ ਧਨ ਪਦਾਰਥ।

[ਗਉੜੀ ਕਬੀਰ ਜੀ, ਚਉਪਦਾ—੨੦]

**ਪ੍ਰਾਕ੍ਕਥਨ—**ਪਿਛੇ ਕਹੀ ਰਾਮ ਭਗਤੀ ਦਾ ਫਲ 'ਅਮਰ ਹੋ ਜਾਣਾ' ਦੱਸਦੇ ਹਨ:-

| ਮੂਲ | ਅਰਥ |
|---|---|
| ਗਉੜੀ ਕਬੀਰ ਜੀ ॥ ਜਿਹ ਮਰਨੈ ਸਭੁ ਜਗਤੁ ਤਰਾਸਿਆ॥ ਸੋ ਮਰਨਾ ਗੁਰ ਸਬਦਿ ਪ੍ਰਗਾਸਿਆ ॥੧॥ | ਜਿਸ ਮਰਨ ਤੋਂ ਸਾਰਾ ਜਗਤ ਡਰਦਾ ਹੈ, ਉਸ ਮਰਨੇ (ਦਾ ਭੇਤ ਸਾਡੇ ਉਤੇ) ਗੁਰੂ ਉਪਦੇਸ਼ ਦੁਆਰਾ ਖੁੱਲ੍ਹ ਗਿਆ ਹੈ ॥੧॥ |
| ਅਬ ਕੈਸੇ ਮਰਉ ਮਰਨਿ ਮਨੁ ਮਾਨਿਆ॥ ਮਰਿ ਮਰਿ ਜਾਤੇ ਜਿਨ ਰਾਮੁ ਨ ਜਾਨਿਆ ॥੧॥ਰਹਾਉ॥ | ਹੁਣ (ਮੈਂ) ਕਿਵੇਂ ਮਰਾਂਗਾ (ਹੁਣ ਤਾਂ ਮੇਰਾ) ਮਨ ਮਰਨਿ ਵਿਚ (ਸੁਖ) ਮੰਨਦਾ ਹੈ। (ਹਾਂ ਓਹ ਲੋਕ) ਮਰਦੇ ਰਹਿੰਦੇ ਹਨ ਜਿਨ੍ਹਾਂ ਨੇ ਪਰਮੇਸ਼ੁਰ ਜੀ ਨੂੰ ਨਹੀਂ ਜਾਣ ਲਿਆ (ਭਾਵ, ਮੈਂ ਪਰਮੇਸ਼ੁਰ ਨੂੰ ਜਾਣ ਲਿਆ ਹੈ, ਜੋ ਜਾਣਨਾ ਕਿ ਅਮਰ ਕਰ ਦੇਂਦਾ ਹੈ, ਮਰਦੇ ਹਨ ਓਹ ਜੋ ਜਾਣਨੇ ਤੋਂ ਵਿਰਵੇ ਹਨ) ॥੧॥ |
| ਮਰਨੋ ਮਰਨੁ ਕਹੈ ਸਭੁ ਕੋਈ ॥ ਸਹਜੇ ਮਰੈ ਅਮਰੁ ਹੋਇ ਸੋਈ॥੨॥ | ਆਖਦੇ ਤਾਂ ਸਾਰੇ ਹਨ (ਕਿ ਭਾਈ!) ਮਰਨਾ ਹੈ, ਮਰਨਾ (ਜ਼ਰੂਰ) ਹੈ, (ਪਰ ਜੇ ਕੋਈ) ਸਹਿਜੇ (ਅਰਥਾਤ 'ਰਾਮ-ਜਾਣਨ' ਵਿਚ ਸਗ੍ਯਾਤ ਹੋਕੇ) ਮਰੇ (ਤਾਂ) ਉਹ ਅਮਰ ਹੋ ਜਾਂਦਾ ਹੈ ॥੨॥ |
| ਕਹੁ ਕਬੀਰ ਮਨਿ ਭਇਆ ਅਨੰਦਾ ॥ ਗਇਆ ਭਰਮੁ ਰਹਿਆ ਪਰਮਾਨੰਦਾ ॥੩॥੨੦॥ | ਕਹਿੰਦੇ ਹਨ ਕਬੀਰ ਜੀ (ਮੇਰੇ) ਮਨ ਵਿਚ ਆਨੰਦ ਹੋ ਗਿਆ ਹੈ (ਕਿਉਂਕਿ ਨਿਜ ਨੂੰ ਹਉਂ ਵੇੜਿਤ ਸਮਝਕੇ ਜੋ ਆਪ ਨੂੰ ਸਾਈਂ ਤੋਂ ਵੱਖ ਪ੍ਰਤੀਤ ਕਰਨੇ ਦਾ) ਭਰਮ ਸੀ ਦੂਰ ਹੋ ਗਿਆ ਹੈ (ਹੁਣ ਪਰਮ ਆਨੰਦ ਸਰੂਪ ਪ੍ਰਭੂ ਵਿਚ ਮੇਲ ਪਾ ਲੈਣ ਕਰਕੇ) ਪਰਮਾਨੰਦ(ਹੀ ਪਰਮਾਨੰਦ)ਰਹਿ ਗਿਆ ਹੈ॥ ੩॥੨੦॥ |

**ਵ੍ਯਾਖ੍ਯਾ**—ਪਿਛੇ ਸ਼ਬਦ ਅਠਾਰਵੇਂ ਵਿਚ ਗ੍ਯਾਨਵਾਨ ਦੀ ਮੌਤ ਦੇ ਮਗਰੋਂ ਦਾ ਹਾਲ ਦੱਸਿਆ ਸੀ, ਹੁਣ ਦੱਸਦੇ ਹਨ ਕਿ ਓਹ ਅਮਰ ਕਰਨੇ ਵ ਲੀ ਮੌਤ 'ਜਗਤ ਜੀਵਾਂ' ਨੂੰ ਕੀਕੂੰ ਪ੍ਰਾਪਤ ਹੋ ਸਕਦੀ ਹੈ। ਜਗਤ ਦੇ ਅਗ੍ਯਾਨੀ ਲੋਕ, ਜੋ ਮਾਇਆ ਵਿਚ ਵੇਹੜੇ ਹਨ, ਜਦ ਮਰਦੇ ਹਨ ਤਾਂ ਉਨ੍ਹਾਂ ਦਾ ਜਨਮ ਮਰਨ ਕੱਟ ਨਹੀਂ ਹੁੰਦਾ, ਓਹ ਕਰਮਾਂ ਵੱਸ ਮੁੜ ਮੁੜ ਜੰਮਦੇ ਤੇ ਮਰਦੇ ਹਨ, ਉਨ੍ਹਾਂ ਨੂੰ ਵਾਸ਼ਨਾ ਖਿੱਚਕੇ ਮੁੜ ਲੈ ਆਉਂਦੀਆਂ ਹਨ। ਮੌਤ ਤੋਂ ਲੋਕੀਂ ਡ਼ਰਦੇ ਕਿਉਂ ਹਨ ? ਭੋਗ ਬ੍ਰਿਤੀਆਂ ਹੋਣ ਕਰਕੇ ਹਰ ਮਰਨੇ ਨਾਲ ਸਰੀਰਕ ਸੁਖ ਤੇ ਭੋਗ ਮਿਟਦੇ ਹਨ, ਪਜ਼ਾਰੇ ਵਿੱਛੁੜਦੇ ਹਨ, ਪਦਾਰਥ ਛੱਡਣੇ ਪੈਂਦੇ ਹਨ, ਇਸ ਕਰਕੇ ਮਰਨ ਤੋਂ ਸਾਰੇ ਡਰਦੇ ਹਨ। ਪਰ ਜਿਨ੍ਹਾਂ ਨੂੰ ਗੁਰ ਸਬਦ ਮਿਲ ਗਿਆ ਤੇ ਨਾਮ ਦੀ ਕਮਾਈ ਕਰ ਲਈ ਓਹ ਨਹੀਂ ਇਸ ਮੌਤ ਤੋਂ ਡਰਦੇ, ਕਿਉਂਕਿ ਉਨ੍ਹਾਂ ਨੂੰ ਗ੍ਯਾਨ ਹੋ ਜਾਂਦਾ ਹੈ ਕਿ ਹਉਮੈ ਵਿਚ ਫਾਥਿਆਂ ਨੂੰ ਜਨਮ ਹੁੰਦਾ ਹੈ ਸਾਡੀ ਫਾਹੀ ਟੁੱਟ ਗਈ ਹੈ ਤੇ ਅਸੀਂ ਅਮਰ ਹੋ ਗਏ ਹਾਂ। ਜਦੋਂ ਹਉਮੈ ਦੀ ਮੌਤ ਮਰਕੇ 'ਜੀਵਨ ਮੁਕਤ' ਅਵਸਥਾ ਵਿਚ ਹੋ ਜਾਈਦਾ ਹੈ ਤਾਂ ਇਸ ਸਰੀਰਕ ਮੌਤ ਦਾ ਭੈ ਦੂਰ ਹੋ ਜਾਂਦਾ ਹੈ ਸੋ ਇਸ ਮਰਨੇ ਦੀ ਗੱਲ ਸੁਣਕੇ 'ਮਰਨ ਦਾ ਤ੍ਰਾਸ' ਨਹੀਂ ਵਾਪਰਦਾ, ਸਗੋਂ ਮਨ ਵਿਚ ਪਰਮ ਆਨੰਦ ਹੁੰਦਾ ਹੈ ਕਿਉਂਕਿ ਮਨ ਵਿਚ ਪਰਮਾਨੰਦ ਦਾ ਵਾਸਾ ਹੁੰਦਾ ਹੈ।

**ਨਿਰੁਕ੍ਤ**—ਤਰਾਸਿਆ–[ਫਾ: ਤਰਸੀਦਨ=ਡਰਨਾ] ਡਰਿਆ ਹੈ, ਡਰਦਾ ਹੈ।

ਪ੍ਰਗਾਸਿਆ—ਪ੍ਰਕਾਸ਼ਵਾਨ ਹੋਇਆ ਹੈ, ਭਾਵ ਭੇਤ ਖੁੱਲ੍ਹ ਗਿਆ ਹੈ।

ਸਹਜੇ—ਸਹਜ ਸੁਭਾਵਕ। ਪਰ ਸੈਨਤ ਹੈ 'ਸਹਜ ਯੋਗ' ਵਲ। ਕਿ ਜੋ ਸਹਜ ਅਵਸਥਾ ਨੂੰ ਨਾਮ ਸਿਮਰਣ ਦੁਆਰਾ ਪੁੱਜ ਚੁਕਾ ਹੈ। (ਅ) ਸਹਜ ਦਾ ਅਰਥ 'ਗ੍ਯਾਨ' ਬੀ ਲਗਦਾ ਹੈ। ਗ੍ਯਾਨ

ਮਈ ਅਵਸਥਾ ਵਿਚ ਜੋ ਮਰੇ।

ਪਰਮਾਨੰਦਾ—ਪਰਮ+ਆਨੰਦ+ਵਾਲਾ=ਪੂਰੇ ਆਨੰਦ ਸਰੂਪ ਵਾਲਾ। ਪੂਰਨ ਆਨੰਦਦਾਈ।

## [ਗਉੜੀ ਕਬੀਰ ਜੀ, ਚਉਪਦਾ—੨੧]

**ਪ੍ਰਾਕ੍ਥਨ—**ਸ੍ਰੀ ਕਬੀਰ ਜੀ ਰਾਮ ਭਗਤੀ ਨੂੰ ਅਣੀਆਲੇ ਤੀਰ ਦੇ ਲੱਗਿਆਂ ਜੋ ਪੀੜ ਹੁੰਦੀ ਹੈ ਉਸ ਸਮਾਨ ਦੱਸਦੇ ਹਨ। ਇਹੋ ਪ੍ਰੇਮ ਦੀ ਬਿਰਹ ਪੀੜਾ ਹੈ, ਇਸ ਪੀੜਾ ਵਾਲੇ ਨੂੰ ਸਹਾਰਾ ਮਿਲਦਾ ਹੈ।

| ਮੂਲ | ਅਰਥ |
|---|---|
| ਗਉੜੀ ਕਬੀਰ ਜੀ॥ ਕਤ ਨਹੀ ਠਉਰ ਮੂਲੁ ਕਤ ਲਾਵਉ॥ ਖੋਜਤ ਤਨ ਮਹਿ ਠਉਰ ਨ ਪਾਵਉ ॥੧॥ | ਸਰੀਰ ਵਿਚ ਖੋਜਦਿਆਂ ਤਾਂ (ਕੋਈ) ਟਿਕਾਣਾ (ਪੀੜ ਦਾ) ਨਹੀਂ ਲਭਦਾ। (ਸੋ ਜਦ ਪੀੜਾ ਦਾ ਸਰੀਰ ਵਿਚ) ਕਿਤੇ ਟਿਕਾਣਾ ਹੀ ਹੈ ਨਹੀਂ ਤਾਂ ਦਵਾ ਕਿਥੇ (ਸਰੀਰ ਦੇ ਕਿਸ ਅੰਗ ਵਿਚ) ਲਗਾਵਾਂ ॥ ੧ ॥ |
| ਲਾਗੀ ਹੋਇ ਸੁ ਜਾਨੈ ਪੀਰ॥ ਰਾਮ ਭਗਤਿ ਅਨੀਆਲੇ ਤੀਰ॥ ੧ ॥ ਰਹਾਉ ॥ | (ਫੇਰ ਪ੍ਰਸ਼ਨ ਹੁੰਦਾ ਹੈ ਕਿ ਜਦ ਸਰੀਰ ਵਿਚ ਪੀੜ ਦੀ ਥਾਂ ਹੀ ਕੋਈ ਨਹੀਂ ਤਦ ਕੀ ਹਾਇ ਹਾਇ ਐਵੇਂ ਹੀ ਹੋ ਰਹੀ ਹੈ? ਉੱਤਰ ਦੇਂਦੇ ਹਨ, ਕਿ ਜਿਸ ਨੂੰ) ਲੱਗੀ ਹੋਵੇ ਉਹੀ (ਇਸ) ਪੀੜ ਨੂੰ ਜਾਣ ਸਕਦਾ ਹੈ। (ਇਹ ਪੀੜਾ) ਰਾਮ ਭਗਤੀ (ਦੀ ਹੈ ਜੋ) ਅਣੀਆਲੇ ਤੀਰਾਂ ਵਾਂਗੂ (ਚੁਭਦੀ ਰਹਿੰਦੀ) ਹੈ ॥੧॥ ਰਹਾਉ॥ |
| ਏਕ ਭਾਇ ਦੇਖਉ ਸਭ ਨਾਰੀ॥ ਕਿਆ ਜਾਨਉ ਸਹ ਕਉਨ ਪਿਆਰੀ॥ ੨ ॥ | [ਪ੍ਰਸ਼ਨ ਹੁੰਦਾ ਹੈ ਕਿ ਤੂੰ ਹੀ ਇਕ ਰਹਿ ਗਿਆ ਸੈਂ ਜਿਸ ਨੂੰ ਰਾਮ ਭਗਤੀ ਮਿਲੀ ਹੈ, ਹੋਰਨਾਂ ਨੂੰ ਤੂੰ ਵਾਂਝੇ ਹੋਏ ਸਮਝਦਾ ਹੈਂ? ਤਾਂ ਉੱਤਰ ਦੇਂਦੇ ਹਨ:] (ਕਿ ਮੈਂ ਤਾਂ) ਸਭ (ਜੀਵ ਰੂਪੀ) ਇਸਤ੍ਰੀਆਂ ਨੂੰ ਇਕੋ ਭਾਵਨਾ ਨਾਲ ਵੇਖਦਾ ਹਾਂ (ਕਿ ਸਭੇ ਉਸ ਕੰਤ ਰੂਪ ਪਰਮੇਸ਼ੁਰ ਦੀਆਂ ਹਨ ਤੇ ਮੈਨੂੰ) ਇਹ ਪਤਾ ਨਹੀਂ ਕਿ ਸ਼ਹੁ ਨੂੰ ਪਿਆਰੀ ਕੌਣ ਹੈ ॥ ੨ ॥ |
| ਕਹੁ ਕਬੀਰ ਜਾਕੈ ਮਸਤਕਿ ਭਾਗੁ॥ ਸਭ ਪਰਹਰਿ ਤਾਕਉ ਮਿਲੈ ਸੁਹਾਗੁ॥ ੩ ॥ ੨੧ ॥ | (ਸਿੱਟੇ ਦੀ ਗੱਲ) ਕਬੀਰ ਆਖਦਾ ਹੈ (ਕਿ) ਜਿਸਦੇ ਮੱਥੇ ਤੇ ਭਾਗ (ਲਿਖਿਆ) ਹੋਵੇਗਾ, ਸਾਰੀਆਂ ਨੂੰ ਛੱਡ ਕੇ (ਪਰਮੇਸਰ ਰੂਪ) ਸੁਹਾਗ ਉਸ ਨੂੰ ਮਿਲੇਗਾ ॥ ੩ ॥ ੨੧ ॥ |

**ਵਯਾਖਯਾ—** ਇਸ ਸ਼ਬਦ ਦੇ ਅਰਥ ਇਕ ਉਥਾਨਕਾ ਨਾਲ ਬੀ ਸੰਪ੍ਰਦਾ ਵਾਲੇ ਦਾਨੇ ਲਾਉਂਦੇ ਆਏ ਹਨ, ਜਿਸ ਕਰਕੇ ਇਸਦੇ ਅਰਥ-ਭਾਵ ਵਧੇਰੇ ਸੁਖੱਲੇ ਸਮਝੇ ਪੈ ਜਾਂਦੇ ਹਨ। ਉਹ ਇਹ ਹੈ ਕਿ ਸ੍ਰੀ ਕਬੀਰ ਜੀ ਨੂੰ ਜਦ ਪ੍ਰੇਮ ਡੂਘਾ ਹੋ ਗਿਆ ਤਾਂ ਬਿਰਹ ਪੀੜਾ ਵਿਚ ਪ੍ਰੇਮ ਅਥਰੂਆਂ ਦੇ ਵਗਦਿਆਂ ਐਉਂ ਪਏ ਲੁੱਛਦੇ ਸਨ ਕਿ ਜਿਵੇਂ ਕੋਈ ਸਖਤ ਦਰਦ ਹੋ ਰਹੀ ਹੈ। ਘਰ ਦੇ ਲੋਕਾਂ ਨੇ ਰੋਗੀ ਸਮਝਕੇ ਵੈਦ ਆਂਦਾ। ਵੈਦ ਨੇ ਨਾੜ ਵੇਖੀ, ਸਰੀਰ ਦੇ ਅੰਗ ਪੜਤਾਲੇ, ਆਖਿਆ:—(ਮੈਨੂੰ) ਕੋਈ ਥਾਂ ਨਹੀਂ ਸਹੀ ਹੁੰਦੀ (ਜੋ ਪੀੜਾ ਕਰਨ ਵਾਲੀ ਹੋਵੇ, ਮੈਂ) ਦਾਰੂ ਕਿੱਥੇ ਲਾਵਾਂ?

(ਘਰ ਦੇ ਬੋਲੇ: ਜ਼ਰਾ ਫੇਰ ਪ੍ਰੀਖਯਾ ਕਰੋ: ਤਾਂ ਵੈਦ ਬੋਲਿਆ:) ਖੋਜ ਕਰਦਿਆਂ ਸਰੀਰ ਵਿਚ (ਮੈਂ ਕੋਈ) ਥਾਂ (ਰੋਗ ਗ੍ਰਸਤ) ਨਹੀਂ ਲੱਭ ਸਕਿਆ॥ ੧ ॥

(ਕਬੀਰ ਜੀ ਬੋਲ ਪਏ: ਇਸ ਪੀੜਾ ਨੂੰ) ਉਹੀ ਸਮਝ ਸਕਦਾ ਹੈ ਜਿਸ ਨੂੰ (ਕਿ ਆਪ ਨੂੰ ਇਹ ਪੀੜਾ) ਲੱਗੀ ਹੋਵੇ, (ਇਹ ਪੀੜਾ ਸਰੀਰਕ ਨਹੀਂ, ਇਹ) ਰਾਮ ਭਗਤੀ ਦੀ ਪੀੜਾ ਹੈ, (ਜੋ) ਅਣੀਆਂ ਵਾਲੇ ਤੀਰਾਂ (ਵਾਙੂ ਚੁਭਦੀ) ਹੈ, (ਪਰ ਤਨ ਵਿਚ ਚੋਭ ਦਾ ਥਾਉਂ ਕੋਈ ਨਹੀਂ ਦੱਸਦੀ ਇਸ ਕਰਕੇ ਵੈਦ ਇਸ ਨੂੰ ਨਹੀਂ ਸਮਝ ਸਕਦਾ) ॥ ੧ ॥ ਰਹਾਉ ॥

(ਵੈਦ ਬੋਲਿਆ: ਤੂੰ ਅਨੋਖਾ ਬੰਦਾ ਹੈਂ ਜਿਸ ਨੂੰ ਰਾਮ ਭਗਤੀ ਦੀ ਦਾਤ ਮਿਲੀ ਹੈ, ਹੋਰ ਸਭ ਨੂੰ ਤੂੰ ਭਗਤੀ ਹੀਣੇ ਤੇ ਪਾਪਮਯ ਸਮਝਦਾ ਹੈਂ? ਕਬੀਰ ਜੀ ਬੋਲੇ: ਵੈਦਿਆ! ਮੈਂ ਤਾਂ) ਸਭ ਜੀਵਾਂ ਨੂੰ ਇਕ ਤੁਲਨਾ ਵਿਚ ਦੇਖਦਾ ਹਾਂ ਕਿ ਏਹ ਸਭੇ ਉਸ ਸ਼ਹੁ (=ਪਰਮੇਸ਼ਰ) ਦੀਆਂ ਇਸਤ੍ਰੀਆਂ ਹਨ (ਇਸ ਕਰਕੇ ਕਿਸੇ ਨੂੰ ਦ੍ਵੈਖ ਨਾਲ ਨਹੀਂ ਪਰ ਇਕ ਪਯਾਰ) ਭਾਵਨਾ ਨਾਲਦੇਖਦਾ ਹਾਂ (ਕਿਉਂਕਿ) ਮੈਂ ਨਹੀਂ ਜਾਣਦਾ ਕਿ ਸ਼ਹੁ ਨੂੰ ਖਬਰੇ ਕਿਹੜੀ ਪਯਾਰੀ ਹੈ। (ਸੈਨਤ ਇਹ ਸੱਟੀ ਹੈ ਕਿ ਤੂੰ ਬੀ ਇਸੀ ਤਰ੍ਹਾਂ ਦੇਖ ਤੇ ਮੈਨੂੰ ਖਰਮਸਤੀਆਂ ਵਿਚ ਨਾ ਦੱਸ, ਖਬਰੇ ਮੈਂ ਹੀ ਕੰਤ ਨੂੰ ਪਯਾਰੀ ਹੋਵਾਂ)।

[ਸਿੱਟਾ:] ਜਿਸ ਦੇ ਮੱਥੇ ਤੇ ਭਾਗ ਹੋਣਗੇ, (ਹੋਰਨਾਂ) ਸਾਰੀਆਂ ਨੂੰ ਛੱਡਕੇ ਸੁਹਾਗ (ਉਸੇ ਪਯਾਰੀ ਲੱਗਣ ਵਾਲੀ ਨੂੰ ਆ ਮਿਲੇਗਾ।

ਦੋ ਪ੍ਰਕਾਰ ਨਾਲ ਜੋ ਅਰਥ ਉੱਪਰ ਦਿੱਤੇ ਹਨ ਦੋਹਾਂ ਦਾ ਭਾਵ ਲਗ ਪਗ ਇਕੋ ਟਿਕਾਣੇ ਆ ਜਾਂਦਾ ਹੈ ਕਿ ਪਰਮੇਸਰ ਦੀ ਭਗਤੀ ਇਕ ਪ੍ਰੇਮ ਦੀ ਅਵਸਥਾ ਹੈ। ਪ੍ਰੇਮੀ ਨੂੰ ਪਯਾਰੇ ਦੇ ਮਿਲੇ ਬਿਨਾ ਬਿਰਹ ਪੀੜ ਹੁੰਦੀ ਹੈ, ਇਹ ਬਿਰਹ ਪੀੜਾ ਅਣਯਾਲੇ ਤੀਰਾਂ ਵਾਙੂ ਚੁਭਦੀ ਹੈ। ਇਸ ਪੀੜਾ ਦਾ ਅਸਰ ਤਾਂ ਭਾਵੇਂ ਸਰੀਰ ਤੇ ਹੁੰਦਾ ਹੈ ਪਰ ਇਸ ਪੀੜ ਦਾ ਟਿਕਾਣਾ ਸਰੀਰ ਵਿਚ ਨਹੀਂ ਲੱਭਿਆ ਕਰਦਾ। ਜੋ ਸਰੀਰ ਵਿਚ ਢੂੰਡ ਕਰਦਾ ਹੈ ਭੁੱਲ ਕਰਦਾ ਹੈ। ਨਾ ਹੀ ਇਸ ਦਾ ਦਾਰੂ ਵੈਦਾਂ ਪਾਸ ਹੁੰਦਾ ਹੈ। ਇਸ ਦਾ ਦਾਰੂ ਪ੍ਰੀਤਮ ਦਾ-ਮਿਲਾਪ ਹੈ। ਜੜੀ ਬੂਟੀ ਦਾਰੂ ਨਹੀਂ ਹੈ।

ਦੂਜੀ ਗੱਲ ਇਹ ਦੱਸੀ ਹੈ ਕਿ ਜਿਸ ਨੂੰ ਇਹ ਪ੍ਰੇਮਾ ਭਗਤੀ ਲਗ ਪਵੇ ਦੇ ਬਿਰਹ ਪੀੜਾ ਉਸ ਨੂੰ ਪੀੜਤ ਕਰੇ ਉਸ ਨੂੰ ਸ਼ੁਦਾਈ ਯਾ ਬਨਾਵਟਾਂ ਕਰਨ ਵਾਲਾ ਨਾ ਸਮਝੋ; ਅਪਣਾ ਰੁਖ਼ ਅਦਬ ਦਾ ਰੱਖੋ, ਖਬਰੇ ਉਹੀ, ਜਿਸ ਨੂੰ ਬਾਵਰਾ ਸਮਝ ਰਹੇ ਹੋ, ਐਸਾ ਸੁਭਾਗ ਜੀਵ ਹੋਵੇ ਜੋ ਪਰਮੇਸਰ ਨੂੰ ਪਯਾਰਾ ਹੋਵੇ। ਇਹ ਪ੍ਰੇਮਾ ਭਗਤੀ, ਤੇ ਬਿਰਹ ਪੀੜਾ ਉਸਦੇ ਪਯਾਰ ਦੇ ਲੱਛਣ ਹੋਣ, ਉਸੇ ਨੇ ਅੰਤ ਨੇਪਰੇ ਚੜ੍ਹਨਾ ਹੋਵੇ। ਪਤੀ ਪਰਮੇਸਰ ਨੇ ਉਸ ਨੂੰ ਹੀ ਮਿਲ ਪੈਣਾ ਹੋਵੇ, ਤੇ ਹੁਣ ਵਾਲੇ ਲੱਛਣ ਉਸੇ ਸੁਹਾਗ ਦੀਆਂ ਪਾਈਆਂ ਖਿੱਚਾਂ ਦੇ ਹੋਣ।

**ਨਿਰੁਕ੍ਤ**—ਕਤ—ਕਿਤੇ। ਕਿਧਰੇ ਬੀ। ਕਤ=ਕਿੱਥੇ। ਕਿਸ ਥਾਂ ਤੇ।

ਮੂਲੁ—[ਸੰਸ:, ਮੂਲੰ=ਜੜ੍ਹ] ਜੜੀ ਬੂਟੀ। ਭਾਵ ਹੈ 'ਦਵਾਈ' ਤੋਂ, ਜੋ ਅਕਸਰ ਜੜੀਆਂ ਬੂਟੀਆਂ ਥੋਂ ਬਣਦੀਆਂ ਹਨ।

ਠਉਰ—[ਹਿੰ:, ਠੌਰ। ਪ੍ਰਾ:, ਠਾਨ। ਸੰਸ:, ਸ੍ਥਾਨੰ] ਟਿਕਾਣਾ। ਭਾਵ ਹੈ ਸਰੀਰ ਵਿਚ ਰੋਗ ਵਾਲਾ ਥਾਂ। ਪੀਰ—ਪੀੜ।

ਅਨੀਆਲੇ—[ਸੰਸ:, ਅਣਿ:=ਸੂਈ ਦੀ ਨੋਕ, ਨੋਕ+ਹਿੰ:, ਆਰ। ਅਨਿਯਾਰਾ=ਨੋਕੀਲਾ, ਤਿੱਖਾ] ਅਣੀਆਂ ਵਾਲੇ, ਜਿਸਦੀ ਧਾਰਾ ਅਤਿ ਤ੍ਰਿਖੀ ਹੈ। (ਅ) ਕਈ ਦਾਨੇ ਇਸ ਤੋਂ ਉਹ ਤੀਰ ਮੁਰਾਦ ਲੈਂਦੇ ਹਨ, ਜੋ ਵਿਚ ਵਿਚ ਵੱਢੇ ਵਾਲੇ ਤੇ ਨੋਕ ਮੁੜੀ ਵਾਲੇ ਅਤਿ ਤ੍ਰਿਖੇ ਹੁੰਦੇ ਹਨ। ਚੁਭੇ ਹੋਏ ਦੁਸਾਰ ਪਾਰ ਨਹੀਂ ਨਿਕਲਦੇ ਅੰਦਰੇ ਫਸੇ ਪੀੜਤ ਕਰਦੇ ਹਨ।

ਏਕ ਭਾਇ—ਇਕ ਭਾਵਨਾ ਨਾਲ। ਇਕ ਤੁਲਨਾ ਤੇ। ਇਕੋ ਪਯਾਰ ਭਾਵਨਾ ਵਿਚ।

ਸਹ—ਪਤੀ। ਭਾਵ ਪਰਮੇਸੁਰ ਜੋ ਪਤੀ ਰੂਪ ਹੈ।

ਸਹ ਪਿਆਰੀ–ਕੰਤ ਪਿਆਰੀ। ਪਤੀ ਦੀ ਪਿਆਰੀ।
ਪਰਹਰਿ–[ਪ੍ਰਹਰਣੰ=ਹਟਾਉਣਾ] ਤਯਾਗ ਕੇ, ਛੱਡ ਕੇ।
ਸੁਹਾਗੁ–[ਵੇਖੋ ਪੰਨਾ ੧੬੧੭ ] ਪਤੀ। ਭਾਵ ਪਰਮੇਸੁਰ ਰੂਪੀ ਸੁਹਾਗ।

**ਸੂਚਨਾ**–ਇਸ ਸ਼ਬਦ ਵਿਚ ਲਾਵਉ, ਪਾਵਉ, ਦੇਖਉ, ਜਾਨਉ, ਸਾਰੀਆਂ ਕ੍ਰਿਯਾਂ ਉੱਤਮ ਪੁਰਖ ਦੀਆਂ ਹਨ, ਚਾਹੇ ਵੇਦ ਕਹਿ ਰਿਹਾ ਹੈ ਚਾਹੇ ਕਬੀਰ ਜੀ ਕਹਿ ਰਹੇ ਹਨ। ਕਿਸੇ ਦਾ ਅਰਥ ਉੱਤਮ ਪੁਰਖ ਵਿਚ, ਕਿਸੇ ਦਾ ਮੱਧਮ ਪੁਰਖ ਵਿਚ ਕਰਨਾ ਠੀਕ ਨਹੀਂ। 'ਸਭ ਪਰਹਰਿ' ਦਾ ਭਾਵ ਹੈ ਸਾਰੀਆਂ ਹੋਰ ਇਸਤ੍ਰੀਆਂ ਨੂੰ ਛੱਡਕੇ ਉਸ ਨੂੰ ਜੋ ਪਯਾਰੀ ਲਗ ਰਹੀ ਹੈ ਮਿਲੇਗਾ।

ਇਸ ਦਾ ਇਹ ਅਰਥ ਕਰਨਾ ਕਿ ਜੋ ਇਸਤ੍ਰੀ ਸਭ ਹੋਰ ਪਿਆਰ ਤੇ ਸੰਬੰਧ ਛੱਡਕੇ ਉਸੇ ਦੀ ਹੋ ਰਹੇ ਉਸ ਨੂੰ ਮਿਲੇਗਾ, ਪ੍ਰਸੰਗਕ ਨਹੀਂ ਭਾਸਦਾ। ਕਿਉਂਕਿ ਪ੍ਰਸੰਗ ਚਲ ਰਿਹਾ ਹੈ ਪਤੀ ਦੇ ਪਿਆਰ ਤੇ ਚੋਣ ਦਾ। ਇਸਤ੍ਰੀਆਂ ਦੇ ਗੁਣ ਪ੍ਰਬੀਨਤਾ ਦਾ ਪ੍ਰਸੰਗ ਨਹੀਂ ਚਲ ਰਿਹਾ। ਸਾਨੂੰ ਪਤਾ ਨਹੀਂ ਕਿ ਕਉਣ ਕੰਤ ਪਿਆਰੀ ਹੈ। ਜਦ ਅਸਾਂ ਕਹਿ ਦਿਤਾ ਕਿ ਪਰਮ ਤਿਆਗੀ ਵਾਲੀ ਨੂੰ ਮਿਲਦਾ ਹੈ ਤਾਂ ਪਤਾ ਲਗ ਗਿਆ ਕਿ ਫਲਾਣੀ ਕੰਤ-ਪਿਆਰੀ ਹੈ ਪਰ ਆਪ ਫੁਰਮਾ ਰਹੇ ਹਨ ਕਿ:–

"ਕਿਆ ਜਾਨਉ ਸਹ ਕਉਨ ਪਿਆਰੀ ॥"

## [ਗਉੜੀ ਕਬੀਰ ਜੀ, ਚਉਪਦਾ–੨੨]

**ਪ੍ਰਾਕ੍ਰਥਨ**–ਅਪਣੇ ਆਪ ਨੂੰ ਮੂਲੋਂ ਵਾਹਿਗੁਰੂ ਜੀ ਦੇ ਭਰੋਸੇ ਛੱਡਣਾ ਚਾਹੀਏ।

| ਮੂਲ | ਅਰਥ |
|---|---|
| ਗਉੜੀ ਕਬੀਰ ਜੀ ॥ ਜਾਕੈ ਹਰਿ ਸਾ ਠਾਕੁਰੁ ਭਾਈ ॥ ਮੁਕਤਿ ਅਨੰਤ ਪੁਕਾਰਣਿ ਜਾਈ ॥ ੧ ॥ | ਹੇ ਭਾਈ! ਜਿਸਦੇ (ਸਿਰ ਉਤੇ) 'ਹਰੀ' ਵਰਗਾ ਮਾਲਕ ਹੈ, ਉਸ ਨੂੰ ਬੇਅੰਤ ਮੁਕਤੀਆਂ (ਆਪ) ਵਾਜਾਂ ਮਾਰਨ ਜਾਂਦੀਆਂ ਹਨ ॥ ੧ ॥ |
| ਅਬ ਕਹੁ ਰਾਮ ਭਰੋਸਾ ਤੋਰਾ ॥ ਤਬ ਕਾਹੂ ਕਾ ਕਵਨੁ ਨਿਹੋਰਾ ॥ ੧ ॥ ਰਹਾਉ ॥ | ਹੇ ਰਾਮ! ਹੁਣ ਤੂੰ ਹੀ ਦੱਸ (ਜਦ ਮੈਨੂੰ ਇਕੋ) ਤੇਰਾ ਹੀ ਭਰੋਸਾ (ਹੋ ਗਿਆ) ਹੈ, ਤਾਂ (ਮੈਨੂੰ) ਕਿਸੇ (ਹੋਰ) ਦੀ ਮੁਥਾਜੀ ਕੇਹੀ ਰਹੀ ਹੈ? (ਭਾਵ, ਨਹੀਂ ਰਹੀ) ।੧ ॥ ਰਹਾਉ ॥ |
| ਤੀਨਿ ਲੋਕ ਜਾਕੈ ਹਹਿ ਭਾਰ ॥ ਸੋ ਕਾਹੇ ਨ ਕਰੈ ਪ੍ਰਤਿਪਾਰ ॥੨॥ | (ਫਿਰ ਦੇਖੋ) ਤਿੰਨਾ ਲੋਕਾਂ ਦਾ ਭਾਰ (=ਜ਼ਿੰਮਾ) ਜਿਸ ਉਤੇ ਹੈ, ਉਹ (ਮੇਰੀ) ਪਾਲਣਾ ਕਿਉਂ ਨਾ ਕਰੇਗਾ? ॥ ੨ ॥ |
| ਕਹੁ ਕਬੀਰ ਇਕ ਬੁਧਿ ਬੀਚਾਰੀ ॥ ਕਿਆ ਬਸੁ ਜਉ ਬਿਖੁ ਦੇ ਮਹਤਾਰੀ ॥ ੩ ॥ ੨੨ ॥ | ਕਹਿੰਦੇ ਹਨ ਕਬੀਰ ਜੀ ਕਿ ਮੈਂ ਇਕ ਅਕਲ ਦੀ ਵੀਚਾਰ (ਬੀ) ਕੀਤੀ ਹੈ, ਕਿ ਮਾਂ ਹੀ ਵਿਹੁ ਦੇਵੇ ਤਾਂ ਫੇਰ (ਬੱਚੇ ਦੇ) ਕੀਹ ਵੱਸ (ਰਹਿ ਜਾਂਦਾ) ਹੈ?॥ ੩ ॥ ੨੨ ॥ |

**ਵਯਾਖਯਾ**–ਕਈ ਦਾਨੇ ਇਸ ਸ਼ਬਦ ਬਾਬਤ ਬੀ ਇਕ ਉਥਾਨਕਾ ਦੱਸਕੇ ਸਾਰੇ ਦਾ ਭਾਵ ਸਰੀਰ ਦੀ ਪ੍ਰਤਿਪਾਲਾ ਦਾ ਲੈਂਦੇ ਹਨ ਕਿ ਕਿਸੇ ਨੇ ਕਬੀਰ ਜੀ ਨੂੰ ਕਦੇ ਉਲਾਂਭਾ ਦਿਤਾ ਸੀ ਕਿ ਤੁਸੀਂ ਸਰੀਰ ਪਾਲਣਾ ਤੇ ਪਰਿਵਾਰ ਪਾਲਣਾ ਦਾ ਫਿਕਰ ਨਹੀਂ ਕਰਦੇ, ਮਤਵਾਲੇ ਜਿਹੇ ਹੋਏ ਰਹਿੰਦੇ ਹੋ, ਗੁਜ਼ਾਰਾ ਕੀਕੂੰ ਟੁਰੇਗਾ? ਤਦ ਆਪ ਨੇ ਜੋ ਜਵਾਬ ਦਿਤਾ ਸੋ ਇਸ ਸ਼ਬਦ ਵਿਚ ਹੈ। ਕਿ ਮੈਂ ਪਰਮੇਸ਼ੁਰ

ਦੇ ਆਸਰੇ ਭਰੋਸੇ ਤੇ ਰਹਿੰਦਾ ਹਾਂ। ਉਹ ਜੋ ਤ੍ਰੈਲੋਕੀ ਦੀ ਪਾਲਣਾ ਦਾ ਭਾਰ ਚੱਕੀ ਖੜਾ ਹੈ, ਉਹ ਮੇਰੀ ਪ੍ਰਿਤਪਾਲਾ ਕਿਉਂ ਨਾ ਕਰੇਗਾ ? ਮੇਰਾ ਉਸ ਨਾਲ 'ਬਾਲਕ ਦਾ ਮਾਂ ਨਾਲ ਪਿਆਰ' ਵਰਗਾ ਪਿਆਰ ਹੈ, ਸੋ ਸਦਾ ਪਾਲੇਗਾ। ਮਾਂ ਕਦੇ ਬੱਚੇ ਨੂੰ ਵਿਹੁ ਨਹੀਂ ਦੇ ਸਕਦੀ।

ਪਰੰਤੂ ਪਹਿਲੀਆਂ ਤੁਕਾਂ ਦੱਸਦੀਆਂ ਹਨ ਕਿ ਕਿਸੇ ਨੇ ਕਬੀਰ ਜੀ ਦਾ ਭਗਤੀ ਨਿਸ਼ਚਾ ਦੇਖਕੇ ਉਲਾਂਭਾ ਦਿਤਾ ਹੈ ਕਿ ਭਗਤੀ ਭਲੀ ਸ਼ੈ ਹੈ ਪਰ 'ਰੀਤੇ ਗਜਾਨਾਨ ਮੁਕਤੀ' ਮੁਕਤੀ ਗਿਆਨ ਬਿਨਾ ਨਹੀਂ ਮਿਲ ਸਕਦੀ। ਕਬੀਰ ਜੀ ਨੇ ਫੁਰਮਾਇਆ ਕਿ ਪਰਮਾਤਮ ਦੇਵ ਸਰਬ ਸਮਰਥ ਭਗਤਾਂ ਦਾ ਸੁਆਮੀ ਹੈ, ਸੋ ਭਗਤਾਂ ਨੂੰ ਮੁਕਤੀ ਦਾ ਫਿਕਰ ਕਿਉਂ ਹੋਵੇ, ਮੁਕਤੀਆਂ ਤਾਂ ਭਗਤ ਦੇ ਪਿਛੇ ਪਈਆਂ ਫਿਰਨਗੀਆਂ ਕਿਉਂਕਿ ਭਗਤ ਹੋਏ ਜੋ ਸਰਬ ਸਮਰਥ ਦੇ ਬਾਲਕ ਵਾਡੂ ਪਿਆਰਾ ਸੋ ਜਦ ਅਸਾਂ ਬਾਲਾਂ ਨੇ ਉਸ ਦਾ ਭਰੋਸਾ ਧਾਰ ਲਿਆ ਹੈ ਤਾਂ ਸਾਨੂੰ ਕਿਸੇ ਦੀ ਕੀਹ ਮੁਛੰਦਗੀ, ਸਾਨੂੰ ਉਸ ਦਾ 'ਪ੍ਰੇਮ' ਮੁਕਤੀ ਆਦਿ ਸਭ ਤੋਂ ਵਧੀਕ ਕੀਮਤੀ ਜਚਦਾ ਹੈ। ਦਾਨੇ ਲੋਕ ਮੁਕਤੀਆਂ ਚਾਰ ਦੱਸਦੇ ਹਨ, ਕਬੀਰ ਜੀ ਆਖਦੇ ਹਨ ਕਿ ਚਾਰ ਕਿਸਮ ਦੀਆਂ ਕੀਹ ਅਨੰਤ ਕਿਸਮ ਦੀਆਂ ਮੁਕਤੀਆਂ ਉਸ ਦੇ ਵੱਸ ਹਨ, ਅਸਾਂ ਉਸ ਨੂੰ ਇੱਛਣਾ ਲੋਚਣਾ ਹੈ, ਉਸ ਦੀਆਂ ਦਾਤਾਂ ਨੂੰ ਚਾਹੇ ਮੁਕਤੀਆਂ ਹਨ, ਨਹੀਂ ਲੋਚਣਾ। ਜਦ ਅਸੀਂ ਦਾਤ ਦੇ ਪ੍ਰੇਮ ਵਿਚ ਹਾਂ ਤਾਂ ਮੁਕਤੀ ਸਮੇਤ ਸਭੇ ਦਾਤਾਂ ਸਾਡੇ ਪਿਛੇ ਪਈਆਂ ਫਿਰਨਗੀਆਂ।

ਅੰਕ ੨ ਵਿਚ ਜਾਪਦਾ ਹੈ ਕਿ 'ਪ੍ਰਿਤਪਾਲਾ' ਦਾ ਦੂਸਰਾ ਵਿਸ਼ਾ ਚਲਿਆ ਹੈ। ਇਸ ਅੰਕ ਵਿਚ 'ਤੇਰਾ ਨਿਰਬਾਹ ਕੀਕੂੰ ਹੋਵੇਗਾ', ਇਸ ਪ੍ਰਕਾਰ ਦੇ ਪ੍ਰਸ਼ਨ ਦਾ ਉੱਤਰ ਹੈ, ਕਿ ਜੋ ਤਿੰਨ ਲੋਕ ਦੀ ਪਾਲਨਾ ਦਾ ਭਾਰ ਚਾਈ ਬੈਠਾ ਹੈ ਉਹ ਭਗਤਾਂ ਦੀ ਪ੍ਰਿਤਪਾਲਾ ਕਿਉਂ ਨਾ ਕਰੇਗਾ।

ਅੰਕ ੩ ਵਿਚ ਇਕ ਦ੍ਰਿਸ਼ਟਾਂਤ ਦੇਕੇ ਅਪਣੇ ਕਹੇ ਦੀ ਪ੍ਰੋਢਤਾ ਕਰਦੇ ਹਨ ਕਿ ਭਗਤ ਉਸ ਪ੍ਰਭੂ ਦੇ ਬਾਲਕ ਹਨ,ਉਹ ਮਾਂ ਹੈ। ਮਾਂ ਹੀ ਜ਼ਹਿਰ ਦੇਵੇ ਤਾਂ ਕੀਹ ਵੱਸ ਚਲਦਾ ਹੈ। ਭਾਵ ਜੇ ਵਾਹਿਗੁਰੂ, ਜੋ ਮਾਂ ਹੈ, ਹੀ ਮਾਰਨਾ ਚਾਹੇ ਤਾਂ ਸਾਨੂੰ ਰੱਖਣ ਤੇ ਪਾਲਣ ਵਾਲਾ ਹੋਰ ਕੋਈ ਹੈ ਹੀ ਨਹੀਂ। ਇਹ ਕਹਿਣ ਦਾ ਭਾਵ ਇਹ ਹੈ ਕਿ ਮਾਂ ਕਦੇ ਆਪਣੇ ਜਾਏ ਨੂੰ ਜ਼ਹਿਰ ਨਹੀਂ ਦੇ ਸਕਦੀ, ਸੋ ਜੋ ਨਿਰਾਸ-ਤਾਈਆਂ ਤੁਸੀਂ ਦੱਸ ਰਹੇ ਹੋ ਸਾਨੂੰ ਨਹੀਂ ਵਾਪਰ ਸਕਦੀਆਂ, ਕਿਉਂਕਿ ਅਸੀਂ ਰਾਮ ਆਸ਼੍ਰਿਤ ਹਾਂ, ਰਾਮ ਸਾਡੀ ਮਾਂ ਹੈ, ਮਾਂ ਸਦਾ ਬੱਚੇ ਨੂੰ ਪਾਲੇਗੀ, ਕਦੇ ਮਾਰਨ ਦਾ ਉਪਰਾਲਾ ਨਹੀਂ ਕਰੇਗੀ। ਸਾਰੇ ਸ਼ਬਦ ਦੀ ਬਣਤਰ ਇਹ ਦੱਸ ਰਹੀ ਹੈ ਕਿ ਰਾਮ ਮਾਂ ਹੈ ਤੇ ਮਾਂ ਸਦਾ ਪਾਲਦੀ ਹੈ। ਭਗਤਾਂ ਦੇ ਭਰੋਸੇ ਦੀ ਸਫਲਤਾ ਮਾਂ ਦੇ ਜ਼ਹਿਰ ਨਾ ਦੇ ਸਕਣ ਵਾਲੇ ਸੁਭਾਵ ਵਿਚ ਦੱਸ ਰਹੇ ਹਨ।

ਇਕ ਵੀਚਾਰ ਹੋਰ ਹੈ ਕਿ ਰਹਾਉ ਦੀਆਂ ਤੁਕਾਂ ਵਿਚ ਸਨਮੁਖ ਅਰਦਾਸ ਹੈ ਤੇ ਬਾਕੀ ਸਤਰਾਂ ਕਿਸੇ ਨੂੰ ਸੰਬੋਧਨ ਕਰ ਰਹੇ ਹਨ 'ਭਾਈ' ਕਹਿਕੇ। ਭਗਤ ਜਨ ਕਈ ਵੇਰ ਗੱਲ ਕਰਦੇ ਕਰਦੇ ਆਪਣੀ ਅੰਦਰਲੀ ਸਾਈਂ ਸਮੀਪਤਾ ਦੇ ਕਾਰਣ ਸਨਮੁਖ ਅਰਦਾਸ ਦੇ ਵਾਕ ਕਹਿ ਜਾਂਦੇ ਹਨ, ਪ੍ਰਤੀਤੀ ਵਿਚ ਜੋ ਹੋਏ ਉਸ ਦੀ ਸਦਾ ਹਜ਼ੂਰੀ ਦੇ।

**ਨਿਰੁਕ੍ਤ**–ਮੁਕਤਿ ਅਨੰਤ–[ਸੰਸ:, ਮੁਕ੍ਤਿ+ਅਨੰਤ (=ਅਮੁਕ)] ਬੇਅੰਤ ਮੁਕਤੀਆਂ, ਅਨੇਕਾਂ ਮੁਕਤੀਆਂ। ਵੈਸ਼ਨਵਾਂ ਨੇ ਮੁਕਤੀਆਂ ਮੰਨੀਆਂ ਹਨ:–ਸਾਮੀਪਯ, ਸਾਰੂਪਯ, ਸਾਯੁਜਯ ਤੇ ਸਾਲੋਕਯ, ਪਰ ਕਬੀਰ ਜੀ ਅਨੇਕਾਂ ਕਹਿਕੇ ਇਨ੍ਹਾਂ ਤੋਂ ਬਾਹਰਲੀਆਂ ਨੂੰ ਬੀ ਲੈਂਦੇ ਹਨ ਤੇ ਵਿਸ਼ੇਸ਼ੋਕਤੀ ਨਾਲ 'ਪ੍ਰੇਮਾ ਭਗਤੀ' ਦੀ ਵਿਸ਼ਾਲਤਾ ਦਰਸਾਉਂਦੇ ਹਨ।

ਨਿਹੋਰਾ–[ਹਿੰ:, ਨਿਹੋਰਨਾ, ਇਹਸਾਨਮੰਦ ਹੋਣਾ, ਕ੍ਰਿਤਗਯ ਹੋਣਾ] ਮੁਥਾਜੀ, ਮੁਛੰਦਗੀ।

ਭਾਰ–ਬੋਝ। ਮੁਰਾਦ ਹੈ ਆਸਰਾ, ਜ਼ਿੰਮੇਵਾਰੀ। ਜ਼ਿੰਮਾ।

ਪ੍ਰਤਪਾਰ–[ਸੰਸ:, ਪ੍ਰਤਿਪਾਲਨੰ=ਰੱਖਯਾ, ਰਖਵਾਲੀ] ਪ੍ਰਿਤਪਾਲਾ। ਪਾਲਨਾ।

ਬਿਖ-[ਸੰਸ:, ਵਿਸ਼=ਜ਼ਹਿਰ] ਵਿਹੁ, ਜ਼ਹਿਰ। 'ਬਿਖੁ ਦੇ ਮਹਤਾਰੀ' ਦਾ ਐਉਂ ਬੀ ਅੰਨਵਯ ਕਰਨ ਦਾ ਜਤਨ ਹੁੰਦਾ ਹੈ: ਜਉ ਮਹਿਤਾਰੀ (ਰਖਯਾ ਕਰਨ ਵਾਲੀ ਹੈ ਤਾਂ ਕਿਸੇ ਦਾ) ਕਿਆ ਬਸ ਜਉ ਬਿਖ ਦੇ। ਇਸ ਵਿਚ ਬਹੁਤ ਸਾਰਾ ਅਧਯਾਹਾਰ ਕਰਨਾ ਪੈਂਦਾ ਹੈ।

ਮਹਤਾਰੀ-[ਸੰਸ:, ਮਾਤਾ] ਮਾਂ।

## [ਗਉੜੀ ਕਬੀਰ ਜੀ, ਚਉਪਦਾ-੨੩]

**ਪ੍ਰਾਕਥਨ**-ਪਰਮੇਸ਼ੁਰ ਦਾ ਪ੍ਰੇਮੀ ਉਹੋ ਹੋ ਸਕਦਾ ਹੈ, ਜਿਸ ਦੇ ਅੰਦਰ ਉਸ ਨਾਲ ਪ੍ਰੀਤ ਹੈ ਤੇ ਮਾਯਾ ਨੂੰ ਓਪਰੀ ਜਾਣਦਾ ਹੈ।

| ਮੂਲ | ਅਰਥ |
|---|---|
| ਗਉੜੀ ਕਬੀਰ ਜੀ ॥ ਬਿਨੁ ਸਤ ਸਤੀ ਹੋਇ ਕੈਸੇ ਨਾਰਿ ॥ ਪੰਡਿਤ ਦੇਖਹੁ ਰਿਦੈ ਬੀਚਾਰਿ ॥ ੧ ॥ | ਹੇ ਪੰਡਿਤ! (ਅਪਣੇ) ਹਿਰਦੇ ਵਿਚ ਵੀਚਾਰ ਕੇ ਦੇਖ ਕਿ ਸਤ(=ਸ਼ੀਲ ਧਰਮ ਅੰਦਰ ਧਾਰੇ) ਬਿਨਾ (ਕੋਈ) ਇਸਤ੍ਰੀ 'ਸਤੀ' (=ਪਤਿਬ੍ਰਤਾ) ਕੀਕੂੰ ਹੋ ਸਕਦੀ ਹੈ? ॥ ੧ ॥ |
| ਪ੍ਰੀਤਿ ਬਿਨਾ ਕੈਸੇ ਬਧੈ ਸਨੇਹੁ ॥ ਜਬ ਲਗ ਰਸੁ ਤਬ ਲਗ ਨਹੀ ਨੇਹੁ ॥ ੧ ॥ ਰਹਾਉ ॥ | (ਇਸੀ ਤਰ੍ਹਾਂ ਜੀਵ ਦੇ ਅੰਦਰ ਪਰਮੇਸ਼ੁਰ ਦੀ) ਪ੍ਰੀਤ (ਦੀ ਜੜ੍ਹ ਜੇ) ਨਾ ਹੋਵੇ ਤਾਂ ਉਹ ਵਧਕੇ ਪ੍ਰੇਮ ਕਿਕੂੰ ਬਣ ਸਕਦੀ ਹੈ। (ਪੱਕ ਜਾਣ ਕਿ) ਜਦ ਤਕ (ਕਿਸੇ ਨੂੰ ਮਾਯਕ ਰਸਾਂ ਵਿਚ) ਰਸ ਆ ਰਿਹਾ ਹੈ ਤਦ ਤੱਕ (ਪਰਮੇਸ਼ੁਰ ਜੀ ਨਾਲ ਉਸਦਾ) ਪਯਾਰ ਨਹੀਂ ਪੈ ਸਕਦਾ ॥ ੨ ॥ ਰਹਾਉ ॥ |
| ਸਾਹਨਿ ਸਤੁ ਕਰੈ ਜੀਅ ਅਪਨੈ ॥ ਸੋ ਰਮਯੇ ਕਉ ਮਿਲੈ ਨ ਸੁਪਨੈ॥੨॥ | (ਹੇ ਪੰਡਿਤ! ਜੋ ਪੁਰਖ) ਅਪਣੇ ਮਨ ਵਿਚ (ਸਾਹਨਿ=) ਮਾਯਾ ਨੂੰ ਸੱਤਿ ਕਰਕੇ ਜਾਣ ਰਿਹਾ ਹੈ, ਉਹ ਪਰਮੇਸ਼ੁਰ ਜੀ ਨੂੰ ਸੁਪਨੇ ਵਿਚ ਬੀ ਨਹੀਂ ਮਿਲ ਸਕਦਾ ॥ ੨ ॥ |
| ਤਨੁ ਮਨੁ ਧਨੁ ਗ੍ਰਿਹੁ ਸਉਪਿ ਸਰੀਰੁ ॥ ਸੋਈ ਸੁਹਾਗਨਿ ਕਹੈ ਕਬੀਰੁ ॥ ੩ ॥ ੨੩ ॥ | (ਜਿਵੇਂ ਜਿਸ ਇਸਤ੍ਰੀ ਨੇ) ਤਨ, ਮਨ, ਧਨ, ਸਰੀਰ ਤੇ ਘਰ ਬਾਰ (ਭਾਵ ਸਭ ਕੁਛ ਪਤੀ ਨੂੰ) ਅਰਪ ਦਿੱਤਾ ਹੁੰਦਾ ਹੈ ਉਹੀ ਸੁਹਾਗਨ ਹੁੰਦੀ ਹੈ; (ਤਿਵੇਂ) ਕਬੀਰ ਜੀ ਆਖਦੇ ਹਨ (ਕਿ ਜਿਸ ਜੀਵ ਨੇ ਤਨ ਮਨ ਧਨ ਤੇ ਅਪਣਾ ਸਭ ਕੁਛ ਵਾਹਿਗੁਰੂ ਜੀ ਨੂੰ ਅਰਪ ਦਿੱਤਾ ਹੁੰਦਾ ਹੈ, ਉਹੀ ਵਾਹਿਗੁਰੂ ਦੇ ਦਰ ਪਰਵਾਣ ਹੁੰਦਾ ਹੈ) ॥ ੩ ॥ ੨੩ ॥ |

**ਵਯਾਖਯਾ**-ਸ਼ੀਲ ਧਰਮ ਧਾਰੇ ਬਿਨਾ ਕੋਈ ਇਸਤ੍ਰੀ ਸਤਵੰਤੀ ਯਾ ਪਤਿਬ੍ਰਤਾ ਨਹੀਂ ਬਣ ਸਕਦੀ। ਇਹ ਪਤਿਬ੍ਰਤਾ ਦਾ ਦ੍ਰਿਸ਼ਟਾਂਤ ਆਪ ਜੀ ਨੇ ਪੁੱਗੇ ਹੋਏ ਪ੍ਰੇਮੀ ਤੇ ਘਟਾਇਆ ਹੈ ਤੇ ਸਪਸ਼ਟ ਅੱਖਰਾਂ ਵਿਚ ਦੱਸਿਆ ਹੈ ਕਿ ਜੋ ਮਾਇਆ ਨੂੰ ਸੱਤਯ ਵਸਤੂ ਸਮਝ ਰਿਹਾ ਹੈ ਉਹ ਪਰਮੇਸ਼ੁਰ ਜੀ ਨੂੰ ਸੁਪਨੇ ਵਿਚ ਬੀ ਨਹੀਂ ਮਿਲ ਸਕਦਾ। ਕਿਉਂਕਿ ਜਿਸ ਵਸਤੂ ਨੂੰ ਉਸਨੇ ਸੱਚੀ ਜਾਤਾ ਹੈ, ਉਹ ਰਸ ਉਸ ਵਿਚ ਪ੍ਰਤੀਤ ਕਰਦਾ ਹੈ। ਜਿਸ ਵਿਚ ਰਸ ਮਾਣਦਾ ਹੈ, ਪਿਆਰ ਉਸੇ ਨਾਲ ਹੁੰਦਾ ਹੈ, ਜਦ ਪਿਆਰ ਮਾਇਆ ਨਾਲ ਹੈ ਤਾਂ ਪਰਮੇਸ਼ੁਰ ਜੀ ਨਾਲ ਨਹੀਂ। ਜਿਸ ਨਾਲ ਪਿਆਰ ਹੀ ਨਹੀਂ ਉਸ ਨੂੰ ਮਿਲ ਹੀ ਨਹੀਂ ਸਕਦਾ। ਜਿਸ ਨੂੰ ਪਰਮੇਸ਼ੁਰ ਜੀ ਨਾਲ ਪਿਆਰ ਪਵੇਗਾ ਉਹ ਪਰਮੇਸ਼ੁਰ ਜੀ ਨੂੰ ਅਪਣਾ ਸਭ ਕੁਛ ਸਮਝੇਗਾ, ਤੇ ਮਾਇਕ ਸਾਮਾਨ, ਜੈਸਾ ਕਿ ਤਨ ਮਨ ਧਨ, ਘਰ ਬਾਰ ਅਪਣਾ ਨਹੀਂ ਸਮਝੇਗਾ,

ਉਹ ਸਭ ਕੁਛ ਪ੍ਰਭੂ ਦਾ ਸਮਝੇਗਾ। ਐਉਂ ਜੋ ਪੁਰਖ ਮੈਂ ਮੇਰੀ ਤੋਂ ਸੁੱਛ ਹੋ ਜਾਏਗਾ ਉਹ ਸੁਹਾਗਣ ਵਾਂਙੂ ਵਾਹਿਗੁਰੂ ਨੂੰ ਪਿਆਰ ਕਰਨ ਵਾਲਾ ਤੇ ਪਿਆਰ ਕੀਤੇ ਜਾਣ ਵਾਲਾ ਗੁਰਮੁਖ ਬਣ ਜਾਏਗਾ।

ਕਈ ਵਿਚਾਰ ਸ਼ੀਲ ਇਸ ਸ਼ਬਦ ਦੀਆਂ ਉਥਾਨਕਾ ਦੱਸਦੇ ਹਨ ਕਿ ਇਕ ਵਿਦਵਾਨ ਪਰ ਮਾਇਆ ਪ੍ਰੇਮ ਵਿਚ ਲੱਗਾ ਪੰਡਿਤ ਕਬੀਰ ਜੀ ਨੂੰ ਆ ਮਿਲਿਆ ਤਾਂ ਉਸ ਪ੍ਰਤੀ ਉਪਦੇਸ਼ ਹੋਇਆ।

ਦੂਸਰਾ ਐਉਂ ਦੱਸਦੇ ਹਨ ਕਿ ਇਕ ਪੰਡਿਤ ਨੇ ਆਕੇ ਦੱਸਿਆ ਕਿ ਇਕ ਇਸਤ੍ਰੀ ਸਤੀ ਹੋਣ ਨੂੰ ਤਿਆਰ ਹੈ, ਤਾਂ ਕਬੀਰ ਜੀ ਨੇ ਏਹ ਵਾਕ ਉਚਾਰੇ। ਕਬੀਰ ਜੀ ਨੂੰ ਪਤਾ ਸੀ ਕਿ ਉਹ ਇਸਤ੍ਰੀ ਪਖੰਡ ਕਰ ਰਹੀ ਹੈ, ਉਹ ਪਤਿਬ੍ਰਤਾ ਨਹੀਂ ਹੈ, ਇਸ ਕਰਕੇ ਉਹਨਾਂ ਨੇ ਕਿਹਾ ਕਿ ਓਹ ਪਖੰਡ ਕਰ ਰਹੀ ਹੈ ਸਤੀ ਨਹੀਂ ਹੋਏਗੀ। ਸਤਵੰਤੀ ਤੇ ਸੁਹਾਗਣ ਦਾ ਆਦਰਸ਼ ਸ਼ਬਦ ਵਿਚ ਸਪਸ਼ਟ ਹੈ।

ਅੰਕ ੨ ਵਿਚ ਪਤਾ ਲਗ ਜਾਂਦਾ ਹੈ ਕਿ ਇਨ੍ਹਾਂ ਦ੍ਰਿਸ਼ਟਾਂਤਾਂ ਨੂੰ ਲੈਕੇ ਵਾਹਿਗੁਰੂ ਜੀ ਨਾਲ ਸੱਚੇ ਦਿਲੋਂ ਪ੍ਰੇਮ ਕਰਨ ਵਾਲੇ ਭਗਤ ਦੇ ਆਦਰਸ਼ ਵਿਚ ਵਰਣਨ ਕੀਤਾ ਹੈ।

**ਵਿਸ਼ੇਸ਼—** ਜਗਜਾਸੂ ਜੋ 'ਸਤਜ' ਦੀ ਨੀਯਤ ਧਾਰਕੇ ਪ੍ਰਭੂ ਪਰਾਯਣ ਹੋ ਰਿਹਾ ਹੈ, ਮਾਯਕ ਰਸਾਂ ਤੋਂ ਉੱਚਾ ਉਠ ਰਿਹਾ ਹੈ, ਓਸ ਦੇ ਮਨ ਵਿਚ ਜੋ ਕਦੇ ਖਿੱਚਾਂ ਧਆਂ ਪਿਛਲੇ ਸੰਸਕਾਰਾਂ ਯਾ ਹੁਣ ਦੇ ਕੁਸੰਗ ਤੋਂ ਵਾਪਰਦੀਆਂ ਹਨ ਇਸ ਸ਼ਬਦ ਦਾ ਉਹ ਪੁਰਸ਼ ਨਿਸ਼ਾਨਾ ਨਹੀਂ। ਇਹ ਵਿਸ਼ੇਸ਼ ਕਰਕੇ ਪਖੰਡੀ ਪਰਥਾਇ ਹੈ। ਜਗਜਾਸੂ ਅਣਤਾਰੂ ਨਹੀਂ ਉਹ ਤਾਂ ਤਰਨਾ ਸਿਖ ਰਿਹਾ ਤੇ ਤਰਦਾ ਜਾ ਰਿਹਾ ਹੈ। ਜਗਜਾਸੂ ਨਿਰਾਸ ਨਾ ਹੋਵੇ ਪਰ ਮਾਯਕ ਖਿਚਾਂ ਨੂੰ ਹੋਰ ਪ੍ਰਯਤਨ ਨਾਲ ਜਿੱਤੇ, ਇਹ ਕਬੀਰ ਜੀ ਦਾ ਆਸ਼ਾ ਹੈ।

**ਨਿਰੁਕ੍ਤ—** ਸਤ -ਸਤ ਧਰਮ, ਸ਼ੀਲ ਧਰਮ, ਪਤਿਬ੍ਰਤ ਧਰਮ।

ਸਤੀ—ਸਤਵੰਤੀ। ਸ਼ੀਲ ਧਰਮ ਵਾਲੀ। (ਅ) ਸਤੀ ਪਦ ਤੋਂ ਅਰਥ ਪਤੀ ਲੋਥ ਨਾਲ ਜਲ ਮਰਨੇ ਵਾਲੀ ਇਸਤ੍ਰੀ ਦਾ ਲੈਕੇ ਐਉਂ ਬੀ ਕਰਦੇ ਹਨ ਕਿ ਜੇ ਕੋਈ ਇਸਤ੍ਰੀ ਸ਼ੀਲ ਧਰਮ ਵਾਲੀ ਨਾ ਹੋਵੇ ਤੇ ਪਤੀ ਨਾਲ ਸੜ ਮਰੇ ਉਹ ਸਚ ਮੁਚ ਦੀ ਸਤੀ ਨਹੀਂ ਕਹੀ ਜਾ ਸਕਦੀ।

ਸਨੇਹੁ—[ਸੰਸ:, ਸ੍ਨੇਹ:] ਪ੍ਰੇਮ, ਪਿਆਰ। ਪ੍ਰੀਤ ਬਿਨਾ ਕਹਿਨ ਤੋਂ ਮੁਰਾਦ 'ਸਥਾਈ' ਭਾਵ ਦੀ ਜਾਪਦੀ ਹੈ, ਕਿ ਜਦ ਤਕ ਅੰਦਰ 'ਪ੍ਰੀਤ' ਰੂਪੀ ਸਥਾਈ ਭਾਵ ਨਹੀਂ, ਤਦ ਤਕ ਓਹ ਵਧਕੇ 'ਪ੍ਰੇਮ ਰਸ' ਨਹੀਂ ਬਣ ਸਕਦਾ। ਮੂਲ ਹੋਵੇ ਤਾਂ ਫਲ ਲਗਦਾ ਹੈ। ਕਾਵ੍ਯ ਵਿਚ ਬੀ ਸ਼ਿੰਗਾਰ ਰਸ ਦਾ 'ਸਥਾਈ ਭਾਵ' 'ਪ੍ਰੀਤ' ਵਰਣਨ ਹੋਇਆ ਹੈ। ਸ਼ਾਂਤਿ ਰਸ ਦਾ ਸਥਾਈ ਭਾਵ ਨਿਰਵੇਦ (=ਵੈਰਾਗ) ਹੈ।

ਰਸੁ—[ਸੰਸ:, ਰਸ:] ਸੁਆਦ। ਏਥੇ 'ਰਸ' ਪਦ ਦਾ ਅਰਥ ਪ੍ਰੇਮ ਰਸ ਯਾ ਆਤਮ ਰਸ ਨਹੀਂ, ਏਥੇ ਮੁਰਾਦ ਮਾਯਕ ਰਸਾਂ ਤੋਂ ਹੈ; ਕਿਉਂਕਿ ਅਗਲੇ ਅੰਕ ਵਿਚ ਸਪਸ਼ਟ ਹੋ ਜਾਂਦਾ ਹੈ ਕਿ ਮਾਇਆ ਨੂੰ ਪਰਮੇਸ਼ੁਰ ਪ੍ਰਾਪਤੀ ਦੀ ਬਾਧਕ ਦੱਸ ਰਹੇ ਹਨ ਤੇ ਏਥੇ ਬੀ ਮੋਹ ਦੇ ਬਾਧਕ ਦਾ ਜ਼ਿਕਰ ਹੈ ਸੋ ਉਸੀ ਮਾਇਆ ਦੇ ਰਸ ਵੱਲ ਇਸ਼ਾਰਾ ਹੈ।

ਸਾਹਨਿ—[ਫਾ:, ਸ਼ਾਹ। ਹਿੰਦੀ, ਸਤ੍ਰੀ ਲਿੰਗ: ਸ਼ਾਹਨਿ] ਸ਼ਾਹਣੀ, ਪਾਤਸ਼ਾਹ ਦੀ ਵਹੁਟੀ। ਮਾਯਾ ਭਗਵੰਤ ਦੀ ਇਸਤ੍ਰੀ ਕਹੀ ਜਾਂਦੀ ਹੈ। (ਸੋ ਭਗਵੰਤ=) ਸ਼ਾਹ ਤੇ ਸ਼ਾਹਣੀ (=ਮਾਇਆ)।

ਤਨੁ—[ਸੰਸ:, ਤਨੁਸ੍। ਫਾ:, ਤਨ] ਦੇਹ।　　ਗ੍ਰਿਹੁ—ਘਰ। ਮੁਰਾਦ ਹੈ ਜੋ ਕੁਛ ਜੀਵ ਨੇ ਪਦਾਰਥਾਂ ਤੇ ਪਿਆਰਿਆਂ ਨੂੰ ਅਪਨਾਕੇ ਅਪਣਾ ਜਾਣ ਰਖਿਆ ਹੈ।

ਸਰੀਰੁ-[ਸੰਸ:, ਸ਼ਰੀਰੰ] ਦੇਹ। ਸਰੀਰ ਦਾ ਭਾਵ ਏਥੇ ਹੈ ਹੋਰ ਜੋ ਕੁਛ ਸਰੀਰ ਦੇ ਸੰਬੰਧ ਕਰਕੇ ਹੈ। (ਅ) ਐਉਂ ਬੀ ਭਾਵ ਲੈਂਦੇ ਹਨ, ਸਰੀਰ ਤ੍ਰੈ ਹਨ:—੧. ਸਥੂਲ ਸ਼ਰੀਰ। ੨. ਸੂਖਮ ਸ਼ਰੀਰ।

੩. ਕਾਰਣ ਸ਼ਰੀਰ। ਤਨ ਪਹਿਲੇ ਕਹਿ ਆਏ ਹਨ ਜੋ ਸਥੂਲ ਸ਼ਰੀਰ ਹੈ, ਸ਼ਰੀਰ ਕਹਿਣ ਤੋਂ ਲਿੰਗ ਸ਼ਰੀਰ ਮੁਰਾਦ ਹੈ, ਜਿਸ ਵਿਚ ਕਾਰਣ ਸ਼ਰੀਰ ਸ਼ਾਮਲ ਹੈ।

ਸੁਹਾਗਨਿ–(ਦੇਖੋ ਪੰਨਾ ੧੬੧੭) ਸੁਹਾਗ ਵਾਲੀ। ਭਾਵ ਹੈ ਜੋ ਪਤੀ ਨੂੰ ਪਤਿਬ੍ਰਤ ਭਾਵ ਨਾਲ ਪਯਾਰਦੀ ਹੈ ਤੇ ਪਤੀ ਉਸ ਨੂੰ ਪਯਾਰਦਾ ਹੈ। 'ਅਨਿੰਨ ਭਗਤ' ਤੋਂ ਮੁਰਾਦ ਹੈ। ਗੁਰ ਸਿਖੀ ਵਿਚ ਉਸ ਨੂੰ 'ਗੁਰਮੁਖ' ਆਖਿਆ ਹੈ।

## [ਗਉੜੀ ਕਬੀਰ ਜੀ, ਚਉਪਦਾ–੨੪]

**ਪ੍ਰਾਕ੍ਰਥਨ**–ਪਿਛਲੇ ਸ਼ਬਦ ਵਿਚ ਫੁਰਮਾਇਆ ਸੀ ਪ੍ਰਭੂ ਵਿਮੁਖ ਤੇ ਮਾਯਾ ਪ੍ਰੇਮੀ ਪ੍ਰਭੂ ਨੂੰ ਨਹੀਂ ਮਿਲ ਸਕਦਾ, ਹੁਣ ਉਸੇ ਮਾਯਾ ਦਾ 'ਪ੍ਰਭੂ-ਪ੍ਰਾਪਤੀ' ਵਿਚ 'ਪ੍ਰਤਿਬੰਧਕ' ਹੋਣਾ ਖੋਹਲਕੇ ਦੱਸਦੇ ਹਨ।

| ਮੂਲ | ਅਰਥ |
| --- | --- |
| ਗਉੜੀ ਕਬੀਰ ਜੀ ॥ ਬਿਖਿਆ ਬਿਆਪਿਆ ਸਗਲ ਸੰਸਾਰੁ ॥ ਬਿਖਿਆ ਲੈ ਡੂਬੀ ਪਰਵਾਰੁ ॥੧॥ ਰੇ ਨਰ ਨਾਵ ਚਉੜਿ ਕਤ ਬੋੜੀ ॥ ਹਰਿ ਸਿਉ ਤੋੜਿ ਬਿਖਿਆ ਸੰਗਿ ਜੋੜੀ ॥ ੧ ॥ ਰਹਾਉ ॥ | (ਅਰਥ ਰਹਾਉ ਤੋਂ ਚਲੇਗਾ) ਹੇ ਮਾਨੁਖ ! (ਇਹ ਤੂੰ ਅਪਣੀ) ਬੇੜੀ ਕਿਥੇ ਰੜੇ ਵਿਚ ਹੀ ਡੋਬ ਲਈ ਹੈ ? (ਤੂੰ ਜੋ) ਪ੍ਰਭੂ ਨਾਲ (ਪ੍ਰੀਤ) ਤੋੜ ਕੇ ਮਾਇਆ ਨਾਲ ਲਗਾ ਲਈ ਹੈ॥੧॥ਰਹਾਉ॥ (ਪਰ ਹੇ ਭੁੱਲੇ ਜੀਵ ! ਤੈਨੂੰ ਕੀਹ ਕਹੀਏ) ਸਾਰਾ ਸੰਸਾਰ (ਹੀ) ਮਾਇਆ ਨਾਲ ਵੇੜਿਆ ਪਿਆ ਹੈ; ਮਾਇਆ (ਸੰਸਾਰ ਦੇ ਹਰ ਪ੍ਰਾਣੀ ਨੂੰ ਉਸਦੇ) ਪਰਵਾਰ ਸਣੇ (ਸੰਸਾਰ ਸਾਗਰ) ਵਿਚ ਲੈ ਡੁਬਦੀ ਹੈ ॥ ੧ ॥ |
| ਸੁਰਿ ਨਰ ਦਾਧੇ ਲਾਗੀ ਆਗਿ ॥ ਨਿਕਟਿ ਨੀਰੁ ਪਸੁ ਪੀਵਸਿ ਨ ਝਾਗਿ ॥ ੨ ॥ | (ਇਸ ਮਾਇਆ ਨੇ ਕੀਹ) ਮਾਨੁਖ (ਕੀਹ) ਦੇਵਤਾ (ਸਭ) ਸਾੜ ਘੱਤੇ ਹਨ, (ਦੇਖੋ ਸਭ ਨੂੰ ਤ੍ਰਿਸ਼ਨਾ ਰੂਪੀ) ਅੱਗ ਲੱਗ ਰਹੀ ਹੈ। (ਇਸ ਅੱਗ ਨੂੰ ਬੁਝਾਉਣ ਵਾਲਾ) ਪਾਣੀ (ਜੀਵਾਂ ਦੇ) ਨੇੜੇ ਹੀ ਹੈ ਪਰ (ਇਹ ਮਾਨੁਖ) ਪਸੂ (ਹੋਇਆ ਹੋਇਆ) ਉਸ ਨੂੰ ਝੇਲ ਝੇਲ ਕੇ ਪੀਂਦਾ ਨਹੀਂ ॥ ੨ ॥ |
| ਚੇਤਤ ਚੇਤਤ ਨਿਕਸਿਓ ਨੀਰੁ ॥ ਸੋ ਜਲੁ ਨਿਰਮਲੁ ਕਥਤ ਕਬੀਰੁ ॥ ੩ ॥ ੨੪ ॥ | (ਹਾਂ ਮੈਂ ਆਪ ਕਰਕੇ ਡਿੱਠਾ ਹੈ ਕਿ) ਸਿਮਰਦਿਆਂ ਸਿਮਰਦਿਆਂ (ਉਹ) ਜਲ ਨਿਕਲ ਆਇਆ ਸੀ, ਕਬੀਰ ਕਹਿੰਦਾ ਹੈ ਕਿ ਉਹ ਜਲ (ਸੁਧ ਹੀ) ਸੁਧ ਹੈ (ਜੋ ਮਾਯਾ ਦੀ ਲਾਈ ਅੱਗ ਨੂੰ ਬੁਝਾ ਦੇਂਦਾ ਹੈ) ॥ ੩ ॥ ੨੪ ॥ |

**ਵਯਾਖਯਾ**–ਪਿਛਲੇ ਸ਼ਬਦ ਵਿਚ 'ਭਾਈ' ਪਦ ਦੁਆਰਾ ਸੰਬੋਧਨ ਕਰਕੇ ਉਪਦੇਸ਼ ਦਿੱਤਾ ਸੀ, ਹੁਣ 'ਰੇ ਨਰ' ਕਹਿ ਕੇ ਸੰਬੋਧਨ ਕਰ ਰਹੇ ਹਨ। ਹੋ ਸਕਦਾ ਹੈ ਇਹ ਕਿਸੇ ਇਕ ਯਾ ਦੋ ਵਯਕਤੀਆਂ ਨੂੰ ਉਪਦੇਸ਼ ਹੋਇਆ ਸੀ, ਪਰ ਸ਼ਬਦ ਵਿਚ ਉਹੋ ਖਯਾਲ ਗੁੰਥਨ ਕਰ ਦੇਣ ਤੋਂ ਭਾਵ ਅਪਣੇ ਦਿੱਤੇ ਉਪਦੇਸ਼ ਨੂੰ ਸਰਬ ਕਾਲੀ ਬਣਾ ਦੇਣ ਤੋਂ ਸੀ; ਇਸ ਲਈ 'ਰੇ ਨਰ !' ਦੀ ਮੁਰਾਦ ਹਰ ਇਨਸਾਨ ਤੋਂ, ਜੋ ਪ੍ਰਭੂ ਤਯਾਗੀ ਤੇ ਮਾਇਆ ਵੇੜ੍ਹਿਤ ਹੈ, ਲੈਣਾ ਯੋਗ ਮਾਲੂਮ ਹੁੰਦਾ ਹੈ।

ਰਹਾਉ ਵਿਚ ਦੱਸ ਰਹੇ ਹਨ ਕਿ ਹੇ ਇਨਸਾਨ ! ਤੂੰ ਪ੍ਰਭੂ ਨਾਲ ਪ੍ਰੀਤ ਤੋੜ ਕੇ ਮਾਇਆ ਨਾਲ ਲਾਈ ਹੈ, ਇਹੋ ਤੇਰੀ ਭਾਰੀ ਭੁੱਲ ਹੈ। ਇਹ ਗੱਲ ਹੋ ਸਕਦੀ ਹੈ ਕਿ ਜਿਸ ਪ੍ਰਤਿ ਉਪਦੇਸ਼ ਕਰ ਰਹੇ ਹਨ ਓਹ ਆਦਮੀ ਪਹਿਲੇ ਈਸ੍ਵਰ ਪਰਾਇਣ ਹੋ ਰਿਹਾ ਸੀ ਤੇ ਫੇਰ ਓਹ ਮਾਇਆ ਪਰਾਇਣ

ਹੋ ਗਿਆ ਹੋਵੇ। ਹੁਣ ਏਹ ਉਪਦੇਸ਼ ਦੋਹਾਂ ਪ੍ਰਕਾਰਾਂ ਦੇ ਜੀਵਾਂ ਲਈ ਢੁਕਵਾਂ ਹੈ।

ਬੇੜੀ ਡੁਬਣੀ ਦਾ ਭਾਵ ਹ ਸਰਵਸ ਖੋ ਹੋ ਜਾਣਾ। ਪਰ ਰੜੇ ਬੇੜੀ ਦਾ ਡੁੱਬਣਾ ਇਕ ਅਤਿ ਅਚਰਜ ਦੀ ਗੱਲ ਹੈ। ਧੁਨੀ ਸ਼ਾਯਦ ਮ੍ਰਿਗ ਤ੍ਰਿਸ਼ਨਾਂ ਦੇ ਥਲਾਂ ਵਲ ਹੈ, ਜੋ ਜਲ ਵਾਙੂ ਦਿੱਸਦੇ ਹਨ ਪਰ ਹੁੰਦੇ ਰੜੇ ਮਦਾਨ ਹਨ ਤੇ ਮੂਰਖ ਮ੍ਰਿਗ ਦਾ ਉਸ ਵਿਚ ਪਾਣੀ ਦੀ ਤ੍ਰੇਹ ਬੁਝਾਉਣ ਲਈ ਭੱਜੇ ਫਿਰਨਾ ਉਸ ਦੀ ਅਪਣੀ ਬੇੜੀ ਹੀ ਗ਼ਰਕ ਕਰ ਦੇਂਦਾ ਹੈ। ਇਹ ਅਤਿ ਅਚਰਜ ਕਹਿੰਦੇ ਤੇ ਇਕ ਉਲਾਂਭਾ 'ਰੇ ਨਰ' ਨੂੰ ਦੇਂਦੇ ਮਾਨੋ ਇਹ ਫੁਰਮਾ ਰਹੇ ਹਨ ਕਿ:-

"ਪਾਇ ਕੁਹਾੜਾ ਮਾਰਿਆ ਗਾਫਲਿ ਅਪੁਨੈ ਹਾਥ ॥ [ਸਲੋਕ ਕਬੀਰ ਜੀ-੧੩

ਫਿਰ ਸਾਰੇ ਜਗਤ ਤੇ ਨਜ਼ਰ ਫਿਰਦੀ ਹੈ ਤੇ ਜਗਤ ਨੂੰ ਇਸੇ ਰਾਹੇ ਟੁਰਦਿਆਂ ਵੇਖਕੇ, ਵਿਚੇ ਦੇਵਤੇ-ਤੇ ਵਿੱਚੇ ਮਾਨੁਖ ਯਾ ਦਾਨੇ ਮਾਨੁਖ ਤੇ ਸਾਧਾਰਣ ਮਨੁੱਖ ਨੂੰ, ਤਰਸ ਦੇ ਘਰ ਵਿਚ ਆ ਕੇ ਦਾਰੂ ਦੱਸਦੇ ਹਨ ਕਿ ਸੱਚ ਮੁਚ ਦਾ ਪਾਣੀ ਤੁਹਾਡੇ ਨੇੜੇ ਪਿਆ ਹੈ, ਪਰ ਤੁਸੀਂ ਪਸ਼ੂ ਸਮਾਨ ਹੋ ਜੋ ਪੀ ਨਹੀਂ ਰਹੇ। ਪਸ਼ੂ ਤਾਂ ਪਾਣੀ ਨੇੜੇ ਹੋਵੇ ਤਾਂ ਭੱਜ ਕੇ ਜਾ ਪੀਂਦਾ ਹੈ। ਪਸ਼ੂ ਕਿਉਂ ਕਿਹਾ ਹੈ? ਇਸ ਦਾ ਉੱਤਰ ਅਤਿ ਸੋਹਣਾ ਤੇ ਅਤਿ ਸੰਖੇਪ ਇਕ ਪਦ 'ਝਾਗ' ਵਿਚ ਦਿੱਤਾ ਹੈ। ਇਹ ਪਾਣੀ ਕਿਸੇ ਡਾਢੀ ਕਰੜੀ ਬੂਰ ਦੀ ਤਹਿ ਹੇਠਾਂ ਹੈ ਜੋ ਭੁਲੇਵਾ ਦੇਂਦਾ ਹੈ ਕਿ ਇਸ ਦੇ ਹੇਠਾਂ ਪਾਣੀ ਨਹੀਂ ਹੈ। ਤੇ ਜੋ ਬੂਰ ਕਿ ਮਾੜੀ ਮੋਟੀ ਹਿਲ ਨਾਲ ਹਿਲਦਾ ਤਕ ਨਹੀਂ, ਇਸ ਨੂੰ ਝੰਬਣ ਝੋਲਣ ਦੀ ਲੋੜ ਹੈ। ਉਹ ਪਾਣੀ ਹੈ ਆਤਮ ਰਸ ਜੋ ਜੀਵ ਦੇ ਅੰਦਰ ਹੈ, ਪਰ ਉਸ ਉਤੇ 'ਮਲ ਤੇ ਵਿਖਯੇਪ' ਦਾ ਬੂਰ ਪੈ ਰਿਹਾ ਹੈ। ਜਿਵੇਂ ਬੂਰ ਨੂੰ ਝੋਲਣ ਦੀ ਲੋੜ ਹੁੰਦੀ ਹੈ ਤਿਵੇਂ ਇਥੇ ਬੀ ਝੋਲਣ ਦੀ ਲੋੜ ਹੈ ਸੋ ਅੰਕ ੩ ਵਿਚ ਦੱਸਦੇ ਹਨ ਕਿ ਉਹ ਝੋਲਣਾ ਕੀ ਹੈ। ਉਹ ਹੈ 'ਚੇਤਤ ਚੇਤਤ' ਅਰਥਾਤ ਬਾਰੰਬਾਰ ਯਾਦ ਕਰਨਾ, ਸਿਮਰਨ ਕਰਨਾ। ਸਿਮਰਨ ਕਰੀਦਾ ਹੈ ਨਾਮ ਦਾ। ਸੋ ਨਾਮ ਦਾ ਵਾਰ ਵਾਰ ਸਿਮਰਨਾ ਉਸ 'ਮਲ ਤੇ ਵਿਖਯੇਪ' ਰੂਪੀ ਬੂਰ ਨੂੰ ਦੂਰ ਕਰਨੇ ਦਾ ਉਪਾਉ ਹੈ। ਇਸ ਕਰਤੱਵ ਨਾਲ ਬ੍ਰਿਤੀ ਅੰਤਰ ਮੁਖ ਹੋ ਜਾਏਗੀ ਤੇ ਕੀਹ ਦੇਖੇਗੀ ਕਿ ਨਿਰਮਲ ਨੀਰ 'ਨਾਮ ਰਸ' ਅੰਦਰ ਭਰਿਆ ਪਿਆ ਹੈ। ਜੋ ਬਾਹਰ ਵਿਸ਼ਯਾਨੰਦ ਸੀ ਉਹ ਮੈਲ ਨਾਲ ਭਰਿਆ ਸੀ, ਕਿਉਂਕਿ ਉਹ ਮਲ ਤੇ ਵਿਖਯੇਪ ਵਿਚ ਛੋੜ ਜਾਂਦਾ ਸੀ। ਇਹ ਰਸ ਨਿਰਮਲ-ਸ਼ੁੱਧ-ਹੈ। ਸ਼ੁਧ ਹੋਣ ਕਰਕੇ ਸ਼ੁਧ ਬਣਾ ਦੇਂਦਾ ਹੈ। ਭਾਵ ਇਹ ਹੈ ਕਿ ਇਹ 'ਪਰਮ ਆਨੰਦ' ਹੈ ਜੋ ਆਇਆ ਫੇਰ ਆਨੰਦ ਰੂਪ ਹੀ ਕਰ ਦੇਂਦਾ ਹੈ।

'ਨਿਕਸਿਓ ਨੀਰ' ਕਹਿ ਕੇ ਤਸਵੀਰ ਪੂਰੀ ਕਰ ਦਿੱਤੀ ਹੈ ਕਿ ਜੋ ਕਰੜਾ ਬੂਰ ਸੀ, ਜੋ ਬੂਰ ਕਿ ਉਪਰ ਦੱਸੀ ਤਰਕੀਬ ਨਾਲ ਝੋਲਦਿਆਂ ਝੋਲਦਿਆਂ ਪਰੇ ਹਟ ਗਿਆ ਤਾਂ ਪਾਣੀ, ਸ਼ੁੱਧ ਪਾਣੀ, ਨਿਕਲ ਆਇਆ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਨਾਮ ਨੂੰ ਬੀ ਨਿਰਮਲ ਜਲ ਕਿਹਾ ਹੈ। ਯਥਾ:-

ਝੋਲਿ ਮਹਾ ਰਸੁ ਹਰਿ ਅੰਮ੍ਰਿਤੁ ਪੀਜੈ ॥ ੧ ॥

ਫੇਰ ਫੁਰਮਾਇਆ:-

ਨਿਰਮਲ ਉਦਕੁ ਗੋਵਿੰਦ ਕਾ ਨਾਮ ॥
ਮਜਨੁ ਕਰਤ ਪੂਰਨ ਸਭਿ ਕਾਮ ॥ ੧ ॥
[ਗਉੜੀ ਮਹਲਾ ੫ ੧੬੪

ਤੀਸਰੇ ਸਤਿਗੁਰਾਂ ਨੇ ਵਡਹੰਸ ਰਾਗ ਵਿਚ ਫੁਰਮਾਇਆ ਹੈ:-

ਅੰਤਰਿ ਖੂਹਟਾ ਅੰਮ੍ਰਿਤਿ ਭਰਿਆ ਸਬਦੇ ਕਾਢਿ ਪੀਐ ਪਨਿਹਾਰੀ ॥
[ਵਡਹੰਸ ਮਹਲਾ ੩, ਛੰਤ-੫

**ਨਿਰੁਕ੍ਤ**—ਬਿਖਿਆ-[ਸੰਸ:, ਵਿਸ਼=ਵਿਹੁ] ? ਜ਼ਹਰ=ਯਥਾ:-

"ਬਿਖਿਆ ਅੰਮ੍ਰਿਤੁ ਏਕੁ ਹੈ" ॥ [ਰਾਮਕਲੀ ਮ: ੧, ਓਅੰਕਾਰ-੪੮

੨. ਵਿਖਯ। ਵਿਸ਼ੇ ਵਾਸ਼ਨਾ।

ਬਿਖਿਆ ਬਿਖ ਜਿਉ ਬਿਸਾਰਿ ॥ [ਜੈਜਾਵੰਤੀ ਮਹਲਾ ੯ ੨

੩. ਵਿਹੁ ਰੂਪ ਯਾ ਵਿਸ਼ੇ ਵਾਸ਼ਨਾ ਵਿਚ ਪ੍ਰਵਿਰਤ ਰਖਣ ਵਾਲੀ 'ਮਾਇਆ'।

ਜਿਸੁ ਬਿਖਿਆ ਕਉ ਤੁਮ ਅਪਨੀ ਕਰਿ ਜਾਨਹੁ॥ [ਸਾਰਗ ਮਹਲਾ ੪-੬

ਨਾਵ-ਬੇੜੀ, ਕਿਸ਼ਤੀ। ਚਉੜਿ-ਚਉੜ ਵਿਚ [ਪੰ:, ਚੌੜਾ ਤੋਂ ਸੰਗਜਾ ਚੌੜ] ਚੌੜਾ ਥਾਂ, ਖੁਲ੍ਹੀ ਥਾਂ ਜਿਸਦੇ ਦੁਆਲੇ ਕੋਈ ਰੋਕ ਨਾ ਹੋਵੇ, ਰੜਾ ਮਦਾਨ, ਰੋੜ। (ਅ) ਕਈ ਦਾਨੇ 'ਚਉੜ' ਦਾ ਅਰਥ ਬਰੇਤਾ ਕਰਦੇ ਹਨ। ਬਰੇਤਾ ਨਦੀ ਦੇ ਵਿਚ ਖੁਸ਼ਕ ਥਾਂ ਹੁੰਦੀ ਹੈ, ਕਈ ਵੇਰ ਬੇੜੀਆਂ ਬਰੇਤਿਆਂ ਵਿਚ ਟਕਰਾਕੇ ਟੁਟ ਜਾਂਦੀਆਂ ਹਨ ਜਾਂ ਵਿੱਚੇ ਫਸ ਜਾਂਦੀਆਂ ਹਨ।

ਦਾਧੇ-ਸੜ ਗਏ ਹਨ, ਸੜ ਰਹੇ ਹਨ।

ਪਸੁ-ਪਸ਼ੂ। ਜਾਨਵਰ, ਭਾਵ ਮੂਰਖ।

ਝਾਗਿ-[ਪੰ:, ਝਾਗਣਾ, ਤੁਰਨਾ, ਤਰਨਾ। ਖੇਤੇ ਵਿਚੋਂ ਲੰਘਣਾ ਜੋ ਜ਼ਰਾ ਉਖੇਰਾ ਹੋਵੇ। (੨) ਝੱਗ ਤੋਂ ਝਾਗਣੀ=ਪਾਣੀ ਉਤੋਂ ਝੱਗ, ਬੂਰ, ਕਾਈ ਆਦਿ ਨੂੰ ਝੋਲਕੇ ਪਰੇ ਕਰਨਾ] ਪਰੇ ਹਟਾਕ ਭਾਵ ਹੈ ਮਲ ਵਿਖਸ਼ੇਪ ਆਦਿ ਮੈਲਾਂ, ਜੋ ਅੰਤਹਕਰਣ ਉਤੇ ਪਈਆਂ ਨਿਰਮਲ ਆਪੇ ਨੂੰ ਤੇ ਆਪੇ ਦੇ ਰਸ ਨੂੰ ਆਛਾਦਨ ਕਰਦੀਆਂ ਹਨ, ਉਹਨਾਂ ਨੂੰ ਨਾਮ ਸਿਮਰਨ ਨਾਲ ਝੋਲਕੇ (ਪਰੇ ਹਟਾ ਕੇ) ਆਤਮ ਰਸ ਨੂੰ ਅਨੁਭਵ ਕਰ ਲੈਣਾ।

ਚੇਤਤ-ਚੇਤਦਿਆਂ, ਯਾਦ ਕਰਦਿਆਂ। ਸਿਮਰਦਿਆਂ। ਨਾਮ ਸਿਮਰਦਿਆਂ।

ਨੀਰੁ, ਜਲ } [ਸੰਸ:, ਨੀਰਮੁ। (ਅ) ਜਲਮੁ] ਪਾਣੀ। ਭਾਵ ਹੈ, ਨਾਮ ਰਸ, ਆਤਮ ਰਸ।

ਨਿਰਮਲੁ-[ਸੰਸ:, ਨਿਰ੍‌ਮਲ] ਮੈਲ ਤੋਂ ਬਿਨਾ। ਭਾਵ ਹੈ ਕਿ ਨਿਰਮਲ ਹੈ ਤੇ ਨਿਰਮਲ ਕਰ ਦੇਂਦਾ ਹੈ। ਕਥਤੇ-[ਸੰਸ:, ਧਾਤੂ-ਕਥੁ=ਕਹਿਣਾ, ਬਿਆਨ ਕਰਨਾ, ਖਬਰ ਦੇਣਾ, ਸੂਚਨਾ ਦੇਣਾ] ਆਖਦਾ ਹੈ।

## [ਗਉੜੀ ਕਬੀਰ ਜੀ, ਚਉਪਦਾ-੨੫]

**ਪ੍ਰਾਕ੍ਰਥਨ**-ਤਰਸ ਖਾਕੇ ਝਿੜਕ ਨਾਲ ਨਾਮ ਵਿਹੂਣੇ ਤੇ ਅਗਯਾਨੀਆਂ ਨੂੰ ਨਾਮ ਦਾ ਉਪਦੇਸ਼ ਦੇਂਦੇ ਹਨ।

| ਮੂਲ | ਅਰਥ |
|---|---|
| ਗਉੜੀ ਕਬੀਰ ਜੀ ॥ ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ॥ਬਿਧਵਾ ਕਸ ਨ ਭਈ ਮਹਤਾਰੀ ॥੧॥ | ਜਿਸ ਕੁਲ ਵਿਚ ਗਿਆਨ ਦੀ ਵੀਚਾਰ ਵਾਲਾ ਪੁੱਤ੍ਰ ਨਹੀਂ (ਜਨਮਿਆ ਉਸ ਕੁਲ ਨੂੰ ਜਨਮ ਦੇਣ ਵਾਲੀ) ਮਾਤਾ (ਅਗਯਾਨੀ-ਕੁਲ ਨੂੰ ਜਨਮ ਦੇਣ ਤੋਂ ਪਹਿਲਾਂ) ਵਿਧਵਾ ਕਿਉਂ ਨਾ ਹੋ ਗਈ ॥ ੧ ॥ |
| ਜਿਹ ਨਰ ਰਾਮ ਭਗਤਿ ਨਹਿ ਸਾਧੀ ॥ ਜਨਮਤ ਕਸ ਨ ਮੁਓ ਅਪਰਾਧੀ ॥ ੧ ॥ ਰਹਾਉ ॥ | ਜਿਸ ਪੁਰਖ ਨੇ (ਜਨਮ ਲੈ ਕੇ) ਰਾਮ ਦੀ ਭਗਤੀ ਸਿਰੇ ਨਹੀਂ ਚਾੜ੍ਹੀ, ਉਹ ਪਾਪੀ ਜੰਮਦਾ ਹੀ ਕਿਉਂ ਨਾ ਮਰ ਗਿਆ॥ ੧ ॥ ਰਹਾਉ ॥ |

| | |
|---|---|
| ਮੁਚੁ ਮੁਚੁ ਗਰਭ ਗਏ ਕੀਨ ਬਚਿਆ ॥ ਬੁਡ ਭੁਜ ਰੂਪ ਜੀਵੇ ਜਗ ਮਝਿਆ ॥ ੨ ॥ | ਕਈ ਗਰਭ (ਐਂਵੇ ਹੀ) ਛਣ ਛਣ ਗਏ, ਇਹ (ਅਪ੍ਰਾਧੀ) ਕਿਵੇਂ ਬੱਚ ਗਿਆ ? (ਪਰ ਕੀਹ ਹੋਇਆ ਜੋ ਜੀਉ ਰਿਹਾ ਹੈ, ਅਸਲ ਵਿਚ ਤਾਂ ਉਹ) ਲੂਲੇ ਟੁੰਡੇ ਵਾਙੂ ਅਪਾਹਜ ਰੂਪ ਵਿਚ ਜੱਗ ਵਿਚ ਜੀਉ ਰਿਹਾ ਹੈ ॥ ੨ ॥ |
| ਕਹੁ ਕਬੀਰ ਜੈਸੇ ਸੁੰਦਰ ਸਰੂਪ ॥ ਨਾਮ ਬਿਨਾ ਜੈਸੇ ਕੁਬਜ ਕੁਰੂਪ ॥ ੩ ॥ ੨੫ ॥ | ਕਹਿੰਦੇ ਹਨ ਕਬੀਰ ਜੀ (ਕਿ ਭਾਵੇਂ) ਕਿਸੇ ਦਾ ਸੁੰਦਰ ਸਰੂਪ ਹੋਵੇ (ਪਰ) ਨਾਮ ਤੋਂ ਬਿਨਾਂ (ਹੋਣ ਕਰਕੇ ਉਹ ਐਸਾ ਹੈ) ਜੈਸੇ (ਕੋਈ) ਕੋਝਾ ਤੇ ਕੁੱਬਾ ਹੋਵੇ ॥ ੩ ॥ ੨੫ ॥ |

**ਵ੍ਯਾਖ੍ਯਾ**—ਇਸ ਸ਼ਬਦ ਵਿਚ ਕਬੀਰ ਜੀ ਕਿਸੇ ਸ਼ਰਈ ਦੇ ਜੋਸ਼ ਵਾਙੂ ਵਾਕ ਨਹੀਂ ਕਹਿ ਰਹੇ, ਪਰ ਤਰਸ ਦੀ ਅਤਿਸ਼ੈਤਾ ਵਿਚ ਬੋਲ ਰਹੇ ਹਨ। ਤਰਸ ਜਦ ਅਤਿਸ਼ੇ ਤੇ ਪਹੁੰਚਦਾ ਹੈ ਤਾਂ ਕਦੇ ਨਿਰਾਸਤਾ ਵਿਚ ਚਲਾ ਜਾਂਦਾ ਹੈ ਕਦੇ ਬੀਰ ਰਸ ਵਿਚ। ਬਾਲਕ ਜਦ ਮਦਰੱਸੇ ਘੱਲੋ ਤੇ ਪੜ੍ਹੇ ਨਾ ਤਾਂ ਮਾਤਾ ਪਿਤਾ ਪਯਾਰ ਨਾਲ ਬੀ ਤੇ ਕਦੇ ਝਿੜਕ ਨਾਲ ਬੀ ਸਮਝਾਉਂਦੇ ਹਨ; ਓਹ ਉਨ੍ਹਾਂ ਦਾ ਗੁੱਸਾ ਨਹੀਂ ਹੁੰਦਾ। ਇਸੇ ਤਰ੍ਹਾਂ ਕਬੀਰ ਜੀ ਉਸ ਬੀਰ ਰਸੀ ਰੰਗਣ ਵਿਚ ਉਪਦੇਸ਼ ਕਰ ਰਹੇ ਹਨ ਕਿ ਨਾਮ ਜਪੋ; ਨਾਮ ਬਿਨਾ ਤੁਸੀਂ ਸੁਹਣੇ ਨਹੀਂ ਹੋ ਕਿਉਂਕਿ ਅੰਦਰ ਮਨ ਮੈਲੀਆਂ ਰੁਚੀਆਂ ਵਿਚ ਹੋਣ ਕਰਕੇ ਕੋਝਾ ਤੇ ਕੁੱਬਾ ਹੋ ਰਿਹਾ ਹੈ।ਤੁਸੀਂ ਬਾਹਰ ਜਗਤ ਵਿਚ ਚੰਗੇ ਤੇ ਬਲਵਾਨ ਬਣਦੇ ਹੋ, ਅਸਲ ਵਿਚ ਤੁਸੀਂ ਅਪਾਹਜ ਹੋ, ਜੋ ਤੁਹਾਡੇ ਅੰਦਰਲੇ ਉੱਚੇ ਭਾਵ ਕੱਟੇ ਪਏ ਹਨ। ਕਬੀਰ ਜੀ ਨੂੰ ਪਤਾ ਹੈ ਕਿ ਅੱਗੇ ਜਾ ਕੇ ਨਾਮ ਹੀਣ ਬਹੁਤ ਪਛੁਤਾਉਂਦੇ ਹਨ,ਇਸ ਲਈ ਤਰਸ ਖਾ ਕੇ ਜੋਸ਼ ਵਿਚ ਕਹਿੰਦੇ ਹਨ ਕਿ ਇਹ ਤਾਂ ਜੰਮਦੇ ਹੀ ਨਾਂ ਤਾਂ ਚੰਗਾ ਸੀ, ਅਣਹੋਂਦ ਵਿਚ ਰਹਿੰਦੇ ਤਾਂ ਦੁਖੀ ਨਾ ਹੁੰਦੇ, ਹੁਣ ਹੋਂਦ ਵਿਚ ਆ ਕੇ ਇਨ੍ਹਾਂ ਨੇ ਪਾਪਾਂ ਅਪ੍ਰਾਧਾਂ ਦੇ ਰੋਗ ਸਹੇੜੇ ਹੋਏ ਹਨ, ਜਿਨ੍ਹਾਂ ਕਰਕੇ ਜਗਤ ਵਿਚ ਦੁਖੀ ਹਨ, ਦੁਖ ਦੇ ਰਹੇ ਹਨ ਤੇ ਅੱਗੇ ਜਾ ਕੇ ਦੁਖੀ ਹੋਣਗੇ। ਭਾਵ ਇਹ ਕਿ ਭਾਈ! ਜੇ ਹੋਂਦ ਵਿਚ ਆਏ ਹੋ ਤਾਂ ਨਾਮ ਸਿਮਰੋ, ਗਯਾਨ ਪ੍ਰਾਪਤ ਕਰੋ, ਜਗਤ ਯਾਤ੍ਰਾ ਦਾ ਮਨੋਰਥ ਸਮਝੋ ਤੇ ਸਫਲ ਹੋਵੋ।

**ਨਿਰੁਕ੍ਤ**—ਬਿਧਵਾ—[ਸੰਸ:, ਵਿਧਵਾ] ਜਿਸ ਦਾ ਪਤੀ ਮਰ ਗਿਆ ਹੋਵੇ, ਪਤੀ ਤੋਂ ਬਿਨਾ ਪਤੀ ਹੀਨ। ਮਹਤਾਰੀ—[ਪ੍ਰਾ:, ਹਿੰਦੀ] ਮਾਤਾ, ਮਾਂ।

ਸਾਧੀ—[ਸੰਸ:, ਧਾਤੂ-ਸਾਧ੍=ਪੂਰਾ ਕਰਨਾ, ਮੁਕੰਮਲਾ ਕਰਨਾ। ਸਾਧਿਕ, ਸਾਧਿਆ ਹੋਇਆ] ਸਿਰੇ ਚਾੜ੍ਹੀ। ਕੀਤੀ। ਕਸ—ਕਿਸ ਲਈ, ਕਾਹਨੂੰ ?

ਅਪਰਾਧੀ—[ਸੰਸ:, ਅਪ੍ਰਾਧੀ] ਪਾਪੀ।

ਮੁਚੁ ਮੁਚੁ—[ਸੰਸ:, ਮੁਚ੍ (ਧਾਤੂ) ਢਿੱਲਾ ਕਰਨਾ, ਛਡ ਦੇਣਾ, ਮੁਕਤ ਕਰਨਾ] ਕੱਟ ਕੱਟਕੇ, ਛਣ ਛਣਕੇ। ਅਧਵਾਟਿਓਂ ਟੁੱਟ ਗਿਰਕੇ। ਬਾਲਕ ਹੋਕੇ ਨਾ ਜੰਮਣਾ, ਅਧਵਾਟੇ ਗਰਭ ਦਾ ਡਿੱਗ ਪੈਣਾ। ਗਰਭ—ਹਮਲ। ਕੀਨ—ਕਿਂਵ, ਕਿਵੇਂ।

ਬੁਡ ਭੁਜ—[ਦੇਸ਼ ਭਾਸ਼ਾ, ਬੁਡ੍ਢ=ਵਿਨ੍ਸ਼ਟ। ਸੰਸ:, ਭੁਜ=ਭੁਜਾ] ਵਿਨਸ਼ਟ+ਵਿਨਸ਼੍ਟੀਆਂ ਭੁਜਾਂ। ਜਿਸ ਦੀਆਂ ਭੁਜਾਂ-ਬਾਹਾਂ ਤੇ ਲੱਤਾਂ—ਨਸ਼ਟ ਹੋਣ। ਰੁਹਲਾ, ਟੁੰਡਾ। ਅਪਾਹਜ। ਅ) ਇਸ ਪਦ ਦੇ ਅਰਥ ਕੋਹੜੀ ਬੀ ਕਰ ਲੈਂਦੇ ਹਨ। 'ਦੇਸ਼ ਭਾਸ਼ਾ' ਵਿਚ 'ਬੁਡ੍ਢ' ਦਾ ਅਰਥ ਹੈ ਵਿਨਸ਼ਟ, ਅਤੇ ਭੁਜ ਦਾ ਅਰਥ ਹੈ—ਬਾਹਾਂ ਆਦਿ ਅੰਗ। ਫੇਰ ਨਾਲ ਪਿਆ ਹੈ ਪਦ 'ਰੂਪ'। ਸੋ ਸੇਨਤ ਭਾਸਦੀ ਹੈ ਕਿ ਕਿਸੇ ਸਰੀਰਕ ਕੁਰੂਪਤਾ ਦਾ ਇਹ ਪਦ ਲਖਾਯਕ ਹੈ। ਸੋ ਭੁਜ ਦਾ ਅਰਥ ਭੁਜਾ ਤੇ

ਬੁਡ ਦਾ ਅਰਥ 'ਵਿਨਸ਼ਟ' ਵਿਹੂਣਾ ਲੈਕੇ ਰੁਹਲਾ ਟੁੰਡਾ ਭਾਵ ਅਪਾਹਜ ਕਰਨਾ ਵਧੇਰੇ ਸਹੀ ਜਾਪਦਾ ਹੈ। ਵੈਸੇ ਸੰਸਕ੍ਰਿਤ ਵਿਚ ਇਕ ਸ਼ਬਦ 'ਵਿਡ੍ਭੁਜ' ਹੈ, ਜਿਸ ਦੇ ਅਰਥ ਗੰਦਗੀ ਖਾਣ ਵਾਲਾ ਹੈ, ਇਹ 'ਵਿਸ਼'=ਮੈਲਾ ਤੋਂ ਬਣਿਆ ਹੈ।

ਕੁਬਜ—[ਸੰਸ:, ਕੁਬ੍ਜ=ਵਿੰਗੀ ਕਮਰ ਵਾਲਾ] ਕੁੱਬ ਵਾਲਾ। ਕੁੱਬਾ।

ਕੁਰੂਪ—[ਸੰਸ:, ਕੁਰੂਪ:=ਬਦਸੂਰਤ] ਕੋਝੇ ਰੂਪ ਵਾਲਾ।

## [ਗਉੜੀ ਕਬੀਰ ਜੀ, ਚਉਪਦਾ—੨੬]

**ਪ੍ਰਾਕਥਨ**—ਬੇਮੁਖਾਂ ਤੋਂ ਨਜ਼ਰ ਚਾਕੇ ਹੁਣ ਨਾਮੀ ਪੁਰਖ ਨੂੰ ਵੇਖਦੇ ਹਨ ਤੇ ਪ੍ਰਸੰਨ ਬ੍ਰਿਤੀ ਵਿਚ ਉਸ ਦਾ ਗੁਣ ਗਾਯਨ ਕਰਦੇ ਹਨ।

| ਮੂਲ | ਅਰਥ |
|---|---|
| ਗਉੜੀ ਕਬੀਰ ਜੀ ॥ ਜੋ ਜਨ ਲੇਹਿ ਖਸਮ ਕਾ ਨਾਉ ॥ ਤਿਨਕੈ ਸਦ ਬਲਿਹਾਰੈ ਜਾਉ ॥ ੧ ॥ | ਜੋ ਪੁਰਖ (ਅਪਣੇ) ਮਾਲਕ (ਰਾਮ) ਦਾ ਨਾਮ ਲੈਂਦੇ ਹਨ, (ਮੈਂ) ਉਨ੍ਹਾਂ ਤੋਂ ਸੌ ਸੌ ਵਾਰੀ ਸਦਕ ਜਾਂਦਾ ਹਾਂ ॥ ੧ ॥ |
| ਸੋ ਨਿਰਮਲੁ ਨਿਰਮਲ ਹਰਿ ਗੁਨ ਗਾਵੈ ॥ ਸੋ ਭਾਈ ਮੇਰੈ ਮਨਿ ਭਾਵੈ ॥ ੧ ॥ ਰਹਾਉ ॥ | ਉਹ (ਪੁਰਖ) ਪਵਿਤ੍ਰ ਹੈ ਜੋ ਪਵਿਤ੍ਰ ਹਰੀ ਦੇ ਗੁਣ ਗਾਉਂਦਾ ਹੈ। (ਉਹ ਮੇਰਾ) ਭਰਾ ਹੈ ਉਹ ਮੇਰੇ ਮਨ ਨੂੰ ਭਾਉਂਦਾ ਹੈ ॥ ੧ ॥ ਰਹਾਉ ॥ |
| ਜਿਹ ਘਟ ਰਾਮੁ ਰਹਿਆ ਭਰਪੂਰਿ ॥ ਤਿਨ ਕੀ ਪਗ ਪੰਕਜ ਹਮ ਧੂਰਿ ॥ ੨ ॥ | (ਪਰ) ਜਿਨ੍ਹਾਂ ਦੇ ਅੰਤਹਕਰਣ ਵਿਚ ਰਾਮ ਭਰਪੂਰ (ਹੀ) ਹੋ ਰਿਹਾ ਹੈ, ਉਨ੍ਹਾਂ ਦੇ ਕਮਲਾਂ ਵਰਗੇ (ਕੂਲੇ) ਪੈਰਾਂ ਦੀ ਅਸੀਂ ਧੂੜੀ ਹਾਂ ॥ ੨ ॥ |
| ਜਾਤਿ ਜੁਲਾਹਾ ਮਤਿ ਕਾ ਧੀਰੁ ॥ ਸਹਜਿ ਸਹਜਿ ਗੁਣ ਰਮੈ ਕਬੀਰੁ ॥ ੩ ॥ ੨੬ ॥ | (ਮੇਰੀ) ਜਾਤ ਤਾਂ ਜੁਲਾਹਾ ਹੈ (ਭਾਵ ਛੋਟੀ ਕਾਹਲਿਆਂ ਪੈਣ ਵਾਲੀ ਜਾਤ ਵਿਚੋਂ ਹਾਂ ਪਰ) ਬੁੱਧੀ ਵਿਚ ਦ੍ਰਿੜਤਾ ਵਾਲਾ ਹਾਂ, (ਇਸ ਕਰਕੇ) ਸਹਜਿ (=ਬਿਨਾ ਕਾਹਲੇ ਪਏ ਦੇ) ਸਹਿਜ (=ਸ਼ਾਂਤਿ ਸੁਭਾਵ) ਨਾਲ ਕਬੀਰ (ਰਾਮ ਦੇ) ਗੁਣ ਉਚਾਰ ਰਿਹਾ ਹੈ ॥ ੩ ॥ ੨੬ ॥ |

**ਵ੍ਯਾਖ੍ਯਾ**—ਉਥਾਨਕਾ, ਦੱਸਦੇ ਹਨ ਕਿ ਮਾਤਾ ਨੇ ਕਬੀਰ ਜੀ ਨੂੰ ਸੰਤ ਸੇਵਾ ਤੋਂ ਵਰਜਿਆ ਤਾਂ ਆਪ ਨੇ ਇਹ ਵਾਕ ਕਹੇ। ਪਹਿਲੇ ਦੋ ਅੰਕਾਂ ਵਿਚ ਰਾਮ ਭਗਤਾਂ ਵਿਚ ਆਪਣੀ ਸ਼ਰਧਾ ਤੇ ਪਯਾਰ ਦਾ ਕਥਨ ਕੀਤਾ ਹੈ। ਅੰਕ ੩ ਵਿਚ ਦੱਸਿਆ ਹੈ ਕਿ ਜਾਤ ਤਾਂ ਮੇਰੀ ਜੁਲਾਹਾ ਹੈ। ਜੁਲਾਹੇ ਹਰ ਗੱਲੇ ਕਾਹਲੇ ਪੈਣ ਵਿਚ ਤੇ ਬੁੱਧੀ ਵਿਚ ਘਟੀਆ ਹੋਣ ਲਈ ਤੇ ਡਰਾਕੂਲ ਹੋਣ ਲਈ ਪ੍ਰਸਿੱਧ ਹਨ, ਪਰ ਉਸ ਤਰ੍ਹਾਂ ਦੇ ਜੁਲਾਹਿਆਂ ਵਾਲੀ ਬੁੱਧੀ ਦਾ ਮਾਲਕ ਮੈਂ ਨਹੀਂ, ਮੈਂ ਤਾਂ ਬੁੱਧੀ ਦਾ ਧੀਰ ਹਾਂ, ਧੀਰ ਦਾ ਭਾਵ ਬਹੁਤ ਸਾਰਾ ਹੈ: ਧੀਰਜ ਵਾਲਾ, ਦ੍ਰਿੜਤਾ ਵਾਲਾ, ਜਿਸ ਦਾ ਵੀਚਾਰ ਪੱਕਾ ਹੋਵੇ ਤੇ ਗੰਭੀਰ ਆਦਿ ਹਨ। ਫੇਰ ਧੀਰ ਕਹਿੰਦੇ ਹਨ ਬੁਧੀਮਾਨ ਨੂੰ ਤੇ ਸ਼ਾਂਤੀ ਵਾਲੇ ਨੂੰ ਬੀ। ਇਹ ਦੱਸਕੇ ਕਹਿੰਦੇ ਹਨ ਕਿ ਜੋ

*'ਮਹਾਰਣਵ' ਵਿਚ ਬੁਡ੍ਹ ਪਦ ਦਾ ਅਰਥ ਵਿਨਸ਼ਟ ਲਿਖਿਆ ਹੈ ਤੇ ਇਹ ਪਦ ਦੇਸ਼ ਭਾਸ਼ਾ ਦਾ ਦੱਸਿਆ ਹੈ।

ਮੈਂ ਹਰੀ ਗੁਣ ਗਾ ਰਿਹਾ ਹਾਂ, ਇਸ ਤੋਂ ਮੈਂ ਹਿੱਲ ਨਹੀਂ ਸਕਦਾ। ਪਰ ਮੈਂ ਸਹਿਜ ਵਿਚ ਕਿਸੇ ਦੇ ਹੋੜਨ,ਨਿੰਦਾ ਆਦਿ ਤੋਂ ਵਿਚਲੇਹੋਏ ਦੇ ਬਿਨਾਂਅਰਥਾਤ ਕਾਹਲੇ ਪਏ ਬਿਨਾ,ਸਹਜ ਸ਼ਾਂਤ ਤੇ ਸੁਭਾਵਕ ਤ੍ਰੀਕੇ ਤੇ ਗੁਣ ਗਾਈ ਜਾ ਰਿਹਾ ਹਾਂ। ਤੁਸੀਂ ਜੋ ਇਛਾ ਹੈ ਆਖਦੇ ਰਹੋ।

**ਨਿਰੁਕ੍ਤ**–ਖਸਮ–[ਅ਼:,] ਮਾਲਕ। ਸੁਾਮੀ, ਭਾਵ ਰਾਮ।
ਪੰਕਜ–[ਸੰਸ:,] ਜੋ ਚਿੱਕੜ ਤੋਂ ਜੰਮਿਆ ਹੋਵੇ। ਕਮਲ।
ਧੀਰੁ–[ਸੰਸ:, ਧੀਰ:] ਅਰਥ ਵਯਾਖਯਾ ਵਿਚ ਆ ਚੁਕੇ ਹਨ।

## [ਗਉੜੀ ਕਬੀਰ ਜੀ, ਚਉਪਦਾ–੨੭]

**ਪ੍ਰਾਕ੍ਕਥਨ**–ਕਈ ਦਾਨੇ ਇਸ ਸ਼ਬਦ ਦੀ ਉਥਾਨਕਾ ਦੱਸਦੇ ਹਨ ਕਿ ਕਿਸੇ ਜੋਗੀ ਨੇ ਚਰਚਾ ਵੀਚਾਰ ਕਰਕੇ ਕਿਹਾ ਕਿ ਥੋੜੀ ਮਦਰਾ ਪੀਕੇ ਜੋ ਚਿਤ ਜੋੜਿਆਂ ਤਾਰ ਬੱਝਦੀ ਹੈ ਉਸ ਵਿਚ ਅਨੁਭਵ ਖੁੱਲ੍ਹਦਾ ਹੈ। ਤਦ ਕਬੀਰ ਜੀ ਨੇ ਉਸ ਯੋਗੀ ਨੂੰ ਸਹਜ ਯੋਗ ਦੀ ਮਦਰਾ ਤੇ ਉਸ ਦੇ ਬਨਾਉਣ ਦੀ ਵਿਧੀ ਦੱਸੀ।

| ਮੂਲ | ਅਰਥ |
|---|---|
| ਗਉੜੀ ਕਬੀਰ ਜੀ ॥ ਗਗਨਿ ਰਸਾਲ ਚੁਐ ਮੇਰੀ ਭਾਠੀ ॥ ਸੰਚਿ ਮਹਾ ਰਸੁ ਤਨੁ ਭਇਆ ਕਾਠੀ॥੧॥ | ਮੇਰੀ ਰਸ ਮਈ ਭੱਠੀ ਗਗਨ ਵਿਚ (ਰਾਮ ਰਸ ਰੂਪੀ ਮਦ) ਟਪਕਾ ਰਹੀ ਹੈ। (ਉਹ) ਮਹਾਂ ਰਸ ਇਕੱਠਾ ਕਰਦਿਆਂ ਸਰੀਰ (ਮੇਰਾ ਮਾਨੋ) ਬਾਲਣ ਬਣ ਰਿਹਾ ਹੈ (ਭਾਵ ਸਰੀਰ ਦੀਆਂ ਵਿਸ਼ੇ ਵਾਸ਼ਨਾ ਨੂੰ ਸਾੜਦੇ ਰਹੀਏ ਤਾਂ ਉਹ ਮਹਾਂਰਸ ਇਕੱਠਾ ਹੁੰਦਾ ਰਹਿੰਦਾ ਹੈ, ਨਹੀਂ ਤਾਂ ਡੁਲ੍ਹਿਆ ਹੁੰਦਾ ਰਹਿੰਦਾ ਹੈ) ॥ ੧ ॥ |
| ਉਆ ਕਉ ਕਹੀਐ ਸਹਜ ਮਤਵਾਰਾ ॥ ਪੀਵਤ ਰਾਮ ਰਸੁ ਗਿਆਨ ਬੀਚਾਰਾ ॥੧॥ਰਹਾਉ॥ | ਐਸੇ (ਪੁਰਖ) ਨੂੰ 'ਸਹਜ ਦਾ ਮਤਵਾਲਾ' ਕਹੀਦਾ ਹੈ, (ਜੋ ਅਉਂ ਇਸ) ਰਾਮ ਰਸ ਨੂੰ ਪੀਂਦਾ ਗਿਆਨ ਦੀ ਵੀਚਾਰ (ਵਿਚ ਰਹਿੰਦਾ ਹੈ) ॥ ੧ ॥ ਰਹਾਉ ॥ |
| ਸਹਜ ਕਲਾਲਨਿ ਜਉ ਮਿਲਿ ਆਈ ॥ ਆਨੰਦਿ ਮਾਤੇ ਅਨਦਿਨੁ ਜਾਈ ॥ ੨ ॥ | (ਇਸ ਮਦ ਦੇ ਪਿਲਾਉਣ ਲਈ) ਜੋ ਸਹਜ ਰੂਪੀ ਸਾਕੀ ਆ ਮਿਲਦਾ ਹੈ (ਤਦ ਉਸ ਦੇ ਹੱਥੋਂ ਪੀਂਦਿਆਂ) ਦਿਨ ਰਾਤ ਆਨੰਦ ਵਿਚ ਮੱਤਿਆਂ ਪਿਆ ਬੀਤਦਾ ਹੈ ॥ ੨ ॥ |
| ਚੀਨਤ ਚੀਤੁ ਨਿਰੰਜਨ ਲਾਇਆ ॥ ਕਹੁ ਕਬੀਰ ਤੌ ਅਨਭਉ ਪਾਇਆ ॥ ੩ ॥ ੨੭ ॥ | (ਇਸ ਮਸਤੀ ਵਿਚ) ਪਛਾਣ ਕਰਦਿਆਂ ਚਿਤ ਨਿਰੰਜਨ ਵਿਚ ਲਾਇਆ ਹੋਇਆ ਹੈ, ਤਦ (ਅਸਾਂ) ਅਨੁਭਵ (ਪਰਮਾਤਮ-ਦੇਵ ਦਾ ਸਾਖਯਾਤਕਾਰ) ਪ੍ਰਾਪਤ ਕੀਤਾ ਹੈ, ਆਖਦੇ ਹਨ ਕਬੀਰ ਜੀ ॥ ੩ ॥ ੨੭ ॥ |

**ਵਯਾਖਯਾ**–ਹਠਯੋਗੀਆਂ ਦੇ ਮਦਰਾ ਦੇ ਟਾਕਰੇਤੇ ਸਹਿਜਯੋਗ ਦੀ ਮਦਰਾ ਤੇ ਉਸਦਾਪ੍ਰਕਾਰ ਦੱਸਿਆ ਹੈ। ਗਗਨ ਦਾ ਅਰਥ ਹੈ ਆਕਾਸ਼; ਮੁਰਾਦ ਹੈ ਦਸਮ ਦੁਆਰ ਯਾ ਚਿਦਾਕਾਸ਼। ਅੱਗੇ ਪਏ ਪਦ ਸਹਜ, ਰਾਮ ਰਸੁ, ਚੀਨਤ, ਆਦਿ ਭਗਤੀ ਗਿਆਨ ਦੇ ਪਦ ਹਨ, ਇਸ ਕਰਕੇ ਭਾਵ ਚਿਦਾ-ਕਾਸ਼ ਲੈਣਾ ਹੈ। ਓਥੇ ਰਸ ਰੂਪੀ ਮਦਰਾ ਟਪਕ ਰਹੀ ਹੈ, ਉਹ ਮਹਾਂ ਰਸ ਕੱਠਾ ਹੁੰਦਾ ਹੈ ਹਿਰਦੇ ਵਿਚ

ਜਿਵੇਂ ਕਿ ਸ਼ਰਾਬ ਚੋ ਚੋ ਕੇ ਨਾਲ ਦੁਆਰਾ ਭਬਕੇ ਵਿਚ ਕੱਠੀ ਹੁੰਦੀ ਹੈ, ਪਰ ਇਹ ਤਾਂ ਹੁੰਦਾ ਹੈ ਜੇ ਸਰੀਰ ਲਕੜਾਂ ਹੋਕੇ ਬਲਦਾ ਰਹੇ; ਭਾਵ ਹੈ ਜੇ ਵਿਸ਼ੇ ਵਾਸ਼ਨਾ ਯਾ ਤਨ ਅਭਯਾਸ ਨੂੰ ਮਾਰਦੇ ਰਹੀਏ।

ਕਈ ਦਾਨੇ 'ਰਸਾਲ' ਪਦ ਨੂੰ ਦਸਮ ਦੁਆਰ ਦਾ ਵਿਸ਼ੇਸ਼ਨ ਲੈਂਦੇ ਹਨ। ਇਸ ਰਸ ਨੂੰ, ਜੋ ਪੀਂਦਾ ਹੈ, ਉਸ ਨੂੰ ਸਹਿਜ ਦਾ ਰਸੀਆ ਕਹੀਦਾ ਹੈ, ਇਹ ਰਸੀਆ ਰਾਮ ਰਸ ਨੂੰ ਪੀਂਦਾ ਹੋਇਆ ਨਸ਼ਈ ਵਾਙੂ ਮਤਵਾਲਾ ਨਹੀਂ ਹੋ ਜਾਂਦਾ, ਉਹ ਵੀਚਾਰ ਵਿਚ ਹੁੰਦਾ ਹੈ। ਇਹ ਵੀਚਾਰ ਉਸ ਦੀ ਸੰਸਾਰਕ ਨਹੀਂ ਪਰ 'ਗਯਾਨ ਵਾਲੀ' ਹੁੰਦੀ ਹੈ।

ਅੰਕ ੨ ਸ਼ਰਾਬ ਪੀਣ ਵਾਲਿਆਂ ਵਿਚ ਕੋਈ ਪਿਲਾਉਣ ਵਾਲਾ ਹੁੰਦਾ ਹੈ, ਉਸ ਨੂੰ 'ਸਾਕੀ' ਆਖਦੇ ਹਨ। ਏਹ ਪਦ 'ਸਾਕੀ' ਸੂਫੀ ਲੋਕ ਅਕਸਰ ਮੁਰਸ਼ਿਦ ਲਈ ਵਰਤਦੇ ਹਨ। ਇਥੇ ਪਦ ਕਲਾਲਨਿ ਵਰਤਿਆ ਹੈ। 'ਸਹਜ ਕਲਾਲਨਿ' ਕਹਿਣ ਤੋਂ ਹੋ ਸਕਦਾ ਹੈ ਕਿ ਮੁਰਾਦ ਸਹਿਜ ਮਾਰਗ ਦੇ ਜਾਣੂ ਸਾਕੀ ਅਰਥਾਤ ਮੁਰਸ਼ਿਦ ਤੋਂ ਹੋਵੇ, ਕਿ ਜਦ ਉਹ ਮਿਲਿਆ ਤਦ ਆਨੰਦ ਪ੍ਰਾਪਤ ਹੋ ਗਿਆ। ਪਰ ਜ਼ਾਹਰਾ ਜਾਪਦਾ ਹੈ ਕਿ ਸਹਿਜ ਰੂਪੀ ਕਲਾਲਨਿ; ਭਾਵ ਹੈ ਸਹਿਜ ਅਵਸਥਾ ਰੂਪੀ ਕਲਾਲਨਿ। ਕਈ ਦਾਨੇ ਸਹਜ ਅਵਸਥਾ ਯਾ 'ਸਹਜ ਪਦ' ਦੀ ਥਾਂ ਸ਼ਾਂਤੀ ਰੂਪੀ ਕਲਾਲਨ ਭਾਵ ਲੈਂਦੇ ਹਨ।

ਅੰਕ ੩- ਓਹ ਜੋ ਰਹਾਉ ਵਿਚ 'ਗਿਆਨ ਬੀਚਾਰਾ' ਕਿਹਾ ਸੀ ਉਸ ਵਲ ਇਸ਼ਾਰਾ ਕਰਕੇ ਦੱਸਦੇ ਹਨ ਕਿ ਗੁਰੂ ਕੀ ਮਤਿ ਅਨੁਸਾਰ (ਚੀਨਤ=) ਪਛਾਣ ਕਰਦਿਆਂ ਕਰਦਿਆਂ ਅਸੀਂ ਕੇਵਲ ਜਾਣਨ ਮਾਤ੍ਰ ਗਿਆਨੀ ਨਹੀਂ ਹੋ ਗਏ, ਅਸਾਂ ਚਿਤ ਨੂੰ ਨਿਰੰਜਨ ਵਿਚ ਲਾਈ ਰਖਿਆ ਹੈ, ਭਾਵ ਮਨ ਨੂੰ ਉਸ ਵਿਚ ਲਯ ਕਰ ਦਿਤਾ ਹੈ, ਤਦ ਸਾਨੂੰ 'ਅਨਭਉ' ਪ੍ਰਾਪਤ ਹੋਇਆ। ਅਨਭਉ ਯਾ ਅਨੁਭਵ ਉਹ ਗਿਆਨ ਹੈ ਜੋ ਜਾਣਨ ਮਾਤ੍ਰ ਨਹੀਂ, ਪਰ ਮਾਣਨ ਰੂਪ ਹੈ। ਜਿਸ ਨੂੰ ਜਾਣਨਾ ਹੈ ਉਸ ਦਾ ਸਾਖਯਾਤਕਾਰ ਹੋ ਜਾਣਾ। ਇਸ ਕਰਕੇ 'ਅਨਭਉ' ਦਾ ਭਾਵ ਏਥੇ ਸ੍ਵੈ ਪ੍ਰਕਾਸ਼ ਰੂਪ ਪਰਮਾਤਮ ਦੇਵ ਲਈਦਾ ਹੈ। ਹੇ ਯੋਗੀ! ਤੇਰਾ ਅਨਭਉ ਜੇ ਮਦਰਾ ਆਸਰੇ ਹੈ, ਤਾਂ ਉਹ ਮੂਰਛਾ ਸਰੀਖੀ ਹਾਲਤ ਹੈ ਤੇ ਇਕ ਤਰ੍ਹਾਂ ਤਮੋ ਗੁਣੀ ਅਵਸਥਾ ਹੈ।

**ਨਿਰੁਕ**- ਗਗਨਿ–[ਸੰਸ:,ਗਗਨਮ੍] ੧. ਆਕਾਸ਼, ੨. ਸੁੰਨ, ੩. ਬ੍ਰਹਮ, ੪.ਚਿਦਾਕਾਸ਼, ਚਿਤ ਰੂਪੀ ਅਕਾਸ਼। ੫. ਦਸਮ ਦੁਆਰ।

ਰਸਾਲ–[ਸੰਸ:, ਰਸ: + ਆਲਯ:] ਰਸਾਂ ਦਾ ਘਰ। ਰਸਮਈ। ਸੁੰਦਰ।

ਚੁਐ–ਚੋਂਦਾ ਹੈ, ਟਪਕਦਾ ਹੈ। 'ਚੁਐ' ਪਦ ਮੁਹਾਵਰੇ ਦਾ ਹੈ। ਦੇਗ ਨਾਲ ਭਬਕਾ ਲਾਕੇ ਜਦੋਂ ਕਿਸੇ ਸ਼ੈ ਦਾ ਅਰਕ ਯਾ ਤੱਤ ਕੱਢੀਦਾ ਹੈ ਉਸ ਨੂੰ ਚੁਆਉਣਾ ਕਹਿੰਦੇ ਹਨ।

ਸਿਚਿ–[ਸੰਸ:, ਸੰਚਯਨੰ=ਕੱਠਾ ਕਰਨਾ] ਇਕੱਠਾ ਕਰੀਦਾ ਹੈ। ਇਕੱਠਾ ਹੁੰਦਾ ਹੈ।

ਮਹਾ ਰਸੁ–ਸਾਰੇ ਰਸਾਂ ਤੋਂ ਵੱਡਾ ਰਸ। ਕਾਠੀ–ਲੱਕੜੀ, ਬਾਲਣ।

ਸਹਜ ਮਤਵਾਰਾ ਸਹਜ (ਅਵਸਥਾ) ਦਾ-ਮਤਵਾਰਾ, ਨਸ਼ਈ। ਸਹਜ ਯੋਗ ਦਾ ਰਸੀਆ।

ਕਲਾਲਨਿ–[ਸੰਸ:, ਕਲ੍ਯਪਾਲਕ=ਕਲਾਲ, ਸ਼ਰਾਬ ਫਰੋਸ਼। ਹਿੰ:, ਇ: ਲਿੰਗ, ਕਲਾਲੀ] ਮਦਰਾ ਖਾਨਿਆਂ ਵਿਚ ਜੋ ਸ਼ਰਾਬ ਪਿਲਾਵੇ ਉਸ ਨੂੰ ਫਾਰਸੀ ਵਾਲੇ 'ਸਾਕੀ' ਆਖਦੇ ਹਨ ਭਾਵ ਅਕਸਰ-ਮੁਰਸ਼ਿਦ-ਤੋਂ ਲੈਂਦੇ ਹਨ। ਕਬੀਰ ਜੀ ਨੇ ਸਾਕੀ ਦੀ ਥਾਂ ਪਦ ਕਲਾਲਨ ਵਰਤਿਆ ਹੈ, ਪਰ ਆਪ ਹੀ ਦੱਸਿਆ ਹੈ ਕਿ ਸਾਡੀ ਕਲਾਲਨ 'ਸਹਜ' ਹੈ।

ਚੀਨਤ–[ਹਿੰ:,ਚੀਨਨਾ=ਪਛਾਣਨਾ] ਪਛਾਣਦਿਆਂ,ਵਿਵੇਚਨਾ ਕਰਦਿਆਂ।

ਅਨਭਉ–[ਸੰਸ:, ਅਨੁਭਵ:] ਤਜਰਬੇ ਵਿਚ ਆਯਾ ਗਿਆਨ। Realization। (ਅ) ਸ੍ਵੈ ਪ੍ਰਕਾਸ਼, ਪਰਮਾਤਮ ਦੇਵ

## [ਗਉੜੀ ਕਬੀਰ ਜੀ, ਚਉਪਦਾ–੨੮]

**ਪ੍ਰਾਕ੍ਰਥਨ**–(ਉਥਾਨਕਾ) ਪਿਛਲੇ ਸ਼ਬਦ ਵਿਚ ਦੱਸੀ ਵਿਧੀ ਕਿ ਨਿਰੰਜਨ ਵਿਚ ਚਿਤ ਲਾਇਆ ਤਾਂ ਪ੍ਰਕਾਸ਼ ਰੂਪ ਪਰਮਾਤਮਾ ਮਿਲ ਗਿਆ, ਸੁਣਕੇ ਕਿਸੇ ਹਠ ਯੋਗੀ ਨੇ ਕਿਹਾ ਕਿ ਜਦ ਤਕ ਮਨ ਨੂੰ 'ਅਮਨ' ਨਾ ਕਰ ਲਓ; ਅਰਥਾਤ ਮੂਲੋਂ ਨਾਂ ਮਾਰ ਲਓ ਤਦ ਤਕ ਸਿੱਧ ਅਵਸਥਾ ਨੂੰ ਨਹੀਂ ਪਹੁੰਚੀਦਾ। ਉਸ ਨੂੰ ਉੱਤਰ ਦੇਂਦੇ ਹਨ ਕਿ ਮਨ ਜੇ ਮੂਲੋਂ ਮਾਰ ਘੱਤਿਆ ਤਾਂ ਸਿੱਧੀ ਕੀ ਪ੍ਰਾਪਤ ਹੋਈ? ਜੇ ਮਨ ਹੀ ਨਾ ਰਿਹਾ ਤਾਂ ਬਾਕੀ ਰਹਿ ਹੀ ਕੀ ਗਿਆ? ਇਹ ਜਵਾਬ ਇਸ ਸ਼ਬਦ ਵਿਚ ਹੈ।

| ਮੂਲ | ਅਰਥ |
|---|---|
| ਗਉੜੀ ਕਬੀਰ ਜੀ॥ ਮਨ ਕਾ ਸੁਭਾਉ ਮਨਹਿ ਬਿਆਪੀ॥ ਮਨਹਿ ਮਾਰਿ ਕਵਨ ਸਿਧਿ ਥਾਪੀ ॥੧॥ | ( ਹੇ ਜੋਗੀ! ) ਮਨ ਦਾ ਸੁਭਾਵ ਮਨ ਵਿਚ ਵਯਾਪ ਰਿਹਾ ਹੈ। (ਮਨ ਦਾ ਇਹ ਸੁਭਾਵ ਯਾ ਸਰੂਪ ਅੰਤਲੀ ਤੁਕ ਵਿਚ ਦੱਸਿਆ ਹੈ) ਮਨ ਨੂੰ ਮਾਰ ਕੇ (ਤੁਸਾਂ) ਕਿਹੜੀ ਸਿੱਧੀ ਸਿਰੇ ਚਾੜ੍ਹ ਲੈਣੀ ਹੈ॥ ੧ ॥ |
| ਕਵਨੁ ਸੁ ਮੁਨਿ ਜੋ ਮਨੁ ਮਾਰੈ॥ ਮਨ ਕਉ ਮਾਰਿ ਕਹਹੁ ਕਿਸੁ ਤਾਰੈ॥ ੧ ॥ ਰਹਾਉ॥ ਮਨ ਅੰਤਰਿ ਬੋਲੈ ਸਭੁ ਕੋਈ॥ ਮਨ ਮਾਰੇ ਬਿਨੁ ਭਗਤਿ ਨ ਹੋਈ ॥੨॥ | (ਮੈਨੂੰ ਦਿਖਾਓ ਤਾਂ) ਕਿਹੜਾ ਮੁਨੀ ਹੈ ਜੋ ਮਨ ਨੂੰ (ਮੂਲੋਂ) ਮਾਰ ਲੈਂਦਾ ਹੈ। (ਭਲਾ ਜੇ ਮੰਨ ਲਓ ਕਿ ਐਸਾ ਮੁਨੀ ਕੋਈ ਹੈ ਤਾਂ ਦੱਸੋ ਅਪਣੇ) ਮਨ ਨੂੰ ਮਾਰ ਕੇ (ਉਹ) ਤਾਰਦਾ ਕਿਸ ਨੂੰ ਹੈ (ਤੇ ਕਿਵੇਂ ਹੈ? ਭਾਵ ਜੇ ਉਸਦਾ ਮਨ ਹੀ ਨਹੀਂ ਰਿਹਾ ਤਾਂ ਕਿਸੇ ਨੂੰ ਤਾਰਨ ਹਿਤ ਉਪਦੇਸ਼ ਕੀਕੂੰ ਕਰਦਾ ਹੈ? ਕਿਉਂਕਿ ਤਾਰਣ ਹਿਤ ਬੋਲਣਾ ਪੈਂਦਾ ਹੈ ਤੇ) ਬੋਲਣਾ ਸਭ ਕਿਸੇ ਦਾ ਮਨ ਦੇ ਅੰਦਰ (ਜੀਉਂਦਿਆਂ) ਹੋਣ ਨਾਲ ਹੁੰਦਾ ਹੈ। (ਵਾਦੀ ਨੇ ਕਿਹਾ: ਤੁਸੀਂ ਬੀ ਮਨ ਦਾ ਮਾਰਨਾ ਕਈ ਵੇਰ ਆਖਦੇ ਹੋ, ਕਬੀਰ ਜੀ ਨੇ ਕਿਹਾ ਅਸੀਂ ਬੀ ਆਖਦੇ ਹਾਂ ਕਿ) ਮਨ ਮਾਰੇ ਬਿਨਾ ਭਗਤੀ ਨਹੀਂ ਹੋ ਸਕਦੀ। ੨॥ |
| ਕਹੁ ਕਬੀਰ ਜੋ ਜਾਨੈ ਭੇਉ॥ ਮਨੁ ਮਧੁਸੂਦਨੁ ਤ੍ਰਿਭਵਣ ਦੇਉ ॥ ੩ ॥ ੨੮॥ | (ਪਰ ਉਹ ਇਕ ਭੇਤ ਦੀ ਗੱਲ ਹੈ) ਜੋ (ਉਸ) ਭੇਤ ਨੂੰ ਜਾਣ ਲਏ (ਉਹ ਸਿਆਣ ਲੈਂਦਾ ਹੈ ਕਿ) ਮਨ ਹੀ ਮਧੁਸੂਦਨ ਹੈ ਤੇ ਤਿੰਨਾ ਭਵਨਾਂ ਦਾ ਦੇਵ ਹੈ, ਕਹਿੰਦੇ ਹਨ ਕਬੀਰ ਜੀ ॥ ੩ ॥ ੨੮ ॥ |

**ਵਯਾਖਯਾ**--ਕੋਈ ਹਠ ਯੋਗੀ ਜੋ ਮਨ ਨੂੰ ਮੂਲੋਂ ਮਾਰ ਦੇਣਾ ਸਿੱਧੀ ਸਮਝਦਾ ਹੈ, ਜੋ ਮਨ ਦੀ ਜਾਣਨਾ, ਸੋਚਣਾ ਤੇ ਪ੍ਰਤੀਤ ਕਰਨਾ ਆਦਿ ਸਮੇਤ ਸਾਰੀ ਚੇਤਨਤਾ ਦਾ ਪੂਰਨ ਅਭਾਵ ਕਰਨਾ ਚਾਹੁੰਦਾ ਹੈ, ਕਬੀਰ ਜੀ ਨੂੰ ਕਹਿ ਰਿਹਾ ਹੈ ਕਿ ਤੁਸੀਂ ਫੁਰਮਾਇਆ ਹੈ 'ਚੀਤੁ ਨਿਰੰਜਨ ਲਾਇਆ'; ਜਦ ਤਕ 'ਚਿਤ' ਕਹੋ ਯਾ 'ਮਨ' ਕਹੋ ਇਹ ਹੈ, ਤਦ ਤਕ ਸਿਧੀ ਕਿੱਥੇ? ਮਨ ਨੂੰ ਮੂਲੋਂ ਮਾਰ ਕੇ ਸੁੰਨ ਕਰ ਘੱਤੀਏ ਤਾਂ ਸਿੱਧੀ ਹੈ। ਇਸ ਬਾਤ ਦਾ ਉੱਤਰ ਇਸ ਸ਼ਬਦ ਵਿਚ ਕਬੀਰ ਜੀ ਨੇ ਦਿੱਤਾ ਹੈ। ਤੇ ਵਾਦੀ ਉਤੇ ਪ੍ਰਸ਼ਨ ਕਰ ਕਰਕੇ ਬੀ ਉਸ ਨੂੰ ਨਿਰੁੱਤਰ ਕਰ ਦਿੱਤਾ ਹੈ।

ਅੰਕ ੧ ਤੇ ਰਹਾਉ–'ਮਨ' ਸੰਸਕ੍ਰਿਤ ਪਦ ਹੈ, ਧਾਤੂ ਹੈ ਮਨ੍=ਗਯਾਨੇ । ਸੋ ਮਨ ਅਪਣੇ ਪਹਿਲੇ ਅਰਥ ਵਿਚ ਗਯਾਨ ਸਰੂਪਤਾ ਹੈ। 'ਮਨ੍' ਧਾਤੂ ਤੋਂ ਬਣਿਆ 'ਮਨਸ੍' ਪਦ ਜਿਸ ਦਾ ਆਮ ਰੂਪ ਹੈ ਮਨ। ਇਹ ਪਦ ਸਰੀਰ ਵਿਚ ਉਸ ਇੰਦ੍ਰੇ ਨੂੰ ਦਿੱਤਾ ਗਿਆ ਹੈ ਜੋ ਜਾਣਨ ਸੱਤਯਾ ਵਾਲਾ ਹੈ

ਤੇ ਸਾਰੇ ਇੰਦ੍ਰਿਆਂ ਤੇ ਸਰੀਰ ਨੂੰ ਟੋਰਦਾ ਹੈ। ਪਦ 'ਸੁਭਾਉ' ਸੰਸਕ੍ਰਿਤ ਪਦ 'ਸ੍ਵਭਾਵ' ਤੋਂ ਬਣਿਆ ਹੈ, ਜਿਸਦਾ ਅਰਥ ਹੈ–ਖ਼ਸਲਤ, ਪ੍ਰਕ੍ਰਿਤੀ, ਫ਼ਿਤਰਤ, ਨਿਜ ਦਸ਼ਾ। (ਅ) ਆਦਤ, ਵਾਦੀ। ਸੋ ਮਨ ਦੀ ਫ਼ਿਤਰਤ ਹੈ ਜਾਣਨਾ, ਮਨ ਦਾ ਮੂਲ ਹੈ ਗਜਾਨ ਸਰੂਪਤਾ, ਇਸ ਦੀ ਅਸਲੀ ਫ਼ਿਤਰਤ ਇਹੋ ਹੋਈ: ਜਾਣਨਾ। ਮਨ ਦਾ ਕੋਈ ਸਰੂਪ ਲਓ, ਜੋ ਬਾਵਨ ਅਖਰੀ ਦੇ 'ਮਮਾ' ਅੱਖਰ ਵਿਚ ਕਬੀਰ ਜੀ ਨੇ ਦੱਸੇ ਹਨ, ਸਭਨਾ ਵਿਚ ਚੇਤਨਤਾ ਵਯਾਪਤ ਰਹੇਗੀ। ਜੇ ਇਸ ਨੂੰ ਮਾਰ ਲਿਆ ਤਾਂ ਚੇਤਨਤਾ ਮਾਰ ਲਈ, ਫੇਰ ਬਾਕੀ ਕੀਹ ਰਹੇਗਾ? ਹੁਣ ਜੇ ਚੇਤਨਤਾ ਨੂੰ ਮੂਲੋਂ ਮਾਰਿਆ ਤਾਂ ਸਰੀਰ ਹੀ ਨਾਂ ਰਹੇਗਾ, ਕਿਉਂਕਿ ਮਨ ਹੀ ਸਰੀਰ ਦੀ ਜੀਵਨ ਕਲਾ ਹੈ। ਤਦ ਹੋਰ ਕ੍ਰਿਯਾ ਤਾਂ ਰਹੀਆਂ ਜਗਤ ਤਾਰਨੇ ਹਿਤ, 'ਮਨ ਰਹਿਤ' ਸਰੀਰ ਉਪਦੇਸ਼ ਕੀਕੂੰ ਕਰੇਗਾ? ਮਨ ਵਿਚ ਇਕ ਹੋਰ ਸ਼ਕਤੀ ਹੈ ਕਿ ਅਪਣੇ ਆਪ ਨੂੰ ਬੀ ਉਪਦੇਸ਼ ਕਰਦਾ ਹੈ, ਮਾੜੇ ਕੰਮਾਂ ਤੋਂ ਹੋੜਦਾ ਤੇ ਭਲੇ ਵਲ ਪ੍ਰੇਰਦਾ ਹੈ। ਜੇ ਮਨ ਹੀ ਨਾ ਰਿਹਾ ਤਾਂ ਇਹ ਕੰਮ ਕੌਣ ਕਰੇਗਾ? ਪਰਮਾਰਥ ਵਲ ਕੌਣ ਲਾਏਗਾ? ਜਾਪਦਾ ਹੈ ਕਿ ਇੱਥੇ ਕ੍ਰ ਜੋਗੀ ਨੇ ਕਿਹਾ ਕਿ ਮੁਨੀ ਲੋਕ ਹਨ ਜੋ ਮਨ ਨੂੰ ਮੂਲੋਂ ਮਾਰ ਲੈਂਦੇ ਹਨ। ਤਦ ਆਪ ਕਹਿੰਦੇ ਹਨ ਕਿ ਦਿਖਾ ਸਾਨੂੰ ਕੋਈ ਮੁਨੀ ਜੀਉਂਦਾ ਜਾਗਦਾ, ਜਿਸ ਨੇ ਮਨ ਨੂੰ ਮੂਲੋਂ ਮਾਰ ਲਿਆ ਹੋਵੇ ਤੇ ਫੇਰ ਮਨ ਮਾਰਨ ਦਾ ਉਪਦੇਸ਼ ਦੇ ਕੇ ਜਗਤ ਨੂੰ ਤਾਰ ਰਿਹਾ ਹੋਵ।

ਅੰਕ ੨–ਕਿਉਂਕਿ ਬੋਲੇ ਬਿਨਾ ਉਪਦੇਸ਼ ਨਹੀਂ ਦਿੱਤਾ ਜਾ ਸਕਦਾ ਅਤੇ ਬੋਲ ਆਦਮੀ ਤਦ ਸਕਦਾ ਹੈ ਜੇ ਮਨ ਅੰਦਰ ਜੀਉਂਦਾ ਜਾਗਦਾ ਹੋਵੇ। ਜੇ ਮਨ ਮੂਲੋਂ ਮਰ ਗਿਆ ਹੈ ਤਾਂ ਸਰੀਰਕ ਕ੍ਰਿਯਾ ਖੜੋ ਗਈ ਹੈ, ਫੇਰ ਕੋਈ ਬੋਲ ਨਹੀਂ ਸਕਦਾ। ਤਦ ਦੱਸੋ ਉਹ ਮੁਨੀ ਬੋਲ ਕਿਵੇਂ ਰਿਹਾ ਹੈ?

ਇਥੇ ਆਕੇ ਵਾਦੀ ਨਿਰੁੱਤਰ ਹੋ ਗਿਆ ਹੈ, ਪਰ ਉਸ ਨੂੰ ਇਕ ਉਸ਼ਟ ਲਕੜ ਨਯਾਯ ਵਰਗੀ ਗਲ ਸੁੱਝੀ ਤੇ ਆਖਦਾ ਹੈ: ਤੁਸੀਂ ਬੀ ਤਾਂ ਇਹੋ ਗਲ ਆਖਦੇ ਹੋ ਕਿ ਮਨ ਮਾਰੇ ਬਿਨਾਂ ਭਗਤੀ ਨਹੀਂ ਹੋ ਸਕਦੀ। ਕਬੀਰ ਜੀ ਇਹ ਸੁਣਕੇ ਨਿਰੁੱਤਰ ਨਹੀਂ ਹੋਏ, ਉਸ ਨੂੰ ਜਵਾਬ ਦੇਂਦੇ ਹਨ, ਪਰ ਜਵਾਬ ਸੰਪਟ ਰੂਪ ਵਿਚ ਹੈ। ਉਸ ਵਿਚ ਭਾਵ ਜਣਾ ਜਾਂਦੇ ਹਨ*।

ਅੰਕ ੩–ਕਹਿੰਦੇ ਹਨ: ਹੇ ਭਾਈ! ਇਸ ਗਲ ਦਾ ਇਕ ਭੇਤ ਹੈ, ਜੋ ਉਸ ਭੇਤ ਨੂੰ ਸਮਝ ਲਵੇ ਉਹ ਸਮਝ ਸਕਦਾ ਹੈ ਕਿ ਸਾਡਾ ਕੀਹ ਭਾਵ ਹੁੰਦਾ ਹੈ। ਜਦੋਂ ਅਸੀਂ ਆਖਦੇ ਹਾਂ ਕਿ 'ਮਨ ਮਾਰੇ ਬਿਨ ਭਗਤੀ ਨਹੀਂ ਹੋ ਸਕਦੀ'। ਉਸ ਸਾਡੇ ਭੇਦ ਨੂੰ ਜਾਣਨ ਵਾਲਾ ਜਾਣ ਲੈਂਦਾ ਹੈ ਕਿ ਮਨ ਮਧੁਸੂਦਨ ਹੈ ਤੇ ਤਿੰਨਾਂ ਦੇਵਾਂ ਦਾ ਪ੍ਰਕਾਸ਼ ਸਰੂਪ (=ਦੇਵ) ਹੈ।

ਐਸਾ ਕਹਿਣ ਵਿਚ ਭੇਦ ਨਹੀਂ ਦੱਸਿਆ; ਪਰ ਕਟਾਖ੍ਯ ਸੁੱਟਿਆ ਹੈ ਕਿ ਸਾਡਾ ਮਤਲਬ ਮਨ ਨੂੰ ਮੂਲੋਂ ਮਾਰਨ ਤੋਂ ਨਹੀਂ ਹੁੰਦਾ, ਪਰ ਮਨ ਨੂੰ ਮਾਇਆ ਪ੍ਰੇਮ ਵੱਲੋਂ ਉਲਟਾਕੇ ਬ੍ਰਹਮ ਪ੍ਰੇਮ ਵਿਚ ਲਾਕੇ ਇਸ ਨੂੰ ਇਸ ਦੇ ਸਨਾਤਨ ਰੂਪ ਵਿਚ ਲੈ ਜਾਣ ਦਾ ਸਾਧਨ ਹੁੰਦਾ ਹੈ, ਯਥਾ:–

ਅਬ ਮਨੁ ਉਲਟਿ ਸਨਾਤਨੁ ਹੂਆ ॥ ਤਬ ਜਾਨਿਆ ਜਬ ਜੀਵਤ ਮੂਆ ॥
[ਗਉੜੀ ਕਬੀਰ ਜੀ ੧੭

ਸਨਾਤਨ ਰੂਪ ਇਸ ਦੀ 'ਸ਼ਿਵ' ਸਰੂਪਤਾ† ਹੈ ਜੈਸਾ ਕਿ ਆਪ ਨੇ ਫੁਰਮਾਇਆ ਹੈ:–

ਇਹੁ ਮਨੁ ਸਕਤੀ ਇਹੁ ਮਨੁ ਸੀਉ ॥ ਇਹੁ ਮਨੁ ਪੰਚ ਤਤ ਕੋ ਜੀਉ ॥
[ਗਉੜੀ ਕਬੀਰ ਜੀ, ਬਾਵਨ ਅਖਰੀ–੩੩

ਸੋ ਇਸ ਮਨ ਦੀ 'ਸ਼ਕਤੀ ਰੂਪਤਾ' ਤੇ 'ਪੰਚ ਤਤ ਰੂਪਤਾ' ਉਲਟਾਕੇ 'ਸ਼ਿਵ ਰੂਪਤਾ'† ਵਿਚ ਇਸ ਨੂੰ ਲੈ ਗਏ, ਜੋ ਇਸ ਦਾ ਸਨਾਤਨ ਰੂਪ ਹੈ। ਉਹ ਰੂਪ ਮਧੁਸੂਦਨ ਰੂਪ ਹੈ, ਭਾਵ ਪਰਮਾਤਮ

*ਭੇਦ ਅੱਗੇ ਚੱਲਕੇ ਗਉੜੀ ਬਾਵਨ ਅਖਰੀ ਕਬੀਰ ਜੀ ਵਾਲੀ ਵਿਚ ਖੁਲ੍ਹਦਾ ਹੈ; ਦੇਖੋ 'ਮਮਾ' ਅਖਰ।
†ਕਲਿਆਣ ਸਰੂਪਤਾ। ਗਿਆਨ ਸਰੂਪਤਾ। ਰਾਮ ਅੰਸ਼ੀ ਦੀ ਅੰਸ਼ ਹੋਣ ਕਰਕੇ ਬ੍ਰਹਮ ਸਰੂਪਤਾ।

ਰੂਪ ਹੈ ਤੇ ਤਿੰਨਾਂ ਭਵਨਾਂ ਦਾ 'ਪ੍ਰਕਾਸ਼ ਸਰੂਪ' ਹੈ।

ਇਹ ਜੋ ਸਨਾਤਨ ਰੂਪ ਵਿਚ ਲੈ ਜਾਣਾ ਹੈ ਇਹ ਮਾਰਨਾ ਨਹੀਂ ਮਨ ਨੂੰ ਸਾਧਣਾ ਹੈ, ਯਥਾ:–

ਮੰਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ ॥
ਮਨ ਹੀ ਮਨ ਸਿਉ ਕਹੈ ਕਬੀਰਾ ਮਨਸਾ ਮਿਲਿਆ ਨ ਕੋਇ ॥
[ਗਉੜੀ ਬਾਵਨ ਅਖਰੀ ਕਬੀਰ ਜੀ–੩੨

ਇਸ ਸਾਰੇ ਵਿਚ ਕਬੀਰ ਜੀ ਦਾ ਭਾਵ ਇਹੀ ਸਹੀ ਹੁੰਦਾ ਹੈ ਕਿ ਅਸਾਂ ਮਨ ਨੂੰ ਮਾਰਨਾ ਨਹੀਂ, ਇਸਨੂੰ ਸੰਸਾਰਾਕਾਰਤਾ ਤੋਂ ਬਦਲਕੇ ਈਸ਼੍ਵਰਾਕਾਰ ਕਰਨਾ ਹੈ। ਸਾਧਾਰਣ ਜੀਵਾਂ ਦਾ ਮਨ 'ਦ੍ਰਿਸ਼ਟਮਾਨ' ਵਿਚ ਲਗਾ ਹੋਇਆ ਹੈ ਇਸ ਨੂੰ ਆਲੰਬ ਪਦਾਰਥਾਂ ਦਾ, ਮਿਤ੍ਰਾਂ ਦਾ, ਸਨਬੰਧੀਆਂ ਦਾ, ਮਾਇਆ ਦਾ, ਵਿਕਾਰਾਂ ਦਾ, ਸ਼ੁਭ ਅਸ਼ੁਭ ਪ੍ਰਵਿਰਤੀਆਂ ਦਾ ਹੈ; ਇਸ ਦਾ ਆਸਰਾ ਯਾ ਅਲੰਬ ਬਦਲਣਾ ਹੈ। ਇਨ੍ਹਾਂ ਦੀ ਥਾਵੇਂ ਭਗਤੀ ਦੁਆਰਾ ਈਸ਼੍ਵਰ ਇਸ ਦਾ ਆਲੰਬ ਬਣਾ ਦੇਣਾ ਹੈ। ਅਰਥਾਤ ਮਨ ਨੂੰ ਬ੍ਰਹਮ ਦੇ ਨਾਮ ਸਿਮਰਣ ਨਾਲ ਬ੍ਰਹਮ ਵੱਲ ਤਵੱਜੋ ਤੇ ਧਿਆਨ ਦਿਵਾ ਦਿਵਾਕੇ ਬ੍ਰਹਮ ਆਸਰੇ ਕਰ ਦੇਣਾ ਹੈ। ਉਸ ਪਰਮਾਤਮ ਦੇਵ ਦੇ ਆਸਰੇ ਹੋ ਗਿਆਂ ਕੇਵਲ ਉਸੇ ਦੇ ਧਿਆਨ ਵਿਚ ਨਿਸ਼ਟ ਹੋਇਆਂ ਇਸ ਨੂੰ ਸਾਖਯਾਤ ਹੋ ਜਾਏਗਾ। ਫਿਰ ਕੀ ਦੇਖੋਗੇ ਕਿ ਇਹੋ ਮਨ, ਜਿਸ ਨੂੰ ਤੁਸੀਂ ਮਾਰਨੇ ਦਾ ਯਤਨ ਕਰਦੇ ਸਾਓ, ਬ੍ਰਹਮ ਰੂਪ ਹੋ ਗਿਆ ਹੈ; ਖ਼ੁਦ ਪ੍ਰਕਾਸ਼ ਸਰੂਪ ਹੋ ਗਿਆ ਹੈ। ਜੈਸਾ ਕਿ ਸ੍ਰੀ ਜੀ ਫੁਰਮਾਉਂਦੇ ਹਨ:–

ਮਮਾ ਮੂਲ ਗਹਿਆ ਮਨੁ ਮਾਨੈ ॥ ਮਰਮੀ ਹੋਇ ਸੁ ਮਨ ਕਉ ਜਾਨੈ ॥
ਮਤ ਕੋਈ ਮਨ ਮਿਲਤਾ ਬਿਲਮਾਵੈ ॥ ਮਗਨ ਭਇਆ ਤੇ ਸੋ ਸਚੁ ਪਾਵੈ ॥ ੩੧ ॥
[ਗਉੜੀ ਬਾਵਨ ਅਖਰੀ ਕਬੀਰ ਜੀ–੩੧

ਇਹੋ ਗਲ ਤੀਜੇ ਸਤਿਗੁਰਾਂ ਨੇ ਕਹੀ ਹੈ:–

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥ ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥ ਮੂਲੁ ਪਛਾਣਹਿ ਤਾਂ ਸਹੁ ਜਾਣਹਿ ਮਰਣ ਜੀਵਣ ਕੀ ਸੋਝੀ ਹੋਈ ॥ ਗੁਰ ਪਰਸਾਦੀ ਏਕੋ ਜਾਣਹਿ ਤਾਂ ਦੂਜਾ ਭਾਉ ਨ ਹੋਈ ॥ ਮਨਿ ਸਾਂਤਿ ਆਈ ਵਜੀ ਵਧਾਈ ਤਾ ਹੋਆ ਪਰਵਾਣੁ ॥ ਇਉ ਕਹੈ ਨਾਨਕੁ ਮਨ ਤੂੰ ਜੋਤਿ ਸਰੂਪੁ ਹੈ ਅਪਣਾ ਮੂਲੁ ਪਛਾਣੁ ॥ ੫ ॥ [ਆਸਾ ਮ: ੩, ਛੰਤ–੭

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬੀ ਆਪਣੀ ਅਸਟਪਦੀ ਅੱਠਵੀਂ ਵਿਚ ਮਨ ਦਾ ਸਾਰਾ ਹਾਲ ਤੇ ਅੰਤ ਇਸ ਦੇ 'ਰਾਮ ਰਸਾਇਣਿ ਮਾਤਾ' ਤੱਕ ਅੱਪੜਨ ਦਾ ਹਾਲ ਦਿੱਤਾ ਹੈ, ਯਥਾ:–

ਆਸਾ ਮਹਲਾ ੧। ਮਨੁ ਮੈਗਲੁ ਸਾਕਤੁ ਦੇਵਾਨਾ ॥ ਬਨਖੰਡਿ ਮਾਇਆ ਮੋਹਿ ਹੈਰਾਨਾ ॥ ਇਤ ਉਤ ਜਾਹਿ ਕਾਲ ਕੇ ਚਾਪੇ ॥ ਗੁਰਮੁਖਿ ਖੋਜਿ ਲਹੈ ਘਰੁ ਆਪੇ ॥ ੧ ॥ ਬਿਨੁ ਗੁਰ ਸਬਦੈ ਮਨੁ ਨਹੀ ਠਉਰਾ ॥ ਸਿਮਰਹੁ ਰਾਮ ਨਾਮੁ ਅਤਿ ਨਿਰਮਲੁ ਅਵਰ ਤਿਆਗਹੁ ਹਉਮੈ ਕਉਰਾ ॥ ੧ ॥ ਰਹਾਉ ॥ ਇਹੁ ਮਨੁ ਮੁਗਧੁ ਕਹਹੁ ਕਿਉ ਰਹਸੀ ॥ ਬਿਨੁ ਸਮਝੇ ਜਮ ਕਾ ਦੁਖੁ ਸਹਸੀ ॥ ਆਪੇ ਬਖਸੇ ਸਤਿਗੁਰੁ ਮੇਲੈ ॥ ਕਾਲੁ ਕੰਟਕੁ ਮਾਰੇ ਸਚੁ ਪੇਲੈ ॥ ੨ ॥ ਇਹੁ ਮਨੁ ਕਰਮਾ ਇਹੁ ਮਨੁ ਧਰਮਾ ॥ ਇਹੁ ਮਨੁ ਪੰਚ ਤਤੁ ਤੇ ਜਨਮਾ ॥ ਸਾਕਤੁ ਲੋਭੀ ਇਹੁ ਮਨੁ ਮੂੜਾ ॥ ਗੁਰਮੁਖਿ ਨਾਮੁ ਜਪੈ ਮਨੁ ਰੂੜਾ ॥ ੩ ॥ ਗੁਰਮੁਖਿ ਮਨੁ ਅਸਥਾਨੇ ਸੋਈ ॥ ਗੁਰਮੁਖਿ ਤ੍ਰਿਭਵਣਿ ਸੋਝੀ ਹੋਈ ॥ ਇਹੁ ਮਨੁ ਜੋਗੀ ਭੋਗੀ ਤਪੁ ਤਾਪੈ। ਗੁਰਮੁਖਿ ਚੀਨੈ ਹਰਿ ਪ੍ਰਭੁ ਆਪੈ ॥ ੪ ॥ ਮਨੁ ਬੈਰਾਗੀ ਹਉਮੈ ਤਿਆਗੀ ॥ ਘਟਿ ਘਟਿ ਮਨਸਾ ਦੁਬਿਧਾ ਲਾਗੀ ॥ ਰਾਮ ਰਸਾਇਣੁ ਗੁਰਮੁਖਿ ਚਾਖੈ ॥ ਦਰਿ ਘਰਿ ਮਹਲੀ ਹਰਿ ਪਤਿ ਰਾਖੈ ॥੫॥ ਇਹੁ ਮਨੁ ਰਾਜਾ ਸੂਰ ਸੰਗ੍ਰਾਮਿ ॥ ਇਹੁ ਮਨੁ ਨਿਰਭਉ ਗੁਰਮੁਖਿ ਨਾਮਿ ॥ ਮਾਰੇ ਪੰਚ ਅਪੁਨੈ ਵਸਿ ਕੀਏ ॥

ਹਉਮੈ ਗ੍ਰਾਸਿ ਇਕਤੁ ਥਾਇ ਕੀਏ ॥ ੬ ॥ ਗੁਰਮੁਖਿ ਰਾਗ ਸੁਆਦ ਅਨ ਤਿਆਗੇ ॥
ਗੁਰਮੁਖਿ ਇਹੁ ਮਨੁ ਭਗਤੀ ਜਾਗੇ ॥ ਅਨਹਦ ਸੁਣਿ ਮਾਨਿਆ ਸਬਦੁ ਵੀਚਾਰੀ ॥
ਆਤਮੁ ਚੀਨਿ ਭਏ ਨਿਰੰਕਾਰੀ ॥ ੭ ॥ ਇਹੁ ਮਨੁ ਨਿਰਮਲੁ ਦਰਿ ਘਰਿ ਸੋਈ ॥
ਗੁਰਮੁਖਿ ਭਗਤਿ ਭਾਉ ਧੁਨਿ ਹੋਈ ॥ ਅਹਿਨਿਸਿ ਹਰਿ ਜਸੁ ਗੁਰ ਪਰਸਾਦਿ ॥ ਘਟਿ
ਘਟਿ ਸੋ ਪ੍ਰਭੁ ਆਦਿ ਜੁਗਾਦਿ ॥ ੮ ॥ ਰਾਮ ਰਸਾਇਣਿ ਇਹੁ ਮਨੁ ਮਾਤਾ ॥ ਸਰਬ
ਰਸਾਇਣੁ ਗੁਰਮੁਖਿ ਜਾਤਾ ॥ ਭਗਤਿ ਹੇਤੁ ਗੁਰ ਚਰਣ ਨਿਵਾਸਾ ॥ ਨਾਨਕ ਹਰਿ
ਜਨ ਕੇ ਦਾਸਨਿ ਦਾਸਾ ॥ ੯ ॥ ੮ ॥

**ਨਿਰੁਕ੍ਤ**—ਸੁਭਾਉ–[ਸੰਸ:, ਸ੍ਵਭਾਵ:=ਆਪਣੀ ਖਾਸੀਅਤ] ਖਸਲਤ, ਪ੍ਰਕ੍ਰਿਤੀ, ਫਿਤਰਤ, ਨਿਜ ਦਸ਼ਾ। (੨) ਆਦਤ, ਵਾਦੀ। ਦੇਖੋ ਪਿਛੇ ਵ੍ਯਾਖ੍ਯਾ।

ਬਿਆਪੀ–[ਸੰਸ:, ਵ੍ਯਾਪਨੰ=ਫੈਲਾਉ, ਵਿਆਪਤੀ] ਵਿਸਤ੍ਰਿਤ, ਫੈਲਿਆ ਹੋਇਆ, ਲੱਗਾ ਹੋਇਆ। ਚੰਬੜਿਆ ਹੋਇਆ, ਵਰਤ ਰਿਹਾ।

ਮਨਹਿ ਬਿਆਪੀ–ਮਨ ਨੂੰ ਵ੍ਯਾਪ ਰਿਹਾ ਹੈ, ਮਨ ਨੂੰ ਲੱਗਾ ਹੋਇਆ ਹੈ। ਮਨ ਵਿਚ ਵਿਸਤ੍ਰਿਤ ਹੈ। ਮਨ ਵਿਚ ਵਰਤ ਰਿਹਾ ਹੈ।

ਮਨ–[ਸੰਸ:, ਧਾਤੁ–ਮਨ੍=ਸਮਝਨਾ, ਵਿਚਾਰ ਕਰਨਾ। ਮਨਸ੍=ਗ੍ਯਾਨ ਸਰੂਪ] ਚੇਤਨਤਾ ਸਰੂਪ। ਵ੍ਯਾਖ੍ਯਾ ਵਿਚ ਵੇਰਵਾ ਆ ਚੁਕਾ ਹੈ। 'ਮਨ ਵਿਚ ਮਨ ਦਾ ਸੁਭਾਵ ਵ੍ਯਾਪਤ ਹੋਣ' ਦਾ ਭਾਵ ਹੈ ਉਸਦੀ ਖ਼ਸਲਤ ਜੋ ਹੈ 'ਚੇਤਨਤਾ' 'ਚਿੰਤਨ ਕਰਨਾ'। ਉਸ ਦੇ ਚਿੰਤਨ ਨੂੰ ਨਾ ਕੱਟੋ ਉਹ ਉਸ ਦਾ ਸਰੂਪ ਕੱਟਣਾ ਹੋਵੇਗਾ।ਉਸਦੇ ਚਿੰਤਨ ਦਾ ਆਲੰਬ ਬਦਲੋ 'ਮਾਇਆ ਤੇ ਹਉਂ' ਦੀ ਥਾਂ ਉਸ ਦੇ ਚਿੰਤਨ ਦਾ ਆਲੰਬ ਬਣਾ ਦਿਓ ਅਕਾਲ ਪੁਰਖ ਦਾ ਚਿੰਤਨ, ਬ੍ਰਹਮ ਚਿੰਤਨ। ਇਹ ਹੋਇਗਾ ਮਨ ਦਾ ਮਾਰਨਾ ਜੋ ਭਗਤੀ ਵਿਚ ਪਰਵਾਨ ਹੈ।

ਵ੍ਯਾਪਨਾ ਪਦ ਗੁਰਬਾਣੀ ਵਿਚ ਮਨ ਦੇ ਸੰਬੰਧ ਵਿਚ ਹਉਂ ਤੇ ਮਾਇਆ ਤੇ ਹੋਰ ਵਿਕਾਰਾਂ ਲਈ ਬੀ ਆਇਆ ਹੈ, ਜਿਨ੍ਹਾਂ ਨੂੰ ਨਿਵਾਰਨਾ ਹੈ; ਯਥਾ:-

ਮਨ ਕਉ ਵਿਆਪੈ ਹਉਮੈ ਮੈਲੁ ॥ [ਭੈਰਉ ਮ: ੫-੪੫

ਪੁਨਾ:- ਮਾਇਆ ਬਿਆਪਤ ਬਹੁ ਪਰਕਾਰੀ ॥"

ਪੰਚ ਦੂਤ ਬਿਆਪਤ ਅੰਧਿਆਰ ॥"

ਕਿਉਂ ਵਿਆਪਦੇ ਹਨ ?

ਸਭ ਕਿਛੁ ਬਿਆਪਤ ਬਿਨੁ ਹਰਿ ਰੰਗ ਰਾਤ ॥ [ਗਉੜੀ ਮਹਲਾ ੫-੮੮

ਤਾਂਤੇ 'ਹਰਿ ਪ੍ਰੇਮ' ਵਿਚ ਰਚ ਜਾਣਾ ਹੈ, ਤਦ ਹਉਂ, ਮਾਯਾ ਤੇ ਸਭ ਵਿਆਪੇ ਵਿਕਾਰ ਹਟ ਜਾਣੇ ਹਨ, ਫੇਰ ਇਸ ਨੇ ਆਪਣੇ ਜੋਤ ਸਰੂਪ ਵਿਚ ਸ਼ੁੱਧ ਹੋ ਜਾਣਾ ਹੈ, ਇਹ ਹੈ ਮਨ ਦੇ ਮਾਰਨ ਦਾ ਭਾਵ, ਜੋ ਕਬੀਰ ਜੀ ਕਹਿ ਰਹੇ ਹਨ ਕਿ ਭਗਤੀ ਵਾਲੇ ਲੈਂਦੇ ਹਨ।

ਕਵਨ ਸਿਧਿ ਥਾਪੀ- ਕਿਹੜੀ ਸਿਧੀ ਸਿਰੇ ਚਾੜ੍ਹੀ ਹੈ। ਭਾਵ ਕੁਛ ਨਹੀਂ ਬਣਾਇਆ, ਕੋਈ ਕਮਾਲੀਅਤ ਪ੍ਰਾਪਤ ਨਹੀਂ ਕੀਤੀ।

ਮੁਨਿ–[ਸੰਸ:, ਮੁਨਿ:] (੧) ਮਨਨ ਕਰਨੇ ਵਾਲਾ। (੨) ਮਾਨ ਕੀਤੇ ਜਾਣ ਯੋਗ। ਮਹਾਤਮਾ। ਧਰਮਾਤਮਾ। (ਅ) ਤਪੱਸ੍ਵੀ ਸਾਧੂ, ਸਿੱਧ ਜੋਗੀ ਆਦਿ।

ਭੇਉ–ਭੇਦ। ਗੁੱਝੀ ਗਲ। ਮਰਮ ਦੀ ਬਾਤ।

ਮਧੁ ਸੂਦਨੁ–[ਸੰਸ:,ਮਧੁਸੂਦਨ:] ਮਧੂ ਨਾਮੇ ਦੈਂਤ ਨੂੰ ਮਾਰਨ ਵਾਲਾ,ਸੋ ਸ੍ਰੀ ਕ੍ਰਿਸ਼ਨ ਜੀ।ਐਸੇ

ਪਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਨ੍ਹਾਂ ਮੌਕਿਆਂ ਤੇ ਪਰਮੇਸ਼ੁਰ ਵਾਚੀ ਹੁੰਦੇ ਹਨ। ਇਸੇ ਕਰਕੇ ਇਸਦੇ ਨਾਲ ਹੋਰ ਵਿਸ਼ੇਸ਼ਨ ਦਿਤਾ ਹੈ: ਤ੍ਰਿਭਵਣ ਦੇਉ=ਤਿੰਨਾਂ ਭਵਨਾਂ ਦਾ ਪ੍ਰਕਾਸ਼ਸਰੂਪ ਪ੍ਰਭੂ=ਅਕਾਲ ਪੁਰਖ।

'ਮਧੁ ਸੂਦਨੁ' ਤੋਂ ਕੀਹ ਮੁਰਾਦ ਹੈ,ਗੁਰੂ ਜੀ ਨੇ ਆਪ ਦੱਸਿਆ ਹੈ:-

ਮਧ ਸੂਦਨ ਜਗਜੀਵਨ ਮਾਧੋ ਮੇਰੇ ਠਾਕੁਰ ਅਗਮ ਅਪਾਰੇ॥

[ਨਟ ਮਹਲਾ ੪, ਅਸਟ: ੧-੨

ਅਗਮ ਤੇ ਅਪਾਰ ਦਾ ਨਾਮ ਮਧੁਸੂਦਨ ਹੈ। [ਸੰਸ:, ਮਧੁ:=ਅੰਮ੍ਰਿਤ। ਸੂਦਨ:=ਪਿਆਰਾ] ਮਧੁਸੂਦਨ:=ਅੰਮ੍ਰਿਤ ਦਾ ਪਿਆਰਾ, ਕਰਤਾਰ। (ਅ) ਸ਼ੁਭ ਤੇ ਅਸ਼ੁਭ ਕਰਮਾਂ ਦੇ ਬੰਧਨਾਂ ਨੂੰ ਕੱਟਣ ਵਾਲਾ ਯਾ ਅਹੰਕਾਰ ਨੂੰ ਮਾਰਨ ਵਾਲਾ ਕਰਤਾਰ।

ਤ੍ਰਿਭਵਣ-[ਸੰਸ:, ਤ੍ਰਿਭੁਵਨੰ] ਤਿੰਨ ਭਵਣ। ਤਿੰਨਾਂ ਭਵਨਾਂ ਦਾ। ਤਿੰਨਾਂ ਲੋਕਾਂ ਦਾ। ਸਾਰੇ ਬ੍ਰਹਮੰਡ ਦਾ। ਦੇਉ-[ਸੰਸ:, ਦੇਵ:] ਪ੍ਰਕਾਸ਼ ਸਰੂਪ। ਪ੍ਰਕਾਸ਼ ਸਰੂਪ ਪ੍ਰਭੂ।

## [ਗਉੜੀ ਕਬੀਰ ਜੀ, ਚਉਪਦਾ-੨੯]

**ਪ੍ਰਾਕ੍ਰਥਨ**—ਅਗਲਾ ਸ਼ਬਦ ਕਿਸੇ ਨਾਸਤਿਕ ਪੰਡਿਤ ਪਰਥਾਇ ਹੈ, ਜਿਸ ਨੂੰ ਕੁਦਰਤ ਵਲ ਧਿਆਨ ਦੁਆਕੇ ਕਾਦਰ ਲਖਾਉਂਦੇ ਹਨ।

| ਮੂਲ | ਅਰਥ |
|---|---|
| ਗਉੜੀ ਕਬੀਰ ਜੀ॥ ਓਇ ਜੁ ਦੀਸਹਿ ਅੰਬਰਿ ਤਾਰੇ॥ ਕਿਨਿ ਓਇ ਚੀਤੇ ਚੀਤਨਹਾਰੇ॥੧॥ | ਔਹ ਜੋ ਆਕਾਸ਼ ਵਿਚ ਤਾਰੇ ਦਿੱਸਦੇ ਹਨ, (ਦੱਸ) ਓਹ ਕਿਸ ਚਿਤ੍ਰਕਾਰ ਨੇ ਚਿਤ੍ਰੇ (ਭਾਵ ਰਚੇ) ਹਨ ?॥੧॥ |
| ਕਹੁ ਰੇ ਪੰਡਿਤ ਅੰਬਰੁ ਕਾ ਸਿਉ ਲਾਗਾ॥ ਬੂਝੈ ਬੂਝਨਹਾਰੁ ਸਭਾਗਾ॥੧॥ ਰਹਾਉ॥ | (ਫਿਰ) ਕਹੁ ਹੇ ਪੰਡਿਤ! ਆਕਾਸ਼ ਕਿਸਦੇ ਆਸਰੇ ਸਿਰ ਹੈ? (ਇਸ ਗੱਲ ਨੂੰ ਕੋਈ) ਭਾਗ ਸ਼ੀਲ ਬੁੱਝਣੇ ਵਾਲਾ ਬੁੱਝਦਾ ਹੈ॥੧॥ ਰਹਾਉ॥ |
| ਸੂਰਜ ਚੰਦੁ ਕਰਹਿ ਉਜੀਆਰਾ॥ ਸਭ ਮਹਿ ਪਸਰਿਆ ਬ੍ਰਹਮ ਪਸਾਰਾ॥੨॥ | (ਦੇਖ) ਸੂਰਜ ਚੰਦ (ਆਦਿ ਜੋ) ਚਾਨਣਾ ਦੇ ਰਹੇ ਹਨ, ਸਾਰਿਆਂ ਵਿਚ ਬ੍ਰਹਮ ਦਾ ਪਸਾਰਾ ਪਸਰ ਰਿਹਾ ਹੈ॥੨॥ |
| ਕਹੁ ਕਬੀਰ ਜਾਨੈਗਾ ਸੋਇ॥ ਹਿਰਦੈ ਰਾਮੁ ਮੁਖਿ ਰਾਮੈ ਹੋਇ॥੩॥੨੯॥ | (ਪਰ ਇਸ ਵਜਾਪਕ ਬ੍ਰਹਮ ਦੇ ਭੇਤ ਨੂੰ) ਦੱਸਦੇ ਹਨ ਕਬੀਰ ਜੀ ਕਿ ਓਹੀ (ਪੁਰਖ) ਜਾਣੇਗਾ, ਜਿਸਦੇ ਮੂੰਹ ਵਿਚ ਬੀ ਰਾਮ ਹੈ ਤੇ ਹਿਰਦੇ ਵਿਚ ਬੀ ਰਾਮ (ਵਸਦਾ) ਹੈ॥੩॥੨੯॥ |

**ਵਜਾਖਜਾ**—ਕੁਛ ਇਸਤਰ੍ਹਾਂ ਜਾਪਦਾ ਹੈ ਕਿ ਕੋਈ ਨਾਸਤਕ ਪੰਡਿਤ ਮਿਲਿਆ ਹੈ, ਉਸ ਨੇ ਕੁਛ ਨਾਸਤਕਾਂ ਵਿਚ ਆਮ ਪ੍ਰਚਲਿਤ ਢਕੋਸਲੇ ਲਾਏ ਹਨ। ਆਪ ਜੀ ਸੁਣਕੇ ਹੱਸੇ ਹਨ ਤੇ ਮੋਟੀ ਪਰ ਪਤੇ ਦੀ ਗੱਲ ਉੱਤਰ ਵਿਚ ਕਹਿੰਦੇ ਹਨ ਜੋ ਹੈ ਪ੍ਰਸ਼ਨ ਰੂਪ ਪਰ ਪ੍ਰਸ਼ਨ ਵਿਚ ਹੀ ਉੱਤਰ ਮੌਜੂਦ ਹੈ।

ਜਰਮਨ ਫਿਲਾਸਫਰ ਕੈਂਟ ਨੇ ਕੁਛ ਐਸ ਤਰ੍ਹਾਂ ਦੇ ਵਾਕ ਕਹੇ ਸਨ ਕਿ ਦੋ ਗੱਲਾਂ ਮੈਨੂੰ ਵਿਸਮਾਦ ਲਾ ਦੇਂਦੀਆਂ ਹਨ, ਬਾਹਰ ਤਾਂ ਸਤਾਰਿਆਂ ਭਰਿਆ ਆਸਮਾਨ ਤੇ ਜੀਵਾਂ ਦੇ ਅੰਦਰ ਮਨ

ਵਿਚ ਇਨਸਾਫ਼ ਦਾ ਨੁਕਤਾ।

ਕੁਛ ਇਸ ਤਰ੍ਹਾਂ ਦੇ ਭਾਵ ਵਿਚ ਕਬੀਰ ਜੀ ਬੋਲੇ, ਦਲੀਲੀ ਬਹਸ ਵਿਚ ਨਹੀਂ ਪਏ, ਅਪਣੇ ਅੰਦਰ ਪ੍ਰਾਪਤ ਰੂਹਾਨੀ ਵਿਸਮਾਦ ਦੇ ਰੰਗ ਵਿਚ ਦੱਸਦੇ ਹਨ: ਭਾਈ! ਆਕਾਸ਼ਾਂ ਵਿਚ ਜੋ ਦੁਨੀਆਂ ਦੀ ਵਿਸ਼ਾਲ ਰਚਨਾ ਪਈ ਦਿੱਸਦੀ ਤੇ ਵਿਸਮ ਦ ਲਾਉਂਦੀ ਹੈ ਇਸ ਨੂੰ ਦੇਖਕੇ ਵਿਸਮਾਦ ਵਿਚ ਆ ਤੇ ਸੋਚ ਕਿ ਇਨ੍ਹਾਂ ਦਾ ਕੋਈ ਰਚਣਹਾਰ ਹੈ, ਏਹ ਆਪੇ ਨਹੀਂ ਰਚੇ ਗਏ। ਤੈਨੂੰ ਇਹ ਸਿੱਧੀ ਗੱਲ ਕਿਉਂ ਨਹੀਂ ਫੁਰ ਰਹੀ ਕਿ ਇਤਨੀ ਵਿਸ਼ਾਲ ਰਚਨਾ ਚੇਤੰਨ ਕਰਤਾ ਬਿਨ ਹੋਣੀ ਸੰਭਵ ਨਹੀਂ। ਤੂੰ ਕੁਛ ਇਸ ਪ੍ਰਕਾਰ ਦਾ ਮੰਤਕੀ ਹੈਂ ਕਿ ਜਿਸ ਨੇ ਕੰਧ ਤੇ ਥੱਪੇ ਹੋਏ ਗੋਹੇ ਵੇਖ ਕੇ ਕਿਹਾ ਸੀ ਕਿ ਗਊ ਕੰਧ ਉਤੇ ਚੜ੍ਹਕੇ ਗੋਹਾ ਕਰ ਗਈ ਹੈ, ਗਊ ਤੋਂ ਛੁਟ ਇਹ ਕਿਸੇ ਹੋਰ ਨੇ ਨਹੀਂ ਲਾਏ।

ਕਬੀਰ ਜੀ ਤਾਰੇ ਚਮਕਦੇ ਵੇਖ ਕੇ ਵਿਸਮਾਦ ਵਿਚ ਗਏ ਹਨ, ਫੇਰ ਆਪ ਦਾ ਕੁਦਰਤ ਤੋਂ ਹੋਯਾ ਵਿਸਮਾਦੀ ਮਨ ਬ੍ਰਹਮ ਵਿਸਮਾਦ ਵਿਚ ਗਿਆ ਹੈ ਕਿ ਮਾਯਕ ਯਾ ਪ੍ਰਾਕ੍ਰਿਤ ਵਿਸ਼ਾਲ ਰਚਨਾ ਰਚਣ ਵਾਲੇ ਨੇ ਕੈਸੀ ਅਦਭੁਤ ਰਚਨਾ ਰਚੀ ਹੈ। ਫੇਰ ਆਪ ਹੀ ਦੱਸਦੇ ਹਨ ਕਿ ਆਕਾਸ਼ ਅਰ ਸੂਰਜ ਚੰਦ ਤੇ ਹੋਰ ਵਿਸ਼ਾਲ ਰਚਨਾ ਜੋ ਅਤੀ ਦੂਰ ਹੋਣ ਕਰਕੇ ਤਾਰਿਆਂ ਦੇ ਰੂਪ ਵਿਚ ਦਿੱਸਦੀ ਤੇ ਪ੍ਰਕਾਸ਼ ਦੇ ਰਹੀ ਹੈ, ਇਹ ਸਭ ਪਸਾਰਾ ਬ੍ਰਹਮ ਦਾ ਪਸਾਰਿਆ ਹੋਇਆ ਹੈ। ਇਸ ਕਹਿਣ ਵਿਚ ਇਹ ਭਾਵ ਦਾਨੇ ਦੱਸਦੇ ਹਨ ਕਿ ਸੂਰਜ ਚੰਦ ਤੇ ਤਾਰੇ ਜੋ ਬੀ ਦੂਰ ਹੋਣ ਕਰਕੇ ਨਿੱਕੇ ਦਿੱਸਦੇ ਹਨ ਪਰ ਹੈਨ ਸੂਰਜ ਤੋਂ ਬੀ ਵੱਡੇ ਤੇ ਅੱਗ ਵਿਸ਼ਾਲ ਰਚਨਾ ਹੈ ਓਹ ਆਕਾਸ਼ ਵਿਚ ਵਿਸਤ੍ਰਿਤ ਹੈ ਤਾਂ ਕਹੀਦਾ ਹੈ ਕਿ ਓਹ ਆਕਾਸ਼ ਆਸਰੇ ਹਨ। ਪਰ ਆਕਾਸ (Space) ਕਿਸ ਨੇ ਵਿਸਤ੍ਰਿਤ ਕੀਤਾ ਤੇ ਓਹ ਕਿਸ ਆਸਰੇ ਹੈ? ਤਾਂ ਉੱਤਰ ਦੇਂਦੇ ਹਨ ਕਿ ਅੰਤਮ ਆਧਾਰ ਬ੍ਰਹਮ ਹੈ, ਤੇ ਓਹ ਨਿਰਾਧਾਰ ਸ੍ਵਯੰ ਆਧਾਰ ਸਭ ਦਾ ਆਸਰਾ ਤੇ ਸਭ ਦਾ ਆਧਾਰ ਹੈ।

ਫਿਰ ਜਾਪਦਾ ਹੈ ਨਾਸਤਕ ਆਖਦਾ ਹੈ ਕਿ ਤੁਹਾਨੂੰ ਇਹ ਪ੍ਰਤੱਖ ਐਸਾ ਹੀ ਭਾਸ ਰਿਹਾ ਹੈ, ਸਾਨੂੰ ਕਿਉਂ ਨਹੀਂ ਭਾਸਦਾ? ਤਾਂ ਜਵਾਬ ਦੇਂਦੇ ਹਨ ਕਿ ਤੈਨੂੰ ਕੁਦਰਤ ਵਿਚ ਦੇ ਨਜ਼ਾਰੇ ਵਿਸਮਾਦ ਨਹੀਂ ਲਾ ਰਹੇ, ਤੇਰਾ ਮਨ ਕੁਰਾੜਾ ਹੋ ਰਿਹਾ ਹੈ ਜੋ ਫੋਕੀ ਵਿਦ੍ਯਾ ਦੇ ਅਕੜਾਉ ਨਾਲ ਆਕੜ ਰਿਹਾ ਹੈ। ਇਸ 'ਵਿਸਮਾਦ ਸੁੰਨ' ਆਕੜੇ ਮਨ ਨੂੰ ਸਿਮਰਨ ਵਿਚ ਪਾ, ਰਸਨਾ ਨਾਲ ਨਾਮ ਜਪ, ਹਿਰਦੇ ਵਿਚ ਰਾਮ ਨੂੰ ਸਿਮਰ, ਇਉਂ ਤੇਰਾ ਸੁੱਤਾ ਮਨ ਜਾਗੇਗਾ ਤਦ ਫੇਰ ਅਨੁਭਵ ਕਰੇਂਗਾ ਕਿ ਸਾਰੇ ਪਸਾਰੇ ਦੀ ਜਿੰਦ ਜਾਨ ਆਸਰਾ ਕਰਤਾ ਕਾਦਰ ਬ੍ਰਹਮ ਹੈ।

ਕਬੀਰ ਜੀ ਯੁਕਤੀਆਂ ਨਾਲ ਬ੍ਰਹਮ ਸਬੂਤ ਕਰਨ ਦਾ ਜਤਨ ਨਹੀਂ ਕਰਦੇ ਅਮਲੀ ਤ੍ਰੀਕਾ ਉਸ ਨੂੰ ਬ੍ਰਹਮ ਅਨੁਭਵਤਾ ਦਾ ਦੱਸ ਰਹੇ ਹਨ, ਜਿਸ ਨਾਲ ਉਹ ਬ੍ਰਹਮ ਲੱਖਤਾ ਵਿਚ ਆ ਜਾਵੇ।

**ਨਿਰੁਕ੍ਤ**—ਅੰਬਰਿ–[ ਸੰਸ:, ਅਮ੍ਬਰਮ੍ ] ਆਸਮਾਨ। ਆਕਾਸ਼।

ਸਭਾਗਾ—ਭਾਗਾਂ ਵਾਲਾ। ਉਜੀਆਰਾ–[ਸੰਸ:, ਉਜ੍ਜ੍ਵਲ:] ਚਾਨਣਾ।

ਬ੍ਰਹਮ ਪਸਾਰਾ—ਬ੍ਰਹਮ ਦਾ ਪਸਾਰਾ।

## [ਗਉੜੀ ਕਬੀਰ ਜੀ, ਚਉਪਦਾ–੩੦]

**ਪ੍ਰਾਕ੍ਕਥਨ**—ਇਹ ਸ਼ਬਦ ਕਿਸੇ ਕਰਮ ਕਾਂਡ ਵਿਚ ਫਸੇ ਤੇ ਲੋਕਾਂ ਨੂੰ ਫਸਾਉਂਦੇ ਪੰਡਤ ਪ੍ਰਤਿ ਹੋਇਆ ਜਾਪਦਾ ਹੈ, ਜੋ ਸਿਦਕ ਭਰੋਸਾ ਭਗਤੀ ਤੇ ਗਯਾਨ ਦੀ ਥਾਂ ਨਿਜ ਕਰਮਾਂ ਤੇ ਰੱਖਦਾ ਹੈ।

| ਮੂਲ | ਅਰਥ |
| --- | --- |
| ਗਉੜੀ ਕਬੀਰ ਜੀ ॥ ਬੇਦ ਕੀ ਪੁਤ੍ਰੀ ਸਿੰਮ੍ਰਿਤਿ ਭਾਈ ॥ ਸਾਂਕਲ ਜੇਵਰੀ ਲੈ ਹੈ ਆਈ ॥ ੧ ॥ | ਹੇ ਭਾਈ ! ਸਿੰਮ੍ਰਤੀ ਵੇਦ ਦੀ ਬੇਟੀ ਹੈ (ਇਹ ਲੋਕਾਂ ਲਈ) ਸੰਗਲ ਤੇ ਰੱਸੀ ਲੈ ਕੇ ਆਈ ਹੈ ॥ ੧ ॥ |
| ਆਪਨ ਨਗਰੁ ਆਪ ਤੇ ਬਾਧਿਆ ॥ ਮੋਹ ਕੈ ਫਾਧਿ ਕਾਲ ਸਰੁ ਸਾਂਧਿਆ ॥ ੧ ॥ ਰਹਾਉ ॥ | (ਇਸ ਸਿੰਮ੍ਰਤੀ ਨੇ) ਅਪਣਾ ਸ਼ਹਿਰ (ਭਾਵ ਅਪਣੇ ਵਿਸ਼ਵਾਸ਼ੀ ਲੋਕਾਂ ਨੂੰ) ਆਪੇ ਹੀ ਬੰਨ੍ਹ ਲਿਆ ਹੈ। (ਐਸ ਤਰ੍ਹਾਂ ਕਿ ਪਹਿਲੋਂ ਤਾਂ ਲੋਕਾਂ ਨੂੰ) ਮੋਹ ਦੀ ਫਾਹੀ ਵਿਚ ਬੰਨ੍ਹ ਲਿਆ ਹੈ, (ਉਤੋਂ ਫੇਰ) ਕਾਲ ਦਾ ਤੀਰ ਖਿੱਚ ਰਖਿਆ ਹੈ ॥੧॥ਰਹਾਉ॥ |
| ਕਟੀ ਨ ਕਟੈ ਤੂਟਿ ਨਹ ਜਾਈ ॥ ਸਾ ਸਾਪਨਿ ਹੋਇ ਜਗ ਕਉ ਖਾਈ ॥ ੨ ॥ | (ਉਹ ਮੋਹ ਦੀ ਫਾਸ) ਕੱਟਿਆਂ ਕੱਟੀ ਨਹੀਂ ਜਾਂਦੀ ਨਾ ਉਹ (ਪੁਰਾਣੀ ਹੋ ਕੇ ਆਪੇ) ਤੁਟਦੀ ਹੈ। ਉਹ (ਸਗੋਂ) ਸਪਣੀ ਬਣਕੇ (ਅਪਣੇ ਜਾਏ) ਜਗਤ ਨੂੰ (ਆਪ ਹੀ) ਖਾਂਦੀ ਪਈ ਹੈ ॥ ੨ ॥ |
| ਹਮ ਦੇਖਤ ਜਿਨਿ ਸਭੁ ਜਗੁ ਲੂਟਿਆ ॥ ਕਹੁ ਕਬੀਰ ਮੈ ਰਾਮ ਕਹਿ ਛੂਟਿਆ ॥ ੩ ॥ ੩੦ ॥ | ਸਾਡੇ ਦੇਖਦਿਆਂ ਜਿਸ ਨੇ ਸਾਰੇ ਜਗਤ ਨੂੰ ਲੁੱਟ ਲਿਆ ਹੈ, ਕਹਿੰਦੇ ਹਨ ਕਬੀਰ ਜੀ (ਉਸ ਸਰਪਨੀ ਤੋਂ) ਮੈਂ ਰਾਮ ਕਹਿ ਕਹਿ ਕੇ (ਰਾਮ ਦਾ ਭਜਨ ਕਰ ਕਰਕੇ) ਛੁੱਟ ਗਿਆ ਹਾਂ ॥ ੩ ॥ ੩੦ ॥ |

**ਵਖਿਆ—**ਇਕ ਜੀਵ ਹੈ ਜੋ ਪਰਮਾਰਥ ਦਾ ਖੋਜੀ ਹੈ ਉਸ ਨੂੰ ਸਿੰਮ੍ਰਤੀਆਂ ਦਾ ਕਰਮ ਕਾਂਡੀ ਉਪਦੇਸ਼ ਮਿਲਦਾ ਹੈ, ਇਸਦੇ ਦੱਸੇ ਕਰਮ ਕਰਨ ਵਿਚ ਉਹ ਲੱਗ ਜਾਂਦਾ ਹੈ। ਪਰ ਇਹ ਉਸ ਨੂੰ ਛੁਟਕਾਰੇ ਦਾ ਵਸੀਲਾ ਨਹੀਂ ਮਿਲਿਆ, ਇਹ ਤਾਂ ਸੰਗਲਾਂ (ਵਰਣਾਸ਼੍ਰਮ-ਦੀ ਕੈਦ) ਤੇ ਰੱਸੀਆਂ (ਕਰਮ ਕਾਂਡ) ਵਿਚ ਉਸ ਨੂੰ ਹੋਰ ਬੰਨ੍ਹ ਜਾਂਦਾ ਹੈ। ਕਿਉਂਕਿ ਸਿੰਮ੍ਰਤੀਆਂ ਜੋ ਵੇਦ ਦੇ ਆਸਰੇ ਬਣਨ ਕਰਕੇ ਉਸ ਦੀਆਂ ਪੁਤ੍ਰੀਆਂ ਕਹੀਆਂ ਜਾ ਸਕਦੀਆਂ ਹਨ, ਕਰਮ ਦੱਸ ਦੱਸ ਕੇ ਜੀਵਾਂ ਨੂੰ ਸੁਰਗ ਦੇ ਭੋਗਾਂ ਤੇ ਅੱਗੋਂ ਉੱਤਮ ਕੁਲ ਜਨਮ, ਆਦਿ ਦੇ ਲੋਭ ਦੁਆਰਾ ਮੋਹ ਵਿਚ ਹੋਰ ਫਸਾ ਦੇਂਦੀਆਂ ਹਨ। ਸੋ ਜੀਵ ਪਹਿਲਾਂ ਬੀ ਮੋਹ ਮਾਯਾ ਵਿਚ ਫਾਥਾ ਸੀ ਹੁਣ ਹੋਰ ਵਡੇਰੀ ਮੋਹ ਮਾਯਾ ਵਿਚ ਫਸ ਗਿਆ, ਮੁਕਤ ਨਾ ਹੋਇਆ। ਇਸ ਦਾ ਫਲ ਕੀ ਹੋਇਆ ਕਿ ਕਾਲ ਚੱਕ੍ਰ ਨਾ ਮਿਟਿਆ। ਜਿਸ ਨੂੰ ਆਪ ਦੱਸਦੇ ਹਨ ਕਿ ਮੋਹ ਦੇ ਬੱਧੇ ਤੇ ਫਾਥ ਹੋਏ ਉਤੇ ਕਾਲ ਤੀਰ ਖਿੱਚੀ ਖੜਾ ਹੈ।

ਫੇਰ ਪ੍ਰਸ਼ਨ ਹੁੰਦਾ ਹੈ ਕਿ ਇਹ ਬੋਝ ਤੇ ਫਾਹੀ ਕਿਵੇਂ ਕੱਟੀਂਦੀ ਬੀ ਹੈ ? ਦੱਸਦੇ ਹਨ ਕਿ ਇਨ੍ਹਾਂ ਕਰਮਾਂ ਨਾਲ ਨਹੀਂ। ਕਿਉਂਕਿ ਇਨ੍ਹਾਂ ਕਰਮਾਂ ਦੇ ਕਰਨੇ ਨਾਲ 'ਅਹੰ' ਵਧਦੀ ਹੈ—

'ਕਰਮ ਕਰਤ ਬੰਧੇ ਅਹੰਮੇਵ' ॥ [ਗਉੜੀ ਕਬੀਰ ਜੀ-੬

ਸੋ ਜੋ ਚੀਜ਼ ਵਧਦੀ ਰਹੇ ਉਹ ਆਪੇ ਨਿਖੁੱਟੇ ਕੀਕੂੰ ? ਇਹ ਉਨ੍ਹਾਂ ਸਿੰਮ੍ਰਤੀਆਂ ਦੇ ਦੱਸੇ ਕਰਮਾਂ ਨੂੰ ਕਰਦਿਆਂ (ਪੁਰਾਣੀ ਹੋ ਕੇ ਆਪੇ ਬੀ) ਤੁੱਟਦੀ ਨਹੀਂ। ਹੁਣ ਇਕ ਹੋਰ ਉਪਮਾਂ ਵਰਤਦੇ ਹਨ ਕਿ ਜਿਵੇਂ ਸਪਣੀ ਅਪਣੇ ਬੱਚੇ ਆਪੇ ਖਾ ਜਾਂਦੀ ਹੈ ਤਿਵੇਂ ਇਹ ਅਪਣੇ ਮਗਰ ਲੱਗੇ ਜੀਵਾਂ ਨੂੰ,ਜੋ ਇਸਨੂੰ ਪੁਤ੍ਰਾਂ ਸਮਾਨ ਚਾਹੀਦੇ ਸਨ, ਆਪ ਖਾ ਜਾਂਦੀ ਹੈ। ਭਾਵ ਇਹ ਕਿ ਮੁਕਤ ਕਰਨ ਦੀ ਥਾਂ ਕਾਲ ਚੱਕ੍ਰ ਵਿਚ ਫਸਾਈ ਮੁੜ ਮੁੜ ਜਮਾਉਂਦੀ ਮੁੜ ਮੁੜ ਮਾਰਦੀ ਮਾਨੋ ਖਾ ਰਹੀ ਹੈ।

ਅੰਤ ਵਿਚ ਛੁਟਕਾਰੇ ਦੀ ਵਿਧੀ ਦੱਸਦੇ ਹਨ ਕਿ ਮੇਰੇ ਦੇਖਦਿਆਂ ਇਸ ਸਿੰਮ੍ਰਤੀਆਂ ਦੇ ਦਿੜ੍ਹਾਏ

ਕਰਮ ਕਾਂਡ ਨੇ ਅਪਣੇ ਮਗਰ ਲਗਣ ਵਾਲੇ ਸਾਰੇ ਜਗਤ ਨੂੰ ਠਗ ਲਿਆ, ਪਰ ਮੈਂ ਨਹੀਂ ਠਗਿਆ ਗਿਆ, ਮੈਂ ਛੁਟ ਗਿਆ, ਮੁਕਤ ਹੋ ਗਿਆ। ਕੀਕੂੰ? ਰਾਮ ਕਹਿ=ਰਾਮ ਨਾਮ ਦਾ ਸਿਮਰਨ ਕਰ ਕਰਕੇ।

ਭਾਵ ਇਹ ਕਿ ਕਰਮ ਕਾਂਡੀ ਕਰਮ ਹਉਂ ਆਸ਼੍ਰਿਤ ਹੁੰਦੇ ਹਨ ਸੋ ਹਉਂ ਤੋਂ ਮੁਕਤੀ ਨਹੀਂ ਦੇਂਦੇ ਨਾਮ ਦਾ ਸਿਮਰਨ ਹਉਂ ਨੂੰ ਕੱਟਦਾ ਤੇ ਸੁਰਤ ਵਿਚ ਮੁਕਤੀ ਦਾਤਾ ਵਾਹਿਗੁਰੂ ਨੂੰ ਵਸਾਕੇ ਮਾਯਾ ਤੋਂ ਕੱਢਕੇ ਕਰਤਾ ਪੁਰਖ ਵਿਚ ਪੁਚਾ ਦੇਂਦਾ ਹੈ। ਕਬੀਰ ਜੀ ਏਥੇ 'ਕਰਮ ਕਾਂਡ ਕਰਮਾਂ' ਦਾ ਫਲ ਦੱਸ ਰਹੇ ਹਨ ਜੋ ਸੁਰਗ ਆਦਿ ਵਿਚ ਭੋਗਾਂ ਤੋਂ ਜਨਮ ਲੈ ਲੈਕੇ ਮੁੜ ਮੁੜ ਭੋਗਾਂ ਵਿਚ ਫਸਾਉਂਦੇ ਹਨ ਤੇ ਮੁਕਤੀ ਨਹੀਂ ਦੇਂਦੇ। ਆਪ ਇਖ਼ਲਾਕੀ ਕਰਮਾਂ ਤੋਂ ਮਨ੍ਹਾ ਨਹੀਂ ਕਰ ਰਹੇ, ਉਹ ਤਾਂ ਨਾਮ ਸਿਮਰਨ ਦੇ ਸਹਾਈ ਹੁੰਦੇ ਹਨ, ਪਰ ਓਹਨਾਂ ਦਾ ਹੰਕਾਰ ਧਾਰਨ ਨਹੀਂ ਕਰੀਦਾ, ਉਹ ਤਾਂ ਨਾਮੀ ਪੁਰਖ ਨੂੰ ਸੁਰਤ ਦੇ ਇਸ਼ਨਾਨ ਦਾ ਕੰਮ ਦੇਂਦੇ ਹਨ। ਭਾਵ ਇਹ ਕਿ ਸ੍ਰਿਸ਼ਟਾਚਾਰ ਤੇ ਸ਼ੁੱਧ ਆਚਰਣ ਦੇ ਤੇ ਪਰਉਪਕਾਰ ਦੇ ਕੀਤੇ ਸ਼ੁਭ ਕਰਮ, ਜੋ ਨਿਸ਼ਕਾਮ ਹੋਣ, ਓਹ ਕਾਲ ਚੱਕ੍ਰ ਵਿਚ ਨਹੀਂ ਬੰਨ੍ਹਦੇ।

**ਨਿਰੁਕ੍ਤ**—ਬੇਦ ਕੀ ਪੁਤ੍ਰੀ- ਸਿੰਮ੍ਰਤੀਆਂ ਵੇਦ ਤੋਂ ਬਣੀਆਂ ਹਨ ਇਸ ਕਰਕੇ 'ਬੇਦ ਕੀ ਪੁਤ੍ਰੀ' ਕਿਹਾ ਹੈ। ਸਿੰਮ੍ਰਤੀਆਂ ਵਿਚ ਵਿਸ਼ੇਸ਼ ਨਿਰਣਾ ਕਰਮਾਂ ਦਾ ਹੈ।

ਸਾਂਕਲ—[ਸੰਸ:, ਸ਼੍ਰਿਖਲ: ਜਾਂ ਸ਼੍ਰਿੰਖਲ:=ਜ਼ੰਜੀਰ, ਲੋਹੇ ਦੀ ਬੇੜ] ਸੰਗਲ।

ਜੇਵਰੀ—[ਸੰਸ:, ਜੀਵਾਂ] ਰੱਸੀ।

ਨਗਰੁ—[ਸੰਸ:, ਨਗਰੰ] ਸ਼ਹਰ ਭਾਵ ਅਪਣੇ ਤੇ ਵਿਸ਼ਵਾਸ਼ ਰਖਣ ਵਾਲੇ ਲੋਕ।

ਕਾਲ—ਕਾਲ ਨੇ।    ਸਰੁ—[ਸੰਸ:, ਸਰ:] ਤੀਰ।

ਸਾਂਧਿਆ—[ਸੰਸ:, ਸਾਧਿਤ=ਸਾਧਿਆ ਹੋਇਆ] ਸੋਧਿਆ। ਖਿੱਚਿਆ, ਸ਼ਿਸਤ ਬੰਨ੍ਹਕੇ ਤੀਰ ਧਨੁਖ ਤੇ ਧਰਕੇ ਖਿੱਚਿਆ, ਕਾਲ ਹਰ ਵੇਲੇ ਮਾਰਨ ਨੂੰ ਤੇ ਕਾਲ ਚੱਕ੍ਰ ਵਿਚ ਪਾਈ ਰੱਖਣ ਨੂੰ ਖੜਾ ਹੈ।

ਸਾਪਨਿ—[ਸੰਸ:, ਸਰ੍ਪਿਣੀ] ਸੱਪਣੀ।

## [ਗਉੜੀ ਕਬੀਰ ਜੀ, ਚਉਪਦਾ—੩੧]

**ਪ੍ਰਾਕ੍ਥਨ**—ਸੰਪ੍ਰਦਾਈ ਦਾਨੇ ਇਸ ਸ਼ਬਦ ਦੀ ਉਥਾਨਕਾ ਦੱਸਦੇ ਹਨ ਕਿ ਕਿਸੇ ਸ਼ਰਧਾਵਾਨ ਰਾਜੇ ਨੇ ਕਬੀਰ ਜੀ ਨੂੰ ਘੋੜਾ ਅਰਪਨ ਕਰਨਾ ਚਾਹਿਆ ਤਦ ਆਪ ਨੇ ਕਿਹਾ ਕਿ ਸਾਡੇ ਪਾਸ ਅੱਗੇ ਹੀ ਇਕ ਘੋੜਾ ਹੈ ਉਸਦੀ ਸਵਾਰੀ ਕਰਦੇ ਹਾਂ। ਤਾਂ ਰਾਜਾ ਨੇ ਕਿਹਾ: ਕਦੇ ਡਿੱਠਾ ਤਾਂ ਨਹੀਂ; ਤਦ ਕਬੀਰ ਜੀ ਨੇ ਜੋ ਉੱਤਰ ਦਿੱਤਾ ਉਹ ਇਸ ਸ਼ਬਦ ਵਿਚ ਬੜੇ ਥੋੜੇ ਅੱਖਰਾਂ ਵਿਚ ਅੰਕਿਤ ਹੈ। ਘੋੜੇ ਦਾ ਨਾਮ ਨਹੀਂ ਲਿਆ; ਪਰ ਬਾਕੀ ਦੀ ਇਬਾਰਤ ਦਸ ਦੇਂਦੀ ਹੈ ਕਿ ਘੋੜਾ 'ਮਨ' ਹੈ।

| ਮੂਲ | ਅਰਥ |
|---|---|
| ਗਉੜੀ ਕਬੀਰ ਜੀ ॥ ਦੇਇ ਮੁਹਾਰ ਲਗਾਮੁ ਪਹਿਰਾਵਉ ॥ ਸਗਲ ਤ ਜੀਨੁ ਗਗਨ ਦਉਰਾਵਉ ॥੧॥ | (ਮੇਰਾ ਮਨ ਹੀ ਮੇਰਾ ਘੋੜਾ ਹੈ ਇਸਦੇ ਮੂੰਹ ਉਤੇ ਮੈਂ) ਮੋਹ ਨੂੰ ਹਾਰ ਦੇਣ ਵਾਲਾ (=ਵੈਰਾਗ, ਮੁਹਾਰ=ਤਲਹਾਰਾ) ਪਹਿਨਾਉਂਦਾ ਹਾਂ (ਅਤੇ ਇਸ ਦੇ ਮੂੰਹ ਵਿਚ ਲਗਾਮ, ਅਰਥਾਤ ਪਰਮੇਸਰ ਵਲ ਲਗਨ ਵਿਚ ਰਹਿਣ ਦੀ) ਲਗਾਮ ਦੇਂਦਾ ਹਾਂ, ਇਸ ਉਤੇ) ਕਾਠੀ (ਪਾਉਂਦਾ ਹਾਂ) ਸਭ ਕੁਛ ਤਯਾਗ ਦੇਣ ਦੀ (ਭਾਵ ਹੋਰ ਕਰਮ ਧਰਮ ਆਦਿ ਸਾਰੇ ਸਾਧਨ ਛੱਡ ਦੇਣ ਦੀ। ਇਸ ਘੋੜੇ ਨੂੰ ਫੇਰ ਮੈਂ ਦਸਮ |

ਦੁਆਰ ਯਾ ਚਿਤ ਰੂਪੀ) ਅਕਾਸ਼ ਵਿਚ ਦੁੜਾਉਂਦਾ ਹਾਂ।

ਅਪਨੈ ਬੀਚਾਰਿ ਅਸਵਾਰੀ ਕੀਜੈ ॥ ਸਹਜ ਕੈ ਪਾਵੜੈ ਪਗੁ ਧਰਿ ਲੀਜੈ ॥ ੧ ॥ ਰਹਾਉ ॥

(ਉਂਞ ਅੱਗੇ ਪਿੱਛੇ 'ਅਪਣੇ' ਵੀਚਾਰ ਵਿਚ ਰਹੀਦਾ ਹੈ (ਅਰਥਾਤ ਆਤਮ ਬੀਚਾਰ ਕਰਦੇ ਰਹੀਦਾ ਹੈ, ਇਹ ਦੌੜਾਉਣ ਤੋਂ ਘੱਟ ਭਾਵ ਅਰਾਮ ਦੀ ਚਾਲ ਦੀ) ਸਵਾਰੀ ਲਈ ਦੀ ਹੈ। (ਮਤਾਂ ਘੋੜੇ ਤੋਂ ਢੈ ਪਈਏ, ਸੱਟ ਫੇਟ ਲੱਗੇ, ਇਸ ਲਈ) ਸਹਜ ਦੀਆਂ ਰਕਾਬਾਂ ਵਿਚ ਪੈਰ (ਜਮਾਈ) ਰਖੀਦੇ ਹਨ ॥ ੧ ॥ ਰਹਾਉ ॥

ਚਲੁ ਰੇ ਬੈਕੁੰਠ ਤੁਝਹਿ ਲੇ ਤਾਰਉ॥ ਹਿਚਹਿ ਤ ਪ੍ਰੇਮ ਕੈ ਚਾਬੁਕ ਮਾਰਉ ॥ ੨ ॥

[ਹੁਣ ਮਨ ਰੂਪੀ ਘੋੜੇ ਨੂੰ ਸੰਬੋਧਨ ਕਰਦੇ ਹਨ:-] ਚਲ ਹੇ (ਮੇਰੇ ਮਨ ਰੂਪੀ ਘੋੜੇ!) ਤੈਨੂੰ (ਲੈ ਚੱਲਾਂ ਤੇ) ਬੈਕੁੰਠ ਚੱਲ ਉਤਾਰਾਂ। (ਜੇ ਤੂੰ) ਅੜੀ ਕਰੇ ਤਾਂ ਪ੍ਰੇਮ ਦੇ (ਤੈਨੂੰ) ਚਾਬਕ ਮਾਰਾਂਗਾ ॥ ੨ ॥

ਕਹਤ ਕਬੀਰ ਭਲੇ ਅਸਵਾਰਾ ॥ ਬੇਦ ਕਤੇਬ ਤੇ ਰਹਹਿ ਨਿਰਾਰਾ ॥ ੩ ॥ ੩੧ ॥

[ਹੁਣ ਘੋੜਾ ਅਰਪਨ ਕਰਨ ਦੀ ਬੇਨਤੀ ਕਰਨ ਵਾਲੇ ਨੂੰ ਆਖਦੇ ਹਨ:-] ਕਬੀਰ ਆਖਦਾ ਹੈ (ਸੁਣ ਭਾਈ ਪ੍ਰੇਮੀ! ਅਸੀਂ ਅਪਣੇ ਘੋੜੇ ਦੇ) ਅਸਵਾਰ ਹੀ ਚੰਗੇ ਹਾਂ, (ਇਹ ਅਸਵਾਰੀ ਕਰਦੇ ਅਸੀਂ ਕਰਮ ਕਾਂਡ ਤੇ ਵਰਣਆਸ਼੍ਰਮ) ਵੇਦ (ਦੀਆਂ ਜਕੜ ਬੰਦੀਆਂ ਤੇ ਨਿਰ ਅਪ੍ਰਾਧ ਲੋਕਾਂ ਨੂੰ ਕਾਫਰ ਕਹਿ ਕਹਿ ਲੁੱਟਣ ਤੇ ਕਤਲ ਕਰਨ ਵਾਲੀਆਂ) ਕਿਤਾਬਾਂ (ਦੇ ਗੋਰਖ ਧੰਦਿਆਂ) ਤੋਂ ਦੂਰ ਰਹਿੰਦੇ ਹਾਂ ॥ ੩ ॥ ੩੧ ॥

**ਵ੍ਯਾਖ੍ਯਾ**—ਘੋੜ ਅਸਵਾਰੀ ਦੇ ਪਦ ਪਦਾਰਥਾਂ ਵਿਚ ਉਪਦੇਸ਼ ਦਿਤਾ ਹੈ। ਜਿਸ ਦਾ ਭਾਵ ਅਰਥ ਇਹ ਹੈ ਕਿ:-

(੧) ਈਸ਼ੂਰ ਵਲ ਲਗਨ ਅਪਣੇ ਅੰਦਰ ਪੈਦਾ ਕਰੋ।

(੨) ਪਿਆਰ ਦਾ ਰੁਖ਼ ਪਰਮੇਸ਼ੁਰ ਜੀ ਵੱਲ ਬਣਾਓ।

(੩) ਹੋਰ ਪਾਸਿਆਂ ਤੋਂ ਮੋਹ ਨੂੰ ਸੰਕੋਚ ਲਓ।

(੪) ਫਿਰ ਇਹ ਸਮਝੋ ਕਿ ਇਹ ਮਾਰਗ 'ਗ੍ਰਹਿਣ' ਦਾ ਯਾ 'ਪਕੜ' ਦਾ ਨਹੀਂ, ਇਹ 'ਭਜਨ' ਦਾ ਮਾਰਗ ਹੈ; ਤਜੀਨ=ਤਿਆਗ ਦਾ ਮਾਰਗ ਹੈ, ਇਹ ਸ਼ਾਂਤਿ ਰਸ ਦਾ ਰਸਤਾ ਹੈ, ਸ਼ਾਂਤਿ ਰਸ ਦਾ ਸਥਾਈ ਭਾਵ ਨਿਰਵੇਦ (ਤਿਆਗ) ਹੈ।

(੫) ਤਿਆਗ ਮਾਰਗ ਸਮਝਕੇ ਢਹਿੰਦੀਆਂਕਲਾਂ ਵਿਚ ਦਿਲਗੀਰ ਤੇ ਰਊਂ ਰਊਂ ਕਰਨ ਵਾਲੇ ਨਹੀਂ ਹੋ ਜਾਣਾ। ਗਗਨਾਂ ਵਿਚ ਵਿਚਰਨਾ ਹੈ, ਉਚੇ ਭਾਵ ਵਿਚ ਰਹਿਣਾ ਹੈ, ਅਕਾਲ ਪੁਰਖ ਜੋ ਉੱਚਾ ਹੋਇਆ। ਉੱਚੇ ਦੀ ਲਗਨ ਚਿਤ ਬ੍ਰਿਤੀ ਨੂੰ ਉੱਚਿਆਂ ਕਰਦੀ ਹੈ। ਇਹ ਉੱਚਤਾ ਹੰਕਾਰ ਨਾ ਬਣ ਜਾਵੇ ਇਹ ਖ਼ਬਰਦਾਰੀ ਰੱਖਣੀ, ਇਹ ਮਨ ਦੀ ਉਨਮਤਾ=ਉੱਚਤਾ ਹੈ, ਹੰਕਾਰ ਦੀ ਨਹੀਂ।

(੬) ਇਸ ਦਾ ਇਲਾਜ ਇਹ ਹੈ ਕਿ ਸਹਜ ਵਿਚ ਵਰਤੋ। ਸਹਜ ਵਿਚ ਸ਼ਾਂਤੀ ਤੇ ਧੀਰਜ ਦੋ ਅੰਗ ਹੁੰਦੇ ਹਨ, ਇਸੇ ਕਰਕੇ ਸਹਜ ਨੂੰ ਰਕਾਬਾਂ ਨਾਲ ਤਸ਼ਬੀਹ ਦਿਤੀ ਹੈ, ਕਿਉਂਕਿ ਰਕਾਬਾਂ ਦੋ ਹੁੰਦੀਆਂ ਹਨ। ਸਹਜ ਦਾ ਅਰਥ ਸਹਜ ਮਾਰਗ ਬੀ ਹੈ। ਜੋ ਭਗਤੀ ਮਾਰਗ ਹੈ ਤੇ ਹਠ ਆਦੀ ਜ਼ੋਰ ਨਾਲ ਕਰਨ ਵਾਲੇ ਸਾਧਨਾਂ ਤੋਂ ਵੱਖਰਾ ਨਾਮ ਅਭਿਆਸ ਦੇ 'ਸਹਜ ਸਾਧਨ' ਨਾਲ ਹੁੰਦਾ ਹੈ।

(੭) ਇਸ ਪ੍ਰਕਾਰ ਮਨ ਰੂਪੀ ਘੋੜੇ ਨੂੰ ਬੈਕੁੰਠ ਲੈ ਜਾਓ। ਇਕ ਤਾਂ ਬੈਕੁੰਠ ਪ੍ਰਤੱਖ ਹੈ: ਸਾਧ ਸੰਗਤਿ ਬੈਕੁੰਠੈ ਆਹਿ। ਕਿ ਉਪਰਲੇ ਦੱਸੇ ਸਾਧਨ ਕਰਦਿਆਂ ਸਾਧ ਸੰਗਤਿ ਵਿਚ ਵੱਸੋ। ਦੂਜੇ ਬੈਕੁੰਠ

ਹੈ ਵਾਹਿਗੁਰੂ ਜੀ ਦੀ ਸ਼ਰਣ। ਸੋ ਦੋਹਾਂ ਪਾਸਿਆਂ ਵਲ ਜਾਣੋਂ ਮਨ ਜੇ ਰੁਕੇ, ਆਲਸ ਕਰੇ ਤਾਂ ਪ੍ਰੇਮ ਨਾਲ ਸਮਝਾਓ। ਹੁਣ ਮਨ ਤੇ ਕਿਸੇ ਅਨ-ਉੱਦਮ ਯਾ ਸੁਸਤੀ ਵੇਲੇ ਕਰੜਾਈ ਨਹੀਂ ਕਰਨੀ ਪ੍ਰੇਮ ਨਾਲ ਸਮਝਾਉਣਾ ਹੈ।

(੮) ਅੰਤ ਵਿਚ ਦੱਸਦੇ ਹਨ ਕਿ ਇਸ ਮਾਰਗ ਤੇ ਟੁਰਦੇ ਹਉਮੈ ਵਧਾਉਣ ਵਾਲੇ ਕਰਮਾਂ ਵਿਚ ਯਾ ਜਗਤ ਤੇ ਜ਼ੁਲਮ ਕਰਨ ਵਾਲੀਆਂ ਸ਼ਰਹਾ-ਬੰਦੀਆਂ ਵਿਚ ਨਹੀਂ ਫਸਣਾ।

**ਨਿਰੁਕ੍ਤ**—ਪਹਿਲੇ ਅੰਕ ਤੋਂ ਅੱਗੇ ਰਹਾਉ ਵਿਚ 'ਦ੍ਰਿਸ਼ਟਾਂਤ' ਤੇ 'ਦਾ ਦ੍ਰਿਸ਼ਟਾਂਤ' ਦੁਇ ਵਰਤੇ ਹਨ: ਯਥਾ:-'ਬੀਚਾਰ' ਤੇ 'ਅਸਵਾਰੀ', 'ਸਹਜ' ਤੇ 'ਪਾਵੜੇ' (ਰਕਾਬਾਂ) ਇਸ ਤੋਂ ਸੰਭਾਵਨਾ ਹੁੰਦੀ ਹੈ ਕਿ ਪਹਿਲੇ ਅੰਕ ਵਿਚ ਬੀ ਇਹੋ ਗਲ ਹੋਣੀ ਹੈ। ਇਸ ਕਰਕੇ ਸੰਪ੍ਰਦਾਈ ਦਾਨੇ ਪਹਿਲੇ ਅੰਕ ਦੇ ਪਦਾਂ ਨੂੰ ਸ਼ਲੇਖ ਲੈਕੇ ਦੁਇ 'ਦ੍ਰਿਸ਼ਟਾਂਤ' ਤੇ 'ਦਾ ਦ੍ਰਿਸ਼ਟਾਂਤ' ਇਕੋ ਪਦ ਵਿੱਚੋਂ ਕਢ ਲੈਂਦੇ ਆਏ ਹਨ। ਯਥਾ:-ਮੁਹਾਰ=ਮੋਹ ਨੂੰ ਹਾਰ ਦੇਣ ਵਾਲੀ ਮੁਹਾਰ। ਅਰਥਾਤ ਤਲਹਾਰਾ ਮੇਰਾ ਮੋਹ ਨੂੰ ਹਾਰ ਦੇਣਾ ਹੈ। ਮੋਹ+ਅਰਿ=ਮੋਹ ਦਾ ਵੈਰੀ। ਇਸ ਦਾ ਭਾਵ ਦਾਨੇ ਵਿਵੇਕ ਤੇ ਕੋਈ ਵੈਰਾਗ ਲੈਂਦੇ ਰਹੇ ਹਨ ਤੇ ਕਈ ਇੰਦ੍ਰਿਆਂ ਨੂੰ ਵਿਸ਼ੇ ਸਪਰਸ਼ ਤੋਂ ਬਚਾਈ ਰੱਖਣਾ ਭਾਵ ਲੈਂਦੇ ਹਨ। ਮੁਹਾਰ ਅਸਲ ਵਿਚ ਫਾਰਸੀ ਲਫ਼ਜ਼ ਹੈ। 'ਊਠ ਦੇ ਨੱਕ ਵਿਚ ਪਾਉਣ ਵਾਲੀ ਨਕੇਲ' ਇਸ ਦਾ ਅਰਥ ਹੈ। ਪਰ ਮੁਹਾਰ ਯਾ ਮੁਹਰਾ ਘੋੜੇ ਦੇ ਚਿਹਰੇ ਤੇ ਜੋ ਤਲਿਹਾਰਾ ਪਾਉਂਦੇ ਹਨ ਉਸ ਨੂੰ ਬੀ ਕਹਿੰਦੇ ਹਨ। ਨਿੱਕੀ ਲਗਾਮ।

ਮੁਹਾਰ ਪਦ ਤੋਂ ਜੇ ਸਮਝੀਏ ਕਿ ਊਠ ਵਲ ਇਸ਼ਾਰਾ ਹੈ ਤਾਂ ਲਗਾਮ, ਜੀਨ, ਪਾਵੜੇ, ਚਾਬਕ ਆਦਿ ਪਦ ਘੋੜੇ ਦੇ ਲਖਾਯਕ ਹਨ; ਇਸ ਲਈ ਮੁਹਾਰ ਤੋਂ ਮੁਰਾਦ ਊਠ ਦੀ ਨਕੇਲ ਨਹੀਂ ਲੈਣੀ, ਕਿਉਂਕਿ ਰੂਪਕ ਘੋੜੇ ਦਾ ਬੱਧਾ ਹੈ। 'ਦੇਇ ਮੁਹਾਰ ਲਗਾਮੁ ਪਹਿਰਾਵਉ'। ਸਾਹਿਤਕ ਕਾਇਦਿਆਂ ਅਨੁਸਾਰ ਏਥੇ ਪਹਿਲਾ ਤੀਸਰਾ ਤੇ ਦੂਸਰਾ ਚੌਥਾ ਜੋੜਕੇ ਅਰਥ ਲਾਉਣਾ ਹੈ। ਯਥਾ:— ਦੇਇ ਲਗਾਮੁ, ਮੁਹਾਰ ਪਹਿਰਾਵਉ। ਇਸ ਤੋਂ ਬੀ ਪਤਾ ਲਗਾ ਕਿ ਮੁਹਾਰ ਦਾ ਅਰਥ ਘੋੜੇ ਦੇ ਚੇਹਰੇ ਦਾ ਸਾਜ਼ ਤਲਿਹਾਰਾ ਯਾ ਪੂਜੀ ਹੈ, ਕਿਉ ਕਿ ਉਸ ਨੂੰ ਪਹਿਰਾਵਉ ਕਿਹਾ ਹੈ ਤੇ ਲਗਾਮ ਨਾਲ ਮੁਹਾਵਰਾ ਦੇਣੇ ਦਾ ਹੈ, ਕਦੇ ਕੋਈ ਨਹੀਂ ਆਖਦਾ ਕਿ ਲਗਾਮ ਪਹਿਰਾ ਦਿਓ, 'ਲਗਾਮ ਮੂੰਹ ਵਿਚ ਦਿਓ' ਹੀ ਬੋਲਦੇ ਹਨ।

ਲਗਾਮੁ—ਫਾਰਸੀ ਪਦ ਹੈ: ਲਗਾਮ,ਅਰਥ ਹੈ ਵਾਗਾਂ।ਸੋ ਇਕ ਅਰਥ ਤਾਂ ਵਾਗਾਂ ਲੈਂਦੇਹਨ ਤੇ ਦੂਸਰਾ ਸ਼ਲੇਖ ਅਰਥ ਲੈਂਦੇ ਹਨ ਲਗਾਮ=ਲਗਾਉ, ਲਗਨ, ਭਾਵ ਵਾਹਿਗੁਰੂ ਜੀ ਵਲ ਲਗਨ। ਸੋ ਅਰਥ ਕਰਨਾ ਹੈ ਕਿ (ਪਰਮਾਤਮਾ ਵਲ) ਲਗਨ ਇਹ ਲਗਾਮ ਪਹਿਰਾਈ ਹੈ।

ਜੀਨੁ—[ਫਾਰਸੀ, ਜ਼ੀਨ] ਕਾਠੀ ਘੋੜੇ ਦੀ। 'ਸਗਲ ਤਜੀਨ' ਵਿਚੋਂ ਸ਼ਲੇਖ ਐਉਂ ਲੈਣਾ ਹੈ ਸਗਲ+ਤਜੀਨ=ਸਭ ਕੁਛ ਦਾ ਤਯਾਗ ਦੇਣਾ। ਜੀਨ=ਕਾਠੀ। ਸਭ ਕੁਛ ਦਾ ਤਯਾਗ ਦੇਣਾ ਕਾਠੀ (ਬਣਾਈ ਹੈ)। ਜੇ ਇਨ੍ਹਾਂ ਪਦਾਂ ਨੂੰ ਸ਼ਲੇਖ ਲੈਕੇ ਦੋ ਦੋ ਭਾਵ ਨਾ ਲਏ ਜਾਣ ਤਾਂ ਫੇਰ ਅਧਯਾਹਾਰ ਕਰਕੇ ਉਹੋ ਲੋੜ ਪੂਰੀ ਕਰਨੀ ਪੈਂਦੀ ਹੈ।

ਗਗਨ—ਆਕਾਸ਼। (ਅ) ਦਸਮ ਦੁਆਰ। (ੲ) ਚਿਦਾਕਾਸ਼। ਭਾਵ ਵਯਾਖਯਾ ਵਿਚ ਆ ਚੁਕਾ ਹੈ।

ਸਹਜ—ਅਰਥ ਭਾਵ ਵਯਾਖਯਾ ਵਿਚ ਆ ਚੁਕਾ ਹੈ।

ਪਾਵੜੇ—[ਹਿੰ:, ਪਾਂਵ=ਪੈਰ। ਪਾਂਵੜੀ=ਖੜਾਂ, ਖੜਾਉਂ] ਪੈਰਾਂ ਹੇਠਾਂ ਆਉਣ ਵਾਲੀ ਸ਼ੈ। ਰਕਾਬਾਂ। ਪਗੁ—[ਸੰਸ:, ਪਦੰ। ਹਿੰ:, ਪਗ=ਪੈਰ] ਪੈਰ

ਤਾਰਉ—ਦੇ ਦੋ ਅਰਥ ਕਰਦੇ ਹਨ, ਉਤਾਰਾਂ। ਭਾਵ ਬੈਕੁੰਠ ਚਲ ਉਤਾਰਾਂ। (ਅ) ਤਾਰਉ= [ਸੰਸ:, ਤਾਰਣੰ] ਤਾਰਾਂ। ਬੈਕੁੰਠ ਲੈ ਚਲਾਂ ਤੇ ਭਵ ਸਾਗਰ ਤੋਂ ਤਾਰ ਦਿਆਂ।

ਹਿਚਹਿ—[ਹਿੰ:, ਹਿਚਕਨਾ=ਡਰਨਾ, ਡਰ ਨਾਲ ਰੁਕਣਾ] ਰੁਕੇਂ, ਅੜੀ ਕਰੇਂ।

ਚਾਬੁਕ—[ਫਾ:,] ਘੋੜੇ ਨੂੰ ਮਾਰਨ ਦਾ ਲੰਮਾ ਛਾਂਟਾ।

ਬੇਦ—[ਸੰਸ:, ਵੇਦ:] ਹਿੰਦੂ ਧਰਮ ਦੀਆਂ ਵਡੀਆਂ ੪ ਪੁਸਤਕਾਂ। ਏਥੇ ਮੁਰਾਦ ਕਰਮ-ਕਾਂਡੀ ਸ਼ਾਸਤ੍ਰਾਂ ਤੋਂ ਹੈ।

ਕਤੇਬ—[ਅ:, ਕਿਤਾਬ] ਮੁਸਲਮਾਨੀ ੪ ਕਿਤਾਬਾਂ: ਤੌਰੇਤ, ਜ਼ਬੂਰ, ਅੰਜੀਲ, ਕੁਰਾਨ। ਪਰ ਏਥੇ ਵਿਸ਼ੇਸ਼ ਮੁਰਾਦ ਸ਼ਰਆ ਦੀਆਂ ਪੋਥੀਆਂ ਤੋਂ ਹੈ।

[ਗਉੜੀ ਕਬੀਰ ਜੀ, ਚਉਪਦਾ—੩੨]

**ਪ੍ਰਾਕ੍ਰਥਨ**—ਲੋਕਾਂ ਨੂੰ ਮਰਦੇ ਵੇਖ ਕੇ ਸਰੀਰ ਦੇ ਨਿਸ਼ਫਲ ਜਾਣ ਦਾ ਭੈ ਵੀਚਾਰ ਕੇ ਆਪ ਜੀ ਪ੍ਰਭੂ ਤੋਂ ਦਰਸ਼ਨ ਦਾਤ ਮੰਗਦੇ ਹਨ। ਜੇ ਦਰਸ਼ਨ ਹੋ ਜਾਏ ਤਾਂ ਮੌਤ ਦਾ ਭੈ ਮਿਟ ਜਾਂਦਾ ਹੈ।

| ਮੂਲ | ਅਰਥ |
|---|---|
| ਗਉੜੀ ਕਬੀਰ ਜੀ ॥ ਜਿਹ ਮੁਖਿ ਪਾਂਚਉ ਅੰਮ੍ਰਿਤੁ ਖਾਇ॥ ਤਿਹ ਮੁਖ ਦੇਖਤ ਲੂਕਟ ਲਾਇ ॥੧॥ | (ਜੀਵ) ਜਿਸ ਮੂੰਹ ਨਾਲ ਪੰਜੇ ਅੰਮ੍ਰਿਤ (ਭੋਜਨ) ਖਾਂਦਾ ਹੈ, ਦੇਖਣ ਵਿਚ ਆਉਂਦਾ ਹੈ ਕਿ ਉਸੇ ਮੂੰਹ ਨੂੰ ਲੰਬੂ ਲਾਉਂਦੇ ਹਨ ॥ ੧ ॥ |
| ਇਕੁ ਦੁਖੁ ਰਾਮਰਾਇ ਕਾਟਹੁ ਮੇਰਾ ॥ ਅਗਨਿ ਦਹੈ ਅਰੁ ਗਰਭ ਬਸੇਰਾ ॥ ੧ ॥ ਰਹਾਉ ॥ | ਹੇ ਰਾਜਾ ਰਾਮ ! ਮੇਰਾ ਇਕ ਦੁਖ ਦੂਰ ਕਰੋ (ਜੋ ਇਹ ਹੈ:—) ਅੱਗ ਵਿਚ ਸੜਨਾ ਤੇ ਗਰਭ ਵਿਚ ਵੱਸਣਾ ॥ ੧ ॥ ਰਹਾਉ ॥ |
| ਕਾਇਆ ਬਿਗੂਤੀ ਬਹੁ ਬਿਧਿ ਭਾਤੀ ॥ ਕੋ ਜਾਰੇ ਕੋ ਗਡ ਲੇ ਮਾਟੀ॥ ੨ ॥ | (ਇਹ ਸਰੀਰ) ਕਾਇਆ ਕਈ ਬਿਧਾਂ ਤੇ ਭਾਤਾਂ ਨਾਲ ਨਾਸ਼ ਹੁੰਦੀ ਹੈ, ਕੋਈ ਸਾੜਦਾ ਹੈ ਕੋਈ ਮਿੱਟੀ ਵਿਚ ਦੱਬ ਦੇਂਦਾ ਹੈ ॥ ੨॥ |
| ਕਹੁ ਕਬੀਰ ਹਰਿ ਚਰਣ ਦਿਖਾਵਹੁ ॥ ਪਾਛੈ ਤੇ ਜਮੁ ਕਿਉ ਨ ਪਠਾਵਹੁ ॥ ੩ ॥ ੩੨ ॥ | (ਇਸ ਲਈ) ਕਬੀਰ ਆਖਦਾ ਹੈ, ਹੇ ਹਰੀ (ਇਕ ਵੇਰ ਅਪਣੇ) ਚਰਨਾਂ ਦਾ ਦਰਸ਼ਨ ਕਰਾਓ ਪਿਛੋਂ ਚਾਹੇ ਜਮ ਨੂੰ ਘੱਲ ਦੇਣਾ ॥ ੩ ॥ ੩੨ ॥ |

**ਵਯਾਖਯਾ**—ਜਿਸ ਦੇਹ ਨੂੰ ਪਾਲੀਦਾ ਹੈ, ਪਿਆਰੀਦਾ ਹੈ, ਮਰਕੇ ਉਸ ਦੀ ਕੈਸੀ ਦੁਰਗਤਿ ਹੁੰਦੀ ਹੈ ਇਹ ਤੱਕ ਕੇ ਵੈਰਾਗਵਾਨ ਹੋ ਕੇ ਕਬੀਰ ਜੀ ਦੱਸਦੇ ਹਨ ਕਿ ਜਿਸ ਮੂੰਹ ਨਾਲ ਨਾਨਾ ਪ੍ਰਕਾਰ ਦੇ ਸੁਾਦੀਕ ਭੋਜਨ ਖਾਈਦੇ ਹਨ, ਓਸੇ ਨੂੰ ਲੰਬੂ ਲਾ ਕੇ ਸਾੜ ਦੇਈਦਾ ਹੈ। ਜੇ ਸਾੜੀਦਾ ਨਹੀਂ ਤਾਂ ਮਿੱਟੀ ਵਿਚ ਪਾ ਕੇ ਦੱਬ ਦੇਈਦਾ ਹੈ। ਇਸ ਕਰਕੇ ਆਪ ਜਨਮ ਮਰਨ ਦਾ ਦੁਖ ਕੱਟਣਾ ਮੰਗਦੇ ਹਨ। ਅਗਨਿ ਵਿਚ ਸੜਨਾ ਤੇ ਗਰਭ ਬਸੇਰਾ ਕੈਸੇ ਕਾਵਯ ਦੇ ਕਟਾਖਯ ਭਰੇ ਪਦ ਦੋਹਾਂ ਗੱਲਾਂ ਲਈ ਵਰਤਦੇ ਹਨ। ਅੰਤ ਵਿਚ ਆਪ ਦਰਸ਼ਨ ਦਾਤ ਮੰਗਦੇ ਹਨ। ਕਿ ਦਰਸ਼ਨ ਹੋ ਜਾਏ ਤਾਂ ਜਨਮ ਸਫਲ ਹੋ ਜਾਏ। ਜੇਯਾ ਦੇਹ ਦੀ ਸਫਲਤਾ ਸਾਈਂ ਦੇ ਦਰਸ਼ਨ ਲਈ ਸੀ, ਉਹ ਹੋ ਗਿਆ ਤਾਂ ਮਨੋਰਥ ਸਿੱਧ ਹੋ ਗਿਆ। ਫੇਰ ਜਮ ਆਵੇ, ਦੇਹ ਦਾ ਅੰਤ ਕਰੇ ਤੇ ਦੇਹ ਅੱਗ ਯਾ ਮਿੱਟੀ ਨਾਲ

ਯਾ ਹੋਰਵੇਂ ਵਿਸਰਜਨ ਹੋ ਕੇ ਤੱਤਾਂ ਵਿਚ ਜਾ ਮਿਲ ਤਾਂ ਫਿਕਰ ਨਹੀਂ। ਇਸ ਕਥਨ ਵਿਚ ਇਹ ਭਾਵ ਹੈ ਕਿ ਦਰਸ਼ਨ ਹੋ ਜਾਏ ਤਾਂ ਮਨ ਮੌਤ ਤੋਂ ਨਿਰਭੈ ਹੋ ਜਾਂਦਾ ਹੈ। ਮਰੇ ਪਿਛੋਂ ਰੂਹ ਦੀ ਅਗਿਤੀ ਦਾ ਖ਼ਤਰਾ ਨਹੀਂ ਰਹਿੰਦਾ। ਜਦ ਆਤਮਾ ਦੀ ਸ਼ੁਭ ਗਤੀ ਹੋ ਜਾਏ ਤਦ ਮਰ ਚੁਕੀ ਦੇਹ ਕਿਸੇ ਤਰ੍ਹਾਂ ਵਿਸਰਜਨ ਹੋ ਜਾਏ।

**ਨਿਰੁਕਤ**—ਮੁਖ—[ਸੰਸ:, ਮੁਖੰ=ਮੂੰਹ] ਮੂੰਹ ਵਿਚ, ਮੂੰਹ ਨਾਲ।

ਪਾਂਚਉ ਅੰਮ੍ਰਿਤ—ਪੰਚਾਂਮ੍ਰਿਤ। ਇਕ ਸੁਾਦੀਕ ਭੋਜਨ ਪੁਰਾਤਨ ਸਮੇਂ ਦਾ ਹੈ ਜਿਸ ਵਿਚ ਦੁੱਧ, ਦਹੀਂ, ਘਿਉ ਖੰਡ ਤੇ ਸ਼ਹਤ ਪੈਂਦੀ ਹੈ। ਇਥੇ ਉਸ ਤੋਂ ਮੁਰਾਦ ਨਹੀਂ ਕਿਉਂਕਿ ਪਦ ਹਨ—ਪਾਂਚਉ ਅੰਮ੍ਰਿਤ=[ਸੰਸ:, ਅੰਮ੍ਰਿਤਮ੍] ਪੰਜ ਹੀ ਅੰਮ੍ਰਿਤ ਵਰਗੇ ਸੁਾਦੀਕ ਪਦਾਰਥ-ਦੁੱਧ, ਦਹੀਂ, ਘਿਉ, ਖੰਡ, ਸ਼ਹਿਦ ਆਦਿ ਸੁਾਦੀਕ ਭੋਜਨ। ਮੁਰਾਦ ਸੁਾਦੀਕ ਭੋਜਨਾ ਤੋਂ ਹੈ ਕਿਉਂਕਿ ਏਹ ਬੀ ਸੁਾਦੀਕ ਹਨ ਤੇ ਇਨ੍ਹਾਂ ਪੰਜਾਂ ਤੋਂ ਹੀ ਹੋਰ ਸੁਾਦੀਕ ਭੋਜਨ ਬਣਦੇ ਹਨ। ਕਈ ਦਾਨੇ ਏਥੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਸਾ ਦੀ ਵਾਰ ਵਿਚ ਗਿਣੇ ਪੰਜ ਪਦਾਰਥ ਬੀ ਗਿਣਦੇ ਹਨ। ਉਹ ਹਨ: ਅੰਨ, ਪਾਣੀ, ਅਗਨੀ, ਲੂਣ, ਘਿਉ। ਏਹ ਪੰਜ ਸਾਰੇ ਤਾਂ ਭੋਜਨ ਨਹੀਂ ਪਰ ਇਨ੍ਹਾਂ ਤੋਂ ਸੁਆਦੀਕ ਭੋਜਨ ਤਿਆਰ ਹੁੰਦੇ ਹਨ।

ਲੂਕਟ—[ਲੂਕੀ, ਲੂਕਟ, ਲੂਤੀ ਆਦਿ ਪਦ ਸੰਸਕ੍ਰਿਤ ਪਦ ਉਲਕਾ ਤੋਂ ਵਿਗੜਕੇ ਬਣੇ ਹਨ। ਉਲਕਾ ਦਾ ਇਕ ਅਰਥ ਹੈ: ਅਸਮਾਨ ਤੋਂ ਟੁੱਟਦਾ ਤਾਰਾ, ਦੂਸਰਾ ਅਰਥ ਹੈ: ਅੱਗ ਦਾ ਬਲਦਾ ਅਲਾਂਬਾ। ਉਲਕਾ ਦਾ ਧਾਤੂ ਹੈ ਉਖ੍ [ਅਰਥ ਹੈ ਬਲਨਾ] ਲੰਬੂ ਬਲਦੀ ਬਲਦੀ ਲੱਕੜ ਦਾ ਮੁਆਤਾ ਜੋ ਚਿਖਾ ਨੂੰ ਲਾਈਦਾ ਹੈ।

ਬਿਗੂਤੀ—[ਬਿਗੂਤੀ, ਬਿਗੂਤਾ, ਬਿਗੂਤੇ, ਬਿਗਤੀ ਆਦਿ ਪਦ ਸੰਸਕ੍ਰਿਤ ਦੇ ਪਦ 'ਵਿਗਤ' ਤੋਂ ਬਣੇ ਹਨ। ਵਿਗਤ=ਖੋਟੀ ਗਤੀ, ਅਪਗਤੀ। ਖ਼ਰਾਬ] ਵਿਗੜੀ, ਖ਼ਰਾਬ ਹੋਈ, ਰੁਲੀ। ਨਾਸ਼ ਹੋਈ। ਇਸ਼ਾਰਾ ਹੈ ਕਈ ਲੋਕਾਂ ਦੇ ਸਰੀਰ ਨੂੰ ਵਿਸਰਜਨ ਕਰਨ ਦੇ ਤਰੀਕਿਆਂ ਤੋਂ। ਹਿੰਦੂ ਸਾੜਦੇ ਹਨ, ਮੁਸਲਮਾਨ ਈਸਾਈ ਦੱਬਦੇ ਹਨ, ਪਾਰਸੀ ਇਕ ਖੂਹ ਵਿਚ ਲਟਕਾ ਦੇਂਦੇ ਹਨ ਕਿ ਪੰਛੀ ਖਾ ਜਾਣ। ਕੋਈ ਜਲ ਪ੍ਰਵਾਹ ਕਰਦੇ ਹਨ।

## [ਗਉੜੀ ਕਬੀਰ ਜੀ, ਚਉਪਦਾ—੩੩]

**ਪ੍ਰਾਕ੍ਕਥਨ**—ਪਿਛਲੇ ਸ਼ਬਦ ਵਿਚ ਜੀਵਾਂ ਦੇ ਜੰਮਣ ਮਰਣ ਦੀ ਦੁਖਦਾਈ ਦਸ਼ਾ ਵੇਖਕੇ ਵੈਰਾਗ ਬ੍ਰਿਤੀ ਵਿਚ ਦਰਸ਼ਨ ਦਾਤ ਮੰਗੀ ਸੀ। ਹੁਣ ਇਸ ਸ਼ਬਦ ਵਿਚ ਗਿਆਨ ਦੀ ਝਲਕ ਦਿਖਾਕੇ ਭਗਤੀ ਦੇ ਮੁੱਖ ਕਰਮ ਸਿਮਰਨ ਵਿਚ ਦ੍ਰਿੜਤਾ ਦੇਂਦੇ ਹਨ। ਸੰਪ੍ਰਦਾਈ ਦਾਨੇ ਇਸ ਸ਼ਬਦ ਦੀ ਇਕ ਉਥਾਨਕਾ ਵਰਣਨ ਕਰਦੇ ਹਨ ਕਿ ਕਬੀਰ ਜੀ ਦੇ ਘਰ ਨੂੰ ਅੱਗ ਲੱਗ ਗਈ ਯਾ ਨੇੜੇ ਦੀਆਂ ਛੱਪਰੀਆਂ ਨੂੰ ਅੱਗ ਲਗੀ ਤੇ ਉਨ੍ਹਾਂ ਦੀ ਛੱਪਰੀ ਵਲ ਅੱਗ ਵਧਦੀ ਚਲੀ ਆ ਰਹੀ ਸੀ।ਕਿਸੇ ਨੇ ਆਕੇ ਖਬਰਦਿਤੀ. ਤਾਂ ਆਪ ਨੇ ਜੋ ਕੁਛ ਕਿਹਾ ਉਸ ਦਾ ਸਾਰ ਇਸ ਸ਼ਬਦ ਵਿਚ ਹੈ।

| ਮੂਲ | ਅਰਥ |
| --- | --- |
| ਗਉੜੀ ਕਬੀਰ ਜੀ॥ ਆਪੇ ਪਾਵਕੁ ਆਪੇ ਪਵਨਾ ॥ ਜਾਰੈ ਖਸਮੁ ਤ ਰਾਖੈ ਕਵਨਾ ॥ ੧ | (ਪਰਮਾਤਮ ਦੇਵ ਜੋ ਸਭ ਦਾ) ਖਸਮ (ਹੈ) ਆਪ ਹੀ ਅਗਨੀ ਹੈ, ਆਪ ਹੀ ਪਉਣ ਹੈ, (ਜ ਉਹ ਖਸਮ ਆਪ ਹੀ) ਸਾੜੇ ਤਾਂ (ਫਿਰ) ਬਚਾਵੇਗਾ ਕਉਣ ? ॥ ੧ ॥ |

| | |
|---|---|
| ਰਾਮ ਜਪਤ ਤਨੁ ਜਰਿ ਕੀਨ ਜਾਇ ॥ ਰਾਮ ਨਾਮ ਚਿਤੁ ਰਹਿਆ ਸਮਾਇ ॥ ੧ ॥ ਰਹਾਉ ॥ | (ਇਹ ਤਾਂ ਭਾਈ ਘਰ ਬਲ ਰਿਹਾ ਹੈ) ਰਾਮ ਜਪਦਿਆਂ ਤਾਂ ਤਨ ਬੀ ਕਿਉਂ ਨਾ ਸੜ ਜਾਵੇ (ਪਰਵਾਹ ਨਹ ਂ। ਦੇਖਭਾਈ! ਮੇਰਾ) ਚਿਤ ਰਾਮ ਨਾਮ ਵਿਚ ਸਮਾ ਰਿਹਾ ਹੈ ।੧॥ ਰਹਾਉ ॥ |
| ਕਾਕੋ ਜਰੈ ਕਾਹਿ ਹੋਇ ਹਾਨਿ ॥ ਨਟ ਵਟ ਖੇਲੈ ਸਾਰਿਗ ਪਾਨਿ॥੨॥ | (ਹੁਣ) ਕਿਸਦਾ (ਘਰ) ਸੜ ਰਿਹਾ ਹੈ ਤੇ ਕਿਸਦਾ ਨੁਕਸਾਨ ਹੋ ਰਿਹਾ ਹੈ? (ਭਾਈ! ਇਹ ਤਾਂ) ਸਾਰਿੰਗ ਪਾਣ (ਹਰੀਆਪ) ਨਟ ਵਾਙੂ ਖੇਲ ਕਰਦਾ ਪਿਆ (ਮੈਨੂੰ ਦਿੱਸ ਰਿਹਾ ਹੈ) ॥ ੨ ॥ |
| ਕਹੁ ਕਬੀਰ ਅਖਰ ਦੁਇ ਭਾਖਿ ॥ ਹੋਇਗਾ ਖਸਮੁ ਤ ਲੇਇਗਾ ਰਾਖਿ ॥ ੩ ॥ ੩੩ ॥ | (ਸੋ) ਦੋ ਅਖਰ (ਰਾਮ) ਉਚਾਰਨ ਕਰੀ ਚਲ, (ਤੇ ਹੇ) ਕਬੀਰ (ਇਹੋ) ਕਹੁ ਕਿ ਮਾਲਕ ਹੋਇਗਾ ਤਾਂ (ਆਪੇ) ਰੱਖ ਲਏਗਾ ॥ ੩ ॥ |

**ਵਯਾਖਯਾ**—ਕਬੀਰ ਜੀ ਅਕਾਲ ਪੁਰਖ ਨੂੰ ਕਾਰਣਾ ਦਾ ਮਹਾਂ ਕਾਰਣ ਦੇਖ ਰਹੇ ਹਨ। ਅਗਨੀ ਦਾ ਮੂਲ ਤੇ ਅਗਨੀ ਨੂੰ ਪਰਜੁਲਤ ਕਰਨੇ ਵਾਲੀ ਵਾਯੂ ਉਸੇ ਦੇ ਹੱਥ ਵਿਚ ਤੱਕ ਰਹੇ ਹਨ, ਉਸ ਨੂੰ ਮਦਾਰੀ ਵਾਙੂ ਖੇਲ ਕਰਦਾ ਦੇਖ ਰਹੇ ਹਨ, ਜੋ ਨਾਨਾ ਪ੍ਰਕਾਰ ਦੀ ਰਚਨਾ ਤੇ ਉਸਦਾ ਸੰਹਾਰ ਕਰ ਕਰਕੇ ਖੇਲਾਂ ਦਿਖਾਲਦਾ ਹੈ। ਇਸ ਸ੍ਰਿਸ਼ਟੀ ਵਿਚ ਘਰ ਨੂੰ ਲੱਗ ਰਹੀ ਅੱਗ ਦਾ ਯਾ ਜਗਤ ਵਿਚ ਵਯਾਪਕ ਅਗਨੀ ਨੂੰ ਉਸੇ ਦਾ ਖਲ ਤੱਕ ਰਹੇ ਹਨ। ਇਹ ਬ੍ਰਹਮ ਦ੍ਰਿਸ਼ਟੀ ਉਨ੍ਹਾਂ ਦੀ ਨਿਰੀ ਕਥਨ ਮਾਤ੍ਰ ਨਹੀਂ ਪਰ ਭਗਤੀ ਭਾਵ ਵਾਲੇ ਸਿਮਰਨ ਵਿਚ ਲਿਵਧਾਰੀ ਹੋਣ ਤੋਂ ਪ੍ਰਾਪਤ ਹੋਈਦ੍ਰਿਸ਼ਟੀ ਹੈ। ਇਸ ਲਈ ਰਹਾਉ ਵਿਚ ਖੋਹਲ ਕੇ ਦੱਸਦੇ ਹਨ ਕਿ ਰਾਮ ਜਪਤ ਤਨ ਹੀ ਭਾਵੇਂ ਕਿਉਂ ਨਾ ਸੜ ਜਾਵੇ ਕੋਈ ਪਰਵਾਹ ਨਹੀਂ; ਕਿਉਂਕਿ ਉਸ ਲਿਵਲੀਨ ਅਵਸਥਾ ਵਿਚ ਵਾਹਿਗੁਰੂ ਦੇ ਦਰਸ਼ਨ ਹੋ ਰਹੇ ਹਨ ਤੇ ਉਹੀ ਨਯੰਤਾ (ਪ੍ਰੇਰਕ) ਦਿੱਸ ਰਿਹਾ ਹੈ, ਉਸੇ ਦਾ ਸਾਰਾ ਖਲ ਅਨੁਭਵ ਹੋ ਰਿਹਾ ਹੈ। ਇਸ ਲਈ ਅਪਣੇ ਮਨ ਨੂੰ ਯਾ ਅੱਗ ਦੀ ਖਬਰ ਦੇਣ ਵਾਲੇ ਨੂੰ ਕਹਿ ਰਹੇ ਹਨ ਕਿ ਰਾਮ ਨਾਮ ਦਾ ਸਿਮਰਣ ਕਰ, ਆਪੇ ਰੱਖ ਲਏਗਾ ਓਹ ਜੋ ਮਾਲਕ ਹੈ।

ਇਨ੍ਹਾਂ ਅੰਤਲੀਆਂ ਦੋ ਤੁਕਾਂ ਦਾ ਭਾਵ ਇਹ ਨਹੀਂ ਕਿ ਕਬੀਰ ਜੀ ਈਸ਼੍ਵਰ ਦੀ ਹਸਤੀ ਤੇ ਸ਼ੱਕ ਕਰ ਰਹੇ ਤੇ ਫੁਰਮਾ ਰਹੇ ਹਨ ਕਿ ਜੇ ਹੋਵੇਗਾ ਤਾਂ ਰੱਖ ਲਏਗਾ; ਜੇ ਨਹੀਂ ਤਾਂ ਨਾਂ ਸਹੀ। ਕਿਉਂਕਿ ਐਸਾ ਕਹਿਣੇ ਵਿਚ ਪਹਿਲੀਆਂ ਤੁਕਾਂ ਵਿਚ ਆਖੀ 'ਬ੍ਰਹਮ ਦ੍ਰਿਸ਼ਟੀ' ਤੇ 'ਭਗਤੀ ਦੀ ਲਿਵ' ਖੰਡਿਤ ਹੋ ਜਾਂਦੀਆਂ ਹਨ। ਸੋ ਅਰਥ ਦੀ ਬ੍ਰਿਤੀ ਇਸ ਪਾਸੇ ਵੱਲ ਘੁੰਮਦੀ ਹੈ ਕਿ ਤੂੰ ਤਾਂ ਰਾਮ ਨਾਮ ਜਪ, ਇਸ ਨੂੰ ਨਾ ਛੋੜ ਤੇ ਜੇ ਤੇਰਾ ਸਿਮਰਨ ਚਿਤ ਸਮਾਇਆ ਹੋਗਿਆ ਹੈ ਤੇ ਈਸ਼੍ਵਰ ਤੇਰੇ ਵਿਚ ਅਪਣੇ ਦਾਸ ਹੋਣ ਦਾ ਤੇ ਆਪ ਤੇਰਾ ਮਾਲਕ ਹੋਣ ਦਾ ਪਯਾਰ ਧਾਰਨ ਕਰ ਰਿਹਾ ਹੈ ਤਾਂ ਤੈਨੂੰ ਆਪੇ ਰੱਖ ਲਏਗਾ, ਤੈਨੂੰ ਅਪਣੇ ਲਈ ਫਿਕਰ ਕਰਨੇ ਦੀ ਲੋੜ ਨਹੀਂ ਹੈ। ਸੋ 'ਹੋਇਗਾ' ਦਾ ਭਾਵ ਲੈਣਾ ਹੈ ਹੋ ਜਾਏਗਾ। ਭਾਵ ਬਣ ਜਾਏਗਾ। ਐਉਂ ਇਹ ਭਾਵ ਅਖਰਾਂ ਵਿਚੋਂ ਬੀ ਸੌਖਾ ਨਿਕਲ ਆਉਂਦਾ ਹੈ:— 'ਅਖਰ ਦੁਇ ਭਾਖਿ' (ਇਸ ਭਾਖਣੇ ਨਾਲ ਉਹ ਤੇਰਾ) ਖਸਮ ਹੋ ਜਾਏਗਾ (ਤਦੋਂ ਤੈਨੂੰ ਦੁੱਖਾਂ ਤੋਂ) 'ਲੇਇਗਾ ਰਾਖਿ'।

**ਨਿਰੁਕ੍ਤ**—ਪਾਵਕੁ—(ਦੇਖੋ ਪੰਨਾ ੧੫੯੧) ਅੱਗ।

ਪਵਨਾ—(ਦੇਖੋ ਪੰਨਾ ੧੭੦੬) ਹਵਾ।

ਜਾਰੈ-[ਸੰਸ:, ਜ੍ਵਲਨੰ। ਹਿੰ:, ਜਲਨਾ, ਜਲਾਨਾ, ਜਾਰਨਾ] ਜਾਲੇ, ਸਾੜੇ।

ਜਰਿ—ਸੜ। ਕੀਨ- ਕਿਉਂ ਨਾ। ਮੁਰਾਦ ਹੈ ਭਾਵੇਂ।

ਕਾਕੋ—[ਹਿੰਦੀ] ਕਿਸ ਦਾ ? ਹਾਨਿ—[ਸੰਸ:, ਹਾਨਿ:] ਹਾਨੀ, ਨੁਕਸਾਨ।

ਨਟਵਟ—[ਸੰਸ:, ਨਟ:] ਮਦਾਰੀ, ਜਾਦੂ ਦੀਆਂ ਖੇਡਾਂ ਕਰਨ ਵਾਲੇ ਤੋਂ ਭਾਵ ਹੈ। ਵਟ [ਹਿੰਦੀ ਵਟ] ਵਾਙੂ। ੨. [ਸੰਸ:, ਨਟਵਰ:=ਕ੍ਰਿਸ਼ਨ] ਹਰੀ, ਵਾਹਿਗੁਰੂ। (ਅ) ਮਦਾਰੀ ਦਾ ਵੱਟਾ ਬੀ ਅਰਥ ਕਰਦੇ ਹਨ ਜੋ ਮਦਾਰੀ ਦੇ ਖੇਲ ਨਾਲ ਕਦੇ ਉੱਪਰ ਚੜ੍ਹਦਾ ਕਦੇ ਹੇਠ ਆਉਂਦਾ ਹੈ।

ਅਖਰ ਦੁਇ—ਦੋ ਅੱਖਰ। ਕਬੀਰ ਜੀ 'ਰਾਮ' ਪਦ ਦਾ ਸਿਮਰਣ ਕਰਦੇ ਸਨ, ਇਸ ਕਰਕੇ ਇਸ ਦਾ ਭਾਵ ਰਾ+ਮ=ਰਾਮ ਹੈ। ਅਗਲੇ ਸ਼ਬਦ ਵਿਚ ਕਬੀਰ ਜੀ ਆਪ ਹੀ 'ਰਾਮ' ਦਾ ਉਪਦੇਸ਼ ਦੇਂਦੇ ਹਨ।

ਖਸਮੁ—[ਅ:, ਖ਼ਸਮ] ਮਾਲਕ। ਸੁਆਮੀ। ਖ਼ਾਵਿੰਦ।

## [ਗਉੜੀ ਕਬੀਰ ਜੀ, ਚਉਪਦਾ—੩੪]

**ਪ੍ਰਾਕ੍ਕਥਨ**—ਪਿਛਲੇ ਸ਼ਬਦ ਵਿਚ ਕਹੇ 'ਅਖਰ ਦੁਇ' ਦਾ ਟੀਕਾ ਤੇ ਮਹਿਮਾ ਇਸ ਸ਼ਬਦ ਵਿਚ ਕੀਤੀ ਹੈ।

| ਮੂਲ | ਅਰਥ |
|---|---|
| ਗਉੜੀ ਕਬੀਰ ਜੀ ਦੁਪਦੇ੨ ॥ | 'ਦੁਪਦੇ' ਦੇ ਹੇਠਾਂ ਜੋ ਦੂਣੀ ਹੈ ਏਥੇ ਉਸ ਦਾ ਭਾਵ ਇਹ ਹੈ ਕਿ ਅਗੇ ਦੇ ਸ਼ਬਦ ਹੁਣ ਦੁਪਦੇ ਆਉਣਗੇ। |
| ਨਾ ਮੈ ਜੋਗ ਧਿਆਨ ਚਿਤੁ ਲਾਇਆ ॥ ਬਿਨੁ ਬੈਰਾਗ ਨ ਛੂਟਸਿ ਮਾਇਆ ॥ ੧ ॥ | ਨਾ ਤਾਂ ਮੈਂ ਜੋਗ (ਮਾਰਗ) ਦੇ (ਦੱਸੇ) ਧਿਆਨਾਂ ਵਿਚੋਂ* (ਕਿਸੇ ਵਿਚ) ਚਿਤ ਨੂੰ ਲਗਾਇਆ ਹੈ; (ਨਾ ਹੀ ਮੈਂ ਗਿਆਨ ਮਾਰਗ ਵਿਚ ਦੱਸੇ 'ਵੈਰਾਗ' ਨੂੰ ਧਾਰਨ ਕੀਤਾ ਹੈ, ਕਿਉਂਕਿ ਓਹ ਦੱਸਦੇ ਹਨ ਕਿ ਮਾਇਆ ਛੁਡਣੀ ਜ਼ਰੂਰੀ ਹੈ) ਬੈਰਾਗ ਤੋਂ ਬਿਨਾਂ ਮਾਇਆ ਨਹੀਂ ਛੁਟਦੀ ॥ ੧ ॥ |
| ਕੈਸੇ ਜੀਵਨੁ ਹੋਇ ਹਮਾਰਾ ॥ ਜਬ ਨ ਹੋਇ ਰਾਮ ਨਾਮ ਅਧਾਰਾ ॥ ੧ ॥ ਰਹਾਉ ॥ | (ਹੁਣ ਤੀਸਰਾ ਤੇ ਮੁੱਖ ਰਸਤਾ ਭਗਤੀ ਹੈ, ਜਿਸ ਵਿਚ ਨਾਮ ਮੁੱਖ ਹੈ, ਇਸ ਮਾਰਗ ਦੇ ਦੱਸੇ) ਰਾਮ ਨਾਮ ਦਾ ਆਧਾਰ ਬੀ ਜਦ ਮੈਂ ਨਾ ਧਾਰਨ ਕਰਾਂ ਤਾਂ ਮੇਰਾ ਜੀਵਨ ਕੀਕੂੰ (ਸਫਲ) ਹੋਵੇ ? (ਸੋ ਮੈਂ ਇਹ ਧਾਰਨ ਕੀਤਾ ਹੈ)॥੧। ਰਹਾਉ॥ |
| ਕਹੁ ਕਬੀਰ ਖੋਜਉ ਅਸਮਾਨ ॥ ਰਾਮ ਸਮਾਨ ਨ ਦੇਖਉ ਆਨ ॥ ੨ ॥ ੩੪ ॥ | ਕਬੀਰ ਜੀ ਕਹਿੰਦੇ ਹਨ (ਮੈਂ ਬ੍ਰਹਮ ਲੋਕ ਤਕ ਸਾਰੇ) ਅਸਮਾਨ (ਲੋਕ) ਖੋਜਦਾ ਹਾਂ, ਤਦ ਰਾਮ ਤੁੱਲ (ਅਥਵਾ ਰਾਮ ਦੇ ਨਾਮ ਸਿਮਰਣ ਤੁੱਲ ਮੈਂ ਕੋਈ) ਹੋਰ (ਐਸਾ ਪ੍ਰਬਲ ਉਪਾਵ ਮੁਕਤੀ ਦਾ) ਨਹੀਂ ਦੇਖਦਾ ॥ ੨ ॥ ੩੪ ॥ |

**ਵਯਾਖਯਾ**—ਪਹਿਲੀ ਸਤਰ ਵਿਚ ਹੱਠ ਯੋਗ ਤੇ ਰਾਜ ਯੋਗ ਲਏ ਹਨ, ਜੋ ਪਹਿਲੇ ਹੋਰ ਸਾਧਨ ਕਰਕੇ ਫੇਰ ਧਿਆਨ ਵਿਚ ਲਿਜਾਕੇ ਬ੍ਰਿਤੀ ਦਾ ਨਿਰੋਧ ਸਿਖਾਉਂਦੇ ਹੈਨ। ਇਹ ਬੀ ਮੈਂ ਨਹੀਂ ਕੀਤੇ; ਨਾਹੀ ਗਯਾਨ ਯੋਗ ਦੇ ਮੁੱਖ ਸਾਧਨ ਵੈਰਾਗ ਦੀ ਕਮਾਈ ਕੀਤੀ ਹੈ, ਜਿਸ ਨਾਲ ਮਾਇਆ ਤੋਂ ਖਹਿੜਾ ਛੁੱਟਣਾ ਸੀ।

*ਯੋਗ ਦਰਸ਼ਨ ਦੇ ਪਹਿਲੇ ਅਧਯਾਯ ਵਿਚ ਕਈ ਪ੍ਰਕਾਰ ਦੇ ਧਿਆਨ ਲਿਖੇ ਹਨ। ਇਸੇ ਕਰਕੇ ਇਥੇ ਪਦ ਬਹੁ ਬਚਨ ਪਿਆ ਹੈ।

ਹੁਣ ਮੇਰਾ ਜੀਉਣਾ ਕਿਵੇਂ ਐਸਾ ਹੋਵੇ ਕਿ ਜੋ ਸੱਚ ਮੁਚ 'ਜੀਉਣਾ' ਕਿਹਾ ਜਾ ਸਕੇ । ਭਾਵ ਸਫਲ ਜੀਵਨ ਕੀਕੂੰ ਹੋਵੇ ਜਦ ਕਿ ਤੀਸਰਾ ਸਾਧਨ ਭਗਤੀ ਯੋਗ ਦਾ ਨਾ ਧਾਰਨ ਕੀਤਾ ਜਾਵੇ ? ਉਹ ਹੈ ਰਾਮ ਨਾਮ ਦਾ ਸਿਮਰਣ ਐਸਾ ਕਿ ਨਾਮ ਜੀਵਨ ਆਧਾਰ ਹੋ ਜਾਏ। ਐਸਾ ਕਹਿਣ ਵਿਚ ਧੁਨੀ ਇਹ ਹੈ ਕਿ ਮੈਂ ਨਾਮ ਸਿਮਰਣ, ਦੇ ਮਾਰਗ ਤੇ ਚੱਲ ਰਿਹਾ ਹਾਂ ਤੇ ਰਾਮ ਨਾਮ ਮੇਰਾ ਆਧਾਰ ਬਣ ਗਿਆ ਹੈ। 'ਕੈਸੇ ਜੀਵਨ ਹੋਇ ?' ਪ੍ਰਸ਼ਨ ਵਿਚ ਅਪਣਾ ਕਰਤੱਵ ਦੱਸ ਰਹੇ ਹਨ। ਕਿਉਂਕਿ ਅਗਲੀਆਂ ਤੁਕਾਂ ਵਿਚ ਰਾਮ ਨਾਮ ਦੀ ਮਹਿਮਾ ਦੱਸ ਰਹੇ ਹਨ ਕਿ ਮੈਂ ਸਾਰੇ ਅਸਮਾਨ ਅਰਥਾਤ ਲੋਕ ਪੜਤਾਲੇ ਹਨ, ਜੋ ਖ਼ੂਬੀ ਤੇ ਸੁਖੈਨ ਪ੍ਰਾਪਤੀ ਰਾਮ ਨਾਮ ਵਿਚ ਹੈ ਉਹ ਹੋਰ ਕਿਸੇ ਉਪਾਉ ਵਿਚ ਨਹੀਂ ਹੈ। ਅੰਤਲੀ ਤੁਕ 'ਰਾਮ ਸਮਾਨ' ਦਾ ਅਰਥ ਕਈ ਦਾਨੇ 'ਰਾਮ ਵਰਗਾ ਦੇਵਤਾ' ਕਰਦੇ ਹਨ। ਪਰ ਪਿਛੇ ਪਸੰਗ ਚਲ ਰਿਹਾ ਹੈ ਸਾਧਨਾ ਦਾ, ਧਿਆਨ ਯੋਗ, ਗਿਆਨ ਯੋਗ ਤੇ ਭਗਤੀ ਯੋਗ ਦਾ ਤੇ ਰਾਮ ਨਾਮ ਦਾ ਪਤਾ ਆਪ ਰਹਾਉ ਵਿਚ ਦੇ ਆਏ ਹਨ, ਇਸ ਕਰਕੇ ਇਥੇ ਬੀ ਰਾਮ ਤੋਂ ਮੁਰਾਦ ਰਾਮ ਦੇ ਨਾਮ ਦੀ ਹੈ।

**ਨਿਰੁਕ੍ਤ**—ਜੋਗ ਧਿਆਨ–'ਜੋਗ' ਤੋਂ ਮੁਰਾਦ 'ਯੋਗ' ਦੀ ਹੈ ਤੇ ਹਠ ਤੇ ਰਾਜ ਦੁਇ ਲਏ ਹਨ। ਹਠ ਯੋਗ ਅਪਣੇ ਸਾਧਨਾਂ:–ਨਾਤੀ ਧੋਤੀ ਨੌਲੀ ਆਦਿ ਮਗਰੋਂ ਧਿਆਨ ਵਿਚ ਲੈ ਜਾਂਦਾ ਹੈ। ਪਤੰਜਲੀ ਦਾ ਰਾਜ ਯੋਗ ਯਮ ਨਿਯਮ ਆਦੀ ਪੰਜ ਬਹਰੰਗ ਸਾਧਨ ਕਰਾਕੇ, ਧਾਰਨਾ ਸਿਖਾਕੇ ਧਿਆਨ ਵਿਚ ਲੈ ਜਾਂਦਾ ਹੈ। ਯੋਗ ਦਰਸ਼ਨ ਦੇ ਪਹਿਲੇ ਧਿਆ ਵਿਚ ਕੇਈ ਧਿਆਨ ਦੱਸੇ ਹਨ, ਇਸੇ ਕਰਕੇ ਏਥੇ ਪਦ 'ਧਿਆਨ' ਬਹੁ ਬਚਨ ਵਿਚ ਪਿਆ ਹੈ। ਜੋਗ ਦਾ ਅਰਥ ਹੈ 'ਜੋਗ', 'ਜੋਗ ਧਿਆਨ' ਦਾ ਅਰਥ ਹੈ ਜੋਗ ਦੇ ਧਿਆਨ ਵਿਚ। 'ਬੈਰਾਗ' ਦੀ ਮੁਰਾਦ ਗਿਆਨ ਯੋਗ ਦੀ ਹੈ। ਉਹ ਲੋਕ ਵਿਵੇਕ ਨੂੰ ਮੁਖ ਸਾਧਨ ਦੱਸਦੇ ਹਨ, ਤੇ ਨਾਲ ਵੈਰਾਗ ਜ਼ਰੂਰੀ ਹੈ। 'ਰਾਮ ਨਾਮ ਆਧਾਰਾ' ਤੋਂ ਸੈਨਤ ਭਗਤੀ ਯੋਗ ਵੱਲ ਹੈ।

ਅਸਮਾਨ–[ਫ਼ਾ:, ਆਸਮਾਨ=ਆਕਾਸ਼] ਭਾਵ ਹੈ ਆਕਾਸ਼ ਵਿਚ ਜੋ ਹਨ ਲੋਕ, ਬ੍ਰਹਮ ਲੋਕ ਤਕ ਸਾਰੇ ਲੋਕ। (ਅ) ਐਸਾ ਬੀ ਯਤਨ ਹੁੰਦਾ ਹੈ:-ਅਸ+ਮਾਨ=ਐਸਾ ਮੰਨਿਆ ਹੈ । ਖੋਜਉ ਅਸਮਾਨ=ਖੋਜ ਕਰਕੇ ਮੈਂ ਐਸਾ ਮੰਨਿਆ ਹੈ,ਭਾਵ ਸਹੀ ਕੀਤਾ ਹੈ ਕਿ ਰਾਮ ਨਾਮ ਤੁੱਲ ਹੋਰ ਕੁਛ ਨਹੀਂ।

## [ਗਉੜੀ ਕਬੀਰ ਜੀ, ਚਉਪਦਾ–੩੫]

**ਪ੍ਰਾਕ੍ਥਨ**—ਸ੍ਰੀ ਕਬੀਰ ਜੀ ਇਸ ਸ਼ਬਦ ਵਿਚ ਤਨ ਤੇ ਧਨ ਦੇ ਪ੍ਰੇਮ ਤੋਂ ਉੱਚਾ ਕਰਕੇ 'ਰਾਮ ਨਾਮ ਦਾ ਪ੍ਰੇਮ' ਦ੍ਰਿੜ ਕਰਾਉਂਦੇ ਹਨ। ਇਸ ਸ਼ਬਦ ਦੀ ਦਾਨੇ ਉਥਾਨਕਾ ਬੀ ਦੱਸਦੇ ਹਨ ਕਿ ਕਿਸੇ ਬਨ ਵਿਚ ਪਈ ਕਿਸੇ ਮਰੇ ਮਾਨੁਖ ਦੀ ਖੋਪਰੀ ਤੇ ਬੈਠਾ ਕਾਂ ਚੁੰਝ ਸੰਵਾਰ ਰਿਹਾ ਸੀ, ਤਦ ਕਬੀਰ ਜੀ ਨੇ ਏਹ ਵਾਕ ਉਚਾਰੇ।

| ਮੂਲ | ਅਰਥ |
|---|---|
| ਗਉੜੀ ਕਬੀਰ ਜੀ ॥ ਜਿਹਿ ਸਿਰਿ ਰਚਿ ਰਚਿ ਬਾਧਤ ਪਾਗ ॥ ਸੋ ਸਿਰੁ ਚੁੰਚ ਸਵਾਰਹਿ ਕਾਗ ॥ ੧ ॥ | ਜਿਸ ਸਿਰ ਉਤੇ (ਕਦੇ ਇਹ ਬੰਦਾ) ਸੰਵਾਰ ਸੰਵਾਰਕੇ ਪੱਗ ਬੰਨ੍ਹਦਾ ਹੁੰਦਾ ਸੀ, ਓਹ ਸਿਰ (ਹੁਣ) ਕਾਵਾਂ ਦੀਆਂ ਚੁੰਝਾਂ ਨੂੰ ਸੰਵਾਰ ਰਿਹਾ ਹੈ ॥ ੧ ॥ |

ਇਸੁ ਤਨ ਧਨ ਕੋ ਕਿਆ ਗਰਬਈਆ ॥ ਰਾਮ ਨਾਮੁ ਕਾਹੇ ਨ ਦ੍ਰਿੜੀਆ ॥ ੧ ॥ ਰਹਾਉ ॥

ਇਸ ਤਨ (ਤੇ ਤਨ ਦੇ ਕੱਠੇ ਕੀਤੇ) ਧਨ ਉਤੇ ਕੀ ਹੰਕਾਰ ਕਰਦਾ ਹੈਂ, ਰਾਮ ਦਾ ਨਾਮ ਕਿਉਂ ਨਹੀਂ ਦ੍ਰਿੜ੍ਹ ਕਰਦਾ ॥ ੧ ॥ ਰਹਾਉ ॥

ਕਹਤ ਕਬੀਰ ਸੁਨਹੁ ਮਨ ਮੇਰੇ ॥ ਇਹੀ ਹਵਾਲ ਹੋਹਿਗੇ ਤੇਰੇ ॥ ੨ ॥ ੩੫ ॥ ਗਉੜੀ ਗੁਆਰੇਰੀ ਕੇ ਪਦੇ ਪੈਤੀਸ ॥

ਕਹਿੰਦੇ ਹਨ ਕਬੀਰ ਜੀ: ਸੁਣ ਹੇ ਮਨ ! (ਜੇ ਤੂੰ ਬੀ ਨਾਮ ਨਾ ਜਪਿਆ ਤਾਂ) ਇਹੋ ਹਾਲ ਤੇਰਾ ਬੀ ਹੋਵੇਗਾ। (ਭਾਵ ਜਨਮ ਬਿਰਥਾ ਜਾਏਗਾ ਤੇ ਦੇਹ ਰੁਲੇਗੀ) ॥ ੨ ॥ ੩੫ ॥
ਗਉੜੀ ਗੁਆਰੇਰੀ ਦੇ ਪੈਂਤੀਸ ਸ਼ਬਦ ਕਬੀਰ ਜੀ ਦੇ (ਏਥੇ ਮੁੱਕੇ ਹਨ)।

**ਵਯਾਖਯਾ**—ਕਿਸੇ ਮੁਰਦੇ ਦੇ ਸਿਰ ਤੇ ਕਾਂ ਬੈਠਾ ਦੇਖਕੇ ਵੈਰਾਗ ਆਇਆ ਤੇ ਇਹ ਵਾਕ ਮਨ ਨੂੰ ਸਮੋਧ ਕਰਨੇ ਨਮਿਤ ਆਖੇ ਤੇ ਰਾਮ ਨਾਮ ਦ੍ਰਿੜ੍ਹ ਕਰਨੇ ਲਈ ਤਾਕੀਦ ਕੀਤੀ ਹੈ।

**ਨਿਰੁਕ੍ਤ**—ਸਿਰਿ—ਸਿਰ ਉਤੇ। ਰਚਿ ਰਚਿ—ਬਣਾ ਬਣਾਕੇ। ਸੰਵਾਰ ਸੰਵਾਰਕੇ।

ਪਾਗ—ਪਗੜੀ। ਸਿਰੁ—(ਉਹ) ਸਿਰ (ਚੁੰਝਾਂ ਸੰਵਾਰ ਰਿਹਾ ਹੈ)। ਜੇ ਪਾਠ ਹੁੰਦਾ 'ਸਿਰਿ' ਤਾਂ ਅਰਥ ਬਣਦਾ ਸਿਰ ਨਾਲ ਯਾ ਸਿਰ ਦ੍ਵਾਰਾ।

ਕਾਗ—[ਸੰਸ:, ਕਾਕ: ਜਾਂ ਕਾਗ:] ਕਾਂ, ਇਕ ਮਸ਼ਹੂਰ ਪੰਛੀ।

ਗਰਬਈਆ—[ਸੰਸ:, ਗਰ੍ਵ:=ਅਭਿਮਾਨ, ਘੁਮੰਡ, ਗ਼ਰੂਰ] ਗਰਬਦਾ ਹੈਂ; ਹੰਕਾਰ ਕਰਦਾ ਹੈਂ। ਨ ਦ੍ਰਿੜਈਆ—[ਸੰਸ:, ਦ੍ਰਿਢ=ਮਜ਼ਬੂਤ, ਪੱਕਾ] ਦ੍ਰਿੜ੍ਹ ਨਹੀਂ ਕਰਦਾ।

—o—

[ਗਉੜੀ ਕਬੀਰ ਜੀ, ਅਸ਼ਟਪਦੀ—੧, ਸ਼ਬਦ—੩੬]

## ਰਾਗੁ ਗਉੜੀ ਗੁਆਰੇਰੀ ਅਸਟਪਦੀ ਕਬੀਰ ਜੀ ਕੀ

ਅਰਥਾਤ ਗੁਆਰੇਰੀ ਭਾਂਤ ਦੀ ਗਉੜੀ ਵਿਚ ਕਬੀਰ ਜੀ ਦੀ ਅਸਟਪਦੀ*।

## ੧ੴ ਸਤਿਗੁਰ ਪ੍ਰਸਾਦਿ ॥

**ਪ੍ਰਾਕ੍ਥਨ**—ਮਨ ਦਾ ਜੋ ਅਸਲੀ ਰੂਪ—ਗਯਾਨ ਸਰੂਪ—ਹੈ, ਉਸ ਦਾ ਵਰਣਨ ਕਰਦੇ ਹਨ ਤੇ ਉਸ ਦੇ ਅਨੁਭਵ ਕਰਨੇ ਦੀ ਵਿਧੀ ਦੱਸਦੇ ਹਨ।

| ਮੂਲ | ਅਰਥ |
|---|---|
| ਸੁਖੁ ਮਾਂਗਤ ਦੁਖੁ ਆਗੈ ਆਵੈ ॥ ਸੋ ਸੁਖੁ ਹਮਹੁ ਨ ਮਾਂਗਿਆ ਭਾਵੈ ॥ ੧ ॥ | (ਜਿਸ) ਸੁਖ ਨੂੰ ਮੰਗਦਿਆਂ ਅਗੋਂ ਦੁਖ ਆ ਮਿਲੇ, ਉਹ ਸੁਖ ਮੰਗਣਾ ਸਾਨੂੰ ਨਹੀਂ ਭਾਉਂਦਾ ॥ ੧ ॥ |

*ਪਹਿਲੀ ਇਹੋ ਇਕ ਅਸ਼ਟਪਦੀ ਹੈ, ਇਸ ਕਰਕੇ ਅਸਟਪਦੀਆਂ ਨਹੀਂ ਲਿਖੀਆਂ ਤੇ ਅਸਟਪਦੀ (ਇਕ ਵਚਨ) ਲਿਖਿਆ ਹੈ। ਅਗਲੇ ਸ਼ਬਦ ਦੋ ਤਿੰਨ ਚਾਰ ਆਦਿ ਪਦਿਆਂ ਵਿਚ ਹਨ। ਅਸ਼ਟਪਦੀਆਂ ਵਿਚ ਕਈ ਵੇਰ ੯, ੧੦ ਪਦੇ ਬੀ ਆ ਜਾਂਦੇ ਹਨ।

ਬਿਖਿਆ ਅਜਹੁ ਸੁਰਤਿ ਸੁਖ ਆਸਾ ॥ ਕੈਸੇ ਹੋਈ ਹੈ ਰਾਜਾ ਰਾਮ ਨਿਵਾਸਾ ॥ ੧ ॥ ਰਹਾਉ ।

(ਉਹ ਸੁਖ ਹੈ ਵਿਸ਼ੇ ਸੁਖ, ਸੋ) ਅਜੇ ਤਾਈਂ ਤਾਂ ਵਿਸ਼ਿਆਂ ਵਿਚ ਹੀ ਸੁਰਤ (ਲੱਗ ਰਹੀ ਹੈ ਤੇ ਵਿਸ਼ੇ-) ਸੁਖ ਦੀ (ਪ੍ਰਾਪਤੀ ਦੀ) ਹੀ ਆਸਾ (ਬੱਝ ਰਹੀ ਹੈ)। (ਇਸ ਹਾਲਤ ਵਿਚ) ਰਾਜਾ ਰਾਮ ਦਾ ਨਿਵਾਸ (ਸਾਡੇ ਅੰਦਰ) ਕੀਕੂੰ ਹੋਵੇ ॥੧॥ਰਹਾਉ॥

ਇਸੁ ਸੁਖ ਤੇ ਸਿਵ ਬ੍ਰਹਮ ਡਰਾਨਾ ॥ ਸੋ ਸੁਖੁ ਹਮਹੁ ਸਾਚੁ ਕਰਿ ਜਾਨਾ ॥ ੨ ॥

ਇਸ (ਵਿਸ਼ੇ-) ਸੁਖ ਤੋਂ ਸ਼ਿਵ (ਜੀ ਬੀ) ਤੇ ਬ੍ਰਹਮਾ (ਜੀ ਬੀ) ਡਰੇ ਸਨ,ਉਸ ਸੁਖਨੂੰ ਅਸਾਂ ਨੇ ਸੱਚਾ ਕਰਕੇ ਮੰਨਲਿਆ ਹੈ॥੨॥

ਸਨਕਾਦਿਕ ਨਾਰਦ ਮੁਨਿ ਸੇਖਾ ॥ ਤਿਨ ਭੀ ਤਨ ਮਹਿ ਮਨੁ ਨਹੀ ਪੇਖਾ ॥ ੩ ॥

ਸਨਕ ਆਦਿਕਾਂ (ਭਾਵ, ਸਨਕ, ਸਨੰਦਨ, ਸਨਾਤਨ, ਸਨਤ ਕੁਮਾਰ) ਨਾਰਦ ਮੁਨੀ ਤੇ ਸ਼ੇਸ਼ਨਾਗ (ਜੋ ਵਡੇ ਹਨ) ਉਨ੍ਹਾਂ ਨੇ ਬੀ ਤਨ ਵਿਚ ਮਨ ਨੂੰ ਨਹੀਂ ਵੇਖਿਆ ॥੩॥

ਇਸੁ ਮਨ ਕਉ ਕੋਈ ਖੋਜਹੁ ਭਾਈ ॥ਤਨ ਛੂਟੇ ਮਨੁ ਕਹਾ ਸਮਾਈ॥੪॥

ਹੇ ਭਾਈ! ਇਸ ਮਨ ਨੂੰ ਕੋਈ ਖੋਜੋ (ਕਿ) ਤਨ ਦੇ ਮਰ ਗਿਆਂ ਮਨ ਕਿੱਥੇ ਸਮਾਉਂਦਾ ਹੈ? ॥ ੪ ॥

ਗੁਰਪਰਸਾਦੀਜੈਦੇਉ ਨਾਮਾਂ॥ਭਗਤਿ ਕੈ ਪ੍ਰੇਮਿ ਇਨਹੀ ਹੈ ਜਾਨਾਂ ॥੫॥

ਜੈਦੇਵ ਤੇ ਨਾਮਦੇਵ (ਆਦਿ ਭਗਤਾਂ) ਨੇ ਗੁਰੂ ਦੀ ਕ੍ਰਿਪਾ ਨਾਲ ਭਗਤੀ ਕਰਕੇ (ਇਸ ਮਨ ਨੂੰ) ਜਾਣਿਆ ਹੈ, (ਹਾਂ) ਪ੍ਰੇਮ (ਦੁਆਰਾ) ਇਨ੍ਹਾਂ ਨੇ ਹੀ (ਜਾਣਿਆ ਹੈ) ॥ ੫ ॥

(ਜੈਦੇਵ ਤੇ ਨਾਮਦੇਵ ਨੇ ਜਿਸ ਮਨ ਨੂੰ ਜਾਣ ਲਿਆ ਹੈ)

ਇਸੁ ਮਨ ਕਉ ਨਹੀ ਆਵਨ ਜਾਨਾ ॥ ਜਿਸ ਕਾ ਭਰਮੁ ਗਇਆ ਤਿਨਿ ਸਾਚੁ ਪਛਾਨਾ ॥ ੬ ॥

ਇਸ ਮਨ ਨੂੰ ਜਨਮ ਮਰਨ ਨਹੀਂ ਹੁੰਦਾ, (ਉਨ੍ਹਾਂ ਵਾਂਙੂ) ਜਿਸ ਕਿਸੇ ਦਾ ਭਰਮ ਚਲਾ ਗਿਆ ਉਸਨੇ ਸੱਚ ਨੂੰ ਪਛਾਣ ਲਿਆ। (ਸੱਚ ਪਛਾਣੇ ਤੇ ਸੱਚ ਸਰੂਪ ਹੋ ਜਾਈਦਾ ਹੈ, 'ਸੱਚ ਸਰੂਪ' ਨੂੰ ਆਵਾਗਵਨ ਹੋ ਨਹੀਂ ਸਕਦਾ) ॥ ੬ ॥

ਇਸੁ ਮਨ ਕਉ ਰੂਪੁ ਨ ਰੇਖਿਆ ਕਾਈ ॥ ਹੁਕਮੇ ਹੋਇਆ ਹੁਕਮੁ ਬੂਝਿ ਸਮਾਈ ॥ ੭ ॥

ਇਸ ਮਨ ਦੀ ਕੋਈ ਸ਼ਕਲ ਸੂਰਤ ਨਹੀਂ, ਨਾ ਹੀ ਕੋਈ ਚਿਹਨ ਚੱਕ੍ਰ ਹੈ। (ਇਹ) ਹੁਕਮ ਦੁਆਰਾ ਹੋਇਆ ਹੈ, ਹੁਕਮ ਨੂੰ ਬੁੱਝਕੇ (ਹੁਕਮੀ ਵਿਚ) ਸਮਾ ਜਾਏਗਾ ॥ ੭ ॥

ਇਸ ਮਨ ਕਾ ਕੋਈ ਜਾਨੈ ਭੇਉ ॥ ਇਹ ਮਨਿ ਲੀਣਭਏ ਸੁਖਦੇਉ॥੮॥

ਇਸ ਮਨ ਦਾ (ਜਦ) ਕੋਈ ਭੇਤ (ਮਰਮ) ਜਾਣ ਲੈਂਦਾ ਹੈ (ਉਹ) ਇਸ ਮਨ ਵਿਚ ਹੀ ਲੀਨ ਹੋਕੇ ਸੁਖ ਸਰੂਪ ਤੇ (ਦੇਉ=) ਪ੍ਰਕਾਸ਼ ਸ਼ਰੂਪ ਹੋ ਜਾਂਦਾ ਹੈ* ॥ ੮ ॥

ਜੀਉ ਏਕੁ ਅਰੁ ਸਗਲ ਸਰੀਰਾ ॥ ਇਸੁ ਮਨ ਕਉ ਰਵਿ ਰਹੇ ਕਬੀਰਾ ॥ ੯ ॥ ੧ ॥ ੩੬ ॥

(ਸਿੱਟੇ ਦੀ ਗੱਲ ਹੈ ਕਿ ਜਿਵੇਂ ਸਰੀਰ ਅਨੇਕ ਹਨ ਤਿਵੇਂ ਉਨ੍ਹਾਂ ਵਿਚ ਦੇ ਜੀਵ ਬੀ ਅਨੇਕ ਹੀ ਹੈਨ) ਜੀਉ ਤਾਂ ਇਕੋ ਹੈ ਅਤੇ (ਸਰੀਰ ਅਨੇਕਾਂ ਹਨ) ਪਰ ਸਰੀਰਾਂ ਸਾਰਿਆਂ ਵਿਚ (ਉਹੋ ਇਕੋ ਹੈ)। ਇਸ ਮਨ ਨੂੰ (ਜੋ ਅਵਿਛਿੰਨ ਹੈ ਤੇ ਗਯਾਨ ਸਰੂਪ ਹੈ) ਕਬੀਰ ਜੀ ਰਵ ਰਹੇ ਹਨ ॥ ੯ ॥ ੧ ॥

**ਵਯਾਖਯਾ**--ਇਸ ਸ਼ਬਦ ਵਿਚ ਸ੍ਰੀ ਕਬੀਰ ਜੀ ਮਨ ਦੇ ਦੋ ਸਰੂਪ ਲੈ ਰਹੇ ਹਨ। ਅੰਕ ੨

*ਐਉਂ ਬੀ ਅਰਥ ਲਾਉਂਦੇ ਹਨ:-ਇਸ ਮਨ ਦਾ ਭੇਦ ਕੋਈ (ਵਿਰਲਾ) ਜਾਣਦਾ ਹੈ (ਜੈਸਾ ਕਿ) ਸੁਕਦੇਵ ਜੀ (ਜੋ) ਇਸੇ ਮਨ ਵਿਚ ਲੀਨ ਹੋ ਗਏ ਸਨ।

ਤਕ ਉਹ ਮਨ ਲੈ ਰਹੇ ਹਨ ਜੋ ਵਿਸ਼ੇ ਸੁਖਾਂ ਵਿਚ ਸੁਖ ਮੰਨ ਰਿਹਾ ਹੈ ਤੇ ਭੋਗ ਬ੍ਰਿਤੀ ਵਾਲਾ ਹੋਕੇ ਵਿਸ਼ੈ ਸੁਖਾਂ ਦੇ ਫਲ ਵਿਚ ਦੁਖ ਬੀ ਭੋਗਦਾ ਹੈ। ਇਸ ਮਨ ਦਾ ਪਤਾ ਫੇਰ ਗਉੜੀ ਬਾਵਨ ਅਖਰੀ ਦੇ 'ਮਮੇ ਅਖਰ ਵਿਚ ਦੇਂਦੇ ਹਨ ਕਿ ਪੰਜ ਤਤ ਦਾ ਜੀਉ ਹੈ ਤੇ ਇਹੋ ਮਨ ਫਿਰ ਸ਼ਕਤੀ ਰੂਪ ਹੈ। ਮੁਰਾਦ ਉਨ੍ਹਾਂ ਦੀ ਹੈ ਉਹ ਮਨ, ਜੋ ਜੜ੍ਹ ਤੇ ਚੇਤਨ ਦੇ ਮੇਲ ਤੋਂ ਬਣਿਆ, ਸਰੀਰ ਦੀ ਰਖਯਾ ਪਾਲਨਾ ਤੇ ਭੋਗਾਂ ਵਿਚ ਸਹਾਈ ਹੁੰਦਾ ਹੈ। ਅੰਕ ੪ ਵਿਚ ਮਨ ਦੀ ਖੋਜ ਦਾ ਉਪਦੇਸ਼ ਦੇਂਦੇ ਹਨ ਕਿ ਮਰਨੇ ਤੇ ਮਨ ਕਿੱਥੇ ਜਾਂਦਾ ਹੈ। ਇਸ ਅੰਕ ਵਿਚ ਸੈਨਤ ਹੁਣ ਦੂਸਰੇ ਮਨ ਵੱਲ ਸਿੱਟੀ ਹੈ, ਜਿਸ ਨੂੰ ਬਾਵਨ ਅਖਰੀ ਦੇ ਮਮੇ ਅਖਰ ਵਿਚ 'ਸੀਉ'* (=ਕਲਯਾਨ ਸਰੂਪ) ਦੱਸਿਆ ਹੈ।

ਅੰਕ ੪–'ਮਨ' ਪਦ ਸੰਸਕ੍ਰਿਤ ਦਾ ਹੈ, ਇਸ ਦਾ ਧਾਤੂ ਮਨੁ=ਗਯਾਨੇ। ਅਰਥਾਤ ਮਨ ਦਾ ਅਰਥ ਹੈ ਜਾਣਨਾ, ਗਿਆਨ ਵਾਲੇ ਹੋਣਾ। ਇਸ ਤੋਂ ਬਣਿਆ ਪਦ 'ਮਨਸ੍' ਜਿਸ ਦਾ ਅਰਥ ਹੈ ਚੇਤਨ। ਸ਼ੁੱਧ ਚੇਤਨ ਜੋ ਸਾਰੇ ਪਰੀਪੂਰਣ ਵ੍ਯਾਪਕ ਹੈ, ਤੇ ਅਵਿਛਿੰਨ ਹੈ। ਅਰਥਾਤ ਨਾਨਾ ਸਰੀਰਾਂ ਵਿਚ ਉਹੋ ਹੈ ਪਰ ਉਹ ਨਾਨਾ ਨਹੀਂ ਹੈ ਗਿਆ ਉਹ ਇੱਕੋ ਹੈ।

ਅੰਕ ੫–ਕਬੀਰ ਜੀ ਦੱਸਦੇ ਹਨ ਕਿ ਇਸ ਮਨ ਦਾ ਭੇਤ ਸ੍ਰੀ ਜੈਦੇਵ ਤੇ ਨਾਮ ਦੇਵ ਜੀ ਵਰਗੇ ਭਗਤਾਂ ਤੇ ਖੁੱਲਾ ਹੈ, ਜਿਨ੍ਹਾਂ ਨੇ ਪ੍ਰੇਮਾ ਭਗਤੀ ਦੁਆਰਾ ਇਸ ਮਨ ਦਾ ਯਾ ਇਉਂ ਕਹੋ ਕਿ ਸਰਬ ਪਰੀਪੂਰ ਚੇਤਨ ਯਾ ਆਤਮਾ ਦਾ ਅਨੁਭਵ ਪ੍ਰਾਪਤ ਕੀਤਾ ਹੈ ਅਤੇ ਜਾਣ ਲਿਆ ਹੈ ਕਿ ਮਨ ਦਾ ਸ਼ੁੱਧ ਸਨਾਤਨ ਰੂਪ ਜੋਤ ਸਰੂਪ ਹੈ।

ਅੰਕ ੬.੭–ਹੁਣ ਕੋਈ ਸੰਸਾ ਨਾ ਰਹੇ ਕਿ ਕਬੀਰ ਜੀ ਦੀ ਮੁਰਾਦ 'ਮਨ' ਤੋਂ ਇਸ ਸ਼ਬਦ ਵਿਚ 'ਸ਼ੁਧ ਚੇਤਨ' ਯਾ ਗਿਆਨ ਸਰੂਪ ਆਤਮਾ ਦੀ ਹੈ, ਲੱਛਣ ਇਹ ਦੱਸਦੇ ਹਨ ਕਿ (੧) ਇਸ ਨੂੰ ਆਵਾਗਵਨ ਨਹੀਂ ਵ੍ਯਾਪਦਾ, (੨) ਇਸ ਦਾ ਰੂਪ ਰੇਖ ਰੰਗ ਕੋਈ ਨਹੀਂ, (੩) ਇਹ ਸਤ੍ਯ ਸਰੂਪ ਹੈ।

ਅੰਕ ੭ ਵਿਚ ਦੱਸਦੇ ਹਨ ਕਿ ਇਹ ਸੁਖ ਚੇਤਨ ਗਿਆਨ ਸਰੂਪੀ ਮਨ ਸਰੀਰ ਵਿਚ ਆਕੇ ਲੁਕ ਕਿਵੇਂ ਬੈਠਾ ਤੇ ਸ਼ਕਤੀ ਰੂਪੀ ਮਨ ਕਿਵੇਂ ਬਣ ਗਿਆ? ਸੋ ਦੱਸਦੇ ਹਨ ਕਿ ਹਰ ਸਰੀਰ ਵਿਚ ਜੋ ਵੱਖਰਾ ਵੱਖਰਾ ਮਨ ਹੈ, ਇਹ ਹੁਕਮ ਨਾਲ ਹੋਇਆ ਹੈ, ਹੁਕਮ ਦੀ ਸਮਝ ਪਿਆਂ ਇਹ ਅਪਣੇ ਮੂਲ ਵਿਚ ਲੀਨ ਹੋ ਜਾਂਦਾ ਹੈ, ਭਾਵ ਇਹ ਕਿ ਹੁਕਮ ਨਾਲ ਸੋਝੀ ਆ ਜਾਂਦੀ ਹੈ ਮਨ ਨੂੰ ਅਪਣੇ ਅਸਲੇ ਦੀ।

ਅੰਕ ੮-ਪਿੱਛੇ ਸ਼ਬਦ ੨੮ ਵਿਚ ਕਹਿ ਆਏ ਹਨ:–

ਕਹੁ ਕਬੀਰ ਜੋ ਜਾਨੈ ਭੇਉ॥ ਮਨੁ ਮਧੁਸੂਦਨ ਤ੍ਰਿਭਵਣ ਦੇਉ॥

ਇਥੇ ਫੁਰਮਾਉਂਦੇ ਹਨ:–

ਇਸ ਮਨ ਕਾ ਕੋਈ ਜਾਨੈ ਭੇਉ। ਇਹ ਮਨਿ ਲੀਣ ਭਏ ਸੁਖਦੇਉ॥

ਸੋ ਮਨ ਦਾ ਭੇਤ ਆਪ ਨੇ ਇਸ ਸ਼ਬਦ ਵਿਚ ਖੋਹਲਿਆ ਹੈ, ਤੇ ਕੁਛ ਬਾਵਨ ਅਖਰੀ ਦੇ ਮੰਮੇ ਅੱਖਰ ਵਿਚ ਖੋਲ ਦੇਣਗੇ। ਉਪਰਲੇ ਕਥੇ ਦੋਹਾਂ ਪ੍ਰਮਾਣਾਂ ਵਿਚ 'ਜੋ ਜਾਨੈ ਭੇਉ', 'ਕੋਈ ਜਾਨੈ ਭੇਉ' ਸਾਂਝੇ ਪਦ ਹਨ ਤੇ ਪਹਿਲੀ ਤੁਕ ਵਿਚ ਦੱਸ ਆਏ ਹਨ ਕਿ ਭੇਦ ਇਹ ਹੈ:-ਮਨੁ ਮਧੁਸੂਦਨੁ ਹੈ, ਮਨ ਤ੍ਰਿਭਵਣ ਦੇਉ ਹੈ; ਇਸ ਮੁਤਾਬਕ ਹੀ ਇਸ ਤੁਕ 'ਇਹ ਮਨਿ ਲੀਣ ਭਏ ਸੁਖਦੇਉ' ਦਾ ਅਰਥ ਬੀ ਹੋਣਾ ਚਾਹੀਏ ਕਿ ਇਸੇ ਮਨ ਵਿਚ ਲੀਨ ਹੋਇਆਂ ਸੁਖ ਸਰੂਪ ਤੇ ਪ੍ਰਕਾਸ਼ ਸਰੂਪ ਹੋ ਜਾਈਦਾ ਹੈ। ਪਰ ਸੰਪ੍ਰਦਾ ਵਿਚ ਅਰਥ ਇਉਂ ਬੀ ਕਰਦੇ ਹਨ:-ਇਸ ਮਨ ਵਿਚ ਸੁਖਦੇਉ ਵਰਗੇ(ਮਹਾਂ ਪੁਰਖ ਲੀਨ ਹੋਏ ਸਨ। ਪਰ ਵਿਸ਼ੇਸ਼ ਠੀਕ ਅਰਥ ਪਹਿਲਾ ਸਹੀ ਹੁੰਦਾ ਹੈ।

ਅੰਕ ੯ ਵਿਚ ਸਾਰਾ ਭਾਵ ਸਪਸ਼ਟ ਕਰ ਦੇਂਦੇ ਹਨ ਕਿ ਇਹ ਮਨ, ਜੋ ਅਸੀਂ ਕਹਿ ਰਹੇ ਹਾਂ ਸ਼ਕਤੀ ਤੇ ਪੰਚ ਤਤ ਕਾ ਜੀਉ ਰੂਪ ਮਨ ਨਹੀਂ ਹੈ। ਇਹ ਤਾਂ ਉਹ ਮਨ ਹੈ ਜਿਸ ਨੂੰ ਜੀਉ (=ਆਤਮਾ)

*ਸੀਉ = ਸ਼ਿਵ ਅਰਥਾਤ ਕਲਿਆਣ ਸਰੂਪ;ਭਾਵ ਅਕਾਲ ਪੁਰਖ ਤੋਂ ਹੈ।

ਕਹੀਦਾ ਹੈ। ਤੇ ਇਹ ਆਤਮਾ ਉਹ ਹੈ ਜੋ ਸਰਵ-ਵਿਆਪੀ ਇਕੋ ਚੇਤਨ ਹੈ, ਜੋ ਸਾਰੇ ਸਰੀਰਾਂ ਨੂੰ ਸਫੁਰਨ ਤੇ ਸੰਚਾਲਨ ਕਰ ਰਿਹਾ ਹੈ। ਜਗਤ ਵਿਚ ਜੋਨਾਨੱਤ੍ਵ ਦਿੱਸ ਰਹੀ ਹੈ,ਉਸ ਨਾਲ ਇਹ ਜੀਉ ਯਾ ਆਤਮਾ ਨਾਨਾ ਨਹੀਂ ਹੋ ਗਿਆ। ਇਹ ਇਕੋ ਦਾ ਇਕੋ ਅਵਿਛਿੰਨ ਹੈ। ਸੋ ਇਹ ਹੋਇਆ ਅਕਾਲ ਪੁਰਖ, ਘਟ ਘਟ ਦਾ ਵਾਸੀ, ਇਸ ਨੂੰ ਕਬੀਰ ਜੀ ਰਵਿ ਰਹੇ ਹਨ, ਸਿਮਰ ਰਹੇ ਹਨ। ਰਵ ਰਹੇ ਦਾ ਅਰਥ ਕ੍ਰੀੜਾ ਕਰ ਰਹੇ ਬੀ ਕਰਦੇ ਹਨ ਪਰ ਕਬੀਰ ਜੀ ਨੇ 'ਰਵਣ' ਦਾ ਅਰਥ ਆਪ ਕੀਤਾ ਹੋਇਆ ਹੈ:-

ਸਹਜਿ ਸਹਜਿ ਗੁਨ ਰਵੈ ਕਬੀਰਾ ॥ [ਆਸਾ ਕਬੀਰ ਜੀ-੧੨

ਅਰਥਾਤ ਕਬੀਰ ਸਹਿਜੇ ਸਹਿਜੇ ਗੁਣ ਕਹਿ ਰਿਹਾ ਹੈ। ਇਥੇ ਬੀ 'ਰਵਿ ਰਹੇ ਕਬੀਰਾ' ਦਾ ਅਰਥ ਹੈ ਇਸ ਗਿਆਨ ਸਰੂਪ ਮਨ ਨੂੰ ਕਬੀਰ ਜੀ ਕਹਿ ਰਹੇ ਭਾਵ ਸਿਮਰ ਰਹੇ ਹਨ।

ਅੰਕ ੩ ਦੀ ਵ੍ਯਾਖ੍ਯਾ ਕੁਛ ਹੋਰ ਵੀਚਾਰ ਗੋਚਰੀ ਹੈ। ਸਨਕਾਦਿਕ ਤੋਂ ਮੁਰਾਦ ਬ੍ਰਹਮਾ ਦੇ ਚਾਰ ਮਾਨਸਿਕ ਪੁਤ੍ਰਾਂ ਤੋਂ ਹੈ: ਸਨਕ, ਸਨੰਦਨ, ਸਨਾਤਨ, ਸਨਤ ਕੁਮਾਰ, ਜੋ ਮਹਾਂ ਪੁਰਖ ਮੰਨੇ ਗਏ ਹਨ। ਇਨ੍ਹਾਂ ਦੇ ਨਾਲ ਗਿਣਿਆ ਹੈ ਨਾਰਦ ਜੋ ਵਡਾ ਭਗਤ ਸੀ, ਤੇ ਸ਼ੇਸ਼ਨਾਗ ਜੋ ਵਿਸ਼ਨੂੰ ਪ੍ਰੇਮੀ ਤੇ ਨਾਮ ਉਚਾਰਕ ਦੱਸਿਆ ਗਿਆ ਹੈ। ਇਨ੍ਹਾਂ ਦੀ ਸ਼ਾਨ ਵਿਚ ਫੁਰਮਾ ਰਹੇ ਹਨ ਕਿ ਇਨ੍ਹਾਂ ਨੇ ਬੀ ਤਨ ਵਿਚ ਮਨ ਨਹੀਂ ਦੇਖਿਆ।

ਪਹਿਲੇ, ਅੰਕ ੨ ਦੇ ਅੰਤ ਤਕ ਵਿਸ਼ੇ ਸੁਖਾਂ ਦੀ ਨਿੰਦਾ ਆ ਰਹੀ ਹੈ, ਉਸ ਦੇ ਬਾਦ ਹੈ ਸਨਕਾ-ਦਿਕਾਂ ਦਾ ਜ਼ਿਕਰ। ਪਿਛਲੀ ਭਾਵ ਪ੍ਰਸੰਗਲੀ ਤੋਂ ਐਉਂ ਜਾਪਦਾ ਹੈ ਕਿ ਇਹ ਬੀ ਵਿਸ਼ੇ ਸੁਖਾਂ ਦੇ ਪ੍ਰੇਮੀ ਸਨ। ਪਰ ਕਬੀਰ ਜੀ ਏਥੇ ਮਜ਼ਮੂਨ ਬਦਲ ਦੇਂਦੇ ਹਨ ਕਿ 'ਤਿਨ ਬੀ ਤਨ ਮਹਿ ਮਨੁ ਨਹੀ ਪੇਖਾ' ਕਿ ਇਨ੍ਹਾਂ ਨੇ ਸਰੀਰ ਵਿਚ ਵਿਆਪੀ ਸ਼ਕਤੀ ਤੇ ਪੰਚ ਤਤ ਜੀਉ ਰੂਪੀ ਮਨ ਦੇ ਹੇਠਾਂ ਕਲਿਆਣ ਸਰੂਪ ਮਨ ਨੂੰ ਨਹੀਂ ਦੇਖਿਆ। ਪਰ ਇਨ੍ਹਾਂ ਸਾਰਿਆਂ ਨੂੰ ਮਹਾਂ ਪੁਰਖ ਸਮਝਿਆ ਜਾਂਦਾ ਹੈ। ਖ਼ੁਦ ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ ਹੈ:-

ਗੁਰਕੈ ਸਬਦਿ ਤਰੇ ਮੁਨਿ ਕੇਤੇ ਇੰਦ੍ਰਾਦਿਕ ਬ੍ਰਹਮਾਦਿ ਤਰੇ ॥
ਸਨਕ ਸਨੰਦਨ ਤਪਸੀ ਜਨ ਕੇਤੇ ਗੁਰ ਪਰਸਾਦੀ ਪਾਰਿ ਪਰੇ ॥
[ਭੈਰਉ ਮਹਲਾ ੧ ੨

ਪੁਨਾ:-ਸਨਕ ਸਨਾਦਿ ਬ੍ਰਹਮਾਦਿ ਇੰਦ੍ਰਾਦਿਕ ਭਗਤਿ ਰਤੇ ਬਨਿਆਈ ॥
[ਸਾਰੰਗ ਮਹਲਾ ੧, ਅਸਟ:-੧

ਸੋ ਕਬੀਰ ਜੀ ਦੀ ਤੁਕ ਦੀ ਮੁਰਾਦ ਇਹ ਨਹੀਂ ਕਿ 'ਸਨਕਾਦਿਕ ਨਾਰਦ ਮੁਨਿ ਸੇਖਾ' ਏਹ ਵਿਸ਼ੇ ਸੁਖਾਂ ਵਿਚ ਲਗੇ ਰਹੇ ਤੇ ਆਤਮ ਅਨੁਭਵ ਤੋਂ ਵਿਰਵੇ ਟੁਰ ਗਏ; ਪਰ ਇਹ ਕਿ ਜਦ ਓਹ ਸਰੀਰ ਤੋਂ ਉੱਚੇ ਨਹੀਂ ਉਠੇ ਤੇ ਆਤਮ ਦ੍ਰਿਸ਼ਟੀ ਨੂੰ ਪ੍ਰਾਪਤ ਨਹੀਂ ਹੋਏ, ਤਦ ਤਕ ਉਨ੍ਹਾਂ ਨੂੰ ਸਰੀਰ ਵਿਚ ਦਾ ਮਨ ਸਰੀਰ ਨਾਲ ਅਭੇਦ ਭਾਸਦਾ ਰਿਹਾ। ਜਦ ਉਨ੍ਹਾਂ ਦੀ ਸੁਰਤ ਸਰੀਰ ਤੋਂ ਉੱਚੀ ਉਠੀ, ਤਦ ਉਨ੍ਹਾਂ ਨੇ ਬੀ ਸਰੀਰ ਵਿਚ ਮਨ ਦੀ ਸ਼ਿਵ ਰੂਪਤਾ ਨੂੰ ਅਨੁਭਵ ਕਰ ਲਿਆ।

ਸਨਕਾਦਿਕ, ਨਾਰਦ, ਸ਼ੇਸ਼, ਇਨ੍ਹਾਂ ਦੀਆਂ ਕਈ ਕਥਾ ਤੇ ਪ੍ਰਸੰਗ ਹਨ। ਉਨ੍ਹਾਂ ਵਿਚੋਂ ਕਈ ਇਸ਼ਾਰੇ ਮਿਲਦੇ ਹਨ ਕਿ ਸਨਕਾਦਿਕਾਂ ਨੇ 'ਬਾਲ ਅਵਸਥਾ ਦੇ ਸਰੀਰ ਦੀ ਬਨਾਵਟ ਮੁੱਦਤਾਂ ਟੁਰੀ ਰਹੇ' ਇਹ ਮੰਗ ਕਦੇ ਕੀਤੀ ਸੀ। ਨਾਰਦ ਜੀ ਕਦੇ ਰੰਭਾ ਦਾ ਨਾਚ ਦੇਖਦੇ ਕਾਮ ਦੇ ਫੁਰਨੇ ਵਿਚ ਆ ਗਏ ਸਨ। ਸ਼ੇਸ਼ਨਾਗ ਨੇ ਇਸੇ ਰੂਪ ਵਿਚ ਅਮਰ ਰਹਿਣ ਦੀ ਆਸ਼ਾ ਕੀਤੀ ਸੀ। ਸੋ ਐਸੀਆਂ ਗੱਲਾਂ ਦੱਸਦੀਆਂ ਹਨ ਕਿ ਤਦੋਂ ਤੱਕ ਸਰੀਰ ਤੋਂ ਉੱਚੇ ਉਠਕੇ ਇਨ੍ਹਾਂ ਨੇ ਆਤਮਾ ਵਲ ਦ੍ਰਿਸ਼ਟੀ ਨਹੀਂ ਕੀਤੀ ਸੀ। ਪਰ ਜਦ ਗੁਰ ਪ੍ਰਸਾਦਿ ਹੋਇਆ, ਭਗਤੀ ਵਿਚ ਰੱਤੇ ਗਏ, ਤਾਂ ਤਨ ਵਿਚ 'ਗ੍ਯਾਨ ਸਰੂਪ' ਮਨ ਦਿੱਸ ਪਿਆ। ਫੇਰ ਓਹ ਪ੍ਰਸਿਧ ਮਹਾਂ ਪੁਰਖ ਹੋਏ। ਇਹ ਅਸੀਂ ਉਪਰ ਗੁਰੂ ਨਾਨਕ ਦੇਵ ਜੀ ਦੀਆ ਤੁਕਾਂ ਤੋਂ ਦੱਸ ਆਏ ਹਾਂ ਕਿ ਗੁਰਪ੍ਰਸਾਦਿ ਨਾਲ ਓਹ ਤਰ ਗਏ ਸਨ।

ਇਸ ਅੰਕ ਦਾ ਅਰਥ ਐਉਂ ਬੀ ਕਰਨ ਦਾ ਯਤਨ ਹੁੰਦਾ ਹੈ ਕਿ 'ਉਨ੍ਹਾਂ ਨੇ ਬੀ ਤਨ ਵਿਚ ਮਨ ਨਹੀਂ ਡਿੱਠਾ' ਤੇ ਭਾਵ ਐਉਂ ਦਾ ਕੱਢਦੇ ਹਨ ਕਿ 'ਉਨ੍ਹਾਂ ਨੇ ਬੀ ਸਰੀਰ ਵਿਚ ਮਨ ਨਹੀਂ ਡਿੱਠਾ' ਭਾਵ ਸਰੀਰ ਨੂੰ ਤਾਂ ਜੜ੍ਹ ਹੀ ਜਾਣਿਆਂ ਬਥੇਰੀ ਖੋਜ ਕੀਤੀ ਕਿ ਸਰੀਰ ਹੀ ਮਨ ਹੋਵੇ, ਪਰ ਨਾ ਡਿੱਠਾ, ਅੰਤ ਉਨ੍ਹਾਂ ਨੇ ਬੀ ਸਰੀਰ ਤੋਂ ਅੱਡਰਾ ਮਨ ਸਹੀ ਕੀਤਾ, ਜੋ ਚੇਤਨ ਸਰੂਪ ਸੀ। ਪਰ ਇਹ ਕੁਛ ਖਿੱਚ ਨਾਲ ਕੱਢਿਆ ਭਾਵ ਜਾਪਦਾ ਹੈ।

**ਵਿਸ਼ੇਸ਼–**ਕਬੀਰ ਜੀ ਜੋ ਸਿਖ੍ਯਾ ਇਸ ਵਿਚ ਦੇ ਰਹੇ ਹਨ, ਇਹ ਹੈ:–

੧. ਕਿ ਆਤਮ ਦਰਸਤਾ ਤੱਕ ਅੱਪੜਨੇ ਲਈ ਆਚਰਣ ਦੀ ਸ਼ੁੱਧਤਾ ਚਾਹੀਦੀ ਹੈ।

੨. ਨਾ ਕੇਵਲ ਵਿਕਾਰਾਂ ਤੋਂ ਬਚਣ ਦੀ ਸਰੀਰਕ ਸੁੱਚਤਾ, ਸਗੋਂ ਸੁਰਤ ਦਾ ਵਿਸ਼ੇ ਸੁਖਾਂ ਦੀ ਮੰਗ ਤੋਂ ਸੁੱਚਿਆਂ ਹੋਣਾ; ਕਿਉਂਕਿ–

੩. ਸੁਰਤ ਵਿਚ ਹੀ ਪਰਮੇਸ਼ੁਰ ਨੇ ਵੱਸਣਾ ਹੈ, ਸੁਰਤ ਭਰੀ ਪਈ ਹੈ ਵਿਸ਼ੇ ਸੁਖ ਭੋਗਿਆਂ ਦੀ 'ਮੈਲ' ਨਾਲ ਤੇ ਅਨਭੋਗਿਆਂ ਦੀ 'ਮੰਗ' ਨਾਲ।

੪. ਇਹ ਵਿਸ਼ੇ ਸੁਖ ਸਤ੍ਯ ਵਸਤੂ ਨਹੀਂ ਤੇ ਇਸ ਸੁਖ ਦਾ ਫਲ ਦੁਖ ਨਿਕਲਦਾ ਹੈ, ਇਸ ਕਰਕੇ ਸ਼ਿਵ ਤੇ ਬ੍ਰਹਮਾ ਵਰਗੇ ਦੇਵਤੇ ਇਸ ਤੋਂ ਡਰਦੇ ਰਹੇ, ਆਪ ਬਚਣ ਦੇ ਯਤਨ ਵਿਚ ਰਹੇ ਤੇ ਹੋਰਨਾਂ ਨੂੰ ਮਨ੍ਹਾ ਕਰਦੇ ਰਹੇ। ਸੋ ਜਦ ਤਕ ਇਸ ਸੁਖ ਦੀ ਅੰਦਰ ਰਿਹਾਇਸ਼ ਹੈ ਤਦ ਤਕ ਅੰਦਰ ਰਾਜਾ ਰਾਮ (ਭਗਵੰਤ ਦਾ) ਨਿਵਾਸ ਨਹੀਂ ਹੋ ਸਕਦਾ।

੫. ਹੁਣ ਲੋੜ ਹੈ ਜਾਣਨੇ ਦੀ ਕਿ ਇਸ ਵਿਸ਼ੇ ਸੁਖ ਭੋਗੇ ਦੀ 'ਮੈਲ' ਤੇ ਅਨਭੋਗੇ ਦੀ 'ਮੰਗ' ਕਿਵੇਂ ਦੂਰ ਹੋਵੇ? ਇਸ ਪਰ ਫੁਰਮਾਉਂਦੇ ਹਨ ਕਿ ਭਗਤ ਜੈਦੇਵ ਤੇ ਨਾਮਦੇਵ ਨੇ ਜੀਕੂੰ ਇਸ ਤੋਂ ਖਲਾਸੀ ਪਾਈ ਸੀ।

੬. ਜੈਦੇਵ ਜੀ ਤੇ ਨਾਮਦੇਵ ਜੀ ਨੇ ਕੀਕੂੰ ਖਲਾਸੀ ਪਾਈ ਸੀ ? ਉੱਤਰ: ਭਗਤੀ ਕਰਕੇ ਤੇ ਭਗਤੀ ਪ੍ਰੇਮ ਵਾਲੀ ਕਰਕੇ। ਇਥੇ ਹੁਣ ਪ੍ਰੇਮ ਤੇ ਭਗਤੀ ਦਾ ਪ੍ਰਕਾਰ ਨਹੀਂ ਦੱਸਦੇ, ਓਹ ਅਸੀਂ ਉਨ੍ਹਾਂ ਦੀ ਹੋਰ ਬਾਣੀ ਤੋਂ ਸਮਝ ਸਕਦੇ ਹਾਂ ਕਿ ਉਹ ਹੈ:–

੭. ਨਾਮ ਦੀ ਅਰਾਧਣਾ। ਨਾਮ ਨਾਲ 'ਹਰਿ ਕਾ ਬਿਲੋਵਨਾ' ਅੰਦਰ ਹੋਏਗਾ, ਜਿਸ ਨਾਲ ਗਯਾਨ ਸਰੂਪੀ ਮਨ ਮੱਖਣ ਵਾਙੂ ਅਲੱਗ ਹੋਕੇ ਪ੍ਰਤੀਤ ਦੇ ਜਾਏਗਾ, ਕਿਉਂਕਿ ਉਨ੍ਹਾਂ ਦਾ,

੮. ਇਹ ਭ੍ਰਮ ਕਿ ਮੇਰਾ ਮਨ ਪੰਚਾਂ ਤੱਤਾਂ ਦਾ ਜੀਉ ਹੈ ਯਾ ਕੇਵਲ ਸ਼ਕਤੀ ਰੂਪ ਹੈ, ਦੂਰ ਹੋ ਜਾਂਦਾ ਹੈ, ਉਨ੍ਹਾਂ ਨੂੰ ਫੇਰ,

੯. ਸਤ੍ਯ ਸਰੂਪ ਦੀ ਪਛਾਣ ਹੋ ਜਾਂਦੀ ਹੈ ਕਿ ਅਸਲ ਮਨ ਸਤ੍ਯ ਸਰੂਪ ਹੈ, ਜਨਮ ਮਰਨ ਤੋਂ ਰਹਿਤ ਹੈ। ਇਸ ਦਾ ਰੂਪ ਰੇਖ ਰੰਗ ਕੋਈ ਨਹੀਂ। ਇਹ ਅਵਿਛਿੰਨ ਹੈ, ਇਕੋ ਹੈ, ਵ੍ਯਾਪਕ ਹੈ, ਨਾਨੱਤ੍ਵ ਇਸ ਨੂੰ ਨਹੀਂ ਹੈ।

੧੦. ਫੇਰ ਉਸ ਨੂੰ ਸੰਸੇ ਨਹੀਂ ਫੁਰਦੇ ਕਿ ਇਹ ਕਿਉਂ ਰਚਿਆ ਗਿਆ, ਉਹ ਸਮਝ ਜਾਂਦਾ ਹੈ ਕਿ ਇਹ ਪਰਮਾਤਮ ਦੇਵ ਦੇ ਹੁਕਮ ਵਿਚ ਸਾਰਾ ਕੁਛ ਹੋ ਰਿਹਾ ਹੈ, ਐਸੇ ਬੁੱਝਣੇ ਨਾਲ ਉਹ ਨਿਸ਼ਭ੍ਰਮ ਹੋ ਕੇ 'ਹੁਕਮੀ' ਵਿਚ ਲੀਨ ਹੋ ਜਾਂਦਾ ਹੈ। 'ਆਪਾ ਭਾਵ' ਨਹੀਂ ਰਹਿੰਦਾ, ਹੁਕਮੀ ਹੀ ਹੁਕਮੀ ਰਹਿ ਜਾਂਦਾ ਹੈ।

੧੧. ਅੰਤ ਵਿਚ ਉਸ ਗੱਲ ਨੂੰ ਖੋਹਲ ਦੇਂਦੇ ਹਨ ਜੋ ਅੰਕ ੫ ਵਿਚ ਭਗਤਾਂ ਦੇ ਕਰਤਵ੍ਯ ਵਿਚ ਦੱਸੀ ਕਿ ਇਸ ਵ੍ਯਾਪਕ ਗਯਾਨ ਸਰੂਪ ਪਰਮਾਤਮ ਦੇਵ ਦਾ ਭਜਨ ਕਰੇ, ਜਿਸ ਦ੍ਵਾਰਾ ਸਰਗੀਰਾਂ ਦੀ ਨਾਨੱਤ੍ਵ ਦੇਖਦਿਆਂ 'ਗਯਾਨ ਸਰੂਪ' ਦੀ ਏਕਤਾ ਦਾ ਅਨੁਭਵ ਪ੍ਰਾਪਤ ਹੋਏਗਾ ਤੇ ਰਹੇਗਾ।

**ਨਿਰੁਕ੍ਤ**—ਬਿਖਿਆ—ਵਿਸ਼ਿਆਂ ਵਿਚ। ਬਿਖਿਆ ਸੁਖ—ਵਿਸ਼ੇ ਸੁਖਾਂ ਵਿਚ।

ਰਾਜਾ ਰਾਮ ਨਿਵਾਸਾ—ਰਾਜਾ ਰਾਮ ਦਾ ਨਿਵਾਸ। ਪ੍ਰਕਾਸ਼ ਸਰੂਪ ਵਜਾਪਕ (ਪ੍ਰਭੂ) ਦਾ (ਅੰਦਰ ਹਿਰਦੇ ਵਿਚ) ਵਸ ਜਾਣਾ।

ਸਿਵ ਬ੍ਰਹਮ—ਸ਼ਿਵ ਜੀ ਤੇ ਬ੍ਰਹਮਾ ਜੀ।

ਸਨਕਾਦਿਕ—[ਸੰਸ:, ਸਨਕ:=ਬ੍ਰਹਮਾ ਦੇ ਚਾਰ ਮਾਨਸਿਕ ਪੁਤ੍ਰਾਂ ਵਿਚੋਂ ਇਕ ਦਾ ਨਾਮ] ਸਨਕ+ਆਦਿਕ। ਸਨਕ ਤੇ ਹੋਰ। ਭਾਵ ਹੈ ਬ੍ਰਹਮਾ ਦੇ ਚਾਰ ਮਾਨਸਿਕ ਪੁਤ੍ਰ—ਸਨਕ, ਸਨੰਦਨ, ਸਨਾਤਨ, ਸਨਤ ਕੁਮਾਰ।

ਨਾਰਦ—(ਦੇਖੋ ਪੰਨਾ ੫੬੧) ਹਰੀ ਵਸ ਵਿਚ ਬ੍ਰਹਮਾ ਦਾ ਮਾਨਸ ਪੁਤ੍ਰ ਲਿਖਿਆ ਹੈ। ਰਿਗ ਵਿਚ ਬੀ ਨਾਮ 'ਨਾਰਦ' ਆਇਆ ਹੈ। ਕਿਤੇ ਬ੍ਰਹਮਾਂ ਦੇ ਕੰਠ ਤੇ ਕਿਤੇ ਅੰਗੂਠੇ ਤੋਂ ਉਪਜਿਆ ਦੱਸਿਆ ਹੈ। ਪੁਰਾਣਾਂ ਵਿਚ ਬੜੀਆਂ ਕਥਾਂ ਹਨ ਨਾਰਦ ਜੀ ਦੀਆਂ। ਜਿਸ ਵਿਸ਼ੇ ਸੁਖ ਦੀ ਸੈਨਤ ਕਬੀਰ ਜੀ ਦੇ ਇਸ ਸ਼ਬਦ ਵਿਚ ਹੈ ਉਹ ਇਹ ਹੈ ਕਿ ਇੰਦਰ ਦੀ ਸਭਾ ਵਿਚ 'ਰੰਭਾ' ਦਾ ਨਾਚ ਦੇਖਦੇ ਨਾਰਦ ਜੀ ਕਾਮ ਵਿਚ ਮੋਹਿਤ ਹੋ ਗਏ ਲਿਖੇ ਹਨ। ਨਾਰਦ ਕਲਹਾ ਪਾਉਣ ਵਾਲਾ ਬੀ ਲਿਖਿਆ ਹੈ। ਨਾਰਦ ਭਗਤ ਬੀ ਵਡਾ ਸੀ, ਇਸ ਦੇ ਲਿਖੇ 'ਨਾਰਦ ਪੰਚ ਰਾਤ੍ਰ' ਨਾਮੇਂ ਗ੍ਰੰਥ ਵਿਚ ਭਗਤੀ ਦੇ ਪ੍ਰਕਾਰ ਲਿਖੇ ਹਨ। ਇਕ ਪੁਰਾਣ ਬੀ ਨਾਰਦ ਦੇ ਨਾਮ ਨਾਲ ਸੰਬੰਧਤ ਹੈ। ਬੀਣਾ ਵਜਾਉਂਦੇ ਤੇ ਹਰੀ ਕੀਰਤਨ ਕਰਦੇ ਬੀ ਦੱਸੀਦੇ ਹਨ। ਕਿਤੇ ਟਿਕ ਨਾ ਰਹਿਣਾ ਤੇ ਲੋਕ ਲੋਕ ਫਿਰਦੇ ਰਹਿਣ ਦਾ ਇਨ੍ਹਾਂ ਨੂੰ ਸਰਾਪ ਬੀ ਸੀ। ਸੋ ਜਾਪਦਾ ਹੈ ਕਿ ਨਾਰਦ ਇਕ ਨਹੀਂ ਕਈ ਹੋਏ ਹਨ ਤੇ ਕਥਾਵਾਂ ਇਕ ਦੇ ਦੁਆਲੇ ਘੁੰਮ ਰਹੀਆਂ ਹਨ।

ਸੇਖ—ਕਬੀਰ ਜੀ ਦੀ ਮੁਰਾਦ ਸ਼ੇਸ਼ ਨਾਗ ਤੋਂ ਹੈ, ਜੋ ਦੇਵਤਾ, ਕਵੀ, ਹਰੀ ਭਗਤ, ਹਰ ਛਿਨ ਨਵਾਂ ਨਾਮ ਉਚਾਰਨ ਵਾਲੇ ਮੰਨੇ ਜਾਂਦੇ ਹਨ ਤ ਇਨ੍ਹਾਂ ਨੂੰ ਬੜਾ ਵੱਡਾ ਨਾਗ ਤੇ ਵਿਸ਼ਨੂੰ ਦੀ ਸਿਹਜਾ ਬੀ ਦੱਸਿਆ ਜਾਂਦਾ ਹੈ; ਕਦ੍ਰੂ ਦੇ ਪੁੱਤ੍ਰ ਦੱਸੇ ਜਾਂਦੇ ਹਨ। ਪੇਖਿਆ—ਵੇਖਿਆ।

ਜੈ ਦੇਉ ਨਾਮਾਂ—ਭਗਤ ਜੈ ਦੇਵ ਤੇ ਭਗਤ ਨਾਮ ਦੇਵ ਨੇ।

ਭਗਤਿ ਕੈ ਪ੍ਰੇਮਿ—ਭਗਤੀ ਕਰਕੇ ਪ੍ਰੇਮ ਦੁਆਰਾ। ਰੂਪੁ—ਸ਼ਕਲ,ਸੂਰਤ।

ਰੇਖਿਆ—[ਸੰਸ:, ਰੇਖਾ] ਲੀਕ। ਚਿੰਨ੍ਹ। ਚਿਹਨ ਚਕ੍ਰ।

ਭੇਉ—[ਸੰਸ:, ਭੇਦ:] ਮਰਮ, ਗੁੱਝੀ ਵਾਕਫੀ ਦੀ ਗੱਲ। ਛਿਪੀ ਹੋਈ ਗੱਲ।

ਸੁਖਦੇਉ—ਸੁਖ ਸਰੂਪ ਤੇ ਪ੍ਰਕਾਸ਼ ਸਰੂਪ। (ਅ) ਇਸ ਦਾ ਅਰਥ 'ਸੁਕਦੇਵ ਸੁਆਮੀ' ਬੀ ਕਰ ਲੈਂਦੇ ਹਨ। ਰਵਿ ਰਹੇ—[ਸੰਸ:, ਰਵਣ=ਗਰਜਨ ਵਾਲਾ, ਨਾਦ ਕਰਨ ਵਾਲਾ, ਉੱਚੀ ਬੋਲਣ ਵਾਲਾ, ਸ਼ਬਦਾਯਮਾਨ] ਉਚਾਰਨ ਕਰ ਰਹੇ, ਜਪ ਰਹੇ। 'ਰਵਿ' ਨੂੰ 'ਰਮਣ' ਸਮਝਕੇ ਕ੍ਰੀੜਾ ਬੀ ਅਰਥ ਕਰਦੇ ਹਨ। ਪਰ ਕਬੀਰ ਜੀ ਆਪ ਫੁਰਮਾ ਰਹੇ ਹਨ ਕਿ 'ਰਵਿ' ਦਾ ਅਰਥ ਉਚਾਰਨਾ ਹੈ। ਯਥਾ:— ਸਹਜਿ ਸਹਜਿ ਗੁਨ ਰਵੈ ਕਬੀਰਾ ॥ [ਆਸਾ ਕਬੀਰ ਜੀ-੧੨

ਇਸ ਤੋਂ ਅਗਲੇ ਸ਼ਬਦ ਵਿਚ ਫੇਰ ਸਪਸ਼ਟ ਨਾਮ ਦਾ ਉਪਦੇਸ਼ ਚਲਦਾ ਹੈ।

## [ਗਉੜੀ ਕਬੀਰ ਜੀ, ਚਉਪਦਾ—੩੭]

**ਪ੍ਰਾਕ੍ਕਥਨ**—ਪਿਛਲੇ ਸ਼ਬਦ ਦੇ ਅੰਤ ਵਿਚ 'ਰਵਿ ਰਹੇ ਕਬੀਰਾ' ਦਾ ਭਾਵ ਇਸ ਸ਼ਬਦ ਵਿਚ ਹੋਰ ਸਪਸ਼ਟ ਕੀਤਾ ਹੈ।

| ਮੂਲ | ਅਰਥ |
| --- | --- |
| ਗਉੜੀ ਗੁਆਰੇਰੀ ॥ ਅਹਿਨਿਸਿ ਏਕ ਨਾਮ ਜੋ ਜਾਗੇ ॥ ਕੇਤਕ ਸਿਧ ਭਏ ਲਿਵਲਾਗੇ॥੧॥ਰਹਾਉ॥ | ਜੋ (ਲੋਕ) ਦਿਨੇ ਰਾਤ ਇਕੋ (ਪ੍ਰਭੂ) ਦਾ ਨਾਮ (ਜਪਦੇ ਮਨ ਕਰਕੇ)ਜਾਗਦੇ ਰਹੇ ਓਹ ਲਿਵ ਲਗੀ ਵਾਲੇ ਕਿਤਨੇ ਹੀ ਸਿੱਧੀ ਨੂੰ ਪ੍ਰਾਪਤ ਹੋਏ (ਭਾਵ ਸਿਰੇ ਚੜ੍ਹ ਗਏ) ॥ ੧ ॥ ਰਹਾਉ ॥ |
| ਸਾਧਕ ਸਿਧ ਸਗਲ ਮੁਨਿ ਹਾਰੇ ॥ ਏਕ ਨਾਮ ਕਲਿਪਤਰ ਤਾਰੇ ॥੧॥ | (ਨਾਮ ਸਿਮਰਣ ਤੋਂ ਵਿਰਵੇ ਹੋਰ) ਸਾਧਨਾਂ ਦੇ ਸਾਧਣ ਵਾਲੇ ਸਿਧ ਤੇ ਮੁਨੀ ਸਾਰੇ ਹੀ (ਸਾਧਨ ਕਰਦੇ) ਥੱਕ ਗਏ ਸਨ; (ਪ੍ਰੰਤੂ) ਇਕ ਨਾਮ (ਹੀ ਹੈ ਜੋ ਜੀਵ ਦੀਆਂ ਸਾਰੀਆਂ ਇੱਛਾਂ ਪੂਰਨ ਕਰਨੇ ਵਾਲਾ) ਕਲਪ ਬ੍ਰਿਛ ਹੈ, (ਉਸ ਨੇ ਓਹ ਸਾਰੇ ਹੀ) ਤਾਰ ਦਿਤੇ ॥ ੧ ॥ |
| ਜੋ ਹਰਿ ਹਰੇ ਸੁ ਹੋਹਿ ਨ ਆਨਾ ॥ ਕਹਿ ਕਬੀਰ ਰਾਮ ਨਾਮ ਪਛਾਨਾ ॥ ੨ ॥ ੩੭ ॥ | ਜੋ ਹਰੀ ਨੇ ਹਰ ਲਏ ਹਨ ਓਹ (ਫੇਰ) ਕਿਸੇ ਹੋਰ ਦੇ ਨਹੀਂ ਬਣੇ, ਇਸ ਲਈ ਕਬੀਰ ਆਖਦਾ ਹੈ (ਕਿ ਮੈਂ) ਰਾਮ ਨਾਮ ਨੂੰ ਹੀ (ਸਰਬ ਥੋਕ ਦਾ ਦਾਤਾ ਕਲਪ ਬ੍ਰਿਛ) ਪਹਿਚਾਨ ਲਿਆ ਹੈ ॥ ੨ ॥ ੩੭ ॥ |

**ਵਯਾਖਯਾ**—ਅੰਕ ੧—ਜੋ ਪੁਰਸ਼ 'ਇਕ' ਦੇ ਨਾਮ ਸਿਮਰਣ ਵਿਚ ਲਗ ਪਏ ਤੇ ਉਹਨਾਂ ਦੀ ਲਿਵ ਲੱਗ ਗਈ, ਓਹ ਸਿਰੇ ਚੜ੍ਹ ਗਏ। ਇਸ ਅੰਕ ਵਿਚ ਓਹ ਲੋਕ ਦੱਸੇ ਹਨ, ਜੋ ਸ਼ੁਰੂ ਤੋਂ ਹੀ ਨਾਮ ਵਿਚ ਲੱਗ ਪਏ ਤੇ ਹੋਰ ਕਿਸੇ ਸਾਧਨ ਵਿਚ ਨਹੀਂ ਲੱਗੇ। ਲੱਗੇ ਐਸੇ ਕਿ ਦਿਨ ਰਾਤ ਲਗੇ ਰਹੇ ਤੇ ਅੰਦਰ ਲਿਵ ਬਣ ਗਈ। ਅਰਥਾਤ ਡੂੰਘੇ ਮਨ ਤਕ ਨਾਮ ਸਿੰਜਰ ਗਿਆ, ਓਹ ਸਿਰੇ ਚੜ੍ਹ ਗਏ।

ਹੁਣ ਰਹਾਉ ਵਿਚ ਦੂਸਰੀ ਕਿਸਮ ਦੇ ਜਗਯਾਸੂ ਲੈਂਦੇ ਹਨ ਜੋ ਹੋਰ ਸਾਧਨਾ ਵਿਚ ਲਗੇ ਤੇ ਨਾਮ ਵਿਚ ਨਹੀਂ ਲਗੇ, ਪਰ ਸਾਧਨ ਕਰਦੇ ਹਾਰ ਹੁੱਟ ਕੇ ਅੰਤ ਨਾਮ ਨੂੰ ਲੱਗੇ ਤਾਂ ਓਹ ਬੀ ਤਰ ਗਏ। ਇਥੇ ਨਾਮ ਨੂੰ ਕਲਪ ਬ੍ਰਿਛ ਦੀ ਸਦਰਸ਼ਤਾ ਦਿੱਤੀ ਹੈ ਕਿ ਮਨੋ ਵਾਂਛਤ ਦੇਣ ਨੂੰ ਸਮਰਥ ਹੈ, ਸੋ ਮੁਕਤੀ ਦੇ ਇੱਛਾਵਾਨਾਂ ਨੇ ਹੋਰ ਸਾਧਨਾਂ ਤੋਂ ਥੱਕ ਕੇ ਜਦ ਨਾਮ ਦੀ ਸ਼ਰਣ ਲਈ ਤਾਂ ਨਾਮ ਨੇ ਮਨੋ ਵਾਂਛਤ ਮੁਕਤੀ ਦੇ ਦਿਤੀ।

ਅੰਕ ੨ ਵਿਚ ਇਸ਼ਾਰੇ ਨਾਲ ਦੱਸਦੇ ਹਨ ਕਿ ਨਾਮ ਦਾ ਪ੍ਰੇਮੀ ਹਉਂ ਅਤੀਤ ਹੋ ਜਾਂਦਾ ਹੈ। ਹਉਂ ਅਤੀਤ ਹੋਏ ਨੂੰ ਪ੍ਰਭੂ ਅਪਣੇ ਵਿਚ ਖਿੱਚ ਲੈਂਦਾ ਹੈ, ਇਹ ਹੈ 'ਹਰੀ ਦਾ ਹਿਰ ਲੈਣਾ' ਖੋਹ ਲੈਣਾ, ਮਾਇਆ ਦੇ ਵਸੀਕਾਰ ਤੋਂ ਕੱਢਕੇ ਅਪਣੇ ਹਰੀ ਰੂਪ ਵਿਚ ਲੈ ਲੈਣਾ,ਜੈਸਾ ਕਿ ਗੁਰੁਵਾਕ ਹੈ:—

ਬਾਹ ਪਕਰਿ ਪ੍ਰਿਅ ਸੇਜੈ ਆਨੀ ॥    [ ਆਸਾ ਮਹਲਾ ੫-੭੪

ਇਕੁਰ ਜੋ ਹਰੀ ਦੇ ਖਿੱਚੇ ਹਰੀ ਦੇ ਹੋ ਜਾਂਦੇ ਹਨ ਓਹ ਫੇਰ ਹੋਰ ਕਿਸੇ ਪਾਸੇ ਨਹੀਂ ਤੱਕਦੇ। ਜੈਸਾ ਕਿ ਫਰੀਦ ਜੀ ਦਾ ਵਾਕ ਹੈ:-

ਜਿਨ੍ਹਾ ਨਾਉ ਸੁਹਾਗਣੀ ਤਿਨਾ ਝਾਕ ਨ ਹੋਰ ॥    [ ਸਲੋਕ ਫਰੀਦ ਜੀ -੧੧੪

ਅੰਤ ਵਿਚ ਦੱਸਦੇ ਹਨ ਕਿ ਮੈਂ ਇਕੋ ਹਰੀ ਦੇ ਨਾਮ ਨੂੰ ਪਛਾਣ ਲਿਆ ਹੈ ਕਿ ਇਹ ਸਭ ਕੁਛ ਦਾ ਦਾਤਾ ਹੈ, ਤੇ ਮੁਕਤੀ ਬੀ ਇਸੇ ਕੋਲੋਂ ਹੀ ਮਿਲਦੀ ਹੈ। ਇਹ ਸਿਆਣ ਨਿਸਚੇ ਦੇ ਘਰ ਲੈ ਜਾਂਦੀ ਹੈ, ਤੇ ਨਿਸਚੇ ਵਿਚ ਕੀਤਾ ਸਿਮਰਣ ਹਰੀ ਵਿਚ ਲੈ ਜਾਂਦਾ ਹੈ।

**ਨਿਰੁਕਤ**—ਅਹਿਨਿਸਿ—[ਸੰਸ:, ਅਹ:=ਦਿਨ+ਨਿਸ਼ਾ=ਰਾਤ] ਦਿਨ ਰਾਤ। ਸਦਾ।

ਲਿਵ ਲਾਗੇ—ਲਿਵ ਲਗੀ ਵਾਲੇ, ਜਿਨ੍ਹਾਂ ਦੀ ਲਿਵ ਲਗੀ ਹੋਈ ਸੀ। (ਅ) [ਕ੍ਰਿਯਾ] ਲਿਵ

ਲਗ ਜਾਣੇ ਤੇ। ਸਾਧਕ—ਸਾਧਨਾ ਕਰਨ ਵਾਲੇ।

ਸਿਧ—ਜੋਗੀਆਂ ਦੇ ਵਡਕੇ। ਜੈਨੀ ਬੀ ਅਪਣੇ ਵਡਕੇ ਨੂੰ ਸਿਧ ਆਖਦੇ ਹਨ।

ਮੁਨਿ—ਹਿੰਦੂਆਂ ਦੇ ਵਡਕੇ। ਮੰਨਨ ਕਰਨ ਵਾਲੇ। ਧਰਮਾਤਮਾ ਲੋਕ।

ਹਟੇ—ਖੱਸ ਲਏ। ਲੈ ਲਏ। ਭਾਵ ਅਪਨਾ ਲਏ। (ਅ) ਹਰੇ ਕਰ ਦਿਤੇ।

ਆਨਾ—ਹੋਰ ਦੇ। ਹੋਰ ਕਿਸੇ ਦੇ।

## [ਗਉੜੀ ਕਬੀਰ ਜੀ, ਚਉਪਦਾ—੩੮]

**ਪ੍ਰਾਕ੍ਰਥਨ—**ਪਿਛਲੇ ਸ਼ਬਦ ਵਿਚ ਹਰੀ ਨਾਮ ਨਾਲ ਮੁਕਤੀ ਪ੍ਰਾਪਤੀ ਦੱਸੀ ਸੀ। ਹੁਣ ਦੱਸਦੇ ਹਨ ਕਿ ਸੰਸਾਰਕ ਲੋੜਾਂ ਤੇ ਕਾਮਨਾ ਬੀ ਉਹੋ ਠਾਕੁਰ ਪੂਰੀਆਂ ਕਰਨੇ ਵਾਲਾ ਹੈ।

| ਮੂਲ | ਅਰਥ |
|---|---|
| ਗਉੜੀ ਭੀ ਸੋਰਠਿ ਭੀ ॥ | ਇਹ ਸ਼ਬਦ ਰਾਗ ਗਉੜੀ ਤੇ ਸੋਰਠ ਦੋਹਾਂ ਵਿਚ ਗਾਵਿਆਂ ਜਾਂਦਾ ਸੀ ਤੇ ਗਾਵਿਆਂ ਜਾ ਸਕਦਾ ਹੈ। |
| ਰੇ ਜੀਅ ਨਿਲਜ ਲਾਜ ਤੁੋਹਿ ਨਾਹੀ ॥ ਹਰਿ ਤਜਿ ਕਤ ਕਾਹੂ ਕੇ ਜਾਂਹੀ ॥ ੧ ॥ ਰਹਾਉ ॥ ਜਾ ਕੋ ਠਾਕੁਰੁ ਊਚਾ ਹੋਈ ॥ ਸੋ ਜਨੁ ਪਰ ਘਰ ਜਾਤ ਨ ਸੋਹੀ ॥੧॥ | ਹੇ ਲਾਜ ਤੋਂ ਰਹਿਤ ਜੀਵ! ਤੈਨੂੰ ਸ਼ਰਮ ਨਹੀਂ ਆਉਂਦੀ ਕਿ ਹਰੀ ਨੂੰ ਛੱਡਕੇ ਤੂੰ ਕਿੱਥੇ (ਤੇ) ਕਿਸਦੇ ਪਾਸ ਜਾਂਦਾ ਹੈਂ? (ਕਿਉਂਕਿ ਕੀਹ ਮਾਨੁਖਾਂ ਵਿਚ ਕੀਹ ਦੇਵਤਿਆਂ ਵਿਚ ਸਭ ਤੋਂ ਉੱਚਾ ਤਾਂ ਹਰੀ ਹੀ ਹੈ। ਤਾਂਤੇ ਸੋਚ ਕਰ ਕਿ) ਜਿਸ ਦਾ ਠਾਕੁਰ (ਸਭ ਤੋਂ) ਉੱਚਾ ਹੋਵੇ, ਉਹ ਪੁਰਖ ਪਰਾਏ ਘਰ (ਮੰਗਣ) ਜਾਂਦਾ ਸੋਭਦਾ ਨਹੀਂ ॥ ੧ ॥ |
| ਸੋ ਸਾਹਿਬੁ ਰਹਿਆ ਭਰਪੂਰਿ ॥ ਸਦਾ ਸੰਗਿ ਨਾਹੀ ਹਰਿ ਦੂਰਿ॥੨॥ | (ਕਿਉਂਕਿ ਇਕ ਤਾਂ ਤੇਰਾ ਠਾਕੁਰ ਉੱਚਾ ਹੈ, ਦੂਜੇ) ਉਹ (ਸਭ ਦਾ ਸਾਹਿਬ=) ਮਾਲਕ ਹੈ, (ਫਿਰ ਉਹ) ਹਰੀ (ਇਕ ਦੇਸੀ ਨਹੀਂ, ਸਾਰੇ) ਭਰਪੂਰ (ਵਜਾਪਕ) ਹੋ ਰਿਹਾ ਹੈ, (ਇਸ ਕਰਕੇ) ਸਦਾ (ਤੇਰੇ) ਨਾਲ ਹੈ, (ਤੈਥੋਂ) ਕਦੇ ਬੀ ਦੂਰ ਨਹੀਂ ਹੁੰਦਾ ॥ ੨ ॥ |
| ਕਵਲਾ ਚਰਨ ਸਰਨ ਹੈ ਜਾ ਕੇ ॥ ਕਹੁ ਜਨ ਕਾ ਨਾਹੀ ਘਰ ਤਾ ਕੇ॥੩॥ | (ਜੇ ਤੂੰ ਮਾਇਆ ਅਰਥੀ ਹੋਕੇ ਹੋਰਥੇ ਜਾਂਦਾ ਹੈਂ ਤਾਂ ਸੋਚਕੇ ਦੇਖ) ਮਾਇਆ ਤਾਂ ਉਸ(ਠਾਕੁਰ) ਦੇ ਚਰਣਾਂ ਦੀ ਸ਼ਰਣ ਵਿਚ ਵਸਦੀ ਹੈ, (ਫਿਰ ਤੂੰਹੇਂ) ਦੱਸ, ਹੇ ਭਾਈ! ਕਿ ਉਸ ਦੇ ਘਰ ਕੀਹ (ਵਸਤੂ) ਨਹੀਂ ਹੈ? ਭਾਵ ਜੋ ਸਭ ਦਾ ਠਾਕੁਰ ਹੈ ਆਪ ਤੇ ਮਾਇਆ ਦਾ ਪਤੀ ਹੈ, ਉਸ ਦੇ ਪਾਸ ਅਰਥ ਪਰਮਾਰਥ ਸਭੋ ਕੁਛ ਹੈ, ਸੋ ਉਸੇ ਦੀ ਸ਼ਰਣ ਵਿਚ ਰਹੁ, ਮਾਯਾ ਦੇ ਮਗਰ ਨਾ ਜਾਹ) ॥ ੩ ॥ |
| ਸਭੁ ਕੋਊ ਕਹੈ ਜਾਸੁ ਕੀ ਬਾਤਾ॥ਸੋ ਸੰਮ੍ਰਥੁ ਨਿਜ ਪਤਿ ਹੈ ਦਾਤਾ ॥੪॥ | (ਪ੍ਰਸ਼ਨ: ਐਸਾ ਹਰੀ ਕਦੇ ਸੁਣਿਆ ਡਿੱਠਾ ਨਹੀਂ? ਉੱਤਰ: ਹੇ ਭਾਈ! ਦੇਖ) ਸਭ ਕੋਈ ਜਿਸ ਦੀਆਂ ਗੱਲਾਂ ਕਰਦਾ ਹੈ, ਉਹ (ਹੈ ਸਰਬ) ਸਮਰੱਥ ਹਰੀ। (ਫਿਰ ਉਸ ਤੋਂ ਵੱਡਾ ਉਸ ਦਾ ਮਾਲਕ ਕੋਈ ਨਹੀਂ। ਉਹ ਤਾਂ) ਖ਼ੁਦ ਮਾਲਕ ਦਾਤਾ ਹੈ, (ਭਾਵ ਸੁਤੰਤ੍ਰ ਸੁਆਮੀ ਹੈ) ॥ ੪ ॥ |

| | |
|---|---|
| ਕਹੈ ਕਬੀਰੁ ਪੂਰਨ ਜਗ ਸੋਈ । ਜਾਕੈ ਹਿਰਦੈ ਅਵਰੁ ਨ ਹੋਈ ॥ ੫ ॥ ੩੮ ॥ | ਕਹਿੰਦੇ ਹਨ ਕਬੀਰ ਜੀ ਜਗਤ ਵਿਚ ਉਹੋ (ਪੁਰਖ) ਪੂਰਾ ਹੈ, ਜਿਸ ਦੇ ਹਿਰਦੇ ਵਿਚ (ਕਿ ਉਸ ਠਾਕੁਰ ਤੋਂ ਬਿਨਾਂ) ਦੂਜਾ ਹੋਰ ਕੋਈ ਨਹੀਂ ਹੈ ॥ ੫ ॥ ੩੮ ॥ |

**ਵਿਆਖਿਆ**—ਜਾਪਦਾ ਹੈ ਆਪ ਦੇ ਪਿਛਲੇ ਦੋ ਸ਼ਬਦ ਸੁਣਕੇ ਯਾ ਵਾਚ ਕੇ ਕਿਸੇ ਨੇ ਸ਼ੰਕਾ ਕੀਤੀ ਹੈ ਕਿ ਜੀ ਮੈਂ ਹਰੀ ਸਿਮਰਨ ਦੀ ਟੇਕ ਤਾਂ ਲੈ ਲਈ ਹੈ 'ਮੁਕਤੀ ਉਹ ਆਪ ਦੇਵੇਗਾ' ਜੈਸੇ ਕਿ ਆਪ ਫੁਰਮਾ ਰਹੇ ਹੋ, ਪਰ ਸੰਸਾਰਕ ਲੋੜਾਂ ਤਾਂ ਮਾਇਆ ਨਾਲ ਪੂਰਨ ਹੁੰਦੀਆਂ ਹਨ, ਉਨ੍ਹਾਂ ਲਈ ਤਾਂ ਹੋਰ ਦੇਵਤਿਆਂ ਦੀ ਪੂਜਾ ਜੋ 'ਕਾਮਨਾ ਪੂਰਨ' ਕਰਦੇ ਹਨ, ਕਰਨ ਦੀ ਲੋੜ ਪੈਂਦੀ ਹੈ, ਫਿਰ ਦੁਨੀਆਂ ਦੇ ਮਨੁੱਖਾਂ ਦੀਆਂ, ਜਿਨ੍ਹਾਂ ਦੇ ਹੱਥ ਵਿਚ ਬਹੁਤ ਕੁਛ ਹੁੰਦਾ ਹੈ, ਕੁਸ਼ਾਮਤਾਂ ਦੀ ਲੋੜ ਪੈਂਦੀ ਹੈ, ਉਸ ਲਈ ਕੀਹ ਕਰੀਏ ? ਤਦ ਕਬੀਰ ਜੀ ਇਕ ਪਿਆਰ ਭਰੀ ਝਿੜਕ ਨਾਲ ਆਖਦੇ ਹਨ:—ਹੇ ਜੀਵ ! ਹੇ ਮਾਨੁੱਖ ; ਤੈਨੂੰ ਇਹ ਗਲ ਆਖਦਿਆਂ ਸ਼ਰਮ ਨਹੀਂ ਆਉਂਦੀ ! ਜਦ ਤੂੰ ਠਾਕੁਰ ਨੂੰ ਛੱਡਕੇ ਹੋਰ ਪਾਸੇ ਜਾਕੇ ਇੱਛਾ ਹੁੰਦਾ ਹੈਂ? ਇਹ ਵੰਗਾਰ ਲੋਕ ਲਾਜ ਦੀ ਪਾਉਂਦ ਹਨ ਕਿ ਉੱਚੇ ਠਾਕੁਰ ਦਾ ਸੇਵਕ ਹੋਕੇ ਪਰਾਏ ਘਰ ਮੰਗਣ ਜਾਂਦਾ ਸੋਭਦਾ ਨਹੀਂ ।

ਅੰਕ ੧—ਫੇਰ ਉਸ ਠਾਕੁਰ ਦੀ ਵਿਸ਼ੇਸ਼ਤਾ ਦਰਸਾਉਂਦੇ ਹਨ । ਉਹ ਠਾਕੁਰ ਨਾ ਕੇਵਲ ਸਭ ਤੋਂ ਉੱਚਾ ਅਰਥਾਤ ਵਡਾ ਹੈ, ਸਗੋਂ ਸਾਰੇ ਵਿਆਪਕ ਹਾਜ਼ਰਾ ਹਜ਼ੂਰ ਹੈ, ਤੇਰੇ ਅੰਗ ਸੰਗ ਹੈ । ਇਹ ਸਿਫਤਾਂ ਕਿਸੇ ਮਾਨੁੱਖ ਵਿਚ ਨਹੀਂ, ਕਿਸੇ ਦੇਵਤਾ ਵਿਚ ਨਹੀਂ । ਫੇਰ ਮਾਇਆ, ਜਿਸ ਲਈ ਤੂੰ ਪਰਾਏ ਘਰ ਜਾਂਦਾ ਹੈਂ, ਉਹ ਉਸ ਦੇ ਚਰਨਾਂ ਵਿਚ ਵਸਦੀ ਹੈ । ਫੇਰ ਸਾਰੇ ਉਸ ਨੂੰ ਸਰਬ ਤੋਂ ਵੱਡਾ ਆਖਦੇ ਹਨ । ਉਹ ਸਰਬ ਸਮਰੱਥ ਹੈ । ਉਸ ਦਾ ਮਾਲਕ ਉਸ ਤੋਂ ਵੱਡਾ ਹੋਰ ਕੋਈ ਨਹੀਂ, ਉਹ ਸਭ ਦਾ ਪਾਲਕ ਹੈ, ਦਾਤਾ ਹੈ, ਅਪਣੇ ਆਪ ਖ਼ੁਦ ਸੁਤੰਤ੍ਰ ਸੁਆਮੀ ਹੈ । ਇਨ੍ਹਾਂ ਸਾਰੀਆਂ ਸਿਫਤਾਂ ਦੇ ਦੱਸਣ ਦਾ ਇਹ ਭਾਵ ਹੈ ਕਿ ਸੰਸਾਰਕ ਲੋੜਾਂ ਲਈ ਬੀ ਕਿਸੇ ਹੋਰ ਦੇਵੀ ਦੇਉਤੇ ਵੱਲ ਜਾਣ ਦੀ ਲੋੜ ਨਹੀਂ, ਕੇਵਲ ਉਸੇ ਪ੍ਰਭੂ ਦੀ ਸ਼ਰਣ ਵਿਚ ਰਹਿਣਾ, ਉਸੇ ਦੇ ਆਸਰੇ ਉਸੇ ਦੇ ਭਰੋਸੇ ਉਸ ਦੇ ਮਾਨ ਤੇ ਰਹਿਣਾ ਚਾਹੀਏ ।

ਅੰਕ ੫—ਅੰਤ ਵਿਚ ਦੱਸਦੇ ਹਨ ਕਿ ਜਿਸ ਜਨ ਦੇ ਹਿਰਦੇ ਵਿਚ ਪ੍ਰਭੂ ਤੋਂ ਬਿਨਾਂ ਹੋਰ ਕਿਸੇ ਦੇਵ ਦੀ ਟੇਕ ਨਹੀਂ ਵਸਦੀ ਉਹ ਪੂਰਾ ਪੁਰਖ ਹੈ, ਜੈਸਾ ਕਿ ਫਰੀਦ ਜੀ ਨੇ ਫੁਰਮਾਇਆ ਹੈ:—

ਜਿਨ੍ਹਾ ਨਾਉ ਸੁਹਾਗਣੀ ਤਿਨਾ ਝਾਕ ਨ ਹੋਰ ॥ [ਸਲੋਕ ਫਰੀਦ ਜੀ-੧੧੪

**ਨਿਰੁਕਤ**—ਨਿਲਜ—[ਸੰਸ:, ਨਿਰੁਲਜ੍ਜ] ਲਜਜਾ ਰਹਿਤ । ਬੇ ਸ਼ਰਮ ।

ਲਾਜ—[ਸੰਸ:, ਲਜ੍ਜਾ] ਸ਼ਰਮ, ਹਯਾ, ਲਾਜ ।

ਸੋਹੀ—ਸੋਭਦਾ ਹੈ । ਕਵਲਾ—[ਸੰਸ: ਕਮਲਾ] ਲੱਛਮੀ । ਮਾਯਾ ।

ਨਿਜਪਤਿ—ਅਪਣਾ ਆਪ ਮਾਲਕ । ਜਿਸ ਦੇ ਸਿਰ ਤੇ ਹੋਰ ਕੋਈ ਮਾਲਕ ਨਹੀਂ । ਆਪੂੰ ਆਪ ਹੈ ।

ਪੂਰਨ—ਪੂਰਾ, ਸੁਤੰਤ੍ਰ । ਪੂਰਨ ਕਾਮ=ਜਿਸ ਦੀਆਂ ਕਾਮਨਾ ਪੂਰਨ ਹੋ ਗਈਆਂ ਹੋਣ । ਸਾਂਈਂ ਤੋਂ ਸਿਵਾ ਜਿਸ ਦੇ ਹਿਰਦੇ ਵਿਚ ਹੋਰ ਕੋਈ ਨਹੀਂ; ਉਸ ਦੇ ਅੰਦਰ ਸਾਂਈਂ ਹੈ । ਜਿਸਦੇ ਅੰਦਰ ਨਿਰਾ ਸਾਂਈਂ ਵੱਸਦਾਹੈ ਉਹ ਨਿਸ਼ਕਾਮ ਹੈ,ਐਉਂ ਬੀ ਪੂਰਨ ਕਾਮ ਹੈ,ਜਿਸ ਦੇ ਅੰਦਰ ਸਾਂਈਂ ਹੈ, ਉਸ ਦੀਆਂ ਲੋੜਾਂ ਸਾਂਈਂ ਆਪ ਪੂਰੀਆਂ ਕਰੇਗਾ । ਇਉਂ ਬੀ ਪੂਰਨਕਾਮ ਹੈ ।

## [ਗਉੜੀ ਕਬੀਰ ਜੀ, ਚਉਪਦਾ—੩੯]

**ਪ੍ਰਸੰਗ ਬਚਨ**—ਕਬੀਰ ਜੀ ਅਪਣੀ ਦ੍ਰਿਸ਼ਟੀ ਨੇੜੇ ਦੇ ਕਾਰਣਾਂ ਤੋਂ ਉਠਾਕੇ ਕਾਰਣਾਂ ਦੇ

ਕਾਰਣ ਠਾਕੁਰ ਤੇ ਜਾ ਟਿਕੀ ਦਾ ਵੇਟਵਾ ਠਗ ਦੇ ਰੂਪਕ ਵਿਚ ਵਰਣਨ ਕਰਦੇ ਹਨ।

| ਮੂਲ | ਅਰਥ |
|---|---|
| ਕਉਨੁ ਕੋ ਪੂਤੁ ਪਿਤਾ ਕੋ ਕਾਕੋ ॥ ਕਉਨੁ ਮਰੈ ਕੋ ਦੇਇ ਸੰਤਾਪੋ ॥੧॥ | *ਕਉਣ ਕੋਈ ਕਿਸੇ ਦਾ ਪੁਤ੍ਰ ਹੈ ? ਕੌਣ ਕਿਸੇ ਦਾ ਪਿਉ ਹੈ, ਮਰਦਾ ਕੌਣ ਹੈ ਤੇ ਦੁਖ ਕੌਣ ਦੇਂਦਾ ਹੈ ? ॥ ੧ ॥ |
| ਹਰਿ ਠਗ ਜਗ ਕਉ ਠਗਉਰੀ ਲਾਈ ॥ ਹਰਿ ਕੇ ਬਿਓਗ ਕੈਸੇ ਜੀਅਉ ਮੇਰੀ ਮਾਈ ॥੧॥ਰਹਾਉ॥ | ਹਰੀ (ਮਾਨੋ ਇਕ) ਠਗ ਹੈ, (ਉਸ ਨੇ) ਜਗਤ ਨੂੰ (ਮਾਯਾ ਰੂਪੀ) ਠਗਮੂਰੀ ਲਾਈ ਹੋਈ ਹੈ। (ਉਸ) ਹਰੀ ਤੋਂ ਵਿਛੁੜਕੇ, ਹੇ ਮੇਰੀ ਮਾਂ ! ਮੈਂ ਕਿਵੇਂ ਜੀਵਾਂ ? ॥ ੧ ॥ ਰਹਾਉ ॥ |
| ਕਉਨ ਕੋ ਪੁਰਖੁ ਕਉਨ ਕੀ ਨਾਰੀ ॥ ਇਆ ਤਤ ਲੇਹੁ ਸਰੀਰ ਬਿਚਾਰੀ ॥ ੨ ॥ | ਕਉਣ ਕੋਈ ਕਿਸੇ ਦਾ ਪਤੀ ਹੈ ? ਕਉਣ ਕਿਸੇ ਦੀ ਨਾਰੀ ਹੈ, ਇਹੋ ਸਿੱਧਾਂਤ (ਸਾਰੇ) ਸਰੀਰਾਂ ਬਾਬਤ ਬੀ ਵੀਚਾਰ ਲਓ। (ਭਾਵ ਇਹ ਕਿ ਕੋਈ ਬੀ ਕਿਸੇ ਦਾ ਆਪਣਾ ਨਹੀਂ, ਇਹ ਸਿੱਧਾਂਤ ਸਾਰੇ ਸਰੀਰ ਧਾਰੀ ਸਮਝ ਲੈਣ) ॥ ੨ ॥ |
| ਕਹਿ ਕਬੀਰ ਠਗ ਸਿਉ ਮਨੁ ਮਾਨਿਆ ॥ ਗਈ ਠਗਉਰੀ ਠਗੁ ਪਹਿਚਾਨਿਆ ॥ ੩ ॥ ੩੯ ॥ | ਕਹਿੰਦੇ ਹਨ ਕਬੀਰ ਜੀ (ਕਿ ਮੇਰਾ) ਮਨ ਠਗ ਨਾਲ ਮੰਨ ਗਿਆ (ਭਾਵ ਉਸ ਨਾਲ ਪ੍ਰੇਮ ਵਾਲਾ ਹੋ ਗਿਆ ਹੈ। ਜਿਸ ਪ੍ਰੇਮ ਦਾ ਫਲ ਇਹ ਹੋਇਆ ਹੈ ਕਿ) ਠਗਮੂਰੀ (ਦਾ ਅਸਰ) ਦੂਰ ਹੋ ਗਿਆ ਹੈ ਤੇ ਠਗ (ਹਰੀ) ਨੂੰ ਸਿਆਣ ਲਿਆ ਹੈ (ਕਿ ਸਤਯ ਤੇ ਮੂਲ ਵਸਤੂ ਇਹ ਠਗ ਆਪ ਹੈ) ॥ ੨ ॥ ੩੯ ॥ |

**ਵ੍ਯਾਖ੍ਯਾ—** ਇਹ ਸ਼ਬਦ ਕਬੀਰ ਜੀ ਦਾ ਇਕ ਲਾਡ ਭਰੇ ਅੰਦਾਜ਼ ਵਿਚ ਹੈ, ਮਾਇਆ ਨੂੰ ਠਗਮੂਰੀ ਕਿਹਾ ਹੈ, ਉਹ ਬੂਟੀ ਜੋ ਠਗ ਪਿਲਾਉਂਦੇ ਹਨ ਤਾਂ ਪੀਣ ਵਾਲੇ ਦੀ ਬੁੱਧੀ ਵਿਪਰਯੇ ਤੇ ਯਥਾਰਥ ਗਿਆਨ ਵਲੋਂ ਬੇਹੋਸ਼ ਜੇਹੀ ਹੋ ਜਾਂਦੀ ਹੈ। ਜਦ ਮਾਇਆ ਠਗਮੂਰੀ ਕਿਹਾ ਤਾਂ ਪਿਲਾਉਣ ਵਾਲੇ ਨੂੰ ਠੱਗ ਕਹਿਣਾ ਬਣਿਆ, ਭਾਵ ਇਹ ਕਿ ਕੋਈ ਦੂਸਰਾ ਮਾਇਆ ਪਾਉਣ ਵਾਲਾ (ਸ਼ੈਤਾਨ ਆਦੀ) ਨਹੀਂ ਹੈ, ਉਹ ਆਪ ਹੀ ਹੈ ਮਾਇਆ ਪਾਕੇ ਲੀਲਾ ਕਰਨੇ ਵਾਲਾ। ਹੁਣ ਇਸ ਦਾ ਦਾਰੂ ਦੱਸਦੇ ਹਨ। ਠੱਗ ਅਪਣੀ ਵਹੁਟੀ ਪੁਤ੍ਰ ਪਿਤਾ ਮਾਤਾ ਨੂੰ ਕਦੇ ਠਗਮੂਰੀ ਨਹੀਂ ਪਿਲਾਉਂਦਾ ਸੋ ਜੇ ਅਸੀਂ ਬੀ ਇਸ 'ਠਾਕੁਰ' ਰੂਪੀ ਠਗ ਦੇ ਅਪਣੇ ਹੋ ਜਾਈਏ ਤਾਂ ਸਾਡੇ ਤੇ ਮਾਯਾ ਨਹੀਂ ਪਾਏਗਾ।

ਅੰਕ ੩-ਇਸ ਲਈ ਹੁਣ ਨਿਜ ਦਾ ਤਜਰਬਾ ਦੱਸਦੇ ਹਨ ਕਿ ਮੈਂ ਠਗ ਨਾਲ ਪਿਆਰ ਪਾਕੇ ਉਸ ਦਾ ਹੋ ਗਿਆ ਹਾਂ, ਮੇਰੀ ਮਾਇਆ ਬਿਲਾ ਗਈ ਹੈ, ਮੈਨੂੰ ਮਾਯਾ ਬਿਲਾ ਜਾਣ ਤੇ ਉਸ ਦੀ ਪਛਾਣ ਹੋ ਗਈ ਹੈ, ਭਾਵ ਉਸ ਦੇ ਗਿਆਨ ਵਿਚ ਜੀਵਨ ਬਸਰ ਕਰ ਰਿਹਾ ਹਾਂ। ਹੁਣ ਹੇ ਮਾਂ ਦੱਸ ! ਕਿ ਮੈਂ ਉਸ ਹਰੀ ਨਾਲ ਕਿਵੇਂ ਵਿੱਛੁੜ ਕੇ ਜੀਵਾਂ ? ਭਾਵ ਜੋ ਅਸਲੀ ਜੀਵਨ, ਠਗਮੂਰੀ ਦੇ ਅਸਰਾਂ ਤੋਂ ਸ਼ੁਧ, ਪ੍ਰਾਪਤ ਹੋ ਗਿਆ ਹੈ ਓਹ ਵਿੱਛੁੜ ਕੇ ਫੇਰ ਮਾਇਕ ਹੋ ਜਾਏਗਾ, ਫੇਰ ਮੇਰੇ ਠਗਮੂਰੀ ਖਾਧੇ ਹੋਏ ਜੀਵਨ ਦਾ ਲਾਭ ਹੀ ਕੀ ਹੈ। ਦੂਸਰਾ ਕਟਾਖ੍ਯ ਇਸ ਵਿਚ ਇਹ ਹੈ ਕਿ ਹਰੀ ਨਾਲ ਪ੍ਰੇਮ ਦੀ ਇਤਨੀ ਅਧਿਕਤਾ ਹੋਈ ਹੈ ਕਿ ਮੇਰਾ ਜੀਵਨ ਉਸ ਆਸਰੇ ਹੋ ਗਿਆ ਹੈ, ਉਸ ਤੋਂ ਵਿੱਛੁੜ ਕੇ ਮੈਂ ਹੁਣ ਜੀਉ ਹੀ ਨਹੀਂ ਸਕਦਾ। ਯਥਾ:—

ਰਾਮ ਬਿਓਗੀ ਨ ਜੀਐ ਜੀਐ ਤ ਬਉਰਾ ਹੋਇ ॥ [ਸਲੋਕ ਕਬੀਰ ਜੀ-੭੬

*ਸਿਰੇ ਤੇ ਪਿਛਲੇ ਸ਼ਬਦ ਦਾ ਅੰਕ ਤਾਂ ਦਿਤਾ ਹੈ ਤੇ ਕਬੀਰ ਜੀ ਦਾ ਨਾਮ ਤੇ ਰਾਗ ਨਹੀਂ ਦਿਤਾ ਪਰ ਭਾਵ ਉਹੋ ਹੈ। ਅਗੇ ਬੀ ਕਈ ਸ਼ਬਦਾਂ ਦੇ ਸਿਰੇ ਤੇ ਸਿਰਲੇਖ ਨਹੀਂ ਆਵੇਗਾ।

ਸੋ ਮੈਂ ਹਰੀ ਦੇ ਬਿਓਗ ਵਿਚ ਨਹੀਂ ਪਰ ਉਸ ਦੇ ਮਿਲਾਪ ਵਿਚ ਜੀਊ ਰਿਹਾ ਹਾਂ। ਦ੍ਰਿਸ਼ਟੀ ਮੇਰੀ ਕੀ ਹੈ ? ਕਿ ਨਾ ਕੋਈ ਕਿਸੇ ਦਾ ਪੁੱਤ੍ਰ ਹੈ, ਨਾ ਪਿਤਾ, ਨਾ ਕੋਈ ਪਤੀ ਕਿਸੇ ਦਾ, ਨਾ ਕੋਈ ਇਸਤ੍ਰੀ ਕਿਸੇ ਦੀ, ਨਾ ਕੋਈ ਸਜਣ ਕਿਸੇ ਨੂੰ ਸੁਖ ਦੇ ਰਿਹਾ ਹੈ, ਨਾ ਕੋਈ ਵੈਰੀ ਸੰਤਾਪ ਕਿਸੇ ਨੂੰ ਦੇ ਰਿਹਾ ਹੈ। ਸਭੇ ਸਰੀਰਕ ਸੁਖਾਂ ਵਾਸਤੇ ਇਕ ਦੂਜੇ ਦੇ ਬਣ ਰਹੇ ਹਨ, ਵਾਸਤਵ ਵਿਚ ਕੋਈ ਕਿਸੇ ਦਾ ਨਹੀਂ। ਫੇਰ ਹੋਰ ਵਿਚਾਰ ਇਸ ਵਿਚ ਹੈ ਕਿ ਏਹ ਸਾਰੇ ਸਨਬੰਧ ਸਰੀਰ ਕਰਕੇ ਹੈਨ ਤੇ ਇਹ ਸਰੀਰ ਹੀ ਅਪਣਾ ਨਹੀਂ ਹੈ। ਇਹ ਬੀ ਅਪਣਾ (ਅਰਥਾਤ ਇਸ ਨਾਲ ਜੋ ਅਭੇਦ ਬੁੱਧੀ ਹੈ) ਉਸੇ ਠਗਮੂਰੀ ਕਰਕੇ ਸੀ, ਜੋ ਹੁਣ ਨਹੀਂ ਹੈ। ਹੁਣ ਜਦ ਸਰੀਰ ਨਾਲ ਅਪਣੱਤ ਦਾ ਭੁਲੇਵਾ ਟੁੱਟਾ ਤਦ ਜਗਤ ਨਾਲ ਮੋਹ ਮਾਯਾ ਸਾਰੀ ਬਿਲਾ ਗਈ ਹੈ। ਕਿਉਂ ਕਿ ਜਗਤ ਨਾਲ ਸਨਬੰਧ ਸਰੀਰ ਕਰਕੇ ਹਨ, ਇਕੋ ਹਰੀ ਦਿੱਸ ਰਿਹਾ ਹੈ ਜੋ ਮਾਯਾ ਪਸਾਰ ਕੇ ਅਪਣਾ ਖੇਲ ਖੇਲ ਰਿਹਾ ਮੈਨੂੰ ਅਪਣਾ ਯਥਾਰਥ ਦਰਸ਼ਨ ਦੇ ਰਿਹਾ ਹੈ। ਭਾਵ ਇਹ ਕਿ ਕਬੀਰ ਜੀ ਦੀ ਦ੍ਰਿਸ਼ਟੀ ਸਭ ਕਾਰਨਾਂ ਤੋਂ ਉੱਠਕੇ ਕਾਰਨਾਂ ਦੇ ਕਾਰਨ ਤੇ ਜਾ ਟਿਕੀ ਹੈ ਤੇ ਉਸ ਦੇ ਪ੍ਰੇਮ ਵਿਚ ਉਸ ਨਾਲ ਮਿਲੇ ਹੋਏ ਆਪ ਸਾਰੇ ਕੁਛ ਨੂੰ ਉਸ ਦਾ ਖੇਲ ਦੇਖ ਰਹੇ ਹਨ ਅਤੇ ਸੰਸਾਰ ਦੇ ਹਰਖ ਸ਼ੋਕ ਤੋਂ ਉਪਰ ਹੋ ਗਏ ਹਨ।

**ਨਿਰੁਕ੍ਤ**–ਸੰਤਾਪੋ–[ਸੰਸ:, ਸੰਤਾਪ:] ਦੁਖ। ਸਾੜਾ।

ਠਗਉਰੀ–[ਦੇਖੋ ਪੰਨਾ ੧੫੯੮] ਉਹ ਬੂਟੀ ਜੋ ਘੋਟ ਘੋਲ ਕੇ ਠਗ ਪਿਲਾਕੇ ਲੋਕਾਂ ਨੂੰ ਬਉਰਾਨੇ ਤੇ ਬੇਹੋਸ਼ ਕਰਦੇ ਹਨ।

ਬਿਓਗ–[ਸੰਸ:, ਵਿਯੋਗ:] ਵਿਛੋੜਾ, ਜੁਦਾਈ।

ਇਆ ਤਤ–ਇਹੋ ਅਸਲੀ ਯਾ ਯਥਾਰਥ ਬਾਤ, ਸਿੱਧਾਂਤ ਦੀ ਗਲ। (ਅ)'ਤਤ' ਨੂੰ ਔਂਕੜ ਨਾ ਹੋਣ ਕਰਕੇ ਇਸ ਦਾ ਅਰਥ ਪੰਜ ਤਤ ਬੀ ਕਰਦੇ ਹਨ ਕਿ ਇਹ ਸਰੀਰ ਤੱਤਾਂ ਦੇ ਵਿਚਾਰ ਲਓ। ਪਰ ਅਗੇ ਪਿਛੇ ਤੱਤਾਂ ਦਾ ਕੋਈ ਇਸ਼ਾਰਾ ਸੈਨਤ ਨਹੀਂ। ਤੇ ਕਬੀਰ ਜੀ ਦੀ ਬਾਣੀ ਵਿਚ ਮੁਕਤਾ ਅੰਤਕ ਪਦ ਇਕ ਵਚਨ ਵਿਚ ਵੀ ਆ ਜਾਂਦਾ ਹੈ।

## [ਗਉੜੀ ਕਬੀਰ ਜੀ, ਚਉਪਦਾ–੪੮]

**ਪ੍ਰਾਕ੍ਥਨ**–ਠਾਕੁਰ ਦੀ ਸਿਆਣ ਹੋ ਜਾਣ ਨਾਲ ਜੋ ਪਰਮਗਤੀ ਕਬੀਰ ਜੀ ਨੂੰ ਪ੍ਰਾਪਤ ਹੋਈ ਹੈ, ਨਿਜ ਦੇ ਤਜਰਬੇ ਤੋਂ ਉਸ ਦਾ ਪ੍ਰਕਾਰ ਦੱਸਦੇ ਹਨ।

| ਮੂਲ | ਅਰਥ |
|---|---|
| ਅਬ ਮੋਕਉ ਭਏ ਰਾਜਾ ਰਾਮ ਸਹਾਈ ॥ ਜਨਮ ਮਰਨ ਕਟਿ ਪਰਮਗਤਿ ਪਾਈ ॥੧॥ਰਹਾਉ॥ | ਹੁਣ (ਰਾਜਾ=) ਪ੍ਰਕਾਸ਼ ਸਰੂਪ (ਰਾਮ=) ਵ੍ਯਾਪਕ (ਪ੍ਰਭੂ) ਮੇਰੇ ਸਹਾਈ ਹੋ ਗਏ ਹਨ। (ਜਿਸ ਕਰਕੇ ਮੇਰਾ) ਜਨਮ ਮਰਨ ਕੱਟਿਆ ਗਿਆ ਹੈ (ਤੇ ਮੈਂ) ਪੂਰਨ ਮੁਕਤੀ ਪ੍ਰਾਪਤ ਕਰ ਲਈ ਹੈ ॥ ੧ ॥ ਰਹਾਉ ॥ |
| ਸਾਧੂ ਸੰਗਤਿ ਦੀਓ ਰਲਾਇ ॥ ਪੰਚ ਦੂਤ ਤੇ ਲੀਓ ਛਡਾਇ ॥ | [ਕਿਸ ਪ੍ਰਕਾਰ ਮੁਕਤੀ ਪਾਈ ? ਉੱਤਰ] (ਪਹਿਲੋਂ ਮੈਨੂੰ ਰਾਜਾ ਰਾਮ ਨੇ) ਸਾਧੂ (=ਗੁਰੂ) ਦੀ ਸੰਗਤ ਵਿਚ ਰਲਾ ਦਿੱਤਾ। (ਇਸ ਸ਼ੁਭ ਸੰਗਤ ਦੇ ਪ੍ਰਤਾਪ ਮੈਨੂੰ) ਪੰਜਾਂ ਦੂਤਾਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਤੋਂ ਛੁਡਾ ਲਿਆ (ਤੇ ਨਾਮ ਦਿੱਤਾ ਉਹੀ) |

ਅੰਮ੍ਰਿਤ ਨਾਮੁ ਜਪਉ ਜਪੁ ਰਸਨਾ ॥ ਅਮੋਲ ਦਾਸੁ ਕਰਿ ਲੀਨੋ ਅਪਨਾ ॥ ੧ ॥

ਅਮਰ ਕਰਨੇ ਵਾਲਾ (ਰਸਮਯ) ਨਾਮ (ਮੈਂ) ਰਸਨਾ ਦੁਆਰਾ (ਵਾਰੰ ਵਾਰ) ਜਪ ਰਿਹਾ ਹਾਂ । (ਇਸ ਤਰ੍ਹਾਂ ਮੈਨੂੰ ਉਸ ਨੇ) ਬਿਨਾਂ ਦੰਮਾਂ ਦੇ ਆਪਣਾ ਦਾਸ ਬਣਾ ਲਿਆ ਹੈ ॥ ੧ ॥

ਸਤਿਗੁਰ ਕੀਨੋ ਪਰਉਪਕਾਰੁ ॥ ਕਾਢਿ ਲੀਨ ਸਾਗਰ ਸੰਸਾਰ ॥ ਚਰਨ ਕਮਲ ਸਿਉ ਲਾਗੀ ਪ੍ਰੀਤਿ॥ ਗੋਬਿੰਦ ਬਸੈ ਨਿਤਾਨਿਤ ਚੀਤ॥੨॥

(ਇਉਂ) ਸਤਿਗੁਰ ਨੇ (ਮੇਰੇ ਉਤੇ) ਪਰਉਪਕਾਰ ਕੀਤਾ (ਕਿ ਮੈਨੂੰ) ਸੰਸਾਰ ਸਾਗਰ ਤੋਂ (ਬਾਹਰ) ਕੱਢ ਲਿਆ । (ਹੁਣ ਸੰਸਾਰਕ ਪ੍ਰੀਤ ਦੀ ਥਾਵੇਂ ਮੇਰੀ) ਪ੍ਰੀਤ (ਗੋਬਿੰਦ ਜੀ ਦੇ) ਚਰਨਾਂ ਕਮਲਾਂ ਨਾਲ ਪੈ ਗਈ ਹੈ (ਐਸੀ ਕਿ ਉਹ) ਗੋਬਿੰਦ (ਹੁਣ) ਮੇਰੇ ਚਿਤ ਵਿਚ ਸਦਾ ਸਦਾ ਵੱਸ ਰਿਹਾ ਹੈ ॥ ੨ ॥

ਮਾਇਆ ਤਪਤਿ ਬੁਝਿਆ ਅੰਗਿਆਰੁ ॥ ਮਨਿ ਸੰਤੋਖੁ ਨਾਮੁ ਆਧਾਰੁ ॥

(ਅੱਗੇ ਮੇਰੇ ਮਨ ਵਿਚ) ਮਾਇਆ ਦਾ ਅੰਗਿਆਰ ਭਖਦਾ (ਰਹਿੰਦਾ ਸੀ, ਉਹ ਹੁਣ) ਬੁਝ ਗਿਆ ਹੈ, (ਉਸ ਦੀ ਥਾਵੇਂ ਅੰਦਰ) ਨਾਮ ਦਾ ਆਧਾਰ ਹੋ ਗਿਆ ਹੈ (ਜਿਸ ਕਰਕੇ) ਮਨ ਵਿਚ ਸੰਤੋਖ ਆ ਗਿਆ ਹੈ । (ਇਹ ਕੁਛ ਪ੍ਰਾਪਤੀ ਕੇਵਲ ਮਨ ਵਿਚ ਹੀ ਨਹੀਂ ਹੋਈ, ਸਗੋਂ ਆਤਮ ਦ੍ਰਿਸ਼ਟੀ ਖੁੱਲ੍ਹ ਗਈ ਹੈ ਐਸੀ ਕਿ ਹੁਣ) ਜਲ ਵਿਚ ਥਲ ਵਿਚ (ਸਾਰੇ) ਭਰਪੂਰ

ਜਲਿ ਥਲਿ ਪੂਰਿ ਰਹੇ ਪ੍ਰਭੁ ਸੁਆਮੀ ॥ ਜਤ ਪੇਖਉ ਤਤ ਅੰਤਰਜਾਮੀ ॥ ੩ ॥

ਹੋ ਰਹੇ ਪ੍ਰਭੂ ਸੁਆਮੀ ਜੀ ਹੀ (ਦਿੱਸ ਰਹੇ ਹਨ, ਹਾਂ ਮੈਂ) ਜਿਧਰ ਦੇਖਦਾ ਹਾਂ ਓਧਰ (ਉਹੀ) ਸੁਆਮੀ ਪ੍ਰਭੂ ਜੀ (ਮੇਰੇ) ਅੰਦਰ ਬਿਰਾਜਮਾਨ ਦਿੱਸ ਰਹੇ ਹਨ ॥ ੩ ॥

ਅਪਨੀ ਭਗਤਿ ਆਪਿ ਹੀ ਦ੍ਰਿੜਾਈ ॥ ਪੂਰਬ ਲਿਖਤੁ ਮਿਲਿਆ ਮੇਰੇ ਭਾਈ ॥ ਜਿਸੁ ਕ੍ਰਿਪਾ ਕਰੇ ਤਿਸੁ ਪੂਰਨ ਸਾਜ ॥ ਕਬੀਰ ਕੋ ਸੁਆਮੀ ਗਰੀਬ ਨਿਵਾਜ ॥ ੪ ॥ ੪੦ ॥

(ਐਉਂ ਉਸ ਰਾਜਾ ਰਾਮ ਨੇ) ਆਪਣੀ ਭਗਤੀ (ਮੇਰੇ ਅੰਦਰ) ਆਪ ਹੀ ਦ੍ਰਿੜ ਕੀਤੀ ਹੈ । (ਹਾਂ ਉਸੇ ਰਾਜਾ ਰਾਮ ਦਾ) ਪਹਿਲੋਂ ਦਾ ਲਿਖਿਆ ਹੀ ਹੇ ਮੇਰੇ ਭਾਈ ! ਮੈਨੂੰ ਮਿਲ ਪਿਆ ਹੈ । (ਸਿੱਟੇ ਦੀ ਗੱਲ ਇਹ ਹੈ ਕਿ) ਕਬੀਰ ਦਾ ਮਾਲਕ (ਰਾਜਾ ਰਾਮ ਗੋਬਿੰਦ) ਗਰੀਬਾਂ ਨੂੰ ਮਾਣਨ ਵਾਲਾ ਹੈ, ਜਿਸ ਉਤੇ (ਉਹ) ਕਿਰਪਾ ਕਰ ਦੇਵੇ ਉਸ ਨੂੰ (ਆਪਣੀ ਭਗਤੀ ਦੇ) ਪੂਰੇ ਪੂਰੇ ਢੁਕਾਉ ਢੁਕਾ ਦੇਂਦਾ ਹੈ ॥ ੪ ॥ ੪੦ ॥

**ਵ੍ਯਾਖ੍ਯਾ**—ਇਸ ਸ਼ਬਦ ਵਿਚ ਅਪਨੀ ਉੱਚ ਪ੍ਰਾਪਤੀ ਦਾ ਵਰਣਨ ਹੈ ਤੇ ਓਹ ਸ਼੍ਰੇਣੀ ਬੱਧ ਚਲਦਾ ਹੈ ।

ਰਹਾਉ ਵਿਚ ਇਕ ਸਮੁੱਚੀ ਗਲ ਆਖੀ ਹੈ ਕਿ ਮੇਰਾ ਜਨਮ ਮਰਨ ਕਟ ਗਿਆ ਹੈ ਤੇ ਮੁਕਤੀ ਮਿਲ ਗਈ ਹੈ, ਇਹ ਰਾਜਾ ਰਾਮ ਦੀ ਸਹਾਇਤਾ ਦਾ ਫਲ ਹੈ ।

ਅੰਕ ੧—ਪ੍ਰਸ਼ਨ ਹੁੰਦਾ ਹੈ ਕਿ ਐਵੇਂ ਇਕੋ ਵਾਰ ਪਰਮਗਤੀ ਝੋਲੀ ਆ ਪਈ ਕਿ ਕੋਈ ਪ੍ਰਕਾਰ ਬੀ ਸੀ ? ਤਾਂ ਦੱਸਦੇ ਹਨ ਕਿ ਜਦੋਂ ਰਾਜਾ ਰਾਮ ਸਹਾਈ ਹੋਏ ਤਦ ਪਹਿਲੋਂ ਮੈਨੂੰ ਉਸ ਨੇ ਸਚੇ ਸਾਧੂ ਦੀ ਸੰਗਤਿ ਮਿਲਾ ਦਿੱਤੀ । ਉਸ ਸਤਿਸੰਗ ਵਿਚ ਜਾਕੇ ਮੈਨੂੰ ਪੰਜਾਂ ਦੂਤਾਂ ਦੇ ਤਿਆਗ ਦਾ ਉਪਦੇਸ਼ ਮਿਲਿਆ ਤੇ ਨਾਲ ਮੈਨੂੰ ਸਤਿਸੰਗ ਦਾ ਭੈ ਬੀ ਪੈ ਗਿਆ । ਸਤਿਸੰਗ ਨੇ ਪੰਜ ਵਿਕਾਰਾਂ ਦੀ ਹਾਨੀ ਬੀ ਦੱਸੀ । ਇਸ ਤਰ੍ਹਾਂ ਅਪਣੇ ਉਪਦੇਸ਼, ਅਪਣੇ ਭੈ ਤੇ ਅਸੀਸ ਨਾਲ ਸਾਧੂ ਦੀ ਸੰਗਤ ਨੇ ਮੈਨੂੰ ਇਨ੍ਹਾਂ ਤੋਂ ਛੁਡਾ ਲਿਆ ।

ਫੇਰ ਪ੍ਰਸ਼ਨ ਹੁੰਦਾ ਹੈ ਕਿ ਬੱਸ ਇਹੋ ਕੁਛ ਕਿ ਕੁਛ ਹੋਰ ਬੀ ? ਤਾਂ ਦੱਸਦੇ ਹਨ ਕਿ ਉਸ ਸਾਧੂ

ਦੇ ਸਤਿਸੰਗ ਵਿਚ ਮੈਨੂੰ ਨਾਮ ਮਿਲਿਆ। ਉਹ ਨਾਮ ਮੈਂ ਜਪ ਜਪ ਕੇ ਲਗਾਤਾਰੀ ਬਣਾ ਲਿਆ। ਜਦ ਇਹ ਨਾਮ ਮੈਨੂੰ ਅੰਮ੍ਰਿਤ ਵਰਗਾ ਸੁਆਦੀਕ ਲੱਗਾ ਤਾਂ ਮੈਂ ਉਸ ਸਾਧੂ ਦਾ ਮਾਨੋਂ ਬਿਨਾ ਦੰਮਾਂਦੇ ਦਾਸ ਹੋਗਿਆ। ਭਾਵ ਮੇਰਾ ਅਤਯੰਤ ਪਿਆਰ ਹੋ ਗਿਆ ਯਾ ਉਸਨੇ ਮੈਨੂੰ ਅਮੋਲਕ ਦਾਸ ਬਣਾ ਲਿਆ।

ਅੰਕ ੨-ਹੁਣ ਉਸ ਸਾਧੂ ਨੂੰ ਸਤਿਗੁਰ ਪਦ ਨਾਲ ਯਾਦ ਕਰਦੇ ਹਨ ਕਿ ਇਸ ਤਰ੍ਹਾਂ ਉਸ ਨੇ ਮੈਨੂੰ ਭਵਸਾਗਰ ਤੋਂ ਕੱਢ ਲਿਆ, ਇਹ ਉਸ ਦਾ ਉਪਕਾਰ ਸੀ। ਉਪਕਾਰ ਕਿਉਂ ਕਿਹਾ ? ਦੱਸਿਆ ਸ ਨੇ ਕਿ ਮੈਂ ਬਿਨਾ ਦੰਮਾ ਗ਼ੁਲਾਮ ਬਣ ਗਿਆ ਸਾਂ। ਇਸ ਕਹਿਣੇ ਤੇ ਸੰਸਾ ਰਹਿ ਸਕਦਾ ਹੈ ਕਿ ਤੇਰੀ ਬਿਨਾ ਦੰਮਾ ਗ਼ੁਲਾਮੀ ਇਕ ਕੀਮਤ ਹੋਊ ਜੋ ਗੁਰੂ ਨੇ ਲਈ ਤੇ ਤੈਨੂੰ ਨਾਮ ਦਿੱਤਾ। ਇਸ ਲਈ ਨਿਰਸੰਸੇ ਕਰਨ ਹਿਤ ਦੱਸਦੇ ਹਨ ਕਿ ਨਹੀਂ ਮੈਂ ਕੀਹ ਦੇਣਾ ਤੇ ਉਸ ਬੇਲੋੜ ਨੇ ਕੀਹ ਲੈਣਾ ਸੀ, ਇਹ ਤਾਂ ਉਸ ਨੇ 'ਪਰਉਪਕਾਰ' ਕੀਤਾ ਹੈ ਕਿ ਮਨੂੰ ਸੰਸਾਰ ਸਾਗਰ ਤੋਂ ਕੱਢ ਲੀਤਾ ਹੈ। ਪਰਉਪਕਾਰ ਸੀਂਦੀ ਹੁੰਦਾ ਹੈ ਓਹ ਕੀਮਤ ਲੈਕੇ ਨਹੀਂ ਹੁੰਦਾ।

ਹੁਣ ਜੋ ਕੁਛ ਸੰਸਾਰ ਸਾਗਰ ਤੋਂ ਨਿਕਲ ਕੇ ਵਰਤਿਆ ਉਸ ਦਾ ਰੂਪ ਦੱਸਦੇ ਹਨ ਕਿ ਪ੍ਰਭੂ ਦੇ ਚਰਨਾਂ ਨਾਲ ਪ੍ਰੀਤ ਪੈ ਗਈ ਹੈ। ਉਹ ਜੋ ਰੂਪ ਰੇਖ ਤੋਂ ਨਿਆਰਾ ਹੈ ਪਿਆਰਾ ਲਗਦਾ ਹੈ। ਐਤਨਾ ਕਿ ਉਹੀ ਹਰ ਛਿਨ ਹਿਰਦੇ ਵਿਚ ਵਸ ਰਿਹਾ ਹੈ, ਪੱਕੀ ਪ੍ਰੀਤ ਦੀ ਇਹੋ ਨਿਸ਼ਾਨੀ ਹੈ ਕਿ ਪ੍ਰੀਤਮ ਕਦੇ ਵਿਸਰਦਾ ਨਹੀਂ।

ਅੰਕ ੩- ਇਸ ਕਦੇ ਨਾ ਵਿਸਾਰੇ ਨਾਲ ਮਾਇਆ ਦਾ ਅੰਗਿਆਰ ਬੁਝ ਗਿਆ ਹੈ। ਅੱਗੇ ਮਨ ਵਿਚ 'ਲਉ ਲਈ ਅਤ੍ਰਿਪਤਿ' ਮਾਇਆ ਵੱਸਦੀ ਸੀ। ਲੈਣਾ ਲੈਣਾ, ਕੱਠੀ ਕਰਨੀ; ਉਸ ਸੰਬਧੀ ਫਿਕਰ ਚਿੰਤਾ ਤ੍ਰਿਸ਼ਨਾ ਦੇ ਹੇਰ ਫੇਰ ਅੰਦਰ ਦੁਖ ਦੇਂਦੇ ਰਹਿੰਦੇ ਸਨ, ਓਹ ਸਾਰੇ ਸ਼ਮਨ ਹੋ ਗਏ ਹਨ। ਕਿਉਂਕਿ ਅੰਦਰ ਯਥਾ ਲਾਭ ਸੰਤੋਖ ਆ ਗਿਆ ਹੈ। ਸੰਤੋਖ ਕਿਵੇਂ ਆ ਗਿਆ ? ਕਿ ਨਾਮ ਦਾ ਆਧਾਰ ਜੋ ਪ੍ਰਾਪਤ ਹੋ ਗਿਆ। ਜੈਸੇ ਗੁਰੂ ਸਾਹਿਬ ਜੀ ਨੇ ਬੀ ਫੁਰਮਾਇਆ ਹੈ:-

ਸਿਮਰਿ ਸਿਮਰਿ ਨਾਮੁ ਬਾਰੰਬਾਰ ॥ ਨਾਨਕ ਜੀਅ ਕਾ ਇਹੈ ਅਧਾਰ ॥

[ਗਉੜੀ ਮਹਲਾ ੫, ਸੁਖਮਨੀ, ੨੪-੨

ਜਿੱਥੇ ਨਾਮ ਦਾ ਆਧਾਰ ਹੋ ਗਿਆ ਓਥੇ ਸੰਤੋਖ ਆਪੇ ਆ ਗਿਆ ਕਿਉਂਕਿ ਨਾਮ ਦੇ ਆਇਆਂ ਤ੍ਰਿਸ਼ਨਾਂ ਦੀ ਅੱਗ ਬੁਝ ਜਾਂਦੀ ਹੈ।

ਹੁਣ ਪ੍ਰਸ਼ਨ ਹੁੰਦਾ ਹੈ ਕਿ ਕੀਹ ਅਪਣੇ ਅੰਦਰ ਅਪਣੇ ਮਨ ਨੂੰ ਇਸ ਪ੍ਰਕਾਰ ਦਾ ਆਧਾਰ, ਸੰਤੋਖ, ਪ੍ਰਭੂ ਦੀ ਪ੍ਰੀਤ ਆਦਿ ਪ੍ਰਾਪਤ ਹੋ ਗਏ ਤੇ ਮੁਕਤ ਹੋ ਗਏ ਕਿ ਕੁਛ ਹੋਰ ਬੀ ਗਲ ਹੋਈ ? ਤਾਂ ਦੱਸਦੇ ਹਨ ਕਿ ਅੰਦਰ ਤਾਂ ਇਹੋ ਕੁਛ ਹੋ ਗਿਆ ਜੋ ਦੱਸਿਆ ਹੈ ਕਿ 'ਆਤਮ ਲੱਖਤਾ' ਤੇ 'ਆਤਮ ਸੁਖ' ਵਰਤ ਗਿਆ; ਪਰ ਬਾਹਰ ਬੀ ਆਤਮ ਦ੍ਰਿਸ਼ਟੀ ਹੋ ਗਈ। ਜਲ ਥਲ ਸਾਰੇ ਪਰੀਪੂਰਣ ਅਪਣਾ ਪ੍ਰਭੂ ਹੀ ਦਿੱਸਦਾ ਹੈ। ਕਿਹੜਾ ਪ੍ਰਭੂ ? ਉਹੀ ਜੋ ਅੰਦਰ ਵੱਸ ਗਿਆ ਸੀ। ਏਥੇ ਅੰਤਰਯਾਮੀ ਦਾ ਪਹਿਲਾ ਅਰਥ ਲਗਦਾ ਹੈ ਦੂਸਰਾ ਨਹੀਂ ਲਗਦਾ; ਦੂਸਰਾ ਅਰਥ ਹੈ ਅੰਦਰ ਦੀਆਂ ਜਾਣਨ ਵਾਲਾ ਪਰ ਪਹਿਲਾ ਅਰਥ ਹੈ ਅੰਤਰ ਸਥਿਤ। ਅੰਦਰ ਬੈਠਾ ਹੋਇਆ ਨਯੰਤਾ, ਪ੍ਰੇਰਕ। ਉਹ ਪ੍ਰਭੂ ਜੋ ਮੇਰੇ ਅੰਦਰ ਬੈਠਾ ਮੈਨੂੰ ਦਿੱਸ ਪਿਆ ਸੀ ਉਹੀ ਹੁਣ ਸਰਬ ਵਯਾਪੀ ਹੋਕੇ ਧਰਤੀ, ਸਮੁੰਦਰ, ਜ਼ਿਮੀਂ, ਅਸਮਾਨ ਸਾਰੇ ਪਰੀਪੂਰਣ ਦਿੱਸ ਰਿਹਾ ਹੈ।

ਅੰਕ ੪-ਇਸ ਵਿਚ ਅਪਣੀ ਹਉਮੈਂ ਨਵਿਰਤੀ ਦੱਸਕੇ ਸਿੱਟਾ ਦੱਸਦੇ ਹਨ ਕਿ ਮੈਂ ਇਹ ਨਹੀਂ ਸਮਝ ਰਿਹਾ ਕਿ ਮੇਰੀ ਕਿਸੇ ਕਰਨੀ ਦਾ ਫਲ ਮੈਨੂੰ ਮਿਲਿਆ ਹੈ, ਇਹ ਤਾਂ ਦਾਤ ਹੈ, ਜਿਸ ਦੀ ਭਗਤੀ ਮੈਂ ਕੀਤੀ ਹੈ, ਇਹ ਦਾਤ ਉਸੇ ਦਾਤੇ ਨੇ ਦਿੱਤੀ ਤੇ ਪੁਗਾਈ ਹੈ, ਇਹ ਮੇਰੇ ਕਰਮਾਂ ਤੇ ਰੀਝਕੇ ਨਹੀਂ, ਮੇਰੇ ਕਰਮ ਕਰਨ ਵਾਲੇ ਇਸ ਸਰੀਰ ਦੇ ਜੰਮਣ ਤੋਂ ਪਹਿਲੋਂ ਹੀ ਮੇਰੇ ਤੇ ਮੇਹਰ ਕਰਕੇ ਮੇਰੇ

ਕਰਮਾਂ ਵਿਚ ਲਿਖ ਦਿਤੀ ਸੀ। ਹੁਣ ਸਾਡੇ ਲਈ ਅਪਣੇ ਤਜਰਬੇ ਤੇ ਅਪਣੀ ਪ੍ਰਾਪਤੀ ਤੋਂ ਉਪਦੇਸ਼ ਦੇਂਦੇ ਹਨ ਕਿ ਓਹ ਪ੍ਰਭੂ ਜਿਸ ਦੀ ਮੈਂ ਭਗਤੀ ਕੀਤੀ ਹੈ, ਗ਼ਰੀਬਾਂ ਨੂੰ ਵਡਿਆਈ ਦੇਣ ਵਾਲਾ ਹੈ। ਭਗਤੀ ਲਈ ਜਿਸ ਜਿਸ ਸ਼ੈ ਦੀ ਲੋੜ ਹੈ, ਜੋ ਜੋ ਸਬਬ ਆਕੇ ਬਣਨੇ ਚਾਹੀਦੇ ਹਨ, ਓਹ ਸਾਰੇ ਸਾਮਾਨ ਪ੍ਰਭੂ ਆਪ ਕਰ ਦੇਂਦਾ ਹੈ। ਐਸਾ ਕਹਿਣੇ ਵਿਚ ਇਹ ਉਪਦੇਸ਼ ਹੈ ਕਿ ਉਸ ਗ਼ਰੀਬ ਨਿਵਾਜ਼ ਦੀ ਸ਼ਰਨ ਲਓ, ਉਸ ਅਗੇ ਅਰਦਾਸ ਕਰੋ, ਉਹ ਤ੍ਰੁੱਠੇ ਤੇ ਤੁਸਾਨੂੰ ਬੀ ਭਗਤੀ ਦਾ 'ਪੂਰਨ ਸਾਜ' ਬਖ਼ਸ਼ ਦੇਵੇ।

**ਨਿਰੁਕ੍ਤ**—ਰਾਜਾ ਰਾਮ—[ਸੰਸ:, ਰਾਜਾ+ਰਾਮ:] ਪ੍ਰਕਾਸ਼ ਸਰੂਪ ਸਾਰੇ ਰਮਣ ਕਰ ਰਹੇ (ਪਰਮਾਤਮ ਦੇਵ)। ਪਰਮਗਤਿ—(ਦੇਖੋ ਪੰਨਾ ੧੬੮੬) ਪੂਰਨ ਮੁਕਤੀ। ਇਸਦਾ ਅਰਥ ਪੂਰੀ ਯਾ ਉੱਚੀ ਅਵਸਥਾ ਬੀ ਕਰਦੇ ਹਨ, ਸੋ ਮੁਕਤੀ ਤੋਂ ਹੀ ਭਾਵ ਹੁੰਦਾ ਹੈ।

ਸਾਧੂ ਸੰਗਤਿ—ਸਾਧੂ ਦੀ ਸੰਗਤ ਵਿਚ।

ਪੰਚ ਦੂਤ—[ਸੰਸ:, ਪੰਚ+ਦੂਤ: (ਮੁਖ਼ਬਰ)] ਪੰਚ ਦੂਤ (ਮਾਯਾ ਦੇ)। ਪੰਜ ਵੈਰੀ:—ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ।

ਜਪਉ ਜਪ—ਜਪਦਾ ਹੀ ਜਪਦਾ ਹਾਂ। ਬਾਰੰਬਾਰ ਜਪਦਾ ਹਾਂ।

ਅਮੋਲ ਦਾਸੁ—ਬਿਨਾ ਮੁੱਲ ਦਿਤੇ ਦੇ ਜੋ ਦਾਸ ਬਣ ਜਾਏ*। (ਅ) ਅਮੋਲਕ ਦਾਸ ਬਣਾ ਲਿਆ। ਜਿਵੇਂ ਕਿ ਗੁਰੂ ਜੀ ਨੇ ਕਿਹਾ ਹੈ:—

ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ॥ [ਆਸਾ ਮ: ਪ, ਭਗਤ ਧੰਨਾ ਪ੍ਰਤਿ

ਸਾਗਰ ਸੰਸਾਰ—[ਸੰਸ:, ਸੰਸਾਰ:+ਸਾਗਰ:] ਭਵ ਸਾਗਰ ਵਿਚੋਂ। (ਅ) ਸੰਸਾਰ ਵਿਚੋਂ ਜੋ ਸਮੁੰਦਰ ਵਾਙੂ (ਭਿਆਨਕ ਤੇ ਡੋਬਣਹਾਰ ਹੈ)।

ਅੰਗਿਆਰੁ—ਅੰਗਾਰ। ਅੰਗਾਰਾ।

ਤਪਤਿ—[ਸੰਸ:, ਤਪ੍=ਗਰਮ] ਤਪ ਰਿਹਾ। ਭਖ਼ ਰਿਹਾ। ਪੇਖਉ—ਮੈਂ ਦੇਖਦਾ ਹਾਂ।

ਪੂਰਨ ਸਾਜ-[ਸੰਸ:, ਪੂਰਣ+ਸਾਜ਼ (ਫ਼ਾ:, ਸਾਮਾਨੋ ਸਜਾਵਟ)] ਪੂਰਾ ਸਾਮਾਨ। ਪੂਰੀ ਬਣਤ। ਸਾਰੇ ਦੇ (ਢੁਕਾ ਦੇਂਦਾ ਹੈ)।

[ਗਉੜੀ ਕਬੀਰ ਜੀ, ਚਉਪਦਾ—੪੧]

| ਮੂਲ | ਅਰਥ |
|---|---|
| ਜਲਿ ਹੈ ਸੂਤਕੁ ਥਲ ਹੈ ਸੂਤਕੁ ਸੂਤਕ ਓਪਤਿ ਹੋਈ॥ ਜਨਮੇ ਸੂਤਕੁ ਮੂਏ ਫੁਨਿ ਸੂਤਕੁ ਸੂਤਕ ਪਰਜ ਬਿਗੋਈ॥੧॥ | (ਜੇ) ਉਤਪਤੀ ਹੋਣੀ ਸੂਤਕ ਵਿਚ ਹੈ ਤਾਂ ਜਲ (=ਸਮੁੰਦਰ) ਵਿਚ ਸੂਤਕ ਹੈ, ਥਲ (ਖ਼ੁਸ਼ਕੀ) ਤੇ (ਸਾਰੇ) ਸੂਤਕ ਹੈ, (ਕਿਉਂਕਿ ਹਰ ਛਿਨ ਜਲਾਂ ਥਲਾਂ ਵਿਚ ਉਤਪਤੀ ਹੋ ਰਹੀ ਹੈ। ਐਉਂ) ਜੰਮਣ ਤੇ ਸੂਤਕ (ਪੈਂਦਾ ਹੈ,) ਫੇਰ ਮਰਨੇ ਤੇ (ਬੀ ਕਹਿੰਦੇ ਹਨ ਕਿ) ਸੂਤਕ ਪੈਂਦਾ ਹੈ, (ਤਾਂਤੇ ਇਸ) ਸੂਤਕ ਨੇ (ਸਾਰੀ ਪਰਜਾ=) ਸ੍ਰਿਸ਼ਟੀ ਹੀ ਖਰਾਬ ਕਰ ਰਖੀ ਹੈ॥੧॥ |

*ਮੁਹਾਵਰੇ ਵਿਚ ਬੋਲਦੇ ਹਨ ਮੈਂ ਤੇਰਾ ਬਿਨਾ ਦੰਮਾਂ ਗ਼ੁਲਾਮ ਹਾਂ।

| | |
|---|---|
| ਕਹੁ ਰੇ ਪੰਡੀਆ ਕਉਨ ਪਵੀਤਾ ॥ ਐਸਾ ਗਿਆਨੁ ਜਪਹੁ ਮੇਰੇ ਮੀਤਾ ॥ ੧ ॥ ਰਹਾਉ ॥ | (ਹੁਣ ਤੂੰਹੇਂ) ਕਹੁ, ਹੇ ਪੰਡਿਤ ! ਪਵਿਤ੍ਰ ਕਉਣ ਰਹਿ ਗਿਆ ? (ਅਤੇ) ਹੇ (ਮੇਰੇ) ਮਿਤ੍ਰ ! ਇਸ ਪ੍ਰਕਾਰ ਦਾ ਗਿਆਨ (-ਵੀਚਾਰ ਬੀ) ਦੱਸ ॥ ੧ ॥ ਰਹਾਉ ॥ |
| ਨੈਨਹੁ ਸੂਤਕੁ ਬੈਨਹੁ ਸੂਤਕੁ ਸੂਤਕੁ ਸ੍ਰਵਨੀ ਹੋਈ ॥ ਊਠਤ ਬੈਠਤ ਸੂਤਕੁ ਲਾਗੈ ਸੂਤਕੁ ਪਰੈ ਰਸੋਈ ॥ ੨ ॥ | (ਕਿ ਜਿਵੇਂ ਬਾਹਰ ਸੂਤਕ ਹੈ ਤਿਵੇਂ) ਅੱਖਾਂ ਤੋਂ ਬੀ (ਪਰਾਇਆ ਰੂਪ ਮਨ ਦ੍ਰਿਸ਼ਟੀ ਨਾਲ ਦੇਖਣੇ ਕਰ) ਸੂਤਕ ਪੈਂਦਾ ਹੈ। (ਜੀਭ ਦੁਆਰਾ ਕਹੇ ਖੋਟੇ) ਵਾਕਾਂ ਤੋਂ ਸੂਤਕ (ਪੈਂਦਾ ਹੈ) । ਕੰਨਾਂ ਦੁਆਰਾ (ਨਿੰਦਾ ਸੁਣਨੇ ਤੇ) ਸੂਤਕ ਹੁੰਦਾ ਹੈ, ਉਠਦਿਆਂ ਬਹਿੰਦਿਆਂ (ਕਈ ਜੀਵ ਮਰਦੇ ਹਨ, ਜਿਨ੍ਹਾਂ ਦਾ) ਸੂਤਕ ਲਗਦਾ ਹੈ, (ਇਸੇ ਤਰ੍ਹਾਂ) ਰਸੋਈਵਿਚ ਬੀ ਸੂਤਕ ਪੈਂਦਾ ਹੈ, (ਕਿਉਂਕਿ ਅਨੇਕਾਂ ਜੀਵ ਗੋਹੇ ਲਕੜੀ ਵਿਚ ਮਰਦੇ ਹਨ ਜਦ ਅੱਗ ਬਲਦੀ ਹੈ ਰਸੋਈ ਵਾਸਤੇ)॥੨॥ |
| ਫਾਸਨ ਕੀ ਬਿਧਿ ਸਭੁ ਕੋਊ ਜਾਨੈ ਛੂਟਨ ਕੀ ਇਕੁ ਕੋਈ ॥ ਕਹਿ ਕਬੀਰ ਰਾਮੁ ਰਿਦੈ ਬਿਚਾਰੈ ਸੂਤਕੁ ਤਿਨੈ ਨ ਹੋਈ ॥ ੩ ॥ ੪੧ ॥ | (ਸਿੱਟ ਦੀ ਗੱਲ ਇਹ ਹੈ ਕਿ ਹੇ ਪੰਡਿਤ ! ਕਰਮ ਜਾਲ ਵਿਚ) ਫਸਣੇ ਦੀ ਬਿਧੀ ਤਾਂ ਹਰ ਕੋਈ ਜਾਣਦਾ ਹੈ, (ਪਰ) ਛੁਟਣੇ ਦੀ ਕੋਈ ਇਕ (ਵਿਰਲਾ ਪੁਰਖ) ਜਾਣਦਾ ਹੈ। ਕਬੀਰ ਆਖਦਾ ਹੈ ਕਿ ਜੋ ਰਾਮ ਦਾ ਬੀਚਾਰ ਹਿਰਦੇ ਵਿਚ ਕਰਦੇ ਹੈਨ ਉਨ੍ਹਾਂ ਨੂੰ (ਕੋਈ) ਸੂਤਕ ਨਹੀਂ ਲੱਗਦਾ॥੩॥੪੧॥ |

**ਵ੍ਯਾਖ੍ਯਾ**—ਇਸ ਸ਼ਬਦ ਵਿਚ ਸੂਤਕ ਦਾ ਵਿਸ਼ਯ ਹੈ, ਸੰਖੇਪ ਵਿਚ, ਜੈਸਾ ਕਿ ਆਸਾ ਦੀ ਵਾਰ ਪਉੜੀ ੧੮ ਵਿਚ ਵਿਸਥਾਰ ਨਾਲ ਤੇ ਫੇਰ ਤੀਸਰੇ ਸਤਿਗੁਰੂ ਜੀ ਪਿੱਛੇ ਗਉੜੀ ਗੁਅ ਰੇਰੀ ਦੀ ਅਪਣੀ ਪਹਿਲੀ ਅਸ਼ਟਪਦੀ ਵਿਚ ਕਥਨ ਕਰ ਆਏ ਹਨ।

ਰਹਾਉ ਦੇ ਅੰਤ ਤਕ ਖਿਆਲੀ ਸੂਤਕ ਦੀ ਨਿਸਫਲਤਾ ਦਾ ਵਰਣਨ ਹੈ। ਗਲ ਬਾਤ ਕਿਸੇ ਕਰਮ ਕਾਂਡੀ ਪੰਡਿਤ ਨਾਲ ਹੋ ਰਹੀ ਹੈ, ਜੋ ਦੱਸ ਰਿਹਾ ਹੈ ਕਿ ਜਦ ਕੋਈ ਜੰਮੇ ਯਾ ਮਰੇ ਤਦ ਉਸ ਘਰ ਵਿਚ ਸੂਤਕ ਪੈ ਜਾਂਦਾ ਹੈ, ਉਹਨਾਂ ਦਾ ਰਿੱਧਾ ਪੱਕਾ ਅਪਵਿਤ੍ਰ ਹੋ ਜਾਂਦਾ ਹੈ, ਉਹ ਖਾਣਾ ਨਹੀਂ ਚਾਹੀਏ। ਕਬੀਰ ਜੀ ਉਸ ਦੀ ਇਹ ਗਲ ਲੈਕੇ ਉਸ ਦਾ ਖੰਡਨ ਕਰਦੇ ਹਨ ਕਿ ਜੇ ਉਪਜਣ ਯਾ ਜੰਮਣ ਤੋਂ ਤੇ ਮਰਨ ਤੋਂ ਅਪਵਿਤ੍ਰਤਾ ਉਪਜਦੀ ਹੈ ਤਾਂ ਸਮੁੰਦਰ, ਦਰਯਾ, ਨਦੀ, ਨਾਲੇ, ਝੀਲਾਂ, ਚਸ਼ਮੇ, ਖੂਹਾਂ ਸਭ ਵਿਚ ਜੋ ਜਲ ਹੈ ਅਪਵਿਤ੍ਰ ਹੈ, ਕਿਉਂਕਿ ਦਿੱਸਣ ਵਾਲੇ ਤੇ ਨਾ ਦਿੱਸਣ ਵਾਲੇ ਅਨੇਕਾਂ ਜੀਵ ਉਨ੍ਹਾਂ ਵਿਚ ਜੰਮ ਮਰ ਰਹੇ ਹਨ ਸੋ ਤੁਸੀਂ ਜੋ ਪਾਣੀ ਪੀਂਦੇ ਤੇ ਜਿਸ ਨਾਲ ਨ੍ਹਾਉਂਦੇ ਹੋ ਤੇ ਤੀਰਥਾਂ ਦੇ ਜਲ ਬੀ ਸੱਭੇ ਸੂਤਕ ਵਾਲੇ (ਭਾਵ ਅਪਵਿਤ੍ਰ ) ਹੋਏ। ਫੇਰ ਥਲ (=ਖ਼ੁਸ਼ਕ ਧਰਤੀ) ਉਤੇ ਉਪਜ ਖਪਜ ਜਾਰੀ ਹੈ, ਇਹ ਬੀ ਅਪਵਿਤ੍ਰ ਹੋਈ। ਇਸ ਧਰਤੀ ਪਰ ਵੱਸਕੇ ਤੇ ਇਸ ਦਾ ਪੈਦਾ ਕੀਤਾ ਖਾ ਪੀਕੇ ਤੁਸੀਂ ਬੀ ਅਪਵਿਤ੍ਰ ਹੋ ਰਹੇ ਹੋ।

ਅੰਕ ੨-ਇਸ ਅੰਕ ਵਿਚ ਦੂਸਰਾ ਵਿਸ਼ਾ ਲੈਂਦੇ ਹਨ ਕਿ ਅਸਲ ਸੂਤਕ ਯਾ ਅਪਵਿਤ੍ਰਤਾ ਕਿਹੜੀ ਹੈ। ਦੱਸਦੇ ਹਨ ਕਿ ਉਹ ਹੈ ਅੱਖਾਂ, ਜੀਭ, ਕੰਨਾਂ ਦਾ ਅਯੋਗ ਵਿਸ਼ਿਆਂ ਵਿਚ ਲੱਗਣਾ, ਜੋ ਮਨ ਨੂੰ ਅਪਵਿਤ੍ਰ ਕਰਦਾ ਹੈ, ਕਿਉਂਕਿ ਮਾੜੀ ਤਰ੍ਹਾਂ ਦੇਖਣ, ਬੋਲਣ ਤੇ ਸੁਣਨ ਨਾਲ ਮਨ ਤੇ ਅਪਵਿਤ੍ਰਤਾ ਦਾ ਅਸਰ ਪੈਂਦਾ ਹੈ। ਇਸੇ ਅੰਕ ਵਿਚ ਇਕ ਹੋਰ ਅਪਵਿਤ੍ਰਤਾ ਲੈਂਦੇ ਹਨ ਕਿ ਜੋ ਕਿਸੇ ਮੰਦ ਵਾਸ਼ਨਾ ਕਰਕੇ ਯਾ ਮੰਦ ਕਰਮ ਕਰਕੇ ਨਹੀਂ ਪਰ ਸੁਤੇ ਸਿੱਧ ਅਨਿੱਛਤ ਪਈ ਲਗਦੀ ਹੈ। ਉਹ ਉਠਦਿਆਂ ਬੈਠਦਿਆਂ ਤੇ ਦੁਹਾਂ ਦੇ ਵਿਚਕਾਰੇ, ਭਾਵ ਹੈ ਚਲਦਿਆਂ ਪਈ ਲਗਦੀ ਹੈ; ਜੋ ਅਨੇਕਾਂ ਜੀਵ

ਪਏ ਪੈਰਾਂ ਹੇਠ ਤੇ ਬੈਠਣ ਉਠਣ ਨਾਲ ਮਰਦੇ ਹਨ ਤੇ ਮਰਦੇ ਲਖੀਂਦੇ ਬੀ ਨਹੀਂ। ਫੇਰ ਰਸੋਈ ਪਕਾਈ ਦੀ ਹੈ ਤਾਂ ਗੋਹੇ ਲੱਕੜਾਂ ਵਿਚ ਕੀੜੇ ਹੁੰਦੇ ਹਨ। ਓਹ ਅਣਿਛਤ ਪਏ ਮਰਦੇ ਹਨ।

ਅੰਕ ੩–ਇਸ ਅੰਕ ਵਿਚ ਦੱਸਿਆ ਹੈ ਕਿ ਇਸ ਪ੍ਰਕਾਰ ਅਪਵਿਤ੍ਰਤਾ ਦੇ ਵਹਿਮ ਜੋ ਹਨ ਸੋ ਇਕ ਤਰ੍ਹਾਂ ਦੀ ਫਸੇਤੀ ਹਨ। ਜੇ ਏ ਮਸਲੇ ਕਰਮ ਕਾਂਡੀਆਂ ਯਾ ਕਰਮ ਉਪਾਸਕਾਂ ਨੇ ਗਿਣੇ ਹਨ, ਉਹਨਾਂ ਮੁਤਾਬਕ ਕੋਈ ਹਿੰਸਾ ਤੋਂ ਬਚ ਨਹੀਂ ਸਕਦਾ ਤੇ ਨਾ-ਸੂਤਕ ਅਪਵਿਤ੍ਰਤਾ ਤੋਂ ਛੁੱਟ ਸਕਦਾ ਹੈ। ਸੋ ਕਰਮ ਜਾਲ ਵਿਚ ਜੀਵ ਫਸਦਾ ਹੀ ਜਾਂਦਾ ਹੈ। ਫਿਰ ਆਪ ਦੱਸਦੇ ਹਨ ਕਿ ਇਸ ਪ੍ਰਕਾਰ ਦੇ ਵਹਿਮਾਂ ਤੋਂ ਛੁਟਣੇ ਦੀ ਇਕ ਵਿਧੀ ਬੀ ਹੈ, ਉਹ ਇਹ ਹੈ ਕਿ ਵਯਾਪਕ ਰਾਮ ਦਾ ਵੀਚਾਰ ਕਰੋ। ਅਰਥ ਇਸ ਦਾ ਇਹ ਹੈ ਕਿ ਰਾਮ ਦਾ ਸਿਮਰਨ ਕਰੇ, ਉਸ ਦੀ ਅਰਾਧਨਾ ਕਰੇ। ਉਸ ਨੂੰ ਸਭ ਜੀਵਾਂ ਦੇ ਅੰਦਰ ਲਖਕੇ ਉਸੇ ਉਤੇ ਨਜ਼ਰ ਟਿਕਾਓ। ਉਸ ਪਵਿਤ੍ਰ ਦਾ ਧਿਆਨ ਤੇ ਨਾਮ ਪਵਿਤ੍ਰ ਕਰੇਗਾ, ਉਸ ਅਸਲੀ ਪਵਿਤ੍ਰਤਾ ਨੂੰ ਕੋਈ ਸ਼ੈ ਅਪਵਿੱਤ੍ਰ ਨਹੀਂ ਕਰ ਸਕਦੀ।

**ਵਿਸ਼ੇਸ਼–** ਸੂਤਕ ਬਹੰਸੀਅਤ ਭ੍ਰਮ ਜੋ ਸਾਰੀ ਹਿੰਦੂ ਜਾਤੀ ਵਿਚ ਫੈਲ ਰਿਹਾ ਹੈ, ਉਸ ਭ੍ਰਮ ਦਾ ਖੰਡਨ ਕੀਤਾ ਹੈ। ਬੱਚੇ ਜੰਮਣ ਤੇ ਜ਼ਚਾ ਖਾਨੇ ਦੀ ਰੱਖਯਾ ਲਈ ਜੋ ਅਰੋਗਤਾ ਦੇ ਪ੍ਰਬੰਧ ਕਰੀਦੇ ਹਨ, ਯਾ ਮਰਨੇ ਪਰ ਜੋ ਛੂਤ ਵਾਲੇ ਰੋਗਾਂ ਤੋਂ ਰੱਖਯਾ ਨਮਿਤ ਅਰੋਗਤਾ ਦੇ ਇੰਤਜ਼ਾਮ ਕਰੀਦੇ ਹਨ, ਇਹ ਉਨ੍ਹਾਂ ਦਾ ਖੰਡਨ ਨਹੀਂ; ਪਰ ਜੋ ਵਹਿਮ ਤੇ ਭ੍ਰਮ ਮਾਤ੍ਰ ਰਸਮ ਪੈ ਗਈ ਤੇ ਇਸ ਹਦ ਤਕ ਚਲੀ ਗਈ ਹੈ ਕਿ ਇਕ ਦੇ ਘਰ ਦਿੱਲੀ ਪੁਤ੍ਰ ਜੰਮਦਾ ਹੈ, ਉਸ ਦਾ ਸ਼ਰੀਕਾ ਲਖਨਊ ਰਹਿੰਦਾ ਹੈ ਤਾਂ ਸੂਤਕ ਲਖਨਊ ਦੇ ਸ਼ਰੀਕੇ ਨੂੰ ਬੀ ਜਾ ਪਿਆ ਮੰਨਿਆਂ ਜਾਂਦਾ ਹੈ। ਇਸ ਪ੍ਰਕਾਰ ਭ੍ਰਮ ਰੂਪੀ ਫੈਲਾਏ ਸੂਤਕ ਪਾਤਕ ਦੇ ਬੰਧਨਾਂ ਤੋਂ ਸੁਤੰਤ੍ਰ ਕਰਨ ਤੇ ਉੱਚਸੁਰਤੇ ਹੋਣ ਦਾ ਉਪਦੇਸ਼ ਹੈ।

**ਨਿਰੁਕ–** ਸੂਤਕੁ–[ਸੰਸ:, ਸੂਤਕ=ਜੰਮਣ, ਪੈਦਾਯਸ਼] ਇਸ ਪਦ ਦਾ ਅਸਲੀ ਅਰਥ ਹੈ ਪੈਦਾਯਸ਼। ਦੂਸਰਾ ਹੈ ਉਹ ਅਪਵਿਤ੍ਰਤਾ ਜੋ ਜੰਮਣ ਤੇ ਮਰਣ ਤੇ ਜੰਮਣ ਮਰਣ ਵਾਲੇ ਦੇ ਪਰਵਾਰ ਤੇ ਸ਼ਰੀਕੇ ਨੂੰ ਪੈ ਗਈ ਮੰਨ ਰਖੀ ਹੈ। ਇਨ੍ਹਾਂ ਦਿਨਾਂ ਵਿਚ ਬ੍ਰਹਮਣਾਂ ਤੇ ਹੋਰਨਾਂ ਲਈ ਮਾਨੋ ਉਹ ਘਰ ਅਛੂਤ ਜਾਤੀ ਦਾ ਹੋ ਜਾਂਦਾ ਹੈ। ਸੂਤਕ ਪਦ ਮਰਣ ਜੰਮਣ ਦੋਹਾਂ ਪਰਥਾਇ ਵਰਤਿਆ ਜਾਂਦਾ ਹੈ। ਉਂਞ ਸ਼ਾਸਤ੍ਰਾਂ ਵਿਚ ਵਿਸ਼ੇਸ਼ ਵਿਵੇਕ ਲਈ 'ਸੂਤਕ' ਜੰਮਣ ਦੀ ਤੇ 'ਪਾਤਕ' ਮਰਨੇ ਦੀ ਅਪਵਿਤ੍ਰਤਾ ਲਈ ਵਰਤਦੇ ਹਨ। ਸਿੰਮਰਤੀਆਂ ਵਿਚ ਜੋ ਸੂਤਕ ਦੇ ਵਿਸਥਾਰ ਹਨ ਤੇ ਸੂਤਕ ਤੋਂ ਜਿਨ੍ਹਾਂ ਜਿਨ੍ਹਾਂ ਨੂੰ ਛੂਟ ਦੱਸੀ ਹੈ, ਪ੍ਰਵਿਰਤ ਭ੍ਰਮ ਜੋ ਸੂਤਕ ਪਾਤਕ ਦਾ ਚਲ ਰਿਹਾ ਹੈ, ਓਸ ਤੋਂ ਬੀ ਟਪ ਗਿਆ ਹੈ, ਜੈਸੇ ਮੀਤਾਖਰਾ ਵਿਚ ਲਿਖਿਆ ਹੈ ਕਿ ਬ੍ਰਹਮ ਵੇਤਾ ਨੂੰ ਸੂਤਕ ਨਹੀਂ। ਫੇਰ ਲਿਖਿਆ ਮਿਲਦਾ ਹੈ ਕਿ ਰਾਜਾ ਨੂੰ ਸੂਤਕ ਨਹੀਂ, ਸਦਾਬ੍ਰਤੀ ਨੂੰ ਸੂਤਕ ਨਹੀਂ, ਬਿਜਲੀ ਨਾਲ ਮਰੇ ਦਾ ਸੂਤਕ ਨਹੀਂ, ਸ਼ਹੀਦ ਦਾ ਸੂਤਕ ਨਹੀਂ।　　ਓਪਤਿ–[ਸੰਸ:, ਉਤ੍ਪਤਿ:] ਉਪਜ, ਪੈਦਾਯਸ਼। ਏਥੇ ਅਰਥ ਸਪਸ਼ਟ ਕਰਨੇ ਲਈ 'ਜੇ' ਪਦ ਦਾ ਅਧ੍ਯਾਹਾਰ ਕਰਨਾ ਪੈਂਦਾ ਹੈ–ਜੇ ਸੂਤਕ ਉਪਜ (ਜੰਮਣ) ਤੋਂ ਲਗਦਾ ਹੈ ਤਾਂ ਜਲ ਥਲ ਵਿਚ ਉਪਜ ਹੋ ਰਹੀ ਹੈ।

ਪਰਜ–[ਸੰਸ:, ਪ੍ਰਜਾ] ਪਰਜਾ ਦਾ ਸੰਖੇਪ ਹੈ ਪਰਜ। ਛੰਦ ਦਾ ਤੋਲ ਪੂਰਾ ਰਖਣੇ ਲਈ ਕੰਨੇ ਦਾ ਲੋਪ ਹੈ। ਰਈਅਤ। ਲੋਕ। ਜਨਤਾ।

ਬਿਗੋਈ–[ਸੰਸ:, ਵਿਗਤ=ਬੀਤ ਚੁਕੀ, ਗਈ ਗੁਜ਼ਰੀ] ਖ਼ਰਾਬ ਕੀਤੀ। ਹਰ ਵੇਲੇ ਭਰਮਾਂ ਵਹਿਮਾਂ ਵਿਚ ਪਾ ਪਾ ਕੇ ਬ੍ਰਿਥਾ ਕਰਮਾਂ ਦੇ ਉਲਝਾਵਾਂ ਵਿਚ ਪਾਕੇ ਹਰੀ ਸਿਮਰਨ ਤੇ ਗਯਾਨ ਧਯਾਨ ਦੀ ਉੱਚ ਦ੍ਰਿਸ਼ਟੀ ਤੋਂ ਵਾਂਜਕੇ ਲੋਕਾਂ ਨੂੰ ਖ਼ਰਾਬ ਕਰ ਰਖਿਆ ਹੈ।

ਪੰਡੀਆ–[ਸੰਸ:, ਪੰਡਿਤ:] ਪੰਡਤ ਪਦ ਦਾ ਨਿੰਮ੍ਰਵਾਚੀ ਹੈ ਪੰਡੀਆ, ਜੋ ਕੁਛ ਰੋਸ ਨਾਲ

ਯਾ ਹਾਸੇ ਨਾਲ ਕਿਹਾ ਹੈ, ਕਿਉਂਕਿ ਦੂਸਰੀ ਸਤਰ ਵਿਚ ਉਸ ਨੂੰ 'ਮੀਤਾ' ਕਹਿ ਰਹੇ ਹਨ ਜੋ ਪਜਾਰ ਵਾਚੀ ਹੈ। ਇਸ ਤੋਂ ਸੰਭਾਵਨਾ ਇਹ ਹੁੰਦੀ ਹੈ ਕਿ ਪੰਡਤ ਨਾਲ ਖੁੱਲ੍ਹ ਹੈ ਤੇ ਹਾਸੀ ਨਾਲ ਪੰਡੀਆ ਕਹਿ ਰਹੇ ਹਨ ।

ਪਵੀਤਾ–[ਸੰਸ:, ਪਵਿਤ: । ਦੇਸ਼ ਭਾਸ਼ਾ ਦਾ ਰੂਪ ਪਵਿਤ੍ਰ ਤੇ ਪਵੀਤਾ] ਪਵਿਤ੍ਰ।

ਜਪਹੁ–[ਸੰਸ:, ਧਾਤੂ-ਜਪ੍=ਬੋਲਣਾ, ਦੱਸਣਾ, ਧਯਾਨ ਕਰਨਾ, ਰਟਨ ਕਰਨਾ, ਜਿਹਵਾ ਹਿੱਲੇ ਬਿਨ ਰਟਨ ਕਰਨਾ ਆਦਿ] ਕਹੋ, ਦੱਸੋ।

ਨੈਨਹੁ–ਅੱਖਾਂ ਤੋਂ, ਭਾਵ ਪਰਾਇਆ ਰੂਪ ਮੰਦ ਭਾਵਨਾ ਨਾਲ ਦੇਖਣ ਤੋਂ।

ਬੈਨਹੁ–ਬਚਨਾਂ ਤੋਂ। ਬੋਲਣ ਤੋਂ, ਭਾਵ ਨਿੰਦਾ, ਕੁਵਾਕ ਯਾ ਮਾੜੇ ਭਾਵ ਵਾਲੇ ਬਚਨਾਂ ਦੇ ਬੋਲਣ ਤੋਂ ਜੀਭ ਦੁਆਰਾ ਸੂਤਕ ਪੈਂਦਾ ਹੈ ।

ਸ੍ਰਵਨੀ–[ਸੰਸ:, ਸ਼੍ਰਵਣ:=ਕੰਨ] ਕੰਨਾਂ ਤੋਂ, ਕੰਨਾਂ ਦੁਆਰਾ, ਭਾਵ ਨਿੰਦਾ ਸੁਣਨੇ ਤੇ ਮਾੜੇ ਵਾਕ ਸੁਣਨੇ ਤੇ ।

ਫਾਸਨ ਕੀ–ਫਸਣ ਦੀ। ਮੁਰਾਦ ਹੈ ਕਰਮ ਜਾਲ ਵਿਚ ਫਸਣ ਦੀ । ਕਰਮ ਕਾਂਡ ਵਿਚ ਦੱਸੇ ਕਰਮਾਂ ਦੇ ਭਰਮਾਂ ਤੇ ਕਰਨੇ ਵਿਚ ਫਸੇ ਰਹਿਣਾ ਤੇ ਭਗਤੀਭਾਵ ਤੇ ਗਯਾਨਵਿਚ ਉੱਚੇ ਨਾ ਹੋਣਾ।

[ਗਉੜੀ ਕਬੀਰ ਜੀ, ਚਉਪਦਾ–੪੨]

**ਪ੍ਰਾਕ੍ਕਥਨ–**ਪ੍ਰਸ਼ਨ ਦੇ ਢੰਗ ਵਿਚ ਕੁਛ ਸੰਸਿਆਂ ਦੀ ਨਵਿਰਤੀ ਕਰਦੇ ਹਨ । ਪ੍ਰਸ਼ਨ ਐਸੇ ਹਨ ਕਿ ਉਸ ਦੇ ਅੰਤਲੇ ਹਿੱਸੇ ਵਿਚ ਉੱਤਰ ਮੌਜੂਦ ਹੈ। ਇਸ ਢੰਗ ਨੂੰ ਕਾਵਯ ਵਿਚ 'ਪ੍ਰਹੇਲਕਾ ਅਲੰਕਾਰ' ਆਖਦੇ ਹਨ ।

| ਮੂਲ | ਅਰਥ |
| --- | --- |
| ਗਉੜੀ ॥ ਝਗਰਾ ਏਕੁ ਨਿਬੇਰਹੁ ਰਾਮ ॥ ਜਉ ਤੁਮ ਅਪਨੇ ਜਨ ਸੌ ਕਾਮੁ ॥ ੧ ॥ ਰਹਾਉ ॥ | ਹੇ ਰਾਮ ! ਜੇ ਤੁਸਾਂ ਨੂੰ (ਬੀ) ਆਪਣੇ ਦਾਸ ਨਾਲ (ਕੋਈ) ਕੰਮ ਹੈ ਤਾਂ ਇਕ ਝਗੜ ਦਾ ਫੈਸਲਾ ਕਰ ਦਿਓ ॥ ੧ ॥ ਰਹਾਉ ॥ |
| ਇਹੁ ਮਨੁ ਬਡਾ ਕਿ ਜਾ ਸਉ ਮਨੁ ਮਾਨਿਆ ॥ ਰਾਮੁ ਬਡਾ ਕੈ ਰਾਮਹਿ ਜਾਨਿਆ ॥ ੧ ॥ | (ਫੈਸਲਾ ਇਨ੍ਹਾਂ ਗੱਲਾਂ ਦਾ ਕਰਨਾ ਹੈ:) (੧) ਇਹ ਮਨ ਵਡਾ ਹੈ ਕਿ ਜਿਸ (ਪ੍ਰਭੂ) ਨਾਲ (ਇਹ) ਮਨ ਲੱਗ ਰਿਹਾ ਹੈ (ਭਾਵ ਜਿਸ ਨੂੰ ਪ੍ਰੀਤ ਕਰ ਰਿਹਾ ਹੈ) (੨) ਰਾਮ ਵੱਡਾ ਹੈ ਕਿ ਰਾਮ ਨੂੰ ਜਾਣਨ ਵਾਲਾ ? ॥ ੧ ॥ |
| ਬ੍ਰਹਮਾ ਬਡਾ ਕਿ ਜਾਸੁ ਉਪਾਇਆ ॥ ਬੇਦੁ ਬਡਾ ਕਿ ਜਹਾਂ ਤੇ ਆਇਆ ॥ ੨ ॥ | (੩) ਬ੍ਰਹਮਾ ਵਡਾ ਹੈ ਕਿ ਜਿਸ ਦਾ (ਉਹ) ਪੈਦਾ ਕੀਤਾ ਹੋਇਆ ਹੈ, (੪) ਵੇਦ ਵੱਡਾ ਹੈ ਕਿ ਜਿਸ ਕੋਲੋਂ ਆਇਆ ਹੈ ? ॥ ੨ ॥ |
| ਕਹਿ ਕਬੀਰ ਹਉ ਭਇਆ ਉਦਾਸੁ ॥ ਤੀਰਥੁ ਬਡਾ ਕਿ ਹਰਿ ਕਾ ਦਾਸੁ ॥ ੩ ॥ ੪੨ ॥ | ਕਹਿੰਦਾ ਹੈ ਕਬੀਰ ਮੈਂ ਉਦਾਸ ਹੋ ਰਿਹਾ ਹਾਂ (ਮੈਨੂੰ ਦੱਸੋ) (੫) ਤੀਰਥ ਵਡਾ ਹੈ ਕਿ ਹਰੀ ਦਾ ਦਾਸ (ਵੱਡਾ) ਹੈ ? ॥ ੩ ॥ ੪੨ ॥ |

**ਵਯਾਖਯਾ**—ਸ੍ਰੀ ਕਬੀਰ ਜੀ ਇਕ ਉਪਰਾਮਤਾ ਪ੍ਰਤੀਤ ਕਰਕੇ ਅਪਣੇ ਰਾਮ ਪਾਸ ਇਕ ਲਾਡ ਮਈ ਅਣਖ ਦਾ ਰੁਖ਼ ਲੈਕੇ ਪ੍ਰਸ਼ਨ ਕਰਦੇ ਹਨ। ਪ੍ਰਸ਼ਨ ਤਾਂ ਵੈਸੇ ਪੰਜ ਹਨ ਪਰ ਖਾਸ ਪ੍ਰਸ਼ਨ ਅੰਤਮ ਹੈ 'ਤੀਰਥੁ ਬਡਾ ਕਿ ਹਰਿ ਕਾ ਦਾਸੁ'। ਕੋਈ ਖੇਚਲ ਪਹੁੰਚੀ ਹੈ ਤੀਰਥਾਂ ਦੇ ਕਰਮ ਕਾਂਡੀ ਤੇ ਦਿਖਾਵੇ ਦੇ ਪੂਜਕਾਂ ਪਾਸੋਂ, ਜਿਸ ਪ੍ਰਕਾਰ ਦੀ ਕਿ ਸ੍ਰੀ ਨਾਮ ਦੇਵ ਜੀ ਨੂੰ ਪਹੁੰਚੀ ਸੀ ਕਿ ਭਗਤੀ ਕਰਦੇ ਨੂੰ 'ਸੂਦੁ ਸੂਦ' ਕਹਿ ਕੇ ਪੰਡਿਤਾਂ ਨੇ ਮਾਰ ਉਠਾਇਆ ਸੀ। ਭਗਤੀ ਦੇ ਕਰਨੇ ਵਾਲੇ ਪੁਰਖਾਂ ਦੇ ਬੈਠਣ, ਤਪ ਕਰਨ, ਭਜਨ ਕਰਨ ਆਦਿ ਤੋਂ ਤੀਰਥ ਬਣਦੇ ਹਨ, ਤੀਰਥਾਂ ਤੇ ਕਬਜ਼ੇ ਕਰਮ ਕਾਂਡੀ ਤੇ ਸ਼ਰਈ ਲੋਕਾਂ ਦੇ ਹੋ ਜਾਂਦੇ ਹਨ ਤੇ ਭਗਤਾਂ ਨੂੰ ਫੇਰ ਅਨਾਦਰ ਹੀ ਪੱਲੇ ਪੈਂਦਾ ਹੈ। ਲਗ ਪਗ ਹਰ ਮਤਿ ਵਿਚ ਇਸੇ ਤਰ੍ਹਾਂ ਹੁੰਦਾ ਹੈ। ਇਸ ਕਰਕੇ ਆਪ ਉਦਾਸ ਹੋਕੇ ਪੁੱਛਦੇ ਹਨ ਕਿ ਹੇ ਰਾਮ! ਤੀਰਥ ਵਡਾ ਹੈ ਕਿ ਹਰਿ ਕਾ ਦਾਸ, ਜਿਨ੍ਹਾਂ ਕਰਕੇ ਤੀਰਥ ਬਣਦੇ ਹਨ।

ਇਸੇ ਦੇ ਸਦਰਸ਼ ਹੋਰ ਪ੍ਰਸ਼ਨ ਹਨ ਜੋ ਪਹਿਲਾਂ ਕੀਤੇ ਹਨ। ਪ੍ਰਸ਼ਨ ਇਸ ਪ੍ਰਕਾਰ ਦੇ ਹਨ ਕਿ ਪ੍ਰਸ਼ਨਾਂ ਦਾ ਦੂਸਰਾ ਹਿੱਸਾ ਉਸ ਪ੍ਰਸ਼ਨ ਦਾ ਹਿੱਸਾ ਬੀ ਹੈ ਤੇ ਉੱਤਰ ਬੀ*। ਇਸ ਉੱਤਰ ਵਿਚ ਉਹ ਯਥਾਰਥ ਗੱਲ ਦੱਸ ਰਹੇ ਹਨ ਤੇ ਨਾਲ ਦੇ ਦੋ ਇਕ ਲਫ਼ਜ਼ਾਂ ਯਾ ਪਦਾਂ ਵਿਚ ਯਾ ਧੁਨੀ ਵਿਚ ਕਾਰਣ ਬੀ ਦੱਸੀ ਜਾਂਦੇ ਹਨ। ਜੈਸਾ ਕਿ 'ਜਿਸ ਨੇ ਪੈਦਾ ਕੀਤਾ ਉਹ ਵਡਾ ਹੈ', ਪੈਦਾ ਕਰਨਾ ਵਡੇ ਹੋਣ ਦੀ ਦਲੀਲ ਹੈ। ਇਸ ਤਰ੍ਹਾਂ ਵੇਦ ਤੋਂ ਵਡਾ ਵੇਦ ਦੇ ਘੱਲਣ ਵਾਲਾ ਹੈ। ਘੱਲਣ ਵਾਲਾ ਹੋਣਾ ਵਡੇ ਹੋਣ ਦੀ ਦਲੀਲ ਹੈ, ਇਸੀ ਤਰ੍ਹਾਂ ਮਨ ਵਡਾ ਹੈ ਕਿ ਜਿਸ ਤੇ ਪਤੀਜ ਕੇ ਪ੍ਰਸੰਨ ਹੋ ਗਿਆ ਹੈ। ਪਤੀਜਣਾ ਦੇਣੀ ਤੇ ਪ੍ਰਸੰਨ ਕਰਨਾ ਕਰਨ ਵਾਲੇ ਦੇ ਵਡੇ ਹੋਣ ਦੀ ਦਲੀਲ ਹੈ। ਇਸੀ ਤਰ੍ਹਾਂ ਤੀਰਥ ਤੋਂ ਹਰੀ ਦਾ ਦਾਸ ਵੱਡਾ ਹੈ, ਇਥੇ ਦਲੀਲ ਸਪਸ਼ਟ ਨਹੀਂ ਦਿੱਤੀ, ਪਰ ਧੁਨੀ ਸਾਫ ਹੈ ਜੋ ਪਿਛਲੇ ਪ੍ਰਸ਼ਨਾਂ ਵਿਚੋਂ ਨਿਕਲ ਆਉਂਦੀ ਹੈ ਕਿ ਤੀਰਥ ਬਣਦੇ ਹਰੀ ਦੇ ਦਾਸਾਂ ਦੀ ਤੁਫੈਲ ਹਨ, ਇਸ ਕਰਕੇ ਵਡੇ ਹਨ†। ਹੁਣ ਮੁਸ਼ਕਲ 'ਰਾਮੁ ਬਡਾ ਕੈ ਰਾਮਹਿ ਜਾਨਿਆ' ਦੇ ਅਰਥ ਸਮਝਣ ਵਿਚ ਹੈ। ਪਿੱਛੇ ਤੁਰੇ ਆਏ ਕ੍ਰਮ ਅਨੁਸਾਰ 'ਰਾਮਹਿ ਜਾਨਿਆ' ਵਡਾ ਹੈ। ਪਰ ਪਿਛਲੇ ਅਗਲੇ ਪ੍ਰਸ਼ਨ ਉੱਤਰਾਂ ਵਿਚ ਦਿਤੀ ਯੁਕਤੀ ਅਨੁਸਾਰ ਰਾਮ ਵੱਡਾ ਹੈ। ਕਿਉਂਕਿ ਪੰਜਾਂ ਹੀ ਪ੍ਰਸ਼ਨਾਂ ਵਿਚ ਤੇ ਉੱਤਰ ਦੇਣ ਵਿਚ ਜੋ 'ਦਲੀਲ' ਕੰਮ ਕਰ ਰਹੀ ਹੈ ਉਹ ਇਹ ਹੈ ਕਿ ਕਰਤਾ ਵਡਾ ਹੈ ਕ੍ਰਿਤ ਤੋਂ, ਇਸੇ ਅਨੁਸਾਰ ਨਤੀਜਾ ਕੱਢਦੇ ਹਨ ਕਿ ਤੀਰਥਾਂ ਦੇ ਬਣਨ ਦੇ ਕਾਰਣ ਹਰੀ ਦੇ ਦਾਸ ਹੁੰਦੇ ਹਨ, ਚਾਹੇ ਉਹ ਅਵਤਾਰ ਹੋਣ ਚਾਹੇ ਭਗਤ, ਇਸ ਕਰਕੇ ਹਰੀ ਦਾ ਦਾਸ ਵੱਡਾ ਹੈ। ਇਸੇ ਤਰ੍ਹਾਂ ਰਾਮਹਿ ਜਾਨਿਆ ਤੋਂ ਰਾਮ ਵਡਾ ਹੈ। ਇਹ ਅਰਥ ਭਾਵ ਬਣਦਾ ਹੈ। ਪਰ ਏਥੇ ਜੋ ਪਦ ਹਨ ਓਹ ਦੱਸਦੇ ਹਨ ਕਿ 'ਰਾਮਹਿ ਜਾਨਿਆ' ਵੱਡਾ ਹੈ ਤੇ ਰਾਮਹਿ ਜਾਨਿਆ ਦਾ ਸਿੱਧਾ ਅਰਥ ਹੈ ਰਾਮ ਨੂੰ ਜਾਣਨ ਵਾਲਾ ਕਿ ਜਿਸ ਨੇ ਰਾਮ ਨੂੰ ਜਾਣਿਆ ਹੈ, ਰਾਮ ਨੂੰ ਜਾਣਨ ਵਾਲਾ ਭਗਤ ਹੈ ਤੇ ਭਗਤ ਰਾਮ ਤੋਂ ਸਦਾ ਛੋਟਾ ਹੈ। ਹੋ ਸਕਦਾ ਹੈ ਕਿ ਕਬੀਰ ਜੀ ਏਥੇ ਵਾਹਿਗੁਰੂ ਜੀ ਦੇ ਭਗਤ ਵੱਛਲ ਬਿਰਦ ਨੂੰ ਲੈਕੇ ਇਹ ਗਲ ਕਹਿ ਰਹੇ ਹੋਣ ਕਿ ਰਾਮ ਨੂੰ ਜਾਣਨ ਵਾਲਾ ਵਡਾ ਹੈ। ਜਿਸ ਬਿਰਦ ਵਿਚ ਨਾਮ ਦੇਵ ਜੀ ਦੱਸਦੇ ਹਨ ਕਿ ਪ੍ਰਭੂ ਆਖਦਾ ਹੈ:—

ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ।
ਏਕ ਸਮੈ ਮੋਕਉ ਗਹਿ ਬਾਂਧੈ ਤਉ ਫੁਨਿ ਮੋਪੈ ਜਬਾਬੁ ਨ ਹੋਇ॥
[ਸਾਰੰਗ ਨਾਮਦੇਵ–੩

*ਇਹ ਤਰੀਕਾ ਜੋ ਇਸ ਸ਼ਬਦ ਵਿਚ ਵਰਤਿਆ ਹੈ ਪ੍ਰਹੇਲਕਾ ਅਲੰਕਾਰ ਦੀ ਵਿਧੀ ਦਾ ਹੈ। ਜੋ ਬੁਝਾਰਤ ਵਾਂਙੂ ਪ੍ਰਸ਼ਨ ਹਨ ਤੇ ਉੱਤਰ ਵਿਚੇ ਹੀ ਦਿਤੇ ਅਖਰਾਂ ਵਿਚ ਹਨ। ਸੋ ਕ੍ਰਮ ਅਨੁਸਾਰ ਅਖੀਰਲੇ ਪਦ ਉੱਤਰਮਈ ਹਨ।

†ਗੁਰੂ ਸਾਹਿਬ ਨੇ ਫੁਰਮਾਇਆ ਹੈ:—
ਜਿਤਨੇ ਤੀਰਥ ਦੇਵੀ ਥਾਪੇ ਸਭਿ ਤਿਤਨੇ ਲੋਚਹਿ ਧੂਰਿ ਸਾਧੂ ਕੀ ਤਾਈ॥ [ਮਲਾਰ ਮਹਲਾ ੪–੨

ਪੁਨਾ:–ਮੈ ਗੁਨ ਬੰਧ ਸਗਲ ਕੀ ਜੀਵਨਿ ਮੇਰੀ ਜੀਵਨਿ ਮੇਰੇ ਦਾਸ ॥

ਐਸੇ ਵਾਕ ਪ੍ਰਭੂ ਵਲੋਂ ਕਹੇ ਜਾਣ ਦਾ ਕਾਰਣ ਨਾਮ ਦੇਵ ਜੀ ਇਸੇ ਸ਼ਬਦ ਦੇ ਸ਼ੁਰੂ ਵਿਚ ਦੱਸਦੇ ਹਨ ਕਿ ਪ੍ਰਭੂ ਜੀ ਦਾਸ ਨੂੰ ਅਪਣਾ ਨਿਜ ਰੂਪ ਬਣਾ ਲੈਂਦੇ ਹਨ* ਤੇ ਆਖਦੇ ਹਨ:–

ਦਾਸ ਅਨਿੰਨ ਮੇਰੋ ਨਿਜ ਰੂਪ ॥

ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ:–

ਸਫਲੁ ਜਨਮੁ ਹਰਿ ਜਨ ਕਾ ਉਪਜਿਆ ਜਿਨਿ ਕੀਨੋ ਸਉਤੁ ਬਿਧਾਤਾ ॥

[ਦੇਵ ਗੰਧਾਰੀ ਮਹਲਾ ੫–੨੧

ਭਗਤ ਕਬੀਰ ਜੀ ਦਾ ਭਾਵ 'ਰਾਮਹਿ ਜਾਨਿਆ' ਨੂੰ ਵੱਡਾ ਦੱਸਣ ਤੋਂ ਹੈ ਪਰ ਇਹ ਵਡਿਆਈ ਉਸ ਦੇ ਗਤਿ ਮਿਤਿ ਵਿਚ ਵਡੇ ਹੋਣ ਦੀ ਨਹੀਂ ਸਗੋਂ ਭਗਤ ਵੱਛਲ ਦੇ ਆਪ ਉਸ ਨੂੰ ਅਪਣਾ ਰੂਪ ਬਣਾ ਲੈਣ ਵਿਚ ਹੈ, ਨਿਜ ਰੂਪ ਬਣਕੇ ਉਹ ਇਕ ਤਰ੍ਹਾਂ ਬਰਾਬਰ ਹੋ ਗਿਆ, ਪਰ ਵਾਹਿਗੁਰੂ ਦੇ ਜਾਏ ਮਾਨੁੱਖਾਂ ਨੂੰ ਵਾਹਿਗੁਰੂ ਦੇ ਭਗਤ ਬਣਾ ਦੇਣ ਵਿਚ ਉਸ ਦਾ ਵਾਧਾ ਹੋ ਗਿਆ। ਸੋ ਸਤਯਾ ਬੀ ਦਿੱਤੀ ਹੋਈ ਉਸੇ ਦੀ ਹੈ, ਪਰ ਫੇਰ ਓਹ ਆਪ ਹੀ ਆਖਦਾ ਹੈ:–

ਮੈ ਗੁਨ ਬੰਧ ਸਗਲ ਕੀ ਜੀਵਨਿ ਮੇਰੀ ਜੀਵਨਿ ਮੇਰੇ ਦਾਸ ॥

ਭਗਤੀ ਮਾਰਗ ਦਾ ਇਕ ਅਸੂਲ ਬੀ ਇਸ ਭਾਵਨਾ ਵਿਚ ਕੰਮ ਕਰ ਰਿਹਾ ਹੈ, ਉਹ ਇਹ ਹੈ ਕਿ ਜਿਵੇਂ ਭਗਤ ਪਰਮੇਸ਼ੁਰ ਨੂੰ ਪਿਆਰ ਕਰਦੇ ਸੁਖ ਮਾਣਦੇ ਹਨ, ਇਸ ਤਰ੍ਹਾਂ ਭਗਤਾਂ ਦੇ ਪ੍ਰੇਮ ਦਾ ਰਸ ਹਰੀ ਮਾਣਦਾ ਹੈ, ਉਹ ਹੋਇਆ ਜੋ ਪ੍ਰਿਯ (ਪ੍ਰੇਮ) ਸਰੂਪ। ਪ੍ਰਯ ਦਾ ਕੰਮ ਹੈ ਪ੍ਰੇਮ ਕਰਨਾ ਤੇ ਪ੍ਰੇਮ ਕੀਤੇ ਜਾਣਾ। ਸੋ ਪ੍ਰੇਮੀਆਂ ਦੇ ਪ੍ਰੇਮ ਰਸ ਦਾ ਰਸੀਆ ਰਾਮ 'ਰਾਮਹਿ ਜਾਨਿਆ' ਨੂੰ ਵਡਿਆਈ ਦੇ ਦੇਂਦਾ ਹੈ ਤੇ ਇਸ ਵਡਿਆਈ ਨਾਲ ਓਹਨਾਂ ਨੂੰ ਵਡੇ ਕਹਿਣ ਵਿਚ ਦੋਸ਼ ਨਹੀਂ। ਇਹ ਗਲ ਦੂਸਰੀ ਤੁਕ ਤੋਂ ਬੀ ਸਹੀ ਹੋ ਜਾਂਦੀ ਹੈ, ਜਿਸ ਵਿਚ ਹਨੇਰਾ ਦੇ ਆਏ ਹਨ ਕਿ ਜੇ ਤੁਸਾਂ ਨੂੰ ਅਪਣੇ ਦਾਸ ਨਾਲ ਕੰਮ ਹੈ ਤਾਂ ।ਦਾਸ ਨਾਲ ਕੰਮ ਇਹ ਹੈ ਕਿ ਦਾਸ ਬੀ ਉਸ ਦਾ ਜੀਵਨ ਹਨ: 'ਮੇਰੀ ਜੀਵਨਿ ਮੇਰੇ ਦਾਸ'। ਫੇਰ ਦਾਸਾਂ ਨਾਲ ਕੰਮ ਹੈ ਕਿ ਸਾਈਂ ਦੇ ਵਿਗੜੇ ਪੁਤ੍ਰਾਂ ਨੂੰ ਸੁਆਰਕੇ ਉਸ ਨੂੰ ਸਉਤ ਕਰ ਦੇਂਦੇ ਹਨ। ਜੇ ਉਪਰ ਕਥੀ ਵਯਾਖਯਾ ਤੋਂ ਹੋਰਵੇਂ ਇਸ ਤੁਕ ਦਾ ਅਰਥ ਕੀਤਾ ਜਾਏ, ਯਥਾ:–'ਰਾਮ ਵਡਾ ਹੈ ਕਿ ਜਿਸ ਦੁਆਰੇ ਰਾਮ ਨੂੰ ਜਾਣਿਆ ਹੈ'। ਇਸ ਅਰਥ ਵਿਚ 'ਗੁਰੂ' ਪਰਮੇਸ਼ਰ ਤੋਂ ਵਡਾ ਹੋ ਜਾਏਗਾ ਤੇ ਗੁਰੂ ਬੀ ਪਰਮੇਸ਼ੁਰ ਦਾ ਸਾਜਿਆ ਹੁੰਦਾ ਹੈ, ਇਹ ਮੁਸ਼ਕਲ ਬੀ ਫੇਰ ਵਾਹਿਗੁਰੂ ਦੇ ਬਿਰਦ ਨਾਲ ਹੀ ਹੱਲ ਹੋਵੇਗੀ, ਜੋ ਉਹਨਾਂ ਦੇ 'ਸਉਤ ਬਿਧਾਤਾ' ਕਰਨ ਕਰਕੇ ਵਡਿਆਈ ਸਾਈਂ ਆਪ ਦੇਂਦਾ ਹੈ। ਜੇ ਰਾਮ ਦਾ ਅਰਥ ਰਾਮਾ ਨੰਦ ਲੈਕੇ ਐਉਂ ਕਰੀਏ 'ਰਾਮਾਨੰਦ ਵੱਡਾ ਹੈ ਕਿ ਜਿਸਨੂੰ ਰਾਮਾਨੰਦ ਦੁਆਰੇ ਜਾਣਿਆ ਹੈ।' ਇਸ ਵਿਚ ਮੁਸ਼ਕਲ ਤਾਂ ਕੁਛ ਹੱਲ ਹੋ ਜਾਂਦੀ ਹੈ ਕਿ ਰਾਮਾਨੰਦ ਤੋਂ ਰਾਮ ਵਡਾ ਹੈ। ਇਸ ਵਿਚ ਕਿਸੇ ਵਿਆਖਿਆ ਦੀ ਲੋੜ ਨਾ ਰਹੀ। ਪਰ ਰਾਮ ਵਡਾ ਹੈ ਕਿ ਰਾਮਾਨੰਦ? ਇਹ ਝਗੜਾ ਬੀ ਫੇਰ ਰਾਮਾਨੰਦ ਪਾਸ ਹੀ ਫੈਸਲੇ ਵਾਸਤੇ ਰਖਿਆ ਹੈ, ਯਥਾ:–'ਝਗਰਾ ਏਕੁ ਨਿਬੇਰਹੁ ਰਾਮ'। ਏਥੇ ਬੀ ਰਾਮ ਦਾ ਅਰਥ ਰਾਮਾਨੰਦ ਕੀਤਾ ਜਾਂਦਾ ਹੈ। ਰਾਮਾ ਨੰਦ ਤਾਂ ਭਗਤ ਹੈ ਤੇ ਸਦਾ ਦਾਸਾ ਭਾਵ ਵਿਚ ਹੈ, ਉਸ ਨੇ ਕਦੇ ਰਾਮ ਤੋਂ ਵੱਡਾ ਹੋਣ ਦਾ ਦਾਵਾ ਨਹੀਂ ਕੀਤਾ। ਇਹ ਗਲ ਕਬੀਰ ਜੀ ਜਾਣਦੇ

*ਪੁਰਾਤਨ ਜਨਮ ਸਾਖੀ ਵਿਚ ਲਿਖਿਆ ਹੈ: ਸ੍ਰੀ ਗੁਰ ਨਾਨਕ ਦੇਵ ਜੀ ਨੇ ਮੋਇਆ ਹਾਥੀ ਜਿਵਾ ਦਿਤਾ ਤੇ ਇਬਰਾਹੀਮ ਦਿੱਲੀ ਦਾ ਪਾਤਸ਼ਾਹ ਆਇਆ ਤੇ ਆਖਣ ਲੱਗਾ ਇਹ ਤੁਸਾਂ ਜਿਵਾਇਆ ਹੈ ਤਾਂ ਆਖੋ ਮਰ ਬੀ ਜਾਏ ਤਾਂ ਗੁਰੂ ਨਾਨਕ ਦੇਵ ਜੀ ਨੇ ਕੋਈ ਵਾਕ ਕਹੇ ਤਾਂ ਹਾਥੀ ਮਰ ਗਿਆ। ਫੇਰ ਪਾਤਸ਼ਾਹ ਨੇ ਕਿਹਾ: ਹੁਣ ਜੀਵਾਲ; ਤਾਂ ਗੁਰ ਜੀ ਨੇ ਕਿਹਾ:–"ਹਜ਼ਰਤਿ! ਲੋਹਾ ਅੱਗ ਵਿਚ ਤਪਿ ਲਾਲ ਹੁੰਦਾ ਹੈ ਪਰ ਉਹ ਰੱਤੀ ਹਥ ਉਪਰ ਟਿਕੈ ਨਾਹੀ ਅਤੇ ਅੰਗਿਆਰ ਕੋਈ ਰਤੀ ਰਹੈ, ਤਿਉ ਖੁਦਾਇ ਦੇ ਵਿਚ ਫਕੀਰ ਲਾਲ ਹੋਏ ਹੈਨ। ਅਤੇ ਖੁਦਾਇ ਦੀ ਸਟੀ ਉਹ ਉਠਾਇ ਲੇਇਨਿ ਪਰ ਉਨਾ ਕੀ ਸਟੀ ਉਠਣੇ ਰਹੀ।" [ਪੁ: ਜ:, ਸਾਖੀ ੨੫ਵੀਂ

ਹਨ, ਉਹਨਾਂ ਪਾਸੋਂ ਹੀ ਭਗਤੀ ਸਿੱਖੇ ਹਨ, ਓਹ ਸਦਾ ਦਾਸਾ ਭਾਵ ਵਿਚ ਵਰਤਦੇ ਤੇ ਆਪ ਨੂੰ ਦਾਸ ਆਖਦੇ ਹਨ ਓਹ ਝਗੜਾ ਤਾਂ ਕਰਦੇ ਹੀ ਨਹੀਂ ਤਾਂ ਨਿਬੇੜਨ ਕੀਹ।

**ਨਿਰੁਕ੍ਤ–**ਝਗਰਾ-[ਹਿੰਦੀ] ਝਗੜਾ। ਫੈਸਲੇ ਯੋਗ ਗੱਲ। ਉਹ ਗੱਲ ਜੋ ਸੰਸੇ ਵਾਲੀ ਹੈ ਤੇ ਇਕ ਤੋਂ ਵਧੀਕ ਪਹਿਲੂ ਹੋਣ ਕਰਕੇ ਨਿਰਣੇ ਯੋਗ ਹੈ।

ਨਿਬੇਰਹੁ–[ਸੰਸ:, ਨਿਵਾਰਣਮ੍=ਬਚਾਵ, ਹਟੌਣਾ] [ਹਿੰਦੀ,] ਨਬੇੜੋ। ਫੈਸਲਾ ਕਰੋ।

ਮਨੁ ਮਾਨਿਆ– ਮਨ ਮੰਨ ਗਿਆ ਹੈ, ਮਨ ਪਤੀਜ ਗਿਆ ਹੈ। ਮਨ ਪ੍ਰੇਮੀ ਹੋ ਗਿਆ ਹੈ।

ਜਾਸੁ–ਜਿਸ ਦਾ। ਉਵ ਜਾਸੁ ਦਾ ਅਰਥ ਜਿਸ ਨੂੰ ਚਾਹੀਦਾ ਹੈ। ਯਥਾ:–

ਜਾਸੁ ਸੁਨੀ ਮਨਿ ਹੋਇ ਅਨੰਦਾ......॥ [ਆਸਾ ਮਹਲਾ ੫-੬੧

ਪੁਨਾ:–ਜਾਸੁ ਜਪਤ ਇਹ ਤ੍ਰਿਸਨਾ ਬੁਝੈ॥ [ਗਉੜੀ ਮਹਲਾ ੫, ਅਸਟ:–੨

ਪਰ 'ਜਾਸੁ' ਪਦ ਸੰਬੰਧ ਕਾਰਕ ਬੀ ਆਉਂਦਾ ਹੈ। ਯਥਾ:–

ਸਿਵ ਸਨਕਾਦਿ ਜਾਸੁ ਗੁਨ ਗਾਵਹਿ ਤਾਸੁ ਬਸਹਿ ਮੋਰੇ ਪ੍ਰਾਨਾਨਾਂ॥

[ਗਉੜੀ ਕਬੀਰ ਜੀ–੭੪

ਸੋ ਇਸ ਸ਼ਬਦ ਵਿਚ 'ਜਾਸੁ ਉਪਾਇਆ' ਦਾ ਅਰਥ ਹੈ: ਜਿਸ ਦਾ ਪੈਦਾ ਕੀਤਾ ਹੋਯਾ ਹੈ।

## [ਗਉੜੀ ਕਬੀਰ ਜੀ, ਚਉਪਦਾ–੪੩]

| ਮੂਲ | ਅਰਥ |
|---|---|
| ਰਾਗੁ ਗਉੜੀ ਚੇਤੀ॥ ਦੇਖੌ ਭਾਈ ਗ੍ਯਾਨ ਕੀ ਆਈ ਆਂਧੀ॥ ਸਭੈ ਉਡਾਨੀ ਭ੍ਰਮ ਕੀ ਟਾਟੀ ਰਹੈ ਨ ਮਾਇਆ ਬਾਂਧੀ॥ ੧॥ ਰਹਾਉ॥ | ਹੇ ਭਾਈ ਦੇਖੋ! (ਜਦੋਂ ਸਾਧਨ ਕਰਦਿਆਂ) ਗਯਾਨ ਦਾ ਝੱਖੜ ਝੁੱਲ ਪਿਆ ਤਾਂ ਭ੍ਰਮ (ਦੀਆਂ ਖੜੋਤੀਆਂ) ਟੱਟੀਆਂ ਸਾਰੀਆਂ ਉਡ ਗਈਆਂ, (ਕਿਉਂਕਿ) ਮਾਇਆ ਦੀਆਂ (ਤ੍ਰਿਗੁਣਾਤਮਕ ਰੱਸੀਆਂ ਨਾਲ) ਬੱਧੀ ਹੋਈ (ਹੋਈ ਸ਼ੈ ਉਸ ਗਿਆਨ ਦੇ ਅੱਗੇ) ਟਿਕ ਨਹੀਂ ਸਕਦੀ॥ ੧॥ ਰਹਾਉ॥ |
| ਦੁਚਿਤੇ ਕੀ ਦੁਇ ਥੂਨਿ ਗਿਰਾਨੀ ਮੋਹੁ ਬਲੇਂਡਾ ਟੂਟਾ॥ ਤਿਸਨਾ ਛਾਨਿ ਪਰੀ ਧਰ ਊਪਰਿ ਦੁਰਮਤਿ ਭਾਂਡਾ ਫੂਟਾ॥ ੧॥ | (ਇਸ ਛੱਪਰ ਹੇਠਾਂ) ਦੁਚਿਤਾਪਨ ਦੀਆਂ ਦੋ ਥੰਮ੍ਹੀਆਂ (ਸਨ, ਉਹ ਬੀ ਇਸ ਹਨੇਰੀ ਨਾਲ) ਡਿਗ ਪਈਆਂ ਹਨ, (ਇਨ੍ਹਾਂ ਥੰਮੀਆਂ ਉੱਪਰ ਇਕ) ਵਲਾ (ਸੀ, ਜਿਸ ਦਾ ਨਾਮ ਸੀ) ਮੋਹ (ਉਹ ਬੀ) ਟੁੱਟ ਗਿਆ ਹੈ। (ਇਸ ਵਲੇ ਉਪਰ ਇਕ) ਛੱਤ (ਪਈ ਹੋਈ ਸੀ ਉਹ ਸੀ) ਤ੍ਰਿਸ਼ਨਾ (ਉਹ ਬੀ) ਧਰਤੀ ਉਤੇ ਆ ਪਈ ਹੈ। (ਇਸ ਛੱਪਰ ਹੇਠਾਂ ਕੁਛ) ਭਾਂਡਾ (ਟੀਂਡਰ ਸੀ) ਖੋਟੀ ਬੁਧੀ ਦਾ, (ਉਹ ਛਤ, ਵਲੇ ਤੇ ਥੰਮ੍ਹੀਆਂ ਦੇ ਉੱਪਰ ਆ ਪੈਣ ਨਾਲ) ਭੱਜ ਟੁੱਟ ਗਿਆ ਹੈ॥ ੧॥ |
| ਆਂਧੀ ਪਾਛੈ ਜੋ ਜਲੁ ਬਰਖੈ ਤਿਹਿ ਤੇਰਾ ਜਨੁ ਭੀਨਾਂ॥ ਕਹਿ ਕਬੀਰ ਮਨਿ ਭਇਆ ਪ੍ਰਗਾਸਾ ਉਦੈ ਭਾਨੁ ਜਬ ਚੀਨਾ॥ ੨॥ ੪੩॥ | (ਅਕਸਰ) ਹਨੇਰੀ ਮਗਰੋਂ ਮੀਂਹ ਵਸਦਾ ਹੈ (ਸੋ ਇਸ ਹਨੇਰੀ ਮਗਰੋਂ) ਜੋ (ਮੀਂਹ ਵਸਿਆ ਹੈ) ਉਸ ਨਾਲ ਤੇਰਾ ਦਾਸ (ਹੇ ਪ੍ਰਭੂ) ਗਦਗਦ ਹੋ ਰਿਹਾ ਹੈ। ਕਬੀਰ ਜੀ ਕਹਿੰਦੇ ਹਨ (ਜਦ ਮੀਂਹ ਦੇ ਮਗਰੋਂ) ਚੜ੍ਹਿਆ ਸੂਰਜ ਦੇਖ ਲਿਆ ਤਦ ਮਨ ਵਿਚ ਪ੍ਰਕਾਸ਼ (ਹੀ ਪ੍ਰਕਾਸ਼) ਹੋ ਗਿਆ॥ ੨॥ ੪੩॥ |

**ਵਯਾਖਯਾ–**ਇਸ ਸ਼ਬਦ ਵਿਚ ਸ੍ਰੀ ਕਬੀਰ ਜੀ ਨੇ ਇਕ ਘਾਸ ਫੂਸ ਦੇ ਬਣੇ ਛੱਪਰ ਦੇ

ਘਰ ਦਾ ਰੂਪਕ ਬੱਧਾ ਹੈ। ਉਸ ਦੇ ਸਾਮਾਨ ਨੂੰ ਉਨ੍ਹਾਂ ਗੱਲਾਂ ਦੀ ਸਦਰਸ਼ਤਾ ਦਿੱਤੀ ਹੈ, ਜਿਨ੍ਹਾਂ ਕਰਕੇ ਅਗਯਾਨ ਦਾ ਬਣਿਆ ਇਹ ਸਾਰਾ ਛੱਪਰ ਵਰਗਾ ਘਰ (ਇਨਸਾਨੀ ਜੀਵਨ) ਦਲ ਰਿਹਾ ਹੈ ਤੇ ਅਵਿਦਯਾ ਦੇ ਕਾਰਨ ਪੁਨਰ ਪੁਨਰ ਜਨਮ ਇਸ ਨੂੰ ਮਾਨੋਂ ਟੁੱਟਣ ਨਹੀਂ ਦੇਂਦਾ। ਉਸ ਅਗਯਾਨਮਯ ਜੀਵਨ ਨੂੰ ਇਸ ਸ਼ਬਦ ਵਿਚ ਆਪ ਨੇ ਗਯਾਨਮਯ ਤੇ ਗਯਾਨ ਸਰੂਪ ਕਰ ਵਿਖਾਇਆ ਹੈ।

ਛੱਪਰ ਦੇ ਘਰ ਦੇ ਉਦਾਲੇ ਬਾਂਸ ਦੀਆਂ ਚੀਰੀਆਂ ਫਟੀਆਂ ਤੇ ਸਿਰਕੀਆਂ ਯਾ ਘਾਸ ਫੂਸ ਨਾਲ ਭਰੀਆਂ ਤੇ ਰੱਸੀਆਂ ਨਾਲ ਬੱਧੀਆਂ ਟੱਟੀਆਂ ਲਾਈਦੀਆਂ ਹਨ। ਓਹ ਕੰਧਾਂ ਦਾ ਕੰਮ ਦੇਂਦੀਆਂ ਹਨ, ਉਨ੍ਹਾਂ ਪਰਦੇ ਜਿਹਾਂ ਨੂੰ ਟੱਟੀ ਆਖਦੇ ਹਨ। ਸੋ ਸਾਡੇ ਆਵਾਗਵਨੀ ਜੀਵਨ ਨੂੰ ਕਾਇਮ ਰੱਖਣ ਵਾਲੀਆਂ ਟੱਟੀਆਂ 'ਭਰਮ' ਰੂਪੀ ਦੱਸੀਆਂ ਹਨ। ਇਨ੍ਹਾਂ ਨੂੰ ਮਾਇਆ ਦੀਆਂ ਰੱਸੀਆਂ ਨੇ ਬੰਨ੍ਹਿਆ ਹੋਇਆ ਹੈ। ਮਾਇਆ ਦਾ ਰੂਪ ਹੈ ਤ੍ਰੈ ਗੁਣੀ। ਗੁਣ ਨਾਮ ਰੱਸੀ ਦਾ ਬੀ ਹੈ ਤੇ ਤ੍ਰੈ ਗੁਣਾਂ ਦਾ ਬੀ। ਸੋ ਮਾਇਆ ਨੇ ਤ੍ਰੈ ਗੁਣਾਂ ਵਿਚ ਸੁਰਤ ਨੂੰ ਪਾਕੇ ਇਹ 'ਛਪਰੀ ਵਰਗਾ ਜੀਵਨ' ਸਾਨੂੰ ਸੱਚਾ ਕਰਕੇ ਲਖਾ ਛਡਿਆ ਹੈ। ਇਨਸਾਨ ਦੇ ਦਿਲ ਵਿਚ ਦੁਚਿਤਾਈ ਵਸਦੀ ਰਹਿੰਦੀ ਹੈ, ਦ੍ਵੈਤ ਅਰਥਾਤ ਦੂਈ ਪ੍ਰਧਾਨ ਰਹਿੰਦੀ ਹੈ। ਇਹ ਇਸ ਅਗਯਾਨ-ਮਯ ਜੀਵਨ ਦੀਆਂ ਥੰਮ੍ਹੀਆ ਹੈਨ, ਜਿਨ੍ਹਾਂ ਕਰਕੇ 'ਦਿੱਸਦੇ ਵੱਸਦੇ' ਸੰਸਾਰ ਨਾਲ ਮੋਹ ਇਸੇ ਨਾਲ ਬੰਨ੍ਹੀ ਰਖਦਾ ਹੈ। ਉਹ ਮੋਹ ਇਸ ਅਗਯਾਨ-ਮਯ ਜੀਵਨ ਰੂਪੀ ਘਰ ਦਾ ਵਲਾ ਯਾ ਸ਼ਤੀਰ ਹੈ। ਇਸ ਜੀਵਨ ਵਿਚ ਫੇਰ ਤ੍ਰਿਸ਼ਨਾ ਪ੍ਰਧਾਨ ਹੈ, ਜੋ ਜੀਵਨ ਨੂੰ ਇਸੇ ਰਾਹੇ ਟੋਰੀ ਰਖਦੀ ਹੈ ਤੇ ਉਸ ਦੀ ਪੂਰਣਤਾ ਕਰਨ ਵਿਚ ਸੁਖ ਮਨਾਉਂਦੀ ਹੈ; ਇਹ ਹੈ ਮਾਨੋ ਛੱਪਰ ਦੀ ਛੱਤ। ਸੋ ਇਸ ਘਰ ਵਿਚ ਰਹਿੰਦਾ ਹੈ ਸੂਰਜ ਦਾ 'ਨਾ ਪ੍ਰਵੇਸ਼'। ਇਸ ਝਿਲਮਿਲੇਵਿਚ ਤ੍ਰਿਸ਼ਨਾਂ ਦੀ ਪੂਰਣਤਾ ਲਈ ਜੋ ਬੁਧੀ ਕੰਮ ਕਰਦੀ ਹੈ ਉਹ ਹੈ ਦੁਰਮਤਿ, ਜੋ ਦੌਲਤ ਇਕੱਠੀ ਕਰਨ ਵਿਚ ਵਲ ਛਲ ਤੇ ਧੱਕਾ ਸਿਖਾਲਦੀ ਹੈ ਤੇ ਕੱਠੀ ਕੀਤੀ ਹੋਈ ਦੇ ਮਾਣਨ ਵਿਚ ਭੋਗਾਂ ਤੇ ਵਿਕਾਰਾਂ ਵਿਚ ਪਾਈ ਰਖਦੀ ਹੈ। ਉਹ ਦੁਰਮਤੀ ਹੈ ਮਾਨੋ ਇਸ 'ਛੱਪਰੀ ਘਰ' ਦਾ ਲਟਾ ਪਟਾ ਤੇ ਭਾਂਡਾ ਟੀਂਡਰ।

ਜਦੋਂ ਕੋਈ ਸਤਿਸੰਗ ਨੂੰ ਪ੍ਰਾਪਤ ਹੋ ਜਾਂਦਾ ਹੈ ਤੇ ਕੋਈ ਸਾਧਨ ਕਰਦਾ ਹੈ ਤਾਂ ਸਤਿ ਬੁਧੀ ਉਪਜਣੀ ਅਰੰਭ ਹੁੰਦੀ ਹੈ। ਉੱਤਮ ਭਾਗਾਂ ਨਾਲ ਫੇਰ ਨਾਮ ਪ੍ਰਾਪਤੀ ਹੋਕੇ ਉਸ ਦੇ ਅਭਿਆਸ ਨਾਲ ਯਥਾਰਥ ਬੋਧ ਆਉਂਦਾ ਹੈ, ਤਦ ਕਈ ਵੇਰ ਅਚਾਨਕ ਇਕ ਗਿਆਨ ਦੀ ਹਨੇਰੀ ਝੁੱਲ ਪੈਂਦੀ ਹੈ, ਇਸ ਦਾ ਆਤਮਾ ਸਰੀਰ ਵਿਚ ਆਪ ਨੂੰ ਸ਼ਰੀਰ ਤੋਂ ਜੁਦਾ ਤੇ ਮਨ ਵਿਚ ਮਨ ਤੋਂ ਜੁਦਾ ਪ੍ਰਤੀਤ ਕਰਨ ਲਗ ਪੈਂਦਾ ਹੈ।

ਉਹ ਗਿਆਨ ਦਾ ਝਲਕਾ ਹਨੇਰੀ ਵਾਙੂ ਤੀਬਰ ਹੁੰਦਾ ਹੈ ਤੇ ਵੈਰਾਗ ਦਾ ਉਸ ਵਿਚ ਵੇਗ ਹੁੰਦਾ ਹੈ। ਦੁਰਮਤੀ, ਤ੍ਰਿਸ਼ਨਾ, ਮੋਹ, ਦੁਚਿਤਾਈ ਤੇ ਭਰਮ ਸਭ ਇਕ ਦਮ ਉਡ ਖੜੋਂਦੇ ਹਨ। ਇਨ੍ਹਾਂ ਦੇ ਉੱਡਣ ਤੇ ਫੇਰ ਆਪਾ ਆਪੇ ਵਿਚ ਟਿਕਦਾ ਹੈ, ਤੇ ਰਸ ਮਗਨਤਾ ਤੇ ਲੀਨਤਾ ਆਉਂਦੀ ਹੈ, ਇਹ ਹੈ ਮੀਂਹ ਦਾ ਵੱਸਣਾ। ਜੀਵ ਤੱਤ ਸ਼ੁੱਧ ਹੋਕੇ ਹੁਣ ਬ੍ਰਹਮ ਤੱਤ ਵੱਲ ਖਿੱਚ ਖਾਂਦਾ ਹੈ। ਫੇਰ ਪਾਰਬ੍ਰਹਮ ਪਰਮੇਸ਼ੁਰ (ਬ੍ਰਹਮ ਤਤ) ਦਾ ਝਲਕਾ ਵਜਦਾ ਹੈ ਤੇ ਸਾਰੇ ਪਰੀਪੂਰਣ ਓਹੋ ਪ੍ਰਕਾਸ਼ ਸਰੂਪ ਲੱਖਤਾ ਵਿਚ ਆ ਜਾਂਦਾ ਹੈ, ਇਹ ਹੈ ਉਦੈ ਭਾਨ ਚੀਨਿਆ ਜਾਣਾ, ਦਿੱਸ ਪੈਣਾ, ਭਾਵ ਸਾਖਯਾਤਕਾਰ ਹੋ ਜਾਣਾ, ਇਹ ਗਿਆਨ ਪ੍ਰਾਪਤ ਗਿਆਨਵਾਨ ਦੇ ਮਨ ਦੇ ਸਦਾ ਖੇੜੇ ਵਾਲੀ ਦਸ਼ਾਂ ਦਾ ਨਿਰੂਪਣ ਕੀਤਾ ਹੈ; ਜੈਸਾ ਕਿ ਪੰਚਮ ਗੁਰੂ ਜੀ ਨੇ ਫੁਰਮਾਇਆ ਹੈ:–

ਬ੍ਰਹਮ ਗਿਆਨੀ ਕੈ ਮਨਿ ਹੋਇ ਪ੍ਰਗਾਸੁ ॥ [ਗਉੜੀ ਮਹਲਾ ੫, ਸੁਖਮਨੀ, ੮-੨

ਆਪ ਜੀ ਨੇ ਇਸ ਸ਼ਬਦ ਵਿਚ ਗਿਆਨ ਦੀਆਂ ਤ੍ਰੈ ਅਵਸਥਾਂ ਕਥਨ ਕੀਤੀਆਂ ਹਨ। ਪਹਿਲੀ ਹੈ ਗਿਆਨ ਦਾ ਹਨੇਰੀ ਰੂਪ ਹੋਕੇ ਆਉਣਾ, ਹਨੇਰੀ ਆਕੇ ਦਰਖ਼ਤ ਪੱਟਦੀ, ਵਸਤਾਂ ਉਡਾਉਂਦੀ, ਛਪਰਾਂ ਦੇ ਬਣੇ ਘਰ ਉਡਾਕੇ ਨਾਸ਼ ਕਰਦੀ ਹੈ। ਇਸ ਗਿਆਨ ਵਿਚ ਵੈਰਾਗ ਪ੍ਰਧਾਨ ਹੁੰਦਾ ਹੈ, ਸਤਿ

ਬੁਧੀ ਨਾਲ ਅਸਤਿ ਪਦਾਰਥ ਅਸਤਿ ਹੋ ਦਿੱਸਦੇ ਹਨ। ਭਰਮ ਬਿਲਾ ਜਾਂਦੇ ਹਨ, ਭੈ ਘਟਦੇ ਹਟਦੇ ਹਨ, ਮੋਹ ਟੁਟਦਾ ਹੈ ਤੇ ਮੰਦ ਕਰਮਾਂ ਦੀ ਪ੍ਰੇਰਕ ਬੁੱਧੀ,ਦੁਰਮਤੀ, ਦੂਰ ਹੁੰਦੀ ਹੈ। ਗੋਯਾ ਸਾਰੇ ਗਿਆਨ ਦੇ ਬਾਧਕ ਤੇ ਅਗਯਾਨ ਦੇ ਸਹਾਇਕ ਸਾਮਾਨ ਨਾਸ਼ ਹੰਦੇ ਹਨ। ਗਿਆਨ ਬਾਧਕ ਅਸਤਿ ਭਾਵਾਂ ਦਾ ਦੂਰ ਹੋਣਾ ਐਉਂ ਹੈ ਜਿਵੇਂ ਬਲਦੇ ਚੁੱਲ੍ਹੇ ਦਾ ਠਰ ਜਾਣਾ। ਪ੍ਰਸ਼ਨ ਹੁੰਦਾ ਹੈ: ਕਿ ਕਿਆ ਇਹੋ ਹੈ 'ਗਯਾਨ' ਜਿਸ ਦਾ ਕਬੀਰ ਜੀ ਜ਼ਿਕਰ ਕਰ ਰਹੇ ਹਨ ? ਨਹੀਂ। ਉਹ ਦੱਸਦੇ ਹਨ ਕਿ ਗਯਾਨ ਦੀ ਪ੍ਰਾਪਤੀ ਕੇਵਲ ਅਗਯਾਨ ਦੇ ਪਦਾਰਥਾਂ ਦਾ ਵਿਨਾਸ਼ ਮਾਤ੍ਰ ਨਹੀਂ, ਉਹ ਰਸਮਯਤਾ ਹੈ, ਉਸ ਵਿਚ ਸ਼ੁੱਧ ਹੋਈ ਆਤਮਾ ਰਸ ਮਯ ਯਾ ਆਨੰਦ ਵਿਚ ਹੁੰਦੀ ਹੈ; ਉਹ ਆਤਮ ਰਸ ਹੁੰਦਾ ਹੈ। ਉਸ ਰਸ ਮਯਤਾ ਵਿਚ, ਆਨੰਦ ਵਿਚ, ਫੇਰ ਹਰੀ ਦਾ ਮੇਲ ਹੁੰਦਾ ਹੈ, ਜੈਸਾ ਕਿ ਪੰਚਮ ਗੁਰੂ ਜੀ ਨੇ ਫੁਰਮਾਇਆ ਹੈ:-

ਆਤਮ ਰਸੁ ਜਿਹ ਜਾਨਿਆ ਹਰਿ ਰੰਗ ਸਹਜੇ ਮਾਣੁ।

[ਗਉੜੀ ਮਹਲਾ ੫, ਬਾਵਨ ਅ - ੧੩

ਅਰਥਾਤ ਜੋ ਆਤਮ ਰਸ ਦੇ ਜਾਣੂ ਹਨ ਉਨ੍ਹਾਂ ਨੂੰ ਨਿਰਯਤਨ ਹੀ ਹਰੀ (ਪਰਮਾਤਮਾ) ਦਾ ਪ੍ਰੇਮ ਮਿਲ ਜਾਂਦਾ ਹੈ, ਅਰਥਾਤ ਜੀਵ ਤੱਤ ਫੇਰ ਪਰਮ ਤੱਤ ਨਾਲ ਮਿਲ ਜਾਂਦਾ ਹੈ, ਇਹ ਹੈ ਉਦੈ-ਭਾਨ ਦੀ ਪ੍ਰਾਪਤੀ,ਸਾਖਯਾਤਕਾਰ।

ਸੋ ਇਹ ਕੋਈ ਅਹੰਬੁੱਧੀ ਦੀ ਸਮਾਪਤੀ ਦੀ ਸ਼ੂਨ ਯਾ ਮਨਫੀ ਅਵਸਥਾ ਮਾਤ੍ਰ ਨਹੀਂ, ਇਹ ਆਤਮਾ ਨੂੰ ਪਰਮਾਤਮਾ ਦੀ ਪ੍ਰਾਪਤੀ ਹੈ ਤੇ ਜੋ ਖੇੜਾ ਆਨੰਦ ਰੂਪ ਹੈ; ਜੈਸਾ ਕਿ ਪੰਚਮ ਸਤਿਗੁਰੂ ਜੀ ਨੇ ਫੁਰਮਾਇਆ ਹੈ:-

ਭ੍ਰਮੁ ਖੋਇਓ ਸਾਂਤਿ ਸਹਜਿ ਸੁਆਮੀ ਪਰਗਾਸੁ ਭਇਆ ਕਉਲੁ ਖਿਲਿਆ॥

[ਗਉੜੀ ਮ: ੫, ਛੰਤ-੫੧

**ਵਿਸ਼ੇਸ਼**—ਇਸ ਸ਼ਬਦ ਵਿਚ ਮੂਲ ਸ਼ੈ ਭ੍ਰਮੁ' ਹੈ, ਇਸ ਕਰਕੇ ਇਸ ਪਦ ਦੀ ਵਿਵੇਚਨਾ ਕੁਛ ਵਧੇਰੇ ਕਰਨ ਦੀ ਲੋੜ ਹੈ:-

'ਭਰਮ' ਪਦ ਸੰਸਕ੍ਰਿਤ ਦੇ 'ਭ੍ਰਮ' ਪਦ ਦਾ ਦੂਸਰਾ ਰੂਪ ਹੈ। ਭ੍ਰਮ ਦਾ ਧਾਤੂ ਹੈ ਭ੍ਰਮੁ=ਘੁੰਮਣਾ, ਫਿਰਨਾ, ਚੱਕਰ ਖਾਣਾ, ਇਹ ਸਰੀਰ ਦਾ ਹੈ, ਪਰ ਭ੍ਰਮੁ ਧਾਤੂ ਦਾ ਅਰਥ ਮਨ ਦੇ ਘੁੰਮਣ, ਚੱਕ੍ਰ ਖਾਣ, ਨਾ ਟਿਕਣ ਤੇ ਬੀ ਲਗਦਾ ਹੈ, ਜੈਸਾ ਕਿ: ਗ਼ਲਤੀ ਖਾਣੀ, ਭੁੱਲਣਾ, ਭੁਲੇਵੇ ਵਿਚ ਪੈਣਾ ਆਦਿ। ਸੋ ਭ੍ਰਮ ਦਾ ਅਰਥ ਹੋ ਗਿਆ- ਮਿਥਿਆ ਗਯਾਨ, ਭ੍ਰਾਂਤੀ। ਇਹ ਪਦ ਫੇਰ ਦਾਰਸ਼ਨਿਕ ਵਰਤੋਂ ਵਿਚ ਆਕੇ ਖਾਸ ਖਾਸ ਅਰਥਾਂ ਵਾਲਾ ਹੋ ਗਿਆ, ਜਿਸ ਦੀ ਸੰਖੇਪ ਵਿਵੇਚਨਾ ਇਸ ਪ੍ਰਕਾਰ ਹੈ:-

ਸਾਧਾਰਣ ਜਾਣਨੇ ਮਾਤ੍ਰ ਨੂੰ 'ਬੋਧ' ਕਹੀਦਾ ਹੈ। ਬੋਧ ਦੋ ਪ੍ਰਕਾਰ ਦਾ ਹੈ: ਇਕ 'ਯਥਾਰਥ', ਜੋ ਠੀਕ ਠੀਕ ਹੁੰਦਾ ਹੈ, ਦੂਜਾ 'ਅਯਥਾਰਥ', ਜੋ ਭੁਲੇਵੇਂ ਵਾਲਾ ਤੇ 'ਨਾ ਠੀਕ' ਹੁੰਦਾ ਹੈ। ਯਥਾਰਥ ਨੂੰ 'ਪ੍ਰਮਾ*' ਆਖਦੇ ਹਨ, ਅਯਥਾਰਥ ਨੂੰ 'ਅਪ੍ਰਮਾ' ਕਹਿੰਦੇ ਹਨ। ਸਿੱਪ ਨੂੰ ਸਿੱਪ ਸਮਝਣਾ ਯਥਾਰਥ ਗਯਾਨ ਹੈ, ਸਿਪ ਨੂੰ ਚਾਂਦੀ ਸਮਝ ਲੈਣਾ ਅਯਥਾਰਥ ਯਾ ਮਿਥ੍ਯਾ ਗਯਾਨ ਹੈ। ਨਯਾਯ ਮਤ ਤੋਂ ਇਸ 'ਅਪ੍ਰਮਾ ਦੋਖ' ਦਾ ਨਾਮ 'ਭ੍ਰਮ' ਹੈ। ਇਕ ਪ੍ਰਕਾਰ ਦੀ ਵਸਤੂ ਵਿਚ ਦੂਸਰੀ ਤਰ੍ਹਾਂ ਦੀ ਵਸਤੂ ਦਾ ਗਯਾਨ ਹੋਣਾ ਭ੍ਰਮ ਹੈ, ਜਿਸ ਵਿਚ ਜੋ ਗੁਣ ਦੋਖ ਨਹੀਂ ਹੈ, ਉਸ ਵਿਚ ਉਨ੍ਹਾਂ ਗੁਣ ਦੋਖਾਂ ਦਾ ਦੇਖਣਾ ਭ੍ਰਮ ਹੈ। ਰੱਸੀ ਨੂੰ ਸੱਪ ਯਾ ਸੱਪ ਨੂੰ ਰੱਸੀ ਸਮਝ ਲੈਣਾ ਭ੍ਰਮ ਹੈ। 'ਯੋਗ' ਵਿਚ ਜਿਸ ਨੂੰ 'ਵਿਪਰਯਯ' ਕਿਹਾ ਹੈ ਉਹ ਮਿਥ੍ਯਾ ਗਯਾਨ ਹੈ, ਕਿਉਂਕਿ ਵਸਤੂ ਦੇ ਅਸਲੀ ਰੂਪ ਨੂੰ ਪ੍ਰਕਾਸ਼ਤ ਨਹੀਂ ਕਰਦਾ। ਇਹੋ ਭ੍ਰਮ ਹੈ। ਇਹ ਭ੍ਰਮ ਯਾ ਵਿਪਰਯਯ ਹੀ ਅਵਿਦ੍ਯਾ ਹੈ। ਜਦ ਤਕ ਸਿੱਪ ਨੂੰ ਚਾਂਦੀ ਸਮਝਦਾ ਹੈ

*ਜਿਸ ਬ੍ਰਿਤੀ ਤੋਂ ਯਥਾਰਥ ਗਿਆਨ ਪ੍ਰਾਪਤ ਹੋਵੇ ਉਸ ਨੂੰ 'ਪ੍ਰਮਾਣ' ਆਖਦੇ ਹਨ। ਪ੍ਰਮਾਣ ਫੇਰ ਕਈ ਪ੍ਰਕਾਰ ਦੇ ਹਨ।

ਇਹ ਮਿਥਯਾ ਗਯਾਨ ਯਾ ਭ੍ਰਮ ਹੈ। ਜਦ ਸਿੱਪ ਸਮਝ ਲਏ ਤਾਂ ਭ੍ਰਮ ਯਾ ਮਿਥਯਾ ਗਯਾਨ ਨਾਸ਼ ਹੋ ਜਾਂਦਾ ਹੈ। ਇਸੇ ਤਰ੍ਹਾਂ ਜਦ ਤਕ ਇਨਸਾਨ ਆਪਣੇ ਸਰੀਰ ਇੰਦ੍ਰੇ ਤੇ ਅਹੰਤਾ ਵਾਲੇ ਮਨ ਨੂੰ ਆਤਮਾ ਸਮਝਦਾ ਹੈ ਤਦ ਤਕ ਅਵਿਦਯਾ ਵਿਚ ਹੈ, ਅਯਥਾਰਥ ਗਯਾਨ ਵਿਚ ਹੈ, ਜਦ ਆਤਮਾ ਨੂੰ ਆਤਮਾ ਸਮਝ ਲੈਂਦਾ ਹੈ ਤਾਂ ਯਥਾਰਥ ਗਯਾਨ ਵਿਚ ਹੋ ਜਾਂਦਾ ਹੈ, ਅਵਿਦਯਾ ਬਿਲਾ ਜਾਂਦੀ ਹੈ।

ਇਕ ਹੋਰ ਐਸੀ ਹੀ ਬ੍ਰਿਤੀ ਹੈ ਜਿਸਨੂੰ 'ਸੰਸ਼ਯ' ਆਖਦੇ ਹਨ, ਇਸ ਨੂੰ ਬੀ ਯੋਗ ਦੇ ਵਿਪਰਯਯ ਦੇ ਅੰਤਰਗਤਿ ਸਮਝਣਾ ਚਾਹੀਏ, ਕਿਉਂਕਿ ਜਦ ਸਿੱਪ ਨੂੰ ਚਾਂਦੀ ਸਮਝ ਲਿਆ ਤਾਂ 'ਵਿਪਰਯਯ' ਹੋਇਆ, ਜਦ ਇਹ ਸ਼ੱਕ ਪੈ ਰਿਹਾ ਹੈ ਕਿ ਖ਼ਬਰੇ ਸਿੱਪ ਹੈ ਕਿ ਚਾਂਦੀ ਤਾਂ ਇਹ 'ਸੰਸ਼ਯ' ਹੋ ਗਿਆ। ਇਸ ਵਿਚ ਬੀ ਪਦਾਰਥ ਦਾ ਵਾਸਤਵ ਯਾ ਅਸਲੀ ਰੂਪ ਜ਼ਾਹਰ ਨਹੀਂ ਹੋਇਆ, ਸੋ ਸੰਸ਼ਯ ਵਿਪਰਯਯ ਦੇ ਅੰਤਰਗਤ ਹੈ।

ਇਹ ਵਿਪਰਯਯ (ਯਾ ਭ੍ਰਮ) ਹੀ ਅਵਿਦਯਾ ਹੈ। ਸਤਿ ਵਿਦਯਾ ਦੇ ਪ੍ਰਾਪਤ ਹੋਣ ਨਾਲ ਇਸ ਦਾ ਨਾਸ਼ ਹੁੰਦਾ ਹੈ।

ਸ਼ਾਸਤ੍ਰੀਯ ਵਿਵੇਚਨਾ ਵਿਚ ਭ੍ਰਮ ਦੀਆਂ ਅਨੇਕ ਕਿਸਮਾਂ ਤੇ ਉਨ੍ਹਾਂ ਦੇ ਫੈਲਾਵ ਹਨ। ਸੰਖੇਪ ਮਾਤ੍ਰ ਭ੍ਰਮ ਦੀ ਵੰਡ ਇਹ ਹੈ:-

੧. ਸੋਪਾਧਿਕ, ੨. ਨਿਰੁਪਾਧਿਕ, ੩. ਸੰਵਾਦੀ, ੪. ਵਿਸੰਵਾਦੀ, ੫. ਆਹਾਰਯ ਔਪਾਧਿਕ।

(੧) ਜੇਸੇ ਬਲੌਰ ਦੇ ਪਾਸ ਲਾਲ ਰੰਗ ਦਾ ਫੁੱਲ ਪਿਆ ਹੋਵੇ ਤਾਂ ਬਲੌਰ ਲਾਲ ਪ੍ਰਤੀਤ ਦੇਂਦਾ ਹੈ। ਇਹ 'ਸੋਪਾਧਿਕ ਭ੍ਰਮ' ਹੈ।

(੨) ਆਕਾਸ਼ ਦਾ ਰੰਗ ਕੋਈ ਨਹੀਂ, ਪਰ ਇਹ ਨੀਲਾ ਦਿਖਾਈ ਦੇਂਦਾ ਹੈ, ਆਕਾਸ਼ ਦੇ ਨੀਲੇ ਰੰਗ ਵਾਲਾ ਹੋਣ ਦੀ ਜੋ ਪ੍ਰਤੀਤੀ ਹੈ ਇਹ 'ਨਿਰੁਪਾਧਿਕ ਭ੍ਰਮ' ਹੈ।

(੩. ੪) ਕਿਸੇ ਮਾਨੁਖ ਨੂੰ ਦੂਰੋਂ ਧੁੰਦ ਦੇਖਕੇ ਭ੍ਰਮ ਹੋਇਆ ਕਿ ਓਥੇ ਅੱਗ ਜ਼ਰੂਰ ਹੈ। ਧੂੰਆਂ ਜਿੱਥੇ ਹੋਵੇ ਅੱਗ ਹੁੰਦੀ ਹੈ। ਜਦ ਗਿਆ ਤਾਂ ਉਹ ਧੁੰਦ ਸੀ, ਪਰ ਧੂੰਆਂ ਨਹੀਂ ਸੀ, ਪਰ ਅੱਗ ਓਥੇ ਭਖਦੀ ਮਿਲ ਗਈ, ਇਹ 'ਸੰਵਾਦੀ ਭ੍ਰਮ' ਹੈ। ਅਤੇ ਜੇ ਓਥੇ ਅੱਗ ਨਾ ਮਿਲਦੀ ਤੇ ਪਤਾ ਲਗਦਾ ਕਿ ਜੋ ਧੂੰਆਂ ਦਿੱਸਦਾ ਸੀ ਉਹ ਧੁੰਦ ਸੀ ਤਾਂ ਉਸ ਦਾ ਭ੍ਰਮ 'ਵਿਸੰਵਾਦੀ ਭ੍ਰਮ' ਕਹੀਦਾ ਹੈ। ਇਨ੍ਹਾਂ ਦੇ ਪ੍ਰਕਾਰਾਂ ਦੇ ਦੋ ਹੋਰ ਰੂਪ ਹਨ।

ਇਕ ਆਦਮੀ ਨੂੰ ਕੋਈ ਚਮਕ ਦੇਖਕੇ ਭ੍ਰਮ ਹੋਇਆ ਕਿ ਕੋਈ ਮਣੀ ਪਈ ਚਮਕ ਰਹੀ ਹੈ। ਦੂਸਰੇ ਨੂੰ ਭ੍ਰਮ ਹੋਇਆ ਕਿ ਦੀਵਾ ਜਗ ਰਿਹਾ ਹੈ। ਹੁਣ ਚਮਕ ਦੇ ਪਾਸ ਪਹੁੰਚਕੇ ਜੋ ਉਹ ਮਣੀ ਨਿਕਲ ਪਈ ਤਦ ਮਣੀ ਭ੍ਰਮ ਵਾਲੇ ਦਾ ਭ੍ਰਮ 'ਸੰਵਾਦੀ ਭ੍ਰਮ' ਕਹਿਲਾਏਗਾ ਤੇ ਦੂਸਰੇ ਦਾ ਭ੍ਰਮ 'ਵਿਸੰਵਾਦੀ ਭ੍ਰਮ' ਕਹਿਲਾਏਗਾ।

(੫) 'ਚੇਸ਼ਟਾ' ਕਰਕੇ ਇਕ ਤਰ੍ਹਾਂ ਦੀਆਂ ਵਸਤਾਂ ਵਿਚ ਦੂਸਰੀ ਤਰ੍ਹਾਂ ਦਾ ਗਿਆਨ ਪੈਦਾ ਕਰਨਾ 'ਆਹਾਰਯ ਭ੍ਰਮ' ਹੈ। ਜਿਸ ਤਰ੍ਹਾਂ ਚੰਦ੍ਰਮਾਂ ਨੂੰ, ਜੋ ਇਕ ਹੈ, ਉਂਗਲ ਨਾਲ ਅੱਖ ਦਬਾਕੇ ਦੇਖੀਏ ਤਾਂ ਉਹ ਕਈ ਚੰਦ੍ਰਮਾਂ ਹੋ ਦਿੱਸੇਗਾ।

ਜੇ ਕਿਸੇ ਉਪਾਧੀ ਨਾਲ ਇਹ ਕਾਰਯ ਕੀਤਾ ਜਾਏ ਤਾਂ ਉਹ 'ਔਪਾਧਿਕ ਆਹਾਰਯ' ਕਹਿਲਾਏਗਾ। ਜਿਸ ਤਰ੍ਹਾਂ ਖ਼ੁਰਦਬੀਨ ਨਾਲ ਨਿੱਕੇ ਪਦਾਰਥ ਬਹੁਤ ਵੱਡੇ ਹੋ ਦਿੱਸਦੇ ਹਨ।

ਇਸ ਪ੍ਰਕਾਰ 'ਭਰਮ' ਪਦ ਦੇ ਇਤਨੇ ਵਿਸਥਾਰ ਹਨ ਕਿ ਉਹਨਾਂ ਲਈ ਵੱਖਰੀ ਪੋਥੀ ਚਾਹੀਏ। ਏਥੇ ਗਿਆਨ ਮਾਰਗ ਵਿਚ ਜੋ ਭਰਮ ਵਰਣਨ ਹੋਏ ਹਨ, ਹੁਣ ਓਹ ਲੈਂਦੇ ਹਾਂ। ਓਹ ਪੰਜ ਪ੍ਰਕਾਰ ਦੇ ਵਰਣਨ ਹੋਏ ਹਨ:-

(੧) ਭੇਦ ਭਰਮ-ਜੀਵ ਈਸ਼੍ਵਰ ਤੋਂ ਭਿੰਨ ਹੈ। ਜੀਵ ਨੂੰ ਜੁਦਾ ਪ੍ਰਤੀਤ ਕਰਨਾ।

(੨) ਕਰਤ੍ਰਿਤ ਭਰਮ-ਜੀਵ ਦਾ ਆਪ ਨੂੰ ਕਰਤਾ ਮੰਨਣਾ।

(੩) ਸੰਗ ਭਰਮ-ਕਿ ਜੀਵ ਤਿੰਨ ਅਵਸਥਾ ਦਾ ਸੰਗੀ ਹੈ। ਅਤੇ ਮੈਂ ਦੇਹ ਹਾਂ, ਮੈਂ ਜੰਮਦਾ ਮਰਦਾ ਹਾਂ।

(੪) ਵਿਕਾਰ ਭਰਮ-ਕਿ ਜੀਵ ਬ੍ਰਹਮ ਦਾ ਵਿਕਾਰ ਹੈ।

(੫) ਸਤਯਤ੍ਵ ਭਰਮ-ਜਗਤ ਨੂੰ ਬ੍ਰਹਮ ਤੋਂ ਵੱਖਰਾ ਮੰਨਕੇ ਜਗਤ ਨੂੰ ਬ੍ਰਹਮ ਤੋਂ ਜੁਦਾ ਸਤਯ ਮੰਨ ਲੈਣਾ।

ਇਨ੍ਹਾਂ ਭਰਮਾਂ ਦੀ ਨਿਵਿਰਤੀ ਦਾ ਪ੍ਰਕਾਰ ਇਉਂ ਦ੍ਰਿਸ਼ਟਾਂਤ ਦੇਕੇ ਵਰਣਨ ਕਰਦੇ ਹਨ:-

(੧) ਭੇਦ ਭਰਮ-ਚੰਦ੍ਰਮਾਂ ਦਾ ਪ੍ਰਤਿਬਿੰਬ ਜਲ ਵਿਚ ਪੈਕੇ ਚਾਹੇ ਜਲ ਦਾ ਚੰਦ ਜੁਦਾ ਦਿੱਸਦਾ ਹੈ ਪਰ ਉਹ ਆਪਣੇ ਵਿਚ ਚੰਦ ਤੋਂ ਵੱਖਰਾ ਨਹੀਂ। ਇਸੀ ਤਰ੍ਹਾਂ ਜੀਵ ਅਪਣੇ ਬਿੰਬ ਈਸ਼੍ਵਰ ਤੋਂ ਜੁਦਾ ਨਹੀਂ।

(੨) ਕਰਤ੍ਰਿਤ ਭਰਮ-ਜਿਵੇਂ ਬਲੌਰ ਦੇ ਗੋਲੇ ਪਾਸ ਯਾ ਕਹੋ ਸਫਟਕ ਮਣੀ ਪਾਸ ਪਏ ਜਾਪਾ ਫੁਲ ਦਾ ਲਾਲ ਅਕਸ ਪੈਕੇ ਉਹ ਮਣੀ ਲਾਲ ਭਾਸਦੀ ਹੈ, ਤਿਵੇਂ ਅੰਤਹਕਰਣ ਦੇ ਮਿਲਾਪ ਕਰਕੇ ਜੀਵ ਵਿਚ ਕਰਤਾ ਪਨ ਭਾਸਦਾ ਹੈ।

(੩) ਸੰਗ ਭਰਮ-ਜਿਵੇਂ ਆਕਾਸ਼ ਤਾਂ ਇਕੋ ਸਾਰੇ ਹੈ ਪਰ ਘੜੇ ਵਿਚ ਜੋ ਆਕਾਸ਼ ਹੈ ਉਹ ਵੱਖਰਾ ਭਾਸਦਾ ਹੈ। ਪਰ ਅਸਲ ਵਿਚ ਘੜੇ ਵਿਚ ਦਾ ਆਕਾਸ਼ ਬਾਹਰਲੇ ਤੋਂ ਭਿੰਨ ਨਹੀਂ, ਘੜੇ ਦੇ ਸੰਗ ਕਰਕੇ ਵੱਖਰਾ ਭਾਸਦਾ ਹੈ। ਤਿਵੇਂ ਜੀਵ ਦੇ ਇਸ ਸਥੂਲ ਸ਼ਰੀਰ ਵਿਚ ਤੇ ਅੰਦਰ ਲਿੰਗ ਸ਼ਰੀਰ ਤੇ ਉਸ ਦੇ ਅੰਦਰ ਸੂਖਮ ਸ਼ਰੀਰ ਵਿਚ ਆ ਜਾਣ ਕਰਕੇ ਇਨ੍ਹਾਂ ਦੇ ਸੰਗ ਕਰਕੇ ਜੀਵ ਵੱਖਰਾ ਭਾਸਦਾ ਹੈ; ਵਾਸਤਵ ਵਿਚ ਉਹ ਤਿੰਨਾਂ ਸ਼ਰੀਰਾਂ ਤੋਂ ਅਸੰਗ ਹੈ ਤੇ ਵਯਾਪਕ ਦੇ ਸੰਗ ਵਿਚ ਵੱਖਰਾ ਨਹੀਂ ਹੈ।

(੪) ਵਿਕਾਰ ਭਰਮ-ਜਿਵੇਂ ਰੱਸੀ ਵਿਚ ਸੱਪ ਦਾ ਭਰਮ ਹੋ ਜਾਵੇ ਤਾਂ ਰੱਸੀ ਵਿਚ ਪ੍ਰਤੀਤ ਹੋ ਰਿਹਾ ਸੱਪ ਰੱਸੀ ਦਾ ਕਾਰਜ ਨਹੀਂ ਹੈ। ਤੈਸੇ ਜੀਵ ਬ੍ਰਹਮ ਦਾ ਕਾਰਯ ਨਹੀਂ ਹੈ। ਜੇ ਕਾਰਯ ਮੰਨੋ ਤਾਂ ਜੀਵ ਦੀ ਉਤਪਤੀ ਹੋਈ। ਜਿਸ ਦੀ ਉਤਪਤੀ ਹੈ ਉਸ ਦਾ ਨਾਸ਼ ਬੀ ਹੁੰਦਾ ਹੈ। ਪਰ ਜੀਵ ਅਵਿਨਾਸ਼ੀ ਹੈ, ਇਸ ਲਈ ਜੀਵ ਦੀ ਉਤਪਤੀ ਨਹੀਂ। ਜੇ ਕਹੋ ਜੀਵ ਨਾਸ਼ਮਾਨ ਹੈ ਤਾਂ ਮੁਕਤੀ ਕਿਸਦੀ ਹੋਵੇਗੀ? ਸੋ ਜਿਵੇਂ ਸੱਪ ਰੱਸੀ ਦਾ ਕਾਰਯ ਨਹੀਂ ਤਿਵੇਂ ਜੀਵ ਬ੍ਰਹਮ ਦਾ ਕਾਰਯ ਨਹੀਂ।

(੫) ਸਤਯਤ੍ਵ ਭਰਮ-ਜਿਸ ਤਰ੍ਹਾਂ ਸੋਨ ਦਾ ਸਰੂਪ ਸੋਨੇ ਦੇ ਕੜੇ ਤੋਂ ਵੱਖਰਾ ਨਹੀਂ, ਤਿਵੇਂ ਬ੍ਰਹਮ ਦਾ ਸਰੂਪ ਸਾਰੇ ਜੱਗ ਤੋਂ ਜੁਦਾ ਨਹੀਂ। ਇਨ੍ਹਾਂ ਸਾਰਿਆਂ ਭਰਮਾਂ ਦਾ ਕਾਰਣ ਅਗਯਾਨ ਹੈ। ਇਸੇ ਕਰਕੇ ਕਬੀਰ ਜੀ ਨੇ ਕਿਹਾ ਹੈ ਕਿ ਗਯਾਨ ਦੀ ਹਨੇਰੀ ਨੇ ਭਰਮ ਦੇ ਪਰਦੇ ਉਡਾ ਦਿੱਤੇ। ਪਰ ਕਬੀਰ ਜੀ ਦਾ ਦੱਸਿਆ 'ਭ੍ਰਮ ਮੇਟਣ ਵਾਲਾ ਗਯਾਨ' ਜਾਣਨ ਮਾਤ੍ਰ ਯਾ ਗੱਲਾਂ ਕਰ ਲੈਣ ਮਾਤ੍ਰ ਨਹੀਂ। ਉਸ ਬਾਬਤ ਕਬੀਰ ਜੀ ਨੇ ਕਿਹਾ ਹੈ:-

ਗਿਆਨੀ ਧਿਆਨੀ ਬਹੁ ਉਪਦੇਸੀ ਇਹੁ ਜਗੁ ਸਗਲੋ ਧੰਧਾ॥
[ਗਉੜੀ ਕਬੀਰ ਜੀ ੬੭

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ ਹੈ:-

ਗਿਆਨੁ ਧਿਆਨੁ ਸਭੁ ਕੋਈ ਰਵੈ॥
ਬਾਂਧਨਿ ਬਾਂਧਿਆ ਸਭੁ ਜਗੁ ਭਵੈ॥ [ਸੂਹੀ ਮਹਲਾ ੧-੨

ਗਿਆਨੁ ਨ ਗਲੀਈ ਢੂਢੀਐ ਕਥਨਾ ਕਰੜਾ ਸਾਰੁ॥ [ਵਾਰ ਆਸਾ ਮਹਲਾ ੧-੪

ਗਯਾਨ ਨੇ ਜਿਸ ਭਰਮ ਨੂੰ ਕੱਟਣਾ ਹੈ ਉਸ ਭਰਮ ਦਾ ਲੱਛਣ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਿੱਤਾ ਹੈ, ਇਹ ਹੈ:-

ਮਾਧਵੇ ਕਿਆ ਕਹੀਐ ਭ੍ਰਮੁ ਐਸਾ ॥
ਜੈਸਾ ਮਾਨੀਐ ਹੋਇ ਨ ਤੈਸਾ ॥ [ਸੋਰਠਿ ਰਵਿਦਾਸ ਜੀ-੧

ਇਹ ਭਰਮ ਕੇਵਲ ਇਸ ਪ੍ਰਕਾਰ ਦੇ ਜਾਣਨੇ ਮਾਤ੍ਰ ਨਾਲ ਦੂਰ ਨਹੀਂ ਹੁੰਦਾ ਜਿੱਕੁਰ ਫਿਲਾਸਫੀ ਦਾ ਪਰਚਾ ਇਮਤਿਹਾਨ ਵਿਚ ਲਿਖਕੇ ਵਿਦਿਆਰਥੀ ਗਿਆਨਵਾਨ ਨਹੀਂ ਹੋ ਜਾਂਦੇ,ਚਾਹੇ ਓਹ ਵੇਦਾਂਤ ਦੇ ਸੁਆਲ ਬੀ ਪਰਚੇ ਵਿਚ ਠੀਕ ਤਰ੍ਹਾਂ ਹੱਲ ਕਰ ਆਉਂਦੇ ਹਨ ਤੇ ਪਾਸ ਬੀ ਹੋ ਜਾਂਦੇ ਹਨ।

ਗੁਰਬਾਣੀ ਵਿਚ ਇਸ ਭਰਮ ਦੇ ਦੂਰ ਕਰਨ ਦੇ ਏਹ ਉਪਾਉ ਦੱਸੇ ਹਨ:-

(੧) ਸਾਧੂ ਦਾ ਸੰਗ:-

ਭ੍ਰਮ ਕੀ ਜਾਲੀ ਤਾਕੀ ਕਾਟੀ ਜਾਕਉ ਸਾਧ ਸੰਗਤਿ ਬਿਸ੍ਰਾਸਾ ॥
[ਗਉੜੀ ਮਹਲਾ ੫-੧੩੩

(੨) ਗੁਰੂ ਮਿਹਰ - ਭ੍ਰਮ ਕੇ ਪਰਦੇ ਸਤਿਗੁਰ ਖੋਲੇ ॥ [ਆਸਾ ਮਹਲਾ ੫-੫੭

ਪੁਨਾ:-ਗੁਰ ਪਰਸਾਦਿ ਭਰਮ ਕਾ ਨਾਸੁ ॥ [ਗਉੜੀ ਮ: ੫, ਸੁਖਮਨੀ ੨੩-੩

ਪੁਨਾ:-ਗੁਰ ਪਰਸਾਦੀ ਭ੍ਰਮੁ ਭਉ ਭਾਗੇ ਏਕ ਨਾਮਿ ਲਿਵਲਾਈ ॥
[ਮਲਾਰ ਮਹਲਾ ੩ ੭

(੩) ਹਰੀ ਕੀਰਤਨ, ਹਰੀ ਗੁਣ ਗਾਇਣ:-

ਭ੍ਰਮੁ ਭਉ ਦੂਖੁ ਦਰਦੁ ਸਭੁ ਜਾਇ ॥ ਸਾਧ ਸੰਗਿ ਸਦ ਹਰਿ ਗੁਣ ਗਾਇ ॥
[ਮਲਾਰ ਮ: ੫-੨੨

ਪੁਨਾ: ਭ੍ਰਮ ਬਿਨਸੇ ਗਾਏ ਗੁਣ ਨੀਤ ॥ [ਗਉੜੀ ਮਹਲਾ ੫-੧੫੪

(੪) ਅਰਦਾਸ ਇਸ ਪ੍ਰਕਾਰ ਦੀ:-

ਭ੍ਰਮ ਕੇ ਬੰਧਨ ਕਾਟਹੁ ਪਰਮੇਸਰ ਨਾਨਕ ਕੇ ਪ੍ਰਭ ਸਦਾ ਕ੍ਰਿਪਾਲ ॥
[ਬਿਲਾਵਲ ਮਹਲਾ ੫-੨੨

ਭਰਮ ਭੀਤਿ ਨਿਵਾਰਿ ਠਾਕੁਰ ਗਹਿ ਲੇਹੁ ਅਪਨੀ ਓਰ ॥
[ਕੇਦਾਰਾ ਮ: ੫-੧੦

(੫) ਨਾਮ ਸਿਮਰਣ ਨਾਲ:-

ਭ੍ਰਮ ਬਨ ਦਹਨ ਭਏ ਖਿਨ ਭੀਤਰਿ ਰਾਮ ਨਾਮ ਪਰਹਾਰਿ* ॥
[ਸਾਰਗ ਮ: ੫-੧੧੨

ਪੁਨਾ:-ਭਰਮੁ ਭੇਦੁ ਭਉ ਕਬਹੁ ਨ ਛੂਟਸਿ ਆਵਤ ਜਾਤ ਨ ਜਾਨੀ ॥
ਬਿਨੁ ਹਰਿ ਨਾਮ ਕੋ ਮੁਕਤਿ ਨ ਪਾਵਸਿ ਡੂਬਿ ਮੁਏ ਬਿਨੁ ਪਾਨੀ ॥੨॥
ਧੰਧਾ ਕਰਤ ਸਗਲੀ ਪਤਿ ਖੋਵਸਿ ਭਰਮੁ ਨ ਮਿਟਸਿ ਗਵਾਰਾ ॥
ਬਿਨੁ ਗੁਰ ਸਬਦ ਮੁਕਤਿ ਨ ਕਬਹੀ ਅੰਧੁਲੇ ਧੰਧੁ ਪਸਾਰਾ ॥੩॥
[ਭੈਰਉ ਮ: ੧-੭

(੬) ਸਾਖਯਾਤਕਾਰ:-ਸਤਿਸੰਗ, ਅਰਦਾਸ, ਹਰਿ ਜਸੁ ਤੇ ਨਾਮ ਅਰਾਧਣ ਵਾਲੇ ਨੂੰ ਨਾਮੀ ਦਾ ਸਾਖਯਾਤਕਾਰ ਹੋਣਾ ਹੈ, ਜਿਸ ਨਾਲ ਭਰਮ ਮਿਟ ਜਾਣਾ ਹੈ:-

ਭਰਮੁ ਭੁਲਾਵਾ ਮਿਟਿ ਗਇਆ ਪ੍ਰਭ ਪੇਖਤ ਨੇਤਿ ॥ [ਬਿਲਾਵਲ ਮ: ੫-੩੯

ਭ੍ਰਮ ਭੀਤਿ ਖੋਈਐ ਸਹਜਿ ਸੋਈਐ ਪ੍ਰਭ ਪਲਕ ਪੇਖਤ ਨਵ ਨਿਧੇ ॥
[ਬਿਹਾਗੜਾ ਮ: ੫ ਛੰਤ-੨

**ਨਿਰਕ੍ਰ**-ਆਂਧੀ-[ਸੰਸ:, ਅੰਧਮ੍=ਹਨੇਰਾ] ਜ਼ੋਰ ਦੀ ਹਵਾ ਜੋ ਗਰਦ ਗੁਬਾਰ ਉਡਾਕੇ

*ਰਾਮ ਨਾਮ ਦੀ ਚੋਟ ਨਾਲ।

ਹਨੇਰਾ ਜਿਹਾ ਕਰ ਦੇਵੇ ਅਤੇ ਜੋ ਅਗੇ ਆਵੇ ਉਡਾਈ ਲਈ ਜਾਵੇ। ਝੱਖੜ, ਹਨੇਰੀ।

ਗਿਆਨ ਕੀ ਆਂਧੀ—ਗਿਆਨ ਰੂਪੀ ਹਨੇਰੀ। ਹਨੇਰੀ ਵਾਙੂ ਗਜਾਨ ਜੀਵ ਦੇ ਮਨ ਤੇ ਛੱਪਰਾਂ ਵਾਙੂ ਛਾਏ ਅਗਜਾਨ ਆਵਰਣ ਨੂੰ ਤਹਸ ਨਹਸ ਕਰ ਦੇਂਦੀ ਹੈ। ਹਨੇਰੀ ਰੂਪ ਹੋਕੇ ਆਉਣਾ= ਪਹਿਲੇ ਗਜਾਨ ਦੇ ਆਵਰਣਾਂ ਤੇ ਬਾਧਕਾਂ ਨੂੰ ਦੂਰ ਕਰ ਦੇਣਾ। ਹਨੇਰੀ, ਮੀਂਹ ਤੇ ਉਦੈ ਭਾਨ ਦਾ ਵੇਰਵਾ ਪਿੱਛੇ ਵਜਾਖਜਾ ਵਿਚ ਵਰਣਨ ਹੋ ਚੁਕਾ ਹੈ।

ਭ੍ਰਮ—[ਸੰਸ:, ਭ੍ਰਮ੍ ਧਾਤੂ ਤੋਂ=ਫੁਰਨਾ ਫਿਰਨਾ, ਭੁੱਲ ਜਾਣਾ, ਕੁਰਾਹੇ ਪੈਣਾ, ਸ਼ੱਕ ਵਿਚ ਪੈਣਾ] ਭਰਮ। ਸ਼ੰਸ਼ਾ। ਵਿਪਰਯਯ। ਮਿਥਜਾ ਗਜਾਨ। ਭ੍ਰਾਂਤੀ। ਵਿਸਥਾਰ ਲਈ ਦੇਖੋ ਪਿਛੇ 'ਵਿਸ਼ਸ਼'।

ਟਾਟੀ—[ਹਿੰਦੀ, ਟੱਟੀ] ਵਾਂਸ ਚੀਰ ਕੇ ਬੱਧਾ ਖਿੜਕਾ ਜੇਹਾ, ਜਿਸ ਵਿਚ ਘਾਸ ਫੂਸ ਭਰ ਦੇਂਦੇ ਯਾ ਸਿਰਕੀਆਂ ਲਾ ਦੇਂਦੇ ਹਨ। ਇਹ ਛੱਪਰ ਵਾਲੇ ਘਰ ਯਾ ਛੰਨ ਦੇ ਉਦਾਲੇ ਖੜੀਆਂ ਕੀਤੀਆਂ ਮਾਨੋ ਕੰਧਾਂ ਦਾ ਕੰਮ ਦੇਂਦੀਆਂ ਹਨ। ਪਰਦਾ। ਓਲ੍ਹਾ।

ਮਾਇਆ ਬਾਂਧੀ—[ਸੰਸ:, ਮਾਯਾ+ਬੰਧਿਤ (=ਬੰਨ੍ਹਿਆ ਹੋਇਆ, ਕੈਦ ਵਿਚ ਪਿਆ ਹੋਯਾ)।] ਜੋ ਸ਼ੈ ਮਾਇਆ ਨਾਲ ਬੰਨ੍ਹੀ ਹੋਵੇ। ਮਾਇਆ ਦਾ ਰੂਪ ਤ੍ਰਿਗੁਣਾਤਮਿਕ ਹੈ। ਗੁਣ ਨਾਮ ਮਾਇਆ ਦੇ ਰਜ, ਸਤ, ਤਮ ਦਾ ਬੀ ਹੈ ਤੇ ਗੁਣ ਨਾਮ ਰੱਸੀ ਦਾ ਬੀ ਹੈ। ਇਸ ਕਰਕੇ ਇਸ ਪਦ ਵਿਚ ਕਟਾਖਜ ਹੈ।

ਦੁਚਿਤੇ—[ਸੰਸ:, ਦ੍ਵਿ (ਦੋ=੨)+ਚਿਤ੍ਤ (=ਵਿਚਾਰ, ਮਨ, ਹਿਰਦਾ, ਇੱਛਾ)। ਹਿੰਦੀ, ਦੋ ਚਿਤ] ਜਿਸ ਦਾ ਮਨ ਕਿਸੇ ਗਲ ਤੇ ਨਾ ਟਿਕੇ; ਪਰ ਏਥੇ ਦਚਿਤਾ ਤੋਂ ਮੁਰਾਦ 'ਦੁਚਿਤਾਈ' ਦੀ ਹੈ। ਜਿਸ ਦੇ ਅਰਥ ਚਿਤ ਦਾ ਕਿਸੇ ਇਕ ਗਲ ਤੇ 'ਨਾ ਠਹਿਰਣਾ' ਹੈ। ਦੁਬਿਧਾ, ਦ੍ਵੈਤ। ਦਾਨਿਆਂ ਨੇ ਔਉਂ ਬੀ ਦੁਚਿਤਾਈਆਂ ਗਿਣੀਆਂ ਹਨ:—(ੳ) ਆਸਾ ਅੰਦੇਸਾ। (ਅ) ਸੰਕਲਪ ਵਿਕਲਪ। (ੲ) ਰਾਗ ਦ੍ਵੈਖ। (ਸ) ਦੋ ਬ੍ਰਿਤੀਆਂ; ਕਦੇ ਸੰਸਾਰ ਵਲ ਧਾਉਣਾਂ ਤੇ ਕਦੇ ਪਰਮਾਰਥ ਵਲ ਝੁਕਾ ਖਾਣਾ। (ਹ) ਨਾਸਤਕਤਾ ਦਾ ਭਾਵ ਤੇ ਅਗਜਾਨ।

ਥੂਨਿ—[ਸੰਸ:, ਸ੍ਥੁਭ:=ਖੰਭਾ। ਪ੍ਰਾ:, ਥੰਮ੍ਭੋ। ਹਿੰ, ਥੂਨੀ ਥੰਮ੍ਹੀਆਂ।

ਬਲੇਡ—[ਸੰਸ, ਬਲ, ਹਿੰਦੀ ਬੱਲਾ। ਪੰਜਾ:, ਵਲਾ] ਵਲਾ, ਸ਼ਤੀਰ। ਲਕੜੀ ਦਾ ਵਡਾ ਲੰਮਾ ਡੰਡੇ ਵਾਙੂ ਸ਼ਤੀਰ ਜੋ ਬਿਨਾ ਚੰਦ ਕੀਤੇ, ਗੋਲ ਦਾ ਗੋਲ ਛੱਤਾਂ ਉਪਰ ਪਾਉਂਦੇ ਹਨ।

ਛਾਨਿ—[ਸੰਸ:, ਛਾਦਨਮ੍=ਪਰਦਾ, ਚਿੱਕ। ਹਿੰਦੀ, ਛਾਜਨ। ਛਨ। ਪੁਰਾਤਨ ਪੰਜਾਬੀ, ਛੰਨ] ਘਾਸ ਫੂਸ ਦੀ ਬਣੀ ਝੌਂਪੜੀ।

ਦੁਰਮਤਿ—[ਸੰਸ:, ਦੁਰ੍ਮਤਿ:] ਖੋਟੀ ਬੁੱਧੀ। ਮਾੜੇ ਕੰਮ ਤੇ ਖਿਆਲਾਂ ਦੀ ਪ੍ਰੇਰਕ ਬੁੱਧੀ।

ਉਦੈ ਭਾਨੁ—[ਸੰਸ:, ਉਦਯਨਮ੍=ਨਿਕਲਨਾ, ਉਗਨਾ, ਉਪਰ ਚੜ੍ਹਨਾ।ਭਾਨੁ:=ਸੂਰਜ] ਚੜ੍ਹਦਾ ਸੂਰਜ। (ਜਦ) ਸੂਰਜ ਚੜ੍ਹਿਆ (ਦੇਖਿਆ) ਭਾਵ ਹੈ ਅਕਾਲ ਪੁਰਖ ਪਾਰਬ੍ਰਹਮ ਦਾ ਸਾਖਜਾਤਕਾਰ।

[ਗਉੜੀ ਕਬੀਰ ਜੀ, ਚਉਪਦਾ—੪੪]

## ਗਉੜੀ ਚੇਤੀ ੧ ਓ ਸਤਿਗੁਰ ਪ੍ਰਸਾਦਿ॥

**ਪ੍ਰਾਕ੍ਕਥਨ—**ਪਿਛਲੇ ਸ਼ਬਦ ਵਿਚ 'ਸਫਲ ਗਿਆਨ' ਦਾ ਵਰਣਨ ਸੀ। ਇਸ ਸ਼ਬਦ

ਵਿਚ ਬੁਰੇ ਆਚਰਣ ਵਾਲੇ ਹਠਾਗ੍ਰਹਿ ਵਾਲੇ ਵਿਤੰਡਾਵਾਦੀ, ਅੜਮੰਨ, ਪੈਰ ਕੁਹਾੜਾ ਮਾਰਨ ਵਾਲੇ ਬੇਸ਼ਰਮ ਤੇ ਕਥਨੀ ਦੇ ਗਜ਼ਾਨੀਆਂ ਦਾ ਵਰਣਨ ਹੈ।

| ਮੂਲ | ਅਰਥ |
|---|---|
| ਹਰਿ ਜਸੁ ਸੁਨਹਿ ਨ ਹਰਿ ਗੁਨ ਗਾਵਹਿ ॥ ਬਾਤਨ ਹੀ ਅਸਮਾਨੁ ਗਿਰਾਵਹਿ ॥ ੧ ॥ ਐਸੇ ਲੋਗਨ ਸਿਉ ਕਿਆ ਕਹੀਐ ॥ ਜੋ ਪ੍ਰਭੁ ਕੀਏ ਭਗਤਿ ਤੇ ਬਾਹਜ ਤਿਨ ਤੇ ਸਦਾ ਡਰਾਨੇ ਰਹੀਐ ॥ ੧ ॥ ਰਹਾਉ ॥ | [ਅਰਥ ਰਹਾਉ ਤੋਂ ਟੁਰੇਗਾ] ਐਸੇ ਲੋਕਾਂ ਨੂੰ (ਉਪਦੇਸ਼ ਦੇ ਵਾਕ ਤਾਂ) ਕੀ ਆਖੀਏ ਜੋ ਪ੍ਰਭੂ ਨੇ (ਆਪਣੀ) ਭਗਤੀ ਤੋਂ ਵਿਰਵੇ ਰਖੇ ਹਨ, ਉਨ੍ਹਾਂ ਤੋਂ (ਤਾਂ) ਸਦਾ ਡਰਦੇ (ਹੀ) ਰਹੀਏ (ਭਾਵ ਦੂਰ ਰਹੀਏ ਸੰਗ ਹੀ ਨਾ ਕਰੀਏ)। (ਇਹ ਲੋਕ ਤਾਂ) ਨਾ (ਆਪ ਕਦੇ) ਹਰੀ ਦੇ ਗੁਣ ਗਾਉਂਦੇ ਹਨ ਨਾ (ਕਿਸੇ ਦਾ ਗਾਂਵਿਆਂ) ਹਰੀ ਜਸ ਸੁਣਦੇ ਹਨ, (ਪਰੰਤੂ) ਗੱਲਾਂ ਨਾਲ ਅਸਮਾਨ ਢਾਹ (ਵਿਖਾਉਂਦੇ) ਹਨ ॥ ੧ ॥ |
| ਆਪਿ ਨ ਦੇਹਿ ਚੁਰੂ ਭਰਿ ਪਾਨੀ॥ ਤਿਹ ਨਿੰਦਹਿ ਜਿਹ ਗੰਗਾ ਆਨੀ ॥ ੨ ॥ | (ਐਸੇ ਲੋਕ) ਆਪ ਤਾਂ ਚੁਲੀ ਭਰ ਪਾਣੀ ਕਿਸੇ ਨੂੰ ਪੀਣ ਲਈ) ਨਹੀਂ ਦੇ ਸਕਦੇ, (ਪਰ) ਨਿੰਦਾ ਉਸ ਦੀ ਕਰਦੇ ਹਨ ਜਿਸ ਨੇ ਗੰਗਾ ਲਿਆਂਦੀ ਸੀ ॥ ੨ ॥ |
| ਬੈਠਤ ਉਠਤ ਕੁਟਿਲਤਾ ਚਾਲਹਿ ॥ ਆਪੁ ਗਏ ਅਉਰਨ ਹੂ ਘਾਲਹਿ ॥ ੩ ॥ | ਉਠਦੇ ਬੈਠਦੇ (ਹਰ ਗੱਲੇ ਏਹ) ਟੇਢੀਆਂ ਚਾਲਾਂ ਹੀ ਚਲਦੇ ਹਨ। ਆਪ ਤਾਂ (ਏਹ ਸਤਯ ਮਾਰਗ ਤੋਂ) ਗਏ ਗੁਜ਼ਰੇ ਹੁੰਦੇ ਹਨ (ਇਹ) ਹੋਰਨਾਂ ਨੂੰ (ਬੀ, ਜੋ ਇਨ੍ਹਾਂ ਨੂੰ ਆ ਮਿਲਣ) ਨਾਸ਼ ਕਰ ਦੇਂਦੇ ਹਨ। ੩ ॥ |
| ਛਾਡਿ ਕੁਚਰਚਾ ਆਨ ਨ ਜਾਨਹਿ ॥ ਬ੍ਰਹਮਾ ਹੂ ਕੋ ਕਹਿਓ ਨ ਮਾਨਹਿ ॥ ੪ ॥ | ਖੋਟੀਆਂ ਬਹਿਸਾਂ (ਵਿਤੰਡਾਵਾਦ) ਤੋਂ ਛੁਟ (ਏਹ) ਹੋਰ (ਸਤਯ ਸਿੱਧਾਂਤ) ਕੁਛ ਨਹੀਂ ਜਾਣਦੇ। (ਕਿਸੇ ਹੋਰ ਦਾਨੇ ਦਾ ਆਖਿਆ ਤਾਂ ਏਹਨਾਂ ਨੇ ਕੀਹ ਮੰਨਣਾ ਸੀ ਏਹ ਤਾਂ ਸਭ ਤੋਂ ਵੱਡੇ ਵਿਦ੍ਵਾਨ) ਬ੍ਰਹਮਾ ਦਾ ਕਿਹਾ ਬੀ ਨਹੀਂ ਮੰਨਦੇ ॥੪॥ |
| ਆਪੁ ਗਏ ਅਉਰਨ ਹੂ ਖੋਵਹਿ ॥ ਆਗਿ ਲਗਾਇ ਮੰਦਰ ਮੈ ਸੋਵਹਿ ॥ ੫ ॥ | ਆਪ ਤਾਂ (ਇਹ ਹੁੰਦੇ ਹੀ ਸੱਚੇ ਮਾਰਗ ਤੋਂ) ਗਏ ਗੁਆਤੇ ਹਨ, (ਪਰ ਏਹ) ਹੋਰਨਾਂ ਨੂੰ ਬੀ (ਜੋ ਇਨ੍ਹਾਂ ਦੀਆਂ ਗੱਲਾਂ ਆ ਸੁਣਨ) ਚੋੜ ਕਰ ਦੇਂਦੇ ਹਨ। (ਦੇਖੋ ਫੇਰ ਏਹ ਲੋਗ) ਮੰਦਰ ਨੂੰ ਅੱਗ ਲਗਾਕੇ (ਬੇਫਿਕਰ ਹੋ) ਵਿਚ ਸੌਂ ਰਹਿੰਦੇ ਹਨ ॥ ੫ ॥ |
| ਅਵਰਨ ਹਸਤ ਆਪ ਹਹਿ ਕਾਂਨੇ ॥ ਤਿਨ ਕਉ ਦੇਖਿ ਕਬੀਰ ਲਜਾਨੇ ॥ ੬ ॥ ੧ ॥ ੪੪ ॥ | ਆਪ ਤਾਂ (ਏਹ ਲੋਕ) ਕਾਣੇ ਹਨ (ਭਾਵ ਐਬਾਂ ਵਾਲੇ ਹਨ, ਪਰ) ਹੋਰਨਾਂ (ਸੁਜਾਖਿਆਂ) ਨੂੰ ਮਖੌਲਾਂ ਕਰਦੇ ਹਨ। ਐਸੇ ਲੋਕਾਂ ਨੂੰ ਦੇਖਕੇ ਕਬੀਰ ਜੀ (ਕਹਿੰਦੇ ਹਨ ਸਾਨੂੰ) ਸ਼ਰਮ ਆ ਰਹੀ ਹੈ। (ਭਾਵ ਏਹ ਲੋਕ ਐਸੇ ਬੁਰੇ ਕਰਮ ਕਰਕੇ ਸ਼ਰਮਸਾਰ ਨਹੀਂ ਹੁੰਦੇ, ਪਰ ਸਾਨੂੰ ਇਨ੍ਹਾਂ ਨੂੰ ਦੇਖਕੇ ਸ਼ਰਮ ਆ ਰਹੀ ਹੈ, ਕਿ ਐਸੇ ਲੋਕ ਬੀ ਇਨਸਾਨਾਂ ਵਿਚੋਂ ਹੈਨ ਤੇ ਪਰਮਾਰਥੀ ਕਹਿਲਾਉਂਦੇ ਹਨ) ॥ ੬ ॥ ੧ ॥ ੪੪ ॥ |

**ਵਯਾਖਯਾ**—ਇਸ ਸਾਰੇ ਸ਼ਬਦ ਵਿਚ ਕੁਸੰਗੀਆਂ ਦਾ ਵਰਣਨ ਹੈ ਜਿਨ੍ਹਾਂ ਨੂੰ ਕੋਈ ਉਪਦੇਸ਼

ਨਹੀਂ ਸੁਆਰ ਸਕਦਾ, ਸਗੋਂ ਉਨ੍ਹਾਂ ਦਾ ਕੁਸੰਗ ਭਲਿਆਂ ਨੂੰ ਲੈ ਡੁਬਦਾ ਹੈ; ਸੋ ਇਹ ਸ਼ਬਦ ਆਖਕੇ ਉਸ ਕੁਸੰਗ ਤੋਂ ਵਰਜਿਆ ਹੈ।

ਰਹਾਉ ਵਿਚ ਦੱਸਿਆ ਹੈ ਕਿ ਜੋ ਲੋਕ ਭਗਤੀ ਤੋਂ ਮੁੰਦੇ ਹਨ, ਉਹਨਾਂ ਨਾਲ ਬਿਰਥਾ ਬਹਿਸਾਂ ਵਿਚ ਨਾ ਪਵੇ, ਉਹਨਾਂ ਤੋਂ ਡਰੋ। ਜਿਸ ਸ਼ੈ ਤੋਂ ਡਰੀਦਾ ਹੈ, ਉਸ ਤੋਂ ਦੂਰ ਰਹੀਦਾ ਹੈ, ਸੋ ਫੁਰਮਾਉਂਦੇ ਹਨ ਕਿ ਉਹਨਾਂ ਤੋਂ ਦੂਰ ਰਹੋ। ਹੁਣ ਐਸੇ ਪੁਰਖਾਂ ਦੇ ਲੱਛਣ ਦੱਸਦੇ ਹਨ ਜਿਨ੍ਹਾਂ ਦਾ ਸੰਗ ਅਪਣੇ ਕੁਸੰਗ ਦਾ ਅਸਰ ਪਾਕੇ ਜਗਯਾਸੂਆਂ ਨੂੰ ਕੁਰਾਹੇ ਪਾ ਦੇਂਦਾ ਹੈ।

ਅੰਕ ੧–ਓਹ ਨਾਂ ਤਾਂ ਹਰੀ ਕੀਰਤਨ ਕਰਦੇ ਹਨ ਨਾ ਸੁਣਦੇ ਹਨ, ਪਰ ਗੱਲਾਂ ਵਿਚ ਬੜੇ ਚਾਤੁਰ ਹੁੰਦੇ ਹਨ। ਓਹ ਗੱਲਾਂ ਨਾਲ ਅਸਮਾਨ ਕਹਿੰਦੇ ਹਨ ਢਾ ਸਕਦੇ ਹਾਂ। ਭਾਵ ਇਹ ਕਿ ਕਰਣੀ, ਰਹਿਣੀ, ਪ੍ਰਾਪਤੀ ਕੁਛ ਨਹੀਂ ਗਲਾਂ ਨਾਲ ਹੀ ਡੀਂਗਾਂ ਮਾਰ ਮਾਰ ਵਡੇ ਤੀਸ ਮਾਰ ਖਾਂ ਬਣਦੇ ਹਨ। ਇਨ੍ਹਾਂ ਨੂੰ ਸਮਝਾਓ ਤਾਂ ਜਿਸ ਤਰ੍ਹਾਂ ਕਹਾਣੀ ਹੈ ਕਿ ਬਿਜੜੇ ਨੇ ਬਾਂਦਰ ਨੂੰ ਉਪਦੇਸ਼ ਦਿੱਤਾ ਸੀ ਤਾਂ ਬਾਂਦਰ ਨੇ ਬਿਜੜੇ ਦਾ ਆਲ੍ਹਣਾਂ ਹੀ ਤੋੜ ਕੇ ਭੁਇਂ ਮਾਰਿਆ ਸੀ, ਐਸੇ ਕੁਸੰਗੀ ਲੋਕ ਜਗਯਾਸੂ ਦੀ ਸ਼ਰਧਾ ਭਗਤੀ ਦੇ ਬਣੇ ਘਰ ਨੂੰ ਤਾਂ ਢਾਹ ਹੀ ਦੇਂਦੇ ਹਨ, ਓਹ ਈਸ਼੍ਵਰ ਦੀ ਹਸਤੀ ਤੇ ਰੂਹਾਨੀ ਮੰਡਲਾਂ ਤੋਂ ਬੀ ਮੁਨਕਿਰ ਕਰਾ ਦੇਣ ਦੇ ਦਾਅਵੇ ਬੰਨ੍ਹਦੇ ਹਨ।

ਅੰਕ ੨–ਫੇਰ ਓਹ ਆਪ ਤਾਂ ਪਰਉਪਕਾਰ ਰੰਚਕ ਮਾਤ੍ਰ ਨਹੀਂ ਕਰ ਸਕਦੇ ਪਰ ਨਿੰਦਾ ਮਹਾਨ ਉਪਕਾਰੀਆਂ ਦੀ ਕਰਦੇ ਹਨ ਏਥੇ ਦੋ ਕਥਾਂ ਵਲ ਸੈਨਤ ਹੈ, ਇਕ ਤਾਂ ਉਸ ਵੱਲ ਜੋ ਇਕ ਥੱਕੇ ਟੁੱਟੇ ਪਿਆਸੇ ਮੁਸਾਫਰ ਨੂੰ ਦੋ ਘੁੱਟ ਪਾਣੀ, ਜੋ ਉਸ ਦੇ ਪਾਸ ਸੀ, ਨਾ ਦੇ ਸਕਿਆ ਤੇ ਉਹ ਤੜਫ ਤੜਫ ਕੇ ਮਰ ਗਿਆ। ਦੂਜੇ ਭਗੀਰਥ ਵਲ, ਜਿਸ ਬਾਬਤ ਕਥਾ ਹੈ ਕਿ ਓਸ ਨੇ ਗੰਗਾ ਲਿਆਂਦੀ ਸੀ, ਜਾਪਦਾ ਹੈਕਿ ਬਹੁਤ ਪੁਰਾਣੇਸਮੇਂ ਗੰਗਾ ਕਿਤੇ ਮੈਦਾਨਾਂ ਵਿਚਆਕੇ ਪਾਣੀਸਿੰਜਰ ਜੀਉਰਕੇ ਮੁੱਕ ਜਾਂਦੀ ਸੀ ਤੇ ਅਗੇ ਨਹੀਂ ਜਾਂਦੀ ਸੀ। ਭਾਗੀਰਥ ਕੋਈ ਐਂਜੀਨੀਅਰ ਹੋਣਾ ਹੈ ਜਿਸ ਨੇ ਪਰਬਤਾਂ ਵਿਚ ਜਾਕੇ ਅਲਕ ਨੰਦਾ ਨਾਮੀ ਨਦੀ ਤੇ ਭਾਗੀਰਥੀ ਦਾ ਮੇਲ ਕਰਾ ਦਿਤਾ। ਐਉਂ ਗੰਗਾ ਦਾ ਪ੍ਰਵਾਹ ਬੜਾ ਸਬਲ ਹੋ ਗਿਆ ਤੇ ਗੰਗਾ ਅੱਗੇ ਵਧਕੇ ਬ੍ਰਹਮ ਪੁਤ੍ਰ ਵਿਚ ਜਾ ਮਿਲੀ ਤੇ ਬੰਗਾਲ ਖਾੜੀ ਵਿਚ ਜਾ ਅੱਪੜੀ। ਕਥਾ ਐਉਂ ਤੁਰੀ ਆਉਂਦੀ ਹੈ ਕਿ ਅਨੇਕ ਰਿਸ਼ੀ ਗੰਗਾ ਨੂੰ ਪ੍ਰਿਥਵੀ ਤੇ ਨਾ ਲਿਆ ਸਕੇ ਤਦ ਰਾਜਾ ਭਗੀਰਥ ਨੇ ਆਪਣੇ ਪਿਤ੍ਰਾਂ ਦੇ ਉਧਾਰ ਵਾਸਤੇ ਗੰਗਾ ਧਰਤੀ ਉਤੇ ਲੈ ਆਂਦੀ ਸੀ। ਨਿੰਦਾ ਉਸ ਦੀ ਕਰਦੇ ਹਨ ਕਿ ਜਿਸ ਭਗੀਰਥ ਨੇ ਗੰਗਾ ਲਿਆਂਦੀ ਸੀ। ਉਹ ਨਿੰਦਾ ਕੀਹ ਕਰਦੇ ਹਨ? ਆਖਦੇ ਹਨ ਕਿ ਭਗੀਰਥ ਕੋਈ ਪਰਉਪਕਾਰੀ ਨਹੀਂ ਸੀ, ਉਸ ਨੇ ਆਪਣੇ ਪਿਤ੍ਰਾਂ ਦੇ ਉਧਾਰ ਵਾਸਤੇ ਗੰਗਾ ਆਂਦੀ ਸੀ, ਉਹ ਕੋਈ ਪਰਉਪਕਾਰ ਲਈ ਥੋੜੀ ਲਿਆਇਆ ਸੀ!

ਅੰਕ ੩ ਵਿਚ ਦੱਸਦੇ ਹਨ ਕਿ ਉਹਨਾਂ ਦਾ ਵਿਹਾਰ ਸਭ ਖੋਟ ਵਿਚ, ਛਲ ਵਿਚ, ਟੇਢੀਆਂ ਚਾਲਾਂ ਚਲਣ ਵਿਚ ਹੁੰਦਾ ਹੈ। ਬੈਠਣਗੇ ਤਾਂ ਛਲ ਕਪਟ ਵਿਚਾਰਨਗੇ ਤੇ ਨਿੰਦਾ ਕਰਨਗੇ। ਜਾਣਗੇ ਤਾਂ ਮੰਦੇ ਕਰਮਾਂ ਤੇ ਖੋਟ ਨਾਲ ਕਮਾਈਆਂ ਕਰਨ ਨੂੰ। ਇਹ ਦੱਸਕੇ ਪਾਠਕਾਂ ਨੂੰ ਹੁਸ਼ਿਆਰ ਤੇ ਖ਼ਬਰਦਾਰ ਕਰਨ ਹਿਤ ਆਖਦੇ ਹਨ ਕਿ ਏਹ ਲੋਕ ਆਪ ਤਾਂ ਸੱਚ ਦੇ ਰਸਤਿਓਂ ਗਏ ਗੁਜ਼ਰੇ ਹੁੰਦੇ ਹਨ, ਹੋਰਨਾਂ ਨੂੰ, ਜੋ ਇਨ੍ਹਾਂ ਨੂੰ ਟੱਕਰ ਪੈਣ, ਉਸੇ ਰਸਤੇ ਪਾਕੇ ਨਸ਼ਟ ਕਰਦੇ ਹਨ।

ਅੰਕ ੪– ਜੇ ਕੋਈ ਕਬੀਰ ਜੀ ਨੂੰ ਕਹੇ ਕਿ ਆਪ ਸਤਿਪੁਰਖ ਹੋ ਉਹਨਾਂ ਨੂੰ ਸਮਝਾਕੇ ਠੀਕ ਕਰੋ ਤਾਂ ਦੱਸਦੇ ਹਨ ਕਿ ਏਹ ਲੋਕ ਤਾਂ ਸੱਤਿ ਅਸੱਤਿ ਦੇ ਨਿਰਣੇ ਦੇ ਵੀਚਾਰ ਤਾਂ ਕਰਦੇ ਹੀ ਨਹੀਂ, ਏਹ ਤਾਂ ਭੈੜੀ ਕਿਸਮ ਦੀਆਂ ਬਹਿਸਾਂ ਤੇ ਵਿਤੰਡਾ ਵਾਦਾਂ ਵਿਚ ਪ੍ਰਾਗੱਲਭਤਾ ਰਖਦੇ ਹਨ, ਇਨ੍ਹਾਂ ਨੂੰ ਕੋਈ ਕੀਹ ਸਮਝਾਵੇ ਇਹ ਤਾਂ ਬ੍ਰਹਮਾ ਦੇ ਆਖੇ ਬੀ ਨਹੀਂ ਲੱਗ ਸਕਦੇ। ਜਿਨ੍ਹਾਂ ਨੇ ਝੂਠ ਕਪਟ ਤੇ ਹਠ ਧਾਰ ਲਿਆ ਹੈ ਓਹ ਲਾਇਲਾਜ ਹੋ ਚੁਕੇ ਹਨ; ਕਿਉਂਕਿ ਓਹ ਸੱਤਿ ਵੀਚਾਰ ਨੂੰ ਗ੍ਰਹਣ ਕਰਨ ਵਲੋਂ ਮਨ

ਕਠੋਰ ਕਰ ਚੁਕੇ ਹਨ।

ਅੰਕ ੫–ਐਸਾ ਕਰਨ ਵਿਚ ਏਹ ਲੋਕ ਅਪਣੇ ਪੈਰੀਂ ਆਪ ਕੁਹਾੜਾ ਮਾਰ ਰਹੇ ਹਨ। ਜੀਕੂੰ ਮੰਦਰ ਨੂੰ ਅੱਗ ਲਾ ਕੇ ਕਈ ਮੂਰਖ ਸੌਂ ਰਹਿੰਦੇ ਹਨ, ਅੰਤ ਜਦ ਅੱਗ ਭੜਕੇਗੀ ਆਪ ਹੀ ਸੜ ਮਰਨਗੇ। ਭਾਵ ਇਹ ਕਿ ਜੋ ਪਾਪ ਕਰਮ ਕਰ ਰਹੇ ਹਨ ਏਹ ਅਪਣੇ ਲਈ ਅੱਗ ਬਾਲ ਰਹੇ ਹਨ। ਅੰਤ ਸਾਰੀ ਕੀਤੀ ਬਦੀ ਇਨ੍ਹਾਂ ਦੇ ਅਪਣੇ ਉੱਤੇ ਪਏਗੀ। 'ਮੰਦਰ' ਪਦ ਦੇਹੁਲੀ ਦੀਪਕ ਵਾਙੂ ਪਿਆ ਹੈ, ਕਿ ਅੱਗ ਲਾ ਕੇ ਮੰਦਰ ਨੂੰ ਮੰਦਰ ਵਿਚ ਹੀ ਸੌਂਦੇ ਹਨ; ਭਾਵ ਉਸੇ ਮੰਦਰ ਵਿਚ। ਇਸ ਕਰਕੇ ਉਪਰਲਾ ਭਾਵ ਠੀਕ ਸਹੀ ਹੁੰਦਾ ਹੈ। ਪਰ ਵਿਦ੍ਵਾਨ ਦਾਨੇ ਐਉਂ ਬੀ ਲਾਉਂਦੇ ਹਨ ਕਿ ਦੂਸਰਿਆਂ ਦੇ ਘਰਾਂ ਨੂੰ ਅੱਗ ਲਾ ਕੇ ਆਪਣੇਘਰਾਂ ਵਿਚ ਬੇਫਿਕਰ ਹੋ ਆ ਸੌਂਦੇ ਹਨ।ਅਰਥਾਤ ਇਤਨੇ ਬੇਰਹਿਮ ਪਾਪੀ ਹਨ ਕਿ ਜੈਸੇ ਕੋਈ ਦੂਜੇ ਦੇ ਘਰ ਨੂੰ ਅੱਗ ਲਾ ਕੇ ਅਪਣੇ ਘਰ ਆ ਕੇ ਸੁਖ ਦੀ ਨੀਂਦਰੇ ਸੌਂ ਰਹੇ। ਏਹ ਲੱਛਣ ਘੋਰ ਪਾਪੀ ਦੇ ਹਨ। ਐਸੇ ਪਾਪੀਆਂ ਨੂੰ (ਆਤਤਾਯਨ) ਅਤਿਤਾਈ ਆਖਦੇ ਹਨ।

ਅੰਕ ੬–ਇਸੀ ਤਰ੍ਹਾਂ ਏਹ ਲੋਕ ਨਿੰਦਾ ਕਰਨ ਵਿਚ ਨਿਪੁੰਨ ਹੁੰਦੇ ਹਨ। ਪਿਛ ਅੰਕ ੨ ਵਿਚ ਦੱਸਿਆ ਸੀ ਕਿ ਆਪ ਤਾਂ ਪਰਉਪਕਾਰ ਨਹੀਂ ਕਰਦੇ ਪਰ ਪਰਉਪਕਾਰੀਆਂ ਨੂੰ ਨਿੰਦਦੇ ਹਨ। ਇਥੇ ਦੱਸਦੇ ਹਨ ਕਿ ਆਪ ਤਾਂ ਐਬਾਂ ਨਾਲ ਭਰੇ ਪਏ ਹਨ, ਪਰ ਨਿੰਦਾ ਭਲਿਆਂ ਦੀ ਕਰਦੇ ਹਨ। ਅਥਵਾ ਅਪਣੀਆਂ ਅੱਖਾਂ ਤਾਂ ਕਾਣੀਆਂ ਹਨ ਪਰ ਜਿਸ ਦੀ ਅੱਖ ਪਲ ਮਾਤ੍ਰ ਲਈ ਬੰਦ ਹੋਵੇ ਉਸ ਨੂੰ ਅੰਨ੍ਹਾਂ ਅੰਨ੍ਹਾਂ ਆਖਣ ਲੱਗ ਪੈਂਦੇ ਹਨ। ਹੁਣ ਕਬੀਰ ਜੀ ਇਕ ਇਨਸਾਨੀਯਤ ਦੇ ਬੜੇ ਡੂੰਘੇ ਭਾਵ ਵਿਚ ਚਲੇ ਜਾਂਦੇ ਹਨ। ਉਹ ਇਹ ਹੈ ਜਿਵੇਂ ਭਲੇ ਪੁਰਖ ਤੋਂ ਕੋਈ ਰਤਾ ਮਾਤ੍ਰ ਭੁੱਲ ਹੋ ਜਾਵੇ ਤਾਂ ਓਹ ਅਪਣੇ ਆਪ ਵਿਚ ਲੱਜਾ ਪ੍ਰਤੀਤ ਕਰਦੇ ਹਨ, ਸ਼ਰਮ ਦੇ ਘਰ ਵਿਚ ਹੋ ਜਾਂਦੇ ਹਨ, ਪਰ ਜਿਨ੍ਹਾਂ ਲੋਕਾਂ ਦਾ ਆਪ ਏਥੇ ਵਰਣਨ ਕਰ ਰਹੇ ਹਨ, ਉਨ੍ਹਾਂ ਨੂੰ ਅਪਣੀ ਕਰਨੀ ਕਰਤੂਤ ਤੇ ਜ਼ਰਾ ਸ਼ਰਮ ਨਹੀਂ ਆਉਂਦੀ, ਪਰ ਕਬੀਰ ਜੀ ਨੂੰ ਸ਼ਰਮ ਆਉਂਦੀ ਹੈ ਕਿ ਹੈਂ, ਇਨਸਾਨ ਹੋ ਕੇ ਏਹ ਸ਼ੈਤਾਨ ਦੇ ਕੰਮ ਕਰਦੇ ਹਨ! ਇਸ ਨਾਲ ਇਨਸਾਨੀ ਜਾਮੇ ਲਈ ਸ਼ਰਮ ਹੈ। ਕਬੀਰ ਜੀ ਦੇ ਇਨਸਾਨੀ ਉੱਚਤਾ ਵਾਲੇ ਮਨ ਵਿਚ ਇਨਸਾਨੀ ਨੁਕਤੇ ਤੋਂ ਸ਼ਰਮ ਆਈ ਕਿ ਜੋ ਉਹਨਾਂ ਪਾਪੀਆਂ ਨੂੰ ਆਉਣੀ ਚਾਹੀਦੀ ਸੀ। ਜਿਵੇਂ ਥੋੜਾ ਕਾਲ ਹੋਇਆ ਹੈ ਇਕ ਗੱਲ ਬੀਤੀ ਸੀ ਕਿ ਇਕ ਸਿਖ ਦੇ ਇਕ ਖੰਡ ਦੇ ਕਾਰਖਾਨੇ ਵਿਚ ਦੋ ਮੁਲਾਜ਼ਮਾਂ ਨੇ ਖੰਡ ਦੀ ਕੁਛ ਚੋਰੀ ਕੀਤੀ, ਇਸ ਵੇਲੇ ਮਾਲਕ ਦੇ ਸਾਧੂ ਬ੍ਰਿਤੀ ਵਾਲੇ ਸਪੁਤ੍ਰ ਜੀ ਵੇਖ ਰਹੇ ਸਨ। ਉਹ ਦੇਖ ਕੇ ਅਣਡਿੱਠ ਕਰਕੇ ਚੁੱਪ ਰਹੇ। ਜਦ ਅਗਲੇ ਦਿਨ ਚੋਰੀ ਕਰਦੇ ਮੁਲਾਜ਼ਮ ਫੜੇ ਗਏ ਤਾਂ ਪਹਿਲੇ ਦਿਨ ਦੀ ਚੋਰੀ ਬੀ ਖੁੱਲ ਪਈ ਤੇ ਪਤਾ ਲੱਗ ਗਿਆ ਕਿ ਸਾਹਿਬਜ਼ਾਦੇ ਨੇ ਇਨ੍ਹਾਂ ਨੂੰ ਚੋਰੀ ਕਰਦੇ ਆਪ ਡਿੱਠਾ ਹੈ, ਤਦ ਪਿਤਾ ਜੀ ਨੇ ਪੁਛਿਆ ਕਿ 'ਲਾਲ ਜੀ! ਤੁਸਾਂ ਨੇ ਇਨ੍ਹਾਂ ਦੀ ਚੋਰੀ ਦੇਖੀ ਤੇ ਦੱਸੀ ਨਾ'? ਤਾਂ ਬੋਲੇ: 'ਪਿਤਾ ਜੀ! ਇਨ੍ਹਾਂ ਨੂੰ ਮੁਲਾਜ਼ਮ ਹੋਕੇ ਚੋਰੀ ਕਰਦਿਆਂ ਸ਼ਰਮ ਨਾ ਆਈ ਪਰ ਇਨ੍ਹਾਂ ਦੀ ਬੇ-ਸ਼ਰਮੀ ਤੇ ਮੈਨੂੰ ਸ਼ਰਮ ਆਈ, ਜਿਸ ਕਰਕੇ ਮੈਂ ਮੋਨ ਧਾਰਨ ਕਰ ਲੀਤੀ'। ਮੋਟੀ ਗਲ ਐਉਂ ਬੀ ਸਮਝ ਪੈ ਜਾਂਦੀ ਹੈ ਕਿ ਪੰਜ ਕਵੀ ਇਕ ਸ਼ਹਿਰ ਵਿਚ ਹੈਨ, ਇਕ ਤਾਂ ਦੈਵੀ ਗੁਣਾਂ ਵਾਲਾ ਅਨੁਭਵੀ ਕਵੀ ਹੈ, ਚਾਰ ਟੁਕੜ-ਬੋਚ ਤੁਕ ਬੰਦੀਏ ਹਨ, ਅਸਲੀ ਕਵੀ ਨੂੰ ਕਵੀ ਕਹਾਉਂਦਿਆਂ ਓਥੇ ਸ਼ਰਮ ਆਵੇਗੀ।

ਇਸ ਤੁਕ ਦਾ ਭਾਵ ਦਾਨੇ ਐਉਂ ਬੀ ਲੈਂਦੇ ਹਨ ਕਿ ਕਬੀਰ ਜੀ ਐਸੇ ਕੁਕਰਮੀਆਂ ਨੂੰ ਦੇਖਕੇ ਉਹਨਾਂ ਤੋਂ ਸ਼ਰਮ ਖਾਕੇ ਉਹਨਾਂ ਤੋਂ ਦੂਰ ਹੀ ਰਹਿਣਾ ਪਸੰਦ ਕਰਦੇ ਹਨ ਤੇ ਉਪਦੇਸ਼ ਦੇਂਦੇ ਹਨ ਕਿ ਜਦ ਅਸੀਂ ਉਹਨਾਂ ਤੋਂ ਦੂਰ ਰਹਿੰਦੇ ਹਾਂ ਤਾਂ ਹੇ ਜਗਜਾਸੂ ਜਨੋਂ! ਤੁਸੀਂ ਬੀ ਉਹਨਾਂ ਤੋਂ ਵਧੀਕ ਵਿੱਥ ਤੇ ਰਿਹਾ ਕਰੋ।

**ਨਿਰੁਕ੍ਤ**–ਬਾਤਨ–ਗਲਾਂ, ਗਲਾਂ ਨਾਲ।

ਬਾਹਜ–[ਸੰਸ:, ਬਾਹਯ:=ਪਤਿਤ, ਅਜਨਬੀ, ਜ਼ਾਤਿ ਚੋਂ ਕੱਢਿਆ ਹੋਯਾ] ਬਾਹਰ, ਵਿਰਵੇ।

ਚੁਲੂ–[ਹਿੰਦੀ, ਚੁਲਾ] ਚੁਲੀ। ਬੁੱਕ।

ਕੁਟਿਲਤਾ–[ਸੰਸ:, ਧਾਤੂ, ਕੁਟ੍=ਵਿੰਗੇ ਹੋਣਾ। ਕੁਟਿਲਤਾ=ਵਿੰਗਾਪਨ] ਖੋਟਾ ਪਨ। ਖੋਟ। ਟੇਢਾ ਪਨ। ਛਲ। ਫਰੇਬ।

ਘਾਲਹਿ–(ਦੇਖੋ ਘਾਲਤੇ ਪੰਨਾ ੧੯੨੯)। [ਹਿੰਦੀ] ਪਾਉਣਾ। ਭਾਵ ਅਪਣੇ ਰਜਤ ਪਾ ਲੈਂਦੇ ਹਨ। ਜੈਸੇ ਤੁਲਸੀ ਜੀ ਨੇ ਕਿਹਾ ਹੈ:–ਕੋ ਅਸ ਹਾਥ ਸਿੰਘ ਮੁਖ ਘਾਲੈ॥ ਏਥੇ ਪਾਉਣਾ ਅਰਥ ਹੈ ਘਾਲੇ ਦਾ। (੨) ਘਾਲਹਿ ਦਾ ਅਰਥ ਹੈ ਨਸ਼ਟ ਕਰਨਾ। ਜੈਸ ਤੁਲਸੀ ਜੀ ਦਾ ਵਾਕ ਹੈ:–ਚਿਤ੍ਰ ਕੇਤੁ ਕਰ ਘਰ ਇਨ ਘਾਲਾ॥ ਇਥੇ ਨਾਸ਼ ਕਰਨਾ, ਵਿਗਾੜਨਾ ਅਰਥ ਹੈ।

ਕੁਚਰਚਾ–[ਸੰਸ:, ਚਰ੍ਚਾ=ਬਹਿਸ, ਖੋਜ, ਮੁਤਾਲਿਆ। ਕੁ+ਚਰਚਾ=ਕੁਚਰਚਾ]। ਖੋਟੀ ਬਹਸ। ਵਿਤੰਡਾਵਾਦ।          ਅਵਰਨ–ਅਵਰਾਂ ਨੂੰ। ਔਰਾਂ ਨੂੰ। ਹੋਰਨਾਂ ਨੂੰ।

ਹਸਤ–[ਸੰਸ:, ਹਸਤਿ=ਹੱਸਦਾ ਹੋਇਆ] ਹੱਸਦੇ ਹਨ।

ਕਾਨੇ–[ਸੰਸ:, ਕਾਣ:=ਕਾਂਣਾ] ਇਕ ਅੱਖ ਮਾਰੀ ਹੋਈ ਵਾਲੇ। ਕਾਣੇ।

ਲਜਾਨੇ–[ਸੰਸ:, ਧਾ-ਲਜ੍ਜ੍=ਸ਼ਰਮਾਣਾ] ਸ਼ਰਮਾਏ ਹਨ। ਕਬੀਰ ਜੀ ਨੂੰ ਸ਼ਰਮ ਆਈ ਹੈ।

**ਵਿਸ਼ੇਸ਼**–ਉਪਰ ਜੋ ਅਰਥ ਤੇ ਵਯਾਖਯਾ ਦੱਸੀ ਗਈ ਹੈ, ਕਬੀਰ ਜੀ ਦੇ ਅਖਰ ਏਹੋ ਰਾਹ ਦੇਂਦੇ ਹਨ ਤੇ ਇਹੋ ਭਾਵ ਠੀਕ ਜਾਪਦਾ ਹੈ, ਪਰ ਸੰਪ੍ਰਦਾਈ ਅਰਥਾਂ ਤੋਂ ਅਗੇਰੇ ਵਧਕੇ ਪ੍ਰਸੰਗ ਕਾਵਯ, ਕੋਸ਼, ਵਯਾਕਰਣ ਆਦਿ ਤੋਂ ਕੁਛ ਸੁਤੰਤ੍ਰ ਵਰਤਕੇ ਅਪਣੀ ਬੁੱਧੀ ਦੀਆਂ ਜੌਲਾਨੀਆਂ ਕਈਆਂ ਨੇ ਹੋਰਵੇਂ ਅਰਥ ਕਰਨ ਵਿਚ ਬੀ ਲਾਈਆਂ ਹਨ।ਇਸੇ ਕਰਕੇ ਸੰਪ੍ਰਦਾਈ ਅਰਥਾਂ ਦੀ ਨਿਰੋਲਤਾ ਵਿਚ ਫਰਕ ਕਿਤੇ ਕਿਤੇ ਆ ਗਏ ਹਨ। ਇਸ ਸ਼ਬਦ ਦਾ ਅਰਥ, ਹਠੀ, ਵਿਤੰਡਾਵਾਦੀ, ਵਿਗੜੇ ਤੇ ਵਿਗਾੜੂ ਮਨਮੁਖ ਦੀ ਥਾਂ ਗੁਰਮੁਖ ਤੇ ਘਟਾਉਣ ਦਾ ਜਤਨ ਬੀ ਹੁੰਦਾ ਹੈ, ਇਸ ਅਰਥ ਦੇ ਦੇਣ ਦੀ ਲੋੜ ਨਹੀਂ ਪਰ ਖਿੱਚਾਂ ਨਾਲ ਕੀਹ ਦਾ ਕੀਹ ਕੁਛ ਬਣਾ ਕੱਢੀਦਾ ਹੈ। ਉਸ ਦਾ ਨਮੂਨਾ ਦੱਸਣ ਲਈ ਲਿਖਦੇ ਹਾਂ:–

(ਗੁਰਮੁਖ ਲੋਕ) ਹਰੀ ਜਸ ਨੂੰ (ਸੁਣਹਿਨ=) ਸੁਣਦੇ ਹਨ ਤੇ ਹਰੀ ਜਸ ਗਾਉਂਦੇ ਹਨ। ਉਨਾਂ ਨੂੰ (ਬਾਤ=) ਇੱਛਾ (ਤਾਂ) ਕੋਈ ਨਹੀਂ (ਪਰ ਅਪਣੇ ਮਗਰ ਲਗਿਆਂ ਦ ਹਿਰਦੇ ਤੋਂ ਮਾਨ ਗਵਾਵਹਿ=) ਮਾਨ ਦੂਰ ਕਰਦੇ (ਅਸ=) ਹਨ (ਭਾਵ ਉਹਨਾਂ ਦਾ ਅਹੰਕਾਰ ਦੂਰ ਕਰਦੇ ਹਨ) ।੧॥

ਐਸੇ ਲੋਕਾਂ ਨਾਲ (ਮਿਰਯਾਦਾ ਦੀ ਗਲ ਬਾਤ ਬੀ) ਕੀਹ ਕਹਣੀ ਹੋਈ। ਜੋ (ਐਸੇ ਗੁਰਮੁਖ) ਪ੍ਰਭੂ ਨੇ (ਭਗਤ ਤੇ=) ਭਗਤਾਂ ਦੁਆਰਾ (ਸੰਸਾਰਾਕਾਰਤਾ ਤੋਂ ਬਾਹਜ=) ਵਿਰਵੇ ਯਾ ਨਿਰਲੇਪ ਕਰ ਦਿਤੇ ਹਨ, ਉਹਨਾਂ ਤੋਂ ਸਦਾ (ਡਰਾਨੇ=ਅਦਬ ਵਾਲੇ) ਭੈ ਵਿਚ ਰਹਿਣਾ ਚਾਹੀਏ॥ ਰਹਾਉ॥

(ਆਪਨ ਦੇਹਿ=) ਅਪਣੀ ਦੇਹ ਵਲੋਂ (ਮਾਨੋ) ਪਾਣੀ ਦੀ ਚੁਲੀ ਭਰ ਦਿਤੀ ਹੈ (ਭਾਵ ਦੇਹ ਦਾ ਅਭਿਮਾਨ ਛੱਡ ਦਿਤਾ ਹੈ। ਪਰ ਉਹ ਉਹਨਾਂ ਦੀ) ਨਿੰਦਾ ਕਰਦੇ ਹਨ ਜਿਨ੍ਹਾਂ ਨੇ (ਗੰਗਾ ਆਨੀ=) ਬ੍ਰਿਤੀ ਦਾ ਪਰਵਾਹ (ਦੇਹ ਅਭਿਮਾਨ ਵਿਚ) ਆਂਦਾ ਹੈ (ਭਾਵ ਇਹ ਕਿ ਦੇਹ ਅਭਮਾਨੀਆਂ ਨੂੰ ਓਹ ਚੰਗਾ ਨਹੀਂ ਆਖਦੇ)॥ ੨॥

(ਜੋ ਲੋਕ ਉਹਨਾਂ ਦੇ ਨਾਲ) ਬੈਠਦੇ ਉਠਦੇ ਹਨ (ਉਹਨਾਂ ਦੀ) ਕੁਟਿਲਤਾ (ਚਾਲਹਿ=) ਦੂਰ ਹੋ ਜਾਂਦੀ ਹੈ। (ਓਹ ਗੁਰਮੁਖ) ਆਪ ਤਾਂ (ਪਰਮੇਸ਼ੁਰ ਦੇ ਸਰੂਪ ਵਿਚ ਚਲੇ) ਗਏ ਹਨ ਹੋਰਨਾਂ ਨੂੰ ਬੀ ਉਸੇ ਸਰੂਪ ਵਿਚ ਪਾਉਂਦੇ ਹਨ॥ ੩॥

(ਉਨਾਂ ਗੁਰਮੁਖਾਂ ਨੇ) ਖੋਟੀ ਚਰਚਾ ਤੇ (ਪਰਮੇਸ਼ੁਰ ਤੋਂ ਬਿਨਾਂ) ਹੋਰ ਦਾ ਜਾਣਨਾ ਨਹੀਂ ਕੀਤਾ,

(ਫਿਰ ਓਹ) ਬ੍ਰਹਮਾ ਦਾ ਕਿਹਾ ਹੋਇਆ ਬੀ ਨਹੀਂ ਮੰਨਦੇ (ਭਾਵ ਬ੍ਰਹਮਾ ਦਾ ਕਰਮ ਪ੍ਰਤਿਪਾਲਕ ਉਪਦੇਸ਼, ਦ੍ਵੈਤ ਬੁਧੀ ਵਾਲਾ ਭੇਦ ਵਾਦ ਓਹ ਨਹੀਂ ਮੰਨਦੇ) ॥ ੪ ॥

ਆਪ ਤਾਂ ਸੰਸਾਰ (ਦੀ ਮੋਹ ਮਾਯਾ ਤੋਂ ਦੂਰ) ਹੋ ਗਏ ਹਨ ਤੇ ਹੋਰ ਲੋਕਾਂ ਦੀ ਬੀ (ਜੋ ਸਿਖਯਾ ਲੈਣ ਆਉਣ ਸੰਸਾਰਕ ਮੋਹ ਮਾਇਆ) ਗੁਆ ਦੇਂਦੇ ਹਨ। (ਅਤੇ ਸਾਰੇ ਵਿਸ਼ਯਾਂ ਨੂੰ ਸੰਯਮ ਦੀ) ਅਗਨੀ ਲਗਾਕੇ (ਮੰਦਰ ਮਹਿ=ਅਪਣੇ) ਸਰੂਪ ਵਿਚ ਬਿਰਾਜ ਰਹੇ ਹਨ, (ਅਥਵਾ ਗਯਾਨ ਅਗਨੀ ਲਾਕੇ ਦ੍ਰਿਸ਼ਯ ਨੂੰ ਅਭਾਵ ਕਰਕੇ, ਅਧਿਸ਼ਟਾਨ ਵਿਚ ਬਿਰਾਜ ਰਹੇ ਹਨ) ॥ ੫ ॥

(ਓਹ ਗੁਰਮੁਖ ਅਵਰ ਨ ਹਸਤ) ਹੋਰ ਕਿਸੇ ਨੂੰ ਹੱਸਦੇ ਨਹੀਂ (ਭਾਵ ਕਿਸੇ ਨੂੰ ਮਾੜਾ ਨਹੀਂ ਜਾਣਦੇ ਅਰ) ਆਪ (ਚਿਤ ਬ੍ਰਿਤੀ ਵਿਚ ਸਭ ਤੋਂ ਕਾਨੇ=) ਕਿਨਾਰੇ ਰਹਿੰਦੇ ਹਨ। ਉਹਨਾਂ ਨੂੰ ਦੇਖਕੇ ਕਬੀਰ ਜੀ ਨੂੰ ਲੱਜਾ ਆਉਂਦੀ ਹੈ (ਕਿ ਮੇਰੇ ਵਿਚ ਉਹਨਾਂ ਵਰਗਾ ਕੋਈ ਗੁਣ ਨਹੀਂ ਹੈ)।

ਇਸ ਪ੍ਰਕਾਰ ਦੇ ਭਾਵ ਖਿੱਚਣੇ ਅਰਥ ਕਰਨੇ ਤੋਂ ਲੇਖਕ ਜੀ ਦੇ ਭਾਵ ਨੂੰ ਲੱਭਣਾ ਨਹੀਂ, ਅਪਣੇ ਭਾਵਾਂ ਨੂੰ, ਚਾਹੇ ਚੰਗੇ ਹੋਣ ਚਾਹੇ ਮਾੜੇ, ਉਹਨਾਂ ਪਰ ਆਰੋਪ ਦੇਣਾ ਹੈ, ਜੋ ਸਚ ਤੋਂ ਦੂਰ ਹੀ ਨਹੀਂ ਲੈ ਜਾਂਦਾ ਸਗੋਂ ਸੱਚ ਦੇ ਉਲਟ ਅਸੱਤਿ ਵਿਚ ਲੈ ਜਾਂਦਾ ਹੈ।

[ਗਉੜੀ ਕਬੀਰ ਜੀ, ਚਉਪਦਾ–੩੫]

## ਰਾਗੁ ਗਉੜੀ ਬੈਰਾਗਣਿ ਕਬੀਰ ਜੀ

### ੴ ਸਤਿਗੁਰ ਪ੍ਰਸਾਦਿ ॥

**ਪ੍ਰਾਕ੍ਥਨ**–ਪਿਤ੍ਰ ਪੂਜਾ ਤੇ ਦੇਵ ਪੂਜਾ ਦੇ ਗ਼ਲਤ ਵਰਤਾਉ ਦਾ ਪਾਜ ਖੋਹਲਕੇ ਉਸ ਦੀ ਨਿਸ਼ਫਲਤਾ ਦਰਸਾਉਂਦੇ ਹਨ ਤੇ 'ਨਾਮ' ਸਿਮਰਣ ਦਾ ਉਪਦੇਸ਼ ਕਰਦੇ ਹਨ।

| ਮੂਲ | ਅਰਥ |
|---|---|
| ॥ਜੀਵਤਪਿਤਰ ਨ ਮਾਨੈ ਕੋਊਮੂਏਂ ਸਿਰਾਧ ਕਰਾਹੀ ॥ ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ ਕਊਆ ਕੂਕਰ ਖਾਹੀ ॥ ੧ ॥ | ਜੀਉਂਦ ਪਿਤਰਾਂ (=ਮਾਤਾ ਪਿਤਾ, ਦਾਦੀ ਦਾਦਾ ਆਦਿ) ਨੂੰ ਤਾਂ ਕੋਈ ਪ੍ਰਸੰਨ ਨਹੀਂ ਕਰਦਾ, ਮਰ ਗਿਆਂ (ਦੇ ਮਗਰੋਂ ਉਨ੍ਹਾਂ)ਦੇ ਸ਼੍ਰਾਧ ਕਰਾਉਂਦੇ ਹਨ। ਪਿਤਰ ਭੀ(ਖਬਰੇ ਤਦੋਂ ਕਿਥੇ ਹੁੰਦੇ ਹਨ ਉਨ੍ਹਾਂ) ਵਿਚਾਰਿਆਂ ਨੂੰ ਦੱਸੋ ਕਿਵੇਂ ਕੁਛ ਪ੍ਰਾਪਤ ਹੋਵੇ, (ਉਹ ਉਨ੍ਹਾਂ ਨਮਿਤ ਸੱਟਿਆ ਤੇ ਦਿੱਤਾ ਅੰਨ) ਕਾਂ ਕੁੱਤੇ ਹੀ ਖਾ ਜਾਂਦੇ ਹਨ ॥ ੧ ॥ |
| ਮੋਕਉ ਕੁਸਲੁ ਬਤਾਵਹੁ ਕੋਈ ॥ ਕੁਸਲ ਕੁਸਲੁ ਕਰਤੇ ਜਗੁ ਬਿਨਸੈ ਕੁਸਲੁ ਭੀ ਕੈਸੇ ਹੋਈ॥੧॥ਰਹਾਉ॥ | (ਐਸੇ ਕਰਮ ਕਰਕੇ ਲੋਕੀ ਸਮਝਦੇ ਹਨ ਕਿ ਕੁਸ਼ਲਕਾਰੀ, ਕਲਯਾਣ ਕਾਰੀ ਕਰਮ ਕੀਤਾ ਹੈ, ਪਰ) ਮੈਨੂੰ ਕੋਈ ਦੱਸੇ (ਕਿ ਇਨ੍ਹਾਂ ਵਿਚ) ਕੁਸ਼ਲ (ਕਿੱਥੇ ਹੈ)? ਜਗਤ (ਇਸਤਰ੍ਹਾਂ ਨਿਕੰਮੇ ਕੰਮਾਂ ਵਿਚ) ਕੁਸ਼ਲ ਕੁਸ਼ਲ ਮੰਨਦਿਆਂ ਕਰਦਿਆਂ ਬਿਨਸ ਰਿਹਾ ਹੈ (ਪਰ ਨਹੀਂ ਜਾਣਦਾ ਕਿ ਨਿਸ਼ਚੇ) ਕੁਸ਼ਲ ਹੁੰਦੀ ਭੀ ਕਿਵੇਂ ਹੈ ॥ ੧ ॥ ਰਹਾਉ ॥ |

| | |
|---|---|
| ਮਾਟੀ ਕੇ ਕਰਿ ਦੇਵੀ ਦੇਵਾ ਤਿਸੁ ਆਗੈ ਜੀਉ ਦੇਹੀ ॥ ਐਸੇ ਪਿਤਰ ਤੁਮਾਰੇ ਕਹੀਅਹਿ ਆਪਨ ਕਹਿਆ ਨ ਲੇਹੀ ॥ ੨ ॥ | (ਹੇ ਲੋਕੋ ! ਇਕ ਗੱਲ ਹੋਰ ਸੋਚੋ ਕਿ) ਤੁਹਾਡੇ ਜੋ ਪਿਤਰ ਕਹੇ ਜਾਂਦੇ ਹਨ (ਓਹ) ਐਸੇ (ਹਨ ਕਿ) ਅਪਣੇ (ਮੂੰਹੋਂ) ਆਖ ਕੇ (ਜਿਸ ਚੀਜ਼ ਦੀ ਲੋੜ ਹੈ ਤੁਸਾਂ ਪਾਸੋਂ ਮੰਗ ਕੇ) ਨਹੀਂ ਲੈਂਦੇ। (ਫੇਰ ਤੁਸੀਂ ਲੋਕ) ਮਿੱਟੀ ਦੇ ਦੇਵੀ ਦਉਤੇ ਬਣਾਉਂਦੇ ਹੋ ਉਨ੍ਹਾਂ (ਮੁਰਦਾ ਮੂਰਤੀਆਂ ਦੇ) ਅੱਗੇ ਤੁਸੀਂ ਜੀਉਂਦੇ ਜੀਵ ਦੇਂਦੇ ਹੋ ॥ ੨ ॥ |
| ਸਰ ਜੀਉ ਕਾਟਹਿ ਨਿਰਜੀਉ ਪੂਜਹਿ ਅੰਤਕਾਲ ਕਉ ਭਾਰੀ ॥ | (ਹਾਂ ਲੋਕੋ) ਜਿੰਦ ਹੀਣ (ਮਿੱਟੀ ਦੀਆਂ ਦੇਵੀਆਂ ਆਦਿ ਅੱਗੇ) ਜੀਉਂਦੇ (ਜਾਨਦਾਰ ਬੱਕਰੇ ਆਦਿ) ਕੱਟ ਕੇ (ਬਲੀਆਂ ਦੇ ਦੇ ਕੇ ਉਨਾਂ ਦੀ) ਪੂਜਾ ਕਰਦੇ ਹਨ (ਇਹ ਕਰਨੀ) ਅੰਤ ਦੇ ਸਮੇਂ (ਮਰਨ ਵੇਲੇ ਉਨ੍ਹਾਂ ਤੇ) ਭਾਰੂ ਹੋਵੇਗੀ। (ਭਾਵ ਕਸ਼ਟ ਦਾਯਕ ਹੋਵੇਗੀ)। ਰਾਮ ਨਾਮ ਦੀ (ਅਰਾਧਨਾ ਕਰਕੇ ਜੋ) ਗਤੀ (ਮੁਕਤੀ ਯਾ ਕਲਯਾਣ ਪ੍ਰਾਪਤ ਹੋ ਸਕਦੀ ਸੀ ਉਹ ਜੀਉਂਦੇ ਜੀ ਕਿਸੇ ਨੇ) ਸਮਝੀ ਹੀ ਨਾ (ਇਸਤਰ੍ਹਾਂ) ਸੰਸਾਰੀ (ਲੋਕ) ਭੈ ਸਾਗਰ ਵਿਚ ਡੁਬ ਰਹੇ ਹਨ ॥ ੩ ॥ |
| ਰਾਮ ਨਾਮ ਕੀ ਗਤਿ ਨਹੀ ਜਾਨੀ ਭੈ ਡੂਬੇ ਸੰਸਾਰੀ ॥ ੩ ॥ | |
| ਦੇਵੀ ਦੇਵਾ ਪੂਜਹਿ ਡੋਲਹਿ ਪਾਰਬ੍ਰਹਮੁ ਨਹੀ ਜਾਨਾ ॥ ਕਹਤ ਕਬੀਰ ਅਕੁਲੁ ਨਹੀ ਚੇਤਿਆ ਬਿਖਿਆ ਸਿਉ ਲਪਟਾਨਾ ॥ ੪ ॥ ੧ ॥ ੪੫ ॥ | (ਸੰਸਾਰ ਦੇ ਲੋਕ, ਦੇਵੀ ਦੇਉਤਿਆਂ ਦੀ ਪੂਜਾ ਕਰਦੇ ਭਟਕ ਰਹੇ ਹਨ (ਪਰ ਇਨ੍ਹਾਂ ਨੇ ਸਦਾ ਦੀ ਅਡੋਲਤਾ ਦੇਣ ਵਾਲੇ) ਪਾਰਬ੍ਰਹਮ ਨੂੰ ਨਹੀਂ ਪਛਾਣਿਆ। ਕਹਿੰਦੇ ਹਨ ਕਬੀਰ ਜੀ (ਪਿਉ ਦਾਦਾ ਆਦਿ ਪਿਤਰਾਂ ਤੇ ਕੁਲਾਂ ਦੇ ਹਿਸਾਬ ਵਿਚ ਰਹਿਣ ਵਾਲੇ ਲੋਕਾਂ ਨੇ ਅਕੁਲ (ਸਰਬ ਕੁਲ ਜਾਤ ਆਦਿ ਵੇਰਵਿਆਂ ਤੋਂ ਰਹਿਤ ਪਾਰਬ੍ਰਹਮ ਨੂੰ ਕਦੇ) ਨਹੀਂ ਸਿਮਰਿਆ (ਸ਼੍ਰਾਧ ਤੇ ਪੂਜਾ ਆਦਿ ਕਰਮ ਕਰਦੇ ਹੋਏ ਸਾਰੇ) ਮਾਇਆ ਨਾਲ ਹੀ ਚੰਬੜ ਰਹੇ ਹਨ ॥ ੪ ॥ ੧ ॥ ੪੫ ॥ |

**ਵ੍ਯਾਖ੍ਯਾ**–ਇਸ ਸ਼ਬਦ ਵਿਚ ਕਬੀਰ ਜੀ ਭੁੱਲ ਦੇ ਸ਼ੁਭ ਕਰਮ ਕਰਨ ਵਾਲੇ ਜੀਵਾਂ ਨੂੰ ਉਪਦੇਸ਼ ਦੇਂਦੇ ਹਨ ਕਿ ਨਿਰਜਿੰਦ ਮੂਰਤੀਆਂ ਦੀ ਪੂਜਾ ਨਾ ਕਰੋ, ਪਾਰਬ੍ਰਹਮ ਦੀ ਪੂਜਾ ਕਰੋ, ਉਸ ਦੀ ਪੂਜਾ ਉਸ ਦੇ ਨਾਮ ਸਿਮਰਨ ਨਾਲ ਹੁੰਦੀ ਹੈ। ਇਸੇ ਨਾਲ ਸ੍ਵੈਸਰੂਪ ਦੀ ਪ੍ਰਾਪਤੀ ਹੋ ਜਾਂਦੀ ਹੈ* ਤੇ ਵਿਘਨ ਬੀ ਨਾਸ਼ ਹੁੰਦੇ ਹਨ। ਵਿਘਨਾਂ ਦਾ ਨਾਸ਼ ਕੁਸ਼ਲਤਾ ਹੈ। ਇਸ ਸ਼ਬਦ ਵਿਚ ਫਿਰ ਓਹ ਕਰਮ ਗਿਣੇ ਹਨ ਜੋ ਕੁਸ਼ਲਤਾ ਯਾ ਕਲਯਾਣ ਦੇ ਹੇਤੂ ਨਹੀਂ ਹਨ, ਓਹ ਕਰਮ ਦੱਸੇ ਹਨ:– (੧) ਮੂਰਤੀ ਪੂਜਾ, ਤੇ ਉਸ ਪੂਜਾ ਵਿਚ ਸੇਵਕਾਂ ਦਾ ਬੱਕਰੇ ਆਦਿ ਬਲੀਆਂ ਦੇਣਾ, ਜੀਉਂਦੀਆਂ ਜਾਨਾਂ ਮੁਰਦਾ ਮੂਰਤੀਆਂ ਅੱਗੇ ਭੇਟਾ ਧਰਨੀਆਂ। (੨) ਸ੍ਰਾਧ ਕਰਮ ਕਰਨੇ। ਜੀਉਂਦੇ ਮਾਤਾ ਪਿਤਾ ਪਏ ਰੁਲਣ, ਸੇਵਾ ਨਹੀਂ ਕਰਦੇ ਤੇ ਓਹ ਕਈ ਹਾਲਤਾਂ ਵਿਚ ਦੁਖੀ ਹੋ ਹੋ ਮਰਦੇ ਹਨ ਤੇ ਮਗਰੋਂ ਸ੍ਰਾਧ ਖਿਆਹ ਕਰ ਕਰਕੇ ਸਮਝਦੇ ਹਨ ਕਿ ਉਨ੍ਹਾਂ ਦੀ ਕਲਯਾਣ ਹੋ ਰਹੀ ਹੈ ਤੇ ਅਸੀਂ ਕ੍ਰਿਤਾਰਥ ਹੋ ਰਹੇ ਹਾਂ। ਇਹ ਹੈ ਭਾਵ ਕੁਸ਼ਲ ਦਾ ਜੋ ਕੁਸ਼ਲ ਨਹੀਂ ਹੈ। ਇਸ ਵਿਚ ਫੇਰ ਅਨਿਸਚੇ ਗੱਲਾਂ ਨੂੰ ਲੈ ਕੇ ਹਾਂਸੀ ਦੇ ਤੌਰ ਤੇ ਸਮੋਧ ਕਰਦੇ ਹਨ ਕਿ ਜਿਨ੍ਹਾਂ ਮਰ ਗਏ ਪਿਤਰਾਂ ਲਈ ਸ਼੍ਰਾਧ ਕਰਦੇ ਹੋ ਉਹ ਖ਼ਬਰੇ

*ਤਤ: ਪ੍ਰਤ੍ਯਕ੍ ਚੇਤਨਾਧਿਗਮੋ ਅਪਿ ਅੰਤਰਾਯਾਭਾਵਸ਼੍ਚ। [ਯੋਗ ਦਰਸ਼ਨ ੧–੨੯

ਉਸ ਨਾਮ ਸਿਮਰਨ ਨਾਲ ਸ੍ਵੈ ਸਰੂਪ ਦੀ ਪ੍ਰਾਪਤੀ ਹੁੰਦੀ ਹੈ ਤੇ ਵਿਘਨਾਂ ਦਾ ਅਭਾਵ ਹੁੰਦਾ ਹੈ।

ਸ੍ਵਰਗਾਂ ਵਿਚ ਹਨ ਕਿ ਨਰਕਾਂ ਵਿਚ ਕਿ ਜੂਨਾਂ ਵਿਚ। ਜਦ ਪਤਾ ਨਹੀਂ ਤਾਂ ਦਿੱਤਾ ਅੰਨ ਕਿਵੇਂ ਪਹੁੰਚਦਾ ਹੈ। ਉਸ ਦਿੱਤੇ ਅੰਨ ਦੀ ਪ੍ਰਤੱਖ ਗਤੀ ਇਹ ਹੈ ਕਿ ਬ੍ਰਹਮਣ ਖਾ ਜਾਂਦਾ ਹੈ ਅੰਨ, ਕਾਵਾਂ ਕੁੱਤਿਆਂ ਨੂੰ (ਤੁਸੀਂ) ਬਲੀਆਂ ਪਾਉਂਦੇ ਹੋ, ਕੁਛ ਓਹ ਖਾ ਜਾਂਦੇ ਹਨ। ਇਉਂ ਮੂਰਤੀ ਪੂਜਾ ਤੇ ਸ੍ਰਾਧ ਆਦਿ ਕਰਮ, ਜਿਨ੍ਹਾਂ ਨੂੰ ਅਗਯਾਨ ਵਿਚ ਭੇਡ ਚਾਲ ਵਾਂਙੂ ਕਰੀ ਜਾਂਦੇ ਹਨ, ਨਿਸ਼ਫਲ ਲਖਾਯਾ ਹੈ ਤੇ ਪਾਰਬ੍ਰਹਮ ਪਰਮੇਸਰ ਦੀ ਪੂਜਾ ਨਾਮ ਸਿਮਰਣ ਦੁਆਰਾ ਦ੍ਰਿੜ ਕਰਾਈ ਹੈ ਤੇ ਦੱਸਿਆ ਹੈ ਕਿ ਇਸ ਨਾਲ ਪ੍ਰਭੂ ਜਾਣਿਆ ਜਾਏਗਾ। ਭਾਵ ਗਯਾਨ ਪ੍ਰਾਪਤ ਹੋਵੇਗਾ। ਜਿਨ੍ਹਾਂ ਕਰਮਾਂ ਨੂੰ ਨਿੰਦਿਆ ਹੈ, ਉਸ ਦਾ ਕਾਰਣ ਬੀ ਦੱਸਿਆ ਹੈ ਕਿ ਏਹ ਸਭ ਕੁਛ ਕਰਦੇ ਤੁਸੀਂ ਮਾਯਾ ਨਾਲ ਚੰਬੜੇ ਰਹਿੰਦੇ ਹੋ, ਕਿਉਂਕਿ ਇਨ੍ਹਾਂ ਕਰਮਾਂ ਦੇ ਕਰਨੇ ਵਿਚ ਜੋ 'ਕੁਸ਼ਲ' ਤੁਸੀਂ ਸਮਝਦੇ ਹੋ, ਕੁਸ਼ਲ ਨਹੀਂ ਹੁੰਦੀ, ਉਹ ਤਾਂ ਹੁੰਦਾ ਹੈ ਸ੍ਵਰਗ ਆਦਿਕ ਵਿਚ ਦਿੱਬ ਭੋਗਾਂ ਦੀ ਪ੍ਰਾਪਤੀ ਲਈ ਤਰਲਾ। ਸੋ ਉਹ ਤਾਂ ਸੁਰਤ ਦਾ ਮਾਯਾ ਤੇ ਮਾਯਕ ਭੋਗਾਂ ਨੂੰ ਚੰਬੜੇ ਰਹਿਣਾ ਹੀ ਹੈ। ਜਦ ਭੋਗ ਬ੍ਰਿਤੀ ਕੁਸ਼ਲ ਨਹੀਂ ਹੋਈ ਤਾਂ ਕੁਸ਼ਲ ਕਾਹਦੀ?

**ਵਿਸ਼ੇਸ਼**—ਇਸ ਸ਼ਬਦ ਵਿਚ ਲੋਕਾਚਾਰੀ ਲਈ ਭੇਡ ਚਾਲ ਵਾਂਙੂ ਕੀਤੇ ਗਏ ਸ੍ਰਾਧ ਆਦਿ ਕਰਮ ਤੇ ਮੂਰਤੀ ਪੂਜਾ ਆਦਿ ਕਰਮਾਂ ਵਿਚ ਜੀਵ ਹਿੰਸਾ ਆਦਿ ਦੀ ਨਿੰਦਾ ਹੈ। ਅਪਣੇ ਮਨ ਦੇ ਪੂਰਨ ਭਾਵ ਤੇ ਪਿਆਰ ਵਿਚ ਅਪਣੇ ਵਿਛੜੇ ਪਿਆਰੇ ਸਨਬੰਧੀਆਂ ਤੇ ਮਿਤ੍ਰਾਂ ਲਈ ਅਰਦਾਸੇ ਕਰਨੇ ਤੇ ਗੁਰਬਾਣੀ ਦੇ ਪਾਠ ਕਰਕੇ ਧਯਾਨ ਨੂੰ ਉਨ੍ਹਾਂ ਦੇ ਭਲੇ ਲਈ ਜੋੜਨਾ, ਮਨ੍ਹੇ ਨਹੀਂ ਕੀਤਾ। ਗੁਰਬਾਣੀ ਦੇ ਪਾਠ ਨਾਲ ਅਪਣਾ ਮਨ ਸ਼ਾਂਤੀ ਸਿਦਕ ਭਰੋਸੇ ਵਿਚ ਆਉਂਦਾ ਹੈ। ਅਰਦਾਸ ਤੇ ਦਿਲ ਦੇ ਸੂਖਮ ਭਾਵ ਜੀਉਂਦੀ ਤਾਕਤ ਹੋਣ ਕਰਕੇ ਜਿੱਥੇ ਬੀ ਵਿਛੁੜੇ ਪਯਾਰੇ ਦੀ ਆਤਮਾ ਹੋ, ਉਥੇ ਹੀ ਪਹੁੰਚਦੀ ਤੇ ਠੰਢਾਂ ਪਾਉਂਦੀ ਹੈ। ਫੇਰ ਅਰਦਾਸ ਵਾਹਿਗੁਰੂ ਜੀ ਅੱਗੇ ਹੁੰਦੀ ਹੈ ਜੋ ਸਰਬ ਵਯਾਪੀ ਹਨ, ਦਾਸਾਂ ਦੀ ਸੁਣਦੇ ਤੇ ਮੇਹਰਾਂ ਕਰਦੇ ਹਨ। ਇਸੇ ਕਰਕੇ ਤੀਸਰੇ ਸਤਿਗੁਰਾਂ ਨੇ ਹੁਕਮ ਕੀਤਾ ਸੀ:-

"ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ" [ਰਾਮਕਲੀ ਸਦੁ-੫

**ਨਿਰੁਕ**—ਜੀਵਤ-ਜੀਉਂਦੇ।

ਪਿਤਰ—[ਸੰਸ:, ਪਿਤਰ:=ਆਪਣੇ ਤੋਂ ਪਹਿਲੇ ਹੋਏ ਆਪਣੇ ਵਡੇ। ਕੁਲ ਦੇ ਪਿਤਰ] ਪੂਰਬ ਪੁਰਖ। ਵਡੇ ਵਡੇਰੇ, ਜਿਠੇਰੇ ਪਿਤਾ ਮਾਤਾ ਆਦਿ ਵਡੇ ਵਡੇਰੇ। ਇਸ ਪਦ ਵਿਚ ਆਉਂਦੇ ਹਨ ਵਿਸ਼ੇਸ਼ ਕਰਕੇ ਓਹ ਜੋ ਮਰ ਚੁਕੇ ਹੁੰਦੇ ਹਨ। ਦਾਦਾ ਦਾਦੀ ਆਦਿ ਬੀ ਪਿਤਰ ਹਨ। ਪਿਤ੍ਰੀ 'ਕੁਲ' ਨਾਲ 'ਪਿਤਰ' ਪਦ ਦਾ ਸਨਬੰਧ ਹੋਣ ਕਰਕੇ ਕਬੀਰ ਜੀ ਨੇ ਪਰਮੇਸ਼ੁਰ ਨੂੰ 'ਅਕੁਲ' ਕਿਹਾ ਹੈ। ਇਹ ਇਕ ਕਾਵਯ ਦਾ ਕਟਾਖਯ ਮੰਨਿਆ ਨੇ। ਕੁਲ ਆਦਿ ਹਦਬੰਦੀਆਂ ਵਿਚੋਂ ਕੱਢਣ ਵਾਸਤੇ 'ਅਕੁਲ' ਦੀ ਪੂਜਾ ਸਿਖਾਈ ਕਿ ਜਿਸ ਦੀ ਕੁਲ ਗੋਤ ਆਦਿ ਕੋਈ ਨਹੀਂ, ਉਹ ਪਰਮਾਤਮਾ।

ਸਿਰਾਧ—[ਸੰਸ:, ਸ਼੍ਰਾਦ੍ਧਮ੍=ਜੋ ਕੰਮ ਸ਼ਰਧਾ ਪੂਰਬਕ ਕੀਤਾ ਜਾਏ, ਪਰ ਵਿਸ਼ੇਸ਼ ਕਰਕੇ ਪਿਤਰਾਂ ਦੇ ਉਧਾਰ ਨਮਿਤ ਕੀਤੇ ਜਾਣ ਵਾਲੇ ਕਰਮ] ਸ਼ਰਾਧ। ਪਿਤਰਾਂ ਨਮਿਤ ਦਿਤੇ ਅੰਨ ਆਦਿ ਕਰਮ।

ਬਪੁਰੇ—ਵਿਚਾਰੇ। ਕੂਕਰ—[ਸੰਸ:, ਕੁਕੁਰ:=ਕੁਤਾ] ਕੁੱਤੇ।

ਕੁਸਲੁ—[ਸੰਸ:, ਕੁਸ਼ਲਮ੍=ਕਲਯਾਣ] ਖੁਸ਼ੀ, ਮੰਗਲ, ਸੁਖ ਸਾਂਦ।

ਦਵੀ ਦੇਵਾ—ਦੇਵੀ ਦੇਉਤੇ। ਜੀਉ=ਜੀਵ। ਭਾਵ ਹੈ ਜੀਉਂਦੀਆਂ ਜਾਨਾਂ ਉਹਨਾਂ ਅੱਗੇ ਬਲੀ ਦੇਂਦੇ ਹਨ। (ਅ) ਕਿਉਂਕਿ ਅੱਗੇ 'ਸਰ ਜੀਉ ਕਾਟਹਿ' ਆਉਂਦਾ ਹੈ ਇਸਲਈ ਏਥੇ 'ਜੀਉ ਦੇਹੀ' ਦਾ ਅਰਥ 'ਮਨ ਦੇਂਦੇ ਹਨ' ਬੀ ਕਰ ਲੈਂਦੇ ਹਨ। ਭਾਵ ਸ਼ਰਧਾ ਧਾਰਨ ਕਰਦੇ ਹਨ ਨਿਰਜਿੰਦ

ਮੂਰਤੀਆਂ ਵਿਚ ।

'ਐਸੇ ਪਿਤਰ ਤੁਮਾਰੇ' ਵਿਚ ਤੁਮਾਰੇ ਪਦ ਕਹਿਣ ਤੋਂ ਪਤਾ ਲਗਾ ਕਿ ਕਿਸੇ ਨਾਲ ਸਨਮੁਖ ਬਾਤ ਚੀਤ ਹੋ ਰਹੀ ਹੈ। ਚਾਹੇ ਅਗੇ ਕ੍ਰਿਯਾ ਅੰਨਯ ਪੁਰਖ ਦੀਆਂ ਹਨ। ਜਿਨ੍ਹਾਂ ਨੂੰ ਮੁਖ਼ਾਤਬ ਕਰਕੇ ਕਹਿ ਰਹੇ ਹਨ, ਉਹਨਾਂ ਨੂੰ ਪਰਵਿਰਤ ਲੋਕਾਂ ਦੀ ਗ਼ਲਤ ਕਰਨੀ ਦਿਖਾ ਰਹੇ ਹਨ।

ਸਰਜੀਉ—[ਸੰਸ:, ਸਜੀਵ:] ਜੀਵ ਵਾਲਾ,ਜੀਉਂਦਾ।

ਨਿਰਜੀਉ—[ਸੰਸ:, ਨਿਰਜੀਵ:] ਜਿੰਦ ਰਹਿਤ। ਮੁਰਦਾ।

ਅੰਤ ਕਾਲ—[ਸੰਸ:, ਅੰਤਕਾਲ:] ਅੰਤ ਦਾ ਸਮਾਂ, ਮਰਨ ਵੇਲਾ। (ਅ) ਮਰਕੇ ਉਸ ਦਾ ਮਗਰਲਾ ਵੇਲਾ।

ਭਾਰੀ—ਭਾਰੂ। ਭਾਰੂ ਹੋਇਆ। ਔਖਿਆਂ ਕਰੇਗਾ, ਕਸ਼ਟ ਦੇਵੇਗਾ। ਜੀਹਨੂੰ ਭਾਰ ਚੁੱਕਣ ਵਾਲੇ ਨੂੰ ਚੁੱਕਣ ਵਿਚ ਕਸ਼ਟ ਹੁੰਦਾ ਹੈ।

ਡੋਲਹਿ—[ਸੰਸ:, ਧਾ:-ਦੁਲ੍=ਝੂਲਨਾ। ਦੋਲ:=ਝੂਲਾ, ਪੰਘੂੜਾ] ਡੋਲਦੇ ਹਨ, ਭਟਕਦੇ ਹਨ। (ਅ) ਕਈ ਦਾਨੇ ਡੋਲਹਿ ਦਾ ਅਰਥ 'ਪੂਜਹਿ ਡੋਲਹਿ' ਮੇਲਕੇ ਕਰਦੇ ਹਨ:-ਪੂਜਦੇ ਹਨ।

ਅਕੁਲੁ—[ਅ+ਕੁਲ] ਜਿਸ ਦੀ ਕੋਈ ਕੁਲ ਨਹੀਂ ਹੈ। ਜੋ ਜਾਤ ਜਨਮ ਕੁਲ ਆਦਿ ਹੱਦ ਬੰਦੀਆਂ ਤੋਂ ਉੱਪਰ ਹੈ। ਪਰਮਾਤਮਾ। ਦੇਖੋ ਉਪਰ ਪਦ ਪਿਤਰ। ਏਥੇ ਅਕੁਲ ਪਦ ਐਵੇਂ ਨਹੀਂ ਵਰਤਿਆ, ਪਹਿਲੀਆਂ ਤੁਕਾਂ ਵਿਚ ਪਿਤਰੀ ਪੂਜਾ ਤੋਂ ਚੁੱਕ ਕੇ ਕੁਲ ਆਦਿ ਤੇ ਉਪਰ ਪਰਮਾਤਮਾਂ ਵਿਚ ਲਿਜਾਣੇ ਲਈ ਅਕੁਲ ਪਦ ਵਰਤਿਆ ਹੈ।

ਬਿਖਿਆ—ਮਾਇਆ। ਮਾਯਕ ਪਦਾਰਥ।

## [ਗਉੜੀ ਕਬੀਰ ਜੀ, ਚਉਪਦਾ—੪੬]

**ਪ੍ਰਾਕ੍ਰਥਨ**—ਅਗਲੇ ਸ਼ਬਦ ਵਿਚ ਯੋਗ ਤੇ ਗਯਾਨ ਦੀ ਬੋਲੀ ਵਿਚ ਭਗਤੀ ਨਿਰੂਪਣ ਕਰਦੇ ਹਨ ਤੇ ਸਾਰੀ ਪ੍ਰਾਪਤੀ ਦਾ ਮੂਲ 'ਨਾਮ ਦਾ ਅਭਿਆਸ' ਦੱਸਦੇ ਹਨ।

| ਮੂਲ | ਅਰਥ |
|---|---|
| ਗਉੜੀ ॥ ਜੀਵਤ ਮਰੈ ਮਰੈ ਫੁਨਿ ਜੀਵੈ ਐਸੇ ਸੁੰਨਿ ਸਮਾਇਆ ॥ ਅੰਜਨ ਮਾਹਿ ਨਿਰੰਜਨਿ ਰਹੀਐ ਬਹੁੜਿ ਨ ਭਵਜਲਿ ਪਾਇਆ॥੧॥ | ਜੋ ਜੀਵਤੂ (ਭਾਵ ਵਲੋਂ) ਮਰ ਜਾਏ ਤੇ ਮਰਕੇ ਫੇਰ (ਆਤਮ ਭਾਵ ਵਿਚ) ਜੀਉ ਪਵੇ ਐਉਂ (ਜੀਉਕੇ ਜੋ) ਅਫੁਰ ਬ੍ਰਹਮ ਵਿਚ ਸਮਾਇਆ ਰਹਿੰਦਾ ਹੈ (ਅਤੇ) ਮਾਇਆ ਵਿਚ (ਵਸਦਾ) ਮਾਇਆ ਤੋਂ ਅਲੇਪ ਰਹਿੰਦਾ ਹੈ (ਉਹ) ਮੁੜਕੇ ਸੰਸਾਰ ਸਾਗਰ ਵਿਚ ਨਹੀਂ ਪਾਇਆ ਜਾਂਦਾ ॥ ੧ ॥ |
| ਮੇਰੇ ਰਾਮ ਐਸਾ ਖੀਰੁ ਬਿਲੋਈਐ॥ ਗੁਰਮਤਿ ਮਨੂਆ ਅਸਥਿਰੁ ਰਾਖਹੁ ਇਨ ਬਿਧਿ ਅੰਮ੍ਰਿਤੁ ਪੀਓਈਐ ॥ ੧ ॥ ਰਹਾਉ ॥ | [ਹੁਣ 'ਅੰਜਨ ਮਾਹਿ ਨਿਰੰਜਨ' ਰਹਿਣ ਦੀ ਜੁਗਤਿ ਦੱਸਦੇ ਹਨ:-] ਹੇ ਮੇਰੇ ਮਿਤ੍ਰ! ਗੁਰੂ ਦੀ ਮਤਿ ਲੈ ਕੇ (ਆਓ, ਹਰੀ ਨਾਮ ਰੂਪੀ) ਦੁੱਧ ਨੂੰ ਐਸਾ ਰਿੜਕੀਏ (ਅਤੇ) ਮਨ ਨੂੰ (ਐਸਾ) ਟਿਕਾਉ ਵਿਚ ਰਖੀਏ ਕਿ ਇਸ ਵਿਧੀ ਨਾਲ ਅੰਮ੍ਰਿਤ ਪਏ ਪੀਵੀਏ ॥ ੧ ॥ ਰਹਾਉ ॥ |

ਗੁਰ ਕੈ ਬਾਣਿ ਬਜਰ ਕਲ ਛੇਦੀ ਪ੍ਰਗਟਿਆ ਪਦੁ ਪਰਗਾਸਾ ॥ ਸਕਤਿ ਅਧੇਰ ਜੇਵੜੀ ਭ੍ਰਮੁ ਚੂਕਾ ਨਿਹਚਲੁ ਸਿਵ ਘਰਿ ਬਾਸਾ ॥੨॥

[ਹੁਣ ਅਪਣਾ ਤਜਰਬਾ ਤੇ ਪ੍ਰਾਪਤੀ ਦੱਸਦੇ ਹਨ] ਗੁਰੂ ਦੇ (ਉਪਦੇਸ਼ ਰੂਪੀ) ਤੀਰ ਨਾਲ ਖੰਜਰ ਵਰਗੀ ਕਰੜੀ ਅਵਿਦਯਾ ਫਾੜ ਦਿੱਤੀ ਹੈ ਤਾਂ ਪ੍ਰਗਟ ਹੋ ਆਇਆ ਹੈ ਚਾਨਣ ਦਾ ਟਿਕਾਣਾ (ਅਰਥਾਤ ਬ੍ਰਹਮ)। (ਸੋ) ਮਾਇਆ ਦਾ ਹਨੇਰਾ (ਅਤੇ ਉਸ ਤੋਂ ਪੈ ਰਿਹਾ) ਰੱਸੀ ਵਿਚ (ਸੱਪ ਦਾ) ਭ੍ਰਮ ਦੂਰ ਹੋ ਗਿਆ ਹੈ (ਹਾਂ, ਹੁਣ) ਕਦੇ ਨਾਸ਼ ਨਾ ਹੋਣ ਵਾਲੇ ਕਲਯਾਣ ਦੇ ਟਿਕਾਣੇ ਵਿਚ ਨਿਵਾਸ ਹੋ ਗਿਆ ਹੈ। (ਭਾਵ ਅਵਿਨਾਸ਼ੀ ਪ੍ਰਭੂ ਵਿਚ ਨਿਵਾਸ ਹੋ ਗਿਆ ਹੈ)॥ ੨ ॥

ਤਿਨਿ ਬਿਨੁ ਬਾਣੈ ਧਨਖੁ ਚਢਾਈਐ ਇਹੁ ਜਗੁ ਬੇਧਿਆ ਭਾਈ ॥ ਦਹਦਿਸ ਬੂਡੀ ਪਵਨੁ ਝੁਲਾਵੈ ਡੋਰਿ ਰਹੀ ਲਿਵਲਾਈ ॥੩॥

ਹੇ ਭਾਈ! ਉਸ (ਸ਼ਕਤਿ=ਮਾਯਾ) ਨੇ ਬਿਨਾ ਧਨੁਖ ਵਿਚ ਤੀਰ ਚੜ੍ਹਾਏ ਹੋਏ ਦੇ ਇਹ (ਸਾਰਾ) ਜਗਤ ਵਿੰਨ੍ਹ ਰਖਿਆ ਹੈ। (ਪਰ ਅਸੀਂ ਬਚ ਰਹੇ ਹਾਂ ਨਾਮ ਦੁਆਰਾ ਪਰਮਾਤਮਾਂ ਵਿਚ ਲਿਵ ਲਾਈ ਰੱਖ ਕੇ ਜਿੱਕੁਰ ਉਡ ਰਹੀ) ਗੁਡੀ ਦੇ ਦਸੋ ਦਿਸ਼ਾ ਵਿਚ ਹਵਾ ਝੁੱਲਦੀ ਹੈ (ਪਰ ਉਹ) ਡੋਰ ਵਿਚ ਲਿਵ ਲਾਈ ਰੱਖ ਕੇ (ਬਚੀ ਰਹਿੰਦੀ ਹੈ) ॥ ੩ ॥

ਉਨਮਨਿ ਮਨੂਆ ਸੁੰਨਿ ਸਮਾਨਾ ਦੁਬਿਧਾ ਦੁਰਮਤਿ ਭਾਗੀ ॥ ਕਹੁ ਕਬੀਰ ਅਨਭਉ ਇਕੁ ਦੇਖਿਆ ਰਾਮ ਨਾਮਿ ਲਿਵ ਲਾਗੀ ॥ ੪ ॥ ੨ ॥ ੪੬ ॥

(ਉਸ ਲਿਵ ਰੂਪੀ ਡੋਰੀ ਦੇ ਲੱਗੇ ਰਹਿਣ ਕਰਕੇ) ਮਨ ਉਨ-ਮਨ ਹੋ ਕੇ ਅਫੁਰ (ਬ੍ਰਹਮ ਵਿਚ) ਸਮਾ ਗਿਆ ਤੇ ਦੁਐਤ ਭਾਵ ਵਿਚ ਰੱਖਣੇ ਵਾਲੀ ਖੋਟੀ ਬੁਧੀ (ਸਾਡੇ ਤੋਂ ਦੂਰ) ਭੱਜ ਗਈ। ਕਹਿੰਦੇ ਹਨ ਸ੍ਰੀ ਕਬੀਰ ਜੀਉ (ਅਸਾਂ) ਇਕ (ਅਦੁਤੀ ਪਰਮਾਤਮਾ ਨੂੰ) ਅਨੁਭਵ ਦੁਆਰਾ ਦੇਖਿਆ ਹੈ। [ਹੁਣ ਅਪਣੇ ਭਗਤੀ ਮਤਿ ਦਾ ਪ੍ਰਤਾਪ ਦੱਸਦੇ ਹਨ:–] (ਇਹ ਜੋ ਅਨਭਉ ਦੁਆਰਾ ਪ੍ਰਭੂ ਦਾ ਸਾਖਯਾਤਕਾਰ ਹੋਇਆ ਇਹ ਪ੍ਰਤਾਪ ਹੈ) ਰਾਮ ਨਾਮ ਵਿਚ ਲਿਵ ਲਗੀਦਾ ॥੪॥੨॥੪੬॥

**ਵ੍ਯਾਖ੍ਯਾ**—ਇਸ ਸ਼ਬਦ ਵਿਚ ਕਬੀਰ ਜੀ 'ਸੁੰਨਿ, ਮਨ, ਸਿਵ ਸਕਤਿ' ਆਦਿ ਯੋਗ ਮਾਰਗ ਦੇ ਪਦ ਵਰਤਦੇ ਹਨ ਤੇ 'ਜੇਵੜੀ ਭ੍ਰਮੁ, ਦੁਬਿਧਾ, ਪਰਗਾਸਾ' ਆਦਿ ਵੇਦਾਂਤ ਮਾਰਗ ਦੇ ਪਦ ਵਰਤਦੇ ਹਨ। ਫੇਰ ਅਪਣੇ ਭਗਤੀ ਮਾਰਗ ਦੇ ਪਦ ਵੀ ਵਰਤਦੇ ਹਨ: 'ਰਾਮ ਨਾਮ, ਲਿਵ, ਬਿਲੋਈਐ' ਆਦਿ। ਸਾਰੇ ਕਥਨ ਵਿਚ ਯੋਗ ਗਿਆਨ ਦਾ ਸੰਮੇਲਨ ਕਰਕੇ ਅਪਣੇ ਭਗਤੀ ਗਿਆਨ ਦੀ ਉੱਚ ਤੇ ਅਮਲੀ ਤੌਰ ਤੇ ਪ੍ਰਾਪਤ ਅਵਸਥਾ ਦੀ ਪ੍ਰੋੜਤਾ ਕਰਦ ਹਨ ਤ ਨਿਜੀ ਤਜਰਬਾ ਵਰਣਨ ਕਰਦੇ ਹਨ। ਅਨੁਭਵੀ ਬਾਤਾਂ ਵਿਚ ਜ਼ਾਤੀ ਤਜਰਬਾ ਹੀ ਸਭ ਤੋਂ ਵੱਡੀ ਉਗਾਹੀ ਹੋਇਆ ਕਰਦੀ ਹੈ। ਜਾਪਦਾ ਹੈ ਕਿ ਸ਼ੋ ਯੋਗ ਤੇ ਗਯਾਨ ਮਾਰਗ, ਦੋਹਾਂ ਦੇ ਵਾਕਫ ਪਰ ਅਪ੍ਰਾਪਤ ਅਵਸਥਾ ਦੇ ਮਿਤ੍ਰ ਨਾਲ ਗਲਾਂ ਕਰ ਰਹੇ ਹਨ। ਮੇਰੇ ਰਾਮ! ਕਰਕੇ ਉਸ ਨੂੰ ਸੰਬੋਧਨ ਕਰਦੇ ਹਨ। 'ਰਾਮ' ਨਾਮ ਹੈ ਰਾਮਚੰਦਰ, ਬਲਿਰਾਮ ਤੇ ਪਰਸਰਾਮ ਦਾ। ਪਰ ਰਾਮ ਨਾਮ ਹੈ ਜਿਸ ਨੂੰ ਮਿਲਕੇ ਪ੍ਰਸੰਨਤਾ ਹੋਵੇ, ਭਾਵ ਹੈ 'ਮਿਤ੍ਰ'। ਸੋ ਸੰਪ੍ਰਦਾ ਵਾਲੇ ਦਾਨੇ ਕਈ ਵੇਰ ਰਾਮ ਦਾ ਭਾਵ: ਹੇ ਮਿਤ੍ਰ, ਹੇ ਭਾਈ ਬੀ ਲੈ ਲੈਂਦੇ ਹਨ।

ਅੰਕ ੧ ਵਿਚ ਮਿਤ੍ਰ ਨੂੰ ਸਰਬ ਤੋਂ ਉੱਤਮ ਅਵਸਥਾ ਦੱਸਦੇ ਹਨ, ਜਿਸ ਵਿਚ ਕਿ ਜੀਵ ਨੂੰ ਪਹੁੰਚਣਾ ਚਾਹੀਦਾ ਹੈ ਕਿ ਸੰਸਾਰ ਦੇ ਪਿਆਰ ਵਿਚ ਜੋ ਬ੍ਰਿਤੀ ਖਚਿਤ ਰਹਿੰਦੀ ਹੈ ਅਤੇ ਗ਼ਾਫ਼ਲ ਰਹਿਕੇ ਪਾਪ ਪੁੰਨ ਕਰਦੀ ਦੁਖ ਭਰਦੀ ਤੇ ਦੁਖ ਦੇ ਰਹੀ ਹੁੰਦੀ ਹੈ ਉਹ ਇਨ੍ਹਾਂ ਖੋਟੇ ਭਾਵਾਂ ਤੋਂ ਉੱਚੀ ਉੱਠੇ। ਇਹ ਉਸ ਗ਼ਾਫ਼ਲੀ ਯਾ ਪਾਪ ਮਈ ਜੀਵਨ ਤੋਂ ਮਾਨੋ ਮਰ ਜਾਣਾ ਹੈ, ਜੋ ਮਰ ਜਾਣੇ ਵਤ ਹੀ ਔਖਾ

ਲਗਦਾ ਹੈ । ਪਰ ਇਹ ਮਰ ਜਾਣਾ ਹੀ ਪ੍ਰਯੋਜਨ ਨਹੀਂ ਇਸ ਮੌਤੇ ਮਰਕੇ ਇਕ ਹੋਰ ਜੀਵਨ ਵਿਚ ਜੀਉ ਉਠਣਾ ਹੈ। ਉਹ ਜੀਵਨ ਹੈ-ਉੱਚ ਜੀਵਨ । ਆਪ ਦੱਸਦੇ ਹਨ ਉਹ ਹੈ 'ਸੁੰਨਿ ਸਮਾਇਆ' ਜੀਵਨ । 'ਸੁੰਨ' ਪਦ ਜੋਗੀਆਂ ਦਾ ਹੈ, ਭਾਵ ਹੁੰਦਾ ਹੈ: ਅਫੁਰ ਸਮਾਧੀ ਜੋ ਅਪਣੇ ਸਰੂਪ ਵਿਚ ਹੀ ਨਿਰ-ਵਿਕਲਪ ਹੋਕੇ ਟਿਕਣ ਨੂੰ ਪਰਮ ਪਦ ਦੱਸਦੇ ਹਨ,ਅਰਥਾਤ ਜੀਵ ਤੱਤ ਦਾ ਜੀਵ ਤੱਤ ਵਿਚ ਸਮਾਉਣਾ, ਬੋਧੀਆਂ ਦਾ ਸੁੰਨ ਹੈ: ਸੁੰਨ, ਸਿਫਰ, ਕੁਛ ਨਾ ਹੋਣਾ; ਜੋ ਆਤਮਾ ਪਰਮਾਤਮਾ ਨੂੰ ਕੁਛ ਨਹੀਂ ਮੰਨਦੇ। ਪਰ ਕਬੀਰ ਜੀ 'ਸੁੰਨ ਸਮਾਇਆ' ਕਹਿਕੇ ਏਹ ਭਾਵ ਬੋਧੀਆਂ ਵਾਲਾ ਨਹੀਂ ਲੈ ਰਹੇ। ਨਾ ਜੋਗੀਆਂ ਵਾਲਾ ਕਿ ਆਪੇ ਵਿਚ ਗੁੰਮ ਹੋ ਗਏ ਤਾਂ ਸੁੰਨ ਹੋ ਗਿਆ; ਪਰ ਓਹ ਸੁੰਨ ਤੋਂ ਮੁਰਾਦ ਅਫੁਰ, ਨਿਰਗੁਣ, ਨਿਰਾਕਾਰ, ਪਾਰਬ੍ਰਹਮ ਤੇ ਅਨੰਤ ਪਰਮੇਸ਼ੁਰ ਤੋਂ ਲੈ ਰਹੇ ਹਨ, ਜੋ ਅੱਗੇ ਚਲਕੇ ਇਸੇ ਸ਼ਬਦ ਤੋਂ ਪ੍ਰਗਟ ਹੋ ਜਾਂਦਾ ਹੈ। ਭਗਤੀ ਮਾਰਗ ਵਿਚ ਜੀਵ ਤੱਤ ਦਾ ਬ੍ਰਹਮ ਤੱਤ ਵਿਚ ਸਮਾਉਣਾ ਸੁੰਨ ਸਮਾਉਣਾ ਹੈ।

ਦੂਸਰੀ ਤੁਕ ਵਿਚ ਇਕ ਪ੍ਰਸ਼ਨ ਦਾ ਉੱਤਰ ਹੈ ਕਿ ਜੀ ਜੋ ਸੁੰਨ ਵਿਚ ਸਮਾ ਜਾਏਗਾ ਓਹ ਫੇਰ ਮਾਯਕ ਸੰਸਾਰ ਵਿਚ ਜੀਵੇਗਾ ਕੀਕੂੰ ? ਤਾਂ ਉੱਤਰ ਦੇਂਦੇ ਹਨ ਕਿ ਜੀਕੂੰ ਕੋਈ ਸਦਾ ਹੁਸ਼ਿਆਰ ਪੁਰਖ ਸੁਰਮੇ ਦੇ ਘਰ ਵਿਚ ਰਹੇ ਤੇ ਸੁਰਮੇ ਦਾ ਦਾਗ਼ ਆਪ ਨੂੰ ਨਾ ਲਗਣ ਦੇਵੇ। ਤਿਵੇਂ ਪ੍ਰਬੁੱਧ ਪੁਰਖ ਮਾਯਾ ਵਿਚ ਵਸਦਾ ਮਾਯਾ ਦੇ ਅਸਰਾਂ ਤੋਂ ਅੰਤਰ ਆਤਮੇ ਅਲੇਪ ਰਹੇਗਾ, ਤਦ ਪਰਮਾਤਮਾ ਨਾਲ ਬੀ ਲਗਾ ਰਹੇਗਾ । ਪ੍ਰਸ਼ਨ: ਉਸ ਦਾ ਫਲ ਉਸ ਨੂੰ ਕੀਹ ਮਿਲੇਗਾ ? ਉੱਤਰ: ਉਸ ਦਾ ਜਨਮ ਮਰਨ ਕਟ ਜਾਏਗਾ, ਉਹ ਮੁੜਕੇ ਇਸ ਭਵਸਾਗਰ ਵਿਚ ਕਰਮ ਬੱਧ ਹੋਕੇ ਨਹੀਂ ਆਵੇਗਾ । ਹੁਣ ਪ੍ਰਸ਼ਨ ਹੁੰਦਾ ਹੈ ਕਿ ਐਸਾ ਜੀਵਨ ਕੀਕੂੰ ਮਿਲੇ ? ਇਸ ਦਾ ਉੱਤਰ ਰਹਾਉ ਵਿਚ ਹੈ।

ਹੇ ਪਿਆਰੇ! ਪਹਿਲਾ ਕੰਮ ਹੈ: ਗੁਰੂ ਦੀ ਮਤਿ ਪ੍ਰਾਪਤ ਕਰੋ, ਉਹ ਮਤਿ ਕੀਹ ਮਿਲੇਗੀ ? ਉੱਤਰ: ਰਾਮ ਨਾਮ ਜਪਣੇ ਦੀ। ਉਸ ਰਾਮ ਨਾਮ ਨੂੰ ਕੀਕੂੰ ਜਪੀਏ ? ਉੱਤਰ: ਜਿਸ ਤਰ੍ਹਾਂ ਸਆਣੀ ਦੁੱਧ ਰਿੜਕਦੀ ਹੈ। ਇਥੇ ਕਈ ਦਾਨੇ ਦੁੱਧ ਦਾ ਭਾਵ ਵੀਚਾਰ ਲੈਂਦੇ ਹਨ, ਵੀਚਾਰ ਬੀ ਭਗਤੀ ਤੇ ਗਯਾਨ ਦਾ ਪਰਮ ਜ਼ਰੂਰੀ ਅੰਗ ਹੈ ਪਰ ਕਬੀਰ ਜੀ ਦਾ ਏਥੇ ਭਾਵ 'ਨਾਮ ਸਿਮਰਣ' ਤੋਂ ਹੈ, ਜੈਸਾ ਕਿ ਕਬੀਰ ਜੀ ਦਾ ਹੀ ਵਾਕ ਹੈ:–

ਹਰਿ ਕਾ ਬਿਲੋਵਨਾ ਬਿਲੋਵਹੁ ਮੇਰੇ ਭਾਈ॥ ਸਹਜਿ ਬਿਲੋਵਹੁ ਜੈਸੇ ਤਤੁ ਨ ਜਾਈ॥

[ਆਸਾ ਕਬੀਰ ਜੀ -੧੦

ਇਸ ਤੁਕ ਵਿਚ ਸਪਸ਼ਟ ਦੱਸ ਰਹੇ ਹਨ ਕਿ ਨਾਮ ਨੂੰ ਸਹਿਜ ਰੀਤੀ ਨਾਲ ਸਿਮਰੋ, ਅਸਹਿਜ ਤ੍ਰੀਕੇ ਨਾ ਵਰਤੋ। ਸਹਿਜ ਤ੍ਰੀਕੇ ਨਾਲ ਸਿਮਰਣ 'ਜੀਉਂਦੀ ਯਾਦ' ਹੁੰਦੀ ਹੈ, ਅਸਹਿਜ ਤ੍ਰੀਕਿਆਂ ਨਾਲ ਇਹ ਸਾਧਾਰਣ ਸਾਧਨ ਮਾਤ੍ਰ ਰਹਿ ਜਾਂਦੀ ਹੈ।

ਕਬੀਰ ਜੀ ਦਾ ਭਾਵ ਏਥੇ 'ਦੁੱਧ' ਤੋਂ 'ਨਾਮ' ਹੈ ਤੇ ਇਹ ਗੱਲ ਇਸੇ ਸ਼ਬਦ ਦੀ ਅਖੀਰਲੀ ਤੁਕ ਤੋਂ ਸਪਸ਼ਟ ਹੋ ਜਾਂਦੀ ਹੈ।

ਅਗਲੀ ਤੁਕ ਮਨ ਨੂੰ ਧਾਵਨੋ ਵਰਜਿਤ ਕਰਨ ਤੇ ਹੈ ਕਿ ਨਾਮ ਜਪੋ ਜਿਵੇਂ ਦਹੀਂ ਰਿੜਕੀਦੀ ਹੈ, ਪਰ ਸਹਜ ਨਾਲ ਬਿਲੋਵੋ। ਤ੍ਰਿੱਖੀ ਬਿਲੋਵਨਹਾਰ ਮੱਖਣ ਗੁਆ ਬਹਿੰਦੀ ਹੈ। ਇਸ ਕਰਕੇ ਏਥੇ ਪਦ 'ਮਨੂਆ ਅਸਥਿਰੁ ਰਾਖਹੁ' ਨਾਲ ਕਿਹਾ ਹੈ ਕਿ ਮਨ ਨੂੰ ਧਾਵਨ ਤੋਂ ਹੋੜ ਹੋੜ ਕੇ ਟਿਕਾ ਟਿਕਾ ਕੇ ਸਿਮਰਨ ਕਰੋ, ਇਸ ਦਾ ਫਲ ਅੰਮ੍ਰਿਤ ਪੀਣਾ ਹੋਵੇਗਾ, ਸਾਖਯਾਤਕਾਰ (ਯਾ ਗਯਾਨ) ਰੂਪੀ ਮਖਣ ਪ੍ਰਾਪਤ ਹੋਵੇਗਾ। ਭਾਵ ਤੁਸਾਂ ਨਾਮ ਸਿਮਰਣ ਨਾਲ 'ਪਰਮਾਤਮ ਸਾਖਯਾਤਕਾਰਤਾ' ਤੱਕ ਅੱਪੜ ਪੈਓਗੇ। ਅੱਗੋਂ ਹੁਣ ਅਪਣਾ ਨਿਜੀ ਤਜਰਬਾ ਦੱਸਦੇ ਹਨ ਕਿ ਕਿਵੇਂ ਉਨ੍ਹਾਂ ਨੂੰ ਪ੍ਰਾਪਤੀ ਹੋਈ ਸੀ।

ਅੰਕ ੨–ਗੁਰੂ ਦੀ ਮਤਿ ਨੇ ਇਕ ਤਾਂ ਨਾਮ ਸਿਮਰਣ ਵਿਚ ਲਾਇਅ ਸੀ ਦੂਜੀ ਗੱਲ ਦੱਸੀ ਸੀ ਕਿ ਨਾਮ ਨੂੰ ਖੀਰ (=ਦੁੱਧ) ਵਾਙੂ ਬਿਲੋਵਹੁ, ਤੇ ਮਨ ਨੂੰ ਟਿਕਾ ਕੇ ਨਾਮ ਜਪੋ। ਫੇਰ ਗੁਰੂ ਨੇ

ਉਪਦੇਸ਼ ਦਿੱਤਾ ਸੀ ਕਿ ਜਗਤ ਜਿਵੇਂ ਦਿੱਸਦਾ ਹੈ ਇਹ ਹੈ ਹੋਰਵੇਂ । ਜੋ ਤੂੰ ਦੇਖਦਾ ਹੈਂ ਉਹ ਭ੍ਰਮ ਵਾਲਾ ਹੈ। ਸੋ ਨਾਮ ਤੋਂ ਪ੍ਰਾਪਤ ਲਿਵ ਤੇ ਗੁਰੂ ਦੀ ਕੀਤੀ ਬਾਣੀ ਭਾਵ ਉਚਰੇ ਵਾਕਾਂ ਤੋਂ ਜੋ ਅਵਿਦਯਾ ਦਾ ਪਰਦਾ ਪੱਥਰ ਵਰਗਾ ਕਰੜਾ ਤੇ ਅੰਧਕਾਰੀ ਸੀ ਫਟ ਗਿਆ। ਜਿਵੇਂ ਜੇ ਕਿਸੇ ਪਰਦੇ ਨੇ ਹਨੇਰਾ ਕਰ ਰਖਿਆ ਹੋਵੇ ਤਾਂ ਉਸ ਦੇ ਫਟ ਜਾਣ ਤੇ ਚਾਨਣ ਪ੍ਰਗਟ ਹੋ ਆਵੇਗਾ। ਇਸਤਰ੍ਹਾਂ ਬੁੱਧੀ ਉਤੇ ਜੋ ਭ੍ਰਮ ਰੂਪੀ ਕਰੜਾ ਪਰਦਾ ਪੈ ਰਿਹਾ ਹੈ, ਜੋ ਮਨ ਨੂੰ ਭੈ ਵਿਚ ਪਾ ਰਿਹਾ ਹੈ; ਜਿਵੇਂ ਕੋਈ ਪੁਰਖ ਹਨੇਰੇ ਵਿਚ ਪਈ ਰੱਸੀ ਨੂੰ ਸੱਪ ਸਮਝ ਕੇ ਡਰਦਾ ਹੈ ਤੇ ਚਾਨਣ ਪੈ ਜਾਣ ਤੇ ਰੱਸੀ ਸਿਆਣ ਕੇ ਗਯਾਨ ਵਾਲਾ ਤੇ ਅਭੈ ਹੋ ਜਾਂਦਾ ਹੈ; ਤਿਵੇਂ ਜਦ ਅਵਿਦਯਾ ਕਿ ਮਾਯਾ ਜਾਲ ਦਾ ਭ੍ਰਮ ਦੂਰ ਹੋ ਜਾਏ ਤਾਂ ਪਹਿਲਾਂ ਪਕਾਸ਼ ਰੂਪ ਅਪਣਾ ਆਪਾ ਭਾਨ ਹੋ ਆਉਂਦਾ ਹੈ, ਫਿਰ ਪ੍ਰਕਾਸ਼ ਰੂਪ ਪਰਮਾਤਮ ਦੇਵ ਭਾਨ ਹੋ ਆਉਂਦੇ ਹਨ ਤੇ ਫੇਰ ਇਹ 'ਵਿਸ਼੍ਵ ਸੰਸਾਰ' 'ਹਰੀ ਰੂਪ' ਹੋ ਕੇ ਦਿੱਸ ਪੈਂਦਾ ਹੈ; ਤਦੋਂ ਜਾਣ ਕਿ ਹੁਣ ਸਿਵ ਘਰ ਵਾਸਾ ਹੋ ਗਿਆ ਹੈ। ਏਥੇ ਸਿਵ ਦਾ ਅਰਥ ਮਹਾਂ ਦੇਵ ਨਾਮੀ ਦੇਵਤਾ ਨਹੀਂ, ਪਰ 'ਕਲਯਾਣ ਸਰੂਪ, ਤ੍ਰਿਗੁਣਾਤੀਤ ਪਾਰਬ੍ਰਹਮ ਪਰਮੇਸਰ' ਮੁਰਾਦ ਹੈ। ਸ਼ਿਵ ਦੇ ਅਰਥ ਹਨ: ਕਲਯਾਣ ਸਰੂਪ, ਸਦਾ ਅਨੰਦ ਆਦਿ। ਸੋ ਇਸ ਜਾਗੇ ਹੋਏ ਮਹਾਂ ਪੁਰਖ ਦਾ ਸਦਾ ਨਿਵਾਸ ਪਾਰਬ੍ਰਹਮ ਵਿਚ ਹੋ ਜਾਂਦਾ ਹੈ। ਸ਼ਿਵ ਪਦ ਸ਼ਕਤੀ ਦੇ ਟਾਕਰੇ ਤੇ ਦਿੱਤਾ ਹੈ ਕਿ ਮਾਯਾ ਦਾ ਅੰਧਕਾਰ ਮਿਟ ਕੇ ਕਲਯਾਣ ਸਰੂਪ ਦੀ ਪ੍ਰਾਪਤੀ ਹੋ ਜਾਂਦੀ ਹੈ।

ਅੰਕ ੩—ਇਸ ਅੰਕ ਦੇ ਸ਼ੁਰੂ ਵਿਚ ਪਦ ਪਿਆ ਹੈ 'ਤਿਨਿ'। 'ਤਿਨਿ' ਪਦ ਸੰਬੰਧ ਵਾਚਕ ਸਰਵਨਾਮ* ਦਾ ਹੈ, ਇਸਦੇ ਪਹਿਲੋਂ ਕੋਈ ਸੰਗਯਾ ਵਾਚਕ ਪਦ ਇਸ ਦਾ ਲਖਾਯਕ ਅਗ੍ਰਗਾਮੀ† ਹੋਣਾ ਚਾਹੀਏ; ਸੋ ਹੈ ਪਦ 'ਸ਼ਕਤਿ' (=ਮਾਯਾ) ਜੋ ਪਹਿਲੇ ਅੰਕ ਵਿਚ ਆਯਾ ਹੈ। ਉਸ ਅਨੁਸਾਰ ਅੰਕ ੩ ਦੀ ਪਹਿਲੀ ਤੁਕ ਦਾ ਅਰਥ ਹੈ ਕਿ ਉਸ (ਮਾਇਆ) ਨੇ ਜਗਤ ਨੂੰ ਭੁਲੇਵੇ ਵਿਚ ਪਾ ਰਖਿਆ ਹੈ, ਦਹਦਿਸ਼ ਮਾਇਆ ਰੂਪੀ ਪਵਨ ਝੁਲਾਰੇ ਦੇ ਰਹੀ ਹੈ ਤੇ ਅਸੀਂ ਸਾਈਆਂ ਜੀਓ ਵਿਚ ਲਿਵ ਦੀ ਡੋਰ ਲਾ ਕੇ ਬਚੇ ਰਹੇ ਹਾਂ, ਜਿਵੇਂ ਗੁੱਡੀ ਡੋਰ ਦੇ ਆਸਰੇ ਬਚੀ ਰਹਿੰਦੀ ਹੈ ਤਿਵੇਂ ਮਾਇਆ ਦੇ ਝੁਲਾਰੇ ਸਾਨੂੰ ਡੇਗ ਨਹੀਂ ਸਕੇ।

ਪਰ ਕਈ ਵਿਦਵਾਨ ਸਜਣ 'ਤਿਨਿ' ਪਦ ਨੂੰ ਲਖਾਯਕ 'ਗਯਾਨ ਵਾਨ' ਦਾ ਲੈਂਦੇ ਹਨ ਚਾਹੇ ਗਯਾਨਵਾਨ ਪਦ ਵਿਚ ਨਹੀਂ ਹੈ ਪਹਿਲੇਂ, ਪਰ ਜਿਨ੍ਹਾਂ ਦੇ ਲੱਛਣ ਅੰਕ ੨ ਵਿਚ ਹਨ। ਇਉਂ ਮੁੱਢ ਬੰਨ੍ਹ ਕੇ ਫਰ ਅੰਕ ੩ ਦਾ ਗਯਾਨ ਮਈ ਅਰਥ ਐਉਂ ਕਰਦੇ ਹਨ ਕਿ ਉਨ੍ਹਾਂ (ਗਯਾਨਵਾਨ ਪੁਰਖਾਂ) ਨੇ ਬਿਨਾ ਹੀ ਲੋਹੇ ਦੇ ਧਨੁਖ ਬਾਣ ਚਾੜ੍ਹੇ ਦੇ ਏਹ ਜਗਤ, ਜੋ ਮਾਯਾ ਦਾ ਕਾਰਯ ਹੈ, ਵਿੰਨ੍ਹ ਘੱਤਿਆ ਹੈ। ਭਾਵ 'ਨਾਮ ਰੂਪ' ਵਾਲੇ ਜਗਤ ਦਾ ਅਪਣੇ ਨਿਸਚੇ ਵਿਚੋਂ ਨਾਸ਼ ਕਰ ਦਿੱਤਾ ਹੈ। ਹੁਣ ਪ੍ਰਸ਼ਨ ਹੁੰਦਾ ਹੈ ਕਿ ਜਗਤ ਦਾ ਨਾਸ਼ ਕਰਕੇ ਫੇਰ ਆਪ ਕੀਕੂੰ ਜੀਉਂਦੇ ਹਨ ? ਤਾਂ ਉੱਤਰ ਦੇਂਦੇ ਹਨ ਕਿ ਜਿਵੇਂ ਦਸੋ ਦਿਸ਼ਾ ਤੋਂ ਗੁਡੀ ਨੂੰ ਪੌਣ ਹਿਲਾਉਂਦੀ ਰਹਿੰਦੀ ਹੈ, ਭਾਵ ਚੇਸ਼ਟਾ ਕਰਵਾਉਂਦੀ ਰਹਿੰਦੀ ਹੈ ਤਿਵੇਂ ਉਸ ਗਯਾਨਵਾਨ ਦੀ ਦੇਹ ਨੂੰ 'ਪ੍ਰਾਰਬਧ' ਰੂਪੀ ਪਉਣ ਚਲਾਉਂਦੀ ਰਹਿੰਦੀ ਹੈ ਤੇ ਉਨ੍ਹਾਂ ਦੀ ਬ੍ਰਿਤੀ ਰੂਪੀ ਡੋਰ ਅਪਣੇ ਸਰੂਪ ਵਿਚ ਯਾ ਪਰਮਾਤਮ ਸਰੂਪ ਵਿਚ, ਲੱਗੀ ਰਹਿੰਦੀ ਹੈ ਜਿਸ ਨੂੰ 'ਲਿਵ' ਆਖਿਆ ਹੈ।

ਅੰਕ ੪-ਹੁਣ ਇਸ ਅੰਕ ਵਿਚ ਅਪਣੀ ਉੱਚ ਪ੍ਰਾਪਤੀ ਦੱਸਦੇ ਹਨ ਕਿ ਮਨ ਦੀ ਅਵਸਥਾ ਤਾਂ ਉਨਮਨ (ਮਨ ਨੂੰ ਉਚਯਾਣ ਵਿਚ ਰੱਖਣ ਵਾਲੀ ਹਾਲਤ) ਹੋ ਗਈ ਹੈ। ਬਾਹਰ ਮੁਖ ਤੋਂ ਉਲਟ ਕੇ ਅੰਤਰ ਮੁਖ ਹੋਇਆਂ ਭਗਤ ਇਕ ਉਚਯਾਣ ਤੇ ਰਸ-ਪ੍ਰਤੀਤੀ ਵਿਚ ਹੁੰਦਾ ਹੈ; ਉੱਚਾ ਹੋ ਕੇ (ਸੁੰਨ=) ਅਫੁਰ (ਨਿਰਗੁਣ) ਪਰਮਾਤਮਾ ਵਿਚ ਲੱਗਾ ਰਹਿੰਦਾ ਹੈ। ਦ੍ਰਿਸ਼ਟਾ ਪੱਖ ਵਿਚ 'ਪਰਮਾਤਮ ਮੇਲ' ਵਿਚ

*Relative Pronoun. †Antecedent.

ਅਵਿਰਲ ਲਗਾਉ ਬਣਿਆ ਰਹਿੰਦਾ ਹੈ, ਤੇ ਉਹ ਖੋਟੀ ਬੁੱਧੀ, ਜੋ ਪਹਿਲੋਂ ਦ੍ਵੈਤ ਭਾਵਨਾ ਵਿਚ ਰੱਖਦੀ ਸੀ, ਹੁਣ 'ਜਬ ਹਮ ਏਕੋ ਏਕੁ ਕਰਿ ਜਾਨਿਆ' ਵਿਚ ਰੱਖਦੀ ਹੈ,ਅੰਦਰ ਦੂਈ ਦੁਐਤ ਨਹੀਂ ਰਹਿੰਦੀ। ਹੁਣ ਤਾਂ ਅਦੁਤੀ ਪਰਮਾਤਮਾ ਇਕੋ ਇਕ ਨਜ਼ਰੀਂ ਪੈਂਦਾ ਹੈ। ਐਉਂ ਨਹੀਂ ਜਿਵੇਂ ਦ੍ਰਿਸ਼ਟਮਾਨ ਪਦਾਰਥ ਨਜ਼ਰੀ ਪੈਂਦੇ ਹਨ, ਪਰ ਅਨਭਉ ਦੁਆਰਾ। ਅਰਥਾਤ ਅੰਤਰ ਆਤਮੇ ਆਤਮਾ ਪਰਮਾਤਮਾ ਦੇ ਸਚ ਮੁਚ ਦੇ ਮੇਲ ਵਿਚ ਆ ਕੇ ਪ੍ਰਤੱਖ ਪ੍ਰਤੀਤ ਕਰ ਲੈਂਦਾ ਹੈ। ਇਸ ਨੂੰ ਸਾਖਜਾਤਕਾਰ ਬੀ ਕਹਿੰਦੇ ਹਨ। ਪਛਮੀ ਲੋਕ Realization ਬੀ ਕਹਿੰਦੇ ਹਨ। ਇਹ ਗਜਾਨ ਦ੍ਰਿਸ਼ਟਮਾਨਤਾ ਵਾਲਾ ਗਜਾਨ ਨਹੀਂ, ਪਰ ਦ੍ਰਿਸ਼ਟਾ ਦਾ ਅਪਣੇ ਦ੍ਰਿਸ਼ਟਾ ਪਦ ਵਿਚ ਟਿਕ ਕੇ ਬ੍ਰਹਮ ਤਤ ਨਾਲ ਤਦਰੂਪਤਾ ਦੀ ਪ੍ਰਾਪਤੀ ਰੂਪੀ ਗਜਾਨ ਹੈ। ਅੰਤਲੀ ਅੱਧੀ ਤੁਕ ਵਿਚ ਅਪਣੀ ਪ੍ਰਾਪਤੀ ਰਾਮ ਨਾਮ ਤੋਂ ਪ੍ਰਾਪਤ ਹੋਈ ਦੱਸਕੇ ਸੁਚੇਤ ਕਰਦੇ ਹਨ ਕਿ ਇਹ ਸਾਰੀ ਦੱਸੀ ਗੱਲ ਬਾਤ ਕਮਾਈ ਦੀ ਹੈ, ਜੋ ਰਾਮ ਨਾਮ ਦੀ ਲਿਵ ਬਿਨਾ ਪ੍ਰਾਪਤ ਨਹੀਂ ਹੁੰਦੀ। ਇਹ ਗੱਲਾਂ ਨਾਲ ਕਹਿਣ ਕਥਨ ਵਾਲੀ 'ਵਾਕਜ ਰਚਨਾ' ਮਾਤ੍ਰ ਦਾ ਖੇਲ ਨਹੀਂ ਹੈ।

**ਨਿਰੁਕ੍ਤ**—ਜੀਵਤ-[ਜੀਵਤ੍ਰ] ਜੀਉਂਦੇ ਹੋਣ ਦੀ ਦਸ਼ਾ। ਜੀਵਤ੍ਰ ਭਾਵ। ਸੰਸਾਰਿਕ ਜੀਵਨ ਜੋ ਮੋਹ ਮਾਇਆ ਦਾ ਅਗਜਾਨ ਵਾਲਾ ਜੀਵਨ ਹੈ।

ਫੁਨਿ—[ਸੰਸ:, ਪੁਨਰ੍। ਹਿੰ:, ਪੁਨ:=ਦੋਬਾਰਾ] ਫੇਰ। ਮੁੜਕੇ।

ਸੁੰਨਿ—[ਸੰਸ:, ਸ਼ੂਨਜੰ, ਪ੍ਰਾਕ੍ਰਿਤ, ਸੁਣ੍ਹ। ਹਿੰਦੀ, ਪੰਜਾਬੀ,ਸੁੰਨ] ਇਸ ਦਾ ਪਹਿਲਾ ਅਰਥ ਹੈ.— ਅਭਾਵ, ਨਾ ਹੋਣਾ। ਫੇਰ ਅਰਥ ਹਨ:—ਖਾਲੀ। ਨਿਸ਼ਫਲ, ਸਿਫਰ। ਉਜਾੜ, ਨਿਰਜਨ ਥਾਂ ਆਦਿ।

(ਅ) ਫੇਰ ਇਸ ਦੇ ਅਰਥ ਬਣਦੇ ਹਨ:—ਆਕਾਸ਼।

(ੲ) ਦਾਰਸ਼ਨਿਕ ਪਹਿਲੂ ਵਿਚ ਬੋਧੀਆਂ ਨੂੰ ਸ਼ੂਨ ਵਾਦੀ ਕਹਿੰਦੇ ਹਨ, ਕਿਉਂਕਿ ਓਹ ਆਤਮਾ ਪਰਮਾਤਮਾ ਕਿਸੇ ਨੂੰ ਨਹੀਂ ਮੰਨਦੇ ਤੇ ਇਕ ਅਣਹੋਂਦ ਜੇਹੀ ਤੋਂ ਸ਼ੂਨ ਦਾ ਭਾਵ ਲੈਂਦੇ ਹਨ।

(ਸ) ਪਰ ਗਜਾਨੀ ਲੋਕ ਈਸ਼੍ਵਰ ਤੇ ਪਾਰਬ੍ਰਹਮ ਨੂੰ ਸੁੰਨ ਕਹਿ ਲੈਂਦੇ ਹਨ, ਯਥਾ:—

ਕਹੰ ਏਕ ਤਾਸੋ ਸ਼ਿਵੈ ਸ਼ੂਨਜ ਏਕੈ॥ ਕਹੈ ਕਾਲ ਏਕੈ ਮਹਾਂ ਵਿਖਣੁ ਏਕੇ॥
ਕਹੰ ਅਰਥ ਏਕੇ ਪਾਰਬ੍ਰਹਮ ਜਾਨੇ॥ ਪ੍ਰਭਾ ਪੂਰਣ ਏਕੈ ਸਦਾ ਸ਼ੂਨਜ ਮਾਨੇ॥ [ਕੇਸ਼ਵ

ਕਬੀਰ ਜੀ ਇਸ ਸ਼ਬਦ ਵਿਚ ਸੁੰਨ ਤੋਂ ਮੁਰਾਦ ਪਾਰਬ੍ਰਹਮ ਦੀ ਲੈ ਰਹੇ ਹਨ ਕਿ ਜਿਸ ਵਿਚ ਸਮਾਉਣਾ ਅਨੁਭਵ ਦੁਆਰਾ 'ਇਕ' ਨੂੰ ਵੇਖਣਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੁੰਨ: ਨਿਰਾਕਾਰ, ਨਿਰਗੁਣ, ਪਾਰਬ੍ਰਹਮ ਦਾ ਵਾਚਕ ਹੈ; ਯਥਾ:—

ਸੁੰਨੇ ਅਲਖ ਅਪਾਰ ਨਿਰਾਲਮੁ ਸੁੰਨੇ ਤਾੜੀ ਲਾਇਦਾ॥
[ਮਾਰੂ ਮਹਲਾ ੧, ਸੋਲਹਾ ੧੭-੫

ਪੁਨਾ: ਸੁੰਨ ਮੰਡਲ ਇਕੁ ਜੋਗੀ ਬੈਸੇ॥ [ਧਨਾਸਰੀ ਮਹਲਾ ੧, ਅਸ਼ਟ: -੧

ਫੇਰ ਸੁੰਨ ਇਕ ਅਵਸਥਾ ਯਾ ਯਥਾਰਥਤਾ ਹੈ ਜੋ ਪਰਮਾਤਮ ਦੇਵ ਦੀ ਸਰਗੁਣਤਾ ਦੇ ਟਾਕਰੇ ਤੇ ਨਿਰਗੁਣਤਾ ਰੂਪ ਹੈ। ਇਸ ਪਰ ਵਾਕ ਹੈ: 'ਸੁੰਨ ਕਲਾ ਅਪਰੰਪਰਿ ਧਾਰੀ' ਅਰਥਾਤ ਪਰੇ ਤੋਂ ਪਰੇ ਪਾਰਬ੍ਰਹਮ ਜੋ ਹੈ ਸੁੰਨ ਕਲਾ ਦਾ ਧਾਰੀ ਹੁੰਦਾ ਹੈ, ਜਦੋਂ ਨਿਰਗੁਣ ਕਹੀਦਾ ਹੈ। ਮਾਰੂ ਮਹਲਾ ੧ ਦਾ ਸੋਲਹਾ ੧੭ ਸਾਰਾ ਸ਼ਬਦ ਵਾਚੋ।

ਖੀਰੁ ਬਿਲੋਈਐ-[ਸੰਸ:,ਕ੍ਸ਼ੀਰ: (=ਦੁਧ, ਕਿਸੇ ਦਰਖਤ ਦਾ ਦੁੱਧ ਵਰਗਾ ਰਸ, ਜਲ ਆਦਿ)। ਵਿਲੋਡਨੰ=ਹਿਲਾਣਾ ਜੁਲਾਣਾ, ਬਿਲੋਨਾ (ਦਹੀਂ ਆਦਿਕ), ਮਥਨਾ] ਦੁੱਧ ਰਿੜਕੀਏ। ਭਾਵ ਹੈ ਨਾਮ ਦਾ ਬਾਰੰਬਾਰ ਅਭਜਾਸ ਕਰਨਾ। ਯਾ ਪਰਮੇਸ਼ੁਰ ਜੀ ਦਾ ਚਿੰਤਨ ਕਰਨਾ। ਜੈਸੇ ਕਬੀਰ ਜੀ ਨੇ

ਫੁਰਮਾਇਆ ਹੈ:—

ਹਰਿ ਕਾ ਬਿਲੋਵਨਾ ਬਿਲੋਵਹੁ ਮੇਰੇ ਭਾਈ ॥　[ਆਸਾ ਕਬੀਰ ਜੀ-੧੦

ਦੁੱਧ ਦਾ ਭਾਵ ਵੀਚਾਰ ਬੀ ਲੈਂਦੇ ਹਨ, ਦੇਖੋ ਪਿਛੇ ਵਯਾਖਯਾ ਵਿਚ ਅੰਕ ੨।

ਬਾਣਿ—[ਸੰਸ:, ਬਾਣ:=ਤੀਰ]ਇਕ ਤਿਖੇ ਹਥਿਆਰ ਦਾ ਨਾਮ ਹੈ,ਤੀਰ।ਭਾਵ ਉਪਦੇਸ਼ ਯਥਾ:—

ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ ॥　[ਸਲੋਕ ਕਬੀਰ ਜੀ-੧੯੪

ਬਜਰ—[ਸੰਸ:, ਵਜ੍ਰ:=ਕੋਈ ਭੀ ਘਾਤਕ ਹਥਿਆਰ] ਇੰਦਰ ਦਾ ਵਡਾ ਸੰਦ ਜੋ ਮਹਾਨ ਕਰੜਾ ਹੈ। ਭਾਵ ਹੈ ਕਰੜੀ, ਸਖਤ।

ਕਲ—[ਸੰਸ: ਕਲ੍=ਗਿਣਨਾ। ਪਿੱਛਾ ਕਰਨਾ ਆਦਿ] ਗੁਰਬਾਣੀ ਵਿਚ ਕਲ, ਕਲਿ, ਪਦ ਕਈ ਅਰਥਾਂ ਵਿਚ ਆਇਆ ਹੈ। ਏਥੇ ਮੁਰਾਦ ਕਲਹਾ (ਕਲੇਸ਼) ਤੋਂ ਸਹੀ ਹੁੰਦੀ ਹੈ, ਕਲੇਸ਼ ਯੋਗ ਦਰਸ਼ਨ ਵਿਚ ਪੰਜ ਹਨ:-ਅਵਿਦਯਾ, ਅਸੁਮਿਤਾ, ਰਾਗ, ਦ੍ਵੈਖ, ਅਭਿਨਿਵੇਸ਼। (ਅ) ਕਲਾ=ਸ਼ਕਤੀ। ਸ਼ਕਤੀ ਨਾਮ ਅਵਿਦਯਾ ਦਾ ਬੀ ਹੈ। ਤਾਂ ਤੇ ਏਥੇ ਅਵਿਦਯਾ ਅਰਥ ਹੈ।

ਬਜਰ ਕਲ—(ਬੱਜਰ ਵਤ) ਕਰੜੀ ਅਵਿਦਯਾ (ਆਦਿ) ਗੁਰੂ ਦੇ ਉਪਦੇਸ਼ ਨਾਲ ਕੱਟ ਦਿਤੀ ਹੈ। 'ਬਜਰ ਕਲ' ਛੇਦਨ ਦੇ ਮਗਰੋਂ ਪਦ ਪਏ ਹਨ 'ਪ੍ਰਗਟਿਆ ਪਦੁ ਪਰਗਾਸਾ' ਇਸ ਤੋਂ ਬੀ ਪਤਾ ਲਗਾ ਕਿ 'ਬਜਰ ਕਲ' ਕੋਈ ਪ੍ਰਕਾਸ਼ ਨੂੰ ਰੋਕਣ ਵਾਲੀ ਸ਼ੈ ਸੀ। ਸੋ ਆਤਮ ਪ੍ਰਕਾਸ਼ ਨੂੰ ਰੋਕਣ ਵਾਲੀ ਸ਼ੈ ਅਵਿਦਯਾ ਹੁੰਦੀ ਹੈ।

(ਅ) (ਬਜਰ ਵਰਗੀ=) ਕਰੜੀ ਕਲ=ਗੇਣਤੀਆਂ ਗਿਣਨ ਵਾਲੀ ਮਨੋ ਬ੍ਰਿਤੀ, ਛੇਦ ਕੇ, ਭਾਵ ਵੱਸ ਕਰਕੇ ਸ੍ਵੈ ਸਰੂਪ ਤੇ ਅੱਪੜਨਾ।

(ੲ) ਕਈ ਦਾਨੇ ਬਾਣਿ ਦਾ ਅਰਥ 'ਬਾਣੀ' ਕਰਕੇ ਤੁਕ ਦੇ ਐਉਂ ਬੀ ਅਰਥ ਕਰਦੇ ਹਨ:— ਗੁਰੂ ਦੇ ਬੱਜਰ ਵਰਗੇ (ਬਲ ਵਾਲੇ) ਉਪਦੇਸ਼ ਨਾਲ ਕਲ (=ਅਵਿਦਯਾ) ਛੇਦ ਦਿਤੀ ਹੈ।

ਪਦੁ ਪਰਗਾਸਾ—ਪ੍ਰਕਾਸ਼ ਸਰੂਪ ਪਦ। ਪ੍ਰਕਾਸ਼ ਦਾ ਟਿਕਾਣਾ, ਪਦਵੀ। ਭਾਵ ਉਹ ਟਿਕਾਣਾ ਜੋ ਸ੍ਵਯੰ ਪ੍ਰਕਾਸ਼ ਸਰੂਪ ਹੈ। ਪਰਮਾਤਮ ਦੇਵ, ਯਾ ਬ੍ਰਹਮ।

ਸਕਤਿ—[ਸੰਸ:, ਸ਼ਕ੍ਤਿ:=ਪ੍ਰਕ੍ਰਿਤੀ, ਬਲ, ਜ਼ੋਰ, ਮਾਯਾ] ਮਾਇਆ। ਇਸ ਪਦ ਦੇ ਅਨੇਕਾਂ ਅਰਥ ਹਨ, ਏਥੇ ਅਰਥ ਮਾਇਆ ਢੁਕਦਾ ਹੈ।

ਅਧੇਰ—[ਸੰਸ:, ਅੰਧਕਾਰ:] ਅੰਧੇਰ। ਹਨੇਰਾ। (੨) ਭਾਵ ਅਗਯਾਨ।

ਸਕਤਿ ਅਧੇਰ—ਮਾਇਆ ਦਾ ਹਨੇਰਾ। (ਅ) ਮਾਇਆ ਦੀ ਸ਼ਕਤੀ-ਮਲ ਤੇ ਵਿਖਸ਼ੇਪ।

ਜੇਵੜੀ ਭ੍ਰਮ—ਰੱਸੀ ਦਾ ਭਰਮ। ਭਾਵ ਹੈ ਉਹ ਭਰਮ ਜੋ ਹਨੇਰੇ ਦੇ ਕਾਰਣ ਰੱਸੀ ਵਿਚ ਸੱਪ ਹੋਣ ਦਾ ਪੈ ਜਾਂਦਾ ਹੈ।

ਸਕਤਿ ਅਧੇਰ ਜੇਵੜੀ ਭਰਮ—'ਸਕਤਿ ਅਧੇਰ' ਤੇ 'ਜੇਵੜੀ ਭਰਮ' case in apposition ਹੈਨ, ਅਰਥ ਹੈ:—ਮਾਇਆ ਦਾ ਹਨੇਰਾ (ਜੋ ਹੈ) ਰੱਸੀ ਵਿਚ ਸੱਪ ਦਾ ਭਰਮ ਪੈ ਜਾਣਾ, (ਉਹ ਚੁੱਕ ਗਿਆ ਹੈ)।

(ਅ ਐਉਂ ਬੀ ਅਰਥ ਲਾਉਂਦੇ ਹਨ: ਹਨੇਰੇ ਦੀ (ਆਵਰਣ ਤੇ ਵਿਖਸ਼ੇਪ ਰੂਪ) ਸ਼ਕਤੀ ਕਰਕੇ ਜੋ ਭਰਮ ਪੈ ਰਿਹਾ ਸੀ।　(ੲ) ਇਕ ਥਾਂ ਕਬੀਰ ਜੀ ਦਾ ਵਾਕ ਹੈ:—

ਭਗਵਤ ਭੀਰਿ ਸਕਤਿ ਸਿਮਰਨ ਕੀ ਕਟੀ ਕਾਲ ਭੈ ਫਾਸੀ ॥

[ਭੈਰਉ ਕਬੀਰ ਜੀ-੧੭

ਏਥੇ 'ਸਕਤਿ ਸਿਮਰਨ ਕੀ' ਦਾ ਅਰਥ ਹੈ ਸਿਮਰਨ ਦੇ ਬਲ ਨਾਲ। ਇਸ ਮੂਜਬ ਜੇ ਇਸ

ਸ਼ਬਦ ਵਿਚ 'ਸਕਤਿ ਅਧੇਰ' ਦਾ ਅਰਥ ਲਓ ਤਾਂ ਬਣੇਗਾ: ਹਨੇਰੇ (ਅਗਜਾਨ) ਦੇ ਬਲ ਕਰਕੇ ਜੋ ਰੱਸੀ ਵਿਚ ਸੱਪ ਦਾ ਭਰਮ ਪੈ ਰਿਹਾ ਸੀ।

(ਸ) ਹਨੇਰੇ (ਅਗਜਾਨ ਦੀ ਆਵਰਣ ਤੇ ਵਿਖਜੇਪ ਰੂਪਾ) ਸ਼ਕਤੀ ਕਰਕੇ ਜੋ ਬ੍ਰਹਮ ਰੂਪੀ ਜੇਵੜੀ ਵਿਚ ਜਗਤ ਰੂਪੀ ਸੱਪ ਦਾ ਭਰਮ ਪੈ ਰਿਹਾ ਸੀ ਮਿਟ ਗਿਆ ਹੈ।

ਨਿਹਚਲ- [ਦੇਖੋ ਪੰਨਾ ੧੯੮, ੪੭੯] ਜੋ ਚਲਾਇਮਾਨ ਨਾ ਹੋਵੇ। ਅਵਿਨਾਸ਼ੀ।

ਸਿਵ ਘਰਿ–[ਸ਼ਿਵ=ਕਲਜਾਣ। ਘਰਿ=ਟਿਕਾਣੇ ਵਿਚ] ਕਲਜਾਣ ਸਰੂਪ ਟਿਕਾਣੇ ਵਿਚ। ਭਾਵ 'ਪਰਮਾਤਮਾ' ਤੋਂ ਹੈ।

ਤਿਨਿ–ਉਹਨਾਂ ਨੇ। ਇਹ ਪਦ ਸੰਬੋਧ ਲਖਾਇਕ ਸਰਵ ਨਾਮ ਹੈ, ਇਸ ਪਦ ਦਾ ਕੋਈ ਸੰਗਜਾਵਾਚੀ 'ਅਗ੍ਰਗਾਮੀ' ਪਦ ਚਾਹੀਏ ਸੋ ਹੈ 'ਸਕਤਿ' ਜੋ ਪਹਿਲੀ ਤੁਕ ਵਿਚ ਆ ਚੁਕਾ ਹੈ, ਸੋ ਤਿਨਿ ਦਾ ਅਰਥ ਹੈ ਉਸ ਮਾਇਆ ਨੇ (ਜਿਸ ਦਾ ਜ਼ਿਕਰ ਆ ਚੁਕਾ ਹੈ)। ਉਪਰਲਾ ਅਰਥ ਇਸ ਅਨੁਸਾਰ ਕੀਤਾ ਗਿਆ ਹੈ।

(ਅ) ਪਰੰਤੂ ਕਈ ਸਜਣ 'ਤਿਨਿ' ਪਦ ਨੂੰ ਗਜਾਨਵਾਨ ਦਾ ਸੰਬੰਧ ਲਖਾਇਕ ਸਰਵ ਨਾਮ ਲੈ ਲੈਂਦੇ ਹਨ। ਚਾਹੇ ਗਜਾਨਵਾਨ 'ਪਦ' ਉਸ ਦਾ ਅਗ੍ਰਗਾਮੀ ਪਦ ਅਗੇ ਪਿਛੇ ਹੈ ਨਹੀਂ; ਪਰ ਪਹਿਲੀ ਤੁਕ ਵਿਚ ਭਾਵ ਗਜਾਨਵਾਨ ਤੋਂ ਹੈ। ਇਸ ਅਨੁਸਾਰ ਫੇਰ ਅਰਥ ਭਾਵ ਨੂੰ ਐਉਂ ਰਸਤਾ ਦੇਂਦੇ ਹਨ ਕਿ ਤਿਨਿ=ਉਹਨਾਂ ਗਿਆਨਵਾਨਾਂ ਨੇ, ਬਿਨਾਂ ਸਥੂਲ ਤੀਰ ਆਦਿਕ ਸ਼ਸਤ੍ਰ ਦੇ ਚਲਾਏ ਦੇ, ਇਹ ਮਾਯਾ ਦਾ ਭਾਨ ਹੋ ਰਿਹਾ ਜਗਤ (ਗਜਾਨ ਨਾਲ) ਵਿੰਨ੍ਹ ਘੱਤਿਆ ਹੈ, ਭਾਵ ਨਾਸ਼ ਕਰ ਦਿਤਾ ਹੈ। ਫੇਰ ਅਗਲੀ ਤੁਕ ਦਾ ਅਰਥ ਐਉਂ ਢੁਕਾਉਂਦੇ ਹਨ:–

ਜਿਸ ਤਰ੍ਹਾਂ ਦਸੋ ਦਿਸ਼ਾ ਵਿਚ ਪੌਣ ਗੁੱਡੀ ਨੂੰ ਝੁਲਾਉਂਦੀ ਹੈ, ਉਸ ਤਰ੍ਹਾਂ ਪ੍ਰਾਰਬਧ ਰੂਪੀ ਪਉਣ ਗਜਾਨੀ ਦੀ ਦੇਹ ਤੋਂ ਚੇਸ਼ਟਾ ਕਰਵਾਉਂਦੀ ਹੈ ਅਤੇ ਉਹਨਾਂ ਦੀ ਬ੍ਰਿਤੀ ਲਿਵਲਾਈ ਰਖਦੀ ਹੈ।

ਉਨਮਨਿ–ਉਨਮਨ ਅਵਸਥਾ ਵਿਚ, ਮਨ ਦੀ ਉਚੀ ਅਵਸਥਾ ਵਿਚ। (ਦੇਖੋ 'ਉਨਮਨਿ' ਪੰਨਾ ੭੪੯)।

ਦੁਬਿਧਾ–(ਦੇਖੋ ਪੰਨਾ ੨੮੮) ਦ੍ਵੈਤ ਭਾਵਨਾ।

ਦੁਬਿਧਾ ਦੁਰਮਤਿ–[ਸੰਸ:, ਦੁਰਮਤਿ:=ਮੂਰਖਤਾ] ਦ੍ਵੈਤ ਭਾਵਨਾ ਵਾਲੀ ਖੋਟੀ ਬੁੱਧੀ। ਉਹ ਬੁੱਧੀ ਜੋ ਅਸਲ ਨਹੀਂ ਪਰ ਖੋਟ ਵਾਲੀ ਗਜਾਤ ਦੇਂਦੀ ਹੈ ਕਿ ਇਕ ਨਹੀਂ, ਦ੍ਵੈਤ ਹੈ।

ਅਨਭਉ–[ਸੰਸ, ਅਨੁਭਵ:] ਇਸ ਪਦ ਦੇ ਕਈ ਅਰਥ ਹਨ ਪਰ ਏਥੇ ਇਸ ਤੋਂ ਮੁਰਾਦ ਹੈ 'ਅਨੁਭਵ' ਦੀ, ਜਿਸ ਦਾ ਅਰਥ ਹੈ, ਸਾਖਜਾਤ ਗਜਾਨ, ਜੋ ਗਿਆਨ ਕਿ ਅਨੁਮਾਨ ਆਦਿ ਨਾਲ ਨਹੀਂ ਪਰ ਪ੍ਰਤਖਜ ਹੋ ਕੇ ਯਾ ਸਾਖਜਾਤਕਾਰਤਾ ਵਾਲਾ ਹੋਵੇ।

ਤੁਕ ਦਾ ਭਾਵ ਅਰਥ-ਕਿ ਅਸਾਂ ਜੋ ਇਕ ਦਾ ਗਜਾਨ ਪ੍ਰਾਪਤ ਕੀਤਾ ਹੈ ਉਹ ਪੜ ਸੁਣ ਅਨੁਮਾਨ ਦਲੀਲਾਂ ਆਦਿ ਨਾਲ ਹੀ ਨਹੀਂ, ਅਸਾਂ ਨੂੰ ਪ੍ਰਤੱਖ ਸਾਖਜਾਤਕਾਰ ਹੋ ਗਿਆ ਹੈ।

## [ਗਉੜੀ ਕਬੀਰ ਜੀ, ਚਉਪਦਾ–੪੭]

**ਪ੍ਰਾਕ੍ਰਥਨ**–ਪਿਛਲੇ ਸ਼ਬਦ ਵਿਚ ਰਾਮ ਨਾਮ ਦੀ ਲਿਵ ਲਗਣ ਨਾਲ ਪਰਮਾਤਮ ਪ੍ਰਾਪਤੀ ਦਾ ਹਾਲ ਦੱਸਿਆ ਸੀ। ਹੁਣ ਇਕ ਹਠ ਯੋਗੀ ਨੂੰ ਉਪਦੇਸ਼ ਕਰਦੇ ਹਨ ਕਿ ਹਠ ਯੋਗ ਦੀ ਸਾਧਨਾ ਤੇ ਸੁੰਨ (ਅਫੁਰ ਹਾਲਤ) ਤਕ ਦੀ ਅੱਪੜ ਸਫਲੀ ਤਾਂ ਹੀ ਹੋ ਸਕਦੀ ਹੈ ਜੇ ਤੂੰ ਪਾਰਬ੍ਰਹਮ ਪਰਮੇਸ਼ੁਰ ਦੀ ਖੋਜ ਵਿਚ ਲਗਕੇ ਉਸ ਨੂੰ ਪਾਪਤ ਹੋਵੇਂ।

| ਮੂਲ | ਅਰਥ |
|---|---|
| ਗਉੜੀ ਬੈਰਾਗਣਿ ਤਿਪਦੇ॥ ਉਲਟਤ ਪਵਨ ਚਕ੍ਰ ਖਟੁ ਭੇਦੇ ਸੁਰਤਿ ਸੁੰਨ ਅਨਰਾਗੀ ॥ ਆਵੈ ਨ ਜਾਇ ਮਰੈ ਨ ਜੀਵੈ ਤਾਸੁ ਖੋਜੁ ਬੈਰਾਗੀ ॥ ੧ ॥ | ਹੇ ਵੈਰਾਗੀ ! (ਅਪਾਨ) ਵਾਯੂ ਨੂੰ ਉਲਟਾਕੇ (ਭਾਵ ਹੇਠ ਜਾਂਦੀ ਨੂੰ ਉੱਪਰ ਨੂੰ ਲਿਜਾਕੇ ਤੂੰ) ਛੇ ਚਕ੍ਰ ਭੇਦਨ ਕਰ ਲਏ ਹਨ (ਅਤੇ ਆਪਣੀ) ਸੁਰਤ ਨੂੰ (ਤੂੰ) ਸੁੰਨ ਦਾ ਪ੍ਰੇਮੀ ਬਣਾ ਲਿਆ ਹੈ, (ਹੁਣ ਲੋੜ ਹੈ ਇਸ ਗੱਲ ਦੀ ਕਿ ਤੂੰ) ਉਸ ਨੂੰ ਖੋਜੇਂ ਜੋ (ਆਵਾਗਵਨ ਵਿਚ) ਨਾ ਆਉਂਦਾ ਹੈ, ਨਾ ਜਾਂਦਾ ਹੈ, (ਹਾਂ ਜੋ ਕਦੇ) ਮਰਦਾ ਨਹੀਂ ਤੇ ਨਾ ਹੀ ਜੰਮਦਾ ਹੈ (ਭਾਵ ਅਚਲ ਅਵਿਨਾਸ਼ੀ ਹੈ)॥ ੧ ॥ |
| | [ਪ੍ਰਸ਼ਨ ਵੈਰਾਗੀ ਦਾ: ਤੁਸੀਂ ਜੋ 'ਤਾਸੁ ਖੋਜੁ' ਦੀ ਆਗਿਆ ਕਰ ਰਹੇ ਹੋ, ਕੀ ਤੁਸਾਂ ਛੇ ਚਕ੍ਰ ਛੇਦਕੇ ਮੇਰੇ ਵਾਙੂ ਹੀ ਖੋਜਿਆ ਸੀ ? ਤਾਂ ਉੱਤਰ ਦੇਂਦੇ ਹਨ ਕਿ] |
| ਮੇਰੇ ਮਨ ਮਨ ਹੀ ਉਲਟਿ ਸਮਾਨਾ॥ | ਮੇਰੇ ਮਿਤ੍ਰ! (ਮੈਂ ਤਾਂ ਅਪਾਨ ਵਾਯੂ ਨੂੰ ਉਲਟਾਉਣ ਦੀ ਥਾਂ ਆਪਣ) ਮਨ ਨੂੰ ਹੀ ਉਲਟਾਇਆ (ਤੇ ਇਸ ਨੂੰ ਅਵਿਨਾਸ਼ੀ ਵਿਚ) ਸਮਾਇਆ ਸੀ, (ਇਹ ਗੱਲ ਹਠ ਯੋਗ ਦੀ ਕਿਸੇ ਪ੍ਰਕ੍ਰਿਆ ਨਾਲ ਨਹੀਂ, |
| ਗੁਰ ਪਰਸਾਦਿ ਅਕਲਿ ਭਈ ਅਵਰੈ ਨਾਤਰੁ ਥਾ ਬੇਗਾਨਾ ॥ ੧ ॥ ਰਹਾਉ ॥ | ਪਰ) ਗੁਰੂ ਦੀ ਕ੍ਰਿਪਾ ਨਾਲ ਹੋਈ (ਕਿ ਉਸ ਦੀ ਮੇਹਰ ਦਾ ਸਦਕਾ ਮੇਰੀ) ਬੁਧੀ ਹੀ ਹੋਰ ਦੀ ਹੋਰ ਹੋ ਗਈ (ਭਾਵ ਉਹ ਮੈਨੂੰ ਸੰਸਾਰ ਨਾਸ਼ਮਾਨ ਦਿਖਾਕੇ ਅਵਿਨਾਸ਼ੀ ਵਿਚ ਲੈ ਗਈ) ਨਹੀਂ ਤਾਂ (ਗੁਰੂ ਮੇਹਰ ਤੋਂ ਪਹਿਲਾਂ ਮੈਂ ਇਸ ਉੱਚ ਸੋਝੀ ਤੋਂ) ਅਜਾਣ ਸਾਂ ॥ ੧ ॥ ਰਹਾਉ ॥ |
| ਨਿਵਰੈ ਦੂਰਿ ਦੂਰਿ ਫੁਨਿ ਨਿਵਰੈ ਜਿਨਿ ਜੈਸਾ ਕਰਿ ਮਾਨਿਆ॥ | (ਬੁੱਧੀ ਦੇ ਬਦਲ ਜਾਣ ਤੇ ਮਨ ਦੇ ਉਲਟ ਜਾਣ ਨਾਲ ਸੰਸਾਰ ਸਰੀਰ ਆਦਿ ਜੋ) ਨੇੜੇ ਭਾਸਿਆ ਕਰਦੇ ਹਨ ਦੂਰ (ਭਾਸਣ ਲੱਗ ਜਾਂਦੇ ਹਨ ਤੇ) ਫੇਰ (ਅਵਿਨਾਸ਼ੀ ਜੀ ਜੋ) ਦੂਰ (ਭਾਸਿਆ ਕਰਦੇ ਹਨ) ਨੇੜੇ (ਭਾਸਣ ਲਗ ਪੈਂਦੇ ਹਨ, ਪਰ ਇਹ ਉਸ ਨੂੰ ਹੁੰਦਾ ਹੈ) ਜਿਸ ਨੇ ਕਿ (ਅਵਿਨਾਸ਼ੀ ਨੂੰ) ਜੈਸਾ (ਕਿ ਉਹ ਹੈ ਠੀਕ ਵੈਸਾ ਕਰਕੇ) ਮੰਨਨ ਕਰ ਲਿਆ ਹੋਵੇ*। (ਪਰੰਤੂ ਅਵਿਨਾਸ਼ੀ ਨੂੰ ਜੈਸਾ ਕਿ ਉਹ ਹੈ-ਯਥਾਰਥ-ਰੂਪ ਵਿਚ |
| ਅਲਉਤੀ ਕਾ ਜੈਸ ਭਇਆ ਬਰੇਡਾ ਜਿਨਿ ਪੀਆ ਤਿਨਿ ਜਾਨਿਆ ॥ ੨ ॥ | ਜਾਣ ਲੈਣ ਦਾ ਸੁਆਦ ਐਸਾ ਹੈ) ਜੈਸਾ ਕਿ ਅਲਉਤੀ ਦੇ ਬਣ ਗਏ ਬਰੇਡੇ (ਦੇ ਪੀਣ) ਦਾ ਹੁੰਦਾ ਹੈ, ਜਿਸ ਨੂੰ ਕਿ ਉਹੀ ਜਾਣਦਾ ਹੈ ਜਿਸ ਨੇ ਕਿ ਪੀ ਲਿਆ ਹੋਵੇ ॥ ੨ ॥ |
| | [ਹੁਣ ਸਨਮੁਖ ਅਰਦਾਸ ਦੇ ਰੁਖ਼ ਵਿਚ ਹੋਕੇ ਉਸੇ ਖਯਾਲ ਨੂੰ ਇਕ ਹੋਰ ਕਟਾਖਯ ਭਰੇ ਦ੍ਰਿਸ਼ਟਾਂਤ ਵਿਚ ਦੱਸਦੇ ਹਨ] |
| ਤੇਰੀ ਨਿਰਗੁਨ ਕਥਾ ਕਾਇ ਸਿਉ ਕਹੀਐ ਐਸਾ ਕੋਇ ਬਿਬੇਕੀ॥ | ਹੇ ਅਵਿਨਾਸ਼ੀ ! ਤੇਰੀ ਨਿਰਗੁਣ ਰੂਪ ਵਾਲੀ ਕਥਾ ਕਿਸ ਨਾਲ ਕਰੀਏ, ਐਸਾ ਕਉਣ ਗਿਆਨ ਵਾਲਾ ਹੈ (ਜੋ ਉਸ |

*ਇਸ ਤਕ ਨੂੰ ਐਉਂ ਬੀ ਲਾਉਂਦੇ ਹਨ:-ਜਿਸ ਨੇ ਗੁਰੂ ਨੂੰ ਜੇਹੋ ਜੇਹਾ ਕਰਕੇ ਜਾਣਿਆ ਹੈ ਤੇਹੋ ਜੇਹਾ ਫਲ ਪਾਇਆ ਹੈ।

ਕਹੁ ਕਬੀਰ ਜਿਨਿ ਦੀਆ ਪਲੀਤਾ ਤਿਨਿ ਤੈਸੀ ਝਲ ਦੇਖੀ ॥ ੩ ॥ ੩ ॥ ੪੭ ॥

ਨੂੰ ਸਮਝ ਸਕੇ)। ਕਬੀਰ ਆਖਦਾ ਹੈ (ਇਹ ਤਾਂ ਉਹ ਲਖ ਸਕਦਾ ਹੈ ਕਿ) ਜਿਸਨੇ (ਬਾਰੂਦ ਨਾਲ ਭਰੀ ਤੋਪ ਨੂੰ) ਪਲੀਤਾ ਲਾਇਆ ਹੋਵੇ (ਉਹੋ ਉਸ ਤੋਪ ਚੱਲਣ ਤੋਂ ਪੈਂਦੇ ਲਿਸ਼ਕਾਰ) ਵਰਗੇ (ਪਰਮਾਤਮ ਸਾਖਯਾਤਕਾਰਤਾ ਦੇ) ਚਮਕਾਰ ਨੂੰ ਦੇਖ ਸਕਦਾ ਹੈ ॥ ੩ ॥ ੩ ॥ ੪੭ ॥

**ਵ੍ਯਾਖ੍ਯਾ**—ਅੰਕ ੧–ਇਸ ਸ਼ਬਦ ਵਿਚ ਦੂਸਰੀ ਸਤਰ ਵਿਚ ਸੰਬੋਧਨ ਪਦ ਪਿਆ ਹੈ 'ਬੈਰਾਗੀ'। ਇਸ ਤੋਂ ਪਤਾ ਲੱਗਾ ਕਿ ਕਿਸੇ ਬੈਰਾਗੀ ਨਾਲ ਗੱਲ ਬਾਤ ਕਰ ਰਹੇ ਹਨ। ਪਰ ਪਹਿਲੀ ਸਤਰ ਵਿਚ ਜੋ ਲੱਛਣ ਕਹੇ ਹਨ ਓਹ ਹਠ ਯੋਗੀ ਦੇ ਹਨ ਸੋ ਇਹ ਬੈਰਾਗੀ 'ਜੋਗੀ' ਹੈ। ਬੈਰਾਗੀ ਕਿਉਂ ਕਿਹਾ? ਇਸ ਲਈ ਕਿ ਉਹ ਜੋਗ ਪ੍ਰਾਪਤੀ ਨਾਲ ਸੰਤੁਸ਼ਟ ਨਹੀਂ, ਹੋਰ ਅੱਗੇ ਲਈ ਵੈਰਾਗ ਵਿਚ ਹੈ। ਨਿਰੇ ਹਠ ਯੋਗ ਦੇ ਸਾਧਨਾਂ ਨਾਲ ਪਰਮਾਤਮ ਪ੍ਰਾਪਤੀ ਨਹੀਂ ਹੁੰਦੀ। ਹਠ ਸਾਧਨ ਬੀ ਸਾਧਨ ਕਰਕੇ ਪ੍ਰਭੂ ਪ੍ਰਾਪਤੀ ਦਾ ਅਨਰਾਗੀ (=ਪ੍ਰੇਮੀ) ਹੋਵੇ ਤਾਂ ਹੀ ਪਹੁੰਚਦਾ ਹੈ। ਸੋ ਐਸੇ ਵੈਰਾਗੀ ਨੂੰ ਆਪ ਉਪਦੇਸ਼ ਦੇਂਦੇ ਹਨ ਕਿ ਤੂੰ ਛੇ ਚੱਕ੍ਰ ਭੇਦਨ ਕਰਕੇ ਸੁਰਤ ਨੂੰ ਸੁੰਨ (ਅਫੁਰ ਅਵਸਥਾ) ਵਿਚ ਰੱਖਣ ਦਾ ਅਨੁਰਾਗੀ ਤਾਂ ਹੋ ਗਿਆ ਹੈਂ, ਹੁਣ ਚਾਹੀਦਾ ਹੈ ਕਿ ਤੂੰ ਉਸ ਦਾ ਅਨੁਰਾਗੀ ਹੋਵੇਂ ਜੋ ਕਿ ਆਵਾ ਗਵਨ ਵਿਚ ਨਹੀਂ ਭਾਵ 'ਅਵਿਨਾਸ਼ੀ' ਹੈ, ਜੋ ਨਾ ਮਰਦਾ ਹੈ, ਨਾ ਫੇਰ ਜਨਮ ਲੈਂਦਾ ਹੈ, ਭਾਵ ਅਜੋਨੀ ਹੈ। ਮਤਲਬ ਇਹ ਹੈ ਕਿ ਪਾਰਬ੍ਰਹਮ ਪਰਮੇਸ਼ੁਰ ਦਾ ਅਨੁਰਾਗੀ ਹੋ ਕੇ ਉਸ ਦੀ ਖੋਜ ਕਰ। ਹੁਣ ਉਹ ਪੁੱਛਦਾ ਹੈ: ਕੀਹ ਤੁਸੀਂ ਬੀ ਪਹਿਲੋਂ ਚੱਕ੍ਰ ਭੇਦਨ 'ਸੁੰਨ' ਵਿਚ ਅਨੁਰਾਗੀ ਹੋ ਕੇ ਉਸ ਦੀ ਖੋਜ ਕੀਤੀ ਸੀ? ਤਦ ਰਹਾਉ ਵਿਚ ਉੱਤਰ ਦੇਂਦੇ ਹਨ ਕਿ ਭਾਈ! ਮੈਨੂੰ ਤਾਂ ਏਹ ਸਾਰੀਆਂ ਗੱਲਾਂ ਬੇਗਾਨੀਆਂ (=ਓਪਰੀਆਂ) ਲਗਦੀਆਂ ਸਨ। ਭਾਵ ਮੈਂ ਅਜਾਣ ਸਾਂ ਇਨ੍ਹਾਂ ਗੱਲਾਂ ਵਲੋਂ। ਮੈਨੂੰ ਮਿਲ ਪਿਆ ਗੁਰੂ ਜੋ ਇਸ ਪਰਮਾਰਥ ਦਾ ਪਾਣੀਹਾਰ ਸੀ। ਉਸ ਨੇ ਕੀਤੀ ਕ੍ਰਿਪਾ; ਉਸ ਦੀ ਕ੍ਰਿਪਾ ਨਾਲ ਮੇਰੀ ਬੁੱਧੀ ਹੋਰ ਦੀ ਹੋਰ ਹੋ ਗਈ। ਉਹ ਬੁੱਧੀ ਜੋ ਅਜਾਣ ਤੇ ਮੰਸਿਆਂ ਵਾਲੀ ਸੀ ਉਹ ਪਰਮਾਰਥ ਨੂੰ ਸਮਝਣ ਤੇ ਬੁੱਝਣ ਲੱਗ ਪਈ। ਉਸ ਪ੍ਰਬੁਧ ਹੋਈ ਬੁੱਧੀ ਨੇ ਮੇਰੇ ਮਨ ਨੂੰ ਉਲਟਾ ਦਿੱਤਾ। ਮੈਨੂੰ ਪਵਨ ਉਲਟਾ ਕੇ ਖਟ ਚੱਕ੍ਰ ਭੇਦਨ ਦੀ ਲੋੜ ਨਹੀਂ ਪਈ. ਮੇਰਾ ਮਨ ਹੀ ਉਲਟ ਗਿਆ। ਸੰਸਾਰਾਕਾਰ ਹੋਣ ਦੀ ਥਾਂ, ਦ੍ਰਿਸ਼ਟਮਾਨ ਪਦਾਰਥਾਂ ਦੀ ਲੁਭਾਇਮਾਨਤਾ ਮਗਰ ਭੱਜਣ ਦੀ ਥਾਂ, ਮੇਰਾ ਮਨ ਉਲਟ ਕੇ ਅੰਤਰ ਮੁਖ ਹੋ ਗਿਆ। ਉਸ ਨੂੰ ਅਪਣੇ ਆਪ ਦੇ ਸਮਝਣ ਦਾ ਤੇ ਆਪੇ ਵਿਚ ਟਿਕਣ ਦਾ ਅਨੁਰਾਗ ਹੋ ਗਿਆ। ਇਹ ਅਨੁਰਾਗ ਮੈਨੂੰ ਮਨ ਵਿਚ ਹੀ ਸਮਾ ਜਾਣ ਦੀ ਜਾਚ ਦੇ ਗਿਆ। ਭਾਵ ਇਹ ਕਿ ਮਨ ਜੋ ਮਾਇਆ ਨਾਲ ਅਭੇਦ ਸੀ, ਉਸ ਭੇਦ ਬੁਧੀ ਤੋਂ ਛੁੱਟ ਕੇ, ਸ਼ੁਧ ਮਨ, ਜੋ ਆਤਮਾ ਸਰੂਪ ਸੀ, ਲੱਖਤਾ ਵਿਚ ਆ ਗਿਆ, ਤਦ ਉਸ ਸ਼ੁੱਧ ਮਨ ਵਿਚ, ਜੋ ਵ੍ਯਾਪਕ ਪਰਾਤਮ ਦੇਵ ਤੋਂ ਅਲੱਗ ਨਹੀਂ ਸੀ; ਹਾਂ, ਉਸ 'ਆਵੈ ਨ ਜਾਇ' ਅਵਿਨਾਸ਼ੀ ਵਿਚ ਮੇਰੀ ਸਮਾਈ ਹੋ ਗਈ।

ਹੁਣ ਬੈਰਾਗੀ ਪ੍ਰਸ਼ਨ ਕਰਦਾ ਹੈ ਕਿ ਉਹ ਅਵਿਨਾਸ਼ੀ ਅੰਦਰੇ ਹੈ ਕਿ ਪਰੀਪੂਰਣ ਹੈ? ਤਾਂ ਉੱਤਰ ਦੇਂਦੇ ਹਨ ਕਿ ਉਸ ਨੂੰ ਜੈਸਾ ਕਿ ਉਹ ਹੈ ਉਸ ਦੇ ਯਥਾਰਥ ਰੂਪ ਵਿਚ ਮੰਨਣ ਕਰਨਾ ਹੈ। ਉਹ ਨੇੜੇ ਬੀ ਹੈ ਭਾਵ ਅੰਦਰੇ ਹੈ, ਦੂਰ ਬੀ ਹੈ ਭਾਵ ਸਾਰੇ ਵ੍ਯਾਪਕ ਹੈ ਤੇ ਸਾਡੀ ਮਨ ਬਾਣੀ ਦੀ ਪਹੁੰਚ ਤੋਂ ਪਰੇ ਹੈ। ਪਰ ਮਨ ਦੇ ਉਲਟ ਜਾਣ ਤੇ, ਅਕਲ ਦੇ ਹੋਰ ਦਾ ਹੋਰ ਹੋ ਜਾਣ ਨਾਲ, ਦੂਰ ਜੋ ਸੀ ਉਹ ਨੇੜੇ ਹੋ ਜਾਂਦਾ ਹੈ ਤੇ ਸਰੀਰ ਅਤੇ ਸਰੀਰ ਦੇ ਸੰਬੰਧ ਤੇ ਪ੍ਰਿਯ ਲਗਦੇ ਪਦਾਰਥ ਭਾਵ ਮਾਇਕ ਸਾਮਾਨ ਜੋ ਨੇੜੇ ਲਗਦੇ ਸਨ ਫੇਰ ਦੂਰ ਯਾ ਓਪਰੇ ਹੋ ਜਾਂਦੇ ਹਨ। ਸੋ ਉਹ ਅਵਿਨਾਸ਼ੀ, ਜੈਸਾ ਕਿ ਉਹ ਹੈ ਕਿ ਸਾਰੇ ਵ੍ਯਾਪਕ ਬੀ ਹੈ ਤੇ ਮੇਰੇ ਆਤਮਾ ਦਾ ਆਤਮਾ ਹੋਕੇ ਅੰਦਰ ਬੀ ਹੈ, ਅਪਣੇ ਯਥਾਰਥ ਰੂਪ

ਵਿਚ ਜਿਸ ਨੇ ਮਨਨ ਕਰ ਲਿਆ, ਉਸ ਨੂੰ ਫੇਰ ਉਸਦੀ ਪ੍ਰਾਪਤੀ ਦਾ ਰਸ ਆਉਂਦਾ ਹੈ। ਰਸ ਕੈਸਾ ਹੈ ? ਉਹ ਹੁੰਦਾ ਹੈ ਅਲਉਤੀ ਦੇ ਬਰੇਡੇ ਵਾਙੂ, ਜਿਸ ਦਾ ਪਤਾ ਪੀਤੇ ਤੇ ਹੀ ਲਗਦਾ ਹੈ।

ਹਿੰਦ ਵਿਚ ਤਾੜੀ ਦੇ ਬ੍ਰਿੱਛ ਦਾ ਰਸ ਕੱਢਕੇ ਕੁਛ ਚਿਰ ਰੱਖਦੇ ਹਨ, ਤਾਂ ਉਹ ਨਸ਼ੇਦਾਰ ਹੋ ਜਾਂਦਾ ਹੈ। ਇਸੀ ਤਰ੍ਹਾਂ ਮਹੂਏ ਤੇ ਨਾਰੀਅਲ ਦੇ ਬ੍ਰਿੱਛ ਦਾ ਰਸ ਬੀ ਚੁਆਕੇ ਰਖਦੇ ਹਨ ਤਾਂ ਉਹ 'ਭਇਆ ਬਰੇਡਾ' ਬਰੇਡਾ ਹੋ ਜਾਂਦਾ ਹੈ। ਉਸ ਨੂੰ ਪੀਕੇ ਜੋ ਨਸ਼ੇ ਦਾ ਸੁਆਦ ਆਉਂਦਾ ਹੈ, ਇਕ ਬੇਖ਼ੁਦੀ ਪੈਦਾ ਹੁੰਦੀ ਹੈ ਤੇ ਫੇਰ ਸੁਆਦ ਆਉਂਦਾ ਤੇ ਝੂੰਮ ਝੂੰਮਦੀ ਹੈ, ਉਸ ਦਾ ਸੁਆਦ ਬਿਨਾ ਪੀਤੇ ਨਹੀਂ ਆਉਂਦਾ। ਸੋ ਉਹ ਭਗਵੰਤ ਨੂੰ ਯਥਾਰਥ ਵਿਚ ਜਾਣਕੇ ਉਸ ਵਿਚ ਵਿਲੇ ਹੋਣ ਦਾ ਜੋ ਰਸ ਬੇ ਖ਼ੁਦੀ ਬੀ ਹੈ ਤੇ ਆਨੰਦ ਬੀ ਹੈ ਪ੍ਰਾਪਤ ਹੋਇਆਂ ਹੀ ਅਨੁਭਵ ਵਿਚ ਆਉਂਦਾ ਹੈ।

ਅੰਕ ੩ ਵਿਚ ਬੀ ਉਹੋ ਵਿਸ਼ਾ ਚਲਦਾ ਹੈ;ਪਰ ਜਾਪਦਾ ਹੈਕਿ 'ਜਿਨ ਪੀਆ ਤਿਨਿ ਜਾਨਿਆ' ਕਹਿੰਦੇ ਕਹਿੰਦੇ ਅਵਿਛੜ ਬ੍ਰਿਤੀ ਵਾਲੇ ਕਬੀਰ ਜੀ ਉਸ ਝੂਮ ਵਿਚ ਚਲੇ ਗਏ ਹਨ, ਉਸ ਅੰਤ੍ਰੀਵ ਨਸ਼ੇ ਦੇ ਲੋਰ ਵਿਚ ਆਨੰਦ ਮਾਣਦਿਆਂ ਬੈਰਾਗੀ ਵਲੋਂ ਸੁਰਤ ਮੁੜ ਗਈ ਹੈ, ਤਾਂ ਸਾਖਯਾਤ ਦਿੱਸ ਰਹੇ ਅਪਣੇ ਭਗਵੰਤ ਨੂੰ ਸੰਬੋਧਨ ਕਰਕੇ, ਪਰ ਬੈਰਾਗੀ ਦ ਸ਼੍ਰਵਣ ਕਰਦਿਆਂ ਆਖਦੇ ਹਨ:-

ਹੇ ਭਗਵੰਤ ! ਤੇਰੇ ਉਸ ਨਿਰਗੁਣ ਸਰੂਪ ਦੀ ਪ੍ਰਾਪਤੀ ਦਾ ਜੋ ਆਨੰਦ ਮੈਂ ਮਾਣਿਆਂ ਤੇ ਮਾਣ ਰਿਹਾ ਹਾਂ, ਉਸ ਦੀ ਕਥ ਕਿਸ ਨੂੰ ਸੁਣਾਵਾਂ। ਐਸਾ ਵਿਵੇਕ ਬੁੱਧੀ ਵਾਲਾ ਵੀਚਾਰ ਸ਼ੀਲ ਕੌਣ ਪੁਰਖ ਹੈ ਕਿ ਜਿਸ ਨੂੰ ਮੈਂ ਉਹ ਸੁਣਾਵਾਂ।

ਹੁਣ ਬਿਰਤੀ ਬੈਰਾਗੀ ਵਲ ਕੁਛ ਉੱਲਰਦੀ ਆਖਦੀ ਹੈ:-ਉਹ ਚਮਤਕਾਰ, ਉਹ ਰਸ ਉਹ ਅਕਹਿ ਰਸ ਜੋ ਨਿਰਗੁਣ ਪਰਮਾਤਮ ਦੇਵ ਦੇ ਸਾਖਯਾਤਕਾਰ ਹੋਣ ਵੇਲੇ ਪ੍ਰਾਪਤ ਹੁੰਦਾ ਹੈ, ਇਤਨਾ ਪ੍ਰਾਗੱਲਭ ਪ੍ਰਕਾਸ਼ ਵਾਲਾ ਹੈ ਕਿ ਜਿਸ ਤਰ੍ਹਾਂ ਤੋਪ ਚਲੇ ਤੇ ਉਸ ਦੇ ਪ੍ਰਕਾਸ਼ ਝਲਕੇ ਦਾ ਹੁੰਦਾ ਹੈ। ਇਸ ਝਲਕੇ ਨੂੰ ਕਉਣ ਦੇਖ ਸਕਦਾ ਹੈ ? ਕਥਾ ਮਾਤ੍ਰ ਦੇ ਸੁਣਨੇ ਵਾਲਾ ਨਹੀਂ, ਪਰ ਜੋ ਅਪਣੀ ਹਉਮੈ ਨੂੰ ਬਾਰੂਦ ਸਮਝਕੇ ਉਸ ਨੂੰ ਲਾ ਦੇਵੇ ਪ੍ਰੇਮ ਰੂਪੀ ਪਲੀਤਾ, ਫੇਰ ਉਸ ਹਉਮੈਂ ਦ ਉਡਿਆਂ ਤੇ ਪਰਮਾਤਮ ਦੇਵ ਦੇ ਮਿਲਾਪ ਰੂਪੀ ਫੁੰਡ ਗਏ ਨਿਸ਼ਾਨੇ ਦੀ ਪ੍ਰਾਪਤੀ ਦੇ ਸਮੇਂ ਜੋ ਪੈਂਦਾ ਹੈ ਝਲਕਾਰ ਉਹ ਉਹੋ ਹੀ ਦੇਖ ਸਕਦਾ ਹੈ ਜੋ ਇਹ ਕੁਛ ਅਮਲ ਵਿਚ ਕਰਨੀ ਵਿਚ ਕਰ ਲਵੇ।

ਜੋਗੀ ਨੂੰ ਇਸ਼ਾਰਾ ਦੇ ਰਹੇ ਹਨ ਕਿ ਸੁੰਨ ਅਨੁਰਾਗੀ ਹੋ ਕੇ ਤੇਰਾ ਮਨ ਨਹੀਂ ਪਲਟਿਆ, ਈਸ਼੍ਵਰ ਅਨੁਰਾਗੀ ਨਹੀਂ ਹੋਇਆ, ਤੇਰੀ ਬੁੱਧੀ ਨਹੀਂ ਬਦਲੀ, ਉਹ ਆਤਮ ਵਿਸ਼ੇਣੀ ਨਹੀਂ ਹੋਈ। ਤੂੰ ਅਵਿਨਾਸ਼ੀ ਦਾ ਅਨੁਰਾਗੀ ਨਹੀਂ ਹੋਇਆ। ਜਿਸ ਦਾ ਭਾਵ ਹੈ ਕਿ ਹਉਮੈਂ ਅਜੇ ਖੜੀ ਹੈ ਇਸ ਨੂੰ ਪਲੀਤਾ ਲਾ।

ਪ੍ਰੇਮ ਪਲੀਤਾ ਸੁਰਤਿ ਹਵਾਈ ਗੋਲਾ ਗਿਆਨੁ ਚਲਾਇਆ ॥

[ਭੈਰਉ ਕਬੀਰ ਜੀ-੧੭

ਤੇਰੀ ਹਉਮੈ ਅਵਿਨਾਸ਼ੀ ਦੇ ਪ੍ਰੇਮ ਨਾਲ ਬਾਰੂਦ ਵਾਙੂ ਇਕ ਦਮ ਸੜ ਜਾਏ, ਫੇਰ ਤੇਰਾ ਅਨੁਰਾਗ ਅਵਿਨਾਸ਼ੀ ਵਿਚ ਮੇਲ ਕੇ ਤੈਨੂੰ ਪਰਮਾਨੰਦ ਵਿਚ ਲੈ ਜਾਏਗਾ।

**ਨਿਰੁਕ**—ਉਲਟਤ ਪਵਨ-[ਹਿੰ:, ਉਲਟਨਾ=ਪਲਟਨਾ, ਪੁੱਠਾ ਹੋਣਾ+ਪਵਨ:]ਪਉਣ ਦੇ ਉਲਟਾਇਆਂ, ਪ੍ਰਾਣਾਯਾਮ ਦੁਆਰਾ। ਪ੍ਰਾਣਾਂ ਨੂੰ ਉਲਟਦਿਆਂ ਪਲਟਦਿਆਂ। ਭਾਵ ਹੈ ਪ੍ਰਾਣਾਯਾਮ ਤੋਂ। ਯੋਗ ਦਰਸ਼ਨ ਅਧਯਾਯ ੨.੪੯.੫੦.੫੭ ਵਿਚ ਆਸਨ ਸਿਧ ਕਰਕੇ ਸੁਆਸਾਂ ਦੇ ਅੰਦਰ ਬਾਹਰ ਆਉਣ ਜਾਣ ਦੀ ਗਤੀ ਨੂੰ ਰੋਕਣਾ ਪ੍ਰਾਣਾਯਾਮ ਦੱਸਿਆ ਹੈ। ਭਾਵ ਹੈ ਕਿ ਹੌਲੇ ਹੌਲੇ ਇਸ ਗਤੀ ਨੂੰ ਘਟਾਉਣਾ ਹੈ। ਇਸ ਦੀਆਂ ਤ੍ਰੈ ਬ੍ਰਿਤੀਆਂ ਹਨ, ਰੇਚਕ, ਪੂਰਕ, ਕੁੰਭਕ। ਯੋਗ ਦਰਸ਼ਨ ਵਿਚ ਇਨ੍ਹਾਂ ਦਾ ਨਾਉਂ ਵਾਹਯ, ਅਭਯੰਤਰ ਤੇ ਸ੍ਤੰਭ ਹੈ। ਸੁਆਸ ਬਾਹਰ ਕੱਢਣਾ ਰੇਚਕ ਹੈ, ਬਾਹਰੋਂ ਅੰਦਰ

ਲਿਜਾਣਾ ਪੂਰਕ ਹੈ, ਤੇ ਅੰਦਰ ਗਏ ਨੂੰ ਅੰਦਰ ਰੋਕਣਾ ਕੁੰਭਕ ਹੈ।

ਪ੍ਰਾਣਾਯਾਮ ਦ ਦੇਸ਼ ਕਾਲ ਸੰਖਯਾ ਕਰਕੇ ਕਈ ਭੇਦ ਹਨ। ਇਹ ਵਿਸ਼ਾ ਚੋਖਾ ਵਿਸਥਾਰ ਵਾਲਾ ਹੈ। ਕਬੀਰ ਜੀ ਜੋ 'ਉਲਟਤ ਪਵਨ' ਕਹਿ ਰਹੇ ਹਨ ਉਸ ਦੀ ਮੁਰਾਦ ਹੈ ਸੱਜੀ ਨਾਸ਼ਕਾ ਬੰਦ ਕਰਕੇ ਖੱਬੀ ਨਾਲ ਸਾਹ ਅੰਦਰ ਖਿੱਚਣਾ, ਫੇਰ ਖੱਬੀ ਬੰਦ ਕਰਕੇ ਸੁਆਸ ਬਾਹਰ ਕੱਢਣਾ। ਇਸ ਕ੍ਰਿਯਾ ਨੂੰ ਉਲਟਣਾ ਪਲਟਣਾ। ਐਸਾ ਕਰਨ ਨਾਲ ਸਮਝਿਆ ਜਾਂਦਾ ਹੈ ਕਿ ਛੇ ਚੱਕ੍ਰ ਭੇਦਨ ਹੋ ਜਾਂਦੇ ਹਨ।

ਸ਼ੁਧ ਕੀਤੀ ਪਵਨ ਨੂੰ ਕੁੰਡਲਨੀ ਨਾੜੀ ਵਿਚ ਚੜ੍ਹਾਉਂਦੇ ਹਨ, ਇਥੋਂ ਚੱਲੀ ਪਵਨ ਦਸਮ ਦੁਆਰ ਨੂੰ ਰੁਖ਼ ਕਰਦੀ ਹੈ ਤੇ ਛੇ ਚੱਕਰ ਜੋ ਹਨ ਉਨ੍ਹਾਂ ਨੂੰ ਭੇਦਦੀ ਜਾਂਦੀ ਹੈ। ਉੱਤੇ ਗਈ ਨੂੰ ਫੇਰ ਦਸਮ ਦੁਆਰ ਵਿਚ ਰੋਕਦੇ ਹਨ। ਓਥੇ ਖ਼ਯਾਲ ਕੀਤਾ ਜਾਂਦਾ ਹੈ ਕਿ ਮਨ ਯਾ ਅੰਤਹਕਰਣ ਰਹਿੰਦਾ ਹੈ, ਆਪੇ ਵਿਚ ਟਿਕਾਉ ਹੁੰਦਾ ਹੈ। ਜੇ ਭਗਤੀ ਭਾਵ ਹੋਵੇ; ਪਰਮਾਤਮਾ ਦਾ ਅਨੁਰਾਗ ਹੋਵੇ ਤਾਂ ਗੱਲ ਹੋਰ ਹੈ, ਨਹੀਂ 'ਸੁੰਨਤਾ' ਯਾ 'ਅਫੁਰ ਜੇਹੀ ਹਾਲਤ' ਹੁੰਦੀ ਹੈ।

ਪਰ ਪਹਿਲੋਂ ਕੁੰਡਲਨੀ ਹੈ ਜੋ ਮੂਲਾਧਾਰ ਵਿਚ ਸੁਖਮਨਾ ਨਾੜੀ ਦੀ ਜੜ੍ਹ ਦੇ ਹੇਠਾਂ ਵਾਰ ਦੱਸੀ ਜਾਂਦੀ ਹੈ। ਇਹ ਓਥੇ ਸਾਢੇ ਤਿੰਨ ਕੁੰਡਲ ਮਾਰਕੇ ਸੁੱਤੀ ਪਈ ਰਹਿੰਦੀ ਹੈ। ਯੋਗਾਭ੍ਯਾਸ ਨਾਲ ਜਾਗਦੀ ਹੈ, ਤੇ ਸੁਖਮਨਾ ਦੇ ਰਸਤੇ ਛਿਆਂ ਚੱਕਰਾਂ ਵਿਚ ਹੁੰਦੀ ਹੋਈ ਉਹਨਾਂ ਨੂੰ ਭੇਦਦੀ ਜਾਂਦੀ ਬ੍ਰਹਮ ਰੰਧਰ ਵਿਚ ਜਾਕੇ ਸਹਸ੍ਰਾਰ (ਦਸ ਦੁਆਰ) ਵਿਚ ਜਾਂਦੀ ਹੈ, ਫੇਰ ਯੋਗੀ ਵਿਚ ਸ਼ਕਤੀਆਂ ਉਪਜਦੀਆਂ ਹਨ, ਯੋਗੀ ਉਸ ਨੂੰ ਯੋਗ ਬਲ ਨਾਲ ਓਥੇ ਬੰਨ੍ਹ ਲੈਣਾ ਪਰਮ ਪ੍ਰਯੋਜਨ ਸਮਝਦੇ ਹਨ।

ਖਟ ਚਕ੍ਰ—ਹਠ ਯੋਗ ਵਿਚ ਛੇ ਚੱਕ੍ਰ ਮੰਨੇ ਹਨ ਜੋ ਕੁੰਡਲਨੀ ਤੋਂ ਉਪਰ ਚਲਦੇ ਹਨ, ਜਿਨ੍ਹਾਂ ਦੇ ਨਾਮ ਤੇ ਟਿਕਾਣੇ ਏਹ ਦੱਸੀਂਦੇ ਹਨ:—

(੧) ਮੂਲਾ ਧਾਰ ਚੱਕ੍ਰ—ਜੋ ਗੁਦਾ ਦੇ ਲਾਗ ਮੰਨਦੇ ਹਨ। ਇਥੇ ਚਾਰ ਪੰਖੜੀ ਦਾ ਪੀਲੇ ਰੰਗ ਦਾ ਊਰਧ ਮੁਖ ਕਮਲ ਹੈ।

(੨) ਸ੍ਵਾਧਿਸ਼੍ਠਾਨ ਚੱਕ੍ਰ—ਲਿੰਗ ਦੇ ਮੂਲ ਲਾਗ ਹੈ ਇਥੇ ਛੇ ਪੰਖੜੀ ਦਾ ਲਾਲ ਰੰਗ ਦਾ ਊਰਧ ਮੁਖ ਕਮਲ ਹੈ।

(੩) ਮਣਿ ਪੂਰਕ ਚੱਕ੍ਰ—ਨਾਭੀ ਦੇ ਮੂਲ ਵਿਚ ਹੈ। ਇਥੇ ਦਸ ਪੱਤੀਆਂ ਦਾ ਨੀਲੇ ਰੰਗ ਦਾ ਊਰਧ ਮੁਖ ਕਮਲ ਹੈ।

(੪) ਅਨਾਹਤ ਚੱਕ੍ਰ—ਹਿਰਦੇ ਵਿਚ ਹੈ, ਇਥੇ ਬਾਰਾਂ ਪੱਤੀਆਂ ਦਾ ਸੋਨੇ ਰੰਗਾ ਕਮਲ ਹੈ।

( ) ਵਿਸ਼ੁੱਧ ਚੱਕ੍ਰ-ਕੰਠ ਵਿਚ ਹੈ,ਇਥੇ ਸੋਲਾਂ ਪੰਖੜੀਆਂ ਦਾ ਲਾਲ ਰੰਗਾ ਊਰਧ ਮੁਖ ਕਮਲਹੈ।

(੬) ਆਗਯਾ ਚੱਕ੍ਰ-ਭਵਾਂ ਦੇ ਵਿਚਕਾਰੇ ਹੈ, ਦੋ ਪੰਖੜੀਆਂ ਦਾ ਚਿਟੇ ਰੰਗ ਦਾ ਊਰਧ ਮੁਖ ਕਮਲ ਹੈ।

ਇਸ ਤੋਂ ਅੱਗੇ ਦਸਮ ਦੁਆਰ ਹੈ, ਇਹ ਸਿਰ ਦੇ ਵਿਚ ਤਾਲੂ ਹੇਠਾਂ ਹੈ। ਇਥੇ ਹਜ਼ਾਰ ਪੰਖੜੀ ਦਾ ਚਿੱਟਾ ਕਮਲ ਹੈ।

ਸੁੰਨਿ—[ਸੰਸ:, ਸ਼ੂਨ੍ਯੰ। ਦੇਖੋ ਪਿਛਲੇ ਸ਼ਬਦ ਦੀ ਨਿਰੁਕ੍ਤ] ਸੁੰਨ ਵਿਚ। ਅਫੁਰਤਾ ਵਿਚ। ਏਥੇ ਪਿਛਲੇ ਸ਼ਬਦ ਵਿਚ ਸੁੰਨ ਦਾ ਅਰਥ ਪਰਮਾਤਮਾ ਯਾ ਨਿਰਗੁਣ ਪਰਮਾਤਮਾ ਸੀ, ਏਥੇ ਅਰਥ ਪਰਮਾਤਮਾ ਨਹੀਂ ਹੈ। ਏਥੇ ਕੇਵਲ ਅਭ੍ਯਾਸੀ ਦਾ ਅਪਣੇ ਮਨ ਨੂੰ ਅਫੁਰ ਕਰਕੇ ਜੋ ਸ਼ੂਨਤਾ ਪੈਦਾ ਹੋਵੇ, ਉਸ ਤੋਂ ਮੁਰਾਦ ਹੈ, ਜੇ ਮੁਰਾਦ ਨਿਰਗੁਣ ਬ੍ਰਹਮ ਦੀ ਹੁੰਦੀ ਤਾਂ ਕਬੀਰ ਜੀ ਉਸ ਨੂੰ ਨਾਂ ਆਖਦੇ 'ਤਾਸੁ ਖੇਜੁ ਬੈਰਾਗੀ'। ਉਹ ਅਵਿਨਾਸ਼ੀ ਪ੍ਰਭੂ ਦਾ ਅਨੁਰਾਗੀ ਨਹੀਂ ਹੋਇਆ, ਓਹ ਸੰਕਲਪ ਵਿਕਲਪ ਦੀ ਸ਼ੂਨਤਾ ਮਾਤ੍ਰ ਵਿਚ ਹੈ। ਗੋਇਆ ਉਹ ਐਸੀ ਅਵੱਸਥਾ ਹੈ ਜੋ ਕਸਰ ਵਾਲੀ ਹੈ, ਪ੍ਰਭੂ ਪ੍ਰਾਪਤੀ ਤੋਂ

ਵਿਹੂਣੀ ਹੈ, ਤਾਂ ਹੀ ਆਖਦੇ ਹਨ ਕਿ 'ਤਾਸੁ ਖੋਜੁ ਬੈਰਾਗੀ'। ਇਸ ਕਰਕੇ ਉਸ ਨੂੰ ਪ੍ਰਭੂ ਦੇ ਅਨੁਰਾਗ ਵਿਚ ਪੇਣ ਦਾ ਉਪਦੇਸ਼ ਦੇਂਦੇ ਹਨ।

'ਆਵੈ ਨ ਜਾਇ ਮਰੈ ਨ ਜੀਵੈ'—ਇਹ ਕਿਉਂ ਕਿਹਾ ਹੈ? ਇਸ ਲਈ ਕਿ ਉਹ ਅਵਿਨਾਸ਼ੀ ਹੈ ਤੇ ਅਵਿਨਾਸ਼ ਹੋਣ ਲਈ, ਜਨਮ ਮਰਨ ਤੋਂ ਛੁੱਟਣ ਲਈ, ਅਵਿਨਾਸ਼ੀ ਦਾ ਅਨੁਰਾਗ ਜ਼ਰੂਰੀ ਹੈ, ਰੋਯਾ ਉਸ ਦੀ ਮੁੰਨ ਅਨੁਰਾਗਤਾ, ਜੋ ਉਸ ਨੂੰ ਪ੍ਰਾਪਤ ਹੋਈ ਹੈ, ਐਸੀ ਹੈ ਕਿ ਉਹ ਉਸ ਦਾ ਜਨਮ ਮਰਨ ਕੱਟਣ ਲਈ ਕਾਫੀ ਨਹੀਂ।

ਤਾਸੁ—ਉਸ ਨੂੰ।    ਬੈਰਾਗੀ—[ਸੰਸ:, ਵੈਰਾਗੀ=ਸੰਸਾਰ ਵਲੋਂ ਉਪਰਾਮ ਚਿਤ ਵਾਲਾ] ਵੈਰਾਗ ਵਾਲੇ! ਵਯਾਖਯਾ ਵਿਚ ਇਸ ਦਾ ਵੇਰਵਾ ਆ ਚੁਕਾ ਹੈ।

ਮਨ—ਹੇ ਮਨ, ਭਾਵ ਹੇ ਮਿਤ੍ਰ!

ਮਨ ਹੀ ਉਲਟਿ—ਮਨ ਹੀ ਸੰਸਾਰ ਵਲੋਂ ਉਲਟਾਕੇ ਸਮਾਇਆ ਹੈ ਅਵਿਨਾਸ਼ੀ ਵਿਚ।

ਅਕਲ- [ਅ:, ਅ਼ਕ਼ਲ। ਇਕ ਕੁੱਵਤ ਹੈ ਇਨਸਾਨ ਵਿਚ ਕਿ ਜੋ ਬਰੀਕੀਆਂ ਦੀ ਤਮੀਜ਼ ਸਿਖਾਲਦੀ ਹੈ, ਖ਼ਿੱਰਦ, ਦਾਨਸ਼] ਦਨਾਈ। ਬੁੱਧੀ।

ਨਾਤਰੁ—[ਹਿੰ:, ਨ+ਤੋ+ਅਰੁ] ਹੋਰ ਨਹੀਂ ਤਾਂ। ਨਹੀਂ ਤਾਂ।

ਬੇਗਾਨਾ—[ਫਾ:, ਬੇਗਾਨਹ] ਨਾ-ਆਸ਼ਨਾ। ਓਪਰਾ। ਨਾ ਵਾਕਫ, ਅਨਜਾਣ।

ਨਿਵਰੈ—ਨੇੜੇ, ਨਜ਼ਦੀਕ, ਸਮੀਪ।

ਜੈਸਾ ਕਰਿ ਮਾਨਿਆ—ਜੈਸਾ ਕਿ ਉਹ ਸਚਮੁਚ ਹੈ ਵੈਸਾ ਕਰਕੇ ਉਸ ਨੂੰ ਮੰਨ ਲਿਆ ਹੈ।

(ਅ) ਐਉਂ ਬੀ ਲਾਉਂਦੇ ਹਨ: ਜਿਸ ਨੇ ਜੈਸਾ ਕਰ ਮੰਨਿਆ ਹੈ ਉਸ ਨੂੰ ਵੈਸਾ ਹੈ ਦਿਸਿਆ ਹੈ, ਭਾਵ ਗਿਆਨੀਆਂ ਨੇ ਨੇੜੇ ਜਾਣਿਆ ਹੈ, ਉਹਨਾਂ ਨੂੰ ਨੇੜੇ ਹੋ ਮਿਲਿਆ ਹੈ। ਅਗਯਾਨੀਆਂ ਨੇ ਦੂਰ ਸਮਝਿਆ ਹੈ ਉਹਨਾਂ ਨੂੰ ਦੂਰ ਹੀ ਭਾਸਦਾ ਰਿਹਾ ਹੈ।

ਅਲਉਤੀ ਕਾ ਜੈਸੇ ਭਇਆ ਬਰੇਡਾ—ਇਸ ਦੇ ਗਯਾਨੀ ਚੰਦਾ ਸਿੰਘ ਜੀ ਤ੍ਰੈ ਅਰਥ ਲਾਇਆ ਕਰਦੇ ਸਨ:-ਮਹੂਏ ਦੀ ਸ਼ਰਾਬ, ਗਿਲੋਅ ਦਾ ਰਸ, ਮਿਸਰੀ ਦਾ ਸ਼ਰਬਤ।

ਅਸਲ ਵਿਚ ਪਹਿਲਾ ਸੰਪ੍ਰਦਾਈ ਅਰਥ ਅਸਲੀਅਤ ਦੇ ਨੇੜੇ ਹੈ। ਮੱਧ ਤੇ ਦੱਖਣੀ ਹਿੰਦ ਵੱਲ ਤਾੜੀ ਦੇ ਪੇੜ ਦਾ ਰਸ ਚੁਆਕੇ ਰੱਖਦੇ ਹਨ, ਤਦ ਉਹ ਨਸ਼ੇਦਾਰ ਹੋ ਜਾਂਦਾ ਹੈ। ਇਸੇ ਤਰ੍ਹਾਂ ਮਹੂਏ ਤੇ ਨਾਰੀਅਲ ਦੇ ਪੇੜ ਦਾ ਬੀ ਰਸ ਚੁਆਕੇ ਰਖਦੇ ਹਨ ਤਾਂ ਉਹ ਬੀ ਨਸ਼ੇਦਾਰ ਹੋ ਜਾਂਦਾ ਹੈ। ਉਸ ਪ੍ਰਕਾਰ ਦੇ ਨਸ਼ੇਦਾਰ ਹੋਏ ਰਸ ਨੂੰ 'ਭਇਆ ਬਰੇਡਾ' ਕਿਹਾ ਹੈ*। ਭਾਵ ਇਹ ਹੈ ਕਿ ਉਸ ਨਸ਼ੇਦਾਰ ਰਸ ਦੇ ਪੀਣ ਨਾਲ ਜੋ ਨਸ਼ਾ ਚੜ੍ਹਕੇ ਬੇਖ਼ੁਦੀ ਦਾ ਝੂਟਾ ਆਉਂਦਾ ਹੈ, ਉਹ ਉਸ ਰਸ ਦੀ ਵਯਾਖਯਾ ਸੁਣਕੇ ਯਾ ਦੱਸਕੇ ਨਹੀਂ ਆਉਂਦਾ ਉਹ ਪੀਕੇ ਹੀ ਆਉਂਦਾ ਹੈ।

ਮਿਸਰੀ ਦੇ ਸ਼ਰਬਤ ਦਾ ਬੀ ਮਹੂਏ ਤੋਂ ਬਣਨ ਵਾਲੀ ਮਿਸਰੀ ਵਲ ਖਿਆਲ ਗਿਆ ਹੋਣਾ ਹੈ, ਕਿਉਂਕਿ ਉਸ ਦੀ ਮਿਸਰੀ ਵਿਚ ਉਹ ਔਗੁਣ ਨਹੀਂ ਹੁੰਦਾ ਜੋ ਗੰਨੇ ਚੁਕੰਦਰ ਆਦਿ ਦੀ ਮਿਸਰੀ ਵਿਚ ਹੁੰਦਾ ਹੈ। ਇਸੀ ਪ੍ਰਕਾਰ ਦਾ ਖਿਆਲ 'ਗਿਲੋਅ ਰਸ' ਵਲ ਗਿਆ ਹੋਣਾ ਹੈ, ਕਿ ਉਹ ਕਉੜਾ ਹੁੰਦਾ ਹੈ, ਪਰ ਤਾਪ ਨੂੰ ਦੂਰ ਕਰਦਾ ਹੈ।

ਪਰ ਵਿਸ਼ੇਸ਼ ਸਹੀ ਇਹ ਗੱਲ ਹੈ ਕਿ ਅਲਉਤੀ ਦਾ ਬਰੇਡਾ ਤਾੜੀ, ਮਹੂਏ, ਨਾਰੀਅਲ, ਦੇ ਉੱਠੇ ਰਸ ਦਾ ਹੈ। ਕਿਉਂਕਿ 'ਅਲਉਤੀ ਕਾ ਬਰੇਡਾ' ਨਹੀਂ ਕਿਹਾ 'ਅਲਉਤੀ ਕਾ........ ਭਇਆ

*ਭਇਆ ਪਦ ਦੱਸਦਾ ਹੈ ਕਿ ਪਹਿਲੇ ਰਸ ਮਾਤ੍ਰ ਸੀ, ਫੇਰ ਉਹ ਕੁਛ ਹੋਰ ਹੋ ਗਿਆ ਹੈ। ਉਹ ਹੈ ਉਸ ਦਾ ਨਸ਼ੇਦਾਰ ਹੋ ਜਾਣਾ, ਨਸ਼ੇਦਾਰ ਹੋਏ ਨੂੰ ਬਰੇਡਾ ਕਿਹਾ ਹੈ।

ਬਰੇਡਾ' ਕਿਹਾ ਹੈ। ਅਲਉਤੀ ਦਾ ਰਸ ਜੋ ਬਰੇਡਾ 'ਬਣ ਗਿਆ' ਹੈ। [ਸੰਸ:, ਅਲਿਮੁਪਕ:=ਮਹੂਆ]।

ਨਿਰਗੁਨ ਕਥਾ–[ਸੰਸ:, ਨਿਰਗੁਣ: (=ਪਰਮਾਤਮਾ)+ਕਥਾ (=ਚਰਚਾ)] ਨਿਰਗੁਣ (ਬ੍ਰਹਮ) ਦੀ ਕਥਾ। ਤੇਰੀ ਨਿਰਗੁਣ ਰੂਪ ਵਾਲੀ ਕਥਾ।

ਬਿਬੇਕੀ–[ਸੰਸ:, ਵਿਵੇਕੀ] ਗਿਆਨਵਾਨ। ਵਿਚਾਰਵਾਨ।

ਪਲੀਤਾ–[ਫਾ:, ਪਲੀਤਹ] ਉਹ ਧੁਖਦਾ ਛਡਿਆ ਹੋਇਆ ਫਤੀਲਾ ਜਿਸ ਨੂੰ ਬੰਦੂਕ ਯਾ ਤੋਪ ਚਲਾਉਣ ਵੇਲੇ ਬਾਰੂਦ ਨੂੰ ਛੁਹਾਉਂਦੇ ਹੁੰਦੇ ਸਨ ਤਾਂ ਬੰਦੂਕ ਯਾ ਤੋਪ ਚੱਲ ਪੈਂਦੀ ਸੀ, ਇਹ ਤਰੀਕਾ ਕਾਰਤੂਸ ਜਾਰੀ ਹੋਣ ਤੋਂ ਪਹਿਲੋਂ ਹੁੰਦਾ ਸੀ।

(ਅ) ਦੀਵੇ ਦੀ ਵੱਟੀ ਨੂੰ ਬੀ ਕਹਿੰਦੇ ਹਨ।

(ੲ) ਵਿਆਹਵਾਂ ਢੰਗਾਂ ਤੇ ਇਕ ਲੀਰਾਂ ਦੇ ਬਣੇ ਤੇ ਤੇਲ ਵਿਚ ਭਿੱਜੇ ਹੋਏ ਫਤੀਲ ਲਾਉਂਦੇ ਹੁੰਦੇ ਸਨ ਤੇ ਅੱਗ ਲਾਕੇ ਬਾਲਦੇ ਸਨ ਜਿਨ੍ਹਾਂ ਦੇ ਚਾਨਣੇ ਵਿਚ ਜੰਞਾਂ ਟੁਰਿਆ ਕਰਦੀਆਂ ਸਨ।

ਪਰ ਏਥੇ ਮੁਰਾਦ ਤੋਪ ਬੰਦੂਕ ਚਲਾਉਣ ਵਾਲੀ ਧੁਖਦੀ ਲੰਮੀ ਬੱਤੀ ਜੇਹੀ ਤੋਂ ਹੈ, ਜੋ ਦਾਗ਼ ਦੇਣ ਲਈ ਵਰਤਦੇ ਸਨ। ਭਾਵ ਪਲੀਤੇ ਦਾ ਪ੍ਰੇਮ ਹੈ ਜੈਸਾ ਕਿ ਕਬੀਰ ਜੀ ਦਾ ਫੁਰਮਾਨ ਹੈ:–

ਪ੍ਰੇਮ ਪਲੀਤਾ ਸੁਰਤਿ ਹਵਾਈ……॥ [ਭੈਰਉ ਕਬੀਰ ਜੀ ੧੭

ਝਲ–[ਸੰਸ:, ਝਲ੍ਲਿਕਾ=ਰੋਸ਼ਨੀ, ਚਮਕ। ਹਿੰ:, ਪੰ:, ਝਲਕ। ਝਲਕ ਦਾ ਸੰਖੇਪ ਝਲ] ਚਮਕ। ਪ੍ਰਕਾਸ਼। ਤੋਪ ਬੰਦੂਕ ਚੱਲਣ ਵੇਲੇ ਦਾ ਚਮਕਾਰ। ਭਾਵ ਹੈ, ਹਉਮੈ ਦੇ ਅਭਾਵ ਹੋਣ ਵੇਲੇ ਬ੍ਰਹਮ ਵਿਚ ਪ੍ਰਵੇਸ਼ ਸਮੇਂ ਦਾ ਸਾਖਯਾਤਕਾਰ ਤੇ ਉਸ ਦਾ ਅਤਯੰਤ ਸ੍ਵਾਦੀਕ ਆਨੰਦ।

## [ਗਉੜੀ ਕਬੀਰ ਜੀ, ਚਉਪਦਾ–੩੮]

**ਪ੍ਰਾਕਥਨ**–ਪਿਛਲੇ ਸ਼ਬਦ ਵਿਚ ਹਠ ਯੋਗ ਦੇ ਅਭ੍ਯਾਸੀ ਨੂੰ ਉਸ ਦੇ ਕਮਾਏ ਯੋਗ ਦੀ ਸਫਲਤਾ ਲਈ ਪਰਮਾਤਮ ਦੇਵ ਦੇ ਅਨੁਰਾਗੀ ਹੋਣ ਦਾ, ਅਰਥਾਤ ਭਗਤੀ ਦਾ, ਉਪਦੇਸ਼ ਦਿੱਤਾ ਸੀ। ਹੁਣ ਅਗਲੇ ਸ਼ਬਦ ਵਿਚ ਪੁੱਗ ਗਏ ਭਗਤ ਦੇ ਹਿਰਦੇ ਵਿਚ ਜੋ ਸਰਬ ਅਵਸਥਾ ਤੋਂ ਪਰੇ ਤੇ ਦ੍ਵੰਦਾਂ ਤੋਂ ਅਤੀਤ, 'ਯਥਾਰਥ' ਦਰਸ਼ਨ ਦੇਂਦਾ ਹੈ, ਉਸ ਨੂੰ 'ਸਹਜ' ਆਖਕੇ ਸਹਜ ਦੇ ਲੱਛਣ ਤੇ ਪ੍ਰਾਪਤੀ ਦੀ ਜਾਚ ਦੱਸਦੇ ਹਨ ਤੇ ਲੱਛਣ ਨਖੇਧੀ ਪੱਖ ਦੇ ਤ੍ਰੀਕੇ ਤੇ ਦੱਸੇ ਹਨ* ।

ਮੂਲ

ਗਉੜੀ ॥ ਤਹ ਪਾਵਸ ਸਿੰਧੁ ਧੂਪ ਨਹੀ ਛਹੀਆ ਤਹ ਉਤਪਤਿ ਪਰਲਉ ਨਾਹੀ ॥ ਜੀਵਨ ਮਿਰਤੁ ਨ ਦੁਖੁ ਸੁਖੁ ਬਿਆਪੈ ਸੁੰਨ ਸਮਾਧਿ ਦੋਊ ਤਹ ਨਾਹੀ ॥੧॥ ਸਹਜ ਕੀ ਅਕਥ ਕਥਾ ਹੈ

ਅਰਥ

[ਅਰਥ ਰਹਾਉ ਤੋਂ ਚਲੇਗਾ:–] ਸਹਜ ਦੀ ਕਥਾ (ਐਸੀ) ਨਿਰਾਲੀ (ਭਾਂਤਿ ਦੀ ਹੈ ਕਿ) ਵਰਣਨ ਨਹੀਂ ਹੋ ਸਕਦੀ। (ਉਹ ਕਿਸੇ) ਤੱਕੜੀ ਤੇ ਨਹੀਂ ਚੜ੍ਹਦੀ (ਅਰਥਾਤ ਇਨਸਾਨੀ ਅਕਲ ਦੇ ਅੰਦਾਜ਼ ਵਿਚ ਨਹੀਂ ਆਉਂਦੀ) ਨਾ ਹੀ ਮੁਕਦੀ ਹੈ, (ਜਦ ਤੋਲ ਵਿਚ ਨਹੀਂ ਆਉਂਦੀ ਤਾਂ) ਹਲਕੀ ਭਾਰ ਲਗਦੀ (ਬੀ) ਨਹੀਂ (ਕਹੀ ਜਾ ਸਕਦੀ)। (ਉਸ ਸਹਜ ਵਿਚ) ਬਰਸਾਤ (ਆਦਿ ਰੁੱਤਾਂ) ਨਹੀਂ (ਹਨ), ਸਮੁੰਦਰ (ਆਦਿ

*ਕਿਸੇ ਦਾ ਰੂਪ ਉਸ ਦੇ ਸਰੂਪ ਲੱਛਣਾਂ ਤੋਂ ਦੱਸਣਾ ਵਿਧੀ ਪੱਖ ਹੈ, ਅਤੇ ਉਹ ਆਹ ਬੀ ਨਹੀਂ, ਆਹ ਬੀ ਨਹੀਂ ਕਹਿਕੇ ਬਾਕੀ ਜੋ ਰਹਿ ਜਾਏ ਸੋ ਹੈ, ਇਹ ਨਿਖੇਧੀ ਪੱਖ ਹੈ। ਬ੍ਰਹਮ ਸਤਿ ਚਿਤ ਆਨੰਦ ਹੈ, ਇਹ ਵਿਧੀ ਪੱਖ ਹੈ, ਉਹ ਅਦੇਸ਼ ਹੈ, ਅਕਾਲ ਹੈ, ਅਜੋਨਿ ਹੈ, ਇਹ ਨਿਖੇਧੀ ਪੱਖ ਹੈ।

ਨਰਾਰੀ ॥ ਤੁਲਿ ਨਹੀ ਚਢੈ ਜਾਇ ਨ ਮੁਕਾਤੀ ਹਲੁਕੀ ਲਗੈ ਨ ਭਾਰੀ ॥ ੧ ॥ ਰਹਾਉ ॥

ਪਾਣੀ ਦੇ ਡਲ) ਨਹੀਂ ਹਨ, ਨਾ ਓਥੇ ਧੁਪ ਹੈ ਨਾ ਛਾਂ ਹੈ, ਓਥੇ ਨਾ ਉਪਜ ਹੈ ਨਾ ਪਰਲੋ ਹੈ। ਨਾ ਓਥੇ ਜੀਵਨ ਹੈ ਨਾ ਮੌਤ ਹੈ, ਨਾ ਓਥੇ ਦੁਖ ਸੁਖ ਵਜਾਪਦਾ ਹੈ; ਸੁੰਨ ਸਮਾਧੀ ਦੋਊ ਬੀ ਓਥੇ ਨਹੀਂ ਹਨ ॥ ੧ ॥

ਅਰਧ ਉਰਧ ਦੋਊ ਤਹ ਨਾਹੀ ਰਾਤਿ ਦਿਨਸੁ ਤਹ ਨਾਹੀ ॥ ਜਲੁ ਨਹੀ ਪਵਨੁ ਪਾਵਕੁ ਫੁਨਿ ਨਾਹੀ ਸਤਿਗੁਰ ਤਹਾ ਸਮਾਹੀ ॥੨॥

ਹੇਠਾਂ ਤੇ ਉਪਰ ਓਥੇ ਦੋਵੇਂ (ਦਿਸ਼ਾ) ਨਹੀਂ ਹਨ, ਰਾਤ ਤੇ ਦਿਨ ਬੀ ਓਥੇ ਨਹੀਂ। ਪਾਣੀ ਨਹੀਂ, ਪੌਣ ਤੇ ਫੇਰ ਅੱਗ ਬੀ ਨਹੀਂ, ਓਥੇ (ਓਸ ਸਹਜ ਵਿਚ) ਸਤਿਗੁਰੂ ਸਮਾ ਰਿਹਾ ਹੈ ॥ ੨ ॥

ਅਗਮ ਅਗੋਚਰੁ ਰਹੈ ਨਿਰੰਤਰਿ ਗੁਰ ਕਿਰਪਾ ਤੇ ਲਹੀਐ ॥ ਕਹੁ ਕਬੀਰ ਬਲਿ ਜਾਉ ਗੁਰ ਅਪੁਨੇ ਸਤਸੰਗਤਿ ਮਿਲਿ ਰਹੀਐ ॥੩॥ ੪ ॥ ੪੮ ॥

(ਮਨ ਬੁੱਧੀ ਦੀ) ਗੰਮਤਾ ਤੋਂ ਪਰੇ ਤੇ ਇੰਦ੍ਰਿਆਂ ਦੀ ਪਹੁੰਚ ਤੋਂ ਦੂਰ (ਪ੍ਰਭੂ ਉਥੇ) ਲਗਾਤਾਰ ਵੱਸ ਰਿਹਾ ਹੈ, (ਉਸ ਨੂੰ) ਗੁਰੂ ਦੀ ਕ੍ਰਿਪਾ ਨਾਲ ਪ੍ਰਾਪਤ ਕਰ ਸਕੀਦਾ ਹੈ। ਕਬੀਰ ਜੀ ਕਹਿੰਦੇ ਹਨ ਆਪਣੇ ਗੁਰੂ ਤੋਂ ਸਦਕੇ ਹੋ ਜਾਵਾਂ (ਉਸ ਗੁਰੂ ਦੀ) ਸੱਚੀ ਸੰਗਤ ਵਿਚ(ਸਦਾ ਹੀ)ਮਿਲੇ ਰਹੀਏ॥੩॥੪॥੪੮॥

**ਵਯਾਖਯਾ**—'ਸਹਜ' ਪਦ ਭਗਤੀ ਮਾਰਗ ਦੇ ਯੋਗ ਲਈ ਵਰਤਿਆ ਗਿਆ ਹੈ। ਇਹ ਉਸ ਅਵਸਥਾ ਨੂੰ ਦੱਸਦਾ ਹੈ ਜੋ ਭਗਤ ਨੂੰ ਸਭ ਤੋਂ ਸ਼ਿਰੋਮਣੀ ਵਸਤੂ ਪ੍ਰਾਪਤ ਹੁੰਦੀ ਹੈ! 'ਅਵਸਥਾ' ਪਦ ਵਿਚ ਬਦਲਨੇ ਦੀ ਸੰਭਾਵਨਾ ਹੈ, 'ਸਹਜ' ਵਿਚ ਨਹੀਂ। ਇਸ ਕਰਕੇ 'ਸਹਜ' ਸਰਬ ਉੱਤਮ ਅਵਸਥਾ ਤੋਂ ਉਪਰ ਹੈ, ਇਸ ਨੂੰ ਸਰਬ ਅਵਸਥਾ ਤੋਂ ਉਪਰ 'ਯਥਾਰਥ' ਕਹੀਏ ਤਾਂ ਢੁੱਕਦਾ ਹੈ*। ਸਹਜ ਯੋਗੀ ਨੂੰ ਜੋ ਪ੍ਰਾਪਤੀ ਹੁੰਦੀ ਹੈ, ਉਹ ਪਿੰਡ ਵਿਚ ਬੀ ਤੇ ਬ੍ਰਹਮੰਡ ਵਿਚ ਬੀ ਹੈ। ਬ੍ਰਹਮੰਡ ਇਕ ਵਿਸ਼ਾਲ ਟਿਕਾਣਾ ਹੈ; ਇਸ ਵਿਚ ਨੀਵੇਂ ਉੱਚੇ ਕਈ ਟਿਕਾਣੇ ਹਨ। ਇਸ ਸਹਜ ਦਾ ਜੇ ਟਿਕਾਣਾ ਸਮਝੀਏ ਤਾਂ ਸਰਬ ਤੋਂ ਉੱਤਮ ਤੇ ਉੱਚਾ ਹੈ। ਉੱਤਮ ਥਾਨ ਹੋਣ ਕਰਕੇ ਇਸ ਨੂੰ ਪਦਵੀ ਤੇ ਪਦ ਬੀ ਆਖ ਲੈਂਦੇ ਹਨ। 'ਟਿਕਾਣੇ' ਵਿਚ ਬੀ ਸੰਭਾਵਨਾ ਬਦਲਨੇ ਦੀ ਹੈ, ਦੇਸ਼ ਕਾਲ ਵਿਚ ਜੁ ਹੋਇਆ।

(੧) ਸਹਜ ਪਦ-ਇਹ ਥਾਨ ਯਾ ਟਿਕਾਣਾ ਸਭ ਟਿਕਾਣਿਆ ਥਾਨਾਂ ਤੋਂ ਉਪਰ ਹੈ, ਇਸ ਕਰਕੇ ਉਹ 'ਅਦੇਸ' ਹੈ, ਪਰ ਸਾਰੇ ਦੇਸ਼ ਵਿਚ ਹੋਣ ਕਰਕੇ ਉਸ ਨੂੰ 'ਪਦ' ਤੇ 'ਥਾਨ' ਕਹਿ ਲਈਦਾ ਹੈ†।

(੨) ਸਹਜ ਸਰੂਪ-ਸਾਰੇ 'ਦੇਸ' ਵਿਚ ਹੋਣ ਕਰਕੇ, ਸਾਰੇ 'ਅਦੇਸ' ਵਿਚ ਬੀ ਹੋਣ ਕਰਕੇ ਤੇ ਵਯਾਪਕ ਪਰੀ ਪੂਰਣ ਹੋਣ ਕਰਕੇ ਉਸ ਨੂੰ ਨਿਰਗੁਣ ਬ੍ਰਹਮ ਗਯਾਨ ਸਰੂਪ ਪਰਮਾਤਮ ਦੇਵ ਕਹੀਦਾ ਹੈ ਤੇ ਜੋ ਅਪਣੇ ਵਿਚ ਅਪਣੇ ਤੋਂ ਅਪਣੇ ਸਰੂਪ ਕਰਕੇ ਇਸਥਿਤ ਹੈ ਉਹ 'ਸਹਜ' ਹੈ।

(੩) ਸਹਜ ਅਵਸਥਾ ਜੋ ਅਪਣੀ ਸੁਭਾਵਕ ਖਾਸੀਅਤ ਕਰਕੇ ਉਸ ਅਬਦਲਤਾ ਵਿਚ ਕਾਯਮ ਹੋਣ ਕਰਕੇ ਅਵਸਥਾ ਤੋਂ ਲੰਘ ਕੇ 'ਯਥਾਰਥ' ਹੈ ਉਸ ਨੂੰ 'ਸਹਜ' ਕਹੀਦਾ ਹੈ। ਸੋ ਸਹਜ ਪਦ ਦੀਆਂ ਤ੍ਰੈ ਵਿਵੇਚਨਾ ਇੱਕੋ ਨੁਕਤੇ ਉਤੇ ਆ ਟਿਕਦੀਆਂ ਹਨ।

ਰਹਾਉ ਵਿਚ ਦਸਿਆ ਹੈ:-ਉਸ ਸਹਜ ਦੀ ਕਥਾ ਅਕੱਥ ਹੈ ਤੇ ਨਿਰਾਲੀ ਹੈ। ਬਾਕੀ ਤੁਕਾਂ

*ਸਹਜ ਸਮਝਣ ਲਈ ਤੀਸਰੀ ਪਾਤਸ਼ਾਹੀ ਦੀ ਸਿਰੀ ਰਾਗ ਦੀ ੨੩ਵੀਂ ਅਸਟਪਦੀ ਸਾਰੀ ਵਾਚੋ। (ਸਿਥਯਾ ਪੋਥੀ ਪਹਿਲੀ ਪੰਨਾ ੬੧੭ ਤੋਂ ੬੨੧)।

†ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ ਤ੍ਰੈ ਗੁਣ ਭਰਮਿ ਭੁਲਾਇ ॥…………ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ ॥ [ਸਿਰੀ ਰਾਗੁ ਮਹਲਾ ੩, ਅਸਟ: ੨੩

ਵਿਚ ਇਸੇ ਸਹਜ ਪਦ ਲਈ 'ਸਰਵ ਨਾਮ' ਪਦ 'ਤਹ' ਵਰਤਿਆ ਹੈ। ਸੋ ਇਹ 'ਤਹ' ਇਸੇ ਕਰਕੇ ਜਿੰਨੇ ਤਾਰੀਫੀ ਪਦ ਇਸ ਸਬਦ 'ਸਹਜ' ਵਿਚ ਵਰਤੇ ਹਨ ਤੇ ਜੋ ਬਹੁਤੇ 'ਨਿਖੇਧੀ ਪੱਖ' ਦੇ ਹਨ ਉਸੇ ਨੂੰ ਜਨਾਉਣ ਵਾਸਤੇ ਹਨ।

ਫੇਰ 'ਸਹਜ' ਨਾਮ ਆਸਾਨੀ, ਸੁਖੱਲ, ਨਿਰਯਤਨਤਾ ਨਾਲ ਸੁਤੇ ਸਿਧ ਜੋ ਸਿਰੇ ਚੜ੍ਹ ਜਾਵੇ, ਅਰਥਾਤ-ਜ਼ੋਰ, ਹਠ, ਸ਼੍ਰਮਾਂ ਦੇ ਵਿਰੁੱਧ ਇਕ ਸੁਭਾਵਕ ਸੁਖੱਲੇ ਤ੍ਰੀਕੇ ਨਾਲ ਕੰਮ ਕਰਨ ਦੀ ਡੌਲ ਮੁਰਾਦ ਹੁੰਦੀ ਹੈ ਜੋ ਜਪੁਜੀ ਵਿਚ ਫੁਰਮਾਈ ਹੈ-'ਜੋਰੁ ਨ ਸੁਰਤੀ ਗਿਆਨਿ ਵੀਚਾਰਿ'। ਜੋ ਸੁਖੱਲੇ, ਆਸਾਨ, ਕੁਦਰਤੀ, ਸੁਭਾਵਕ ਤ੍ਰੀਕੇ ਨਾਲ ਘਾਲ ਕੀਤੀ ਜਾਵੇ ਉਹ ਸਹਜ ਦੀ ਘਾਲ ਹੈ। ਭਗਤ ਜਨ ਇਨਸਾਨ ਵਿਚ ਸੁਭਾਵਕ ਸਮਾਏ 'ਪਯਾਰ' ਨੂੰ ਦ੍ਰਿਸ਼ਟਮਾਨ ਤੋਂ ਚੁੱਕ ਕੇ ਦ੍ਰਿਸ਼ਟਾ ਵੱਲ ਲਾਉਂਦੇ ਹਨ ਤੇ ਲਾਉਣ ਦਾ ਤ੍ਰੀਕਾ-ਸਿਮਰਣ-ਵਰਤਦੇ ਹਨ। ਇਹ ਬੀ ਸਹਜ ਕਹੀਦਾ ਹੈ।

ਸਹਜ=ਬ੍ਰਹਮ ਹੈ, ਤੁਰੀਆ ਹੈ, ਯਥਾਰਥ ਹੈ, ਸਹਜ ਅਵਸਥਾ ਬੀ ਹੈ। ਹਠ ਯੋਗ ਤੇ ਰਾਜ ਯੋਗ ਤੋਂ ਅੱਗੇ ਸਹਜ ਯੋਗ ਬੀ ਹੈ। ਸਹਜ=ਨਿਰਯਤਨਤਾ, ਸੁਖੱਲ, ਸੁਤੇ ਸਿੱਧਤਾ ਬੀ ਹੈ।

ਉਪਰ ਸੰਖੇਪ ਵਿਚ ਕੁਛ ਅੱਖਰ ਲਿਖੇ ਹਨ ਕਿ ਸਬਦ ਵਿਚ ਦੱਸੇ 'ਸਹਜ' ਦੇ ਲੱਛਣਾਂ ਨੂੰ ਪਾਠਕ ਆਸਾਨੀ ਨਾਲ ਸਮਝ ਲਵੇ ਕਿ ਏਥੇ ਓਹ ਉਸ 'ਯਥਾਰਥ' ਪਰ ਘਟਦੇ ਹਨ ਜੋ ਸਹਜ ਮਾਰਗ ਦੇ ਤੁਰਾਊ ਭਗਤ ਦੇ ਹਿਰਦ ਵਿਚ ਵਸਦਾ ਹੈ ਤੇ ਜਿਸ ਦੀ ਲੱਖਤਾ ਉਸ ਨੂੰ ਹੋ ਗਈ ਹੈ ਤੇ ਹੁਣ ਉਸ ਵਿਚ ਪ੍ਰਾਪਤ ਹੈ ਤੇ ਸਰੀਰ ਹੋਣ ਕਰਕੇ ਜਿਸ ਅਵਸਥਾ ਵਿਚ ਵਿਚਰਦਾ ਹੈ ਉਹ ਚਿਮਨੀ ਦੇ ਅੰਦਰਲੀ ਲਾਟ ਵਾਂਗੂ ਦਿਪਤ ਹੈ ਜੋ ਮੂਲ ਵਸਤੂ ਹੈ। ਉਹ ਸਹਜ ਵਯਾਪਕ ਹੈ ਦੇਸ਼ ਵਿਚ, ਉਹੀ ਦੇਸ਼ ਤੋਂ ਉੱਪਰ ਅਦੇਸ਼ ਅਕਾਲ ਬੀ ਹੈ। ਇਹ ਗੱਲ ਸ਼ਬਦ ਦੇ ਤੀਸਰੇ ਅੰਕ ਵਿਚ 'ਰਹੈ ਨਿਰੰਤਰਿ' (ਅਰਥਾਤ ਸਦੈਵੀ) ਕਰਕੇ ਦੱਸੀ ਹੈ। ਇਸੇ ਕਰਕੇ ਰਹਾਉ ਵਿਚ ਦੱਸਿਆ ਹੈ ਕਿ ਉਸ 'ਸਹਜ' ਦਾ ਵਰਣਨ ਹੋ ਨਹੀਂ ਸਕਦਾ। ਮਿਤ ਵਾਲੀ ਰਸਨਾ ਤੇ ਮਿਤ ਵਾਲੀ ਬੁਧੀ ਅਮਿਤ ਨੂੰ ਕੀਕੂੰ ਕਹਿ ਸਕਦੀ ਹੈ. ਉਸ ਦੀ ਦਲੀਲ ਆਪ ਦੇਂਦੇ ਹਨ ਕਿ ਉਹ ਤੱਕੜੀ ਤੇ ਨਹੀਂ ਚੜ੍ਹ ਸਕਦੀ। ਨਾ ਤਾਂ ਸਥੂਲ ਪਦਾਰਥਾਂ ਵਾਂਗੂ ਤੋਲੀ ਜਾ ਸਕਦੀ ਹੈ ਨਾਂ ਹੀ ਮਨ ਰੂਪ ਤੱਕੜੀ ਤੇ ਤੋਲੀ ਜਾ ਸਕਦੀ ਹੈ। ਮਨ ਉਸ ਦੀ ਥਾਹ ਨਹੀਂ ਲੈ ਸਕਦਾ। ਭਾਵ ਅੰਤ ਨਹੀਂ ਪਾ ਸਕਦਾ। ਕਿਉਂਕਿ ਉਹ ਅਗੰਮ ਤੇ ਅਗੋਚਰ ਹੈ, ਮਨ ਦੀ ਗੰਮਤਾ ਤੋਂ ਪਰੇ ਹੈ ਤੇ ਇੰਦ੍ਰਿਆਂ ਦੇ ਜਾਣੇ ਜਾਣ ਤੋਂ ਅਵਿਸ਼ੈ ਹੈ। ਅੰਕ ੩ ਵਿਚ ਅਗਮ ਅਗੋਚਰ ਆਖ ਕੇ, 'ਤੁਲਿ ਨਹੀ ਚਢੈ' ਦਾ ਕਾਰਣ ਦੱਸ ਦਿੱਤਾ।

ਜੋ ਸ਼ੈ ਤੋਲੀ ਜਾ ਸਕੇ ਓਹ ਤੋਲਦਿਆਂ ਮੁੱਕ ਜਾਂਦੀ ਹੈ, ਇਹ ਜਦ ਤੋਲੀ ਨਹੀਂ ਜਾ ਸਕਦੀ, ਮਨ ਕਰਕੇ ਜਿਸ ਦਾ ਅੰਤ ਨਹੀਂ ਪਾਇਆ ਜਾ ਸਕਦਾ-ਉਹ ਅਮੁੱਕ ਹੈ। 'ਹਲਕਾ ਤੇ ਭਾਰਾ' ਏਹ ਦੋ ਨਿਰਣੇ ਕਰਨੇ ਤੱਕੜੀ ਦਾ ਕੰਮ ਹੈ ਸੋ ਜੋ ਸ਼ੈ ਤੱਕੜੀ ਚੜ ਹੀ ਨਹੀਂ ਸਕਦੀ, ਉਸ ਦਾ ਹਲਕਾ ਲੱਗਣਾ ਯਾ ਭਾਰਾ ਲੱਗਣਾ ਕੁਛ ਅਰਥ ਨਹੀਂ ਰਖਦਾ। ਇਹ ਆਖ ਕੇ ਇਹ ਜਣਾਇਆ ਹੈ ਕਿ ਓਹ ਹੈ:- "ਕੀਮਤਿ ਪਾਇ ਨ ਕਹਿਆ ਜਾਇ॥" [ਆਸਾ ਮਹਲਾ ੧

ਅੰਕ ੧. ਉਸ ਸਹਜ-ਯਥਾਰਥ, ਪਦ ਯਾ ਅਵਸਥਾ ਵਿਚ ਬਰਸਾਤ ਆਦਿ ਰੁੱਤਾਂ ਨਹੀਂ ਹਨ। ਇਕ ਰੁਤ ਕਹਿਕੇ ਸਭ ਰੁੱਤਾਂ ਜਣਾਈਆਂ ਹਨ ਤ ਸਰਬ ਰੁੱਤਾਂ ਜਣਾਕੇ ਉਸ ਨੂੰ 'ਅਕਾਲ' ਦੱਸਿਆ ਹੈ, ਕਿਉਂਕਿ ਰੁੱਤਾਂ ਕਾਲ ਦਾ ਹੀ ਇਕ ਅੰਗ ਹੈਨ। ਫੇਰ ਕਿਹਾ ਹੈ: ਸਮੁੰਦਰ ਉਸ ਵਿਚ ਨਹੀਂ। ਇਥੇ ਜਣਾਇਆ ਕਿ ਖੁਸ਼ਕੀ ਤੇ ਤਰੀ-ਧਰਤੀ ਤੇ ਸਾਗਰ-ਇਹ ਬੀ ਉਸ ਵਿਚ ਨਹੀਂ। ਇਸ ਵਿਚ ਜਣਾਇਆ ਕਿ ਉਹ ਦੇਸ਼ ਤੋਂ ਰਹਿਤ ਹੈ-ਅਦੇਸ਼ ਹੈ। ਇਹ ਕਹਿਕੇ 'ਜਲ ਥਲ' ਦਾ ਦ੍ਵੰਦ ਜਣਾਕੇ ਹੁਣ ਸਪਸ਼ਟ ਤੌਰ ਤੇ ਦੱਸਣ ਲੱਗੇ ਹਨ ਕਿ ਉਹ ਦ੍ਵੰਦ ਅਤੀਤ ਹੈ। ਉਹ ਦ੍ਵੰਦ-ਅਰਥਾਤ ਟਾਕਰੇ ਦੇ ਜੋੜੇ-ਇਉਂ ਗਿਣਦੇ ਹਨ:-ਧੁਪ ਤੇ ਛਾਂ ਓਥੇ ਨਹੀਂ ਹੈ, ਓਥੇ ਦ੍ਵੰਦਾਤੀਤ ਸੂਰਜ ਅਰਥਾਤ

ਨਿਰਪੇਖਜਕ 'ਸੱਤਜ' ਦਾ ਪ੍ਰਕਾਸ਼ ਹੈ। ਫੇਰ ਓਥੇ ਉਤਪਤ ਤੇ ਪਰਲੋ ਦੱਸੀ ਹੈ ਕਿ ਨਹੀਂ ਹੈ। ਜੀਵ ਦਾ ਜੰਮਣਾ ਤੇ ਮਰਨਾ, ਜਗਤ ਦਾ ਉਤਪਤ ਹੋਣਾ ਤੇ ਪਰਲੋ ਨਾਲ ਨਾਸ਼ ਹੋ ਜਾਣਾ ਇਹ ਦ੍ਵੰਦ ਬੀ ਓਥੇ ਨਹੀਂ। ਫੇਰ ਦੁਖ ਸੁਖ ਦਾ ਜੋੜਾ ਲਿਆ। ਓਥੇ ਦੁਖ ਤੇ ਸੁਖ ਦੋਵੇਂ ਨਹੀਂ। ਇਕ ਸੁਖ ਦੁਖ ਦੇ ਟਾਕਰੇ ਦਾ ਸੁਖ ਹੈ ਜੋ ਦ੍ਵੰਦਾਂ ਤੋਂ ਉਪਰ 'ਪਰਮਾਨੰਦ' ਰੂਪ ਹੈ, ਓਹ ਇਸ ਦ੍ਵੰਦ ਤੋਂ ਉਪਰ ਹੈ।

ਹੁਣ ਕਹਿੰਦੇ ਹਨ 'ਸੁੰਨ' ਤ 'ਸਮਾਧਿ' ਇਹ ਬੀ ਦ੍ਵੰਦਾਂ ਦੀ ਗੇਣਤੀ ਵਿਚ ਲਿਆ ਹੈ। ਇਸ ਸੁੰਨ ਤੋਂ ਮੁਰਾਦ ਚੌਥੇ ਪਦ ਦੀ ਸੁੰਨ ਪਰਮਾਤਮ ਦੇਵ ਤੋਂ ਨਹੀਂ, ਪਰ ਉਸ ਘੂਰਮ ਅਵਸਥਾ ਤੋਂ ਹੈ ਜੋ ਹਠ ਜੋਗੀ ਵਰਣਨ ਕਰਦੇ ਹਨ ਅਤੇ ਜਿਸ ਲਈ ਕਈ ਵੇਰ ਬੂਟੀਆਂ ਤੇ ਮਦਰਾ ਆਦਿ ਦਾ ਬੀ ਸੇਵਨ ਕਰ ਲੈਂਦੇ ਹਨ ਤੇ ਸਮਾਧੀ ਤੋਂ ਮੁਰਾਦ 'ਬ੍ਰਹਮ ਲੀਨਤਾ' ਦੀ ਨਹੀਂ, ਪਰ ਉਸ ਤੋਂ ਉਰੇ 'ਅਪਣੇ ਆਪੇ ਵਿਚ ਟਿਕਣੇ ਦੀ' ਹੈ। ਏਹ ਦੁਇ ਅਵਸਥਾ ਹਨ। ਸੋ ਇਹ ਜੋੜਾ ਬੀ ਓਥੇ ਨਹੀਂ। ਜੇ 'ਸੁੰਨ ਸਮਾਧ' ਅਰਥ ਲਈਏ ਉਹ ਸਮਾਧੀ ਜਿਸ ਵਿਚ ਮਨ 'ਸੁੰਨ' ਹੋ ਜਾਂਦਾ ਹੈ, ਤੇ ਟਾਕਰੇ ਤੇ 'ਦੋਊ' ਦਾ ਅਰਥ ਕਰੀਏ ਦ੍ਵੈਤ ਭਾਵ ਵਾਲੀ ਅਵਸਥਾ ਤਾਂ ਢੁੱਕ ਤਾਂ ਕੁਛ ਜਾਂਦਾ ਹੈ ਪਰ 'ਦੋਊ' ਦਾ ਅਰਥ ਵਜਾਕਰਣਕ ਰੂਪ ਤੋਂ ਬਦਲਨਾ ਪੈਂਦਾ ਹੈ। ਦੋਊ ਪਦ ਏਥੇ ਸੰਗਜਾ ਵਾਚੀ 'ਦ੍ਵੈਤ' ਨਹੀਂ ਹੈ; ਦੋਊ ਦਾ ਸਪਸ਼ਟ ਅਰਥ 'ਦੋਵੇਂ' ਹੀ ਹੈ, ਜੋ ਦੇਖੋ ਅੰਕ ੨ ਵਿਚ ਫੇਰ ਆਇਆ ਹੈ ਤੇ ਓਥੇ 'ਦੋਵੇਂ' ਹੀ ਦੇ ਅਰਥ ਦੇਂਦਾ ਹੈ:–'ਅਰਧ ਉਰਧ ਦੋਊ ਤਹ ਨਾਹੀ'।

ਅੰਕ ੨–ਹੁਣ ਅੰਕ ੨ ਵਿਚ ਹੇਠਾਂ ਉਪਰ ਦੀਆਂ ਦੋ ਦਿਸ਼ਾ ਦਾ ਜੋੜਾ ਲੈਂਦੇ ਹਨ, ਇਹ ਫੇਰ 'ਦੇਸ' ਦਾ ਲਖਾਯਕ ਹੈ। ਜਿੱਥੇ ਦੇਸ਼ ਨਹੀਂ ਓਥੇ ਹੇਠਾਂ ਉਪਰ ਹੋ ਹੀ ਨਹੀਂ ਸਕਦਾ। ਇਸ ਵਿਚ ਧੁਨੀ ਇਹ ਬੀ ਹੈ ਕਿ ਆਕਾਸ਼, ਪਾਤਾਲ ਅਤੇ ਸ਼ਿਵ ਪੁਰੀ ਆਦਿ ਲੋਕ ਪੁਰੀਆਂ ਭਵਨ ਓਥੇ ਕੋਈ ਨਹੀਂ ਹਨ। ਅਰਧ ਉਰਧ ਦੋ ਦਿਸ਼ਾ ਕਹਿਣ ਤੋਂ ਦਸੋ ਦਿਸ਼ਾ ਸਮਝ ਲਈ ਦੀਆਂ ਹਨ। ਭਾਵ ਓਥੇ ਦਿਸ਼ਾ ਦਾ ਵੇਰਵਾ ਨਹੀਂ। ਇਸ ਤੋਂ ਮਗਰੋਂ ਰਾਤ ਦਿਨ ਦਾ ਜੋੜਾ ਲਿਆ ਹੈ। ਇਹ ਬੀ ਰੁਤ ਵਾਕੂ 'ਕਾਲ' ਦਾ ਲਖਾਯਕ ਹੈ ਕਿ ਕਾਲ ਓਥੇ ਹੈ ਨਹੀਂ, ਤਾਂ ਕਾਲ ਦੀ ਗਤੀ ਰਾਤ ਦਿਨ ਆਦਿ ਜੋੜੇ ਓਥੇ ਹੋ ਨਹੀਂ ਸਕਦੇ। ਸੋ ਸਾਡੇ ਹਿਸਾਬ ਰਾਤ ਦਿਨ ਦੀ ਗਤੀ ਗੇਣਤੀ ਨਾਲ ਬਣਦੀ ਵਰਹੇ ਮਹੀਨੇ ਆਦਿ ਬੀ ਨਹੀਂ ਹਨ।

ਹੁਣ ਗਿਣਦੇ ਹਨ: ਜਲ, ਪੌਣ ਤੇ ਅਗਨੀ। ਏ ਤ੍ਰੈ ਦ੍ਵੰਦਾਂ ਵਾਕੂ ਵਰਣਨ ਨਹੀਂ ਕੀਤੇ। ਇਹ ਸਿੱਧੇ ਤਿੰਨ ਤੱਤ ਗਿਣੇ ਹਨ, ਪਰ ਮੁਰਾਦ ਪੰਜਾਂ ਹੀ ਤੱਤਾਂ ਤੋਂ ਹੈ। ਸੋ ਦੱਸਦੇ ਹਨ ਕਿ ਓਥੇ ਪੰਜ ਤੱਤ ਬੀ ਨਹੀਂ ਹਨ। ਜਿਥੇ ਤੱਤ ਹੋਣਗੇ, ਓਥੇ ਤੱਤਾਂ ਤੋਂ ਬਣੇ ਸਾਰੇ ਪਦਾਰਥ ਹੋਣਗੇ। ਉਹ 'ਸਹਜ' ਪਦਾਰਥਾਂ ਦਾ ਟਿਕਾਣਾ ਨਹੀਂ, ਚਾਹੇ ਓਹ ਅਸਥੂਲ ਹੋਣ ਚਾਹੇ ਦਿੱਵਯ। ਇਹ ਕਹਿਕੇ 'ਸਹਜ' ਨੂੰ 'ਅਭੌਤਿਕ' ਦੱਸਿਆ। ਇਉਂ ਨਿਖੇਧੀ ਪੱਖ ਦੇ ਤੁਕੇ ਨਾਲ ਓਹ ਸਾਮਾਨ ਗਿਣ ਦਿੱਤੇ ਹਨ ਕਿ ਜੋ ਓਥੇ ਨਹੀਂ ਹਨ। ਹੁਣ ਪ੍ਰਸ਼ਨ ਹੁੰਦਾ ਹੈ ਕਿ ਜੇ ਐਸਾ ਅਰੂਪ, ਅਰੋਗ, ਅਭੌਤਕ ਤੇ ਅਲਖ ਰੂਪ ਸਹਜ ਹੈ ਓਹ ਤੁਹਾਨੂੰ ਕਿਵੇਂ ਪਤਾ ਲੱਗਾ ਹੈ ਕਿ ਹੈ? ਤਾਂ ਉੱਤਰ ਦੇਂਦੇ ਹਨ ਕਿ ਉਸ ਸਹਜ ਵਿਚ ਸਤਿਗੁਰੂ ਸਮਾ ਰਿਹਾ ਹੈ, ਉਹ ਜੋ ਉਸ ਵਿਚ ਸਮਾ ਰਿਹਾ ਹੈ, ਉਸ ਨੂੰ ਲੱਖਤਾ ਹੈ ਕਿ ਉਹ ਹੈ ਤੇ ਉਸ ਤੋਂ ਉਹ ਲੱਖਤਾ ਪ੍ਰਾਪਤ ਹੋਈ ਹੈ।

ਅੰਕ ੩–ਇਸ ਲਈ ਅੰਕ ਤਿੰਨ ਵਿਚ ਫੁਰਮਾਉਂਦੇ ਹਨ ਕਿ ਚਾਹੇ ਉਹ ਸਹਜ ਮਨ ਤੇ ਇੰਦ੍ਰਿਆਂ ਦੀ ਗੰਮਤਾ ਤੇ ਪਹੁੰਚ ਤੋਂ ਪਰੇ ਹੈ, ਪਰ ਉਹ 'ਹੈ' ਅਤੇ ਉਹ 'ਨਿਰੰਤਰ ਹੈ'। ਅਰਥਾਤ ਉਹ ਹੈ-ਸਤਯ ਸਰੂਪ ਹੈ-ਤੇ ਸਦਾ ਇਕ ਰਸ ਸੱਤਯ ਸਰੂਪ ਰਹਿੰਦੀ ਹੈ। ਹੁਣ ਆਕਾਂਖਯਾ ਉਪਜਦੀ ਹੈ ਕਿ ਹੇ ਕਬੀਰ ਜੀ ਕਿਵੇਂ ਅਸੀਂ ਬੀ ਉਸ ਨੂੰ ਲਹੀਐ=ਲਖ ਲਈਏ? ਤਾਂ ਦੱਸਦੇ ਹਨ ਕਿ ਉਸ ਦੀ ਲੱਖਤਾ ਗੁਰੂ ਦੀ ਕ੍ਰਿਪਾ ਦੁਆਰਾ ਹੁੰਦੀ ਹੈ, ਕਿਉਂਕਿ ਦੱਸ ਆਏ ਹਨ ਕਿ ਗੁਰੂ ਉਸ ਵਿਚ ਸਮਾ ਰਿਹਾ

ਹੈ, ਉਹ ਜਾਣਦਾ ਹੈ ਕਿ ਉਸ ਵਿਚ ਕੀਕੂੰ ਸਮਾਈਦਾ ਹੈ, ਉਹ ਜਾਚ ਦੱਸੇਗਾ ਸਮਾਉਣੇ ਦੀ। ਸਮਾਉਣਾ ਪਦ ਕਿਉਂ ਵਰਤਿਆ ? ਇਸ ਲਈ ਕਿ ਉਸ ਵਿਚ ਸਮਾ ਕੇ ਹੀ ਉਸ ਨੂੰ ਲਖੀਦਾ ਹੈ ਯਾ ਪਾਈਦਾ ਹੈ। ਉਸ ਨੂੰ ਐਉਂ ਨਹੀਂ ਜਾਣੀਦਾ ਜਿਵੇਂ ਦ੍ਰਿਸ਼ਟਮਾਨ ਪਦਾਰਥਾਂ ਨੂੰ ਆਪ ਦ੍ਰਿਸ਼ਟਾ ਹੋ ਕੇ ਦੇਖੀਦਾ ਹੈ। ਅਰਥਾਤ ਆਪ ਫਾਇਲ ਹੋ ਕੇ ਵਸਤਾਂ ਨੂੰ ਮਫਊਲ ਕਰਕੇ ਵੇਖੀਦਾ ਹੈ, ਪਰ ਜਿਸ ਵਿਚ ਉਸੇ ਦਾ ਰੂਪ-ਸੱਤਯ ਹੋ ਕੇ ਸੱਤਯ ਵਿਚ ਸਮਾ ਜਾਈਦਾ ਹੈ, ਇਸ ਸਮਾਏ ਬਿਨਾ ਜੋ ਗ੍ਯਾਨ ਹੈ ਸੋ ਸਾਖਯਾਤਕਾਰ-ਪ੍ਰਤੱਖ ਗ੍ਯਾਨ-ਨਹੀਂ।

ਹੁਣ ਆਪ ਜੀ ਇਹ ਸੁਮੱਤਿ ਦੇਂਦੇ ਹੋਏ ਕਿ ਉਹ ਸਤਿਗੁਰੂ ਦੀ ਕ੍ਰਿਪਾ ਨਾਲ ਮਿਲਦਾ ਹੈ, ਵਿਚ ਇਹ ਕਟਾਖਯ ਸੁੱਟਦੇ ਹਨ ਕਿ ਤੁਸੀਂ ਬੀ ਸਤਿਗੁਰੁ ਦੀ ਸ਼ਰਨ ਲਓ ਤੇ ਅਪਣੇ ਸਤਿਗੁਰੂ ਦੇ ਫ਼ਖ਼ਰ ਲਾਡ ਵਿਚ ਆ ਕੇ ਬੋਲਦੇ ਹਨ:-"ਮੈਂ ਸਦਕੇ ਹੋ ਜਾਵਾਂ ਅਪਣੇ ਗੁਰੂ ਤੋਂ ਜਿਸ ਨੇ ਮੈਨੂੰ ਸਹਜ ਵਿਚ ਸਮਾਈ ਬਖਸ਼ੀ ਹੈ"।

ਸਮਾਈ ਬਖ਼ਸ਼ਕੇ 'ਘਰ ਉਸਰਿਆ ਤੇ ਰਾਜ ਵਿਸਰਿਆ' ਵਾਲੀ ਗੱਲ ਨਹੀਂ ਹੁੰਦੀ। 'ਸਹਜ' ਨੂੰ ਪ੍ਰਾਪਤ ਹੋਕੇ ਉਸ ਗੁਰੂ ਦੇ ਸਤਿਸੰਗ ਵਿਚ ਸਦਾ ਮਿਲੇ ਰਹੀਦਾ ਹੈ; ਕਿਉਂਕਿ ਪਹਿਲੇ ਤਾਂ ਉਸ ਨੇ ਮੇਹਰ ਕਰਕੇ ਸਾਨੂੰ ਪੁਚਾਇਆ ਹੈ। ਉਸ ਨਾਲ ਮਿਲੇ ਰਹਿਣਾ ਸਹਜ ਵਿਚ ਸਦਾ ਰਖੇਗਾ। ਉਹ ਸਹਜ ਨੂੰ ਪ੍ਰਾਪਤ ਹੈ, ਉਹ ਸਹਜ ਸਰੂਪ ਹੈ, ਸਾਨੂੰ ਸਹਜ ਵਿਚ ਲੈ ਗਿਆ ਹੈ, ਤਾਂਤੇ ਸਤਿਗੁਰ ਨਾਲ ਮਿਲੇ ਰਹਿਣਾ 'ਸਹਜ' ਵਿਚ ਅਵਿਛੜ ਮੇਲ ਹੈ।

**ਨਿਰੁਕ੍ਤ—**ਪਾਵਸ—[ਸੰਸ:, ਪ੍ਰਾਵ੍ਰਿਸ਼: । ਪ੍ਰਾ:, ਪਾਉਸ । ਹਿੰਦੀ, ਪਾਵਸ] ਬਰਸਾਤ। ਬਰਖਾ ਰੁਤ। ਸਿੰਧੁ—[ਸੰਸ:, ਸਿੰਧੁ: ] ਸਮੁੰਦ੍ਰ। ਸਮੁੰਦਰ।

ਛਹੀਆ—[ਸੰਸ:, ਛਾਯਾ] ਪਰਛਾਵਾਂ। (ਹਿੰਦੀ) ਛਾਂ।

ਉਤਪਤਿ—ਉਪਜ। ਸੰਸਾਰ ਦੀ ਪੈਦਾਯਸ਼।

ਪਰਲਉ—[ਸੰਸ:, ਪ੍ਰਲਯ:=ਸੰਸਾਰ ਦਾ ਨਾਸ਼] ਪਰਲੋ । ਜਦੋਂ ਸਭ ਜਗਤ ਮੁੱਕ ਜਾਂਦਾ ਹੈ। ਵਿਨਾਸ਼। ਮਿਰਤੁ—[ਸੰਸ:, ਮ੍ਰਿਤ੍ਯੁ:] ਮੌਤ।

ਸੁੰਨ—ਘੁਰਮ ਅਵਸਥਾ, ਜੋ ਹਠ ਯੋਗੀਆਂ ਦੀ ਇਕ ਹਾਲਤ ਹੈ।

ਸਮਾਧਿ—[ਸੰਸ:, ਸਮਾਧਿ:] ਧ੍ਯਾਨ ਦੀ ਪੱਕੀ ਅਵਸਥਾ । ਪਰ ਬ੍ਰਹਮ ਲੀਨਤਾ ਤੋਂ ਉਰੇ। ਸਹਜ—[ਸੰਸ:, ਸਹ+ਜ=ਜੋ ਨਾਲ ਹੀ ਉਪਜੇ] ਕੁਦਰਤੀ, ਅਸਲੀ ਨਿਜ ਦੀ ਹਾਲਤ। ਜੈਸੀ ਹੋ ਵੈਸੀ। ਪੂਰਨ ਪਦ ਦੀ ਅਵਸਥਾ । ਅਵਸਥਾ ਤੋਂ ਉਪਰ-ਯਥਾਰਥ, ਤੁਰੀਆ। ਨਿਰਗੁਣ ਬ੍ਰਹਮ। ਵੇਰਵਾ ਪਿਛੇ ਵ੍ਯਾਖ੍ਯਾ ਵਿਚ ਆ ਚੁਕਾ ਹੈ । ਸਹਜ ਪਦ ਦੀ ਸਾਰੀ ਵਿਵੇਚਨਾ ਲਈ ਦੇਖੋ ਪਿਛੇ ਸੰਖ੍ਯਾ ਪੋਥੀ ਦੂਜੀ ਵਿਚ ਸਿਰੀ ਰਾਗੁ ਮਹਲੇ ਤੀਜੇ ਦੀ ਅਸਟਪਦੀ ਅੰਕ ੨੩ ਦੀ ਵ੍ਯਾਖ੍ਯਾ ਤੇ ਨਿਰੁਕ੍ਤ, ਪੰਨਾ ੬੧੯ ਤੋਂ ੬੨੧।

ਤੁਲਿ—[ਸੰਸ:, ਤੁਲਾ] ਤੱਕੜੀ। ਮੁਕਾਨੀ—ਮੁਕਦੀ।

ਅਰਧ ਉਰਧ—[ਸੰਸ:, ਅਰ੍ਧ, ਉਰ੍ਧ] ਹੇਠਾਂ ਉਪਰ।

ਪਾਵਕੁ—[ਸੰਸ:, ਪਾਵਕ:]ਅੱਗ,ਅਗਨੀ। ਅਗਮ ਅਗੋਚਰੁ—[ਸੰਸ:, ਅਗਮ੍ਯ, ਅਗੋਚਰਮ੍] ਮਨ ਦੀ ਗੰਮਤਾ ਤੇ ਇੰਦ੍ਰਿਆਂ ਦੀ ਪਹੁੰਚ ਤੋਂ ਪਰੇ।

ਨਿਰੰਤਰਿ—[ਸੰਸ:, ਨਿਰੰਤਰ:] ਲਗਾਤਾਰ, ਇਕ ਰਸ, ਸਦੈਵੀ।

ਲਹੀਐ—ਲਖੀਦਾ ਹੈ, ਲਈਦਾ ਹੈ।

ਇਨ੍ਹਾਂ ਪਦਾਂ ਦੇ ਭਾਵ ਤੇ ਵੇਰਵੇ ਵ੍ਯਾਖ੍ਯਾ ਵਿਚ ਉਪਰ ਆ ਚੁਕੇ ਹਨ।

# ਸੁਧੀ ਪੱਤ੍ਰ ਸੰਥਜਾ ਪੋਥੀ ਚੌਥੀ

ਬਾਵਜੂਦ ਸੁਧਾਈ ਦੀ ਪੂਰੀ ਇਹਤੀਆਤ ਦੇ ਛਪਾਈ ਵਿਚ ਕਿਤੇ ਕਿਤੇ ਮਾਤ੍ਰਾਂ ਯਾ ਪੈਰੀ ਅੱਖਰ ਦਲਦੀ ਮਸ਼ੀਨ ਵਿਚ ਟੁੱਟ ਗਏ ਯਾ ਦਬ ਗਏ ਹਨ ਤੇ ਛਪੇ ਨਹੀਂ ਯਾ ਮੱਧਮ ਛਪੇ ਹਨ,ਆਸ ਹੈ ਓਹ ਪਾਠਕ ਜਨ ਆਪ ਸੁਖੈਨ ਹੀ ਸੋਧਕੇ ਪੜ੍ਹ ਸਕਣਗੇ, ਕੁਝ ਵਿਸ਼ੇਸ਼ ਅਸ਼ੁਧੀਆਂ ਦੀ ਸੂਚੀ ਅੱਗੇ ਦਿੱਤੀ ਜਾਂਦੀ ਹੈ, ਪਾਠਕ ਆਪੋ ਆਪਣੀਆਂ ਪੋਥੀਆਂ ਵਿਚ ਇਹ ਦਰੁਸਤੀਆਂ ਪਹਿਲੋਂ ਕਰ ਲੈਣ ਦੀ ਖੇਚਲ ਕਰਨ:-

| ਪੰਨਾ | ਸਤਰ | ਅਸ਼ੁਧ ਪਾਠ | ਸ਼ੁਧ ਪਾਠ |
|---|---|---|---|
| ੧੫੫੭ | ੧੯ | ਛਤ- | ਛੰਤ- |
| ੧੫੫੯ | ੧੪ | ਸਤਖਿ ਮੇਲਾ- | ਸੰਤੋਖਿ ਮੇਲਾ- |
| ੧੫੬੦ | ੪ (ਮੂਲ) | ਨਾਹ ਪਭੂ | ਨਾਹ ਪ੍ਰਭੂ |
| ੧੫੬੧ | ੨੦ (ਮੂਲ) | ਖਿਨੁ ਖਿਨ | ਖਿਨੁ ਖਿਨੇ |
| ੧੫੬੭ | ੮ ਤੇ ੧੨ (ਮੂਲ) | ਰਗਿ | ਰੰਗਿ |
| ੧੫੭੧ | ੧੮ | ਪ੍ਰਸੰਨ ਹੋ ਪੈਂਦਾ ਹੈ | ਪ੍ਰਸ਼ਨ ਹੋ ਪੈਂਦਾ ਹੈ |
| ੧੫੭੮ | ੧੧ (ਮੂਲ) | ਮਾਰ_ | ਮਾਰਗੁ |
| ੧੫੮੪ | ੨੦ (ਮੂਲ) | ਤੁਧੁ ਜ ਹਿ | ਤੁਧੁ ਜਪਹਿ |
| ੧੫੯੨ | ਪੰਨਾ ਅੰਕ | ੧੪੯੨ | ੧੫੯੨ |
| ੧੬੦੫ | ੬ (ਮੂਲ) | ਸਚੁ ਸੰਧੇ | ਸਚੁ ਸੰਪੇ |
| ੧੬੦੫ | ੭ (ਮੂਲ) | ਸਤਨ | ਸੰਤਨ |
| ੧੬੧੭ | ੨੮ (ਅਰਥ) | ਹੇ ਨਾਨਕ ! | ਹੇ ਮਨ ! |
| ੧੬੨੨ | ੧੧ | ਝੂਰਨਾ ਫੂਲ ਹੈ | ਝੂਰਨਾ ਫਲ ਹੈ |
| ੧੬੪੦ | ੧੯ (ਮੂਲ) | ਸੋਊ ਸੋਓ | ਸੋਊ ਸੋਊ |
| ੧੬੪੫ | ੧੨ (ਮੂਲ) | ਸਭ ਟਕ | ਸਭ ਟੇਕ |
| ੧੬੯੦ | ੨੮ | ਆਗਯਾਅਨੁਸਾਰਿਨ੍ਹ] | ਆਗਯਾਕਾਰੀ] |
| ੧੭੨੩ | ੧੬ (ਮੂਲ) | ਆਪੁ ਸੁਝ | ਆਪੁ ਸੁਝੈ |
| ੧੭੪੫ | ੨੩ (ਮੂਲ) | _ਕੇ ਭ੍ਰਮ | ਚੁਕੇ ਭ੍ਰਮ |
| ੧੭੫੪ | ੬ (ਮੂਲ) | ੇ ਕਿਉ | ਸੋ ਕਿਉ |
| ੧੭੫੪ | ੨੮ (ਅਰਥ) | (ਉਹ) ਨਿਧੀ | (ਉਹ) ਨਾਮ ਨਿਧੀ |
| ੧੭੬੫ | ੧੯ (ਮੂਲ) | ਪੁਰੇ ਗੁਰ ਕੀ | ਪੂਰੇ ਗੁਰ ਕੀ |

| ਪੰਨਾ | ਸਤਰ | ਅਸ਼ੁਧ ਪਾਠ | ਸ਼ੁਧ ਪਾਠ |
|---|---|---|---|
| ੧੭੭੦ | ੧੧ (ਮੂਲ) | ਤਿਸੁ ਭਾਵ | ਤਿਸੁ ਭਾਵੈ |
| ੧੭੭੬ | ੧੧ (ਮੂਲ) | ਨਿਬਹੀ ਖਪ | ਨਿਬਹੀ ਖੇਪ |
| ੧੭੮੮ | ੨੭ (ਮੂਲ) | ਪ੍ਰਭ ਪਖੁ | ਪ੍ਰਭ ਪੇਖੁ |
| ੧੭੯੬ | ੨ (ਮੂਲ) | ਸਿਫਤਿ | ਤੇਰੀ ਸਿਫਤਿ |
| ੧੭੯੮ | ੨੧ | ਮੁੱਕ ਂਦੇ ਹਨ | ਮੁੱਕ ਜਾਂਦੇ ਹਨ |
| ੧੮੦੨ | ੪ (ਮੂਲ) | ਪ੍ਰੇਮ ਸਦੇਸਰਾ | ਪ੍ਰੇਮ ਸੰਦੇਸਰਾ |
| ੧੮੧੯ | ੧੩ | ਏਸੇ ਤੜ੍ਹਾਂ | ਏਸੇ ਤਰ੍ਹਾਂ |
| ੧੮੨੩ | ੧੨ | ਸਵਾ ਕਰਹੁ | ਸੇਵਾ ਕਰਹੁ |
| ੧੮੨੮ | ੮ (ਮੂਲ) | ਮਾਰ ਜਮੁ ਜੰਦਾਰੇ | ਮਾਰੇ ਜਮੁ ਜੰਦਾਰੇ |
| ੧੮੪੩ | ੧੨ (ਮੂਲ) | ਚੜ੍ਹੈ ਸਵਾਇ ॥ | ਚੜ੍ਹੈ ਸਵਾਈ ॥ |
| ੧੮੪੮ | ੩੩ (ਮੂਲ) | ਕਧੁ ਨ | ਕੰਧੁ ਨ |
| ੧੮੫੪ | ੧੬ (ਮੂਲ) | ਕਾਲੁ ਕਟਕੁ | ਕਾਲੁ ਕੰਟਕੁ |
| ੧੮੮੬ | ੧੬ (ਅਰਥ) | ਤ੍ਰੂਹ (ਮਾਰੀ) | ਤ੍ਰੂਹ (ਸਾਰੀ) |
| ੧੮੯੧ | ੧੬ (ਮੂਲ) | ਨ ਹਰਿ | ਤਿਨਿ ਹਰਿ |
| ੧੯੧੧ | ੮ | ਘਾਹ ਵਾਲੀ* | ਘਾਹ ਵਾਲੀ |
| ੧੯੨੬ | ੭ (ਮੂਲ) | ਮੁੰਡਾਏ | ਮੂੰਡ ਮੁੰਡਾਏ |
| ੧੯੨੬ | ੮ (ਮੂਲ) | ਤੀ ਭੇੜ | ਮੁਕਤੀ ਭੇੜ |
| ੨੦੦੦ | ੧੫ ਤੇ ੧੯ | ਖਲ਼ | ਖੇਲ਼ |
| ੨੦੪੩ | ੧੦ (ਮੂਲ) | ਨਤਰੁ ਥਾ | ਨਾਤਰੁ ਥਾ |
| ੨੦੪੬ | ੧੧ | ਰਮਾਤਮਾ | ਪਰਮਾਤਮਾ |

ਸੂਚਨਾ--ਸਤਰਾਂ ਦੀ ਗਿਣਤੀ ਵਿਚ ਉਪਰਲੇ ਪੰਨਾ ਅੰਕ ਦੀ ਸਤਰ ਬੀ ਸ਼ਾਮਲ ਹੈ।